੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਸ੍ਰੀ ਗੁਰੂ ਨਾਨਕ ਚਮਤਕਾਰ

## ਉਤਰਾਰਧ

(ਜੀਵਨ ਚਰਿਤ੍ਰ)

## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ - 110001

 www.sikhbookclub.com

**Sri Guru Nanak Chamatkar (Vol. II)**
*Bhai Sahib Bhai Vir Singh*

ISBN # 978-93-80854-40-3
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
20ਵੀਂ ਵਾਰ, ਜੂਨ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Jaipaul & Brothers
8986/14-B, Shidi Pura
Karol Bagh, New Delhi - 110005
(O) 011-23524061

ਮੁੱਲ 240/- ਰੁਪਏ

# ਗੁਰੂ ਨਾਨਕ ਚਮਤਕਾਰ (ਉਤਰਾਰਧ)

## ਛਪਾਈ ਦਾ ਵੇਰਵਾ

| ਐਡੀਸ਼ਨ | | ਨਾਨਕਸ਼ਾਹੀ ਸੰਮਤ | ਈਸਵੀ ਸੰਨ |
|---|---|---|---|
| ਪਹਿਲੀ ਵਾਰ | (ਸਮੱਗਰ) | ਅੱਸੂ, ੪੫੯ | ਸਤੰਬਰ, ੧੯੨੮ |
| ਦੂਜੀ ਵਾਰ | ( ” ) | ਸਾਵਣ, ੪੬੪ | ਜੁਲਾਈ, ੧੯੩੩ |
| ਤੀਜੀ ਵਾਰ | ( ” ) | ਕੱਤਕ, ੪੬੯ | ਅਕਤੂਬਰ, ੧੯੩੮ |
| ਚੌਥੀ ਵਾਰ | ( ” ) | ਵੈਸਾਖ, ੪੭੬ | ਅਪ੍ਰੈਲ, ੧੯੪੫ |
| ਪੰਜਵੀਂ ਵਾਰ | (ਉਤਰਾਰਧ) | ਵੈਸਾਖ, ੪੮੨ | ਅਪ੍ਰੈਲ, ੧੯੫੧ |
| ਛੇਵੀਂ ਵਾਰ | ( ” ) | — | — |
| ਸਤਵੀਂ ਵਾਰ | ( ” ) | — | — |
| ਅੱਠਵੀਂ ਵਾਰ | ( ” ) | ਭਾਦਰੋਂ, ੫੦੦ | ਸਤੰਬਰ, ੧੯੬੯ |
| ਨੌਵੀਂ ਵਾਰ | ( ” ) | ਸਾਵਣ, ੫੧੧ | ਜੁਲਾਈ, ੧੯੮੦ |
| ਦਸਵੀਂ ਵਾਰ | ( ” ) | — | — |
| ਗਿਆਰਵੀਂ ਵਾਰ | ( ” ) | ਕੱਤਕ, ੫੩੧ | ਨਵੰਬਰ, ੧੯੯੦ |
| ਬਾਰ੍ਹਵੀਂ ਵਾਰ | ( ” ) | ਮਾਘ, ੫੨੫ | ਜਨਵਰੀ, ੧੯੯੪ |
| ਤੇਰ੍ਹਵੀਂ ਵਾਰ | ( ” ) | ਕੱਤਕ, ੫੨੭ | ਨਵੰਬਰ, ੧੯੯੬ |
| ਚੌਦਵੀਂ ਵਾਰ | ( ” ) | ਕੱਤਕ, ੫੩੦ | ਨਵੰਬਰ, ੧੯੯੯ |
| ਪੰਦ੍ਰਵੀਂ ਵਾਰ | ( ” ) | ਸਾਵਣ, ੫੩੪ | ਅਗਸਤ, ੨੦੦੩ |
| ਸੋਲ੍ਹਵੀਂ ਵਾਰ | ( ” ) | ਮਾਘ , ੫੩੬ | ਜਨਵਰੀ, ੨੦੦੫ |
| ਸਤਾਰ੍ਹਵੀਂ ਵਾਰ | ( ” ) | ਵੈਸਾਖ, ੫੩੯ | ਅਪ੍ਰੈਲ, ੨੦੦੭ |
| ਅਠਾਰਵੀਂ ਵਾਰ | ( ” ) | ਸਾਵਣ, ੫੪੦ | ਜੁਲਾਈ, ੨੦੦੮ |
| ਉਨੀਵੀਂ ਵਾਰ | ( ” ) | ਹਾੜ, ੫੪੨ | ਜੁਲਾਈ, ੨੦੧੦ |

# ਸ੍ਰੀ ਗੁਰੂ ਨਾਨਕ ਚਮਤਕਾਰ (ਉਤ੍ਰਾਰਧ)

## ਪ੍ਰਸੰਗ ਸੂਚੀ


| ਗਿਣਤੀ | ਪ੍ਰਸੰਗ | ਪੰਨਾ |
|---|---|---|
| | **੬. ਕਰਤਾਰ ਪੁਰ ਬੱਧਾ!** | |
| ੫੫ | ਦੋਦੋ ਰਾਣੀ । | ੭ |
| ਗੀਤ | ਸਖੀ ਅਜ ਭੋਰ ਭੋਰ...। | ੧੬ |
| ੫੬ | ਭਾਈ ਕ੍ਰੋੜੀਆ (ਕਵਿਤਾ)। | ੧੭ |
| ੫੭ | ਭਾਈ ਬੂੜਾ ਬੁੱਢਾ (ਕਵਿਤਾ) । | ੧੮ |
| ੫੮ | ਪ੍ਰਿਥੀਮਲ ਸਹਗਲ, ਰਾਮਾ ਡਿਡੀ । | ੨੩ |
| ੫੯ | ਭਾਈ ਪਿਰਥਾ ਤੇ ਖੇਡਾ ਸੋਇਰੀ । | ੨੫ |
| ੬੦ | ਸ੍ਰੀ ਕਾਲੂ ਖੱਤਰੀ । | ੨੫ |
| ੬੧ | ਭਗਤਾ ਓਹਰੀ, ਜਾਪੂ ਵੰਸੀ । | ੨੬ |
| ੬੨ | ਫਿਰਣਾ ਖਹਿਰਾ, ਜੋਧ। | ੨੬ |
| | **੭. ਦੂਜੀ ਉਦਾਸੀ।** | |
| ੬੩ | ਮਹਸੇ ਵਿਚ ਫੇਰੀ। | ੨੮ |
| ੬੪ | ਕੌਡਾ ਰਾਖਸ਼ (ਕਵਿਤਾ)। | ੩੬ |
| ੬੫ | ਗੋਸ਼ਟ ਮਛੰਦ੍ਰ ਨਾਥ । | ੩੮ |
| ਗੀਤ | ਰਾਇ ਬੁਲਾਰ ਦਾ ਬਿਰਹਾ । | ੪੩ |
| ੬੬ | ਰਾਜਾ ਸ਼ਿਵਨਾਭ। | ੪੩ |
| ੬੭ | ਭਰਥਰਿ ਜੋਗੀ । | ੭੭ |
| ੬੮ | ਮਖ਼ਦੂਮ । | ੯੫ |
| ੬੯ | ਝੁੱਗੀ ਢਾਹੀ (ਕਵਿਤਾ) | ੯੯ |
| | **੮. ਤੀਜੀ ਉਦਾਸੀ ।** | |
| ਗੀਤ | ਅਨਾਥ ਨਾਥ ਏਕ ਤੂੰ । | ੧੦੧ |
| ੭੦ | ਅਜਿੱਤਾ ਰੰਧਾਵਾ । | ੧੦੨ |
| ੭੧ | ਅਰਸ਼ੀ ਨੂਰ । | ੧੧੧ |
| ਗੀਤ | ਕੇਸਰ ਕਿਆਰੀ । | ੧੨੭ |
| ੭੨ | ਭਰਥਰਿ ਨਿਸਤਾਰਾ । | ੧੨੮ |
| ੭੩ | ਵੀਰਾਂ ਮਲ੍ਹਾਰ। | ੧੪੩ |
| | **੯. ਚਉਥੀ ਉਦਾਸੀ ।** | |
| ਗੀਤ | ਹੰਕਾਰੀ ਤਪੀਆ । | ੧੪੭ |
| ਗੀਤ | ਮਰਦਾਨੇ ਦਾ ਲਾਡ । | ੧੪੮ |
| ੭੪ | ਮੱਕਾ । | ੧੪੮ |
| ੭੫ | ਬਗ਼ਦਾਦ ਫੇਰੀ । | ੧੬੦ |
| ਗੀਤ | ਮਾਤਾ ਜੀ ਦਾ ਬਿਰਹਾ । | ੧੭੬ |
| ੭੬ | ਕੰਧਾਰ ਫੇਰੀ । | ੧੭੬ |
| ਗੀਤ | ਬਾਬਾ ਨਾਨਕ ਏ ਤੇਰੇ ਕਮਾਲ ! | ੧੮੩ |
| ੭੭ | ਪਠਾਣ ਸਿਕਦਾਰ । | ੧੯੩ |
| ਗੀਤ | ਬ੍ਰਹਮ ਅਗਨੀ । | ੨੦੪ |
| ਗੀਤ | ਰਿਵੀ ਹੱਥ ਸੁਨੇਹਾ । | ੨੦੪ |
| ੭੮ | ਸੈਦਪੁਰ- ਬੰਦੀ ਛੋੜ । | ੨੦੫ |
| ੭੯ | ਭਾਈ ਤਾਰਾ (ਕਵਿਤਾ) । | ੨੧੨ |
| ੮੦ | ਭਗਤਾਂ ਨਾਲ ਗੋਸ਼ਟਿ । | ੨੧੫ |
| | **੧੦. ਪੰਜਵੀਂ ਉਦਾਸੀ ।** | |
| ੮੧ | ਗੁਰੂ ਬਾਬਾ ਅਚਲ ਵਟਾਲੇ । | ੨੨੨ |
| ੮੨ | ਸਿਧ ਗੋਸ਼ਟਿ । | ੨੩੧ |
| ੮੩ | ਮੁਲਤਾਨ । | ੨੩੯ |
| ਗੀਤ | ਹੁਣ ਰੁਤ ਤ੍ਰੇਲ ਪੈਣ ਦੀ ਆਈ । | ੨੪੦ |
| ੮੪ | ਬਾਲ ਗੁੰਦਾਈ । | ੨੪੧ |
| ਗੀਤ | ਦੁਹਾਈ ਬਾਬੇ ਨਾਨਕ ਦੀ । | ੨੫੧ |
| | **੧੧.ਕਰਤਾਰਪੁਰ ਦੁਬਾਰ।** | |
| ੮੫ | ਅਜਿੱਤਾ- ਸੰਸਾਰਕ ਮੁਸ਼ਕਲ ਹੱਲ। | ੨੫੨ |
| ੮੬ | ਉਬਾਰੇ ਖਾਨ । | ੨੫੪ |
| ੮੭ | ਸ੍ਰੀ ਸੀਹਾਂ ਉਪਲ । | ੨੭੪ |
| ਗੀਤ | ਸਿਕਦੀ ਰੂਹ । | ੨੯੦ |
| ੮੮ | ਭਾਈ ਮਾਲੋ ਮਾਂਗਾ । | ੨੯੦ |
| ਗੀਤ | ਦਰਸ਼ਨ ਤਰਸਨ । | ੨੯੪ |
| ਗੀਤ | ਦਰਸ਼ਨ ਦਾਤ । | ੨੯੪ |
| ੮੯ | ਸ੍ਰੀ ਪਾਵਨ ਲਹਿਣਾ ਜੀ । | ੨੯੪ |
| ੯੦ | ਮਖ਼ਦੂਮ ਬਹਾਉਦੀਨ (ਕਵਿਤਾ) । | ੩੧੭ |

| ਗਿਣਤੀ | ਪ੍ਰਸੰਗ | ਪੰਨਾ |
|---|---|---|
| ੯੧ | ਜੋਤਿ ਜੋਤਿ ਰਲੀ। | ੩੨੦ |
| | **੨. ਪ੍ਰਭਾਵਸ਼ਾਲੀ ਗੁਰ ਨਾਨਕ ਦੇਵ ।** | |
| ਗੀਤ | ਸੱਦ ਸੁਣੇਂਦੀਆਂ ਮਾਏ । | ੩੨੧ |
| ੯੨ | ਜਨਮ, ਸਾਖੀ ਗੁਰੂ ਗ੍ਰੰਥ ਜੀ ਵਿਚੋਂ | ੩੨੨ |
| ਗੀਤ | ਰਾਵੀ ਦੀ ਅਰਦਾਸ। | ੩੪੧ |
| ੯੩ | ਪਜਾਰੇ ਜੀ ਦੀਆਂ ਪ੍ਰੇਮ ਜਿੱਤਾਂ। | ੩੪੨ |
| ੯੪ | ਸਰਬ ਕਾਲੀ ਗੁਰੂ ਨਾਨਕ ਦੇਵ। | ੩੫੯ |
| ਗੀਤ | ਰੀ ਮਾਤਾ ਤ੍ਰਿਪਤਾ ! | ੩੭੩ |
| ੯੫ | ਸਭ ਤੇ ਵਡਾ ਸਤਿਗੁਰ ਨਾਨਕ । | ੩੭੩ |
| ਗੀਤ | ਜਯ ਗੁਰੂ ਨਾਨਕੁ ! | ੪੦੬ |


ਨੋਟ- ਬ਼ਗਦਾਦ ਦੇ ਸ਼ਿਲਾ- ਲੇਖ ਦੀ ਫ਼ੋਟੋ ਪੰਨਾ ੧੭੫ ਪਰ ਹੈ ।



www.sikhbookclub.com

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਨਾਨਕ ਚਮਤਕਾਰ

{ਉਤ੍ਰਾਰਧ}

## ੬. ਕਰਤਾਰ ਪੁਰ ਬੱਧਾ ।

ਸੂਚਨਾ-ਹੁਣ ਸਤਿਗੁਰੂ ਜੀ ਪਰਦੇਸ ਨਹੀਂ ਗਏ, ਪਰ ਘਰੋਂ ਟੁਰ ਪਏ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ-'ਤਦਹੁ ਬਾਬਾ ਰਵਦਾ ਰਹਿਆ ਘਰ ਤੇ।'

ਜਾਪਦਾ ਹੈ ਕਿ ਤਲਵੰਡੀਓਂ ਉਠਕੇ ਆਪ ਨੇੜੇ ਤੇੜੇ ਵਿਚਰਦੇ ਦਰਯਾ ਪਾਰ ਹੋ ਗਏ ਹਨ ਤੇ ਇਕ ਟਿਕਾਣੇ ਮਲਗੁਜ਼ਾਰਾਂ ਵਿਚ ਹੀ ਨਦੀ ਕਿਨਾਰੇ ਬੈਠ ਗਏ ਹਨ ਜੈਸਾ ਕਿ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ:-

'ਤਬ ਬਾਬਾ ਦਰਿਆਉ ਉਪਰ ਬਹਿ ਗਿਆ, ਤਲਵੰਡੀ ਕੇ ਨਜੀਕ ਇਕ ਥਾਂਉਂ ਉਥੇ ਬਹੁਤ ਗਉਗਾ ਚਲਿਆ, ਜੋ ਕੋਈ ਸੁਣੈ ਸੋ ਸਭ ਆਵੈ। ਲੋਕ ਆਖਣ:-ਜੋ ਕੋਈ ਖੁਦਾਇ ਦਾ ਫਕੀਰ ਪੈਦਾ ਹੋਇਆ ਹੈ, ਨਾਨਕ ਨਾਉਂ ਹੈਸੁ, ਆਪਣੇ ਖੁਦਾਇ ਨਾਲ ਰਤਾ ਹੈ। ਲੋਕ ਬਹੁਤ ਜੁੜਿਆ, ਮੁਰੀਦ ਭੀ ਹੋਵਨ, ਜੋ ਆਵੈ ਸੋ ਪਰਚਾ ਜਾਵੈ। ਜੋ ਬਾਬਾ ਸਲੋਕ ਕਰਦਾ ਥਾ ਸੋ ਪ੍ਰਗਟ ਹੋਏ। ਇਹ ਸਲੋਕ ਕੀਤੇ ਸੇ, ਫਕੀਰ ਕਾਨਿਆਂ ਨਾਲ ਗਾਉਂਦੇ ਸੇ:-

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

ਤਬ ਨਾਨਕ ਕੇ ਘਰ 'ਏਕੋ ਨਾਮ ਵਖਾਣੀਐ॥' ਬਹੁਤ ਉਸਤਤ ਹੋਵਨ ਲਗੀ, ਖਰਾ ਬਹੁਤ ਗਉਗਾ ਹੋਇਆ। ਜੋ ਕੋਈ ਹਿੰਦੂ, ਮੁਸਲਮਾਨ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪੀਏ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ[1], ਗ੍ਰਿਸਤੀ, ਬੈਰਾਗੀ, ਖਾਨ ਖਨੀਨ, ਉਮਰੇ, ਉਮਰਾਉ, ਕਰੋੜੀਏ ਜਿਮੀਂਦਾਰ, ਭੂੰਮੀਏ ਜੋ ਕੋ ਆਵੈ ਸੋ ਪਰਚਾ ਜਾਵੈ। ਸਭ ਲੋਕ ਉਸਤਤਿ ਕਰਨ! ਤਬ ਜਿਥੇ ਬਾਬਾ ਰਹਿੰਦਾ ਸੀ ਉਸ ਗਿਰਾਉਂ ਪਾਸ ਇਕ ਕਰੋੜੀਆ ਰਹਿੰਦਾ ਸੀ'।

ਉਪਰ ਲਿਖੀ ਇਬਾਰਤ ਤੋਂ ਪਤਾ ਲਗਦਾ ਹੈ ਕਿ ਤਲਵੰਡੀ ਤੋਂ ਨੇੜੇ ਰਾਵੀ ਦੇ ਕੰਢੇ ਕਿਤੇ ਬੈਠ ਗਏ ਹਨ, ਪਰ ਜਿਸ ਵੇਲੇ ਕਰੋੜੀਏ ਦਾ ਨਾਂ ਆ ਗਿਆ ਤਾਂ ਸਾਫ ਪਤਾ ਲਗ ਗਿਆ ਕਿ ਮੁਰਾਦ ਕਰਤਾਰ ਪੁਰ ਵਾਲੇ ਟਿਕਾਣੇ ਤੋਂ ਹੈ, ਜੋ ਲਾਹੌਰੋਂ ਉਪਰ ਵਾਰ ਰਾਵੀ ਦੇ ਕੰਢੇ ਟਿਕਾਣਾ ਹੈ, ਜਿਥੇ ਸਤਿਗੁਰ ਜੀ ਨੇ ਕਰਤਾਰ ਪੁਰ ਬੱਧਾ।

ਜਦ ਪੁਰਾਤਨ ਜਨਮ ਸਾਖੀ ਨੂੰ ਹੋਰ ਟੋਲੀਏ ਤਾਂ ਦੂਸਰੀ ਉਦਾਸੀ ਤੋਂ ਪਹਿਲਾਂ ਰਾਜਾ ਸ਼ਿਵਨਾਭ ਨਾਲ ਮਨਸੁਖ ਦੀ ਗਲ ਬਾਤ ਹੁੰਦੀ ਹੈ ਤਾਂ ਉਹ ਰਾਜੇ ਨੂੰ ਦੱਸਦਾ ਹੈ 'ਜੀ ਲਾਹੌਰ ਤੇ ਕੋਸ ਪੰਦ੍ਰਾਂ ਕਰਤਾਰ ਪੁਰ ਬੰਨ੍ਹਿਆ ਹੈ ਪੰਜਾਬ ਕੀ ਧਰਤੀ ਮਾਹਿ ਹੈ। ਉਹਾਂ ਗੁਰੂ ਬਾਬਾ ਨਾਨਕ ਰਹਿਤਾ ਹੈ। ਸਥਾਨ ਤਲਵੰਡੀ ਰਾਇ ਭੋਇ ਭੱਟੀ ਕੀ, ਰਾਵੀ ਕੈ ਪਾਰ, ਨਾਮ ਸਥਾਨ ਰਾਵੀ ਦੇ ਉਰਾਰ ਕਰਤਾਰ ਪੁਰ ਬੰਨਿਆ ਹੈ, ਉਹਾਂ ਮਹਾਂ ਪੁਰਖ ਰਹਿਤਾ ਹੈ[2]। '

ਸੋ ਸਪਸ਼ਟ ਹੋ ਗਿਆ, ਕਿ ਕਰਤਾਰ ਪੁਰ ਪਹਿਲੀ ਉਦਾਸੀ ਤੋਂ ਵਾਪਸ ਆਕੇ, ਕੁਛ ਦਿਨ ਘਰ ਰਹਿਕੇ, ਬੱਧਾ ਤੇ ਦੂਜੀ ਉਦਾਸੀ ਕਰਤਾਰ ਪੁਰੋਂ ਕੀਤੀ। ਕਰਤਾਰ ਪੁਰ ਬੱਝਣੇ ਦਾ ਕੁਛ ਹਾਲ ਅਗਲੇ ਪ੍ਰਸੰਗ ਤੋਂ ਪਤਾ ਲਗ ਜਾਊ:-

# ੫੫. ਢੋਵੋ ਰਾਣੀ [3]।

੧

ਸੁਹਣੀ ਰਾਵੀ ਆਪਣੇ ਬਰਫਾਨੀ ਘਰਾਂ ਨੂੰ ਛੋੜਕੇ, ਉੱਚੇ ਨੀਵੇਂ, ਟਿੱਬੇ, ਖੋੜੇ, ਪੱਥਰਾਂ, ਵੱਟਿਆਂ ਵਾਲੇ ਪਹਾੜੀ ਰਾਹਾਂ ਨੂੰ ਲੰਘ ਕੇ ਮਾਧੋ ਪੁਰ ਲਾਗ ਮੈਦਾਨਾਂ ਵਿਚ ਆ ਗਈ ਹੈ। ਏਥੋਂ ਬੀ ਟੁਰਦੇ ਕੁਛ ਅੱਗੇ ਲੰਘ ਰਹੀ ਹੈ। ਹਰੇ ਹਰੇ ਖੇਤਾਂ ਦੇ ਕੋਹਾਂ ਦੇ ਕੋਹ ਦੋਹੀਂ ਪਾਸੀਂ ਲਹਿ ਲਹਿ ਕਰ ਰਹੇ ਹਨ; ਵਿਚੋਂ ਇਹ ਰਾਵੀ, ਮਗਨਤਾ ਦੀ ਚਾਲ, ਜੀਵਨ ਰੌ ਵਾਂਙੂ ਦਿਨ ਰਾਤ ਤੁਰਦੀ ਆਪਣੇ ਸ਼ਹੁ ਸਾਗਰ ਵਲ ਟੁਰੀ ਚਲੀ ਜਾ ਰਹੀ ਹੈ।

ਮਿੱਠੀ ਮਿੱਠੀ ਗੁਲਾਬੀ ਰੁੱਤ ਹੈ, ਗਰਮੀ ਮੁੱਕ ਚੁਕੀ ਹੈ, ਹੱਡ-ਭੰਨ ਪਾਲਾ ਅਜੇ ਆਯਾ ਨਹੀਂ। ਸੁਖਾਂਵਾਂ, ਪਿਆਰਾ ਲੱਗਣ ਵਾਲਾ, ਮਿੱਠਾ ਮਿੱਠਾ, ਅੱਖਾਂ ਨੂੰ ਤਰੌਤ ਦੇਣ ਵਾਲਾ, ਚਿਹਰੇ ਨੂੰ ਸੀਤਲ ਕਰਨ ਵਾਲਾ ਪਾਲਾ ਹੈ, ਰਾਤਾਂ ਅੰਦਰ ਸੁਆਲਦਾ ਹੈ, ਪਰ ਦਿਨੇ ਦੁਪਹਿਰੇ ਇੰਨਾਂ ਬੀ ਨਹੀਂ ਰਹਿੰਦਾ।

ਦੁਪਹਿਰਾਂ ਦਾ ਸਮਾਂ ਹੈ, ਨਿੱਕੀ ਨਿੱਕੀ ਠੰਢੀ ਠੰਢੀ ਹਵਾ ਵਗ ਰਹੀ ਹੈ ਧੁੱਪ ਸੇਕੀ ਤਾਂ ਅਜੇ ਨਹੀਂ ਜਾਂਦੀ, ਪਰ ਮਾੜੀ ਬੀ ਨਹੀਂ ਲੱਗ ਰਹੀ। ਇਸ ਵੇਲੇ ਇਕ ਜੱਟੀ ਰਾਵੀ ਦੇ ਇਕ ਟਿਕਾਣੇ ਕਿਨਾਰੇ ਲਾਗ ਇਕ ਪੁਰਾਣੇ ਰੁੱਖ ਦੇ ਢੱਠੇ ਪਏ ਡਾਹਣ ਤੇ ਬੈਠੀ ਹੈ। ਥੋੜੀ ਦੂਰ ਇਕ ਵੱਡਾ ਟਾਹਲੀ ਦਾ ਬ੍ਰਿਛ ਹੈ, ਜਿਸ ਦੇ ਵਿਰਲੇ ਪੱਤਿਆਂ ਵਿਚੋਂ ਧੁੱਪ-ਛਾਂ ਦਾ ਇਕ ਪਰਛਾਵਾਂ ਜਿਹਾ ਇਸ ਦੇ ਉੱਤੇ ਪੈ ਰਿਹਾ ਹੈ, ਨਾਂ ਤਾਂ ਛਾਂ ਦਾ ਸੀਆ ਹੈ, ਨਾ ਧੁੱਪ ਦਾ ਘਬਰਾ ਹੈ। ਲੱਸੀ ਦੀ ਖਾਲੀ ਚਾਟੀ ਭੁੰਞੇ ਪਾਸ ਧਰੀ ਹੈ, ਇਸ ਉਤੇ ਕਹਿਆਂ ਦਾ ਛੰਨਾ ਹੈ ਤੇ ਛੰਨੇ ਵਿਚ ਰੋਟੀਆਂ ਤੋਂ ਵੇਹਲਾ ਹੋਇਆ ਖਾਲੀ

[1] ਮੁਰਾਦ ਹੈ ਤਜਾਗੀ ਲੋਕ ਤੇ ਘਰਾਂ ਬਾਰਾਂ ਵਾਲੇ।

[2] ਇਕ ਇਹ ਪਤਾ ਲਗਾ ਕਿ ਓਦੋਂ ਕਰਤਾਰ ਪੁਰ ਉਰਾਰ ਸੀ ਤੇ ਹੁਣ ਰਾਵੀ ਰਸਤਾ ਛੋੜ ਕੇ ਉਰਲੇ ਪਾਸੇ ਆ ਗਈ ਹੈ ਯਾ ਲੇਖਕ ਦਾ ਧ੍ਰਵਾ ਗ਼ਲਤ ਹੈ ਜਿਵੇਂ ਕਰਤਾਰਪੁਰ ਨੂੰ ਲਾਹੌਰੋਂ-੧੫ ਕੋਹ ਅਰਥਾਤ ਵੀਹ ਕੁ ਮੀਲ ਦੱਸਦਾ ਹੈ, ਪਰ ਲਾਹੌਰੋਂ ਇਹ ਸਥਾਨ ਚੋਖਾ ਦੁਰਾਡਾ ਹੈ।

[3] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੫੩ (੧੯੨੨ ਈ:) ਨੂੰ ਖਾ: ਸਮਾ: ਵਿਚ ਪ੍ਰਕਾਸ਼ਿਆ ਸੀ।

ਪਰਨਾ ਪਿਆ ਹੈ। ਜੱਟੀ ਨੇ ਦੋਵੇਂ ਹੱਥ ਅਪਣੇ ਹੱਥਾਂ ਵਿਚ ਫਸਾਕੇ ਕਲਾਈ ਗੋਡਿਆਂ ਨੂੰ ਪਾਈ ਹੋਈ ਹੈ, ਦਰਿਆ ਦੇ ਉੱਤਰ ਰੁੱਖ਼ ਨੂੰ ਨੀਝ ਜਮਾਈ ਹੈ ਤੇ ਅਡੋਲ, ਕੰਨ ਉਸ ਪਾਸੇ ਲਾਈ ਐਉਂ ਬੈਠੀ ਹੈ ਕਿ ਮਾਨੋ ਟਿਕ ਰਹੀ ਹੈ।

ਇਸ ਦੀ ਉਮਰਾ ਜੁਆਨ ਹੈ, ਕੱਦ ਲੰਮੇਰਾ ਹੈ, ਸਰੀਰ ਬਹੁਤਾ ਭਰਵਾਂ ਨਹੀਂ, ਪਰ ਪਤਲੀ ਲਿੱਸੀ ਬੀ ਨਹੀਂ ਹੈ। ਰੰਗ ਕਣਕ ਭਿੰਨਾਂ ਹੈ, ਨਕਸ਼ ਤਿੱਖੇ ਹਨ, ਚਿਹਰਾ ਲੰਮੇਰਾ ਹੈ, ਪਰ ਕੁਛ ਗੁਲਿਆਈ ਵਾਲਾ ਹੈ। ਨੈਣਾਂ ਵਿਚ ਇਕ ਸਲੋਨਾਪਨ ਹੈ, ਪਰ ਇਸ ਵੇਲੇ ਇਕ ਪਾਸੇ ਧਿਆਨ ਲੱਗ ਰਹੇ ਨੈਣ ਸ਼ਾਂਤ-ਰੂਪ ਹਨ, ਜਦ ਹਿਲਦੇ ਹਨ ਤਾਂ ਦੱਸਦੇ ਹਨ, ਕਿ ਜਿਸ ਮਨ ਦੇ ਇਹ ਝਰੋਖੇ ਹਨ ਉਹ ਸਮਝਦਾਰ ਹੈ। ਇਸ ਬੀਬੀ ਨੇ ਵਿੱਦਯਾ ਨਹੀਂ ਪਾਈ, ਪੜਿਆਂ ਦਾ ਸੰਗ ਬੀ ਨਹੀਂ ਕੀਤਾ ਪਰ ਨੈਣਾਂ ਦਾ ਮਾਲਕ ਸੰਸਕਾਰੀ ਜੀਉੜਾ ਹੈ, ਸੁਤੇ ਸਿਧ ਪਰਖ, ਸਮਝ, ਵਿਚਾਰ ਵਾਲਾ ਹੈ। ਹਾਂ, ਉਹ ਚੰਗੀਆਂ ਗੱਲਾਂ ਦਾ ਕਦਰਦਾਨ ਬੀ ਹੈ ਤੇ ਸੁਹਣੀਆਂ ਗੱਲਾਂ ਦਾ ਪੋਖੂ ਬੀ ਲੈਂਦਾ ਹੈ।

ਇਸ ਵੇਲੇ ਇਸ ਬੀਬੀ ਦੇ ਕੰਨ ਕਿਸੇ ਮਿੱਠੀ ਪਿਆਰੀ ਸੁਰ ਵੱਲ ਲੱਗ ਰਹੇ ਹਨ; ਨੈਣ ਉਸ ਪਾਸੇ ਗੱਡੇ ਹੋਏ ਹਨ, ਕੰਨਾਂ ਤੇ ਨੈਣਾਂ ਦਾ ਸੁਆਮੀ ਮਨ ਸਾਰਾ ਉਸੇ ਰਸ ਵਿਚ ਰਸਲੀਨ ਹੈ। ਬੈਠੀ ਹੈ, ਪਰ ਅਚੱਲ, ਕੋਈ ਜਾਣੇ ਪੱਥਰ ਦੀ ਮੂਰਤ ਪਈ ਹੈ। ਜਿਧਰ ਇਸ ਦੇ ਸ਼੍ਰਵਨ (ਕੰਨ), ਨੈਣ ਤੇ ਮਨ ਲੱਗ ਰਹੇ ਹਨ ਉਹ ਪਾਸਾ ਨਦੀ ਦੇ ਉੱਤਰ ਰੁਖ਼ ਹੈ। ਓਧਰੋਂ ਇਸ ਦੇ ਆਤਮਾਂ ਵਿਚ ਠੰਢਾਂ ਪਾਉਣ ਵਾਲੀ ਇਕ ਇਲਾਹੀ ਨਾਦ ਦੀ ਆਵਾਜ਼ ਆ ਰਹੀ ਹੈ। ਉਧਰੋਂ ਹੀ ਰਾਵੀ ਦੀ ਜਲਧਾਰਾ ਆ ਰਹੀ ਹੈ। ਭਾਵੇਂ ਚੋਖੀ ਵਿੱਥ ਉਤੇ ਕੋਈ ਇਕ ਸਾਜ਼ ਵਜਾ ਰਿਹਾ ਹੈ, ਜਿਸ ਦੀਆਂ ਜ਼ਰਬਾਂ ਏਡੀ ਦੂਰ ਤਕ ਆਕੇ ਏਸ ਦੇ ਕਲੇਜੇ ਵਿਚ ਝਰਨਾਟ ਛੇੜ ਰਹੀਆਂ ਹਨ, ਐਉਂ ਕਿ ਮਾਨੋਂ ਮਨ ਬੀ ਇਕ ਸਾਜ਼ ਹੈ ਹੈ ਤੇ ਜ਼ਰਬਾਂ ਦੀ ਟੁਣਕਾਰ ਇਕ ਮਿਜ਼ਰਾਬ ਹੈ ਜੋ ਦਿਲ ਦੀਆਂ ਤਾਰਾਂ ਨੂੰ ਵਜਾ ਰਹੀ ਤੇ ਮੀਂਡਾਂ ਕੱਢ ਰਹੀ ਹੈ। ਓਧਰੋਂ ਸਾਜ਼ ਦੀਆਂ ਮਿੱਠੀਆਂ ਤੇ ਦਿਲ ਚੁਭਵੀਆਂ ਜ਼ਰਬਾਂ ਦੇ ਨਾਲ ਇਕ ਗਲੇ ਦੀ ਆਵਾਜ਼ ਵੀ ਸਾਫ ਆ ਰਹੀ ਹੈ, ਕੋਈ ਡਾਢਾ ਮਿੱਠਾ ਰਾਗ ਗਾਉਂ ਰਿਹਾ ਹੈ। ਸੁਣਾਈ ਤਾਂ ਦੇਂਦਾ ਹੈ ਪਰ ਸੁਣਨ ਵਾਲੀ ਦੇ ਕੰਨਾ ਨੂੰ ਅੱਗੇ ਇਸ ਤਰ੍ਹਾਂ ਦੇ ਉਚੇ ਰਾਗ ਸੁਣਨ ਦੀ ਵਾਦੀ ਨਹੀਂ ਸੀ, ਇਸ ਲਈ ਸਾਰਾ ਨਹੀਂ ਪਰ ਕੋਈ ਕੋਈ ਟੱਪਾ ਸਮਝ ਪੈ ਜਾਂਦਾ ਹੈ। ਸਾਰੇ ਬੋਲੇ ਜਾ ਰਹੇ ਬੋਲ ਨੂੰ ਮਗ਼ਰ ਲੱਗ ਕੇ ਨਹੀਂ ਸਮਝ ਰਹੀ, ਪਰ ਜਿੰਨਾਂ ਕੁਝ ਸਮਝ ਪੈਂਦਾ ਹੈ ਉਹ ਸੰਗੀਤ ਦੇ ਆ ਰਹੇ ਸੁਆਦ ਦੇ ਨਾਲ ਰਲਕੇ ਮਨ ਨੂੰ ਮਗਨ ਕਰ ਰਿਹਾ ਹੈ।

ਕਿੰਨਾਂ ਚਿਰ ਰਾਗ ਹੁੰਦਾ ਰਿਹਾ, ਕਿੰਨਾ ਚਿਰ ਇਹ ਬੈਠੀ ਸੁਣਦੀ ਰਹੀ। ਪਹਿਲਾਂ ਇਕ ਟਕ ਬੱਝੀ ਉਧਰ ਵੇਂਹਦੀ ਬੈਠੀ ਰਹੀ, ਫੇਰ ਨੈਣ ਮੁੰਦ ਗਏ ਸਨ, ਹੁਣ ਜਦ ਰਾਗ ਥੰਮ੍ਹਿਆਂ, ਕੁਛ ਸਮਾਂ ਲੰਘ ਗਿਆ ਤਾਂ ਪਹਿਲਾਂ ਠੰਢੇ ਸਾਹ ਆਏ ਫਿਰ ਹੱਥਾਂ ਦਾ ਜੋੜ ਖੁੱਲ੍ਹ ਗਿਆ, ਫਿਰ ਨੈਣ ਖੁਲ੍ਹ ਗਏ, ਪਰ ਫੇਰ ਫੇਰ ਮਿਟਦੇ ਸਨ ਤੇ ਖੁੱਲ੍ਹਦੇ ਸਨ। ਹਾਂ ਹੁਣ ਸੁਹਣੀ ਸਹੂਲਤ ਵਾਲਾ ਤੇ ਹਲਕੇ ਕਰਨ ਵਾਲਾ ਸਾਹ ਫੇਰ ਫੇਰ ਆਉਂਦਾ ਹੈ। ਐਉਂ ਕਿੰਨੇ ਚਿਰ ਮਗਰੋਂ ਸਾਵਧਾਨ ਹੋ ਗਈ ਤੇ ਹੁਣ ਆਪੇ ਨਾਲ ਗੱਲੀਂ ਰੁੱਝ ਪਈ:-

"ਸਾਈਆਂ ! ਏਹ ਕੌਣ ਹਨ? ਕਿਥੋਂ ਆਏ ਹਨ ? ਤ੍ਰੈ ਦਿਨਾਂ ਦੇ ਏਥੇ ਹਨ। ਕੀਹ ਕਰਦੇ ਹਨ ? ਜਦ ਲੰਘਦੀ ਹਾਂ ਗਾਉਂਦੇ ਤੇ ਵਜਾਉਂਦੇ ਹੀ ਸੁਣਦੀ ਹਾਂ। ਤ੍ਰਿੰਵਣਾਂ ਵਿਚ ਮੈਂ ਬੀ ਗਾਂਵੀਂ। ਹੁਣ ਭੀ ਵਿਵਾਹਵਾਂ ਵਿਚ ਸਾਰੀ ਸਾਰੀ ਰਾਤ ਜਾਗਦੀ ਤੇ ਗਾਉਂਦੀ ਹਾਂ। ਸੁਹਾਗ, ਘੋੜੀਆਂ ਤੋਂ ਛੁੱਟ ਲੰਮੇ ਰਹਾ ਦੇ ਗਾਉਣ ਸਾਰੇ ਜਾਣਦੀ ਹਾਂ। ਖੀਉੜੇ ਬੀ ਮੈਂ ਸੁਣੇ ਹਨ। ਸਾਰੰਗਿਆਂ ਵਾਲੇ ਬੀ ਵਿਹੜੇ ਵਿਚ ਆ, ਵਜਾ ਸੁਣਾ ਜਾਂਦੇ ਹਨ, ਡੂਮਣੀਆਂ ਬੀ ਮੈਂ ਸੁਣੀਆਂ ਹਨ, ਕਿੱਡਾ ਮਿੱਠਾ ਗਾਉਂਦੀਆਂ ਹਨ, ਪਰ ਰੱਬਾ ! ਇਹ ਰਾਗ ਮੈਂ ਕਦੇ ਨਹੀਂ ਸੀ ਸੁਣਿਆ। ਇਹ ਗਾਉਣਾ ਨਹੀਂ, ਇਹ ਤਾਂ ਇਕ ਜਾਦੂ ਹੈ। ਕੀ ਇਹ ਮਨੁੱਖ ਹਨ ਕਿ ਕੋਈ ਇੰਦਰ ਦੇ ਦੇਸੋਂ ਆਏ ਹਨ? ਏਹ ਗਾਉਂਦੇ ਹਨ ਕਿ ਸਿਰ ਪੁੜੀਆਂ ਧੂੜਦੇ ਹਨ? ਸੁਰ ਛੇੜਦੇ ਹਨ ਕਿ ਕਲੇਜਾ ਵਿੰਨ੍ਹਦੇ ਹਨ? ਵਜਾਉਂਦੇ ਹਨ ਕਿ ਠਾਹ ਠਾਹ ਦਿਲ ਨੂੰ ਖੋਭਾਂ ਪਾਉਂਦੇ ਹਨ? ਮੈਨੂੰ

ਸਮਝ ਨਹੀਂ ਪੈਂਦੀ ਏਨ੍ਹਾਂ ਪਾਸ ਕੀਹ ਹੈ। ਇਥੇ ਕੋਈ ਮਨੁੱਖਾਂ ਵਾਲੀ ਗੱਲ ਨਹੀਂ ਜਾਪਦੀ, ਕਿਤੇ ਕੋਈ ਛਲਾਵਾ ਤਾਂ ਨਹੀਂ? ਮਤਾਂ ਦੁਪਹਿਰਾਂ ਵੇਲੇ ਕੋਈ ਪਰੀਆਂ ਦੇ ਰਾਜੇ ਰਾਣੇ ਆਪਣਾ ਰਾਗ ਗਾਉਂਦੇ ਵਜਾਉਂਦੇ ਮੈਨੂੰ ਦਿੱਸਣ ਲੱਗ ਪਏ ਹੋਣ। ...ਹੈਂ? ਕੋਈ ਰੱਬ ਦੇ ਦਰੋਂ ਹੀ ਮਤੇ ਆਏ ਹੋਣ। ਆਖਦੇ ਹਨ ਅੱਗੇ ਸੁਰਗਾਂ ਵਿਚ ਬੀ ਰਾਗ ਹੈ, ਉਹ ਰਾਗ ਇਹੋ ਤਾਂ ਨਹੀਂ ਹੈ? ਮੈਂ ਕੀ ਕਰਾਂ? ਘਰ ਨਹੀਂ ਜਾਇਆ ਜਾਂਦਾ। ਰੋਜ਼ ਜਦ ਰੋਟੀ ਲੈਕੇ ਲੰਘਦੀ ਹਾਂ ਤਾਂ ਆਉਂਦੇ ਜਾਂਦੇ ਇਹੋ ਕੁਛ ਹੁੰਦਾ ਹੈ ਤੇ ਦਿਲ ਖਿਚੀਂਦਾ ਹੈ। ...... ਪਤਾ ਕਰਾਂ ਏਹ ਕੌਣ ਹਨ?...... ਡਰ ਲਗਦਾ ਹੈ, ਪਰ ਧੂਹ ਬੀ ਪੈਂਦੀ ਹੈ। ਪਿਆਰ ਬੀ ਪੁੜਦਾ ਹੈ, ਪਰ ਸਹਿਮ ਬੀ ਪੈਂਦਾ ਹੈ। ...ਜਾਵਾਂ ਤੇ ਪੁੱਛਾਂ ਤੁਸੀਂ ਕੌਣ ਹੋ? ਸਰੀਰ ਵਿਚ ਤਾਂ ਸਾਹ ਸਤ ਨਹੀਂ ਰਿਹਾ, ਹੌਲੀ ਫੁੱਲ ਪਰ ਨਿਸੱਤੀ ਹੋ ਰਹੀ ਹਾਂ, ਹੱਥ ਪੈਰ ਹਿਲਾਉਣ ਨੂੰ ਚਿਤ ਨਹੀਂ ਕਰਦਾ, ਸੁਆਦ ਹੈ। ਕੱਟਕ ਦਾ ਸੁਆਦ ਏਹੋ ਹੁੰਦਾ ਹੋਊ, ਝੱਲਿਆ ਨਹੀਂ ਜਾਂਦਾ। ਇਹ ਕੀ ਹੈ? ਇਹ ਸੁਆਦ ਕੀਹ ਹੈ? ਕਿਥੋਂ ਆਇਆ ਹੈ? ਕਿਉਂ ਆਇਆ ਹੈ? ਇਹ ਕਿਵੇਂ ਲੱਝ ਜਾਵੇ, ਮੇਰੇ ਪਾਸ ਰਹੇ! ਭੱਠ ਘੱਤਾਂ ਮੈਂ ਰੋਟੀਆਂ ਤੇ ਘਰ: ਹਾਇ! ਕਿਵੇਂ ਏਸ ਸੁਆਦ ਵਿਚ ਰਹਵਾਂ? ਮੈਂ ਭੁੱਖੀ ਚੰਗੀ, ਮੈਂ ਕੱਲੀ ਚੰਗੀ, ਮੈਂ ਕੰਗਲੀ ਚੰਗੀ, ਮੈਂ ਮੰਗਤੀ ਚੰਗੀ, ਪਰ ਹਾਇ ਕਿਵੇਂ ਏਸ ਸੁਆਦ ਵਿਚ ਰਹਵਾਂ। ਕੀਹ ਕਰਾਂ, ਕਿਸ ਤਰ੍ਹਾਂ ਇਸ ਸੁਆਦ ਨੂੰ ਬੰਨ੍ਹ ਲਵਾਂ, ਅੰਦਰ ਸੁੱਟ ਲਵਾਂ, ਅੰਦਰ ਪਾਕੇ ਕੋਈ ਜੰਦਰੇ ਮਾਰ ਲਵਾਂ। ਹਾਇ! ਮੈਂ ਕਿਸ ਨੂੰ ਆਖਾਂ? ਕਿਸ ਨੂੰ ਪੁੱਛਾਂ? ਕੀ ਬਾਨ੍ਹਣੂ ਬੰਨ੍ਹਾਂ? ਕੀਹ ਦਾਰੂ ਕਰਾਂ? ਜਾਵਾਂ ਉਹਨਾਂ ਕੋਲ ਤੇ ਪੁੱਛਾਂ? ਖਬਰੇ ਕੌਣ ਹਨ। ਕੀਹ ਕਹਿਣਗੇ? ਖ਼ੈਰ ਪਾਉਣਗੇ ਕਿ ਜੁਵਾਬ ਦੇਣਗੇ ? ਉਹਹੋ! ਇਸ ਸੁਆਦ ਬਿਨ ਜੀਵਾਂ ਕਿਵੇਂ? ਕੀ ਕਰਾਂ? ਮਰਦ ਨੂੰ ਪਤਾ ਲੱਗਾ ਤਾਂ ਆਖੂ ਸ਼ੁਦੈਣ ਹੋ ਗਈ ਹੈ। ਹੈਂ; ਏਸ ਘੜੀ ਸੁਆਦ ਹੈ, ਮਰਨਾ ਤਾਂ ਹੈ ਹੀ, ਜੇ ਏਸ ਸੁਆਦ ਦੇ ਵਿਚ ਇਸ ਛਿਨ ਵਿਚ ਮੁੱਕ ਹੀ ਜਾਂਵਾਂ ਤਾਂ ਕੇਡਾ ਚੰਗਾ ਹੈ, ਖ਼ਬਰੇ ਉਂਜ ਕਿਸ ਤਰ੍ਹਾਂ ਦੀ ਮੌਤ ਆਵੇਗੀ ...ਪਰ ਹਾਂ, ਵੱਸ ਤਾਂ ਕੁਛ ਹੈ ਨਹੀਂ। ਹਾਇ! ਮੈਂ ਸ਼ਹਿਰਨ ਹੁੰਦੀ, ਮੈਂ ਕਿਸੇ ਪਾਂਧੇ ਦੀ ਧੀ ਹੁੰਦੀ, ਮੈਂ ਕੁਝ ਪੜ੍ਹੀ ਹੁੰਦੀ, ਅੱਜ ਮੈਨੂੰ ਸੁਝਤ ਆ ਜਾਂਦੀ। ਅਨਪੜ੍ਹ, ਮੂਰਖ, ਤ੍ਰੀਮਤ ਜਾਤ, ਪੇਂਡੂ, ਪਸ਼ੂਆਂ ਵਰਗੇ ਸਾਡੇ ਕੰਮ? ਸਾਨੂੰ ਕੀ ਪਤਾ ਇਹ ਕੀ ਹੈ ਤੇ ਏਹ ਕੌਣ ਹਨ ਤੇ ਕਿਂਵ ਜਾਕੇ ਗੱਲ ਕਰੀਦੀ ਹੈ ਇਹੋ ਜਿਹਿਆਂ ਨਾਲ?"

ਕਿੰਨਾਂ ਚਿਰ ਐਦਾਂ ਸੋਚਾਂ ਸੋਚਦੀ ਰਹੀ, ਜਿਉਂ ਜਿਉਂ ਸੋਚੀਂ ਪੈਂਦੀ ਗਈ ਬੇਮਲੂੰਮੇ ਉਹ ਸੁਆਦ ਘਟਦਾ ਗਿਆ ਤੇ ਤਾਕਤ ਵਧਦੀ ਗਈ। ਛੇਕੜ ਏਥੇ ਅੱਪੜੀ ਕਿ ਚੱਲਾਂ ਤੇ ਪੁੱਛਾਂ; ਪੁੱਛਾਂ ਜ਼ਰੂਰ ਜੋ ਹੋਵੇ ਸੋ ਹੋਵੇ। ਇਉਂ ਸੋਚਦੀ ਟੁਰ ਹੀ ਪਈ।

ਜਦ ਨੇੜੇ ਗਈ ਤਾਂ ਦੋ ਸੂਰਤਾਂ ਦੀ ਥਾਂ ਇਕੋ ਸੂਰਤ ਸੀ, ਜਿਸ ਦੀ ਝੋਲੀ ਵਿਚ ਵੱਜਣ ਵਾਲਾ ਸਾਜ਼ ਪਿਆ ਸੀ ਤੇ ਉਹ ਦਰਯਾ ਵੰਨੇ ਤੱਕ ਰਿਹਾ ਸੀ। ਇਸ ਬੀਬੀ ਨੇ ਥੋੜੀ ਵਿੱਥ ਤੇ ਖੜੋਕੇ ਸਿਰ ਨਿਵਾਇਆ ਤੇ ਆਖਿਆ: 'ਭਾਈਆ! ਇਹ ਗਾਉਣ ਤੁਸੀਂ ਕਰ ਰਹੇ ਸਾਓ?'

ਵਜੰਤ੍ਰੀ-ਹਾਂ ਕਾਕੋ!

ਜੱਟੀ-ਤੁਸੀਂ ਕਉਣ ਹੋ?

ਵਜੰਤ੍ਰੀ-ਮੈਂ ਰੱਬ ਦਾ ਬੰਦਾ।

ਜੱਟੀ-ਏਸੇ ਜੱਗ ਦੇ ਹੋ ਨਾ?

ਵਜੰਤ੍ਰੀ-ਹਾਂ ਕਾਕੋ, ਤੁਸਾਂ ਜਿਹਾ ਆਦਮੀ ਹਾਂ।

ਜੱਟੀ-ਕੋਈ ਨਾ। ਕੂੜੀਆਂ ਗੱਲਾਂ; ਤ੍ਰੈ ਦਿਨਾਂ ਦੇ ਮੈਂ ਐਥੇ ਬੈਠੇ ਵੇਹਨੀ ਹਾਂ! ਅਸਾਂ ਵਰਗੇ ਹੁੰਦੇ ਤਾਂ ਕਿਸੇ ਵੇਲੇ ਅੱਗ ਬਲਦੀ ਦਿੱਸਦੀ, ਰੋਟੀ ਪਕਦੀ ਹੁੰਦੀ, ਕਿਤੋਂ ਲਿਆਉਂਦੇ ਦਿੱਸਦੇ, ਕਿਤੇ ਜਾਂਦੇ ਦਿੱਸਦੇ, ਕਦੇ ਖਾਂਦੇ ਪੀਂਦੇ ਨਜ਼ਰੀਂ ਪੈਂਦੇ।

ਵਜੰਤ੍ਰੀ-ਕਾਕੋ! ਮੈਂ ਤਾਂ ਕਈ ਵੇਰ ਦਰਸ਼ਨ ਆਸਰੇ ਹੀ ਝੱਟ ਲੰਘਾ ਲੈਂਦਾ ਹਾਂ, ਪਰ ਮੇਰਾ ਦਰਸ਼ਨ ਦਾਤਾ ਸ਼ਬਦ ਦੇ ਆਧਾਰ ਰਹਿੰਦਾ ਹੈ।

ਜੱਟੀ-ਹੋਈ ਨਾ ਗੱਲ ! ਕਿਸੇ ਹੋਰ ਦੇਸ਼ ਦੇ ਹੋਏ ਨਾ! ਸਾਡੇ ਦੇਸ਼ ਦੇ ਹੁੰਦੇ ਤਾਂ ਸਾਡੇ ਵਾਂਙ ਖਾਂਦੇ ਪੀਂਦੇ।

ਵਜੰਤ੍ਰੀ-ਅਸੀਂ ਤਾਂ ਖਾਂਦੇ ਪੀਂਦੇ ਹਾਂ। ਰੋਟੀ ਦੁੱਧ, ਮੱਖਣ ਸਭੇ ਚੀਜ਼ਾਂ ਖਾਂਦੇ ਹਾਂ।

ਜੱਟੀ-ਏਹ ਤ੍ਰੈ ਦਿਨ ਕੀ ਖਾਧਾ ਨੇ?

ਵਜੰਤ੍ਰੀ-ਸ਼ਬਦ।

ਜੱਟੀ-ਹੋਈ ਨਾ ਗੱਲ, ਸੱਚ ਦੱਸ ਭਾਈਆ ਤੁਸੀਂ ਹਓ ਏਸੇ ਸਾਡੇ ਲੋਕ ਦੇ ਬੰਦੇ?

ਵਜੰਤ੍ਰੀ-ਏਸੇ ਲੋਕ ਦੇ। ਤੇਰੇ ਵਰਗੀ ਮੇਰੀ ਭੈਣ ਹੈ, ਤੇਰੀ ਮਾਂ ਵਰਗੀ ਮਾਂ ਦਾ ਮੈਂ ਪੁਤ ਹਾਂ ਤੇ ਐਸ ਵੇਲੇ ਭੁੱਖਾ ਹਾਂ।

ਜੱਟੀ-ਫੇਰ ਕੁਛ ਖਾਂਦੇ ਕਿਉਂ ਨਹੀਂ?

ਵਜੰਤ੍ਰੀ-ਮਿਲੇਗਾ ਤਾਂ ਖਾ ਲਵਾਂਗਾ, ਨਾਂ ਮਿਲੇਗਾ ਤਾਂ ਬੀ ਸਮਾਂ ਲੰਘ ਜਾਏਗਾ।

ਜੱਟੀ-ਫੇਰ ਊਹਾ ਗੱਲਾਂ, ਭਾਈਆ! ਤੁਸੀਂ ਹੋ ਤਾਂ ਹੋਰਥੋਂ ਦੇ, ਐਵੇਂ ਵਲਾ ਕਰਦੇ ਹੋ। ...ਹੈਂ ਦੱਸ ਤਾਂ ਛੱਡੋ?

ਵਜੰਤ੍ਰੀ-ਏਥੋਂ ਦਾ ਹੀ ਹਾਂ, ਕਾਕੀ!

ਜੱਟੀ-ਫੇਰ ਖਾਧੇ ਬਿਨ ਕਿਵੇਂ ਜੀਉਂਦੇ ਹੋ? ਵਜਾਉਂਦੇ ਕਿੱਥ ਹੋ, ਗਾਉਂਦੇ ਕਿੱਥ ਹੋ?ਮੈਂ ਤਾਂ ਇਕ ਡੰਗ ਨਾ ਖਾਂਵਾਂ ਤਾਂ ਘਰ ਦਾ ਕੰਮ ਰਹਿ ਜਾਵੇ ਸਾਰਾ, ਹੱਲ ਹੀ ਨਾ ਸੱਕਾਂ।

ਵਜੰਤ੍ਰੀ-ਠੀਕ ਹੈ, ਹੱਲਣ ਜੋਗਾ ਤਾਂ ਮੈਂ ਬੀ ਨਹੀਂ ਪਰ ਦਿਲਗੀਰ ਨਹੀਂ ਹਾਂ।

ਜੱਟੀ-ਤਾਂ ਜੋ ਤੁਸਾਡੇ ਗਾਉਣ ਦਾ ਸੁਆਦ ਹੈ, ਇਸ ਆਸਰੇ ਪਏ ਜੀਉਂਦੇ ਰਹਿੰਦੇ ਹੋ ਨਿਰੇ?

ਵਜੰਤ੍ਰੀ-ਇਹ ਸੁਆਦ ਗਾਉਣ ਦਾ ਨਹੀਂ, ਗਾਉਂਦਾ ਤਾਂ ਸਭ ਕੋਈ ਹੈ, ਕੌਣ ਹੈ ਜੋ ਰੋਣ ਤੇ ਗਾਉਣ ਨਹੀਂ ਜਾਣਦਾ, ਪਰ ਇਹ ਗਾਉਣਾ ਹੋਰਥੋਂ ਦਾ ਹੈ ਤੇ ਇਹ ਸੁਆਦ ਕੋਈ ਹੋਰਵੇਂ ਦੀ ਦਾਤ ਹੈ; ਇਸ ਸੁਆਦ ਦਾ ਇਕ ਆਪਣਾ ਆਧਾਰ ਹੁੰਦਾ ਹੈ ਰੱਜ ਵਾਂਙੂ!

ਜੱਟੀ-ਤਾਂ ਤੁਸੀਂ ਕੋਈ ਓਹ ਲੋਕ ਹੋ, ਜਿਨ੍ਹਾਂ ਨੂੰ ਆਖਦੇ ਹਨ ਕਿ ਕਣੀ ਵਾਲੇ ਹੁੰਦੇ ਹਨ:

ਵਜੰਤ੍ਰੀ-ਜਿਵੇਂ ਆਖੇਂ, ਕਾਕੋ।

ਜੱਟੀ-ਭਾਈਆ, ਜੇ ਮੈਂ ਦੁੱਧ ਲੈ ਆਵਾਂ ਤਾਂ ਪੀ ਲੈਸੋਂ?

ਵਜੰਤ੍ਰੀ-ਪੀ ਲੈਸਾਂ ਕਾਕੋ! ਮੈਨੂੰ ਬੀਬਾ ਇਸ ਰਸ ਦਾ ਆਧਾਰ ਤਾਂ ਰਹਿੰਦਾ ਹੈ, ਪਰ ਮੈਂ ਅੱਜੇ ਮੂਲੋਂ ਏਸ ਆਸਰੇ ਜੀਉ ਨਹੀਂ ਸਕਦਾ, ਇਸ ਕਰਕੇ ਭੁੱਖ ਬੀ ਲੱਗਦੀ ਹੈ ਤੇ ਖਾਂਦਾ ਪੀਂਦਾ ਬੀ ਹਾਂ।

ਜੱਟੀ-ਤਾਂ ਮੈਂ ਦੁੱਧ ਲਿਆਉਂਦੀ ਹਾਂ.... (ਮੁੜਕੇ ਤੱਕਕੇ) ਹਓ ਤਾਂ ਭਾਈਆ ਤੁਸੀਂ ਮਨੁਖ ਨਾਂ, ਕੋਈ ਹੋਰ ਗੱਲ ਤਾਂ ਨਹੀਂ ਨਾਂ ? ਮੈਂ ਮੂਰਖ ਹਾਂ ਪੇਂਡੂ ਹਾਂ, ਉਮਰੋਂ ਭੀ ਅਜੇ ਵਡੇਰੀ ਨਹੀਂ ਸਮੇਂ ਮੈਂ ਨਹੀਂ ਡਿੱਠੇ, ਮਤਾਂ ਤੁਸੀਂ ਕੋਈ ਅਪੱਛਰਾਂ ਜਾਤ ਦੇ ਹੋਵੋ ਤੇ ਮੈਂ ਭੁੱਲ ਕਰ ਬੈਠਾਂ।

ਵਜੰਤ੍ਰੀ(ਹੱਸਕੇ)-ਇਹ ਭਰਮ, ਕਾਕੋ, ਕਿਉਂ ਪਈ ਖਾਨੀਂ ਏਂ?

ਜੱਟੀ-ਤ੍ਰੈ ਦਿਨ ਦੇ ਭੁੱਖੇ ਹੋ ਤੇ ਘਬਰਾਉਂਦੇ ਨਹੀਂ। ਗਾਉਂਦੇ ਹੋ ਤਾਂ ਜਾਦੂ ਧੂੜਦੇ ਹੋ। ਇਹ ਮਨੁੱਖਾਂ ਵਿਚ ਤੇ ਮੈਂ ਕਦੇ ਡਿੱਠਾ ਨਹੀਂ, ਆਹ ਵੇਲਾ ਸ਼ਿਕਲ ਦੁਪਹਿਰ ਦਾ, ਉਜਾੜ ਤੇ ਨਦੀ ਦਾ ਕੰਢਾ, ਛੋਟੇ ਹੁੰਦਿਆਂ ਜੋ ਗੱਲਾਂ ਸੁਣੀਆਂ, ਅੱਖਾਂ ਅਗੇ ਫਿਰ ਫਿਹ ਜਾਂਦੀਆਂ ਹਨ। ਇਵੇਂ ਲਗਦੇ ਹੋ ਜਿਵੇਂ ਪਰੀ ਜਾਤ ਦੇ ਹੋ! ਖਾਕੀ ਮੈਂ ਸੋਝੀ ਵਾਲੀ ਨਹੀਂ, ਮੂਰਖ ਜੱਟੀ ਹਾਂ। ਖ਼ਬਰੇ ਤੁਸੀਂ ਉਹੋ ਹੋਵੋ ਜਿਸ ਨੂੰ ਲੋਕੀਂ ਪੂਰਾ ਭਾਂਡਾ, ਸਾਂਈ ਲੋਕ ਕਹਿੰਦੇ ਹੈਨ। ਤੁਸੀਂ ਵੀਰਾ ਗੁੱਸਾ ਨਾ ਕਰਿਆ ਜੇ, ਗਿਰਾਵਾਂ ਦੇ ਲੋਕੀਂ ਪਸ਼ੂ ਹੁੰਦੇ ਹਨ, ਸਾਨੂੰ ਕੋਈ ਸੂਝਤ ਨਹੀਂ ਨਾ, ਨੀਵੀਂ ਉੱਚੀ ਗੱਲ, ਵੀਰਾ! ਮੇਰੀ ਦਿਲ ਨਾ ਲਾਉਣੀ।

ਵਜੰਤ੍ਰੀ-(ਨੈਣਾਂ ਵਿਚ ਅੱਥਰੂ ਆ ਗਏ)-ਕਾਕੋ। ਕੋਈ ਭਰਮ ਨਾ ਕਰ, ਜਿਸ ਨਾਲ ਤੂੰ ਗੱਲਾਂ ਕਰਦੀ ਹੈਂ, ਮਨੁੱਖ ਹੈ ਤੇ ਕਿਸੇ ਪੂਰੇ ਮਰਦ ਦਾ ਮੁਰੀਦ ਹੈ ਤੇ ਤੂੰ ਦਿਲ ਦੀ ਖੁਸ਼ੀ ਨਾਲ ਨਿਸ਼ਾ ਖ਼ਾਤਰ ਕਰ ਜੋ ਮੈਂ ਬੰਦਾ ਹਾਂ।

ਹੁਣ ਮੁਟਿਆਰ ਨੂੰ ਕੁਛ ਤਸੱਲੀ ਹੋ ਗਈ। ਖ਼ਾਲੀ ਚਾਟੀ ਸਿਰ ਤੇ ਸੀ, ਹੱਥ ਦੀ ਟੇਕ ਚਾਟੀ ਨੂੰ ਦੇਕੇ ਸਿਰ ਨਿਵਾਕੇ ਚਲੀ ਗਈ।

੨.

ਥੋੜੇ ਚਿਰ ਮਗਰੋਂ ਉਹ ਜੱਟੀ ਸਿਰ ਤੇ ਦੁੱਧ ਦਾ ਗੜਵਾ ਚਾਈ ਲੈ ਆਈ। ਗੜਵੇ ਤੇ ਛੰਨਾਂ ਸੀ, ਛੰਨੇ ਵਿਚ ਸ਼ੱਕਰ ਸੀ ਜੋ ਉਤੋਂ ਰਕੇਬੀ ਨਾਲ ਕੱਜੀ ਹੋਈ ਸੀ। ਹੁਣ ਇਸ ਦੇ ਚਿਹਰੇ ਤੇ ਇਕ ਲਾਲੀ ਸੀ, ਇਕ ਚਾਉ ਤੇ ਉਮਾਹ ਸੀ ਤੇ ਕਦਮ ਤ੍ਰਿੱਖੇ ਸਨ। ਜਾਂ ਇਹ ਉੱਥੇ ਆਈ ਤਾਂ ਫੇਰ ਸਾਜ਼ ਵੱਜ ਰਿਹਾ ਸੀ, ਉਹੋ ਵਜੰਤ੍ਰੀ ਵਜਾ ਰਿਹਾ ਸੀ, ਜਿਸ ਨਾਲ ਗੱਲਾਂ ਕਰਕੇ ਗਈ ਸੀ ਤੇ ਗਾਉਂ ਕੋਈ ਹੋਰ ਰਿਹਾ ਸੀ। ਜਦ ਸੱਦ ਇਸ ਦੇ ਕੰਨੀਂ

ਪਈ, ਕਦਮ ਹਲਕੇ ਹੋ ਗਏ, ਨੈਣ ਟਿਕ ਗਏ ਤੇ ਥੋੜੀ ਦੂਰ ਹੀ ਦੁੱਧ ਭੁੰਵੇ ਰੱਖਕੇ ਬੈਠ ਗਈ। ਇਸ ਦਾ ਸਿਰ ਬੇਵਸਾ ਜ਼ਮੀਨ ਤੇ ਜਾ ਲੱਗਾ ਤੇ ਬਿਨ ਆਖੇ ਦੋਵੇਂ ਨੈਣ ਗਾਉਣ ਵਾਲੀ ਸੂਰਤ ਤੇ ਲੱਗ ਗਏ, ਐਸੇ ਲੱਗੇ ਕਿ ਝਮਕਣਾ ਭੁੱਲ ਗਏ। ਉਹ ਖੁਸ਼ੀ ਦਾ ਰੰਗ, ਉਹ ਟਿਕਵਾਂ ਪ੍ਰਭਾਉ, ਉਹ ਰੱਬੀ ਸੁੰਦਰਤਾ, ਉਹ ਬੰਦਗੀ ਵਾਲਾ ਸਲੋਨਾਪਨ ਵਿਚਾਰੀ ਨੇ ਕਾਸ ਨੂੰ ਕਦੇ ਡਿੱਠਾ ਸੀ, ਬਝੱਕ ਰਹਿ ਗਈ। ਉੱਤੋਂ ਇਲਾਹੀ ਨਾਦ ਜੋ ਕੰਨੀ ਪਿਆ ਉਸ ਐਉਂ ਬੰਨ੍ਹ ਦਿੱਤਾ ਜਿਵੇਂ ਮਿਰਗ ਬੱਝ ਜਾਂਦਾ ਹੈ। ਬੈਠੀ ਰਹੀ ਤੇ ਐਉਂ ਜਿਵੇਂ ਪੱਥਰ ਦਾ ਬੁੱਤ ਹੁੰਦਾ ਹੈ। ਅੱਲ੍ਹੜ, ਅਵਾਣ; ਜਿਨ੍ਹ ਕਦੇ ਕੁਛ ਡਿੱਠਾ ਨਹੀਂ ਸੀ, ਅਚਾਨਕ ਉੱਚੇ ਤੋਂ ਉੱਚੇ ਦਿਦਾਰੇ ਦੇ ਸਾਹਮਣੇ ਆ ਗਈ ਤੇ ਅਚਰਜ ਵਿਚ ਲੀਨ ਹੋ ਗਈ। ਉਸ ਨੂੰ ਕੀ ਪਤਾ ਕਿ ਇਹ ਕੌਣ ਹੈ। ਰਾਗ ਹੁੰਦਾ ਗਿਆ, ਉਹ ਦੁੱਧ ਦਾ ਗੜਵਾ ਰੱਖਕੇ ਮੋਹ ਲੈਣ ਹਾਰੇ ਦਰਸ਼ਨਾਂ ਦੇ ਸਾਹਮਣੇ ਦਿਦਾਰ-ਸਨਮੁਖ ਹੋ ਬੈਠੀ ਦੀ ਬੈਠੀ ਰਹਿ ਗਈ। ਉਧਰ ਇਹ ਸ਼ਬਦ ਹੁੰਦਾ ਰਿਹਾ:-

> ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ॥ ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ ॥੧॥ ਰਹਾਉ॥ ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥ ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥੧॥ ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ॥ ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੁਹਾਗੈ ॥੨॥ ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ॥ ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ॥੩॥ ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ॥ ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ[1]॥੪॥੨॥

[1] ਇਹ ਸ਼ਬਦ ਸਾਰੰਗ ਮਹਲਾ ੧ ਦਾ ਹੈ।

ਗਾਉਣਾ ਬੰਦ ਹੋ ਗਿਆ, ਸਾਜ਼ ਛਿੜਨੋਂ ਰਹਿ ਚੁਕਾ। ਹਾਂ, ਗਾਵਣਹਾਰ ਤੇ ਬਜਾਵਣਹਾਰ ਦੁਇ ਚੁੱਪ ਤੇ ਅਡੋਲ ਹੋ ਗਏ, ਪਰ ਬੀਬੀ ਦੀ ਨਜ਼ਰ ਗਾਵਣਹਾਰ ਤੇ ਐਸੀ ਬੱਝੀ ਸੀ ਕਿ ਹਿਲਦੀ ਨਹੀਂ ਸੀ। ਕਿੰਨੇ ਚਿਰ ਪਿਛੋਂ ਬੀਬੀ ਤ੍ਰਬੁਕੀ, ਨੈਣ ਹਿੱਲੇ, ਠੰਢਾ ਸਾਹ ਭਰਕੇ ਆਯਾ, ਦੋ ਟੇਪੇ ਅੰਮ੍ਰਿਤ ਦੇ ਸੁਆਦ-ਵਾਲੇ ਨੈਣਾਂ ਤੋਂ ਕਿਰੇ, ਸਰੀਰ ਹਿੱਲਿਆ ਤੇ ਹੋਸ਼ ਫਿਰੀ। ਰਸ ਦੇ ਸੁਆਦ ਮਾਰੀ ਅਜੇ ਪੂਰੀ ਤਰ੍ਹਾਂ ਹਿੱਲ ਨਹੀਂ ਸੀ ਸਕਦੀ, ਪਰ ਹੋਸ਼ ਪੂਰੀ ਆ ਗਈ ਸੀ। ਥੋੜ੍ਹਾ ਚਿਰ ਹੋਰ ਇਸੇ ਹਾਲ ਰਹਿਕੇ ਦੇਖੋ ਕਿ ਉੱਠਣ ਦੀ ਆਸੰਙ ਹੋ ਆਈ ਹੈ ਤੇ ਹੁਣ ਜੀਉ ਕਰੇ ਕਿ ਅਗੇ ਹੋਵਾਂ ਤੇ ਵੀਰਾਂ ਤੋਂ ਮਿੱਠੇ ਤੇ ਪਿਤਾ ਤੋਂ ਪਿਆਰੇ ਲੱਗੇ ਦਰਸ਼ਨ ਦਾਤਾ ਜੀ ਨੂੰ ਦੁੱਧ ਪਿਲਾਵਾਂ, ਫੇਰ ਉੱਠੀ, ਠਿਠੰਬਰੀ ਤੇ ਅੱਗੇ ਹੋਈ। ਕੁਛ ਵਿੱਥ ਤੋਂ ਅਦਬ ਨਾਲ ਦੁੱਧ ਦਾ ਗੜਵਾ ਅੱਗੇ ਕਰ ਦਿੱਤਾ। ਇੰਨੇ ਨੂੰ ਗਾਵਣਹਾਰ ਦੇ ਨੈਣ ਖੁੱਲੇ ਤੱਕੇ ਤੇ ਬੋਲੇ:-'ਕਾਕੀ'!

'ਕਾਕੀ' ਪਤਾ, ਨਹੀਂ ਕਿੱਥੋਂ ਅਵਾਜ਼ ਆਈ ਕਾਕੀ ਦਾ ਕਲੇਜਾ ਕਲਵਲ ਖਾ ਗਿਆ, ਮੁੱਠ ਵਿਚ ਕਲੇਜਾ ਲੈਕੇ ਸਿਰ ਨਿਵਾ ਗਈ।

ਫੇਰ ਅਵਾਜ਼ ਆਈ: 'ਬੱਚਾ'!

ਫੇਰ ਹੋਰ ਧ੍ਰੂਹ ਵੱਜੀ।

ਫੇਰ ਆਵਾਜ਼ ਆਈ: 'ਕਾਕੀ'!

ਹੁਣ ਕਾਕੀ ਦੇ ਅੰਦਰ ਉੱਤਰ ਨਾ ਦੇਣ ਦਾ ਭੈ ਆਇਆ, ਕਿਸੇ ਡਾਢੀ ਬ੍ਰੀਕ ਸੁਰ ਵਿਚ ਬੋਲੀ;-

ਜੀਓ ਜੀ!

ਗਾਵਣਹਾਰ-ਇਹ ਕੀ ਆਂਦਾ ਹਈ?

ਕਾਕੀ-ਜੀਓ ਦੁੱਧ ਹੈ...ਸ਼ੱਕਰ ਹੈ, ਮਿਹਰ ਕਰੋ ਤੇ ਪੀਓ। ... ਤੁਸੀਂ ਤ੍ਰੈ ਦਿਨਾਂ ਦੇ ਭੁੱਖੇ ਹੋ।

ਗਾਵਣਹਾਰ-ਕਾਕੋ! ਤੁਸੀਂ ਪੀਓ, ਦੁੱਧ ਪੁੱਤ ਦੀ ਭੁੱਖ ਵਾਲੇ ਹੋ।

ਇਹ ਗੱਲ ਕਾਕੀ ਦੇ ਕਲੇਜੇ ਵੱਜੀ। ਉਸ ਦਾ ਘਰ ਵਾਲਾ; ਪੁੱਤ ਤੇ ਹੋਰ ਮਾਲ ਧਨ ਨੂੰ ਨਿੱਤ ਰੋਂਦਾ ਰਹਿੰਦਾ ਸੀ। ਸੋਚਣ ਲੱਗੀ 'ਸੱਚ ਮੁੱਚ ਭੁੱਖੇ ਲੋਕ ਤਾਂ ਅਸੀਂ ਹਾਂ' ਪਰ ਕੁਛ ਅੱਗੋਂ ਆਖਣੋਂ ਸੰਗ ਗਈ ਤੇ ਚੁੱਪ ਰਹੀ। ਫੇਰ ਕੁਛ ਪਲਾਂ ਮਗਰੋਂ ਬੋਲੀ:- ਤੁਸੀਂ ਜੀ, ਸਦਾ ਰੱਜੇ ਹੋ, ਤੁਸੀਂ ਜੀ

ਤੁਸੀਂ......।

ਗਾਵਣਹਾਰ-ਤਾਂ ਤੁਸੀਂ ਦੁੱਧ ਪੀਓ।

ਕਾਕੀ-ਜੀ ਮੈਨੂੰ ਪਿਲਾਓ ਨਾ ਜੀ ਸੁਆਦ ਜਿਹੜਾ ਹੁਣੇ ਆਯਾ ਹੈ ਜੀ, ਇਹ ਸੁਆਦ ਪਿਲਾਓ ਜੀ, ਜੋ ਮੈਥੋਂ ਇਹ ਸੁਆਦ ਨਾ ਵਿਛੜੇ ਜੀ, ਤੁਸੀਂ ਇਹੋ ਪੀਂਦੇਂ ਹੋ ਨਾ। ਏਹ (ਵਜੰਤ੍ਰੀ ਵੱਲ ਸੈਨਤ ਕਰਕੇ) ਆਖਦੇ ਸਨ ਅਸੀਂ ਸ਼ਬਦ ਦੇ ਆਧਾਰ ਜੀਉਂਦੇ ਹਾਂ। ਏਹੋ ਸੁਆਦ ਆਖਦੇ ਹੋਸਨ; ਤੁਸੀਂ ਪੀਂਦੇ ਹੋ। ਇਹ ਡਾਢਾ ਚੰਗਾ ਹੈ, ਇਹ ਕਿੰਵ ਪੀਵੀਦਾ ਹੈ, ਜੀ ਮੈਂ ਪੇਂਡੂ ਪਸ਼ੂ ਹਾਂ ਜੀ, ਸੁਝਤ ਹੈ ਨਹੀਂ ਜੀ, ਡਾਢਾ ਸੁਆਦ ਆਯਾ ਹੈ, ਇਹ ਸੁਆਦ ਚਾ ਦਿਵਾਓ ਜੀ।

ਗਾਵਣਹਾਰ-ਦੁੱਧ ਪੀਓ ਬੇਟਾ!

ਕਾਕੋ-ਜੀ ਮੈਂ ਕੀ ਜਾਣਾ? ਤੁਸੀਂ ਤ੍ਰੈ ਦਿਨ ਕੁਛ ਨਹੀਂ ਖਾਧਾ। ਥੋੜਾ ਜਿਹਾ ਪੀ ਲਓ ਜੀ, ਤੇ ਮੈਨੂੰ ਦਿਓ ਨਾ ਅਗੰਮੀ ਸੁਆਦ, ਜੋ ਫੇਰ ਮੈਂ ਬੇਸੁਆਦ ਨਾ ਨਾ ਹੋਵਾਂ ਜੀ, ਇਵੇਂ ਰਹਾਂ ਜੀ। ਭੁੱਖੀ ਰਹਾਂ ਜੀ, ਰੱਜੀ ਰਹਾਂ ਜੀ, ਪਰ ਸੁਆਦ ਜੋ ਆਯਾ ਹੈ ਆਵੇ ਜੀ, ਸਦਾ ਆਵੇ ਜੀ...। ਤੁਸੀਂ ਦੁੱਧ ਬੁੱਲ੍ਹਾਂ ਨਾਲ ਲਾਓ ਤਾਂ ਸਹੀ ਜੀ। (ਵਜੰਤ੍ਰੀ ਵਲ ਸੈਨਤ ਕਰਕੇ) ਏਹ ਆਖਦੇ ਸਨ ਅਸੀਂ ਏਸ ਧਰਤੀ ਦੇ ਹਾਂ ਜੀ ਤੇ ਖਾਂਦੇ ਪੀਂਦੇ ਹਾਂ, ਅਸਾਂ ਲੋਕਾਂ ਵਾਂਙੂ, ਮੈਂ ਤਾਹੀਓਂ ਦੁੱਧ ਲੈ ਆਈ ਸਾਂ।

ਆਪ ਮੁਸਕ੍ਰਾਏ, ਸਾਥੀ ਵੱਲ ਤੱਕਿਆ। ਬੋਲੇ- 'ਮਰਦਾਨਿਆਂ ! ਤੇਰਾ ਭੁੱਖ ਨਾਲ ਘਟ ਪਿਆ ਮਿਲਦਾ ਹੋਸੀ, ਦੁੱਧ ਪੀ ਲੈ। '

ਮਰਦਾਨਾ-ਪਾਤਸ਼ਾਹ! ਆਪ ਪੀਓ ਪਹਿਲਾਂ ਫੇਰ ਘੁੱਟ ਮੈਂ ਬੀ ਲੈ ਲੈਸਾਂ।

ਆਪ-ਕਾਕੀ ! ਦੁੱਧ (ਕਹਿੰਦਿਆਂ ਨੈਣ ਮੁੰਦ ਗਏ)।

ਕਾਕੀ-ਜੀਓ! ਪੀਓ ਨਾ, ਕਲੇਜਾ ਠਰੇ।

ਆਪ-ਕਲੇਜਾ ਠਰੇ? ਹਾਂ ਠਰੇਗਾ, ਕਹੁ:-

'ਵਾਹਿਗੁਰੂ'

ਇਕ ਚਮਤਕਾਰ ਵੱਜਾ, ਕੋਈ ਲਿਸ਼ਕਾਰ ਆਯਾ, ਚੰਦ ਸੂਰਜ ਵਰਗਾ, ਨਾਂ, ਹੋਰਵੇਂ ਦਾ, ਨਾਲ ਕੋਈ ਕੜਾਕਾ ਜਿਹਾ ਕਾਲਜੇ ਨੂੰ ਪੁੜਿਆ ਸਿਰ ਨੂੰ ਚੱਕਰ ਜਿਹਾ ਆਇਆ, ਘੁੰਮ ਘੁਮਾਈ ਹੋਈ: ਕੋਈ ਬੇਸੁਧੀ ਆਈ, ਪਰ ਬੇਹੋਸ਼ੀ ਵਰਗੀ ਨਾ, ਐਉਂ ਜਿਉਂ ਸੋਚ ਫਿਕਰ ਨੱਠ ਗਿਆ ਹੈ। ਕੋਈ ਹਨੇਰਾ ਫਿਰਿਆ, ਅਧੰਕਾਰ ਵਾਙੂ ਨਾਂ, ਪਰ ਜਿਕੂੰ ਸੂਰਜ ਤੇ ਤੱਕਿਆਂ ਕੁਝ ਨਹੀਂ ਦਿੱਸਦਾ। ਕਾਕੀ ਦੇ ਮੂੰਹੋਂ ਬੇਵਸਾ ਏਸ ਬੇਸੁਧੀ ਵਿਚ, ਏਸ ਝਲਕਾਰੇ ਵਿਚ ਨਿਕਲਿਆ:- ਵਹਿਗੁਰੂ

ਮੂੰਹ ਤੋਂ ਜੀਭ ਤੋਂ ਨਿਕਲਿਆ ਵਾਹਿਗੁਰੂ
ਲੂੰ ਲੂੰ ਤੋਂ ਨਿਕਲਿਆ ਵਾਹਿਗੁਰੂ
ਅੰਦਰ ਹੋਇਆ ਵਾਹਿਗੁਰੂ
ਅੰਦਰ ਰਹਿ ਗਿਆ ਵਾਹਿਗੁਰੂ
ਅੰਦਰ ਆਤਮੇ ਹੋ ਗਿਆ ਵਾਹਿਗੁਰੂ
ਚਾਰ ਅੱਖਰ ਵੜ ਗਏ, ਅੰਦਰ।
ਹਾਂ ਜੀਉਂਦੇ ਅੱਖਰ ਟਿਕ ਗਏ ਅੰਦਰ।

ਚਾਰ ਅੱਖਰ? ਹਾਂ ਚਾਰ ਅੱਖਰ, ਪਰ "ਅਖਰ ਮਹਿ ਤ੍ਰਿਭਵਨ ਪ੍ਰਭ ਧਾਰੇ॥" "ਅੱਖਰ ਕੀਹ ਧਸੇ, 'ਅੱਖਰ' (ਕਦੇ ਨਾ ਖਰਨੇ ਵਾਲਾ) ਅੱਖਰਾਂ ਦਾ ਦਾਤਾ ਆਪ ਧਸ ਗਿਆ। ਜਿਸ ਨੂੰ ਏਹ ਅੱਖਰ ਜਣਾਉਂਦੇ ਹਨ, ਜਿਸ਼ ਦਾ ਇਹ ਜੀਉਂਦਾ ਜਾਗਦਾ ਚਿੰਨ੍ਹ ਹਨ, ਰੂਪ ਹਨ, ਜਿਸ ਅਰੂਪ ਦਾ ਇਹ ਵਿੱਦਤ ਸਰੂਪ ਹਨ, ਨਹੀਂ, ਜਿਨ੍ਹਾਂ ਦੇ ਵਿਚ ਆਪ ਵੱਸਦਾ ਹੈ[1] ਓਹ ਸਰੀਰ ਧਾਰੀ, ਰੂਪ ਧਾਰੀ ਕਾਕੀ ਦੇ ਅੰਦਰ ਬਹਿ ਗਿਆ। ਨਾਮ ਦੇ ਅੰਦਰ ਗਿਆਂ 'ਨਾਮੀ' (ਜਿਸ ਦਾ ਇਹ ਨਾਮ ਹੈ, ਉਹ) ਆਪ ਅੰਦਰ ਲੰਘ ਗਿਆ[2]। ਹਾਂ, ਕਾਕੀ ਦੀ 'ਮੈਂ' ਤੇ ਏਸ 'ਘਟ ਘਟ ਦੇ ਵਾਸੀ ਪਿਆਰੇ' ਵਾਹਿਗੁਰੂ ਦੇ ਵਿਚ ਜੋ ਵਿੱਥ ਸੀ, ਪਰਦਾ ਸੀ, ਉਠ ਗਿਆ। ਵਾਹਿਗੁਰੂ ਅੰਤਰ ਆਤਮੇਂ-ਮੈਂ ਦੀ ਮੈਂ- ਅੰਦਰਲੇ ਦੇ ਅੰਦਰ-ਜੋਤ ਵਾਂਙ ਜਗ ਪਿਆ। ਮੈਂ ਰੌਸ਼ਨ ਹੋ ਗਈ, ਕਾਕੀ ਸੁਆਦ ਵਾਲੀ ਹੋ ਗਈ, ਰਸ ਰੂਪ ਹੋ ਗਈ।

ਕੀਰਤਨ ਸੁਣਕੇ ਸੁਆਦ ਆਇਆ ਸਾਸੁ, ਪਰ ਹੁਣ ਮਾਨੋ ਸੁਆਦ ਦਾ ਦਾਤਾ ਅੰਦਰ ਜਾ ਬੈਠਾ। ਅੱਗੇ ਧੁੱਪ ਦਾ ਸੁਆਦ ਮਾਣਿਆਂ ਸੀ,

---

੧ ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ ॥ {ਸਿਰੀ ਰਾਗੁ ਮਹਲਾ ੧ ਅਸਟ:}

੨ ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥ {ਮਾਝ ਮਹਲਾ ੩}

ਹੁਣ ਸੂਰਜ ਅੰਦਰ ਜਾ ਬੈਠਾ। ਧੁੱਪ ਹੁਣ ਕਦੇ ਨਾ ਵਿਛੁੜਸੀ। ਹਾਂ ਵਿਲਕਕੇ ਕਾਕੀ ਨੇ ਮੰਗਿਆ; 'ਏਹ ਸੁਆਦ ਨਾ ਵਿਛੁੜੇ' ਪਰ ਮੇਲਣਹਾਰ ਨੇ 'ਸੁਆਦ' ਦਾ ਮਾਲਕ ਅੰਦਰ ਵਸਾ ਦਿੱਤਾ ਹੈ। ਵਿਛੁੜੀ ਰੂਹ ਨੂੰ ਆਪਣੇ ਸਾਂਈਂ ਨਾਲ ਮੇਲ[1] ਦਿੱਤਾ ਹੈ। 'ਰਸ' ਮੰਗਦੀ ਨੂੰ 'ਰਸਾਲ' ਦੇ ਦਿੱਤਾ ਹੈ। ਧੁੱਪ ਚਾਹੁੰਦੀ ਨੂੰ ਸੂਰਜ ਦੇ ਦਿੱਤਾ।

ਵਾਹ ਗੁਰ ਨਾਨਕ,
ਦੁੱਧ ਦੇ ਘੁੱਟ ਅਰਪਨ ਵਾਲਿਆਂ ਨੂੰ
ਅੰਮ੍ਰਿਤ ਦੇ ਸੋਮੇ!
ਰੱਬ ਨੇ ਆਖਿਆ ਸੀ, ਵਿੱਛੁੜੇ ਮੇਲ,

ਵਾਹ ਤੂੰ ਖੂਬ ਵਿਛੁੜੇ ਮੇਲਦਾ ਹੈਂ, ਤੇਰੀ ਹੀ ਸ਼ਾਨ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਖਿਆ ਹੈ:-

ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ
ਬਸੀਠੁ॥
ਹਾਂ- ਘੋਲਿ ਘੁਮਾਈ ਤਿਸ ਮਿਤ੍ਰ ਵਿਚੋਲੇ
ਜੈ ਮਿਲਿ ਕੰਤੁ ਪਛਾਣਾ॥
ਗੁਰੁ ਨਾਨਕੁ ਜਿਨਿ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥
ਵਾਹੁ ਤੂੰ, ਗੁਰੂ ਨਾਨਕ!

... ... ... ...

ਕਾਕੀ ਦੇ ਹੁਣ ਨੈਣ ਖੁੱਲੇ, ਉਸ ਦਾ ਸਿਰ ਚਰਨਾਂ ਕਮਲਾਂ ਤੇ ਹੈ, ਉਸ ਦੇ ਜੀਉ ਉਠੇ ਤੇ ਸਰਵੇ ਹੋ ਗਏ ਸਿਰ ਉੱਤੇ ਦਾਤੇ ਦਾ 'ਪਿਆਰ ਹੱਥ' ਫਿਰ ਰਿਹਾ ਹੈ ਤੇ ਆਵਾਜ਼ ਆ ਰਹੀ ਹੈ:-

"ਪੀਓ, ਇਹ ਅੰਮ੍ਰਿਤ ਸਦਾ ਪੀਓ।"

ਕੁਛ ਚਿਰ ਐਉਂ ਪਿਆਰ ਦੇ ਦੇ ਕੇ ਦਾਤਾ ਬੋਲਿਆ-

"ਕਾਕੋ! ਓਠੋ... ਬੇਟਾ! ਸਦਾ ਜਪੋ"।

ਕਾਕੀ ਉੱਠੀ, ਆਪੇ ਸ਼ਬਦ ਹੋ ਰਿਹਾ ਹੈ, ਅਰਥਾਤ ਉਹ ਯਤਨ ਨਹੀਂ ਕਰ ਰਹੀ ਹੈ, ਉਸ ਦੇ ਅੰਦਰ "ਵਾਹਿਗੁਰੂ" ਦੀ ਧੁਨਿ ਹੋ ਰਹੀ ਹੈ, ਕੋਈ ਰਸ ਭਰ ਰਿਹਾ ਹੈ, ਸੁਆਦ ਆ ਰਿਹਾ ਹੈ। ਹੁਣ ਅਰਸ਼ੀ ਦਾਤਾ ਜੀ ਬੋਲੇ:-

"ਲਿਆਓ, ਬੇਟਾ, ਦੁੱਧ ਪਿਲਾਓ"।

ਕਿਸੇ ਅਚਰਜ ਉਤਸ਼ਾਹ, ਕਿਸੇ ਅਕਹਿ ਪਿਆਰ ਵਿਚ ਕਾਕੀ ਨੇ ਦੁੱਧ ਵਿਚ ਸ਼ੱਕਰ ਰਲਾਈ, ਛੰਨਾ ਭਰਿਆ ਤੇ ਅੱਗੇ ਕੀਤਾ। ਦਾਤੇ, ਸਦਾ ਦਾਤੇ ਨੇ ਭੇਟ ਕਬੂਲੀ, ਜੀਉ ਉੱਠੀ ਦੇ ਹੱਥੋਂ ਛੰਨਾਂ ਲੈਕੇ ਦੁੱਧ ਦਾ ਪੀਤਾ:-

ਅਭੈ ਨਿਰੰਜਨ ਪਰਮ ਪਦੁ ਤਾਕਾ ਭੀਖਕੁ
ਹੋਇ ॥ ਤਿਸ ਕਾ ਭੋਜਨੁ ਨਾਨਕਾ ਵਿਰਲਾ
ਪਾਏ ਕੋਇ॥ {ਵਾਰਾਂ ਤੇ ਵਧੀਕ ਮਹਲਾ ੩}

ਧੰਨ ਤੇਰੇ ਚੋਜ! ਆਪੇ ਦਾਨ ਕਰਨੇ, ਪਰਮ ਪਦ ਦੇ ਭੀਖਕ ਬਣਾਕੇ ਉਹਨਾਂ ਨੂੰ ਦਾਨ ਦੇਕੇ ਅੰਮ੍ਰਿਤ ਰੂਪ ਕਰ ਦੇਣਾ, ਫੇਰ ਉਹਨਾਂ ਦੇ ਅਰਪੇ ਤਿਲ ਫੁਲ ਲੈਕੇ ਪ੍ਰਫੁੱਲਤ ਹੋਣਾ।

## ੩.

ਦੁੱਧ ਪਿਲਾਕੇ, ਅੰਮ੍ਰਿਤ ਪੀਕੇ, ਕ੍ਰਿਤ ਕ੍ਰਿਤ ਹੋਕੇ ਜੱਟੀ ਘਰ ਆਈ। ਹੁਣ, ਉੱਠਦੀ ਬਹਿੰਦੀ, ਟੁਰਦੀ ਫਿਰਦੀ ਸਿਮਰਨ ਤੇ ਸਿਮਰਨ ਦੇ ਰਸ ਵਿਚ ਰਹਿੰਦੀ ਹੈ, ਘਰ ਦਾ ਕੰਮ ਕਾਜ ਉਵੇਂ ਕਰਦੀ ਹੈ। ਘਰ ਵਾਲਾ ਉਸ ਨੂੰ ਖੁਸ਼ੀ ਤੇ ਪਹਿਲੇ ਤੋਂ ਸੋਹਣਾ ਵੇਖਦਾ ਹੈ, ਪਰ ਮੋਟੀ ਬੁਧਿ ਵਾਲਾ ਹੈ, ਕੁਛ ਚੰਗੀ ਤਰ੍ਹਾਂ ਗਉਲਦਾ ਨਹੀਂ। ਉਹ ਹੁਣ ਅਰਸ਼ਾਂ ਦੀ ਬਣ ਗਈ ਦੇਵੀ, ਪਰ ਉਸੇ ਤਰ੍ਹਾਂ ਰੋਟੀ ਪਕਾਉਂਦੀ ਸਿਰ ਤੇ ਚਾਉਂਦੀ ਤੇ ਖੇਤਾਂ ਵਿਚ ਜਾ ਘਰ ਵਾਲੇ ਨੂੰ ਖੁਲਾਉਂਦੀ ਹੈ। ਦੁਪਹਿਰਾਂ ਤੋਂ ਅਗੇਰੇ ਘਰ ਆਕੇ ਫੇਰ ਗੜਵਾ ਦੁੱਧ ਦਾ ਭਰਦੀ ਹੈ ਤੇ ਅਰਸ਼ਾਂ ਦੇ ਸਾਂਈਂ ਗੁਰੂ ਨਾਨਕ ਦੇਵ ਜੀ ਕੋਲ, ਜੋ ਰਾਵੀ ਦੇ ਕਿਨਾਰੇ ਉਦਯਾਨ ਵਿਚ ਜੋਤਿ ਜਗਾ ਰਹੇ ਹਨ ਲੈ ਜਾਂਦੀ ਹੈ। ਓਹ ਸ੍ਰਿਸ਼ਟੀ ਦੇ ਮਾਲਕ, ਸਰਬ ਦੇ ਦਾਤੇ, ਨਿਮਾਣੀ ਭੇਟ ਕਬੂਲਦੇ ਹਨ, ਆਪ ਦੁੱਧ ਪੀਂਦੇ ਹਨ, ਮਰਦਾਨੇ ਨੂੰ ਪਿਲਾਉਂਦੇ ਹਨ। ਕਾਕੀ ਦੁੱਧ ਪਿਲਾਕੇ ਤੇ ਕੀਰਤਨ ਸੁਣਕੇ ਘਰ ਨੂੰ ਆ ਜਾਂਦੀ ਹੈ, ਪਰ ਅਜੇ ਘਰ ਵਾਲੇ ਨੂੰ ਪਤਾ ਨਹੀਂ ਲੱਗਾ ਕਿ ਮੇਰੇ ਘਰ ਵਿਚ ਕੀ ਮਿਹਰਾਂ ਵੱਸ ਪਈਆਂ ਹਨ!

ਦੁਨੀਆਂ ਸਦਾ ਜਾਗਦੀ ਹੈ ਪਰ ਬੁਰੇ ਕਰਨ ਲਈ ਤੇ ਕੁਣਸਾਂ ਚੁਗਣ ਲਈ। 'ਕਾਕੀ ਦੁਪਹਿਰੇ

---

[1] ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥
{ਗੂਜਰੀ ਵਾਰ ਮਹਲਾ ੪-੧}

ਘਰ ਆਕੇ ਫੇਰ ਚਲੀ ਜਾਂਦੀ ਹੈ, ਦੁਧ ਦਾ ਗੜਵਾ ਘਰੋਂ ਲੈਕੇ ਟੁਰ ਜਾਂਦੀ ਹੈ ਤੇ ਦਿਨ ਢਲੇ ਘਰ ਆਉਂਦੀ ਹੈ' ਇਹ ਚੋਗ ਆਂਢ ਗੁਆਂਢ ਵਿਚ ਚੁਗੀਣ ਲੱਗੀ। ਉਹ ਸਹੀਆਂ, ਜੋ ਦੁਪਹਿਰਾਂ ਮਗਰੋਂ ਇਸ ਨਾਲ ਗੱਪਾਂ ਮਾਰਦੀਆਂ ਤੇ ਹੱਸਦੀਆਂ ਖੇਡਦੀਆਂ ਹੁੰਦੀਆਂ ਸਨ, ਹੁਣ ਹਰਿਆਨ ਹੁੰਦੀਆਂ ਹਨ ਕਿ ਏਸ ਨੂੰ ਕੀਹ ਹੋ ਗਿਆ ਹੈ, ਕਿਉਂ ਚੁਪ ਰਹਿੰਦੀ ਹੈ ਤੇ ਇਹ ਦੁੱਧ ਲੈਕੇ ਕਿਧਰ ਜਾਂਦੀ ਹੈ ਤੇ ਪਿਛਲਾ ਪਹਿਰ ਕਿੱਥੇ ਗੁਜ਼ਾਰਦੀ ਹੈ? ਪਹਿਲੇ ਇਹ ਗੱਲ ਸਖੀਆਂ ਸਹੇਲੀਆਂ ਵਿਚ ਰਹੀ ਫੇਰ ਇਹ ਵੱਡੀਆਂ ਠੇਰੀਆਂ ਵਿਚ ਚਿਥੀਣ ਲੱਗੀ। ਇਸੇ ਤਰ੍ਹਾਂ ਤ੍ਰੀਮਤਾਂ ਤੋਂ ਫਿਰ ਮਰਦਾਂ ਵਿਚ ਗਲ ਹੁੰਦੀ ਹੁਵੰਦੀ ਉਸਦੇ ਘਰ ਵਾਲੇ ਦੋਦੇ[੧] ਨੂੰ ਅੱਪੜੀ ਕਿ ਤੇਰੀ ਤ੍ਰੀਮਤ ਗੜਵਾ ਦੁੱਧ ਲੈਕੇ ਦੁਪਹਿਰੇ ਘਰੋਂ ਟੁਰ ਜਾਂਦੀ ਹੈ ਤੇ ਫੇਰ ਦਿਨ ਢਲੇ ਆਉਂਦੀ ਹੈ।

ਦੋਦਾ ਸੀ ਤਾਂ ਵਹੁਸ਼ ਜਿਹਾ ਹੀ, ਪਰ ਵਹੁਟੀ ਨਾਲ ਪਿਆਰ ਬਹੁਤਾ ਸੀ। ਸੀ ਭੋਂ ਦਾ ਮਾਲਕ, ਪਰ ਬਹੁਤਾ ਵੱਡਾ ਜ਼ਿਮੀਂਦਾਰ ਨਹੀਂ ਸੀ, ਇੰਨਾਂ ਕੁ ਸੀ ਜੋ ਖਾਣ ਜੋਗੇ ਦਾਣੇ ਦੱਥੇ ਮਾਮਲਾ ਭਰਕੇ ਬਚ ਰਹਿਣ, ਕੱਪੜਾ ਲੀੜਾ ਟੁਰ ਜਾਏ, ਇਕ ਲਵੇਰੇ ਦਾ ਗੁਜ਼ਾਰਾ ਹੋ ਜਾਏ, ਡੰਗਰ ਵੱਛਾ ਬੀ ਅਪਣਾ ਸਾਸੁ ਤੇ ਸ਼ਾਮਲਾਤ ਵੀ ਪਿੰਡ ਦੀ ਸਰਵੀ ਥਾਂਵੇ ਸੀ। ਲਜ ਲੀਹ ਵੀ ਬਿਨਾਂ ਕਰਜ਼ਾ ਚਾਏ ਲੰਘ ਜਾਂਦੀ ਸੀ, ਪਰ ਉਸ ਦਾ ਦਿਲ ਕਰਦਾ ਸੀ ਕਿ ਵੱਡਾ ਮਾਲਦਾਰ ਭੂਮੀਆਂ ਹੋਵਾਂ। ਦੋਦਾ ਪੁਤ ਦਾ ਵੀ ਬੜਾ ਲੋੜਕੂ ਸੀ। ਵਿਆਹਿਆਂ ਪੰਜ ਸੱਤ ਵਰ੍ਹੇ ਹੋ ਗਏ ਸਨ ਤੇ ਅਜੇ ਜੀਅ ਜੰਤ ਕੋਈ ਨਹੀਂ ਸੀ ਹੋਇਆ। ਅਕਸਰ ਜਦੋਂ ਕੰਮੋਂ ਕਾਜੋਂ ਥੱਕ ਜਾਂਦਾ ਤੇ ਉਤੋਂ ਮਾਮਲਾ ਭਰਨ ਵੇਲੇ ਰੁਪੱਯਾਂ ਦੀ ਤੰਗੀ ਕਦੇ ਪੈ ਜਾਏ, ਹਿਕੇ ਲਵੇਰਾ ਦੁਧੋਂ ਭੱਜ ਜਾਏ ਤੇ ਨਵੇਂ ਲੈਣ ਵਾਸਤੇ ਕੋਈ ਉਖਿਆਈ ਅੱਗੇ ਆ ਜਾਵੇ ਤਾਂ ਆਖਿਆ ਕਰੇ:-ਦੋਦੀਏ! ਕਦੇ ਅਸੀ ਬੀ ਦੁੱਧ ਪੁੱਤ ਵਾਲੇ ਹੋਵਾਂਗੇ? ਘਰ ਵਾਲੀ ਬੀ ਨਾਲ ਹਾਹੁਕਾ ਭਰ ਛੱਡਿਆ ਕਰੇ ਉਂਞ ਦੋਦੇ ਦਾ ਸੁਭਾਓ ਕੁਛ ਖਿੜਵਾਂ ਤੇ ਰਤਾ ਬੇਪਰਵਾਹ ਜਿਹਾ ਸੀ, ਇਸ ਕਰਕੇ ਉਹ ਐਹੋ ਜਿਹੀਆਂ ਗਲਾਂ ਨਾਲ ਦਿਲ ਨਹੀਂ ਸੀ ਢਾਹ ਬਹਿੰਦਾ। ਪੁਤ ਮਿਲਣਾ ਤਾਂ ਸਾਈਂ ਦੇ ਵੱਸ ਸੀ, ਪਰ ਦੁੱਧ ਵਾਸਤੇ ਏਨੀਂ ਹਿੰਮਤ ਉਹ ਆਪ ਕਰ ਲੈਂਦਾ ਸੀ ਕਿ ਸ਼ਾਮਲਾਟ ਵਿਚੋਂ ਮਹਿੰ ਗਾਂ ਦਾ ਗੁਜ਼ਾਹਾ ਟੁਰ ਜਾਏ। ਦੋਦੀ ਆਪ ਬੀ ਪਸ਼ੂ ਚਾਰ ਲਿਆਉਂਦੀ, ਘਰ ਬੀ ਕਈ ਵੇਰ ਘਾਹ ਲੈ ਆਉਂਦੀ, ਯਾ ਕਦੇ ਖੂਹ ਤੇ ਪੱਠੇ ਕਰ ਕਰਾ ਲੈਂਦੀ, ਦਾਣਾ ਫੱਕਾ ਕੁਛ ਬਚੇ ਯਾ ਮੱਖਣ ਵਧੇ ਤਾਂ ਘਿਉ ਬਣਾਕੇ ਪਿੰਡ ਦੇ ਸ਼ਾਹ ਕੋਲ ਵੇਚ ਵੱਟ ਹੌਲੇ ਹੌਲੇ ਕੁਛ ਰੁਪਏ ਜੋੜਦੀ ਰਹਿੰਦੀ। ਲਵੇਰਾ ਜਦੋਂ ਦੁੱਧੋਂ ਨੱਸੇ ਤਾਂ ਵਾਂਸਲੀ ਕੱਢ ਕੇ ਦੋਦੇ ਦੇ ਅੱਗੇ ਧਰ ਦੇਂਦੀ ਕਿ ਲੈ ਔਖਾ ਨਾ ਹੋ, ਰੁਪਏ ਵਰਤ ਲੈ ਤੇ ਘਰ ਲਵੇਰੇ ਤੋਂ ਸੱਖਣਾਂ ਨਾ ਰੱਖ। ਐਸ ਤਰ੍ਹਾਂ ਦਾ ਜੀਵਨ ਵਹੁਟੀ ਗੱਭਰੂ ਦਾ ਲੰਘ ਰਿਹਾ ਸੀ। ਦੋਦੀ ਸਵੇਰੇ ਉਠਕੇ ਗੋਹਾ ਕੰਡਾ ਵੀ ਕਰ ਲੈਂਦੀ ਸੀ, ਲੱਸੀ ਰਿੜਕ ਕੇ ਫੇਰ ਦੁੱਧ ਚੋ ਲੈਂਦੀ ਸੀ, ਰੋਟੀ ਲੱਸੀ ਮੱਖਣ ਘਰ ਵਾਲੇ ਨੂੰ ਖੇਤਾਂ ਵਿਚ ਜਾਂ ਖੂਹ ਤੇ ਪੁਚਾ ਦੇਂਦੀ ਸੀ। ਕੁਪਾਹ ਚੁਣ ਲਿਆਉਂਦੀ ਸੀ, ਲੋੜ ਪਵੇ ਤਾਂ ਵਾਢੀਆਂ ਗਾਹਾਂ ਵੇਲੇ ਬੀ ਪਿੱਛੇ ਨਹੀਂ ਸੀ ਰਹਿੰਦੀ। ਹੱਡ ਰੱਖ ਤੇ ਆਲਸਣ ਮੂਲੋਂ ਨਹੀਂ ਸੀ। ਇਸ ਕਰਕੇ ਦੋਦੇ ਨੂੰ ਲੋਕਾਂ ਤੋਂ ਵਹੁਟੀ ਦੀ ਚੁਗਲੀ ਸੁਣਕੇ ਗੁੱਸਾ ਨਹੀਂ ਆਇਆ ਤੇ ਇਕੋ ਵਾਰੀ ਸੋਟਾ ਚਾ ਕੇ ਟੁਰ ਨਹੀਂ ਪਿਆ, ਪਰ ਸੋਚੀਂ ਜ਼ਰੂਰ ਪੈ ਗਿਆ! ਦੋਦਾ ਗੱਲ ਨੂੰ ਦਿਲੋਂ ਭੁਲਾਵੇ, ਪਰ ਤੂੰ ਕਹੁ ਮੈਂ ਕਹੁ ਰੋਜ਼ ਸੁਣ ਸੁਣਕੇ ਕਿਵੇਂ ਦਿਲ ਠੌਰੇ ਆਵੇ? ਉਸ ਦਾ ਦਿਲ ਲੋਕਾਂ ਦੀ ਗਲ ਤੇ ਅਮੰਨਾ ਨਾ ਕਰੇ। ਇਕ ਦਿਨ ਆਪਣੀ ਮੋਟੀ ਠੁਲੀ ਅਕਲ ਵਿਚੋਂ ਰਾਹ ਲੱਭਦਾ ਲੱਭਦਾ ਕਿਤੇ ਅੱਪੜ ਪਿਆ, ਕੋਈ ਵਿਉਂਤ ਸੋਚ ਕੱਢੀਓ ਸੁ, ਉਹ ਇਹ ਸੀ ਕਿ ਇਕ ਦਿਨ ਛੁਪਕੇ ਵਹੁਟੀ ਦੇ ਮਗਰੇ ਮਗਰ ਜਾਵਾਂ। ਸੋ ਇਕ ਦਿਹਾੜੇ, ਜਦੋਂ ਘਰ ਵਾਲੀ ਦੁੱਧ ਲੈਕੇ ਗਈ, ਇਹ ਬੀ ਪਿੱਛੇ ਪਿੱਛੇ ਗਿਆ ਤੇ ਜਦੋਂ ਉਸ ਨੇ ਦੁੱਧ ਜਾ ਕਿਸੇ ਅੱਗੇ ਧਰਿਆ ਤਾਂ ਜ਼ਰਾ ਦੂਰ ਇਕ ਰੁੱਖ ਦੇ ਮੁੱਢ ਨਾਲ ਦੋਦਾ ਬੀ ਲੁਕਕੇ ਵੇਂਹਦਾ ਰਿਹਾ। ਦੁੱਧ ਪਿਲਾਕੇ ਜੱਟੀ ਘਰ ਮੁੜ ਗਈ, ਦੋਦੇ

---

[੧] ਗਜਾਨ ਰਤਨਾਵਲੀ, ਜਨਮ ਸਾਖੀ ਕ੍ਰਿਤ ਭਾਈ ਮਨੀ ਸਿੰਘ।

ਨੇ ਦੋ ਤ੍ਰੈ ਦਿਨ ਇਸੇ ਤਰ੍ਹਾਂ ਪਿੱਛਾ ਕੀਤਾ। ਇਸ ਦੇ ਦਿਲ ਤੇ ਗੁਰੂ ਸਾਹਿਬ ਦੇ ਦਿਦਾਰੇ ਦਾ ਖਿੱਚਵਾਂ ਤੇ ਮਿੱਠੇ ਪ੍ਰਭਾਉ ਵਾਲਾ ਅਸਰ ਪਵੇ। ਇਕ ਦਿਨ ਦੁੱਧ ਪੀਣ ਮਗਰੋਂ ਮਰਦਾਨੇ ਦਾ ਰਬਾਬ ਛਿੜ ਪਿਆ ਤੇ ਰੱਬੀ ਰਾਗ ਹੋਇਆ। ਇਹ ਕੀਰਤਨ ਐਸਾ ਸੁਆਦਲਾ ਸੀ ਕਿ ਉਡਕੇ ਪੰਛੀ ਬੰਨ੍ਹ ਬਹਾਉਂਦਾ ਸੀ। ਦੋਦਾ ਬੀ ਇਸ ਦੇ ਸੁਆਦ ਵਿਚ ਮਸਤ ਹੋ ਕੇ ਆਪਣੇ ਲੁਕਵੇਂ ਥਾਂ ਬੈਠਾ ਰਿਹਾ। ਅੱਜ ਜਗਤ ਗੁਰੂ ਨੇ ਆਖਿਆ:-ਕੁੜੀਏ! ਔਹ ਪਰਲੇ ਰੁੱਖ ਦੇ ਮੁੱਢ ਨਾਲ ਜਿਹੜਾ ਆਦਮੀ ਬੈਠਾ ਹੈ, ਉਸ ਨੂੰ ਸੱਦ ਲਿਆ। ਜਾਂ ਗਈ ਤਾਂ ਕੀ ਵੇਖੇ ਕਿ ਮੇਰਾ ਹੀ ਘਰ ਵਾਲਾ ਹੈ, ਕੁਛ ਅਚਰਜ ਜੇਹੀ ਹੋ ਕੇ ਫੇਰ ਹੱਸ ਪਈ ਤੇ ਆਖਣ ਲਗੀ: 'ਲੁਕ ਕੇ ਕਿਸ ਤੋਂ ਬੈਠਾ ਹੈਂ? ਉਹ ਤਾਂ ਦਿਲਾਂ ਦਾ ਪਛਾਣੂ ਹੈ, ਆ ਜਾ, ਤੈਨੂੰ ਕੁਆਯਾ ਨੇ, ਆ ਕੁਛ ਭਾਗ ਹੈਨੀਂ ਤਾਂ ਲੈ ਲੈ। ਵੇਖ ! ਆਇਆ ਤੂੰ ਕੀਕੂੰ ਚੋਰੀ ਚੋਰੀ ਤੇ ਅਣਮੰਗਿਆ ਕੋਈ ਦਾਨ ਦੇਣ ਲਈ ਤੈਨੂੰ ਸੱਦ ਘੱਲਿਆ ਨੇ ਆਪੇ। '

ਦੋਦਾ ਸ਼ਰਮੇਂ, ਕੁਛ ਝਿਜਕੇ, ਛੇਕੜ ਉੱਠਕੇ ਟੁਰਿਆ ਪਰ ਕਦਮ ਅੱਗੇ ਪਵੇ ਨਾਂ, ਇਕ ਤਾਂ ਆਪਣੀ ਸ਼ਰਮ ਆਵੇ ਸੁ, ਦੂਜੇ ਉਹ ਵੇਖ ਚੁਕਾ ਸੀ ਕਿ ਮੇਰੀ ਵਹੁਟੀ ਤਾਂ ਸੰਤਾਂ ਨੂੰ ਦੁੱਧ ਪਿਲਾਉਂਦੀ ਹੈ, ਤੀਸਰੇ ਕੀਰਤਨ ਦਾ ਅਸਰ ਪੈ ਚੁਕਾ ਸੀ, ਸੋ ਰੁਕਦਾ, ਥੰਮ੍ਹਦਾ, ਸ਼ਰਮਾਂਦਾ ਹੌਲੇ ਹੌਲੇ ਆਇਆ। ਵਹੁਟੀ ਨੇ ਕਿਹਾ: 'ਟੇਕ ਮੱਥਾ ਤੇ ਚਰਨੀਂ ਪੈ ਜਾਹ'। ਦੋਦਾ ਵਹੁਟੀ ਦੇ ਆਖੇ ਤੇ ਨੱਚਣ ਵਾਲੇ ਮਰਦਾਂ ਵਿਚੋਂ ਨਹੀਂ ਸੀ, ਪਰ ਵਹੁਟੀ ਨਾਲ ਅੜਬ ਬੀ ਨਹੀਂ ਸੀ, ਵਹੁਟੀ ਦੇ ਗੁਣਾਂ ਨੇ ਇਸ ਨੂੰ ਪਿਆਰ ਕਰਨ ਵਾਲਾ ਤੇ ਉਸ ਦੀ ਗੱਲ ਦੀ ਕਦਰ ਕਰਨ ਵਾਲਾ ਬਣਾਇਆ ਹੋਇਆ ਸੀ। ਸੋ ਇਸ ਵੇਲੇ ਆਪਣੀ ਸ਼ਰਮਿੰਦਗੀ, ਵਹੁਟੀ ਦੀ ਕਹਿਣੀ ਤੇ ਅੱਗੋਂ ਭਾਰੀ ਪ੍ਰਭਾਉ ਪੈ ਜਾਣ ਦੇ ਕਾਰਣ ਦੋਦਾ ਪੈਰੀਂ ਪੈ ਗਿਆ। ਸਤਿਗੁਰ ਹੱਸੇ ਤੇ ਬੋਲੇ:-

ਦੋਦਿਆ! ਆ ਬਈ ਸੱਜਣਾ ਸਾਮਰਤੱਖ ਆ!

ਦੋਦਾ-ਜੀ! ਕੁਝ ਨਹੀਂ ਜੀ, ਹਾਜ਼ਰ ਜੀ।

ਸਤਿਗੁਰੂ-ਤੂੰ ਮਰਦ ਹੈਂ, ਕੰਨਾ ਦੇ ਨਾਲ ਰੱਬ ਅੱਖਾਂ ਵੀ ਦਿਤੀਆਂ ਹਨ, ਤੂੰ ਅੱਖਾਂ ਵੀ ਵਰਤੀਆਂ ਹਨ। ਹੁਣ ਮੰਗ, ਜੋ ਆਖੇਂ ਤੈਨੂੰ ਦੇਈਏ?

ਦੋਦਾ ਮੰਗਣੋਂ ਸ਼ਰਮ ਕਰ ਗਿਆ, ਕੁਛ ਝਿਜਕ ਗਿਆ ਅੱਖਾਂ ਨੀਵੀਆਂ ਪਾ ਗਿਆ ਤੇ ਚੁਪ ਕਰ ਰਿਹਾ।

ਏਨੇ ਨੂੰ ਮਰਦਾਨੇ ਸਾਜ਼ ਛੇੜ ਦਿਤਾ:-
ਹਰਿ ਬਿਨੁ ਕਿਉ ਜੀਵਾ ਮੇਰੀ ਮਾਈ॥
ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ ॥੧॥ ਰਹਾਉ॥
ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ ॥ ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ॥੧॥ ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ॥ ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ ॥੨॥ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ॥ ਬਿਸਮ ਭਏ ਗੁਣ ਗਾਇ ਮਨੋਹਰ ਨਿਰਭਉ ਸਹਜਿ ਸਮਾਈ ॥੩॥ ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥ ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥ ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ॥ ਜਬ ਕੀ ਉਪਜੀ ਤਬ ਕੀ ਤੈਸੀ ਰੰਗਲ ਭਈ ਮਨਿ ਭਾਈ॥੫॥ ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ॥ ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥ ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ। ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥ ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ॥ ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ[1] ॥੮॥੧॥

ਕੀਰਤਨ ਦੇ ਮਗਰੋਂ ਦੋਵੇਂ ਮੱਥਾ ਟੇਕਕੇ ਘਰ ਚਲੇ ਗਏ, ਘਰ ਜਾਕੇ ਵਹੁਟੀ ਗੱਭਰੂ ਦੀਆਂ ਗੱਲਾਂ

[1] ਇਹ ਸ਼ਬਦ ਰਾਗੁ ਸਾਰੰਗ ਅਸਟਪਦੀਆ ਮ: ੧ ਵਿਚ ਹੈ।

ਖੁੱਲ੍ਹੀਆਂ। ਉਸ ਸਿੱਧੀ ਤੇ ਹੁਣ ਨਾਮ ਰਸੀਆ ਤੇ ਸੁਖੀ ਹੋ ਗਈ ਤ੍ਰੀਮਤ ਨੇ ਸਾਰੀ ਵਿਥਯਾ ਕਹਿ ਸੁਣਾਈ ਤੇ, ਸਤਿਗੁਰਾਂ ਦੇ ਰੱਬੀ ਪ੍ਰਤਾਪ ਦਾ ਹਾਲ ਦੱਸਿਆ।

ਦੋਦੇ ਨੇ ਸਾਰਾ ਕੁਛ ਸੁਣ ਕੇ ਆਖਿਆ-'ਇਹ ਭਲਾ ਹੋਯਾ, ਕੋਈ ਕਰਮ ਜਾਗੇ ਹਨ ਕਿ ਓਹ ਪੂਰੇ ਭਾਂਡੇ ਹਨ, ਤੂੰ ਪਤਿਆ ਲਿਆ ਹੈ, ਮੇਰੀ ਬੀ ਨਿਸ਼ਾ ਹੋ ਆਈ ਹੈ, ਹੁਣ ਮੈਂ ਕੱਲ ਫੇਰ ਜਾਵਾਂਗਾ; ਜੇ ਉਹਨਾਂ ਨੇ ਫੇਰ ਆਖਿਆ: ਕਿ ਮੰਗ ਤਾਂ ਮੈਂ ਦੁੱਧ ਪੁੱਤ ਮੰਗਾਂਗਾ।' ਦੋਦੀ ਨੇ ਕਿਹਾ: 'ਇਹ ਮੰਗ ਨਾਂ ਮੰਗ, ਓਹ ਅੰਮ੍ਰਿਤ ਮੰਗ ਜੋ ਉਹਨਾਂ ਨੇ ਮੈਨੂੰ ਦਿਤਾ ਹੈ: ਉਹ ਅੰਮ੍ਰਿਤ ਤਾਂ ਹਰ ਵੇਲੇ ਨਾਲ ਰਹਿੰਦਾ ਤੇ ਮੋਇਆਂ ਬੀ ਨਾਲ ਜਾਏਗਾ ਤੇ ਦੁੱਧ ਪੁੱਤ ਤਾਂ ਏਥੇ ਹੀ ਛੱਡਣੇ ਹਨ। '

ਜਿੰਨਾਂ ਬੀ ਉਸ ਜੱਟੀ ਕੋਲੋਂ ਹੋ ਆਇਆ ਉਸ ਨੇ ਸਮਝਾਇਆ; ਪਰ ਉਸ ਨੇ ਇਹੋ ਹੀ ਕਿਹਾ ਕਿ ਮੈਂ ਤਾਂ ਦੁੱਧ ਪੁੱਤ ਮੰਗਣਾ ਹੈ, ਜੋ ਮੈਨੂੰ ਭੁੱਖ ਹੈ ਮੈਂ ਤਾਂ ਉਹੋ ਮੰਗ ਮੰਗਾਂਗਾ। ਗੱਲ ਕੀ ਅਗਲੇ ਦਿਨ ਦੋਦਾ ਫਿਰ ਗਿਆ, ਮੱਥਾ ਟੇਕਿਓਸ। ਅੱਜ ਦੁੱਧ ਦੋਦਾ ਆਪ ਚੁੱਕਕੇ ਲੈ ਗਿਆ ਸੀ ਤੇ ਦੋਦੇ ਨੇ ਹੀ ਮਹਾਰਾਜ ਜੀ ਦੇ ਅੱਗੇ ਕੀਤਾ ਸੀ। ਸਤਿਗੁਰਾਂ ਹੱਸਕੇ ਆਖਿਆ; 'ਦੋਦਿਆ! ਦੁੱਧ ਕਿਉਂ ਲਿਆਇਆ ਹੈਂ?' ਦੋਦੇ ਕਿਹਾ: 'ਮਹਾਰਾਜ! ਮੈਂ ਦੁੱਧੋਂ ਪੁਤੋਂ ਊਣਾ ਹਾਂ। ਲੋਕਾਂ ਦੇ ਘਰ ਦਸ ਦਸ ਮੱਝੀਆਂ ਚਾਲੀ ਚਾਲੀ ਗਾਂਈਆਂ ਹਨ, ਸੈਂਕੜੇ ਘੁਮਾਂ ਜ਼ਿਮੀਆਂ ਹਨ ਤੇ ਮੈਂ ਤਾਂ ਗੁਜ਼ਾਰਾ ਹੀ ਤੋਰਦਾ ਹਾਂ। ਮੇਰੇ ਤੇ ਤ੍ਰੁਠੋ ਤੇ ਇਹ ਮਿਹਰ ਕਰੋ ਜੀ ਜੋ ਮੈਂ ਦੁੱਧੋਂ ਪੁਤੋਂ ਊਣਾਂ ਨਾ ਰਹਾਂ।

ਬਚਨ ਹੋਇਆ-'ਕੁਛ ਹੋਰ ਮੰਗ[੧]। ' ਤ੍ਰੈ ਵੇਰੀ 'ਕੁਛ ਹੋਰ ਮੰਗ' ਦਾ ਵਾਕ ਹੋਇਆ ਪਰ ਧੁਨ ਦੇ ਪੱਕੇ ਦੋਦੇ ਨੇ ਤਿੰਨੇ ਵੇਰ ਦੁੱਧ ਪੁੱਤ ਹੀ ਮੰਗਿਆ। ਮਰਦਾਨੇ ਕਿਹਾ: ਓਏ ਭਲਿਆ ਲੋਕਾ! ਨਾਲ ਵਾਹਿਗੁਰੂ ਦਾ ਪਿਆਰ ਬੀ ਮੰਗ। ਦੋਦੇ ਕਿਹਾ: ਭਲਾ ਫਕੀਰ ਰੱਬ ਦੇ! ਇਹ ਤਾਂ ਤੁਸਾਡੀ ਖੁਸ਼ੀ ਰਹੀ, ਦਿਓ, ਪਰ ਦੁੱਧ ਪੁੱਤ ਨਾਲ ਤਾਂ ਪਹਿਲਾਂ ਘਰ ਭਰਪੂਰ ਕਰੋ।

ਸਤਿਗੁਰ ਹੱਸੇ ਤੇ ਬੋਲੇ:-

ਇਕਨਾਂ ਦੀ ਮਾਯਾ ਵੈਰਾਗ ਨਾਲ ਛੁਟਦੀ ਹੈ, ਇਕਨਾਂ ਨੂੰ ਮਾਇਆ ਵਲੋਂ ਰੱਜ ਆਕੇ ਵੈਰਾਗ ਲੱਗਦਾ ਹੈ। ਚੰਗਾ ਦੋਦਿਆ! ਤੈਨੂੰ ਦੁੱਧ ਪੁੱਤ ਥੀਵੇਗਾ ਪਰ 'ਦੋਦੋ-ਰਾਣੀ' ਦੇ ਸਤਿਸੰਗ ਕਰਕੇ ਤੈਨੂੰ ਨਾਮ ਬੀ ਫੁਰੇਗਾ। ਇਹ ਵਰ ਲੈਕੇ ਦੋਦੇ ਮੱਥਾ ਟੇਕਿਆ ਤੇ ਦੋਵੇਂ ਜਣੇ ਘਰ ਆਏ।

੪.

ਦੋਦੇ ਦੀ ਵਹੁਟੀ, ਜਿਸ ਨੂੰ ਸਤਿਗੁਰੂ ਜੀ ਦੇ ਮੂੰਹੋਂ ਸਹਿਜ ਸੁਭਾ 'ਦੋਦੋ-ਰਾਣੀ' ਦਾ ਵਰ ਨਿਕ-ਲਿਆ ਸੀ; ਸੁਰਤ ਵਿਚ ਰਾਣੀ ਹੋ ਚੁਕੀ ਸੀ। ਕਿਉਂਕਿ ਸਿਮਰਨ ਦੇ ਅਨੰਦ ਵਿਚ ਉਹ ਐਉਂ ਉਚ ਮਨੀ (ਉਨਮਨੀ ) ਅਰਥਾਤ ਉਚੇ ਖਿੜੇ, ਟਿਕੇ ਸੁਖੀ ਤੇ ਰਸ ਭਰੇ ਮਨ ਵਿਚ ਰਹਿੰਦੀ ਹੈ, ਕਿ ਰਾਜਾ ਤਖਤ ਤੇ ਬੈਠਾ ਉਸ ਉਮਾਹ ਵਿਚ ਨਹੀਂ ਹੁੰਦਾ, ਅੰਦਰ ਦੀ ਇਹ ਦਸ਼ਾ ਹੁਣ ਬਾਹਰ ਬੀ ਆਉਂਦੀ ਹੈ ਤੇ ਉਹ ਬਾਹਰੋਂ ਬੀ ਬੜੀ ਖੁਸ਼ੀ ਰਹਿੰਦੀ ਦੀਹਦੀ ਹੈ। ਸਹੇਲੀਆਂ ਬੀ ਹੁਣ ਉਸ ਦਾ ਹੋਰ ਬਦਲਿਆ ਸੁਭਾਉ ਤੇ ਚੰਦ ਖੇੜਾ, ਉਸ ਦਾ ਮੱਥਾ ਚਮਕਦਾ ਤੇ ਨੈਣ ਚਮਕਦੇ ਤੱਕਦੀਆਂ ਸਨ, ਪਰ ਇਸ ਦਾ ਉਹਨਾਂ ਵਿਚ ਬੈਠਣਾ ਘਟ ਗਿਆ ਸੀ। ਪਹਿਲਾ ਸਲੂਕ ਜੋ ਵਿਹਲੀ, ਚੋਗਾ ਚੁਗਣ ਵਾਲੀ ਤੇ ਰਾਹ ਜਾਂਦੀ ਲੱਤ ਅੜਾਉਣ ਵਾਲੀ ਦੁਨੀਆਂ ਤੋਂ ਦੋਦੋ-ਰਾਣੀ ਨੂੰ ਮਿਲਿਆ ਸੀ ਸੋ ਉਸ ਦੇ ਹੱਕ ਭਲਾ ਹੋ ਢੁੱਕਾ। ਪਤੀ ਵੈਰੀ ਬਣਨ ਦੀ ਥਾਂ ਅਰਸ਼ੀ ਜੋਤ ਦਾ ਆਪ ਪ੍ਰੇਮੀ ਹੋ ਗਿਆ ਸੀ, ਭਾਵੇਂ ਉਹ ਲੋੜਕੂ ਦੁੱਧ ਪੁੱਤ ਦਾ ਸੀ, ਪਰ ਇਹ ਮੰਨ ਚੁਕਾ ਸੀ ਕਿ ਦਾਤਾ ਜੀ ਅਰਸ਼ਾਂ ਤੋਂ ਆਏ ਕਲਾਵਾਨ ਹਨ ਕੋਈ। ਗੁਰੂ ਕੇ ਵਾਕ ਬੀ ਸਤਿ ਹੋ ਗਏ। ਦੋ ਚਾਰ ਦਿਨ ਮਗਰੋਂ ਹੀ ਇਸ ਦਾ ਚਾਚਾ ਦੁਨੀਆਂ ਛੱਡ ਕੇ ਸਾਧ ਹੋਕੇ ਤੀਰਥਾਂ ਨੂੰ ਟੁਰ ਗਿਆ ਤੇ ਜਾਂਦਾ ਹੋਇਆ ਦੋ ਮੱਝੀਆਂ ਤ੍ਰੈ ਗਾਈਆਂ, ਸੌ ਘੁਮਾਂ ਭੋਂ, ਕੋਠੇ, ਤ੍ਰੈ ਜੋੜੀਆਂ ਬੌਲਦਾਂ ਦੀਆਂ ਤੇ ਹੋਰ ਹਲ ਸੁਹਾਗੇ ਵਾਹੀ ਦੇ ਸੰਦ ਸਾਰੇ ਦੋਦੇ ਨੂੰ ਦੇ ਟੁਰਿਆ। ਦੁੱਧ ਤਾਂ ਦੋਦੇ ਦੇ ਘਰ ਝੱਟ ਪੱਟ ਆ ਗਿਆ! ਉਸ ਦੇ ਸੰਸਾਰਕ

[੧] ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਲਿਖਿਆ ਹੈ ਕਿ ਬਾਬਾ ਜੀ ਨੇ ਦੋਦੇ ਨੂੰ ਨਦੀ ਦੁੱਧ ਦਿਖਾਈ ਸੀ।


www.sikhbookclub.com

ਪਰ ਸੱਚੇ ਭਰੋਸੇ ਨੂੰ ਹੋਰ ਪਕਿਆਈ ਹੋ ਗਈ ਕਿ ਰਾਵੀ ਦੇ ਕੰਢੇ ਬੈਠੇ ਕੋਈ ਐਵੇਂ ਫਕੀਰ ਸਾਧ ਨਹੀਂ ਸਗੋਂ ਰੱਬੀ ਜੋਤ ਹਨ ਤੇ ਪੂਰਨ ਕਲਾਵਾਨ ਹਨ। ਪਿੰਡ ਵਿਚ ਹੋਣ ਚੋਗਾ ਚੁਗਣ ਵਾਲਿਆਂ ਬੀ ਤ੍ਰੈ ਗੱਲਾਂ ਤੱਕੀਆਂ ਦੋਦੋ-ਰਾਣੀ ਦੀ ਬੇਪਰਵਾਹੀ ਖੁਸ਼ੀ ਤੇ ਸੁਖ ਦਾ ਰੰਗ, ਦੋਦੇ ਦਾ ਉਸ ਨਾਲ ਅੱਗੋਂ ਤੋਂ ਬਹੁਤਾ ਪਿਆਰ ਤੇ ਉਹਨਾਂ ਦਾ ਇਕ ਦਮ ਮਾਲਦਾਰ ਹੋ ਜਾਣਾ। ਦੁੱਖ ਦੇਣ ਦੀ ਤਾਂ ਹੁਣ ਰਹੀ ਦੋਦੇ ਤੋਂ ਮਰਦਾਂ ਤੇ ਦੋਦੋ ਰਾਣੀ ਤੋਂ ਤ੍ਰੀਮਤਾਂ ਨੇ ਪੁੱਛਣਾਂ ਸ਼ੁਰੂ ਕੀਤੀਆਂ। ਦੋਹਾਂ ਨੂੰ ਲੁਕਾ ਕੋਈ ਹੈ ਹੀ ਨਹੀਂ ਸੀ। ਸੂਰਜ ਨੂੰ ਲੁਕਾ ਦੀ ਕੀ ਲੋੜ ਤੇ ਚੰਦ ਨੂੰ ਪਰਦੇ ਤਾਣਨ ਦੀ ਕੀ ਤਾਂਘ? ਚਾਨਣ ਕਦੇ ਲੁਕਣ ਨਹੀਂ ਮੰਗਦਾ। ਦੋਹਾਂ ਨੇ ਸਿਰ ਬੀਤੀਆਂ ਸੁਣਾ ਦਿੱਤੀਆਂ। ਹੌਲੇ ਹੌਲੇ ਪਿੰਡ ਵਿਚ ਕੀਰਤੀ ਫੈਲ ਗਈ। ਜਿੰਨੇ ਮੂੰਹ ਉੱਨੀਆਂ ਗੱਲਾਂ ਪਰ ਇਹ ਗੱਲ ਇਕਸਾਰ ਸਾਰੇ ਫੈਲ ਗਈ। ਕਿ ਉਦਯਾਨ ਵਿਚ ਕੋਈ ਪੂਰੇ ਭਾਂਡੇ ਰੱਬ ਰੂਪ ਸਰੀਰ ਆ ਉਤਰੇ ਹਨ, ਵਸਤੀ ਸ਼ਹਿਰ ਨਹੀਂ ਵੜਦੇ, ਮੰਗਦੇ ਨਹੀਂ, ਹਰ ਵੇਲੇ ਕੁਛ ਗਾਉਂਦੇ ਹਨ, ਯਾ ਅੱਖਾਂ ਨੂਟਕੇ ਤਾੜੀ ਲਾਕੇ ਬੈਠ ਰਹਿੰਦੇ ਹਨ। ਦੋਦੇ ਨੇ ਉਹਨਾਂ ਨੂੰ ਖੁਸ਼ ਕੀਤਾ ਹੈ, ਦੁੱਧ ਪਿਲਾਯਾ ਹੈ ਤੇ ਅਸੀਸਾਂ ਲਈਆਂ ਹਨ!

ਇਹ ਗੱਲਾਂ ਹੋ ਹਵਾ ਕੇ ਹੋਰ ਲੋਕੀਂ ਬੀ ਜਾਣ ਆਉਣ ਲਗ ਪਏ। ਕੋਈ ਤਾਂ ਦੁੱਖਾਂ ਦੀ ਨਵਿਰਤੀ ਵਾਸਤੇ, ਕੋਈ ਵਰ ਲੈਣ, ਕੋਈ ਅੰਨ ਪਾਣੀ ਲੈ ਕੇ ਸੇਵਾ ਕਰਨ ਤੇ ਕੋਈ ਕੋਈ ਦਰਸ਼ਨ ਕਰਨ। ਜੋ ਜੋ ਗਿਆ ਸਤਿਕਾਰ ਦਾ ਭਾਵ ਦਿਲ ਵਿਚ ਲੈਕੇ ਆਇਆ ਇਕ ਪਿੰਡ ਤੋਂ ਗੱਲ ਦੂਏ ਪਿੰਡ ਗਈ ਐਉਂ ਚਾਰ ਚੁਫੇਰੇ ਧੁੰਮ ਗਿਆ। ਕੋਈ ਕਹੇ ਰਾਵੀ ਕਿਨਾਰੇ ਇਕ 'ਤਪਾ ਮੁਸ਼ਕਿਆ ਹੈ', ਕੋਈ ਕਹੇ ਕਲਜੁਗ ਵਿਚ ਅਵਤਾਰ ਪ੍ਰਗਟ ਹੋਇਆ ਹੈ, ਕੋਈ ਕਹੇ ਪੂਰੇ ਭਾਂਡੇ ਸਾਈਂ ਲੋਕ ਆ ਟਿਕੇ ਹਨ। ਲੱਗੇ ਲੋਕੀ ਦਰਸ਼ਨਾਂ ਨੂੰ ਆਉਣ।

ਇਕ ਦਿਨ ਗੁਰੂ ਜੀ ਕਿਤੋਂ ਦੂਰੋਂ ਫਿਰਕੇ ਆਏ ਤਾਂ ਅੱਗੇ ਦੋਦਾ, ਦੋਦੋ ਰਾਣੀ ਇਕ ਛਪਰ ਬਨ੍ਵਾ ਰਹੇ ਸਨ, ਗੁਰੂ ਜੀ ਮੁਸਕ੍ਰਾਏ ਤੇ ਬੋਲੇ: 'ਦੋਦੇ ! ਇਹ ਕੀ?'

ਦੋਦਾ-ਪਾਤਸ਼ਾਹ! ਛੱਪਰ ਪੁਆ ਰਿਹਾ ਹਾਂ, ਹੁਣ ਠੰਢ ਬਹੁਤ ਉਤਰ ਆਈ ਹੈ, ਮੀਂਹ ਹਵਾ ਦਾ ਡਰ ਹੈ। ਏਥੇ ਕੋਈ ਥਾਂ ਸਿਰ ਲੁਕਾਉਣ ਨੂੰ ਨਹੀਂ, ਕੁਛ ਤਾਂ ਥਾਉਂ ਛਾਂਵਾਂ ਹੋ ਜਾਏ।

ਗੁਰੂ ਜੀ-ਬਈ ਸਜਣਾ! ਅਸਾਨੂੰ, ਅਸਮਾਨ ਕਿਆੜਾ' ਸਾਈਂ ਨੇ ਤਾਣਿਆਂ ਹੈ।

ਦੋਦਾ-ਪਾਤਸ਼ਾਹ ! ਤੁਸੀਂ ਤਾਂ ਸਦਾ ਅਰਸ਼ੀ ਸ਼ਾਮਿਆਨਿਆਂ ਤੇ ਨੂਰੀ ਛੱਪਰਾਂ ਹੇਠ ਵੱਸਦੇ ਹੋ, ਮੇਰੇ ਵਰਗੇ ਜੋ ਦਰਸ਼ਨਾਂ ਨੂੰ ਆਉਂਦੇ ਹਨ, ਉਹ ਛੱਤਾਂ ਗੋਚਰੇ ਹਨ, ਆਪ ਦੇ ਕਦਮਾਂ ਦੀ ਬਰਕਤ ਸੰਗਤਾਂ ਹੁਣ ਢੇਰ ਆਉਂਦੀਆਂ ਹਨ, ਦੂਰ ਦੂਰ ਤੋਂ ਬੀ ਆਪ ਦੇ ਪ੍ਰੇਮੀ ਆ ਰਹੇ ਹਨ ਤਾਂ ਆਪ ਦੇ ਦੋਦੇ ਨੇ ਸੰਗਤਾਂ ਵਾਸਤੇ ਮਾੜਾ ਜਿਹਾ ਉੱਦਮ ਕੀਤਾ ਹੈ, ਅੱਗੇ ਰਜ਼ਾ!

ਆਪ ਹੱਸ ਪਏ ਤੇ ਬੋਲੇ:-ਦੋਦਿਆ! ਤੈਨੂੰ ਤਾਂ ਕੂਣ ਸੈਣ ਦੀ ਜਾਚ ਬੀ ਆ ਗਈ ਹੈ, 'ਸਗੰਤਾਂ ਦਾ ਪ੍ਰੇਮ' ਬੀ ਤੇਰੇ ਅੰਦਰ ਆ ਗਿਆ ਹੈ, ਹੁਣ 'ਨਾਮ ਦਾ ਪ੍ਰੇਮ' ਬੀ ਆਵੇਗਾ।

ਥੋੜੇ ਦਿਨਾਂ ਵਿਚ ਸੁਹਣੇ ਸੁਹਣੇ ਛੱਪਰ ਪੈ ਗਏ! ਅੰਮ੍ਰਿਤ ਵੇਲੇ ਮਰਦਾਨਾ ਆਸਾ ਦੀ ਵਾਰ ਗਾਉਂਦਾ ਸੀ, ਸੰਝ ਨੂੰ ਸੋਦਰ, ਦਿਨੇ ਬਿਲਾਵਲ, ਦੁਪਹਿਰੇ ਧਨਾਸਰੀ ਦੀ ਆਰਤੀ, ਰਾਤੀਂ ਸੋਹਿਲਾ ਸੋ ਹਰ ਵੇਲੇ ਰੰਗ ਲਗਾ ਰਹਿੰਦਾ ਸੀ ਦੋਦੇ ਨੇ ਇਕ ਵਾੜਾ ਤੇ ਇਕ ਛੱਪਰ ਕੀਰਤਨ ਦੇ ਦੀਵਾਨ ਵਾਸਤੇ ਬੀ ਬਣਾਇਆ, ਇਕ ਛੱਪਰ ਹੇਠ ਲੰਗਰ ਬਣੇ, ਇਕ ਹੇਠ ਸੰਗਤਾਂ ਰਾਤ ਆਰਾਮ ਕਰਨ, ਇਸ ਤਰ੍ਹਾਂ ਉਦਯਾਨ ਵਿਚ ਰੱਬੀ ਰੰਗ ਲੱਗ ਪਏ। ਦੂਰ ਦੂਰ ਇਲਾਕਿਆਂ ਵਿਚ ਧੁੰਮ ਗਿਆ ਕਿ ਗੁਰੂ ਜੀ ਇਸ ਟਿਕਾਣੇ ਜੋਤ ਜਗਾ ਰਹੇ ਹਨ। ਲੱਗੇ ਪ੍ਰੇਮੀ ਆਉਣ, ਨੇੜੇ ਤੇੜੇ ਦੇ ਸਾਰੇ ਪਿੰਡਾਂ ਵਿਚ ਲੋਕੀਂ ਸਿਮਰਨ ਕਰਨ ਲੱਗ ਪਏ। ਰਸਮੀ ਬੁਤ ਪੂਜਾ, ਜ਼ਾਹਰੀ ਰਸਮਾਂ ਤੇ ਫੋਕੀਆਂ ਨਮਾਜ਼ਾਂ ਰੋਜ਼ਿਆਂ ਤੋਂ ਜੀਉ ਉਚਾਟ ਹੋਕੇ ਅਸਲ ਵਲ ਮੋੜੇ ਖਾਣ ਲੱਗੇ। ਸੱਚ ਦਾ ਪਿਆਰ ਤੇ ਸੁਚੇ ਜੀਵਨ ਦਾ ਪਿਆਰ ਲੋਕਾਂ ਵਿਚ ਪੈ ਗਿਆ। ਵਾਹਿਗੁਰੂ ਦੀ ਯਾਦ, ਉਸ ਦੇ ਚਰਨਾਂ ਵਿਚ ਅਰਦਾਸ, ਇਹ ਲੋਕਾਂ ਦੇ ਰਵੱਯੇ ਹੋ ਗਏ। ਹਿੰਦੂ-ਬ੍ਰਾਹਮਣ, ਪੁਜਾਰੀ;

ਮੁਸਲਮਾਨ-ਕਾਜ਼ੀ, ਮੁੱਲਾਂ, ਜਿਨ੍ਹਾਂ ਸਭਨਾਂ ਵਿਚ ਅਸਲੀ ਜੀਵਨ ਆਪਣੇ ਧਰਮ ਦਾ ਨਹੀਂ ਸੀ ਪਰ ਰਸਮ ਪ੍ਰਸਤੀ ਤੇ ਮੁਰਦਾ ਲੀਹਾਂ ਉਤੇ ਲੋਕਾਂ ਦੇ ਟੁਰੇ ਜਾਣ ਨਾਲ ਉਹਨਾਂ ਦਾ ਜੀਵਨ ਟੁਰਦਾ ਸੀ ਤੇ ਉਪਜੀਵਕਾ ਲੱਭਦੀ ਸੀ, ਖੁਣਸਣ ਲੱਗੇ। ਪੇਸ਼ ਕੋਈ ਜਾਏ ਨਾ, ਜਦ ਸੰਗਤਾਂ ਦੇ ਵਹੀਰ ਇਕ ਰੁਖ਼ੇ ਤੇ ਇਕ ਰੰਗੇ ਹੋ ਗਏ ਤਾਂ ਕਰਨ ਕੀ? ਪਹਿਲੇ ਤਾਂ ਸਮਝਦੇ ਸਨ ਕਿ ਇਹ ਕੋਈ ਰਮਤਾ ਹੈ, ਚਾਰ ਦਿਨ ਆਤਸ਼ਬਾਜ਼ੀ ਦੇ ਅਨਾਰ ਚਲਾਕੇ ਟੁਰ ਜਾਏਗਾ, ਪਰ ਹੁਣ ਜਦ ਡਿੱਠਾ--ਕਿ ਛੱਪਰ ਪੈ ਗਏ ਹਨ, ਵਹੀਰਾਂ ਟੁਰ ਪਈਆਂ ਹਨ, ਦੀਵਾਨ ਲਾਉਣੇ, ਕੀਰਤਨ ਕਰਨੇ, ਉਪਦੇਸ਼ ਦੇਣੇ, ਨਾਮ ਦਾਨ ਕਰਨਾ, ਖੁੱਲ੍ਹੇ ਭੰਡਾਰੇ, ਵੰਡਣੇ, ਜੋਗੀ ਜੰਗਮ, ਸਾਧ, ਪੰਡਤ, ਕਾਜ਼ੀ ਮੁੱਲਾਂ ਜੋ ਚਰਚਾਵਾਦ ਨੂੰ ਆਵੇ ਉਸ ਨੂੰ ਸੱਚ ਦ੍ਰਿੜਾਉਣਾ ਤੇ ਉਹਨਾਂ ਦੇ ਝੂਠ ਨੂੰ ਦੱਸਕੇ ਛੁਡਾਉਣਾ ਆਰੰਭ ਹੋ ਗਿਆ ਹੈ, ਤਦ 'ਸਾਰਿਆਂ ਨੂੰ' ਵਧੇਰੇ ਪਿੱਸੂ ਪੈ ਗਏ।

ਜਦ ਕਦੇ ਪੁਜਾਰੀ ਸੰਪ੍ਰਦਾ ਨੂੰ ਕਿਸੇ ਰੱਬੀ ਨੂਰਾਨੀ ਬੰਦੇ ਦੇ ਆ ਜਾਣ ਤੋਂ ਯਾ ਕਿਸੇ ਅਵਤਾਰ ਪਿਕੰਬਰ ਦੇ ਪ੍ਰਗਟ ਹੋ ਜਾਣ ਤੋਂ ਆਪਣੇ ਅੰਨ ਪਾਣੀ ਦਾ ਫਿਕਰ ਪੈਂਦਾ ਹੈ, ਤਾਂ ਉਹ ਆਪ ਕੁਛ ਨਹੀਂ ਕਰ ਸਕਿਆ ਕਰਦੇ, ਵਕਤ ਦੇ ਹਾਕਮਾਂ ਨੂੰ ਸਿਖਾ ਕੇ ਉਸ ਦੇ ਮਗਰ ਪਾ ਦਿਆ ਕਰਦੇ ਹਨ। ਇਹ ਇਤਿਹਾਸਕ ਗਲ ਹੈ, ਹਰਿਜਨ ਨਾਲ ਟਕਰਾਉ ਲਈ ਪੂਜਾ ਧਾਰੀਆਂ ਨੇ ਸਦਾ 'ਰਾਜਾ' ਨੂੰ ਹੀ ਮੂਹਰੇ ਕੀਤਾ ਹੈ। ਹੁਣ ਬੀ ਕਾਜ਼ੀ ਮੁੱਲਾਂ ਬ੍ਰਾਹਮਣਾਂ ਜੋਗੀਆਂ ਨੇ ਸਲਾਹਾਂ ਕਰਕੇ, ਗੋਂਦਾਂ ਗੁੰਦਕੇ ਪਰਗਣੇ ਦੇ ਹਾਕਮ ਕੋੜੀ ਚੰਦ[1] ਨੂੰ ਜਾ ਚੁਕਿਆ। ਪਹਿਲੀ ਗੱਲ ਤਾਂ ਇਹ ਆਖੀ ਕਿ ਆਪ ਦੀ ਭੋਂ ਇਕ ਤੱਪੇ ਨੇ ਮੱਲ ਲਈ ਹੈ, ਉਥੇ ਛੱਪਰ ਪੈ ਗਏ ਹਨ, ਲੰਗਰ ਲੱਗ ਗਏ ਹਨ, ਵਹੀਰਾਂ ਜਾਂਦੀਆਂ ਹਨ, ਸਹਿਜੇ ਸਹਿਜ ਭੋਂ ਦਾ ਮਾੱਲਕ ਬਣ ਜਾਊ ਫੇਰ ਤੁਸੀਂ ਕਿਸ ਤਰ੍ਹਾਂ ਉਠਾਓਗੇ! ਉਗਦਾ ਬੋਹੜ ਤਾਂ ਪੁੱਟ ਘੱਤਣਾਂ ਇਕ ਛਿਨ ਦਾ ਕੰਮ ਹੈ, ਪਰ ਫੈਲ ਗਿਆ ਤੇ ਦਾੜ੍ਹੀਆਂ ਛੱਡਦਾ ਪਸਰਦਾ ਗਿਆ ਫੇਰ ਕਿਵੇਂ ਪੁੱਟ ਸਕੀਦਾ ਹੈ। ਦੂਸਰੀ ਗਲ ਇਹ ਆਖੀ ਕਿ ਉਹ ਆਖਦਾ ਹੈ ਕਿ ਨਾ ਕੋਈ ਹਿੰਦੂ ਹੈ ਨਾ ਮੁਸਲਮਾਨ। ਮੁਸਲਮਾਨ ਜੋ ਜਾਂਦੇ ਹਨ, ਨਿਮਾਜ਼ ਰੋਜ਼ੇ ਛੱਡ ਬੈਠੇ ਹਨ। ਹਿੰਦੂ ਜੋ ਜਾਂਦਾ ਹੈ ਠਾਕਰ ਪੂਜਾ, ਵਰਤ, ਜਨੇਊ ਤਯਾਗ ਦੇਂਦਾ ਹੈ, ਬੱਸ 'ਧੰਨ ਗੁਰੂ' ਕਹਿੰਦਾ ਹੈ ਤੇ 'ਵਾਹਿਗੁਰੂ' ਜਪਦਾ ਹੈ।

ਉਸ ਦੇ ਮੇਲੀ ਆਖਦੇ ਹਨ: ਇਹ ਨਾਨਕ, ਜੋ ਸਭ ਅਵਤਾਰਾਂ ਪਿਕੰਬਰਾਂ ਤੋਂ ਵੱਡਾ ਹੈ, ਇਹ ਗੁਰੂ ਹੈ ਤੇ ਗੁਰ-ਅਵਤਾਰ ਹੈ। ਗੱਭਰੂ ਸਾਰਿਆਂ ਤੋਂ ਮੂਹਰੇ ਹਨ। ਤ੍ਰੀਮਤਾਂ ਵਿਚ ਚਾਉ ਹੋਰ ਵੱਧ ਹੈ, ਸਾਰੇ ਕੁਰਾਹੇ ਪੈ ਰਹੇ ਹਨ। ਧੁਰ ਤੋਂ ਰਾਹ ਚਲੇ ਆਏ ਹਨ ਹਿੰਦੂ ਤੇ ਮੁਸਲਮਾਨ; ਇਹ ਨਵਾਂ ਆਯਾ ਹੈ, ਜੋ ਕਹਿੰਦਾ ਹੈ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ। ਸੋ ਤੁਸੀਂ ਸਮੇਂ ਦੇ ਹਾਕਮ ਹੋ, ਰੱਬ ਨੇ ਤੁਹਾਨੂੰ ਸਰਦੇ ਪੁਜਦੇ ਵਾਲਾ ਕੀਤਾ ਹੈ, ਇਸ ਵੇਲੇ ਤੁਸੀਂ ਹੀ ਆਨ ਰੱਖੋ ਤਾਂ ਰਹਿ ਸਕਦੀ ਹੈ, ਨਹੀਂ ਤਾਂ ਦੁਨੀਆਂ ਕੁਰਾਹੇ ਪੈ ਜਾਏਗੀ, ਵਰਣ ਸ਼ੰਕਰ ਹੋ ਜਾਏਗਾ, ਨਾ ਦੀਨ, ਨਾ ਧਰਮ, ਕੁਛ ਨਹੀਂ ਰਹੇਗਾ। ਸਿੰਮਦਾ ਸੋਮਾ ਹੈ, ਫੁਟਦਾ ਚਸ਼ਮਾ ਹੈ, ਹੁਣ ਬੰਨ੍ਹ ਘੱਤੋ ਤਾਂ ਠੀਕ ਹੈ, ਇਸ ਤਰ੍ਹਾਂ ਦੀਆਂ ਹੋਰ ਸਿਖਾਵਟਾਂ ਨਾਲ ਕ੍ਰੋੜੀਆ ਉਦਮ ਦੇ ਘਰ ਆ ਗਿਆ। ਗੁਰੂ ਬਾਬੇ ਨੂੰ ਪਕੜਕੇ ਕੈਦ ਪਾ ਦੇਣੀ ਤੇ ਸੰਗਤਾਂ ਨੂੰ ਮਾਰਕੇ ਖਿਲੇਰ ਦੇਣ ਦੀ ਜੀ ਵਿਚ ਧਾਰ ਕੁਛ ਆਦਮੀ ਨਾਲ ਲੈ ਘੋੜੇ ਤੇ ਚੜ੍ਹਕੇ ਟੁਰਿਆ। ਅਜੇ ਕੁਝ ਕਦਮ ਹੀ ਗਿਆ ਸੀ ਕਿ ਘੋੜਾ ਤ੍ਰਹਕਿਆ ਤੇ ਆਪ ਢੈ ਪਿਆ। ਸੱਟਾਂ ਲੱਗੀਆਂ, ਲੱਤ ਭੱਜੀ। ਫੇਰ ਕੁਛ ਦਿਨੀਂ ਜਦ ਵੱਲ ਹੋਇਆ ਤਾਂ ਗੁਰੂ ਬਾਬੇ ਧਿਰ ਟੁਰਿਆ ਤੇ[2] ਨਾਲ ਕੁਛ ਲੋਕੀਂ ਲੀਤਿਓਸੁ। ਕ੍ਰੋੜੀਆ ਕੁਛ ਵਾਟ ਦੂਰ ਗਿਆ ਤਾਂ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ, ਦਿੱਸੇ ਕੁਛ ਨਾ[2]।

ਇਸ ਹਾਲ ਵਿਚ ਘੋੜੇ ਤੋਂ ਉਤਰਿਆ

---

[1] ਇਹ ਆਦਮੀ ਨਾਲੇ ਹਾਕਮ ਸੀ ਤੇ ਨਾਲੇ ਲਖਪਤੀ ਸੀ। ਇਸੇ ਦੀ ਉਲਾਦ ਵਿਚੋਂ ਭਗਤ ਰਾਮ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਖਸ਼ੀ ਹੋਇਆ ਹੈ। {ਖਾ: ਤਵਾ:}

[1] ਪ੍ਰ: ਜਨਮ ਸਾਖੀ ਅਤੇ ਗਯਾਨ ਰਤਨਾਵਲੀ।
[2] ਜਨਮ ਸਾਖੀ ਮਨੀ ਸਿੰਘ।

ਦੋ ਚਾਰ ਕਦਮ ਪਿਛੇ ਮੁੜਿਆ ਤਾਂ ਰਾਹ ਦਿੱਸਣ ਲੱਗ ਪਿਆ। ਜਾਂ ਫੇਰ ਗੁਰੂ ਬਾਬੇ ਵਲ ਪਰਤਿਆ ਤਾਂ ਅੱਖਾਂ ਅੱਗੇ ਹਨੇਰਾ ਛਾ ਗਿਆ। ਪਤੀਆ ਲੈਣ ਹਿਤ ਉਹ ਕਈ ਵੇਰ ਅੱਗੇ ਵਧੇ, ਕਈ ਵੇਰ ਪਿਛੇ ਹਟੇ। ਅੱਗੇ ਵਧੇ ਤਾਂ ਕੁਛ ਦਿੱਸੇ ਭਲੀਵੇ ਨਾ, ਪਿਛੇ ਮੁੜੇ ਤਾਂ ਰਸਤੇ ਦਾ ਝਾਉਲਾ ਪਵੇ। ਇਸ ਵੇਲੇ ਦੋਦਾ ਤੇ ਦੋਦੋ ਰਾਣੀ ਖੇਤਾਂ ਵਿਚੋਂ ਆ ਰਹੇ ਸਨ, ਹਾਕਮ ਨੂੰ ਇਸ ਤਰ੍ਹਾਂ ਤੱਕ ਕੇ ਖੜੋ ਗਏ। ਉਹਨਾਂ ਸੁਣ ਪਾਇਆ ਸੀ ਕਿ ਇਹ ਗੁਰੂ ਬਾਬੇ ਨਾਲ ਟਕਰਾਉਣ ਜਾ ਰਿਹਾ ਹੈ। ਇਸ ਵੇਲੇ ਉਸ ਨੂੰ ਇਸ ਹਾਲੇ ਵੇਖਕੇ ਉਹ ਨੇੜੇ ਆਏ ਤੇ ਲਖ ਗਏ ਕਿ ਕਲਾ ਵਰਤ ਰਹੀ ਹੈ ਤੇ ਇਹ ਅੰਨ੍ਹਾਂ ਹੋ ਰਿਹਾ ਹੈ।

ਇਹ ਤੱਕਕੇ ਦੋਦੋਰਾਣੀ ਤੋਂ ਰਿਹਾ ਨਾ ਗਿਆ, ਬੋਲੀ:-

'ਸ਼ੂਕਦੀ ਆ ਰਹੀ ਕਾਂਗ ਅੱਗੇ ਹਿੱਕ ਨਾ ਡਾਹ'।

ਕ੍ਰੋੜੀਆ-ਇਹ ਕੌਣ ਬੋਲਿਆ ਹੈ?

ਦੋਦੋਰਾਣੀ-ਧੁਰ ਦੀ ਬਾਣੀ ਕਿਸੇ ਬਖਸ਼ੇ ਦੇ ਮੂੰਹ ਚੜ੍ਹ ਬੋਲੀ ਹੈ।

ਕ੍ਰੋੜੀਆ-ਨਾਨਕ ਕੌਣ ਹੈ?

ਦੋਦੋ ਰਾਣੀ-ਧੁਰੋਂ ਆਪ।

ਕ੍ਰੋੜੀਆ-ਕਿਵੇਂ ਪਤੀਆ ਆਵੇ?

ਦੋਦੋ ਰਾਣੀ-ਘੋੜੀ ਤੋਂ ਢੱਠਾ ਪਤੀਆ ਨਾ ਆਇਆ, ਅੰਨ੍ਹਾ ਹੋ ਗਿਆ ਪਤੀਆ ਨਾ ਆਇਆ ਹੁਣ ਹਸਾਤਲ, ਜਾਕੇ ਪਤੀਆ ਲੱਗੂ? ਵੇਲਾ ਹੈ ਅਜੇ, ਕਰ ਪਛੁਤਾਵਾ!

ਕ੍ਰੋੜੀਆ ਘਬਰਾ ਗਿਆ। ...... ਬੋਲਿਆ:- ਹਾਂ, ਕਿਵੇਂ ਕਰਾਂ?

ਦੋਦਾ-ਪੜ੍ਹਿਆ ਗੁੜ੍ਹਿਆ ਹਾਕਮ ! ਨਿਆਂ ਕਰਨ ਵਾਲੀ ਤੇਰੀ ਬੁਧਿ, ਇਨ੍ਹਾਂ ਪੂਜਾ ਖਾਣ ਵਾਲਿਆਂ ਦੀ ਮੱਤ ਹੇਠ ਕਿਉਂ ਲੱਗ ਗਈ ਏ? ਦਿਲੋਂ ਵੈਰ ਹਟਾ ਖਾਂ, ਕਹੁ ਗੁਰੂ ਨਾਨਕ ਸੱਚ ਹੈ ਰੱਬ ਦਾ ਘੱਲਿਆ ਅਵਤਾਰ ਹੈ, ਮੈਂ ਸ਼ਰਧਾ ਨਾਲ ਦਰਸ਼ਨ ਕਰਨ ਜਾਂਦਾ ਹਾਂ, ਫੇਰ ਅੱਗੇ ਵਧ। ਵੇਖ ਜੇ ਨੈਣ ਖੁੱਲ੍ਹ ਗਏ ਤਾਂ ਸੱਚ ਜਾਣੀਂ, ਨਾ ਖੁੱਲ੍ਹੇ ਤਾਂ ਭੁਲੇਵਾ ਜਾਣੀਂ, ਜਾ ਮੁੜ ਜਾਹ ਰਾਹ ਖਹਿੜਾ ਦਿੱਸਦਾ ਰਹੂਗਾ।

ਕ੍ਰੋੜੀਆ ਇਹ ਝਿੜਕ ਸਹਿਣ ਦਾ ਆਦਤਗੀਰ ਨਹੀਂ ਸੀ, ਹੁਣ ਬੜੇ ਕਸ਼ਟ ਵਿਚ ਸੀ, 'ਅਖੀਆਂ ਬੜੀਆਂ ਨਿਆਮਤ ਹਨ, ਤਦੇ ਹੀ ਪਤਾ ਲਗਦਾ ਹੈ ਜਦੋਂ ਗੁਆਚ ਜਾਣ। ਉਸ ਵੇਲੇ ਦੇ ਘਬਰਾ ਨੂੰ ਭੋਗਣਹਾਰ ਹੀ ਜਾਣਦਾ ਹੈ ਤੇ ਜੇ ਫੇਰ ਅੱਖਾਂ ਮਿਲਣ ਦੀ ਆਸ ਲੱਗ ਪਵੇ ਤਾਂ ਜੋ ਸਹਾਰਾ ਵਧ ਜਾਂਦਾ ਹੈ ਉਹੋ ਹੀ ਜਾਣਦਾ ਹੈ। ਕ੍ਰੋੜੀਏ ਨੇ ਝਿੜਕ ਸਹਾਰੀ। ਝਿੜਕ ਵਿਚ ਸਿੱਧੀ ਅਕਲ ਸੀ ਜੋ ਉਸ ਦੀ ਮਰ ਰਹੀ ਸੀ! ਉਸ ਵੇਲੇ ਉਸ ਨੇ ਕਿਹਾ, 'ਧੰਨ ਗੁਰੂ ਨਾਨਕ ਤੂੰ ਧੰਨ ਹੈ': ਜੋ ਉਸ ਦੇ ਨਾਲ ਆਦਮੀ ਸਨ ਉਹਨ੍ਹਾਂ ਸਤਿਗੁਰੂ ਦੇ ਰੁਖ ਮੂੰਹ ਕਰਕੇ ਮੱਥਾ ਟੇਕਿਆ, ਤਦੋਂ ਕੁਝ ਸੋਝੀ ਹੋ ਆਈ! ਖੁਸ਼ੀ ਹੋਇਆ ਤੇ ਘੋੜੇ ਚੜ੍ਹਕੇ ਸਤਿਗੁਰੂ ਦੇ ਦਰਸ਼ਨ ਕਰਨ ਸ਼ਰਧਾ ਨਾਲ ਟੁਰ ਪਿਆ। ਚਾਰ ਕਦਮ ਗਿਆ ਸੀ ਤਾਂ ਫੇਰ ਘੋੜੇ ਤੋਂ ਢੈ ਪਿਆ। ਦੋਦਾ ਪਰੇ ਖੜਾ ਸੀ, ਫੇਰ ਬੋਲਿਆ:-ਅਦਬ ਵਿਚ ਆ, ਤੂੰ ਕਿਸ ਦੀ ਹਜ਼ੂਰੀ ਵਿਚ ਚਲਿਆ ਹੈਂ? ਕੋਈ ਸਾਧ ਫ਼ਕੀਰ ਤਾਂ ਨਹੀਂ? ਅਦਬ ਵਿਚ ਆ, ਉਤਰ ਹੇਠਾਂ, ਗਲ ਪੱਲਾ ਪਾ ਤੇ ਟੁਰ ਪੈਦਲ। ਪਾਤਸ਼ਾਹਾਂ ਕੋਲ ਕਿੰਵ ਜਾਈਦਾ ਹੈ? ਲਹੌਰੀਏ ਹਾਕਮ!! ਤੂੰ ਸੱਚੇ ਹਾਕਮ ਪਾਸ ਜਾਣ ਲੱਗਾ ਹੈਂ ਵਧੀਕ ਅਦਬ ਨਾਲ ਟੁਰ!

ਤਾਂ ਕ੍ਰੋੜੀਆ ਪੈਦਲ ਟੁਰਿਆ ਤੇ ਦੋਦੇ ਨੂੰ ਕੋਲ ਸੱਦਕੇ ਪੈਰੀ ਹੱਥ ਲਾ ਕੇ ਬੋਲਿਆ:-ਸੱਜਣਾ, ਮੈਨੂੰ ਕਾਜ਼ੀਆਂ, ਬ੍ਰਾਹਮਣਾਂ ਤੇ ਕੰਨ-ਪਾਟਿਆਂ ਜੋਗੀਆਂ ਨੇ ਭੁਲਾਇਆ ਹੈ, ਤੂੰ ਕੋਈ ਸੁਹਣਾ ਦੀਹਦਾ ਹੈਂ। (ਦੋਦੋ ਰਾਣੀ ਵੱਲ ਤੱਕਕੇ) ਅੱਛਾ ਇਹ ਬੀਬੀ ਸੀ ਜੋ ਅਕਾਸ਼ ਬਾਣੀ ਬੋਲੀ ਸੀ:-

'ਸ਼ੂਕਦੀ ਕਾਂਗ ਅਗੇ ਹਿੱਕ ਨਾਂ ਡਾਹ'

ਨਮਸਕਾਰ ਦੇਵੀ! ਤੈਨੂੰ ਨਮਸਕਾਰ।

ਹੁਣ ਤਿੰਨੇ ਗੱਲੀਂ ਜੁੱਟ ਪਏ, ਦੋਦੋ ਰਾਣੀ ਤੇ ਦੋਦੇ ਨੇ ਆਪਣੀ ਸਿਰ ਬੀਤੀ ਸੁਣਾਈ, ਸਤਿਗੁਰਾਂ ਦੇ ਚੋਜ ਦੱਸੇ। ਉਹਨਾਂ ਦਾ ਰੱਬੀ ਔਜ, ਰੱਬੀ ਰੰਗ, ਇਲਾਹੀ ਰੌ ਵਿਚ ਰੱਤੇ ਰਹਿਣਾ, ਸੱਚ ਦਾ ਪ੍ਰਕਾਸ਼ ਕਰਨਾ, ਜਗਤ ਜਲੰਦੇ ਨੂੰ ਠੰਢ ਪਾਉਣੀ, ਕਈ ਕਈ ਦਿਨ ਭੁੱਖੇ ਰਹਿਣਾ, ਨਦੀ ਵਿਚ ਪਿਛਲੀ ਰਾਤ ਭਰ ਖੜੇ ਰਹਿਣਾ, ਸਾਰੇ ਜਗਤ ਵਿਚ ਫਿਰਨਾ

ਸਾਰੇ ਪ੍ਰਸ਼ੰਗ ਦੋਦੇ ਨੇ ਥੋੜੇ ਥੋੜੇ ਸੁਣਾਏ। ਇੰਨੇ ਨੂੰ ਗੁਰੂ ਬਾਬਾ ਜੀ ਜਿਥੇ ਬੈਠੇ ਸੀ ਸੋ ਥਾਂ ਨੇੜੇ ਆ ਗਿਆ। ਹੁਣ ਕੌੜੀਏ ਦੀਆਂ ਅੱਖਾਂ ਅੱਗੋਂ ਇਕ ਝਲਕਾਰਾ ਲੰਘਿਆ, ਸਿਰ ਵਿਚ ਇਕ ਕੜੱਕ ਕਰਕੇ ਕੁਛ ਹੋਇਆ, ਮੱਛੀ ਦੇ ਜਿਵੇ ਚਾਨੇ ਢਹਿੰਦੇ ਹਨ, ਸੱਪ ਦੀ ਜਿਵੇਂ ਕੁੰਜ ਲਹਿੰਦੀ ਹੈ, ਪੱਕੇ ਬੀ ਦਾ ਜਿਵੇਂ ਛਿੱਲੜ ਫਟਕਦਾ ਹੈ, ਤਿਵੇਂ ਕੌੜੀਏ ਨੂੰ ਭਾਸਿਆ ਕਿ ਮੇਰੀਆਂ ਅੱਖਾਂ ਤੋਂ ਕੁਛ ਡਿਗ ਪਿਆ ਹੈ, ਨੈਣ ਖੁੱਲ੍ਹ ਆਏ, ਗਈ ਨਜ਼ਰ ਮੁੜ ਆਈ, ਜ਼ਿਮੀਂ ਅਸਮਾਨ, ਸੂਰਜ, ਚੰਦ, ਦੋਦਾ, ਦੋਦੋ ਰਾਣੀ, ਸਾਫ ਦਿੱਸ ਪਏ। 'ਅੱਖੀਆਂ ਬੜੀ ਨਿਆਮਤ' ਕੌੜੀਏ ਨੂੰ ਹੁਣ ਫੇਰ ਪਤਾ ਲੱਗਾ, ਹਾਂ ਉਸੇ ਨੂੰ ਪਤਾ ਲੱਗਦਾ ਹੈ ਜਿਸ ਨੂੰ ਗਈ ਸ਼ੈ ਲੱਭ ਪਏ। ਪਹਿਲਾਂ ਤਾਂ ਦੇਵੀ ਦੇ ਚਰਨੀ ਢੱਠਾ, ਫੇਰ ਦੋਦੇ ਦੇ ਰੁਖ਼ ਹੋ ਬੋਲਿਆ:-

ਤੁਸੀਂ ਮੱਚ ਮੁਚ ਦੇਊਤੇ ਹੋ; ਹੁਣ ਲੈ ਚੱਲੋ ਮੈਨੂੰ ਬੀ ਚਰਨੀਂ ਲੁਆਓ।

ਤ੍ਰੈ ਜਣੇ ਹੁਣ ਅੱਗੇ ਟੁਰੇ, ਇੰਨੇ ਨੂੰ ਟਿਕਾਣਾ ਆ ਗਿਆ, ਹਰੇ ਹਰੇ ਘਾਹ ਉਤੇ ਅਰਸ਼ਾਂ ਦਾ ਸਾਂਈਂ ਬੈਠਾ ਸੀ, ਮਰਦਾਨਾ ਰਬਾਬ ਵਜਾ ਰਿਹਾ ਸੀ, ਸ਼ਬਦ ਹੋ ਰਿਹਾ ਸੀ:-

ਸਤ ਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥

ਇਸ ਵਿਚ ਮਰਦਾਨੇ ਸ਼ਲੋਕ ਦਿੱਤਾ:-

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ
ਤਿਹ ਲੋਇ॥ ਅਮਰ ਪਦਾਰਥੁ ਨਾਨਕਾ
ਮਨਿ ਮਾਨਿਐ ਸੁਖੁ ਹੋਇ ॥੧॥

ਕੌੜੀਆ ਧਾਅਕੇ ਸਤਿਗੁਰੂ ਦੀ ਚਰਨੀਂ ਢੱਠਾ, ਭੌਰਾ ਜਿਵੇਂ ਫੁੱਲਾਂ ਨੂੰ ਲਿਪਟਦਾ ਹੈ ਐਉਂ ਲਿਪਟ ਗਿਆ। ਇਕ ਸਰੂਰ ਦਾ ਚੱਕਰ ਆਇਆ, ਕੁਛ ਸਰੀਰ ਵਿਚੋਂ ਸਰਕਦਾ ਤੇ ਨਿਕਲਦਾ ਭਾਸਿਆ। ਐਸੀ ਕੋਈ ਝਰਨਾਟ ਛਿੜੀ, ਸਰੀਰ ਹਲਕਾ ਹੋ ਗਿਆ, ਠੰਢ ਵਰਤ ਗਈ, ਕੋਈ ਸ਼ਾਂਤੀ ਤੇ ਟਿਕਾਉ ਆ ਗਿਆ। ਹੁਣ ਹੋਰ ਝਰਨਾਟ ਛਿੜੀ, ਐਉਂ ਜਾਪਿਆ ਕਿ ਕੁਛ ਸਰੀਰ ਵਿਚ ਸਰਰ ਸਰਰ ਕਰਦਾ ਵੜ ਰਿਹਾ ਹੈ। ਸੁਆਦ ਆ ਗਿਆ, ਰਸ ਭਰ ਗਿਆ ਤੇ ਕਿਸੇ ਦੇ ਬਿਨਾਂ ਆਖੇ ਤੇ ਬੋਲੇ ਉਸ ਦੇ ਕੰਨ ਸੁਣਨ ਲਗ ਪਏ-

ਵਾਹਿਗੁਰੂ

ਆਪਣੇ ਸੀਨੇ ਵਿਚੋਂ, ਸਿਰ ਵਿਚੋਂ ਅਵਾਜ਼ ਆਈ:- ਵਾਹਿਗੁਰੂ

ਉਸ ਦੀ ਜੀਭ ਨੇ ਡਾਢੇ ਸੁਆਦ ਵਿਚ ਉਚਾਰਿਆ:- ਵਾਹਿਗੁਰੂ

ਉਸ ਨੂੰ ਭਾਸਿਆ ਕਿ ਮੇਰੇ ਲੂੰ ਕਹਿ ਰਹੇ ਹਨ:- ਵਾਹਿਗੁਰੂ

ਸਿਰ ਚਾਯਾ, ਚੁਫੇਰੇ ਤੱਕਿਆ, ਬਣ ਤ੍ਰਿਣ ਘਾਹ ਬੂਟੇ ਸਭ ਵਿਚੋਂ ਧੁਨਿ ਆਉਂਦੀ ਜਾਪੀ:-

ਵਾਹਿਗੁਰੂ

ਫੇਰ ਚਰਨਾਂ ਉਤੇ ਢੈ ਪਿਆ, ਹੁਣ ਰਸ ਦਾ ਇਕ ਹੋਰ ਘੇਰ ਆਯਾ ਤੇ ਕਿੰਨਾਂ ਚਿਰ ਪਿਆ ਰਿਹਾ।

ਗੁਰੂ ਬਾਬੇ ਨੇ ਸਿਰ ਤੇ ਪਿਆਰ ਦਿੱਤਾ, ਉਠਾਯਾ ਪੁੱਛਿਆ, ਆਖਿਆ:-

ਕੌੜੀਏ ਨਿਹਾਲ!

ਕੌੜੀਏ ਆਖਿਆ:-

ਤੇਰੀ ਮਿਹਰ ਦਾ ਸਦਕਾ!

ਹੁਣ ਦਰਸ਼ਨ ਕੀਤਾ, ਦਿਲ ਨੂੰ ਕਹਿੰਦਾ ਹੈ:- ਹਾਇ! ਜਿਸ ਗੁਰ ਨਾਨਕ ਨੂੰ ਖੰਨੂਣ ਚੱਲਿਆ ਸਾਂ ਉਹ ਨਿਰਾ ਪਿਆਰ ਤੇ ਨਿਰੀ ਮਿੱਠਤ ਹੈ ਤੇ ਮੇਰੇ ਤੇ ਤੁਠ ਰਿਹਾ ਹੈ! ਧਿਕਾਰ ਮੇਰੇ ਤੇ, ਤੇ ਸ਼ੁਕਰ ਹੈ ਦਾਤੇ ਦਾ, ਧੰਨ ਧੰਨ......।

ਕਿਸ ਨੇ ਆਖਿਆ ਸੀ:

"ਸੁਕਦੀ ਕਾਂਗ ਅੱਗੇ ਹਿੱਕ ਨਾ ਡਾਹ"

ਹਾਂ ਉਹ ਅਕਾਸ਼ ਬਾਣੀ ਕਿਸ ਦੀ ਜੀਭ ਤੇ ਬੈਠਕੇ ਬੋਲੀ ਸੀ?

ਉਪਰ ਤੱਕਿਆ ਸਿਰ ਨਿਉਂ ਗਿਆ:

"ਧੰਨ ਗੁਰੂ ਨਾਨਕ!" "ਧੰਨ ਗੁਰੂ ਨਾਨਕ ਦੇ ਸਾਜੇ ਦੇਵੀ ਦੇਵਤੇ। "

ਕੌੜੀਆ, ਸਿਖ ਹੋਇਆ ਗੁਰ ਬਾਬੇ ਨੇ ਮਾਰਨ ਆਏ ਨੂੰ ਬੀ ਨਾਮ ਦਾਨ ਦਿਤਾ। ਕਿਉਂ ਨਾ ਦੇਵੇ? ਚੰਦਨ ਕੁਹਾੜੀਆਂ ਤੇ ਆਹਿਆਂ ਨੂੰ ਬੀ ਖੁਸ਼ਬੋ ਦਾਨ ਕਰਦਾ ਹੈ।

ਕੌੜੀਆ ਨਾਉਂ ਧਰੀਕ ਹੋਇਆ, ਅਰਥਾਤ ਨਾਮ ਧਾਰਨ ਹਾਰ ਹੋਇਆ!

ਕੌੜੀਏ ਦੇ ਸਿਖ ਹੋਣ ਦੀ ਖ਼ਬਰ ਉਸੇ ਦਿਨ

ਧੁੰਮ ਗਈ। ਸਾਰੇ ਦੇਸ਼ ਵਿਚ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਹੋ ਗਈ।

ਕ੍ਰੋੜੀਏ ਨੇ ਹੁਣ ਦੀਵਾਨ ਵਾਸਤੇ ਇਕ ਧਰਮਸਾਲ ਪੱਕੀ ਪੁਆਈ, ਹੋਰ ਥਾਂ ਟਿਕਾਣੇ ਸੰਗਤਾਂ ਵਾਸਤੇ ਬਨਵਾਏ। ਇਸ ਸਾਰੇ ਤਪੇ ਦੀ ਭੋਂ ਦਾ ਪਟਾ ਲਿਖਵਾਇਆ ਤੇ ਭੋਂ ਆਪੇ ਸਰਕਾਰੀ ਕਾਗਜ਼ਾਂ ਵਿਚ ਗੁਰੂ ਜੀ ਨਮਿੱਤ ਦਾਖ਼ਲ ਖ਼ਾਰਜ ਕਰਵਾ ਦਿਤੀ। ਜਿਥੇ ਗੁਰੂ ਜੀ ਟਿਕੇ ਸਨ ਉਸ ਟਿਕਾਣੇ ਦਾ ਨਾਉਂ 'ਕਰਤਾਰ ਪੁਰ' ਧਰਿਆ[1]।

ਇਹ ਥਾਉਂ ਪਾਵਨ ਧਰਤੀ ਸੀ ਕਿ ਜਿਥੇ ਗੁਰੂ ਬਾਬੇ ਨੇ ਜਗਤ ਜਲੰਦਾ ਤਾਰਕੇ ਟਿਕਾਣਾ ਕੀਤਾ ਤੇ ਫੇਰ ਜਿੰਨੀਆਂ ਉਦਾਸੀਆਂ ਹੋਈਆਂ ਏਸੇ ਥਾਉਂ ਤੋਂ ਟੁਰੇ ਤੇ ਏਥੇ ਹੀ ਫੇਰ ਆਕੇ ਟਿਕਦੇ ਰਹੇ। 'ਗ੍ਰਿਹਸਤ ਉਦਾਸ' ਦਾ ਪਰਵਾਨ ਮਾਰਗ ਸਤਿਗੁਰੂ ਨੇ ਏਥੇ ਪਰਤੱਖ ਕਰ ਦਿਖਾਇਆ ਤੇ ਪਰਚਾਰਿਆ। ਏਥੇ ਰੱਬੀ ਰੌ ਦੀ ਜੋਤਿ ਜਗਾਈ ਤੇ ਸਾਰੇ ਪ੍ਰਚਾਰ ਫੈਲਿਆ।

ਅੰਮ੍ਰਿਤ ਵੇਲੇ ਜਪੁਜੀ ਦਾ ਉਚਾਰ ਤੇ ਆਸਾ ਦੀ ਵਾਰ ਦਾ ਕੀਰਤਨ ਤੇ ਸੰਝ ਨੂੰ ਸੋਦਰ ਦੀ ਚੌਂਕੀ ਤੇ ਆਰਤੀ ਦੀ ਰਹੁ ਰੀਤਿ ਏਥੋਂ ਹੀ ਟੁਰੀ[2]। ਖੁੱਲਾ ਲੰਗਰ ਏਥੇ ਹੀ ਪਹਿਲਾਂ ਟੋਰਿਆ। ਨਾਮ ਦਾਨ ਦਾ ਲੰਗਰ ਬੀ ਹੁਣ ਏਥੇ ਹੀ ਜਾਰੀ ਹੋਇਆ:

-o-

## ਗੀਤ [3]।

ਦੋਦੋ ਰਾਣੀ-ਰਾਵੀ ਕੰਢੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਅੰਮ੍ਰਿਤ ਪੀਕੇ:-
ਸਖੀ ਅਜ ਭੋਰ ਭੌਰ, ਰਾਵੀ ਦੀ ਲਹਿੰਦੀ ਓਰ ਚੰਦਾ ਨੀ ਮੈਂ ਵੇਖਿਆ।੧।
ਨੈਨ ਸਲੋਨੇ, ਗੌਰ ਤਨ, ਉਹ ਚੰਦਨ ਜਿਉਂ ਮਹਿਕਾਇ,
ਮੱਥਾ ਨੂਰ ਝਮਕਦਾ ਉਸ ਦਾ ਚੁੰਬਕ ਖਿੱਚਾਂ ਪਾਇ।
ਖਿੱਚਾਂ ਮਨ ਲਿਆ ਚੋਰ, ਲਗੇ ਨ ਪਾਸੇ ਹੋਰ, ਰਹੇ ਨ ਬਿਨ ਦੇਖਿਆਂ।੨।
ਕਵਿਤਾ ਧਾਰਿਆ ਰੂਪ ਹੈ ਗੀਤ ਧਾਰਿਆ ਰੰਗ,
ਛਬਿ ਦੇਖਿਆਂ ਹੈ ਹੇ ਸਖੀ ! ਅਨੰਦ ਨ ਮਾਵੇ ਅੰਗ।
ਦਰਸ਼ਨ ਦੇ ਲੋਰ ਲੋਰ, ਫਿਰਾਂ ਮੈਂ ਜਿਉਂ ਚਕੋਰ, ਜੀਆਂ ਨ ਬਿਨ ਪੇਖਿਆਂ।੩।
ਹੇ ਅਰਸ਼ਾਂ ਦੇ ਚੰਦ ਹੁਣ, ਤੂੰ ਉਹਲੇ ਕਦੀ ਨ ਥੀਅ,
ਮੇਰੇ ਝਮਕਣ ਨੈਣ ਨਾ ਨਿਤ ਦਰਸ਼ਨ ਅੰਮ੍ਰਿਤ ਪੀਅ,
ਰਹੇ ਇਹ ਪ੍ਰੇਮ ਖੋਰ, ਮਸਤ ਅਲਮਸਤੀ ਲੋਰ, ਚਿਤ੍ਰ ਜਿਉਂ ਅਵਰੇਖਿਆ।੪।

ਸੂਚਨਾ-ਪਿਛਲੇ ਪ੍ਰਸੰਗ ਵਿਚ ਕ੍ਰੋੜੀਏ ਦਾ ਹਾਲ ਆ ਚੁਕਾ ਹੈ। ਇਹ ਪ੍ਰਸੰਗ ਸੰਖੇਪ ਜਿਹਾ ਕਵਿਤਾ ਵਿਚ ਰਚਿਆ ਜਾਕੇ ਬੀ 'ਖਾਲਸਾ ਸਮਾਚਾਰ, ਵਿਚ ਮੁਦ੍ਰਿਤ ਹੋਇਆ ਸੀ। ਜੋ ਐਉਂ ਹੈ: {ਦੇਖੋ ਪੰਨਾ ੧੭}

---

[1] ਕਰਤਾਰ ਪੁਰ ਰਾਵੀ ਦੇ ਪੱਛੋਂ ਦੇ ਕੰਢੇ ਪਰਗਣੇ ਵਿਚ ਸੀ ਜੋ ਹੁਣ ਤਹਿਸੀਲ ਕਲਾਨੌਰ ਕਹਿਲਾਂਦਾ ਹੈ ਤੇ ਗੁਰਦਾਸਪੁਰ ਦੇ ਜ਼ਿਲੇ ਵਿਚ ਹੈ। ਕ੍ਰੋੜੀਆ ਏਸੇ ਪਰਗਣੇ ਦਾ ਜ਼ਿਮੀਂਦਾਰ ਹਾਕਮ ਸੀ। ਉਂਜ ਕ੍ਰੋੜੀਆ ਲਾਹੌਰੀਆ ਸੀ। ਦੋਦੇ ਦਾ ਯਾਦਗਾਰੀ ਪਿੰਡ ਬੀ ਉਥੇ ਹੀ ਹੈ। ਉਸਦੀ ਉਲਾਦ ਵੱਸਦੀ ਹੈ ਤੇ ਪਿੰਡ ਹੀ ਦੋਦਾ ਸਦਾਉਂਦਾ ਹੈ। ਹੁਣ ਇਹ ਪਾਕਸਤਾਨ ਵਿਚ ਚਲਾ ਗਿਆ ਹੈ।

[2] ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥ {ਭਾਈ ਗੁਰਦਾਸ ਵਾਰ ੧ ਪੌੜੀ ੩੮।}

[3] ਇਹ ਗੀਤ ਸੰ: ਗੁ: ਨਾ: ਸਾ: ੪੭੫ (੧੯੪੩ ਈ:) ਦੇ ਗੁ: ਪੁਨਮ ਪਰ ਖਾ: ਸਮਾ: ਵਿਚ ਪ੍ਰਕਾਸ਼ਿਆ ਸੀ।

# ੫੬. ਪ੍ਰਸੰਗ ਭਾਈ ਕੂੜੀਆ।

ਵਿਚ ਲਹੌਰ ਵਸੇਂਦਾ ਖੱਤ੍ਰੀ ਨਾਮ ਕੂੜੀਆ ਭਾਈ!
ਕਰੇ ਹਕੂਮਤ ਉੱਤਰ ਪਾਸੇ ਦੋ ਨਦੀਆਂ ਵਿਚਕਾਈ।
ਮਾਲਕ ਜ਼ਿਮੀ ਹੁਕਮ ਦਾ ਭਾਰਾ, ਸ਼ਾਹੂਕਾਰ ਸਿਆਣਾ;
ਦੌਲਤ ਜਮ੍ਹਾਂ ਕਰੇਂਦਾ ਜਿਉਂ ਜਿਉਂ, ਧੋਖਾ ਕਰੇ ਧਿਙਾਣਾ।
ਛਲੀਆ ਜਾਣੇਂ ਸਾਧ ਫਕੀਰਾਂ, ਦੁਖ ਦੇਵੇ ਤੇ ਦਲਦਾ,
ਰੱਬ ਪ੍ਰਮਾਰਥ ਸਮਝੇ ਨਾ ਕੁਝ, ਤ੍ਰਿਸ਼ਨਾਂ ਅਗਨੀ ਬਲਦਾ;
ਪਰ ਸਭ ਤੋਂ ਇਹ ਅਧਿਕ ਸੜੇਂਦਾ ਗੁਰ ਨਾਨਕ ਜਸ ਸੁਣਕੇ,
ਕਹੇ: "ਕੁਰਾਹੀਆ", ਗਾਲ੍ਹਾਂ ਦੇਵੇ ਤਪੇ, ਜਲੇ ਸਿਰ ਧੁਣਕੇ।
ਸਿੱਖ ਜਿ ਕੋਈ ਮਿਲੇ ਏਸ ਨੂੰ ਦੁਖ ਦੇਵੇ ਵਾਹ ਲੱਗੀ,
ਵੈਰ ਕਰੇ ਨਿਰਵੈਰਾਂ ਨਾਲੇ, ਨਾਲ ਗੁਰਮੁਖਾਂ ਠੱਗੀ।
ਮੁੱਲਾਂ, ਪਾਂਧੇ ਜਾ ਜਾ ਸੀਖਣ, ਆਖਣ: "ਤੂੰ ਹੈਂ ਰਾਜਾ।
ਗੁਰ ਨਾਨਕ ਦਾ ਚੁੱਕ ਟਿਕਾਣਾ ਜਸ ਜਿਸ ਦਾ ਜਗ ਛਾਯਾ"।
ਇਕ ਦਿਨ ਜੋਗੀ ਕਿੰਗ ਵਜਾਵੇ ਸ਼ਬਦ ਗੁਰਾਂ ਦਾ ਗਾਵੇ,
ਸੜ ਬਲ ਕੋਲੇ ਸੁਣਕੇ ਹੋਇਆ ਪੇਸ਼ ਨ ਕੋਈ ਜਾਵੇ।
ਅੰਤ ਸੋਚਿਆ-ਚਲੀਏ ਉਠਕੇ ਨਾਲ ਜੁਆਨ ਲਿਚਲੀਏ;
ਡੇਰਾ ਪੁਟਕੇ ਪਾਰ ਬੁਲਾਈਏ, ਟਾਲਿਆਂ ਮੂਲ ਨ ਟਲੀਏ,
ਚੜ੍ਹ ਘੋੜੀ ਤੁਰ ਪਿਆ ਸੂਰਮਾ ਮਾਰਨ ਉਸ ਦੇ ਤਾਈਂ
ਲਾ ਮਕਾਨ ਵਿਚ ਡੇਰਾ ਜਿਸਦਾ, ਫਿਰ ਵਸਦਾ ਸਭ ਥਾਈਂ।।
ਘੋੜੀ ਅੜਕ ਤ੍ਰਬੁਕ ਕੇ ਪਰਤੀ ਹੇਠ ਕੂੜੀਆ ਢੱਠਾ,
ਕੁਛ ਦਿਨ ਮਗਰੋਂ ਵੱਲ ਹੋਇਕੇ ਤੁਰਿਆ ਪਾਪ ਪਣੱਠਾ।
ਹੁਣ ਇਕ ਘੇਰ ਸਿਰੇ ਨੂੰ ਆਇਆ ਚਕਰਾਇਆ ਘਬਰਾਇਆ।
ਸੂਰਜ ਵਾਂਗ ਦਿਪਤ ਇਕ ਚਾਨਣ ਨਜ਼ਰੀ ਉਸ ਨੂੰ ਆਇਆ।
ਇਸ ਚਾਨਣ ਦਾ ਝਲਕਾ ਵੱਜਾ, ਅਖੋਂ ਦਿੱਸਣ ਰਹਿਆ,
ਦਿਲ ਉਲਟਾ ਹੈਰਾਨੀ ਰੁੜ੍ਹਿਆ ਕੱਛੂ ਵਾਂਗੂੰ ਛਹਿਆ।
ਦੀਦੇ ਪਾੜ ਵੇਖਣਾ ਚਾਹੇ, ਪਾਪੀ ਨਜ਼ਰ ਨ ਆਵੇ।
ਦੁਸ਼ਟਾਂ ਤਾਂਈਂ ਸੱਚ ਦਾ ਸੂਰਜ ਚੜ੍ਹਿਆ ਨਹੀਂ ਦਿਸਾਵੇ।
ਮੁੰਦ ਗਈਆਂ ਹਤਜਾਰੀਆਂ ਅੱਖਾਂ ਜੋ ਗੁਰ ਘੂਰਨ ਆਈਆਂ।
ਕ੍ਰੀਚ ਰਿਹਾ ਸੀ ਜਿਹੜੀਆਂ ਦੰਦੀਆਂ ਓ ਵਿਚ ਬੱਝ ਦੇ ਆਈਆਂ।
ਹੱਥ ਨਿਕਾਰੇ ਹੋਏ ਪਾਪੀ ਜੋ ਗੁਰ ਮਾਰਨ ਆਏ।
ਪੈਰ ਜਕੜ ਕੇ ਬੱਝੇ ਓਥੇ ਜੋ ਗੁਰ ਪਰ ਸਨ ਧਾਏ।
ਰਿਦਾ ਚੰਡਾਲ ਸੁੰਨ ਉਹ ਹੋਇਆ ਖੋਟ ਜਿਨੂੰ ਸੀ ਫੁਰਿਆ।
ਸੁਰਤ ਚੱਕਰੀ ਖਾ ਕੇ ਠਿਟਕੀ ਤੀਰ ਕਲੇਜੇ ਪੁੜਿਆ।
ਉਸ ਜਾਤਾ ਸੀ ਦੌਲਤ ਤਾਕਤ ਦੇ ਅੱਗੇ ਸਭ ਨੀਵੇਂ,
ਆਤਮ ਸੱਤਾ ਤੋਂ ਅਨਜਾਣੂ, ਅੰਨਾਂ ਸੀ ਦਿਨ ਦੀਵੇਂ।
ਕਦਮ ਮੋੜ ਜਦ ਪਿੱਛੇ ਪਰਤੇ ਤਾਂ ਤਾਂ ਕੁਛ ਦਿਸ ਆਵੇ,
ਅੱਗੇ ਕਦਮ ਧਰੇ ਜੇ ਇਕ ਬੀ
ਤਾਂ ਅੰਨ੍ਹਾਂ ਹੋ ਜਾਵੇ।
ਤਦ ਇਕ ਵਾਜ ਪਿਆਰਾਂ ਵਾਲੀ
ਪਰ ਭਰਵੀਂ ਸੁਣ ਪਾਈ:
"ਹਿੱਕ ਨ ਡਾਹ ਕਾਂਗ ਦੇ ਅੱਗੇ
ਹੈ ਜੁ ਸ਼ੂਕਦੀ ਆਈ"।
ਦੂਜੀ ਛਿਨ ਵਿਚ ਕਿਹਾ ਕਿਸੇ ਨੇ
"ਹੋ ਨੀਵਾਂ ਝੁਕ, ਭਾਈ!
ਗੁਰ ਨਾਨਕ ਹੈ ਜੋਤ ਰੱਬ ਦੀ
ਦਿਲ ਉਸ ਵੱਲ ਨਿਵਾਈਂ"।
ਸੁਣੀ ਝਿੜਕ ਉਸ ਰਿਦਾ ਨਿਵਾਯਾ
ਥੋੜਾ ਕੁਛ ਦਿਸ ਆਇਆ,
ਤਦ ਦਿਲ ਨਿਸਚਾ ਸਤਿਗੁਰ ਉਤੇ
ਉਸ ਦੇ ਸੀ ਹੋ ਆਇਆ।
ਹੁਣ ਟੁਰਿਆ ਦਿਲ ਨਿਹਚਾ ਲੈਕੇ
ਜਾਕੇ ਭੁਲ ਬਖਸ਼ਾਂਵਾਂ।
ਖ਼ਤਾ ਜੁ ਕੀਤੀ ਚੜ੍ਹ ਆਵਨ ਦੀ,
ਮਾਫ਼ੀ ਉਸ ਦੀ ਪਾਂਵਾਂ!
ਬਾਂਹੋ ਫੜ ਉਹ ਨਾਲ ਲੈ ਟੁਰੇ
ਗੁਰ ਚਰਨਾਂ ਵਿਚ ਲਜਾਏ,
ਏਥੇ ਆਕੇ ਦੀਦੇ ਸਾਰੇ
ਉਸ ਦੇ ਸਨ ਖੁੱਲ੍ਹ ਆਏ।
ਢੈ ਚਰਨੀ ਹੱਥ ਜੋੜ ਆਖਦਾ:
"ਅਪਰਾਧੀ ਨੂੰ ਤਾਰੋ;
ਬਖਸ਼ੋ ਬਖਸ਼ ਲਵੋ ਅਪਰਾਧੀ,
ਬਖਸ਼ੋ ਚਾਹੇ ਮਾਰੋ"।
ਨੇਤਰ ਖੋਲ੍ਹ ਸਤਿਗੁਰਾਂ ਡਿੱਠਾ
ਹੰਕਾਰੀ ਅਭਿਮਾਨੀ,
ਨੀਵਾਂ ਹੋਕੇ ਪਿਆ ਵਿਲਕਦਾ
ਜੋ ਸੀ ਬੜਾ ਗੁਮਾਨੀ;
ਬੋਲੇ:- "ਸਿੱਖਾ! ਮਰਨ ਚਿਤਾਰੀਂ,
ਕਰਤਾ ਯਾਦ ਕਰਾਈਂ,
"ਖ਼ੁਦੀ ਤਕੱਬਰ ਮਨ ਥੀਂ ਕੱਢੀਂ
ਦਿਲ ਨਾ ਕਿਸੇ ਦੁਖਾਈਂ।"

ਮਿੱਠੀ ਵਾਜ ਲਗੀ ਸਤਿਗੁਰ ਦੀ, ਸੁਣ ਸੁਣ ਮਨ ਖਿੜ ਆਇਆ,
ਜਿਉਂ ਜਿਉਂ ਚਰਨ ਗੁਰੂ ਦੇ ਛੋਹੇ ਚਾਨਣ ਸੀ ਪਰਤਾਇਆ।

ਪਹਿਲੀ ਨਜ਼ਰ ਵਿਕਾਰਾਂ ਵਾਲੀ ਉੱਡ ਗਈ ਕਿਤ ਵੱਲੇ,
ਦੈਵੀ ਦ੍ਰਿਸ਼ਟਿ ਮਿਲੀ ਹੁਣ ਉਸ ਨੂੰ ਤਾਬ ਦਰਸ਼ ਜੋ ਝੱਲੇ।
ਦਿਲ ਧੋਤਾ ਇਉਂ ਸਾਫ ਨਿਕਲਿਆ ਜਿਉਂ ਮੀਂਹ ਨ੍ਹਾਤੇ ਬੂਟੇ,
ਹੌਲਾ ਫੁਲ ਸਰੀਰ ਭਾਸਦਾ, ਹਉਮੈ ਬੰਧਨ ਤੂਟੇ।
ਦੈਤੋਂ ਪਲਟ ਦੇਵਤਾ ਹੋਇਆ, ਦੇਵਤਿਉਂ ਸਿਖ ਬਣਿਆਂ,
ਭਗਤਿ ਵਿਰਾਗ, ਪ੍ਰੇਮ ਰਸ ਗੁੱਧਾ, ਰਸੀਆਂ ਦੇ ਵਿਚ ਗਿਣਿਆਂ!
ਇਕ ਦਿਨ ਇਸ ਨੇ ਬਿਨੈ ਉਚਾਰੀ: "ਕ੍ਰਿਪਾ ਸਿੰਧੁ ਗੁਰ ਸ੍ਵਾਮੀ!
ਅਰਜ਼ ਕਰਾਂ ਹੱਥ ਬੰਨ੍ਹ ਗੁਰਾਂ ਪੈ, ਸਤਿਗੁਰ ਅੰਤਰਜਾਮੀ!
ਇਸ ਜਾਗਾ ਤੇ ਧਰਮਸਾਲ ਇਕ, ਸੁੰਦਰ ਜਾਇ ਉਸਾਰੀ,
"ਆਪ ਕਰੋ ਬਿਸਰਾਮ ਓਸ ਵਿਚ ਲੰਗਰ ਹੋਵੇ ਜਾਰੀ"।
ਦੇਖ ਪਿਆਰ ਸਿਖ਼ ਦਾ ਸਤਿਗੁਰ ਮੰਨ ਵਾਕ ਏ ਲੀਤਾ!
ਖੁਸ਼ੀ ਖੁਸ਼ੀ ਸਿੱਖ ਨੇ ਤਦ ਓਥੇ ਕਾਰਜ ਆਰੰਭ ਕੀਤਾ!
ਬਣੀ ਅਜਾਇਬ ਧਰਮਸਾਲ ਤੇ ਘਰ ਕੋਠੇ ਬੀ ਨਾਲੇ,
ਰਾਵੀ ਨਦੀ ਕਿਨਾਰੇ ਉੱਤੇ, ਉਸਰੇ ਸੁਖ ਦੇ ਆਲੇ।
ਧਰਮਸਾਲ ਵਿਚ ਸਤਿਗੁਰ ਤਾਈਂ, "ਡੇਰਾ" ਕਹੇ:"ਲਗਾਓ"।
ਆਖੇ: "ਆਪਣੇ ਨਾਮ ਮਗਰ ਇਸ ਨਗਰੀ ਨਾਮ ਚਲਾਓ"।
"ਸ੍ਰੀ ਕਰਤਾਰ ਪੁਰਾ" ਗੁਰ ਬੋਲੇ, "ਇਸ ਥਲ ਦਾ ਨਾਂ ਰਖੋ;
ਭਜਨ ਕਰੋ ਹਰਿਨਾਮ ਧਿਆਵੋ, ਦੂਜੀ ਟੇਕ ਨ ਤੱਕੋ"।
ਸਿੱਖ ਕ੍ਰੋੜੀਆ ਕ੍ਰਿਤ ਕ੍ਰਿਤ ਹੋਇਆ, ਗੁਰ ਜਿਸ ਪਰ ਪਰਸੰਨੇ,
ਹਉਮੈ ਫਾਥਾ ਮੁਕਤੀ ਹੋਇਆ
ਸੁਖ ਪਾਏ ਮਨ ਮੰਨੇ।
ਸਤਿਗੁਰ ਫੇਰ ਬਿਰਾਜੇ ਓਥੇ;
ਲੰਗਰ ਦੇਗ ਚਲਾਈ,
ਨਾਮ ਦਾਨ ਦੀ ਦੇਗ ਚਲਾਈ,
ਹਰ ਧਨ ਵੰਡ ਵੰਡਾਈ।
ਰਾਵੀ ਤੀਰ ਨਿਸ਼ਾਨ ਗੁਰਾਂ ਦਾ,
ਏਥੇ ਅਜੇ ਸੁਹਾਵੇ,
ਸਤੋਗੁਣੀ ਏਕਾਂਤ ਸਥਲ ਹੈ,
ਦੇਖ ਰਿਦਾ ਖਿੜ ਜਾਵੇ।
ਦੇਖੋ ਸ੍ਰੀ ਗੁਰ ਨਾਨਕ ਜੀ ਦੀ
ਅਚਰਜ ਅਤਿ ਵਡਿਆਈ:
ਸਿਰ ਦੇ ਵੈਰੀ ਤਾਈਂ ਬਖਸ਼ਸ਼ਾ,
ਲੀਤਾ ਨਿਜ ਲੜ ਲਾਈ।
ਬੁਰਾ ਕਰਨ ਸੀ ਆਯਾ ਮਿਥਕੇ,
ਗੁਰ ਨੇ ਬੁਰਾ ਨ ਕੀਤਾ।
ਬਖ਼ਸ਼ ਬੁਰਾਈ ਨੇਕੀ ਕੀਤੀ,
ਭਵਜਲ ਪਾਰ ਸੁ ਕੀਤਾ।
ਬੁਰੇ ਨਾਲ ਸਭ ਬੁਰਾ ਕਰੇਂਦੇ,
ਮਾਫ ਕਰਨ ਕਈ ਸਜਾਣੇ,
ਬੁਰੇ ਨਾਲ ਕਿੰਵ ਨੇਕੀ ਕਰਨੀ,
ਇਹ ਗੁਰ ਨਾਨਕ ਜਾਣੇ।

## ੫੭. ਪ੍ਰਸੰਗ ਭਾਈ ਬੂੜਾ (ਬੁੱਢਾ)।

ਸੂਚਨਾ–ਭਾਈ ਬੁੱਢਾ ਜੀ ਦੇ ਮਿਲਣ ਦਾ ਪ੍ਰਸੰਗ ਇਸ ਪ੍ਰਕਾਰ ਹੈ:-

ਬੂੜਾ ਬਨ ਵਿਚ ਗਊਆਂ ਚਾਰਦਾ ਸੀ ਕਿ ਸਾਹਿਬਾਂ ਦਾ ਦੀਦਾਰ ਆ ਕੀਤੋ ਸੁ ਤੇ ਅਰਦਾਸ ਕੀਤੀਓ ਸੁ ਕਿ 'ਕਿਵੇਂ ਮੇਰਾ ਬੀ ਜਨਮ ਮਰਨ ਕਟੀਐ' ਤਾਂ ਸਤਿਗੁਰਾਂ ਨੇ ਪੁੱਛਿਆ: 'ਤੂੰ ਤਾਂ ਅਜੇ ਬਾਲਕ ਹੈਂ ਤੈਨੂੰ ਇਹ ਬੁਧਿ ਕਿਥੋਂ ਪ੍ਰਾਪਤ ਹੋਈ?' ਤਾਂ ਉਸ ਨੇ ਅਪਣੇ ਪਿੰਡ ਮੁਸਲਮਾਨਾਂ ਦੇ ਹਮਲੇ ਦੀ ਤੇ ਕੱਚੀ ਪੱਕੀ ਡਡਰੀ ਖੇਤੀ ਵੱਢ ਲੈਣ ਦੀ ਗੱਲ ਸੁਣਾਈ ਕਿ 'ਮੈਨੂੰ ਵਿਰਾਗ ਇਥੋਂ ਹੋਇਆ ਹੈ ਕਿ ਇਨ੍ਹਾਂ ਡਾਢਿਆਂ ਦਾ ਹੱਥ ਕਿਸੇ ਨੇ ਨਹੀਂ ਫੜਿਆ ਤੇ ਜਮ ਦਾ ਹੱਥ ਕੌਣ ਫੜੇਗਾ, ਮਤਾਂ ਮੈਂ ਨਿਕੜਾ ਹੀ ਪਹਿਲਾਂ ਕਾਬੂ ਆ ਜਾਵਾਂ'। ਤਾਂ ਗੁਰਾਂ ਨੇ ਕਿਹਾ'ਤੂੰ ਬਾਲਕ ਨਹੀਂ ਬੁੱਢਾ ਹੈਂ ਤੇ ਮਿਹਰ ਕਰ ਦਿੱਤੀ। (ਦੇਖੋ ਭਗਤ ਰਤਨਾਵਲੀ।

'ਜੀਵਨ ਚਰਿੱਤ੍ਰ ਭਾਈ ਬੁੱਢਾ ਸਾਹਿਬ ਜੀ' ਨਾਮੇ ਪੋਥੀ ਵਿਚ ਬੀ ਇਹੋ ਸਾਖੀ ਦਿੱਤੀ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼[੧] ਤੇ ਬਾਲੇ ਵਾਲੀ ਜਨਮ ਸਾਖੀ ਵਿਚ ਬੀ ਇਹੋ ਸਾਖੀ ਲਿਖੀ ਹੈ। ਤੇ ਇਹੋ ਸਾਖੀ ਇਸ ਅਗਲੀ ਕਵਿਤਾ ਵਿਚ ਅੰਕਿਤ ਕੀਤੀ ਗਈ ਹੈ:-

---

[੧] ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਇਹ ਪ੍ਰਸੰਗ ਐਉਂ ਹੈ–ਕਿ ਇਕ ਸਮੇਂ ਗੁਰੂ ਜੀ ਇਕ ਬ੍ਰਿਛ ਹੇਠ ਕਰਤਾਰ ਪੁਰ ਬੈਠੇ ਸਨ, ਇਕ ਬੱਚਾ ਬੱਕਰੀਆਂ ਚਾਰਨ ਆਯਾ, ਸਤਿਗੁਰਾਂ ਨੇ ਬੁਲਾ ਘੱਲਿਆ ਤੇ ਨਾਮ ਪੁੱਛਿਆ ਤਾਂ ਬਾਲ ਨੇ ਦੱਸਿਆ ਕਿ "ਬੂੜਾ ਨਾਮ ਹੈ, ਜਾਤ ਜਟ ਹੈ"। ਗੁਰੂ ਜੀ ਨੇ ਕਿਹਾ–"ਜਾਉ ਬੱਚਾ। ਬੱਕਰੀਆਂ ਸੰਭਾਲੋ:" ਬਾਲ ਨੇ ਕਿਹਾ: "ਜਿਸ ਕੰਮ ਲਈ ਸੱਦਿਆ ਸੀ ਸੋ ਦੱਸੋ।" ਆਪ ਨੇ ਕਿਹਾ: "ਗੱਲ ਬਾਤ ਹੋ ਗਈ ਹੈ ਹੁਣ ਜਾਓ"। ਚਲਾ ਤਾਂ ਗਿਆ, ਪਰ ਬੱਚੇ ਦੇ ਦਿਲ

{ਬਾਕੀ ਦੀ ਟੂਕ ਦੇਖੋ ਪੰਨਾ ੧੯ ਦੇ ਹੇਠ} ☞

{ਪ੍ਰਸੰਗ[੧]}

ਸ੍ਰੀ ਗੁਰ ਨਾਨਕ ਜਗਤ ਗੁਰੂ ਜੀ ਦੇਸ਼ ਆਪਣੇ ਆਏ,
ਰਾਵੀ ਨਦੀ ਕਿਨਾਰੇ ਠਹਿਰੇ, ਬਨ ਨੂੰ ਭਾਗ ਲਗਾਏ।
ਲੈਣ ਅਨੰਦ ਆਪ ਵਿਚ ਆਪੇ, ਅਮੁਲ ਅਨੰਦ ਦਿਵਾਂਦੇ,
ਸ਼ਰਨਾਇਆਂ ਨੂੰ ਨਾਮ ਦਾਨ ਦੇ ਅਰਸ਼ੀ ਰੰਗ ਲਗਾਂਦੇ।
ਲਗੀ ਸਮਾਧਿ ਅਖੰਡ ਪ੍ਰਭਾਤੋਂ ਰੋਟੀ ਵੇਲਾ ਹੋਇਆ,
ਸੋ ਭੀ ਲੰਘ, ਦੁਪਹਿਰਾਂ ਢਲੀਆਂ, ਸੂਰਜ ਤੇਜ ਸੁ ਖੋਇਆ,
ਬੂੜਾ ਗਊ ਚਰਾਵੇ ਬਣ ਵਿਚ ਵਾਂਙ ਵਾਗੀਆਂ ਫਿਰਦਾ,
ਦੇਖ ਹੋਇ ਹੈਰਾਨ ਰਿਹਾ ਮੁੜ, ਆਵੇ ਫਿਰਦਾ ਘਿਰਦਾ।
ਗਊ ਚਾਰ ਫਿਰ ਆਵੇ ਦੇਖੇ ਬੈਠੇ ਹੈਨ ਉਦਾਈਂ,
ਫਿਰ ਆਵੇ ਕੁਛ ਚੱਕਰ ਲਾਕੇ ਆਇ ਜਾਇ ਫਿਰ ਆਈ।
ਉੱਠੇ ਨਹੀਂ ਗੁਰੂ ਜੀ ਬੈਠੇ, ਬੈਠਣ ਉਹਨੂੰ ਨ ਆਵੇ,
ਗਊਆਂ ਮਗਰ ਜਾਂਵਦਾ ਫਿਰ ਫਿਰ, ਮੁੜ ਮੁੜਕੇ ਫਿਰ ਆਵੇ।
ਲੌਢਾ ਪਹਿਰ ਹੁਯਾ ਤਾਂ ਡਿੱਠੁਸੁ ਗੁਰੂ ਉਠੇ ਉਸ ਥਾਵੇਂ,
ਲੇਟ ਗਏ ਫਿਰ ਸਹਜ ਸੁਖ਼ਾਲੇ, ਬੂੜਾ ਤਕ ਅਕੁਲਾਵੇ।
ਤੁਰਤ ਉਤਰਿਆ ਖੂਹੇ ਅੰਦਰ ਟਿੰਡ ਖੋਲ੍ਹ ਇਕ ਲਜਾਇਆ,
ਰੱਖੀ ਉਹ ਸੰਭਾਲ ਪਾਸ ਹੀ ਫਿਰ ਇਕ ਗਊ ਲਿਆਇਆ।
ਬਿਨਾਂ ਵੱਛਿਓਂ ਦੁੱਧ ਦੇਂਵਦੀ ਸੀ ਅਸੀਲ ਏ ਗਾਈਂ,
ਕੋਰੀ ਟਿੰਡ ਹੋਰ ਇਕ ਲੈਕੇ ਦੁੱਧ ਦੀ ਧਾਰ ਚੁਆਈ।
ਚੋਈ ਗਾਉਂ ਦੁੱਧ ਲੈ ਲਿੱਤਾ ਟਿੰਡਾਂ ਦੋਇ ਚੁਕਾਈਆਂ।
ਗੁਰੂ ਚਰਨ ਢਿਗ ਆਕੇ ਪਜਾਰੇ ਦੋਨੋਂ ਸਹਜ ਟਿਕਾਈਆਂ।
ਫਿਰ ਚਰਨਾਂ ਤੇ ਸੀਸ ਰੱਖਕੇ ਦਿਲ ਡੁਹਲੇ ਸਿਰ ਟੇਕੇ,
ਨੈਣੋਂ ਨੀਰ ਪ੍ਰੇਮ ਦਾ ਵਗਦਾ ਆਪਾ ਭੇਟਾ ਦੇ ਕੇ।
ਉਠ ਬੈਠੇ ਗੁਰ ਦੀਨ ਦਿਆਲੂ ਸਿਰ ਉਚਾਇ ਕੇ ਬੋਲੇ,
"ਹੇ ਬਾਲਕ ! ਕੀ ਚਾਹੇਂ ਸਾਥੋਂ? ਕੀ ਵਸਤੂ ਤੂੰ ਟੋਲੇਂ?"
ਦਿਲ ਭਿੱਜੇ ਮਨ ਭਿੰਨੇ ਨਾਲੇ ਪ੍ਰੇਮ ਨਾਲ ਇਉਂ ਕਹਿੰਦਾ:
"ਗੁਰੂ ਗੁਸਾਈਂ ਸ਼ਕਤੀ ਵਾਲੇ! ਮੈਂ ਦੁਖੀਆ ਹਾਂ ਰਹਿੰਦਾ।
ਮੈਨੂੰ ਖਾਵੇ ਹੈ ਡਰ ਭਾਰਾ ਮੌਤ ਡਰਾਵੇ ਦੇਂਦੀ,
ਡਰਦਾ ਹਾਂ ਦਿਨ ਰਾਤ ਗੁਰੂ ਜੀ ਜਿੰਦੜੀ ਹਾਹੁਕੇ ਲੈਂਦੀ।
ਜਨਮ ਮਰਨ ਕਟ ਦੇਵੋ ਮੇਰਾ ਇਹ ਅਰਦਾਸ ਕਰਾਵਾਂ,
ਏਹੋ ਦਾਨ ਗੁਰਾਂ ਦੇ ਦਰ ਤੋਂ ਆਜਜ਼ ਹੋਇ ਮੰਗਾਵਾਂ"
ਕਹਿਣ ਗੁਰੂ: "ਤੂੰ ਬਾਲਕ ਦਿੱਸੇਂ ਉਮਰਾ ਅਜੇ ਨਿਆਣੀ,
ਦੁੱਧ ਦੇ ਦੰਦ ਹੁਣੇ ਹੀ ਟੁੱਟੇ ਆਖੀ ਬਾਤ ਸਿਆਣੀ।
ਇਹ ਡਰ ਕਿੱਥੋਂ ਆਯਾ ਤੈਨੂੰ?
ਏ ਬੁਧਿ ਕਿੱਥੋਂ ਪਾਈ?
ਅਪਣੀ ਸਾਰੀ ਵਿਥਿਆ ਸਾਨੂੰ
ਬਾਲਕ! ਦਾਇ ਸੁਣਾਈ"!
ਬੂੜੇ ਕਿਹਾ: "ਗੁਰੂ ਜੀ!
ਏਥੇ ਡਾਢਿਆਂ ਦਾ ਦਲ ਆਯਾ,
ਕੱਚੀ ਪੱਕੀ ਡੱਡੀ ਖੇਤੀ,
ਜੋ ਡਿੱਠਾ ਵਢਵਾਯਾ।
ਵਰਤ ਲਿਆ ਧੱਕਾ ਕਰ ਲੀਤਾ,
ਲੈ ਕੇ ਤੁਰਦੇ ਹੋਏ,
ਦੇਖ ਰਿਦੇ ਮੈਂ ਸਹਮ ਉਪਜਿਆ
ਨੈਣ ਛਮਾ ਛਮ ਰੋਏ
ਏਹ ਜਰਵਾਣੇ ਵਢ ਲੈ ਗਏ
ਪੱਕੀ ਕੱਚੀ ਸਾਰੀ,
ਕੁੱਝ ਨ ਗਈਆ ਪੇਸ਼ ਕਿਸੇ ਦੀ
ਡਾਢਿਆਂ ਨਾਲ ਕਰਾਰੀ।
ਤਿਵੇਂ ਸੁਣੀਦਾ ਜਮ ਹੈ ਡਾਢਾ
ਲੁਣਦਾ ਜਿਉਂ ਜਰਵਾਣੇ,
ਪੱਕੀ ਕੱਚੀ ਡੱਡੀ ਵੱਢੇ
ਜੋ ਜੀ ਚੰਗੀ ਜਾਣੇ।
ਤਾਂ ਤੇ ਖ਼ਬਰੇ ਮੈਂ ਕਿਸ ਵੇਲੇ
ਕੱਚਾ ਬਾਲ ਇਆਣਾ
ਚੁਣਿਆ ਜਾਊਂ ਖੇਤੀ ਵਾਙੂ
ਜਮ ਦਾ ਝੱਲ ਪਿਛਾਂਣਾ।
ਸੋਚਾਂ: ਕਾਰ ਕਰਾਂ ਮੈਂ ਐਸੀ
ਦਿਲ ਥਹੁ ਸਿਰ ਜਿਉ ਆਵੇ
ਸੁਖੀ ਹੋਇ ਕੇ ਜਿੰਦੜੀ ਮੇਰੀ
ਭੈ ਡਰ ਤੋਂ ਛੁਟ ਜਾਵੇਂ।
ਸ਼ਰਨ ਆਪ ਦੀ ਸਭ ਤੋਂ ਵੱਡੀ
ਸਤਿਗੁਰ! ਦਾਸ ਤਕਾਈ,
ਚਰਨੀਂ ਲਾਇ ਬਚਾਵੋ ਬੱਚਾ
ਹੇ ਸਤਿਗੁਰ ਸੁਖਦਾਈ!"

☞(ਪੰਨਾ ੧੮ ਦੀ ਬਾਕੀ ਟੂਕ) ਪ੍ਰੇਮ ਅਤਿਸ਼ੈ ਕਰਕੇ ਹੋ ਗਿਆ, ਰਾਤ ਘਰ ਸੈਂ ਨਹੀਂ ਸਕਿਆ, ਤੜਕੇ ਹੀ ਮੱਖਣ ਭੇਟਾ ਲੈਕੇ ਆ ਹਾਜ਼ਰ ਹੋਇਆ। ਇਸ ਮੱਖਣ ਪਰ ਸਤਿਗੁਰੂ ਜੀ ਦੀ ਵਾਰਤਾਲਾਪ ਹੋਈ, ਜਿਸ ਪਰ ਆਪ ਨੇ ਫੁਰਮਾਇਆ ਤੂੰ ਬੁੱਢਿਆਂ ਵਰਗੀਆਂ ਗੱਲਾਂ ਕਰਦਾ ਹੈਂ। ਉਸ ਵੇਲੇ ਪੂਰਨ ਪਦ ਦੀ ਬਖਸ਼ਿਸ਼ ਕੀਤੀ ਤੇ ਬੁੱਢਾ ਨਾਮ ਦਿੱਤਾ। ਦਿਨ ਹੋਏ ਮਾਪੇ ਲਭਦੇ ਆਏ ਤਾਂ ਉਹਨਾਂ ਨੇ ਡਿੱਠਾ ਕਿ ਬੱਚਾ ਬੁੱਢਾ ਦਿੱਸ ਪੈਂਦਾ ਹੈ; ਸੋ ਉਹ ਉਸ ਨੂੰ ਓਥੇ ਹੀ ਛੱਡਕੇ ਟੁਰ ਗਏ ਤੇ ਬੁੱਢਾ ਗੁਰੂ ਦੁਆਰੇ ਹੀ ਰਹਿ ਪਿਆ।

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁਰ: ਨਾ: ਸਾ: ੪੩੭ (੧੯੩੫ ਈ:) ਨੂੰ ਖਾ: ਸਮਾ: ਵਿਚ ਪ੍ਰਕਾਸ਼ਿਆ ਸੀ।

ਸੁਣਕੇ ਵਾਕ ਗੁਰਾਂ ਨੇ ਕਹਿਆ: "ਸੁਣ ਹੇ ਬਾਲ ਇਵਾਣੇ!
ਵਾਕ ਕਰੇ ਤੈਂ ਬ੍ਰਿੱਧਾਂ ਵਾਲੇ, 'ਬ੍ਰਿਧ ਸੁਖਾਂ' ਨੂੰ ਮਾਣੇਂ।
ਹੇ ਬੁੱਢੇ ਜੋ ਦਿੱਸੇਂ ਬਾਲਕ! ਸੁਰਤ ਜੁ ਤੈਂ ਵਿਚ ਪਾਈ,
ਸੱਚੇ ਸਾਈਂ ਡੋਰੀ ਜਿਸ ਦੀ ਤੇਰੇ ਹੱਥ ਫੜਾਈ
ਓਸ ਸੁਰਤ ਨੂੰ ਹੋਰ ਕਾਰ ਤੇ ਲਾਣਾ ਨਾਹੀ ਬਾਲੇ!
ਪਰਮੇਸ਼ੁਰ ਦੇ ਚੇਤੇ ਅੰਦਰ ਉਸ ਨੂੰ ਤੂੰ ਨਿਤ ਪਾਲੇਂ।
"ਸੁਰਤ ਗਊ ਦੀ ਵੱਛੇ ਅੰਦਰ ਜਿੱਕੁਰ ਸਦਾ ਰਹਾਵੇ,
"ਜਦ ਉਹ ਚਰਨ ਬਾਹਰ ਨੂੰ ਜਾਵੇ ਮੁੜ ਸੰਝਾਂ ਘਰ ਆਵੇ;
"ਤਿੱਕੁਰ ਸੁਰਤਿ ਪ੍ਰਭੂ ਦੀ ਚਰਨੀਂ ਹਰਦਮ ਲਾਈ ਰੱਖੀਂ।
"ਹੱਥੀਂ ਕਾਰ ਜਗਤ ਦੀ ਕਰਕੇ ਸੇਵਾ ਦਾ ਸੁਖ ਚੱਖੀਂ।
"ਯਾਦ ਕਰਨ ਦੀ ਡੋਲ ਪਿਆਰੇ- ਨਾਮ ਵਿਖੇ ਲਿਵ ਲਾਈਂ!
"ਲਿਵ ਲਾਈਂ, ਲਿਵ ਛੱਡੀਂ ਨਾਹੀਂ ਟੁੱਟੇ ਫੇਰ ਗੰਵਾਈਂ।
"ਜਮ ਕੰਕਰ ਫਿਰ ਦੂਰ ਰਹਾਵੇ ਜਨਮ ਮਰਨ ਮਿਟ ਜਾਵੇ,
"ਉਮਰ ਵਡੇਰੀ ਤੇਰੀ ਹੋਈ ਗੁਰ ਸਿੱਖੀ ਸੁਖ ਪਾਵੇਂ।"
ਚਰਨ ਪਕੜਕੇ ਬਾਲਕ ਬੂੜਾ 'ਭਾਈ ਬੁੱਢਾ' ਹੋਇਆ।
ਜੋ ਕੁਝ ਦਾਤ ਗੁਰਾਂ ਨੇ ਦਿਤੀ ਰੱਖਜਾ ਕੰਠ ਪਰੋਇਆ।
ਭਾਈ ਬੁੱਢਾ ਓਹੋ ਹੈ ਏ ਛੇਵੇਂ ਗੁਰ ਤਕ ਜੋਈ,
ਗੁਰ ਸੰਗਤ ਵਿਚ ਰਿਹਾ ਜੀਉਂਦਾ ਹਉਮੈਂ ਮੂਲੋਂ ਖੋਈ।
ਗੁਰ ਦੂਜੇ ਤੀਜੇ ਦੇ ਵੇਲੇ ਗੁਰ ਜਿਨ ਖੋਜ ਲਭਾਏ,
ਸੰਗਤ ਦੁਖੀ ਸੁਖੀ ਕਰਿ ਦਿਤੀ ਸੇਵਾ ਕਾਰ ਕਮਾਏ।
ਹੋ ਵਜ਼ੀਰ ਗੁਰ ਘਰ ਦਾ ਇਸ ਨੇ ਉਮਰਾ ਸਫਲੀ ਕੀਤੀ।
ਹਰਿਮੰਦਰ ਸੇਵਾ ਵਿਚ ਜਿਸ ਨੇ ਕੀਰਤਿ ਜਗ ਦੀ ਲੀਤੀ।
ਛੇਵੇਂ ਗੁਰ ਨੂੰ ਬਾਲਪਨੇ ਵਿਚ ਬੁੱਢੇ ਪਾਸ ਬਿਠਾਇਆ,
ਗੁਰ ਅਰਜਨ ਨੇ ਗੁਰਮੁਖਿ ਵਿਦਜਾ ਪੜ੍ਹਨੇ ਉਸ ਤੋਂ ਲਾਇਆ।
ਤਿਲਕ ਦੇਣ ਮਰਿਯਾਦ ਗੁਰੂ ਨੂੰ ਕਰਦੇ ਆਪ ਰਹਾਏ,
ਜੋ ਸਤਿਗੁਰ ਜਦ ਗੱਦੀ ਬੈਠਣ ਬੁੱਢਾ ਤਿਕਲ ਲਗਾਏ।
ਫਿਰ ਸੰਤਾਨ ਉਨ੍ਹਾਂ ਦੀ ਕਰਦੀ ਇਹ ਮਰਿਜਾਦ ਰਹਾਈ,
ਦਸਵੇਂ ਗੁਰ ਤਕ ਸਭਨਾਂ ਨੇ ਗੁਰ- ਸਿੱਖੀ ਓੜ ਨਿਭਾਈ।

ਸੂਚਨਾ-ਜਦ ਸਤਿਗੁਰੂ ਜੀ ਏਥੇ-ਕਰਤਾਰ ਪੁਰ ਟਿਕ ਗਏ ਤਾਂ ਬਾਬਾ ਕਾਲੂ ਜੀ ਬੀ ਪਰਵਾਰ ਸਮੇਤ ਏਥੇ ਆ ਗਏ। ਪੁਰਾਤਨ ਜਨਮ ਸਾਖੀ ਵਿਚ ਐਉਂ ਲਿਖਿਆ ਹੈ:-

"ਤਾ ਪਿਛਹੁੰ ਕਾਲੂ ਆਪਣੇ ਆਦਮੀ ਸਭ ਲੈ ਕਰ ਬਾਬੇ ਪਾਸ ਆਇਆ! ਬਾਬਾ ਟਿਕਿਆ, ਸੰਗਤ ਸਿਖ ਲੱਗੇ ਹੋਂਦੇ ਜਾਣ। ਬਾਬੇ ਉਹ ਭੇਖ ਉਤਾਰਿਆ। ਇਕ ਚਾਦਰ ਹੇਠ, ਇਕ ਚਾਦਰ ਉਪਰ, ਇਕ ਪਟਕਾ ਸਿਰ, ਨਿਰੰਜਨ ਨਿਰੰਕਾਰ ਦਾ ਸਰੂਪ ਧਾਰਿਆ ਜਗਤ ਨਿਸਤਾਰਣ ਕੇ ਤਾਂਈ। ਜਗਤ ਵਿਚ ਡੋਰੀ ਉਭਰ ਗਈ, ਜੋ ਵਾਹੁ ਵਾਹੁ ! ਨਾਨਕ ਜੀ, ਵਾਹੁ ਵਾਹੁ ! ਵਡਾ ਭਗਤ ਪੈਦਾ ਹੋਆ ਹੈ। "

ਉਪਰ ਲਿਖੇ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਕਰਤਾਰ ਪੁਰ ਵਿਚ 'ਜਗਤ ਗੁਰੂ' ਹੋ ਬਿਰਾਜ ਗਏ ਤੇ ਬੈਠਕੇ ਲਗੇ ਹੁਣ ਵਾਹਿਗੁਰੂ ਜੀ ਦੇ ਸ਼ਬਦ ਸੋਹਿਲੇ ਦਾ ਪ੍ਰਚਾਰ ਕਰਨ। ਦੂਰ ਦੂਰ ਦੇਸ਼ਾਂ ਤੋਂ ਤੇ ਪੰਜਾਬ ਸਾਰੇ ਤੋਂ ਲੋਕ ਆਉਣ ਲਗੇ। ਸਾਰੇ ਦੇਸ਼ ਵਿਚ ਧੁੰਮ ਪੈ ਚੁਕੀ ਸੀ, ਸਿਧ ਜੋਗੀ ਤੇ ਪੀਰ ਫਕੀਰ, ਜਿਨ੍ਹਾਂ ਦਾ ਜ਼ੋਰ ਸੀ, ਬਹੁਤੇ ਸਿਖ ਹੋ ਚੁਕੇ ਸਨ ਤੇ ਆਪ ਦਾ ਲੋਹਾ ਮੰਨ ਚੁਕੇ ਸਨ। ਜੇ ਕੋਈ ਉਲਰਦਾ ਤੇ ਆ ਟੱਕਰਦਾ ਸੀ ਤਾਂ ਸਿੱਧਾ ਤੁੱਕ ਹੋਕੇ ਜਾਂਦਾ ਸੀ। ਕਰਤਾਰ ਪੁਰ ਵਿਚ ਬੜਾ ਅਸਚਰਜ ਪ੍ਰਵਾਹ ਸਤਿਸੰਗ ਦਾ ਤੁਰਿਆ, ਪਿਆਰ ਭ੍ਰਾਤਰੀ ਭਾਵ, ਜੋ ਪੰਜਾਬ ਵਿਚ ਹੈ ਨਹੀਂ ਸੀ, ਗੁਰ ਸਿਖਾਂ ਦੇ ਜੀਵਨਾਂ ਤੋਂ ਸੂਰਜ ਦੀਆਂ ਲਾਂਸਾਂ ਵਾਂਙੂ ਚਾਰ ਚੁਫੇਰੇ ਛੁਟ ਪਿਆ। ਸੁਚਾ ਜੀਵਨ, ਪਵਿੱਤ੍ਰ ਆਚਰਨ ਤੇ ਸਚੇ ਗੁਰ ਸਿਖਾਂ ਦੇ ਜੀਵਨਾਂ ਤੋਂ ਤਿਲੇ ਦੀਆਂ ਤਾਰਾਂ ਵਾਂਙੂ ਚਮਕਾਰੇ ਮਾਰਨ ਲਗ ਪਿਆ। ਵਾਹਿਗੁਰੂ ਨਾਲ ਪ੍ਰੇਮ, ਅੰਤਰ ਆਤਮੇ ਮਨ ਦਾ ਰੁਖ ਸਾਂਈਂ ਵਲ, ਕੰਮ ਕਾਜ ਕਰਦੇ ਲਗੇ ਰਹਿਣਾ, ਇਹ ਹੀਰਾ ਕਣੀ ਵਾਂਗ ਸਿਖਾਂ ਦੇ ਅੰਦਰੀਂ ਜੜਿਆ ਹੋਇਆ ਉਹਨਾਂ ਦੇ ਮਸਤਕਾਂ ਤੋਂ ਚਮਕਾਰੇ ਮਾਰਨ ਲਗ ਪਿਆ। ਨਾਮ ਦਾ ਲਾਲ ਗੁਝਾ ਸੀ, ਗੁਹਜ ਅੰਦਰ ਵਸਦਾ ਸੀ, ਪਰ ਮਥੇ ਦੀ ਲਿਸ਼ਕ ਵਿਚ ਪ੍ਰਗਟਦਾ ਸੀ, ਲੋਕੀਂ ਦੇਖ ਦੇਖ ਹੈਰਾਨ ਹੁੰਦੇ ਤੇ ਢੁਕ ਢੁਕ ਆਉਂਦੇ ਸੇ। ਦੇਸ਼ ਵਿਚ ਪਹਿਲੋਂ ਬੀ ਸਿਧ ਪੀਰ ਗੁਰੂ ਚੇਲੇ ਮੁਰੀਦ ਸਭੋ ਕੁਛ ਹੈਸੀ, ਪਰ ਯੋਗਕ ਸਮਾਧੀਆਂ ਦੀ ਥਾਂ ਸ਼ਰਾਬਾਂ ਦੀ ਮਸਤੀ ਪਰਵਿਰਤ ਸੀ, ਜਿਸ ਦਾ ਸਬੂਤ ਸਤਿਗੁਰੂ ਜੀ ਦੇ ਸ਼ਬਦਾਂ ਤੋਂ ਮਿਲਦਾ ਹੈ ਕਿ ਸਿਧਾਂ ਜੋਗੀਆਂ ਨਾਲ ਬਹਿਸ ਵੇਲੇ ਗੁੜ, ਧਾਵੇ, ਕਸ, ਭਬਕਾ ਚੁਆਉਣਾ, ਹੋਛਾ ਮਦ ਆਦਿ ਸਾਰੇ ਸ਼ਰਾਬ ਸੰਬੰਧੀ ਪਦ ਆਉਂਦੇ ਹਨ। 'ਮੁਰੀਦੀ ਪੀਰੀ' ਤੇ 'ਗੁਰੂ ਚੇਲਾ' ਇੰਨੀ ਗਲ ਦਾ ਨਾਉਂ ਹੀ ਰਹਿ ਗਿਆ ਸੀ:-ਗਏ ਪੀਰ ਸਿਧ ਪਾਸ, ਅਗੇ ਭੇਟਾ ਧਰੀ, ਕੰਨ ਵਿਚ ਮੰਤ੍ਰ' ਸੁਣਿਆਂ ਤੇ ਘਰ ਆ ਗਏ। ਬ੍ਰਾਹਮਣ ਘਰ ਸੱਦਿਆ, ਤਾਗਾ ਗਲੇ ਪੁਆਇਆ, ਕੰਨ ਵਿਚ ਮੰਤ੍ਰ ਸੁਣਿਆਂ, ਭੇਟ ਦਿਤੀ ਤੇ ਕੰਮ ਮੁੱਕ ਗਿਆ; ਨਾ ਭਜਨ ਨਾ ਬੰਦਗੀ, ਨਾ ਨਾਮ ਜਪਣਾ, ਨਾ ਨਾਮ ਜਪਕੇ ਅੰਦਰਲੇ ਵਿਚ ਜਾਗ੍ਰਤ ਆਕੇ ਸਦਾ ਦਾ ਰੁਖ ਸਾਈਂ ਵੰਨੇ ਲਗਣਾ। ਅੰਦਰਲੇ ਦੀ ਤ੍ਰਿਸ਼ਨਾ ਮਈ ਰੁਚੀ ਸੰਸਾਰ ਵੱਲ ਤੇ ਪਸ਼ੂ ਬ੍ਰਿਤੀ ਵਲ ਅਭੋਲ ਲਗੀ

ਰਹਿਣੀ, ਕੋਈ ਅੰਦਰਲਾ ਰੁਖ਼ 'ਲਿਵ' ਵਲ ਨਾ ਪੈਣਾ। ਦੂਜੇ, ਚਾਲ ਚਲਣ (ਸ਼ੁਭ ਆਚਰਨ) ਦੀ ਪਰਵਾਹ ਹੀ ਕੋਈ ਨਾਂ। ਨਿਰੇ ਮੰਤਰ ਫੂਕ ਕੇ ਗੁਰੂ ਬਣਨ ਵਾਲਿਆਂ ਦੇ ਆਪਣੇ ਆਚਰਨ ਮਾੜੇ, ਮਗਰ ਲੱਗਣ ਵਾਲਿਆਂ ਨੂੰ ਉਹਨਾਂ ਨੇ ਆਚਰਣ ਦੀ ਪਵਿੱਤ੍ਰਤਾ ਦਾ ਖਿਆਲ ਹੀ ਨਾ ਦੇਣਾ; ਸਗੋਂ ਕਈਆਂ ਨੇ ਕਹਿ ਦੇਣਾ ਕਿ ਸਾਡੇ ਮੰਤਰ ਲੈਣ ਵਾਲੇ ਨੂੰ ਸ਼ੁਭ ਕਰਮਾਂ ਦੀ ਕੋਈ ਲੋੜ ਨਹੀਂ ਹੈ। ਦੇਸ਼ ਦਾ ਇਖ਼ਲਾਕ ਗਿਰ ਰਿਹਾ ਸੀ। ਉਤੋਂ ਰਾਜ ਪਹਿਲੇ ਪਠਾਣਾਂ ਦਾ ਬੜੇ ਜ਼ੁਲਮ ਵਾਲਾ ਸੀ, ਉਸ ਜ਼ੁਲਮ ਹੇਠ ਝੂਠ, ਫਰੇਬ, ਕਾਇਰਤਾ ਵਧ ਚੁੱਕੀ ਤੇ ਇਖਲਾਕ ਗਿਰ ਚੁਕਾ ਸੀ। ਨੇਮ ਹੈ ਕਿ ਜ਼ੁਲਮ ਦੀ ਛਾਵੇਂ ਝੂਠ ਪਲਦਾ ਹੈ। ਫੇਰ ਮੁਗ਼ਲਾਂ ਦਾ ਰਾਜ ਆਇਆ। ਇਹ ਬੀ ਅਜੇ ਨਵਾਂ ਸੀ ਤੇ ਹਮਦਰਦੀ ਫੂਕਣ ਵਾਲਾ ਨਹੀਂ ਸੀ ਤੇ ਨਾ ਇਨ੍ਹਾਂ ਨੂੰ ਪਰਜਾ ਦੇ ਇਖ਼ਲਾਕ ਸੁਧਾਰਨ ਦੀ ਲੋੜ ਸੀ। ਸਗੋਂ ਬਦੇਸ਼ੀ ਪਾਤਸ਼ਾਹ ਚਾਹੁੰਦੇ ਸਨ ਕਿ ਪਰਜ਼ਾ ਦਾ ਇਖ਼ਲਾਕ ਨੀਵਾਂ ਰਹੇ ਕਿਉਂਕਿ ਨੀਵੇਂ ਇਖ਼ਲਾਕ ਵਾਲੇ ਖ਼ੁਦਗਰਜ਼ ਤੇ ਸੁਆਰਥੀ ਹੁੰਦੇ ਹਨ, ਸਾਂਝੇ ਕੰਮ ਲਈ ਕੁਰਬਾਨੀ ਨਹੀਂ ਕਰ ਸਕਦੇ, ਸਾਂਝੇ ਕੰਮ ਲਈ ਜੁੜ ਨਹੀਂ ਸਕਦੇ, ਨਾ ਜੁੜਨ ਕਰਕੇ ਕਮਜ਼ੋਰ ਰਹਿੰਦੇ ਹਨ ਤੇ ਕਮਜ਼ੋਰ ਪਰਜਾ ਪਰ ਰਾਜਾ ਚੰਗਾ ਸਿੱਕਾ ਜਮਾ ਸਕਦਾ ਹੈ। ਇਧਰ ਤਾਂ ਦੇਸ਼ ਦੇ ਆਗੂਆਂ, ਸਿੱਧਾਂ, ਪੀਰਾਂ, ਮੁਲਾਂ, ਬ੍ਰਾਹਮਣਾਂ ਵਲੋਂ ਪਰਜਾ ਤੇ ਅੰਧਕਾਰ ਪੈਂਦਾ ਸੀ ਤੇ ਉਧਰ ਰਾਜਾ ਵਲੋਂ ਜ਼ੁਲਮ ਯਾ ਨਾ-ਹਮਦਰਦੀ ਦਾ ਗੁਬਾਰ ਛਾਉਂਦਾ ਸੀ, ਉਸ ਘਬਰਾ ਤੇ ਹੁੰਮਸ ਧੁੰਮਸ ਵਿਚ ਗੁਰੂ ਬਾਬੇ ਨੇ ਸੂਰਜ ਚਾੜ੍ਹ ਦਿੱਤਾ, ਘਰ ਦੀਪ ਜਗਾ ਦਿੱਤੇ। ਆਤਮਾ ਨੂੰ ਪਰਮਾਤਮਾ ਦਾ ਧਯਾਨ ਦੇਕੇ ਸੁੱਤਾ ਜਗਾਕੇ ਉੱਚਾ ਕਰ ਦਿੱਤਾ, ਸਦੀਆਂ ਦੀ ਢੱਠੀ ਦੇਸ਼ ਸੀ ਸੁਰਤ ਉੱਚੀ ਕਰ ਦਿਤੀ, ਮਨ ਨੂੰ ਇਖ਼ਲਾਕ ਨਾਲ ਧੋਕੇ ਉੱਜਲ ਕਰ ਦਿੱਤਾ, ਮੋਇਆ ਤਾਣ ਜਾਗ ਪਿਆ, ਮਰ ਚੁਕੀ ਆਨ ਜੀ ਉਠੀ। ਲੋਕੀ ਮੰਦੇ ਕਰਮਾਂ ਤੋਂ ਸੂਗ ਖਾਣ ਲੱਗੇ, ਕਾਇਰਤਾ ਦੇ ਮਨ ਵਿਚ ਆਉਣ ਵੇਲੇ ਮਨੋਂ ਤਕੜੇ ਹੋਕੇ ਦੁਖ ਝੱਲਣ ਤੇ ਕੁਰਬਾਨੀ ਦੇ ਤਾਣ ਵਿਚ ਸਮਰੱਥਾ ਦੱਸਣ ਲੱਗੇ। ਆਪੇ ਵਿਚ ਦੀ, ਜੋ ਵਰਤਣ ਸੁਆਰਥ ਦੀ ਹੋ ਰਹੀ ਸੀ, ਉਹ ਪਿਆਰ ਵਿਚ ਬਦਲੀਣ ਲੱਗੀ। ਇਕ ਦੂਜੇ ਨੂੰ ਦੁਖ ਦੇਕੇ ਯਾ ਦਗ਼ਾ ਕਰਕੇ ਆਪਣਾ ਲਾਭ ਕੱਢਣ ਦੀ ਥਾਂ ਇਕ ਦੂਜੇ ਦਾ ਭਲਾ ਕਰਨ ਤੇ ਆਪਾ ਵਾਰਕੇ ਸੁਖ ਦੇਣ ਦੀ ਬਾਣ ਪੈਣ ਲੱਗ ਪਈ। ਵੇਦ ਉਪਨਿਖਧ ਸ਼ਾਸਤ੍ਰ ਸੰਸਕ੍ਰਿਤ ਵਿਚ ਸਨ; ਕੁਰਾਨ ਅਰਬੀ ਵਿਚ ਸੀ, ਦੋਇ ਬੋਲੀਆਂ ਆਮ ਲੋਕਾਂ ਦੀ ਸਮਝ ਤੋਂ ਪਰੇ ਸਨ। ਬ੍ਰਾਹਮਣ ਤੇ ਕਾਜ਼ੀ ਆਪਣੇ ਸੁਆਰਥ ਲਈ ਲੋਕਾਂ ਨੂੰ ਅੱਗਜ ਰੱਖਣ ਵਿਚ ਚੁਸਤ ਸਨ। ਪਰ ਹੁਣ ਸਤਿਗੁਰੂ ਜੀ ਦਾ ਦਿੱਤਾ ਰੱਬੀ ਸੁਨੇਹਾ 'ਗੁਰਬਾਣੀ' ਲੋਕਾਂ ਦੀ ਬੋਲੀ ਵਿਚ ਆ ਗਈ, ਜੋ ਚਾਹੇ ਬਾਣੀ ਲਿਖ ਲਵੇ। ਕਿਸੇ ਟਾਕਰੇ ਅੱਖਰਾਂ ਵਿਚ, ਕਿਸੇ ਸ਼ਾਰਦਾ ਵਿਚ, ਕਿਸੇ ਹੋਰ ਪਹਾੜੀ; ਕਿਸੇ ਫਾਰਸੀ ਅੱਖਰਾਂ ਵਿਚ ਇਹ ਬਾਣੀ ਲਿਖਕੇ ਰੱਬੀ ਗਜਾਨ ਦਾ ਖਜ਼ਾਨਾ ਸਹਿਲਾ ਅਪਣੇ ਪਾਸ ਕਰ ਲਿਆ।

ਇਸ ਪ੍ਰਕਾਰ ਦਾ ਜਾਗਿਆਂ ਹੋਇਆਂ ਦਾ ਇਕ ਮੰਡਲ ਰੂਪਧਾਰੀ ਹੋਕੇ ਦਿੱਸਣ ਲੱਗ ਪਿਆ। ਅੱਗੇ ਜੇ ਕਦੇ ਕਿਤੇ ਕੋਈ ਸੱਚ ਦੀ ਭਾਲ ਤੁਰਦੀ ਸੀ ਤਾਂ ਤਅੱਸਬ ਮੋਹਰੀ ਹੁੰਦੀ ਸੀ। ਮੁਸਲਮਾਨ ਹਿੰਦੂਆਂ ਨੂੰ ਬੁਤ-ਪ੍ਰਸਤ; ਨੀਚ ਤੇ ਘ੍ਰਿਣਤ ਸਮਝਦੇ ਸਨ। ਹਿੰਦੂ ਹੀਣੇ ਸਨ, ਪਰ ਮੁਸਲਮਾਨ ਨੂੰ ਸਮਝਦੇ ਮਲੇਛ ਸਨ। ਇਹ ਨਫ਼ਰਤ ਦੇਸ਼ ਲਈ ਫੁਟ ਦਾ ਕਾਰਨ ਸੀ ਤੇ ਪਰਜਾ ਦੇ ਸੁਖ ਲਈ ਕਲੇਸ਼ ਦਾਤੀ ਸੀ। ਇਹੋ ਫੁਟ ਕਲਯਾਨ ਮਾਰਗ ਅੱਗੇ ਰੋਕ ਸੀ। ਇਸ ਨਵੇਂ ਭਾਈਚਾਰੇ ਵਿਚ ਕਿਸੇ ਮਤ ਨਾਲ ਦ੍ਵੈਸ਼ ਨਹੀਂ ਸੀ। ਤਅੱਸਬ ਦੇ ਸੇਕ ਨਾਲ ਸੜੇ ਹੋਏ ਲੋਕਾਂ ਵਿਚ ਇਹ ਨਵੀਂ ਰਵਸ਼ ਇਕ ਠੰਢ ਪਾਉਣ ਵਾਲੀ ਮਲ੍ਹਮ ਸੀ। ਸੋ ਇਸ ਜਾਗੇ ਪੁਰਸ਼ਾਂ ਦੇ ਨਮੂਨੇ ਨੇ ਸਾਰੇ ਪੰਜਾਬ ਵਿਚ ਮਾਨੋਂ ਖਮੀਰ ਲਾਉਣਾ ਸ਼ੁਰੂ ਕਰ ਦਿੱਤਾ। ਲੋਕੀ ਤੁਰੇ ਆਉਣ ਤੇ ਸਿੱਖ ਹੁੰਦੇ ਚਲੇ ਜਾਣ<sup></sup>[1]। ਉਧਰ ਪੁਰਾਣੇ ਪੀਰਾਂ, ਸਿੱਖਾਂ, ਗੁਰੂਆਂ, ਬ੍ਰਾਹਮਣਾਂ ਦੀ ਜਾਗ ਖੁੱਲ੍ਹਣ ਲੱਗੀ ਕਿ ਲੋਕ ਸਾਡੇ ਹੱਥੋਂ ਨਿਕਲ ਚਲੇ ਹਨ। ਉਹਨਾਂ ਨੇ ਵੀ ਆਪਣੇ ਰਵੱਯੇ ਬਦਲਣੇ ਸ਼ੁਰੂ ਕਰ ਦਿੱਤੇ ਤੇ ਕਈ ਆਗੂ ਤਾਂ ਸਤਿਗੁਰੂ ਨੇ ਆਪ ਉਹਨਾਂ ਦੇ ਘਰੀਂ ਜਾਕੇ ਸਿੱਧੇ ਰਸਤੇ ਪਾ ਦਿੱਤੇ ਸਨ ਤੇ ਕਈ ਉਂਥੇ ਚਰਚਾ ਵਾਦ ਕਰਨ ਆਏ ਸੁਮਾਰਗ ਲੱਗ ਕੇ ਗਏ ਸੇ। ਇਸ ਤਰ੍ਹਾਂ ਇਕ ਨਮੂਨੇ ਦਾ ਪਿਆਰ ਵਾਲਾ ਮਜ਼ਹਬ ਕਾਇਮ ਕਰਕੇ ਤੇ ਇਕ ਵੰਨਗੀ ਦੀ ਟਕਸਾਲ ਦਾ ਟਿਕਾਣਾ 'ਕਰਤਾਰਪੁਰ' ਬੰਨ੍ਹਕੇ ਸਤਿਗੁਰ ਜੀ ਫੇਰ ਟੋਰ ਉਦਾਸੀ ਦੀ ਤਿਆਰੀ ਕਰਨ ਲਗੇ। ਭਾਈ ਮਰਦਾਨਾ ਕੀਰਤਨ ਲਈ ਪਿਛੇ ਛੋੜਿਆ, ਭਾਈ ਭਗੀਰਥ ਸੇਵਾ ਲਈ ਤੇ ਹੋਰ ਅਨੇਕਾਂ ਸਿੱਖ ਗੁਰਬਾਣੀ ਦਾ ਪ੍ਰਚਾਰ ਤੇ ਸਿਖ ਮਤ ਦੇਣ ਲਈ ਉਦਜਤ ਕੀਤੇ ਹੋਏ ਪਿੱਛੇ ਛੱਡੇ।

ਇਸ ਸਮੇਂ ਦੇ ਤਯਾਰ ਹੋਏ ਸਿਖਾਂ ਵਿਚੋਂ ਜੋ ਚੋਟੀ ਦੇ ਆਗੂਆਂ ਦੇ ਦਰਜੇ ਦੇ ਸਨ ਕੁਝਕ ਦੇ ਨਾਮ ਸਾਨੂੰ ਭਾਈ ਗੁਰਦਾਸ ਜੀ ਦੀ ਵਾਰ ਵਿਚ ਲੱਭਦੇ ਹਨ ਤੇ ਉਹਨਾਂ ਦੇ ਜੀਵਨ ਦੇ ਕਿਸੇ ਇਕ ਇਕ ਕ੍ਰਿਸ਼ਮੇ ਦਾ ਜ਼ਿਕਰ ਭਗਤ ਰਤਨਾਵਲੀ ਵਿਚ ਲੱਭਦਾ ਹੈ ਵੰਨਗੀ ਲਈ ਅਸੀਂ ਕੁਛ ਨਮੂਨੇ ਅੱਗੇ ਦੱਸਦੇ ਹਾਂ, ਜਿਨ੍ਹਾਂ ਤੋਂ ਪਤਾ ਲਗੇਗਾ ਕਿ ਪਰਉਪਕਾਰ ਤੇ ਭਰਾਤਰੀ ਭਾਵ ਦੇ ਕਿਡੇ ਉੱਚੇ ਆਦਰਸ਼ ਕਾਇਮ ਹੋ ਗਏ ਸਨ।

---

[1] ਪੁਰਾਤਨ ਜਨਮ ਸਾਖੀ ਵਿਚ ਕਰਤਾਰ ਪੁਰ ਬੰਨ੍ਹਣੇ ਪਰ ਜੋ ਸਿਖੀ ਵਿਚ ਲੋਕਾਂ ਦੇ ਦਾਖਲ ਹੋਣ ਦਾ ਅੰਦਾਜ਼ਾ ਦਿੱਤਾ ਹੈ ਇਸ ਪ੍ਰਕਾਰ ਹੈ:-"ਲੋਕ ਬਹੁਤ ਜੁੜਿਆ, ਮੁਰੀਦ ਭੀ ਹੋਵਨਿ, ਜੋ ਆਵੈ ਸੋ ਪਰਚਾ ਜਾਵੈ। .....ਖਰਾ ਬਹੁਤ ਗੌਂਗਾ ਹੋਇਆ: ....ਹਿੰਦੂ, ਮੁਸਲਮਾਨ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪੀਏ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ, ਗ੍ਰਿਹਸਤੀ, ਵੈਰਾਗੀ, ਖਾਨ; ਖਨੀਨ; ਉਮਰੇ; ਉਮਰਾਉ; ਕਰੋੜੀਏ; ਜ਼ਿਮੀਦਾਰ: ਭੂੰਮੀਏ; ਜੋ ਕੋ ਆਵੈ ਪਰਚਾ ਜਾਵੈ: ਸਭੇ ਲੋਕ ਉਸਤਤ ਕਰਨਿ। " ਇਸ ਤੋਂ ਸੌਖਾ ਹੀ ਖਿਆਲ ਬਣ ਸਕਦਾ ਹੈ ਕਿ ਉਸ ਵੇਲੇ ਦੇ ਸਿਖਾਂ ਦੀ ਗਿਣਤੀ ਹਜ਼ਾਰਹਾਂ ਯਾ ਵਧੀਕ ਦੀ ਸੀ। ਭਾਈ ਗੁਰਦਾਸ ਨੇ ਜੋ ਨਾਮ ਦਿੱਤੇ ਹਨ: ਉਹ ਚੋਟੀ ਦੇ ਗੁਰਮੁਖਾਂ ਦੇ ਨਾਂ ਸਮਝਣੇ ਚਾਹੀਏ। ਇਨ੍ਹਾਂ ਵਿਚ ਭਾਈ ਬੁੱਢਾ; ਭਾਈ ਮਰਦਾਨਾਂ, ਭਾਈ ਅਜਿੱਤਾ, ਭਗੀਰਥਾ ਆਦਿ ਨਾਮ ਸ਼ਾਮਲ ਹੋਣ ਕਰਕੇ ਇਹੋ ਰਾਹਨੁਮਾਈ ਮਿਲਦੀ ਹੈ ਕਿ ਏਹ ਨਾਮ ਚੋਟੀ ਦੇ ਗੁਰਮੁਖਾਂ ਦੇ ਜਾਂ ਉਹਨਾਂ ਵਿਚੋਂ ਭੀ ਥੋੜਿਆਂ ਦੇ ਹਨ; ਜਿਨ੍ਹਾਂ ਦੇ ਨਾਮ ਦੇਣ ਦੀ ਭਾਈ ਜੀ ਨੂੰ ਖਾਸ ਲੋੜ ਭਾਸੀ; ਕਿਉਂਕਿ ਕਈ ਕਈ ਚੋਟੀ ਦੇ ਸਿਖਾਂ ਦੇ ਨਾਮ ਭਾਈ ਗੁਰਦਾਸ ਦੀ ਇਸ ਫਹਿਰਿਸਤ ਵਿਚ ਨਹੀਂ ਹਨ; ਮਸਲਨ;-ਮਨਸੁਖ; ਰਾਜਾ ਸ਼ਿਵਨਾਭ; ਝੰਡਾ ਬਾਢੀ; ਸਾਲਸ ਰਾਇ ਜਿਸ ਦੀ ਕਵਿਤਾ ਬੀ ਮਿਲਦੀ ਹੈ। ਕੋੜ੍ਹਿਆ ਜਿਸ ਨੇ ਭੌਂ ਦੇਕੇ ਕਰਤਾਰ ਪੁਰ ਬੱਧਾ, ਦੋਦਾ, ਬ੍ਰਹਮ ਦਾਸ ਕਸ਼ਮੀਰੀ ਤੇ ਸੱਜਣ (ਠੱਗ) ਏਹ ਨਾਮ ਭਾਈ ਗੁਰਦਾਸ ਵਿਚ ਨਹੀਂ ਪਰ ਹੋਰ ਇਤਿਹਾਸਾਂ ਵਿਚ ਆਏ ਹਨ।

ਸੂਚਨਾ ੨. ਗੁਰ ਦੀਖਤਾ[1]-

ਸਿੱਖਾਂ ਨੂੰ ਗੁਰੂ ਜੀ ਪਾਸੋਂ (੧) ਇਕ ਤਾਂ ਉਪਦੇਸ਼ ਮਿਲਦਾ ਸੀ ਕਿ ਜਿਸ ਨਾਲ ਉਹ ਸੰਸਾਰ ਵਿਚ ਮੁਗਧ ਅਚੇਤ ਜੀਵਨ ਤੋਂ ਜਾਗ ਉਠਦੇ ਸੇ,

(੨) ਜਾਗ ਉਠੇ ਜੋ ਕਲਤਾਨ ਦੇ ਯਾਚਕ ਹੋ ਖੜੋਂਦੇ ਸੇ ਉਹਨਾਂ ਨੂੰ ਗੁਰ ਦੀਖਿਆ ਮਿਲਦੀ ਸੀ। ਦੀਖਤਾ ਯਾ ਗੁਰ-ਦੀਖਤਾ ਦਾ ਗੁਰ ਸਿਖੀ ਵਿਚ ਮਤਲਬ ਹੈ:-ਪਰਮਾਤਮ ਦੇਵ ਨਾਲ ਪ੍ਰੇਮ ਦੁਆਰਾ ਸੰਯੁਕਤ ਹੋ ਜਾਣ ਲਈ ਉਸ ਦੇ ਸਿਮਰਨ ਦੀ ਪ੍ਰਾਪਤੀ ਵਾਸਤੇ ਨਾਮ ਦਾਨ ਦਾ ਸੰਸਕਾਰ, ਯਥਾ:-

> ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥ ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥ {ਸੂਹੀ ਮ:੧}

ਇਸ ਦੀਖਿਆ ਬਿਨ ਗਤਾਨ ਪ੍ਰਾਪਤੀ ਨਹੀਂ ਯਥਾ-

> ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ {ਭੈਰਉ ਮਹਲਾ ੫}

ਦੀਖਤਾ ਪੂਰੇ ਗੁਰੂ ਪਾਸੋਂ ਮਿਲਦੀ ਹੈ। ਯਥਾ-

> ਪੂਰੇ ਗੁਰ ਕਿ ਪੂਰੀ ਦੀਖਿਆ॥[2] ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥ {ਸੁਖਮਨੀ}

ਪੁਨਾ-

> ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ॥ {ਗਉ:ਮ: ੫}

ਇਸ ਦੇ ਅੰਦਰ ਟਿਕਣ ਨਾਲ ਕਲਤਾਨ ਹੈ, ਯਥਾ:-

> ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ॥ {ਗਉ: ਬਾਅਖਰੀ ਮ: ੫}

ਪੁਨਾ- ਗੁਰ ਕੀ ਦੀਖਿਆ ਸੇ ਸਚਿ ਰਾਤੇ॥ {ਰਾਮ : ਸਿਧ ਗੋ:}

ਪੁਨਾ- ਦੀਖਿਆ ਦਾਰੂ ਭੋਜਨੁ ਖਾਇ॥ {ਰਾਮ : ਮ:੧}

ਗੁਰ ਨਾਨਕ ਦੇਵ ਦੀ ਦੀਖਿਆ ਇਕ ਰਸਮੀ ਤੇ ਰਿਵਾਜੀ ਦੀਖਿਆ ਨਹੀਂ ਸੀ ਜਿਸ ਨੂੰ ਉਹ ਆਪ ਐਉਂ ਆਖਦੇ ਹਨ:-

> "ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥[3] {ਵਾਰ ਆਸਾ ਮ:੧}

ਪਰ ਗੁਰੂ ਜੀ ਆਪਣੀ ਦੀਖਿਆ ਰਿਦੇ ਵਿਚ ਪ੍ਰਵੇਸ਼ ਕਰਾ ਦੇਂਦੇ ਸਨ ਤੇ ਉਸ ਦੇ ਲੱਛ ਨੂੰ ਲਖਾ ਦੇਂਦੇ ਸਨ। ਯਥਾ-

> ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥੪ {ਵਾਰ ਮਾਝ ਸਲੋਕ ਮ:੨

(੩) ਗੁਰੂ ਦੀਖਤਾ ਦੇ ਕੇ ਸਮਝਾ ਬੁਝਾ ਕੇ ਸਿਫਤ ਸਲਾਹ ਵਿਚ ਲਾਕੇ ਲਖਤ ਦੇ ਰਸਤੇ ਪਾਕੇ ਗੁਰੂ ਨਾਨਕ ਦੇਵ ਜੀ ਇਸ ਅੰਤ੍ਰੀਵ ਸਾਧਨ ਨੂੰ ਦ੍ਰਿੜਾਕੇ ਬਾਹਰ ਦੀ ਕਰਨੀ ਕਰਤੂਤ ਨੂੰ ਬੀ ਸਾਧ ਦੇਂਦੇ ਸੇ। ਸੋ ਜਿਸ ਪ੍ਰਕਾਰ ਦਾ ਜੀਵਨ ਅੰਦਰ ਉਦੈ ਹੁੰਦਾ ਸੀ ਉਸ ਪ੍ਰਕਾਰ ਦਾ ਬਾਹਰ ਪ੍ਰਕਾਸ਼ ਪਾਉਂਦਾ ਸੀ। ਇ.. ਵਿਚ ਸ਼ੁਭ ਆਚਰਣ ਤੇ ਜਗਤ ਨਾਲ ਭ੍ਰਾਤਰੀ ਭਾਵ ਦੀ ਵਰਤੋਂ ਦੀ ਜਾਚ ਹੁੰਦੀ ਸੀ, ਜੋ ਪਹਿਲੋਂ ਤਾਂ ਸ਼ੁਭ ਅਮਲਾਂ ਦੀ ਸ਼ਕਲ ਵਿਚ ਕਰਨੀ ਹੁੰਦੀ ਸੀ ਕਿ ਜਿਨ੍ਹਾਂ ਨਾਲ ਮਨ ਸ਼ੁੱਧ ਹੁੰਦਾ ਤੇ ਕਰਮ ਨਿਰਮਲ ਹੁੰਦੇ ਸਨ, ਜਿਸ ਨੂੰ ਸੇਵਾ ਆਖਦੇ ਸਨ। ਜਦੋਂ ਅੰਦਰ ਘਟਦੀਪ ਜਗ ਉਠਦਾ ਸੀ ਤਦ ਸਿੱਖ ਦੀ ਇਹ ਸਹਜ ਵਰਤੋਂ ਹੋ ਖਲੋਂਦੀ ਸੀ:- "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ"। ਕਦੇ ਕਦੇ ਕਿਸੇ ਸਿੱਖ ਨੂੰ ਕੋਈ ਵਿਸ਼ੇਸ਼ ਕਰਨੀ ਦਾ ਉਪਦੇਸ਼ ਬੀ ਹੁੰਦਾ ਸੀ ਜਿਸ ਕਰਕੇ ਉਸ ਨੂੰ ਪਰਮ-ਪਦ ਦੀ ਪ੍ਰਾਪਤੀ ਸੁਖੈਨ ਹੁੰਦੀ ਸੀ, ਉਹ ਹਰੇਕ ਦੇ ਸੁਭਾਵ ਆਦਿ

---

[1] ਇਹ ਲੇਖ ਤੇ ਅਗਲੇ ਅੰਕ ੬੨ ਤਕ ਦੇ ਪ੍ਰਸੰਗ 'ਦੀਖਤਾ ਸਿਖਤਾ ਤੇ ਰਹਿਣੀ' ਦੇ ਨਾਮ ਹੇਠ ਸੰ: ਗੁ: ਨਾ: ਸਾ: ੪੭੫ (੧੯੪੩ ਈ:) ਦੇ ਗੁਰਪਰਬ ਪੁੰਨਮ ਪਰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ੇ ਸਨ।

[2] ਇਹ ਪਦ ਤਾਂਤ੍ਰਿਕਾਂ ਨੇ ਬੀ ਵਰਤਿਆ ਹੈ ਆਪਣੇ ਮੰਤ੍ਰ ਉਪਦੇਸ਼ ਲਈ। ਪਰ ਹਿੰਦੂ ਸਾਹਿਤਤ ਵਿਚ 'ਦੀਕਸ਼ਾ' ਉਪਨਤਨ ਸੰਸਕਾਰ ਨੂੰ ਬੀ ਕਹਿੰਦੇ ਹਨ, ਜਿਸ ਵਿਚ ਆਚਾਰਯ ਗਾਯਤ੍ਰੀ ਮੰਤ੍ਰ ਦੇਂਦਾ ਹੈ। ਹੁਣ ਇਸ ਪਦ ਦਾ ਆਮ ਵਰਤਾਉ 'ਗੁਰ ਮੰਤ੍ਰ ਪ੍ਰਾਪਤੀ ਦੇ ਸੰਸਕਾਰ' ਦੇ ਅਰਥ ਰੱਖਦਾ ਹੈ। ਗਤਾਨ, ਵੈਰਾਗ, ਭਗਤੀ, ਸੇਵਾ ਆਦਿ ਉਪਦੇਸ਼ਾਂ ਦੇ ਅਰਥ ਵਿਚ ਇਹ ਪਦ ਵਰਤੀਂਦਾ ਸਹੀ ਨਹੀਂ ਹੁੰਦਾ। ਆਮ ਤੌਰ ਤੇ ਕਿਸੇ ਸੰਪ੍ਰਦਾਯ ਦੇ ਆਚਾਰਯ ਦੇ ਗੁਰ ਮੰਤ੍ਰ ਉਪਦੇਸ਼ ਨੂੰ ਹੀ ਗੁਰ ਦੀਖਿਆ ਕਹਿੰਦੇ ਹਨ। ਇਨ੍ਹਾਂ ਅਰਥਾਂ ਵਿਚ ਗੁਰਬਾਣੀ ਵਿਚ ਬੀ ਇਹ ਪਦ ਆਇਆ ਹੈ, ਯਥਾ:-ਗੁਰ ਦੀਖਿਆ ਘਰਿ ਦੇਵਣ ਜਾਹਿ। (ਰਾਮਕਲੀ ਵਾਰ :੧)

[3] ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥ (ਆਸਾ ਮ:੧)

[4] ਖਾਲਸੇ ਵਿਚ ਖਾਲਸਾ ਜੀ ਦੇ ਜਨਮ ਤੋਂ ਲੈਕੇ ਹੁਣ 'ਗੁਰ ਦੀਖਿਆ ਸੰਸਕਾਰ' ਅੰਮ੍ਰਿਤ ਛਕਾਉਣ ਦੁਆਰੇ ਹੁੰਦਾ ਹੈ।

ਦੇ ਕਿਸੇ ਲਛਣ ਤੋਂ ਗੁਰੂ ਜੀ ਵੀਚਾਰ ਕਰਕੇ ਆਗਯਾ ਕਰ ਦੇਂਦੇ ਸੀ, ਇਸ ਨਾਲ ਰਹਿਣੀ ਰਹਿਤ ਵਰਤੋਂ ਅੰਦਰਲੀ ਪ੍ਰਾਪਤੀ ਦੇ ਅਨੁਕੂਲ ਹੁੰਦੀ ਸੀ। ਐਸੀਆਂ ਵਿਸ਼ੇਸ਼ ਸਿਖ੍ਯਾ ਦਾ ਕੁਛ ਕੁਛ ਨਿਸ਼ਾਨ ਭਗਤ ਰਤਨਾਵਲੀ ਤੇ ਹੋਰ ਇਤਿਹਾਸਾਂ ਵਿਚੋਂ ਮਿਲਦਾ ਹੈ[1]।

# ੫੮. ਪ੍ਰਿਥੀ ਮਲ, ਸਹਗਲ, ਰਾਮਾ ਡਿੱਡੀ।

ਪ੍ਰਿਥੀਮਲ, ਸਹਗਲ ਉਭੈ, ਰਾਮਾ ਡਿੱਡੀ ਤੀਨ[2]।
ਆਏ ਸ਼੍ਰੀ ਗੁਰ ਦਰਸ ਕੋ ਜਗਯਾਸਾ ਮਨ ਲੀਨ।
(ਗੁਰੁ:ਨਾਨਕ ਪ੍ਰਕਾਸ਼

ਏਹ ਤ੍ਰੈ ਸ਼੍ਰੀ ਗੁਰੂ ਜੀ ਦੇ ਦਰਸ਼ਨ ਨੂੰ ਜਦ ਆਏ ਤਾਂ ਅਰਦਾਸ ਕੀਤੀਓ ਨੇ ਕਿ ਅਸਾਂ ਸੁਣਿਆਂ ਹੈ ਕਿ ਵਿਸ਼ਨੂੰ ਦੀ ਭਗਤੀ ਕਰੀਦੀ ਹੈ, ਆਪ ਦਸੋ ਉਸ ਦੀ ਭਗਤੀ ਕਰਕੇ ਉਸ ਨਾਲ ਇਕ ਕਿਵੇਂ ਹੋ ਜਾਈਏ? ਸਤਿਗੁਰ ਸੁਣਕੇ ਮੁਸਕ੍ਰਾਏ, ਉਹਨਾਂ ਵਲ ਗਹੁ ਕਰ ਤਕੇ, ਫਿਰ ਮੁਸਕ੍ਰਾਏ ਤੇ ਕਹਿਣ ਲਗੇ: ਭਾਈ ਤਪ ਕਰੋ। ਉਹਨਾਂ ਨੇ ਕਿਹਾ: ਅਸੀਂ ਗ੍ਰਿਹਸਤੀ ਵਿਹਾਰੀ ਲੋਕ ਹਾਂ, ਤਪ ਕੰਮ ਤਿਆਗੀਆਂ ਦਾ ਹੈ, ਸਾਨੂੰ ਕੋਈ ਸੁਖੱਲਾ ਰਾਹ ਦਸੋ। ਆਪ ਬੋਲੇ: ਭਾਈ ਪਰਮਾਰਥ ਬੀ ਇਕ ਵਿਦ੍ਯਾ ਹੈ, ਇਸਨੂੰ ਸਮਝੋ। ਤੁਸੀਂ ਤ੍ਰੈ ਗੁਣ ਸੁਣੇ ਹਨ। ਪ੍ਰਿਥੀ ਨੇ ਆਖਿਆ, ਜੀ ਮਹਾਰਾਜ ਸੁਣੇ ਹਨ। ਫੇਰ ਸਤਿਗੁਰ ਬੋਲੇ: ਉਹ ਸ਼ਾਸਤ੍ਰਕਾਰਾਂ ਦੀ ਬੋਲੀ ਵਿਚ ਸੁਣ ਹੀ ਛਡੇ ਹਨ ਕਿ ਆਪਣੀ ਵਰਤੋਂ ਵਿਚ ਬੀ ਕੋਈ ਉਹਨਾਂ ਦਾ ਲਾਹਾ ਤੋਟਾ ਸਮਝਿਆ ਨੇ? ਹਰਿਆਨ ਹੋਕੇ ਰਾਮੇ ਕਿਹਾ: ਅਸਾਂ ਤਾਂ ਇਹ ਜਾਚ ਨਹੀਂ ਸਿਖੀ। ਵਿਹਾਰਾਂ ਵਿਚ ਰਹੀਦਾ ਹੈ, ਕਦੇ ਕਦੇ ਮੌਤ ਦਾ ਭੈ ਆ ਜਾਂਦਾ ਹੈ ਕਿ ਇਹ ਸਤਜ ਵਸਤੂ ਹੈ, ਮਰਨਾ ਹੈ ਜ਼ਰੂਰ ਤੇ ਅਸੀਂ ਜੋ ਜੀਉ ਰਹੇ ਹਾਂ ਪੰਡਾਂ ਢੋ ਰਹੇ ਹਾਂ। ਉਹੋ ਵਿਹਾਰ ਹਰ ਰੋਜ਼, ਓਹੋ ਭੋਗ ਰੋਜ਼, ਉਹੋ ਪਿਆਰ, ਓਹੋ ਵੈਰ, ਓਹੋ ਝਗੜੇ ਟਾਂਟੇ। ਬਚਪਨ ਵਿਚ ਪਰਵਸ, ਚਪੇੜਾਂ ਝਿੜਕਾਂ; ਜੁਆਨੀ ਵਿਚ ਭੋਗਾਂ ਦੇ ਰਸ, ਬੁਢਾਪੇ ਵਿਚ ਟੁਰ ਗਈਆਂ ਤਾਕਤਾਂ ਦੇ ਰੋਣੇ; ਨਾ ਹੋ ਆਉਣ ਵਾਲੇ ਭੋਗਾਂ ਦੇ ਵਿਜੋਗਾਂ ਦੇ ਕੀਰਨੇ। ਤਦ ਅਸਾਂ ਪੁੱਛ ਗਿਛ ਸ਼ੁਰੂ ਕੀਤੀ ਤਾਂ ਪਤਾ ਲਗਾ ਕਿ ਵਿਸ਼ਨੂੰ ਸਦਾ ਸੁਖੀ ਹੈ, ਜਗਤ ਦਾ ਮਾਲਕ ਹੈ ਉਸ ਵਿਚ ਪ੍ਰਾਪਤ ਹੋਇਆਂ ਸਦਾ ਸੁਖ ਨੂੰ ਅਪੜੀਦਾ ਹੈ। ਸੋ ਮਹਾਰਾਜ! ਆਪ ਦਾ ਜਸ ਸੁਣਕੇ ਆਏ ਹਾਂ ਕਿ ਕਲਜੁਗ ਵਿਚ ਆਪ ਉਸ ਦਾ ਰੂਪ ਪ੍ਰਗਟ ਹੋਏ ਤੇ ਸਾਨੂੰ ਵੀ ਕਿਤੇ ਬਿਲੇ ਲਾਓ। ਸਾਹਿਬ ਫੇਰ ਮੁਸਕ੍ਰਾਏ ਤੇ ਆਖਣ ਲਗੇ ਭਾਈ! ਤ੍ਰੈ ਗੁਣਾਂ ਨੂੰ ਜੋ 'ਦਰਸ਼ਨ ਵਿਦ੍ਯਾ' ਵਿਚ ਦਸੇ ਹੈਨ, ਤੁਸੀਂ ਆਪਣੇ 'ਵਰਤਾਰੇ ਵਿਚ' ਵੇਖੋ ਤੇ ਵਿਵੇਕ ਕਰਕੇ ਵਰਤੋ ਤਾਂ ਇਹਨਾਂ ਤੋਂ ਉੱਚੇ ਨਿਕਲ ਜਾਓਗੇ, ਓਥੇ ਸੁਖ ਹੈ।

ਸਹਗਲ-ਮਿਹਰ ਕਰੋ, ਸੁਣਾਓ, ਸਮਝਾਓ, ਸੁਝਾਓ ਤੇ ਜਿਵੇਂ ਫੁਰਮਾਯਾ ਨੇ ਲੈ ਚਲੋ ਪਾਰ। ਤਦ ਬਚਨ ਹੋਇਆ:-ਭਾਈ! ਮਨੁੱਖ ਤ੍ਰੈ ਗੁਣਾਂ ਵਿਚ ਵਰਤਦਾ ਹੈ, ਇਸ ਦੇ ਕਰਮ ਤ੍ਰੈ ਗੁਣਾਂ ਵਿਚ ਹਨ, ਕਦੇ ਰਜੋਗੁਣੀ ਕਰਦਾ ਹੈ, ਕਦੇ ਤਮੋਗੁਣੀ ਤੇ ਕਦੇ ਸਤੋਗੁਣੀ। ਇਸ ਤਰ੍ਹਾਂ ਤਪ ਤ੍ਰੈ ਤਰ੍ਹਾਂ ਦਾ ਹੈ: ਤਮੋਗੁਣੀ, ਰਜੋ ਗੁਣੀ ਤੇ ਸਤੋਗੁਣੀ।'

੧. ਸਰੀਰ ਨੂੰ ਨੰਗਿਆਂ ਰਖਕੇ, ਪਾਲਾ ਕਕਰ ਗਰਮੀ ਸਹਾਰਕੇ, ਭੁੱਖਿਆਂ ਰਖਕੇ, ਧੂਣੀਆਂ ਕਿ ਜਲ ਵਿਚ ਬਿਠਾ ਬਿਠਾ ਕੇ ਘਾਲਣਾ ਤਮੋਗੁਣੀ ਯਾ ਤਾਮਸੀ ਤਪ ਹੈ। ਐਸੇ ਤਪੀ, ਜੋ ਕਾਮਨਾ ਧਾਰਕੇ ਕਰਦੇ ਹਨ, ਉਹਨਾਂ ਨੂੰ ਰਿਧਾਂ ਸਿਧਾਂ ਫੁਰਦੀਆਂ ਹਨ, ਜੇ ਨਿਹਕਾਮੀ ਹੋ ਕੇ ਕਰਨ ਤਾਂ ਮਨ ਸ਼ੁਧ ਹੁੰਦਾ ਹੈ। ਇਹ ਤਪ ਕਠਨ ਹੈ ਤੇ ਇਸ ਵਿਚ ਕਈ ਵੇਰ ਕ੍ਰੋਧ ਵਸਦਾ ਹੈ ਤੇ ਕਈ ਵੇਰ ਤਪੀਆਂ ਨੂੰ ਕਾਮ ਫੁਰ ਪੈਂਦਾ ਲਿਖਿਆ ਹੈ। ੨. ਦੂਸਰਾ ਤਪ ਹੈ ਰਾਜਸੀ। ਅੱਖਾਂ ਨੂੰ ਵਿਕਾਰੀ ਦ੍ਰਿਸ਼ਟੀ ਵਲੋਂ ਰੋਕਣਾ, ਕੰਨਾਂ ਨੂੰ ਨਿੰਦਯਾ, ਈਰਖਾ ਸੁਣਨੋਂ ਹੋੜਨਾ, ਹੱਥਾਂ ਨੂੰ ਬੁਰਾ ਕਰਮ ਕਰਨ ਵਲੋਂ

[1] ੧. ਜਨਮਸਾਖੀਆਂ ਤੋਂ। ੨. ਭਗਤ ਰਤਨਾਵਲੀ ਤੋਂ ਜੋ ਭਾਈ ਮਨੀ ਸਿੰਘ ਕ੍ਰਿਤ ਦਸੀਦੀ ਹੈ। ੩. ਗੁਰੂ ਪ੍ਰਤਾਪ ਸੂਰਜ ਗ੍ਰੰਥ ਤੋਂ। ੪. ਤਵਾਰੀਖ ਖਾਲਸਾ ਤੇ ਹੋਰ ਇਤਿਹਾਸਕ ਪੁਸਤਕਾਂ ਤੋਂ। ੫. ਗੁਰੂ ਨਾਨਕ ਸੁਰਯੋਦੇ ਆਦਿਕਾਂ ਤੋਂ। [2] ਭਾਈ ਸੰਤੋਖ ਸਿੰਘ ਜੀ ਨੇ ਤਿੰਨ ਗਿਣੇ ਹਨ। ਪਰ ਰਤਨਾਵਲੀ ਜੀ ਦੇ ਲੇਖਕ ਜੀ ਨੇ ਪ੍ਰਿਥੀ ਮਲ (ਜਾਤ) ਸਹਗਲ, ਰਾਮਾ (ਜਾਤ) ਡਿਡੀ ਦੋ ਗਿਣੇ ਹਨ।


www.sikhbookclub.com

ਵਰਜਣਾ, ਪੈਰਾਂ ਨੂੰ ਮੰਦੇ ਰਾਹ ਜਾਣੋਂ ਹਟਾਉਣਾ, ਰਸਨਾ ਨੂੰ ਕਉੜੇ ਵਾਕ, ਝੂਠ ਤੇ ਨਿੰਦਾ ਤੋਂ ਮੋੜਨਾ ਸਰੀਰ ਨੂੰ ਅਵਿਹਤ ਭੋਗਾਂ ਵਲੋਂ ਰੋਕਣਾ ਇਹ ਰਾਜਸੀ ਤਪ ਹੈ। ਇਨ੍ਹਾਂ ਦੀ ਥਾਵੇਂ ਅੱਖਾਂ ਨੂੰ ਭਲੇ ਪੁਰਖਾਂ ਦੇ ਦਰਸ਼ਨ ਤੇ ਲਾਉਣਾ ਤੇ ਭਲੇ ਪੁਸਤਕਾਂ ਤੇ ਲਾਉਣਾ, ਕੰਨਾਂ ਨੂੰ ਕੀਰਤਨ ਸੁਣਨ ਤੇ ਰਸਨਾ ਨੂੰ ਮਿੱਠਾ ਬੋਲਣ ਤੇ ਸਚ ਬੋਲਣ ਤੇ ਲਾਉਣਾ, ਹੱਥਾਂ ਨਾਲ ਸੇਵਾ ਤੇ ਦਾਨ ਕਰਨਾ, ਪੈਰਾਂ ਨੂੰ ਸਤਿਸੰਗ ਜਾਣ ਤੇ ਲਾਉਣਾ, ਇਹ ਰਾਜਸੀ ਤਪ ਹੈ। ਗਲ ਕੀਹ, ਇਨ੍ਹਾਂ ਜਤਨਾਂ ਵਿਚ ਮਾੜਿਓਂ ਮੋੜਨ ਤੇ ਚੰਗਿਆਂ ਜੋੜਨ ਵਿਚ ਮਨ ਦਾ ਜ਼ੋਰ ਲਗਾ ਰਹਿਣਾ ਰਾਜਸੀ ਤਪ ਹੈ। ੩. ਸ਼ਾਂਤਕੀ ਤਪ ਇਉਂ ਸਮਝੋ: ਤੁਸੀਂ ਜੇ ਗੁਰਮਤਿ ਤੇ ਟੁਰੋ ਤਾਂ ਤੁਸਾਨੂੰ ਏਥੋਂ ਦੋ ਵਸਤਾਂ ਪ੍ਰਾਪਤ ਹੋਣਗੀਆਂ। ਨਾਮ ਤੇ ਸਿਫਤ ਸਲਾਹ। ਨਾਮ ਅਕਾਲ ਪੁਰਖ, ਤ੍ਰੈ ਗੁਣਾਂ ਤੋਂ ਉੱਚੇ ਮਾਲਕ ਦਾ ਜਪੋਗੇ, ਸਿਮਰੋਗੇ ਮਨ ਤੇ ਪ੍ਰਾਣਾਂ ਵਿਚ ਵਸਾਓਗੇ, ਅੰਤ ਨਾਮੀ ਨੂੰ ਪ੍ਰਾਪਤ ਹੋਵੋਗੇ। ਉਸ ਦੀ ਸਿਫਤ ਸਲਾਹ ਕਰੋਗੇ, ਜਿਸ ਲਈ ਬਾਣੀ ਦਾ ਦਾਨ ਤੁਹਾਨੂੰ ਮਿਲੇਗਾ। ਉਹ ਪੜ੍ਹੋਗੇ, ਵੀਚਾਰੋਗੇ, ਉਸ ਦਾ ਕੀਰਤਨ ਕਰੋਗੇ ਯਾ ਸੁਣੋਗੇ ਉਸ ਨਾਲ ਮੈਲ ਕਟੀਵੇਗੀ ਮਨ ਦੀ, ਮਨ ਵਿਚ ਨਿਰਮਲਤਾ ਦੇ ਨਾਲ ਰਸ ਭਰੇਗਾ, ਰਸ ਦੇ ਖੰਭ ਲਗਕੇ ਉਡਾਰੀ ਵਜੇਗੀ ਗੁਣਾਂ ਤੋਂ ਉੱਚੇ ਉੱਠਣ ਦੀ ਤੇ ਅੰਤ, ਜਿਸ ਦੀ ਸਿਫਤ ਸਲਾਹ ਕਰਦੇ ਹੋ, ਉਸ ਸਾਲਾਹੀ ਨੂੰ ਜਾ ਮਿਲੋਗੇ। ਹੁਣ ਸਤੋਗੁਣੀ ਯਾ ਸ਼ਾਂਤਕੀ ਤਪ ਦਾ ਰੂਪ ਇਹ ਹੋਵੇਗਾ ਕਿ ਬਾਣੀ ਤੇ ਨਾਮ ਦੇ ਅਭ੍ਯਾਸ ਵੇਲੇ ਮਨ ਵਾਸ਼ਨਾਂ ਤ੍ਰਿਸ਼ਨਾਂ ਵਿਚ ਜਾਏਗਾ, ਮਨ ਨੂੰ ਵਾਰੋ ਵਾਰ ਹੋਰਨਾਂ ਵਾਸ਼ਨਾਂ ਵਿਚ ਤੇ ਵਿਹਲੇ ਸੰਕਲਪਾਂ ਵਿਚ ਜਾਣੋ ਹੋੜਨਾ, ਚਲਾ ਜਾਏ ਤਾਂ ਮੋੜਨਾ ਤੇ ਨਾਮ ਵਿਚ ਲਾਉਣਾ ਕਿ ਅੰਤ ਇਕ-ਚਿਤੀ ਪ੍ਰਾਪਤ ਹੋਵੇ, ਇਹ ਸ਼ਾਂਤਕੀ ਤਪ ਹੈ। ਜਿਵੇਂ ਘੋੜੇ ਨੂੰ ਮਸਾਲਾ ਖੁਆਓ ਤਾਂ ਸੱਟ ਸੱਟ ਦੇਂਦਾ ਹੈ, ਤਿਵੇਂ ਮਨ ਸ਼ਬਦ ਦਾ ਪ੍ਰੇਮੀ ਹੋਣੋਂ ਹੁੱਸਦਾ ਹੈ ਤੇ ਦਸੋ ਦਿਸ਼ਾ ਵਿਚ ਭ੍ਰਮਣ ਵਿਚ ਧਾਂਵਦਾ ਹੈ। ਸੋ ਜਿਵੇਂ ਮਸਾਲੇ ਦੇਣ ਵਾਲਾ ਉਸ ਦੇ ਮੂੰਹ ਵਿਚ ਹਥ ਦੇਈ ਰਖਦਾ ਹੈ, ਕੱਢੇ ਤਾਂ ਬਾਰ ਬਾਰ ਦੇਂਦਾ ਹੈ, ਤਾਂ ਉਹ ਖਾਕੇ ਅਰੋਗ ਹੋ ਜਾਂਦਾ ਹੈ। ਇਸ ਤਰ੍ਹਾਂ ਨਾ ਲਗਦੇ ਮਨ ਨੂੰ ਵਾਰੰਵਾਰ ਲਗਾਉਣਾ ਸ਼ਾਂਤਕੀ ਤਪ ਹੈ। ਜਦ ਮਨ ਲਗ ਗਿਆ ਤਾਂ ਅਰੋਗ ਹੋ ਜਾਂਦਾ ਹੈ[੧]। ਸੋ ਤੁਸਾਂ ਨੂੰ ਜੇ ਇਹ ਗਲ ਭਾਵੇ ਕਿ ਇਸ ਮਨੁਖ ਜਨਮ ਦਾ ਲਾਹਾ ਆਪਣੇ ਮੂਲ ਨੂੰ ਪਛਾਣਨਾ ਹੈ ਤਾਂ ਭਾਈ ਸਮਝੋ ਕਿ ਸਰੀਰ ਦਾ ਮੂਲ ਮਨ ਹੈ: ਮਨ ਦਾ ਮੂਲ ਆਤਮਾ ਹੈ, ਆਤਮਾ ਦਾ ਮੂਲ ਪਰਮਾਤਮਾ ਹੈ। ਪਰਮਾਤਮ ਦੇਵ ਸਤਜ ਸਰੂਪ ਹੈ, ਪਰਮ ਅਨੂਪ ਹੈ, ਰਸ ਰੂਪ ਹੈ ਤੇ ਸਰਬਗਜ ਸਰਬ ਸ਼ਕਤੀਮਾਨ ਹੈ, ਉਸ ਮੂਲ ਵਿਚ ਪ੍ਰਾਪਤ ਹੋਣਾ ਹੈ, ਉਸ ਤੋਂ ਵਿੱਥ ਕਰਕੇ ਓਪਰਿਆਂਦ ਧਾਰਕੇ ਅਸੀਂ ਦੁਖ ਸੁਖ ਦੇ ਭਾਗੀ ਹਾਂ। ਜੇ ਇਸ ਰਾਹੇ ਟੁਰਨਾ ਹੈ ਤਾਂ ਨਾਮ ਬਾਣੀ ਗ੍ਰਹਿਣ ਕਰੋ ਤੇ ਉਪਰ ਦੱਸਿਆ ਰਾਜਸੀ ਤੇ ਸ਼ਾਂਤਕੀ ਤਪ ਧਾਰਨ ਕਰੋ ਤਾਂ ਤੁਸਾਡੀ ਕਲਜਾਨ ਹੋਵੇਗੀ। ਇਹ ਸੁਣਕੇ ਓਹ ਜਾਗ ਉਠੇ; ਚਰਨੀਂ ਪੈ ਗਏ ਤੇ ਦਾਤ ਦੀ ਯਾਚਨਾ ਕੀਤੀ। ਸ੍ਰੀ ਗੁਰੂ ਜੀ ਨੇ ਨਾਮ ਬਾਣੀ ਬਖਸ਼ਕੇ ਦੀਖਜਤ ਕੀਤਾ। ਇਸ ਰਜੋਗੁਣੀ ਤੇ ਸਤੋਗੁਣੀ ਤਪ ਦੀ ਵਾਹਿਗੁਰੂ ਅਨੁਭਵ ਤਕ ਅੱਪੜਨ ਦੀ ਜਾਚ ਸਿਖਾ ਦਿੱਤੀ ਤੇ ਟੁਰਨ ਵੇਲੇ ਹੋਰ ਵਿਸ਼ੇਸ਼ ਸਿਖ੍ਯਾ ਇਹ ਦਿਤੀ ਕਿ ਸਤਿ ਸੰਗਤ ਵਿਚ ਪੁਜਕੇ ਪਹੁੰਚਣਾ। ਓਹਨਾਂ ਨੇ ਪਰਮਗਤੀ ਇਸੇ ਤਰ੍ਹਾਂ ਪਾ ਲਈ। ਗ੍ਰਿਹਸਤ ਵਿਚ ਬੈਠੇ ਰਹੇ। ਜਿਥੇ ਸਾਧ ਸੰਗਤ ਸੁਣਨ ਪੁੱਜਕੇ ਪਹੁੰਚਣ, ਸੇਵਾ ਭੀ ਕਰਨ ਤੇ ਸ਼ਬਦ ਦਾ ਅਭ੍ਯਾਸ ਭੀ ਕਰਨ। ਨਿਰੇ ਆਪ ਹੀ ਨਹੀਂ, ਉਹਨਾਂ ਨੇ ਗੁਰੂ ਕੀ ਸਿੱਖਿਆ ਕੁਟੰਬ ਵਿਚ ਭੀ ਪ੍ਰਚਾਰੀ ਤੇ ਸਾਰਿਆਂ ਨੂੰ ਇਸੇ ਰਸਤੇ ਪਾਕੇ ਤੇ ਗੁਰੂ ਕੇ ਚਰਨੀ ਲਾਕੇ ਦੀਖਜਤ ਕਰਵਾਇਆ। ਇਉਂ ਉਹਨਾਂ ਨੇ ਲੋਕ ਦਾ ਸੁਖ ਭੀ ਸਾਰਾ ਪਾਇਆ ਤੇ ਪਰਲੋਕ ਭੀ ਪ੍ਰਾਪਤ ਕਰ ਲਿਆ। ਇਸ ਤੋਂ ਪਤਾ ਲਗਾ ਕਿ ਮੁੱਢ ਤੋਂ ਹੀ ਹਰ ਸਿਖ ਆਪ ਭੀ ਜਪਦਾ ਤੇ ਹੋਰਨਾਂ ਨੂੰ ਵੀ ਜਪਾਉਣ ਦੇ ਰਸਤੇ ਪਾਉਂਦਾ ਆਇਆ ਹੈ[੨]।

---

[੧] ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ {ਗਉ ਸੁਖ: ਮ:੫}

[੨] ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ {ਗਉੜੀ ਵਾਰ ਮ:੪}

# ੫੯. ਪਿਰਥਾ ਤੇ ਖੇਡਾ ਸੋਇਰੀ।

ਏਹ ਦੁਇ ਸਜਨ ਗੁਰੂ ਕੇ ਦਰਬਾਰ ਆਏ, ਅਗੇ ਬਾਣੀ ਦਾ ਉਚਾਰ ਹੋ ਰਿਹਾ ਸੀ, ਦਰਸ਼ਨ ਕਰਕੇ ਮੱਥਾ ਟੇਕਿਆ ਤੇ ਬੈਠ ਗਏ। ਸ਼ਬਦ ਨੇ ਕੰਨੀਂ ਪੈਕੇ ਮਨ ਤੇ ਝਟਪਟੀ ਅਸਰ ਕੀਤਾ, ਏਕਾਗ੍ਰ ਚਿੱਤ ਹੋ ਗਏ। ਪ੍ਰਯੋਜਨ ਮਨ ਦਾ ਜੁੜਨਾ ਸੀ ਸੋ ਉਸੇ ਵੇਲੇ ਹੋ ਗਿਆ! ਜਦ ਸ਼ਬਦ ਸਮਾਪਤ ਹੋਇਆ ਤੇ ਗੱਲ ਬਾਤ ਦਾ ਸਮਾਂ ਆਇਆ ਤਾਂ ਸਤਿਗੁਰਾਂ ਪੁੱਛਿਆ; ਭਾਈ, ਕਿਸ ਕਾਮਨਾ ਲਈ ਆਏ ਹੋ? ਜੁੜੇ ਮਨ ਦੇ ਰਸ ਦੇ ਗਜ਼ਾਂਤ ਹੋ ਰਹੇ ਪਿਰਥਾ ਜੀ ਨੇ ਕਿਹਾ:-ਪਾਤਸ਼ਾਹ ਈਹਾ ਸੁਖ ਬਖਸ਼ੋ, ਚਰਨਾਂ ਦੀ ਸ਼ਰਨ ਰਖੋ, ਜਗਤ ਜਿਵੇਂ ਅਸਾਰ ਦਿਖਾਇਆ ਜੇ ਤਿਵੇਂ ਦਿੱਸਦਾ ਰਹੇ, ਜੋ ਤ੍ਰਿਪਤੀ ਹੁਣ ਆਈ ਹੈ, ਆਈ ਰਹੇ, ਮੰਗੀਏ ਕੁਛ ਨਾਹੀਂ ਤੇ ਜਿਵੇਂ ਹੁਣ ਉਚਾਰ ਹੋਇਆ ਏ ਤਿਵੇਂ ਮੇਹਰ ਕਰ ਦਿਓ, 'ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ[1]॥' ਇਹ ਸੁਣਕੇ ਬਚਨ ਹੋਇਆ, ਤੁਸਾਂ ਚਰਨ ਸ਼ਰਨ ਮੰਗੀ ਹੈ, ਮੇਰੇ ਚਰਨ ਸਾਧ ਸੰਗਤ ਵਿਚ ਸਦਾ ਰਹਿੰਦੇ ਹਨ। ਤੁਸੀਂ ਇਸ ਵੇਲੇ ਜੁੜੇ ਹੋ ਸ਼ਬਦ ਸੁਣ ਕੇ, ਸਦਾ ਜੁੜੇ ਰਹੋਗੇ, ਜੇ ਸ਼ਬਦ ਦੀ ਕਮਾਈ ਕਰੋਗੇ। ਸ਼ਬਦ ਦੀ ਕਮਾਈ ਕਰਦੇ ਤੁਸੀਂ ਸ਼ਬਦ ਨਾਲ ਮਿਲੋਗੇ! ਸਰੀਰ ਮੇਰਾ ਸਰਗੁਣ ਰੂਪ ਹੈ; ਸ਼ਬਦ ਨਾਲ ਮਿਲੇ ਤਾਂ ਫੇਰ ਨਾ ਵਿਛੜੋਗੇ। ਸਰੀਰ ਨੂੰ ਮਿਲਿਆਂ ਵਿਛੋੜਾ ਹੋਣਾ ਹੀ ਹੋਇਆ ਸੋ ਵਿਛੜੋਗੇ! ਇਉਂ ਬਾਣੀ ਤੇ ਨਾਮ ਦਾਨ ਦੀ ਦੀਖਜਾ ਦੇ ਕੇ ਦਾਤੇ ਨੇ ਹੋਰ ਸਿਖਿਆ ਦਿੱਤੀ-ਧਰਮਸਾਲਾ ਦੁਇ ਵੇਲੇ ਟੁਰ ਜਾਵਣਾ। ਸੰਤ, ਸਤਿਗੁਰ ਤੇ ਸਾਈਂ ਇਕ ਰੂਪ ਜਾਣਨੇ। ਕਿਰਤ ਧਰਮ ਦੀ ਕਰਨੀ ਤੇ ਲੋੜਵੰਦਾਂ ਨਾਲ ਵੰਡ ਖਾਵਣਾ। ਦੋਹਾਂ ਨੇ ਇਵੇਂ ਕਮਾਈ ਕੀਤੀ ਤੇ ਭਵਜਲ ਤਰ ਗਏ।

# ੬੦. ਸ੍ਰੀ ਕਾਲੂ ਖੱਤਰੀ ।

ਇਹ ਕਾਲੂ, ਮਹਿਤਾ ਕਲਯਾਣ ਚੰਦ ਪ੍ਰਸਿੱਧ ਨਾਮ ਬਾਬਾ ਕਾਲੂ ਜੀ ਨਹੀਂ, ਜੋ ਸਤਿਗੁਰ ਜੀ ਦੇ ਸੰਸਾਰਕ ਪਿਤਾ ਜੀ ਸੇ: ਇਹ ਹੋਰ ਖੱਤਰੀ ਕਾਲੂ ਇਕ ਸਿਖ ਸੀ। ਉਹ ਚਰਨ ਸ਼ਰਨ ਆਯਾ, ਗੁਰੂ ਜੀ ਦਾ ਦਰਸ਼ਨ ਕੀਤਾ, ਸਤਿਸੰਗ ਦਾ ਪ੍ਰਭਾਉ ਤੱਕਿਆ। ਗੁਰਮੁਖ, ਮਨਮੁਖ, ਸਨਮੁਖ, ਬੇਮੁਖ ਆਦਿ ਸ਼ਬਦ ਸੁਣੇ। ਬਾਣੀ ਤੇ ਸ਼ਬਦ ਦਾ ਪ੍ਰਵਾਹ ਚਲਦਾ ਵੇਖਿਆ ਤੇ ਕੁਛ ਸੋਝੀ ਸਮਝ ਪਈ ਤਾਂ ਇਕ ਦਿਨ ਪੁੱਛਣ ਲਗਾ ਕਿ ਜੀ ਏਥੇ ਆਪ ਦੇ ਸਤਿਸੰਗ ਵਿਚ ਸਨਮੁਖ ਬੇਮੁਖ ਕਿਸ ਨੂੰ ਆਖਦੇ ਹਨ? ਆਪ ਨੇ ਫੁਰਮਾਇਆ-ਜੋ ਗੁਰੂ ਦੇ ਸਾਹਮਣੇ ਬੈਠਕੇ ਸ਼ਬਦ ਨੂੰ ਸੁਣਕੇ ਧਾਰੇ, ਉਸ ਦੇ ਚਾਨਣੇ ਵਿਚ ਆਪਣੀ ਬ੍ਰਿਤੀ ਦਾ ਸਾਖੀ ਹੋ ਜਾਵੇ ਉਹ ਸਨਮੁਖ ਹੈ। ਐਸਾ ਪੁਰਖ ਆਪਣੀ ਕਰਨੀ ਕਰਤੂਤ ਵਿਚ-ਅਮਲਾਂ ਵਿਚ-ਪਾਪਾਂ ਨੂੰ ਪਿੱਠ ਦੇਵੇਗਾ, ਪੁੰਨਾਂ ਨੂੰ ਸਨਮੁਖ ਰਖੇਗਾ। ਬੇਮੁਖ ਉਹ ਹੈ ਜੋ ਇਸਦੇ ਉਲਟ ਹੈ। ਕਾਲੂ ਨੇ ਕਿਹਾ, ਪਾਤਸ਼ਾਹ! ਇਹ ਜੀਵ ਬੇਮੁਖ ਕਿਵੇਂ ਹੋ ਜਾਂਦਾ ਹੈ ਤੇ ਸਨਮੁਖ ਕਿਵੇਂ ਰਹਿੰਦਾ ਹੈ? ਤਾਂ ਸਤਿਗੁਰ ਜੀ ਨੇ ਬਚਨ ਕੀਤਾ-ਜੀਵ ਦਾ ਇਹ ਸੁਤੇ ਹੀ ਜੀਅ ਕਰਦਾ ਰਹਿੰਦਾ ਹੈ ਕਿ ਸਾਰੇ ਜਗਤ ਦੇ ਸੁਖ ਮੈਨੂੰ ਹੋਵਣ। ਇਹ ਲੋਚਕੇ, ਦੂਜੇ ਦੇ ਸੁਖ ਨਾਲ ਈਰਖਾ ਕਰਨ ਨਾਲ, ਜੀਵ ਬੇਮੁਖ ਹੋ ਜਾਂਦਾ ਹੈ। ਦੂਸਰੇ ਓਪਰੇ ਨਹੀਂ, ਇਹ ਮਿੱਤਰ ਹਨ, ਵੀਰ ਹਨ। 'ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ[2]। ' ਸੋ ਸਰਬ ਨਾਲ ਮੈਤ੍ਰੀ ਭਾਵ ਰਖਣ ਨਾਲ ਸਿਖ ਸਨਮੁਖ ਰਹਿੰਦਾ ਹੈ ਉਸ 'ਇਕ' ਦੇ, ਜਿਸ ਦੀ ਅਰਾਧਨਾ ਕਰ ਰਿਹਾ ਹੈ[3]। ਕਿਉਂਕਿ ਮਿੱਤਰ ਦਾ ਸੁਖ ਆਪਣਾ ਹੀ ਸੁਖ ਹੁੰਦਾ ਹੈ, ਤਾਂ ਇਹ ਸੁਖ ਦੇਵੇਗਾ ਅਤੇ ਵਿਦਜਾ, ਕਿ ਧਨ ਕਿ ਸੁਖ ਸਭ ਵੰਡ ਵਰਤੇਗਾ। ਇਸੀ ਤਰ੍ਹਾਂ ਜੋ ਲੋਕ ਸੁਖੀ ਨਹੀਂ, ਜਾਂ ਗ਼ਰੀਬ ਤੇ ਨੀਵੇਂ ਹਨ, ਉਹਨਾਂ ਤੋਂ ਸੂਗ ਕਰਨੀ ਬੇਮੁਖਤਾ ਹੈ ਸਾਈਂ ਤੋਂ, ਪਰ ਉਨ੍ਹਾਂ ਤੇ ਦਇਆ ਕਰਨੀ, ਛੋਟੇ ਭਾਈ ਸਮਝਣਾਂ, ਸਹਾਇਤਾ ਦੇਣੀ[4]। ਇਹ ਸਨਮੁਖਤਾ ਹੈ ਆਪਣੇ ਆਰਾਧਯ ਦੇਵ ਨਾਲ। ਇਸ ਤਰ੍ਹਾਂ ਜੇ ਕੋਈ ਆਪ

---

[1] ਆਸਾ ਮ: ੧। [2] ਰਾਮਕਲੀ ਮ: ੧। [3] ਮੈਤ੍ਰੀ। [4] ਕਰੁਣਾ।

ਤੋਂ 'ਧਨ' ਕਰਕੇ 'ਗੁਣ' ਕਰਕੇ ਕਿ 'ਐਸ੍ਵਰਜ' ਕਰਕੇ ਵਡਾ ਹੈ, ਉਹਨਾਂ ਨਾਲ ਡਾਹ ਨਾ ਕਰੇ, ਸਗੋਂ ਪ੍ਰਸੰਨ ਹੋਵੇ, ਜਿਸ ਤਰ੍ਹਾਂ ਵਡੇ ਭਰਾਵਾਂ ਨੂੰ ਵੇਖਕੇ ਪ੍ਰਸੰਨ ਹੋਈਦਾ ਹੈ[1] ਤਾਂ ਸਨਮੁਖ ਰਹੀਦਾ ਹੈ। ਇਸੀ ਤਰ੍ਹਾਂ ਜਿਨ੍ਹਾਂ ਨਾਲ ਮੈਤ੍ਰੀ ਕਿ ਪਿਆਰ, ਦਇਆ ਕਿ ਪ੍ਰਸੰਨਤਾ ਦੀ ਪੇਸ਼ ਨਾ ਜਾਵੇ, ਭਲੇ ਕੀਤੇ ਨੂੰ ਬੁਰਾ ਮੰਨਣ, ਅਕਾਰਨ ਤੁਸਾਂ ਨਾਲ ਵੈਰ ਕਿ ਈਰਖਾ ਕਰਨ ਤੇ ਕਿਸੇ ਤਰ੍ਹਾਂ ਸੁਖੀ ਨਾ ਹੋਣ ਤੁਹਾਡੇ ਸ਼ੁਭ ਉਪਦੇਸ਼ ਨੂੰ ਨਾ ਧਾਰਨ ਤਾਂ ਉਨ੍ਹਾਂ ਨਾਲ ਅਗੋਂ ਵੈਰ ਕਿ ਈਰਖਾ ਕਿ ਉਨ੍ਹਾਂ ਦੀ ਨਿੰਦਿਆ ਨਹੀਂ ਕਰਨੀ, ਮਨ ਵਿਚ ਉਪਰਾਂਦ ਯਾ ਓਪਰਾਪਨ ਵਾਂਗੂ ਨਿਰਲੇਪਤਾ ਧਾਰਨੀ[2]। ਇਸ ਨਾਲ ਸਨਮੁਖਤਾਈ ਬਣੀ ਰਹਿੰਦੀ ਹੈ। ਸੋ ਭਾਈ ਕਾਲੂ ਨੇ ਜਦ ਆਪਣੀ ਦੀਖਯਾ ਦੇ ਨਾਲ ਇਹ ਵਿਸ਼ੇਸ਼ ਗੁਣ ਧਾਰਨ ਕੀਤੇ ਤਾਂ ਉਸ ਦਾ ਤੇ ਉਸ ਦੇ ਸਤਿਸੰਗ ਕਰਕੇ ਹੋਰ ਕਈਆਂ ਦਾ ਉਧਾਰ ਹੋਇਆ।

## ੬੧. ਭਗਤਾ ਓਹਰੀ, ਜਾਪੂ ਵੰਸੀ।

ਓਹਰੀ ਜਾਤ ਦਾ 'ਭਗਤਾ' ਨਾਮ ਵਾਲਾ ਤੇ 'ਜਾਪੂ' ਨਾਮ ਵਾਲਾ ਦੁਇ ਸਤਿਗੁਰੂ ਦੀ ਸ਼ਰਨ ਆਏ। ਇਹ ਦੋਏ ਜਦ ਸ਼ਰਨ ਪ੍ਰਾਪਤ ਹੋਏ ਤਾਂ ਇਕ ਦਿਨ ਬੇਨਤੀ ਕਰਨ ਲਗੇ ਕਿ ਪਾਤਸ਼ਾਹ! ਅਸੀਂ ਵਿਦਵਾਨ ਨਹੀਂ ਹਾਂ, ਵਿਦਯਾ ਵਾਲੇ ਸਭ ਗਲ ਨੂੰ ਸਮਝ ਲੈਂਦੇ ਹਨ, ਤੇ ਗਯਾਨ ਜਿਸ ਨੂੰ ਆਖਦੇ ਹਨ ਪਾ ਲੈਂਦੇ ਹਨ, ਅਸੀਂ ਓਥੇ ਕੀਕੂੰ ਅੱਪੜਾਂਗੇ ਜਿਸ ਨੂੰ ਉਧਾਰ ਕਹਿੰਦੇ ਹਨ? ਬਚਨ ਹੋਇਆ: ਤੁਸੀਂ ਇਸੇ ਨਾਮ ਜਪ ਦੀ ਘਾਲ ਨਾਲ ਅੱਪੜ ਪਓਗੇ, ਪਰ ਸੰਭਾਲਾ ਰਖਣਾ, ਬੇਮੁਖ ਨਾ ਹੋਣਾ। ਉਨ੍ਹਾਂ ਪੁੱਛਿਆ: ਬੇਮੁਖ ਕੀਕੂੰ ਨਾ ਹੋਵੀਏ? ਤਾਂ ਬਚਨ ਹੋਇਆ: ਦੋ ਕੰਮ ਕਰੋ, ਇਕ ਕਰਨ ਦਾ ਇਕ ਨਾ ਕਰਨ ਦਾ। ਤੁਹਾਨੂੰ ਏਹ ਕਰਮ ਸਹਾਯਕ ਹੋਣਗੇ ਭੌਜਲ ਤਰਨੇ ਵਿਚ। ਕਰਨੇ ਦਾ ਕਰਮ ਤੁਸਾਂ ਲਈ ਇਹ ਹੈ ਕਿ ਗੁਰੂ ਸਿਖਾਂ ਦੀ ਸੇਵਾ ਕਰਨੀ। ਇਸ ਕਰਮ ਨਾਲ ਤੁਸੀਂ ਉੱਜਲ ਹੁੰਦੇ ਜਾਓਗੇ ਤੇ ਸਾਂਈਂ ਸਨਮੁਖ ਰਹੋਗੇ। ਜੋ ਸਿਖਾਂ ਨੂੰ ਲੋਚਦਾ ਹੈ ਸੋ ਸਾਂਈ ਨੂੰ ਲੋਚਦਾ ਹੈ। ਦੂਜੇ ਤੁਸਾਂ ਲਈ 'ਨਾ ਕਰਨੇ ਦੇ ਕੰਮ' ਏਹ ਹਨ ੧. ਈਰਖਾ, ਬਖੀਲੀ ਕਰਨੀ ਅਰਥਾਤ ਦੂਜੇ ਦੀ ਗੁਣ ਵਡਯਾਈ ਵੇਖਕੇ ਸੜਨਾ। ੨. ਹਉਮੈਂ ਹੰਕਾਰ ਵਿਚ ਰਹਿਣਾ, ਕਿਸੇ ਨੂੰ ਆਪਣੇ ਤੁੱਲ ਨਾ ਸਮਝਣਾ, ਨੀਵਿਆਂ ਤੇ ਕੁਦਇਆ ਕਰਨੀ। ੩. ਨਿੰਦਾ ਕਰਨੀ, ਦੂਜੇ ਦੇ ਐਬ ਚੁਣਨੇ, ਹੋਏ ਭੰਡਣੇ, ਅਨ ਹੋਏ ਊਜਾਂ-ਬਣਾਕੇ ਮੱਥੇ ਮੜ੍ਹਣੇ। ੪. ਹਠਾਗ੍ਰਹ ਕਰਨਾ, ਕਿਸੇ ਨੂੰ ਮਤ ਦੇਣੀ, ਉਹ ਨਾਂ ਮੰਨੇ ਤਾਂ ਜ਼ੋਰ ਧੱਕਾ ਕਰਨਾ। ਝੂਠੀ ਗਲ ਕਹਿ ਯਾ ਕਰ ਬੈਠਣੀ, ਫੇਰ ਉਸ ਤੇ ਹਠ ਧਰਮੀ ਧਾਰ ਲੈਣੀ। ਭਾਈ! ਜੋ ਨਾ ਕਰਨ ਜੋਗ ਚਾਰ ਕਰਮ ਕਹੇ ਹਨ ਜੇ ਤੁਸੀਂ ਨਾਂ ਕਰੋਗੇ ਤੇ ਸਿਖਾਂ ਨੂੰ ਸੇਵੋਗੇ, ਧਰਮ ਦੀ ਕਿਰਤ ਕਰਕੇ ਗੁਰੂ ਪਿਆਰਿਆਂ ਨਾਲ ਵੰਡ ਛਕੋਗੇ ਤਾਂ ਬੇਮੁਖ ਨਹੀਂ ਹੋਵੋਗੇ, ਕਲਯਾਨ ਹੋਵੇਗੀ।

## ੬੨. ਫਿਰਣਾ ਖਹਿਰਾ, ਜੋਧ।

ਦੋਇ ਗੁਰੂ ਕੀ ਸ਼ਰਨ ਆਏ, ਸਿੱਖੀ ਦੀ ਯਾਚਨਾ ਕੀਤੀ ਤਾਂ ਬਚਨ ਹੋਇਆ ਪਿਛਲੀ ਰਾਤ ਉਠ ਕਰ ਇਸ਼ਨਾਨ ਕਰਨਾ, ਫੇਰ ਇਸ ਸ਼ਬਦ 'ਨਾਮ' ਦਾ, ਜੋ ਬਖਸ਼ਿਸ਼ ਹੁੰਦਾ ਹੈ, ਅਭਯਾਸ ਕਰਨਾ। ਇਹ ਨਾਮ ਜੋ ਤੁਸਾਂ ਜਪਣਾ ਹੈ, ਕਰਤਾਰ ਦਾ ਹੈ। ਉਸ ਨੂੰ ਆਪਣਾ ਸੁਆਮੀ ਜਾਣਨਾ, ਨਾਮ ਉਸ ਮਾਲਕ ਦਾ ਜਾਣਕੇ ਅਭਯਾਸ ਕਰਨਾ ਹੈ। ਬਾਣੀ ਦਾ ਮੰਨਣ ਕਰਨਾ, ਅਰਥਾਤ ਆਪਸ ਵਿਚ ਬਾਣੀ ਦਾ ਕੀਰਤਨ ਵੀਚਾਰ ਕਰਦੇ ਰਹਿਣਾ। ਇਸ ਕਰਨੀ ਦੇ ਨਾਲ ਵਿਸ਼ੇਸ਼ ਸਿਖਿਆ ਇਹ ਧਾਰਨੀ ਕਿ ਮਨ ਨੀਵਾਂ ਰਖਣਾ, ਸਿਖੀ ਮਨ ਨੀਵਾਂ ਰਖਣ ਨਾਲ ਪ੍ਰਾਪਤ ਹੁੰਦੀ ਹੈ। ਕਿਉਂਕਿ ਉੱਚਾ ਮਨ ਬੁਧਿ ਦੇ ਉਤੇ ਵਗਦਾ ਹੈ ਤੇ ਬੁਧਿ ਨੂੰ ਵਿਚਲਾ ਦਿੰਦਾ ਹੈ। ਮਨ ਸਦਾ ਬੁਧਿ ਦੀ ਅਗੁਵਾਨੀ ਵਿਚ ਟੁਰੇ, ਇਹ ਮਨ ਦਾ ਨੀਵਾਂ ਹੋਣਾ ਹੈ। ਫੇਰ ਹੰਕਾਰ ਦੀ ਨਵਿਰਤੀ ਗੁਰ ਸਿਖਾਂ ਦੀ ਸੇਵਾ ਨਾਲ ਹੁੰਦੀ ਹੈ। ਫੇਰ ਤੁਸਾਂ ਸਾਧ ਸੰਗਤ ਵਿਚ ਜਾ ਕੇ ਗੁਰੂ ਕਾ ਸ਼ਬਦ ਪ੍ਰੀਤ ਨਾਲ ਸੁਣਨਾ, ਐਸਾ ਕਰੋਗੇ ਤਾਂ ਭਵਜਲ ਨੂੰ ਤਰ ਜਾਓਗੇ। ਏਹ ਦੋਏ ਮਿਤ੍ਰ ਇਸੇ ਰਾਹੇ ਤੁਰ ਪਏ।

[1] ਮੁਦਤਾ।

[2] ਉਪੇਖਯ

# ੭. ਅਰਸ਼ੀ ਦਾਤੇ ਦੀ ਦੂਜੀ ਉਦਾਸੀ।


www.sikhbookclub.com

ਸੂਚਨਾ-ਕਰਤਾਰ ਪੁਰ ਸਤਿਸੰਗ ਦਾ ਠਾਠ ਬੰਨ੍ਹਕੇ ਤੇ ਨਾਮ ਦਾ ਚੱਕਰ ਚਲਾਕੇ ਗੁਰੂ ਬਾਬੇ ਨੇ ਫੇਰ ਉਦਾਸੀ ਧਾਰ ਲਈ। ਕੋਈ ਅਗੰਮੀ ਧੂਹਾਂ ਪੈ ਰਹੀਆਂ ਸਨ, ਜਿਨ੍ਹਾਂ ਨੇ ਫੇਰ ਸਫਰੇ ਪਾ ਦਿਤਾ। ਇਸ ਉਦਾਸੀ ਵਿਚ ਹੋਏ ਕੌਤਕਾਂ ਦੇ ਕੁਛਕੁ ਪ੍ਰਸੰਗ ਅੱਗੇ ਹਨ:-

# ੬੩. ਪਿਆਰੇ ਗੁਰੂ ਨਾਨਕ ਦੇਵ ਜੀ ਦੀ ਸਰਸੇ ਵਿਚ ਫੇਰੀ [੧] ।

ਗੁਰੂ ਬਾਬਾ ਹੁਣ ਫੇਰ ਉਦਾਸੀ ਧਾਰ ਬੈਠਾ; ਦੱਖਣ ਦਿਸ਼ਾ ਦੀ ਤਿਆਰੀ ਕੀਤੀ। ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ:-

"ਤਦਹੁ ਪੈਰੀਂ ਖੜਾਵਾਂ ਕਾਠ ਦੀਆਂ, ਹਥਿ ਆਸਾ, ਸਿਰ ਰੱਸੇ ਲਪੇਟੇ, ਬਾਹਾਂ ਜੰਘਾਂ ਰੱਸੇ ਲਪੇਟੇ, ਮੱਥੇ ਟਿੱਕਾ ਬਿੰਦਲੀ ਕਾ, ਤਦਹੁੰ ਨਾਲ ਸੈਦੋ ਜਟ ਜਾਤ ਘੇਹੋ ਥਾ[੨]। "

ਕਰਤਾਰ ਪੁਰੋਂ ਤਲਵੰਡੀ ਆਏ, ਰਾਇ ਬੁਲਾਰ ਨੂੰ ਦਰਸ਼ਨ ਦਿਤੇ, ਉਸ ਨੂੰ ਸੁਖੀ ਕਰਕੇ ਆਪ ਫੇਰ ਸੁਲਤਾਨ ਪੁਰ ਆਏ, ਸੁਲਤਾਨ ਪੁਰੋਂ ਤੁਰਕੇ ਸਤਿਲੁਜ ਪਾਰ ਹੋਏ; ਧਰਮਕੋਟ, ਬਠਿੰਡੇ, ਭਟਨੇਰ ਆਦਿ ਹੁੰਦੇ ਹੋਏ ਸਰਸੇ ਅੱਪੜੇ। ਇਹ ਜਗਾ ਹਿਸਾਰ ਦੇ ਜ਼ਿਲੇ ਵਿਚ ਹੈ, ਖਿਆਲ ਹੈ ਕਿ ਇਹ ਘੱਗਰ ਨਦੀ ਦੇ ਸੁੱਕੇ ਥਲ ਤੇ ਆਬਾਦ ਹੈ। ਇਸ ਜਗਾ ਤਦੋਂ ਕਿਤਨੇ ਹੀ ਕਰਾਮਾਤੀ, ਪ੍ਰਸਿਧ ਤੇ ਪੂਜਾ ਵਾਲੇ ਪੀਰ ਫਕੀਰ ਵਸਦੇ ਸਨ। ਜੋਗ ਮਤ ਦਾ ਸਾਰੇ ਪ੍ਰਚਾਰ ਹੋਣ ਕਰਕੇ ਮੁਸਲਮਾਨ ਫਕੀਰ ਭੀ ਅਕਸਰ ਜੋਗ ਸਿਧੀਆਂ, ਵਿਚ ਰੁੱਝ ਰਹੇ ਸਨ। ਅਜੇ ਤਕ ਭੀ ਕਈ ਮੁਸਲਮਾਨ ਜੋਗੀ ਅਖਵਾਂਦੇ ਸੁਣੀਂਦੇ ਹਨ ਤੇ ਤਦੋਂ ਤਾਂ ਮੁਸਲਮਾਨ ਫਕੀਰਾਂ ਨੇ ਆਪਣੇ ਦੀਨ ਦਾ ਪ੍ਰਚਾਰ ਸਿਧੀਆਂ, ਕਰਾਮਾਂਤਾ ਤੇ ਧਾਗੇ ਤਵੀਤ ਆਦਿ ਪੁੱਤ੍ਰ ਦਾਨ, ਰੋਗੀ ਰਾਜ਼ੀ ਕਰਨ ਤੇ ਜਾਦੂ ਮੰਤ੍ਰਾਂ ਦਾ ਪ੍ਰਵਾਹ ਤੋਰਕੇ, ਅਰਥਾਤ ਇਨਸਾਨੀ ਲੋੜਾਂ ਦੇ ਸਹਾਇਕ ਬਣਕੇ, ਲੋਕਾਂ ਦੇ ਦਿਲਾਂ ਵਿਚ ਥਾਂ ਕਰਨੀ ਤੇ ਸਹਿਜੇ ਸਹਿਜੇ ਦੀਨ ਦਾ ਪ੍ਰਚਾਰ ਬੇਮਲੂਮੇ ਕਰੀ ਜਾਣਾ, ਅਖਤਿਆਰ ਕਰ ਰਖਿਆ ਸੀ। ਸੋ ਜੀਵਾਂ ਦੀ ਕਲਿਆਣ ਫ਼ਕੀਰਾਂ ਦਾ ਪ੍ਰਯੋਜਨ ਨਹੀਂ ਰਿਹਾ ਹੋਇਆ ਸੀ, ਪਰ ਜੀਵਾਂ ਨੂੰ ਤ੍ਰਿਸ਼ਨਾ ਦੀ ਪੂਰਨਤਾ 'ਵਿਚ ਮਦਦ ਦੇਕੇ ਇਨਸਾਨੀ ਲੋੜਾਂ, ਥੁੜਾਂ ਤੇ ਪੀੜਾਂ ਵਿਚ ਮਾਨਸਕ ਸਹਾਇਤਾ ਦਾ ਯਕੀਨ ਦੁਆਕੇ ਆਪਣੇ ਐਸ਼੍ਵਰਜ ਤੇ ਪਰਚੇ ਦਾ ਪਰਯੋਜਨ ਮੁੱਖ ਸੀ। ਨਾਲ ਨਾਲ ਮੁਸਲਮਾਨੀ ਵਧਣ ਦੀ ਗੌਣ ਲੋੜ (ਲਗਦੇ ਹੱਥ) ਪੂਰੀ ਹੁੰਦੀ ਹੀ ਰਹਿੰਦੀ ਸੀ। ਸਰਸਾ ਪੀਰਾਂ ਦਾ ਪ੍ਰਸਿਧ ਟਿਕਾਣਾ ਹੋ ਰਿਹਾ ਸੀ, ਇਥੋਂ ਮਾਲਵਾ ਤੇ ਰਾਜਪੂਤਾਨੇ ਦੀਆਂ ਰਿਆਸਤਾਂ ਵਿਚ ਆਪਣਾ ਅਸਰ ਜਮਾਉਣ ਦਾ ਮੌਕਾ ਸੀ।

ਇਕ ਪਾਸੇ ਮੁਸਲਮਾਨ ਹਮਲਾਆਵਰਾਂ ਦੀ ਤਲਵਾਰ, ਪਾਤਸ਼ਾਹਾਂ ਦੇ ਲੋਭ ਲਾਲਚ ਤੇ ਦਾਬੇ, ਦੂਜੇ ਪਾਸੇ ਸੂਫੀ ਫਕੀਰਾਂ ਦੇ ਕਰਾਮਾਤ ਦੇ ਲਾਲਚ ਤੇ ਉਦੇਸ਼ ਹਿੰਦ ਨੂੰ ਮੁਸਲਮਾਨੀ ਵਲ ਲਈ ਜਾ ਰਹੇ ਸਨ। ਹਿੰਦੂ ਜੋਗੀ ਸਿੱਧੀਆਂ ਵਿਚ ਰੁੱਝੇ ਸਨ, ਹਿੰਦੂ ਪੰਡਤ ਸ੍ਵੈ ਸ਼ੋਭਾ ਤੇ ਸੁਖ ਦਾ ਸ਼ਿਕਾਰ ਸਨ, ਪਰਜਾ ਵਿਚ ਵਿਦਯਾ ਗਯਾਨ ਨਹੀਂ ਸੀ, ਪ੍ਰੇਮ ਕਿਤੇ ਨਹੀਂ ਸੀ, ਵਾਹਿਗੁਰੂ ਮਿਲਾਪ, ਸ੍ਰਿਸ਼ਟੀ ਉਧਾਰ ਦਾ ਪ੍ਰਯੋਜਨ ਲਾਂਭੇ ਹੋ ਚੁਕਾ ਸੀ, ਜੀਵਤ ਕਣੀ ਦਾ ਕਾਲ ਸੀ, ਇਸ ਕਰਕੇ ਗੁਰੂ ਬਾਬਾ (੧) ਸੋਧ ਸੋਧਕੇ ਪੀਰਾਂ, ਫਕੀਰਾਂ, ਜੋਗੀਆਂ, ਪੰਡਤਾਂ ਨਾਲ ਅੜਦਾ ਸੀ ਤੇ ਉਨ੍ਹਾਂ ਦੇ ਖਿਆਲ ਦੇ ਨੁਕਤੇ ਨੂੰ ਬਦਲ ਸਟਦਾ ਸੀ, (੨) ਕਦੇ ਘੋਰ ਭੁੱਲੇ ਲੋਕਾਂ ਤੇ ਸਰਬ ਸਾਧਾਰਨ ਦਲਾਂ ਵਿਚ ਜਾ ਗੱਜਦਾ, ਕੂਕਦਾ ਤੇ ਰੂਹਾਨੀ ਰੁਮਕਾ ਫੇਰਕੇ ਜ਼ੀਆਦਾਨ ਦੇ ਆਉਂਦਾ ਸੀ। (੩) ਕਦੇ ਦੂਰ ਦੂਰ ਕਿਤੇ ਸੱਚੇ ਰਬ ਦੇ ਮੁਤਲਾਸ਼ੀਆਂ ਢੂੰਡਾਊਆਂ ਨੂੰ ਵਲਿਖਾਂ ਚੀਰ ਕੇ, ਘਰੀਂ ਅੱਪੜਕੇ, ਕੋਈ ਅੰਤਲੀ ਭੁੱਲ ਦੂਰ ਕਰਕੇ ਮਾਨੋਂ ਨਰਦਾਂ ਪੁਗਾ ਦੇਂਦਾ ਸੀ।

ਅੱਜ ਬਾਬਾ, ਗੁਰੂ ਬਾਬਾ, ਜਗਤਾਰਕ ਬਾਬਾ,

---

[੧] ਇਹ ਪ੍ਰਸੰਗ ਗੁਰ ਪੁਰਬ ਪੂੰਨਮ ਸੰ: ਗੁ: ਨਾ ਸਾ: ੪੫੨ (੧੯੨੧ ਈ:) ਨੂੰ ਖਾ: ਸਮਾਚਰ ਵਿਚ ਪ੍ਰਕਾਸ਼ਿਆ ਸੀ।

[੨] ਹਾ: ਬਾ: ਜ: ਸਾਖੀ ਵਿਚ ਲਿਖਿਆ ਹੈ, ਸੈਦੋ ਤੇ ਘੇਹੋ ਜਾਤ ਦੇ ਜਟ, ਪਰ ਅਗੇ ਜਾਕੇ ਸੈਦੋ ਤੇ ਸੀਹੋ ਦੀ ਜਾਤ ਘੇਹੋ ਲਿਖੀ ਹੈ (ਸਾਖੀ ੪੪)। ਸੋ ਸਿਧ ਹੋਇਆ ਕਿ ਨਾਲ ਸੈਦੋ ਤੇ ਸੀਹੋਂ ਦੋਵੇਂ ਸਨ, ਕਿਉਂਕਿ ਰਾਖਸ਼ ਨੂੰ ਪਾਹੁਲ ਸੀਹੋਂ ਦੇਂਦਾ ਹੈ। ਸੀਹੋਂ ਨਾਲ ਸੀ ਤਾਂ ਹੀ ਉਸ ਨੇ ਪਾਹੁਲ ਦਿਤੀ। ਇਸ ਜ: ਸਾਖੀ ਮੂਜਬ ਮਰਦਾਨਾ ਨਾਲ ਨਹੀਂ ਸੀ ਇਸ ਉਦਾਸੀ ਵਿਚ।


www.sikhbookclub.com

ਸਰਸੇ ਆਇਆ ਹੈ, ਇਥੇ ਫਕੀਰਾਂ ਦਾ ਜਮਘਟਾ ਵਸਦਾ ਹੈ। ਖ੍ਵਾਜਾ ਅਬਦੁਲ ਸ਼ਕੂਰ, ਸਭ ਤੋਂ ਵੱਡਾ ਪੀਰ ਬਹਾਵਲ ਹੱਕ, ਸ਼ਾਹ ਨਵਾਜ਼, ਫਰੀਦੁੱਦੀਨ, ਜਤੀ ਲਾਲ, ਜਲਾਲ ਦੀਨ, ਲਾਲ ਮਤੀ ਤੇ ਹੋਰ ਕਈ ਸਾਧ ਫਕੀਰ ਰਹਿੰਦੇ ਸਨ। ਇਹ ਲੋਕ ਹਿੰਦੂਆਂ ਵਾਂਗੂ ਤਪ ਕਰਦੇ ਸਨ, ਚਿੱਲੇ ਕਟਦੇ ਸਨ, ਕਈ ਜੰਤ੍ਰ, ਮੰਤ੍ਰ ਧਾਗੇ, ਤਵੀਤ ਦੇਕੇ ਲੋਕਾਂ ਪਰ ਆਪਣੀ ਪਵਿੱਤ੍ਰਤਾਈ, ਤਪ ਤੇ ਪੂਜਨੀਕ ਹੋਣ ਦਾ ਪ੍ਰਭਾਵ ਪਾਉਂਦੇ ਸਨ।

ਜਦੋਂ ਸਰਸੇ ਦੇ ਫ਼ਕੀਰਾਂ ਸਿੱਧਾਂ ਨੇ ਸੁਣਿਆਂ ਕਿ ਇਥੇ ਆਇਆ ਹੈ ਉਹ ਤਪਾ, ਜੋ ਕਲਿਜੁਗ ਵਿਚ ਮੁਸ਼ਕਿਆ ਹੈ, ਜੋ ਜਿੱਧਰ ਜਾਂਦਾ ਹੈ ਜਾਦੂ ਵਰਸਾਉਂਦਾ ਹੈ, ਕੋਈ ਪ੍ਰਭਾਵ ਪਾਉਂਦਾ ਹੈ ਤੇ ਸਭ ਨੂੰ ਪ੍ਰਾਜੈ ਕਰਦਾ ਹੈ, ਤਦੋਂ ਸਾਰਿਆਂ ਨੇ ਸਲਾਹ ਕੀਤੀ ਕਿ ਤਪ ਵਿਚ, ਬਹਿਸ ਵਿਚ ਕਿ ਕਰਾਮਾਤ ਵਿਚ, ਗੁਰੂ ਨਾਨਕ ਨੂੰ ਹਰਾਈਏ। ਇਸ ਲਈ ਸਾਰੇ ਜਣੇ ਜਾਕੇ ਮਿਲੇ ਤੇ ਪਹਿਲਾਂ ਬਹਸ, ਤਪ, ਜ਼ੁਹਦ ਤੇ ਰਿਆਜ਼ਤ ਉਤੇ ਹੋਈ। ਗੁਰੂ ਬਾਬੇ ਨੇ ਦੱਸਿਆ ਕਿ "ਜੋ ਮਨ ਵਿਕਾਰੀ ਹੋਵੇ, ਸਰੀਰ ਅਮੋੜ ਹੋਵੇ ਤੇ ਖ਼ੂਨ ਬਾਹਲਾ ਸਰੀਰ ਵਿਚ ਹੋਵੇ ਤਾਂ ਸਰੀਰ ਨੂੰ ਦਰੁਸਤ ਕਰਨੇ ਲਈ ਤੇ ਮਨ ਦੀ ਮੈਲ ਹਰਨ ਲਈ ਕੋਈ ਤਪ ਸੁਖਦਾਈ ਹੋ ਜਾਂਦਾ ਹੈ। ਪਰ ਤਪ ਆਦਿ, ਤਪ ਅੰਤ ਤੇ ਤਪ ਮੱਧ ਕੋਈ ਖ਼ੂਬੀ ਨਹੀਂ। ਸਰੀਰ ਨੂੰ ਹਰਾਓ ਨਾ, ਮਨ ਨੂੰ ਸਦਾਈ ਉਦਾਸੀ ਵਿਚ ਪਾਕੇ ਸਰੀਅਲ ਕਰਨਾ ਬੀ ਰੂਹ ਨੂੰ ਤੰਗੀ ਦੇਣੀ ਹੈ।" ਜਤੀ ਲਾਲ ਨੇ ਆਖਿਆ : "ਕੀ ਫੇਰ ਗਲਾਂ ਨਾਲ ਮਨ ਸੋਧਿਆ ਜਾਂਦਾ ਹੈ? ਪੰਡਤ ਲੋਕ ਪੜ੍ਹਕੇ ਤੇ ਹੋਰ ਪੜ੍ਹਾਕੂ ਵਿਦਯਾ ਪਾਕੇ ਚਤੁਰਾਈਆਂ ਨਾਲ ਜਗਤ ਨੂੰ ਮਗਰ ਲਾਉਂਦੇ ਹਨ, ਪਰ ਉਹ ਆਪ ਮਾਇਆ ਦੇ ਆਵਰਨ ਵਿਚ ਹੁੰਦੇ ਹਨ, ਤ੍ਰਿਸ਼ਨਾ ਵਿਚ ਹੁੰਦੇ ਹਨ, ਸ਼ੁਭ ਕਰਮਾਂ ਤੋਂ ਹੀਨ ਹੁੰਦੇ ਹਨ, ਅੱਭਯਾਸ ਤੋਂ ਖਾਲੀ ਹੁੰਦੇ ਹਨ, ਕੀ ਜਗਤ ਉਹਨਾਂ ਦੇ ਮਗਰ ਲਗ ਕੇ ਡੁੱਬਦਾ ਨਹੀਂ?"

ਗੁਰੂ ਬਾਬੇ ਆਖਿਆ-ਮੈਂ ਤਾਂ ਨਹੀਂ ਕਿਹਾ ਕਿ ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਲੋਕ ਚੰਗੇ ਹਨ, ਉਹ ਤਾਂ ਕੋਰੜੂ ਮੋਠ ਵਾਂਙੂ ਸਦਾ ਭੁੱਲੇ ਹੋਏ ਹਨ। ਜੋ ਬਿਨਾਂ ਅੰਤਰ ਆਤਮੇ ਅਨੁਭਵ ਕੀਤੇ ਦੇ ਕਥਾ ਕਰਨ ਵਾਲੇ, ਉਪਦੇਸ਼ ਦੇਣ ਹਾਰੇ ਤੇ ਰਸਤੇ ਪਾਉਣ ਵਾਲੇ ਖਣਦੇ ਹਨ, ਸਭ ਭੁੱਲ ਵਿਚ ਹਨ, ਪਰ ਉਸੇ ਤਰ੍ਹਾਂ ਨਿਰੇ ਤਪੀ ਤੇ ਨਿਰੇ ਸਰੀਰ ਨੂੰ ਮਾਰਨ ਵਾਲੇ ਬੀ ਭੁੱਲ ਵਿਚ ਹਨ। ਕਾਂਇਆ ਕੱਚੀ ਮਿੱਟੀ ਹੈ, ਮਿੱਟੀ ਧੋਤੀ ਕਦੇ ਚਾਂਦੀ ਨਹੀਂ ਹੋਈ। ਕੋਲਾ ਧੋਤਾ ਕਦੇ ਕਾਲੋਂ ਨਹੀ ਛੱਡਦਾ।

ਬਹਾਵਲ-ਫਿਰ ਜਿਸ ਤਰ੍ਹਾਂ ਤਪੀਆਂ, ਰਿਆਜ਼ਤੀਆਂ ਨੂੰ ਤੁਸੀਂ ਹਾਸੀ ਕਰਦੇ ਹੋ, ਇਸੀ ਤਰ੍ਹਾਂ ਮਾਇਆ ਵਿਚ ਮੁੱਠੇ ਮੂਰਖ ਤੇ ਤ੍ਰਿਸ਼ਨਾ, ਈਰਖਾ, ਖ਼ੁਦਗ਼ਰਜ਼ੀ ਵਿਚ ਜਲ ਰਹੇ ਪੜ੍ਹੇ ਹੋਏ ਲੋਕ ਬੀ ਕਰਨਗੇ। ਜਗਤ ਨੂੰ ਗੁਮਰਾਹੀ ਪਏਗੀ। ਸਾਈਂ ਦੇ ਬੰਦਿਆਂ ਲਈ ਮਖ਼ੌਲ ਬਾਕੀ ਰਹਿ ਜਾਏਗਾ।

ਗੁਰੂ ਜੀ-ਠੀਕ ਹੈ! ਪਰ ਤਾਂ ਜੇ ਮੈਂ ਲੰਪਟ ਲੋਕਾਂ ਨੂੰ, ਖ਼ੁਦਗ਼ਰਜ਼ੀ ਤੇ ਈਰਖਾ ਦੇ ਵਰਤਣ ਵਾਲੇ ਲੋਕਾਂ ਨੂੰ ਚੰਗਾ ਆਖਾਂ ਤੇ ਤਪੀਆਂ ਨੂੰ ਮਾੜਾ, ਮੈਂ ਤਾਂ ਪਹਿਲਿਆਂ ਨੂੰ ਕਹਿੰਦਾ ਹਾਂ ਔਗੁਣ ਛੱਡੋ, ਗੁਣ ਕੱਠੇ ਕਰੋ ਤੇ ਕਰਣੀ ਕੀਰਤ ਵਿਚ ਆਓ ਤੇ ਤਪੀਆਂ ਨੂੰ ਕਹਿੰਦਾ ਹਾਂ ਵਾਹਿਗੁਰੂ ਦੇ ਪ੍ਰੇਮ ਵਿਚ ਆਓ, ਨਾਮ ਦਾ ਤਪ ਕਰੋ।

ਫਰੀਦੁੱਦੀਨ-ਕਹਿਣ ਦਾ ਸੁਆਦ ਐਉਂ ਹੈ ਕਿ ਆਪ ਤਪ ਕਰ ਸਕੇ ਤੇ ਫੇਰ ਕਿਸੇ ਉੱਚੀ ਗਲ ਵਿਚ ਵਸਦਾ ਹੋਵੇ ਤੇ ਆਖੇ ਤਪ ਕੁਛ ਨਹੀਂ: ਆਪ ਤਾਂ ਸਵੇਰੇ ਉਠ ਨਾ ਸਕੇ, ਕੋਈ ਅਭਿਆਸ ਕਰ ਨਾ ਸਕੇ, ਸਰੀਰ ਦੇ ਸੁੱਖਾਂ ਵਿਚ ਮਸਤ ਹੋਵੇ, ਚਾਰ ਅਖਰ ਪੜ੍ਹੇ ਤੇ ਹੁੱਜਤਾਂ ਸਿੱਖਕੇ ਵੈਰਾਗ ਵਾਲੇ, ਨਫਸ ਨਾਲ ਲੜਨ ਵਾਲੇ, ਆਪੇ ਨੂੰ ਮਾਰਨ ਵਾਲੇ ਹਠੀਆਂ, ਤਪੀਆਂ, ਰਿਆਜ਼ਤਾ ਵਾਲਿਆਂ ਨੂੰ ਮਖੌਲ ਕਰਨ ਲਗ ਪਏ!

ਗੁਰੂ ਜੀ-ਮੈਂ ਮਾੜਾ ਕਿਸੇ ਨੂੰ ਨਹੀਂ ਕਿਹਾ। ... ਫੇਰ?

ਜਲਾਲ ਦੀਨ-ਫੇਰ ਪਹਿਲਾਂ ਸਾਨੂੰ ਤਪ ਕਰਕੇ ਦੱਸੋ। ਸਾਡਾ ਇਹ ਮਤਲਬ ਨਹੀਂ ਕਿ ਤੁਸੀਂ ਜਗਤ ਵਿਚ ਰੁੱਝੇ ਹੋ, ਸਾਨੂੰ ਪਤਾ ਹੈ ਕਿ ਤੁਸੀਂ ਤਯਾਗੀ ਹੋ, ਪਰ ਅਸੀਂ ਤਹਾਨੂੰ ਤਾਂ ਪੂਰੇ ਜਾਣੀਏਂ ਜੇ ਤੁਸੀਂ ਤਪ ਹਠ ਕਰਕੇ ਫੇਰ ਕੋਈ ਉਚੇਰੀ ਗੱਲ ਦੱਸੋ।

ਗੁਰੂ ਜੀ-ਸਾਧੂ ਜਨੋਂ ! ਤਪ, ਹਠ, ਰਿਆਜ਼ਤ

ਸਾਰਿਆਂ ਦਾ ਭਾਵ ਹੈ ਰੋਕ; ਮਨ ਨੂੰ ਮਾੜਿਆਂ ਪਾਸਿਆਂ ਤੋਂ ਰੋਕਣਾ, ਹਦ ਬੰਨੇ ਵਿਚ ਰਖਣਾ, ਚਾਹੇ ਮਾਨਸਕ ਬਲ ਨਾਲ, ਚਾਹੇ ਪ੍ਰਬਲ ਇਛਾ ਦੇ ਜ਼ੋਰ ਨਾਲ, ਚਾਹੇ ਸਰੀਰਕ ਤਿਆਗ ਤੇ ਸਰੀਰਕ ਤਪਾਂ ਨਾਲ, ਪ੍ਰਯੋਜਨ ਮਨ ਨੂੰ ਨੇਹਣਨ ਦਾ ਹੈ। ਜੋ ਮਾੜਾ ਨਹੀਂ। ਪਰ ਇਸ ਪ੍ਰਯੋਜਨ ਲਈ ਕੋਈ ਸੁਗਮ ਰਸਤਾ ਲੋੜੀਏ, ਸਾਰਾ ਜਗਤ ਕਰੜੇ ਰਾਹਾਂ ਤੇ ਟੁਰ ਨਹੀਂ ਸਕਦਾ।

ਜਲਾਲ-ਇਹ ਠੀਕ ਹੈ, ਪਰ ਪਹਿਲਾਂ ਰਿਆਜ਼ਤ ਕਰਕੇ ਦੱਸੋ।

ਗੁਰੂ ਜੀ-ਭੁੱਖ, ਨੀਂਦ, ਪਿਆਸ, ਸਰੀਰਕ ਡੰਝਾਂ ਦਾ ਵੱਸ ਕਰਨਾ ਜਾਂ ਜਿਤਨਾ (੧) ਇਕ ਹਠ ਨਾਲ ਹੁੰਦਾ ਹੈ। (੧) ਇਕ ਸਹਿਜ ਨਾਲ ਹੁੰਦਾ ਹੈ। ਹਠ ਨਾਲ ਕਰਨਾ ਤਪ ਹੈ, ਸਹਿਜ ਵਿਚ ਇਕ ਦਰਜਾ ਹੈ, ਜਿੱਥੇ ਆਤਮਾਂ ਦਾ ਪ੍ਰਕਾਸ਼ ਐਸਾ ਉਜਾਲਾ ਪਾਉਂਦਾ ਹੈ ਕਿ ਨੀਂਦ ਭੁੱਖ ਆਪੇ ਵਸ ਹੋ ਜਾਂਦੀਆਂ ਹਨ[੧]।

ਜਲਾਲ-ਵੇਰਵਿਆਂ ਦੀ ਲੋੜ ਨਹੀਂ। ਆਓ ਖਾਂ ਸਾਰੇ ਚਿਲੇ ਬੈਠੀਏ, ਚਾਲੀ ਦਿਨ ਇਕ ਜੌਂ ਖਾਣਾਂ ਤੇ ਲੋਟਾ ਪਾਣੀ ਤੋਂ ਵੱਧ ਨਾ ਪੀਣਾ, ਇਉਂ ਕਰਕੇ ਦੱਸੋ। ਜੋ ਕੱਟ ਗੁਜ਼ਰੇ ਉਹ ਆਖੇ ਕਿ ਇਸ ਤੋਂ ਉੱਚੀ ਗਲ ਆਹ ਹੈ ਤੇ ਇਸ ਦੀ ਲੋੜ ਨਹੀਂ।

ਗੁਰੂ ਜੀ-ਤਿਆਗ, ਤਪ, ਹਠ ਜੋਗ ਸਭੋ ਕੁਛ ਅਸਾਂ ਕਰ ਵੇਖਿਆ ਹੈ। ਨਾਮ ਤਪ ਸਭ ਤੋਂ ਸ਼ਿਰੋਮਣ ਹੈ, ਜੋ ਸਤੋਗੁਣ ਵਿਚ ਤੇ ਇਸ ਤੋਂ ਉਪਰ ਲੈ ਜਾਂਦਾ ਹੈ। ਸੁਖ ਸਤੋਗੁਣੀ ਨਾਮ ਅਭਯਾਸ ਵਿਚ ਹੈ। ਸੁਖ ਮਿਹਰ ਵਿਚ ਹੈ, ਸੁਖ ਰਜ਼ਾ ਵਿਚ ਹੈ।

ਇਸ ਵੇਲੇ ਸੈਦੋ ਨੇ ਹੌਲੇ ਜਿਹੇ ਕੰਨ ਵਿਚ ਕਿਹਾ: "ਪਾਤਸ਼ਾਹ! ਆਪ ਨੂੰ ਇਸ ਪਿੱਟਣੇ ਦੀ ਕੀ ਲੋੜ ਹੈ?" ਗੁਰੂ ਜੀ ਨੇ ਸਮਝਾਇਆ "ਲੋੜ ਤਾਂ ਕੋਈ ਨਹੀਂ ਪਰ ਜੋ ਕੋਈ ਬੱਚਾ ਚਿੱਕੜ ਦੇ ਚਲ੍ਹੇ ਵਿਚ ਫਸਿਆ ਹੋਵੇ ਤਾਂ ਜਿਹੜਾ ਕੱਢਣ ਜਾਵੇਗਾ ਉਹ ਉਸ ਚਿੱਕੜ ਵਿਚ ਜੇ ਆਪ ਜਾਵੇਗਾ ਤਾਂ ਹੀ ਕੱਢੇਗਾ। ਇਹ ਫਕੀਰ ਅਪਣੇ ਤਮੋਗੁਣੀ ਤਪਾਂ ਦੇ ਹੰਕਾਰ ਵਿਚ ਫਾਥੇ ਹਨ ਕਿ ਅਸੀਂ ਬੜੇ ਰਿਆਜ਼ਤੀ ਹਾਂ, ਇਨ੍ਹਾਂ ਦਾ ਹੰਕਾਰ ਤਾਂ ਹੀ ਟੁੱਟੇਗਾ ਜੇ ਦੇਖਣਗੇ ਕਿ ਤਪ ਸਭ ਕੋਈ ਕਰ ਸਕਦਾ ਹੈ, ਪਰ ਮਿਹਰ ਦਾ ਦਰਜਾ ਉਚੇਰੀ ਸ਼ੈ ਹੈ ਤੇ ਤਪਾਂ ਹਠਾਂ ਦੇ ਅਧੀਨ ਨਹੀਂ ਹੈ। ਤਪਾਂ ਦਾ ਹੰਕਾਰ ਟੁੱਟਿਆਂ ਹੀ ਇਹ ਵਾਹਿਗੁਰੂ ਦੇ ਸੱਚੇ ਸੋਹਿਲੇ ਨੂੰ ਸ਼੍ਰਵਣ ਕਰਨਗੇ ਤੇ ਇਨ੍ਹਾਂ ਦਾ ਉਧਾਰ ਹੋਵੇਗਾ, ਨਹੀਂ ਤਾਂ ਤਪਾਂ ਦੇ ਹੰਕਾਰ ਵਿਚ, ਕਰਾਮਾਤ ਦੀ ਪਕੜ ਵਿਚ ਤੇ ਐਸ਼੍ਵਰਜ ਦੀ ਭੁੱਖ ਵਿੱਚ ਇਹ ਭੁੱਲੇ ਟੁਰੇ ਜਾ ਰਹੇ ਹਨ ਤੇ ਜਗਤ ਨੂੰ ਬੀ ਭੁੱਲ ਵਿਚ ਲਈ ਜਾਂਦੇ ਹਨ।

ਜਲਾਲ-ਆਓ ਫੇਰ ਬੈਠੀਏ।

ਆਖਦੇ ਹਨ ਕਿ ਚਾਲੀ ਚਾਲੀ ਜੌਂ ਤੇ ਪਾਣੀ ਲੈਕੇ ਫਕੀਰ ਭੋਰਿਆਂ ਵਿਚ ਉਤਰ ਗਏ। ਗੁਰੂ ਜੀ ਨੂੰ ਵੀ ਇਕ ਕੋਠਾ ਮਿਲ ਗਿਆ। ਚਾਲੀ ਦਿਨ ਬੀਤ ਗਏ, ਮਹੀਨੇ ਗਰਮੀ ਦੇ ਸਨ; ਪਰ ਪਾਣੀ ਬੜਾ ਆਧਾਰ ਹੈ; ਵੈਦਾਂ ਵਿਚ ਬੀ ਲੰਘਣ ਹੁੰਦੇ ਹਨ ਤੇ ਬੜੇ ਬੜੇ ਬ੍ਰਤ ਕਰਵਾਕੇ ਸਰੀਰ ਰਾਜ਼ੀ ਕਰਦੇ ਹਨ, ਤਿਵੇਂ ਇਨ੍ਹਾਂ ਅਭਯਾਸ ਕੀਤੇ ਹੋਏ ਸਨ। ਸੋ ਸਾਰੇ ੪੦ ਦਿਨ ਬਿਤਾਕੇ ਫੇਰ ਦੋ ਚਾਰ ਦਿਨਾਂ ਵਿਚ ਕਈ ਤ੍ਰੀਕਿਆਂ ਨਾਲ ਸਾਵਧਾਨ ਹੋਕੇ ਕੱਠੇ ਹੋਏ ਤਾਂ ਸਾਰੇ ਲਿੱਸੇ ਪੀਲੇ ਭੂਕ ਹੋ ਰਹੇ ਸਨ, ਗੁਰੂ ਜੀ ਜਿਉਂ ਕੇ ਤਿਉਂ ਲਾਲ ਸਿਮ੍ਰਖ ਰੰਗੇ, ਜਿਹੇ ਬੈਠੇ ਸਨ ਤਿਹੇ ਨਿਕਲੇ। ਹੁਣ ਸਾਰੇ ਦੇਖਕੇ ਦੰਗ ਹੋ ਗਏ ਤੇ ਆਖਣ ਲਗੇ: "ਹੇ ਨਾਨਕ! ਤੂੰ ਭੁੱਖ ਤ੍ਰਿਖਾ ਨਹੀਂ ਜਾਲੇ? ਕਿਵੇਂ ਕੁਛ ਖਾਂਦਾ ਰਿਹਾ ਹੈਂ?" ਗੁਰੂ ਜੀ ਨੇ ਕਿਹਾ: "ਤੁਹਾਡੇ ਪਹਿਰੇਦਾਰ ਤਕੜੇ ਰਹੇ ਹਨ ਕਿ ਨਹੀਂ?"

ਪੀਰ-ਹਾਂ ਜੀ ਰਹੇ ਹਨ।

ਗੁਰੂ ਜੀ-ਫੇਰ ਨਿਸਚਾ ਕਰੋ ਕਿ ਅੰਨ ਨਾਲ ਸੁਰਜੀਤ ਨਹੀਂ ਰਹੀਦਾ, ਪਰ ਪਿਆਰੇ ਦੇ ਸ਼ਬਦ ਦੇ ਪ੍ਰੇਮ ਨਾਲ।

ਪੀਰ ਜਲਾਲ-ਆਪ ਦਾ ਸਰੀਰ ਕਿਉਂ ਸਰੀਰਕ ਭੁੱਖ ਨਾਲ ਨਹੀਂ ਝੰਵਿਆਂ?

ਗੁਰੂ ਜੀ-ਮੈਂ ਤੁਸਾਂ ਹਾਰ ਤਪ ਨਹੀਂ ਕੀਤਾ, ਮੈਂ ਤਾਂ ਪਿਆਰੇ ਦੇ ਪਿਆਰ ਵਿਚ ਉਸ ਦੇ ਸਰੂਪ ਵਿਚ ਲਿਵਲੀਨ ਰਿਹਾ ਹਾਂ। ਉਹ ਪਾਲਣਹਾਰ

[੧] ਇਸ ਅਸੂਲ ਪਰਥਾਇ ਤੀਸਰੇ ਗੁਰੂ ਦਾ ਵਾਕ ਬੀ ਹੈ:-ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ। ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥
{ਸਲੋਕ ਮਹਲ ੩}


www.sikhbookclub.com

ਹੈ, ਅੰਨ ਨਾਲ ਵੀ ਪਾਲਦਾ ਹੈ, ਆਪਣੇ ਪਿਆਰ ਨਾਲ ਵੀ ਪਾਲਦਾ ਹੈ। ਅੰਨ ਖਾਧਿਆਂ ਪਲੀ ਦਾ ਹੈ, ਪਾਣੀ ਪੀਤਿਆਂ ਪਲੀ ਦਾ ਹੈ ਪਰ ਹਵਾ ਅੰਦਰ ਆਪੇ ਜਾਕੇ ਪਾਲਦੀ ਤੇ ਪਾਲਕੇ ਆਪੇ ਨਿਕਲ ਜਾਂਦੀ ਹੈ, ਤਿਵੇਂ ਹਵਾ ਤੋਂ ਸੂਖਮ ਕੋਈ ਹੋਰ ਤੱਤ ਭੀ ਹੈਨ ਜੋ ਅੰਨ ਪਾਣੀ ਪਉਣ ਸਭ ਦੀ ਥਾਂ ਪੂਰਨ ਕਰਕੇ ਅੰਦਰਲੇ ਦੀ ਅੰਦਰੋਂ ਪਾਲਨਾ ਕਰਦੇ ਹਨ। ਜਦੋਂ ਵਾਹਿਗੁਰੂ ਨਾਲ ਨਿਰੰਤਰ ਅਭੇਦ ਮਿਲਾਪ ਹੋ ਜਾਂਦਾ ਹੈ, ਸੂਖਮ ਤੱਤ ਸਰੀਰ ਨੂੰ ਆਪੇ ਪਾਲਦੇ ਹਨ, ਉਸ ਮੁਕਾਮ ਭੁੱਖ ਤ੍ਰਿਖਾ ਨਹੀਂ ਭਉਂਕਦੀਆਂ। ਨਾਮ ਦਾ ਆਧਾਰ ਰੂਹ ਨੂੰ ਜਦ ਹੋ ਜਾਂਦਾ ਹੈ, ਇਸ ਤੱਤ ਦਾ ਆਧਾਰ ਸਰੀਰ ਨੂੰ ਹੋ ਜਾਂਦਾ ਹੈ, ਮੈਂ ਸਹਿਜ ਦੇ ਬੇਬਾਣ ਰੰਗ ਵਿਚ ਪਿਆ ਰਿਹਾ ਹਾਂ, ਤੁਸੀਂ ਹਠ ਕਰਕੇ, ਜ਼ੋਰ ਲਾਕੇ, ਆਪੇ ਨੂੰ ਮੋੜ ਮੋੜਕੇ ਹਠ ਨਾਲ ਬੈਠ ਬੈਠਕੇ ਦਿਨ ਗੁਜ਼ਾਰੇ ਹਨ। ਤੁਹਾਡੇ ਮਨ ਨੇ ਸਾਂਈ ਨਹੀਂ ਸਿਮਰਿਆ, ਪਰ ਸਰੀਰ ਨੂੰ ਡਾਢ ਦੇਣ ਵਿਚ ਲਗਾ ਰਿਹਾ ਹੈ, ਸੋ ਇਹ ਤਪ ਹੈ ਤੇ ਸਰੀਰਕ ਤਪ ਹੈ, ਕਿਉਂਕਿ ਮਨ ਤਾਂ ਸਰੀਰ ਦੀ ਰਖਯਾ ਵਿਚ ਲਗਾ ਰਿਹਾ ਹੈ। ਇਸ ਨਾਲੋਂ ਚੰਗਾ ਹੈ ਕਿ ਸਰੀਰ ਨੂੰ ਨਿੱਤ ਦਾ ਖਾਣਾ ਪੀਣਾ ਦਿਓ ਜੋ ਸੁਰਤ ਸੁਖੀ ਤੇ ਵਿਹਲੀ ਹੋ ਕੇ ਵਾਹਿਗੁਰੂ ਦਾ ਧਯਾਨ ਕਰੇ।

ਜਤੀ ਲਾਲ-ਪ੍ਰਤੱਖ ਕਰਾਮਾਤ ਵੇਖਕੇ ਸਿਰ ਝੁਕਦਾ ਹੈ ਆਪ ਦੇ ਅੱਗੇ, ਤੁਸਾਂ ਸਚ ਮੁਚ ਸਾਡੇ ਵਾਂਗੂੰ ਕੁਝ ਨਹੀਂ ਖਾਧਾ?

ਗੁਰੂ ਜੀ-ਤੁਸੀਂ ਰਿਆਜ਼ਤਾਂ ਵਿਚ ਆਪਾ ਲਾ ਰਖਿਆ ਹੈ ਰਿਆਜ਼ਤ ਅੜੀਅਲ ਮਨਾਂ ਲਈ ਕਿਤੇ ਗੁਣਕਾਰ ਸੀ, ਦਾਰੂ ਮਾਤ੍ਰ। ਰਿਆਜ਼ਤ ਪ੍ਰਯੋਜਨ ਤਾਂ ਨਹੀਂ ਸੀ। ਰਿੜਕਣਾ ਮੱਖਣ ਕੱਢਣ ਲਈ ਸੀ, ਰਿੜਕਣਾ ਪ੍ਰਯੋਜਨ ਤਾਂ ਨਹੀਂ ਸੀ, ਜੇ ਰਿੜਕੀ ਹੀ ਜਾਓ ਤਾਂ ਮੱਖਣ ਨਹੀਂ ਨਿਕਲਦਾ। ਤੁਸੀਂ ਹਠ ਵਿਚੋਂ ਰਾਜ ਵਿਚ ਆਉਂਦੇ; ਰਾਜ ਤੋਂ ਸਹਜ ਵਿਚ ਵਸਦੇ, ਸਹਜ ਤੋਂ ਫੇਰ ਤੁਸਾਨੂੰ ਰੁਮਕੇ ਵਜਦੇ ਓਸ ਹਾਲ ਦੇ ਕਿ ਜਦ ਆਤਮਾ ਪਰਮਾਤਮਾਂ ਦੀ ਜੱਫੀ ਵਿਚ ਮਗਨ ਹੋ ਜਾਂਦਾ ਹੈ, ਤਦ ਸੁਤੇ ਸਿਧ ਭੁੱਖ ਤ੍ਰਿਖਾ ਦਾ ਸੰਕਲਪ ਘਟ ਜਾਂਦਾ ਹੈ, ਮਹਾਨ ਰਸ ਛੋਟੇ ਰਸਾਂ ਤੋਂ, ਮਹਾਨ ਤ੍ਰਿਪਤੀ ਛੋਟੀ ਭੁੱਖ ਤੋਂ ਗ਼ਨੀ ਕਰਦੀ ਹੈ, ਪਰ ਇਹ ਸੌਖੀ ਗਲ ਨਹੀਂ ਵੱਸ ਦੀ ਗਲ ਨਹੀਂ, ਬਖ਼ਸ਼ਿਸ਼ ਦਾ ਕੋਈ ਦਰਜਾ ਹੈ। ਹਰ ਕਿਸੇ ਨੂੰ ਭੁਲੇਵਿਆਂ ਵਿਚ ਨਾ ਪਾਓ।

ਸ਼ਾਹ ਨਵਾਜ਼-ਭਲਾ ਜੀ! ਵੈਰਾਗ ਧਾਰੇ ਬਿਨਾਂ ਕਦੇ ਸਾਈਂ ਨਾਲ ਪ੍ਰੇਮ ਹੋ ਸਕਦਾ ਹੈ?

ਗੁਰੂ ਜੀ-ਸਾਈਂ ਨਾਲ ਪ੍ਰੇਮ ਆਪੇ ਹੀ ਜਗਤ ਨਾਲ ਵੈਰਾਗ ਹੈ। ਇਸਤ੍ਰੀ ਦਾ ਪਤੀ ਨਾਲ ਵਿਆਹ ਹੋ ਜਾਣਾ ਹੀ ਮਾਤਾ ਪਿਤਾ ਪੇਕੇ ਘਰ ਨਾਲ ਵੈਰਾਗ ਹੈ। ਨਿਰਾ ਵੈਰਾਗ ਕਰਕੇ ਮਨ ਜਗਤ ਤੋਂ ਨਿਰਾਸ ਹੋ ਕੇ ਇਕ ਤਰ੍ਹਾਂ ਦੀ ਢਹਿੰਦੀ ਕਲਾ ਵਿਚ ਰਹਿੰਦਾ ਹੈ। ਇਹ ਵੈਰਾਗ ਨਹੀਂ, ਇਹ ਤਾਂ ਬੇਮਲੂਮੇ ਤਮੋਗੁਣ ਵਿਚ ਤਿਲਕਦੇ ਜਾਣਾ ਹੈ। ਅਸਲ ਵੈਰਾਗ ਉਹ ਹੈ ਕਿ ਮਨ ਵਿਚ ਪਦਾਰਥ ਲਈ ਤ੍ਰਿਸ਼ਨਾਂ ਤਾਂ ਨਾਂ ਹੋਵੇ, ਪਰ ਮਨ ਵਾਹਿਗੁਰੂ ਦੇ ਚਾਉ, ਉਮਾਹ, ਰਸ ਰੰਗ, ਆਸ਼ੇ, ਮੌਜ ਵਿਚ ਹੋਵੇ, ਇਹ ਵੈਰਾਗ ਉਦਾਸੀ ਨਹੀਂ ਹੈ। ਵੈਰਾਗ ਬੇਆਸਰਾ ਪਨ, ਦਿਲਗੀਰੀ ਤੇ ਨਿਰੀ ਨਿਰਾਸਤਾਈਂ ਨਹੀਂ, ਪਰ ਨਾ ਰਹਿਣ ਵਾਲੇ ਨੂੰ ਨਾਂ ਰਹਿਣ ਵਾਲਾ ਜਾਣਕੇ 'ਸਦਾ ਰਹਿਣ ਵਾਲੇ' ਦੀ ਲਗਨ ਓਟ ਪਿਆਰ ਵਿਚ ਉੱਚੇ ਤੇ ਰੰਗ ਰੱਤੜੇ ਹੋਕੇ ਉਮਾਹ ਤੇ ਚਾਉ, ਹਾਂ ਸਤੋਗੁਣੀ ਚਾਉ ਤੇ ਉਸ ਤੋਂ ਭੀ ਉੱਚੇ ਆਨੰਦ ਵਿਚ ਵੱਸਣਾ ਹੈ।

ਫਰੀਦੁੱਦੀਨ-ਕੀ ਏਹ ਕੁਛ ਐਵੇਂ ਹੋ ਸਕਦਾ ਹੈ?

ਗੁਰੂ ਜੀ-ਇਸ ਲਈ ਮਿਹਰ ਦੀ ਲੋੜ ਹੈ। ਮੁਸ਼ੱਕਤ ਘਾਲਣ ਦੀ ਲੋੜ ਹੈ।

ਫਰੀਦ-ਤੇਰੇ ਤੇ ਅੱਲਾ ਰਹਿਮਤ ਕਰੇ, ਇਹ ਸੱਚ ਆਖਿਆ ਹਈ।

ਗੁਰੂ ਜੀ-ਪਰ ਮੈਂ ਕਿਸੇ ਸਾਧਨ ਨੂੰ ਪਸੰਦ ਨਹੀ ਕਰਦਾ ਜੋ 'ਮੁਰਦਾ' ਹੈ।

ਜਲਾਲ-ਮੁਰਦਾ ਤੋਂ ਕੀ ਮੁਰਾਦ ਹੈ?

ਗੁਰੂ ਜੀ-ਲਓ! ਸਿਧੀ ਪ੍ਰਾਪਤ ਕਰਨ ਵਾਸਤੇ ਜੋ ਜਪ, ਤਪ, ਸੰਜਮ, ਅਭਯਾਸ ਹੈ, ਸਭ ਮੁਰਦਾ ਧਯਾਨ ਹਨ।

ਜਗਤ ਨੂੰ ਵੱਸ ਕਰਨ ਵਾਸਤੇ ਜੋ ਮਾਨਸਕ ਏਕਾਗ੍ਰਤਾ ਦੇ ਤ੍ਰੀਕੇ ਹਨ, ਮੁਰਦਾ ਸਾਧਨ ਹਨ।

ਜਿਨ੍ਹਾਂ ਗਲਾਂ ਨਾਲ ਮਨੁਖ ਦੀ ਤ੍ਰਿਸ਼ਨਾਂ ਵਧੇ

ਉਹਨਾਂ ਗੱਲਾਂ ਵਿਚ ਵਾਧਾ ਕਰਨ ਵਾਲੇ ਸਾਧਨ ਮੁਰਦਾ ਹਨ, ਕਿਉਂਕਿ ਵਾਹਿਗੁਰੂ ਤੋਂ ਦੂਰ ਮਾਯਾ ਵਲ ਲੈ ਜਾਂਦੇ ਹਨ, ਜੋ ਜੀਵਤ ਵਸਤੂ ਨਹੀਂ ਹੈ।

ਜਲਾਲ-ਤੇ ਵਿੱਦਯਾ?

ਗੁਰੂ ਜੀ-ਵਿਦਯਾ ਸਾਣ ਹੈ ਮਨ ਦੀ ਤੇ ਅਕਲ ਦੀ। ਜੈਸਾ 'ਮਨ ਬੁਧਿ'ਹੈ ਵਿਦਯਾ ਤ੍ਰਿੱਖਾ ਕਰ ਦੇਂਦੀ ਹੈ। ਜੋ ਜੋ ਕੁਛ ਸਮਝੇ ਪਵੇ ਉਸ ਤੇ ਵਰਤੋਂ ਕਰੇ ਤਾਂ ਮਨ ਕੁਝ ਸੋਧਿਆ ਜਾਂਦਾ ਹੈ, ਨਹੀਂ ਤਾਂ ਤ੍ਰਿਸ਼ਨਾਲੂ ਹੋ ਜਾਂਦਾ ਹੈ। ਜੇ ਵਿਦਯਾ ਤ੍ਰਿਸ਼ਨਾਂ ਅਗਨੀ ਤੇ ਤੇਲ ਪਾਉਂਦੀ ਹੈ ਤਾਂ ਇਹ ਬੀ ਮੁਰਦਾ ਸਾਧਨ ਹੈ?

ਬਹਾਵਲ-ਜੀਉਂਦਾ ਸਾਧਨ ਕੀ ਹੈ?

ਗੁਰੂ ਜੀ-ਨਾਮ।

ਸਾਰੇ (ਤ੍ਰੁੱਪ ਕੇ)-ਅੱਲਾ ਜੀਵੇਂ! ਤੇ ਅਸੀਂ ਖੋਤੀਆਂ ਚਾਰਦੇ ਹਾਂ? ਸਾਰੇ ਨਾਮ ਹੀ ਤਾਂ ਜਪਦੇ ਹਾਂ!

ਗੁਰੂ ਜੀ-ਕੋਈ ਨਾਂ।

ਸਾਰੇ-(ਫੇਰ ਤ੍ਰੁੱਪ ਕੇ)-ਕਿਵੇਂ?

ਗੁਰੂ ਜੀ-ਨਾਮ ਤਾਂ ਲੈਂਦੇ ਹੋ ਅੱਲਾ ਦਾ, ਰਬ ਦਾ, ਕਿਸੇ ਅਵਤਾਰ ਦਾ, ਪਰ ਮਨ ਰੁਖ਼ ਉਸ ਵਲ ਨਹੀਂ ਰਖਦਾ, ਜਿਸ ਦਾ ਨਾਮ ਲੈ ਰਹੇ ਹੋ। ਨਾਮ ਲੈਂਦੇ ਹੋ 'ਨਾਮੀ' ਦਾ, ਪਰ ਮਨ ਅਨਜਾਣੇ ਰੁਖ਼ ਕਰ ਰਿਹਾ ਹੈ ਐਸ਼੍ਵਰਜ ਵੱਲ, ਕਰਾਮਾਤਾਂ, ਸ਼ਕਤੀਆਂ ਵਲ। ਗਲ ਕੀ ਮਨ ਦਾ ਨਿਸ਼ਾਨਾ ਹੈ 'ਮੈਂ' ਤੇ ਜੀਭ ਪਰ ਨਾਮ ਹੈ 'ਰੱਬ' ਦਾ। ਸੋ ਇਹ ਨਾਮ ਗ਼ੈਰ ਹਜ਼ੂਰੀ ਦਾ ਨਾਮ ਹੋ ਗਿਆ। ਨਾਮ ਜਪੋ ਅੱਲਾ ਦਾ, ਰਬ ਦਾ, ਮਾਲਕ ਪਾਲਕ ਦਾ ਅਰ ਸਮਝੋ ਕਿ ਉਸਦੀ ਹਜ਼ੂਰੀ ਵਿਚ ਹਾਂ। ਉਸ ਨੂੰ ਦੇਖ ਤਾਂ ਅਸੀਂ ਨਹੀਂ ਸਕਦੇ, ਕਿਉਂਕਿ ਇਹਨਾਂ ਅੱਖਾਂ ਦਾ ਉਹ ਵਿਸ਼ਾ ਨਹੀਂ, ਪਰ ਉਹ ਸਾਨੂੰ ਦੇਖਦਾ ਹੈ[1], ਉਹ ਸਾਰੇ ਹੈ, ਤਾਂ ਤੇ ਅਸੀਂ ਉਸ ਦੀ ਹਜ਼ੂਰੀ ਵਿਚ ਸਦਾ ਹੀ ਤੇ ਸੁਤੇ ਹੀ ਹਾਂ। ਅਸਾਂ ਹੁਣ ਇਹ ਗਲ ਲਗਾਤਾਰ ਜਾਣਨੀ ਹੈ ਕਿ ਅਸੀਂ ਹਜ਼ੂਰੀ ਵਿਚ ਹਾਂ, ਇਸ ਲਈ ਹੁਣ ਨਾਮ ਜਪੀਏ-ਕਦੇ ਉਸ ਦੀ ਹਜ਼ੂਰੀ ਤੋਂ ਮਨ ਨੂੰ ਪਰੇ ਨਾ ਹੋਣ ਦੇਈਏ। ਮਨ ਹੈ ਪਾਰਾ, ਤਿਲਕੋ ਮੱਛੀ, ਨਾਂ ਟਿਕਣ ਵਾਲਾ, ਏਸ ਨੇ ਹਜ਼ੂਰੀ ਵਿਚ ਨਹੀਂ ਰਹਿਣਾ। ਇਸ ਨੂੰ ਮੋੜ ਮੋੜਕੇ ਹਜ਼ੂਰੀ ਵਿਚ ਰਖਣਾ ਇਹ ਹੈ ਮੁਸ਼ੱਕਤ ਘਾਲਣੀ। ਜੀਭ ਨਾਮ ਜਪੇ, ਏਸ ਦਾ ਲਾਭ ਹੋਵੇਗਾ ਕਿ ਦਹਦਿਸ ਉਡਦਾ ਮਨ ਆਖੇਗਾ ਕਿ ਜੀਭ ਕੀ ਕਰ ਰਹੀ ਹੈ? ਕਿਸੇ ਵੇਲੇ ਮਨ ਦਾ ਥਾਂ ਥਾਂ ਉੱਡਦਾ ਧਿਆਨ ਏਧਰ ਮੁੜੇਗਾ, ਖਿਆਲ ਆਵੇਗਾ, ਧਿਆਨ ਆਵੇਗਾ ਕਿ ਜੀਭ ਕੀ ਕਹਿ ਰਹੀ ਹੈ, ਫੇਰ ਖਿਆਲ ਸ਼ਰਮਾਊ ਕਿ ਅਸਾਂ ਤਾਂ ਨਾਮ ਜਪਣਾ ਹੈ, ਹਜ਼ੂਰੀ ਵਿਚ ਰਹਿਣਾ ਹੈ, ਫੇਰ ਮਨ ਹਜ਼ੂਰੀ ਆਉਣ ਦਾ ਜਤਨ ਕਰਦਾ ਹਜ਼ੂਰੀ ਵਿਚ ਆ ਹੀ ਜਾਊ। ਐਉਂ ਮੁਸ਼ੱਕਤ ਘਾਲਦਿਆਂ ਮਨ ਹਜ਼ੂਰੀ ਵਾਸ ਦਾ ਸੁਭਾਵਕ ਅਭ੍ਯਾਸੀ ਹੋ ਜਾਊ। ਨਾਮ ਦਿਨ ਰਾਤ ਟੁਰੂ, ਖਯਾਲ ਸਾਈਂ ਵਲ ਰਹੂ; ਇਉਂ ਜਦੋਂ ਹਜ਼ੂਰੀ ਵਾਸ ਹੋ ਜਾਊ, ਸੁਖ ਹੋ ਜਾਊ[1]; ਜਿਸ ਦੀ ਹਜ਼ੂਰੀ ਵਿਚ ਵੱਸਦੇ ਰਹੀਏ ਉਸ ਦੀ ਮਿਹਰ ਅਸਾਂ ਤੇ ਆਵੇਗੀ; ਉਹ ਸਾਨੂੰ ਅਨੰਤ-ਪਾਰ ਤੋਂ ਪਾਰ-ਪੂਰਨ ਵਿਚ ਲੈ ਜਾਏਗੀ। ਫੇਰ ਸਾਨੂੰ ਅੰਦਰ ਬਾਹਰ ਸਾਰੇ ਉਹੋ ਦਿਸੇਗਾ। ਅਸੀਂ ਹਰ ਵੇਲੇ ਮਿਲਾਪ ਵਿਚ, ਸੰਜੋਗ ਵਿਚ ਉਸੇ ਵਰਗੇ ਤਾਜ਼ੇ, ਹਰੇ ਭਰੇ, ਸੁਰਜੀਤ, ਉਮਾਹ ਵਿਚ ਰਸ ਵਿਚ, ਖ਼ੁਸੀ ਤੇ ਸੁਖ ਵਿਚ ਸਦਾ ਜਾਗਦੇ, ਸਦਾ ਸੁਹਾਵੇ ਰਹਾਂਗੇ। ਇਹ ਹੋਵੇਗਾ 'ਜੀਵਨ ਵਾਲਾ ਸਾਧਨ' ਯਾ ਜੋ ਜੀ ਚਾਹੇ ਕਹੋ।

ਬਹਾਵਲ-ਗਲ ਪਤੇ ਦੀ ਕਰਦੇ ਹੋ ਤੇ ਪਤੇ ਅਗੰਮੀ ਦੇਂਦੇ ਹੋ? ਅਸੀਂ ਆਪ ਨੂੰ ਫਕੀਰ ਸਮਝੀ ਬੈਠੇ ਹਾਂ, ਪਰ ਕੀ ਪੁਛਾਂ ਤਾਂ ਸ਼ਰਮ ਨਾ ਕਰੋਗੇ, ਨਿੰਮ੍ਰਤਾ ਨ ਧਾਰੋਗੇ, ਸੱਚ ਦੱਸੋਗੇ?

ਗੁਰੂ ਜੀ-ਪੁਛਣਾਂ ਕਰੋ!

ਬਹਾਵਲ-ਕੀ ਤੁਸੀਂ ਕੋਈ ਤਪ, ਰਿਆਜ਼ਤ ਕਰਕੇ ਸਮੇਂ ਸਿਰ ਮੁਸ਼ਕੇ ਹੋ ਯਾ ਧੁਰੋਂ ਕੋਈ ਸੁਨੇਹਾ ਲੈਕੇ ਆਏ ਹੋ?

ਇਹ ਸੁਣਕੇ ਸ੍ਰੀ ਗੁਰੂ ਜੀ ਵਿਸਮਾਦ ਦੇ ਘਰ ਆਏ, ਚਿਹਰਾ ਕੁਛ ਅਚਰਜ ਰੰਗ ਰੰਗਿਆ ਗਿਆ ਤੇ ਮਧੁਰ ਸੁਰਾਂ ਵਿਚ ਗਾਵੇਂ:-

ਹਉ ਢਾਢੀ ਵੇਕਾਰੁ ਕਾਰੈ ਲਾਇਆ॥ਰਾਤਿ
ਦਿਹੈ ਕੈ ਵਾਰ ਧੁਰਹੁ ਫੁਰਮਾਇਆ॥

---

[1] ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ {ਜਪੁਜੀ}

[1] ਪੰਚਮ ਗੁਰੂ ਜੀ ਦਾ ਵਾਕ ਹੈ-ਦੂਖੁ ਘਨੋ ਜਬ ਹੋਤੇ ਦੂਰਿ॥ਅਬ ਮਸਲਤਿ ਮੋਹਿ ਮਿਲੀ ਹਦੂਰਿ ॥੧॥{ਆਸਾ ਮ:੫}

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥ ੨੭॥

{ਵਾਰ ਮਾਝ ਮਹਲਾ ੧}

ਜਤੀ-ਤਦ ਤੁਸੀਂ ਧੁਰੋਂ ਆਏ ਹੋ ਤੇ ਧੁਰੋਂ ਕੁਛ ਲੈਕੇ ਆਏ ਹੋ? ਦੱਸੋ ਕੀ ਲਿਆਏ ਹੋ ਮਿਹਰ ਕਹੋ?

ਗੁਰੂ ਜੀ-ਜੀਅਦਾਨ।

ਜਤੀ-ਉਸ ਤੋਂ ਕੀ ਮੁਰਾਦ ਹੈ? ਨੇਕ ਅਮਲ, ਸ਼ੁੱਧ ਆਚਰਨ, ਇਹ ਹੀ ਜੀਅਦਾਨ?

ਗੁਰੂ ਜੀ-ਪਸ਼ੂ ਜੀਵਨ ਦੇ ਸਾਮ੍ਹਣੇ ਇਹ ਜੀਵਨ ਹੈ, ਪਰ ਆਤਮ ਜੀਵਨ ਦੇ ਸਾਹਮਣੇ ਇਹ ਜੀਵਨ ਨਹੀਂ, ਨੀਵਾਂ ਤੇ ਮੁਰਦਾ ਹੈ ਮਾਨੋ।

ਜਤੀ-ਇਸ ਦੀ ਲੋੜ ਨਹੀਂ?

ਗੁਰੂ ਜੀ-ਲੋੜ ਤਾਂ ਬੜੀ ਭਾਰੀ ਹੈ, ਇਹੋ ਤਾਂ ਨੀਂਹ ਹੈ, ਇਹੋ ਤਾਂ ਮੈਂ ਸਿਖਾਲਣਾ ਹੈ। ਪਰ ਜੋ ਮੈਂ ਕਹਿ ਰਿਹਾ ਹਾਂ ਉਹ ਜੀਵਨ ਹੈ, ਇਸ ਤੋਂ ਅਗੇਰੇ ਦੀ ਗੱਲ ਹੈ। ਕਿੱਕਰ ਨੂੰ ਪੱਤ ਨਿਕਲ ਆਏ ਤੁਸੀਂ ਕਹਿੰਦੇ ਹੋ ਬ੍ਰਿਛ ਹੋ ਗਿਆ, ਮੈਂ ਕਹਿੰਦਾ ਹਾਂ ਨਹੀਂ, ਫੁੱਲ ਨਿਕਲਣ, ਫੁੱਲ ਮੁਸ਼ਕਣ, ਸੁਗੰਧੀ ਮਾਰਨ, ਫਲ ਪੈਣ ਤੇ ਭਰਕੇ ਲਟਕਣ। ਤੁਸੀਂ ਕਹੋਗੇ ਬ੍ਰਿੱਛ ਫੁੱਲ ਪਿਆ ਪੂਰਨ ਹੋ ਗਿਆ, ਮੈਂ ਕਹਾਂਗਾ ਅਜੇ ਨਹੀਂ, ਮੈਂ ਕਹਿੰਦਾ ਹਾਂ ਕਿ ਹੁਣ ਐਂਨਾ ਮਦ ਭਰੇ ਉਸ ਵਿਚ ਕਿ ਗੂੰਦ ਤੇ ਰਾਲ ਹੋਕੇ ਸ਼ਾਖ ਸ਼ਾਖ ਦੀ ਸੰਨ੍ਹ ਸੰਨ੍ਹ ਵਿਚੋਂ ਚੋਵੇ ਤੇ ਠੱਲ੍ਹਿਆ ਨਾ ਜਾਵੇ ਤਦ ਜੀਵਨ ਹੈ। ਤਦ ਸੰਪੂਰਨ ਜੀਉਂਦਾ ਜੀਵਨ ਹੈ।

ਬਹਾਵਲ-ਮੁਸ਼ਕ ਮਚਾਵੇ!

ਗੁਰੂ ਜੀ-ਮੁਸ਼ਕ ਮਚਾਵੇ, ਅੰਮ੍ਰਿਤ ਰਸ ਡੁੱਲ੍ਹੇ, ਮਦ ਚੋਵੇ।

ਬਹਾਵਲ-ਸਾਡੇ ਵਿਚ ਕੀ ਭੁੱਲ ਹੈ?

ਗੁਰੂ ਜੀ-ਤੁਸੀਂ ਸਿੱਧੀਆਂ ਵਿਚ ਹੋ,ਕਰਾਮਾਤੀ ਹੋ, ਏਕਾਗ੍ਰੀ ਹੋ, ਪਰ ਪਿਆਰ ਦੀ ਕਲਾਈ ਵਿਚ ਨਹੀਂ ਹੋ। ਪਿਆਰੇ ਤੋਂ ਮੰਗਦੇ ਹੋ ਦਾਤਾਂ। ਪਿਆਰੇ ਤੋਂ ਪਿਆਰੇ ਦਾ ਆਪਾ ਨਹੀਂ ਮੰਗਦੇ। ਪਿਆਰੇ ਦਾ ਆਪਾ ਤੁਹਾਡੇ ਆਪੇ ਨਾਲ ਆਕੇ 'ਬਿਜਲੀ ਛੁਹ' ਵਾਂਙੂ ਛੁਹੰਦਾ ਨਹੀਂ, ਰੌ ਰੁਮਕਾ ਨਹੀਂ ਮਾਰਦੀ, ਜਾਗ ਨਹੀਂ ਆਉਂਦੀ, 'ਮਾਯਾ ਬਿਸਮਾਦ' ਦਾ ਤਲਿਸਮ ਨਹੀਂ ਟੁੱਟਦਾ, 'ਰੂਹ ਦੇ ਬਿਸਮਾਦ ਦਾ ਅੰਦਰ ਭਬੂਕਾ ਨਹੀਂ ਬਲ ਉਠਦਾ। ਤੁਹਾਡਾ ਆਪਾ ਜਗਤ ਤ੍ਰਿਸ਼ਨਾਂ ਵਿਚ, ਅੱਗਜਾਨ ਵਿਚ, ਉੱਚ ਜੀਵਨ ਦੇ ਵਿਛੋੜੇ ਵਿਚ ਜਲ ਰਿਹਾ ਹੈ, ਲਓ ਲਓ ਦੀ ਖੁਰਕ ਨਾਲ ਪੀੜਤ ਹੈ, ਤੁਸੀਂ ਉਸ ਨੂੰ ਮੱਦਦਾਂ ਦੇਂਦੇ ਹੋ, ਹੋਰ ਅੱਗ ਤੇ ਤੇਲ ਪਾਉਂਦੇ ਹੋ। ਤੁਸੀਂ ਖੁਰਕ ਨੂੰ ਦਵਾ ਨਹੀਂ ਦੇਂਦੇ, ਨਹੁੰ ਦੇਂਦੇ ਹੋ ਕਿ ਹੋਰ ਖੁਰਕ ਛਿੜੇ। ਖ਼ਫ਼ੇ ਨਹੀਂ ਹੋਣਾ, ਤੁਸੀਂ ਜ਼ੁਹਦ ਕਰਕੇ, ਰਾਤਾਂ ਜਾਗਕੇ, ਫਾਕੇ ਕੱਟਕੇ, ਵੈਰਾਗ ਕਰਕੇ, ਨਫ਼ਸ ਨੂੰ ਨੱਪਕੇ, ਏਕਾਗ੍ਰ ਹੋਕੇ, ਨਾਮ ਪਿਆਰੇ ਦਾ ਲੈ ਕੇ ਅਜੇ ਭੀ 'ਮਾਯਾ ਬਿਸਮਾਦ' ਵਿਚ ਹੋ, ਇਸ਼ਕ ਦੀ ਲਹਿਰ ਬਿਜਲੀ ਕੜਕ ਵਾਂਗ ਧਮਾਕਾ ਨਹੀਂ ਦੇ ਗਈ, ਉੱਚਾ ਨਹੀਂ ਕਰ ਗਈ, 'ਪਿਆਰੇ ਦੇ ਪਿਆਰ' ਵਿਚ ਕੋਹ ਨਹੀਂ ਗਈ। ਜੇ ਕਿਸੇ ਵਿਚ ਪਿਆਰ ਦਾ ਕੁਛ ਰੁਖ਼ ਹੈ ਭੀ ਤਾਂ "ਪਿਆਰਾ ਮੈਨੂੰ ਪਿਆਰ ਕਰਦਾ ਹੈ ਕਿ ਨਹੀਂ" ਇਸ ਦੀ ਪਰਖ ਨਹੀਂ। ਤੁਸੀਂ ਜੇ ਕਿਤੇ ਭਗਤੀ ਵੱਲ ਆਉਂਦੇ ਹੋ ਤਾਂ ਰੱਬ ਦੇ ਆਸ਼ਕ ਬਣਦੇ ਹੋ, ਆਖਦੇ ਹੋ ਅਸੀਂ ਪ੍ਰੇਮੀ ਹਾਂ, ਉਸ ਨੂੰ ਬੁੱਤ, ਸਨਮ, ਬੇਮਿਹਰ, ਸੰਗਦਿਲ ਭੀ ਆਖ ਜਾਂਦੇ ਹੋ। ਆਸ਼ਕ ਨਾਂ ਬਣੋ, ਰੱਬ ਨੂੰ ਮਾਸ਼ੂਕ ਨਾ ਬਣਾਓ, ਤੁਸੀਂ ਮਾਸ਼ੂਕ ਬਣੋਂ, ਰੱਬ ਨੂੰ ਆਸ਼ਕ ਬਣਾਓ।

ਫਰੀਦ-ਅਸੀਂ ਮਾਸ਼ੂਕ! ਗੁਨਹਿਗਾਰ, ਮੈਲੇ, ਸਾਡੇ ਵਿਚ ਕੀ ਹੈ ਕਿ ਸਾਨੂੰ ਰੱਬ ਪਿਆਰ ਕਰੇ? ਉਹ ਗੰਦਿਆਂ ਤੇ ਕਿਉਂ ਆਸ਼ਕ ਹੋਵੇ।

ਗੁਰੂ ਜੀ-ਓਹ ਆਸ਼ਕ ਹੈ, ਇਹ ਗੱਲ ਸੱਚੀ ਹੈ, ਉਹ ਅਜ਼ਲ ਤੋਂ ਆਸ਼ਕ ਹੈ, ਪਰ ਅਸੀਂ ਮਾਸ਼ੂਕ ਨਹੀਂ ਬਣਦੇ। ਹਾਂ ਤਾਂ ਅਸੀਂ ਮਾਸ਼ੂਕ, ਪਰ ਬਣਦੇ ਨਹੀਂ। ਇਹ ਸੱਚ ਹੈ ਕਿ ਮਾਂ ਪੁੱਤ ਜੰਮਣ ਤੋਂ ਪਹਿਲਾਂ ਹੀ ਬੱਚੇ ਤੇ ਆਸ਼ਕ ਹੈ। ਰੱਬ ਆਸ਼ਕ ਨਾ ਹੁੰਦਾ ਤਾਂ ਰਚਦਾ ਕਿਉਂ? ਅਸੀਂ ਮਾਸ਼ੂਕ ਨਹੀਂ ਬਣਦੇ, ਏਹੋ ਭੁੱਲ ਹੈ, ਸਾਡੇ ਅੰਦਰ ਇਹ ਅੱਗ

ਹੋਵੇ: ਅਰਦਾਸ ਹੋਵੇ ਪੁੱਛ ਹੋਵੇ, ਤਲਾਸ਼ ਹੋਵੇ:-

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤ ਸੁਣਿ ਧਰੇ ਪਿਆਰੁ॥ {ਜਪੁਜੀ}

ਅਸੀਂ ਕੀ ਕਰੀਏ ਕਿ ਰੱਬ ਸਾਨੂੰ ਪਿਆਰ ਕਰੇ? ਅਸੀਂ ਉਹ ਕੁਛ ਬਣੀਏਂ ਜੋ ਉਸ ਨੂੰ ਪਿਆਰਾ ਲੱਗਦਾ ਹੈ। ਅਸੀਂ ਆਪਣੇ ਅੰਦਰੋਂ ਬਦੀਆਂ, ਗੰਦ, ਮੈਲਾਪਨ, ਕੋਦਾੜ, ਬਦਸੂਰਤੀ ਦੂਰ ਕਰੀਏ। ਉਹ ਤਾਂ ਆਸ਼ਕ ਹੈ, ਅਸੀਂ ਇਸ ਲਾਇਕ ਨਹੀਂ ਰਹੇ ਕਿ ਆਸ਼ਕ ਦੇ ਪਿਆਰ ਦੇ ਹੱਕਦਾਰ ਹੋਵੀਏ!

"ਵਿਣੁ ਗੁਣ ਕੀਤੇ ਭਗਤਿ ਨ ਹੋਇ॥"

ਉਹ ਗੁਣ ਕੀਹ ਹੈ? ਉਹ ਹੈ: ਅੰਦਰੋਂ ਗ਼ੈਰੀਅਤ, ਰੱਬ ਨਾਲ ਓਪਰਾਪਨ ਦੂਰ ਕਰੀਏ। ਮਨ ਦਾ ਰੁਖ਼ ਜੋ ਰੱਬ ਤੋਂ ਛੁੱਟ ਹੋਰਨਾਂ ਵੱਲ ਹੈ, ਉਸ ਨੂੰ ਉਸ ਵੱਲ ਮੋੜੀਏ। ਉਸ ਨੇ ਦੱਸ ਦਿੱਤਾ ਹੈ ਕਿ ਉਸ ਨੂੰ ਕੀਹ ਪਿਆਰਾ ਹੈ, ਉਹ ਰਜ਼ਾ ਹੈ। ਰਜ਼ਾ ਦੇ ਤਿੰਨ ਅੰਗ ਹਨ:-

ਸੱਚ, ਪਿਆਰ, ਲਿਵ।

ਫਰੀਦ ਜੀ-ਜੋ ਦਿੱਸਦਾ ਨਹੀਂ ਉਸ ਦਾ ਪਿਆਰ ਕਿਵੇਂ?

ਗੁਰੂ ਜੀ-ਹਾਂ, ਦੂਸਰੀ ਭੁੱਲ ਹੈ 'ਇਸ਼ਕ ਮਜਾਜ਼ੀ'। ਮਨ ਨੂੰ ਕਿਸੇ ਦੇ ਪਿਆਰ ਵਿਚ ਗ਼ਰਕ ਕਰਕੇ ਫੇਰ ਓਥੋਂ ਪੁੱਟਕੇ ਰੱਬ ਵਿਚ ਲਾਉਂਦੇ ਹੋ, ਮਨ ਫੇਰ ਨਿਕਲਦਾ ਨਹੀਂ; ਮਨ ਨੂੰ ਮੁੱਢ ਤੋਂ ਹੀ ਮਜਾਜ਼ ਦਾ ਆਸ਼ਕ ਨਾ ਬਣਾਓ, ਨਾਂ ਇਸਤ੍ਰੀ ਦਾ, ਨਾਂ ਪੁਤ੍ਰ ਦਾ, ਨਾਂ ਸੁਹਣੇ ਦਾ, ਨਾਂ ਸੁਹਣੀ ਸ਼ੈ ਦਾ। ਮਨ ਨੂੰ ਰੱਬ ਦਾ ਮਾਸ਼ੂਕ ਬਣਾਓ ਤੇ ਆਪਣੇ ਵਿਚ ਮਾਸ਼ੂਕਾਂ ਵਾਲੇ ਗੁਣ ਭਰੋ, ਅਵਗੁਣ ਕੱਢੋ, ਪਾਤਰ ਬਣੋਂ ਫੇਰ ਓਹ ਮੀਂਹ, ਜੋ 'ਮਿਹਰ' ਹੈ, ਜੋ ਸਦਾ ਨਿੱਝਰਧਾਰ ਪੁਰੋਂ ਵੱਸ ਰਿਹਾ ਹੈ, ਸਾਡੀ ਰੂਹ ਨੂੰ ਪਕੜ ਕੇ ਤਰੋਤਾਜ਼ਾ ਕਰ ਲਏਗਾ। ਇਸ਼ਕ ਅਸਾਂ ਕੀ ਕਰਨਾ ਹੈ? ਅਸਾਂ ਸਦਾ ਦੇ ਆਸ਼ਕ ਦੇ ਇਸ਼ਕ ਦਾ ਪਾਤ੍ਰ ਬਣਨਾ ਹੈ।

ਸੱਜਣੋ! ਨੂਰ ਆਸ਼ਕ ਹੈ ਸ਼ੀਸ਼ੇ ਦਾ, ਨੂਰ ਸ਼ੀਸ਼ੇ ਦੀ ਖ਼ਾਤਰ ਵੱਸ ਰਿਹਾ ਹੈ, ਫੈਲ ਰਿਹਾ ਹੈ, ਸ਼ੀਸ਼ਾ ਹੋ ਜਾਓ ਜੋ ਨੂਰ ਤੁਹਾਡੇ ਰਗ ਰੇਸ਼ੇ ਵਿਚ ਵੱਸ ਜਾਵੇਗਾ। ਪੱਥਰ ਹੋਕੇ ਨੂਰ ਦੀ ਆਸ਼ਕੀ ਦਾ ਦਮ ਨਾ ਭਰੋ, ਪਿਸ ਜਾਓ, ਅੱਗ ਵਿਚ ਪੈ ਜਾਓ, ਪਿਘਲ ਜਾਓ, ਮੈਲ ਕੱਢ ਦਿਓ, ਬਲੌਰ ਬਣ ਕੇ ਨਿਕਲ ਆਓ, ਚਾਨਣਾ ਤੁਹਾਡੇ ਵਿਚ ਹੀ ਪ੍ਰਵੇਸ਼ ਕਰਨ ਨੂੰ, ਤੁਹਾਨੂੰ ਹੀ ਮੁਨੱਵਰ ਕਰਨ ਨੂੰ, ਚਮਕਾਉਣ ਤੇ ਡਲ੍ਹਕਾਂ ਦੇਣ ਨੂੰ ਆਸ਼ਕ ਹੋਯਾ ਹੋਯਾ ਹੈ। ਆਸ਼ਕ ਨਾ ਬਣੋ ਕੁੜੀਆਂ, ਮੁੰਡਿਆਂ, ਤਰੀਮਤਾਂ, ਜਾਨਵਰਾਂ, ਪਦਾਰਥਾਂ ਦੇ! ਮਾਸ਼ੂਕ ਬਣੋਂ ਆਪਣੇ ਅਜ਼ਲੀ, ਅਮਰੀ, ਧਰ ਤੇ ਆਦਿ ਦੇ ਆਸ਼ਕ ਦੇ। ਮੁੱਢ ਹੀ ਐਥੋਂ ਕਰੋ ਕਿ ਅਦਬ ਵਿਚ ਰਹੋ, ਕਿਉਂਕਿ ਔਗੁਣਾਂ ਵਾਲੇ ਹੋ। ਫੇਰ ਔਗੁਣ ਕੱਢੋਗੇ, ਸੁੱਧ ਹੋਵੋਗੇ। ਹਾਂ, ਪਿਆਰੇ ਦੇ ਪ੍ਰੀਤਮ ਤਦ ਹੀ ਬਣੋਗੇ, ਜਦੋਂ ਪਿਆਰਾ ਤੁਸਾਂ ਵਿਚ ਵੱਸ ਜਾਏਗਾ। ਫਿਰ ਤੁਸੀਂ ਬਲੌਰ ਵਾਂਙੂ ਰੱਬੀ ਜਲਵੇ ਦਾ ਨੂਰ ਦਾ ਬੁੱਕਾ ਬਣਕੇ ਨੂਰ ਦਾਨ ਕਰੋਗੇ, ਤਦੋਂ ਦੁਨੀਆਂ ਤੁਹਾਥੋਂ ਮੁਨਵਰ ਹੋ ਜਾਵੇਗੀ। ਤੁਸੀਂ 'ਮਾਇਆ ਬਿਸਮਾਦ' ਦਾ ਹਨੇਰਾ ਕੱਟ ਦਿਓਗੇ। ਤੁਸੀਂ ਰੂਹਾਂ ਵਿਚ ਤੇ ਮਨਾਂ ਵਿਚ ਪਰਮੇਸ਼ੁਰ ਦਾ ਉੱਚ ਸੁਪਨਾ ਦੇਕੇ ਮਾਇਆ ਤਲਿਸੱਮ ਤੋੜ ਦਿਓਗੇ। ਤੁਸੀਂ ਉੱਚੇ ਹੋਏ ਮਨਾਂ ਨੂੰ ਰੱਬੀ ਝਰਨਾਟ ਵਿਚ ਲਿਆਕੇ ਜਗਾ ਦਿਓਗੇ! ਜਾਗੇ ਮਨ ਇਲਾਹੀ ਜੱਫੀ ਵਿਚ, ਪਿਆਰੇ ਦੀ ਕਲਾਈ ਵਿਚ, ਸੱਚ ਸੁਬਹਾਨ, ਸਦਾ ਸੁੰਦਰ, ਪ੍ਰੇਮ ਰੂਪ ਦੀਆਂ ਠੰਢੀਆਂ ਜੱਫੀਆਂ ਵਿਚ ਪਾਕੇ ਅਲੂਹੀਅਤ ਨਾਲ ਭਰ ਦਿਓਗੇ! ਹਾਂ ਜਨ ਦਾ, ਬੰਦੇ ਦਾ, ਏਥੇ ਆਉਣ ਦਾ ਧਰਮ ਇਹ ਹੈ ਕਿ ਮੋਏ ਮਨ ਜੀਉਂਦੇ ਕਰ ਦੇਵੇ[੧]।

ਵਿਦਯਾ ਵਿੱਦਯਾ-ਧਾਰੀਆਂ ਪਾਸ ਬਹੁਤ ਹੈ, ਭਾਵੇਂ ਖ਼ਲਕਤ ਮੂਰਖਤਾ ਵਿਚ ਹੈ। ਤਪ, ਹਠ, ਏਕਾਗ੍ਰਤਾ ਫਕੀਰਾਂ ਤੇ ਸਿਧਾਂ ਪਾਸ ਬਹੁਤ ਹੈ। ਕਥਾ ਵਾਰਤਾ, ਸਮਝ ਸਮਝੌਤਾ, ਪੀਰੀ ਮੁਰੀਦੀ, ਗੁਰੂ ਚੇਲਾ, ਤੀਰਥ, ਪੁਰਬ, ਇਸ਼ਨਾਨ, ਦਾਨ, ਪੁੰਨ, ਨਮਾਜ਼, ਰੋਜ਼ੇ ਬ੍ਰਤ ਆਦਿ ਪੁਜਾਰੀਆਂ ਮੌਲਵੀਆਂ ਪਾਸ ਸਭ ਕੁਛ ਹੈ, ਪਰ 'ਜੀਵਨ ਕਣੀ' ਨਹੀਂ ਹੈ, ਸਭ ਥਾਂ ਗਿਲਾਨੀ (ਨਫਰਤ) ਪ੍ਰਧਾਨ ਹੈ। ਮਾਇਆ ਦਾ ਤਲਿਸਮ ਮਜ਼ਬੂਤ ਹੈ, ਸਭ ਗੱਲ ਜੋ ਸਾਧਨ ਰੂਪ ਹੁੰਦੀ ਹੈ, ਉਹ ਅਨਾੜੀਆਂ ਦੇ ਹੱਥ ਵਿਚ ਆਕੇ ਮਾਇਆ ਦੇ

---

[੧] ਪੰਜਵੇਂ ਸਤਿਗੁਰਾਂ ਬੀ ਫੁਰਮਾਇਆ ਹੈ-ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥ {ਗਉੜੀ ਮ:੫}

ਜ਼ੰਜ਼ੀਰ ਦੀ ਇਕ ਹੋਰ ਕੜੀ ਬਣ ਜਾਂਦੀ ਹੈ। ਇਹ ਕੜੀ ਤੋੜਨੀ ਹੈ, ਹਾਂ ਮਨਾਂ ਦੇ ਬੱਝੇ ਕੜਾਂ ਨੂੰ ਤੋੜਨਾ ਹੈ, ਸੋ ਦੱਸੋ ਟੁੱਟਦਾ ਹੈ ਕਿ ਨਹੀਂ?

ਬਹਾਵਲ-ਗੱਲ ਬਹੁਤ ਪਤੇ ਦੀ ਹੈ, ਪਰ ਬ੍ਰੀਕ ਹੈ, ਸਮਝ ਵਿਚ ਤਾਂ ਆ ਗਈ ਹੈ, ਪਰ ਇਹ ਮਿਹਰ ਹੈ, ਅਪਣੀ ਕੀਤੀ ਦੀ ਗੱਲ ਨਹੀਂ ਜਾਪਦੀ।

ਗੁਰੂ ਜੀ-ਹਾਂ ਰਾਤ ਹੈ, ਹਨੇਰਾ ਹੈ, 'ਦੀਵੇ ਬਾਲੇ, ਭਾਂਬੜ ਮਚਾਏ, ਹਨੇਰਾ ਨਹੀਂ ਜਾਂਦਾ, ਢੋਲ ਬਜਾਏ, ਵਾਜੇ ਕੁੱਟੇ, ਹਨੇਰਾ ਨਹੀਂ ਜਾਂਦਾ! ਚੰਦ ਹਾਰਦਾ ਤੇ ਤਾਰੇ ਥੱਕ ਕੇ ਟੁਰ ਜਾਂਦੇ ਹਨ, ਪਰ ਔਹ ਦੇਖੋ! ਸੂਰਜ ਆਇਆ, ਹਨੇਰੇ ਜਾਂਦੇ ਦਾ ਥਹੁ ਨਹੀਂ ਲੱਗਾ। ਸੂਰਜ ਚੜ੍ਹਿਆ ਹਨੇਰਾ ਕਦੇ ਸੀ ਹੀ ਨਹੀਂ। ਰੂਹ ਨੂੰ, ਮਨ ਨੂੰ, ਅੰਦਰਲੇ ਨੂੰ ਸਿੱਧਾ ਪਿਆਰੇ ਦੇ ਚਾਨਣੇ ਹੇਠ ਲਿਆਓ, ਬਸ ਮੁਨੱਵਰ ਹੋ ਗਏ ਹਨੇਰੇ ਤੇ ਧੁੰਦ ਕੁਹੀੜ ਗਏ, ਜਾਂਦੇ ਫੇਰ ਦਿੱਸੇ ਨਹੀਂ।

ਤੁਸੀਂ ਕਰੋ ਮੁਸ਼ੱਕਤ; ਘਾਲੋ ਘਾਲ, ਸੱਚ ਤੇ ਟੁਰੋ, ਹਜ਼ੂਰੀ ਵਿਚ ਵਸੋ, ਰੁਖ਼ ਅੰਦਰਲੇ ਦਾ ਉਸਦੇ 'ਪਿਆਰ-ਤੇਜ' ਦੇ ਸਾਹਮਣੇ ਰੱਖੋ, ਫੇਰ ਮਿਹਰ ਉਹ ਕਰਦਾ ਹੈ, ਮਿਹਰ ਉਸ ਦਾ ਧਰਮ ਹੈ, ਉਸ ਦਾ ਕਰਮ ਹੈ, ਹਾਂ ਉਸਦਾ ਰੂਪ ਹੈ, ਉਹ ਤਾਂ ਸਦਾ ਪ੍ਰੇਮ ਹੈ, ਸਦਾ ਮਿਹਰ ਹੈ, ਪਰ ਸਾਡਾ ਰੁਖ ਹੀ ਹੋਰਵੇਂ ਹੈ।

'ਜੀਵਨ ਕਣੀ' ਅੰਦਰ ਆਵੇ, ਜੀਉ ਪਈਏ[1] ਇਹ ਹੈ ਮੇਰਾ ਸੰਦੇਸ਼ਾ! ਇਹ ਕਣੀ ਲੈਕੇ ਮੈਂ ਆਇਆ ਹਾਂ, ਜੇ ਤੁਸਾਂ ਪਾਸ ਹੈ ਤਾਂ ਵਾਹ ਵਾਹ, ਨਹੀਂ ਤਾਂ ਲਓ, ਪਿਆਰੇ ਦੇ ਨਾਮ ਤੇ ਲੁਟਾ ਰਿਹਾ ਹਾਂ। ਇਹ ਕਹਿਕੇ ਮਹਾਰਾਜ ਚੁਪ ਹੋ ਗਏ। ਐਉਂ ਪ੍ਰਤੀਤ ਦਿੱਤਾ ਕਿ ਕਿਤੇ ਗੁੰਮ ਹੁੰਦੇ ਜਾਂਦੇ ਹਨ, ਪ੍ਰਭਾਵ ਵੀ ਏਹੋ ਛਾ ਗਿਆ। ਸਾਰੇ ਨੈਣ ਮੁੰਦ ਗਏ, ਗੁੰਮ ਹੋ ਗਏ, ਕਿਤੇ ਡੁੱਬ ਗਏ। ਕੁਛ ਘੜੀਆਂ ਬਾਦ ਸਤਿਗੁਰ ਨੇ ਨੈਣ, ਕਮਲ ਨੈਣ ਖੋਹਲੇ, ਬੋਲੇ "ਵਾਹਿਗੁਰੂ"!

ਸਾਰੇ ਨੈਣ ਖੁੱਲ੍ਹੇ, ਸਰੀਰ ਹਲਕੇ ਫੁੱਲ ਹੋ ਰਹੇ ਸਨ। ਇਕ ਤਾਜ਼ਗੀ ਸੀ, ਇਕ ਤਰੌਤ ਸੀ, ਮਨ ਦਾ ਰੁਖ਼ ਦ੍ਰਿਸ਼ਟਾ ਸੀ ਤੇ ਉਮਾਹ ਸੀਤਲਤਾਈ ਤੇ ਰਸ ਸੀ। ਐਉਂ ਜਾਪਦਾ ਸੀ ਕਿ ਕੋਈ ਅਣਡਿੱਠ ਤਾਕਤ ਪਿਆਰ ਤੇ ਰਸ ਜਿਸ ਦਾ ਰੂਪ ਹੈ, ਸਾਡੇ ਆਪੇ ਵਿਚ ਆਪਾ ਹੋਕੇ ਰਸ ਗਈ ਹੈ, ਮਨ ਫੋਕੀ ਏਕਾਗ੍ਰਤਾ ਤੋਂ ਉਠਕੇ ਕਿਸੇ ਉਚੀ ਉਚਰਾਨ ਵਿਚ ਹੋ ਗਏ ਹਨ।

ਗੁਰੂ ਬਾਬਾ-ਸੱਜਣੋ! ਇਹ ਹੈ ਪਿਆਰੇ ਦਾ ਪਿਆਰ, ਇਸ ਵਿਚ ਜੀਓ, ਇਸ ਵਿਚ ਜਿਵਾਓ। ਲੂੰ ਲੂੰ ਵਣ ਤ੍ਰਿਣ ਪਿਆਰਾ ਹੈ। ਪਿਆਰੇ ਦਾ ਨਾਮ ਹਰ ਜੀਭ ਤੇ ਧਰ ਦਿਓ, ਪਿਆਰੇ ਦੇ ਪਿਆਰ ਦੀ ਸੋ ਹਰ ਕੰਨ ਵਿਚ ਪਾ ਦਿਓ, ਪਿਆਰੇ ਵੱਲ ਰੁਖ਼ ਮੋੜ ਦਿਓ, ਪਿਆਰ ਲਹਿਰਾ ਲਹਿਰਾ ਦਿਓ। ਹਰ ਪ੍ਰਾਣੀ ਅੰਦਰੋਂ ਜਾਗਤਾ ਹੋ ਜਾਵੇ ਤੇ ਅੰਦਰੋਂ ਅਨੁਭਵ ਵਿਚ, ਇਲਹਾਮ ਵਿਚ, ਰੱਬੀ ਰੌ ਤ੍ਰੰਗ ਵਿਚ ਤੇ ਮੇਲ ਵਿਚ ਵੱਸੇ, ਇਹ ਪਿਆਰੇ ਦਾ ਸੰਦੇਸ਼ਾ ਹੈ।

ਇਸ ਪ੍ਰਕਾਰ ਸਤਿਗੁਰਾਂ ਨੇ ਸਾਰਿਆਂ ਦੇ ਰੁਖ਼ ਵਟਾਏ, ਸੱਚਾ ਰਸਤਾ ਦੱਸਿਆ, ਚਾਰ ਮਹੀਨੇ ੧੧ ਦਿਨ ਓਥੇ ਰਹੇ[2]। ਜਿਥੇ ਬੈਠਕੇ ਆਪ ਨੇ ਇਹ ਜੀਅਦਾਨ ਦਿੱਤੇ ਓਥੇ ਅੱਜ ਤੱਕ ਗੁਰਦੁਆਰਾ ਹੈ। ਇਕ ਇਕ ਐਸੇ ਫਕੀਰ ਨੂੰ ਸੁਆਰਨ ਨਾਲ ਉਹਨਾਂ ਦੇ ਮਗਰ ਲੱਗੇ ਹਜ਼ਾਰਾਂ ਜੀਆਂ ਦਾ ਭਲਾ ਹੋ ਜਾਂਦਾ ਸੀ, ਰੌਸ਼ਨੀ ਮਿਲ ਜਾਂਦੀ ਸੀ!

-o-

ਸੂਚਨਾ-ਇਥੋਂ ਟੁਰਕੇ ਅਨੇਕ ਥਾਈਂ ਹੁੰਦੇ ਧਨਾਸਰੀ ਦੇਸ਼[3] ਪਹੁੰਚੇ, ਜਿਥੇ ਕੁਛ ਕਾਲ ਰਹੇ। ਇਥੇ ਬਹੁਤ ਲੋਕ ਨਾਮ ਦੇ ਪ੍ਰੇਮੀ ਹੋ ਗਏ, ਗੁਰੂ ਗੁਰੂ ਲਗੇ ਜਪਣ। ਉਥੇ ਇਕ ਅਨਭੀ ਯਾ ਅਨੁਭਵੀ ਨਾਮੇ ਸਰੇਵੜੇ ਨਾਲ ਗੋਸ਼ਟ ਹੋਈ, ਜਿਸ ਦਾ ਸਾਰ

---

[1] ਪੰਜਵੇਂ ਗੁਰੂ ਜੀ ਦਾ ਹੁਕਮ ਹੈ-ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ {ਰਾਗ ਸੂਹੀ ਮ: ੫}

[2] ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਸਰਸੇ ਦੇ ਭੱਟਾਂ ਦੀ ਵਹੀ ਇਹ ਗੱਲ ਲਿਖੀ ਹੋਈ ਸੀ।

[3] ਸ਼ਾਇਦ ਧਨਾਸਰੀ ਦੇਸ਼ ਤੋਂ ਮੁਰਾਦ ਤਨਾਸਰਮ ਦੇਸ਼ ਦੀ ਹੈ। ਤਨਾਸਰਮ ਬਰਮਾ ਦਾ ਸਭ ਤੋਂ ਹੇਠਲਾ ਜ਼ਿਲਾ ਸ਼ਮੁੰਦਰ ਦੇ ਕਿਨਾਰੇ ਕਿਨਾਰੇ ਹੈ। ਇਸ ਦੀ ਇਕ ਨਗਰੀ ਤਨਾਸਰਮ ਹੈ। ਪਰ ਇਕ ਨਗਰ ਦੇ ਉਤਰ ਪੱਛਮ ਨੂੰ ਇਕ ਨਿੱਕਾ ਟਾਪੂ ਬੀ ਹੈ-ਤਨਾਸਰਿਮਾ। ਜਨਮ ਸਾਖੀ ਵਿਚ ਬਰੇਤਾ ਲਿਖਿਆ ਹੈ। ਬਰੇਤੀ ਤੋਂ ਮੁਰਾਦ ਛੋਟੇ ਟਾਪੂ ਦੀ ਜਾਪਦੀ ਹੈ। ਇਹ ਧ੍ਰਵਾ ਤਾਂ ਮਿਲਦਾ ਹੈ, ਪਰ ਹੋ ਸਕਦਾ ਹੈ ਕੋਈ ਹੋਰ ਟਿਕਾਣਾਂ ਹੋਵੇ। ਜੈਸੇ ਕਿ ਆਸਾਮ ਵਿਚ ਇਕ ਟਿਕਾਣਾ 'ਧਨਾਸਰੀ' ਕਰਕੇ ਹੁਣ ਤਕ ਬੀ ਹੈ, ਰੇਲ ਦਾ ਸਟੇਸ਼ਨ ਬੀ ਹੈ! ਨਿਸਚੇ ਕਰਨ ਲਈ ਖੋਜ ਦੀ ਲੋੜ ਹੈ।

ਸਲੋਕ ਮ:-੧ 'ਸਿਰੁ ਖੋਹਾਇ ਪੀਅਹਿ ਮਲਵਾਣੀ......... 'ਮਾਝ ਦੀ ਵਾਰ ਵਿਚ ਹੈ। ਅਨਭੀ ਸਰੇਵੜਾ ਸਿਖ ਹੋਇਆ! ਮਾਝ ਦੀ ਵਾਰ ਸਤਿਗੁਰਾਂ ਸਾਰੀ ਉਥੇ ਉਚਾਰੀ, ਜੋ ਸੈਦੋ ਘੇਹੋ ਨੇ ਲਿਖੀ। ਉਥੋਂ ਟੁਰਕੇ ਕਿਸੇ ਬਰੇਤੇ ਵਿਚ ਗਏ, ਧਨਾਸਰੀ ਦੇਸ ਦੇ ਓਸ ਟਿਕਾਣੇ ਇਕ ਰਾਖਸ਼ (ਆਦਮ ਖੋਰ ਜਾਂਗਲੀ ਆਦਮੀ) ਰਹਿੰਦਾ ਸੀ, ਜਿਸ ਦਾ ਪ੍ਰਸੰਗ ਅੱਗੇ ਹੈ। ਆਦਮ ਖੋਰ ਜੰਗਲੀ ਲੋਕ ਅਜੇ ਤਕ ਵੀ ਦੁਨੀਆਂ ਵਿਚ ਹੈਨ।

## ੬੪. ਕੌਡਾ ਰਾਖਸ਼ [੧] ।

ਮਾਣਸ ਗੰਧ ਪਛਾਣਦਾ ਫੜ ਮਾਣਸ ਖਾਂਦਾ,
ਵਿੱਚ ਬਰੇਤੀ ਦੀਪ ਇਕ ਉਹ ਦੁਸ਼ਟ ਰਹਾਂਦਾ,
ਮਾਣਸ ਖਾਣਾ ਜਾਂਗਲੀ ਉਸ ਰਾਖਸ਼ ਕਹੀਏ,
ਫੜ ਤਲ ਖਾਵੇ ਆਦਮੀ ਦੁਖ ਸ੍ਰਿਸ਼ਟੀ ਪਈਏ।
ਦੂਰ ਦੂਰ ਚਲ ਜਾਂਵਦਾ ਛਹਿ ਜੰਗਲ ਬਹਿੰਦਾ,
ਦਾ ਲਾਕੇ ਨਰ ਪਕੜਦਾ ਬੰਨ੍ਹ ਮੁਸ਼ਕਾਂ ਲੈਂਦਾ,
ਲਜਾਵੇ ਬ੍ਰੇਤੀ ਆਪਣੀ ਧਰ ਦੇਇ ਕੜਾਹਾ;
ਉਸ ਵਿਚ ਤਲਕੇ ਆਦਮੀ ਦਿਲ ਭਰੇ ਉਮਾਹਾਂ।
ਦੁਖੀ ਸਰਿਸ਼ਟੀ ਹੋ ਗਈ ਕੋ ਲਏ ਨ ਸਾਰਾ,
ਰਾਜਾ ਕੁਈ ਨ ਬਹੁੜਦਾ ਕੁਈ ਚਲੇ ਨ ਚਾਰਾ।
ਇੱਕ ਦਿਹਾੜੇ ਆਪ ਹੀ ਇਸ ਰੇਤੇ ਟਾਪੂ-
ਤ੍ਰੈ ਸਜਣ ਆ ਗਏ ਹਨ ਤੇ ਆਏ ਆਪੂ।
ਰਾਖਸ਼ ਖੁਸ਼ ਹੋ ਆਖਦਾ: "ਅਜ ਭਾਗ ਜਗਾਏ:
ਮੇਰੇ ਭੋਜਨ ਵਾਸਤੇ ਚਲ ਆਪੇ ਆਏ,
ਮੌਜ ਕਈ ਦਿਨ ਰਹੇਗੀ ਸੁਖ ਮਿਲੂ ਘਨੇਰਾ"।
"ਬੈਠੇ ਘਰ ਵਿਚ ਮਾਣਸਾਂ ਸੁਖ ਚੰਗ ਚੰਗੇਰਾ"।
ਖੁਸ਼ ਹੋ ਤੇਲ ਤਪਾਇਆ ਅੱਗ ਬਹੁਤੀ ਬਾਲੀ
ਜਦੋਂ ਕੜਾਹਾ ਤਪ ਗਿਆ ਇਸ ਚੜ੍ਹ ਗਈ ਲਾਲੀ,
ਤੇਟਾਂ ਵਿਚੋਂ ਇਕ ਨੂੰ ਜੋ ਸੀਗ ਜਲਾਲੀ[੨]
ਵਿਚ ਕੜਾਹੇ ਘੱਤਿਆ, ਘਤ ਮਾਰੀ ਤਾਲੀ।
ਪਰ ਦੇਖੋ ਹੈ ਠਰ ਗਿਆ ਉਹ ਤਪਤ ਕੜਾਹਾ,
ਨਹੀਂ ਉਛਾਲਾ ਖਾਂਵਦਾ ਉਹ ਤੇਲ ਤਪਾਹਾ।
ਬਹੁਤਾ ਬਾਲਣ ਡਾਹੁੰਦਾ ਅੱਗ ਧੱਕੇ ਅੱਗੇ:
ਖੁਝਦੀ ਜਾਂਦੀ ਅੱਗ ਹੈ ਕੁਈ ਪੇਸ਼ ਨ ਤੱਗੇ।
ਹੱਥ ਕੜਾਹੇ ਲਾਂਵਦਾ ਉਹ ਸੀਤਲ ਹੋਇਆ,
ਚੁੱਲ੍ਹੇ ਵਲ ਜਦ ਤੱਕਦਾ ਸੁਆਹ ਸਾਰਾ ਹੋਇਆ।
ਠੰਢਾ ਹੋ ਗਜਾ ਤੇਲ ਹੈ, ਲੱਗ ਗਈ ਸਮਾਧੀ,
ਨੂਰੋ ਨੂਰ ਪ੍ਰਕਾਸ਼ ਹੈ, ਤਕ ਮਿਟੇ ਉਪਾਧੀ,
ਚਿਹਰਜੋਂ ਵੱਸੇ ਸੁੰਦਰਤਾ, ਮੀਂਹ ਪਵੇ ਜਮਾਲੀ
ਖਿੱਚ ਪਵੇ ਤੇ ਭੈ ਪਵੇ ਤੱਕ ਨੂਰ ਜਲਾਲੀ।
ਕੰਬਜਾ ਹਿਰਦਾ ਦੁਸ਼ਟ ਦਾ,
ਧੂ ਪਈ ਅਗੰਮੀ।
ਥਰ ਥਰ ਕੰਬ ਕੰਬ ਰੋਇਆ,
ਡਿਗ ਪਿਆ ਧੜੰਮੀ।
ਆਖੇ "ਤੂੰ ਕੁਈ ਰੱਬ ਹੈਂ
ਜਿਨ੍ਹ ਅੱਗ ਬੁਝਾਈ,
ਤਪੇ ਕੜਾਹੇ ਬੈਠ ਕੇ
ਹੈ ਬਰਫ ਵਸਾਈ;
ਮੈਂ ਪਾਪੀ ਅਤਿ ਘੋਰ ਹਾਂ
ਤੂੰ ਬਖਸ਼, ਗੁਸਾਈਂ!
ਸਦਕੇ ਅਪਣੇ ਕਿਸੇ ਦੇ
ਰਖ ਮੈਨੂੰ, ਸਾਈਂ!"
ਅੱਖੀਂ ਖੁਹਲ ਉਸ ਤੇਜ ਨੇ
ਇਕ ਚਮਕ ਦਿਖਾਈ,
ਰਾਖਸ਼ ਮਰਨਾ ਪੈ ਗਿਆ
ਮਰ ਗਿਆ ਤਦਾਈ।
ਫਿਰ ਉਸ ਨੂਰੀ ਅੱਖ ਨੇ
ਇਕ ਚਮਕ ਫਿਰਾਈ,
ਫਿਰ ਉਠਿਆ ਉਹ ਐਕੁਰਾਂ
ਜਿੰਦ ਨਵੀਂ ਜਿ ਪਾਈ।
ਰਾਖਸ਼ ਬਿਰਤੀ ਪਲਟਕੇ
ਦੇਵ ਬਿਰਤੀ ਆਈ,
ਲੱਥੀ ਕਾਈ ਜਨਮ ਦੀ
ਘਟ ਜੋਤਿ ਜਗਾਈ,
ਆਖੇ: "ਮੈਨੂੰ ਦਾਨ ਕਰ
ਦੇਹ ਮੁਕਤਿ ਅਸਾਈਂ,
ਚਰਨੀ ਲਾਯਾ ਈ ਆਪਣੀ
ਹੁਣ ਪਾਰ ਲੰਘਾਈਂ। "
ਭਲਾ ਪਿਆਰੇ ਪਾਠਕਾ!
ਏ ਕੌਣ ਪਿਆਰ?

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ; ਨਾ: ਸਾ: ੪੪੬ (੧੯੧੫ ਈ:) ਨੂੰ "ਤਪਤ ਕੜਾਹਾ ਬੁਝਿ ਗਇਆ" ਦੇ ਨਾਮ ਹੇਠ ਖਾ: ਸਮਾ: ਵਿਚ ਪ੍ਰਕਾਸ਼ਿਆ ਸੀ। [੨] ਪੁ: ਜ: ਸਾ: ਵਿਚ ਗੁਰੂ ਜੀ ਨੂੰ ਤੇ ਬਾ: ਵਾ: ਵਿਚ ਮਰਦਾਨੇ ਨੂੰ ਪਾਯਾ ਲਿਖਿਆ ਹੈ।

ਤਪਤ ਕੜਾਹੇ ਵੜ ਗਿਆ ਤੇ ਤਪਦਾ ਠਾਰਾ?
ਕੌਣ ਅਜੇਹਾ ਪਜਾਰੂਆ ਜਗ ਪਜਾਰ ਕਰਾਵੇ?
ਸ੍ਰਿਸ਼ਟੀ ਰੱਖਸ਼ਾ ਕਾਰਨੇ ਤਨ ਆਪ ਕੁਹਾਵੇ?
ਸ੍ਰਿਸ਼ਟੀ ਰਾਖਸ਼ ਤੋਂ ਬਚੇ ਕੌਣ ਤੁਰ ਕੇ ਜਾਵੇ?
ਅਪਣੇ ਉਤੇ ਕੌਣ ਹੈ ਦੁਖ ਸ੍ਰਿਸ਼ਟੀ ਪਾਵੇ?
ਕੌਣ ਕੜਾਹੇ ਜਾ ਵੜੇ ਵਿਚ ਤਪਦੇ ਭਾਈ?
ਕੌਣ ਅਹ ਜਿਸ ਅੱਗ ਸਹਿ ਜਗ ਠੰਢਕ ਪਾਈ?
ਇਕੋ ਮਿੱਤਰ ਜਗਤ ਦਾ ਜੋ ਆਪਾ ਵਾਰੇ,
ਇੱਕੋ ਪ੍ਰੇਮੀ ਜਗਤ ਦਾ ਜੋ ਜਲਤ ਉਬਾਰੇ,
ਗੁਰ ਨਾਨਕ ਇਕ ਇੱਕ ਹੈ ਜੋ ਏ ਕੁਛ ਕਰਦਾ,
ਖੇਦ ਸਹੇ ਤਨ ਆਪਣੇ ਦੁਖ ਦੁਨੀਆਂ ਹਰਦਾ।
ਸ੍ਰਿਸ਼ਟੀ ਰੱਖੀ ਇੱਕ ਧਿਰ ਇਕ ਏਹ ਬਚਾਇਆ,
ਨਰਕਾਂ ਜਾਂਦਾ ਦੁਸ਼ਟ ਸੀ ਰੱਬ ਰਸਤੇ ਪਾਇਆ।
ਗੁਰ ਬਾਬੇ ਫਿਰ ਆਖਿਆ: "ਸੁਣ ਸੀਹੋਂ[1] ਪਜਾਰੇ!
ਦਿਹੁ ਪਾਹੁਲ ਤੂੰ ਏਸ ਨੂੰ ਕਰ ਭਉਜਲ ਪਾਰੇ।"
ਪਾਹੁਲ ਦਿੱਤੀ ਓਸ ਨੂੰ 'ਨਾਮ' ਬਖਸ਼ਜਾ ਸਾਂਈਂ,
ਜਗ ਸੇਵਾ ਵਿਚ ਲਾ ਧਰੇ ਜੋ ਜਗਤ ਬਲਾਈਂ।
ਤੁਸੀਂ ਅਸੀਂ ਭੀ ਪਜਾਰਿਓ! ਸਭ ਰਾਖਸ਼ ਆਹੇ;
ਰੋਜ਼ ਗੁਰੂ ਨੂੰ ਪਾਂਵਦੇ ਵਿਚ ਤਪਤ ਕੜਾਹੇ।
ਰਾਖਸ਼ ਅਸਾਂ ਸੁਭਾਵ ਹੈ ਦਿਲ ਤਪੇ ਕੜਾਹਾ,
ਉਸ ਵਿੱਚ ਗੁਰ ਨੂੰ ਯਾਦ ਕਰ ਹਾਂ ਰੋਜ਼ ਸੁਟਾਹਾਂ।
ਗੁਰ ਜਾਂਦਾ ਜਦ ਅੰਦਰੇ ਠੰਢ ਪੈਂਦੀ ਭਾਈ,
ਤਨ ਤਪਦੇ ਦੀ ਅੱਗ ਜੋ ਝਟ
ਤਦ ਹੋ ਖੀਵੇ ਆਖੀਏ: ਪਟ ਬੁਝ ਜਾਈ।

"ਕਿਹੀ ਠੰਢਕ ਆਈ!
"ਸੜਦੇ ਸਾਂ ਪਰ ਗੁਰਾਂ ਨੇ,,
ਤਨ ਜਲਨ ਬੁਝਾਈ:-"
ਆਵਣ ਜਾਣੁ ਰਹਿਓ॥ ਤਪਤ
ਕੜਾਹਾ ਬੁਝਿ ਗਇਆ ਗੁਰਿ
ਸੀਤਲ ਨਾਮੁ ਦੀਓ॥

{ਮਾਰੂ ਮ:੫}

ਇਹ ਨਾ ਜਾਣੋ ਤਦੋਂ ਹੀ
ਗੁਰ ਅੱਗ ਬੁਝਾਈ,
ਤਪਤ ਕੜਾਹਾ ਠਾਰਕੇ
ਸੀ ਸ੍ਰਿਸ਼ਟਿ ਤਰਾਈ;
ਗੁਰੂ ਰੋਜ਼ ਹੈ ਨਿੱਤ ਹੀ
ਦਿਲ ਸਾਡੇ ਆਂਦਾ,
ਤਪਤ ਕੜਾਹਾ ਅਸਾਂ ਦਾ
ਵਿਚ ਬੈਠ ਬੁਝਾਂਦਾ।
ਜਦੋਂ ਗੁਰੂ ਛਡ ਦੇਵੀਏ।
ਅੱਗ ਫਿਰ ਫਿਰ ਬਲਦੀ,
ਜੇ ਗੁਰ ਰਖੀਏ ਅੰਦਰੇ
ਤਦ ਬੁਝਦੀ ਬਲਦੀ।
ਠੰਢੇ ਪਜਾਰੇ ਗੁਰੂ ਨੂੰ
ਨਿੱਤ ਰਿਦੇ ਵਸਾਓ,
ਦੇਵ ਰਹੋ ਨਿੱਤ ਕਰਮ ਦੇ
ਸੁਖ ਅਰਸ਼ੀ ਪਾਓ।

-o-

ਸੂਚਨਾ-ਇਥੋਂ ਟੁਰਕੇ ਜਾਪਦਾ ਹੈ ਕਿ ਕਿਨਾਰੇ ਦੇ ਕਿਸੇ ਹੋਰ ਟਾਪੂ ਵਿਚ ਸਤਿਗੁਰਾਂ ਦੀ ਸਿੱਧਾਂ ਨਾਲ ਭੇਟ ਹੋਈ ਹੈ। ਉਹਨਾਂ ਨੇ ਉਹੋ ਆਪਣੇ ਪ੍ਰਸ਼ਨ ਕੀਤੇ ਹਨ ਕਿ ਗ੍ਰਿਹਸਤ ਦੇ ਵਿਚ ਰਹਿਕੇ ਕਿਵੇਂ ਕਲਜਾਨ ਹੋ ਸਕਦੀ ਹੈ? ਪੂਰਨ ਤਜਾਗ, ਬਨ ਦਾ ਬਾਸ, ਹਠ ਜੋਗ ਤੇ ਤਾੜੀਆਂ ਮੁੰਦ੍ਰਾ ਇਨਾਂ ਬਿਨਾਂ ਕਿਵੇਂ ਸਮਾਧੀ ਹੋ ਸਕਦੀ ਹੈ? ਸਤਿਗੁਰਾਂ ਨੇ ਜੋ ਉੱਤਰ ਦਿਤੇ ਸੇ ਸੋ ਆਪ ਨੇ ਆਪਣੇ ਸ਼ਬਦ ਰਚਕੇ ਉਹਨਾਂ ਵਿਚ ਦੱਸੇ ਹਨ, ਉਸ ਸਾਖੀ ਤੇ ਸ਼ਬਦਾਂ ਦਾ ਵੇਰਵਾ ਪੁ:ਜ: ਸਾਖੀ ਵਿਚ ਦਿੱਤਾ ਹੈ। ਉਹ ਪ੍ਰਸੰਗ ਇਸ ਪ੍ਰਕਾਰ ਹੈ;-

---

[1] ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ "ਤਬ ਸੀਹੋਂ ਪਾਹੁਲ ਦਿਤੀ, ਨਾਉਂ ਧਰੀਕ ਹੋਇਆ, ਮੁਕਤ ਕਉ ਚਲਿਆ, ਮੁਕਤ ਭਇਆ। "

ਇਸ ਉਦਾਸੀ ਵਿਚ ਗੁਰੂ ਜੀ ਦੇ ਨਾਲ ਸੈਦੋ ਤੇ ਸੀਹੋ ਦੋ ਸਿੱਖ ਸੇ, ਪੁਰਾਤਨ ਜਨਮ ਸਾਖੀ ਵਿਚ ਇਹ ਵਾਰਤਾ ਧਨਾਸਰੀ ਦੇਸ ਦੀ ਦੱਸੀ ਹੈ ਤੇ ਕੜਾਹੇ ਵਿਚ ਬੈਠਣਾ ਗੁਰੂ ਬਾਬੇ ਦਾ ਹੀ ਲਿਖਿਆ ਹੈ। ਹੋਰਨਾਂ ਲੇਖਕਾਂ ਨੇ ਰਾਖਸ਼ ਦਾ ਨਾਮ-ਕੌਡਾ-ਦਿਤਾ ਹੈ, ਤੇ ਕੜਾਹੇ ਵਿਚ ਪੈਣਾ ਭਾਈ ਮਰਦਾਨੇ ਦਾ ਤੇ ਸਤਿਗੁਰੂ ਜੀ ਦੀ ਮਿਹਰ ਦ੍ਰਿਸ਼ਟੀ ਨਾਲ ਕੜਾਹੇ ਦਾ ਠੰਢਾ ਹੋਣਾ ਲਿਖਿਆ ਹੈ। ਤਵਾਰੀਖ ਖਾਲਸਾ ਵਿਚ ਇਹ ਵਾਕਿਆ ਭੀਲਾਂ ਦੇ ਦੇਸ਼ ਹੋਯਾ ਦੱਸਿਆ ਹੈ।

# ੬੫.ਗੋਸ਼ਟ ਮਛਿੰਦ੍ਰ ਨਾਥ[1]।

ਜਦੋਂ ਸ੍ਰੀ ਗੁਰੂ ਜੀ ਸੰਗਲਾਦੀਪ ਨੂੰ ਗਏ ਹਨ ਤਾਂ ਕਿਸੇ ਟਾਪੂ ਵਿਚ ਯਾ ਕਿਨਾਰੇ ਦੇ ਲਾਗ ਕਿਸੇ ਛੋਟੇ ਜਿਹੇ ਪਾਣੀ ਘਿਰੇ ਬਰੇਤੇ ਵਿਚ ਪੁੱਜੇ ਤਾਂ ਅਗੇ ਗੋਰਖ਼ਨਾਥ ਤੇ ਉਸ ਦਾ ਗੁਰੂ ਮਛਿੰਦ੍ਰ ਬੈਠੇ ਸਨ। ਗੁਰੂ ਜੀ ਨੂੰ ਦੂਰੋਂ ਦੇਖ ਕੇ ਮਛਿੰਦ੍ਰ ਨੇ ਪੁੱਛਿਆ: 'ਗੋਰਖ! ਕੌਣ ਆ ਰਹੇ ਹਨ?' ਗੋਰਖ ਨੇ ਕਿਹਾ ਕਿ 'ਜੀ ਗੁਰੂ ਨਾਨਕ ਹੈ, ਨਾਲ ਦੋ ਸਿਖ ਹਨ[2]'। ਮਛਿੰਦ੍ਰ ਖੁਸ਼ ਹੋਇਆ ਤੇ ਆਦਰ ਦੇ ਕੇ ਆਦੇਸ ਕੀਤੀਓਸੁ। ਸੁਖ਼ ਸਾਂਦ ਆਪੋ ਵਿਚ ਪੁੱਛ ਕੇ ਬਹਿ ਗਏ ਤਾਂ ਮਛਿੰਦ੍ਰ ਨੇ ਪੁੱਛਿਆ:-

ਹੇ ਗੁਰੂ ਨਾਨਕ! ਸਾਗਰ ਵਿਚ ਬੈਠੇ ਹਾਂ, ਦੇਖੋ ਜੇ ਕੋਈ ਸਾਗਰ ਵਿੱਚ ਜੀਉਂਦਾ ਪੈ ਜਾਏ ਤਾਂ ਡੁਬ ਜਾਂਦਾ ਹੈ, ਜੇ ਮਰਕੇ ਪਵੇ ਤਾਂ ਤਰਦਾ ਹੈ, ਪਰ ਐਦਾਂ ਦਾ 'ਤਰਿਆ ਭਾਵੇਂ ਡੁੱਬਾ' ਮੁਰਦਾ ਹੀ ਹੁੰਦਾ ਹੈ ਤੂੰ ਦੱਸ ਕਿ ਇਹ ਸਾਗਰ ਕੀਕੂੰ ਤਰੀਏ ਜੋ ਤਰਿਆ ਬੀ ਜਾਏ ਤੇ ਤਾਰੂ ਜੀਉਂਦਾ ਬੀ ਰਹੇ[3]।

ਸ੍ਰੀ ਗੁਰੂ ਜੀ ਬੋਲੇ:-ਹੇ ਜੋਗੀਰਾਜਾ! ਜਲ ਉਤੇ ਤਰਨਾ ਸਿੱਖੋ। ਪਹਿਲਾਂ ਤਾਰੀ ਹੱਥਾਂ ਪੈਰਾਂ ਦੇ ਜ਼ੋਰ ਨਾਲ ਆਉਂਦੀ ਹੈ। ਜਦੋਂ ਤਾਰੂ ਹੋ ਜਾਏ ਤਾਂ ਫੇਰ ਮੁਰਦਾ ਤਾਰੀ ਸਿਖਦਾ ਹੈ। ਇਸ ਤਾਰੀ ਦੇ ਆਇਆਂ ਬਿਨਾਂ ਜਤਨ ਤਰਦਾ ਹੈ ਜਿਵੇਂ ਮੁਰਦਾ ਬਿਨਾਂ ਜਤਨ ਤਰਦਾ ਹੈ ਤੇ ਫੇਰ ਤਰਨਹਾਰ ਜੀਉਂਦਾ ਬੀ ਰਹਿੰਦਾ ਹੈ। ਪਰ ਹੇ ਜੋਗੀ ਜਨੋਂ! ਇਹ ਬੀ ਸੋਚੋ ਨਾ, ਕਿ ਤਰਨਾ ਕਿਸ ਵਾਸਤੇ ਹੈ? ਐਉਂ ਤਰਨਾ ਤਾਂ ਇਕ ਮਨ ਦਾ ਚਾਉ ਹੈ, ਸਰੀਰ ਦੀ ਕਸਰਤ ਹੈ, ਕਿਸੇ ਪ੍ਰਯੋਜਨ ਲਈ ਤਰਨਾ ਚਾਹੀਏ।

ਮਛਿੰਦ੍ਰ-ਇਸ ਲਈ ਕਿ ਸਰੀਰ ਅਰੋਗ ਰਹੇ, ਉਮਰ ਲੰਮੀ ਹੋਵੇ, ਅਪਣੇ ਸਰੂਪ ਵਿਚ ਟਿਕੇ, ਜਗਤ ਵਿਚ ਭਲੀ ਬੀਤੇ।

ਗੁਰੂ ਜੀ-ਇਸ ਗਲ ਲਈ ਤਾਂ ਤੁਸਾਂ ਜਗਤ ਛਡ ਦਿੱਤਾ, ਏਕਾਂਤ ਵਾਸੀ ਹੋਕੇ ਜੋਗ ਸਾਧਨਾਂ ਵਿਚ ਲਗ ਗਏ, ਸੋ ਤੁਸੀਂ ਤਾਂ ਗ੍ਰਿਹਸਤ ਦਾ ਮਾਇਆ ਜਾਲ ਛੋੜ ਗਏ! ਤੁਸੀਂ ਹੁਣ ਸੁੱਕੀਂ ਲੱਤੀਂ ਤੁਰ ਰਹੇ ਹੋ; ਤੁਹਾਨੂੰ ਤਰਨ ਦੀ ਕੀ ਲੋੜ? ਤੁਹਾਨੂੰ ਤਾਂ ਤੁਰਨ ਦੀ ਲੋੜ ਹੈ।

ਮਛਿੰਦ੍ਰ ਤ੍ਰਬ੍ਰਕਿਆ, ਸੋਚੀਂ ਪੈ ਗਿਆ, ਫੇਰ ਬੋਲਿਆ:-ਭਲਾ ਤਰਨਾ ਕਿਸ ਨੂੰ ਲੋੜੀਦਾ ਹੈ, ਭਉਜਲ ਕਿਸ ਦੇ ਅੱਗੇ ਹੈ?

ਗੁਰੂ ਜੀ-ਇਹ ਤਾਂ ਅਸਾਂ ਲੋਕਾਂ ਵਾਸਤੇ ਹੈ ਜਿਨ੍ਹਾਂ ਨੇ ਆਪਣੇ ਪ੍ਰੀਤਮ ਪਾਸ ਪਹੁੰਚਣਾ ਹੈ। ਜਿਨ੍ਹਾਂ ਦਾ ਮਨੋਰਥ ਆਪੇ ਦਾ ਸੁਖ ਟੋਲਣਾ ਨਹੀਂ, ਪਰ ਸੁਖਾਂ ਦੇ ਸੁਆਮੀ ਆਪਣੇ ਪ੍ਰੀਤਮ ਪਾਸ ਅੱਪੜਨਾ ਹੈ, ਜਿਨ੍ਹਾਂ ਨੂੰ ਇਹ ਲਲਨਾ ਲਗ ਰਹੀ ਹੈ ਕਿ ਸਾਡੇ ਪਿਆਰੇ ਦਾ ਦਰ-ਜੋ ਕਈ ਦਰਾਂ ਨੂੰ ਲੰਘਕੇ ਆਉਂਦਾ ਹੈ-ਕਿਵੇਂ, ਲੱਭੇ। ਉਸ ਅਸਲੀ ਤੇ ਵਸੇਬੇ ਦੇ ਦਰ ਦੀ ਸਾਨੂੰ ਟੋਲ ਹੈ। ਉਸ ਪ੍ਰੀਤਮ ਦੇ ਪਿਆਰ ਕਾਰਨ ਅਸੀਂ ਉਸ ਦੇ ਦਰ ਲਈ ਉਦਾਸ ਫਿਰ ਰਹੇ ਹਾਂ ਤੇ ਪੁੱਛ ਦੱਸ ਰਹੇ ਹਾਂ ਕਿ ਕੋਈ ਆਕੇ ਦੱਸੇ ਕਿ ਜਿਸ ਦਰ ਵਿਚ ਉਹ ਪ੍ਰੀਤਮ ਵੱਸਦਾ ਹੈ ਉਹ ਕਿਹੜਾ ਦਰ ਕਹੀਦਾ ਹੈ[4]?

ਮਛਿੰਦ੍ਰ-ਉਹ ਦਰ ਆਪਣਾ ਸਰੂਪ ਹੈ।

ਗੁਰੂ ਜੀ-ਅਸਾਂ ਤਾਂ ਉਸ ਨੂੰ ਟੋਲਣਾ ਹੈ ਜੋ ਆਪੇ ਦਾ ਪਰਮ ਆਪਾ ਹੈ, ਜਿਸ ਨੂੰ ਕਰਤਾ ਪੁਰਖ ਕਰਕੇ ਜਾਤਾ ਤੇ ਪਿਆਰਿਆ ਹੈ। ਉਸ ਦਾ ਅਸਾਂ ਦਰ ਲੱਭਣਾ ਹੈ! ਜਿੱਥੇ ਬੈਠਕੇ ਪਿਆਰਾ ਸਭ ਦੀ ਸੰਭਾਲ ਕਰਦਾ ਹੈ।

ਮਛਿੰਦਰ-ਫੇਰ ਤੁਹਾਡੇ ਖਿਆਲ ਵਿਚ ਉਹ ਕਿੱਥੇ ਵੱਸਦਾ ਹੈ?

ਗੁਰੂ ਜੀ-ਸਾਡਾ ਪ੍ਰੀਤਮ ਪੁਰਖ ਜਿਸ ਆਸਣ ਤੇ ਬਿਰਾਜਮਾਨ ਹੈ ਉਸ ਦਾ ਨਾਮ ਹੈ 'ਸੱਤ'। ਇਹ ਆਸਣ ਜਿਸ ਘਰ ਵਿਚ ਲਗ ਰਿਹਾ ਹੈ ਉਸ ਦੇ ਦਰਵਾਜ਼ੇ ਦਾ ਨਾਉਂ ਹੈ ਦੁਖ, ਉਸ ਨੂੰ ਦੋ ਤਖਤੇ ਲਗੇ ਹੋਏ ਐਸੇ ਹਨ ਕਿ ਮਾਨੋ ਜੜੇ ਹੋਏ ਹਨ,

---

[1] ਇਹ ਪਸੰਗ ਸੰ: ਗੁ: ਨਾ: ਸਾ: ੪੭੦ (੧੯੩੮ ਈ,) ਨੂੰ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਖੇ' ਪ੍ਰਕਾਸ਼ਿਆ ਸੀ।

[2] ਸੈਦੋ ਤੇ ਸੀਹੋਂ ਤਦੋਂ ਏ ਦੋ ਸਿਖ ਨਾਲ ਸੇ।

[3] ਕਿਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥੧॥ ਰਹਾਉ ॥ {ਰਾਮਕਲੀ ਮਹਲਾ ੧}

[4] ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥੧॥ {ਰਾਮਕਲੀ ਮਹਲਾ ੧}

ਉਹਨਾਂ ਦਾ ਨਾਮ ਹੈ ਆਸਾ ਤੇ ਅੰਦੇਸਾ ਫਿਰ ਇਸ ਦਰਵਾਜ਼ੇ ਅੱਗੇ ਜੋ ਪਹਿਰੇਦਾਰ ਹੈ ਉਸ ਦਾ ਨਾਮ ਹੈ ਰੋਹ (=ਗੁੱਸਾ)। ਇਸ ਦੇ ਉਦਾਲੇ ਇਕ ਖਾਈ ਹੈ ਜੋ ਜਲ ਨਾਲ ਭਰ ਰਹੀ ਹੈ ਤੇ ਉਸ ਦਾ ਨਾਮ ਹੈ ਮਾਯਾ, ਇਸ ਪਾਣੀ ਦੇ ਵਿਚਾਲੇ ਸਾਡੇ ਪ੍ਰੀਤਮ ਨੇ ਆਪਣੇ ਰਹਿਣੇ ਦਾ ਘਰ ਬਣਾਇਆ ਹੋਇਆ ਹੈ। ਇਸ ਲਈ ਸਾਨੂੰ ਲੋੜ ਹੈ ਤਰਨਾ ਸਿੱਖਣ ਦੀ, ਕਿਉਂਕਿ ਸਾਡਾ ਪ੍ਰਯੋਜਨ ਆਪਾ ਨਿਵਾਰਨ ਤੇ ਬੱਸ ਨਹੀਂ, ਪਰ ਅਸਾਂ ਪ੍ਰੀਤਮ ਦੇ ਦੇਸ਼ ਪ੍ਰੀਤਮ ਦੇ ਘਰ, ਉਸ ਦੇ ਪਾਸ ਪੁੱਜਣਾ ਹੈ[1]।

ਮਛਿੰਦ੍ਰ-ਤਦ ਤੁਸਾਂ ਦਾ ਮਾਰਗ ਜੋਗ ਨਹੀਂ।

ਗੁਰੂ ਜੀ-ਸਾਡਾ ਮਾਰਗ ਪਯਾਰੇ ਨਾਲ ਪ੍ਰੇਮ ਹੈ।

ਮਛਿੰਦ੍ਰ-ਜਿਸ ਨੂੰ ਤੁਸਾਂ ਡਿੱਠਾ ਨਹੀਂ ਉਸ ਦੇ ਪ੍ਰੇਮ ਦਾ ਕੀਹ ਸਰੂਪ ਹੈ?

ਗੁਰੂ ਜੀ ਦੇ ਸੁਣਕੇ ਪਯਾਰ ਨਾਲ ਨੈਣ ਭਰ ਗਏ, ਨਜ਼ਰਾਂ ਜੋਗੀਆਂ ਤੋਂ ਉਠਕੇ ਉੱਪਰ ਨੂੰ ਹੋ ਕੇ ਨੈਣ ਅਧਖੁਲੇ ਅਧਮਿਟੇ ਹੁੰਦੇ ਬੰਦ ਹੋ ਗਏ। ਦੋ ਬੂੰਦਾਂ ਕਿਰੀਆਂ ਤੇ ਅਵਾਜ਼ ਆਈ-ਹੇ ਪਯਾਰੇ-ਤੇਰੇ ਜੇਹਾ ਤੂੰ ਹੀ ਹੈਂ, ਤੁਈਂ, ਤੁਈਂ, ਤੁਈਂ ਤੇਰੇ ਜੇਹਾ ਹੋਰ ਕੋਈ ਨਹੀਂ, ਤੇਰਾ ਮੈਂ ਅੰਤ ਨਹੀਂ ਪਾਯਾ, ਪਰ ਤੇਰਾ ਨਾਮ-ਤੇਰਾ ਨਾਮ-(ਤ੍ਰਭ੍ਰਕਕੇ) ਮਨਾਂ, ਉਚੀ ਨਹੀਂ ਬੋਲਣਾ ਕਿਸ ਨੂੰ ਬੋਲਕੇ ਸੁਨਾਉਣਾ ਹੈਂ? ਮਨ, ਮਨ ਵਿਚ ਹੀ ਰਹੁ। ਪਯਾਰ ਮਨ ਵਿਚ ਹੀ ਰਹੇ; ਉਹ ਜਾਣੀ ਜਾਣ ਹੈ, ਆਪ ਜਾਣਦਾ ਹੈ, ਆਪ ਹੀ ਮਿਹਰਾਂ ਕਰਦਾ ਹੈ[2]। ਇਉਂ ਉਚਾਰਦੇ ਆਪ ਚੁਪ ਹੋ ਗਏ, ਪਰ ਕੁਛ ਕਾਲ ਚੁਪ ਵਰਤੀ ਰਹੀ। ਜਦ ਆਪ ਦੇ ਫੇਰ ਨੈਣ ਖੁਲ੍ਹੇ ਤਾਂ ਮਛਿੰਦ੍ਰ ਬੋਲਿਆ: ਅਸੀਂ ਬੀ ਤਾਂ ਆਲਖ ਆਲਖ ਉਸੇ 'ਇਕ' ਨੂੰ ਆਖਦੇ ਹਾਂ, ਫਰਕ ਕਿੱਥੇ ਹੈ?

ਗੁਰੂ ਜੀ-ਜੋਗੀ ਜੀ! ਜਦ ਤਾਈਂ ਇਸ ਦੇ ਅੰਦਰ, ਚਾਹੇ ਇਹ ਮਾਯਾ ਧਾਰੀ ਹੈ ਤੇ ਚਾਹੇ ਜੋਗੀ ਜਤੀ ਗਯਾਨੀ ਹੈ, ਆਸਾ ਤੇ ਅੰਦੇਸਾ ਹੈਨ, ਤਦ ਤਕ 'ਇਕ' ਦਾ ਕਹਿਣਾ ਕੀਹ ਅਰਥ ਰਖਦਾ ਹੈ? ਆਸਾ ਤੇ ਅੰਦੇਸੇ ਆਲਖ ਆਲਖ ਕਹਿਣ ਨੂੰ ਯਾ ਵਾਹਦਾਨੀਅਤ ਦੇ ਕੂਕਣ ਨੂੰ ਅਗੇ ਨਹੀਂ ਵਧਣ ਦੇਂਦੇ, ਪਰ ਜੇ ਆਸਾ ਵਿਚ ਨਿਰਾਸ ਰਹੇ ਤਾਂ ਉਹ ਪ੍ਰੀਤਮ, ਜੋ ਇਕ ਹੈ, ਮਿਲ ਪੈਂਦਾ ਹੈ[1]। ਆਸਾ ਇਕ ਪਿਆਰੇ ਦੇ ਮਿਲਨ ਦੀ ਰੱਖੇ, ਬਾਕੀ ਸੰਸਾਰਕ ਲੋੜਾਂ ਦੀ ਆਸ ਨਾ ਚਿਤਵੇ, ਅੰਦੇਸਾ ਇਸ ਗਲ ਦਾ ਕਰੇ ਕਿ ਮੇਰਾ ਮਨ ਹਰਿ ਪ੍ਰੀਤਮ ਦੇ ਪਯਾਰ ਤੋਂ-ਨਾਮ ਸਿਮਰਨ ਤੋਂ-ਮਤੇ ਉੱਕ ਜਾਵੇ। ਹੋਰ ਜਗਤ ਦੇ ਭੈ, ਤੌਖਲੇ ਦੂਰ ਕਰੇ ਕਿ ਜੋ ਕੁਛ ਸਾਈਂ ਕਰੇਗਾ ਸੋ ਚੰਗਾ ਕਰੇਗਾ। ਐਉਂ ਮਨ ਲਿਵ ਵਿਚ ਜਾਂਦਾ ਹੈ ਤੇ ਤੌਖਲੇ ਸਾਰੇ ਖਿਲਾ ਜਾਂਦੇ ਹਨ।

ਹੇ ਜੋਗੀ ! ਸਾਗਰ ਜੋ ਅਸਾਂ ਕਿਹਾ ਹੈ-ਮਾਯਾ ਜਲ ਖਾਈ ਰੂਪ, ਉਹ ਐਉਂ ਤਰੀਦਾ ਹੈ, ਹਾਂ ਐਉਂ ਤਰੀਦਾ ਹੈ; ਜੀਉਂਦਿਆਂ ਤੇ ਤਰਦਿਆਂ ਨਾ ਡੁੱਬੀਦਾ ਹੈ, ਨਾ ਮਰੀਦਾ ਹੈ; ਇਸ ਨੂੰ ਆਖਦੇ ਹਨ ਜੀਉਂਦਿਆਂ ਮਰਨਾ[2]।

ਮਛਿੰਦ੍ਰ ਬੋਲਿਆ:-ਹੇ ਸੁਭਾਗ ਤਪੇ! ਜੀਵ ਜਾਂ ਆਸਾ ਵਿਚ ਰਹਿ ਸਕਦਾ ਹੈ ਜਾਂ ਨਿਰਾਸਾ ਵਿਚ; ਆਸ ਵਿਚ ਨਿਰਾਸ ਰਹਿਣਾ ਅਣਬਣ ਹੈ। ਜੀਵ ਆਸਾ ਵਿਚ ਜੀਉਂਦਾ ਹੈ, ਇਕ ਦੂਸਰਾ ਇਕ ਦੂਸਰੇ ਦਾ ਆਸਰਾ ਹੈ। ਸਭ ਦੀ ਆਸ ਉਮੈਦ ਟਿਕ ਰਹੀ ਹੈ ਇਕ ਦੂਜੇ ਤੇ: ਮਾਂ ਬੱਚਾ ਪਾਲ ਰਹੀ ਹੈ ਕਿ ਵੱਡਾ ਹੋ ਕੇ ਸੁਖ ਦੇਵੇਗਾ। ਵਪਾਰੀ ਵਪਾਰ ਕਰ ਰਿਹਾ ਹੈ ਕਿ ਕਮਾਇਆ ਧਨ ਸੁਖ ਦੇਵੇਗਾ। ਅਸੀਂ ਜੋਗੀ ਲੋਕ ਨਿਰਾਸਤਾ ਵਿਚ ਹਾਂ, ਕਿ ਜਗਤ ਮਿਥਿਆ ਹੈ, ਇਸ ਦੇ ਰਸਾਂ ਕਸਾਂ ਭੋਗਾਂ ਦਾ ਅੰਤ ਪੱਲੇ ਕੁਛ ਨਹੀਂ, ਸੋ ਬਨਾਂ ਵਿਚ ਵੱਸਦੇ ਹਾਂ ਤੇ ਨਿਰਾਸ ਵਲਾਉਂਦੇ ਹਾਂ। ਇਹ ਤਯਾਗ ਮਾਰਗ ਗ੍ਰਿਹਸਤ ਵਿਚ ਨਹੀਂ ਹੋ

---

[1] ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ॥੨॥

[2] ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥੩॥

[1] ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕੁ ਏਕੁ ਮਿਲੈ ॥੪॥

[2] ਇਨ ਬਿਧਿ ਸਾਗਰੁ ਤਰੀਐ॥ ਜੀਵਤਿਆ ਇਉ ਮਰੀਐ॥੧॥ਰਹਾਉ ਦੂਜਾ॥੩॥ (ਸ਼ਬਦ ਸਮਾਪਤ) {ਰਾਮ:ਮ:੧}

ਸਕਦਾ, ਇਸ ਲਈ ਘਰ ਛਡਣਾ ਜ਼ਰੂਰੀ ਹੈ; ਤੁਸੀਂ ਗੱਲਾਂ ਤਾਂ ਜੁੜੇ ਹੋਏ ਜੋਗੀ ਦੀਆਂ ਕਰਦੇ ਹੋ, ਪਰ ਜੋਗੀ ਦਾ ਭੇਖ ਨਹੀਂ, ਸਿੰਙੀ ਝੋਲੀ ਆਦਿ ਕੋਈ ਜੋਗੀਆਂ ਦਾ ਚਿੰਨ੍ਹ ਨਹੀਂ, ਕਿਸ ਪ੍ਰਕਾਰ ਤੁਸੀਂ ਸੇਧਦੇ ਹੋ ਅਸੇਧ ਮਨ ਨੂੰ ? ਮੇਰੀ ਜਾਚੇ ਤੁਸੀਂ ਗੁਰੂ ਕਰੋ ਤੇ ਭੇਖ ਲਓ ਤਾਂ ਨਿਰਾਸਾ ਵਿਚ ਆਓਗੇ।

ਗੁਰੂ ਜੀ-ਯੋਗੀ ਜੀ! ਗ੍ਰਿਹਸਤ ਛਡਕੇ ਫੇਰ ਉਨ੍ਹਾਂ ਗ੍ਰਿਹਸਤੀਆਂ ਦੇ ਦੁਆਰੇ ਜਾਕੇ ਮੰਗਣਾਂ ਕਿਵੇਂ ਜੋਗ ਹੈ? ਕਿਵੇਂ ਤਯਾਗ ਤੇ ਨਿਰ ਆਸਾ ਹੈ? ਤੁਸੀਂ ਝੋਲੀ ਉੱਥੇ ਜਾਕੇ ਅੱਡਦੇ ਹੋ ਜਿਥੇ ਅੱਡਣੀ ਨਹੀਂ ਚਾਹੀਏ, ਕਿਉਂਕਿ ਉਸ ਨੂੰ ਤਾਂ ਤੁਸੀਂ ਮਾੜਾ ਕਹਿਕੇ ਛੱਡ ਆਏ ਹੋ। ਅਸਾਂ ਬੀ ਤੁਸਾਂ ਵਾਂਗੂੰ ਝੋਲੀ ਅੱਡੀ ਹੈ, ਪਰ ਉਹ ਝੋਲੀ ਸਾਂਈਂ ਦਾਤਾ ਦੇ ਦਰ ਅੱਡੀ ਹੈ ਤੇ ਅਰਦਾਸ ਕਰਦੇ ਹਾਂ ਕਿ ਇਸ ਵਿਚ ਨਾਮ ਦੀ ਖ਼ੈਰ ਪਵੇ[੧] ! ਆਟੇ ਦੀ ਮੰਗ ਵਾਸਤੇ ਯਾ ਆਪਣਾ ਪਤਾ ਦੇਣ ਲਈ ਕਿ ਜੋਗੀ ਆਏ ਹਨ ਤੁਸੀਂ ਸਿੰਙੀ ਵਜਾਉਂਦੇ ਹੋ ਕਿ ਲੋਕ ਇਸ ਨੂੰ ਸੁਣਨ ਤੇ ਤੁਸਾਂ ਕੋਲ ਆਵਣ। ਮੈਂ ਬੀ ਸਿੰਙੀ ਵਜਾਉਂਦਾ ਹਾਂ ਅਰ ਉਸ ਵਜਦੀ ਨੂੰ ਬੀ ਲੋਕੀ ਸੁਣਦੇ ਹਨ, ਪਰ ਉਹ ਸਿੰਙ ਯਾ ਨਾਲ ਦੀ ਨਹੀਂ, ਉਹ ਤਾਂ ਉਪਦੇਸ਼ ਹੈ ਜੋ ਮੈਂ ਜਗਤ ਨੂੰ ਦੇ ਰਿਹਾ ਹਾਂ ਕਿ ਸਰੀਰ ਦੀਆਂ ਨਾੜੀਆਂ ਪਰਮੇਸ਼ਰ ਤੱਕ ਨਹੀਂ ਜਾਂਦੀਆਂ; ਪਰ ਸੁਰਤ ਜਾਂਦੀ ਹੈ, ਸੋ ਸੁਰਤ ਨੂੰ ਉਸ ਵੱਲ ਲਾਓ, ਸ਼ਬਦ ਕਮਾਓ[੨]। ਅਸਾਂ ਬੀ ਗੁਰੂ ਕੀਤਾ ਹੈ, ਉਹ ਗੋਰਖ ਹੈ, ਪਰ ਮਨੁੱਖ ਗੋਰਖ ਕਦੇ ਜਾਗਦਾ ਹੈ ਕਦੇ ਸੌਂ ਜਾਂਦਾ ਹੈ, ਮੇਰਾ ਗੋਰਖ ਸਦਾ ਜਾਗਦਾ ਹੈ। ਉਹ ਗੋਰਖ ਉਹ ਹੈ ਜਿਸ ਨੇ ਸ੍ਰਿਸ਼ਟੀ ਰਚੀ ਹੈ ਤੇ ਐਸੇ ਮਹਾਨ ਕਾਰਜ ਕਰਦਿਆਂ ਉਸ ਨੂੰ ਦੇਰ ਨਹੀਂ ਲਗਦੀ[੩]। ਫੇਰ ਉਸ ਨਿਰੰਕਾਰ ਗੋਰਖ ਨੇ ਪੌਣ ਪਾਣੀ ਆਦਿ ਤੱਤਾਂ ਦੀ ਦੇਹੀ ਰਚਕੇ ਉਸ ਵਿਚ ਪ੍ਰਾਣ ਪਾ ਦਿੱਤੇ ਹਨ। ਸੋ ਇਉਂ ਤੱਤਾਂ ਦੀ ਦੇਹੀ ਪ੍ਰਾਣਧਾਰੀ ਹੋ ਗਈ ਹੈ। ਇਹ ਪ੍ਰਾਣ ਧਾਰਣਾ ਫਿਰ ਅੰਧ ਜੀਵਨ ਨਹੀਂ, ਦੋ ਨੇਤ੍ਰ ਦੇਖਣੇ ਲਈ ਬੀ ਇਸ ਨੂੰ ਲਾ ਦਿੱਤੇ ਹਨ। ਫਿਰ ਇਸ ਦੀ ਪਾਲਣਾ ਲਈ ਧਰਤੀ ਦਿੱਤੀ ਹੈ ਜੋ ਇਸ ਨੂੰ ਭੋਜਨ ਦੇਂਦੀ ਹੈ ਤੇ ਮਰ ਗਏ ਸਰੀਰ ਨੂੰ ਅਪਣੇ ਵਿਚ ਫਿਰ ਲੈ ਕਰ ਲੈਂਦੀ ਹੈ। ਸੋ ਹੇ ਜੋਗੀ! ਐਸੇ ਕਰਨਹਾਰ ਤੇ ਦਾਤਾਰ ਪਰਮੇਸ਼ੁਰ ਨੂੰ ਭੁਲਾਕੇ ਲੋਕੀਂ ਦਾਤਾਂ ਵਿਚ ਲਗ ਰਹੇ ਹਨ ਤੇ ਉਸ ਦੇ ਗੁਣ ਗਾਯਣ ਨੂੰ ਭੁਲਾ ਦਿੱਤਾ ਹੈ ਨੇ[੧]। ਸਾਡਾ ਭਾਵ ਇਹ ਹੈ ਕਿ ਉਸ ਦਾਤੇ ਦੀ ਸਿਫਤ ਸਲਾਹ ਕਰਨੀ ਤੇ ਉਸ ਦਾ ਨਾਮ ਸਿਮਰਨਾ ਇਹ ਸਿੱਧਾ ਤੇ ਸੁਖੱਲਾ ਮਾਰਗ ਹੈ। ਹੋਰਨਾਂ ਨਾਲ ਸਾਡਾ ਦ੍ਵੈਖ ਨਹੀਂ, ਹਿੰਦੂ ਮਤ ਦਾ ਸਿੱਧ ਹੋਵੇ, ਜੋਗੀ ਹੋਵੇ, ਜੰਗਮ ਹੋਵੇ, ਮੁਸਲਮਾਨਾਂ ਦਾ ਕੋਈ ਪੀਰ ਹੋਵੇ, ਕਿਸੇ ਪ੍ਰਕਾਰ ਦੀ ਸਾਧਨਾ ਕਰਨ ਵਾਲਾ ਹੋਵੇ ਐਸੇ ਅਨੇਕਾਂ ਹਨ; ਜੋ ਕੋਈ ਹੋਵੇ ਸੋ ਹੋਵੇ, ਮੈਂ ਉਹਨਾਂ ਵਿਚੋਂ ਕਿਸੇ ਨੂੰ ਮਿਲਾਂ ਮੇਰਾ ਮਨੋਰਥ ਇਹੋ ਹੁੰਦਾ ਹੈ ਕਿ ਅਪਣੇ ਨਿਰੰਕਾਰ ਦਾ ਕੀਰਤਨ ਕਰਾਂ[੨]! ਇਕ ਤਾਂ ਕੀਰਤਨ ਨਾਲ ਮੈਂ ਆਪਣੇ ਪਿਆਰੇ ਦੇ ਰੰਗ ਵਿਚ ਰਹਾਂਗਾ, ਦੂਜੇ ਇਹ ਮਾਨਸਕ ਸੇਵਾ ਅਪਣੇ ਮਾਲਕ ਦੀ ਹੋ ਜਾਏਗੀ; ਤੀਸਰੇ ਇਹ ਸ੍ਰਿਸ਼ਟੀ ਦੀ ਸੇਵਾ ਹੋ ਜਾਏਗੀ ਕਿ ਹਰ ਮਤਾਵਲੰਬੀ ਨੂੰ ਮੈਂ ਅਸਲ ਕੀਮਤ ਵਾਲੀ ਗੱਲ ਸਿਫਤ ਸਲਾਹ-ਦੀ ਛੁਹ ਲਾ ਦਿਆਂਗਾ, ਇਹ ਮਾਨੋਂ ਉਨ੍ਹਾਂ ਦੀ ਭੀ ਸੇਵਾ ਹੋਵੇਗੀ। ਹੇ ਮਛਿੰਦ੍ਰ, ਆਸਾ ਸਾਂਈ ਉੱਪਰ ਰੱਖਣੀ ਹੈ, ਆਸਾ ਨਹੀਂ ਛੋਡਣੀ। ਪਰ ਜਗਤ ਵਿਚੋਂ ਆਸਾ ਚੁੱਕਣੀ ਹੈ। ਜਗਤ ਜੀਵਾਂ ਕਿ ਪਦਾਰਥਾਂ ਪਰ ਧਰੀਆਂ ਆਸਾਂ ਪੂਰਨ ਨਹੀਂ ਹੁੰਦੀਆਂ ਤੇ ਅਪੂਰਨ ਹੋਣ ਵੇਲੇ ਮਨ ਨੂੰ

---

[੧] ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ॥੧॥
ਪਤੁ ਝੋਲੀ-ਝੋਲੀ ਦਾ ਅੱਡਣ।
ਪ੍ਰਾਕ੍ਰਿਤ, ਪਤ-ਅੱਡਣ, ਪ੍ਰਸਾਰਨ।
[੨] ਸੁਰਤਿ ਸਬਦ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥
[੩] ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ॥
ਗੋਰਖ ਦਾ ਅਰਥ ਹੈ ਸ੍ਰਿਸ਼ਟੀ ਦੀ ਰਖਯਾ ਕਰਨੇ ਵਾਲਾ। ਸੋ ਗੁਰੂ ਜੀ ਆਪਣਾ ਗੋਰਖ ਕਰਤਾਰ ਨੂੰ ਕਹਿ ਰਹੇ ਹਨ।

[੧] ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥
[੨] ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥ {ਰਾਮਕਲੀ ਮ: ੧}

ਤੌਖਲੇ ਤੇ ਰੰਜ ਵਿਚ ਲੈ ਜਾਂਦੀਆਂ ਹਨ। ਇਹ ਸ਼ੈ-ਸਾਂਈਂ ਤੇ ਆਸਾ-ਹਰੀ ਕੀਰਤਨ ਨਾਲ ਪ੍ਰਾਪਤ ਹੁੰਦੀ ਹੈ। ਜਿਵੇਂ ਕਾਗ਼ਜ਼ ਤੇ ਲੂਣ ਨੂੰ ਪਾਣੀ ਝਟ ਗਾਲ ਲੈਂਦਾ ਹੈ, ਤਿਵੇਂ ਮਾਯਾ ਮਨਾਂ ਨੂੰ ਅਪਣੇ ਵਿਚ ਭਰਮਾ ਲੈਂਦੀ ਹੈ। ਜਿਵੇਂ ਕਾਗ਼ਜ਼ ਨੂੰ ਘਿਉ ਨਾਲ ਥਿੰਧਾ ਕਰ ਲਓ, ਲੂਣ ਨੂੰ ਚਿਕਨਾਈ ਵਿਚ ਲਪੇਟ ਲਓ, ਫੇਰ ਪਾਣੀ ਉਨ੍ਹਾਂ ਨੂੰ ਅਪਣੇ ਵਿਚ ਛੇਤੀ ਨਾਲ ਨਹੀਂ ਗਾਲ ਸਕਦਾ। ਤਿਵੇਂ ਨਿਰੰਕਾਰ ਦੀ ਸਿਫਤ ਸਲਾਹ ਦਾ ਕੱਜਣ ਜਦ ਮਨ ਨੂੰ ਮਿਲ ਜਾਂਦਾ ਹੈ ਤਾਂ ਮਾਯਾ ਨਹੀਂ ਭਰਮਾ ਸਕਦੀ, ਐਉਂ ਮਾਯਾ ਦੇ ਵਿਚ ਹੀ ਵੱਸਕੇ ਮਾਯਾ ਤੋਂ ਅਲੇਪ ਰਹਿ ਸਕੀਦਾ ਹੈ, ਜੀਕੂੰ ਕਮਲ ਪਾਣੀ ਵਿਚ ਖੜੋਤਾ ਉਸ ਦੇ ਗਾਲਣਹਾਰ ਅਸਰ ਨਾਲ ਗਲਦਾ ਨਹੀਂ, ਸਗੋਂ ਪਲਦਾ ਹੈ ਤੇ ਉਸ ਮਾਰੂ ਅਸਰ ਤੋਂ ਅਸੰਗ ਰਹਿੰਦਾ ਹੈ, ਤਿਵੇਂ ਐਸੇ ਭਗਤ, ਜੋ ਨਾਮ ਤੇ ਸਿਫਤ ਸਲਾਹ ਵਾਲੇ ਹਨ, ਜਿਨ੍ਹਾਂ ਪੁਰਖਾਂ ਨੂੰ ਮਿਲ ਪੈਣ, ਉਨ੍ਹਾਂ ਦਾ ਜਮ ਨੇ ਕੀ ਵਿਗਾੜ ਕਰ ਸਕਣਾ ਹੈ[੧]। ਉਹ ਤਾਂ ਸਤਿਸੰਗ ਨਾਲ, ਨਾਮ ਬਾਣੀ ਕੀਰਤਨ ਦੇ ਘ੍ਰਿਤ ਨਾਲ, ਪਹਿਲੋਂ ਮਾਇਆ ਦੇ ਅਸਰ ਤੋਂ ਤੇ ਫੇਰ ਜਮ ਤਾੜਨਾ ਦੇ ਅਸਰ ਤੋਂ ਪਰੇ ਹੋ ਗਏ ਹਨ। ਸੋ ਉਹ ਜੋਗ ਕ੍ਰਿਯਾ ਕਰਕੇ ਜਮ ਤੋਂ ਡਰਨ ਕਿਉਂ, ਉਹ ਸਾਂਈਂ ਦੀ ਸਿਫਤ ਸਲਾਹ ਕਰਦੇ ਉਸ ਦੀ ਸਿਫਤ ਸਲਾਹ ਦੇ ਦੇਸ਼ ਜਾ ਪ੍ਰਾਪਤ ਹੁੰਦੇ ਹਨ।

ਮਛੰਦਰ-ਹੇ ਨਾਨਕ ! ਜੋ ਤੁਸਾਂ ਆਖਿਆ ਅਸਾਂ ਦੋਹਾਂ ਸਮਝਿਆ ਹੈ, ਕਿਉਂ ਗੋਰਖ?

ਗੋਰਖ-ਹਾਂ ਸਮਝਿਆ ਹੈ, ਪਰ......

ਮਛੰਦਰ-ਪਰ ਨਾਨਕ! ਜੋ ਤੁਸਾਂ ਮਾਰਗ ਕਿਹਾ ਹੈ ਇਹ ਅਤੀਤ ਮਾਰਗ ਤੋਂ ਕਠਨ ਹੈ। ਨਹੀਂ, ਨਹੀਂ ਗ੍ਰਿਹਸਤ ਵਿਚ ਜੋਗ ਨਹੀਂ ਹੋ ਸਕਦਾ, ਜੋਗ ਬਿਨਾਂ ਪ੍ਰਾਣ ਵੱਸ ਨਹੀਂ ਹੁੰਦੇ, ਪ੍ਰਾਣ ਵਸਗਤ ਹੋਏ ਬਿਨਾ ਮਨ ਅਡੋਲ ਨਹੀਂ ਹੁੰਦਾ। ਜੋਗ ਜੁਗਤੀ ਬਿਨਾ ਨਹੀਂ ਆਉਂਦਾ। ਜੁਗਤੀ ਅਤੀਤ ਹੋਏ ਬਿਨ ਨਹੀਂ ਕਮਾਈ ਜਾ ਸਕਦੀ, ਅਤੀਤਤਾਈ ਵਿਚ ਭੇਖ ਲਏ ਬਿਨਾਂ ਪ੍ਰਪੱਕਤਾ ਨਹੀਂ ਹੁੰਦੀ। ਸੋ ਜੋ ਅਤੀਤ ਹੋਕੇ ਭੇਖ ਲਵੇ ਤੇ ਫੇਰ ਜੁਗਤੀ ਸਿੱਖ ਕੇ ਜੋਗ ਦੇ ਸਾਰੇ ਅੰਗਾਂ ਨੂੰ ਪਾਲੇ ਉਹੋ ਅਉਧੂ, ਅਰਥਾਤ ਅਡੋਲ ਤੇ ਨਾ ਚਲਾਇਮਾਨ ਬਣਦਾ ਹੈ, ਉਹੋ ਅਉਧੂ ਫਿਰ ਹੋਰ ਚੇਲਿਆਂ ਨੂੰ ਜੁਗਤੀ ਦੱਸਕੇ ਨਾਲ ਮਿਲਾ ਸਕਦਾ ਹੈ: ਤੁਸੀਂ ਗ੍ਰਿਹਸਤ ਵਿਚ ਐਸਾ ਅਉਧੂ ਕੀਕੂੰ ਪੈਦਾ ਕਰ ਸਕਦੇ ਹੋ ਜੋ ਤਰੇ ਤੇ ਤਾਰੇ ਭਉਜਲ ਤੋਂ। ਹੇ ਨਾਨਕ ਜੀ! ਛਡੋ ਏਹ ਗੱਲਾਂ, ਪਹਿਲੋਂ ਜੋਗ ਲਓ!

ਇਹ ਸੁਣਕੇ ਸ੍ਰੀ ਗੁਰੂ ਜੀ ਬੋਲੇ: ਹੇ ਮਛੰਦਰ! ਸੁਣ ਮੇਰੀ ਗੱਲ, ਪ੍ਰਾਣਾਂ ਨੂੰ ਵੱਸ ਕਰਕੇ ਬੀ ਜੇ ਮਨ ਡੋਲਦਾ ਰਹੇ ਰਸਾਂ ਕਸਾਂ ਵੱਲ, ਤਾਂ ਕੀਹ ਬਣਿਆ? ਤੁਸੀਂ ਦੇਖ ਲਓ ਇਹ ਗੱਲਾਂ ਕਰਨ ਵਾਲੇ ਜੋਗੀ ਦਾਰੂ ਪੀ ਪੀ ਕੇ ਬੈਠਦੇ ਹਨ। ਸੋ ਜਿਸ ਚੀਜ਼ ਦੀ ਲੋੜ ਹੈ ਉਹ ਇਹ ਹੈ ਕਿ ਪੰਜਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ-ਨੂੰ ਅਪਣੇ ਤਾਬੇਦਾਰ ਬਣਾ ਲਵੇ। ਜਦੋਂ ਇਨ੍ਹਾਂ ਦੇ ਵੱਸ ਪੈਕੇ ਡੋਲਣ ਦਾ ਸਮਾਂ ਆ ਬਣੇ ਉਸ ਵੇਲੇ ਅਡੋਲ ਰਹੇ। ਇਹ ਜੁਗਤ ਆਪਾ ਵੱਸ ਕਰ ਲੈਣ ਦੀ, ਵਾਸ਼ਨਾ ਤੇ ਹੁਕਮ ਧਾਰ ਲੈਣ ਦੀ ਸਿੱਖੋ[੧]। ਉਹ ਆਦਮੀ ਆਪ ਤਰੇਗਾ ਤੇ ਸਭ ਕੁਲਾਂ ਤਾਰਨ ਦੇ ਸਮਰੱਥ ਹੋ ਜਾਏਗਾ, ਉਸ ਦਾ ਜੋਗ ਉਸ ਦੀ ਸਤਜਾ ਤੇ ਬਲ ਨੂੰ ਅਡੋਲ ਰਖੇਗਾ, ਕਿਉਂਕਿ ਪੰਜੇ ਮਹਾਂ ਬਲੀ ਜਿਸ ਨੇ ਬੰਨ੍ਹ ਤੇ ਸੰਵਾਰ ਲਏ ਉਹ ਜੇ ਹੁਣ ਦਿਨ ਰਾਤ ਮਨ ਵਿਚ ਟਿਕਿਆ ਰਹੇ ਤਾਂ ਅਉਧੂ ਹੋ ਗਿਆ। ਜਿੱਥੇ ਜਗਤ ਦੇ ਸਾਮਾਨ ਸੰਕਲਪ ਵਿਚੋਂ ਸੁੰਨ ਹੋ ਗਏ ਹਨ ਤੇ ਉਸ ਸੁੰਨ ਵਿਚ ਜੋ ਏਕਾ ਹੈ ਉਸ ਏਕੇ ਵਿਚ ਜਿਸ ਦਾ ਟਿਕਾਉ ਹੋ

---

੧ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥ {ਰਾਮ: ਮ:੧}

੧ ਸੁਣ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੇ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ {ਰਾਮਕਲੀ ਮਹਲਾ ੧}

{ਸੰਸਕ੍ਰਿਤ, ਵਸ਼ੰਗਤ=ਤਾਬੇਦਾਰ, ਹੁਕਮ ਮੰਨਣ ਵਾਲਾ। ਪੰਜਾਬੀ, ਵਸਗਤਿ}

ਗਿਆ ਹੈ, ਉਹ ਅਵਧੂਤ ਹੈ[1] ਸਾਡਾ ਤਾਤਪਰਜ ਇਹ ਹੈ ਕਿ ਉਸ ਦਾ ਆਚਰਨ ਤਾਂ ਹੋਵੇ ਸ਼ੁੱਧ ਤੇ ਪਵਿੱਤ੍ਰ ਤੇ ਮਨ ਦਾ ਟਿਕਾਉ ਹੋਵੇ ਨਿਹੰਕਾਰ ਵਿਚ, ਉਹ ਅਉਧੂਤੁ-ਅਡੋਲ-ਹੈ[2]।

ਮਛਿੰਦਰ(ਕਾਹਲਾ ਹੋਕੇ)-ਖਿਨਾ ਪ੍ਰਾਣਾਯਾਮ ਤਾੜੀ ਕਿਸ ਤਰ੍ਹਾਂ ਲਗੇਗੀ?

ਸ੍ਰੀ ਗੁਰੂ ਜੀ-ਨਿਰੰਕਾਰ ਦੇ ਸੱਚੇ ਨਾਮ ਵਿਚ, ਜੋ ਮਨ ਜੋੜੇਗਾ ਉਹ ਉਸ ਦੇ ਚਿਤ ਦੀ ਤਾੜੀ ਹੋਵੇਗੀ: ਕਿਉਂਕਿ ਉਸ ਦੇ ਅੰਦਰ ਇਸ ਅਭਜਾਸ ਨਾਲ ਉਨਮਨ-ਉੱਚੇ ਪਾਸੇ ਵਲ ਦਾ ਲਗਾਉ-ਹੋ ਜਾਏਗਾ, ਇਸੇ ਨਾਮ ਅਭਜਾਸ ਨਾਲ ਉਹ ਧਿਆਨ ਦਾ ਰੂਪ ਹੋ ਜਾਏਗਾ। ਅਰਥਾਤ ਅਪਣੇ ਪ੍ਰੀਤਮ ਦੇ ਪ੍ਰੇਮ ਵਿਚ ਜੁੜ ਜਾਏਗਾ। ਸਾਈਂ ਦੇ ਧਿਆਨ ਵਿਚ ਧਿਆਨ ਦਾ ਰੂਪ ਹੋ ਜਾਣਾ ਇਹੀ ਆਸਣ ਹੈ ਜੋ ਸਾਡਾ ਅਵਧੂਤ ਲਗਾਵੇਗਾ[3]। ਫਿਰ ਉਹ ਦਰ ਦਰ ਮੰਗਤਾ ਬਣਕੇ ਨਹੀਂ ਅੰਨ ਮੰਗੇਗਾ, ਉਹ ਤਾਂ ਗ੍ਰਿਹਸਤੀ ਹੈ, ਕਿਰਤ ਕਰਕੇ ਖਾਏਗਾ ਤੇ ਖੁਲਾਏਗਾ, ਪਰ ਇਕ ਭਿੱਖਿਆ ਉਹ ਬੀ ਮੰਗਦਾ ਹੈ, ਉਹ ਅਰਦਾਸ ਕਰਦਾ ਹੈ ਕਿ ਹੇ ਭਗਵੰਤ ! ਮੈਨੂੰ ਆਪਣੀ ਪ੍ਰੇਮਾ ਭਗਤੀ ਦੀ ਖ਼ੈਰ ਪਾ[4]! ਇਸ ਤਰ੍ਹਾਂ ਪੰਜਾਂ ਨੂੰ ਵਸਗਤ ਕਰਕੇ, ਸਾਈਂ ਵਿਚ ਲਿਵ ਜੋੜਕੇ, ਫੇਰ ਉਹ ਅਰਦਾਸ ਵਿਚ ਜੀਉਂਦਾ ਹੈ ਤੇ ਵਾਹਿਗੁਰੂ ਦੇ ਭੈ ਵਿਚ ਟੁਰਦਾ ਹੈ, ਅਰਥਾਤ ਉਹ ਅਪਣੇ ਜੀਵਨ ਦੇ ਕੰਮਾਂ ਵਿਚ ਸਾਈਂ ਦਾ ਭੈ ਰਖਦਾ ਹੈ, ਜਿਸ ਕਰਕੇ ਉਸ ਦੀ ਲਿਵ ਬੀ ਨਹੀਂ ਟੁੱਟਦੀ ਤੇ ਆਚਰਨ ਬੀ ਅਡੋਲ ਰਹਿੰਦਾ ਹੈ। ਆਸ ਅੰਦੇਸੇ ਤ੍ਰਿਸ਼ਨਾ ਉਸ ਨੂੰ ਨਹੀਂ ਸਤਾਉਂਦੀਆਂ, ਕਿਉਂਕਿ ਉਸ ਨੂੰ ਅਮੋਲਕ ਪਦਾਰਥ 'ਸੰਤੋਖ' ਪ੍ਰਾਪਤ ਹੁੰਦਾ ਹੈ। ਇਸ ਸੰਤੋਖ ਵਿਚ ਰਹਿਣੇ ਕਰਕੇ ਉਹ ਸਦਾ ਤ੍ਰਿਪਤ ਰਹਿੰਦਾ ਹੈ ਤੇ ਜੋ ਸਾਂਈਂ ਦੇਵੇ ਉਸ ਪਰ ਖੁਸ਼ੀ ਰਹਿੰਦਾ ਹੈ[1]। ਹੇ ਮਛਿੰਦਰ! ਸੁਣ ਤੂੰ ਅਵਧੂਤ ਦੀ ਨਿਸ਼ਾਨੀ, ਨਾਨਕ ਗੁੰਝਲਦਾਰ ਭਾਵਾਂ ਵਿਚ ਤੇ ਕਠਨ ਪਦਾਂ ਵਿਚ ਤੇ ਬੇਰਸ ਉਦਾਸੀਆਂ ਵਾਲੀ ਬੋਲੀ ਵਿਚ ਨਹੀਂ, ਪਰ ਸਦਾ ਜੀਉਂਦੀ ਜਾਗਦੀ ਅੰਮ੍ਰਿਤ ਵਰਗੇ ਰਸ ਨਾਲ ਪ੍ਰੇਮ ਭਰੀ ਬਾਣੀ ਦੁਆਰਾ ਅਉਧੂ ਦੇ ਲੱਖਣ ਦੱਸਦਾ ਹੈ[2] ਕਿ-ਜੋ ਆਸਾ ਵਿਚ ਨਿਰਾਸ ਦਿਨ ਗੁਜ਼ਾਰੇਗਾ, ਨਿਸਚੇ ਉਹ ਕਰਤਾਰ ਨੂੰ ਪਾ ਲਵੇਗਾ, ਜੋ ਕਰਤਾਰ ਨੂੰ ਪਾ ਲਵੇਗਾ, ਉਹ ਅਵਧੂਤ ਹੈ[2]। ਹੇ ਮਛਿੰਦਰ! ਨਾਨਕ ਬੇਨਤੀ ਕਰਦਾ ਹੈ ਕਿ ਚੇਲੇ ਦੇ ਕੰਨ ਪਾੜਕੇ ਮੁੰਦ੍ਰਾਂ ਪਾਕੇ ਗੁਰ ਚੇਲੇ ਦੀ ਮਰਿਯਾਦਾ ਇਹ ਸਾਡਾ ਅਉਧੂ ਨਹੀਂ ਟੋਰਦਾ। ਇਹ ਅਵਧੂਤ, ਜੋ ਅਸਾਂ ਦੱਸਿਆ ਹੈ, ਚੇਲਿਆਂ ਨੂੰ ਐਉਂ ਤਾਰੇਗਾ ਕਿ ਨਿਰੰਕਾਰ, ਜੋ ਸਰਬ ਗੰਮਤਾ ਤੋਂ ਪਰੇ ਹੈ, ਉਸ ਅਗੰਮ ਦਾ ਪਤਾ ਚੇਲਿਆਂ ਨੂੰ ਦੱਸੇਗਾ ਕਿ ਹੈ ਤਾਂ ਉਹ ਅਗੰਮ ਪਰ ਉਸ ਦਾ ਨਾਮ ਸਿਮਰਨੇ ਕਰਕੇ ਉਹ ਪ੍ਰਾਪਤ ਹੋ ਜਾਂਦਾ ਹੈ, ਐਉਂ ਉਹ ਅਉਧੂ ਗੁਰ ਚੇਲੇ ਦੇ ਸਨਬੰਧ ਨੂੰ ਤੋਰਦਾ ਹੈ[3]। ਇਹ ਅਉਧੂ ਨਸ਼ੇਦਾਰ ਦਾਰੂ ਨਹੀਂ ਪੀਂਦਾ ਤੇ ਨਾਲ ਨੁਕਲਾਂ ਦੇ ਭੋਜਨ ਨਹੀਂ ਖਾਂਦਾ, ਜਿਵੇਂ ਜੋਗੀ ਕਰਦੇ ਹਨ, ਪਰ ਇਹ-ਗੁਰ ਦੀਖਯਾ-ਗੁਰੂ ਤੋਂ ਪ੍ਰਾਪਤ ਹੋਏ ਨਾਮ ਦੀ ਕਮਾਈ ਨੂੰ ਦਾਰੂ ਵਾਂਙੂ ਆਪ ਪੀਂਦਾ ਹੈ ਤੇ ਇਹੋ ਉਸ ਦਾ ਭੋਜਨ ਹੈ। ਇਹੋ ਦਾਰੂ ਤੇ ਭੋਜਨ ਉਹ ਚੇਲਿਆਂ ਨੂੰ ਦੇਂਦਾ ਹੈ। ਇਹ ਅਉਧੂਤ ਇਕ ਜੋਗੀ ਦੀ ਨਹੀਂ ਛਿਆਂ ਦਰਸਨਾਂ ਦੇ ਸਿਧਾਂਤ ਦੀ ਸੋਝੀ ਨੂੰ ਪ੍ਰਾਪਤ ਕਰ ਲੈਂਦਾ ਹੈ[4]।

---

[1] ਜੋ ਸੰਸਾਰਕ ਫੁਰਨੇ ਤੋਂ ਅਫੁਰ ਹੋ ਜਾਂਦਾ ਹੈ, ਉਹ ਸਭ ਵਸਤੂ ਵਿਚ ਜੋ ਇਕ ਹੈ-ਟਿਕਦਾ ਹੈ, ਸ਼ੰਕਰ ਜੀ ਨੇ ਭੀ ਸੁੰਨ ਦਾ ਅਰਥ ਪਰਮਾਤਮਾ ਦੱਸਿਆ ਹੈ। ...........ਗੰਭੀਰ ਧੀਰੰ ਨਿਰ੍ਵਾਣ ਸ਼ੁਨਜਮ। ਸੰਸਾਰ ਸਾਰੰ ਨਚ ਪਾਪ ਪੁਨਜਮ੍।

[2] ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿ ਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥ {ਰਾ:ਮ: ੧}

[3] ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ। ਧਿਆਨ ਰੂਪਿ ਹੋਇ ਆਸਣੁ ਪਾਵੈ। ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ {ਰਾਮਕਲੀ ਮ:੧}

[4] ਜਾਂ, ਉਹ ਪ੍ਰੇਮਾ ਭਗਤੀ ਦੀ ਭਿਖਿਆ ਲੈਂਦਾ ਹੈ।

[1] ਅਥਵਾ ਉਹ ਅਉਧੂਤ ਜਗਤ ਦੇ ਜੀਵਾਂ ਨਾਲ ਅੰਮ੍ਰਿਤ ਵਰਗੀ ਮਿੱਠੀ ਬੋਲੀ ਬੋਲੇਗਾ, ਤੁਸਾਂ ਵਾਂਙੂ ਸਰਾਪਾਂ ਦੇ ਭੈ ਨਹੀਂ ਦੇਵੇਗਾ।

[2] ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ {ਰਾਮਕਲੀ ਮਹਲਾ ੧}

[3] 'ਗੁਰ ਚੇਲੇ ਕੀ ਸੰਧਿ ਮਿਲਾਏ' ਦਾ ਅਰਥ ਐਉਂ ਬੀ ਕਰਦੇ ਹਨ:-ਗੁਰੂ ਸਰਵੱਗ=ਈਸ਼੍ਵਰ ਤੇ ਚੇਲਾ ਅਲਪੱਗ=ਜੀਵ, ਸੋ ਜੀਵ ਈਸ਼੍ਵਰ ਦੀ ਏਕਤਾ ਦਿਖਾ ਦਿੰਦਾ ਹੈ।

[4] ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥ {ਰਾਮਕਲੀ ਮ:੧}

ਸੋ ਹੇ ਮੁਛੰਦ੍ਰ! ਹੇ ਗੋਰਖ! ਸਾਡਾ ਮਾਰਗ ਗ੍ਰਿਹਸਤ ਉਦਾਸ ਦਾ ਐਉਂ ਟੁਰਦਾ ਹੈ।

ਇਹ ਸੁਣਕੇ ਦੁਇ ਅਸਚਰਜ ਰਹਿ ਗਏ ਤੇ ਝੁਕ ਗਏ[੧]।

ਐਉਂ ਮਛਿੰਦ੍ਰ ਨਾਲ ਗੋਸ਼ਟ ਸੰਪੂਰਨ ਹੋਈ, ਜੋਗੀ ਆਪਣੇ ਰਾਹ ਪਏ ਤੇ ਸ੍ਰੀ ਗੁਰੂ ਜੀ ਠੰਢੀ ਠੰਢੀ, ਮਿੱਠੀ ਮਿੱਠੀ, ਪਰਉਪਕਾਰੀ ਸਮੀਰ ਵਾਂਗੂ ਰਾਜੇ ਸ਼ਿਵਨਾਭ ਨੂੰ ਸੁਖੀ ਕਰਨ ਵਾਸਤੇ ਤੇ ਠੰਢਾਂ ਪਾਉਣ ਵਾਸਤੇ ਸੰਗਲਾਦੀਪ ਨੂੰ ਟੁਰ ਪਏ।

-੦-

## ਗੀਤ[੨]।

{ਰਾਗ ਸਾਰੰਗ}

ਰਾਇ ਬੁਲਾਰ ਦੀ ਅਰਜ਼ੋਈ, ਸ੍ਵਦੇਸ਼ ਵਿਚ ਨਾਮ ਦਾ ਚੱਕਰ ਚਲਾਉਣ ਲਈ ਟੁਰਨ ਵੇਲੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ:-

ਫਿਰ ਕਦ ਆਵੋਗੇ ਇਸ ਧਾਮ?<br>
ਹੇ ਗੁਰ ਨਾਨਕ! ਹੇ ਗੁਰ ਨਾਨਕ! ਗੁਰ ਨਾਨਕ ਸੁਖ ਧਾਮ !<br>
ਮਿਹਰਾਂ ਮੀਂਹ ਵਸਾਵਣ ਚੱਲੇ ਜਿਉਂ ਜਾਂਦੇ ਘਨ ਸ਼ਜਾਮ[੩]।<br>
ਠਾਰੋ ਠਾਰੋ ਜਗਤ ਜਲੰਦਾ ਫਿਰ ਫਿਰ ਘਰ, ਦਰ, ਠਾਮ।<br>
ਐਪਰ ਅਸਾਂ ਤਪਾਸੀ ਪਿਛੋਂ ਬਿਰਹੋਂ ਸੰਦੀ ਘਾਮ।<br>
ਚੰਗਾ, ਚੰਦਾ! ਨਾਨਕ ਮੇਰੇ! ਰਹਿਸਾਂ ਤੇਰੀ ਸਾਮ[੪]।<br>
ਜਿਹੜਾ ਬਿਰਦ ਵਿਛੋੜਨ ਲੱਗਾ ਉਹੋ ਮੇਲਸੀ ਰਾਮ !<br>
ਤਪਸ਼ ਅਸਾਡੀ ਸਹਿ ਨ ਸਕੋਗੇ, ਠਾਰਨ ਸੰਦੇ ਕਾਮ।<br>
ਮੁੜ ਆਸੋ, ਮੁੜ ਆਸੋ ਆਪੇ, ਮੁੜ ਆਸੋ ਇਸ ਧਾਮ।

# ੬੬. ਰਾਜਾ ਸ਼ਿਵਨਾਭ [੫]।

### ੧.

ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥ ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥੪॥ {ਚਉਬੋਲੇ ਮਹਲਾ ੫}

ਚੌਧਵੀਂ ਰਾਤ ਦਾ ਚੰਦ, ਚੌਧਵੀਂ ਵੀ ਕੱਤੇਂ ਦੀ। ਕੱਤੇਂ, ਮਿਠੜੀ ਰੁੱਤ, ਗੁਲਾਬੀ ਬਹਾਰ ਦਾ ਸਰਦਾਰ ਕੱਤੇਂ। ਸੁਹਣੀ ਸੁਹਣੀ ਸਰਦੀ, ਭਿੰਨੀ ਭਿੰਨੀ ਰਾਤ, ਚਿੱਟੀ ਚਿੱਟੀ ਚਾਂਦਨੀ। ਸਦਾ ਚਾਨਣੀ, ਹਾਂ ਇਸੇ ਰਾਤ ਨੂੰ ਸਰਦ ਚਾਨਣੀ ਦੀ ਰਾਤ ਕਹੀਏ, ਇਸੇ ਨੂੰ ਭਿੰਨੀ ਰੈਣ ਕਹੀਏ। ਕਿਹੇ ਸੁਹਣੇ ਤਾਰੇ ਅੱਖਾਂ ਮਾਰਦੇ ਹਨ, ਅਕਾਸ਼ ਦਾ ਨੀਲ ਕਿਹਾ ਡਲ੍ਹਕਦਾ ਹੈ, ਕੀਕੂੰ ਮਨ ਨੂੰ ਖਿੱਚਦਾ ਹੈ। ਹੇ ਅਕਾਸ਼, ਹੇ ਚੰਦ, ਹੇ ਤਾਰਿਓ! ਮਨਾਂ ਨੂੰ ਨਾਂ ਖਿੱਚੋ! ਹੇ ਫਬੀ ਹੋਈ ਰਾਤ, ਹੇ ਭਿੱਜੀ ਹੋਈ ਰਾਤ, ਹੇ ਛਟਕੀ ਹੋਈ ਰਾਤ! ਆਪਣੀ ਸੁੰਦਰਤਾ ਨਾਲ ਨਾ ਲੁਭਾਓ, ਅਸੀਂ ਧਰਤੀ ਤੇ ਟੁਰਨ ਵਾਲੇ ਤੇਰੀਆਂ ਸੁੰਦਰ ਡੂੰਘਾਈਆਂ ਤੇ ਡੂੰਘੀਆਂ ਉਚਾਈਆਂ ਵਿਚ ਉੱਡ ਨਹੀਂ ਸਕਦੇ।

ਪਰ ਕਿੱਥੋਂ? ਸੁਹਣੇ ਜਦ ਆਪਣੀ ਸੁੰਦਰਤਾ ਨਾਲ ਖਿੱਚਣ ਤੇ ਆਉਂਦੇ ਹਨ, ਤਦ ਕਿਸੇ ਦੀ ਸੁਣਦੇ ਹਨ? ਅਗਲੇ ਨੂੰ ਕੀ ਮੁਸ਼ਕਲਾਂ ਪੈਣਗੀਆਂ, ਓਹ ਕੀ ਪਰਵਾਹ ਕਰਦੇ ਹਨ। ਓਹ ਤਾਂ ਆਪਣੇ

---

[੧] ਲਿਖਿਆ ਹੈ ਕਿ ਉਪਰਲੀ ਬਾਤ ਜਾਂ ਗੋਸ਼ਟ ਜੋ ਤ੍ਰੈ ਸ਼ਬਦਾਂ ਵਿਚ ਗੁਰੂ ਬਾਬੇ ਨੇ ਉਚਾਰੀ, ਸੈਦੋ ਨਾਮੇ ਸਿਖ ਨੇ, ਜਿਸ ਦੀ ਜਾਤ ਜਟ ਘੇਹੋ ਲਿਖੀ ਹੈ, ਲਿਖ ਲੀਤੀ ਤੇ ਇਹ ਬਾਣੀ 'ਤ੍ਰੈਏ ਸ਼ਬਦ' ਪੰਚਮ ਗੁਰੂ ਜੀ ਨੇ ਬੀੜ ਵਿਚ ਚਾਹੜੀ ਜੋ ਰਾਮਕਲੀ ਰਾਗ ਵਿਚ ਆਈ। [੨] ਇਹ ਗੀਤ ਸੰ: ਗੁ: ਨਾ: ਸਾ: ੪੭੫ (੧੯੪੩ ਈ:) ਦੇ ਗੁ: ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ। [੩] ਕਾਲੇ ਬੱਦਲ। [੪] ਸ਼ਰਨ।

[੫] ਇਹ ਪ੍ਰਸੰਗ ਗੁਰਪੁਰਬ ਪੁਨਮ ਸੰ; ਗੁ: ਨਾ: ਸਾ: ੪੪੫ (੧੯੧੪ ਈ:) ਨੂੰ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਦੀ ਸੂਰਤ ਵਿਚ "ਅਣਡਿਠਾ ਪ੍ਰੀਤਮ" ਦੇ ਨਾਮ ਹੇਠ ਪ੍ਰਕਾਸ਼ਿਆ ਸੀ।

ਸੁਹਣੱਪ ਵਿਚ ਸਾਨੂੰ ਲੀਨ ਕਰਨ ਦੇ ਚਾਉ ਵਿਚ ਹੁੰਦੇ ਹਨ, ਕੀਕੂੰ ਜ਼ਿੱਲ੍ਹਣਾਂ ਵਿਚੋਂ ਧ੍ਰੀਕ ਕੇ ਕਢਦੇ ਹਨ, ਕੀਕੂੰ ਜ਼ੋਰ ਦੇਕੇ ਖਿੱਚਦੇ ਹਨ, ਕੀਕੂੰ ਵਲੂੰਧਰ ਕੇ ਖੂੰਹਦੇ ਹਨ, ਕੀਕੂੰ ਘੁੱਟਕੇ ਧੂਹ ਲੈਂਦੇ ਹਨ, ਉਹਨਾਂ ਨੂੰ ਕੀ? ਓਹ ਖਿੱਚਦੇ ਹਨ, ਓਹ ਖਿੱਚ ਹੈਨ। ਹਾਂ, ਸੁੰਦਰਤਾ ਵਿਚ ਖਿੱਚ ਹੈ, ਜਦੋਂ ਖਿੱਚਦੀ ਹੈ, ਫੇਰ ਖਿੱਚਦੀ ਹੈ, ਇਹੋ ਉਹਦਾ ਧਰਮ ਹੈ, ਇਹੋ ਉਸਦਾ ਸੁਭਾਵ ਹੈ, ਇਹੋ ਉਸ ਦੀ ਨੇਕੀ ਹੈ। ਸੁੰਦਰਤਾ ਖਿੱਚੇਗੀ, ਜਿੱਥੇ ਅਸੀਂ ਹਾਂ ਓਥੋਂ ਚੁੱਕ ਲਏਗੀ, ਸਭ ਪਾਸਿਆਂ ਤੋਂ ਉਪ੍ਰਾਮ ਕਰਾਕੇ ਆਪਣੇ ਵੱਲ ਲਾਵੇਗੀ। ਇਹੋ ਸੁੰਦਰਤਾ ਦੀ ਸੁੰਦਰਤਾ ਹੈ ਕਿ ਜਦੋਂ ਝਲਕਾ ਮਾਰਿਆ ਮੋਹ ਲਿਆ। ਜਦੋਂ ਲਿਸ਼ਕਾਰ ਦਿੱਤਾ ਠੱਗ ਲਿਆ। ਠੱਗ ਲਿਆ ਤਾਂ ਆਪੇ ਵਿਚ ਆਪੇ ਨੂੰ ਸਮੋ ਦਿੱਤਾ, ਚਾਹੋ ਪਲਕਾਰੇ ਜਿੰਨਾ ਸਮਾਂ ਹੀ ਲੱਗੇ।

ਆਹਾ! ਅੱਜ ਨੀਲੇ, ਮਾਨੋਂ ਧੋਕੇ ਸਾਫ ਕੀਤੇ, ਡੂੰਘੇ ਰੰਗ ਦੇ ਦਮਕਦੇ ਨੀਲੇ ਅਕਾਸ਼ ਦੀ ਤਾਰਿਆਂ ਨਾਲ ਛਬੀ ਤੇ ਚੰਦ੍ਰਮਾ ਨਾਲ ਛਟਕੀ ਛਬੀ ਕੈਸਾ ਮੋਹ ਰਹੀ ਹੈ। ਅੱਖਾਂ ਠੱਗੀਆਂ ਜਾ ਰਹੀਆਂ ਹਨ। ਵੈਦ ਟਾਹਰਾਂ ਮਾਰਦੇ ਹਨ ਕਿ ਇਹ ਰੁੱਤ ਕੱਚੀ ਪੱਕੀ ਹੈ, ਰਾਤ ਨੂੰ ਤ੍ਰੇਲ ਮਾੜੀ ਪੈਂਦੀ ਹੈ, ਠੰਢ ਅਵੱਲੀ ਪੈਂਦੀ ਹੈ, ਅੰਦਰ ਸੌਣਾ ਠੀਕ ਹੈ! ਪਰ ਹਾਇ! ਸ਼ਿੰਗਾਰੀ ਹੋਈ ਰਾਤ ਦੀ ਸੁੰਦਰਤਾ ਰਸੀਏ ਮਨਾਂ ਨੂੰ ਚੁਰਾ ਹੀ ਲੈ ਜਾਂਦੀ ਹੈ! ਕੁਦਰਤੀ ਸੁੰਦਰਤਾ ਦਾਉ ਖੇਡਦੀ ਹੈ, ਵੈਦਾਂ ਦੀ ਮੱਤ ਤੇ ਆਪਣੀ ਸੋਚ ਉੱਡ ਜਾਂਦੀ ਹੈ! ਆਸ ਤੇ ਅੰਦੇਸ਼ੇ ਗਏ। ਹੁਣ ਕੀ ਰਹਿ ਜਾਂਦਾ ਹੈ? ਕੁਦਰਤ ਦਾ ਬਣਾਉ ਤੇ ਸ਼ਿੰਗਾਰ ਅਰ ਦੇਖਣਹਾਰੀਆਂ ਮਸਤ ਅੱਖਾਂ, ਕੁਦਰਤ ਦਾ ਜੋਬਨ ਤੇ ਰਸੀਆਂ ਦੀਆਂ ਹਿਤ ਅਲਸਾਈਆਂ ਅੱਖ-ਪੁਤਲੀਆਂ, ਕੁਦਰਤ ਦੀ ਛਬੀ ਤੇ ਕਦਰ ਪਾਉਣ ਵਾਲੇ ਅੱਧ-ਖੁੱਲ੍ਹੇ ਨੈਣ, ਕੁਦਰਤ ਦਾ ਸੁਹਾਣ ਤੇ ਨੈਣਾਂ ਵਾਲਿਆਂ ਦੇ ਮੋਹੇ ਗਏ ਨੇਤ੍ਰ, ਕੁਦਰਤ ਦੇ ਠੱਗਣ ਹਾਰ ਕਟਾਖਜ ਤੇ ਰੰਗ ਭਰੀਆਂ ਇੱਸ਼ਕ ਤਣਾਈਆਂ ਚਸ਼ਮਾਂ, ਹਾਇ ਚਸ਼ਮਾਂ ! ਨਿੱਕੀਆ ਨਿੱਕੀਆਂ ਚਸ਼ਮਾਂ, ਅਸਗਾਹ ਅਕਾਸ਼, ਸਾਰਾ ਦਿੱਸਦਾ ਤਾਰਾ ਮੰਡਲ, ਚੰਦ ਚਾਨਣੀ, ਸਭੋ ਕੁਝ ਆਪਣੇ ਆਪ ਵਿਚ ਸਮਾ ਲੈਂਦੀਆਂ ਹਨ। ਜਾਦੂ ਕੁੱਠੀਆਂ ਚਸ਼ਮਾਂ ਝਮਕਣਾਂ ਭੁੱਲ ਜਾਂਦੀਆਂ ਹਨ, ਹਾਂ ਫਰਕਣਾ ਵਿਸਾਰਕੇ ਛੱਪਰਾਂ ਨੂੰ ਕਹਿੰਦੀਆਂ ਹਨ: "ਭਾਰੇ ਤਾਂ ਹੋ ਜਾਓ ਪਰ ਡਿੱਗਣਾਂ ਨਹੀਂ, ਅੱਜ ਪਿਆਰੇ ਦੀ ਕੁਦਰਤ ਸੁਹਾਵੀ ਤੇ ਪਿਆਰੀ ਦੁਤੀ ਤੇ ਹਾਂ ਪ੍ਰੀਤਮ ਦਾ ਅਹਲਾ ਸਰੂਪ, ਜੋ ਕੁਦਰਤ ਵਿਚ ਦਮਕਦਾ ਹੈ, ਇਨ੍ਹਾਂ ਅੱਖਾਂ-ਇਨ੍ਹਾਂ ਨਿੱਕੇ ਨਿੱਕੇ ਪਰ ਜੀਉਂਦੇ ਛੇਕਾਂ-ਥਾਣੀ ਅੰਦਰਲੇ ਨੂੰ ਜੱਫੀਆਂ ਪਾ ਪਾ ਮਿਲ ਰਿਹਾ ਹੈ"।

ਵਾਹ ਸੁੰਦਰਤਾ! ਖੂਬ ਠੱਗ ਹੈਂ ਤੂੰ। ਜਿਨ੍ਹਾਂ ਦੇ ਅੰਦਰ ਤੂੰ ਫੇਰਾ ਪਾਇਆ ਉਹਨਾਂ ਨੂੰ ਲੈ ਗਈਓਂ....। ਜਦ ਇਸ ਸੁਹਾਵੀ ਸੁੰਦਰਤਾ ਦੇ ਕੁੱਛੜ ਕਦੇ ਸੱਚੇ ਪ੍ਰੇਮੀ ਚੜ੍ਹ ਬੈਠਣ ਤਾਂ ਆਖਦੇ ਹਨ:-"ਅਸੀਂ ਚੱਲੇ। ਲਓ! ਪਲੰਘ ਵਿਛਿਆ ਰਿਹਾ: ਦੇਹ ਉਤੇ ਸਿੱਧੀ ਚੱਟ ਲੇਟੀ ਰਹੀ, ਹੱਥ ਛਾਤੀ ਤੇ ਪਏ ਜੁੜੇ ਰਹੇ, ਨੈਣ ਅਧ ਖੁੱਲ੍ਹੇ, ਹਿਤ ਅਲਸਾਏ, ਪ੍ਰੇਮ ਪ੍ਰਵੇਧੇ ਉਸੇ ਤਰ੍ਹਾਂ ਖੁਲ੍ਹੇ ਰਹੇ, ਟੱਕ ਬੱਝੀ ਰਹੀ, ਪਰ ਦੇਖੋ ਸੁੰਦਰਤਾ ਮਲਕੜੇ ਜਿਹੇ ਸਾਨੂੰ ਵਿਚੋਂ ਖਿਸਕਾ ਲਿਚੱਲੀ ਜੇ। ਪਈ ਰਹੁ ਹੁਣ ਮੜੋਲੀ, ਛਾਰ ਕੀ ਪੁਤਲੀ! ਪਈ ਰਹੁ, ਤੂੰ ਜਾਣ ਤੇਰਾ ਦੇਸ਼ ਜਾਣੇ, ਸਾਨੂੰ ਤਾਂ ਸੁੰਦਰਤਾ ਆਪਣੇ ਦੇਸ਼ ਲੈ ਚੱਲੀ ਹੈ। ਪਈ ਰਹੁ ਹੇ ਮਿੱਟੀ ਕੀ ਮਟੀਆ! ਤੇ ਪਏ ਰਹਿਣ ਉਹ ਸਾਕ ਨਾਤੇ ਤੇ ਕੁਛ ਲਗਦੇ ਜੋ ਤੇਰੇ ਕਰਕੇ ਸਾਡੇ ਬਣੇ ਸਨ। ਤੂੰ ਤੇ ਤੇਰਾ ਵਲੇਵਾ ਪਏ ਰਹੋ; ਅਸੀਂ ਆਪਣੇ ਠੱਗਣਹਾਰ ਠੱਗ ਦੇ ਦੇਸ਼ ਚੱਲੇ ਹਾਂ, ਸਾਨੂੰ ਸਾਡਾ ਮੁਹਾਕਾ ਮੋਹਕੇ ਲੈ ਚੱਲਿਆ ਹੈ। ਅਸੀਂ ਇਕ ਝਾਕੇ ਤੇ ਰੀਝੇ ਹੋਏ ਮਗਨ ਹੋਏ ਹੋਏ ਟੁਰ ਚਲੇ ਹਾਂ ਝਾਕਿਆਂ ਦੇ ਦੇਸ਼। "

ਆਹ ਸੁੰਦਰਤਾ ਤੂੰ ਧੰਨ ਹੈਂ! ਤੂੰ ਉਹ ਦੇਵੀ ਹੈਂ ਜੋ ਵਿਛੁੜਿਆਂ ਨੂੰ ਮੇਲਦੀ ਹੈ। ਤੂੰ ਹੈਂ ਜੋ ਸੋਚ ਸਮੁੰਦਰ ਵਿਚੋਂ ਕੱਢਕੇ ਬੇਖੁਦੀਆਂ ਦੇ ਪੰਘੂੜੇ ਝੁਟਾਉਂਦੀ ਹੈਂ। ਤੂੰ ਹੈਂ ਜੋ ਰਸ ਦੇਸ਼ ਤੇ ਓਥੋਂ ਲਾ-ਮਕਾਨ ਵਿਚ ਲੈ ਜਾਂਦੀ ਹੈਂ। ਹੇ ਛਬੀ ! ਤੇਰਾ ਜਾਦੂ ਧੰਨ ਹੈ! ਇਸ ਹਿਸਾਬੀ ਸੋਚੂ ਜੀਉੜੇ ਨੂੰ ਤੂੰ ਅਨੰਤ ਅਥਾਹ ਰਸ ਵਿਚ ਉਡਾ ਲਿਜਾਂਦੀ ਹੈਂ। ਤੂੰ ਯੋਗੀਰਾਜ ਹੈਂ ਜੋ ਚਿਤ ਬ੍ਰਿਤੀਆਂ ਦਾ ਪਲਕਾਰੇ ਵਿਚ ਨਿਰੋਧ ਕਰਦੀ ਹੈਂ, ਤੂੰ ਹੈਂ ਜੋ ਮਨ ਨੂੰ ਖੜਾ ਕਰਦੀ ਹੈਂ ਤੇ ਬੁੱਧੀ ਦੇ ਚੱਕਰ ਨੂੰ ਬੰਨ੍ਹ ਬਹਾਲਦੀ ਹੈਂ! ਤੂੰ ਹੈਂ ਜੋ ਪਾਰਲੇ ਦੇਸ਼ ਦਾ

ਪਤਾ ਦੇਂਦੀ ਹੈਂ! ਤੂੰ ਹੈਂ ਜੋ ਮੰਤਰਾਂ ਤੇ ਫਿਲਾਸਫੀਆਂ ਦੀ ਸਰਹੱਦ ਤੋਂ ਪਰੇ ਟਪਾਕੇ ਰਸ ਦੇ ਦੇਸ਼, ਹਾਂ, ਆਪੇ ਦੇ ਦੇਸ਼ ਵਿਚ ਲੈ ਜਾਂਦੀ ਹੈਂ। ਤੂੰ ਧੰਨ ਹੈਂ, ਤੈਨੂੰ ਆਦੇਸ਼ ਹੈ, ਤੈਨੂੰ 'ਵਾਹ ਵਾਹ' ਹੈ, ਵਾਹ ਵਾਹ ਉਹ ਦੇਸ਼ ਹੈ ਜਿਥੇ ਬਾਣੀ ਦੀ ਪਹੁੰਚ ਨਹੀਂ। ਤੂੰ ਵਾਹ ਵਾਹ ਦਾ ਰੂਪ ਬੰਨ੍ਹਕੇ ਐਸੇ ਵੇਲੇ ਆਉਂਦੀ ਹੈਂ।

> ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥ ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥ ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ॥ ਵਾਹੁ ਵਾਹੁ ਕਰਤਿਆ ਸੋਭਾ ਪਾਇ ॥ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥ (ਵਾ:ਗੂ:ਮ:੩)

ਵਾਹ ਸੁੰਦਰਤਾ! ਵਾਹ ਸੁੰਦਰ ਦਾਤਾ, ਜਿਨ੍ਹ ਸੁੰਦਰਤਾ ਦਾ ਭੇਤ ਦੱਸਿਆ। ਵਾਹ ਵਾਹ ਸੁੰਦਰਤਾ ਤੂੰ ਸੁੰਦਰ ਦਿਖਾਲਿਆ। ਵਾਹ ਵਾਹ ਸੁੰਦਰਤਾ ਤੂੰ ਵਾਹ ਵਾਹ ਸਿਖਾਈ, ਪਰ ਵਾਹ! ਹੇ 'ਵਾਹ ਵਾਹ' ਤੂੰ ਫਿਰ ਸੁੰਦਰਤਾ ਦਿਖਾਈ ਤੇ ਸੁੰਦਰ ਦੇ ਚਰਨੀਂ ਲਾਇਆ, ਵਾਹ ਵਾਹ:-

> ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ॥ ਨਾਨਕ ਵਾਹੁ ਵਾਹੁ ਗੁਰਮਖਿ ਪਾਈਐ ਅਨਦਿਨੁ ਨਾਮੁ ਲਏਇ ॥੧॥ (ਵਾ:ਗੂ:ਮ:੩)

ਹੇ ਸੁਹਣੇ! ਹੇ ਸੁੰਦਰ ! ਹੇ ਮੇਰੇ ਸੁੰਦਰਾਂ ਦੇ ਸੁੰਦਰ ! ਹੇ ਸੁਹਾਵੇ ! ਹੇ ਸਦਾ ਸੁਹਾਣ ! ਹੇ ਛਬੀ ਵਾਲੇ! ਹੇ ਫਬੀ ਵਾਲੇ ! ਹੇ ਅਦੁਤੀ ਦੁਤੀ ਵਾਲੇ! ਹੇ ਮਨ-ਮੋਹਣੇ! ਹੇ ਅਹਲਾ! ਹੇ ਲਲਿਤ! ਹੇ ਹੁਸਨ! ਹੇ ਹੁਸਨਾਂ ਦੇ ਸਰਦਾਰ! ਹੇ ਖ਼ੂਬ ! ਹੇ ਖ਼ੂਬਾਂ ਦੇ ਸ਼ਹਿਨਸ਼ਾਹ। ਹਾਂ, ਹੇ ਸੁੰਦਰ! ਸੁੰਦਰਤਾ ਨੂੰ ਆਪਣਾ ਪ੍ਰਕਾਸ਼ ਬਣਾਕੇ ਪ੍ਰਕਾਸ਼ ਪਰ ਮੋਹਿਤ ਹੋਇਆਂ ਨੂੰ ਆਪਣੇ ਵਿਚ ਖਿੱਚ ਲੈਣ ਵਾਲੇ! ਵਾਹੁ ਵਾਹੁ ਤੇਰੀ ਸੱਤ ਰਜਾਇ।

ਹਾਂ, ਕਦੇ ਕਦੇ ਇਹੋ ਸੁੰਦਰਤਾ ਮਨ ਨੂੰ ਕੋਈ ਹੋਰ ਅੱਖਾਂ ਬੀ ਲਾ ਦਿਆ ਕਰਦੀ ਹੈ। ਉਂਵ ਤਾਂ ਆਕਾਸ਼ਾਂ ਦਾ ਪੋਹਨ ਤੇ ਇਹ ਅਸਗਾਹ ਪੁਲਾੜ ਅੱਖਾਂ ਨੂੰ ਸੁੰਵਾ ਤੇ ਸੱਖਣਾ ਹੀ ਭਾਸਦਾ ਹੈ, ਪਰ ਇਨ੍ਹਾਂ ਨਵੀਆਂ ਅੱਖਾਂ ਨਾਲ ਇਹ ਸਾਰਾ ਜੀਉਂਦਾ ਹੋ ਦਿੱਸਦਾ ਹੈ, ਸੋਹਣਿਆਂ ਤੇ ਜੀਉਂਦਿਆਂ ਨਾਲ ਵੱਸ ਰਿਹਾ ਦਿੱਸ ਪੈਂਦਾ ਹੈ।

ਔਹ ਵੇਖੋ ਕੌਣ ਦਿੱਸਿਆ ਜੇ? ਇਕ ਤਾਂ ਕੋਈ ਰਸੀਆ ਧਰਤੀ ਤੇ ਮੜ੍ਹੋਲੀ ਛੋੜਕੇ ਪਵਨ ਰੂਪ ਹੋਕੇ ਏਸੇ ਸੁੰਦਰਤਾ ਦੇ ਮੋਢੇ ਚੜ੍ਹਕੇ ਉੱਚਾ ਆਇਆ ਹੈ; ਇਕ ਕੋਈ ਅਰਸ਼ਾਂ ਤੋਂ ਚਾਨਣੇ ਦੀ ਦੇਵੀ ਆਈ, ਮਾਤਾ ਆਈ, ਅੰਮਾਂ ਆਈ, ਅੰਮਾਂ ਰੱਜੀ ਆਈ। ਰੱਜੀ ਆਈ ਕਿ ਰਾਜੀ ਆਈ। ਸ਼ੁਕਰ ਹੈ 'ਰਾਜੀ' ਆਈ, ਸ਼ੁਕਰ ਹੈ ਧਰਤੀ ਉੱਤੇ ਤਾਂ 'ਨਾ+ਰੱਜੀ' ਤੇ 'ਨਾ+ਰਾਜੀ' ਵੱਸਦੀਆਂ ਮਨ, ਪਰ ਏਥੇ ਅੰਮਾਂ 'ਰਾਜੀ' ਆਈ ਤੇ ਅੰਮਾਂ 'ਰੱਜੀ' ਆਈ ਜੇ, ਹੁਣ ਭੁੱਖ ਤਸੇਵੇਂ ਤੇ ਰੋਗ ਦੁੱਖ ਗਏ। ਅੰਮਾਂ 'ਰੱਜੀ' ਤੇ 'ਰਾਜੀ'[1]।

ਆਓ ਹੁਣ ਇਨ੍ਹਾਂ ਦੀਆਂ ਗੱਲਾਂ ਸੁਣੀਏ:- ਅੰਮਾਂ ਰੱਜੀ ਬੋਲੀ-ਆਓ ਬੱਚਾ! ਆਓ ਮੇਰੇ ਗੋਦੀ ਦੇ ਬੱਚੇ! ਮੈਂ ਤਾਂ ਸਦਾ ਤੇਰੇ ਨਾਲ ਹੁੰਦੀ ਹਾਂ, ਤੂੰ ਦਿਨੇ ਰਾਤ ਮੇਰੀ ਗੋਦ ਖੇਲਦਾ ਹੈਂ, ਫੇਰ ਤੂੰ ਭੁੱਖਾ ਹੋਕੇ ਡਾਬੂ ਕਿਉਂ ਲੈਂਦਾ ਹੁੰਦਾ ਹੈਂ, ਤੇ ਰੋਗੀ ਜਿਹਾ ਹੋਕੇ 'ਹਾਇ' 'ਹਾਇ' ਕਿਉਂ ਕਰਦਾ ਹੁੰਦਾ ਹੈਂ? ਤੂੰ ਜਗਤ ਦੇ ਰਾਜ਼ਕਾਂ ਵੱਲ ਤੇ ਵੈਦਾਂ ਵੱਲ ਨਾਂ ਤੱਕਿਆ ਕਰ, ਆਪਣੀ ਮਾਂ ਵੱਲ ਤੱਕਿਆ ਕਰ, ਤੂੰ ਸਦਾ ਮੇਰੀ ਗੋਦ ਵਿਚ ਖੇਲਦਾ ਹੈਂ।

ਰਸੀਆ-ਅੰਮਾਂ ਜੀ! ਤੁਸੀਂ ਮੇਰੇ ਓਹਨਾਂ ਧਰਤੀ ਦੇ ਨੈਣਾਂ ਨਾਲ ਦਿੱਸਦੇ ਨਹੀਂ ਹੋ ਨਾਂ। ਉਹ ਮਰ ਜਾਣੇ ਨੈਣ ਤਾਂ ਵੈਦਾਂ ਤੇ ਅੰਨ ਦਾਤਿਆਂ ਨੂੰ ਦੇਖਦੇ ਰਹਿੰਦੇ ਹਨ। ਅੰਮਾਂ ਤੂੰ ਸੁੰਦਰਤਾ ਦੇ ਦੇਸ਼ ਵੱਸਦੀ ਹੈਂ ਮੈਂ 'ਆਸ ਅੰਦੇਸ਼ੇ[2]' ਦੇ ਦੇਸ਼ ਵੱਸਦਾ ਹਾਂ! ਸੁੰਦਰਤਾ ਨੂੰ ਕਹੁ ਖਾਂ ਮੈਨੂੰ ਠੱਗੀ ਰੱਖਿਆ ਕਰੇ,

---

[1] ਰੱਜੀ=ਸੰਤੁਸ਼ਟਤਾ, ਤ੍ਰਿਪਤੀ, ਤ੍ਰਿਸ਼ਨਾ ਰਹਿਤ ਦਸ਼ਾ। ਰਾਜੀ=ਅਰੋਗਤਾ, ਪ੍ਰਸੰਨਤਾ; ਦੁਖ ਰਹਿਤ ਹਾਲਤ।

[2] ਆਸਾ ਅੰਦੇਸਾ ਦੁਇ ਪਟ ਜੜੇ ॥

ਆਪਣੇ ਕੰਧਾੜੇ ਚੁੱਕਕੇ ਮੈਨੂੰ ਏਥੇ ਲੈ ਆਇਆ ਕਰੇ ਤਾਂ ਮੈਨੂੰ ਤੂੰ ਦਿੱਸਦੀ ਰਿਹਾ ਕਰੇਂ ਤੇ ਮੈਂ ਹੁਣ ਵਾਂਗੂ ਤੇਰੀ ਛਾਵੇਂ ਸੁਖ ਮਾਣਿਆ ਕਰਾਂ।

ਅੰਮਾਂ--ਬੱਚਾ! ਤੂੰ ਵਾਹੁ ਵਾਹੁ ਕਰਿਆ ਕਰ।
ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥ ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮ ਕੰਕਰੁ ਨੇੜਿ ਨ ਆਵੈ॥੨॥ {ਵਾ:ਗੁ:ਮ:੩-੧੭}

ਰਸੀਆ--ਅੰਮਾਂ ਜੀ! ਮੈਂ ਕੀ ਕਰਾਂ; ਜਦੋਂ ਸੱਚੀ ਤੇ ਸੁੱਚੀ ਸੁੰਦਰਤਾ ਝਲਕਾ ਮਾਰਦੀ ਹੈ, ਮੱਲੋ ਮੱਲੀ 'ਵਾਹੁ ਵਾਹੁ' ਹੁੰਦੀ ਹੈ। ਜਦੋਂ ਆਸ ਅੰਦੇਸੇ ਦੇ ਭੂਤ ਆ ਦਬੱਲਦੇ ਹਨ ਤਦ 'ਵਾਹੁ ਵਾਹੁ' ਕਰੋ ਬੀ ਤਦ ਬੀ ਸੁਆਦ ਨਹੀਂ ਪੈਂਦਾ।

ਅੰਮਾਂ--ਫੇਰ ਬੀ 'ਵਾਹੁ ਵਾਹੁ' ਨਾ ਛਡਿਆ ਕਰੋ! ਓਦੋਂ ਵਾਹੁ ਵਾਹੁ ਆਸ ਅੰਦੇਸੇ ਦੀ ਜਕੜ ਨੂੰ ਮਪ ਮਪ ਕੇ ਕੱਟਦੀ ਹੁੰਦੀ ਹੈ[1]। ਵਾਹ ਵਾਹ ਕਦੇ ਸਖਣੀ ਨਹੀਂ ਜਾਂਦੀ। ਵਾਹੁ ਵਾਹੁ ਦੋ ਕੰਮ ਕਰਦੀ ਹੈ, ਇਕ ਤਾਂ ਮੈਲ ਕੱਟਦੀ ਹੈ, ਦੂਏ ਜਦੋਂ ਮੈਲ ਕੱਟ ਲਵੇ ਤਦ ਪਿਆਰੇ ਦੇ 'ਸਤਿ ਸੁਹਾਣੁ ਸਦਾ ਮਨਿ ਚਾਉ' ਦਾ ਝਲਕਾ ਮਾਰਦੀ, ਖੀਵਿਆਂ ਕਰਦੀ, ਬੇ ਖੁਦੀਆਂ ਦੇ ਝੂਟੇ ਦੇਂਦੀ ਤੇ ਅੰਮ੍ਰਿਤ ਪਿਲਾਉਂਦੀ ਰਹਿੰਦੀ ਹੈ[2]।

ਰਸੀਆ--ਫੇਰ ਤੁਸੀਂ ਨਾਂ ਨਾਂ ਟੁਰ ਆਯਾ ਕਰੋ।

ਅੰਮਾ--'ਰੱਜੀ ਤੇ ਰਾਜੀ' ਤਾਂ ਸਦਾ ਗੋਦ ਵਿਚ ਰੱਖਦੀ ਹੈ ਤੇ ਤੂੰ ਬਾਹਰ ਰਿੜ੍ਹ ਜਾਨਾ ਹੈਂ; 'ਆਸ ਅੰਦੇਸੇ' ਵਿਚ ਨਾ ਤਿਲਕਿਆ ਕਰੇਂ ਤਾਂ ਤੂੰ 'ਸਦਾ ਰੱਜਿਆ' 'ਸਦਾ ਰਾਜ਼ੀ' ਰਿਹਾ ਕਰੇਂ।

ਰਸੀਆ--ਮਾਂ! ਮੈਂ ਐਸ ਵੇਲੇ ਐਡਾ ਖੁਸ਼ ਹਾਂ, ਕਿ ਜੇ ਮੇਰਾ ਸਰੀਰ ਨਾਲ ਹੁੰਦਾ ਤਾਂ ਮੇਰੇ ਚੋਲੇ ਦੀਆਂ ਤਣੀਆਂ ਟੁੱਟ ਜਾਂਦੀਆਂ ਤੇ ਫੇਰ ਸਰੀਰ ਪਾਟ ਪੈਂਦਾ। ਐਹੋ ਜੇਹੀ ਸੋਹਣੀ ਖੁਸ਼ੀ ਕਿਉਂ ਲੁਕੋ ਰੱਖਦੇ ਹੁੰਦੇ ਹੋ? ਹੈਂ ! ਜੀਓ ਜੀ!

ਅੰਮਾਂ--ਲੁਕੋ ਤਾਂ ਨਹੀਂ ਰੱਖਦੀ, ਲੋਕੀਂ ਉਹਨਾਂ ਅੱਖਾਂ ਨੂੰ ਨਹੀਂ ਖੋਹਲਦੇ ਜਿਸ ਨਾਲ ਇਹ ਦਿੱਸਦਾ ਹੈ, ਉਹ ਨੈਣ ਵਾਹ ਵਾਹ ਕੀਤਿਆਂ ਖੁੱਲਦੇ ਹਨ। ਲੋਕੀਂ ਵਾਹੁ ਵਾਹੁ ਨਹੀਂ ਕਰਦੇ। ਹਾਇ ਹਾਇ ਕਰਦੇ ਹਨ, ਤੂਫੂੰ ਤੂਫੂੰ ਕਰਦੇ ਹਨ, ਇਸ ਕਰਕੇ ਇਸ ਖੁਸ਼ੀ ਤੋਂ ਵਾਂਜੇ ਰਹਿੰਦੇ ਹਨ। ਫਿਰ ਇਹ ਖੁਸ਼ੀ ਐਡੀ ਸਸਤੀ ਹੈ ਕਿ ਕਿਸੇ ਕਰੜੇ ਸਾਧਨ, ਹਠ, ਤਪ, ਤਜਾਗ, ਪਿੱਟਣੇ ਦੀ ਲੋੜ ਨਹੀਂ ਰੱਖਦੀ। "ਹੈ" ਦਾ ਨਿਹਚਾ ਧਾਰ ਕੇ ਅੰਦਰ ਵਾਹੁ ਵਾਹੁ ਕਰਦਾ ਰਹੇ, ਵਾਹੁ ਵਾਹੁ ਤੇ ਟਿਕਿਆ ਰਹੇ, ਫੇਰ ਇਹ ਖੁਸ਼ੀ ਅੱਠ ਪਹਿਰ ਮਾਣਦਾ ਰਹੇ।

ਸਲੋਕੁ ਮ:੩॥ ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ॥ ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥ਵਾਹੁ ਵਾਹੁ ਗੁਰਸਿਖ ਜੋ ਨਿਤ ਕਰੇ ਸੋ ਮਨਿ ਚਿੰਦਿਆ ਫਲੁ ਪਾਇ ॥ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ੍ ਕੈ ਸੰਗਿ ਮਿਲਾਇ॥ ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ॥ ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ॥੧॥
{ਵਾਰ ਗੁ:ਮ:੩}

ਰਸੀਆ--ਜੋ ਮਰ ਜਾਂਦੇ ਹਨ ਤੇ 'ਵਾਹੁ ਵਾਹੁ' ਦੇ ਰੰਗ ਰੱਤੇ ਹੋਕੇ ਮਰਦੇ ਹਨ ਓਹ ਕੀ ਕਰਦੇ ਹਨ?

ਅੰਮਾਂ--ਜੋ ਹੁਣ ਤੂੰ ਪਿਆ ਕਰਦਾ ਹੈਂ।

ਰਸੀਆ--ਐਡੀ ਖੁਸ਼ੀ ਮਾਣਦੇ ਹਨ?

ਅੰਮਾਂ--ਆ ਤੈਨੂੰ ਮੈਂ ਵਾਹੁ ਵਾਹੁ ਕਰਕੇ ਆਇਆਂ ਦਾ ਇਕ ਸਤਿਸੰਗ ਦਿਖਾਵਾਂ।

ਇਹ ਕਹਿੰਦਿਆਂ ਸਾਰ ਦੁਇ ਉੱਡੇ, ਇੰਞ ਉੱਡੇ ਕਿ ਸੰਸਾਰ ਵਿਚ ਕੋਈ ਖਿਆਲ ਉਸ ਤੇਜ਼ੀ ਦਾ ਤੇ ਤ੍ਰਿਖਾ ਹੋ ਨਹੀਂ ਸਕਦਾ, ਮਾਨੋਂ ਕ੍ਰੋੜਾਂ ਮੀਲ ਪਲਕਾਰੇ ਵਿਚ ਪੈਂਡਾਂ ਮੁਕਦਾ ਸੀ। ਖੁਸ਼ੀ, ਠੰਢ, ਰਸ, ਸੁਆਦ ਵੱਧ ਤੋਂ ਵੱਧ ਪਸਰ ਰਿਹਾ ਸੀ। ਜਿਨ੍ਹਾਂ ਤਾਰਿਆਂ, ਮੰਡਲਾਂ, ਖੰਡਾਂ: ਵਰਭੰਡਾਂ ਨੂੰ ਤੱਕ ਤੱਕ ਕੇ ਹਰਿਆਨ ਹੋਈਦਾ ਹੈ, ਹਾਂ ਉਹਨਾਂ ਦੇ ਵਿਚਦੀ ਲੰਘਣਾ ਕੁਛ ਬਾਤ ਨਹੀ' ਸੀ। ਗੱਲ

---

[1] ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥ ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥ {ਆਸਾ ਨਾਮ:}

[2] ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ {ਗਉ: ਸੁਖਮਨੀ: ਮ:੫}

ਕੀ ਇਸ ਤਰ੍ਹਾਂ ਉਡਦੇ ਓਟ ਇਕ ਸੁੰਦਰ ਮੰਡਲ ਤੇ ਪਹੁੰਚੇ। ਇਹ ਏਨੀ ਦੂਰ ਥਾਂ ਹੈ ਕਿ ਜੋ ਚਾਨਣਾ ਐਥੋਂ ਟੁਰੇ ਤਾਂ ਧਰਤੀ ਉਤੇ ਪੰਜਾਹ ਬਰਸਾਂ ਵਿਚ ਬੀ ਮਸਾਂ ਪਹੁੰਚੇ। ਇਹ ਮਿੱਟੀ ਲੋਹੇ ਤ੍ਰਾਮੇ ਦੀ ਧਰਤੀ ਨਹੀਂ ਸੀ, ਇਕ ਅਗਨ ਤੇ ਚਾਨਣੇ ਦਾ ਲੋਕ ਜਾਪਦਾ ਸੀ।

ਏਥੇ ਧਰਤੀ ਵਾਂਙੂ ਹੀ ਇਕ ਦੀਵਾਨ ਲੱਗਾ ਜਾਪਦਾ ਸੀ, ਅਰ ਕੀਰਤਨ ਹੋ ਰਿਹਾ ਸੀ। ਰਾਗੀ ਕੈਸੇ ਸਨ ਕਿ ਉਹਨਾਂ ਦਾ ਕੀਰਤਨ ਬੱਸ ਰਸ ਤੇ ਸੁਆਦ ਦਾ ਹੀ ਰੂਪ ਸੀ। ਪ੍ਰੇਮ ਦਾ ਮੀਂਹ ਵੱਸ ਰਿਹਾ ਸੀ, ਅਨੰਦ ਦੇ ਫੁਹਾਰੇ ਛੁਟ ਰਹੇ ਸਨ।

ਰਸੀਏ ਨੂੰ ਅੰਮਾਂ ਜੀ ਨੇ ਪੁੱਛਿਆ, 'ਕਹੁ ਇਹ ਸੁਆਦ ਕਿਹੋ ਜਿਹਾ ਹੈ?'

ਰਸੀਆ-ਕੀ ਆਖਾਂ, ਬੱਸ ਇਹੋ ਹੈ ਕਿ ਕਹਿ ਨਹੀਂ ਹੁੰਦਾ, ਗੁੰਗੇ ਦੀ ਮਠਿਆਈ ਹੈ।

ਅੰਮਾਂ-ਜੋ ਉਸ ਸੂਈ ਦੇ ਨੱਕੇ ਜਿੰਨੇ ਟਿਕਾਣੇ (ਧਰਤੀ) ਉਤੇ ਆਪਣੇ ਦਿਨ 'ਵਾਹੁ ਵਾਹੁ' ਦੇ ਰੰਗ ਵਿਚ ਬਿਤਾਉਂਦੇ ਹਨ, ਸੋ ਐਹੋ ਜਿਹੇ ਰਸਾਂ ਨੂੰ ਮਾਣਦੇ ਹਨ ਤੇ ਐਹੋ ਜਿਹੀ ਅਵਸਥਾ ਨੂੰ ਅੱਪੜਦੇ ਹਨ।

ਰਸੀਆ-ਮਾਂ ਜੀ! ਕੀ ਅਸੀਂ ਉਹਨਾਂ ਖੰਡਾਂ ਵਿਚੋਂ ਕਿਸੇ ਖੰਡ ਵਿਚ ਖੜੇ ਹਾਂ; ਜੋ ਜਪੁਜੀ ਸਾਹਿਬ ਜੀ ਵਿਚ ਲਿਖੇ ਹਨ?

ਅੰਮਾਂ-ਉਹ ਖੰਡ ਕੋਈ ਖਾਂ ਟਿਕਾਣੇ ਧਰਤੀ ਵਰਗੇ ਤਾਂ ਨਹੀਂ ਹਨ, ਓਹ ਤਾਂ ਇਕ ਅਰੂਪ ਰੂਪ ਦੇ ਟਿਕਾਣੇ ਹਨ, ਪਰ ਉਹ ਟਿਕਾਣੇ ਹਨ ਬੀ। ਖੰਡ ਵਿਚ ਬੀ ਹਨ ਤੇ ਬ੍ਰਹਮੰਡ ਵਿਚ ਬੀ ਹਨ, ਬ੍ਰਹਮੰਡ ਦੀ ਖੇਡ ਸਮਝਣ ਲਈ ਪਹਿਲਾਂ ਨਾਮ ਰਸੀਆ ਹੋਣੇ ਦੀ ਲੋੜ ਹੈ। ਪਿੰਡ ਵਿਚ ਤੇ ਆਪਣੀ ਉਚਜਾਈ ਪ੍ਰਾਪਤ ਕਰਨ ਲਈ ਸਾਧਨ ਪੱਖ ਵਿਚ ਐਉਂ ਸਮਝ ਲੈ:-

੧. ਪਹਿਲਾ ਖੰਡ ਧਰਮ ਖੰਡ 'ਜਪੁਜੀ ਸਾਹਿਬ' ਵਿਚ ਦੱਸਿਆ ਹੈ, ਜੋ ਤੁਹਾਡੀ ਧਰਤੀ ਧਰਮ ਦਾ ਖੰਡ ਹੈ, ਅਰਥਾਤ ਓਥੇ ਹਰ ਪ੍ਰਾਣੀ ਦੇ ਸਿਰ ਕੋਈ ਫਰਜ਼ ਯਾ ਧਰਮ ਹੈ। ਬਥੇਰਾ ਜ਼ੋਰ ਲਾਓ ਕਿ ਉਹ ਥਾਂ ਕੁਛ ਹੋਰ ਬਣੇ, ਪਰ ਰਾਜਾ ਤੋਂ ਪਰਜਾ ਤੀਕ ਸਭ ਕਿਸੇ ਦੇ ਸਿਰ ਫਰਜ਼ ਯਾ ਧਰਮ ਦਾ ਕਰ ਪਿਆ ਹੈ, ਇਸੇ ਕਰਕੇ ਤੁਹਾਡੀ ਧਰਤੀ ਧਰਮ ਦੀ ਸਾਲ ਹੈ, ਅਰ ਫਰਜ਼ਾਂ ਦੇ ਨਿਬਾਹ, ਅਰਥਾਤ ਕੀਤੇ ਕਰਮਾਂ ਅਨੁਸਾਰ ਉਹਨਾਂ ਦੀ ਵੀਚਾਰ ਹੁੰਦੀ ਹੈ, ਉਹਨਾਂ ਦੀ ਕਚਿਆਈ ਪਕਿਆਈ ਇਥੇ ਹੀ ਪੈਂਦੀ ਹੈ, ਪਰ ਪਤਾ ਅੱਗੇ ਜਾਕੇ ਲੱਗਦਾ ਹੈ।

੨. ਧਰਮ ਖੰਡ ਸਾਡੇ ਲਈ ਧਰਤੀ ਹੈ, ਪਰ ਜਦ ਗਯਾਨ ਵਿਚ ਆਉਂਦਾ ਹੈ, ਤਾਂ ਕਈ ਕਰਮ ਭੂਮੀਆਂ: ਕਈ ਚੰਦ, ਕਈ ਸੂਰਜ, ਕਈ ਲੋਕ ਤੇ ਉਹਨਾਂ ਵਿਚ ਦੇਸ਼ਾਂ ਦਾ ਗਯਾਨ ਹੁੰਦਾ ਹੈ, ਉਸ ਨੂੰ ਲੋਕ ਦੀ ਵਿਸ਼ਾਲਤਾ ਦਿੱਸਦੀ ਹੈ ਤੇ ਉਸ ਨੂੰ ਗਯਾਨ ਦਾ ਪ੍ਰਕਾਸ਼ ਪੈਂਦਾ ਹੈ ਤੇ ਗਯਾਨ ਤੋਂ ਉਪਜੇ ਅਨੰਦ ਦਾ ਸੁਆਦ ਪੈਂਦਾ ਹੈ ਜੋ ਇੰਦ੍ਰੇ ਰਸਾਂ ਤੋਂ ਬਹੁਤ ਉੱਚਾ ਅਨੰਦ ਹੈ: ਸੋ ਬੇਟਾ! ਜੋ ਧਰਮ ਦੇ ਖੰਡ ਵਿਚ ਵੱਸਦਾ ਹੈ, ਉਸ ਨੂੰ ਅਵੱਸੋਂ ਲੋੜ ਹੈ ਕਿ ਸਮਝੇ ਕਿ ਧਰਮ ਕੀਹ ਹੈ! ਅਰਥਾਤ ਉਸ ਨੂੰ ਆਪਣੇ ਫ਼ਰਜ਼ ਯਾ ਧਰਮ ਦੇ ਸਮਝਣ ਦੇ ਗਯਾਨ ਦੀ ਲੋੜ ਹੈ ਸੋ ਜੋ ਆਦਮੀ ਧਰਮ ਅਧਰਮ ਦਾ ਗਯਾਤਾ ਹੋ ਜਾਂਦਾ ਹੈ, ਉਹ ਵਿਸ਼੍ਵ ਦੀ ਅਨੰਤਤਾਈ ਦਾ ਗਯਾਤਾ ਹੋ ਜਾਂਦਾ ਹੈ, ਫੇਰ ਉਸ ਨੂੰ ਸਮਝ ਪੈਂਦੀ ਹੈ ਕਿ ਨਿਰੇ ਸ਼ੁਭ ਕਰਮਾਂ ਨਾਲ ਛੁਟਕਾਰਾ ਨਹੀਂ, ਇਸ ਤੋਂ ਅੱਗੇ ਕੁਛ ਹੋਰ ਹੈ ਜਿਸ ਨਾਲ ਕਿ ਕਈ ਕਾਨ੍ਹ, ਮਹੇਸ਼, ਬ੍ਰਹਮੇ, ਧ੍ਰੂ, ਸਿੱਧ, ਬੁੱਧ, ਨਾਥ, ਦੇਵੀ ਦੇਵ, ਮੁਨੀ, ਆਦਿ ਗਯਾਨ ਪਾ ਪਾ ਕੇ ਉੱਚੇ ਉੱਠੇ ਹਨ। ਇਸ ਤਰ੍ਹਾਂ 'ਕਰਮ' ਤੋਂ ਅੱਗੇ ਮੈਂ 'ਸੁਰਤੀ ਸੇਵਕ 'ਬਣਨਾ ਹੈ, ਅਰਥਾਤ ਸੁਰਤ ਨਾਲ ਵਾਹਿਗੁਰੂ ਵਲ ਆਪਣੇ ਮਨ ਮੰਡਲ ਨੂੰ ਲਗਾਉਣਾ ਹੈ। ਉਹ ਫਿਰ ਸੁਰਤ ਨੂੰ ਰੱਬ ਵਿਚ ਜੋੜਦਾ ਹੈ ਤੇ ਤਰ੍ਹਾਂ ਤਰ੍ਹਾਂ ਦੇ ਅਨੰਦ ਵੇਖਦਾ ਹੈ, ਇਸ ਲਈ ਉਸ ਨੂੰ ਵਾਹਿਗੁਰੂ ਦੇ ਸਿਮਰਨ ਦਾ ਰਸਤਾ ਲੱਭਦਾ ਹੈ। ਅਰਥਾਤ ਫੇਰ ਉਹ ਸਮਝਦਾ ਹੈ ਕਿ "ਵਾਹੁ ਵਾਹੁ" ਪਰਮ ਧਰਮ ਹੈ। ਸੋ ਬੇਟਾ! ਜਿਸ ਨੂੰ ਇਹ ਗਯਾਨ ਹੋ ਗਿਆ, ਉਹ ਗਯਾਨ ਖੰਡ ਵਿਚ ਆ ਗਿਆ। ਉਹ ਨਾਮ ਅੱਭਯਾਸ ਕਰਦਾ ਹੈ ਕਿ ਸੁਰਤ ਸਾਈਂ ਵਿਚ ਲਗੀ ਰਹੇ।

੩. ਨਾਮ ਜਪਦਾ ਆਦਮੀ ਨਾਮ ਦੇ ਰਸਤੇ ਸੁੰਦਰਤਾ ਦੀ ਪ੍ਰਤੀਤੀ ਵਿਚ ਚਲਾ ਜਾਂਦਾ ਹੈ।

ਅੰਤਰ ਆਤਮੇ ਉੱਜਲਤਾ, ਸੁੰਦਰਤਾ ਤੇ ਰਸ ਦਾ ਅਨੁਭਵ ਇਹ ਪ੍ਰਾਪਤੀ 'ਸੁਰਤੀ-ਸੇਵਕ' ਨੂੰ ਹੋ ਜਾਂਦੀ ਹੈ। ਉਥੇ ਸੁਰਤ, ਮਤਿ, ਮਨ, ਬੁੱਧਿ ਦੀ ਸੋਝੀ ਪੈਂਦੀ ਹੈ, ਪਰ ਇਸ ਤੋਂ ਅੱਗੇ ਇਕ ਹੋਰ ਤਰੱਕੀ ਹੁੰਦੀ ਹੈ ਕਿ ਉਸ ਨੂੰ 'ਸੁਧਿ ਯਾ ਸਿਧਿ' ਪ੍ਰਾਪਤ ਹੁੰਦੀ ਹੈ। ਇਹ ਉਹ ਬੁੱਧੀ ਹੈ ਜੋ ਦੇਵਤਿਆਂ ਅਰ ਸਿੱਧਿ ਪੁਰਖਾਂ ਨੂੰ ਪ੍ਰਾਪਤ ਹੁੰਦੀ ਹੈ। ਇਹ ਸੁਤੇ ਬੁੱਧੀ ਹੈ, ਇਸ ਨਾਲ ਬਿਨਾ 'ਕਾਰਨ ਕਾਰਜ' ਜਾਣੇਂ ਦੇ ਸੋਝੀ ਪੈਣ ਲੱਗ ਜਾਂਦੀ ਹੈ। ਮਨ ਤੇ ਬੁੱਧੀ ਤਾਂ ਜਗਤ ਵਿਚ ਕੰਮ ਕਰਨ ਲਈ ਜੀਵ ਦੇ ਮਦਦਗਾਰ ਹਨ, ਪਰਵਿਰਤੀ ਮਾਰਗ ਦੇ ਸੰਦ ਹਨ: ਪਰ 'ਸਿੱਧਿ ਯਾ ਸੁਧਿ' ਆਪੇ ਨੂੰ ਏਕਾਗਰ ਕਰਕੇ ਵਾਹਿਗੁਰੂ ਵੱਲ ਲੈ ਜਾਣ ਦਾ ਸੰਦ ਹੈ। ਅਸਲ ਵਿਚ ਇਹੋ ਬੁੱਧੀ ਹੈ, ਜੋ ਪਰਮਾਤਮਾਂ ਨੂੰ ਮੇਲਦੀ ਹੈ, "ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ"। ਮਰਦਾਨੇ ਨੇ ਗੁਰ ਨਾਨਕ ਜੀ ਨੂੰ ਪੁੱਛਿਆ ਸੀ ਕਿ ਵਾਹਿਗੁਰੂ ਬੁਧੀ ਨਾਲ ਮਿਲਦਾ ਹੈ? ਤਾਂ ਸਤਿਗੁਰ ਜੀ ਨੇ ਫੁਰਮਾਯਾ ਸੀ ਕਿ ਮਰਦਾਨਿਆਂ ਇਹ ਬੁੱਧਿ ਮਰਕੇ ਇਕ ਹੋਰ ਬੁੱਧੀ ਉਤਪਤ ਹੁੰਦੀ ਹੈ ਜੋ ਮੇਲਣਹਾਰ ਬੁੱਧੀ ਹੈ। ਉਹ ਬੁੱਧਿ ਇਹੋ ਸੀ, ਜੋ ਸਤਿਗੁਰ ਜੀ ਨੇ ਏਥੇ 'ਸੁਧਿ' ਕਰਕੇ ਦੱਸੀ ਹੈ। ਸੋ ਇਸ ਅਵਸਥਾ[1] ਵਿਚ ਜੀਵ ਖੁਸ਼ੀ, ਰਸ ਉਮਾਹ ਵਿਚ ਪਹੁੰਚਦਾ ਹੈ!

ਅੰਤਰ ਆਤਮੇ ਤਾਂ ਜਗਤਾਸੂ ਸ਼ਰਮ ਖੰਡ ਵਿਚ ਐਉਂ ਹੈ, ਪਰ ਬਾਹਰ ਉਹ ਸ੍ਰਮ[2] ਅਰਥਾਤ ਘਾਲ ਵਿਚ ਵੀ ਹੈ, ਕਿਉਂਕਿ ਉਹ ਧਰਮ ਖੰਡ ਦੇ ਧਰਮ ਬੀ ਪਾਲ ਰਿਹਾ ਹੈ ਤੇ ਗਯਾਨ ਖੰਡ ਦੀ ਵੀਚਾਰ ਦਾ ਤਾਣ ਬੀ ਸਾਰਾ ਲਾਕੇ ਨਾਮ ਜਪ ਰਿਹਾ ਹੈ, ਸੋ ਉਹ 'ਪ੍ਰਤੀਤੀ' ਵਿਚ ਤਾਂ ਰਸ ਤੇ ਖੁਸ਼ੀ (ਸ਼ਰ੍ਮ੍ਮਨ੍) ਵਿਚ ਰਹਿੰਦਾ ਹੈ। ਪਰ ਅਮਲ ਵਿਚ 'ਨੇਕੀ ਤੇ ਨਾਮ' ਦੇ ਯਤਨ ਵਿਚ ਹੋਣ ਕਰਕੇ ਘਾਲ (ਸ੍ਰਮ) ਵਿਚ ਰਹਿੰਦਾ ਹੈ। ਇਸੇ ਕਰਕੇ ਸਤਿਗੁਰ ਨੇ ਇਸ ਖੰਡ ਦਾ ਨਾਮ 'ਸਰਮ ਖੰਡ' ਰੱਖਿਆ ਹੈ।

ਧਰਮੀ ਪੁਰਖ ਧਰਮ ਖੰਡ ਵਿਚ ਹੈ, ਨਾਮੀ ਪੁਰਖ ਗਯਾਨ ਖੰਡ ਵਿਚ ਹੈ, ਨਾਮ ਰਸੀਆ ਸਰਮ-ਖੰਡ ਵਿਚ ਹੈ।

੪. ਅੱਗੇ ਫੇਰ ਕਰਮਖੰਡ ਹੈ। ਮਿਹਰ ਦਾ, ਫਜ਼ਲ ਦਾ, ਰੱਬ ਤੁੱਠਣ ਦਾ ਟਿਕਾਣਾ। ਸਰਮਖੰਡ ਦਾ ਜੱਗਜਾਸੂ ਸਿਮਰਨ ਰਸ ਵਿਚ ਲਿਵ ਲਾਉਂਦਾ ਲਾਉਂਦਾ ਦੇਸ਼ ਕਾਲ ਦੀ ਅਖੀਰਲੀ ਹੱਦ ਤੇ ਅੱਪੜ ਜਾਂਦਾ ਹੈ। ਇਥੋਂ ਤੱਕ ਘਾਲ ਲੈ ਆਉਂਦੀ ਹੈ। ਅੱਗੋਂ ਫੇਰ ਅਕਾਲ ਤੇ ਅਦੇਸ਼ ਵਿਚ ਯਾ ਲਾਮਕਾਂ ਦੇ ਟਿਕਾਣੇ ਵਿਚ, ਯਾ ਨਿਰੰਕਾਰ ਅਕਾਲ ਪੁਰਖ ਜੋਤੀ ਸਰੂਪ ਦੇ ਅਪਾਰ ਦੇਸ਼ ਵਿਚ ਜਾਣੇ ਲਈ ਉਸ ਦੇਸ਼ੋਂ ਹੀ ਕੁਛ ਕ੍ਰਿਸ਼ਮਾ ਹੁੰਦਾ ਹੈ ਜੋ ਅੱਗੇ ਲੈ ਜਾਂਦਾ ਹੈ। ਇਹ ਮਿਹਰ ਹੈ, ਫਜ਼ਲ ਹੈ, ਕਰਮ ਹੈ, ਹੁਣ ਇਸ ਅਵਸਥਾ ਵਿਚ ਜੋ ਕੋਈ ਪ੍ਰਾਪਤ ਹੋਇਆ ਹੈ, ਉਹ ਕਿਸੇ ਅਣਹੋਂਦ ਵਿਚ ਯਾ ਢਿੱਲ ਮੱਠ ਵਿਚ ਨਹੀਂ ਗਿਆ, ਉਸ ਦਾ ਆਪਾ ਹਉਂ ਛੱਡਦਾ ਛੱਡਦਾ ਮਰ ਨਹੀਂ ਗਿਆ, ਪਰ ਸਾਂਈ ਨਾਲ ਇਕ ਸੁਰ ਹੋ ਗਿਆ ਹੈ, ਹੁਣ ਉਹ ਰੱਬੀ ਜ਼ੋਰ; ਰੱਬੀ ਤਾਣ ਦਾ ਸਾਂਝੀਵਾਲ ਹੋ ਗਿਆ ਹੈ। ਵਾਹਿਗੁਰੂ ਦਾ ਆਤਮ-ਬਲ ਉਸ ਦਾ ਬਲ ਹੋ ਰਿਹਾ ਹੈ। ਓਹ ਉਸ ਨੂੰ ਨਿਰਾ ਆਪਾ ਹੀ ਨਹੀਂ ਦਿੱਸਦਾ, ਪਰ ਅਨੇਕਾਂ ਲੋਕਾਂ ਦੇ ਭਗਤ ਬ੍ਰਹਮੰਡ ਦੇ ਹੋਰ ਤਬਕੇ ਤੋਂ ਬਖਸ਼ੇ ਗਏ ਲੋਕ ਮਿਲਦੇ ਹਨ, ਜਿਨ੍ਹਾਂ ਦੇ ਅੰਦਰ ਸੱਚੇ ਵਾਹਿਗੁਰੂ ਦਾ ਨਿਵਾਸ ਹੈ, ਜੋ ਨਿਵਾਸ ਕਿ ਅਭੇਦ ਹੋ ਗਿਆ ਹੈ। ਆਤਮ ਮੰਡਲ ਦੇ ਮਹਾਂ ਬਲੀ ਸੂਰਮੇ, ਸੁੰਦਰਤਾਈਆਂ ਤੇ ਜਲਾਲ ਓਥੇ ਵੱਸਦੇ ਹਨ। ਇਸ ਅਵਸਥਾ ਨੂੰ ਪਹੁੰਚਿਆਂ ਹੋਇਆਂ ਨੂੰ ਜਨਮ ਮਰਨ ਤੇ ਮਾਯਾ ਦਾ ਮੋਹਣੀ ਮੰਤ੍ਰ ਅਸਰ ਕਰਨੋਂ ਰਹਿ ਚੁਕਦਾ ਹੈ:-ਨਾ ਓਹਿ ਮਰਹਿ 'ਨਾ ਠਾਗੇ ਜਾਹਿ' ॥ ਉਹ ਜੋ ਸ਼ਰਮ ਖੰਡ ਵਿਚ ਨਾਮ ਰਸੀਆ ਸੀ, ਹੁਣ ਨਾਮੀ ਨੂੰ ਪ੍ਰਾਪਤ ਹੋਕੇ ਉਸ ਦੇ ਮਿਲਾਪ ਦਾ ਅਕਹਿ ਰਸ ਮਾਣ ਰਿਹਾ ਹੈ। ਉਸ ਦੇ ਅੰਦਰ ਜੋ 'ਸੱਚ' ਸੀ ਸੋ ਹੁਣ ਸੱਚਾ' ਹੋ ਗਿਆ ਹੈ, ਨਾਮ ਨਾਮੀ ਹੋਕੇ ਨਿਰੰਤਰ ਮੇਲ ਹੋ ਗਿਆ ਹੈ। ਸੋ ਉਸ ਦੀ ਸਮਝ ਹੁਣ ਜਾਣਦੀ ਹੈ ਕਿ ਹੁਣ ਮੇਰੀ ਘਾਲ ਕੇਵਲ-

ਸੁਨਿ ਰੀ ਸਖੀ ਇਹ ਹਮਰੀ ਘਾਲ॥
ਪ੍ਰਭ ਆਪਿ ਸੀਗਾਰਿ ਸਵਾਰਨਹਾਰ॥੧॥

ਮੂਜਬ ਰੱਬ ਦੀ ਮਿਹਰ ਹੈ। ਉਸ ਦੀ ਸਮਝ ਹੁਣ

---

[1] ਸ਼੍ਰਮਨ-ਸ਼ਰਮ੍ਮਨ੍=ਖੁਸ਼ੀ, ਉੱਚੇ ਅਨੰਦ ਨੂੰ ਕਹਿੰਦੇ ਹਨ। [2] ਸ਼੍ਰਮ=ਸ੍ਰਮ=ਮਿਹਨਤ: ਮੁਸ਼ੱਕਤ, ਘਾਲ।

ਕਰਮ ਖੰਡ ਵਿਚ ਹੈ, ਅਰਥਾਤ ਉਹ ਇਸ 'ਰਸ ਭਰੀ ਵਾਹੁ ਵਾਹੁ' ਦੇ ਲਗਾਤਾਰ ਪ੍ਰਵਾਹ ਨੂੰ, ਨਾਮ ਦੇ ਅੰਦਰ ਨਿਵਾਸ ਨੂੰ, ਰਸ ਨੂੰ, ਅਨੰਦ ਨੂੰ, ਕਰਮ ਯਾ ਫਜ਼ਲ ਯਾ ਮਿਹਰ ਸਮਝਦਾ ਹੈ। ਉਸ ਦੇ ਅੰਦਰ ਹੁਣ ਇਕ 'ਵਾਹਦਤ ਦਾ ਦਰਿਯਾ' ਵਗਦਾ ਹੈ ਜਿਕੂੰ ਤੇਰੀ ਵਾਹੁ ਵਾਹੁ ਹੁਣ ਤੈਨੂੰ ਰਸ ਦੇ ਰਹੀ ਹੈ, ਅਰ ਨਿਰਯਤਨ ਚੱਲ ਰਹੀ ਹੈ। ਤੂੰ ਆਨੰਦ ਵਿਚ ਹੈਂ, ਉਮਾਹ ਵਿਚ ਹੈਂ, ਸਿਦਕ ਵਿਚ ਹੈਂ, ਖੇੜੇ ਵਿਚ ਹੈਂ ਅਰ ਸਮਝ ਰਿਹਾ ਹੈਂ ਕਿ ਮੇਰਾ ਕੀਤਾ ਕਿਛੁ ਨਹੀਂ ਹੋਯਾ, ਇਹ ਨਿਰੀ ਮਿਹਰ ਹੀ ਮਿਹਰ ਹੈ, ਹੁਣ ਤੇਰੇ ਅੰਦਰ ਹਉਂ ਦੀ ਟੇਕ ਨਹੀਂ ਰਹੀ, ਕੇਵਲ ਮਿਹਰ ਦੀ ਟੇਕ ਤੇ ਮਿਹਰ ਦਾ ਆਸਰਾ ਹੋ ਗਿਆ ਹੈ। ਇਹ ਤੂੰ ਹੁਣ 'ਕਰਮ ਖੰਡ' ਵਿਚ ਹੈਂ, 'ਸਾਈਂ ਦੇ ਫਜ਼ਲ' ਵਿਚ ਹੈਂ।

੫. ਜਦੋਂ ਸਾਈਂ ਦੀ ਮਿਹਰ ਨਦਰ ਵਿਚ ਪਲਟ ਜਾਂਦੀ ਹੈ; ਜਦੋਂ ਕਰਮ ਨਾਲ ਰਸ ਵਿਚ ਸਿਮਰਨ ਕਰਨ ਵਾਲਾ ਪਰਮੇਸ਼ੁਰ ਦੇ ਰੂਪ ਵਿਚ, ਪਰਮੇਸ਼ੁਰ ਦੀ ਨਦਰ ਨਾਲ ਮਿਲਾਪ ਪੂਰਾ ਪੂਰਾ ਪ੍ਰਾਪਤ ਕਰ ਲੈਂਦਾ ਹੈ, ਤਾਂ ਫੇਰ ਅੱਗੋਂ ਦੀ ਕਥਾ ਕਹਿਣੀ ਕਠਨ ਹੈ। ਅੱਗੇ ਸੱਚ ਖੰਡ ਹੈ, ਓਥੇ ਨਿਰੰਕਾਰ ਦਾ ਵਾਸਾ ਹੈ, ਨਦਰ ਤੇ ਮਿਹਰ ਤੇ ਅਨੰਦ ਓਥੇ ਪਸਰ ਰਿਹਾ ਹੈ। ਇਹ ਤਾਂ ਜਗਜਾਸੂ ਦੀ 'ਪ੍ਰਤੀਤੀ' ਹੁੰਦੀ ਹੈ ਤੇ ਅਮਲ ਉਸ ਦਾ ਹੁਕਮ ਅਨੁਸਾਰ ਕ੍ਰਿਯਾ ਕਰਨੀ ਹੁੰਦਾ ਹੈ, ਤਦੋਂ ਸਮਝ ਦੂਈ ਵਿਚ ਨਹੀਂ ਹੁੰਦੀ, ਕੇਵਲ ਸਤਿ ਸਰੂਪ ਵਾਹਿਗੁਰੂ ਦੀ "ਹੈ" ਵਿਚ ਰਸ ਰੂਪ ਲੀਨਤਾ ਵਿਚ ਹੁੰਦੀ ਹੈ। ਪਿਆਰੇ ਪ੍ਰੀਤਮ ਦੇ ਪ੍ਰੇਮ ਸਰੂਪ ਵਿਚ ਪ੍ਰੇਮ ਰੂਪ ਏਕਤਾ ਪ੍ਰਾਪਤ ਹੁੰਦੀ ਹੈ। ਦੂਜੇ ਪਦਾਂ ਵਿਚ ਜੀਵ ਤੱਤ ਬ੍ਰਹਮ ਤੱਤ ਦੇ ਮੇਲ ਵਿਚ ਚਲਾ ਜਾਂਦਾ ਹੈ।

ਰਸੀਆ–ਅੰਮਾਂ ਜੀ! ਮੈਂ ਪਹਿਲੇ ਤਾਂ ਖੰਡ ਸਮਝਦਾ ਹੀ ਨਹੀਂ ਸਾਂ, ਆਮ ਗਜਾਨੀ ਇਨ੍ਹਾਂ ਦੇ ਅਰਥ ਕਾਂਡ ਕਰਦੇ ਹਨ, ਤ੍ਰੈ ਕਾਂਡ, ਕਰਮ ਕਾਂਡ, ਉਪਾਸ਼ਨਾ ਕਾਂਡ ਤੇ ਗਜਾਨ ਕਾਂਡ। ਇਹ ਖੰਡਾਂ ਦੀ ਸੋਝੀ ਤਾਂ ਰਾਣਾ ਸੂਰਤ ਸਿੰਘ ਪੜ੍ਹਕੇ ਪਈ ਸੀ ਕਿ ਜਗਤ ਗੁਰੂ ਜੀ ਨੇ ਜਪੁਜੀ ਸਾਹਿਬ ਵਿਚ ਲੋਕ ਪ੍ਰਲੋਕ ਦੀ ਸੋਝੀ ਲਈ ਇਹ ਲਿਖੇ ਹਨ! ਅੱਜ ਪਤਾ ਬਹੁਤ ਸਾਫ ਲੱਗਾ ਹੈ ਕਿ ਇਹ ਸਾਡੀਆਂ ਆਤਮ ਅਵੱਸਥਾ ਹਨ ਤੇ ਖੰਡ ਵਿਚ ਬੀ ਤੇ ਬ੍ਰਹਮੰਡ ਵਿਚ ਬੀ ਇਹ ਦਰਜੇ ਹਨ ਤੇ ਅਵਸਥਾ ਵੀ ਤੇ ਅਰੂਪੀ ਟਿਕਾਣੇ ਬੀ।

ਅੰਮਾਂ–ਬੱਚਾ ਸੁਖ ਦੇ ਰਸਤੇ ਪਿਆ ਕਰੋ, ਫੋਕੇ ਹਿਸਾਬਾਂ ਤੇ ਵਹਿਮਾਂ ਵਿਚ ਕੀਹ ਹੈ। ਆਪਣਾ ਫਰਜ਼ ਪਛਾਣੋਂ, ਸ਼ੁਭ ਕਰਮ ਤੇ ਨੇਕੀ ਸਿਖੋ, ਜੋ ਧਰਮ ਸਮਝੋ ਉਸ ਪਰ ਟੁਰੋ, ਸਭ ਤੋਂ ਵਡਾ ਧਰਮ ਨਾਮ ਹੈ, ਉਸ ਪਰ ਟੁਰੋ, ਟੁਰਦਿਆਂ ਪੁਰ ਸਾਈਂ ਮਿਹਰ ਕਰਦਾ ਹੈ ਤਾਂ ਘਾਲ ਮਨਜ਼ੂਰ ਹੁੰਦੀ ਹੈ, ਜਿਨ੍ਹਾਂ ਪਰ ਨਦਰ ਹੋ ਜਾਂਦੀ ਹੈ ਉਹਨਾਂ ਨੂੰ ਸੱਤਿ ਸਰੂਪ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ; ਸੋ ਤੁਹਾਡਾ ਧਰਮ ਹੈ ਲੱਗੇ ਰਹਿਣਾ, ਲੱਗੇ ਰਿਹਾ ਕਰੋ।

ਰਸੀਆ--ਅੰਮਾਂ! ਕਾਹਦੇ ਵਿਚ?

ਅੰਮਾਂ–ਨਾਮ ਵਿਚ।

ਰਸੀਆ–ਅੰਮਾਂ ਜੀ! ਇਹ ਨਾਮ ਕੀ ਸ਼ੈ ਹੈ?

ਅੰਮਾਂ–ਬੱਚਾ ! ਇਹ ਪ੍ਰੇਮ ਹੈ ਸਿਮਰਨ ਹੀ ਪ੍ਰੀਤਮ ਦੇ ਪ੍ਰੇਮ ਦਾ ਵਿਦਤ ਸਰੂਪ ਹੈ। ਜੋ ਆਪਣੇ ਪਜਾਰੇ ਨੂੰ ਯਾਦ ਕਰਦਾ ਹੈ, ਉਸ ਦੇ ਅੰਦਰ ਪ੍ਰੇਮ ਹੁੰਦਾ ਹੈ ਪ੍ਰੇਮ ਵਾਲਾ ਪਿਆਰੇ ਨੂੰ ਭੁਲ ਨਹੀਂ ਸਕਦਾ। ਇਸੇ ਤਰ੍ਹਾਂ ਸਦਾ ਯਾਦ ਰੱਖਣ ਵਾਲਾ ਪ੍ਰੇਮ ਵਿਚ ਵਸਦਾ ਹੈ। ਨਾਮ ਜਪਣ ਵੇਲੇ ਸਾਂਈ ਵਿਚ ਪਜਾਰ ਭਾਵਨਾ ਚਾਹੀਏ।

ਰਸੀਆ–ਠੀਕ ਜੀਓ?

ਅੰਮਾਂ–ਇਹ ਕਰਤਬ ਦੀ ਵਿਦਜਾ ਹੈ, ਕਥਨੀ ਫੋਕੀ ਸ਼ੈ ਹੈ। ਇਉਂ ਕਹਿਕੇ ਉਥੋਂ ਇਕ 'ਵਾਹਿਗੁਰੂ' ਦੀ ਰਸ ਭਰੀ ਗੂੰਜ ਉਠੀ; ਤੇ ਸਾਰਾ ਕੁਛ ਲੋਪ ਹੋ ਗਿਆ। ਪਰ ਧਰਤੀ ਉੱਤੇ ਇਸ ਟਿਕਾਣੇ ਉਸ ਵੇਲੇ ਇਕ ਜੀਉਂਦੀ ਮੂਰਤ ਇਸੇ ਸਿਮਰਨ ਦੇ ਰੌ ਵਿਚ, ਹਾਂ, ਇਸੇ ਯਾਦ ਦੇ ਰੰਗ ਵਿਚ ਝੂੰਮ ਰਹੀ ਸੀ। ਯਾਦ ਸੀ ਕਿ ਬਿਰਹਾ, ਬਿਰਹਾ ਸੀ ਕਿ ਪ੍ਰੇਮ, ਪ੍ਰੇਮ ਸੀ ਕਿ ਸਿਮਰਨ। ਹਾਂ ਉਹ ਦਰਸ਼ਨ ਐਉਂ ਦਾ ਸੀ:-

## ੨.

ਸਮੁੰਦ੍ਰ ਦੇ ਵਿਚ ਇਕ ਨਿੱਕਾ ਜਿਹਾ ਟਾਪੂ ਹੈ, ਇਸ ਵਿਚ ਉੱਤਰ ਨੂੰ ਇਕ ਇਲਾਕਾ ਹੈ, ਜੋ ਕਈ ਸੈਂਕੜੇ ਪਿੰਡਾਂ ਤੇ ਨਿੱਕੀਆਂ ਨਗਰੀਆਂ ਵਾਲਾ ਹੈ।

ਇਕ ਵਿਚ ਸ਼ਹਿਰ ਹੈ, ਉਸ ਦਾ ਇਹ ਰਾਜਾ ਹੈ, ਜੋ ਬੜਾ ਸੁਹਣਾ ਫਬੀਲਾ ਤੇ ਛਬੀਲਾ ਹੈ। ਮੁਕਟ ਸਿਰ ਤੇ ਹੈ ਬਸਤ੍ਰ ਸ਼ਾਹੀ ਹਨ, ਪਰ ਸਮੁੰਦਰ ਦੇ ਕਿਨਾਰੇ ਇਕ ਪੱਥਰ ਤੇ ਬੈਠਾ ਹੈ, ਅਰ ਛਮਾਂ ਛਮ ਰੋ ਰਿਹਾ ਹੈ। ਲੰਮੇਂ ਲੰਮੇਂ ਹਾਹੁਕੇ ਲੈਂਦਾ ਹੈ, ਕਿਸੇ ਵੇਲੇ 'ਹਾਇ!' ਮੂੰਹੋਂ ਕੱਢਦਾ ਹੈ, ਕਦੇ ਅੱਖਾਂ ਮੀਟ ਕੇ ਚੁਪ ਹੋ ਜਾਂਦਾ ਹੈ, ਜਦ ਨੈਣ ਖੋਲ੍ਹਦਾ ਹੈ, ਤਾਂ ਫੇਰ ਜਲ ਧਾਰਾ ਵਹਿ ਤੁਰਦੀ ਹੈ। ਹੈ ਰਾਜਾ ਤੇ ਫੇਰ ਰੋਂਦਾ ਹੈ! ਸਿਰ ਤੇ ਤਾਜ ਹੈ ਤੇ ਅੱਖਾਂ ਵਿਚ ਨੀਰ ਹੈ! ਹੈ ਤਾਂ ਸੱਚ 'ਰਾਜੇ ਦੇ ਤਾਜ ਵਿਚ ਸਿਰ ਪੀੜ ਦੇ ਘੇਵੇ ਜੜੇ ਹੋਏ ਹੁੰਦੇ ਹਨ', ਪਰ ਇਹ ਰੋਣਾ ਰਾਜਾ ਦਾ ਰੋਣਾ ਨਹੀਂ ਜਾਪਦਾ, ਕਿਉਂਕਿ ਇਕੱਲਾ ਰੋ ਰਿਹਾ ਹੈ, ਕਦੇ ਅਕਾਸ਼ ਤੇ ਕਦੇ ਸਮੁੰਦਰ ਦੇ ਨਾ ਦਿੱਸਣ ਵਾਲੇ ਦੂਜੇ ਕਿਨਾਰੇ ਵੰਨੇ ਨੀਝ ਲਾਕੇ ਉਮਾਹ ਨਾਲ ਤੱਕਦਾ ਤੇ ਰੋਂਦਾ ਹੈ, ਪਰ ਆਪਣੀ ਬੋਲੀ ਵਿਚ ਡਾਢੀ ਕਲੇਜੇ ਚੀਰਵੀਂ ਅਵਾਜ਼ ਵਿਚ ਕੁਝ ਆਖਦਾ ਹੈ ਜੋ ਐਉਂ ਸਪਸ਼ਟ ਹੋ ਜਾਂਦਾ ਹੈ:-

> ਸ਼ਾਲਾ! ਕਦੀ ਤਾਂ ਆਵੋ ਵੋ! ਲੱਗੀ ਆਨ ਬੁਝਾਵੋ ਵੋ! ਅਣਡਿੱਠਿਆਂ ਦਿਲ ਲਗ ਗਈ ਕਾਤੀ, ਕਦੀ ਤਾਂ ਆਕੇ ਪਾਵੋ ਝਾਤੀ। ਲੱਗੀ ਆਨ ਬੁਝਾਵੋ ਵੋ! ਸ਼ਾਲਾ! ਕਦੀ ਤਾਂ ਆਵੋ ਵੋ! ਮਾਹੀ ਝਾਤ ਨ ਖੋਲ੍ਹੀ ਤਾਕੀ, ਘੁੰਡ ਨਾ ਚੁੱਕ ਦਿਖਾਈ ਝਾਕੀ। ਕਦੇ ਤਾਂ ਦਰਸ ਦਿਖਾਵੋ ਵੋ! ਲੱਗੀ ਆਨ ਬੁਝਾਵੋ ਵੋ! ਨੈਣ ਤਰਸਦੇ ਦਿਨ ਤੇ ਰਾਤੀਂ। ਕਸਕ ਮਿਲਣ ਦੀ ਸੱਲਦੀ ਛਾਤੀ। ਸ਼ਾਲਾ! ਕਦੇ ਤਾਂ ਆਵੋ ਵੋ! ਲੱਗੀ ਆਨ ਬੁਝਾਵੋ ਵੋ! ਬਾਣ ਕਲੇਜੇ ਕਿਸ ਨੇ ਵਾਹਿਆ। ਵਾਹਣਹਾਰ ਨਜ਼ਰ ਨਾ ਆਇਆ। ਸ਼ਾਲਾ! ਦਰਸ ਦਿਖਾਵੋ ਵੋ! ਲੱਗੀ ਆਨ ਬੁਝਾਵੋ ਵੋ!

ਹੇ ਭਗਵਾਨ! ਇਹ ਰਾਜਾ ਹੈ, ਦੇਖੋ ਇਸ ਨੂੰ ਬੀ ਪ੍ਰੇਮ ਬਾਣਾਂ ਨੇ ਸੱਲ ਲਿਆ ਹੈ। ਕਿਸੇ ਪ੍ਰੀਤਮ ਨੂੰ ਸਿੱਕਦਾ ਹੈ ਅਰ ਪ੍ਰੀਤਮ ਬੀ ਉਹ ਜਿਸ ਨੂੰ ਕਦੇ ਡਿੱਠਾ ਨਹੀਂ ਸੂ। ਬਿਨ ਡਿੱਠੇ ਹੀ ਲਗ ਗਈ ਸੂ? ਅਰ ਅਣਡਿੱਠੇ ਦੇ ਸਿਮਰਨ ਤੇ ਕੀਰਤਨ ਵਿਚ ਮਗਨ ਹੈ। ਸਿਕਦਾ ਹੈ ਤੇ ਉਮਾਹੁੰਦਾ ਹੈ।

ਲੋਕੀਂ ਕਿਹਾ ਕਰਦੇ ਹਨ, ਅਸਾਂ ਕਦੇ ਰੱਬ ਡਿੱਠਾ ਨਹੀਂ, ਬਿਨ ਦੇਖੇ ਪ੍ਰੇਮ ਕਿਵੇਂ ਲੱਗੇ? ਪਰ ਲਓ ਤਕੋ ਕਿ ਇਸ ਨੇ ਪ੍ਰੀਤਮ ਅਜੇ ਡਿੱਠਾ ਨਹੀਂ ਤੇ ਪ੍ਰੇਮ ਨਾਲ ਜਲਿਹਾਰ ਅੱਗੇ ਹੀ ਹੋ ਰਿਹਾ ਹੈ। ਹੈ ਨਾ ਐਸੀ ਦਸ਼ਾ ਬੀ ਕਿ ਬਿਨ ਦੇਖੇ ਬੀ ਪ੍ਰੇਮ ਲਗ ਪਵੇ? ਅਸਲ ਵਿਚ ਸਾਨੂੰ ਸੰਸਿਆਂ ਤੇ ਵਹਿਮਾਂ ਮਾਰ ਛੋਡਿਆ ਹੈ। ਬੁੱਧੀ ਦੀ ਚਿੜੀ ਹੁੱਜਤਾਂ ਕਰਨ ਲਈ ਸ਼ੇਰ ਬਣੀ ਰਹਿੰਦੀ ਹੈ: ਇਹ ਕਦੇ ਸੁਖ ਦੇ ਪਿੰਜਰੇ ਨਹੀਂ ਪੈਂਦੀ। ਇਕ ਗ਼ੈਬੀ ਅਵਾਜ਼ ਇਸ ਵੇਲੇ ਕੰਨੀ ਪਈ:-

"੧. ਸਭ ਨੇ ਦਰਸ਼ਨ ਕੀਤਾ ਹੋਇਆ ਹੈ, ਡੂੰਘੇ ਥਾਂ ਅੰਦਰ ਦਰਸ਼ਨ ਦੀ ਕਸਕ ਸਭ ਦੇ ਮੌਜੂਦ ਹੈ।

ਸੁਰਤ ਦ੍ਰਿਸ਼ਟਮਾਨ ਵਿਚ ਰੁੱਝਕੇ ਭੁੱਲ ਰਹੀ ਹੈ।

੨. ਚੰਦ ਤੇਰੀ ਹੀ 'ਭੁੱਲ-ਬਦਲੀ' ਦੇ ਉਹਲੇ ਹੈ, ਪਰ ਚੰਦ ਦੀ ਪ੍ਰੀਤ ਲਾਉਣ ਵਾਲੇ ਤੇਰੇ ਕੋਲ ਹਨ, ਤੇਰੀ ਹਉਂ ਮਿਲਣ ਨਹੀਂ ਦੇਂਦੀ।

੩. ਇਸ ਨੇ ਪ੍ਰੀਤਮ ਨਹੀਂ ਡਿੱਠਾ, ਪਰ ਕਿਸੇ ਪ੍ਰੀਤਮ ਡਿੱਠੇ ਨੇ ਇਸ ਨੂੰ ਅਣਡਿੱਠੇ ਦਾ ਪ੍ਰੇਮ ਲਾਇਆ ਹੈ!"

ਇੰਨੇ ਨੂੰ ਉਹ ਰਾਜਾ ਉੱਠਿਆ, ਸਮੁੰਦਰ ਦੇ ਖਾਰੇ ਪਾਣੀ ਨਾਲ ਅੱਖਾਂ ਨੂੰ ਧੋਤਾ, ਨੈਣਾਂ ਅੰਦਰੋਂ ਨਿਕਲਦੇ ਖਾਰੇ ਪਾਣੀ ਨੂੰ ਧੀਰਜ ਆਈ। ਹੁਣ ਇਹ ਡੇਰੇ ਨੂੰ ਤੁਰ ਪਿਆ, ਕੁਛ ਵਿੱਥ ਤੇ ਪਾਲਕੀ ਖੜੀ ਸੀ, ਨੌਕਰ ਚਾਕਰ ਹਾਜ਼ਰ ਸਨ, ਪਾਲਕੀ ਚੁੱਕਕੇ ਡੇਰੇ ਨੂੰ ਲੈ ਟੁਰੇ ਜਿਥੇ ਤੰਬੂ ਲਗ ਰਹੇ ਸਨ:

ਰਾਜਾ ਡੇਰੇ ਵਿਚ ਪਹੁੰਚਾ, ਰਾਤੀਂ ਪਰਿਵਾਰ ਸੌਂ ਗਿਆ, ਰਾਜਾ ਭੀ ਸੌਂ ਗਿਆ। ਜਿਸ ਵੇਲੇ ਸਾਰਾ ਪਰਿਵਾਰ ਨੀਂਦ ਵਿਚ ਗੜੂੰਦ ਹੋ ਗਿਆ, ਰਾਜਾ ਉੱਠ ਕੇ ਲਗਾ ਟਹਿਲਣ ਤੇ 'ਹੇ ਗੁਰ ਨਾਨਕ ਹੇ ਗੁਰ ਨਾਨਕ' ਕਰਕੇ ਸਿਮਰਨ ਕਰਨ। ਕਦੇ ਰੋ ਪਵੇ, ਕਦੇ ਚੁੱਪ ਹੋ ਜਾਵੇ, ਕਦੇ ਹੱਸ ਪਵੇ, ਕਦੇ ਅਕਾਸ਼ ਵਲ ਤੱਕੇ, ਕਦੇ ਉੱਤਰ ਦਿਸ਼ਾ ਵਲ ਤੱਕੇ, ਕਦੇ ਬਹਿ ਜਾਵੇ, ਕਦੇ ਟਹਿਲੇ, ਪਰ ਸਾਰੀ ਰਾਤ 'ਨਾਨਕ, ਨਾਨਕ' ਕੂਕਦਾ ਰਿਹਾ।

> ਚਿਤ ਚਾਤ੍ਰਿਕ ਕੋ ਪਜਾਸ ਪੁਕਾਰਤ ॥
> ਚਾਹਤ ਸ੍ਵਾਂਤਿ ਦਰਸ ਹਰਿ ਆਰਤਿ॥੬੪॥

ਲੋਚਨ ਭਏ ਚਕੋਰ ਬਿਚਾਰੇ ॥ ਚੰਦ ਬਦਨ ਕਬਿ ਆਨ ਦਿਖਾਰੇਂ। ਅਸ ਪ੍ਰਕਾਰ ਭੂਪਤ ਅਭਿ-ਲਾਖਾ॥ ਦਿਨਪ੍ਰਤਿ ਬਧਤ ਬਿਟਪ ਜਿਉਂ ਸ਼ਾਖਾ॥ ਰੈਨ ਬਿਖੈ ਨ੍ਰਿੰਦਾ ਜਿਨ ਤਜਾਗੀ॥ ਦਿਨ ਮੈਂ ਭੂਖ ਪਿਆਸਾ ਭਾਗੀ ॥੬੬॥ ਪ੍ਰੇਮ ਅਧਾਰ ਜੀਵਨਾ ਜਿਹਕੋ॥ ਲੋਚਨ ਚਲਤ ਰਹਤ ਜਲ ਤਿਹਕੋ॥

{ਗੁ:ਨਾ: ਪ੍ਰ: ਧਿ:੪੪}

ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਇਕ ਵਿਦਵਾਨ ਹਨ, ਸ਼ਾਸਤ੍ਰਗਜ; ਖਟ ਦਰਸ਼ਨੀ, ਸਗੋਂ ਸਰਵ ਦਰਸ਼ਨਾਂ ਦੇ ਗਜਾਤਾ; ਨਾਲੇ ਵੇਦ ਬੀ ਮੁਖੋਂ ਉਚਰਦੇ ਹਨ, ੧੮ ਪੁਰਾਣਾਂ ਦੇ ਪਾਣੀਹਾਰ ਹਨ, ਅੱਜ ਸਮੁੰਦਰ ਦੇ ਕਿਨਾਰੇ ਉਸੇ ਕੋਲ ਵਾਲੀ ਰਾਜਾ ਜੀ ਵਾਲੀ ਸ਼ਿਲਾ ਪੁਰ ਬੈਠੇ ਹਨ, ਪਰ ਸ਼ੋਕ ਸਮੁੰਦਰ ਵਿਚ ਤੇ ਸ਼ੋਕ ਸਾਗਰ ਵਿਚ ਰੁੜ੍ਹ ਰਹੇ ਹਨ। ਐਨੀ ਵਿੱਦਜਾ ਤੇ ਫੇਰ ਸ਼ੋਕ! ਪਰ ਜੇ ਰਤਾ ਕੁ ਖ਼ਿਆਲ ਦਿਓ ਤਾਂ ਸ਼ੋਕ ਨਾ ਹੋਵੇ ਤਾਂ ਹੋਰ ਕੀ ਹੋਵੇ? ਪੜ੍ਹਿਆ, ਹਾਂ ਜੀ 'ਲਿਖਿ ਲਿਖਿ ਪੜਿਆ ਤੇਤਾ ਕੜਿਆ' ਸੋਚਾਂ ਦੇ ਖੌਲਰ ਪਏ ਵਧਦੇ ਗਏ। ਜਿੰਨੀ ਸੋਚ ਬਹੁਤੀ, ਜਿੰਨੀ ਸੋਚ ਡੂੰਘੀ ਓਨੇ ਸੰਸੇ, ਜਿੰਨੇ ਸੰਸੇ ਓਨੇ ਸ਼ੋਕ।

ਇੰਨੇ ਨੂੰ ਇਕ ਹੋਰ ਆਦਮੀ ਆਇਆ ਤੇ ਬੋਲਿਆ: ਪੰਡਤ ਜੀ! ਕੀ ਹਾਲ ਹੈ?

ਪੰਡਤ ਜੀ-ਕੀ ਦੱਸੀਏ ਬਈ ਮਾਇਆ ਪਰਮੇਸੁਰ ਦੀ ਹੁਣ ਬੁੱਢੇ ਵਾਰੇ ਦੇਖੀ ਜੇ।

ਸਹਜੁ-ਕਿਵੇਂ?

ਪੰਡਤ-ਤੂੰ ਪੁੱਛਦਾ ਹੈਂ ਕਿਵੇਂ ? ਤੁਹਾਨੂੰ ਫਿਕਰ ਨਹੀਂ?

ਸਹਜੁ-ਸਾਨੂੰ ਫਿਕਰ! ਏਸੇ ਕਰਕੇ ਤਾਂ ਮਾਪਿਆਂ ਡੂੰਘਾ ਪੜਾਇਆ ਨਹੀਂ। ਕੰਮ ਸਾਡਾ ਮਸ਼ਖਰੀ ਮਖ਼ੌਲਾਂ ਦੀ ਖੱਟੀ ਖਾਣੀ, ਵਿਦੂਖਕ[1] ਸਾਡਾ ਨਾਉਂ, ਅਸੀਂ ਕੀ ਜਾਣੀਏਂ ਫਿਕਰ?

ਪੰਡਤ-ਤੇ ਜੇ ਟੁਕ ਹੀ ਬੰਦ ਹੋ ਗਿਆ ਤਾਂ?

ਸਹਜੁ-ਸਾਡਾ ਟੁਕ ਕੌਣ ਬੰਦ ਕਰੂ?

ਪੰਡਤ-ਰਾਜਾ।

ਸਹਜੁ-ਕਿਉਂ?

ਪੰਡਤ-ਤੂੰ ਮਸਖਰਾ ਤੇ ਉਹ ਹੁਣ ਦਿਨੇ ਰਾਤ ਰੋਂਦਾ ਹੈ। ਹੁਣ ਉਹਨੂੰ ਵੈਣ ਪਾਉਣ ਵਾਲੀਆਂ ਤੀਵੀਆਂ ਦੀ ਲੋੜ ਹੋਊ ਕਿ ਤੇਰੀ ? ਤੂੰ ਕਿਸੇ ਨਾ ਕਿਸੇ ਵੇਲੇ ਕੋਈ ਹਾਸਾ ਕਰਨਾ ਹੈ, ਓਨ ਚਿੜ ਕੇ ਕਹਿ ਦੇਣਾ ਹੈ, ਜਾਓ ਸਹਜੁ ਜੀ ਆਰਾਮ ਕਰੋ!

ਪੰਡਤ ਜੀ ਨੇ ਪਤੇ ਦੀ ਕਹੀ, ਖੂਬ ਗਿੱਟੇ ਵੱਜੀ, ਸਹਜੁ, ਸਦਾ ਹੱਸੋੜਾ ਸਹਜੁ, ਘਬਰਾਇਆ, ਉਸਦੇ ਮੱਥੇ ਤੇ ਕਾਲੀਆਂ ਤੀਉੜੀਆਂ ਪਈਆਂ। ਜਿਨ੍ਹੇਂ ਕਦੇ ਫਿਕਰ ਨਹੀਂ ਡਿੱਠਾ ਸੀ ਅੱਜ ਵਿਦਵਾਨ ਦੀ ਸੁਹਬਤ ਨਾਲ ਉਹ ਬੀ ਫਿਕਰਾਂ ਵਿਚ ਪੈ ਗਿਆ ਹੈ! ਇੰਨੇ ਨੂੰ ਦੀਵਾਨ ਆਇਆ।

ਦੀਵਾਨ-ਹੈਂ ! ਅੱਜ ਵਿਦੂਖਕ ਜੀ ਦਾ ਚਿਹਰਾ ਉਦਾਸ ਹੈ! ਅਣਹੋਈ ਗੱਲ ਹੈ!

ਸਹਜੁ-ਬਈ ਕੁਛ ਨਾ ਪੁਛ ! ਪੰਡਤ ਜੀ ਦੀ ਸ਼ਰਨ ਆਏ ਸਾਂ ਭਈ ਕੋਈ ਸੁਖ ਪਾਵਾਂਗੇ, ਪੰਡਤ ਜੀ ਸੰਸਿਆ ਵਿਚ ਰੁੜ੍ਹ ਰਹੇ ਸਨ, ਮੈਨੂੰ ਬੀ ਨਾਲੇ ਧੂਹ ਲਿਗਏ। ਸੋ ਦੋਵੇਂ ਬੈਠੇ ਪਏ ਟੁਕ ਦੇ ਫਿਕਰ ਵਿਚ ਗੋਤੇ ਖਾਂਦੇ ਹਾਂ। -ਤੁਸੀਂ ਕਿਹਾ ਕਰਦੇ ਹੋ "ਜਿਨਿ ਪੈਦਾ ਕੀਤਾ ਹੈ ਉਸ ਪਰ ਭਰੋਸਾ ਨਹੀਂ ਬੱਝਦਾ, ਕਰਮਾਂ ਤੇ ਸ਼ਾਕਰ ਨਹੀਂ ਰਿਹਾ ਜਾਂਦਾ" ਪਰ ਜੀਓ ਜੀ ਰਿਜ਼ਕ ਦਾਤੇ ਵਿਚ ਜੋ ਨਵਾਂ ਰੰਗ ਆਇਆ ਹੈ ਉਹ ਹੈਰਾਨ ਕਰ ਰਿਹਾ ਹੈ। ਰਾਜਾ ਕੀ ਤੇ ਰੋਣੀਆਂ ਕੀ, ਰੋਣੀਆਂ ਵਾਲੇ ਥਾਂ ਸਾਡੇ ਮਖੌਲੀਆਂ ਤੇ ਜੁਗਤ ਬਾਜ਼ਾਂ ਦੀ ਕੀ ਲੋੜ?

ਦੀਵਾਨ-ਸੱਚ ਹੈ ਵਿਦੂਖਕ ਜੀ!

ਪੰਡਤ-ਮੈਨੂੰ ਤਾਂ ਇਹ ਅਸਚਰਜ ਹੈ ਕਿ ਇਕ ਅਨਪੜ੍ਹ ਮੁਸਾਫਰ ਨਿਰੱਖਰ ਭੱਟਾਚਾਰਯ[1] ਕਹਿ ਕੀ ਗਿਆ। ਨਾ ਉਹ ਪੰਡਤ ਸੀ ਨਾ ਵਿਦਵਾਨ। ਮੈਂ ਬਥੇਰਾ ਕਿਹਾ ਕਿ ਉਸ ਦੀ ਮੇਰੇ ਨਾਲ ਚਰਚਾ ਕਰਾਓ, ਪਰ ਰਾਜੇ ਇਕ ਨਾ ਮੰਨੀ। ਉਹ ਬਸ ਕਾਤੀ ਲਾਉਂਦਾ ਹੀ ਪੈ ਗਿਆ ਰਾਹੀਂ। ਹੁਣ ਜੇ ਇਹੋ ਹਾਲ ਰਿਹਾ ਤਾਂ ਸਾਨੂੰ ਕੌਣ ਪੁੱਛੇਗਾ? ਇਸ ਬੁੱਢੇ ਵਾਰੇ ਅੰਨ ਪਾਣੀ ਲਈ ਕਿੱਥੇ ਫਿਰਾਂਗੇ?

ਦੀਵਾਨ-ਪੰਡਤ ਜੀ! ਬੇਸ਼ਕ ਬੜੇ ਫਿਕਰਾਂ

[1] ਰਾਜਿਆਂ ਕੋਲ ਚਤੁਰ ਮਸਖਰੇ ਹੁੰਦੇ ਸਨ।

[1] ਇਕ ਅਖਰ ਬੀ ਨਾ ਜਾਨਣ ਵਾਲਾ ਪੰਡਤ।

ਦੀ ਗੱਲ ਹੈ, ਪਰ ਜੇ ਅਸੀਂ ਆਪਣੇ ਸੁਆਮੀ ਦੇ ਪਿਆਰ ਕਰਨ ਵਾਲੇ ਦਾਸ ਰਹੀਏ, ਸਾਨੂੰ ਕੀ ਓਹ ਕਿਸੇ ਹਾਲ ਵਿਚ ਰਹਿਣ, ਸਾਡੀ ਅੰਗ ਪਾਲਣਾ ਤੇ ਰਾਜ ਭਗਤੀ ਕਾਇਮ ਰਹੇ।

ਪੰਡਤ-ਹਾਂ ਜੀ! ਇਹ ਤਾਂ ਠੀਕ ਹੈ। ਤੁਸੀਂ ਤਾਂ ਠਹਿਰੇ ਦੀਵਾਨ, ਤੁਹਾਡੀ ਹੋਈ ਲੋੜ ਤੇ ਮੈਂ ਤਾਂ ਖੱਟਿਆ ਹੀ ਪੋਥੀਆਂ ਦਾ ਖਾਣਾ ਹੋਇਆ। ਜਦ ਰਾਜਾ ਦਾ ਧਰਮ ਹੀ ਹੋਰ ਹੋ ਗਿਆ ਤਾਂ ਮੈਂ ਕਿਸ ਭਾ ਵਿਕੂੰ? ਤੇ ਅੰਤ ਉਹੋ ਜਿਹੇ ਬਨੀਏਂ ਬਕਾਲਾਂ ਨੇ ਦੀਵਾਨਗੀ ਨੂੰ ਬੀ ਹੱਥ ਮਾਰਨੇ ਹਨ, ਜੋ ਰਾਜਾ ਨੂੰ ਪੱਟ ਗਏ ਹਨ। ਸੋ ਤੁਸੀਂ ਬੀ ਕੋਈ ਫਿਕਰ ਕਰ ਲਓ, ਹੁਣ ਨਾ ਕਰੋਗੇ ਚਾਰ ਦਿਨ ਮਗਰੋਂ ਕਰਨਾ ਪਊ।

ਦੀਵਾਨ-ਕੀ ਕਰੀਏ?

ਪੰਡਤ-ਰਾਜਾ ਜੀ ਨੂੰ ਸਮਝਾਈਏ, ਸਦਾ-ਸ਼ਿਵ ਦੀ ਉਪਾਸਨਾ ਨਾ ਛੱਡੇ।

ਦੀਵਾਨ-ਚੰਗਾ, ਪਰ ਆਖੀਏ ਕੀ?

ਪੰਡਤ-ਕਿਸੇ ਦੇਵਤਾ ਦਾ ਨਾਮ ਰਾਜਾ ਲੈਂਦਾ ਹੈ?

ਦੀਵਾਨ-ਬਾਂਦੀਆਂ ਤੋਂ ਸੁਣਿਆ ਹੈ ਕਿ, 'ਨਾਨਕ ਨਾਨਕ' ਕਰਦਾ ਹੈ।

ਪੰਡਤ-ਬੱਸ ਸਾਰੇ ਰਲਕੇ 'ਨਾਨਕ ਨਿੰਦਿਆ' ਸ਼ੁਰੂ ਕਰੀਏ, ਹਰ ਪਾਸਿਓਂ ਉਸ ਦੇ ਕੰਨੀਂ ਨਿੰਦਿਆ ਪਾਈਏ, ਆਪੇ ਖਿਆਲ ਟੁੱਟ ਜਾਵੇਗਾ।

ਸਹਜੂ-ਓਏ ਫੋਕੇ ਖਿਆਲਾਂ ਦੀ ਖੱਟੀ ਖਾਣ ਵਾਲਿਆ! ਨਾ ਨਾਨਕ ਤੂੰ ਡਿੱਠਾ, ਨਾ ਮੈਂ, ਨਾ ਉਸ ਦੇ ਗੁਣ ਜਾਣੀਏ ਨਾਂ ਅਵਗੁਣ, ਨਾ ਕਦੇ ਪਾਸ ਰਹੇ ਨਾ ਪਰਖਿਆ, ਐਵੇਂ ਨਿੰਦਿਆ ਕਰੀਏ? ਨਿਰਾ ਝੂਠ ਪਏ ਤੋਲੀਏ।

ਪੰਡਤ-ਨੀਤੀ ਹੈ, ਕਿਉਂ ਦੀਵਾਨ ਜੀ?

ਦੀਵਾਨ-ਨੀਤੀ ਤੇ ਝੂਠ ਪ੍ਰਯਾਯ ਵਾਚੀ ਸ਼ਬਦ ਨਹੀਂ ਹਨ[1]।

ਸਹਜੂ-ਪੰਡਤ ਜੀ ਝੂਠ ਝੂਠ ਹੈ, ਨੀਤੀ ਦਾ ਨਾਂ ਲਿਆਂ ਬੀ ਝੂਠ ਝੂਠ ਹੀ ਰਹਿੰਦਾ ਹੈ!

ਪੰਡਤ-ਧਰਮ ਪ੍ਰਚਾਰ ਹਿਤ ਝੂਠ ਸੱਤਜ ਤੁੱਲ ਹੈ।

ਸਹਜੂ-ਹਾਂ, ਝੂਠ ਸਦਾ ਓਸੇ ਤਰ੍ਹਾਂ ਦੀ ਸ਼ੈ ਹੈ

[1] ਦੁਹਾਂ ਦਾ ਇਕ ਅਰਥ ਨਹੀਂ ਹੈ।

ਜਿਸ ਤਰ੍ਹਾਂ ਦੀ ਸ਼ੈ ਅਧਰਮ ਹੈ।

ਪੰਡਤ-ਕੀ ਆਖਿਆ ਹਈ?

ਸਹਜੂ-ਮੈਂ ਆਖਿਆ ਹੈ ਜੇ ਧਰਮ ਝੂਠ ਨਾਲ ਪ੍ਰਚਾਰੀਦਾ ਹੈ ਤਾਂ ਉਹ ਤਾਂ ਅਧਰਮ ਹੋਇਆ। ਧਰਮ ਤੇ ਸੱਚ ਦੈਵੀ ਸੰਪਦਾ ਦੀ ਵਸਤੂ ਹੈ ਤੇ ਅਧਰਮ ਤੇ ਝੂਠ ਆਸੁਰੀ ਸੰਪਦਾ ਦੀ ਵਸਤੂ ਹੈ[1]। ਹਨੇਰੇ ਨਾਲ ਚਾਨਣ ਦਾ ਪ੍ਰਚਾਰ ਕਿਵੇਂ?

ਪੰਡਤ-ਭੋਲੇ ਮੂਰਖ! ਤੂੰ ਸਮਝਦਾ ਨਹੀਂ ਹੈਂ। ਕਾਰਜ ਸਿਧੀ ਵਾਸਤੇ ਸ਼ਾਮ[2], ਦਾਸ[3], ਦੰਡ[4], ਭੇਦ[5] ਸਭ ਕੁਛ ਵਰਤੀਦਾ ਹੈ।

ਸਹਜੂ-ਰਾਜਸੀ ਕੰਮਾਂ ਵਿਚ ਸ਼ਾਮ ਦਾਸ ਦੰਡ ਭੇਦ ਵਰਤੀਦਾ ਹੈ ਕਿ ਸੱਚ ਦੇ ਪ੍ਰਚਾਰ ਵਿਚ ਬੀ? ਧਰਮ ਤਾਂ ਅਪਣੀ ਸਚਜਾਈ ਤੇ ਆਪਣੀ ਸ਼ਕਤੀ ਆਸਰੇ ਪ੍ਰਚੁਰਦਾ ਹੈ, ਨਾ ਕਿ ਚਲਾਕੀਆਂ, ਮਾਰਾਂ (ਜ਼ੋਰ) ਤੇ ਝੂਠਾਂ ਨਾਲ? ਹਿੰਦ ਨਾਲ ਪਠਾਣ ਪਾਤਸ਼ਾਹ ਕਿੰਨਾਂ ਜ਼ੋਰ ਲਾ ਥੱਕੇ, ਜ਼ੋਰ, ਦਾਬਾ ਡਰਾਵਾ, ਗਾਲ੍ਹੀ, ਤਲਵਾਰ ਦੇ ਭੈ ਨਾਲ ਕਿਨਾਂ ਸ਼ੁੰਮ ਕਰ ਚੁਕੇ ਹਨ। ਫਲ ਕੀ ਹੋਇਆ ਹੈ ਕਿ ਅਜੇ ਤਕ ਜੋ ਲੋਕ ਉਨ੍ਹਾਂ ਦੇ ਮਤ ਵਿਚ ਗਏ ਹਨ, ਉਨ੍ਹਾਂ ਦੇ ਆਚਰਣ ਓਸੇ ਤਰ੍ਹਾਂ ਦੇ ਹਨ ਜਿਹੋ ਜਿਹੇ ਕਿ ਪਹਿਲੇ ਸਨ। ਕਿਸੇ ਵਿਚ ਕੋਈ ਖਾਸ ਗੱਲ ਨਹੀਂ ਆਈ। ਸਾਰੇ ਉਹੋ ਜਿਹੇ ਦੇ ਉਹੋ ਜਿਹੇ ਹਨ। ਹਾਂ, ਜੇ ਕਿਤੇ ਕਿਸੇ ਸੂਫੀ ਨੇ ਪਿਆਰ ਨਾਲ ਕਿਸੇ ਨੂੰ ਪ੍ਰੇਰਿਆ ਤਾਂ ਉਸ ਵਿਚ ਕੋਈ ਗੁਣ ਆਇਆ ਹੋਵੇ ਤਾਂ ਕਿਹਾ ਨਹੀਂ ਜਾਂਦਾ।

ਪੰਡਤ-ਫੇਰ ਇਹ ਤਾਂ ਠੀਕ ਹੈ, ਪਰ ਅਸੀਂ ਇਹ ਤਾਂ ਨਹੀਂ ਚਾਹੁੰਦੇ ਕਿ ਰਾਜਾ ਸਤਜਵਾਦੀ, ਧਰਮੀ, ਸੱਚੀ ਮੁੱਚੀ ਕੁਛ ਬਣ ਜਾਵੇ। ਬਾਬਾ! ਸਾਡੇ ਮਤ ਵਿਚ ਟਿਕਿਆ ਰਹੇ, ਧਰਮੀ ਹੋਵੇ ਚਾਹੇ ਨਾ ਹੋਵੇ। ਇਕ ਰਾਜਾ ਪੰਡਤ ਹੈ, ਐਨੀ ਮਿਹਨਤ ਕਰਕੇ ਮੈਂ ਵਿਦਜਾ ਪੜ੍ਹਾਈ ਹੈ, ਦੂਜੇ ਧਰਮ ਧੁਰੰਧਰ ਹੈ, ਤੀਜੇ ਮਤ ਵਿਚ ਨਾ ਰਿਹਾ ਤਾਂ ਵੈਰੀਆਂ ਨੂੰ ਲਾਭ ਹੋਸੀ, ਇਸ ਕਰਕੇ ਅੰਦਰੋਂ ਚਾਹੇ ਉਹ

[1] ਦੈਵੀ ਗੁਣ-ਭਲੇ ਗੁਣ, ਰੱਬੀ ਗੁਣ: ਸੱਚ, ਦਇਆ, ਨੇਕੀ ਆਦਿ। ਆਸੁਰੀ ਗੁਣ-ਅਵਗੁਣ, ਬਦੀਆਂ, ਮਾੜੇ ਕੰਮ; ਝੂਠ, ਨਿੰਦਿਆ ਆਦਿ।

[2] ਸਾਲਸੀ ਨਾਲ ਵੱਸ ਕਰਨਾ। [3] ਛਲ ਨਾਲ ਵੱਸ ਕਰਨਾ। [4] ਜ਼ੋਰ ਨਾਲ ਵੱਸ ਕਰਨਾ।

[5] ਵੈਰੀ ਦੇ ਘਰ ਫੁਟ ਪਾਕੇ ਵੱਸ ਕਰਨਾ।

ਧਰਮੀ ਹੋਵੇ ਚਾਹੇ ਅਧਰਮੀ, ਪਰ ਸਾਡੇ ਵਿਚ ਟਿਕਿਆ ਰਹੇ। ਸਾਡਾ ਨੱਕ ਬਚੇ, ਸਾਡੀ ਰੋਜ਼ੀ ਬਚੇ, ਸਾਡੇ ਵੈਰੀ ਦਬੇ ਰਹਿਣ।

ਵਿਦੂਖਕ-ਵਾਹ ਮਹਾਰਾਜ ਜੀ, ਧੰਨਜ ਹੋ! ਤੁਸੀਂ ਤਾਂ ਮੰਤ੍ਰੀ ਚਾਹੀਦੇ ਸੇ। ਦੀਵਾਨ ਜੀ! ਮੀਰ ਮੁਨਸ਼ੀ ਦਾ ਬਸਤਾ ਇਨ੍ਹਾਂ ਨੂੰ ਲੈ ਦਿਓ। ਏਹ ਧਰਮ ਪ੍ਰਚਾਰ ਦੇ ਲਾਇਕ ਨਹੀਂ ਹਨ। ......ਪੰਡਤ ਜੀ ਤੁਸਾਂ ਨੂੰ ਸ਼ਾਇਦ ਪਤਾ ਨਹੀਂ, ਮੈਂ ਬ੍ਰਾਹਮਣੀ ਮਤ ਦਾ ਨਹੀਂ ਹਾਂ। ਮੇਰਾ ਧਰਮ ਬੌਧ ਹੈ। ਤੁਸਾਂ ਵਰਗਾ ਮੇਰਾ ਧਰਮ ਨਹੀਂ, ਅਸੀਂ ਮਾੜੇ ਸਹੀ, ਪਰ ਨੇਕੀ ਦੇ ਬੰਦੇ ਹਾਂ। ਝੂਠ ਨੂੰ ਝੂਠ, ਪਾਪ ਨੂੰ ਪਾਪ ਜਾਣਦੇ ਹਾਂ। ਜੇ ਤਾਂ ਤੁਹਾਡੇ ਮਤ ਵਿਚ ਕੋਈ ਤਾਕਤ ਹੈ, ਕੋਈ ਜੀਉਂਦੀ ਸ਼ਕਤੀ ਹੈ, ਤਾਂ ਉਸ ਦੇ ਬਲ ਨਾਲ ਰਾਜਾ ਨੂੰ ਸ੍ਵੈ-ਧਰਮ ਪ੍ਰੇਮੀ ਬਣਾਓ, ਨਹੀਂ ਤਾਂ ਓਸ ਆਦਮੀ ਅੱਗੇ ਝੁਕ ਜਾਓ, ਜੋ ਤੁਸਾਡੇ ਰਾਜਾ ਦੀ ਵਿਦਜਾ ਅਰ ਚਤੁਰਾਈ ਦੇ ਹੁੰਦਿਆਂ ਸੁੰਦਿਆਂ ਉਸ ਨੂੰ ਆਪਣਾ ਕਰ ਗਿਆ ਹੈ!

ਪੰਡਤ-ਉਹ ਆਦਮੀ ਦੁਸ਼ਟ ਸਾ, ਪਾਪੀ ਸਾ, ਕੋਈ ਨਜ਼ਰਬੰਦੀਆ ਸਾ, ਭੋਲੇ ਰਾਜਾ ਨੂੰ ਖ਼ਰਾਬ ਕਰ ਗਿਆ।

ਵਿਦੂਖਕ-ਪੰਡਤ ਜੀ! ਤੁਸਾਡਾ ਧਰਮ ਪੋਲਾ ਹੈ। ਧਰਮ ਤੋਂ ਮੇਰਾ ਮਤਲਬ ਉਹ ਬਰੀਕ ਖਿਆਲ ਨਹੀਂ ਜਿਸ ਦੇ ਤੁਸੀਂ ਸਮਝਣਹਾਰ ਹੋ, ਪਰ ਉਹ ਸ਼ਕਤੀ, ਉਹ ਪ੍ਰਭਾਵ ਜੋ ਤੁਸਾਡੇ ਆਤਮਾ ਵਿਚ ਹੈ। ਦੇਖੋ ਇਕ ਆਦਮੀ ਤੁਹਾਡੇ ਰਾਜਾ ਦਾ ਧਰਮ ਬਦਲਾ ਗਿਆ ਹੈ, ਤੁਸੀਂ ਉਸ ਦੀ ਸ਼ਕਤੀ ਨੂੰ ਤੋੜ ਨਹੀਂ ਸਕਦੇ। ਸਿੱਧਾਂਤ ਇਹ ਕਿ ਤੁਸਾਡਾ ਅੰਤ੍ਰੀਵ ਆਤਮ ਬਲ ਕਮਜ਼ੋਰ ਹੈ, ਕਮਜ਼ੋਰੀ ਦੀ ਪ੍ਰਤੱਖ ਨਿਸ਼ਾਨੀ ਗੁੱਸਾ ਹੈ, ਤੁਸੀਂ ਅਣਜਾਣੇ ਅਕਾਰਣ ਓਸ ਆਦਮੀ ਨੂੰ ਗਾਲ੍ਹੀਆਂ ਦੇਂਦੇ ਹੋ, ਮੈਨੂੰ ਆਸ ਨਹੀਂ ਪੈਂਦੀ ਕਿ ਨੀਤੀ ਨਾਲ, ਯਾ ਧਰਮ ਸ਼ਕਤੀ ਨਾਲ ਤੁਸੀਂ ਰਾਜਾ ਦੀਆਂ ਮੁਹਾੜਾਂ ਮੋੜ ਸਕੋ।

ਪੰਡਤ-ਮੇਰੀ ਧਰਮ ਸ਼ਕਤੀ ਦਾ ਤੈਨੂੰ ਪਤਾ ਨਹੀਂ, ਕੱਲ ਹੀ ਆਦਮੀ ਪੁਰੀ, ਕਾਸ਼ੀ ਤੇ ਨਦੀਏ ਨੂੰ ਟੋਰਾਂਗਾ, ਅਰ ਉਸ ਜਗ੍ਹਾਂ ਤੋਂ ਪੰਡਤਾਂ ਦਾ ਹੁਕਮ ਆਏਗਾ ਕਿ ਰਾਜਾ ਜੀ ਨੂੰ ਛੇਕ ਦਿੱਤਾ ਜਾਵੇ ਨਹੀਂ ਤਾਂ ਠੀਕ ਹੋ ਜਾਣ।

ਵਿਦੂਖਕ-ਐਨੀ ਸਮਰੱਥਾ ਮੁਸਲਮਾਨਾਂ ਵਿਚ ਤਾਂ ਹੈ, ਤੁਸਾਂ ਵਿਚ ਨਹੀਂ। ਪਰ ਖ਼ੈਰ ਜੇ ਹੋਵੇ ਭੀ ਤਾਂ 'ਡਰ' ਨਾਲ ਧਰਮ ਪ੍ਰਚਾਰ ਕਰਦੇ ਹੋ? ਧਰਮ ਦਾ ਫਲ ਹੈ 'ਨਿਰਭੈ ਪਦ' ਤੇ ਤੁਸੀਂ ਭੈ ਪਾ ਕੇ ਧਰਮੀ ਬਣਾਉਂਦੇ ਹੋ, ਡਰਾਵਾ ਤਾਂ ਆਸੁਰੀ ਸੰਪਦਾ ਦੀ ਵਸਤੂ ਹੈ, ਹਨੇਰਾ ਹੈ। ਪੰਡਤ ਜੀ! ਧਰਮ ਹੀਣ ਨੂੰ ਛੇਕ ਦੇਣਾ ਬੁਰਾ ਨਹੀਂ ਪਰ ਤੁਸੀਂ ਪਤਰਿਆਂ ਦੇ ਖੰਭਾਂ ਦੇ ਪੰਖੇਰੂ ਕੀ ਜਾਣੋ ਕਿ ਰਾਜਾ ਜੀ ਨੂੰ ਪ੍ਰੇਮ ਲੱਗਾ ਹੈ, ਜੋ ਲਾ ਗਿਆ ਹੈ ਸੋ ਕੋਈ ਸ਼ਕਤੀ ਵਾਲਾ ਪੁਰਖ ਸੀ, ਉਹ ਪਰਦੇਸੀ ਕੋਈ ਆਤਮ ਬਲ ਵਾਲਾ ਸੀ, ਜੋ ਆਪ ਦੇ ਸ਼ਾਸਤ੍ਰੱਗ ਰਾਜਾ ਜੀ ਅੰਦਰ ਪ੍ਰੇਮ ਪਾ ਗਿਆ ਹੈ, ਹੁਣ ਰਾਜਾ 'ਨਾਨਕ ਪ੍ਰੇਮ' ਵਿਚ ਮਗਨ ਹੈ। ਤੁਸੀਂ ਜੋ ਕੁਛ ਸੋਚ ਰਹੇ ਹੋ, ਇਹ ਕੁਛ ਪ੍ਰੇਮੀਆਂ ਨੂੰ ਕਲੇਸ਼ ਦੇਣ ਲਈ ਸਦਾ ਤੋਂ ਲੋਕੀ ਸੋਚਦੇ ਤੇ ਕਰਦੇ ਆਏ ਹਨ, ਪਰ ਪ੍ਰੇਮੀ ਕਦੇ ਨਹੀਂ ਢੱਠੇ। ਲੋਕਾਂ ਨੇ ਪ੍ਰੇਮੀ ਜੀਉਂਦੇ ਸਾੜੇ, ਜ਼ਹਿਰਾਂ ਦੇ ਪਿਆਲੇ ਪਿਆਏ, ਸੂਲੀਆਂ ਚਾੜ੍ਹੇ, ਅਨੇਕ ਕਸ਼ਟ ਤੇ ਭੈ ਦਿੱਤੇ, ਪਰ ਪ੍ਰੇਮ ਦੀ ਚਿਣਗ ਕਦੇ ਬੁਝੀ ਨਹੀਂ ਤੇ ਏਥੇ ਤਾਂ ਸੱਚਾ ਪ੍ਰੇਮ ਹੈ, ਆਤਮ ਪ੍ਰੇਮ ਹੈ, ਅਧਜਾਤਮਕ ਪ੍ਰੇਮ ਹੈ ਅਰ ਹੈ ਬੀ ਕਿਸੇ 'ਪੂਰਨ ਪੁਰਖ' ਦਾ। ਪੂਰਨ ਪੁਰਖ ਮੈਂ ਇਸ ਕਰਕੇ ਆਖਦਾ ਹਾਂ ਕਿ ਜਿਸ ਦੇ ਚੇਲੇ ਵਿਚ ਇਤਨੀ ਤਾਕਤ ਹੈ ਕਿ ਮੁਜਰਮ ਹੋ ਕੇ ਕਚਹਿਰੀ ਵਿਚ ਆਏ ਅਰ ਰਾਜਾ ਨੂੰ ਸ੍ਵੈਧਰਮ ਵਿਚ ਪ੍ਰੇਰ ਲਵੇ, ਉਹ ਜ਼ਰੂਰ ਆਤਮ ਆਰੂਢ ਪੁਰਖ ਹੈ ਅਰ ਜਿਸ ਦਾ ਉਹ ਚੇਲਾ ਹੈ ਉਹ ਕੋਈ 'ਪੂਰਨ ਪੁਰਖ' ਹੈ। ਪੰਡਤਾ! ਮੈਨੂੰ ਤਾਂ ਸ਼ੱਕ ਪੈਂਦਾ ਹੈ ਕਿ ਭਵਿੱਖਤ ਪੁਰਾਣ ਵਿਚ ਜੋ ਕਲਜੁਗ ਵਿਚ ਅਵਤਾਰ ਹੋਣਾ ਲਿਖਿਆ ਹੈ, ਜਿਸ ਨੇ ਮਲੇਛਾਂ ਤੋਂ ਰੱਖਜਾ ਕਰਨੀ ਹੈ[1]: ਕਿਤੇ ਇਹ ਓਹੋ ਨਾਨਕ ਤਾਂ ਨਹੀਂ?

---

[1] ਏਵੰਵੈਂ ਧਰਮ ਪ੍ਰਾਚੁਰਜੰ ਭਵਿਖਤੀ ਯਦਾ ਕਲੌ ॥੩੩॥ ਤਦਾਵੈਂ ਲੋਕ ਰਖ੍ਯਾਰਥੰ ਮਲੇਛਾਂਨਾ ਨਾਸ਼ ਹੇਤਵੇ। ਪਸਚਮੇਤ੍ਰ ਸ਼ੁਭੇ ਦੇਸ਼ੇ ਵੇਦਿ ਵੰਸ਼ੇਚ ਨਾਨਕ: ॥੩੪॥ ਨਾਮਨਾਚੁ ਭੁਵਿ ਰਾਜ ਰਿਖਿ: ਬ੍ਰਹਮ ਗਜਾਨੈਕ ਮਾਨਸ:। ਭਵਿਖ੍ਯਤਿ ਕਲੌ ਸਕੰਦ ਤਤ੍ਰ ਵਿਦ ਕਲਜਾ ਹਰੇ॥੩੫॥

{ਬਾਕੀ ਟੂਕ ਦੇਖੋ ਅਗਲੇ ਪੰਨੇ ਹੇਠ}☛

ਪੰਡਤ-ਵਿਦੂਖਕ! ਮੇਰੇ ਜਾਣੇ ਤੂੰ ਬੀ ਰਾਜਾ ਦੇ ਨਾਲ ਚੌੜ ਹੋ ਚੱਲਿਆ ਹੈਂ!

ਵਿਦੂਖਕ-ਨਹੀਂ ਪੰਡਤ ਜੀ, ਮੈਂ ਤਾਂ ਸ਼ੁੱਧ ਬੌਧ ਮੱਤ ਦਾ ਹਾਂ। ਸਾਡੇ ਵਿਚ ਸਦਾਚਾਰ ਹੀ ਧਰਮ ਹੈ, ਇਸ ਕਰਕੇ ਮੈਂ ਸੱਚ ਦਾ ਲੜ ਛੋਡ ਨਹੀਂ ਸਕਦਾ ਅਰ ਧਰਮ ਪ੍ਰਚਾਰ ਵਿਚ ਕਿਸੇ ਆਸੁਰੀ ਸੰਪਦਾ ਦੇ ਵਰਤਾਉ ਨੂੰ ਦਰੁਸਤ ਨਹੀਂ ਸਮਝ ਸਕਦਾ। ਰਾਜਾ ਚਾਹੇ ਮੁਸਲਮਾਨ ਹੋ ਜਾਵੇ ਪਰ ਮੈਂ ਡਰਾਵੇ ਨਾਲ, ਛਲ ਨਾਲ, ਨਿੰਦਾ ਨਾਲ, ਚਾਲਬਾਜ਼ੀ ਨਾਲ, ਉਸ ਨੂੰ ਕਦੇ ਹਿੰਦੂ ਰੱਖਣ ਦੇ ਜਤਨ ਨਹੀਂ ਕਰਾਂਗਾ।

ਪੰਡਤ-ਹੇ ਸਤਿਵਾਦੀ! ਕਿਆ ਹਰੀਸ਼ ਚੰਦਰ ਦਾ ਤੂੰ ਅਵਤਾਰ ਹੈਂ?... ਅੱਛਾ ਫੇਰ ਕੋਈ ਯੁਕਤੀ ਤੂੰਹੋਂ ਹੀ ਬਤਾ?

ਵਿਦੂਖਕ-ਤੁਸੀਂ ਉਸਨੂੰ ਯੁਕਤੀ ਪੂਰਬਕ ਸਮਝਾਓ, ਉਸ ਦੇ ਸੰਸੇ ਦੂਰ ਕਰੋ, ਪਰ ਮੈਨੂੰ ਡਰ ਹੈ ਕਿ ਇਉਂ ਬੀ ਤੁਸੀਂ ਕਾਮਯਾਬ ਨਹੀਂ ਹੋਣਾ। ਜੋ ਪੁਰਖ ਅਪਣੇ ਧਰਮ ਨੂੰ ਸ਼ਾਸਤ੍ਰਾਰਥ ਵਿਚ ਹਾਰਕੇ ਯਾ ਬੁੱਧੀ ਦੀ ਖੋਜ ਕਰਕੇ ਦਲੀਲ ਦੇ ਸਿਰ ਬਦਲੇ, ਉਹ ਪ੍ਰਬਲ ਯੁਕਤੀ ਨਾਲ ਮੁੜਕੇ ਅਪਣੇ ਧਰਮ ਵਿਚ ਆ ਸਕਦਾ ਹੈ, ਪਰ ਜਿਸ ਨੂੰ ਸਰਬ ਯੁਕਤੀਆਂ ਤੋਂ ਉਪਰ ਕੋਈ ਆਤਮ ਬਲ ਮਿਲ ਪਵੇ, ਜਿਸ ਦੇ ਅੰਦਰ ਕੋਈ ਰਸ, ਕੋਈ ਸੱਚ ਪ੍ਰਤੱਖ ਹੋ ਜਾਵੇ, ਜੋ ਹਸਤਾਮਲ ਵਤ ਕਿਸੇ ਸੁਆਦ ਸ਼ਕਤੀ ਨੂੰ ਅਨੁਭਵ ਕਰੇ, ਉਸ ਅਨੁਭਵੀ ਰੌ ਵਿਚ ਗਏ ਜਗਜਾਸੂ ਨੂੰ ਤੁਸੀਂ ਦਲੀਲ ਨਾਲ ਵੀ ਮੋੜ ਨਹੀਂ ਸਕੋਗੇ। ਉਸ ਦੇ ਅੰਦਰ ਕੁਛ ਹੈ, ਉਹ ਕੁਛ ਅਨੁਭਵ ਕਰ ਰਿਹਾ ਹੈ, ਉਹ ਅੰਦਰੋਂ ਨਿੱਗਰ ਹੈ, ਤੁਸੀਂ ਗੱਲਾਂ ਕਰਦੇ ਪੋਲੇ ਪੋਲੇ, ਫੋਕੇ ਫੋਕੇ ਪਏ ਲਗਦੇ ਹੋ! ਓਥੇ ਨਿਰੀਆਂ ਦਲੀਲਾਂ ਦਾ, ਜਿਨ੍ਹਾਂ ਦੇ ਹੇਠਾਂ ਜੀਵਨ ਨਹੀਂ ਹੈ, ਆਤਮ-ਸੱਤਾ ਨਹੀਂ ਹੈ; ਕੀ ਅਸਰ ਪਵੇਗਾ? ਪੰਡਤ ਜੀ! ਅਸੀਂ ਲੋਕ ਕੇਵਲ ਬੁੱਧੀ ਦੇ ਪ੍ਰਤੱਖ ਦੇ ਮਗਰ ਟੁਰਨੇ ਵਾਲੇ ਹਾਂ, ਆਤਮਾ ਨੂੰ ਵੀ ਕੁਛ ਹੋਰ ਕਰਕੇ ਸਮਝਦੇ ਹਾਂ, ਜਿਸ ਤੋਂ ਸਿੱਧ ਹੋਇਆ ਕਿ ਅਸੀਂ ਨਿਰੀ ਸਮਝ ਦੇ ਚਾਨਣੇ ਵਿਚ ਟੁਰਨੇ ਵਾਲੇ ਹਾਂ, ਪਰ ਦੇਖੋ ਮੇਰਾ ਪ੍ਰਤੱਖ ਵਾਦੀ, ਨੀਮ ਨਾਸਤਕ ਦਾ ਕੀ ਹਾਲ ਹੋਇਆ ਹੈ। ਓਸ ਅਨਪੜ੍ਹ ਨਾਲ ਦੋ ਕੁ ਦਿਹਾੜੇ ਮੈਂ ਬੀ ਗੱਲਾਂ ਕੀਤੀਆਂ ਹਨ, ਮੈਂ ਤੈਨੂੰ ਸੱਚ ਆਖਦਾ ਹਾਂ ਮੈਨੂੰ ਆਪਣੇ ਧਰਮ ਤੇ ਸ਼ੱਕ ਪੈਣ ਲੱਗ ਗਿਆ ਤੇ ਮੇਰੀ ਸਮਝ ਵਿਚ ਆਵੇ ਕਿ ਬੁਧ ਜੀ ਜੇ ਦੋ ਕਦਮ ਹੋਰ ਅਗੇਰੇ ਧਰਦੇ ਤਾਂ ਐਹ ਆਦਮੀ ਬਣ ਜਾਂਦੇ। ਮੈਂ ਸੱਚ ਆਖਦਾ ਹਾਂ ਕਿ ਮੈਂ ਉਸ ਆਦਮੀ ਦੇ ਅੰਦਰ ਕੋਈ ਬਲ ਪ੍ਰਤੀਤ ਕੀਤਾ ਹੈ। ਉਸ ਦੇ ਅੰਦਰ ਕੋਈ ਉੱਜਲ ਸ਼ਕਤੀ ਹੈ, ਉਸ ਦੇ ਅੰਦਰ ਕੁਛ ਉਹ ਜੀਵਨ ਹੈ, ਜਿਸ ਨੂੰ ਸਾਡੇ ਵਡੇ 'ਨਿਰਵਾਨ ਜੀਵਨ' ਆਖ ਗਏ ਹਨ। ਗੱਲ ਕਰਦਾ ਹੈ ਕਿ ਵਿੰਨ੍ਹਦਾ ਹੈ, ਤੱਕਦਾ ਹੈ ਕਿ ਧ੍ਰੂ ਹੀ ਲੈਂਦਾ ਹੈ, ਪਾਸ ਬੈਠਦਾ ਹੈ ਕਿ ਇਕ ਰਸ ਦੀ ਝਰਨਾਟ ਛੇੜ ਦੇਂਦਾ ਹੈ! ਜੇ ਕਿਤੇ ਦਸ ਦਿਨ ਹੋਰ ਰਹਿ ਜਾਂਦਾ ਇਹ 'ਨਾਨਕ ਪ੍ਰੇਮ' ਦੀ ਲੋਚਾ ਮੈਨੂੰ ਵੀ ਲਾ ਜਾਂਦਾ। ਐਨਾ ਤਾਂ ਜ਼ਰੂਰ ਹੋ ਗਿਆ ਹੈ ਕਿ ਮੈਨੂੰ ਰਾਜਾ ਪਰ ਕ੍ਰੋਧ ਨਹੀਂ ਆਉਂਦਾ, ਮੈਂ ਸਮਝਦਾ ਹਾਂ ਕਿ ਰਾਜਾ ਸੱਚਾ ਹੈ, ਅਰ ਕਿਸੇ ਜੀਉਂਦੀ ਤਾਕਤ ਵਲ ਖਿੱਚ ਖਾ ਰਿਹਾ ਹੈ। ਅੱਜ ਰਾਤੀਂ ਮੈਨੂੰ ਭਰਮ ਹੁੰਦਾ ਸੀ ਕਿ ਸੰਸਾਰ ਵਿਚ ਗਿਲਾਨੀ ਹੋ ਗਈ ਹੈ, ਸਾਡੇ ਮਤ ਵਿਚ ਵੀ ਹੈ ਤੇ ਤੁਹਾਡੇ ਵਿਚ ਬੀ। ਸ੍ਰੀ ਕ੍ਰਿਸ਼ਨ ਦੇਵ ਜੀ ਨੇ ਕਿਹਾ ਹੈ ਕਿ ਜਦ ਗਿਲਾਨੀ ਹੁੰਦੀ ਹੈ ਤਾਂ ਮੈਂ ਸੰਸਾਰ ਵਿਚ ਆਉਂਦਾ ਹਾਂ। ਮੇਰੇ ਜਾਣੇ ਕਿਤੇ ਬੁੱਧ ਜੀ ਜਾਂ ਕ੍ਰਿਸ਼ਨ ਜੀ ਦਾ ਦੂਜਾ ਅਵਤਾਰ ਤਾਂ ਨਹੀਂ ਆ ਗਿਆ? ਫੇਰ ਮੈਨੂੰ ਭਵਿੱਖਤ ਪੁਰਾਣ ਯਾਦ ਆਇਆ ਤਾਂ ਮੈਂ ਇਹ ਟੋਹ ਲਾਈ ਕਿ ਹੋਵੇ ਨਾਂ ਤਾਂ ਇਹ ਤੁਹਾਡੇ ਮਤ ਅਨੁਸਾਰ ਅਵਤਾਰ ਤੇ ਸਾਡੇ ਮਤ ਅਨੁਸਾਰ ਫੇਰ

☞ ਭਾਵ-'ਇਸ ਤਰ੍ਹਾਂ ਜਦ ਅਧਰਮ ਬਹੁਤ ਫੈਲ ਜਾਸੀ ਤਦੋਂ ਧਰਮੀ ਲੋਕਾਂ ਦੀ ਰੱਖਿਆ ਵਾਸਤੇ ਅਰ ਪਾਪ ਦੀ ਇੱਛਾ ਵਾਲੇ ਅਧਰਮੀਆਂ ਦੇ ਨਾਸ਼ ਕਰਨ ਵਾਸਤੇ ਪਵਿੱਤ੍ਰ ਪੱਛੋਂ ਦੇ ਦੇਸ਼ ਵਿਚ ਵੇਦੀਆਂ ਦੀ ਵੰਸ਼ ਵਿਚ (ਗੁਰੂ) ਨਾਨਕ ਨਾਮ ਵਾਲੇ ਹਰੀ ਦੀਆਂ ਕਲਾਂ ਸਹਿਤ ਦਾ ਅਵਤਾਰ ਹੋਵੇਗਾ ਅਰ ਰਾਜ ਰਿਸ਼ੀ (ਸਤਿ)ਨਾਮੁ ਦੇ ਉਪਦੇਸ਼ਟਾ ਬ੍ਰਹਮ ਦੇ ਗਯਾਨ ਸਹਿਤ ਮਨ ਵਾਲੇ ਅਰਥਾਤ ਬ੍ਰਹਮ ਨਿਸ਼ਟ, ਵਾਹਿਗੁਰੂ ਵਿਚ ਸਦਾ ਅਭੇਦ ਰਹਿਣ ਵਾਲੇ ਦਾ। ਇਹ ਸ਼ਲੋਕ 'ਭਵਿਸ਼ਯਤ ਪੁਰਾਣ ਪੂਰਵਾਰਧ, ਤ੍ਰਾਸਟਕਲਪ, ਅਧਯਾਯ ੧੨੯' ਦੇ ਹਨ। ਇਸ ਤੋਂ ਪਹਿਲਾਂ ਕਲਯੁਗ ਦੇ ਅਧਰਮ ਪ੍ਰਚਾਰ ਦਾ ਕਥਨ ਹੈ; ਇਹ ਪ੍ਰਸੰਗ ਸ਼ਿਵਜੀ ਦੇ ਪੁਤਰ ਸਿਕੰਦ ਨੂੰ ਬ੍ਰਹਮਾ ਜੀ ਨੇ ਕਿਹਾ ਹੈ। ਓਥੇ ਇਸ ਤੋਂ ਅਗੇ ਰਾਜ ਖਾਲਸੇ ਦਾ ਪ੍ਰਸੰਗ ਹੈ।

ਬੁੱਧ ਜੀ ਆਏ ਹਨ।

ਪੰਡਤ (ਹਾਹੁਕਾ ਲੈਕੇ)-ਇਕ ਨੂੰ ਕੀ ਰੋਨੀਏਂ ਊਤ ਗਿਆ ਈ ਆਵਾ। ਤੂੰ ਬੁਧੀਮਾਨ ਪੁਰਖ, ਤੂੰ ਬੀ ਉਸ ਜਾਦੂਗਰ ਦੇ ਅਸਰ ਹੇਠ ਆ ਗਿਆ?

ਵਿਦੂਖਕ-ਮੇਰੇ ਜਾਣੇ ਏਹੋ ਜਾਦੂਗਰੀ ਵੇਦਕ ਰਿਖੀਆਂ ਦਾ ਮੂਲ ਸੀ। ਇਹੋ ਜਾਦੂਗਰੀ ਮਾਂਡੂਕ, ਗੀਤਾ, ਪਾਤੰਜਲ ਵਿਚ ਲਿਖੀ ਹੈ, ਇਹੋ ਜਾਦੂਗਰੀ ਕ੍ਰਿਸ਼ਨ ਦੇਵ ਪਾਸ ਸੀ, ਏਹੋ ਜਾਦੂਗਰੀ ਲੈਕੇ ਸਰਲ ਰਾਮ ਜੀ ਨੇ ਏਸ ਦੇਸ਼ ਆ ਕੇ ਪੰਡਤ ਰਾਵਣ ਨੂੰ ਹਰਾ ਲਿਆ ਸੀ। ਇਹੋ ਜਾਦੂਗਰੀ ਸਾਡੇ ਬੁਧ ਜੀ ਪਾਸ ਸੀ, ਇਹੋ ਜਾਦੂਗਰੀ ਚੀਨ ਦੇ ਕਨਫੂਸ਼ੀਅਸ, ਈਰਾਨ ਦੇ ਜ਼ਿੰਦ ਕਰਤਾ, ਯੂਨਾਨ ਦੇ ਪਲਾਤੂਸ ਪਾਸ ਸੀ। ਇਹੋ ਕਿਨਾਨ ਦੇ ਈਸਾ ਤੇ ਅਰਬ ਦੇ ਮੁਹੰਮਦ ਕੋਲ ਸੀ। ਇਹੋ ਜਾਦੂਗਰੀ ਹੁਣ ਸੰਸਾਰ ਵਿਚ ਹੈ ਨਹੀਂ। ਇਸ ਦਾ ਨਾ ਰਹਿਣਾ ਹੀ ਗਿਲਾਨੀ ਹੈ। ਇਸੇ ਨੂੰ ਲੈਕੇ ਕੋਈ ਤਕੜਾ, ਅਗਲਿਆਂ ਤੋਂ ਜ਼ਬਰਦਸਤ, ਪੂਰਨ ਪਦ ਤੇ ਖੇਡਣ ਵਾਲਾ ਸੰਸਾਰ ਵਿਚ ਆਇਆ ਜਾਪਦਾ ਹੈ, ਜੋ ਪਿਛਲਿਆਂ ਸਾਰਿਆਂ ਤੋਂ ਬੀ ਉੱਚਾ ਕੰਮ ਕਰੇਗਾ,ਮੋਇਆਂ ਨੂੰ ਜਿਵਾਏਗਾ, ਜੀਵਿਆਂ ਨੂੰ ਸਿਰੇ ਚਾੜ੍ਹੇਗਾ, ਪਰ ਹੇ ਪੰਡਤ ਜੀ! ਮੈਂ ਅਜੇ 'ਨਾਨਕ ਪ੍ਰੇਮ' ਵਿਚ ਨਹੀਂ ਆਯਾ, ਮੇਰੇ ਪਰ ਉਸ ਜਾਦੂਗਰ ਸਾਹਿਰੀ ਦਾ ਅਸਰ ਨਹੀਂ ਪਿਆ, ਮੈਂ ਅਜੇ ਨਿਰਪੱਖ ਨੁਕਤੇ ਤੇ ਖੜਾ ਹਾਂ, ਕਿਸੇ ਹਠਾਗ੍ਰਹ, ਕਿਸੇ ਤਅੱਸਬ ਦੇ ਖੋਪਿਆਂ ਨਾਲ ਵਾਕਜਾਤ ਨਹੀਂ ਦੇਖਦਾ। ਮੈਂ ਪੱਕੀ ਰਾਇ ਤਦ ਤਕ ਨਹੀਂ ਬਣਾਵਾਂਗਾ, ਜਦ ਤਕ ਆਪ ਦੇਖ ਨਾ ਲਵਾਂਗਾ। ਆਪ ਲੱਭਾਂਗਾ, ਆਪ ਜੋਖਾਂਗਾ, ਆਪ ਹਾੜਾਂਗਾ, ਜਦ ਤਸੱਲੀ ਹੋ ਜਾਏਗੀ ਗਰਦਨ ਝੁਕਾ ਦਿਆਂਗਾ, ਨਾ ਹੋਏਗੀ ਤਸੱਲੀ ਤਾਂ ਖੁਸ਼ ਰਹਾਂਗਾ, ਪਰ ਧਰਮ ਵਿਸ਼ੇ ਵਿਚ ਆਸੁਰੀ ਸੰਪਦਾ ਦਾ ਵਰਤਾਉ ਨਹੀਂ ਕਰਾਂਗਾ! ਨਹੀਂ ਤਾਂ ਮਹਿਮੂਦ ਗ਼ਜ਼ਨਵੀ ਨੂੰ ਜ਼ਾਲਮ ਕਿਉਂ ਆਖਦੇ ਹੋ? ਉਹ ਤਲਵਾਰ ਦੇ ਜ਼ੋਰ ਮੁਸਲਮਾਨ ਬਣਾਉਂਦਾ ਸੀ, ਤਲਵਾਰ ਦੇ ਜ਼ੋਰ ਮੂਰਤੀ ਪੂਜਾ ਖੰਡਨ ਕਰਦਾ ਸੀ, ਸੋਈ ਅੱਜ ਤੁਸੀਂ ਕਰਦੇ ਹੋ। ਜੋ ਭਾਵ ਐਸ ਵੇਲੇ ਤੁਸਾਡੇ ਅੰਦਰ ਹਨ, ਜੇਕਰ ਮਹਿਮੂਦ ਜਿਤਨਾ ਬਲ ਤੁਸਾਡੇ ਵਿਚ ਹੁੰਦਾ ਤਾਂ ਉਸ ਮੁਸਾਫਰ ਦੀ ਕਬਰ ਅੱਜ ਸਮੁੰਦਰ ਵਿਚ ਬਣੀ ਹੁੰਦੀ ਤੇ ਰਾਜਾ ਜੀ ਫਾਂਸੀ ਲਟਕੇ ਹੁੰਦੇ। ਕਿਉਂਕਿ ਤੁਹਾਡੇ ਵਿਚ ਬਾਹੂ ਬਲ ਨਹੀਂ ਹੈ ਇਸ ਕਰਕੇ ਉਹ ਸਲਾਮਤ ਹਨ। ਮੈਂ ਨਾ 'ਨਾਨਕ ਪ੍ਰੇਮ' ਵਿਚ ਹਾਂ, ਨਾ ਬ੍ਰਾਹਮਣੀ ਮਤ ਵਿਚ ਹਾਂ, ਪਰ ਮੈਂ ਸੱਚ ਆਖਦਾ ਹਾਂ ਕਿ ਤੁਸਾਡੇ ਵਿਚ ਅਰ ਮਹਿਮੂਦ ਗ਼ਜ਼ਨਵੀ ਵਿਚ ਮੇਰੇ ਭਾਣੇ ਅੱਜ ਰਤਾ ਫਰਕ ਨਹੀਂ ਹੈ।

ਇਹ ਸੁਣਕੇ ਪੰਡਤ ਜੀ ਬਿਗੜੇ, 'ਮਲੇਛ ਮਲੇਛ' ਕਹਿਕੇ ਦੋ ਕਦਮ ਪਰੇ ਹੋ ਗਏ-ਹਾਂ, ਤਦੇ ਸਾਡੇ ਸ਼ਾਸਤ੍ਰਾਂ ਵਿਚ ਲਿਖਿਆ ਹੈ ਕਿ ਮਸਤ ਹਾਥੀ ਦੇ ਪੈਰਾਂ ਹੇਠ ਆਕੇ ਮਰ ਜਾਓ, ਪਰ ਜੇ (ਜੈਨ ਮੰਦਰ ਜਾਂ) ਬੋਧ ਮੰਦਰ ਵਿਚ ਜਾਕੇ ਜਾਨ ਬਚ ਸਕੇ ਤਾਂ ਨਾ ਬਚਾਓ'।

ਵਿਦੂਖਕ-ਕਿਵੇਂ ਕਹੋ, ਹਰ ਗੱਲ ਵਿਚ ਤੁਸੀਂ ਇਹ ਪ੍ਰਗਟ ਕਰਦੇ ਹੋ ਕਿ ਤੁਸੀਂ ਨਿਰਬਲ ਹੋ!

ਦੀਵਾਨ-ਪੰਡਤ ਜੀ! ਸੱਚ ਤਾਂ ਇਹੋ ਹੈ ਜੋ ਵਿਦੂਖਕ ਜੀ ਨੇ ਕਿਹਾ ਹੈ।

ਪੰਡਤ ਜੀ ਖਫਾ ਜਿਹੇ ਹੋਕੇ ਉਠੇ ਤੇ ਸਿਧੇ ਮਹਲਾਂ ਨੂੰ ਗਏ, ਅਰ ਰਾਣੀ ਜੀ ਨੂੰ ਜਾ ਮਿਲੇ।

ਪੰਡਤ-ਰਾਣੀਏਂ! ਇਹ ਰਾਜਾ ਜੀ ਨੂੰ ਕੀ ਹੋ ਗਿਆ ਹੈ?

ਰਾਣੀ-ਤੁਸੀਂ ਜਾਣੋ ਜੋ ਸਿਆਣੇ ਹੋ, ਸਾਡੇ ਭਾਣੇ ਤਾਂ 'ਨਾਨਕ-ਪ੍ਰੇਮ' ਹੋ ਗਿਆ ਹੈ।

ਪੰਡਤ-ਨਾ ਨਾਨਕ ਡਿੱਠਾ ਨਾ ਭਾਲਿਆ, ਬਿਨ ਦੇਖੇ ਬੀ ਪ੍ਰੇਮ ਹੋ ਸਕਦਾ ਹੈ?

ਰਾਣੀ-ਹੋ ਸਕਦਾ ਹੈ ਕਿ ਨਹੀਂ ? ਸਾਨੂੰ ਪਤਾ ਨਹੀਂ। 'ਹੋ ਗਿਆ ਹੈ' ਇਹ ਪ੍ਰੱਤਖ ਦੀਹਦਾ ਹੈ।

ਪੰਡਤ-ਕਦੇ ਹੋ ਨਹੀਂ ਸਕਦਾ।

ਰਾਣੀ-ਤਦ ਕੀ ਤੁਸੀਂ ਇਹ ਆਖਦੇ ਹੋ ਕਿ ਮੇਰੇ ਸੁਆਮੀ ਜੀ ਕਪਟ ਕਰਦੇ ਹਨ?

ਪੰਡਤ-ਨਹੀਂ, ਇਹ ਤਾਂ ਨਹੀਂ, ਪਰ ਪ੍ਰੇਮ ਬਿਨ ਦੇਖੇ ਲੱਗ ਨਹੀਂ ਸਕਦਾ।

ਰਾਣੀ-ਮੈਂ ਸ਼ਾਸਤ੍ਰਗ੍ਯ ਨਹੀਂ, ਪਰ ਜੋ ਸਾਮਰਤੱਖ ਦੀਹਦਾ ਹੈ, ਉਹ ਇਹ ਹੈ ਕਿ ਪ੍ਰੇਮ ਸੱਚਾ ਹੈ ਤੇ ਲੱਗ ਗਿਆ ਹੈ। 'ਚੰਗਾ ਹੈ ਕਿ ਮਾੜਾ' ਇਹ ਤੁਸੀਂ ਜਾਣੋਂ।

ਪੰਡਤ-ਫੇਰ ਤੁਸੀਂ ਚਾਹੁੰਦੇ ਹੋ ਕਿ ਰਾਜਾ ਰੋਂਦਾ ਰਿਹਾ ਕਰੇ ਤੇ ਰਾਜ ਕੋਈ ਹੋਰ ਆ ਸਾਂਭੇ?

ਰਾਣੀ-ਪੰਡਤ ਜੀ ਸ਼ੁਭ ਵਾਕ ਬੋਲੋ ਮੈਂ ਤਾਂ ਰਾਜਾ ਜੀ ਨੂੰ ਸਦਾ ਪ੍ਰਸੰਨ ਮੂਰਤੀ ਵੇਖਣਾ ਚਾਹੁੰਦੀ ਹਾਂ, ਪਰ ਮੇਰੇ ਵੱਸ ਕੀ ਹੈ?

ਪੰਡਤ-ਕੋਈ ਉਪਾਉ ਕਰੀਏ।

ਰਾਣੀ-ਹਾਂ, ਕਰੋ।

ਪੰਡਤ-ਰਾਜਾ ਨੂੰ ਡਰ ਦੇਈਏ।

ਰਾਣੀ-ਨਾਂ, ਮੇਰੇ ਪ੍ਰਾਣ ਪਤੀ ਨੂੰ ਡਰਾਓ ਨਹੀਂ, ਸਮਝਾਓ।

ਪੰਡਤ-ਸਮਝਾਕੇ ਤਾਂ ਮੈਂ ਥੱਕ ਰਿਹਾ ਹਾਂ, ਥਿੰਧੇ ਘੜੇ ਤੇ ਪਾਣੀ ਪੈਂਦਾ ਹੈ, ਕੋਈ ਅਸਰ ਨਹੀਂ ਹੁੰਦਾ।

ਰਾਣੀ-ਮਤਾਂ ਪੰਡਤ ਜੀ! ਇਹ ਚੰਗੀ ਸ਼ੈ ਹੀ ਹੋਵੇ, ਕਿਉਂਕਿ ਰਾਜਾ ਜੀ ਹੁਣ ਕੁਛ ਠੰਢੇ, ਕੁਛ ਸੁਆਦਲੇ, ਕੁਛ ਦਇਆਲੂ ਤੇ ਪ੍ਰੇਮੀ ਵਧੀਕ ਹੋ ਗਏ ਹਨ। ਹੁਣ ਅੱਗੇ ਵਾਂਙੂ ਕ੍ਰੋਧ ਨਹੀਂ ਕਰਦੇ, ਗਾਲਾਂ ਨਹੀਂ ਦਿੰਦੇ, ਮਿੱਠੇ ਤੇ ਰਸੀਏ ਹੋ ਗਏ ਹਨ।

ਪੰਡਤ-ਤੁਹਾਨੂੰ ਕੀ ਪਤਾ?

ਰਾਣੀ-ਹਾਂ ਅਸੀਂ ਸ਼ਾਸਤ੍ਰ ਨਹੀਂ ਪੜ੍ਹੇ ਤੇ ਨਾਂ ਹੀ ਵਿਦਵਾਨ ਹਾਂ, ਜੋ ਅੱਖਾਂ ਅੱਗੇ ਵਰਤਦਾ ਹੈ ਉਹੋ ਦੇਖੀਦਾ ਹੈ ਤੇ ਉਹੋ ਕਹੀਦਾ ਹੈ।

ਪੰਡਤ-ਫੇਰ ਹੁਣ ਰਾਜਾ ਨੂੰ ਧਰਮ ਤੋਂ ਪਤਿਤ ਹੋਣ ਦੇਈਏ?

ਰਾਣੀ-ਨਾ ਪੰਡਤ ਜੀ ! ਬਚਾਓ, ਪਰ ਕੋਈ ਉਚੇਰੀ ਗੱਲ ਦੱਸੋ, ਕੋਈ ਵਧੀਕ ਪ੍ਰੇਮ ਦਾ ਰੰਗ ਚਾੜ੍ਹੋ ਕੋਈ ਆਤਮ ਸ਼ਕਤੀ ਖਰਚ ਕਰੋ ਜੋ ਪੀਆ ਜੀ ਸੁਖ ਨਾਲ ਉੱਚੇ ਹੋਣ।

ਪੰਡਤ-ਅੱਛਾ ਰਾਣੀ, ਵਿਚਾਰ ਕਰਾਂਗਾ।

ਇਹ ਕਹਿੰਦਾ ਅਸ਼ੀਰਵਾਦ ਦੇਂਦਾ, ਸ਼ਾਸਤ੍ਰੀ ਪੰਡਤ ਸ਼ੈਵ ਮਤ ਉਪਾਸਕ[੧], ਸ਼ਾਂਭਵੀਂ ਮੁੱਦਰਾ ਦਾ ਗਜਾਤਾ[੨], ਨਾਦਾਨੁਸੰਧਾਨ ਦਾ ਜਾਣਕਾਰ[੩] ਖੇਚਰੀ[੧] ਆਦਿ ਦਾ ਗਿਆਨੀ, ਸੰਯਮ ਦਾ ਜਾਣਨ ਹਾਰ ਪੰਡਤ ਚਲਾ ਗਿਆ। ਪਰ ਹੈਰਾਨ ਹੈ। ਮਨ ਨੂੰ ਆਖਦਾ ਹੈ ਗ੍ਰਹਣ ਤਾਂ ਇਕੋ ਰਾਜਾ ਨੂੰ ਲੱਗਾ ਪਰ ਛਾਯਾ ਸਭ ਤੇ ਫਿਰ ਗਈ ਹੈ। ਵਿਦੂਖਕ ਬੋਧੀ ਹੋਕੇ 'ਨਾਨਕ ਪ੍ਰੇਮ' ਦੇ ਪ੍ਰੱਤਖ ਅਸਰ ਦਾ ਕਾਇਲ ਹੈ, ਦੀਵਾਨ ਵੈਸ਼ਨਵ ਹੈ, ਉਹ ਬੀ ਕਾਇਲ ਹੈ, ਰਾਣੀ ਕੱਖ ਨਹੀਂ ਜਾਣਦੀ, ਮੇਰੀ ਚੇਲੀ ਸੀ, ਉਹ ਬੀ ਕਾਇਲ ਹੈ। ਜਿਸ ਨਾਲ ਗੱਲ ਗਿਣਦਾ ਹਾਂ; ਸਭ ਮੰਨਦੇ ਹਨ ਕਿ ਉਹ ਪਰਦੇਸੀ ਕੋਈ ਤਾਕਤਵਰ, ਕੋਈ ਆਤਮ ਬਲ ਵਾਲਾ ਸੀ। ਸਾਰੇ ਮੰਨਦੇ ਹਨ ਕਿ ਰਾਜਾ ਨੂੰ ਪ੍ਰੇਮ ਸੱਚਾ ਲੱਗਾ ਹੈ, ਅਰ ਉਸ ਦਾ ਅਸਰ ਪਰਜਾ ਵਾਸਤੇ ਬੀ ਨੇਕ ਪੈ ਰਿਹਾ ਹੈ, ਹੁਣ ਮੇਰਾ ਕੋਈ ਸਹਾਇਕ ਨਹੀਂ ਹੈ। ਧਰਮ ਦੀ ਹਾਨੀ ਬੀ ਡਿੱਠੀ ਨਹੀਂ ਜਾਂਦੀ ਤੇ ਇਹ ਗੱਲ ਮੈਂ ਬੀ ਸੱਚ ਜਾਣਦਾ ਹਾਂ ਕਿ ਉਸ ਪਰਦੇਸੀ 'ਮਨਸੁਖ' ਵਰਗੀ ਮੇਰੇ ਵਿਚ 'ਮਨ+ਸੁਖ' ਸ਼ਕਤੀ ਕੋਈ ਨਹੀਂ ਹੈ, ਜਿਸ ਨਾਲ ਮੰਤ੍ਰ ਮਾਰਾਂ ਤੇ ਰਾਜਾ ਵਸੀਭੂਤ ਹੋ ਜਾਵੇ। ਹੁਣ ਤਾਂ ਕੋਈ ਰਾਜਨੈਤਕ ਚਾਲ ਹੀ ਚੱਲੀਏ ਕਿ ਕੋਈ ਤੰਤ੍ਰ ਸ਼ਾਸਤ੍ਰ ਵਿਚੋਂ ਟੋਟਕਾ ਲੱਭੀਏ? ਕੀ ਕਰੀਏ, ਸਮਝ ਨਹੀਂ ਪੈਂਦੀ! ਇਹ ਉੱਤਰ ਦਿਸ਼ਾ ਵਲੋਂ ਕੀ ਗ਼ੈਬ ਦਾ ਚਾਨਣਾ ਆਇਆ ਹੈ, ਸਾਰੇ ਮੋਹੇ ਜਾ ਰਹੇ ਹਨ, ਹੇ ਭਗਵਨ! ਸਹਾਇਤਾ ਕਰੋ!

## ੩.

ਪਾਧਾ ਪੜਿਆ ਆਖੀਐ ਬਿਦਿਆ
ਬਿਚਰੈ ਸਹਜਿ ਸੁਭਾਇ॥ ਬਿਦਿਆ ਸੋਧੈ
ਤਤੁ ਲਹੈ ਰਾਮ ਨਾਮ ਲਿਵ ਲਾਇ॥

{ਰਾਮ: ਮ:੧: ਦਖਣੀ ਓਅੰਕਾਰ-੫੩}

ਅਸਗਾਹ ਸਾਗਰ ਨੀਲਾ ਨੀਲਾ ਸਾਫ ਟਿਕਿਆ ਪਿਆ ਹੈ। ਨਿੱਕੀ ਨਿੱਕੀ ਲਹਿਰ ਤਾਂ ਪੈਂਦੀ ਹੈ, ਪਰ ਉਂਵ ਅੱਜ ਅਡੋਲ ਹੈ। ਕਿਨਾਰੇ ਤੇ ਉਸੇ ਰਮਣੀਕ ਅਸਥਾਨ ਰਾਜਾ ਜੀ ਆ ਬਿਰਾਜੇ ਹਨ, ਰਾਤ ਤਾਂ ਰਾਜਾ ਦੀ ਕੂਕੇਂਦਿਆਂ ਲੰਘਦੀ ਹੈ; ਸਵੇਰ ਸਾਰ ਕੁਛ ਨੀਂਦ ਮੱਲੋ ਮੱਲੀ ਢਾਹ ਲੈਂਦੀ ਹੈ। ਦਿਨੇ ਦਰਬਾਰ ਵਿਚ ਕਾਰ ਵਿਹਾਰ ਕਰਦਾ

[੧] ਸ਼ਿਵ ਜੀ ਦਾ ਉਪਾਸਕ। [੨] ਅੰਦਰ ਨਿਸ਼ਾਨਾ ਮੰਤ੍ਰ ਜਾਂ ਕਿਸੇ ਚੱਕ੍ਰ ਦਾ ਤੇ ਨੈਣ ਅਧਖੁਲ੍ਹੇ ਇਹ ਸਾਂਭਵੀਂ ਮੁੱਦ੍ਰਾ ਹੈ, ਦੇਖੋ ਹਠ ਯੋਗ ਪ੍ਰਦੀਪਕਾ ਮੁੱਦਰਾ ਪ੍ਰਕਰਣ।

[੩] ਕੰਨਾਂ ਦਾ ਵਿਸ਼ਾ ਜੋ ਅਕਾਸ਼ ਤੱਤ ਤੇ ਵਾਯੂ ਸੰਬੰਧ ਨਾਲ ਇਕ ਤਰ੍ਹਾਂ ਦੀ ਅਵਾਜ਼ ਸੁਣਨ ਵਾਲਾ।

[੧] ਜੀਭ ਨੂੰ ਅੰਦਰ ਉਪਰਵਾਰ ਉਲਟਾਕੇ' ਘੰਡੀ ਤਕ ਲੈ ਜਾਣਾ ਤੇ ਭਰਵੱਟਿਆਂ ਵਿਚ ਧਿਆਨ ਲਾਵਣਾ।

{ਗੋਰਖ ਪੱਧਤੀ ਸਫ਼ਾ ੬੩}

ਹੈ, ਕਿਸੇ ਵੇਲੇ ਜਦ ਜੀ ਡਾਢਾ ਬੇਵਸਾ ਹੁੰਦਾ ਹੈ ਤਾਂ ਕੰਮ ਕਾਜ ਛੱਡਕੇ ਉਠ ਜਾਂਦਾ ਹੈ, ਇਸ਼ਨਾਨ ਵਾਲੇ ਥਾਂ ਰੋ ਧੋ ਕੇ ਫੇਰ ਮੂੰਹ ਹੱਥ ਧੋ ਕੇ ਆ ਬੈਠਦਾ ਹੈ। ਅਜੇ ਤਕ ਰਾਜਾ ਦੇ ਦਿਨ ਦੇ ਵਿਹਾਰ ਵਿਚ ਫਰਕ ਨਹੀਂ ਪਿਆ, ਅਰ ਰਾਜ ਪ੍ਰਬੰਧ ਠੀਕ ਚਲ ਰਿਹਾ ਹੈ, ਪਰ ਬਾਕੀ ਕੰਮ ਕਾਜ ਉਲਟ ਗਏ ਹਨ, ਨਾਚ ਰਾਗਾਂ ਵਿਚ ਨਹੀਂ ਜਾਂਦਾ, ਚੌਪਟ ਸ਼ਤਰੰਜ ਬੰਦ ਹੈ, ਸ਼ਿਕਾਰ ਕਦੇ ਨਹੀਂ ਚੜ੍ਹਿਆ, ਜੇ ਘਰ ਗਏ ਤਾਂ ਏਕਾਂਤ ਚੁਪ ਚਾਪ ਲੇਟ ਰਹੇ, ਜੇ ਰਾਣੀ ਪਾਸ ਗਏ ਤਾਂ ਪਿਆਰ ਨਾਲ ਤੱਕਿਆ, ਨੈਣ ਭਰ ਆਏ, 'ਚੰਦ੍ਰਕਲਾ[1]' ਕਰਕੇ ਅਵਾਜ਼ ਦਿਤੀ ਤੇ ਫੇਰ ਆਪੇ ਵਿਚ ਗੁੰਮ ਹੋ ਗਏ। ਜਦ ਬਹੁਤ ਓਦਰੇ ਤਾਂ ਸਮੁੰਦਰ ਦੇ ਇਸ ਕੁਦਰਤੀ ਸੌਂਦਰਯਤਾ ਵਾਲੇ ਰਮਣੀਕ ਕਿਨਾਰੇ ਆ ਬੈਠੇ। ਚੰਦ੍ਰਕਲਾ ਬੜੀ ਪਿਆਰ ਵਾਲੀ ਇਸਤ੍ਰੀ ਸੀ, ਪਰਦਾ ਇਸ ਦੇਸ਼ ਵਿਚ ਸੀ ਹੀ ਨਹੀਂ, ਕਈ ਵੇਰ ਰਾਣੀ ਪਤੀ ਨੂੰ ਬਹੁਤ ਉਦਾਸ ਦੇਖਦੀ ਤਾਂ ਏਥੇ ਨਾਲ ਆ ਜਾਂਦੀ। ਕਦੇ ਨਾਲ ਵੀਣਾਂ ਲੈ ਆਉਂਦੀ, ਕੋਈ ਵੈਰਾਗ ਦਾ ਗੀਤ ਗਾਉਂਦੀ ਤਾਂ ਉਹਨਾਂ ਦਾ ਜੀ ਪਰਚ ਜਾਂਦਾ। ਅਜ ਬੀ ਰਾਣੀ ਨਾਲ ਆਈ ਹੈ, ਰਾਜਾ ਜੀ ਉੱਤਰ ਦਿਸ਼ਾ ਵਲ ਮੂੰਹ ਕਰਕੇ ਸਮੁੰਦਰ ਦੇ ਨਾਂ ਦੀਹਦੇ ਪਾਰਲੇ ਕਿਨਾਰੇ ਵਲ ਰੁਖ ਕਰਕੇ ਬੈਠੇ ਹਨ, ਰਾਣੀ ਪਾਸ ਵਾਰ ਬੈਠੀ ਹੈ, ਮਾਲਕੌਂਸ ਦੀ ਮਧੁਰ ਧੁਨੀ ਵੀਣਾਂ ਤੋਂ ਵਜਾ ਰਹੀ ਹੈ, ਵੇਲਾ ਬੀ ਸੂਰਜ ਲਹਿ ਚੁਕੇ ਦਾ ਹੈ, ਪੱਛੋਂ ਵੱਲ ਸੂਰਜ ਐਉਂ ਡੁਬਦਾ ਜਾਂਦਾ ਹੈ ਮਾਨੋਂ ਇਸ਼ਨਾਨ ਕਰਨ ਜਲ ਵਿਚ ਵੜਦਾ ਜਾਂਦਾ ਹੈ। ਮੱਧਮ ਵੇਗ ਦੀ ਪੌਣ ਹੈ, ਅਰ ਨਕਸ਼ਾ ਕੁਦਰਤ ਨੇ ਵੈਰਾਗ ਦਾ ਢਾਲ ਦਿਤਾ ਹੈ। ਰਾਣੀ ਦੀਆਂ ਅੱਖਾਂ ਬੀ ਗਿੱਲੀਆਂ ਹਨ ਤੇ ਰਾਜਾ ਜੀ ਦੇ ਤਾਂ ਚੰਗੇ ਵੱਡੇ ਵੱਡੇ ਹੰਝੂ ਝਰੇ ਝਰ ਪੈਂਦੇ ਹਨ। ਜੋ ਕੁਛ ਰਾਣੀ ਗਾਉਂ ਰਹੀ ਸੀ ਉਸ ਦਾ ਭਾਵ ਐਉਂ ਦਾ ਸੀ:-

> ਕਿਉਂ ਕੂੰਜ ਕੂਕ ਰਹੀ ਪਜਾਰੀ? ਪਾਰ ਸਜਣ, ਉਰਵਾਰ ਖੜੀ ਮੈਂ ਤਾਣ ਪਰਾਂ ਦਾ ਹਾਰੀ। ਸੱਜਣ ਏਸ ਉਰਾਰ ਨ ਆਵੇ, ਹਾਂ ਮੈਂ ਔਗੁਣਿਆਰੀ। ਕੂੰਕਾਂ ਤੈਂ ਧਿਰ ਪੌਣ ਸੁਹਾਵੀ ! ਕੂਕ ਪੁਚਾ ਦੇ ਪਜਾਰੀ:-
> 'ਆ ਪ੍ਰੀਤਮ ਸਿਕ ਲਾਹ ਚਿਰੋਕੀ, ਸਦਕੇ ਜਾਵਾਂ ਸਾਰੀ।'[1]

ਫਿਰ ਰਾਜਾ ਆਪ ਕੁਛ ਗਾਂਵਿਆਂ, ਜਿਸ ਦਾ ਆਸ਼ਾ ਐਕੁਰਾਂ ਦਾ ਸੀ:-

> ਰੂਪ ਨ ਡਿੱਠਾ, ਚਰਨ ਨ ਪਰਸੇ ਜੀਵਾਂ ਨਾਮ ਅਧਾਰੇ। ਕਦ ਦੇਖਾਂ, ਕਦ ਚਰਨ ਸਮਾਵਾਂ, ਕਦ ਆਵਨ ਗੁਰ ਪਜਾਰੇ? ਵਿੱਥ ਦੁਰੇਡੀ, ਪੰਧੋਂ ਟੇਢੀ, ਨਦੀ ਸਮੁੰਦਰੋਂ ਪਾਰੇ। ਕੀ ਕਹਿ ਸੱਦਾਂ, ਕਿਵੇਂ ਬੁਲਾਵਾਂ, ਕੀਕੂੰ ਪਹੁੰਚਾਂ ਦ੍ਵਾਰੇ। ਦਿਲ ਵਿਚ ਸਿੱਕ ਮਿਲਣ ਦੀ ਭਾਰੀ, ਮਨ ਭਰ ਆਵੇ ਪਜਾਰੇ। ਆਵੋ ਸਤਿਗੁਰ! ਆਵੋ ਪਜਾਰੇ! ਆਵੋ ਰਾਖਨਹਾਰੇ! ਚਰਨੀਂ ਲਾਵੋ, ਚਰਨ ਸਮਾਵੋ, ਦੁੱਖ ਮਿਟਾਵੋ ਸਾਰੇ। ਮਿੱਠਾ ਲੱਗੇ ਨਾਮ ਤੁਸਾਡਾ, ਜਪ ਜਪ ਜਾਂ ਬਲਿਹਾਰੇ। ਰਸ ਆਵੇ ਵਿਚ ਯਾਦ ਤੁਸਾਡੀ ਸ੍ਵਾਦ ਜੇ ਨਾਮ ਪੁਕਾਰੇ! ਯਾਦ ਦਿਲੇ ਵਿਚ ਪੁੜਦੀ ਜਾਂਦੀ ਲੂੰ ਲੂੰ ਪਜਾ ਝਰਨਾਰੇ। ਬਿਨ ਡਿੱਠੇ ਬਿਨ ਬਚਨ ਸੁਣੇ ਦੇ ਬਿਨ ਪਰਸੇ ਚਰਨਾਰੇ। ਮੈਂ ਘਾਇਲ ਮੈਂ ਸਦਕੇ ਹੋਇਆ, ਮੈਂ ਹੋਇਆ ਬਲਿ-ਹਾਰੇ। ਅਪਣੇ ਅਪਣੇ ਲੱਗੋ ਸਤਿਗੁਰ ! ਲੱਗੋ ਬਹੁਤ ਪਿਆਰੇ। ਤਰਸ ਰਿਹਾ ਹਾਂ ਦਰਸ ਖ਼ੈਰ ਨੂੰ ਝੋਲੀ ਨੈਨ ਖਿਲਾਰੇ। ਬਿਰਦ ਸੰਭਾਰੋ, ਪਤਿਤ ਉਧਾਰੋ ਆਵੋ ਪ੍ਰਭੂ ! ਇਕ ਵਾਰੇ। ਦੇਖ ਲਵਾਂ ਮੈਂ ਦੈਵੀ ਮੁਖੜਾ ਨੈਣਾਂ ਨਾਲ ਪਿਆਰੇ ! ਮਸਤਕ ਚਰਨ ਕਵਲ ਰਸ ਪਾਵੇ ਮੁਖ ਲਾਵਾਂ ਰੇਣਾਰੇ। ਚਰਨ ਛੋਹ ਵਿਚ ਮਗਨ ਹੋਇਕੇ ਸਦਾ ਰਹਾਂ ਮਗਨਾਰੇ[1]।

ਇਸ ਪ੍ਰੇਮ ਭਰੇ ਗੀਤ ਦਾ ਅਚਰਜ ਨਕਸ਼ਾ ਬੱਝ ਰਿਹਾ ਸੀ। ਸਾਰਾ ਸਾਗਰ, ਸਾਰਾ ਬਣ, ਸਾਰੀ ਵਾਯੂ ਪ੍ਰੇਮ ਰੂਪ ਹੋ ਰਹੀ ਸੀ ਕਿ ਸ੍ਰੀ ਪੰਡਤ ਜੀ

---

[1] ਪੁ: ਜਨਮਸਾਖੀ ਵਿਚ ਰਾਣੀ ਦਾ ਨਾਮ 'ਚੰਦ੍ਰਕਲਾ' ਲਿਖਿਆ ਹੈ।

[1] ਇਹ ਗੀਤ ਅਕਤੂਬਰ ੧੯੦੩ ਵਿਚ' ਸੁਹਾਵਣੇ ਗੀਤ' ਨਾਮ ਦੇ ਟ੍ਰੈਕਟ ਨੰ: ੧੯੯ ਵਿਚ ਛਪਿਆ ਸੀ।

ਆ ਨਿਕਲੇ, ਕੁਛ ਚਿਰ ਖੜੇ ਰਹੇ। ਰਾਣੀ ਤੇ ਰਾਜਾ ਨੈਣ ਬੰਦ ਆਪਣੇ ਰੰਗ ਵਿਚ ਸਨ, ਜਦ ਅੱਖ ਖੁਲ੍ਹੀ ਤਾਂ ਪੰਡਤ ਜੀ ਨੂੰ ਨਮਸਕਾਰ ਕਰਕੇ ਕੋਲ ਬਹਾਲ ਲਿਆ। ਪੰਡਤ ਜੀ ਨੇ ਅਸ਼ੀਰਵਾਦ ਦਿੱਤੀ, ਖੇਮ ਕੁਸ਼ਲ ਪੁੱਛੀ, ਫੇਰ ਕਹਿਣ ਲਗੇ:-ਹੇ ਰਾਜਨ! ਰਾਜ ਅਰ ਵੈਰਾਗ ਦੋ ਗੱਲਾਂ ਕਠਨ ਹਨ।

ਰਾਜਾ-ਠੀਕ ਹੈ ਪੰਡਤ ਜੀ! ਪਰ ਜੇ ਆਪਣੇ ਵੱਸ ਹੋਵੇ ਤਾਂ!

ਪੰਡਤ-ਰਾਜਨ! ਤੁਸੀ ਦਾਨੇ ਹੋ, ਸਰਬ ਵਿੱਦਯਾ ਸੰਪੰਨ ਹੋ, ਤੁਸੀਂ ਆਪਣੇ ਵੱਸ ਤੋਂ ਕਿਵੇਂ ਬਾਹਰ ਹੋ?

ਰਾਜਾ-ਪੰਡਤ ਜੀ! ਇਸ ਵੇਲੇ ਕੁਛ ਸ਼ਾਂਤੀ ਰਸ ਦਾ ਸੁਆਦ ਆ ਰਿਹਾ ਹੈ, ਕਿਸੇ ਵੇਲੇ ਫੇਰ ਏਹ ਗੱਲਾਂ ਕਰੀਏ.....!

ਪੰਡਤ-ਜਿਵੇਂ ਆਪ ਦੀ ਆਗਯਾ। ਮੈਂ ਕੇਵਲ ਦੁਖਿਤ ਹਾਂ, ਇਸ ਕਰਕੇ ਇਸ ਵੇਲੇ ਆਇਆ ਸਾਂ, ਆਪ ਦੀ ਦਸ਼ਾ ਮੈਨੂੰ ਰਾਤੀਂ ਸੌਣ ਨਹੀਂ ਦੇਂਦੀ।

ਰਾਜਾ-(ਤ੍ਰਬ੍ਹਕ ਕੇ)-ਕਿਉਂ?

ਪੰਡਤ-ਉਂਞ ਤਾਂ ਮੈਂ ਆਪ ਦੀ ਪਰਜਾ ਹਾਂ, ਪ੍ਰੰਤੂ ਪ੍ਰੋਹਿਤ ਹੋਣ ਕਰਕੇ ਅਤੇ ਵਿੱਦਯਾ ਦਾ ਸਮਾਗਮ ਕੱਠਾ ਰਹਿਣ ਕਰਕੇ ਮੈਨੂੰ ਕੁਝ ਪ੍ਰੇਮ ਵਿਸ਼ੇਸ਼ ਹੈ। ਆਪ ਦਾ ਦਿਨੋ ਦਿਨ ਵੈਰਾਗ ਵਿਚ ਡੁਬਦੇ ਜਾਣਾ, ਖੁਸ਼ੀਆਂ ਵਿਚੋਂ ਨਿਕਲਦੇ ਜਾਣਾ, ਮੈਨੂੰ ਹੈਰਾਨ ਕਰ ਰਿਹਾ ਹੈ। ਇਹ ਨਿੱਤ ਦੀ ਵਧਦੀ ਉਦਾਸੀ ਕਿੱਥੋਂ ਤਕ ਲੈ ਜਾਵੇਗੀ? ਰਾਜ ਭਾਗ ਦਾ ਕੀ ਬਣੇਗਾ?

ਰਾਜਾ-ਪੰਡਤ ਜੀ! ਮੈਂ ਦੁਖੀ ਤਾਂ ਨਹੀਂ ਹਾਂ, ਮੈਂ ਤਾਂ ਕਿਸੇ ਸੁਖ ਵਿਚ ਹਾਂ।

ਪੰਡਤ-ਸੁਖ ਵਿਚ ਹੋ! ਇਹ ਰੋਣਾ ਸੁਖ ਦੀ ਨਿਸ਼ਾਨੀ ਹੈ?

ਰਾਜਾ-ਇਹ ਦੁਖ ਦਾ ਰੋਣਾ ਨਹੀਂ ਹੈ, ਇਹ ਪ੍ਰੇਮ ਦੇ ਅੱਥਰੂ ਹਨ।

ਪੰਡਤ-ਪ੍ਰੇਮ ਕੈਸਾ?

ਰਾਜਾ-ਕਿਸੇ ਪ੍ਰਿਯ ਵਸਤੂ ਦਾ।

ਪੰਡਤ-ਉਹ ਪ੍ਰਿਯ ਵਸਤੂ ਫੇਰ ਮੈਨੂੰ ਵੀ ਦੱਸੋ?

ਰਾਜਾ-ਅਗਲੇ ਦਿਨ ਜਦ ਤੁਸਾਂ ਨਾਲ ਵਾਰਤਾਲਾਪ ਹੋਈ ਸੀ ਤਾਂ ਮੈਂ ਸਾਰਾ ਹਾਲ ਦੱਸਿਆ ਸੀ।

ਪੰਡਤ-ਪਰ ਮੇਰੀ ਤਸੱਲੀ ਆਪ ਨਹੀਂ ਸੀ ਕਰ ਸਕੇ!

ਰਾਜਾ-ਪੰਡਤ ਜੀ! ਤੁਹਾਨੂੰ ਯਾਦ ਹੈ ਜਦੋਂ ਅਸੀਂ ਪਾਤੰਜਲ ਜੀ ਦਾ ਦਰਸ਼ਨ ਵੀਚਾਰਦੇ ਸਾਂ ਤਦ ਭਗਤੀ ਦਾ ਵਿਸ਼ਾ ਜਦ ਚੱਲਿਆ ਤਾਂ ਈਸ਼੍ਵਰ ਦੇ ਲੱਛਣ ਆਏ ਕਿ ਉਹ ਕਲੇਸ਼ ਕਰਮ ਤੇ ਫਲ ਆਦਿ ਤੋਂ ਸਦੀਵ ਬੇਅਸਰ ਹੈ, ਅਰ ਪੁਰਖ ਵਿਸ਼ੇਸ਼ ਹੈ। ਇਤਨਾ ਕਹਿਕੇ ਉਹਨਾਂ ਨੇ ਫੇਰ ਕਿਹਾ ਹੈ:-

"ਤਤ੍ਰ ਨਿਰਤਿਸ਼ਯੰ ਸਰਬੱਗਯ ਬੀਜਮ੍[1]"

ਇਸ ਸੂਤ੍ਰ ਵੇਲੇ ਮੈਂ ਹੱਸਕੇ ਤੁਹਾਨੂੰ ਕਿਹਾ ਸੀ ਕਿ ਇਹ ਯੁਕਤੀ ਕੀਕੂੰ ਹੋਈ? ਪਰਮੇਸ਼ੁਰ ਵਿਚ ਸਰਬੱਗਯਤਾ ਦਾ ਬੀਜ ਨਿਰਤਿਸ਼ਯ ਹੈ, ਅਰਥਾਤ ਉਸ ਤੋਂ ਵੱਧ ਹੋਰ ਕਿਸੇ ਵਿਚ ਨਹੀਂ ਹੈ, ਇਹ ਇਕ ਉੱਤਮ ਖ਼ਿਆਲ ਹੈ ਯਾ ਕਿਸੇ ਦੇ ਈਮਾਨ ਦਾ ਇਕਰਾਰ ਹੈ, ਜੋ ਉਸ ਨੇ ਕਹਿ ਦਿੱਤਾ। 'ਪਰਮੇਸ਼ੁਰ ਜ਼ਰੂਰ ਹੈ' ਇਸ ਗੱਲ ਦੀ ਇਹ ਯੁਕਤੀ ਕਿਸ ਤਰ੍ਹਾਂ ਹੋਈ? ਸਾਂਖ ਨੇ ਕਹਿ ਦਿਤਾ: ਈਸ਼੍ਵਰ; ਸਿੱਧ ਨਹੀਂ', ਯੋਗ ਨੇ ਕਹਿ ਦਿੱਤਾ ਕਿ ਪੁਰਖ ਵਿਸ਼ੇਸ਼ ਈਸ਼੍ਵਰ ਹੈ, ਅਰ ਉਸ ਵਿਚ ਸੂਬੱਗਯਤਾ ਦੀ ਅਵਧੀ ਹੈ। ਯੁਕਤੀ ਤਾਂ ਇਹ ਨਹੀਂ ਹੈ। ਫੇਰ ਤੁਸੀਂ ਬੀ ਘਬਰਾਏ ਸੇ। ਅਗਲੇ ਦਿਨ ਤੁਸੀਂ ਯੋਗਭਾਸ਼ ਲਿਆਏ। ਭਾਸ਼ਕਾਰ ਨੇ ਇਸੇ ਸੂਤ੍ਰ ਤੋਂ ਯੁਕਤੀ ਸਿੱਧ ਕਰ ਦਿਖਾਈ ਸੀ ਕਿ ਇਹ ਉਸ ਦੇ ਹੋਣ ਦੀ ਦਲੀਲ ਹੈ। ਉਸ ਵੇਲੇ ਜੋ ਰਸ ਤੁਸਾਡੀ ਤੇ ਮੇਰੀ ਸਮਝ ਨੂੰ ਆਇਆ ਸੀ ਯਾਦ ਹੈ ਕਿ ਨਹੀਂ?

ਪੰਡਤ-ਜੀ ਹਾਂ, ਅਚਰਜ ਰਸ ਸਾ!

ਰਾਜਾ-ਭਲਾ ਓਹੋ ਗੱਲ ਤੁਸੀਂ ਕਿਸੇ ਅਨਪੜ੍ਹ ਰਾਹਕ ਨੂੰ ਜਾਕੇ ਸਮਝਾਓ ਤਾਂ ਕੀ ਉਸ ਨੂੰ ਉਹ ਰਸ ਆਵੇਗਾ?

ਪੰਡਤ-ਨਹੀਂ ਜੀ!

ਰਾਜਾ-ਇਸ ਤਰ੍ਹਾਂ ਜਿਵੇਂ ਉਹ ਰਸ ਬੁੱਧੀ ਦੀ ਪ੍ਰਾਗੱਲਭਤਾ ਦਾ ਸੀ, ਅਰ ਬੁੱਧੀ ਮੰਡਲ ਦੀ ਵਸਤੂ ਸੀ ਤੇ ਉਤਨੀ ਮੰਝੀ ਹੋਈ ਤੇ ਸਾਫ ਬੁੱਧੀ ਵਾਲੇ ਹੀ ਉਸ ਦਾ ਰਸ ਲੈ ਸਕਦੇ ਹਨ, ਇਸੀ ਤਰ੍ਹਾਂ ਜੋ ਰਸ ਮੈਨੂੰ ਹੁਣ ਹੈ ਇਹ ਕਿਸੇ ਹੋਰਸ ਮੰਡਲ ਦਾ ਹੈ, ਜਿੱਥੇ ਮੇਰੀ ਜਾਚੇ ਬੁੱਧੀ ਤੋਂ ਉਚੇਰਾ ਕੁਝ

[1] ਯੋਗ ਦਰਸ਼ਨ, ਸਮਾਧਿ ਪਾਦ, ਸੂਤ੍ਰ ੨੫।

ਹੋਰ ਹੋ ਜਾਂਦਾ ਹੈ। ਮੈਂ ਹੁਣ ਉਸ ਰਸ ਨੂੰ ਬੁੱਧੀ ਨਾਲ ਕਿਵੇਂ ਵਰਣਨ ਕਰ ਸੱਕਾਂ?

ਪੰਡਤ-ਰਾਜਨ! ਜਿੱਥੇ ਬੁੱਧੀ ਕੰਮ ਨਹੀਂ ਕਰਦੀ, ਉਹ ਕੀ ਦਸ਼ਾ ਹੋਈ ? ਕੀ ਉਹ ਜੜ੍ਹਤਾ ਹੈ, ਅਚੇਤਨਤਾ ਹੈ? ਖਿਮਾਂ ਕਰਨੀ, ਅੱਗਜਾਨ ਹੀ ਤਾਂ ਨਹੀਂ ਹੈ ਉਹ?

ਰਾਜਾ-ਜੇ ਤਾਂ ਬੁੱਧੀ ਤੋਂ ਹੇਠਾਂ ਨੂੰ ਰੁਖ ਹੋਵੇ ਤਾਂ ਤਾਂ ਕੁਛ ਕਹਿ ਲਓ ਪਰ ਜੇ ਉੱਪਰ ਨੂੰ ਰੁਖ ਹੋਵੇ ਤਾਂ ਕੀਕੂੰ ਬੁੱਧੀ ਰਹਿਤ ਦਸ਼ਾ ਹੋਈ?

ਪੰਡਤ-ਜਦ ਬੁੱਧੀ ਨਹੀਂ ਰਹੀ ਤਾਂ ਕੀ ਰਹਿ ਗਿਆ?

ਰਾਜਾ-ਅਸਾਂ ਯੋਗ ਵਸ਼ਿਸ਼ਟ ਇਕੱਠੇ ਵਾਚਿਆ ਸੀ, ਜਿਸ ਅਵਸਥਾ ਨੂੰ ਉਹ ਅਫੁਰ ਤੇ ਅਕ੍ਰੈ ਕਹਿਕੇ ਉੱਚੀ ਦੱਸਦਾ ਹੈ, ਜਿਥੇ ਕਿ ਸੰਕਲਪ ਵਿਕਲਪ ਨਹੀਂ ਰਿਹਾ, ਜਿਥੇ ਕਿ ਫੁਰਨਾ ਨਹੀਂ ਰਿਹਾ, ਓਥੇ ਕਿਆ ਜੜ੍ਹਤਾ ਰਹੀ?

ਪੰਡਤ-ਨਹੀਂ, ਓਥੇ ਸ਼ੁੱਧ ਚੇਤਨ ਰਿਹਾ!

ਰਾਜਾ-ਜਿੱਥੇ ਜਦ ਪੰਜੇ ਗਯਾਨੇਂਦ੍ਰਯ ਮਨ ਸਹਿਤ ਖੜੇ ਹੋ ਜਾਂਦੇ ਹਨ ਤੇ ਬੁੱਧੀ ਬੀ ਨਹੀਂ ਡੋਲਦੀ[1] ਕੀ ਤਦੋਂ ਜੜ੍ਹਤਾ ਤੇ ਅਗ੍ਯਾਨ ਹੋ ਜਾਂਦਾ ਹੈ।

ਪੰਡਤ-ਹਛਾ..., ਹੂੰ ....ਪਰ ਕਿਵੇਂ?

ਰਾਜਾ-ਜਿਥੇ ਸਿਮ੍ਰਤੀ ਨਹੀਂ : ਪ੍ਰਮਾਣ ਨਹੀਂ ਰਿਹਾ, ਓਥੇ ਮਨ ਤੇ ਬੁੱਧੀ ਕਿੱਥੇ ਰਹੇ? ਮਨ ਦਾ ਧਰਮ ਚਿੰਤਨ ਹੈ, ਬੁੱਧੀ ਦਾ ਧਰਮ ਵਿਵੇਕ ਹੈ। ਜਦ ਸਾਰੀ ਚਿੱਤ ਦੀ ਬ੍ਰਿਤੀ ਨਿਰੁੱਧ ਹੋ ਗਈ ਹੈ ਤਾਂ ਕਿਆ ਅਚੇਤਨਤਾ ਹੋ ਗਈ?

ਪੰਡਤ-ਨਹੀਂ, ਓਥੇ 'ਦ੍ਰਿਸ਼ਟਾ' ਦੀ ਆਪਣੇ ਸਰੂਪ ਵਿਚ ਇਸਥਿਤੀ ਹੈ।

ਰਾਜਾ-ਤਾਂ ਤਾਂ ਕੋਈ ਅਵਸਥਾ ਹੈ ਨਾ ਕਿ ਜਿਥੇ ਫੁਰਨਾ ਨਾਂ ਰਹੇ; ਜਿਥੇ ਬ੍ਰਿਤੀਆਂ ਨਿੱਰੁਧ ਹੋ ਜਾਣ ਤੇ ਫੇਰ 'ਹੈ' ਦੀ ਅਵਸਥਾ ਹੋਵੇ ਤੇ ਉਹ 'ਹੈ' ਗਯਾਨ ਹੋਵੇ ਤੇ ਉਸ ਗਯਾਨ ਵਿਚ ਅਨੰਦ ਹੋਵੇ।

ਪੰਡਤ-ਉੱਤਰ ਤਾਂ ਆ ਗਿਆ, ਪਰ ਆਪ ਨੇ ਨਾ ਕ੍ਰਿਆ ਯੋਗ ਕੀਤਾ ਹੈ, ਨਾਂ ਸਾਂਖ ਯੋਗ ਕੀਤਾ ਹੈ, ਨਾ ਹਠ ਯੋਗ, ਨਾ ਰਾਜ ਯੋਗ, ਨਾ ਨਾਮ ਰੂਪ ਤੋਂ ਨਿਕਲਕੇ ਬ੍ਰਹਮ ਅਭ੍ਯਾਸ ਕੀਤਾ ਹੈ, ਮੈਂ ਕਿਸ ਤਰ੍ਹਾਂ ਮੰਨ ਲਵਾਂ ਕਿ ਆਪ ਯੋਗੀ ਯਾ ਸੰਨਿਆਸੀ ਹੋ ਗਏ ਹੋ?

ਰਾਜਾ-ਮੈਂ ਨਾ ਯੋਗੀ ਹਾਂ, ਨਾ ਸੰਨ੍ਯਾਸੀ, ਪਰ ਮੈਂ ਅੰਧਕਾਰ ਵਿਚ ਨਹੀਂ, ਅਗ੍ਯਾਨ ਵਿਚ ਨਹੀਂ, ਦੁੱਖ ਵਿਚ ਨਹੀਂ, ਮੈਂ ਕਿਸੇ ਰਸ ਵਿਚ ਹਾਂ, ਜਿਥੇ ਮੇਰੀ ਬੁੱਧੀ ਦੇ ਪੈਰ ਲੰਗੜੇ ਹਨ। ਰਸ ਅਲੌਕਿਕ ਹੈ, ਸੱਚ ਮੁੱਚ ਹੈ। ਤੁਸਾਂ ਕਿਹਾ ਸੀ ਉਹ ਰਸ ਨਹੀਂ ਅਗਯਾਨ ਹੈ। ਮੈਂ ਤੁਸਾਨੂੰ ਸਿੱਧ ਕਰਕੇ ਦੱਸਿਆ ਹੈ ਕਿ ਕੋਈ ਐਸੀ ਅਵਸਥਾ ਬੀ ਹੋ ਸਕਦੀ ਹੈ ਜੋ ਸਾਧਾਰਣ ਤੋਂ ਉੱਚੀ ਹੈ ਤੇ ਜਿੱਥੇ ਚਾਨਣਾ ਐਨਾ ਵਧੀਕ ਹੈ ਕਿ ਚਾਨਣੇ ਦੀ ਬਹੁੱਲਤਾ ਕਰਕੇ ਬੁੱਧੀ ਦੇ ਨੇਤ੍ਰ ਮਿਟਦੇ ਜਾਂਦੇ ਹਨ।

ਪੰਡਤ-ਉਸ ਰਸ ਦਾ ਵਰਣਨ ਕਰੋ।

ਰਾਜਾ-ਜਿਥੇ ਹੋਸ਼ ਦੇ ਖੰਭ ਸੜਦੇ ਹਨ, ਜਿਥੇ ਸੋਚ ਦੇ ਪੈਰ ਭੁੱਜਦੇ ਹਨ, ਓਥੋਂ ਦਾ ਵਰਣਨ ਜੀਭ ਕਿਸ ਤਰ੍ਹਾਂ ਕਰ ਸਕੇ?

ਪੰਡਤ-ਕੁਛ ਚਿੱਤ ਦੀ ਦਸ਼ਾ ਹੀ ਦੱਸੋ ਕਿ ਕੀ ਕਹਿੰਦੀ ਹੈ?

ਰਾਜਾ-ਚਿੱਤ ਇਕ ਠੰਢ ਰਸ ਵਿਚ ਰਹਿੰਦਾ ਹੈ, ਕੋਈ ਖਿੱਚ ਰਹਿੰਦੀ ਹੈ, ਜੋ ਅਤੀ ਸੁਆਦਲੀ ਪੀੜਾ ਕਰਦੀ ਹੈ। ਪੀੜ ਨਹੀਂ ਕਰਦੀ, ਰਸ ਦੀ ਖਿੱਚ ਐਨੀ ਹੈ ਕਿ ਝੱਲ ਨਹੀਂ ਹੁੰਦੀ, ਖੇੜਾ ਤੇ ਸੁਆਦ ਟੁੱਟਦੇ ਨਹੀਂ!

ਪੰਡਤ-ਕੋਈ ਚਿੰਤਨ?

ਰਾਜਾ-ਮਨ ਦੇ 'ਅਨੇਕ ਚਿੰਤਨ' ਟੁੱਟ ਗਏ ਹਨ; ਕੇਵਲ 'ਇਕ ਚਿੰਤਨ' ਲਗਾਤਾਰ ਰਹਿੰਦਾ ਹੈ, ਅਰ ਉਹ ਕੁਛ ਬੇਖ਼ੁਦੀ ਵਿਚ ਰੱਖਦਾ ਹੈ[1]। ਇਹ ਬੇਖ਼ੁਦੀ ਮੈਥੋਂ ਕਹੀ ਨਹੀਂ ਜਾਂਦੀ!

ਪੰਡਤ-ਕੁਛ ਨਸ਼ਾ ਜਿਹਾ ਹੈ? ਤੇ ਕਦੇ ਉਹ ਟੁੱਟਦਾ ਬੀ ਹੈ?

ਰਾਜਾ-ਨਸ਼ਾ ਨਹੀਂ, ਪਰ ਕੋਈ ਉੱਚਯਾਨ ਜਿਹੀ ਦੀ ਪ੍ਰਤੀਤੀ ਹੈ। ਮਨੋਰਾਜ ਨਹੀਂ ਉਠਦੇ। ਹਲਕਾਪਨ, ਉੱਜਲਤਾ, ਸੁੰਦਰਤਾ ਦੀ ਅੰਤਰ ਆਤਮੇ ਪ੍ਰਤੀਤੀ ਰਹਿੰਦੀ ਹੈ: ਟਿਕਾਉ ਹੈ, ਅਨੰਦ

---

[1] ਕਠ ਉਪਨਿਖਦ ੬, ੧੦।

[1] ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥ (ਦਖਣੀ ਓਅੰਕਾਰ)

ਹੈ। ਟੁੱਟਣੇ ਦਾ ਤਾਂ ਪਤਾ ਨਹੀਂ, ਸ੍ਰੀ ਨਾਨਕ ਚਰਨਾਂ ਦੇ ਦਰਸ਼ਨਾਂ ਦੀ ਅਭਿਲਾਖਾ ਕਦੇ ਐਤਨੀ ਤ੍ਰਿਖੀ ਹੁੰਦੀ ਹੈ ਕਿ ਪ੍ਰੇਮ ਵਿਆਕੁਲ ਕਰ ਦੇਂਦਾ ਹੈ। ਸ੍ਰੀ ਨਾਨਕ....!

ਇਹ ਕਹਿਕੇ ਰਾਜਾ ਦੇ ਨੇਤ੍ਰ ਮੁੰਦ ਗਏ, ਨੈਣਾਂ ਤੋਂ ਨੀਰ ਦਾ ਪ੍ਰਵਾਹ ਟੁਰ ਪਿਆ, ਅਰ ਘੜੀ ਭਰ ਅੱਖ ਨਹੀਂ ਖੁੱਲ੍ਹੀ, ਜਦ ਖੁੱਲ੍ਹੀ ਤਾਂ।

ਪੰਡਤ-ਮੈਂ ਆਪ ਨੂੰ ਖੇਚਲ ਦੇ ਰਿਹਾ ਹਾਂ।

ਰਾਜਾ-ਨਹੀਂ ਜੀ!

ਪੰਡਤ-ਭਲਾ ਜੀ! ਇਹ ਤਾਂ ਦੱਸੋ, ਸਾਰਾ ਦਿਨ ਯਾ ਬਹੁਤ ਸਾਰਾ ਚਿਰ ਆਪ ਰਾਜ ਦਰਬਾਰ ਦਾ ਕੰਮ ਜਿਉਂ ਕਾ ਤਿਉਂ ਕਰਦੇ ਹੋ, ਅੰਨ ਬੀ ਪਾਉਂਦੇ ਹੋ. ਸਰੀਰ ਦੀ ਕਿਰਿਆ ਬੀ ਸਾਧਦੇ ਹੋ, ਤੁਹਾਡਾ ਮਨ ਨਾਲੇ 'ਏਕ ਚਿੰਤਨ' ਕਰਦਾ ਹੈ, ਨਾਲੇ ਇਹ ਸੰਸਾਰ ਦੇ ਸਾਰੇ ਕੰਮ ਕਰਦਾ ਹੈ, ਇਹ ਕਦੇ ਹੋ ਸਕਦਾ ਹੈ? ਮਨ ਇਕ ਹੈ, ਇਕ ਸਮੇਂ ਤਾਂ ਇਕ ਪਾਸੇ ਲੱਗ ਸਕਦਾ ਹੈ।

ਰਾਜਾ-ਕਿਆ ਤੁਸੀਂ ਮੰਨਦੇ ਹੋ ਕਿ ਰਾਜਾ ਜਨਕ ਨਾਲੇ ਪੂਰਨ ਭਗਤ, ਪੂਰਨ ਬ੍ਰਹਮ ਗਯਾਨੀ ਸੀ, ਨਾਲੇ ਰਾਜਸੀ ਕੰਮ ਪੂਰੇ ਕਰਦਾ ਸੀ।

ਪੰਡਤ-ਜੀ ਹਾਂ!

ਰਾਜਾ-ਕੀ ਜਦੋਂ ਉਹ ਰਾਜ ਦਰਬਾਰ ਦਾ ਕੰਮ ਕਰਦਾ ਸੀ, ਉਸ ਵੇਲੇ ਭਗਤ ਅਰ ਗਯਾਨੀ ਨਹੀਂ ਸੀ ਰਹਿੰਦਾ? ਅਤੇ ਜਿਸ ਵੇਲੇ ਸੰਗਤ ਵਿਚ ਬੈਠਦਾ ਸੀ ਯਾ ਆਸਨ ਤੇ ਇਸਥਿਤ ਹੁੰਦਾ ਸੀ ਉਸ ਵੇਲੇ ਰਾਜਾ ਨਹੀਂ ਸੀ ਰਹਿੰਦਾ?

ਪੰਡਤ-ਨਹੀਂ, ਉਹ ਤਾਂ ਗੀਤਾ ਦੇ ਸਿੱਧਾਂਤ ਅਨੁਸਾਰ ਕਰਮ ਕਰਦਾ ਨਿਹਕਰਮੀ ਸੀ। ਉਹ ਨਿਸ਼ਕਾਮ ਭਗਤ ਸੀ, ਓਸਦੇ ਦੋਨੋਂ ਪੱਖ ਪੂਰਨ ਸੇ!

ਰਾਜਾ-ਜਦੋਂ ਕ੍ਰਿਸ਼ਨ ਜੀ ਨੇ ਅਰਜਨ ਨੂੰ ਲੜਨ ਦਾ ਉਪਦੇਸ਼ ਦਿੱਤਾ ਸੀ, ਉਸ ਨੂੰ ਗੀਤਾ ਵਿਚ ਸ਼ਸਤ੍ਰ ਵਿਦਯਾ ਸਿਖਾਈ ਸੀ ਕਿ ਬ੍ਰਹਮ ਗਯਾਨ? ਅਰ ਬ੍ਰਹਮ ਗਯਾਨ ਵਿਚ ਅਰੂੜ੍ਹ ਕਰਕੇ ਲੜਨਾ ਸਿਖਾਇਆ ਸੀ, ਤਾਂ ਉਸ ਦੇ ਮਨ ਨੇ 'ਕਤਲ' ਕੀਤੀ ਸੀ ਕਿ ਗਯਾਨੀ ਹੋਕੇ 'ਧਰਮ' ਪਾਲਿਆ ਸੀ?

ਪੰਡਤ-ਉਸ ਦਾ ਮਨ ਅਲੇਪ ਸੀ, ਪਾਲਿਆ ਉਸ ਨੇ ਧਰਮ ਸੀ, ਹੋਈ ਚਾਹੋ ਕਤਲ ਸੀ।

ਰਾਜਾ-ਤਾਂਤੇ ਹੈ ਨਾ ਕੋਈ ਅਵਸਥਾ ਕਿ ਜਿੱਥੇ ਮਨੁੱਖ ਦਾ ਇਕ ਮਨ ਇਕ ਸਮੇਂ ਦੋ ਕੰਮ ਕਰ ਸਕਦਾ ਹੈ।

ਪੰਡਤ-ਹੈਂ!

ਰਾਜਾ-ਨਹੀਂ, ਰਾਜਾ ਜਨਕ ਜੈਸੇ ਗਯਾਨੀ ਅਰ ਸ੍ਰੀ ਕ੍ਰਿਸ਼ਨ ਜੀ ਜੈਸੇ ਯੋਗੀ ਤੋਂ ਛੁਟ ਆਪ ਦੁਨੀਆਂ ਵਿਚ ਤੱਕੋ: ਘੜੇ ਉਤੇ ਘੜਾ ਤੇ ਉਸ ਪਰ ਹੋਰ ਘੜਾ ਰੱਖਕੇ ਪਨਿਹਾਰੀ ਟੁਰੀ ਆਉਂਦੀ ਹੈ ਤੇ ਨਾਲੇ ਸਹੇਲੀਆਂ ਨਾਲ ਗੱਲਾਂ ਕਰਦੀ ਆਉਂਦੀ ਹੈ। ਕੁੱਛੜ ਬਾਲ ਹੈ, ਉਸ ਨੂੰ ਦੁੱਧ ਦੇਈ ਆਉਂਦੀ ਹੈ। ਨਾਲੇ ਉਸ ਦਾ ਚਿੱਤ ਘੜਿਆਂ ਨੂੰ ਸੇਧ ਵਿਚ ਰੱਖਦਾ ਹੈ, ਨਾਲੇ ਸਹੇਲੀ ਦੇ ਪ੍ਰਸ਼ਨਾਂ ਦਾ ਉੱਤਰ ਦੇਂਦਾ ਹੈ। ਕਦੇ ਬਾਜ਼ੀਗਰ ਡਿੱਠਾ ਹੈ? ਨਾਲੇ ਰੱਸੇ ਤੇ ਟੁਰਦਾ ਹੈ; ਨਾਲੇ ਗਾਉਂਦਾ ਹੈ। ਨਾਲੇ ਤਾਂ ਉਸ ਦਾ ਮਨ ਰੱਸੇ ਉਤੇ ਅਪਣੇ ਭਾਰ ਨੂੰ ਇਕ ਤੁੱਲ ਰੱਖਦਾ ਹੈ ਨਾਲੇ ਰਾਗ ਦੇ ਸੁਰ ਤਾਰ ਵਿਚ ਲਗਕੇ ਉਸ ਨੂੰ ਠੀਕ ਰੱਖਦਾ ਹੈ। ਹੈ ਨ ਐਸੀ ਕੋਈ ਦਸ਼ਾ ਕਿ ਇਕ ਮਨ ਇਕ ਸਮੇਂ ਦੋ ਕੰਮ ਕਰ ਸਕਦਾ ਹੈ। ਮੈਂ ਤੁਸਾਂ ਨੂੰ ਕਈ ਵੇਰੀ ਡਿੱਠਾ ਹੈ ਕਿ ਨਾਲੇ ਪਾਨ ਚਬਾ ਰਹੇ ਹੁੰਦੇ ਹੋ ਨਾਲੇ ਸ਼ਤਰੰਜ ਦੀ ਚਾਲ ਚਲ ਰਹੇ ਹੁੰਦੇ ਹੋ।

ਪੰਡਤ-ਮਖ਼ੌਲ ਤੁਸਾਂ ਵੀਚਾਰ ਵੇਲੇ ਵੀ ਨਾ ਛੱਡਣਾ!

ਰਾਜਾ-ਹਾਸੀ ਨਹੀਂ, ਮੈਂ ਚਾਹੁੰਦਾ ਹਾਂ ਤੁਸੀਂ ਸਮਝ ਲਓ ਕਿ ਕੁਈ ਦਸ਼ਾ ਮੈਨੂੰ ਬੀ ਐਸੀ ਲੱਭ ਗਈ ਹੈ ਕਿ ਮੇਰਾ ਮਨ ਇਕ ਸਮੇਂ ਦੋ ਕੰਮ ਕਰ ਲੈਂਦਾ ਹੈ!

ਪੰਡਤ-ਵਿਸ਼ੇਸ਼ ਖੋਹਲੋ।

ਰਾਜਾ-ਪੰਡਤ ਜੀ! ਤੁਸੀਂ ਐਸੀਆਂ ਦਸ਼ਾ ਦੇ ਜਾਣੂ ਹੋ ਕਿ ਚਿੱਤ ਕਈ ਕੰਮ ਕਰਦਾ ਹੈ। ਹੁਣ ਦੇਖੋ ਚਿੱਤ ਦੇ ਹੋਰ ਦੋ ਪੱਖ ਹਨ ਇਕ ਇਰਾਦੇ ਸੰਯੁਕਤ ਹੈ, ਇਕ ਬਿਨਾਂ ਇਰਾਦੇ ਕੰਮ ਕਰਦਾ ਹੈ।

ਪੰਡਤ-ਕੀਕੂੰ?

ਰਾਜਾ-ਇਕ ਆਦਮੀ ਮਰ ਗਿਆ ਹੈ, ਸਰੀਰ ਜਿਉਂ ਕਾ ਤਿਉਂ ਹੈ, ਇਸ ਦੇ ਪੇਟ ਵਿਚ ਰੋਟੀ ਪਾਓ ਪਚਦੀ ਨਹੀਂ?

ਪੰਡਤ-ਪਚਾਉਣਹਾਰਾ ਮਨ ਜੁ ਵਿਚ ਨਹੀਂ।

ਰਾਜਾ-ਜਦ ਜੀਉਂਦਾ ਹੈ ਤਦ ਰੋਟੀ ਹਜ਼ਮ ਹੁੰਦੀ ਹੈ, ਸਿੱਧ ਹੋਇਆ ਕਿ ਮਨ ਰੋਟੀ ਨੂੰ ਹਜ਼ਮ ਕਰਦਾ ਹੈ।

ਪੰਡਤ-ਸਾਰੀ ਸਰੀਰ ਦੀ ਕ੍ਰਿਆ ਮਨ ਆਸ਼੍ਰਿਤ ਹੈ, ਸਾਰੇ ਇੰਦ੍ਰਿਆਂ ਨੂੰ, ਸਾਰੇ ਅੰਗਾਂ ਨੂੰ ਮਨ ਹੀ ਸੱਤਾ ਸਫੁਰਤੀ ਦੇਂਦਾ ਹੈ।

ਰਾਜਾ-ਪਰ ਇਹ ਤਾਂ ਦੱਸੋ ਕਦੇ ਤੁਸਾਂ ਰੋਟੀ ਖਾਕੇ ਸੰਕਲਪ ਦੇਕੇ, ਧਿਆਨ ਦੇਕੇ ਰੋਟੀ ਹਜ਼ਮ ਕੀਤੀ ਹੈ? ਕਿ ਭੁੱਖ ਆਸਰੇ ਰੋਟੀ ਖਾਧੀ ਹੈ? ਰੋਟੀ ਪੇਟ ਵਿਚ ਗਈ, ਤੁਸੀਂ ਹੋਰ ਆਹਰੇ ਲੱਗ ਗਏ, ਸ਼ਾਮ ਨੂੰ ਵਿਹਲੇ ਹੋਏ, ਦੇਖਿਆ ਤਾਂ ਭੁੱਖ ਲੱਗੀ ਹੋਈ ਹੈ, ਤਦੋਂ ਪਤਾ ਲੱਗਾ ਕਿ ਰੋਟੀ ਹਜ਼ਮ ਹੋ ਗਈ ਹੈ। ਹਜ਼ਮ ਤਾਂ ਤੁਸਾਡੇ ਮਨ ਨੇ ਕੀਤੀ ਹੈ, ਪਰ ਮਨ ਤੁਸਾਡਾ ਸਾਰਾ ਦਿਨ ਸੰਸਾਰ ਦਾ ਵਿਹਾਰ ਕਰਦਾ ਰਿਹਾ ਹੈ, ਰੋਟੀ ਮਨ ਨੇ ਕਿਸ ਤਰ੍ਹਾਂ ਹਜ਼ਮ ਕਰ ਲਈ ਹੈ? ਹੈ ਨਾ ਮਨ ਦਾ ਕੋਈ ਹੋਰ ਐਸਾ ਪਹਿਲੂ ਕਿ ਸਾਡੇ ਇਰਾਦੇ ਯਾ ਸੰਕਲਪ ਤੋਂ ਬਿਨਾਂ ਬੀ ਕੰਮ ਕਰਦਾ ਰਹਿੰਦਾ ਹੈ, ਜਿਥੇ ਸਾਨੂੰ ਕਿਸੇ ਇਰਾਦੇ ਨਾਲ ਸੱਤਾ ਦੇਣ ਦੀ ਲੋੜ ਨਹੀਂ?

ਪੰਡਤ-(ਹੈਰਾਨ ਹੋ ਕੇ)-ਹੈ ਤਾਂ ਸਹੀ।

ਰਾਜਾ-ਫੇਰ ਸਿਧ ਹੋਇਆ ਕਿ ਯਾ ਤਾਂ ਮਨ ਦੋ ਹਨ, ਇਕ ਸਾਡੇ ਇਰਾਦੇ ਤੋਂ ਬਿਨਾਂ ਕੰਮ ਕਰਦਾ ਹੈ ਤੇ ਦੂਜਾ ਸਾਡੇ ਇਰਾਦੇ ਯਾ ਸੰਕਲਪ ਨਾਲ ਕੰਮ ਕਰਦਾ ਹੈ। ਯਾ ਮਨ ਇਕੋ ਹੈ ਤੇ ਉਸ ਦੇ ਪਹਿਲੂ ਦੋ ਹਨ, ਯਾ ਉਸ ਦੇ ਕੋਈ ਅੰਗ ਐਸੇ ਦੋ ਹਨ ਕਿ ਇਕ ਬਿਨ ਇਰਾਦੇ ਕੰਮ ਕਰਦਾ ਹੈ ਤੇ ਇਕ ਇਰਾਦੇ ਨੂੰ ਪਾ ਕੇ ਕੰਮ ਕਰਦਾ ਹੈ। ਸਾਨੂੰ ਇਰਾਦੇ ਵਾਲੇ ਮਨ ਦਾ ਪਤਾ ਹੈ, ਪਰ ਦੂਏ ਦੇ ਕੰਮ ਕਾਜ ਦਾ ਸਿੱਧਾ ਪਤਾ ਕੋਈ ਨਹੀਂ, ਅਨੁਮਾਨ ਆਦਿਕ ਨਾਲ ਪਤਾ ਲਗਦਾ ਹੈ।

ਪੰਡਤ-ਠੀਕ ਹੈ।

ਰਾਜਾ-ਤਦ ਫੇਰ ਮਨ ਨੂੰ ਯਾ ਦੋ ਕਹੋ, ਯਾ ਦੋ ਪਹਿਲੂਆ ਕਹੋ, ਯਾ ਦੋ ਸ਼ਕਤੀਆਂ ਕਹੋ, ਯਾ ਕੋਈ ਹੋਰ ਗੱਲ ਆਖੋ।

ਪੰਡਤ-ਆਪ ਦਾ ਸਿੱਧਾਂਤ ਕੀਹ ਹੈ?

ਰਾਜਾ-ਮੇਰਾ ਸਿੱਧਾਤ ਤਾਂ ਆਪ ਅਜੇ ਸਮਝ ਨਹੀਂ ਸਕੋਗੇ, ਹਾਂ ਆਪ ਦੇ ਪ੍ਰਸ਼ਨਾਂ ਦਾ ਉੱਤਰ ਹੈ ਕਿ ਜੇ ਮਨ ਇਕ ਹੈ ਤਾਂ ਇਸ ਦੇ ਗੁਣ, ਸੁਭਾਵ, ਸ਼ਕਤੀਆਂ ਅਨੇਕ ਹੋਸਣ, ਇਕ ਸਮੇਂ ਵਿਚ ਕਿਸੇ ਸ਼ਕਲ ਵਿਚ ਦੋ ਕੰਮ ਕਰ ਸਕਦਾ ਹੈ ਅਰ ਇਹ ਕਿ 'ਗ਼ੈਰ ਇਰਾਦੀ' ਤਾਕਤ ਨਾਲ ਤਾਂ ਸਦਾ ਮਨ ਅੰਦਰਲੇ ਪ੍ਰਬੰਧ ਵਿਚ ਲਗਾ ਰਹਿੰਦਾ ਹੈ ਅਰ 'ਇਰਾਦੀ' ਤਾਕਤ ਨਾਲ ਸਮਝਕੇ ਕੰਮ ਕਰਦਾ ਹੈ। ਇਹ ਸਮਝ ਦੇ ਕੰਮ ਨੂੰ ਬੀ ਮੈਂ ਸਿੱਧ ਕੀਤਾ ਹੈ ਕਿ ਇਕ ਵਕਤ ਵਿਚ ਦੋ ਹੋ ਸਕਦੇ ਹਨ, ਤਾਂਤੇ ਐਸੀ ਹਾਲਤ ਵਿਚ ਮੁਮਕਿਨ ਹੈ ਕਿ ਮਨ ਇਕ ਸਮੇਂ ਵਿਚ ਦੋ ਕੰਮ ਕਰ ਸਕੇ। ਫਿਰ ਆਪ' ਗਿਆਨੀ ਚਿਤ', 'ਧਿਆਨਜ ਚਿੱਤ' 'ਨਿਸ਼ਕਾਮ ਚਿੱਤ'[1] ਦੀ ਸ਼ਕਤੀ ਦਾ ਬੀ ਵੀਚਾਰ ਕਰੋ।

ਪੰਡਤ ਜੀ ਹੁਣ ਸੋਚਦੇ ਤਾਂ ਰਹੇ, ਪਰ ਕੋਈ ਗੱਲ ਫੁਰੀ ਨਾਂ, ਗੱਲ ਉਲਟਾਈ ਤੇ ਐਉਂ ਬੋਲੇ:-

ਹੇ ਰਾਜਨ! ਤੁਸੀਂ ਧਰਮ ਧੁਰੰਧਰ ਹੋ। ਗੌਰੰਗ ਸੁਆਮੀ ਜੀ ਜਦ ਰਾਮੇਸ਼ੁਰ ਆਏ ਤਦ ਆਪ ਦਰਸ਼ਨ ਮਾਤ੍ਰ ਵਾਸਤੇ ਨਹੀਂ ਗਏ ਸੀ, ਆਪ ਆਖਦੇ ਸੇ ਕਿ ਸਾਡੇ ਮਤ ਦਾ ਨਹੀਂ ਹੈ ਤੇ ਹੁਣ ਆਪ ਚੁਪ ਚਾਪ ਧਰਮ ਹੀਨ ਹੋ ਰਹੇ ਹੋ।

ਰਾਜਾ-ਪੰਡਤ ਜੀ! ਆਪ ਦਾ ਸਤਿਕਾਰ ਮੈਨੂੰ ਰੋਕਦਾ ਹੈ ਕਿ ਮੈਂ ਕੁਛ ਕਹਾਂ, ਪਰ ਆਪ ਐਸੇ ਕਠੋਰ ਵਾਕ ਨਾ ਉਚਾਰੀਏ। ਮੈਂ ਧਰਮਹੀਨ ਨਹੀਂ ਹੋ ਰਿਹਾ।

ਪੰਡਤ-ਤੁਸੀਂ ਹੁਣ ਨਾਨਕ ਉਪਾਸਕ ਹੋ ਗਏ ਹੋ, ਪਰ ਐਸੇ ਹੋਣ ਵਿਚ ਆਪਣੇ ਧਰਮ ਤੋਂ ਉਪ੍ਰਾਮ ਹੋ।

ਰਾਜਾ-ਪੰਡਤ ਜੀ! ਇਹ ਤ੍ਰੀਕਾ ਗੱਲ ਕਰਨ ਦਾ ਐਸ ਤਰ੍ਹਾਂ ਦਾ ਠੀਕ ਨਹੀਂ ! ਮੈਨੂੰ "ਨਾਨਕ ਪ੍ਰੇਮ" ਦਾ ਆਵੇਸ਼ ਹੋਇਆ ਹੈ, ਇਹ ਸੱਚ ਹੈ, ਪਰ ਇਸ ਹੋਣ ਵਿਚ ਮੇਰੇ ਅੰਦਰ ਕਿਸੇ ਨਾਲ ਦ੍ਵੈਖ ਉਤਪਤ ਨਹੀਂ ਹੋਈ। ਜਦ ਦ੍ਵੈਖ ਨਹੀਂ ਹੈ, ਤਾਂ ਮੈਂ ਧਰਮੀ ਹਾਂ। ਨਾ ਜਿਸ ਨੇ ਮੈਨੂੰ ਇਸ ਪ੍ਰੇਮ ਦੀ ਖ਼ਬਰ ਪਾਈ, ਉਸ ਨੇ ਕੋਈ ਦ੍ਵੈਖ ਨਹੀਂ ਹੈ, ਤਾਂ ਮੈਂ ਧਰਮੀ ਹਾਂ। ਨਾ ਜਿਸ ਨੇ ਮੈਨੂੰ ਇਸ ਪ੍ਰੇਮ ਦੀ ਖਬਰ ਪਾਈ, ਉਸ ਨੇ ਕੋਈ ਦ੍ਵੈਖ ਦੀ ਗੱਲ ਮੇਰੇ ਨਾਲ ਕੀਤੀ। ਕੋਈ ਖੰਡਨ ਮੰਡਨ ਉਸ ਨੇ ਨਹੀਂ ਕੀਤਾ, ਕਿਸੇ ਪ੍ਰਕਾਰ ਦੀ ਘ੍ਰਿਣਾ, ਕਿਸੇ ਪ੍ਰਕਾਰ ਦੀ

[1] ਇਹ ਤ੍ਰੈ ਨਾਮ ਉਸ ਚਿਤ ਦੇ ਹਨ ਜੋ ਗਿਆਨ ਯੋਗ ਤੇ ਭਗਤੀ ਆਦਿ ਸਾਧਨਾਂ ਦੀ ਸ਼ਕਤੀ ਨਾਲ ਵਾਸ਼ਨਾ ਰਹਿਤ ਹੋ ਗਿਆ ਹੈ, ਪਰ ਉਸ ਨੂੰ ਵਾਸ਼ਨਾਂ ਰਹਿਤ ਰਹਿਕੇ ਬੀ ਕਰਨੇ ਦੀ ਜਾਚ ਪ੍ਰਾਪਤ ਹੈ।

ਦ੍ਵੈਖ, ਗਿਲਾਨੀ ਉਸ ਨੇ ਮੈਨੂੰ ਨਹੀਂ ਸਿਖਾਈ। ਉਸ ਨੇ ਨਾਮ ਲਿਆ 'ਨਾਨਕ' ਤੇ ਮੈਨੂੰ ਧੂਹ ਪੈ ਗਈ;ਉਸ ਨੇ ਕੀਰਤੀ ਕੀਤੀ, ਮੈਨੂੰ ਪਿਆਰ ਪੈ ਗਿਆ, ਉਸ ਨੇ ਉਹਨਾਂ ਦੀ ਵਿਥਿਆ ਸੁਣਾਈ, ਮੈਨੂੰ ਉਹ ਆਪਣੇ ਲੱਗ ਪਏ।

ਪੰਡਤ-ਕਿਆ ਉਸ ਪਾਸ ਕੋਈ ਜਾਦੂਗਰੀ ਸੀ?

ਰਾਜਾ-ਜਾਦੂਗਰ ਤਾਂ ਆਸੁਰੀ ਸੰਪਦਾ ਦੇ ਖਿਲਾੜੀ ਹਨ। ਉਸ ਦਾ ਕਾਰ ਵਿਹਾਰ ਆਦਰਨ ਸ਼ੁਧ ਸੀ, ਉਸ ਦੇ ਸ਼ੁਭ ਕਰਮ ਬੀ ਨਿਸ਼ਕਾਮ ਸੇ, ਉਸ ਦੇ ਅੰਦਰ ਰਸ ਭਰੀ ਤੇ ਠੰਢੀ ਏਕਾਗ੍ਰਤਾ ਸੀ ਤੇ ਸਭ ਤੋਂ ਵਧਕੇ ਉਸ ਦੇ ਅੰਦਰ ਕੋਈ ਜੀਉਂਦੀ ਕਣੀ ਸੀ, ਕੋਈ ਆਤਮ ਰੌ ਸੀ ਤੇ ਕੋਈ ਐਸਾ ਉੱਚਾ ਚਮਤਕਾਰ ਸੀ, ਜੋ ਨਿਰੋਲ ਆਤਮਕ ਸੀ। ਜੋ ਕੁਝ ਇਹ ਸੀ ਇਸ ਨੂੰ ਜਾਦੂਗਰੀ ਨਹੀਂ ਕਿਹਾ ਜਾ ਸਕਦਾ, ਤੇ ਜੇ ਜਾਦੂ ਸੀ ਤਾਂ ਇਹ ਸੀ ਕਿ ਉਹ ਜੀਉਂਦਾ ਸੀ ਅਰ ਅਪਣੇ ਸਪਰਸ਼ ਨਾਲ ਜੀਵਨ ਦਾਨ ਕਰਦਾ ਸੀ।

ਪੰਡਤ-ਮੈਨੂੰ ਸਮਝ ਨਹੀਂ ਪੈਂਦੀ। ਇਕ ਜੀਵ ਆਤਮਾ ਯਾ ਪੁਰਖ, ਇਕ ਮਨ, ਇਕ ਸਰੀਰ ਤਾਂ ਹੋਏ, ਇਕ ਹੋਰ ਜੀਵਨ ਕੇਹਾ?

ਰਾਜਾ-ਜੀਵਾਤਮਾ ਮਨ ਤੇ ਸਰੀਰ ਤਾਂ ਹਰ ਕਿਸੇ ਨੂੰ ਪ੍ਰਾਪਤ ਹੈ ਤੇ ਪਰਮਾਤਮਾਂ ਬੀ ਸਭ ਵਿਚ ਵਿਆਪਕ ਹੈ, ਪਰ ਸਾਰੇ ਰਸੀਏ ਨਹੀਂ, ਖਿੜੇ ਹੋਏ ਨਹੀਂ, ਆਨੰਦ ਨਹੀਂ; ਬੇਖ਼ੁਦੀ ਦੇ ਆਲਮ ਵਿਚ ਨਹੀਂ, 'ਅਨੇਕ ਚਿੰਤਨ' ਤੋਂ ਮੁਕਤ ਨਹੀਂ, ਖਿੱਚ ਵਿਚ ਨਹੀਂ, ਪ੍ਰੇਮ ਦੇ ਹੁਲਾਰੇ ਵਿਚ ਨਹੀਂ, ਸੋਚ ਮੰਡਲ ਤੋਂ ਪਾਰ ਨਹੀਂ, 'ਆਸ ਅੰਦੇਸੇ' ਤੋਂ ਛੁਟੇ ਹੋਏ ਨਹੀਂ।

ਪੰਡਤ-(ਘਬਰਾਕੇ ਤੇ ਫੇਰ ਗੱਲ ਵਟਾਕੇ)-ਤੇ ਜੇ ਉਹ ਐਸਾ ਸੀ ਤਾਂ ਪੰਜਾਬ ਦੀ ਧਰਤੀ ਤੋਂ ਟੁਰਕੇ, ਜਿਥੇ ਆਖਦੇ ਹਨ ਕਿ ਦੁੱਧ ਦੀ ਨਹਿਰ ਵਗਦੀ ਹੈ ਤੇ ਕਣਕ ਦੇ ਟਿੱਲੇ ਖੜੇ ਹਨ, ਐਥੇ ਕਿਉਂ ਆਇਆ ਸੀ? ਜੇ ਆਸ ਅੰਦੇਸੇ ਤੋਂ ਨਿਹਕੇਵਲ ਹੈ ਤਾਂ ਏਥੇ ਮਾਲ ਵੇਚਕੇ ਮਾਯਾ ਖੱਟਕੇ ਲੜ ਬੰਨ੍ਹਕੇ ਘਰ ਕਾਸ ਨੂੰ ਲੈ ਗਿਆ ਹੈ?

ਰਾਜਾ-ਅਨੇਕਾਂ ਹਨ ਜੋ ਮਾਯਾ ਤੋਂ ਅਤੀਤ ਵਿਚਰਦੇ ਹਨ, ਜੋ ਪੈਸੇ ਨੂੰ ਹੱਥ ਨਹੀਂ ਲਾਉਂਦੇ, ਜੋ ਤਿਆਗੀ ਹਨ, ਪਰ ਫੇਰ ਆਸ ਅੰਦੇਸੇ ਵਿਚ ਹਨ।

ਪੰਡਤ-ਇਸ ਦਾ ਕੀ ਅਰਥ?

ਰਾਜਾ-ਅਰਥ ਇਹ ਕਿ ਪਦਾਰਥ ਦਾ ਜ਼ਾਹਰੀ ਤਯਾਗ ਯਾ ਗ੍ਰਹਣ ਕੋਈ ਆਤਮ ਜੀਵਨ ਦੀ ਨਿਸ਼ਾਨੀ ਪੱਕੀ ਨਹੀਂ ਹੈ। ਬੰਧ ਮੁਕਤ, ਗ੍ਰਹਣ ਤਯਾਗ ਸੁਰਤ ਦਾ ਹੈ। ਜੇ ਉਹ ਧਰਮ ਦੀ ਕਮਾਈ ਕਰਦਾ ਹੈ, ਪਰਾਯਾ ਹੱਕ ਨਹੀਂ ਖਾਂਦਾ, ਜੇ ਘਾਲਕੇ ਖੱਟਦਾ ਹੈ, ਉਸ ਨਾਲ ਸਰੀਰ ਦਾ ਨਿਰਬਾਹ ਟੋਰਦਾ ਹੈ ਤੇ ਫੇਰ ਹਥੋਂ ਦੇਂਦਾ ਤੇ ਦੂਸਰੇ ਦਾ ਭਲਾ ਕਰਦਾ ਹੈ, ਉਸ ਦੇ ਅੰਦਰ ਘਾਟੇ ਨਫੇ ਦਾ ਹਰਖ ਸ਼ੋਕ ਘੇਰਾ ਨਹੀਂ ਪਾਉਂਦਾ, ਤਾਂ ਉਸ ਦਾ ਗ੍ਰਹਣ ਸਫਲ ਹੈ। ਜੇ ਕੋਈ ਤਯਾਗੀ ਹੈ ਤੇ ਏਸ ਅਹੰਕਾਰ ਵਿਚ ਹੈ ਕਿ ਮੈਂ ਤਯਾਗੀ ਹਾਂ ਅਰ ਤਯਾਗ ਕਰਕੇ ਸਰੀਰਕ ਲੋੜਾਂ ਦੇ ਪੂਰੀਆਂ ਨਾ ਹੋਣ ਵੇਲੇ ਖੁੜਕੇ ਬੈਠਦਾ ਤੇ ਸੜਦਾ ਹੈ ਕਿ ਹਾਇ ਮੇਰੀ ਲੋੜ ਕਿਉਂ ਪੂਰੀ ਨਹੀਂ ਹੋਈ, ਹਾਂ ਮੈਂ ਕਹਿੰਦਾ ਹਾਂ ਜੋ ਤਯਾਗੀ ਹੈ ਤੇ ਤਯਾਗ ਵਿਚ ਕੁੜ੍ਹਦਾ ਹੈ, ਸੰਤੁਸ਼ਟ ਨਹੀਂ ਹੈ, ਉਸ ਦਾ ਤਯਾਗ ਨਿਸ਼ਫਲ ਹੈ।

ਪੰਡਤ-ਰਾਜਾ! ਉਸ ਨੂੰ ਪਦਾਰਥ ਦਾ ਲੋਭ ਨਾ ਹੋਊ, ਕੋਈ ਹੋਰ ਪਕੜ ਹੋਵੇਗੀ। ਚਾਹੁੰਦਾ ਹੋਊ ਕਿ ਰਾਜਾ ਜੋ ਸਾਡੇ ਮਤ ਵਿਚ ਆ ਜਾਵੇ ਤਾਂ ਅਸੀਂ ਰਾਜ ਮਤ ਵਾਲੇ ਹੋ ਜਾਵਾਂਗੇ। ਐਉਂ ਭਲਾ ਜੇ ਨਿਸ਼ਕਾਮ ਪਰਉਪਕਾਰੀ ਸੀ ਤਾਂ ਏਥੋਂ ਦੇ ਗਰੀਬਾਂ ਨੂੰ ਕਿਉਂ ਨਾ ਧਰਮ ਸਿਖਾਲਦਾ ਰਿਹਾ, ਰਾਜਾ ਨੂੰ ਹੀ ਪ੍ਰੇਰਕੇ ਕੀ ਲੈਣਾ ਸਾਸੂ?

ਰਾਜਾ-ਤਾਂ ਗਰੀਬ ਵਧੀਕ ਹੱਕਦਾਰ ਹਨ ਤੇ ਰਾਜਾ ਜ਼ਰੂਰ ਨਰਕ ਨੂੰ ਜਾਵੇ? (ਹੱਸਕੇ) ਕਿਉਂ ਪੰਡਤ ਜੀ? ਖ਼ੈਰ ਇਹ ਗੱਲ ਤਾਂ ਕੁਛ ਹਾਸੇ ਦੀ ਬੀ ਹੈ। ਵਾਕਯਾਤ ਤੇ ਵੀਚਾਰ ਕਰੋ। ਭਾਈ 'ਮਨਸੁਖ' ਸਾਡੇ ਦੇਸ਼ ਵਪਾਰ ਕਰਨ ਆਉਂਦਾ ਹੈ, ਨਿਜ ਦੇਸ਼ ਦਾ ਸੌਦਾ ਏਥੇ ਵੇਚਦਾ ਹੈ ਤੇ ਏਥੋਂ ਦਾ ਮਾਲ ਲਾਹੌਰ ਲੈ ਜਾਂਦਾ ਹੈ। ਜਦ ਕਦੇ ਆਇਆ ਵਪਾਰ ਕਰਕੇ ਟੁਰ ਗਿਆ, ਨਾ ਰਾਜਾ ਨਾ ਰੰਕ, ਉਸ ਨੇ ਕਦੇ ਕਿਸੇ ਨਾਲ ਧਰਮ ਦੀ ਬਾਤ ਨਹੀਂ ਕੀਤੀ, ਕਿਸੇ ਦਾ ਖੰਡਨ ਮੰਡਨ ਨਹੀਂ ਕੀਤਾ, ਕਦੇ ਹੋਕਰਾ ਨਹੀਂ ਦਿਤਾ ਕਿ ਮੈਂ ਧਰਮ ਦਾ ਆਗੂ ਹਾਂ। ਇਸ

ਫੇਰ ਤੁਹਾਡੇ ਸਥਾਪਨ ਕੀਤੇ ਹੋਏ ਕਰਮ ਕਾਂਡ ਦੇ ਬ੍ਰਤ ਆਦਿ ਜਦ ਉਸ ਨੇ ਨਹੀਂ ਕੀਤੇ ਤਾਂ ਮੇਰੇ ਪਾਸ ਨਾਲਸ਼ ਹੋਈ, ਮੈਂ ਉਸ ਨੂੰ ਦੋਸ਼ੀ ਜਾਣਕੇ ਬੁਲਾਇਆ। ਉਹ ਬਹੈਸੀਅਤ ਮੁਜਰਮ ਮੇਰੇ ਪਾਸ ਆਇਆ, ਪਰ ਉਸ ਦੇ ਅੰਦਰ ਲੁਕਵਾਂ ਬਲ ਸੀ, ਕੋਈ ਦਬੀ ਹੋਈ ਆਤਮਕ ਆਵੇ ਦੀ ਅੱਗ ਸੀ ਜੋ ਉਹ ਡੋਲਿਆ ਨਹੀਂ, ਮਗੋਂ ਧੀਰਜ ਤੇ ਗੰਭੀਰਤਾ ਨਾਲ ਆਇਆ। ਮੇਰੇ ਪ੍ਰਸ਼ਨਾਂ ਦੇ ਉੱਤਰ ਉਸ ਨੇ ਪ੍ਰੇਮ ਪੂਰਬਕ ਦਿੱਤੇ। ਜਦ ਉਸ ਦੇ ਵਾਕ ਮੈਨੂੰ ਭਾਏ ਤੇ ਉਸ ਦੇ ਵਿਸ਼ਵਾਸ਼ ਨੇ ਮੈਨੂੰ ਸੁਆਦ ਦਿੱਤਾ ਤਾਂ ਮੈਂ ਉਸ ਦੇ ਧਰਮ ਦਾ ਹਾਲ ਪੁੱਛਿਆ, ਤੁਹਾਡੇ ਸਾਹਮਣੇ ਉਸ ਨੇ ਉੱਤਰ ਦਿੱਤੇ। ਜਦ ਮੈਨੂੰ ਉਹ ਪਿਆਰਾ ਲੱਗਾ ਤੇ ਮੈਂ ਉਸ ਦੇ ਧਰਮ ਦੇ ਗੁਰੂ ਦਾ ਨਾਉਂ ਪੁੱਛਿਆ, ਤਾਂ ਉਸ ਨੇ ਆਪਣੇ ਅਪਾਰ ਪ੍ਰੇਮ ਦੇ ਧਨੁਖ ਤੇ ਚਾੜ੍ਹਕੇ ਐਸ ਤਰ੍ਹਾਂ ਆਪਣੇ ਪ੍ਰੀਤਮ ਦਾ ਨਾਉਂ ਸੱਲਿਆ ਕਿ ਮੇਰੇ ਕਲੇਜੇ ਪੁੜ ਗਿਆ। ਫੇਰ ਮੈਂ ਮਿੰਨਤਾਂ ਕਰਕੇ ਉਸ ਤੋਂ ਪ੍ਰੇਮ ਦੀ ਕਣੀ ਦਾ ਦਾਨ ਮੰਗਿਆ। ਉਸ ਨੇ ਕਈ ਉਜ਼ਰ ਕੀਤੇ, ਛੇਕੜ ਮੇਰੀ ਸਿੱਕ ਸੱਚੀ ਵੇਖ ਕੇ ਉਸ ਨੇ ਜੀਵਨ ਕਣੀ ਦਾਨ ਕੀਤੀ। ਮੈਂ ਰਾਜ ਪਾਟ ਤਜਾਗਕੇ ਭਿੱਖਯੂ ਬਣਕੇ ਉਸਦੇ ਨਾਲ ਪੰਜਾਬ ਜਾਣੇ ਨੂੰ ਤਿਆਰ ਸਾਂ, ਪਰ ਉਸ ਫੁਲਾਂ ਨੂੰ ਬੂਟਿਆਂ ਨਾਲੋਂ ਨਾ ਤੋੜਨ ਵਾਲੇ ਸੰਨਜਾਸੀ ਨੇ ਮੈਨੂੰ ਡਾਲੀ ਨਾਲ ਲੱਗਿਆਂ ਹੀ ਸੁਗੰਧਤ ਕਰ ਦਿੱਤਾ ਤੇ ਆਖਿਆ:-ਗ੍ਰਿਹਸਤ ਵਿਚ ਰਹੋ, ਰਾਜ ਧਰਮ ਪਾਲੋ, ਸਤਿਗੁਰ ਪਰੇਮ ਦੀ ਆਨ ਵਾਲਾ ਆਪ ਆਕੇ ਮਿਲੇਗਾ।

ਇਸ ਗੱਲ ਵਿਚ ਮੈਨੂੰ ਉਸ ਧਰਮੱਗ ਪੁਰਖ ਵਿਚ ਕੋਈ ਕਾਮਨਾ ਵੱਸਦੀ ਨਹੀਂ ਦਿੱਸੀ। ਨਾ ਉਸ ਨੂੰ ਮੇਰੇ ਪਦਾਰਥ ਦੀ ਲੋੜ ਸੀ, ਇਕ ਪਾਈ ਉਸ ਨੇ ਮੈਥੋਂ ਗ੍ਰਹਣ ਨਹੀਂ ਕੀਤੀ। ਮੇਰੇ ਰਾਜ ਦਾ ਉਸ ਨੂੰ ਲਾਹੌਰ ਵਿਚ ਕੀ ਸੁਖ ਤੇ ਮੇਰਾ ਰਾਜ ਹੈ ਕੀ ਚੀਜ਼? ਮੇਰੀ ਵਿੱਦਜਾ ਦਾ ਉਸ ਨੂੰ ਕੀ ਲੋਭ? ਉਹ ਰਸਹੀਨ ਵਿੱਦਜਾ ਨੂੰ, ਕੇਵਲ ਤੋਤਾ ਬਨਾਉਣ ਵਾਲੀ ਵਿੱਦਜਾ ਨੂੰ ਪਸੰਦ ਹੀ ਨਹੀਂ ਕਰਦਾ ਸੀ ਤੇ ਉਸ ਦੇ ਗੁਰੂ ਦੇ ਦੁਆਰੇ ਕਈ ਮੁੱਲਾਂ ਕਾਜ਼ੀ ਤੇ ਪੰਡਤ ਪਾਂਧੇ ਸਿੱਖ ਮੌਜੂਦ ਹਨ। ਪਰਮੇਸ਼ੁਰ ਦੇ ਪਰੇਮ ਤੋਂ ਸੱਖਣੀ ਵਿੱਦਜਾ ਦਾ ਜਦ ਉਸ ਦੀ ਨਜ਼ਰ ਵਿਚ ਮੁੱਲ ਹੀ ਕੁਛ ਨਹੀਂ ਸੀ ਤਾਂ ਉਸ ਨੂੰ ਮੇਰੀ ਵਿੱਦਜਾ ਦਾ ਕੀ ਲੋਭ ਸੀ? ਮੇਰਾ ਬਾਹੂ ਬਲ ਲਾਹੌਰ ਦੀ ਸਪਤ ਸਿੰਧ[1] ਧਰਤੀ ਨੂੰ ਯਵਨਾਂ ਤੋਂ ਛੁਡਾ ਹੀ ਨਹੀਂ ਸਕਦਾ, ਸੋ ਉਸ ਨੂੰ ਮੇਰੇ ਪਦਾਰਥ, ਵਿੱਦਜਾ, ਬਲ ਤ੍ਰੈਹਾਂ ਸ਼ੈਆਂ ਦਾ ਲੋਭ ਨਹੀਂ ਸੀ। ਜੇ ਕੁਛ ਉਸ ਦੇ ਅੰਦਰ ਸੀ ਤਾਂ ਮਿਹਰ ਸੀ, ਬਲੀਦਾਨ ਸੀ, ਆਪਾ ਵਾਰਨ ਸੀ, ਉਸ ਨੇ ਆਪਣੇ ਜੀਅ ਵਿਚੋਂ ਮੈਨੂੰ ਜੀਅਦਾਨ ਦੇਕੇ ਜਿਵਾਲਿਆ। ਉਹ 'ਮਨਸੁਖ' ਸੀ, ਓਨ ਮੇਰਾ ਮਨ ਸੁਖੀ ਕਰ ਦਿੱਤਾ। (ਉਪਰ ਨੂੰ ਤੱਕਕੇ) ਹੇ ਮਨਸੁਖ! ਤੂੰ ਜੁਗ ਜੁਗ ਜੀਉ, ਹੇ ਮਨਸੁਖ! ਤੂੰ ਸਦਾ ਠੰਢਾ ਥੀਉ, ਹੇ ਦਾਤਾ ! ਤੂੰ ਸਦਾ ਖੁਸ਼ ਥੀਉ। ਜਿਨ ਮੈਨੂੰ ਸੁਖ ਦਿੱਤਾ ਰਹਿੰਦੇ ਜੁਗਾਂ ਤਾਂਈਂ ਜੀਉ।

ਇਹ ਕਹਿੰਦਾ ਰਾਜਾ ਬਿਹਬਲ ਹੋ ਗਿਆ, ਅਰ ਕਿਤਨਾ ਕਾਲ ਮੂੰਹੋਂ 'ਸ਼ੁਕਰ' 'ਸ਼ੁਕਰ' ਕਰਦਾ ਰਿਹਾ ਅਰ ਨੈਣ ਹੰਝੂ ਕੇਰਦੇ ਰਹੇ। ਜਦ ਅੱਖ ਖੁੱਲ੍ਹੀ ਤਾਂ ਕੀ ਵੇਖੇ ਕਿ ਪੰਡਤ ਬੀ ਰੋ ਰਿਹਾ ਹੈ।

ਰਾਜਾ-ਪੰਡਤ ਜੀ ! ਮੈਂ ਤਾਂ ਸ਼ੁਦਾਈ ਹੋ ਗਿਆ, ਆਪ ਕਿਉਂ ਰੋਏ?

ਪੰਡਤ-ਦੇਸ਼ ਦੇ ਅਭਾਗ ਦੇਖਕੇ ਰੋ ਰਿਹਾ ਹਾਂ ਹੁਣ ਧਰਮ ਟੁਰ ਜਾਏਗਾ। ਸਦਾ ਸ਼ਿਵ ਦੇ ਮੰਦਰ ਢਹਿ ਜਾਣਗੇ। ਹੋਮ ਜੱਗ ਨਹੀਂ ਰਹਿਣਗੇ। ਤੀਰਥ, ਬ੍ਰਤ, ਪੂਜਾ ਬਿਲਾ ਜਾਣਗੇ। ਦੇਸ਼ ਨਾਸਤਕ ਹੋ ਜਾਵੇਗਾ।

ਰਾਜਾ-ਬ੍ਰਿਥਾ ਪ੍ਰਲਾਪ ਦਾ ਲਾਭ ਨਹੀਂ, ਦੇਸ਼ ਨਾਸਤਕ ਰਾਜਾ ਅਸ਼ੋਕ ਦੇ ਵਕਤ ਦਾ ਹੈ, ਜਦ ਤੋਂ ਸਾਰੇ ਬੋਧ ਹੋ ਗਏ ਸੇ। ਇਹ ਮੇਰੀ ਧਰਤੀ ਦਾ ਟੁਕੜਾ ਹਿੰਦੂ ਮਤ ਦਾ ਹੈ; ਸੋ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਕਿਸੇ ਹਠਾਗ੍ਰਹ ਵਿਚ ਨਹੀਂ, ਮੈਨੂੰ ਤਅੱਸਬ ਨਹੀਂ ਸਿਖਾਇਆ ਗਿਆ, ਮੈਨੂੰ ਦ੍ਵੈਖ ਤੇ ਘ੍ਰਿਣਾ ਦਾ ਸਬਕ ਨਹੀਂ ਮਿਲਿਆ, ਮੇਰੀ ਪਰਜਾ ਵਿਚ ਜੋ ਜਿਸ ਦਾ ਧਰਮ ਹੈ ਉਸ ਦੀ ਉਸਨੂੰ ਸੁਤੰਤ੍ਰਤਾ ਹੈ ਤੇ ਸਦਾ ਰਹੇਗੀ, ਮੈਂ ਕਿਸੇ ਪਰ ਜਬਰ ਨਹੀਂ ਕਰਨਾ। ਪੰਡਤ ਜੀ! ਤੁਸੀਂ ਭੁਲ ਰਹੇ ਹੋ, ਮੈਂ ਕੋਈ ਸੰਸਾਰਕ ਰਾਗ ਦ੍ਵੈਖ ਵਿਚ ਨਹੀਂ ਹਾਂ। ਆਪ ਅੰਨਜਾਯ ਕਰ ਰਹੇ ਹੋ, ਜੋ ਮੈਨੂੰ

---

[1] ਸਿੰਧ ਤੇ ਪੰਜਾਬ ਦਾ ਸਾਂਝਾ ਪੁਰਾਤਨ ਨਾਮ ਇਹ ਸੀ।

ਦ੍ਵੈਖ ਸਮਝ ਰਹੇ ਹੋ। ਮੈਂ ਬੇਵਸਾ ਕਿਸੇ ਜ਼ਬਰਦਸਤ ਜੀਉਂਦੀ ਤਾਕਤ ਵੱਲ ਖਿੱਚਿਆ ਜਾ ਰਿਹਾ ਹਾਂ। ਤੁਸੀਂ ਧਰਮ 'ਉਪਦੇਸ਼ ਹੁੰਦਾ' ਸਮਝਦੇ ਹੋ, ਮੈਨੂੰ ਇਹ ਦਿੱਸਿਆ ਹੈ ਕਿ ਧਰਮ ਪ੍ਰੇਮ ਹੈ, ਇਹ ਇਕ ਤਾਕਤ ਹੈ, ਇਕ ਸ਼ਕਤੀ ਹੈ, ਇਕ ਜੀਉਂਦਾ ਰਸ ਹੈ, ਇਕ ਤੇਜ ਯਾ ਆਨੰਦ ਹੈ।

ਪੰਡਤ-ਫੇਰ ਸ਼ਾਸਤ੍ਰ ਝੂਠੇ ਹਨ?

ਰਾਜਾ-ਮੈਂ ਤਾਂ ਐਸਾ ਨਹੀਂ ਕਿਹਾ, ਪੰਡਤ ਜੀ! ਜਲਪ ਵਾਦ, ਵਿਤੰਡਾ ਵਾਦ, ਬਹਿਸ, ਝਗੜੇ, ਕਲ੍ਹਾ, ਬਖੀਲੀ, ਤਕਬੱਰੀ, ਖਿੱਚੋਤਾਣ ਵਾਲੇ ਮਤ ਵਿਚ ਮੈਂ ਨਹੀਂ ਗਿਆ। ਮੈਂ ਤਾਂ ਇਕ ਸੁੰਦਰ ਲਲਿਤ ਮੂਰਤੀ ਵੱਲ ਬਿਨ ਦੇਖੇ ਖਿੱਚਿਆ ਜਾ ਰਿਹਾਂ ਹਾਂ, ਮੇਰੇ ਹਾਲ ਤੇ ਤਰਸ ਕਰੋ। ਮੇਰਾ ਮਤ, ਮੇਰਾ ਧਰਮ, ਮੇਰਾ ਮਜ਼ਹਬ ਪ੍ਰੇਮ ਹੈ, ਉਸ ਪਿਆਰੇ ਵਲੋਂ ਕੋਈ ਰੌ ਆ ਰਹੀ ਹੈ ਜੋ ਮੈਨੂੰ ਇਕ ਸੁਖ, ਇਕ ਰਸ ਅਰ ਇਕ ਲਯਤਾ ਵਿਚ ਲਗਾਤਾਰ ਰੱਖਦੀ ਹੈ। ਮੈਂ ਸਭ ਨਾਲ ਪ੍ਰੇਮ ਕਰਸਾਂ।

ਪੰਡਤ-ਫੇਰ ਸ਼ਾਸਤ੍ਰ ਝੂਠੇ ਹਨ?

ਰਾਜਾ-ਮੈਂ ਐਸਾ ਨਹੀਂ ਆਖਦਾ! ਤੁਸੀਂ ਕਿਉਂ ਬਾਰ ਬਾਰ ਇਹ ਕਹਿੰਦੇ ਹੋ ਜੋ ਮੈਂ ਇਸ਼ਾਰੇ ਨਾਲ ਭੀ ਨਹੀਂ ਕਿਹਾ! ਮੈਂ ਤਾਂ ਇਹ ਆਖਦਾ ਹਾਂ ਕਿ ਮੈਨੂੰ ਇਕ ਸ਼ਾਹੂਕਾਰ ਮਿਲ ਪਿਆ ਹੈ, ਉਹ ਹੁੱਪਯੇ ਦੇ ਗਿਆ ਤੇ ਰਾਸ ਦਾਨ ਕਰ ਗਿਆ ਹੈ; ਉਸ ਦੀ ਰਾਸ ਨਾਲ ਮੈਂ ਵਪਾਰ ਕਰੂੰ, ਜਿਸ ਜਿਸ ਤਰ੍ਹਾਂ ਦੇ ਹਿਸਾਬ ਦੀ ਲੋੜ ਪਊ ਵਰਤੂੰ। ਬਾਕੀ ਮੇਰੇ ਲਈ ਹਰੇਕ ਸੁਤੰਤ੍ਰ ਹੈ, ਅਰ ਨਿਹਚੇ ਵਿਚ ਪ੍ਰੇਮ ਮੁੱਖ ਹੋਣਾ ਚਾਹੀਏ।

ਪੰਡਤ-ਫੇਰ ਸ੍ਵੈ ਧਰਮ ਤੇ ਸ਼ਾਸਤ੍ਰ ਦਾ ਤ੍ਰਿਸਕਾਰ ਕਰਸੋ?

ਰਾਜਾ-ਤੁਸੀਂ ਕੁਝ ਬਹੁਤ ਘਬਰਾ ਗਏ ਹੋ, ਆਪ ਦਾ ਸਤਿਕਾਰ ਵੀ ਕਾਇਮ ਰਹੇਗਾ। ਪ੍ਰਜਾ ਦਾ ਧਰਮ ਆਪਣਾ ਰਹੇਗਾ, 'ਮੈਂ ਕੀ ਕਰਾਂਗਾ' ਜਦੋਂ ਦਾਤਾ ਆਵੇਗਾ ਜੋ ਕਹੇਗਾ ਸੋ ਹੋਵੇਗਾ। ਪਰ ਇਹ ਨਿਸ਼ਚੇ ਜਾਣੋਂ ਕਿ ਮੇਰੇ ਵਾਕਾਂ ਵਿਚ ਮੇਰੀ ਕਰਨੀ ਵਿਚ, ਮੇਰੇ ਸੰਕਲਪਾਂ ਵਿਚ ਪ੍ਰੇਮ ਹੋਵੇਗਾ। ਤੁਸੀਂ ਚਾਹੋ ਅੰਨਯਾਯ ਕਰਨਾ, ਮੈਨੂੰ ਮੰਦਾ ਕਹਿਣਾ, ਤਾੜਨਾ ਦੇਣੀ, ਦੁਖ ਖੜੇ ਕਰਨੇ, ਚਾਹੋ ਪਿਆਰ ਕਰਨਾ ਮੇਰੇ ਵਿਚੋਂ ਪ੍ਰੇਮ ਦਾ ਪ੍ਰਕਾਸ਼ ਤੇ ਰਸ ਦਾ ਪ੍ਰਾਦੁਰਭਾਵ ਹੀ ਹੋਵੇਗਾ। ਮੇਰਾ ਮਤ ਪ੍ਰੇਮ ਹੈ! ਕਲੇਜਾ ਪਾੜਿਆਂ ਰੱਤ ਨਿਕਲਦੀ ਹੈ, ਦਿਲ ਦਾ ਨਕਸ਼ਾ ਨਜ਼ਰ ਨਹੀਂ ਪੈਂਦਾ, ਨਹੀਂ ਤਾਂ ਪੰਡਤ ਜੀ! ਮੈਂ ਦਿਲ ਚੀਰਕੇ ਆਪ ਨੂੰ ਦਿਖਾਵਾਂ, ਆਪ ਮੇਰੇ ਅੰਦਰ ਦੀ ਦਸ਼ਾ ਵੇਖਕੇ ਸੁਖ ਵਿਚ ਮਸਤ ਹੋ ਜਾਓ:-

ਤਸ੍ਮਾਸਨੰਤਮਜਰੰ ਪਰਮੰ ਵਿਕਾਸਿ ਤਦ੍
ਬ੍ਰਹਮ ਚਿੰਤਯ ਕਿਮੇਭਿਰਸ ਦ੍ਵਿਕਲਪੈ:॥
ਯਸਯਾਨੁਖ਼ੰਗਿਣ ਇਮੇ ਭੁਵਨਾਧਿਪਤਯ-
ਭੋਗਾਦਯ: ਕ੍ਰਿਪਣਲੋਕਮਤਾ ਭਵੰਤਿ[1]॥

੪.

"ਮੈ ਜਾਣਿਆ ਵਡਹੰਸੁ ਹੈ ਤਾਂ ਮੈਂ ਕੀਤਾ
ਸੰਗੁ॥ ਜੇ ਜਾਣਾ ਬਗੁ ਬਪੁੜਾ ਜਨਮਿ ਨ
ਭੇੜੀ ਅੰਗੁ॥ {ਸਲੋਕ ਫਰੀਦ-੧੨੩}

ਇਸ ਸਲੋਕ ਨੂੰ ਰਾਜਾ ਨੇ ਇਸ ਲਯ ਵਿਚ ਪੜ੍ਹਿਆ ਕਿ ਪੰਡਤ ਜੀ ਦੇ ਬੀ ਦੰਦ ਜੁੜ ਗਏ ਤੇ ਨੈਣ ਮੁੰਦ ਗਏ! ਸੰਧ੍ਯਾ ਹੁਣ ਡੂੰਘੀ ਹੋ ਗਈ ਸੀ, ਚੰਦ੍ਰਮਾਂ ਤੇ ਤਾਰੇ ਚੜ੍ਹ ਪਏ ਸੇ। ਰਾਜਾ ਗੱਲਾਂ ਕਰਦਾ ਥੱਕ ਗਿਆ ਸੀ, ਰਾਣੀ ਪੰਡਤ ਜੀ ਦੇ ਹਠ ਅਰ ਛੋਟੀ ਨਜ਼ਰ ਪਰ ਅੱਕ ਰਹੀ ਸੀ, ਪੰਡਤ ਜੀ ਉਦਾਸੀਨ ਹੋ ਰਹੇ ਸੇ ਕਿ ਇੰਨੇ ਨੂੰ ਇਕ ਦਾਸ ਨੇ ਆ ਕੇ ਆਖਿਆ : ਕਿ ਆਪ ਦੇ ਸੁੱਕੇ ਹੋਏ ਤੇ ਤਜਾਗੇ ਹੋਏ ਬਾਗ ਵਿਚ ਇਕ ਸਾਧੂ ਆਯਾ ਹੈ, ਅਰ ਆਖਦੇ ਹਨ ਕਿ 'ਨਾਨਕ ਸ਼ਾਹ ਫਕੀਰ' ਹੈ।

ਨਾਮ ਸੁਣਨਾ ਸੀ ਕਿ ਰਾਜਾ ਉੱਠ ਭੱਜਾ, ਹਾਇ ਪ੍ਰੇਮ! ਨਾ ਘੋੜਾ, ਨਾ ਪਾਲਕੀ, ਨਾ ਰਾਜ ਦਾ ਖਿਆਲ, ਨਾ ਦਬਦਬੇ ਘਟਣ ਦਾ ਭੈ, ਵਾਹੋ ਦਾਹੀ ਨੱਸਿਆ ਜਾ ਰਿਹਾ ਹੈ। ਰਾਣੀ ਬੀ ਟੁਰੀ ਪਰ ਮਰਦ ਦੀ ਟੋਰ ਨੂੰ ਤੇ ਫੇਰ ਭੱਜਵੀਂ ਟੋਰ ਨੂੰ ਕੌਣ ਮਿਲੇ? ਓਸ ਨੂੰ ਤਾਂ ਛੇਕੜ ਦਾਸਾਂ ਨੇ ਪਾਲਕੀ ਤੇ ਚਾੜ੍ਹ ਲਿਆ ਤੇ ਪੰਡਤ ਜੀ ਸਹਿਜੇ ਸਹਿਜੇ ਆਪਣੀ ਪਾਲਕੀ ਪਾਸ ਅੱਪੜੇ ਤੇ ਘਰ ਵੱਲ

[1] ਅਰਥਾਤ ਜਿਸ ਬ੍ਰਹਮ ਦੇ ਲੇਸ਼ ਮਾਤ੍ਰ ਆਨੰਦ ਪਾਉਣ ਵਾਲੇ ਨੂੰ ਤ੍ਰਿਲੋਕੀ ਦੇ ਰਾਜਿਆਂ ਦਾ ਭੋਗ ਬਿਲਾਸ ਦਾ ਸੁਖ ਮੂਰਖਾਂ (ਨੂੰ ਦੇ ਦੇਣ) ਦੇ ਯੋਗ ਦਿੱਸਦਾ ਹੈ ਉਸੇ ਅਨੰਤ ਅਜਰ ਅਮਰ ਸਭ ਤੋਂ ਉਤਮ ਬ੍ਰਹਮ ਦਾ ਚਿੰਤਨ ਕਰੇ ਇਨ੍ਹਾਂ ਵਿਕਲਪਾਂ ਦਾ ਕੀ ਫ਼ਲ ਹੈ? {ਵੈਰਾਗ ਸ਼ਤਕ, ਸ: ੭੬}


www.sikhbookclub.com

ਟੁਰ ਗਏ!

ਬਾਗ ਵਿਚ ਇਕ ਚੰਗੇ ਮਜ਼ਬੂਤ ਭਗਵੇ ਭੇਖ ਦੇ ਸਾਧੂ ਬੈਠੇ ਸੇ, ਰਾਜਾ ਜਾਕੇ ਚੁਫਾਲ ਪੈਰਾਂ ਤੇ ਢਹਿ ਪਿਆ, ਵੈਰਾਗ ਨਾਲ ਕੰਠ ਰੁਕ ਗਿਆ ਸੀ, ਪ੍ਰੇਮ ਨਾਲ ਨੈਣ ਛਹਿਬਰਾਂ ਲਾ ਰਹੇ ਸੇ। ਚਰਨਾਂ ਤੇ ਮੱਥਾ ਟੇਕਿਆ, ਸੰਤ ਨੇ ਉਠਾਇਆ, ਥਾਪੜਾ ਦਿੱਤਾ, ਖੇਮ ਕੁਸ਼ਲ ਪੁੱਛੀ। ਰਾਜਾ ਜੀ ਉੱਤਰ ਦੇਕੇ ਅਦਬ ਨਾਲ ਬੈਠ ਗਏ। ਹੁਣ ਰਾਣੀ ਬੀ ਆ ਗਈ ਸੀ ਤੇ ਕੁਛ ਦਾਸ ਬੀ ਆ ਗਏ ਸਨ। ਰਾਜਾ ਨੇ ਬਿਨੈ ਕੀਤੀ ਕਿ ਮਹਲਾਂ ਵਿਚ ਚਲੋ, ਤਾਂ ਉਸ ਨੇ ਕਿਹਾ, ਅਸੀਂ ਅਤੀਤ ਹਾਂ ਘਰਾਂ ਨਾਲ ਸਾਡਾ ਕੀ ਵਾਸਤਾ?

ਰਾਜਾ ਸੁਣਕੇ ਕੁਛ ਤੱਕਣ ਲਗ ਪਿਆ। "ਨਾਨਕ, ਮੇਰਾ ਨਾਨਕ, ਮੇਰਾ ਗੁਰੂ ਨਾਨਕ, ਮੇਰਾ ਸਤਿਗੁਰ ਨਾਨਕ ਤਾਂ ਗ੍ਰਿਹਸਤੀ ਸੁਣਿਆਂ ਸੀ, ਇਹ ਅਤੀਤ ਹੈ। ਹੈਂ! ਕਿਤੇ ਮੇਰੀ ਸ਼ੁਦਾਈ ਅਵਸਥਾ ਨਾਲ ਛਲ ਤਾਂ ਨਹੀਂ ਹੋ ਰਿਹਾ?" ਐਸਾ ਵੀਚਾਰਕੇ ਰਾਜਾ ਨੇ ਮੱਥਾ ਟੇਕਿਆ। ਦਾਸਾਂ ਨੂੰ ਹੁਕਮ ਦਿੱਤਾ ਕਿ ਬਾਰਾਂਦਰੀ ਵਿਚ ਡੇਰਾ ਕਰਾਓ ਤੇ ਆਪ ਸਿਰ ਨੀਵਾਂ ਕਰਕੇ ਟੁਰ ਪਿਆ। ਅੰਗ ਅੰਗ ਵਿਚ ਪੀੜ ਹੈ, ਜੀ ਛਿੱਥਾ ਹੈ, ਨੈਣਾਂ ਦੇ ਸੋਮੇ ਸੁੱਕ ਗਏ ਹਨ, ਕਲੇਜੇ ਵਿਚ ਕਸਕ ਪੈਂਦੀ ਹੈ, ਅੱਖਾਂ ਦੇ ਅੰਦਰ ਧੂੜ ਦਾ ਮੀਂਹ ਵੱਸਦਾ ਪ੍ਰਤੀਤ ਦੇਂਦਾ ਹੈ; ਪਾਲਕੀ ਵਿਚ ਰਾਜਾ ਜੀ ਚੜ੍ਹ ਬੈਠੇ ਘਰ ਪਹੁੰਚੇ; ਸਾਰੀ ਰਾਤ ਐਉਂ ਲੰਘੀ ਜਿਵੇਂ ਸਿਰ ਨੂੰ ਤਾਪ ਚੜ੍ਹਿਆ ਹੁੰਦਾ ਹੈ; ਉਸਲਵੱਟੇ ਭੱਜਦੇ ਹਨ, ਹਾਇ ਹਾਇ ਹੁੰਦੀ ਹੈ। ਚੰਦ੍ਰਕਲਾ ਆਖਦੀ ਹੈ:- "ਸ੍ਵਾਮੀ ਜੀ! ਮੈਂ ਕਈ ਵੇਰ ਬਿਨੈ ਕੀਤੀ ਹੈ ਕਿ ਪੰਡਤ ਜੀ ਨਾਲ ਚਰਚਾ ਨਾ ਕਰਿਆ ਕਰੋ, ਉਹਨਾਂ ਦਾ ਕੀ ਵਿਗੜਦਾ ਹੈ। ਦਿਨੇ ਰਾਤ ਚਰਚਾ ਦਾ ਉਹਨਾਂ ਨੂੰ ਸੁਭਾਵ ਹੈ, ਉਹਨਾਂ ਦਾ ਕਿੱਤਾ ਹੀ ਚਰਚਾਵਾਦ ਹੈ। ਤੁਸਾਂ ਸਾਰਾ ਦਿਨ ਰਾਜ ਦਾ ਕੰਮ ਕਰਨਾ, ਰਾਤ ਭਗਵੰਤ ਸਿਮਰਨ ਵਿਚ ਬਿਤਾਉਣੀ, ਤੁਸਾਡਾ ਅੰਦਰ ਨਰਮ ਤੇ ਸਰਵਾ ਹੈ, ਕਰੜੇ ਪੰਡਤ ਨਾਲ ਝਗੜਕੇ ਸੱਟ ਖਾ ਜਾਂਦਾ ਹੈ! ਮਸਟ ਵਾਚ ਰਿਹਾ ਕਰੋ। ਮੈਂ ਤਾਂ ਸੁਣ ਸੁਣਕੇ ਥੱਕ ਗਈ, ਤੁਸੀਂ ਕਰ ਕਰਕੇ ਨਾਂ ਥੱਕੇ। ਪਰ ਉਸ ਉੱਤੇ ਕੀ ਅਸਰ ਹੁੰਦਾ ਹੈ? ਨਿਹੁੱਤਰ ਹੋ ਜਾਂਦਾ ਹੈ, ਫੇਰ ਹਠ ਨਹੀਂ ਛੱਡਦਾ। ਨਿਰੀ ਵਿਦਯਾ ਦਾ ਇਹੀ ਅਵਗੁਣ ਹੈ ਕਿ ਇਹ ਜੀਵ ਨੂੰ ਸਾਰਗ੍ਰਾਹੀ ਨਹੀਂ ਰਹਿਣ ਦੇਂਦੀ, ਹਠੀ ਕਰ ਦੇਂਦੀ ਹੈ। "ਰਾਣੀ ਦੀ ਇਹ ਪਿਆਰ ਭਰੀ ਝਾੜ ਰਾਜਾ ਨੂੰ ਠੰਢ ਪਾਉਂਦੀ ਸੀ। "ਫੇਰ ਆਪ ਪੈਰ ਪਜਾਦੇ ਉਠ ਭੱਜੇ। ਬਖ਼ਸ਼ ਲੈਣਾ; ਜਿਸ ਨਾਨਕ ਦਾ ਮਨਸੁਖ਼ ਸਿੱਖ ਸੀ, ਇਹ ਸਾਧ ਉਹ ਨਾਨਕ ਨਹੀਂ ਹੈ। ਇਸ ਵਿਚ ਤਾਂ ਮਨਸੁਖ ਜਿੰਨੀ ਸੁਗੰਧੀ ਬੀ ਨਹੀਂ!ਮਾਫ ਕਰਨਾ, ਮੈਨੂੰ ਤਾਂ ਤੁਸਾਡੇ ਦਰਸ਼ਨ, ਵੈਰਾਗ ਪਿਆਰ ਵਿਚ ਜੋ ਰਸ ਪੈਂਦਾ ਹੈ, ਇਸ ਸਾਧ ਦੇ ਦਰਸ਼ਨ ਨਾਲ ਉਸ ਦੇ ਉਲਟ ਪਿਆ ਹੈ। ਜੇ ਤੁਸਾਡਾ ਕੋਮਲ ਰਿਦਾ ਆਗਯਾ ਦੇਵੇ ਤਾਂ ਮੈਂ ਰਾਤੋ ਰਾਤ ਪਤਾ ਕੱਢ ਲਵਾਂ ਕਿ ਇਹ ਕੌਣ ਹੈ? ਨਾਨਕ ਤੇ ਆਪ ਦਾ ਪਿਆਰਾ ਗੁਰੂ ਨਾਨਕ ਤੇ ਮਨਸੁਖ ਦਾ ਪੂਜਯ ਗੁਰੂ ਨਾਨਕ ਦੇਵ ਤਾਂ ਇਹ ਸਾਧੂ ਤਿੰਨ ਕਾਲ ਨਹੀਂ ਹੈ। "

ਰਾਜਾ-ਚੰਦ੍ਰਕਲਾ! ਲੱਗਦਾ ਤਾਂ ਐਸਾ ਹੀ ਹੈ ਪਰ ਮੇਰੀ ਬੁੱਧੀ ਤਾਂ ਚਰਚਾ ਕਰਕੇ ਸਹੇੜੀ ਧੂੜ ਹੇਠਾਂ-ਮੈਲੀ ਹੋ ਰਹੀ ਸੀ, ਨਹੀਂ ਤਾਂ ਪਿਆਰੇ ਦੇ ਪਿਆਰ ਦਾ ਪ੍ਰਭਾਵ ਦੱਸ ਦੇਂਦਾ ਕਿ ਇਹ ਕੌਣ ਹੈ? ਕੋਲ ਜਾਕੇ ਮੈਂ ਸੱਖਣਾ ਹੋ ਗਿਆ ਹਾਂ, ਔਖਾ ਹੋ ਗਿਆ ਹਾਂ। ਕੋਈ ਤਦਬੀਰ ਕਰੋ ਜੋ ਇਹ ਸਵੇਰ ਤਾਈਂ ਪ੍ਰਤੱਖ ਹੋ ਜਾਏ ਕਿ ਠੱਗ ਹੈ ਕਿ ਸਾਧ!

ਰਾਣੀ ਨੇ ਜਾਕੇ ਆਪਣੀ ਇਕ ਦਾਸੀ ਨੂੰ ਹੁਕਮ ਦਿੱਤਾ ਕਿ ਬਾਗ਼ ਵਾਲੇ ਸਾਧੂ ਨੂੰ ਮਾਸ, ਸ਼ਰਾਬ ਦਾ ਖਾਣਾ ਘੱਲੇ, ਅਰ ਰਾਤ ਉਥੇ ਨਾਚ ਰੰਗ ਹੋਣ। ਸਵੇਰੇ ਖਬਰ ਮਿਲੇ ਕਿ ਉਹ ਸਾਧੂ ਹੈ ਯਾ ਪਖੰਡੀ।

ਪਹਿਲੀ ਰਾਤ ਤਾਂ ਰਾਜੇ ਨੇ ਜਾਗ ਜਾਗ ਕੇ ਗੁਜ਼ਾਰੀ ਪਰ ਅੰਮ੍ਰਿਤ ਵੇਲੇ ਅੱਖ ਲਗ ਗਈ, ਅੱਖ ਕੀ ਲੱਗੀ, ਇਕ ਨੀਂਦ ਆਈ, ਅੱਧੇ ਘੰਟੇ ਬਾਦ ਸੁਭਾਗੀ ਨੀਂਦ ਖੁਲ੍ਹ ਗਈ। ਨੀਂਦ ਵਿਚ ਮਿੱਠਾ ਮਿੱਠਾ ਆਤਮ ਕਿਰਨਾਂ ਵਰਸਾਂਦਾ, ਸੁੱਚੀ ਛਬੀ ਵਾਲਾ ਮਨਸੁਖ ਦਾ ਚਿਹਰਾ ਦਿੱਸਿਆ, ਸਾਰੀਆਂ ਕੁਲਫਤਾਂ ਦੂਰ ਹੋ ਗਈਆਂ, ਉਹੋ ਠੰਢਾ ਰਸ, ਉਹੋ ਪ੍ਰੇਮ ਦੀ ਝਰਨਾਟ, ਉਹੋ ਹਰੀ ਚਰਨਾਂ ਵਿਚ ਰੱਤੀ, ਉਹੋ ਖੇੜੇ ਭਰਿਆ ਸਿਮਰਨ, ਉਹੋ ਹੁਲਾਰੇ ਤੇ

ਬੇ-ਖੁਦੀ ਦੇ ਹੂਟੇ ਸ਼ੁਰੂ ਹੋ ਗਏ। ਇਧਰੋਂ ਟਹਿਲਣ ਨੇ ਆ ਦੱਸਿਆ ਕਿ ਉਹ ਤਾਂ ਸਾਧੂ ਨਹੀਂ ਹੈ, ਕੋਈ ਪਾਮਰ ਜੀਵ ਰਾਜਾ ਜੀ ਨੂੰ ਧੋਖਾ ਦੇਣ ਆਇਆ ਸੀ।

ਇਹ ਸੁਣਕੇ ਰਾਜਾ ਜੀ ਨੇ ਬਹੁਤ ਵੈਰਾਗ ਕੀਤਾ ਤੇ ਰਾਣੀ ਨੂੰ ਆਖਣ ਲੱਗੇ :-"ਚੰਦ੍ਰਕਲਾ! ਬੜੇ ਦੁਖ ਦੀ ਬਾਤ ਹੋਈ, ਸਾਡੇ ਪ੍ਰੇਮ ਦੇ ਰੰਗ ਵਿਚ ਭੰਗ ਪੈ ਗਿਆ। ਪਖੰਡੀਆਂ ਨੇ ਸਾਡੇ ਪ੍ਰੇਮ ਨੂੰ ਸ਼ੁਦਾ ਸਮਝਕੇ ਜਾਲ ਵਿਛਾਉਣੇ ਆਰੰਭ ਦਿੱਤੇ ਹਨ, ਸਾਡੇ ਲਈ ਬਚਾਉ ਕਰਨਾ ਜ਼ਰੂਰੀ ਹੋ ਗਿਆ ਹੈ, ਇਹ ਜਤਨ ਰਸ ਭੰਗ ਕਰੇਗਾ! "

ਚੰਦ੍ਰਕਲਾ-ਸੁਆਮੀ ਜੀ ਕਿਵੇਂ?

ਰਾਜਾ-ਜਿਸ ਵੇਲੇ ਸਾਡੇ ਕ੍ਰਿਪਾਲੂ ਸਤਿਗੁਰੂ ਜੀ ਨੇ ਆਉਣਾ ਸੀ ਅਸਾਂ ਡੁੱਲ੍ਹ ਡੁੱਲ੍ਹ ਕੇ, ਨਿਰਸੰਕ ਹੋਕੇ ਉਹਨਾਂ ਦੇ ਚਰਨਾਂ ਤੇ ਢਹਿਣਾ ਸੀ, ਉਹਨਾਂ ਦੇ ਮਿਲਾਪ ਦੇ ਸੁਆਦ ਵੇਲੇ ਚਿੱਤ ਵਿਚ ਕੋਈ ਸੰਸਾ ਸੀ ਹੋਣਾ। ਸਾਨੂੰ ਸੰਸਾ ਪੈ ਗਿਆ, ਪਹਿਲੇ ਪਰਖਾਂਗੇ, ਫੇਰ ਝੁਕਾਂਗੇ: ਤਾਂ ਅੰਦਰ ਸਾਡੇ ਕੀ ਗੱਲ ਹੋਵੇਗੀ ? ਰਤਾ ਧਿਆਨ ਨਾਲ ਸੋਚਣਾ, ਭਈ ਜਦੋਂ ਪਿਆਰਾ ਸੱਚ ਮੁੱਚ ਆਇਆ ਹੋਇਆ ਹੋਵੇਗਾ, ਸਾਨੂੰ ਸੰਸਾ ਫੁਰੇਗਾ ਕਿ ਇਹ ਖ਼ਬਰੇ ਪਿਆਰਾ ਹੈ ਕਿ ਨਹੀਂ, ਇਸ ਆਪਣੇ ਸੰਸੇ ਤੋਂ ਆਪਣੇ ਦੁੱਖ ਅਰ ਅਗਜਾਨ ਤੋਂ ਪਾਰ ਹੋਣੇ ਲਈ ਅਸੀਂ ਪ੍ਰੀਤਮ ਦਾ ਪਰਤਾਵਾ ਲਵਾਂਗੇ। ਕਮੀਂ ਸਾਡੇ ਵਿਚ ਹੋਵੇਗੀ, ਪ੍ਰੀਖਜਾ ਵਿਚ ਉਸ ਪੂਰਨ ਜੋਤਿ ਨੂੰ ਪਾਵਾਂਗੇ, ਜਦ ਉਹ ਪੂਰਾ ਨਿਕਲੇਗਾ ਤਦ ਮੰਨਾਂਗੇ। ਸੋ ਸੋਚ ਪਿਆਰੀ! ਇਕ ਤਾਂ ਭਾਰੀ ਬੇਅਦਬੀ ਹੋਵੇਗੀ, ਦੂਜੇ ਸਾਨੂੰ ਉਹ, ਜੋ ਭੋਲੇ ਭਾ, ਨਿਰਸੰਸੇ, ਭਰੋਸੇ, ਸਿਦਕ ਤੇ ਪ੍ਰੇਮ ਨਾਲ ਡੁੱਲ੍ਹ ਪੈਣ ਦਾ ਰਸ ਆਉਣਾ ਸੀ, ਨਹੀਂ ਆਵੇਗਾ; ਫੇਰ ਪਿਆਰੀ! ਪ੍ਰੇਮ ਦਾ ਮੈਦਾਨ ਹੈ, ਖ਼ਬਰੇ ਪ੍ਰੀਤਮ ਸਾਡੇ ਇਸ ਵਰਤਾਉ ਨੂੰ ਝੱਲੇ ਕਿ ਨਾ?

ਚੰਦ੍ਰਕਲਾ-ਸੁਆਮੀ ਜੀ ! ਪਹਿਲੀ ਬਾਤ ਆਪ ਦੀ ਠੀਕ ਹੈ, ਅਰ ਮੇਰੇ ਲੂੰ ਕੰਡੇ ਹੋ ਗਏ ਹਨ, ਕਿਸੇ ਨਿਰਦਈ ਨੇ ਇਹ ਸਾਡੇ ਨਾਲ ਬੜਾ ਅੰਨਜਾਯ ਕੀਤਾ ਹੈ, ਪ੍ਰੰਤੂ ਦੂਸਰੀ ਬਾਤ ਠੀਕ ਨਹੀਂ ਲਗਦੀ, ਕਿਉਂਕਿ ਉਹ ਪ੍ਰੇਮ ਮੂਰਤੀ ਹਨ, ਕ੍ਰਿਪਾਲੂ ਹਨ, ਉਹਨਾਂ ਨੇ ਆਪਣੇ ਬਿਰਦ ਬਾਣੇ ਦੀ ਲਾਜ ਨੂੰ ਆਪਣੇ ਤ੍ਰੁੱਠ ਪੈਣ ਵਾਲੇ ਸੁਭਾਵ ਦੇ ਰੰਗ ਨੂੰ ਆਉਣਾ ਹੈ ਤੇ ਮਿਹਰਾਂ ਕਰਨੀਆਂ ਹਨ, ਓਹ ਸਾਡੇ ਅਵਗੁਣਾਂ ਨੂੰ ਖਿਮਾਂ ਕਰਨਗੇ।

ਹੁਣ ਨੌਕਰ ਨੇ ਆਕੇ ਖ਼ਬਰ ਦਿੱਤੀ ਕਿ ਵਿਦੂਖਕ ਜੀ ਆਏ ਹਨ ਤੇ ਆਖਦੇ ਹਨ ਕਿ ਬਿਨੈ ਕਰੋ ਜੋ ਇਸ ਏਕਾਂਤ ਵਕਤ ਵਿਚੋਂ ਕੁਛ ਕਾਲ ਮੈਨੂੰ ਬਖਸ਼ਣ, ਮੈਂ ਕੋਈ ਗੱਲ ਕਰਨੀ ਹੈ। ਰਾਜਾ ਜੀ ਸੁਣਕੇ ਕੁਛ ਸੋਚ ਵਿਚ ਪੈ ਗਏ, ਪਰ ਚੰਦ੍ਰਕਲਾ ਨੇ ਕਿਹਾ:"ਹੇ ਰਾਜਨ! ਵਿਦੂਖਕ ਚਾਹੇ ਮਸਖ਼ਰਾ ਹੈ, ਪਰ ਹੈ ਅੰਗ ਪਾਲ, ਬੁਲਾ ਲਓ ਅਰ ਮਿਲ ਲਓ"। ਰਾਜਾ ਸੁਣਕੇ ਮੁਸਕਰਾਇਆ ਤੇ ਕਹਿਣ ਲੱਗਾ: "ਲੈ ਆਓ। "ਵਿਦੂਖਕ ਨੇ ਆਕੇ ਮੱਥਾ ਟੇਕਿਆ ਤੇ ਬੈਠ ਗਿਆ; ਗੱਲਾਂ ਤੁਰ ਪਈਆਂ, ਉਹ ਜੋ ਗੱਲ ਗੱਲ ਤੇ ਜੁਗਤਾਂ ਕਰਦਾ ਹੁੰਦਾ ਸੀ ਬੜੀਆਂ ਵੀਚਾਰ ਸ਼ੀਲ ਬਾਤਾਂ ਕਰ ਰਿਹਾ ਹੈ, ਅਰ ਗੁੱਝੇ ਲਾਲ ਵਾਂਡੂ ਕੀਮਤੀ ਚਮਤਕਾਰੇ ਮਾਰਦਾ ਹੈ!

ਵਿਦੂਖਕ-ਰਾਜਾ ਜੀ! ਇਹ ਜੋ ਰਾਤ ਇਕ ਪਖੰਡੀ ਨੇ ਆਕੇ ਧੋਖਾ ਦਿੱਤਾ ਹੈ ਮੇਰੇ ਜੀ ਨੂੰ ਇਸ ਤੋਂ ਬਹੁਤ ਕਲੇਸ਼ ਹੋਇਆ ਹੈ! ਇਹ ਉਹ ਗਿਰਾਉ ਦੀ ਨਿਸ਼ਾਨੀ ਹੈ ਜਿਸ ਨੇ ਸਾਰੇ ਭਾਰਤ ਵਰਸ਼ ਨੂੰ ਤਬਾਹ ਕਰ ਦਿੱਤਾ ਹੈ। ਚਾਰ ਸੌ ਬਰਸ ਤੋਂ ਉਹ ਸਾਰਾ ਦੇਸ਼ ਨਸ਼ਟ ਹੋ ਰਿਹਾ ਹੈ। ਉਥੋਂ ਦੀ ਲਾਗ ਇਥੇ ਵੀ ਆ ਗਈ। ਜਿਸ ਦੇਸ਼ ਵਿਚ ਸੱਚ ਨਹੀਂ ਰਿਹਾ ਉਹ ਦੇਸ਼ ਕਿਸ ਆਧਾਰ ਤੇ ਸੁਖੀ ਰਹਿ ਸਕਦਾ ਹੈ? ਫਿਰ ਜਿਸ ਦੇਸ਼ ਵਿਚ ਸਵਾਰਥ (ਖ਼ੁਦਗ਼ਰਜ਼ੀ) ਪ੍ਰਧਾਨ ਹੈ, ਉਹ ਦੇਸ਼ ਕਦ ਸੁਖੀ ਹੋ ਸਕਦਾ ਹੈ? ਮੇਰਾ ਚਿੱਤ ਹੈ ਕਿ ਇਸ ਪਾਮਰ ਨੂੰ ਕਰੜਾ ਦੰਡ ਦਿੱਤਾ ਜਾਵੇ।

ਰਾਜਾ-ਵਿਦੂਖਕ ਜੀ! ਇਹ ਮੇਰਾ ਅਪਰਾਧੀ ਹੈ ਅਪਰਾਧ ਬੀ ਮਹਾਨ ਹੈ, ਪਰ ਮੇਰੇ ਵਲੋਂ ਯੋਗ ਦੰਡ ਮੇਰੀ ; ਖਿਮਾਂ ਹੈ:

ਵਿਦੂਖਕ-ਰਾਜਨ! ਆਪ ਦੀ ਇਹ ਮਹਾਨ ਗੰਭੀਰਤਾ ਦੇਸ਼ ਦੇ ਸੁਖੀ ਹੋਣ ਦੀ ਨਿਸ਼ਾਨੀ ਹੈ!

ਇਤਨੇ ਨੂੰ ਮੰਤ੍ਰੀ ਜੀ ਦੀ ਖ਼ਬਰ ਆਈ। ਰਾਜਾ ਜੀ ਨੇ ਬੁਲਾ ਲਏ: ਨਮਸਕਾਰ ਕਰਕੇ ਮੰਤ੍ਰੀ ਜੀ ਬੈਠ ਗਏ।

ਮੰਤ੍ਰੀ-ਹੇ ਰਾਜਨ! ਪੰਡਤ ਜੀ ਤੇ ਇਸ ਦਾਸ ਨੂੰ ਸ੍ਰੀ ਜੀ ਦੇ ਨਾਲ ਵਿੱਦਜਾ ਪਾਉਣੇ ਦਾ ਮਾਨ ਹੈ, ਫਿਰ ਸਾਡੇ ਤ੍ਰੈਆਂ ਦਾ ਮਤ ਇਕੋ ਹੈ ਤੇ ਅੱਜ ਤਕ ਭਲੀ ਬੀਤ ਗਈ ਹੈ। ਹੁਣ ਏਕਾਕੀ ਆਪ ਦੇ ਖਿਆਲ ਬਦਲ ਗਏ ਹਨ। ਮੈਂ ਤਾਂ ਇਹ ਸਮਝ ਲਿਆ ਹੈ ਕਿ ਆਪ ਦੀ ਰੁਚੀ ਈਸ਼੍ਵਰ ਪ੍ਰੇਰਨਾ ਨਾਲ ਕਰਮ ਕਾਂਡ ਤੋਂ ਉਠਕੇ ਗਿਆਨ ਵਿਚ ਆਰੂਢ ਹੋ ਗਈ ਹੈ, ਹੋਰ ਕੁਛ ਨਹੀਂ ਹੋਇਆ, ਪਰ ਜੇ ਕੁਛ ਹੋਰ ਬੀ ਹੋਇਆ ਹੈ ਤਾਂ ਆਪ ਦਾ ਸੱਚਾ ਵਿਸ਼ਵਾਸ ਹੈ ਅਰ ਆਪ ਆਪਣੇ ਕਲਿਆਨ ਲਈ ਸੁਤੰਤ੍ਰ ਹੋ। ਆਪ ਜਿਸ ਬਾਤ ਵਿਚ ਕਲਿਆਣ ਸਮਝਦੇ ਹੋ ਉਸ ਤੋਂ ਹੋੜਨ ਲਈ ਆਪ ਨਾਲ ਅੰਨਜਾਯ ਕਰਨਾ ਅਪ੍ਰਾਧ ਹੈ ਅਰ ਧਰਮ ਵਿਹਤ ਨਹੀਂ ਹੈ। ਪਰ ਅੱਜ ਜੋ ਅਪ੍ਰਾਧ ਆਪ ਨਾਲ ਹੋਇਆ ਹੈ ਮੈਂ ਉਸ ਨੂੰ ਭਾਰੀ ਪਾਪ ਸਮਝਿਆ ਹੈ ਅਰ ਉਸ ਅਪ੍ਰਾਧੀ ਨੂੰ ਕੈਦਖਾਨੇ ਭੇਜ ਆਇਆ ਹਾਂ, ਜੇ ਆਗਜਾ ਹੋਵੇ ਤਾਂ ਉਸ ਨੂੰ ਸੂਲੀ ਦਿੱਤਾ ਜਾਵੇ।

ਰਾਜਾ (ਤ੍ਰਬ੍ਰਕ ਕੇ)-ਮੰਤ੍ਰੀ! ਉਸਨੇ ਪਰਜਾ ਦਾ ਅਪ੍ਰਾਧ ਨਹੀਂ ਕੀਤਾ, ਮੇਰਾ ਅਪ੍ਰਾਧ ਕੀਤਾ ਹੈ। ਭਾਵੇਂ ਅਪ੍ਰਾਧ ਮੇਰੇ ਲਈ ਅਤਿ ਦੁਖਦਾਈ ਹੈ, ਪਰ ਗੁਰ ਨਾਨਕ ਦੇ ਚਰਨਰਜ ਦੀ ਸੁਗੰਧੀ ਦੀ ਤੁਫੈਲ ਮੈਨੂੰ ਇਤਨਾ ਵਿਸਾਲ-ਦਿਲ ਪ੍ਰਾਪਤ ਹੋ ਆਯਾ ਹੈ ਕਿ ਜੋ ਉਸ ਮਹਾਨ ਦੁਖ ਤੋਂ-ਜੋ ਉਸ ਮੈਨੂੰ ਦਿੱਤਾ ਹੈ-ਇੰਨਾਂ ਵਡੇਰਾ ਹੈ ਕਿ ਮੈਂ ਉਸ ਨੂੰ ਖਿਮਾਂ ਕਰਦਾ ਹਾਂ।

ਮੰਤ੍ਰੀ-ਆਪ ਦੀ ਵਡਿਆਈ, ਖਿਮਾਂ, ਧੀਰਜ, ਗੰਭੀਰਤਾ ਐਸੇ ਹੀ ਹਨ, ਅਰ ਇਸੇ ਵਿਚ ਦੇਸ਼ ਦੇ ਸੁਭਾਗ ਹਨ, ਪਰੰਤੂ ਦੰਡ ਨਾ ਦਿੱਤਾ ਗਿਆ ਤਾਂ ਇਸ ਤਰ੍ਹਾਂ ਦੇ ਅਪ੍ਰਾਧ ਨਿਤਾਪ੍ਰਤੀ ਹੋਣਗੇ ਅਰ ਇਸ ਪਾਪ ਦਾ ਇਹ ਅਰਥ ਨਹੀਂ ਕਿ ਕਿਸੇ ਨੇ ਧੋਖਾ ਦਿੱਤਾ ਹੈ, ਇਸ ਧੋਖੇ ਦਾ ਅਰਥ ਹੈ ਕਿ ਕਿਸੇ ਵਿਚ ਬਲ ਨਾ ਹੋਣ ਕਰਕੇ ਛਲ ਵਰਤਿਆ ਗਿਆ ਹੈ, ਸੋ ਇਹ ਛਲ ਨਹੀ ਬਲ ਹੀ ਹੈ। ਜੇ ਸੱਚ ਮੁੱਚ ਕਿਸੇ ਪਾਸ ਬਲ ਹੁੰਦਾ ਤਾਂ ਆਪ ਨੂੰ ਦੁੱਖ ਦਿੱਤਾ ਜਾਂਦਾ, ਜੈਸੇ ਸੁਣਦੇ ਹਾਂ ਕਿ ਭਾਰਤਵਰਸ਼ ਵਿਚ ਕਈ ਮੁਸਲਮਾਨ ਰਾਜੇ ਕਰ ਰਹੇ ਹਨ। ਏਥੇ ਬਲ ਨਹੀਂ, ਇਸ ਵਾਸਤੇ ਛਲ ਤੋਂ ਕੰਮ ਲਿਆ ਗਿਆ ਹੈ, ਇਹ ਇਕ ਪ੍ਰਕਾਰ ਦਾ ਆਪ ਨਾਲ ਮੁਕਾਬਲਾ ਹੈ। ਆਗਜਾ ਦਿਓ ਤਾਂ ਡੂੰਘੀ ਖੋਜ ਭਾਲ ਹੋਵੇ ਤੇ ਯੋਗ ਦੰਡ ਮਿਲੇ।

ਰਾਜਾ-ਸੱਚ ਹੈ, ਸੰਸਾਰ ਵਿਚ ਧਰਮ ਦੇ ਨਾਮ ਹੇਠ ਬਹੁਤ ਕਸ਼ਟ ਪਹੁੰਚਾਯਾ ਜਾਂਦਾ ਹੈ ਅਰ ਇਹ ਭੁੱਲ ਹੈ, ਮੈਂ ਨਹੀਂ ਕਰਾਂਗਾ ਪਰ ਮੈਂ ਇਸ ਦੇ ਕਸ਼ਟ ਝੱਲਣ ਲਈ ਤਿਆਰ ਹਾਂ। ਖੋਜਾਂ ਕੀ ਕਰਨੀਆਂ ਹਨ, ਮੇਰੇ ਇਨ੍ਹਾਂ ਨੈਣਾਂ ਨਾਲ ਅਣਡਿੱਠੇ ਪ੍ਰੀਤਮ ਜੀ ਪਰੇਮ ਬਾਣ ਲੈਕੇ ਆ ਰਹੇ ਹਨ; ਬਿਨਾਂ ਖੋਜ ਹੀ ਸਭ ਨੂੰ ਸਰ ਕਰਨਗੇ। ਮੰਤਰੀ ਜੀ! ਤੁਸੀਂ ਖਿਮਾਂ ਕਰੋ ਅਰ ਉਸ ਛੋਟੇ ਦਿਲ ਵਾਲੇ ਸਾਧੂ ਨੂੰ ਛੋੜ ਦਿਓ ਅਰ ਜਿਨ੍ਹਾਂ ਦਾ ਉਹ ਦੂਤ ਹੈ, ਉਨ੍ਹਾਂ ਦੇ ਅਵਗੁਣ ਕੱਜੇ ਰਹਿਣੇ ਦਿਓ। ਖਿਮਾਂ ਦਾ ਸੂਰਜ ਉਨ੍ਹਾਂ ਨੂੰ ਚੁਪ ਚਾਪ ਪ੍ਰਕਾਸ਼ ਦਾਨ ਕਰੇਗਾ। ਮੇਰੀ ਅਗੋਂ ਦੀ ਰਾਖੀ ਇਸ ਤਰ੍ਹਾਂ ਕਰੋ ਕਿ ਜੋ ਸ਼ਖਸ ਆਕੇ ਕਹੇ ਕਿ ਮੈਂ ਉਹ ਹਾਂ, ਤਾਂ ਉਸ ਦਾ ਆਦਰ ਕਰੋ, ਪਰ ਕਰੜੀ ਪ੍ਰੀਖਿਆ ਵਿਚ ਪਾਓ। ਉਸ ਦਾ ਚਾਲ ਚਲਨ ਅਰਥਾਤ ਸਦਾਚਾਰ ਦਰੁਸਤ ਨਿਕਲੇ ਤਾਂ ਮੈਨੂੰ ਖ਼ਬਰ ਦਿਓ ਤੇ ਜੇ ਉਸ ਦਾ ਆਚਰਨ (ਇਖ਼ਲਾਕ) ਹੀ ਠੀਕ ਨਾ ਨਿਕਲੇ ਤਾਂ ਉਸ ਨੂੰ ਵਿਦਾ ਕਰ ਦਿਓ, ਦੰਡ ਕੋਈ ਨਾ ਦਿਓ। ਇਧਰ ਮੈਨੂੰ ਖ਼ਬਰ ਕੋਈ ਨਾ ਦਿਓ। ਕਿਉਂ ਵਿਦੂਖਕ ਜੀ! ਤੁਸੀਂ ਬੀ ਯੋਗ ਦਰਸ਼ਨ ਪੜ੍ਹੇ ਹੋ, ਜਿਸ ਦੇ 'ਯਮ ਨਿਯਮ' ਹੀ ਨਹੀਂ ਸੰਵਰੇ ਉਸ ਦੇ ਵਿਚ ਯੋਗ ਦੀ ਸੰਭਾਵਨਾ ਕਰਨੀ ਹੀ ਭੁੱਲ ਹੈ; ਆਪ ਖ਼ਫ਼ਾ ਤਾਂ ਨਹੀਂ ਹੋ?

ਵਿਦੂਖਕ-ਮੈਂ ਚਰਨਾਂ ਦਾ ਦਾਸ ਹਾਂ। ਮੇਰੀ ਨੌਕਰੀ ਇਹ ਸੀ ਕਿ ਆਪ ਨੂੰ ਖੁਸ਼ ਰੱਖਾਂ। ਆਪ ਹੁਣ ਆਪਣੇ ਆਪ ਵਿਚ ਖੁਸ਼ ਹੋ, ਆਪ ਨੂੰ ਖੁਸ਼ ਰਹਿਣੇ ਲਈ ਮੇਰੇ ਜਿਹੇ ਭੰਡ ਮਸਖਰੇ ਦੀ ਲੋੜ ਨਹੀਂ ਰਹੀ, ਇਸ ਦੇ ਅਰਥ ਇਹ ਹਨ ਕਿ ਜਿਸ ਕਾਰਜ ਲਈ ਮੈਂ ਨੌਕਰ ਹਾਂ ਉਹ ਸ੍ਰੀ ਜੀ ਨੂੰ ਮੁਤੇ ਤੇ ਉਚੇਰਾ ਪ੍ਰਾਪਤ ਹੋ ਰਿਹਾ ਹੈ, ਆਪ ਦੀ ਖੁਸ਼ੀ ਵਿਚ ਮੇਰੀ ਖੁਸ਼ੀ ਹੈ। ਆਪ ਪ੍ਰਸੰਨ ਹੋ, ਮੇਰੀ ਨੌਕਰੀ ਕੁਦਰਤ ਆਪ ਕਰ ਰਹੀ ਹੈ ਤੇ ਮੈਨੂੰ ਅਰਾਮ ਦੇ ਰਹੀ ਹੈ। ਹੇ ਭਗਵਾਨ! ਮੈਂ ਖੁਸ਼ ਹਾਂ, ਆਪ ਦਾ ਵਿਸ਼ਵਾਸ ਸੱਚਾ ਹੈ, ਆਪ ਦਾ 'ਪ੍ਰੇਮ' ਠੀਕ ਹੈ, ਆਪ ਦੇ ਆਤਮਾਂ ਵਿਚ ਮੈਂ 'ਨਿਰਵਾਨ-ਸੁਖ' ਦਾ ਪ੍ਰਵੇਸ਼

ਦੇਖਦਾ ਹਾਂ। ਨਿਰਵਾਨ[1] ਦਾ ਅਨੰਦ, ਬਰਕਤ ਤੇ ਰਹੱਸਜ ਅਸਾਂ ਪੜ੍ਹੇ ਤੇ ਸੁਣੇ, ਪਰ ਤੱਕੇ ਨਹੀਂ ਸੇ, ਹੁਣ ਮੈਂ ਪ੍ਰਤੱਖ ਆਪ ਵਿਚ ਉਸ ਦਾ ਨਿਵਾਸ ਦੇਖਦਾ ਹਾਂ, ਸਗੋਂ ਮੇਰੇ ਚਿੱਤ ਵਿਚ ਤਾਂ ਆਪ ਪਰ ਆਮੁਹਾਰੀ ਸ਼ਰਧਾ ਆ ਰਹੀ ਹੈ। ਇਸ ਸੁਖ ਦਾ ਨਾਮ ਆਪ ਕੁਛ ਰੱਖੋ, ਮੇਰੀ ਅਸੀਸ ਇਹ ਹੈ ਕਿ ਇਹ ਸੁਖ ਆਪ ਦਾ ਵਧੇ।

ੴ,

ਨਾਨਕ ਸਾਜਨ ਕਉ ਬਲਿ ਜਾਈਐ ਸਾਚਿ
ਮਿਲੇ ਘਰਿ ਆਏ॥੧॥ {ਸੂਹੀ ਮ:੧}

ਇਸ ਤੋਂ ਬਾਦ ਸਮਾਂ ਲੰਘਦਾ ਰਿਹਾ, ਕਈ ਸਾਧੂ ਆਏ, ਕਈਆਂ ਨੇ ਆਖਿਆ ਮੈਂ ਨਾਨਕ ਹਾਂ, ਪਰ ਜੋ ਕਸਵੱਟੀ ਹੁਣ ਲਈ ਜਾਂਦੀ ਸੀ, ਉਸ ਪਰ ਕੋਈ ਪੂਰਾ ਨਾ ਉਤਰਿਆ। ਕੋਈ ਸੂਰਾ ਵਰਿਜਾਮ ਆਪਣੇ ਤੇ ਫਤਹ ਪਾਈ ਹੋਈ ਵਾਲਾ ਹੁੰਦਾ, ਕੋਈ ਪੂਰਨ ਹਰੀ ਰਸ ਦਾ ਰਸੀਆ ਹੁੰਦਾ ਤਾਂ ਪੂਰਾ ਉਤਰਦਾ। ਕਈ ਤਜਾਗੀ ਵੈਰਾਗੀ ਆਏ, ਪਰ ਅੰਤ ਮਾਯਾ ਦੇ ਕਈ ਰੰਗਾਂ ਦੇ ਪਰਤਾਵਿਆਂ ਵਿਚ, ਜੋ ਮੰਤ੍ਰੀ ਜੀ ਆਪਣੇ ਪ੍ਰਬੰਧ ਹੇਠ ਪਾਉਂਦੇ, ਕਿਤੇ ਨਾ ਕਿਤੇ ਜਾਕੇ ਢਹਿ ਪੈਂਦੇ।

ਇਕ ਦਿਨ ਫੇਰ ਰਾਜਾ ਜੀ ਸਮੁੰਦਰ ਕਿਨਾਰੇ ਬੈਠੇ ਸੇ, ਚੰਦ੍ਰਕਲਾ ਪਾਸ ਬੈਠੀ ਸੀ, ਆਪ ਕਹਿ ਰਹੇ ਸੇ:-

ਪਿਆਰੀ! ਉੱਤ੍ਰੀ ਦਿਸ਼ਾ ਵੱਲ ਦੀ ਪੌਣ ਪਿਆਰੇ ਦੀ ਸੁਗੰਧੀ ਲਿਆਇਆ ਕਰਦੀ ਸੀ, ਅੱਜ ਤ੍ਰੈ ਦਿਨਾਂ ਤੋਂ ਪੌਣ ਸੱਖਣੀ ਆਉਂਦੀ ਹੈ! ਹਾਂ! ਮੇਰੇ ਭਾਗ ਬੀ ਕਦੇ ਜਾਗਣਗੇ? ਕਦੇ ਦਰਸ਼ਨਾਂ ਦੀ ਸਿੱਕ ਮੇਰੀ ਬੀ ਪੂਰੀ ਹੋਵੇਗੀ? ਫਿਰ ਇਕ ਗੀਤ ਗਾਵਿਆਂ, ਜਿਸ ਦਾ ਭਾਵ ਇਸ ਪ੍ਰਕਾਰ ਦਾ ਸੀ:-

ਖੜੀ ਕਿਨਾਰੇ ਕੂਕ ਪੁਕਾਰਾਂ, ਸਾਂਈਂ ! ਨੂੰ ਪਈ ਵਾਜਾਂ ਮਾਰਾਂ, ਆ ਸਾਂਈਂ! ਮੈਂ ਤਨ ਮਨ ਵਾਰਾਂ, ਅੱਲ ਵਿਲੱਲੀ ਝੱਲੀ ਹਾਂ। ਜੀ ਤਰਸੇ ਉੱਡ ਮਿਲਾਂ ਪਿਆਰੇ, ਲੋਚਾਂ ਜਾਵਾਂ ਪਾਰ ਕਿਨਾਰੇ, ਜਾਵਾਂ ਮੈਂ ਕਿਸ ਓਟ ਸਹਾਰੇ? ਸਿਕਦੀ ਖੜੀ ਇੱਕਲੀ ਹਾਂ। ਉਤ ਵੱਲ ਜਾਣੋਂ ਵਰਜ ਰਹਾਣੀ, ਇਤ ਵਲ ਖੜਿਆਂ ਉਮਰ ਵਿਹਾਣੀ, ਜਾਇ ਨ ਸੱਕਾਂ ਆਪ ਨਿਮਾਣੀ,ਦੁਖੀਆ ਖੜੀ ਦੁਵੱਲੀ ਹਾਂ। ਆਵੋ ਪ੍ਰੀਤਮ ਦਰਸ ਦਿਖਾਵੋ, ਕਰੋ ਮਿਹਰ ਚਾ ਫੇਰਾ ਪਾਵੋ, ਸਿਕਦੀ ਚਰਨੀਂ ਆਣ ਲਗਾਵੋ, ਬੌਰੀ ਹੋ ਹੁਣ ਚੱਲੀ ਹਾਂ।

ਇਸ ਤਰ੍ਹਾਂ ਦੇ ਵੈਰਾਗ ਵਿਚ ਸਨ ਕਿ ਮੰਤ੍ਰੀ ਜੀ ਆ ਗਏ ਤੇ ਆਖਣ ਲਗੇ:-

ਹੇ ਰਾਜਾ ਜੀ! ਤ੍ਰੈ ਦਿਨਾਂ ਤੋਂ ਇਕ ਸਾਧੂ ਆਏ ਹੋਏ ਹਨ, ਜਿਨ੍ਹਾਂ ਵਰਗਾ ਅੱਗੇ ਕੋਈ ਨਹੀਂ ਆਇਆ। ਪਹਿਲੇ ਤਾਂ ਉਨ੍ਹਾਂ ਆਪ ਹੀ ਆਕੇ ਸੁੱਕੇ ਬਾਗ਼ ਵਿਚ ਡੇਰਾ ਲਾਇਆ ਹੈ, ਦੋ ਆਦਮੀ ਸੁਹਣੀ ਨੁਹਾਰ ਦੇ ਨਾਲ ਹੋਰ ਹਨ। ਮਾਲੀ ਦੱਸਦਾ ਹੈ, ਉਹਨਾਂ ਦੇ ਕਦਮ ਰੱਖਦੇ ਸਾਰ ਸੁੱਕੇ ਬੂਟੇ ਬਾਗ਼ ਦੇ ਹਰੇ ਹੋ ਗਏ। ਸ਼ਗੂਫੇ ਫੁੱਟ ਪਏ ਹਨ। ਦੂਸਰੇ ਜਿੱਦਣ ਦੇ ਆਏ ਹਨ ਨਿਰਾਹਾਰ ਹਨ। ਸਾਥੀਆਂ ਨੇ ਥੋੜਾ ਦਾਲ ਤੇ ਚਾਵਲ ਪਾਏ ਹਨ, ਪਰ ਆਪ ਅਜੇ ਤੱਕ ਪੌਣ ਅਹਾਰੀ ਹਨ, ਅਤੇ ਆਪ ਇਸ ਫਾਕੇ ਨਾਲ ਕੋਈ ਲਿੱਸੇ ਮਾੜੇ ਨਹੀਂ ਪਏ! ਤੀਜੇ ਜੋ ਸਰੀਰ ਉਨ੍ਹਾਂ ਦੀ ਪ੍ਰੀਖਯਾ ਵਾਸਤੇ ਜਾਂਦਾ ਹੈ ਬਾਗ਼ ਵੜਦਿਆਂ ਉਸ ਦੀ ਸੁਰਤ ਹੋਰ ਹੋ ਜਾਂਦੀ ਹੈ, ਪ੍ਰੀਖਿਆ ਭੁੱਲ ਜਾਂਦੀ ਹੈ, ਹਿਰਦੇ ਵਿਚ ਖਿੜਾਉ ਹੋਣ ਲੱਗ ਪੈਂਦਾ ਹੈ। ਦੂਰ ਤੋਂ ਦਰਸ਼ਨ ਹੁੰਦੇ ਹਨ ਤਾਂ ਜ਼ੁਬਾਨ ਬੰਦ ਹੋ ਜਾਂਦੀ ਹੈ, ਬੋਲ ਨਹੀਂ ਹੁੰਦਾ, ਆਪਣੇ ਆਪ ਸਿਰ ਨਿਉਂਦਾ ਹੈ ਤੇ ਉਨ੍ਹਾਂ ਪਵਿੱਤ੍ਰ ਚਰਨਾਂ ਤੇ ਡਿੱਗ ਪੈਂਦਾ ਹੈ। ਚਰਨੀਂ ਲਗਦਿਆਂ ਧੁਨੀ ਛਿੜ ਪੈਂਦੀ ਹੈ-'ਵਾਹਿਗੁਰੂ' 'ਵਾਹਿਗੁਰੂ'। ਜਦ ਮੁੜ ਆਉਂਦਾ ਹੈ ਤਾਂ ਨੈਣ ਨੀਰ ਪੂਰਤ ਹੁੰਦੇ ਹਨ, ਪੁੱਛੋ ਤਾਂ ਇਹ ਉੱਤਰ ਮਿਲਦਾ ਹੈ:-"ਆਪਣੇ ਮਾਲਕ ਨੂੰ ਯਾਦ ਕਰੋ! ਰਚਨਹਾਰ ਨਾਲ ਪ੍ਰੇਮ ਕਰੋ। " ਹੇ ਰਾਜਾ! ਜਿਤਨੇ ਸਰੀਰ ਗਏ ਸਭ ਦੀ ਇਸ ਪ੍ਰਕਾਰ ਕਾਇਆ ਪਲਟ ਹੋ ਗਈ ਹੈ!

ਰਾਜਾ (ਰੁਕਕੇ)-ਕੁਝ ਨਾਮ ਪਤਾ ਦੱਸਦੇ ਹਨ?

ਮੰਤ੍ਰੀ-ਚੁੱਪ ਹਨ। ਕਿਸੇ ਗੱਲ ਦਾ ਉੱਤਰ ਨਹੀਂ ਦੇਂਦੇ। ਜੋ ਸਰੀਰ ਪਰਤਾਵਾ ਲੈਣ ਜਾਵੇ ਉਹ ਬੇਜ਼ੁਬਾਨ ਹੋ ਆਉਂਦਾ ਹੈ ਤੇ ਉਹ ਉੱਪਰਲੀ

[1] ਗੂਹੜ ਆਤਮ ਵਿਦਿਆ ਯਾ ਅਵਸਥਾ।

ਦਸ਼ਾ ਵਿਚ ਹੁੰਦਾ ਹੈ। ਅੱਜ ਮੈਂ ਤੇ ਵਿਦੂਖਕ ਜੀ ਆਪ ਗਏ ਸਾਂ, ਉਹ ਤਾਂ ਦਰਸ਼ਨ ਮਗਨ ਓਥੇ ਹੀ ਬੈਠੇ ਹਨ, ਆਖਦੇ ਹਨ: "ਇਹ ਨਿਰਵਾਸ਼ ਜੋਤ ਜ਼ਰੂਰ ਹਨ। ਜਾਓ ਰਾਜਾ ਜੀ ਨੂੰ ਆਖੋ ਨਿਰਸੰਸੇ ਆਉਣ"। ਮੈਨੂੰ ਕਹਿੰਦੇ ਸਨ: "ਐਡੇ ਪਿਆਰੇ ਹਨ, ਜੋ ਮੈਨੂੰ ਇਹ ਕੇਵਲ ਕਹਿ ਦੇਣਗੇ ਕਿ 'ਰੱਬ ਹੈ' ਤਾਂ ਮੈਂ ਮੰਨ ਲਵਾਂਗਾ ਤੇ ਬੋਧ ਧਰਮ ਹੁਣੇ ਹੀ ਤਿਆਗ ਦਿਆਂਗਾ"। ਫੇਰ ਕਹਿਣ ਲੱਗੇ:"ਮੈਂ ਇਹ ਮੋਹਣੀ ਮੂਰਤ ਨੂੰ ਦੇਖਕੇ ਮੋਹਿਆ ਗਿਆ ਹਾਂ, ਇਹ ਆਦਮੀ ਨਹੀ ਹੈ, ਜ਼ਰੂਰ ਕੋਈ ਮਹਾਨ ਅਵਤਾਰ ਹੈ"। ਹੇ ਰਾਜਾ! ਮੈਂ ਬੀ ਖਿੱਚ ਖਾਕੇ ਆਇਆ ਹਾਂ, ਬੜੇ ਪਿਆਰੇ ਲੱਗਦੇ ਹਨ। ਧਰਤੀ ਦੇ ਜੀਵ ਹੀ ਨਹੀਂ ਲੱਗਦੇ, ਮਨ ਮੰਨਦਾ ਹੈ ਕਿ ਅਕਾਸ਼ਾਂ ਤੋਂ ਆਏ ਹਨ।

ਰਾਜਾ (ਹਾਹੁਕਾ ਲੈਕੇ)--ਮੰਤ੍ਰੀ! ਉਸ ਪਖੰਡੀ ਨੂੰ ਮੱਥਾ ਟੇਕਕੇ ਮੇਰੇ ਮਨ ਨੂੰ ਜੋ ਦੁੱਖ ਹੋਇਆ, ਉਹ ਦੁਖ ਭੁੱਲਦਾ ਨਹੀਂ। ਤਦ ਦਾ ਚਿੱਤ ਇਹੋ ਡਰਦਾ ਹੈ ਕਿ 'ਸੱਚੇ' ਬਿਨਾਂ ਇਹ ਸਿਰ ਕਿਸੇ ਅੱਗੇ ਭੁੱਲ ਨਾਲ ਬੀ ਨਾ ਝੁਕੇ। ਹੁਣ ਭੱਜ ਕੇ ਪਹੁੰਚਣ ਨੂੰ ਜੀ ਉਮਲਦਾ ਹੈ।

ਮੰਤ੍ਰੀ-ਹੇ ਰਾਜਨ! ਹੁਣ ਤਾਂ ਸੱਚ ਸਾਮਰਤੱਖ ਹੈ। ਕੱਲ ਰਾਗ ਵਿੱਦਯਾ ਵਿਚ ਨਿਪੁੰਨ ਸੁੰਦਰੀਆਂ ਗਈਆਂ ਸਨ ਜੋ ਨਿਰਤਕਾਰੀ ਕਰਕੇ ਉਨ੍ਹਾਂ ਨੂੰ ਅਪਣੇ ਰੰਗ ਵਿਚੋਂ ਉਖੇੜਨ, ਪਰ ਉਸ ਮ੍ਰਿਦੁਲ ਮੂਰਤੀ ਨੇ ਜਾਂਦਿਆਂ ਹੀ ਕਿਹਾ:-

"ਰਾਗ ਨੂੰ ਹਰੀ ਕੀਰਤਨ ਵਿਚ ਵਰਤੋ। ਨਾਮ ਜਪੋ।"

ਉਸੀ ਵਕਤ ਉਹ ਸਮਾਧੀ ਵਿਚ ਬੈਠ ਗਈਆਂ। ਕੁਛ ਦੇਰ ਬਾਦ ਹੋਸ਼ ਪਰਤੀ ਤਾਂ ਮੁੜੀਆਂ, ਉਨ੍ਹਾਂ ਦੇ ਨੈਣ ਜਲ ਨਾਲ ਭਰੇ ਹਨ, ਅਰ ਸਰੀਰ ਵਿਚੋਂ ਹਰੀ ਨਾਮ ਦੀ ਅਖੰਡਾਕਾਰ ਧੁਨੀ ਮਾਨੋ ਨਿਕਲ ਰਹੀ ਹੈ। ਐਸ ਤਰ੍ਹਾਂ ਦਿੱਸਦੀਆਂ ਹਨ ਕਿ ਪਵਿੱਤ੍ਰਤਾ ਅਰ ਹਰੀ ਸਿਮਰਨ ਦੀਆਂ ਦੇਵੀਆਂ ਹਨ। ਹੇ ਰਾਜਾ! ਬਾਗ ਵਿਚ ਪ੍ਰਭਾਵ ਹੀ ਕੁਛ ਹੋਰ ਹੈ, ਪੈਰ ਰੱਖਦਿਆਂ ਜੀ ਖਿੜਦਾ ਹੈ, ਠੰਢ ਵਰਤਦੀ ਹੈ ਸ਼ਾਂਤਿ ਆਉਂਦੀ ਹੈ ਤੇ ਐਉਂ ਲੱਗਦਾ ਹੈ ਜੀਕੂੰ ਰੱਬ ਹੀ ਰੱਖ ਹੋ ਰਿਹਾ ਹੈ। ਮੇਰੀ ਜਾਚੇ ਹੁਣ-ਸੰਸਾ ਨਹੀਂ, ਮਨਮੁਖ ਦਾ ਗੁਰੂ, ਆਪ ਦਾ ਗੁਰੂ ਨਾਨਕ, ਸ੍ਰਿਸ਼ਟੀ ਦਾ ਤ੍ਰਾਣ ਕਰਤਾ, ਮਹਾਨ ਰਿਖੀਆਂ ਦਾ ਸ਼ਿਰੋਮਣੀ, ਅਵਤਾਰਾਂ ਦਾ ਗੁਰੂ ਅਵਤਾਰ ਇਹੋ ਹੈ[1]।

ਰਾਜਾ ਇਹ ਸੁਣਕੇ ਚੱਕਰ ਖਾਕੇ ਢਹਿ ਪਿਆ, ਫੇਰ ਸੰਭਲਿਆ ਤੇ ਬੋਲਿਆ: ਅਹੋ! ਮੈਂ ਅਪ੍ਰਾਧੀ, ਮੈਂ ਆਪਣੇ ਮਾਲਕ ਦੇ ਪਰਤਾਵੇ ਲਏ! ਧਿੱਕ ਮੇਰੇ ! (ਤ੍ਰਬ੍ਰਕ ਕੇ)-

ਹੈਂ ਮੰਤ੍ਰੀ! ਤੂੰ ਕੀ ਆਖਦਾ ਹੈਂ?

ਮੰਤ੍ਰੀ-ਪਾਤਸ਼ਾਹ! ਹੁਣ ਤਾਂ ਆਪ ਹੈ, ਆਪ ਹੈ, ਆਪ ਹੈ। ਅੱਜ ਤਾਂ ਮੈਂ ਤੇ ਵਿਦੂਖਕ ਜੀ ਨੇ ਨਾਮ, ਜ਼ਾਤ, ਪਤਾ ਪੁਛਣ ਦੀ ਬੀ ਗੁਸਤਾਖੀ ਕੀਤੀ, ਪਰ ਓਹ ਕੀਰਤਨ ਵਿਚ ਮਗਨ ਸਨ, ਆਪ ਦੇ ਦੈਵੀ ਗਲੇ ਤੋਂ ਜੋ ਅਨਾਹਦ ਨਾਦ ਹੋਇਆ ਤਾਂ ਇਹ ਕੁਛ ਗਾਂਵਿਆ ਗਿਆ ਜੋ ਆਪਣੇ ਲੇਖਕ ਜੀ ਨੇ ਨਾਲੋ ਨਾਲ ਲਿਖ ਲਿਆ:-

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ
ਮੈਲੁ ਨ ਰਾਤੀ ॥ ਪ੍ਰੀਤਮ ਨਾਥੁ ਸਦਾ ਸਚੁ
ਸੰਗੇ ਜਨਮ ਮਰਣ ਗਤਿ ਬੀਤੀ ॥ ੧ ॥
ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥
ਜਾ ਤਉ ਭੀਤਰਿ ਮਹਲਿ ਬੁਲਾਵਹਿ
ਪੂਛਉ ਬਾਤ ਨਿਰੰਤੀ ॥ ੧ ॥ ਰਹਾਉ ॥
ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ
ਗੁਣ ਪੂਜੇ ਪਾਤੀ ॥ ਏਕੋ ਨਾਮੁ ਏਕੁ
ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥ ੨ ॥
ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ
ਨਾਮੁ ਅਜਾਚੀ ॥ ਏਕੋ ਹਾਟੁ ਸਾਹੁ ਸਭਨਾ
ਸਿਰਿ ਵਣਜਾਰੇ ਇਕ ਭਾਤੀ ॥ ੩ ॥ ਦੋਵੈ
ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ
ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥
ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ
ਦਿਨੁ ਰਾਤੀ ॥ ੪ ॥ ਊਪਰਿ ਗਗਨੁ
ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ
ਪੁਨਿ ਵਾਸੀ ॥ ਗੁਰ ਬਚਨੀ ਬਾਹਰਿ ਘਰਿ
ਏਕੋ ਨਾਨਕੁ ਭਇਆ ਉਦਾਸੀ
॥ ੫ ॥ ੧੧ ॥ (ਮਾਰੂ ਮ: ੧)

[1] 'ਸਭ ਤੇ ਵਡਾ ਸਤਿਗੁਰੁ ਨਾਨਕੁ' ਗੁਰਵਾਕ ਹੈ।

ਇਸ ਸ਼ਬਦ ਦੀ ਧੁਨੀ ਮਾਰੂ ਰਾਗ ਵਿਚ ਸੀ, ਇਹ ਵੈਰਾਗ ਦਾ ਨਕਸ਼ਾ ਬੰਨ੍ਹ ਗਈ, ਉਹ ਇਲਾਹੀ ਧੁਨਿ ਸੁਣਦੇ ਸਭ ਪੱਥਰ ਦੀਆਂ ਮੂਰਤਾਂ ਵਾਂਙ ਨਿਸ਼ਚਲ ਹੋ ਗਏ ਤੇ ਸਾਨੂੰ ਸਾਫ ਉੱਤਰ ਮਿਲ ਗਿਆ ਕਿ ਆਪ ਦਾ ਹੀ ਨਾਮ 'ਨਾਨਕ' ਹੈ!

ਰਾਜਾ-ਸੱਚ ਹੈ, ਉਹ ਪਤਿਤ ਪਾਵਨ ਆਪ ਹੈ, ਪਰ ਮੈਂ ਪਤਿਤ ਹਾਂ!

ਪਰ ਹਾਂ, 'ਓਹ ਪਤਿਤ ਪਾਵਨ ਹੈ!' ਇਹ ਕਹਿੰਦੇ ਰਾਜਾ ਦਾ ਦਿਲ ਟੁੱਟਾ, ਪ੍ਰੇਮ ਦਾ ਪ੍ਰਵਾਹ ਕੜ ਪਾੜਕੇ ਚੜ੍ਹਿਆ, ਹੱਦ ਬੰਨੇ, ਸੋਚਾਂ, ਸੰਸੇ ਰੁੜ੍ਹ ਗਏ। ਪ੍ਰੀਤ ਦੀ ਕਾਂਗ ਆਈ; ਇਸ਼ਕ ਦੀ ਨਾ ਰੁਕਣ ਵਾਲੀ ਹੜ ਦੇ ਵੇਗ ਦੀ ਰੌ ਆਈ, ਸੁਰਤ ਨੂੰ ਲੈ ਟੁਰੀ, ਮਨ ਨੂੰ ਲੈ ਟੁਰੀ, ਦੇਹ ਨੂੰ ਲੈ ਟੁਰੀ। ਖਿੱਚ ਦੀ ਤ੍ਰਿੱਖੀ ਕਾਂਗ ਰਾਜਾ ਨੂੰ ਨਸਾਈ ਲਈ ਜਾਂਦੀ ਹੈ, ਭਜਾਈ ਲਈ ਜਾਂਦੀ ਹੈ। 'ਪ੍ਰੀਤਮ ਆਇਆ, ਮੇਰਾ ਪ੍ਰੀਤਮ ਆਇਆ' ਕਹਿੰਦਾ ਲੋਹਾ ਜਿਉਂ ਧਾ ਕੇ ਚੁੰਬਕ ਵੱਲ ਜਾਂਦਾ ਹੈ, ਐਉਂ ਧੂਹੀਦਾ ਜਾ ਰਿਹਾ ਹੈ, ਵੱਛਾ ਮਾਂ ਵੰਨੀ ਭੰਨਾ ਜਾਂਦਾ ਹੈ, ਕਾਹਲੀ ਹੋਈ ਨਦੀ ਸਮੁੰਦਰ ਵੱਲ ਨੱਠੀ ਜਾਂਦੀ ਹੈ, ਤਿਵੇਂ ਰਾਜਾ ਸਤਿਗੁਰੂ ਵੱਲ ਭੱਜਾ ਜਾ ਰਿਹਾ ਹੈ।

ਬਾਗ ਦਾ ਵਾਯੂ ਮੰਡਲ ਆਤਮ ਸੁਗੰਧੀ ਨਾਲ ਭਰਪੂਰ ਹੈ। ਜਾਕੇ ਦਰਸ਼ਨ ਕੀਤਾ, ਕਲੇਜਾ ਖਿੱਚ ਤੇ ਪਿਆਰ ਨਾਲ ਹੋਰ ਟੁੱਟ ਗਿਆ, ਮੱਲੋ ਮੱਲੀ ਸਿਰ ਝੁਕ ਗਿਆ ਹੈ, ਸੁਰਤ ਮੋਹੀ ਗਈ। ਮਹਾਰਾਜ ਦੇ ਨੇਤ੍ਰ ਬੰਦ ਸਨ, ਉਸ ਵੇਲੇ ਦੈਵੀ ਨੈਣ ਖੁੱਲ੍ਹੇ, ਰਾਜਾ ਝਾਲ ਨਹੀਂ ਝੱਲ ਸਕਿਆ।

ਫੇਰ ਪੈਰੀਂ ਢੱਠਾ, ਰੋ ਰੋ ਕੇ ਬਲਿਹਾਰ ਤੇ ਜਲਿਹਾਰ ਹੋ ਗਿਆ, ਕਿਤਨਾਂ ਚਿਰ ਚਰਣਾਂ ਤੇ ਸਿਰ ਰੱਖੇ ਨੂੰ ਸੁਧ ਨਾ ਰਹੀ। ਹਾਇ ਰਾਜਾ! ਤਰਸਦੇ ਤੇ ਸਿੱਕਦੇ ਰਾਜਾ! ਅੱਜ ਤੇਰੀ ਸਿੱਕ ਪੂਰੀ ਹੋਈ, ਸੱਚ ਖੰਡ ਤੋਂ ਟੁਰਕੇ ਜੋ ਸੰਸਾਰ ਰੱਖਯਾ ਨਮਿੱਤ ਆਇਆ ਹੈ, ਉਹ ਅੱਜ ਤੇਰੇ ਗ੍ਰਿਹ ਆਇਆ ਹੈ। ਹਾਂ ਮੱਥਾ ਟੇਕ; ਸਿਰ ਨਾ ਚੱਕ, ਲੀਨ ਹੋ ਅਰ ਇਨ੍ਹਾਂ ਹੀ ਚਰਨਾਂ ਕਮਲਾਂ ਵਿਚ ਲੀਨ ਹੋ ਜਾਹ। ਪਿਆ ਰਹੁ ਰਾਜਾ! ਹੁਣ ਅੰਮ੍ਰਿਤ ਕੁੰਡ ਤੋਂ ਸੀਸ ਕਾਸ ਨੂੰ ਚਾਉਂਦਾ ਹੈਂ, ਦੇਖ-ਕਿਸ ਤਰ੍ਹਾਂ ਦੀ ਜੀਵਨ ਦੇ ਹੁਲਾਰੇ ਭਰੀ ਤੇ ਰਸ ਦੇ ਲਹਿਰੇ ਭਰੀ ਝਰਨਾਟ ਚਰਣਾ ਥੀਂ ਤੇਰੇ ਸਰੀਰ ਵਿਚ ਆ ਰਹੀ ਹੈ। ਪਿਆ ਰਹੁ ਰਾਜਾ, ਇਸ ਸੁਖ ਪੁੰਜ ਖ਼ਜ਼ਾਨੇ ਤੇ ਪਿਆ ਰਹੁ, ਅੱਜ ਤੇਰੇ ਧੰਨ ਭਾਗ ਹਨ!

ਸਤਿਗੁਰੂ ਜੀ ਨੇ ਪਿਆਰ ਦੇਕੇ ਉਠਾਇਆ, ਕਿਹਾ-"ਰਾਜਾ! ਸਾਵਧਾਨ ਹੋ, ਨਿਰੰਕਾਰ ਦੀ ਜੋਤ ਸੰਭਾਲ"। ਰਾਜਾ ਉਠਦਾ ਹੈ, ਸੰਭਲਦਾ ਹੈ, ਪਰ ਪ੍ਰੇਮ ਲੱਦਿਆ ਸਿਰ ਝੁਕ ਝੁਕ ਕੇ ਪੈਂਦਾ ਹੈ। ਚਾਹੁੰਦਾ ਹੈ ਕੁਛ ਬਿਨੈ ਕਰਾਂ, ਪਰ ਗਲਾ ਰੁਕਦਾ ਹੈ। ਅੰਤ ਰੁਕ ਰੁਕ ਕੇ ਸੱਧਰਾਂ ਨੇ ਕਹਾਇਆ:-'ਮਹਲੀਂ ਚੱਲੋ'। ਤਾਂ ਸਤਿਗੁਰ ਆਖਦਾ ਹੈ, 'ਫਕੀਰਾਂ ਨੂੰ ਛੱਪਰ ਕਿਨ ਛਾਏ?' ਜਦ ਰਾਜਾ ਬਹੁਤ ਮਿੰਨਤ ਤੇ ਤਰਲੇ ਕਰਦਾ ਹੈ ਤਾਂ ਚੋਜੀ ਸਤਿਗੁਰ ਆਖਦਾ ਹੈ ਕਿ 'ਮੈਂ ਪਜਾਦਾ ਨਹੀਂ ਜਾਂਦਾ'। "ਤਦਹੁੰ ਰਾਜੇ ਸਿਵਨਾਭਿ ਆਖਿਆ, 'ਜੀ ਤੇਰਾ ਦਿੱਤਾ ਸਭ ਕਿਛੁ ਹੈ, ਹੁਕਮੁ ਹੋਵੇ ਤਾਂ ਘੋੜੇ ਹਾਥੀ ਚੜ੍ਹੀਐ, ਅਤੇ ਜੀ ਤਖਤ ਰਵਾਂ ਚੜ੍ਹੀਐ'! ਤਬ ਗੁਰੂ ਬਾਬੇ ਆਖਿਆ, ਜੋ 'ਹੇ ਰਾਜਾ ਅਸੀਂ ਮਨੁੱਖ ਦੀ ਅਸਵਾਰੀ ਕਰਦੇ ਹਾਂ[1]'। ਤਬ ਰਾਜੈ ਆਖਿਆ:'ਜੀ ਮਨੁੱਖ ਵੀ ਬਹੁਤ ਹੈਨਿ, ਚੜ੍ਹ ਚੱਲੀਐ। ' ਤਬ ਬਾਬੇ ਆਖਿਆ: 'ਹੇ ਰਾਜਾ! ਓਹ ਮਨੁੱਖ ਹੋਵੇ ਜੋ ਰਾਜ ਕੁਇਰ ਹੋਵੈ ਅਤੇ ਨਗਰ ਕਾ ਰਾਜਾ ਹੋਵੇ, ਤਿਸੁ ਕੀ ਪਿੱਠ ਉਪਰ ਚੜ੍ਹਿਹਾਂ'। ਤਬ ਰਾਜੇ ਆਖਿਆ: 'ਪਾਤਿਸ਼ਾਹਿ ਜੀ! ਤੇਰਾ ਕੀਤਾ ਰਾਜਾ ਮੈਂ ਹਾਂ, ਚੜ੍ਹਿ ਚੱਲੀਐ[2]'। "

ਤਾਂ ਸਤਿਗੁਰ ਜੀ ਮੁਸਕ੍ਰਾਏ ਤੇ ਬਚਨ ਕੀਤਾ "ਸ਼ਹਰ ਵਿਚ ਧਰਮਸਾਲ ਬਣਾਓ। ਮਹਲੀਂ ਨਹੀਂ ਪਰ ਧਰਮਸਾਲੇ ਆਵਾਂਗੇ[3]। " ਹੁਕਮ ਸੁਣਕੇ ਚੰਦ ਚੜ੍ਹ ਗਿਆ; ਰਾਜੇ ਨੇ ਦੇਸ਼ ਦੇ ਬਹੁਤ ਸਾਰੇ ਕਾਰੀਗਰ ਲਾਕੇ ਬੁਹਤ ਛੇਤੀ ਸੁੰਦਰ ਧਰਮਸਾਲ

---

[1] ਇਸ ਦੇਸ਼ ਵਿਚ ਹੁਣ ਤਕ ਨਿੱਕੀਆ ਬੱਘੀਆਂ ਮਨੁੱਖ ਹੀ ਖਿੱਚਦੇ ਹਨ। [2] ਪੁਰਾਤਨ ਜਨਮਸਾਖੀ।

[3] ਪੈੜੇ ਮੋਖੇ ਵਾਲੀ ਸਾਖੀ ਵਿਚ ਲਿਖਿਆ ਹੈ, ਕਿ ਗੁਰੂ ਬਾਬੇ ਨੇ ਰਾਜੇ ਦੇ ਕਹਿਣੇ ਪਰ ਉਸ ਦੇ ਘਰ ਜਾਣਾ ਨਹੀਂ ਮੰਨਿਆਂ। ਜਦੋਂ ਉਸ ਫੇਰ ਜ਼ੋਰ ਦਿੱਤਾ ਤਾਂ ਆਖਿਆ ਕਿ ਧਰਮਸਾਲ ਬਣਵਾਓ। ਇਹੋ ਬਚਨ ਗੁਰ ਨਾਨਕ ਪ੍ਰਕਾਸ਼, ਗੁਰ ਨਾਨਕ ਸੂਰਯੋਦੇ ਤੇ ਹੋਰ ਸਾਖੀਆਂ ਵਿਚ ਹੈਨ।

ਬਣਵਾ ਲਈ। ਜਦ ਬਾਗ਼ ਵਿਚ ਆਪਣੇ ਅਣਡਿੱਠੇ ਪ੍ਰੀਤਮ, ਪ੍ਰਾਣਾਂ ਤੋਂ ਪਿਆਰੇ ਪ੍ਰੀਤਮ ਤੇ ਹੁਣ ਸਾਖਸ਼ਾਤ ਪ੍ਰੀਤਮ ਨੂੰ ਲੈਣ ਗਿਆ ਤਾਂ ਅੱਗੇ ਆਪ ਦੀ ਸੁਗੰਧਿ ਰੂਪ ਕਾਯਾਂ ਉਥੋਂ ਲੋਪ ਸੀ।

> ਨ੍ਰਿਪ ਹ੍ਵੈ ਬਿਕਲ ਗਿਰਜੋ ਤਿਹ ਥਾਉਂ, ਸੁਧ ਬੁੱਧ ਰਹੀ ਨ ਕਛੁ ਤਿਹ ਆਨ। ਸ਼ੀਘ੍ਰ ਸੇਵਕ ਨ ਕਰਜੋ ਉਠਾਵਨ, ਜਲਮੁਖ ਪਾਇ ਕੀਨ ਸਵਧਾਨ। ਤਬੈ ਸਸ਼ੋਕ ਕਹੀ ਮੁਖਬਾਣੀ 'ਕਹਾਂ ਗਏ ਸ੍ਰੀ ਗੁਰ ਸੁਖ ਦਾਨ?'। {:ਗੁ:ਨਾ:ਖ਼੍ਰ:}

ਇਸ ਵੇਲੇ ਜੋ ਉਸ ਦੇ ਹਿਰਦੇ ਨੂੰ ਬਿਰਹ ਹੋਇਆ ਕਥਨ ਤੋਂ ਬਾਹਰ ਹੈ। ਬੇਹੋਸ਼ੀ ਹੋ ਗਈ, ਗ਼ਸ਼ ਆ ਗਈ। ਜਦ ਗ਼ਸ਼ ਤੋਂ ਕਈ ਉਪਾਵਾਂ ਨਾਲ ਹੋਸ਼ ਆਈ ਤਦ ਬਯਾਕੁਲ ਹੋ ਕੇ ਤਲਾਸ਼ ਕਰੇ, ਕੂਕੇ ਤੇ ਕੁਰਲਾਵੇ, ਫਿਰ ਟੋਲੇ, ਭਾਲੇ ਤੇ ਵਿਰਲਾਪ ਕਰੇ:-

> ਆਰਤ ਹੋਇ ਪੁਕਾਰਤ ਭਾਰੀ॥'ਪ੍ਰਾਨ ਨਾਥ! ਮਿਲਿਯੈ ਇਕ ਬਾਰੀ'॥ ਦੌਰ ਦੌਰ ਸੁਧਿ ਹੇਤ ਮੁਕੰਦਾ॥ ਬੂਝਤਿ ਬਿਟਪ ਬਿਹੰਗਨ ਬ੍ਰਿੰਦਾ ॥੧੦॥ ਗਿਰਵਰ ਸਰਵਰ ਹ੍ਵੈ ਕਰਿ ਤੀਰਾ॥'ਤੁਮ ਦੇਖਜੋ ਕਿਤ ਗੁਨੀ ਗਹੀਰਾ?' ਬਿਕਲ ਬਚਨ ਬੋਲਤਿ ਬਨ ਮਾਂਹੀ ॥ ਕਿਹ ਅਸਥਾਨ ਬਿਲੋਕੇ ਨਾਂਹੀ ॥੧੧॥ ਸ੍ਵੇਦ ਅੰਗ ਪੁਨ ਲੋਚਨ ਨੀਰਾ ॥ ਸਰਬ ਭੀਗ ਗੇ ਚੀਰ ਸਰੀਰਾ॥ ਗਿਰਜੋ ਧਰਨ ਪਰ ਹ੍ਵੈ ਮੁਰਛਾਈ॥ ਤਬ ਪ੍ਰਗਟੇ ਸ੍ਰੀ ਗੁਰ ਜਗ ਸਾਂਈਂ॥੧੨॥ {ਗੁ: ਨਾ: ਪ੍ਰ:}

ਦੌੜ ਕੇ ਚਰਨੀਂ ਢੱਠਾ, ਫਿਰ ਚਰਨਾਂ ਨੂੰ ਲਿਪਟ ਗਿਆ, ਅਣਡਿੱਠੇ ਪ੍ਰੀਤਮ ਦਾ ਪ੍ਰੇਮੀ ਹੁਣ ਪ੍ਰਤੱਖ ਦਰਸ਼ਨ ਕਰ ਰਿਹਾ ਹੈ। ਮਨ ਵਿਚ ਪ੍ਰੇਮ ਤੇ ਚਾਉ ਹੈ, ਅਰ ਆਪਣੇ ਤਾਰਨਹਾਰ ਤੋਂ ਸਦਕੇ ਹੋ ਰਿਹਾ ਹੈ।

ਬੜੇ ਆਦਰ ਨਾਲ ਧਰਮਸਾਲ ਲੈ ਆਇਆ। ਰਾਣੀ ਚੰਦ੍ਰਕਲਾ ਤੇ ਸਾਰੇ ਪਰਿਵਾਰ ਨੇ ਪ੍ਰੇਮ ਭਰਿਆ ਆਪਾਵਾਰਨ ਵਾਲਾ ਦੈਵੀ ਤੇ ਇਲਾਹੀ ਸਤਿਕਾਰ ਕੀਤਾ। ਮੱਥਾ ਟੇਕਣਾ ਕੀ ਸੀ, ਇਕ ਬਿਜਲੀ ਦੇ ਘਰ ਨਾਲ ਛੁਹਣਾ ਸੀ! ਉਹ ਦੈਵੀ ਰੌ, ਉਹ ਦਮਕਦੀ ਲਹਿਰ, ਉਹ ਜੀਉਂਦੀ ਝਰਨਾਟ ਸਭਨਾਂ ਦੇ ਅੰਦਰ ਛਿੜ ਗਈ, ਜਿਸ ਬਿਨਾਂ ਨਰ ਜੀਉਂਦਾ ਮ੍ਰਿਤਕ ਸਮਾਨ ਹੈ। ਜਿਸ ਹਿਰਦੇ ਵਿਚ ਇਹ ਹੈ ਨਹੀਂ ਉਹ ਹਿਰਦਾ ਇਕ ਕਲਾ ਵਤ ਕੰਮ ਕਰਦੀ ਸ਼ਕਤੀ ਹੈ, ਉਹ ਜੀਵਨ ਕਣੀ ਵਾਲੀ ਜਾਗਦੀ ਜੋਤਿ ਨਹੀਂ ਹੈ।

ਹੁਣ ਲੋਕੀਂ, ਜੋ ਅਚੰਭਾ ਹੋ ਰਹੇ ਸਨ ਕਿ ਰਾਜਾ ਕਿਸੇ 'ਅਣਡਿੱਠੇ ਪ੍ਰੀਤਮ ਦੇ ਪ੍ਰੇਮ ਵਿਚ ਬਾਵਲਾ ਹੋ ਰਿਹਾ ਹੈ' ਦੇਖਣ ਆਉਣ ਲੱਗੇ। ਸਭ ਤੋਂ ਪਹਿਲੇ ਵਿਦੂਖਕ ਜੀ ਪਰ ਅਸਰ ਪੈ ਰਿਹਾ ਸੀ, ਬਿਨ ਚਰਚਾ, ਬਿਨ ਪੁੱਛੇ ਇਸ ਨੇ ਤਾਂ ਇਕ ਦਿਨ ਕਹਿ ਦਿੱਤਾ:"ਹੇ ਦਾਤੇ! ਤੇਰੇ ਅੰਦਰ ਜੋ ਜਿਵਾਵਣ ਹਾਰੀ ਸ਼ਕਤਿ ਹੈ, ਇਸ ਠਠੋਲ, ਜਗਤ ਦੇ ਹਾਸੋ ਹੀਣੇ ਨੂੰ ਬੀ ਦੇਹ"। ਸਤਿਗੁਰ ਨੇ ਕਿਹਾ:-

> ਸਿਮਰਨ ਕਰ।
> ਕਹੁ 'ਮਾਲਿਕ ਹੈ', ਕਹੁ
> ਮੈਂ ਈਮਾਨ ਲਿਆਉਂਦਾ ਹਾਂ ਕਿ ਮੇਰਾ ਸਿਰਜਣਹਾਰ ਅਕਾਲ ਪੁਰਖ ਪਰਮੇਸ਼ੁਰ ਘਟ ਘਟ ਦਾ ਜਾਣਨ ਹਾਰ ਮੇਰੇ ਅੰਗ ਸੰਗ ਹੈ। ਈਮਾਨ ਲਿਆ ਤੇ ਹਰਦਮ ਏਸ ਯਾਦ ਵਿਚ ਰਹੁ, ਫੇਰ ਅੰਦਰ ਪਰਮੇਸ਼ੁਰ ਵਸੇਗਾ, ਤੂੰ ਸੁਖੀ ਖੁਸ਼ੀ ਤੇ ਖੀਵਾ ਰਹੇਂਗਾ।

ਵਿਦੂਖਕ ਨੂੰ ਉਨਮਨੀ ਰੌ[1] ਚੜ੍ਹ ਗਈ ਦੂਜਾ ਗੇੜ ਮੰਤ੍ਰੀ ਨੂੰ ਲੱਗਾ, ਜੋ ਪਹਿਲੇ ਦਿਨ ਤੋਂ ਪ੍ਰੀਖਯਾ ਕਰਦਾ ਤੇ ਪਰਤਾਵੇ ਲੈਂਦਾ ਰਿਹਾ ਸੀ। ਤੀਜੇ ਸ੍ਰੀ ਪੰਡਤ ਜੀ ਆਏ। ਆਪ ਹਰ ਰੋਜ਼ ਚਰਚਾ ਕਰਨ ਲਈ ਆਉਂਦੇ ਸੇ ਪਰ ਜਾਂ ਤਾਂ

[1] ਹਠ ਯੋਗੀਆਂ ਵਿਚ ਉਨਮਨੀ ਇਕ ਮੁੱਦ੍ਰਾ ਹੈ- ਅਧਖੁੱਲ੍ਹੇ ਨੈਣ, ਨਾਸਕਾ ਅਗਰ ਭਾਗ ਤੇ ਦ੍ਰਿਸ਼ਟੀ, ਮਨ ਸਥਿਰ, ਪ੍ਰਾਣ ਮੱਧਮ ਆਦਿਕ। ਯੋਗ ਵਸ਼ਿਸ਼ਟ ਨੇ ਨਾਸਕਾਂ ਦੇ ਅਗ੍ਰ ਭਾਗ ੧੨ ਉਂਗਲ ਨਿਰਮਲ ਆਕਾਸ਼ ਵਿਚ ਗਜਾਨ ਤੇ ਦ੍ਰਿਸ਼ਟੀ ਲੀਨ ਹੋ ਜਾਣਾ ਕਿਹਾ ਹੈ। ਰਾਜ ਯੋਗ ਵਿਚ ਉਨਮਨੀ ਉਸ ਦਸ਼ਾ ਦਾ ਨਾਮ ਹੈ ਜਿਸ ਨੂੰ ਫਾਰਸੀ ਵਾਲੇ ਬੇ-ਖੁਦੀ ਦਾ ਆਲਿਮ ਕਹਿੰਦੇ ਹਨ। ਗੁਰੂ ਘਰ ਵਿਚ ਉਨਮਨ ਉਸ ਰੌਂ ਦਾ ਨਾਮ ਹੈ ਕਿ ਜਦੋਂ ਸਿਮਰਨ ਇਕਤਾਰ ਸਹਿਜ ਸੁਭਾ ਹੋ ਟੁਰੇ, ਚਿਤ ਖਿੜਿਆ ਰਹੇ, ਆਪਣਾ ਆਪ ਉੱਚਾ, ਖਿੜਿਆ; ਰਸ ਭਰਿਆ, ਪਰ ਹਉਂ ਤੋਂ ਰਹਿਤ ਚੜ੍ਹਿਆ ਰਹੇ। ਬੇ-ਖੁਦੀ ਸੁਆਦ, ਖੇੜਾ, ਸਰੂਰ, ਖਿੱਚ, ਰਸ, ਯਾਦ, ਪਿਆਰ ਸਾਰਿਆਂ ਦਾ ਇਕ ਹੋਕੇ ਆਪਣੇ ਵਿਚ ਲੀਨ ਤੇ ਲੁਭਾ ਰੱਖਣ ਵਾਲਾ ਰੰਗ ਹੋਵੇ। ਇਸ ਦਾ 'ਸਾਧਨ' ਹਰੀ ਨਾਮ ਦਾ ਸਿਮਰਨ ਹੈ ਤੇ 'ਪ੍ਰਾਪਤੀ' ਵਾਹਿਗੁਰੂ ਵਲੋਂ ਮਿਹਰ ਨਾਲ ਹੁੰਦੀ ਹੈ।

ਕਰਨ ਦਾ ਹੀਆ ਨਹੀਂ ਸੀ ਪੈਂਦਾ ਜਾਂ ਸਤਿਗੁਰ ਦੇ ਜਮਾਲ ਨਾਲ ਚਕਾਚੂੰਧ ਹੋ ਜਾਂਦੇ ਸੇ। ਇਕ ਦਿਨ ਆਇਆ ਤਾਂ ਸਤਿਗੁਰ ਸਮਾਧਿ ਵਿਚ ਟਿਕ ਰਹੇ ਸੇ, ਸੈਦੋ ਤੇ ਸੀਹਾਂ[1] ਗਾਉਂ ਰਹੇ ਸੇ:-

> ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ ਅਹਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥੧॥ {ਆਸਾ ਮਹਲਾ:੧}

ਪੰਡਤ ਸੁਣਕੇ ਮਸਤ ਜਿਹਾ ਹੋ ਗਿਆ, ਨੈਣ ਮੁੰਦ ਗਏ ਤੇ ਮਨ ਨੂੰ ਕਹਿੰਦਾ ਹੈ:-ਜੀ ਪੀਵਾਂ ਕੀਕੂੰ? ਤੇ ਮਿਲੇ ਕਿੱਥੋਂ?

ਇਹ ਫੁਰਨਾ ਫੁਰਦਿਆਂ ਉਸ ਨੂੰ ਇਕ ਦਿੱਬ ਮੂਰਤ ਨਜ਼ਰ ਪਈ, ਉਸ ਉੱਤਰ ਦਿਤਾ: 'ਸੰਸਾ ਮੇਟੋ'। ਤ੍ਰਬ੍ਰਕ ਕੇ ਪੰਡਤ ਨੇ ਅੱਖ ਖੋਲ੍ਹੀ ਕਿ ਗੁਰ ਨਾਨਕ ਨੇ ਉੱਤਰ ਦਿਤਾ ਹੈ, ਪਰ ਜਾਂ ਦੇਖੇ ਤਾਂ ਉਹ ਮਗਨ ਬੈਠੇ ਹਨ। ਹੁਣ ਇਹ ਕੁਛ ਫੁਰਿਆ-'ਫੇਰ ਮੇਟੋ, ਦੱਸੋ ਤੁਸੀਂ ਕੌਣ ਹੋ?' ਫੁਰਦਿਆਂ ਸਾਰ ਝਲਕਾ ਵੱਜਾ, ਨੈਣ ਮੁੰਦ ਗਏ ਤਾਂ ਪੰਡਤ ਅਕਾਸ਼ ਬਾਣੀ ਸੁਣਦਾ ਹੈ:-'ਸਭ ਤੇ ਵਡਾ ਸਤਿਗੁਰ ਨਾਨਕੁ' ਹੈ।

ਪੰਡਤ-ਤਾਂ ਕੀ ਇਹ ਰੱਬ ਹੈ?

ਗ਼ੈਬ ਦੀ ਆਵਾਜ਼-ਗੁਰ ਨਾਨਕ ਦਾ ਰੱਬ ਇਹ ਹੈ:-

> ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਪੰਡਤ-ਫੇਰ ਕੀ ਤੂੰ ਜੋਗੀ ਹੈਂ?

ਆਵਾਜ਼-ਯੋਗੀ ਜੁੜੇ ਨੂੰ ਆਖਦੇ ਹਨ?

ਪੰਡਤ-ਹਾਂ ਜੀ।

ਆਵਾਜ਼-ਕਿਸ ਦੇ ਨਾਲ?

ਪੰਡਤ-ਹੈਂ, ਮੈਂ ਨਹੀਂ ਸਮਝਿਆ?

[1] ਇਸ ਸਫਰ ਵਿਚ ਸਤਿਗੁਰ ਜੀ ਦੇ ਨਾਲ ਸੈਦੋ ਜਾਤ ਘੇਹੋ ਤੇ ਸੀਹੋਂ ਨਾਮੇਂ ਸਿਖ ਸੇ। ਪੰਜਾਬ ਵਿਚ ਲਹਿੰਦੇ ਪਾਸੇ ਹੁਣ ਬੀ 'ਘੇਈ' ਜਾਤੀ ਦੇ ਪਰਿਵਾਰ ਵੱਸਦੇ ਹਨ।

ਆਵਾਜ਼-ਤੂੰ ਜੋਗੀ ਉਸ ਨੂੰ ਆਖਦਾ ਹੈਂ ਜੋ ਆਪਣੇ ਆਪ ਵਿਚ ਏਕਾਗ੍ਰ ਹੋ ਗਿਆ, ਨਿਰੁੱਧ ਹੋ ਗਿਆ।

ਪੰਡਤ-ਹਾਂ ਜੀ।

ਆਵਾਜ਼-ਜੋ ਆਪੇ ਵਿਚ ਜੁੜ ਗਿਆ ਉਹ ਤਾਂ ਨਿਰੁੱਧ ਹੋ ਗਿਆ, ਕੈਵਲ ਹੋ ਗਿਆ; ਜਾਂ ਉਹ ਪੁਰਖ (ਰੂਹ) ਹੋ ਗਿਆ, ਅਜੇ ਉਹ ਅਸਲ ਜੋਗੀ ਨਹੀਂ ਹੈ! ਹਾਂ ਜੇ ਉਹ ਸ਼ੁੱਧ ਹੋਇਆ ਪੁਰਖ (ਅਰਥਾਤ ਰੂਹ) 'ਪੁਰਖ ਵਿਸ਼ੇਸ਼' (ਈਸ਼੍ਵਰ) ਦੇ ਚਰਨੀਂ ਜਾ ਲੱਗੇ, ਤਾਂ ਜੋ ਜਿਸ ਤਰ੍ਹਾਂ ਉਸ ਈਸ਼੍ਵਰ ਪਰ ਮਾਯਾ ਕਦੇ ਨਹੀਂ ਪਈ, ਇਸ 'ਪੁਰਖ' ਪਰ ਬੀ ਮਾਯਾ ਕਦੇ ਫੇਰ ਨਾ ਪੈ ਸਕੇ, ਨਹੀਂ ਤਾਂ ਜੀਕੂੰ ਕਦੇ ਅੱਗੇ ਇਸ ਨੂੰ ਅਕਾਰਣ ਫੜ ਬੈਠੀ ਸੀ, ਫੇਰ ਆ ਫੜੂਗੀ। ਪੁਰਖ ਤੇ ਪ੍ਰਕ੍ਰਿਤੀ (ਰੂਹ ਤੇ ਮਾਦਾ) ਕਲਪਾਂਤਰ ਯਾ ਕਦੇ ਕਰਮ ਕਰਨ ਤੋਂ ਬਿਨਾਂ ਜੁੜੇ ਸੇ, ਪੁਰਖ ਵਿਸ਼ੇਸ਼ (ਈਸ਼੍ਵਰ) ਕਦੇ ਬੀ ਮਾਯਾ ਵਿਚ ਨਹੀਂ ਫਸਿਆ ਸੀ, ਜੇ ਪੁਰਖ ਹੁਣ (ਪੁਰਖ ਵਿਸ਼ੇਸ਼) ਈਸ਼੍ਵਰ ਦੀ ਸ਼ਰਨ ਵਿਚ ਜਾ ਸਮਾਵੇ ਤਾਂ ਕਦੇ ਫੇਰ ਨਾ ਫਸੇਗਾ, ਤਦੋਂ ਅਸਲ ਜੋਗੀ ਹੋਵੇਗਾ! ਨਹੀਂ ਤਾਂ ਉਸ ਦਾ ਕੈਵਲ ਹੋਣਾ ਕੋਈ ਤੌਖਲੇ ਤੋਂ ਖਾਲੀ ਦਸ਼ਾ ਨਹੀਂ, ਜਿਵੇਂ ਕਦੇ ਅੱਗੇ ਮਾਯਾ ਵਿਚ ਪੈ ਗਿਆ ਸੀ ਤਿਵੇਂ ਫੇਰ ਬੀ ਪੈ ਸਕਦਾ ਹੈ, ਚਾਹੋ ਇਥੇ ਦਲੀਲਾਂ ਤੇ ਘਾੜਤਾਂ ਘੜ ਲਓ, ਪਰ ਓਹ ਤਰਲੇ ਮਾਤ੍ਰ ਹਨ, ਕਿਉਂ ਪੰਡਤ?

ਪੰਡਤ-ਹੈਂ ਜੀ! ਕੈਵਲ ਤੋਂ ਅੱਗੇ ਬੀ ਕੁਛ ਹੁੰਦਾ ਹੈ?

ਆਵਾਜ਼-ਮਾਲਕ ਕੁੱਲ ਨੂੰ ਪ੍ਰੇਮ ਕਰ, ਆਤਮ ਪ੍ਰੇਮ ਕਰ, ਉਸ ਦੀ ਭਗਤੀ ਕਰ ਉਸ ਨਾਲ ਜੁੜ, ਉਸ ਦੀ ਚਰਨ ਸ਼ਰਨ ਰਹੁ, ਉਸ ਤੋਂ ਕਦੇ ਅੱਡ ਨਾ ਹੋ, ਫਿਰ ਸਦਾ ਸੁਖੀ ਰਹੁ। ਕਲੇਸ਼ ਕਰਮ ਤੋਂ ਛੁੱਟਕੇ ਨਿਰਾ ਮੁਕਤ ਹੀ ਨਾ ਰਹੁ। ਮੁਕਤ ਹੋਕੇ ਅਰਥਾਤ ਮਾਯਾ ਤੋਂ ਛੁਟਕਾਰਾ ਪਾਕੇ ਈਸ਼੍ਵਰ ਦੀ ਸ਼ਰਨ ਸਮਾ ਤੇ ਸਦਾ ਅਨੰਦ ਰਹੁ, ਅਵਿੱਛੜ ਪਰਮਾਤਮਾ ਨਾਲ ਨਿਵਾਸ ਕਰ। ਤੂੰ ਮਾਯਾ ਤੋਂ ਮੁਕਤ ਹੋਣ ਨੂੰ ਜੋਗ ਆਖਦਾ ਹੈਂ ਪਰ ਮੁਕਤ ਹੋਏ ਨੂੰ ਸਾਈਂ ਨਾਲ ਜੋੜੀਏ ਤਾਂ ਉਸ ਨੂੰ ਪੂਰਾ ਜੋਗੀ ਆਖੀਦਾ ਹੈ। ਤੂੰ ਕਲੇਸ਼ ਕਰਮ ਤੋਂ

ਨਿਰੇ ਛੁੱਟੇ ਨੂੰ ਜੋਗੀ ਕਹਿੰਦਾ ਹੈਂ, ਪਰ ਪਰਮਾਨੰਦ ਵਿਚ ਪ੍ਰਾਪਤ ਈਸ਼੍ਵਰ ਸ਼ਰਨਾਗਤ ਸਦਾ ਰਸੀਆ, ਸਦਾ ਅਨੰਦੀ ਸਦਾ ਲੀਨ ਨੂੰ ਜੋਗੀ ਕਹਿਣਾ ਚਾਹੀਏ।

ਪੰਡਤ-ਮੰਨਿਆਂ, ਠੀਕ ਹੈ, ਸੱਚ ਹੈ। ਇਹ ਗੁਰ ਨਾਨਕ ਸੰਸਾਰ ਪਰ ਕੀ ਕਰਨ ਆਇਆ ਹੈ?

ਆਵਾਜ਼-੧.ਸਾਖੀ ਭਰਨ ਕਿ:-ਰੱਬ ਹੈ?

ਰੱਬ ਤੁਸਾਡੈ ਅੰਗ ਸੰਗ ਹੈ।

ਰੱਬ ਤੁਸਾਨੂੰ ਪਿਆਰ ਕਰਦਾ ਹੈ।

੨. ਉਪਦੇਸ਼ ਦੇਣ ਕਿ:-

ਤੁਸੀਂ ਰੱਬ ਤੇ ਨਿਹਚਾ ਧਾਰੋ। ਉਸ ਦੇ ਚਰਨਾਂ ਨਾਲ ਪ੍ਰੀਤ ਕਰੋ। ਉਸ ਨੂੰ ਹਰ ਦਮ ਅੰਦਰ ਵਸਾਓ। ਉਸ ਨਾਲ ਅੱਠ ਪਹਿਰ ਜੁੜੋ; ਇਕ ਦਮ ਨਾ ਵਿਸਰੋ। ਐਉਂ ਮਿਲੇ ਸੰਸਾਰ ਯਾਤ੍ਰਾ ਨਿਬਾਹੋ। ਉਸ ਦੇ ਭੈ ਵਿਚ ਖਾਓ ਪੀਓ, ਉਸ ਦੇ ਭੈ ਤੇ ਭਾਉ ਵਿਚ ਟੁਰੋ, ਉਸ ਦੇ ਰੰਗ ਵਿਚ ਰੱਤੇ ਕੰਮ ਕਾਜ ਕਰੋ। ਉਸ ਦੇ ਪ੍ਰੇਮ ਪ੍ਰੋਤੇ ਏਥੋਂ ਉੱਜਲ ਮੁੱਖ ਜਾਓ।

੩. ਮਿਹਰਾਂ ਨਾਲ ਮਨੁੱਖਾਂ ਦੇ ਦੇਵਤੇ ਬਨਾਉਣ[1] ਆਇਆ ਹੈ, ਦੇਵਤੇ ਬਣਾਕੇ ਸਰੂਪ ਪ੍ਰਾਪਤੀ ਕਰਾਉਣ ਆਇਆ ਹੈ। ਸਰੂਪ ਵਿਚ ਟਿਕ ਗਿਆਂ ਨੂੰ ਬ੍ਰਹਮ ਤੱਤ੍ਵ ਨਾਲ ਮੇਲਕੇ ਸਦਾ ਮੁਕਤ ਕਰਨ ਆਇਆ ਹੈ।

ਪੰਡਤ ਘਬਰਾਇਆ, ਨੈਣ ਖੋਲ੍ਹੇ, ਨਾਨਕ ਛਬੀ ਦੇਖਕੇ ਨੈਣ ਮੋਹਤ ਹੋ ਫੇਰ ਮਿਟ ਗਏ, ਤੇ ਫੇਰ ਮਨ ਵਿਚ ਪੁੱਛਦਾ ਹੈ, ਹੇ ਨਾਨਕ! ਤੂੰ ਇਹ ਆਪੂੰ ਆਖਦਾ ਹੈਂ ਕਿ ਕੋਈ ਹੋਰ ਹੈ? ਅਵਾਜ਼ ਆਈ:-

ਮਾਲਕ ਦੇ ਬਖਸ਼ੇ ਗਜਾਨ ਨੂੰ ਆਖਦਾ ਹਾਂ।

ਫੇਰ ਘਬਰਾਕੇ ਅੱਖ ਖੁੱਲ੍ਹੀ, ਗੁਰ ਨਾਨਕ ਦੇ ਚਿਹਰੇ ਤੋਂ ਅਰਸ਼ਾਂ ਕੁਰਸ਼ਾਂ ਦਾ ਨੂਰ ਵਸ ਰਿਹਾ ਸੀ। ਫੇਰ ਪੰਡਤ ਦੇ ਛੱਪਰ ਢੈ ਪਏ ਤੇ ਅਵਾਜ਼ ਆਈ 'ਨਾਨਕ ਨੂਰੀ ਹੈ, ਨਾਨਕ ਜਜੋਤ ਨਿਰੰਜਨੀ ਵਿਚੋਂ ਆਇਆ ਹੈ, ਨਾਨਕ ਜੋ ਕਹਿੰਦਾ ਹੈ ਸਾਂਈਂ ਦਾ ਹੁਕਮ ਕਹਿੰਦਾ ਹੈ'। ਹੁਣ ਫੇਰ ਨੈਣ ਖੁੱਲ੍ਹੇ ਤਾਂ ਪੰਡਤ ਨੂੰ ਗੁਰੂ ਜੀ ਦੇ ਚਿਹਰੇ ਤੋਂ ਇਕ ਪਹਿਲੋਂ ਤੋਂ ਬੀ ਵਧੀਕ ਜਲਾਲ ਨਜ਼ਰ ਆਇਆ, ਜਲਾਲ ਨੇ ਖਿੱਚਿਆ, ਖਿੱਚੀਂਦੇ ਨੂੰ ਸਤਿਗੁਰ ਦੇ ਜਮਾਲ ਦਾ ਝਲਕਾ ਵੱਜਾ। ਮੋਹਿਤ ਹੋਕੇ ਮੂਰਛਾ ਖਾ ਕੇ ਢੱਠਾ। ਜਾਂ ਉਠਿਆ ਤਾਂ ਹਿਰਦੇ ਦਾ ਕੜ ਪਾਟ ਚੁੱਕਾ ਸੀ ਤੇ ਨੈਣ ਛਹਿਬਰ ਲਾ ਰਹੇ ਸਨ, ਸੀਨੇ ਦੀ ਤਪਤ ਮਿਟ ਰਹੀ ਸੀ, ਠੰਢ ਵਰਤ ਰਹੀ ਸੀ ਤੇ ਕੁਛ ਆਖ ਤੇ ਕੁਛ ਗਾ ਰਿਹਾ ਸੀ ਜੋ ਐਦਾਂ ਦਾ ਸੀ:-

'ਤੂੰ ਜਗਤ ਗੁਰੂ ਹੈਂ, ਤੂੰ ਤ੍ਰਾਣ ਕਰਤਾ ਹੈਂ
ਮੈਂ ਕੋਰੜੂ ਮੋਠ ਨੂੰ ਬੀ ਤਾਰ। '

ਤਾਰ ਬਾਬਾ ਨਾਨਕ! ਮੈਨੂੰ ਕੋਰੜੂ[1] ਨੂੰ ਤਾਰ ਦੇ ! ਮਾਰ ਬਾਬਾ ਨਾਨਕ! ਮੇਰੀ ਚਿੰਜੜੀ[2] ਨੂੰ ਮਾਰ ਦੇ! ਦਾਨ ਬਾਬਾ ਨਾਨਕ! ਮੈਨੂੰ ਸਿਮਰਨ ਦਾ ਦਾਨ ਦੇ! ਮਾਨ ਬਾਬਾ ਨਾਨਕ! ਮੈਨੂੰ ਚਰਨਾਂ ਦਾ ਮਾਨ ਦੇ! ਦੇਹ ਬਾਬਾ ਨਾਨਕ! ਜੀਅ-ਦਾਨ ਮੈਨੂੰ ਦਾਨ ਦੇ! ਤੁੱਠ ਬਾਬਾ ਨਾਨਕ ਮੈਨੂੰ ਆਤਮਾਂ ਦਾ ਦਾਨ ਦੇ!

ਸ਼ਰਧਾ ਵਾਲੇ ਤਾਰਕੇ ਕੀਤੇ ਨੀ ਭਵ ਪਾਰ॥
ਇਕ ਨਿੰਦਕ ਬੀ ਤਾਰ ਲੈ ਢੱਠਾ ਆਨ ਜੁ ਦ੍ਵਾਰ॥

ਕਰੁਣਾ ਸਿੰਧੂ ਜੀ ਨੇ ਨੈਣ ਖੋਲ੍ਹੇ, ਚਰਨੀਂ ਢੱਠੇ ਨੂੰ ਕਿਰਪਾ ਕਟਾਖਜ ਨਾਲ ਤੱਕਿਆ, ਪਿੱਠ ਤੇ ਹੱਥ ਫੇਰਿਆ, ਆਖਿਆ: "ਨਿਹਾਲ, ਸਿੱਖਾ ਨਿਹਾਲ!"

ਜਦ ਅਜ਼ਲੀ ਹੁਕਮ ਨਾਲ ਬਾਬੇ ਨੇ ਰੱਬੀ ਰੌ ਤੇ ਇਲਾਹੀ ਲਹਿਰ ਉਸ ਦੇ ਅੰਦਰ ਫੇਰੀ ਤਾਂ ਪੰਡਤ ਠੰਢਾ ਸਾਹ ਲੈਕੇ ਕੱਠਾ ਹੋ, ਇਕਾਗਰ ਹੋ ਗਿਆ, ਲੀਨ ਹੋ ਗਿਆ, ਜੁੜ ਗਿਆ। ਜਦ ਉਠਿਆ ਤਾਂ ਉਥਾਨ ਨਹੀਂ ਹੋਇਆ, ਲਿਵ ਲੱਗ ਗਈ, ਲਿਵ ਦਾਨ ਪਾ ਲਿਆ। ਇਕ ਛੱਪੜ, ਜੋ ਚਸ਼ਮੇ ਨਾਲੋਂ ਵਿਛੜਕੇ ਸੁੱਕ ਰਿਹਾ ਸੀ ਤੇ ਤ੍ਰੁੱਕ ਰਿਹਾ ਸੀ, ਦੇਖੋ ਉਸ ਦੇ ਤੇ ਚਸ਼ਮੇ ਦੇ ਵਿਚਕਾਰ ਨਹਿਰ ਖੁਦ ਗਈ ਹੈ। ਛੱਪੜ ਦੀ ਚਸ਼ਮੇ ਨਾਲ ਲਿਵ ਲੱਗ ਗਈ ਹੈ! ਹੁਣ ਲਗਾਤਾਰ ਰੌ-ਜੀਉਂਦੀ ਰੌ-ਆਉਂਦੀ ਹੈ, ਛੱਪੜ ਨੂੰ ਤਰੋਤਾਜ਼ਾ

[1] ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥ {ਵਾਰ ਆਸਾ ਮ: ੧}

[1] ਨਾਂ ਗਲਨ ਵਾਲੇ; ਡੁੱਬਣ ਵਾਲੇ, ਪੱਥਰ ਵਤ ਕਰੜੇ।

[2] ਚਰਚਾ ਵਾਦ ਦੀ ਬ੍ਰਿਤੀ।

ਕਰ ਰਹੀ ਹੈ, ਸੋਮਾ ਤੇ ਸਰੋਵਰ ਇਕਰੂਪ ਹੋ ਰਹੇ ਹਨ।

ਧੰਨ ਬਾਬਾ ਨਾਨਕ, ਓਏ ਲੋਕੋ ਬਾਬਾ ਨਾਨਕ ਧੰਨ ਹੈ!

ਬਾਬਾ ਨਾਨਕ, ਇਹ ਆਖਣ ਵਾਲਾ ਬਾਬਾ ਨਾਨਕ:-

"ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ", ਜੋ ਕਹਿੰਦਾ ਹੈ' ਮੈਂ ਰੱਬ ਨਹੀਂ ਪਰ ਉਸ ਦਾ ਜਨ ਹਾਂ! ' ਪਰ ਦੇਖੋ ਰੱਬ ਨਾਲ ਮੇਲ ਦੇਂਦਾ ਜੇ। ਇਕ ਪਾਸੇ ਰੱਬ ਦੇ ਪੈਰ ਫੜਦਾ ਹੈ, ਦੂਏ ਪਾਸੇ ਮਨੁਖ ਦਾ ਸੀਸ ਫੜਦਾ ਹੈ ਤੇ ਜੋੜ ਦੇਂਦਾ ਹੈ। ਧੰਨ ਬਾਬਾ, ਧੰਨ ਤੇਰਾ ਬੰਦਾ ਹੋਣਾ, ਧੰਨ ਤੇਰਾ ਜਨ ਤੇ ਦਾਸ ਬਣਨਾ। ਉਹ ਜਾਣੇ ਤੂੰ ਕੁਛ ਕਹੁ ਤੇਰੀ ਏਹੋ ਮਨੁੱਖਤਾਈ ਸਾਡੇ ਲਈ ਅਲੂਹੀਅਤ ਹੈ। ਤੂੰ ਜਨ ਹੈ? ਮੈਂ ਕਹਿੰਦਾ ਹਾਂ, ਤੇਰੀ ਇਹ ਹਉਂ ਤੋਂ ਅਤੀਤਤਾਈ ਹੈ ਜੋ ਬੰਦਿਆਂ ਨੂੰ ਰੱਬ ਨਾਲ ਮੇਲਦੀ ਹੈ। ਤੂੰ ਦਰਗਾਹ ਦਾ ਬਸੀਠ ਹੈਂ। ਤੂੰ ਮਿੱਤ੍ਰ ਵਿਚੋਲਾ ਹੈਂ। ਧੰਨ ਹੈਂ ਤੂੰ ਜੋ ਪਹਿਲੋਂ ਖੁੰਬ ਚਾੜ੍ਹਦਾ ਹੈਂ, ਧੋਂਦਾ ਹੈਂ, ਕੱਠਿਆਂ ਕਰਦਾ ਹੈਂ, ਫੇਰ ਸਾਂਈਂ ਦੀ ਰੰਗਣ ਚਾੜ੍ਹਕੇ ਮੇਲਦਾ ਹੈਂ। ਸਾਡੇ ਨਿਤਾਣਿਆਂ ਦਾ ਇਹ ਕੰਮ ਕਰੀ ਜਾਹ, ਤੂੰ ਧੰਨ ਹੈਂ! ਤੂੰ ਧੰਨ ਹੈਂ!!

ਪੰਡਤ ਜੀ ਨੂੰ ਅੱਜ ਸੁਆਦ ਆ ਰਿਹਾ ਹੈ, ਕਹਿੰਦਾ ਹੈ; ਇਹ ਸਾਧੂ ਨਹੀਂ ਹੈ, ਇਹ ਆਦਮੀ ਨਹੀਂ ਹੈ, ਇਹ ਜ਼ਰੂਰ ਅਵਤਾਰ ਹੈ। ਵਿਦੂਖਕ ਦਾ ਭਰਮ ਠੀਕ ਸੀ, ਇਹ ਨਾਨਕ ਅਵਤਾਰ ਹੈ, ਸ੍ਰਿਸ਼ਟੀ ਦਾ ਭਾਰ ਹਰਨ ਆਇਆ ਹੈ। ਪੁਰਾਣਾਂ ਨੇ ਜਿਸ ਦਾ ਪਤਾ ਦਿੱਤਾ ਹੈ ਇਹ ਉਹੋ ਹੈ। ਜਿਉਂ ਜਿਉਂ ਪੰਡਤ ਜੀ ਦੇ ਅੰਦਰ ਰਸ ਦੇ ਹੁਲਾਰੇ ਪੈਣ ਤਿਉਂ ਤਿਉਂ ਕਹੇ: ਇਹ ਅਵਤਾਰ ਸ਼ਿਰੋਮਣ ਹੈ। ਹਾਇ! ਰਾਜਾ ਸੱਚਾ ਸੀ ਜੋ ਕਹਿੰਦਾ ਸੀ ਕਿ ਇਹ ਬੁੱਧੀ ਮੰਡਲ ਤੋਂ ਉੱਚਾ ਰਸ ਹੈ। ਪਰ ਮੈਂ ਕਿਸ ਭੁਲੇਖੇ ਵਿਚ ਰਿਹਾ, ਮੈਂ ਜਾਤਾ ਕੋਈ ਸੁੱਕਾ ਪਿੰਜਰ, ਬੇਹੋਸ਼, ਮੁਰਦਿਹਾਨ ਵਾਲਾ, ਨਿਤਾਣੇ ਰੂਪ ਵਾਲਾ ਤਪਾ ਕਿ ਜੋਗੀ ਹੋਏਗਾ ਤੇ ਸਾਨੂੰ ਨਿਤਾਣਿਆਂ ਕਰ ਸੱਟੇਗਾ। ਇਹ ਤਾਂ ਗੱਲ ਹੀ ਹੋਰ ਨਿਕਲੀ; ਦੇਖੋ ਕਿਸ ਤਰ੍ਹਾਂ ਮਨ ਏਕਾਗਰ ਹੈ, ਸੰਕਲਪ ਨਹੀਂ ਪੈਂਦਾ। ਇਕ ਖਿੱਚ ਉਪਰ ਨੂੰ ਧੂਹੀ ਜਾਂਦੀ ਹੈ ਤੇ ਰਸ ਮਗਨ ਕਰੀ ਜਾਂਦੀ ਹੈ। ਇਹ ਆਰੂਢ ਅਵਸਥਾ ਹੈ। ਠੀਕ ਇਸ ਦਾਤ ਦਾ ਦਾਤਾ ਆਪ ਆਦਮੀ ਨਹੀਂ, ਉਹ ਕਿਸੇ ਵਿਸ਼ੇਸ਼ਤਾ ਵਾਲਾ ਹੈ ਅਰ ਉਹ ਨੂਰ ਵਿਚੋਂ ਆਯਾ ਹੈ।

ਬਹੁਤਾ ਪੜ੍ਹਿਆ ਹੋਇਆ ਤੇ ਬਹੁਤਾ ਹਠੀਆ ਜਦ ਅਮੰਨਾ ਕਰ ਲੈਂਦਾ ਹੈ ਤਾਂ ਬਹੁਤ ਰਸ ਮਾਣਦਾ ਹੈ, ਤਦੋਂ ਉਸ ਦੇ ਕੰਨ ਵਿਚ ਵਿਦ੍ਯਾ ਚੌਧਰਾਣੀ ਆਖਦੀ ਹੈ, 'ਮੈਂ ਨਹੀਂ ਸਾਂ ਏਹੋ ਗੱਲ ਆਖ ਰਹੀ?'

ਭਾਗਵਾਨੇ ਆਖ ਤਾਂ ਰਹੀ ਸੈਂ, ਪਰ ਨਾਲ ਸੰਸੇ ਬੀ ਤੂੰਹੋਂ ਪਾਉਂਦੀ ਸੈਂ। '

ਪੰਡਤ ਜੀ ਤੋਂ ਮਗਰੋਂ ਇਹ ਰੱਬੀ ਰੌ ਤੇ ਇਸ ਦੀ ਇਲਾਹੀ ਦਾਤ ਦਾ ਪ੍ਰਕਾਸ਼ ਵਧਿਆ। ਲੋਕ ਲੱਗੇ-ਸਾਂਈਂ ਦੇ ਪਜਾਰ ਵਿਚ ਆਉਣ, ਨਾਮ ਲੰਗਰ ਜਾਰੀ, ਜੋ ਬਾਬੇ ਦੀ ਸ਼ਰਨ ਆਵੇ ਬੇੜਾ ਪਾਰ।

"[1]ਚਰਨੀਂ ਲਾਇਓਸੁ। ਜਨਮ ਮਰਨ ਰਾਜੇ ਸ਼ਿਵਨਾਭ ਕਾ ਕੱਟਿਆ। ਸਿੱਖ ਹੋਆ। ਸੈਦੇ ਜਟ ਜਾਤ ਘੇਹੋ ਪਾਹੁਲ ਹੁਕਮ ਨਾਲ ਦਿੱਤੀ। ਸਾਰਾ ਦੀਪ ਸਿਖ ਹੋਆ, ਗੁਰੂ ਗੁਰੂ ਲੱਗਾ ਜਪਣ। ਸਾਰਾ ਖੰਡ ਬਖਸ਼ਿਆ ਰਾਜੇ ਸ਼ਿਵਨਾਭ ਕੈ ਪਿਛੈ। "

ਇਸ ਤਰ੍ਹਾਂ ਸਾਰੇ ਲੋਕਾਂ ਨੂੰ ਬਾਬੇ ਨੇ ਤਾਰਿਆ। ਉਥੇ ਬੜੀ ਸੰਗਤ ਬਣ ਗਈ। ਨਿਤ ਸਤਿਸੰਗ ਹੋਵੇ, ਸਵੇਰੇ ਚੌਂਕੀ ਲੱਗੇ, ਸੰਝ ਨੂੰ ਸੋਦਰ ਗਾਵੀਐ। ਲੋਕੀਂ ਕਾਰ ਵਿਹਾਰ ਕਰਨ, ਨਾਲ ਸਾਂਈਂ ਨਾਲ ਲਿਵ ਲਾਈ ਰੱਖਣ! 'ਜਬ ਰਾਤਿ ਪਵੈ ਤਾਂ ਸਭੈ ਇਕਠੇ ਆਇ ਬਹਿਨਿ ਧਰਮਸਾਲਾ। ਤਬ ਇਕੁ ਸਿੱਖੁ ਪਰਸਾਦੁ ਰਾਤੀ ਕਹਿ ਜਾਵੈ, ਭਲਕੇ ਇੱਕਠੇ ਜਾਇ ਖਾਵਨਿ'।

ਕੁਛ ਕਾਲ ਸਤਿਗੁਰ ਜੀ ਓਥੇ ਰਹੇ। ਸੰਗਤ ਵਿਚ ਸ਼ਿਵਨਾਭ ਦਾ ਪ੍ਰੇਮ ਤੇ ਸਾਂਈਂ ਰਸ ਵਿਚ ਚੜ੍ਹਾਉ ਸਭ ਤੋਂ ਉੱਚਾ ਸੀ, ਸੋ ਸਤਿਗੁਰ ਜੀ ਨੇ

---

[1] ਪੁਰਾਤਨ ਜਨਮ ਸਾਖੀ ਵਿਚ ਐਉਂ ਲਿਖਿਆ ਹੈ।

ਸਾਰੀ ਸੰਗਤ ਦਾ ਵੱਡਾ ਵੀ ਉਸੇ ਨੂੰ ਥਾਪਿਆ, ਮੰਜੀ ਬਖਸ਼ੀ ਅਰ ਆਗਜਾ ਕੀਤੀ ਕਿ ਤੂੰ ਪ੍ਰਾਣੀ ਮਾਤ੍ਰ ਦੇ ਉਧਾਰ ਵਾਸਤੇ ਸਾਧੂ ਹੋਯਾ। ਇਕ ਪਾਸੇ ਰਾਜ ਕਮਾਵੇਂਗਾ, ਦੂਜੇ ਪਾਸੇ ਸਹਿਜ ਪਦ ਵਿਚ ਖੇਡੇਂਗਾ, ਤੀਏ ਪਾਸੇ ਸਾਈਂ ਦੀ ਸ੍ਰਿਸ਼ਟੀ ਦਾ ਉਧਾਰ ਤੇਰੇ ਹੱਥ ਹੋਵੇਗਾ। ਇਸ ਤਰ੍ਹਾਂ ਸ੍ਰੀ ਗੁਰੂ ਜੀ ਪਰਮੇਸ਼ੁਰ ਦੇ ਪਿਆਰ ਦਾ, ਸੱਚੇ ਧਰਮ ਦਾ, ਸੱਚੇ ਰਸਤੇ ਦਾ ਇਕ ਮੰਡਲ ਤਿਆਰ ਕਰਕੇ ਹੋਰ ਦੇਸ਼ ਨੂੰ ਤਾਰਨ ਹਿਤ ਉਪਕਾਰੀ ਬੱਦਲ ਸਮਾਨ ਰਵਦੇ ਰਹੇ। ਵਿਛੋੜੇ ਪਰ ਰਾਜਾ ਨੇ ਬੜਾ ਵੈਰਾਗ ਕੀਤਾ। ਉਸ ਦਾ ਚਿੱਤ ਵਿਛੁੜਨੇ ਨੂੰ ਨਾ ਕਰੇ। ਸਾਰੀ ਸੰਗਤ ਕੁਰਲਾਵੇ, ਪਰ ਸ੍ਰੀ ਬਾਬੇ ਆਖਿਆ: "ਜਿਤ ਵਲ ਸਾਈਂ ਦਾ ਹੁਕਮ ਹੈ ਤਿਤ ਵਲ ਰਉਂ ਕਰਨਾ ਹੈ। "

ਜਦ ਸ੍ਰੀ ਗੁਰੂ ਜੀ ਵਿਦਾ ਹੋਏ ਤਾਂ ਅਕਾਸ਼ ਵਿਚੋਂ ਇਕ ਆਵਾਜ਼ ਆਈ। 'ਰਸੀਏ' ਦੇ ਨੈਣ ਮੁੰਦ ਗਏ। ਐਉਂ ਲਗਾ ਕਿ ਕੋਈ ਤ੍ਰਿੱਖੀ ਵੇਗ ਵਾਲੀ ਸ਼ਕਤਿ ਲੈ ਜਾ ਰਹੀ ਹੈ। ਜਾਂ ਫਿਰ ਨੈਣ ਖੋਲ੍ਹੇ ਤਾਂ ਰਸੀਆ ਓਸ ਅਕਾਸ਼ ਦੇ ਮੱਧ ਖੜਾ ਸੀ, ਅਰ ਅੰਮਾਂ 'ਰੱਜੀ ਰਾਜੀ' ਪਾਸ ਖੜੀ ਸੀ। ਆਖਣ ਲੱਗੀ 'ਇਹ ਨਾਮ ਕੀ ਸ਼ੈ ਹੈ? ਤੱਕ ਲਿਆ ਹਈ? ਕੀਕੂੰ ਰਾਜਾ ਪ੍ਰੇਮੀ ਹੋਕੇ ਲਿਵ ਵਿਚ ਮਗਨ ਹੋ ਗਿਆ? ਲਿਵ ਲੱਗ ਕੇ ਕੀਕੂੰ ਅਬਚਲੀ ਜੋਤਿ ਦੇ ਰਸ ਦਾ ਨਿਰੰਤਰ ਰਸੀਆ ਹੋ ਗਿਆ? 'ਕੀਕੂੰ' ਦਾ ਉੱਤਰ ਡਿੱਠਾ ਹਈ?'

ਰਸੀਆ–ਇਹ ਸਾਰਾ ਕੌਤਕ ਮੇਰੇ ਪ੍ਰਸ਼ਨ ਦਾ ਉੱਤਰ ਸੀ, ਸਵਾ ਚਾਰ ਸੌ ਬਰਸ ਦੀ ਪੁਰਾਣੀ ਬੀਤੀ ਵਾਰਤਾ ਸਾਮਰਤੱਖ ਹੁੰਦੀ ਮੈਨੂੰ ਦਿਖਾ ਦਿਤੀ ਤੇ ਨਾਮ ਦਾ ਰੰਗ ਵਰਤਦਾ ਦਿਖਾ ਦਿਤਾ, ਧੰਨ ਹੋ!

ਅੰਮਾਂ–ਇਸ ਰਸਤੇ ਵਿਸ਼ਵਾਸ ਅਮੋਲਕ ਵਸਤੂ ਹੈ, ਇਕ ਇਕ ਕਿਣਕਾ ਘਾਲਾਂ ਬਾਦ ਤਰੱਕੀ ਕਰਦਾ ਹੈ। ਵਿਸ਼ਵਾਸ ਜੀਵਨ ਹੈ, ਸੰਸਾ ਮੌਤ ਹੈ, ਤੂੰ ਪੁੱਛਿਆ ਸੀ 'ਮੈਂ ਤੈਨੂੰ ਪਿਆਰ[1] ਕਰਦੀ ਹਾਂ?' ਇਸ ਕਰਕੇ ਮੈਂ ਤੈਨੂੰ ਪ੍ਰਤੱਖ ਦਿਖਾ ਦਿਤਾ ਹੈ ਕਿ ਸਿਮਰਨ ਪ੍ਰੇਮ ਹੈ, ਪ੍ਰੇਮ ਜੀਵਨ ਹੈ!

ਪਰ ਅਮੋਲਕ ਸ਼ੈ ਸਨੇ ਸਨੇ ਲੱਭਦੀ ਹੈ ਤੇ ਮਿਹਰ ਨਾਲ ਲੱਭਦੀ ਹੈ, ਦੇਖੀਂ ਹੋਸ਼ ਕਰੀਂ; ਵਿਸ਼ਵਾਸ ਕੋਈ ਮਨੌਤ ਮਾਤ੍ਰ ਨਹੀਂ, ਵਿਸ਼ਵਾਸ ਆਤਮ ਨੇਤ੍ਰ ਹੈ।

'ਹੈ' ਇਸ ਪਰ ਦ੍ਰਿੜ੍ਹ ਵਿਸ਼ਵਾਸ ਇਹ ਆਤਮ ਆਰੂੜਤਾ ਪਹਿਲੀ ਪਉੜੀ ਹੈ। 'ਹੈ' ਦੀ ਨਿਰੰਤਰ ਪ੍ਰਤੀਤੀ ਇਹ ਆਤਮ ਪਦ ਆਰੂੜ੍ਹਤਾ ਹੈ, ਜਿਸ ਦੇ ਅੰਦਰ ਵਿਸ਼ਵਾਸ ਦ੍ਰਿੜ੍ਹ ਹੋ ਗਿਆ, ਉਸ ਦੇ ਮਗਰ ਮਗਰ ਬ੍ਰਹਮ ਗਿਆਨ ਹੈ। ਅਰਥਾਤ ਬੁੱਧ ਦੀ ਚੋਟੀ ਤੋਂ ਅਗੇ ਵਿਸ਼ਵਾਸ ਦੀ ਘਾਟੀ ਹੈ ਅਰ ਉਸ ਤੋਂ ਅਗੇ ਪਰਮ ਪਦ-ਸਫਲ ਗਿਆਨ-ਦੀ ਚੋਟੀ ਹੈ! ਵਿਸ਼ਵਾਸ ਬੁੱਧੀ ਹੀਨਤਾ ਨਹੀਂ, ਪਰ ਨਾਲ ਹੀ ਸਮਝ ਲੈ ਕਿ 'ਸੰਸੇ ਬ੍ਰਿਤੀ' ਬੁੱਧੀ ਨਹੀਂ ਹੈ! ਬੁਧੀ ਵਿਚੋਂ ਸੰਸਾ ਮਿਟ ਗਿਆ, "ਹੈ" ਦਾ ਭਾਵ ਆ ਗਿਆ, ਫਿਰ ਲਿਵ ਵਧਦੀ ਹੈ ਤੇ ਵਿਸ਼ਵਾਸ ਮੌਲਦਾ ਹੈ, ਅਗੇ ਪਰਮ ਪਦ ਹੈ[1]।

ਰਸੀਆ–ਅੰਮਾਂ! ਤੇਰੀਆਂ ਦਾਤਾਂ ਹਨ।

ਅੰਮਾਂ–ਤੈਨੂੰ ਪਤਾ ਹੈ ਤੂੰ ਕਿਥੇ ਹੈਂ?

ਰਸੀਆ–"ਹੈ" ਪਰ ਦ੍ਰਿੜ ਵਿਸ਼ਵਾਸ ਜਿਸ ਨੂੰ ਤੁਸਾਂ ਪਹਿਲੀ ਪੌੜੀ ਕਿਹਾ ਹੈ, ਕੀਕੂੰ ਆਉਂਦਾ ਹੈ?

ਅੰਮਾਂ–ਨਾਮ ਨਾਲ, ਨਾਮ ਜਪਣ ਨਾਲ, ਨਾਮ ਸਿਮਰਨ ਨਾਲ।

ਤਾਂ ਰਸੀਏ ਨੇ ਕੀ ਡਿੱਠਾ, ਕਿ ਸਿਖਾਂ ਪਿਆਰਿਆਂ, ਨੂਰ ਭਰੇ ਚਿਹਰਿਆਂ ਵਾਲਿਆਂ ਦੇ ਜਥੇ ਦੇ ਜਥੇ ਉਂਦਰ ਸੁਫੈਦ ਬਸਤ੍ਰਾਂ ਵਿਚ ਕੀਰਤਨ ਕਰਦੇ ਅਕਾਸ਼ਾਂ ਤੋਂ, ਦੂਰ ਦੂਰ ਦੇ ਮੰਡਲਾਂ ਤੋਂ ਆ ਰਹੇ ਹਨ ਤੇ ਸਾਰੇ ਹੇਠਾਂ ਸਾਡੀ ਧਰਤੀ ਵੱਲ ਟੁਰੇ ਜਾਂਦੇ ਹਨ।

ਰਸੀਆ–ਅੰਮਾਂ! ਐਹੋ ਜਿਹੇ ਸੁਹਣੇ ਲੋਕ ਮੇਰੀ ਤੱਤੀ ਧਰਤੀ ਤੇ ਕਿਉਂ ਜਾ ਰਹੇ ਹਨ?

ਅੰਮਾਂ–ਤੇਰੀ ਇਹ ਧਰਤੀ ਰਾਗ ਦ੍ਵੈਖ ਨਾਲ ਤਪਤ ਹੈ। ਜੋ ਸਾਈਂ ਦੇ ਸਿਮਰਨ ਤੋਂ ਬਾਹਰ ਹਨ, ਜਿਨ੍ਹਾਂ ਵਿਚ ਪਰਮੇਸ਼ਰ ਦਾ ਪ੍ਰੇਮ ਨਹੀਂ ਸੋ

[1] ਸਿਮਰਣ ਯਾ ਸਮਰ੍ਣ ਪਦ ਦਾ ਧਾਤੂ ਹੈ ਸਮ੍ਰੀ। ਇਸ ਦਾ ਅਰਥ ਹੈ ਯਾਦ ਕਰਨਾ ਤੇ ਪਿਆਰ ਕਰਨਾ। ਇਸੇ ਤੋਂ ਬਣਦਾ ਹੈ ਸਮ੍ਰ ਜਿਸ ਦੇ ਅਰਥ ਹਨ ਪਿਆਰ।

[1] ਜੈਸਾ ਕਿ ਪੰਜਵੇਂ ਗੁਰੂ ਜੀ ਦਾ ਵਾਕ ਹੈ:-ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ {ਗਉ: ਸੁਖ:}

ਤੱਤੇ ਹਨ। ਜੋ ਪਰੇਮ ਵਾਲੇ ਹਨ ਉਨ੍ਹਾਂ ਲਈ 'ਧਰਤ ਸੁਹਾਵੀ' ਹੈ, ਧਰਤੀ ਫੁੱਲਾਂ ਦਾ ਬਗੀਚਾ ਹੈ[1]।

ਰਸੀਆ-ਸੱਚ ਮੁੱਚ ਧਰਤੀ ਸੁਹਾਵੀ ਥਾਂ ਹੈ! ਪਰ ਮਾਂ ਜੀ! ਏਹ ਲੋਕ ਕਿਉਂ ਹੇਠਾਂ ਜਾ ਰਹੇ ਹਨ?

ਅੰਮਾਂ-ਅੱਜ ਸਤਿਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਦਿਨ ਹੈ, ਮਾਤ ਲੋਕ ਦੇ ਪਰੇਮੀ ਇਸ ਨੂੰ ਯਾਦਗਾਰ ਜਾਣਕੇ ਗੁਰ ਨਾਨਕ ਦੇ ਸ਼ੁਕਰ ਕਰ ਰਹੇ ਹਨ, ਅਰਦਾਸੇ ਸੋਧ ਰਹੇ ਹਨ, ਦਾਨ ਦੇ ਰਹੇ ਹਨ ਤੇ ਖੁਸ਼ੀਆਂ ਮਨਾ ਰਹੇ ਹਨ। ਉਨ੍ਹਾਂ ਦੇ ਪਰੇਮ ਭਰੇ ਅਹਿਲਾਦ ਨੂੰ ਵੇਖਣ, ਉਨ੍ਹਾਂ ਨੂੰ ਦੈਵੀ ਖੁਸ਼ੀ ਦੇ ਅੰਦਰ ਰੱਖਣ ਲਈ ਏਹ ਗੁਪਤ ਦੇਸ਼ ਦੀਆਂ ਸੰਗਤਾਂ ਜਾ ਰਹੀਆਂ ਹਨ। ਤੈਨੂੰ ਰਾਜੇ ਸ਼ਿਵਨਾਭ ਦਾ ਪਰੇਮ ਦਿਖਾਕੇ ਗੁਰਪੁਰਬ ਦਾ ਮਨੋਰਥ ਦੱਸਿਆ ਹੈ ਕਿ ਸਤਿਗੁਰ, ਜਿਸ ਦਾ ਅੱਜ ਪੁਰਬ ਹੈ, ਉਹ ਸੰਸਾਰ ਵਿਚ ਕੀਕੂੰ ਤੇ ਕੀ ਕੰਮ ਕਰਦਾ ਰਿਹਾ ਹੈ, ਤੁਸੀਂ ਜੋ ਉਸ ਦੇ ਸਿਖ ਹੋ 'ਮਨਮੁਖ' ਵਾਂਗੂੰ ਪਿਰਮ ਰਸ ਦੇ ਰਸੀਏ ਬਣੋਂ ਤੇ ਫੇਰ ਏਸ ਰਸ ਦਾ ਪ੍ਰਚਾਰ ਕਰੋ, ਇਲਾਹੀ ਨੂਰ ਨੂੰ ਵਰਤਾਓ, ਰੱਬੀ ਰੌ ਦਾਨ ਕਰੋ, ਲੋੜਵੰਦ ਪ੍ਰਾਣੀਆਂ ਨੂੰ ਜੀਅਦਾਨ ਦੇ ਕੇ ਸਾਂਈਂ ਦਾ ਰਸੀਆ ਬਣਾਓ। ਜਾਓ ਬੇਟਾ, ਹੁਣ।

ਰਸੀਆ-ਮਾਂ ਮੈਨੂੰ ਹੁਣ ਕੋਲੇ ਈ ਰੱਖ ਲਓ ਨਾ।

ਅੰਮਾਂ-ਚੁੱਪ, ਬੱਚਾ ਅਜੇ ਹੁਕਮ ਨਹੀਂ।

ਹੁਣ ਰਸੀਏ ਦੇ ਮਿੱਟੀ ਦੇ ਨੈਣ ਬੀ ਖੁੱਲ੍ਹੇ, ਕੀਹ ਦੇਖਦਾ ਹੈ ਕਿ ਮੈਂ ਆਪਣੇ ਪਲੰਘ ਤੇ ਪਿਆ ਹਾਂ, ਨੇਤ੍ਰ ਉਸੇ ਤਰ੍ਹਾਂ ਆਕਾਸ਼ਾਂ ਵਿਚ ਹਨ, ਤਾਰਾ ਮੰਡਲ ਦੀ ਸੁੰਦਰਤਾ ਮੋਹ ਰਹੀ ਹੈ। ਚੰਦ੍ਰਮਾਂ ਹੇਠਾਂ ਜਾ ਲੱਗਾ ਹੈ, ਤਾਰੇ ਲਟਕ ਗਏ ਹਨ, ਠੰਢ ਕਰਾਰੀ ਹੋ ਗਈ ਹੈ ਪਰ ਹੈ ਸੁਹਾਵੀ। ਸਰੀਰ ਹਲਕਾ ਫੁੱਲ ਹੈ, ਦਿਲ ਸ਼ਾਂਤਿ ਖੁਸ਼ੀ ਵਿਚ ਹੈ, ਅੰਗ ਅੰਗ ਰਸ ਵਿਚ ਹੈ।

ਕੋਈ ਨੀਂਦ ਸੁਭਾਗੀ ਨੀਂਦ ਹੁੰਦੀ ਹੈ, ਉਸ ਨੀਂਦ ਨੂੰ ਸੁਰ ਨਰ ਮੁਨਿ ਜਨ ਖੋਜਦੇ ਹਨ, ਪਰ ਹੈ ਸਭ ਦਾਤ।

-o-

## ਸੰਗਲਾਦੀਪ ਯਾਤ੍ਰਾ ਦੇ ਹੋਰ ਹਾਲ।

ਦੂਜੀ ਉਦਾਸੀ ਵਿਚ ਗੁਰੂ ਜੀ ਦੇ ਸਾਥੀ ਸੈਦੋ ਤੇ ਸੀਹੋ ਲਿਖੇ ਹਨ। ਰਾਜੇ ਸ਼ਿਵਨਾਭ ਦੇ ਪਾਸ ਰਹਿੰਦਿਆਂ ਸਤਿਗੁਰੂ ਨੇ ਪ੍ਰਾਣ ਸੰਗਲੀ ਉਚਾਰੀ, ਪਰ ਸੈਦੋ ਸੀਹੋਂ ਨਾਲ ਨਾ ਲਿਆਏ, ਓਥੇ ਹੀ ਛੱਡ ਆਏ ਤੇ ਕਹਿ ਆਏ ਕਿ ਜਦੋਂ ਕੋਈ ਲੈਣ ਆਵੇ ਤਾਂ ਦੇਵਣੀ; ਰਾਜੇ ਸ਼ਿਵਨਾਭ ਨੂੰ ਮੰਜੀ ਦੇਕੇ ਗੁਰੂ ਜੀ ਵਿਦਾ ਹੋ ਆਏ। ਪੰਚਮ ਸਤਿਗੁਰਾਂ ਨੇ ਭਾਈ ਪੈੜੇ ਨੂੰ ਸੰਗਲਾਦੀਪ ਘੱਲਿਆ। ਉਸ ਨੇ ਵਾਪਸ ਆਕੇ ਰਸਤੇ ਦੀ ਹਕੀਕਤ ਦੱਸੀ। ਜੋ ਭਾਈ ਬੰਨੋ ਨੇ ਆਪਣੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਉਤਾਰੇ ਵਾਲੀ ਬੀੜ ਵਿਚ ਲਿਖ ਲਈ। ਇਸ ਤਰ੍ਹਾਂ ਇਹ ਹੁਣ ਤਕ ਮੌਜੂਦ ਹੈ। ਇਸ ਤੋਂ ਪਤਾ ਲਗਦਾ ਹੈ ਕਿ ਪੰਜਵੇਂ ਸਤਿਗੁਰਾਂ ਦੇ ਸਮੇਂ ਤਕ ਸ਼ਿਵਨਾਭ ਦਾ ਪੋਤਾ ਮੌਜੂਦ ਸੀ ਤੇ ਗੁਰ ਸਿੱਖੀ ਕਾਇਮ ਸੀ। ਅਤੇ ਇਹ ਬੀ ਥਹੁ ਚਲਦਾ ਹੈ ਕਿ ਉਸ ਦਾ ਰਾਜ ਸੰਗਲਾਦੀਪ ਦੇ ਉੱਤਰ ਜਾਪਾ ਪਟਨ ਦੇ ਨੇੜੇ ਸੀ। ਇਹ ਬੰਦਰਗਾਹ ਹੁਣ ਬੀ ਮੌਜੂਦ ਹੈ। ਦੂਸਰੇ ਹਿੰਦ ਦੇ ਦੱਖਣ ਵਿਚ ਜੋ ਟਿਕਾਣੇ ਰਾਹ ਵਿਚ ਪਏ ਉਥੇ ਗੁਰ ਸਿਖੀ ਤੇ ਗੁਰੂ ਕੇ ਕ੍ਰਿਸ਼ਮਿਆਂ ਦੇ ਪ੍ਰਸੰਗ ਉਸ ਵੇਲੇ ਤਕ ਮੌਜੂਦ ਸਨ, ਜਿਨ੍ਹਾਂ ਦਾ ਜ਼ਿਕਰ ਹਕੀਕਤ ਰਾਹ ਮੁਕਾਮ ਵਿਚ ਹੈ। ਨਵੀਨ ਖੋਜ ਲਈ ਇਸ ਹਕੀਕਤ ਰਾਹ ਮੁਕਾਮ ਵਿਚ ਚੰਗੀ ਵਾਕਬੀ ਹੈ, ਇਸ ਲਈ ਉਸ ਦਾ ਪਾਠ ਏਥੇ ਦੇਂਦੇ ਹਾਂ ਕਿ ਕੋਈ ਖੋਜੀ ਕਦੇ ਸਫਰ ਦੇ ਹਾਲਾਤ ਦੀ ਖੋਜ ਲਈ ਟੁਰੇ ਤਾਂ ਉਸ ਨੂੰ ਰਹਨੁਮਾਈ ਮਿਲੇ। ਹਕੀਕਤ ਰਾਹ ਮੁਕਾਮ ਤੋਂ ਗੁਰੂ ਜੀ ਦਾ ਸੰਗਲਾਦੀਪ ਜਾਣਾ, ਸ਼ਿਵਨਾਭ ਦਾ ਸਿਖ ਹੋਣਾ, ਸੰਗਤ ਦਾ ਓਥੇ ਹੋਣਾਂ ਤੇ ਤੀਜੀ ਪੀੜ੍ਹੀ ਤਕ ਸਿਖੀ ਦਾ ਕਾਇਮ ਹੋਣਾ ਤੇ ਅਤਯੰਤ ਸੰਗਤ ਦਾ ਜੁੜਨਾ ਸਹੀ ਹੋ ਜਾਂਦਾ ਹੈ।

---

[1] ਪੰਜਵੇਂ ਸਤਿਗੁਰ ਜੀ ਦੇ ਵਾਕ ਹਨ:-ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ॥{ਮਾਰੂ ਵਾਰ ਮ: ੫}
ਤਥਾ:-ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ॥ {ਵਾਰ ਗਉੜੀ ਮਹਲਾ ੫}
ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥ {ਸਾਰੰਗ ਕੀ ਵਾਰ ਮ: ੫}

{ਹਕੀਕਤ ਰਾਹ ਮੁਕਾਮ}

'ਨਾਗਾ ਪਟਣੁ ਬਿਦਰ ਤਿਜਾਵਰ ਸਹਰ ਗਾਹ ਤਹ ਕਾ ਰਾਜਾ ਆਇਰਾਪਤਿ ਨਾਇਕ ਹੈ। ਤਹਾਂ ਵਲਾਇਤ ਰਾਮ ਰਾਜੇ ਕੀ ਹੈ। ਤਹਾਂ ਤੇ ਲੋਕ ਜਹਾਜਿ ਚੜ੍ਹਤਾ ਹੈ। ਤਿਨ ਦਿਨਿ ਤਿਨਿ ਰਾਤਿ ਵਿਚ ਜਾਪਾ ਪਟਣ ਪਾਰਿ ਕਾ ਬੰਦਰੁ ਹੈ। ਤਹਾਂ ਜਾਇ ਉਤਰਤਾ ਹੈ। ਸੋ ਸਿੰਘਲਾਦੀਪ ਹੈ। ਚਉਦਹਿ ਸੈ ਗਾਉਂ ਵਿਚ ਵੱਸਦਾ ਹੈ। ਤਹਾਂ ਸਤ ਰਾਜੇ ਸੇ ਗੁਰੂ ਬਾਬੇ ਕੇ ਬਚਨਿ ਇਕ ਰਾਜ ਹੂਆ ਹੈ। ਸ਼ਿਵਨਾਭ ਰਾਜੇ ਕੀ ਸੰਤਤ ਸਤਾਵਦਿ ਸਹਰਿ ਹੈ ਤਖਤ ਗਾਹ, ਤਹਾਂ ਅਬ ਰਾਜਾ ਮਾਇਆਦਉਨੀ ਰਾਜੇ ਰਾਇ ਸਿੰਘ ਕਾ ਬੇਟਾ ਰਾਜੇ ਸ਼ਿਵਨਾਭ ਕਾ ਪੋਤਾ ਹੈ। ਤਹਿ ਗੁਰੂ ਜੀ ਕੀ ਧਰਮਸਾਲ ਹੈ। ਸੰਗਤ ਜੁੜਤੀ ਹੈ। ਕੀਰਤਨ ਹੋਤਾ ਹੈ। ਰਸੋਈ ਬੀਸ ਮਣ ਲੂਣ ਹਰ ਰੋਜ਼ ਲਗਤਾ ਹੈ [1]। ਨੇਕਾ ਪਟਣ [2] ਬੀਜਾ ਨਗਰ ਤੇ ਇਕੱਤ੍ਰੀ ਕੋਸ ਹੈ। ਘਰ ਭਾਟੜਿਆਂ ਕੇ ਬੇਗਾ ਪੁਰ ਤੇ ਬੀਜਾ ਪੁਰ ਕੋਸ ਅੱਸੀ ਹੈ ਅਰੋਗ ਪੇਟ ਹੈ। ਤਹਾਂ ਸੰਗਤ ਚੰਗੇ ਭਾਠੜੇ ਕੀ ਹੈ। ਤਿਸ ਕੀ ਗਿਰਦ ਨਿਵਾਹੀ ਸਿਖ ਸੰਗਤ ਬਹੁਤੁ ਹੈ। ਅਹ ਭਾਟੜਿਆਂ ਦੇ ਘਰ ਤੇ ਕਜਲੀ ਬਨ ਕੋਸ ਅੱਸੀ ਹੈ। ਤਿਰੀਆ ਰਾਜ ਹੈ। ਤਹਾਂ ਬੀ ਗੁਰੂ ਬਾਬੇ ਕਾ ਦੇਹੁਰਾ ਹੈ। ਸੰਗਤ ਭਾਟੜਿਆਂ ਕੇ ਜੁੜਦੀ ਹੈ। ਓਥੇ ਗੁਰੂ ਸਿੱਧਾਂ ਨਾਲ ਗੋਸਟਿ ਕਰਿਕੈ ਪੂਜਾ ਖਿੰਚ ਲੀਤੀ ਹੈਸੁ। ਤਬ ਸਿੱਧ ਗੁਰੂ ਕਾ ਜੋਰ ਅਜਮਾਇਕੈ ਪੈਰੀ ਆਇ ਪਏ ਹੈਨ। ਇਮ ਖਾਉਂ ਕਾ ਨਾਉਂ ਕਜਲੀ ਬਨੁ ਤ੍ਰਿਆ ਰਾਜ ਹੈ, ਤਹਾਂ ਭੀ ਸੰਗਤਿ ਹੈ।'

-o-

ਸੂਚਨਾ-ਅਗਲੇ ਪ੍ਰਸੰਗ ਵਿਚ ਸਿੱਧਾਂ ਨੂੰ ਸੰਵਾਰਨ ਦਾ ਜ਼ਿਕਰ ਹੈ, ਜਿਨ੍ਹਾਂ ਸਿੱਧਾਂ ਦਾ ਕਥਨ ਹਕੀਕਤ ਰਾਹ ਮੁਕਾਮ ਵਿਚ ਆਯਾ ਹੈ

# ੬੭. ਭਰਥਰਿ ਜੋਗੀ [3]।

## ੧.

ਦੱਖਣ ਦੇਸ਼, ਕਜਲੀ ਬਨ, ਜੋਗੀਆਂ ਦਾ ਆਸ਼੍ਰਮ। ਇਸ ਦੇ ਲਾਗ ਵਾਰ ਇਕ ਸੰਘਣੀ ਛਾਇਆ ਵਾਲਾ ਬ੍ਰਿਛ ਹੈ ਜਿਸ ਦੇ ਹੇਠ ਆ ਬੈਠੇ ਹਨ ਸੰਸਾਰ ਦੇ ਤ੍ਰਾਣ ਕਰਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਜਗਤ ਜਲੰਦੇ ਨੂੰ ਰੱਖਣਹਾਰ।

ਤਖਤ ਨਹੀਂ ਵਿਛਿਆ ਹੋਇਆ, ਗੱਦੀ ਨਹੀਂ ਲੱਗੀ ਹੋਈ, ਗਲੀਚਾ, ਕਾਲੀਨ ਨਹੀਂ ਡੱਠਾ ਹੋਇਆ, ਦਰੀ ਸ਼ਤ੍ਰੰਜੀ ਨਹੀਂ ਕਿਸੇ ਨੇ ਵਿਛਾਈ ਹੋਈ, ਧਰਤੀ ਨੂੰ ਪਾਵਨ ਕਰਨ ਆਏ ਸੱਚੇ ਸ਼ਹਿਨਸ਼ਾਹ ਜੀ ਬੈਠੇ ਹਨ ਨਿਰੀ ਧਰਤੀ ਉਤੇ ਭੁੰਞੇ, ਪਰ ਉਸ ਜੋਤਿ ਨਿਰੰਜਨੀ ਦੇ ਬੈਠਣ ਨਾਲ ਉਸ ਭੋਂਇ ਨੂੰ ਨੂਰ ਲਗ ਗਿਆ ਹੈ। ਹਰੀ ਰਸ ਵਿਚ ਰੱਤੇ ਆਪ ਦੇ ਨੈਣ ਅਰਸ਼ਾਂ ਵੱਲ ਉਠ ਉਠਦੇ ਚਾਰ ਚੁਫੇਰੇ ਫਿਰ ਫਿਰਕੇ ਹਰਿ ਦਰਸ਼ਨਾਂ ਦੇ ਅਨੰਦ ਵਿਚ ਤ੍ਰਿਬੁਡੇ ਤੇ ਸੁਹਾਵੇ ਨੈਣ ਮਤਵਾਲੇ ਹੋ ਰਹੇ ਹਨ। ਹੋਸ਼ਾਂ ਦੇ ਮਾਲਕ ਜੀ ਆਪਣੇ ਮਾਲਕ ਦੇ ਨਿਰੰਤਰ ਮੇਲ ਵਿਚ ਰਸ ਰੂਪ ਹੋ ਰਹੇ ਹਨ। ਅੰਦਰਲੇ ਰਸ-ਰੰਗ ਦਾ ਪ੍ਰਭਾਵ ਚੁਫੇਰੇ ਛਾ ਰਿਹਾ ਹੈ।

---

[1] ਪਦ ਬੀਸ ਮਨ ਲੂਣ ਤੋਂ ਲੋਕੀਂ ਹੈਰਾਨ ਹੁੰਦੇ ਹਨ। ਮਣ ਦਾ ਵਜ਼ਨ ਅੱਡ ਅੱਡ ਇਲਾਕਿਆਂ ਵਿਚ ਵੱਖੋ ਵਖਰਾ ਹੈ। ਦੇਸੀ ਮਣ ਦੋ ਵਜ਼ਨਾਂ ਦਾ ਹੈ। ਪੱਕਾ ਮਣ ੪੦ ਸੇਰ ਦਾ ਹੁੰਦਾ ਹੈ ਤੇ ਕੱਚਾ ਮਣ ਸਾਡੇ ਦੇਸ ਵਿਚ ੧੬ ਸੇਰ ਦਾ ਗਿਣਦੇ ਹਨ। ਅਲਾਉਦੀਨ ਪਠਾਣ ਦੇ ਰਾਜ ਵਿਚ ੧੨ ਸੇਰ ਕੱਚੇ ਦਾ ਮਣ ਸੀ। ਇਰਾਨੀ ਮਣ ੧ ਸੇਰ. ੧੦ ਛਟਾਕ ਦਾ ਸੁਣੀਂਦਾ ਹੈ ਜਿਸ ਨੂੰ ਬਰਜਿੰਦੀ ਮਣ ਆਖਦੇ ਹਨ: ਤਬਰੇਜ਼ੀ ਮਣ ਸਵਾ ਤਿੰਨ ਸੇਰ ਦਾ ਹੁੰਦਾ ਹੈ। ਪਾਰਸੀ ਕੋਸ਼ਾਂ ਵਿਚ ਮਣ ਦਾ ਅਰਥ ਦੋ ਰੱਤਲ ਅਰਥਾਤ ਇਕ ਸੇਰ ਲਿਖਿਆ ਹੈ। ਗਿਆਨੀ ਭਗਵਾਨ ਸਿੰਘ ਜੀ ਮਣ ਦਾ ਅਰਥ ਢਾਈ ਸੇਰ ਕਰਦੇ ਹਨ, ਪਰ ਮੁਸਲਮਾਨਾਂ ਦਾ ਰਾਜ ਤੇ ਰਵੱਯੇ ਹੋਣ ਕਰਕੇ ਮਣ ਦਾ ਭਾਵ ਸੇਰ ਏਥੇ ਹੋਣਾ ਹੈ। ਸੰਗਤ ਓਥੇ ਬਹੁਤ ਸਿਖ ਹੋਈ ਸੀ ਇਸ ਵਿਚ ਸੰਸਾ ਨਹੀਂ ਹੈ, ਨਾਲੇ ਸਾਰੀ ਰਸੋਈ ਦਾ ਇਹ ਲੂਣ ਹੈ, ਪਤਾ ਨਹੀਂ ਦਾਲ, ਕਿੰਨੀਆਂ ਭਾਜੀਆਂ ਅਥਵਾ ਖਿਚੜੀ ਆਦਿ ਬਣਦੇ ਹੋਣ, ਫਿਰ ਇਹ ਰਸੋਈ ਹਰ ਰੋਜ਼ ਦੀ ਹੈ, ਰੋਜ਼ ਘੱਟ ਤੋਂ ਘੱਟ ਦੋ ਵੇਰੀ ਤਾਂ ਅੰਨ ਪਕਦਾ ਹੈ। ਹਕੀਕਤ ਰਾਹ ਮੁਕਾਮ ਵਿਚ ੨੦ ਮਣ ਲੂਣ' ਲਿਖਿਆ ਹੈ ਜੇ ਮਣ ਨੂੰ ਇਕ ਸੇਰ ਮੰਨੀਏ ਤਾਂ ਵੀਹ ਮਣਾਂ ਦੇ ਵੀਹ ਸੇਰ ਹੋਏ ਤੇ ੨੦ ਸੇਰ ਲੂਣ ਇਕ ਛਟਾਂਕ ਸੇਰ ਦੇ ਹਿਸਾਬ ਨਾਲ ਅੱਠ ਮਣ ਨਾਲ ਲਈ ਕਾਫੀ ਹੋਇਆ, ਫੇਰ ਅਠ ਮਣ ਦਾਲ ਕਿੰਨੇ ਆਦਮੀ ਖਾ ਸਕਦੇ ਹਨ ? ੪੦੦ ਆਦਮੀ ਇਕ ਮਣ ਦਾਲ ਖਾਣ ਤਾਂ ੪੦੦ × ੮= ੩੨੦੦ ਆਦਮੀ ਲਗ ਭਗ ਦੋਹੀਂ ਵੇਲੀ ਖਾ ਸਕਦੇ ਹਨ। ਭਾਵ ਇਕ ਡੰਗ ਲਈ ਕੇਵਲ ੧੬੦੦ ਆਦਮੀ ਆਏ, ਇਹ ਕੁਛ ਬੜੀ ਗਿਣਤੀ ਨਹੀਂ।

[2] ਇਹ ਹੁਣ ਮਦਰਾਸ ਹਾਤੇ ਵਿਚ ਦੇ ਬੰਦਰ ਦਾ ਪਤਾ ਦਿਤਾ ਹੈ।

[3] ਇਹ ਪ੍ਰਸੰਗ ਗੁ: ਪੁੰਨਮ ਸੰ: ਗੁ: ਨਾ: ਸਾ: ੪੬੩ (੨੫ ਨਵੰਬਰ ੧੯੩੧) ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ। {ਦੇਖੋ ਭਰਥਰਿ ਨਿਸਤਾਰਾ ਏਸੇ ਗ੍ਰੰਥ ਦੇ ਪੰਨਾ ੧੨੮ ਤੇ}

ਜਿਵੇਂ ਅੱਗ ਦੇ ਨੇੜੇ ਕਿੰਨੀ ਦੂਰ ਤਾਈਂ ਉਸ ਦੀ ਨਿੱਘ ਦਾ ਪ੍ਰਭਾਵ ਹੁੰਦਾ ਹੈ, ਤਿਵੇਂ ਇਲਾਹੀ ਤੇਜ ਵਾਲੇ ਦਾ ਮਿੱਠਾ ਮਿੱਠਾ ਪ੍ਰਭਾਵ ਚੁਫੇਰੇ ਆਪਣਾ ਅਸਰ ਦੇ ਰਿਹਾ ਹੈ।

ਐਉਂ ਜਾਪਦਾ ਹੈ ਕਿ ਮਾਨੋ ਨੂਰ ਤੇ ਜੀਉਂਦਾ ਨੂਰ ਏਥੇ ਆਪਣੀਆਂ ਸ੍ਵਾਦੀਕ ਕਿਰਨਾਂ ਦਾ ਮੀਂਹ ਵਸਾ ਰਿਹਾ ਹੈ। ਦੂਰੋਂ ਤੱਕਦਿਆਂ ਖਿੱਚ ਪੈਂਦੀ ਹੈ, ਅੱਗੇ ਵਧਣ ਨੂੰ ਜੀ ਕਰਦਾ ਹੈ, ਜ਼ਰਾ ਹੋਰ ਅੱਗੇ ਹੋਇਆਂ ਸੁਆਦ ਆਉਂਦਾ ਹੈ, ਰਸ, ਝਰਨਾਟ ਛਿੜਦੀ ਹੈ, ਉਥੇ ਬੈਠ ਜਾਣ ਨੂੰ ਜੀਉ ਕਰਦਾ ਹੈ ਤੇ ਬੈਠ ਜਾਕੇ ਫੇਰ ਉੱਠਣ ਨੂੰ ਜੀਉ ਨਹੀਂ ਕਰਦਾ। ਬੈਠਿਆਂ ਫੇਰ ਰੰਗ ਲਗ ਜਾਂਦਾ ਹੈ ਤੇ 'ਕਿੱਥੇ ਹੁਣ ਜਾਣਾ ਹੈ ਇਥੇ ਹੀ ਟਿਕ ਜਾਓ' ਦਾ ਭਾਵ ਉੱਥੇ ਟਿਕਾ ਕੇ ਬਿਠਾ ਦੇਂਦਾ ਹੈ ਤੇ ਅਪਣੀ ਛੁਹ ਵਿਚ ਰੰਗਕੇ ਕਹਿੰਦਾ ਹੈ: ਹਾਂ ਇਹ ਹੈ ਸੁਖ ਇਸ 'ਦੁਖ ਰੂਪ ਦਿੱਸਦੇ' ਜਗਤ ਵਿਚ, ਇਹ ਹੈ ਸੁਖ, ਸੱਚ ਮੁੱਚ ਸੁਖ।

ਤ੍ਰੇਲ ਭਿੰਨੀ ਰਾਤ ਆ ਗਈ ਇਸ ਸੁਖ ਦਾ ਆਨੰਦ ਲੈਣ ਨੂੰ, ਅਰਸ਼ਾਂ ਦੇ ਤਾਰੇ ਚੜ੍ਹ ਆਏ ਇਸ ਦਰਸ਼ਨ ਨੂੰ ਦੇਖਣ ਵਾਸਤੇ, ਚੰਦ ਨਿਕਲ ਆਇਆ ਦੂਰੋਂ ਤੱਕਣ ਤੇ ਜੁਹਾਰਾਂ ਕਰਨ ਨੂੰ, ਮਿੱਠੀ ਮਿੱਠੀ ਪੌਣ ਝੁੱਲ ਪਈ ਇਸ ਅਨੰਦ ਦੇ ਗਲ ਲੱਗ ਕੇ ਸੁਭਾਗੀ ਹੋਣ ਨੂੰ। ਗ੍ਰਿਹਸਤੀ ਨੀਂਦ ਵਿਚ ਗ਼ਾਫ਼ਲ ਪਏ ਹਨ, ਆਸ਼੍ਰਮ ਦੇ ਜੋਗੀ ਪਿਆਲੇ ਪੀਕੇ ਆਪੇ ਤੋਂ ਬੇਖ਼ਬਰ ਮਤਵਾਲੇ ਹੋ ਰਹੇ ਹਨ। ਬਨਾਂ ਦੇ ਦਰਿੰਦੇ ਪਸ਼ੂ ਖਾਣ ਪੀਣ ਦੀਆਂ ਭੁੱਖਾਂ ਦੇ ਮਾਰੇ ਭਟਕ ਰਹੇ ਹਨ। ਕੌਣ ਹੈ ਜੋ ਅੱਜ ਇਸ ਵੇਲੇ ਜੋਤਿ ਨਿਰੰਜਨੀ ਦੇ ਮਹਿਕੇ ਆਤਮ-ਨਾਪੇ ਦੀ ਸੁਗੰਧੀ ਤੇ ਖਿੜੇ ਦਰਸ਼ਨਾਂ ਦਾ ਅਨੰਦ ਲਵੇ? ਕੁਦਰਤ ਦੇ ਕ੍ਰਿਸ਼ਮੇ: ਚੰਦ, ਤਾਰੇ, ਪੌਣ ਰਸ ਮਾਣ ਰਹੇ ਹਨ ਤੇ ਗੁਪਤ ਦੁਨੀਆਂ ਦੇ ਦਿੱਵਜ ਰੂਪ ਵਾਸੀ ਖਿੜੇ ਕਮਲ ਦੇ ਉਦਾਲੇ ਭੌਰਿਆਂ ਵਾਂਙੂ ਆਤਮ-ਗੁੰਜਾਰ ਵਿਚ ਕੀਰਤਨ ਰੂਪ ਹੋਏ ਉਮਡ ਉਮਡ ਕੇ ਆ ਰਹੇ, ਰਸ ਰੰਗ ਦੇ ਪ੍ਰਭਾਵ ਵਿਚ ਰੰਗੇ ਜਾ ਰਹੇ ਤੇ ਅੰਨਦ ਨਾਲ ਖੀਵੇ ਹੋ ਰਹੇ ਹਨ। ਹਾਂ, ਫੁੱਲ ਜੇ ਬਨਾਂ ਵਿਚ ਖਿੜਨ ਤਾਂ ਕੌਣ ਸੁਗੰਧੀ ਮਾਣੇ? ਪਰ ਆਤਮ ਦੇਸ ਦਾ ਮਾਲਕ-ਕਮਲਰਾਜ-ਜਦ ਬਨ ਸਰੋਵਰਾਂ ਵਿਚ ਜਾ ਮੁਸ਼ਕੇ ਤਾਂ ਸੰਸਾਰ ਭਾਵੇਂ ਗ਼ਾਫਲ ਰਹੇ ਪਰ ਸਦਾ ਜਾਗਦੇ ਗੁਪਤ ਲੋਕਾਂ ਦੇ ਵਾਸੀ, ਆਤਮ ਰੰਗਾਂ ਦੇ ਪ੍ਰੇਮੀ ਤੇ ਜਾਣਨਹਾਰ ਕਦ ਉਸ ਬੁਹ ਰਹੀ ਮਹਿਕ ਦੇ ਲਾਭ ਤੋਂ ਆਪਣੇ ਆਪ ਨੂੰ ਵਿਰਵਿਆਂ ਰੱਖ ਸਕਦੇ ਹਨ? ਮਾਨੁਖ ਸ਼ਹਿਰਾਂ ਦੀਆਂ ਉਲਝਨਾਂ ਵਿਚ ਫਸੇ ਬੇਪਰਵਾਹ ਚਾਹੋ ਰਹਿਣ ਪਰੰਤੂ ਖਿੜੇ ਗੁਲਾਬਾਂ ਉਤੇ ਬੁਲਬਲਾਂ ਬਨਾਂ ਤੋਂ ਉਡਾਰੀਆਂ ਮਾਰ ਆ ਚੁਹਕਦੀਆਂ ਹਨ ਤੇ ਕਮਲਾਂ ਦੇ ਉਮਡੇ ਜੋਬਨਾਂ ਪਰ ਭੌਰਿਆਂ ਦੀਆਂ ਡਾਰਾਂ ਕੋਹਾਂ ਤੋਂ ਆ ਗੁੰਜਾਰ ਪਾਉਂਦੀਆਂ ਹਨ। ਹਾਂ, ਰਾਤ ਬੀਤਦੀ ਗਈ, ਜਗੋਤਿ ਨਿਰੰਜਨੀ ਜੀ ਨਾਮ ਦੀ ਲਿਵ ਵਿਚ ਨਾਮੀ ਦੇ ਰੰਗ ਰੱਤੜੇ ਟਿਕੇ ਰਹੇ, ਆਤਮ-ਪ੍ਰਭਾਵ ਦਾ ਮੀਂਹ ਵੱਸਦਾ ਰਿਹਾ, 'ਆਤਮ ਸਰੂਪ ਮੋਰ' ਪੈਲਾਂ ਪਾਉਂਦੇ ਰਹੇ।

ਸਵੇਰਾਂ ਹੋ ਆਈਆਂ, ਪਪੀਹਿਆਂ ਦੀ ਪੁਕਾਰ ਉੱਠ ਪਈ, ਸੂਰਜ ਚੜ੍ਹ ਆਇਆ, ਕਿਰਨਾਂ ਖਿੰਡ ਪਈਆਂ, ਜਗਤ ਨੂੰ ਨਿੱਘੇ ਨਿੱਘੇ ਤੇਜ ਨੇ ਸੁਰਜੀਤ ਕੀਤਾ। ਰਾਤ ਦੇ ਦਿਲਾਂ ਵਿਚ ਲੈਕੇ ਸੁੱਤੇ ਲੋਕਾਂ ਨੂੰ ਜਗਤ ਧੰਦਾਲਾਂ ਨੇ ਟੁੰਬ ਜਗਾਇਆ, ਤ੍ਰਿਸ਼ਨਾਂ ਨੇ ਪੈਰਾਂ ਵਿਚ ਵੇਗ ਪਾ ਦਿਤਾ, ਆਪੋ ਆਪਣੀਆਂ ਲਗਨਾਂ ਮਗਰ ਸਭ ਕੋਈ ਉੱਠ ਤੁਰਿਆ। ਹੁਣ ਜੋਗੀ ਮੱਠ-ਭਰਥਰੀ ਆਸ਼੍ਰਮ-ਦਾ ਬੀ ਬੂਹਾ ਖੁੱਲਿਆ, ਨੇਮੀ ਲੋਗ ਆਸ਼੍ਰਮ ਵੱਲ ਆਉਣ ਲੱਗ ਪਏ। ਪਰ ਅੱਜ ਇਕ ਹੋਰ ਕੌਤਕ ਪਿਆ ਵਰਤਦਾ ਹੈ! ਬਾਹਰ ਉਸ ਸੁਹਾਵੇ ਬ੍ਰਿਛ ਹੇਠ ਬੈਠੀ ਮੂਰਤੀ ਦੇ ਪਾਸੋਂ ਲੰਘਣ ਲਗਿਆਂ ਸਭ ਕਿਸੇ ਦੇ ਜੀ ਵਿਚ ਖਿੱਚ ਜੇਹੀ ਪੈਂਦੀ ਹੈ, ਬੇ-ਵਸੇ ਸੀਸ ਝੁਕਦਾ ਹੈ, ਕੋਈ ਬਹਿ ਜਾਂਦਾ ਹੈ, ਕੋਈ ਆਸ਼੍ਰਮ ਵਿਚ ਜਾਕੇ ਕਾਹਲੀ ਕਾਹਲੀ ਮੁੜ ਆਉਂਦਾ ਤੇ ਆਕੇ ਬਹਿ ਜਾਂਦਾ ਹੈ। ਐਉਂ ਕੁਛ ਲੋਕੀ ਦੁਆਲੇ ਜੁੜਦੇ ਜਾ ਰਹੇ ਹਨ ਕਿ 'ਮਠ' ਦਾ ਜੋਗੀਰਾਜ 'ਭਰਥਰਿ' ਬਾਹਰ ਨਿਕਲਿਆ। ਉਹ ਬੀ ਉਸੇ ਰੁਖ਼ ਨੂੰ ਆਇਆ ਕਿ ਜਿੱਥੇ ਭੂਮੀ ਨੂੰ ਭਾਗ ਲਗ ਰਹੇ ਸਨ। ਦੂਰੋਂ ਡਿੱਠੋਸੁ ਤਾਂ ਕੁਛ ਸੁਹਾਵੀ ਰੁਮਕ ਜੇਹੀ ਮੱਥੇ ਨੂੰ ਆਕੇ ਲੱਗੀ,

ਜਿਵੇਂ ਉਨ੍ਹਾਲੇ ਵਿਚ ਪਿਛਲੀ ਰਾਤ ਦੀ ਠੰਢ ਵੇਲੇ ਨਿੱਕੀ ਨਿੱਕੀ ਰਿਵੀ ਮੱਥੇ ਨੂੰ ਸੁਖਦਾਈ ਹੋਕੇ ਲਗਦੀ ਹੈ। ਠਿਠੰਬਰਿਆ, ਫੇਰ ਤੱਕਿਆ ਹਾਂ ਤੱਕਿਓਸੁ ਜੋਤਿ ਨਿਰੰਜਨੀ ਨੂੰ ਤਾਂ ਨੈਣਾਂ ਨੇ ਇਕ ਸੁਆਦ ਦੀ ਛੁਹ ਪਾਈ ਤੇ ਹੇਠਾਂ ਲਹਿਕੇ ਅੰਦਰ ਜਾਕੇ ਮਨ ਨੂੰ ਉਸ ਸੁਆਦ ਦੀ ਇਕ ਚਾਸ ਦੇਕੇ ਓਥੇ ਹੀ ਸਮਾ ਗਈ। ਜੋਗ ਤਾਂ ਕੀਤੇ ਸਨ, ਪੀ ਪੀ ਕੇ ਦਾਰੂ ਅੱਠ ਪਹਿਰੀਆਂ ਤੇ ਸੋਲਾਂ ਪਹਿਰੀਆਂ ਸਮਾਧੀਆਂ ਬੀ ਲਾਈਆਂ ਸਨ। ਪਰ ਨਹੀਂ ਸੀ ਕਦੇ ਡਿੱਠਾ; ਇਹ ਮਿੱਠਾ ਮਿੱਠਾ ਹਲਕਾ ਹਲਕਾ ਸੁਆਦ। ਅੱਗੇ ਵਧਿਆ, ਨੈਣ ਤਕਦੇ ਹਨ ਤੇ ਝੁਕਦੇ ਹਨ, ਨਾਲ ਹੀ ਨੀਉਂਦਾ ਜਾਂਦਾ ਹੈ ਮੱਥਾ। ਹਾਂ, ਜਿਸ ਅੱਗੇ ਨੀਉਂਦੇ ਸਨ ਸਾਰੇ ਇਲਾਕੇ ਦੇ ਮੱਥੇ ਤੇ ਆਪ ਨਹੀਂ ਸੀ ਨੀਉਂਦਾ ਅੱਗੇ ਕਿਸੇ ਦੇ, ਸਿਵਾ ਇਕ ਦੇ, ਅੱਜ ਉਹ ਆਪ ਬੇਵਸਾ ਨੀਉਂਦਾ ਜਾ ਰਿਹਾ ਹੈ ਉਸ ਅੱਗੇ ਜਿਸ ਦੀ ਨਾ ਸਿਆਣ ਸੀ, ਨਾ ਸੂੰਹ ਸੀ, ਨਾ ਪਤਾ। ਜਿਸ ਦੇ ਕਿਸੇ ਨੇ ਆਕੇ ਨਹੀਂ ਗਾਂਵੇਂ ਸਨ ਗੁਣ ਤੇ ਨਹੀਂ ਕੀਤੀ ਸੀ ਕੀਰਤੀ ਕਿ ਫਲਾਣਾ ਹੈ ਤੇ ਫਲਾਣੇ ਗੁਣਾਂ ਵਾਲਾ ਹੈ ਇਹ ਨੂਰ ਦਾ ਬੁੱਕਾ। ਸਿਰ ਨੀਉਂਦਾ ਨੀਉਂ ਗਿਆ ਸਾਰਾ, 'ਅਦੇਸ' ਮੂੰਹੋਂ ਨਿਕਲ ਗਇਓਸੁ, ਜ਼ਰਾ ਹੋਰ ਨੇੜੇ ਹੋਕੇ ਸਿਰ ਲਗ ਗਿਆ ਹੇਠਾਂ ਤੇ 'ਅਦੇਸ' ਕਹਿਕੇ ਮੱਥਾ ਧਰਤੀ ਤੇ ਧਰਕੇ ਬਹਿ ਗਿਆ ਗੱਦੀ ਨਸ਼ੀਨ ਆਸ਼੍ਰਮ ਦਾ, ਉਸੇ ਨੰਗੀ ਧਰਤੀ ਉਤੇ, ਜਿਸ ਤੇ ਜਗਤ ਦਾ ਸ਼ਹਿਨਸ਼ਾਹ, ਅਵਤਾਰਾਂ ਦਾ ਸਿਰਤਾਜ ਭਾਗ ਲਾਈ ਬੈਠਾ ਸੀ, ਬੈਠ ਗਿਆ, ਪਰ ਪਾਸ ਬੈਠੇ ਆਪਣੇ ਸੇਵਕਾਂ ਦਾ ਧਿਆਨ ਵੀ ਨਹੀਂ ਰਿਹੋਸੁ; ਉਸੇ ਸੁਆਦ ਸੁਆਦ ਵਿਚ ਤੇ ਸੁਆਦ ਦੇ ਵਿਸਮਾਦ ਵਿਚ ਬਹਿ ਗਿਆ ਤੇ ਨੈਣ ਬੱਝ ਗਏ ਦਰਸ਼ਨਾਂ ਦੀ ਤਾਰ ਵਿਚ। ਜਿਵੇਂ ਤ੍ਰੇਹ ਵੇਲੇ ਬੁੱਲ੍ਹ ਬੁੱਕਾਂ ਨਾਲ ਤੇ ਬੁੱਕ ਜਲ ਧਾਰਾ ਨਾਲ ਲਗ ਜਾਂਦੇ ਹਨ ਤੇ ਲਗੇ ਹੋਏ ਪੀਤੀ ਹੀ ਜਾਂਦੇ ਹਨ, ਇਵੇਂ ਨੈਣਾਂ ਦੇ ਕਟੋਰੇ ਲੱਗ ਗਏ ਦਰਸ਼ਨਾਂ ਦੀ ਅੰਮ੍ਰਿਤ ਧਾਰਾ ਨਾਲ ਤੇ ਲੱਗ ਪਏ ਪੀਣ ਰੱਜ ਰੱਜ ਕੇ। ਪੀਂਦਾ ਹੈ ਤੇ ਆਪਿਓਂ ਗੁਆਚਦਾ ਜਾਂਦਾ ਹੈ। ਕਿੰਨਾਂ ਚਿਰ ਇਵੇਂ ਮਗਨ ਬੈਠਾ ਰਿਹਾ ਜੋਗੀ। ਰਾਤ ਦੇ ਪੀਤੇ ਪਿਆਲੇ ਦਾ ਖ਼ੁਮਾਰ ਉਤਰ ਕੇ ਟੋਟ ਵਿਚ ਲੈ ਗਿਆ ਸੀ, ਟੋਟ ਵਿਚ ਅੰਦਰੋਂ ਨਿਕਲੇ ਨੂੰ ਨਾਮ ਖ਼ੁਮਾਰ ਦੀ ਪਿਆਲੀ ਮਿਲ ਗਈ। ਨਸ਼ੇ ਦੀ ਟੋਟ ਦਾਰੂ ਨਸ਼ਾ, ਉਹ ਧੰਨ, ਉਹ ਸੁਭਾਗ, ਉਹ ਕਰਮਾਂ ਵਾਲਾ ਜਿਸ ਨੂੰ ਹੋਛੇ ਮਦ ਦੀ ਟੋਟ ਵੇਲੇ ਮਿਲ ਪਵੇ ਇਕ ਘੁੱਟ ਸੱਚੇ ਮਦ ਦਾ। ਜਦ ਪਿਆਕ ਪੀਂਦੇ ਹਨ ਤਾਂ ਇਕ ਘੁੱਟ ਜ਼ਿਮੀਂ ਤੇ ਵੀਟਦੇ ਹਨ, ਇਥੇ ਸੁੱਚੇ ਮਦ ਦਾ ਦਾਤਾ ਸਾਰੀ ਰਾਤ ਤੋਂ ਇਕ ਘੁੱਟ ਮਾਤ੍ਰ ਖ਼ਾਕ ਤੇ ਨਹੀਂ ਸੀ ਵੀਟ ਰਿਹਾ; ਸਗੋਂ ਸੱਚੇ ਮਦ ਦਾ ਮੀਂਹ ਵਸਾ ਰਿਹਾ ਸੀ। ਮਿਲ ਪਈ ਦਾਤ ਜੋਗੀ ਨੂੰ ਅਮੁੱਲੀ ਮੀਂਹ ਵਾਂਙੂ ਵੱਸ ਰਹੀ; ਪਰ ਬੇ ਪਤਾ। ਟੋਟ ਹਟ ਗਈ ਹੈ, ਰਸ ਪੈ ਰਿਹਾ ਹੈ, ਮਿੱਠਾ ਮਿੱਠਾ ਹਲਕੇ-ਪਨ ਵਾਲਾ ਹੁਲਾਰਾ ਆਉਂਦਾ ਹੈ ਤੇ ਆਪੇ ਨੂੰ ਚੁੱਕ ਲੈਣ ਵਾਲੀ ਝੂੰਮ ਚੜ੍ਹਦੀ ਹੈ। ਜੋਗੀ ਮਸਤ ਨਹੀਂ ਹੋ ਰਿਹਾ, ਜੋਗੀ ਬੇਹੋਸ਼ ਨਹੀਂ ਹੋ ਰਿਹਾ। ਮਸਤੀਆਂ ਤੇ ਬੇਹੋਸ਼ੀਆਂ ਆਤਮ-ਜਾਗ੍ਰਤ ਦੀਆਂ ਚੀਜ਼ਾਂ ਨਹੀਂ ਹਨ। ਜੋਗੀ ਸੁਖੀ ਹੋ ਰਿਹਾ ਹੈ, ਹਲਕਾ ਹਲਕਾ, ਲਹੁਕਾ ਲਹੁਕਾ ਹੋ ਰਿਹਾ ਹੈ, ਆਪਾ ਖਿੜ ਰਿਹਾ ਹੈ ਤੇ ਕਿਸੇ ਸੁਹਣੀ ਉਚਿਆਣ ਦੀ ਪ੍ਰਤੀਤੀ ਵਿਚ ਆ ਰਿਹਾ ਹੈ ਤੇ ਰਸ ਭਰੀ ਮਗਨਤਾ ਛਾ ਰਹੀ ਹੈ ਜੋ ਹੋਸ਼ਾਂ ਦੀ ਸਰਦਾਰ ਹੈ। ਇਸ ਤਰ੍ਹਾਂ ਦੀ ਦਸ਼ਾ ਵਿਚ ਬੈਠ ਗਿਆ ਤੇ ਬੈਠਾ ਰਿਹਾ; ਹਾਂ ਕਿੰਨਾਂ ਹੀ ਚਿਰ ਬੈਠਾ ਰਿਹਾ।

ਜੋਗੀ ਰਾਜ ਜੀਓ! ਸਮਾਧੀ ਇਹ ਹੈ!-ਪਰ ਅਜੇ ਹਠ-ਸਮਾਧੀਆਂ ਦੇ ਸਾਧਕ ਨੂੰ ਥਹੁ ਨਹੀਂ ਇਸ ਸਮਾਧੀ ਦਾ, ਉਂਵ ਬੇਖਬ੍ਰੇ ਹੀ ਅਸਚਰਜ ਵਿਚ ਹੈ। ਹੁਣ ਜੋਗੀ ਨੂੰ ਇਹ ਅਸਚਰਜ ਅਦਭੁਤ ਕਰ ਰਿਹਾ ਹੈ ਤੇ ਅਦਭੁਤ ਵਿਸਮਾਦ ਲਾ ਰਿਹਾ ਹੈ। ਅੰਦਰਲਾ ਸੋਚਣ ਵਾਲਾ ਸੋਚਦਾ ਅਤਿ ਘੱਟ ਹੈ, ਕਿਉਂਕਿ ਉਹ ਸੋਚਣਹਾਰ ਤਾਂ ਰਸ ਮਾਣਨਹਾਰ ਹੈ, ਰਸ ਨੂੰ ਮਾਣਨ ਵਾਲੀ ਬ੍ਰਿਤੀ ਸੋਚ ਮੰਡਲ ਵਲੋਂ ਕੰਡ ਵਲਾ ਰਹੀ ਹੈ।

ਹਾਂ ਸੁਭਾਗ ਜੋਗੀ! ਬੈਠਾ ਰਹੁ; ਐਉਂ, ਜਿੰਨਾਂ ਚਿਰ ਤੇਰੀ ਬ੍ਰਿਤੀ ਇਸ ਰਸ ਵਿਚ ਮਾਣਨਹਾਰ ਹੋਕੇ ਬੈਠੀ ਰਹੇ ਤੇ ਸੋਚਾਂ ਸੋਚਣ ਤੋਂ ਕੰਡ ਵਲਾਈ

ਰਖੇ। ਸੁਭਾਗ ਜੀਓ! ਬੈਠਾ ਰਹੁ; ਦੁਰਲਭ ਖਿਨਾਂ ਹਨ ਕਿ ਨਾਮ ਦਾ ਮਾਲਕ, ਨਾਮ ਦਾ ਦਾਤਾ, ਨਾਮ ਦਾ ਨੂਰ ਤੇਰੇ ਨੈਣਾਂ ਵਿਚ ਆਇਆ ਹੈ। ਤੂੰ ਸੁਭਾਗ ਹੈਂ ਕਿ ਖ਼ਾਕੀ ਨੈਣਾਂ ਨਾਲ ਇਸ ਨੂਰ ਦੇ ਦਰਸ਼ਨ ਪਾ ਰਿਹਾ ਹੈਂ, ਖ਼ਾਕੀ ਨੈਣ ਕਟੋਰਿਆਂ ਨਾਲ ਨੂਰੀ ਅੰਮ੍ਰਿਤ ਪੀ ਰਿਹਾ ਹੈਂ, ਇਹ ਨੂਰ ਦਾ ਬੁੱਕਾ ਕਦੇ ਕਦੇ ਸੰਸਾਰ ਤੇ ਖ਼ਾਕੀ ਜਾਮਿਆਂ ਨੂੰ ਨਜ਼ਰ ਆਉਣ ਵਾਲੇ ਕ੍ਰਿਸ਼ਮੇ ਦੇਂਦਾ ਹੈ, ਕਦੇ ਕਦੇ ਹਾਂ ਕਦੇ ਕਦੇ, ਜਦੋਂ ਜਗਤ ਤੋਂ ਪ੍ਰੇਮ ਉੱਡਕੇ ਗਿਲਾਨ ਹੀ ਗਿਲਾਨ ਵਰਤ ਜਾਵੇ ਤਾਂ, ਪਰ ਐਤਕੀਂ ਤਾਂ ਵੇਖ ਜੋਗੀ! 'ਆਪ' ਹੀ ਆ ਗਿਆ ਹੈ। ਹਾਂ ਜਗਤ ਜਲੰਦੇ ਦੀ ਬਾਹੁੜੀ ਕਰਨ ਨੂੰ 'ਗੁਰੁ ਜਯੋਤਿ' ਆਪ ਆ ਪ੍ਰਗਟੀ ਹੈ। ਇਸ ਦੇ ਵਰੋਸਾਏ ਗੁਰਮੁਖ ਫਿਰ ਸਦੀਆਂ ਤਕ ਆਉਂਦੇ ਤੇ ਜਗਤ ਨੂੰ ਤਾਰਦੇ ਰਹਿੰਦੇ ਹਨ। ਤਾਰਨਹਾਰ ਬਿਰਦ ਦੀ ਤਾਰ ਨਹੀਂ ਟੁੱਟਦੀ, ਪਰ ਆਪ, ਸੁਭਾਗੇ ਜੋਗੀ! ਹੁਣ ਹੀ ਆਇਆ ਹੈ। ਭਾਗੋ ਭਰੇ ਹਨ ਨੈਣ, ਕਰਮਾਂ ਵਾਲੇ ਹਨ ਦੀਦੇ, ਜੋ ਪਾਉਂਦੇ ਹਨ ਦੀਦਾਰ, ਖ਼ਾਕੀ ਅੱਖਾਂ ਨਾਲ ਇਸ ਨੂਰ ਦੇ ਪ੍ਰਕਾਸ਼ ਦਾ। ਤੂੰ ਪਾਇਆ ਹੈ ਤੂੰ ਧੰਨ ਹੈਂ।

ਜੋਗੀ ਰਾਜ ਜੀ ਬੈਠੇ ਰਹੇ ਕਿੰਨਾ ਚਿਰ, ਪਰ ਫੇਰ ਬ੍ਰਿਤੀ ਸੋਚ ਦੇ ਘਰ ਵੱਲ ਨੂੰ ਤਿਲਕ ਗਈ ਤੇ ਕਿਸ ਸੁੰਦਰਤਾ ਨਾਲ ਤਿਲਕੀ, ਹਾਂ ਦੇਖੋ ਇਹ ਰਸ ਦੇਸ਼ ਵਿਚੋਂ ਕਿਵੇਂ ਸੋਚ ਮੰਡਲ ਵੱਲ ਨੂੰ ਖਿਸਕਦੀ ਹੈ। ਸੋਚ ਫੁਰਦੀ ਹੈ:-ਐਹ ਟਿਕਾਉ, ਠੰਢ, ਸੁਹਾਂ, ਰਸ, ਫਿਰ ਆਤਮ ਹੋਸ਼, ਜਾਗ੍ਰਤ! ਹੈਂ, ਜਾਗ੍ਰਤ ਵਿਚ ਸੁਆਦ ਕਦੇ ਨਹੀਂ ਸੀ ਡਿੱਠਾ! ਨਾਂ ਤਾਂ ਇਹ ਨੀਂਦ ਵਰਗਾ ਹੈ ਨਾ ਸੁਖੁਪਤੀ ਵਰਗਾ, ਨਾ ਪਿਆਰੇ ਦੇ ਨਸ਼ੇ ਵਰਗਾ ਹੈ, ਨਾ ਬੇਹੋਸ਼ੀ ਹੈ, ਨਾ ਤੰਦ੍ਰਾ ਹੈ, ਨਾ ਦੂਜੇ ਦੀ ਤ੍ਰਾਟਕ ਸਤਜਾ ਹੇਠ ਆਇਆਂ ਦੀ ਨੀਮ ਬੇਸੁਧੀ ਹੈ, ਇਹ ਕੀਹ ਹੈ? ਤੇ ਫਿਰ ਬਿਨਾਂ ਸਾਧਨ ਮਿਲੀ ਹੈ ਕਿਉਂ? ਹਾਂ ਦੂਜੀ ਸੋਚ ਫੁਰੀ ਕਿ ਇਹ ਇਸ ਸਾਹਮਣੇ ਬੈਠੀ ਦਿਬ ਮੂਰਤੀ ਦਾ ਪ੍ਰਭਾਵ ਹੈ। ਇਸ ਤੋਂ ਇਵੇਂ ਆ ਰਿਹਾ ਹੈ ਜਿਵੇਂ ਦੀਵੇ ਦੀ ਲਾਟ ਤੋਂ ਨੂਰ, ਖਿੜੇ ਫੁੱਲਾਂ ਤੋਂ ਖੁਸ਼ਬੂ, ਪਾਣੀ ਦੇ ਡਲ ਤੋਂ ਠੰਢ, ਵੱਜ ਰਹੇ ਸਾਜ਼ ਤੋਂ ਸੁਰ, ਰੁਮਕ ਰਹੀ ਪੌਣ ਤੋਂ ਤਾਜ਼ਗੀ। ਅੱਗੋਂ ਸੋਚ ਫਿਰ ਟੁਰੀ ਕਿ; ਇਹ ਕੌਣ ਹੈ? 'ਸਿੱਧਾਂ ਤੇ ਨਾਥਾਂ ਵਿਚ ਮੈਂ ਇਹੋ ਜਿਹਾ ਤੇ ਇਸ ਅਨੋਖੇ ਪ੍ਰਭਾਉ ਵਾਲਾ ਕਦੇ ਕੋਈ ਨਹੀਂ ਡਿੱਠਾ। ਸਮਾਧੀ ਵਿਚ ਮੈਂ ਤਾਂ ਧਿਆਨ ਧਰ ਧਰਕੇ ਕਈ ਦੇਵ ਸਿੱਧ ਕੀਤੇ, ਪਰ ਇਹ ਪ੍ਰਭਾ ਕਿਸੇ ਤੋਂ ਝਰਦੀ ਕਦੇ ਨਹੀਂ ਪ੍ਰਤੀਤ ਹੋਈ ਸੀ। ਹਾਂ ਮੈਨੂੰ ਵਿਸ਼ਨੂੰ ਦਾ ਪਤਾ ਨਹੀਂ, ਰੱਬ ਦਾ ਥਹੁ ਨਹੀਂ। ਉਨ੍ਹਾਂ ਦਾ ਇਹ ਹੋਵੇ ਪ੍ਰਭਾਵ? ਪਰ ਉਹ ਦੇਹ ਰਹਿਤ ਹਨ, ਇਹ ਪ੍ਰਤੱਖ ਦੇਹ ਧਾਰੀ ਹੈ। ਇਹ ਕੌਣ ਹੈ?... ਜਦੋਂ ਮੈਂ ਨਾਰਦ ਅਰਾਧਨਾਂ ਕੀਤੀ ਸੀ ਉਸ ਨੇ ਕੋਈ ਥਹੁ ਦਿੱਤਾ ਸੀ, ਪਰ ਓਸ ਵਿਚ ਅਜੇ ਸਮਾਂ ਹੈ; ਹੈਂ? ਹੈ ਕਿ ਨਹੀਂ? ਠੀਕ ਯਾਦ ਨਹੀਂ ਰਿਹਾ। ਹਾਂ ਉਨ੍ਹਾਂ ਕਿਹਾ ਸੀ ਕਿ ਉਹ ਪ੍ਰਿਥਵੀ ਨੂੰ ਚਲੇ ਗਏ ਹਨ, ਤਾਂ ਸਮਾਂ ਤਾਂ ਇਹੋ ਹੋਇਆ। ਭਲਾ ਜੇ ਮੈਂ ਪੁੱਛਾਂ, ਪਤਾ ਕਰਾਂ ਕਿ ਕੌਣ ਹੈ? ਤਾਂ ਕੀ ਡਰ ਹੈ? ਕੋਈ ਬੇਅਦਬੀ ਤਾਂ ਨਹੀਂ। ਪੁੱਛ ਹੀ ਲਈਦਾ ਹੈ, ਪੁੱਛ ਹੀ ਲਈਏ। '

ਇਸ ਵੇਲੇ ਫੇਰ ਰਸ ਮਾਣ ਰਹੀ ਬ੍ਰਿਤੀ ਵਿਚ ਰਸ ਮਾਣਨ ਦਾ ਵੇਗ ਆਇਆ ਤੇ ਇਹ ਸੋਚ ਫੁਰੀ ਕਿ ਅੰਬ ਨਾ ਗਿਣ, ਅੰਬਾਂ ਦਾ ਰਸ ਮਾਣ, ਜਾਣਕੇ ਕੀਹ ਲੈਣਾ ਹਈ? ਰਸ! ਰਸ ਜੇ ਮਿਲ ਪਿਆ ਹੈ ਤਾਂ ਮਾਣ। ਇਉਂ ਸੋਚ ਨੂੰ ਬਾਧਾ ਕਰਨ ਵਾਲੀ ਸੋਚ ਨੇ ਫਿਰ ਰਸ ਵਿਚ ਡੁਬਕੀ ਲਵਾਈ ਅੱਗੇ ਤੋਂ ਘੱਟ ਡੂੰਘੀ, ਪਰ ਜੋਗੀ ਫਿਰ ਉਸੇ ਰਸ ਵਿਚ ਹੋ ਗਿਆ। ਅਫੁਰ ਰਹਿਣ ਆਦਿਕ ਦੇ ਤਰਲੇ ਤਾਂ ਲਏ ਹੋਏ ਸਨ, ਸੋਚ ਨੂੰ ਮੋਚਕੇ ਫਿਰ ਟਿਕਿਆ। ਟਿਕਿਆ ਰਹੁ ਜੋਗੀ! ਤੂੰ ਅਜੇ ਵੀ ਧੰਨਜਤਾ ਜੋਗ ਹੈਂ।

ਹਾਂ ਟਿਕ ਗਿਆ ਜੋਗੀ, ਪਰ ਹੁਣ ਗ਼ੋਤਾ ਓਡਾ ਡੂੰਘਾ ਨਹੀਂ ਤੇ ਓਨਾਂ ਲੰਮਾਂ ਨਹੀਂ। ਕੁਛ ਚਿਰ ਮਗਰੋਂ ਸੋਚ ਫੇਰ ਆਈ-ਮਤਾਂ ਓਹੋ ਹੀ ਹੋਣ ਤੇ ਮੈਂ ਮਗਨ ਟਿਕਿਆ ਰਹਾਂ ਤੇ ਓਹ ਟੁਰ ਜਾਣ, ਫੇਰ ਜੁਗਾਂ ਦੇ ਫੇਰ ਨਾ ਪੈ ਜਾਣ। ਤੌਖਲੇ ਨੂੰ ਨਾਲ ਲਿਆਕੇ ਸੋਚ ਨੇ ਫਿਰ ਟੁੰਬਿਆ। 'ਮਨਾਂ! ਪੁੱਛ, ਪਤਾ ਲੈ, ਚਿਹਨ ਚੱਕ੍ਰ ਉਹੋ ਜੇਹੇ ਹਨ, ਜੇਹੋ ਜੇਹੇ ਤੈਨੂੰ ਸਮਾਧੀ ਵਿਚ ਦੱਸੇ ਗਏ ਸਨ; ਹਾਂ ਐਡਾ ਅਲੌਕਿਕ ਪ੍ਰਭਾਵ ਕਿਸ ਦਾ ਹੋ ਸਕਦਾ ਹੈ? ਪੁੱਛ ਮਨਾਂ। ਵਡੇ ਵਡੇ ਪੁੱਛਦੇ ਆਏ। ਪੁੱਛਿਆ ਸੀ

'ਯਮ' ਨੂੰ 'ਨਚਕੇਤਾ' ਨੇ ਕਿ ਬ੍ਰਹਮ ਕੌਣ ਹੈ, ਤੂੰ ਬੀ ਪੁੱਛ ਲੈ ਕਿ ਮਹਾਰਜ ਆਪ ਕੌਣ ਹੋ? ਯਾ ਪੁੱਛ ਲਵਾਂ ਪਾਸ ਬੈਠਿਆਂ ਬਾਲਕਿਆਂ ਵਿਚੋਂ ਇਕ ਨੂੰ ਕਿ ਆਪ ਕੌਣ ਹਨ?' ਪੁੱਛਣ ਲੱਗਾ! ਪਰ ਰਸ ਦੇ ਆਵੇਸ਼ ਨੇ ਫੇਰ ਖਿੱਚ ਮਾਰੀ ਕਿ ਪਲ ਕੁ ਹੋਰ ਸੋਚ ਦਾ ਲੜ ਛੱਡਕੇ ਇਹ ਰਸ ਮਾਣ ਲੈ। ਫਿਰ ਕੁਛ ਛਿਨਾਂ ਲਈ ਰਸ ਵਿਚ ਚਲਾ ਗਿਆ ਜੋਗੀ, ਪਰ ਹੁਣ ਇਸ ਤੌਖਲੇ ਨੇ ਕਿ ਮਤਾਂ ਮੇਰੇ ਨੈਣ ਮੁੰਦੇਰੇ ਦੀ ਛਿਨਕ ਵਿਚ ਲੋਪ ਹੋ ਜਾਣ, ਸੋਚ ਦਾ ਪੱਲਾ ਭਾਰਾ ਕਰ ਦਿੱਤਾ ਤੇ ਆਪ ਸਾਵਧਾਨ ਹੋ ਗਏ। ਫਿਰ ਕੁਛ ਠਹਿਰ ਠਿਠੰਬਰ ਕੇ ਤੱਕੇ: ਮਲਕੜੇ ਜਿਹੇ ਨੇੜੇ ਹੋਕੇ ਪੁੱਛਣ ਲੱਗੇ: "ਸੁਆਮੀ! ਕਉਣ ਦੇਸ਼, ਕਉਣ ਨਾਮ, ਕਉਣ ਕਾਮ?"

ਪਾਸ ਬੈਠਾ ਸੇਵਕ-ਆਪ ਦਾ ਦੇਸ਼ ਨਿਰੰਕਾਰ ਹੈ, ਆਪ ਦਾ ਨਾਮ ਨਿਰੰਕਾਰੀ ਹੈ, ਨਿਰੰਕਾਰ ਨਾਲ ਜੋੜਨਾ ਆਪਦਾ ਕੰਮ ਹੈ। ਜੇ ਸਰੀਰ ਵਲੋਂ ਪੁੱਛੋ ਤਾਂ ਦੇਸ਼ ਲਾਹੌਰ ਦਾ ਹੈ:ਨਾਮ-

ਧੰਨਜ! ਧੰਨਜ!! ਧੰਨਜ!!! ਗੁਰੂ, ਸ੍ਰੀ ਗੁਰੂ ਧੰਨਜ!!!! ਸ੍ਰੀ ਗੁਰੂ ਨਾਨਕ ਦੇਵ ਜੀ ਹੈ! ਕੰਮ-ਦੇਸ਼ਾਂ ਦੇ ਦੇਖਣ ਦਾ, ਕੋਈ ਆਪਣੀ ਛੁਹ ਲਾਵਣ ਦਾ, ਕੋਈ ਅਗਨ ਬੁਝਾਵਣ ਦਾ, ਕੋਈ ਠੰਢਾਂ ਪਾਵਣ ਦਾ, ਕੋਈ ਜੰਮੇ ਥਰ੍ਹਾਂ ਦੇ ਤੋੜਨ ਦਾ, ਕੋਈ ਪਾਲੇ ਮਾਰਿਆਂ ਨੂੰ ਨਿੱਘਾਂ ਪੁਚਾਵਣ ਦਾ, ਤੁਖਾਰਾਂ ਨੂੰ ਪੰਘਾਰਣ, ਮੁੜ ਸ਼ਹੁ ਦਰਿਯਾਵੇ ਪੁਚਾਵਣ ਦਾ, ਕੋਈ ਐਹੋ ਜਿਹਾ ਕੌਤਕੀ ਕੰਮ ਹੈ।

ਨਾਮ ਸੁਣਕੇ ਜੋਗੀ ਦੇ ਨੈਣ ਮੁੰਦ ਗਏ, ਇਕ ਝਰਨਾਟ ਛਿੜੀ, ਇਕ ਕੰਬਣੀ ਜਿਹੀ ਲੂੰਆਂ ਵਿਚੋਂ ਲੰਘ ਗਈ, ਇਕ ਨਿੱਘੀ ਨਿੱਘੀ ਝਰਨਾਟ ਉਮਾਹ ਦੀ ਫਿਰ ਸਰੀਰ ਵਿਚ ਫਿਰੀ। ਫਿਰ ਹੁਲਾਸ ਨੇ ਜ਼ੋਰ ਮਾਰਿਆ: 'ਧੰਨ ਭਾਗ ਮੇਰੇ!' ਚਰਨਾਂ ਤੇ ਸੀਸ ਧਰਕੇ ਬੋਲਿਆ:-"ਮੇਰੇ ਧੰਨ ਭਾਗ! ਚਿਰ ਤੋਂ ਆਪ ਦੀ ਉਡੀਕ ਕਰ ਰਿਹਾ ਸਾਂ, ਚਿਰਕਾਲ ਤੋਂ। ਹਾਂ, ਅੱਜ ਹੁਣ ਮੇਰੇ ਸਾਧਨਾਂ ਨੂੰ ਫਲ ਲੱਗੇਗਾ, ਹੁਣ ਜੋਗ ਵੈਰਾਗ ਦਾ ਥਹੁ ਪਵੇਗਾ, ਸਾਰੇ ਸਫਲ ਹੋਣਗੇ। "

ਤਦੋਂ ਸਤਿਗੁਰ ਦਾਤੇ ਦੇ ਨੈਣਾਂ ਤੇ ਮੱਥੇ ਤੇ ਮੁਸਕ੍ਰਾਹਟ ਦੀ ਆਭਾ ਫਿਰੀ, ਗੁਲਾਬਾਂ ਤੋਂ ਕੋਮਲ ਤੇ ਸੁਹਣੇ ਬੁੱਲ੍ਹ ਖੁੱਲ੍ਹੇ, ਇਕ ਮੁਸਕ੍ਰਾਹਟ ਆਈ ਤੇ ਬੋਲੇ: "ਕਿਵੇਂ ਜੋਗੀ ਜੀ! ਕਿਵੇਂ ਜਾਣਦੇ ਹੋ ਤੇ ਉਡੀਕਾਂ ਵਿਚ ਰਹੇ ਹੋ?"

ਜੋਗੀ (ਹੱਥ ਬੰਨ੍ਹ ਕੇ)-ਜੀਓ! ਕਿਸੇ ਸਮੇਂ ਮੈਂ, ਜੋ ਆਪਾ ਵਰਜ ਵਰਜ ਕੇ ਅਤੇ ਪ੍ਰਾਣਾਂ ਦੇ ਚੜ੍ਹਾਉ ਲਹਾਉ ਦੇ ਕਰਤਬ ਕਰ ਕਰਕੇ, ਧਿਆਨ ਬੰਨ੍ਹ ਬੰਨ੍ਹ ਕੇ ਜੁੜਿਆ ਤਾਂ ਸਮਾਧੀ ਹੋਈ ਕਿ ਮੈਨੂੰ ਝਾਂਵਲਾ ਪਿਆ ਤੇ ਮੁਨੀ ਜੀ ਦਿੱਸੇ, ਹਾਂ ਉਨ੍ਹਾਂ ਆਖਿਆ, "ਜੋਗ ਨਾ ਕਮਾਓ-ਕਰੜਾ ਹਠ ਜੋਗ, ਭਗਤੀ ਕਮਾਓ"। ਜਾਂ ਮੈਂ ਕਈ ਪ੍ਰਸ਼ਨ ਕੀਤੇ, ਤਾਂ ਮੁਨੀ ਜੀ ਬੋਲੇ: "ਕਲਜੁਗ ਹੈ, ਇਸ ਦੇ ਤਾਰਨ ਹੇਤ ਅਵਤਾਰ ਧਾਰਾ ਤੇ ਹੋਇਆ ਹੈ 'ਸ੍ਰੀ ਆਪ ਜੀ ਦਾ', ਦਰਸ਼ਨ ਕਰੋ, ਪਰਸਨ ਕਰੋ, ਸੇਵਾ ਕਰੋ, ਫਲ ਪਾਓਗੇ" ਤਾਂ ਮੈਂ ਨਾਮ ਪੁੱਛਿਆ, ਮੁਨੀ ਜੀ ਨੇ ਕਿਹਾ "ਨਾਮ ਤਾਂ ਅਨਾਮ ਹੈ; ਪਰ ਸਰੀਰ ਧਾਰਨ ਕਰਕੇ ਦੁਖਾਂ ਦੇ ਨਿਵਾਰਨਹਾਰ ਦੁੱਖ ਹਰਤਾ ਜੀ ਦਾ ਨਾਮ 'ਨਾਨਕ' ਹੈ। " ਐਉਂ ਆਪ ਜੀ ਦੇ ਆਉਣ ਦੀ ਸੂੰਹ ਤੇ ਨਾਮ ਦਾ ਪਤਾ ਲੱਗਾ ਤੇ ਉਡੀਕਾਂ ਨੇ ਡੇਰੇ ਜਮਾਈ ਰੱਖੇ; ਜੀਓ ਜੀ! ਇਹ ਬੀ ਮੁਨੀ ਨੇ ਆਖਿਆ ਸੀ:-

> ਪ੍ਰਥਮ ਮਿਲਹਿੰਗੇ ਤੁਝ ਇਸ ਥਾਂਈਂ।
> ਬੈਸਹੁ ਪ੍ਰੇਮ ਰਿਦੇ ਲਿਵਲਾਈ! ਪੂਛ ਲੇਹੁ
> ਜੋ ਹ੍ਵੈ ਨਿਜ ਮਨ ਮੈਂ। ਸਰਬ ਬਤਾਇ ਦੇਹਿਂ
> ਇਕ ਛਿਨ ਮੈਂ। ਤਬ ਕੀ ਮੈਂ ਰਾਵਰਿ ਸੁਧ
> ਪਾਈ। ਬੈਠ ਰਹਜੋ ਥਿਰ ਹ੍ਵੈ ਇਸ ਥਾਈ।
>
> {ਗੁ:ਨਾ: ਪ੍ਰ:}

੨.

ਆਸ਼੍ਰਮ-ਜੋਗੀਆਂ ਦੇ ਆਸ਼੍ਰਮ-ਦੇ ਮੁਖੀਏ ਭਰਥਰਿ ਜੋਗੀ ਦਾ ਗੁਰੂ ਜੀ ਅੱਗੇ ਝੁਕ ਜਾਣਾ ਨਗਰੀ ਦੇ ਲੋਕਾਂ ਨੇ ਅੱਖੀ ਡਿੱਠਾ ਸੀ, ਸੋ ਸਾਰੇ ਇਲਾਕੇ ਵਿਚ ਬਾਤ ਧੁੰਮ ਗਈ। ਲੱਗੇ ਲੋਕੀ ਦਰਸ਼ਨਾਂ ਨੂੰ ਆਉਣ। ਆਸ਼੍ਰਮ ਵਿਚ ਰਹਿੰਦੇ ਦੂਸਰੇ ਜੋਗੀ ਤੇ ਸਾਧਕ ਬੀ ਹੈਰਾਨ ਸਨ ਕਿ ਸਾਡੇ 'ਮਠ' ਦੇ ਮਾਲਕ ਭਰਥਰਿ ਜੀ ਨੂੰ ਕੀਹ ਹੋ ਗਿਆ ਹੈ ਕਿ ਪਰਦੇਸੀ ਤੇ ਅਨਜਾਣੇ ਦਾ, ਜੋ ਜੋਗੀ ਬੀ ਨਹੀਂ ਹੈ, ਇੰਨਾਂ ਸਨਮਾਨ ਕਰ ਰਹੇ ਹਨ। ਕਈ ਵੇਰ ਇੱਕਲੇ ਇੱਕਲੇ ਤੇ ਕਈ ਵੇਰ ਟੋਲੇ ਬੰਨ੍ਹ

ਬੰਨ੍ਹਕੇ ਓਹ ਸਤਿਗੁਰਾਂ ਪਾਸ ਚਰਚਾਵਾਦ ਕਰਨ ਆਏ। ਜਿੰਨੀ ਵੇਰ ਤੇ ਜਦ ਜਦ ਆਏ ਹਉਲੇ ਹੋ ਹੋ ਕੇ ਗਏ। ਸੰਗਤਾਂ ਦੇ ਵਿਚ ਬੈਠਿਆਂ ਇਹ ਪਿੜ ਬੱਝਣੇ, ਲੋਕਾਂ ਨੇ ਜੋਗੀਆਂ ਦੀ ਹਾਰ ਤੱਕਣੀ, ਜਿਵੇਂ ਨਿੱਚੁੜੇ ਨਿੰਬੂ ਦਾ ਫੋਗ ਹੁੰਦਾ ਹੈ ਤਿਵੇਂ ਸਾਧਨਾਂ ਤੇ ਤਪਾਂ ਨਾਲ ਤੇ ਦਾਰੂਆਂ ਨਾਲ ਰਸ-ਪ੍ਰਭਾਵ ਤੋਂ ਫੋਕੇ ਹੋਏ ਜੋਗੀਆਂ ਨੂੰ ਤੱਕ ਕੇ ਲੋਕਾਂ ਨੇ ਅਚੰਭੇ ਹੋਣਾ। ਇਧਰ ਜਦ ਪ੍ਰਭਾਵਸ਼ਾਲੀ ਸਤਿਗੁਰੂ ਦੇ ਚਿਹਰੇ ਵਲ ਤੱਕਣਾਂ ਤਾਂ ਸੁਆਦ ਦੀ ਕੋਈ ਆਭਾ ਵੱਸਦੀ ਨਜ਼ਰ ਪੈਣੀ, ਮਿੱਠੀ ਮਿੱਠੀ ਫੁਹਾਰ ਕਿਸੇ 'ਹੋਂਦ' ਦੀ ਛਿੜਕੀਂਦੀ ਭਾਸਣੀ। ਇਉਂ ਲੋਕਾਂ ਦੇ ਨਿਹਚੇ ਜੋਗੀਆਂ ਤੋਂ ਉੱਡਣ ਲੱਗ ਗਏ ਤੇ ਆਸ਼੍ਰਮ ਆਉਣ ਦੀ ਥਾਂ ਸਭ ਲੋਕ ਗੁਰੂ ਬਾਬੇ ਦੇ ਉਦਾਲੇ ਝੁਰਮੁਟਾਂ ਪਾਉਣ ਲਗ ਪਏ, ਐਨਾ ਕਿ ਆਸ਼੍ਰਮ ਮਾਨੋਂ ਸੁੰਞਾ ਹੋ ਗਿਆ, ਜੋਗੀਆਂ ਤੋਂ ਸੁੰਞਾ ਨਹੀਂ, ਪਰ ਸ਼ਰਧਾਲੂਆਂ ਤੋਂ। ਹੁਣ ਜੋਗੀ ਵਧੇਰੇ ਖੁਣਸਣ ਲਗ ਪਏ, ਸਿੱਧੀਆਂ ਦੇ ਬਲ ਲਾਉਣ ਲੱਗ ਪਏ, ਪ੍ਰੰਤੂ ਜੋ ਜੋ ਕੁਛ ਉਨ੍ਹਾਂ ਨੇ ਕੀਤਾ ਸਭ ਵਿਚ ਮੂੰਹ ਦੀ ਖਾਧੀ! ਅੰਤ ਜਦ ਕੁਛ ਪੇਸ਼ ਨਾ ਗਈ ਤਾ ਪੈਰੀਂ ਆ ਪਏ। ਸਿੱਧਾਂ ਦੀ ਇਸ ਹਾਰ ਦਾ ਜ਼ਿਕਰ 'ਹਕੀਕਤ ਰਾਹ ਮੁਕਾਮ' ਵਿਚ ਇਸ ਤਰ੍ਹਾਂ ਆਇਆ ਹੈ:-

'ਅਰ ਭਾਟੜਿਆਂ ਦੇ ਘਰ ਤੇ ਕਜਲੀ ਬਣ ਕੋਸ ਅੱਸੀ ਹੈ॥ ਤ੍ਰਿਯਾ ਰਾਜ ਹੈ॥ ਤਹਾਂ ਬੀ ਗੁਰੂ ਬਾਬੇ ਕਾ ਦੇਹੁਰਾ ਹੈ॥ ਸੰਗਤ ਭਾਟੜਿਆਂ ਕੇ ਜੁੜਤੀ ਹੈ। ਉਥੈ ਗੁਰੂ ਸਿੱਧਾਂ ਨਾਲ ਗੋਸਟ ਕਰਕੇ ਪੂਜਾ ਖਿੰਚ ਲੀਤੀ ਹੈਸੁ॥ ਤਬ ਸਿਧ ਗੁਰੂ ਜੀ ਕਾ ਜੋਰ ਅਜਮਾਇਕੇ ਪੈਰੀਂ ਆਇ ਪਏ ਹੈਂ॥ ਉਸ ਥਾਇ ਕਾ ਨਾਉ ਕਜਲੀ ਬਨ ਤ੍ਰਿਯਾਰਾਜ ਹੈ[੧]।

ਇਉਂ ਜਦ ਸਾਰਾ ਆਸ਼੍ਰਮ ਭਰਥਰਿ ਦੇ ਅਨੁਕੂਲ ਹੋ ਗਿਆ ਤਾਂ ਇਕ ਦਿਨ ਭਰਥਰਿ ਨੇ ਗੁਰੂ ਬਾਬੇ ਤੋਂ ਪਰਮੇਸ਼ੁਰ ਜੀ ਨਾਲ ਪਿਆਰ ਤੇ ਆਪਣੇ ਜੋਗ ਮਾਰਗ ਦੇ ਵੇਰਵੇ ਪੁੱਛਣਾ ਕੀਤੇ।

ਭਰਥਰਿ-ਤੁਸੀਂ ਜੋਗ ਮਾਰਗ ਨੂੰ ਮੂਲੋਂ ਹੀ ਪਸਿੰਦ ਨਹੀਂ ਕਰਦੇ?

ਸ੍ਰੀ ਗੁਰੂ ਜੀ-ਭਰਥਰਿ ਜੋਗੀ! ਸਮਾਂ ਕਲੂ ਕਾਲ ਦਾ ਹੈ, ਸਤਜ ਤੇ ਜਤ ਤੋਂ ਲੋਕ ਨੀਵੇਂ ਹੋ ਰਹੇ ਹਨ, ਸ਼ਰੀਰ ਬੀ ਪੁਸ਼ਟ ਉਤਨੇ ਨਹੀਂ ਰਹੇ, ਹਠ ਦੀ ਪਾਯਾਂ ਘਟ ਗਈ ਹੈ! ਅਵਗੁਣਾਂ ਨੇ ਪਰਜਾ ਦੁਖੀ ਤੇ ਫੋਕੀ ਕਰ ਦਿਤੀ ਹੈ। ਨਿਰੇ ਸਰੀਰਕ ਤਿਆਗਾਂ ਨਾਲ ਸਾਧੂ ਪਰਜਾ ਤੋਂ ਦੂਰ ਜਾ ਪਏ ਹਨ, ਪਰ ਹੁਣ ਫਿਰ ਨਿਰੰਕਾਰ ਜੀ ਦੀ ਮਿਹਰ ਨਾਲ ਸੁਗਮਤਾ ਆ ਗਈ ਹੈ। ਇਸ ਕਰਕੇ ਉਹ ਮਾਰਗ ਠੀਕ ਨਹੀਂ ਕਿ ਨਿਰੇ ਚਾਰ ਜੋਗੀ ਜੰਗਲਾਂ ਵਿਚ ਸਮਾਧੀਆਂ ਲਾਕੇ ਬਹਿ ਰਹਿਣ ਸਗੋਂ ਲੋੜ ਹੈ ਕਿ ਹਰ ਪ੍ਰਾਣੀ ਜੋਗੀ ਹੋਵੇ। ਇਹ ਵਧੇਰੇ ਸੁਖਦਾਈ ਗਲ ਹੈ।

ਭਰਥਰਿ-ਗ੍ਰਿਹਸਥੀ ਬੀ, ਜੋਗੀ ਬੀ?

ਗੁਰੂ ਜੀ-ਹਾਂ[੧]! ਜੋਗ ਤੁਸਾਡੇ ਤੇ ਜੋਗ ਸਾਡੇ ਵਿਚ ਫ਼ਰਕ ਹੈ। ਪਹਿਲਾਂ ਤਾਂ ਤੁਸਾਡੇ ਅਕਸਰ ਜੋਗੀ ਬਾਹਰਲੀਆਂ ਕ੍ਰਿਆਵਾਂ ਤੇ ਖੱਸ ਕਰੀ ਬੈਠੇ ਹਨ, ਦੂਸਰੇ ਇੰਦਰੇ ਸਿਥਿਲ ਕਰਨੇ ਤੇ ਰਹਿ ਗਏ ਹਨ ਕਿ ਐਉਂ ਧਾਵਣ ਨਾਂ। ਫੇਰ ਜੇ ਰਾਜ ਜੋਗ ਦੇ ਆਦਰਸ਼ ਵਲ ਤੱਕੋ ਤਾਂ ਤੁਸਾਂ ਨੇ ਜੋਗ ਨਾਮ ਰਖਿਆ ਹੈ ਆਪੇ ਵਿਚ ਜੁੜ ਜਾਣ ਦਾ। ਮਨ ਇਕਾਗ੍ਰ ਹੁੰਦਾ ਆਪੇ ਵਿਚ ਨਿਰੁੱਧ ਹੋ ਜਾਵੇ, ਜੁੜ ਜਾਵੇ। ਮਨ ਕਿ ਮਨ ਦੇ ਵੇਗ ਜਾਂ ਬਿਰਤੀਆਂ ਰੁਕ ਜਾਣ ਤਾਂ ਆਪਾ ਟਿਕਕੇ ਆਪੇ ਵਿਚ ਆ ਕੇ ਕੇਵਲ ਨਿਹਕੇਵਲ ਹੋ ਗਿਆ। ਇਸੇ ਲਈ ਤੁਸਾਂ ਨੂੰ ਆਪਣੇ ਤਾਣ ਉਠਣਾ ਪੈਂਦਾ ਹੈ ਤੇ ਆਪੇ ਨੂੰ ਨਿਹਕੇਵਲ ਕਰਨ ਲਈ ਤੁਸਾਂ ਨੂੰ ਪਹਿਲਾਂ ਸਰੀਰਕ ਸਾਧਨ ਤੇ ਹਠ ਯੋਗ ਦੇ ਯਤਨ ਕਰਨੇ ਪੈਂਦੇ ਹਨ, ਜਿਸ ਕਰਨ ਵਿਚ ਤੁਸੀਂ ਜਗਤ ਤੋਂ ਅਲੱਗ ਹੋ ਜਾਂਦੇ ਹੋ, ਤੁਸੀਂ ਪਿਛੇ ਹਟਦੇ ਹਟਦੇ ਬਨਬਾਸੀ ਹੋ ਜਾਂਦੇ ਹੋ। ਫਿਰ ਜਦ ਦਿਲ ਨਹੀਂ ਲਗਦੇ ਤਾਂ ਫੇਰ ਕਈ ਤਰ੍ਹਾਂ ਦੇ ਹੋਛੇ ਨਸ਼ਿਆਂ ਦੇ ਆਸਰੇ ਲੈਕੇ ਦਿਨ-ਕਟੀ ਤੇ ਆ ਜਾਂਦੇ ਹੋ। ਜੇ ਕੋਈ ਭਲਾ ਕਦੇ ਆਪੇ ਵਿਚ ਨਿਰੁੱਧ, ਅਰਥਾਤ ਏਕਾਗ੍ਰ ਹੋ ਬੀ ਗਿਆ

---

[੧] ਇਸ ਬਨ ਦਾ ਪਤਾ ਹਕੀਕਤ ਰਾਹ ਮੁਕਾਮ ਵਿਚ ਬੀਜਾਪੁਰ ਦੇ ਇਲਾਕੇ ਦੱਖਣ ਦੇਸ਼ ਵਿਚ ਦੱਸਿਆ ਹੈ।

[੧] ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥
{ਆਸਾ ਕਾਫੀ ਮ: ੧}

ਮੰਨ ਲਈਏ ਤਾਂ ਉਹ ਆਪੇ ਵਿਚ ਅਪਣੇ ਜੀਵ-ਤੱਤ ਵਿਚ ਟਿਕ ਗਿਆ; ਉਹ ਪਰਮਤੱਤ ਵਿਚ ਨਹੀਂ ਟਿਕਿਆ। ਅਜੇ ਉਹ ਨੀਵਾਂ ਹੈ ਤੇ ਓਸ ਵਿਚ ਕਸਰ ਹੈ।

ਭਰਥਰਿ-ਹੈਂ, ਨਿਰੁੱਧ ਪੁਰਖ ਅਜੇ ਨੀਵਾਂ ਹੈ?

ਗੁਰੂ ਜੀ-ਹਾਂ, ਆਪੇ ਵਿਚ ਜੁੜਨਾ ਜੀਵ ਤੱਤ ਵਿਚ ਜੁੜਨਾ ਹੈ[੧]।

ਸਾਡਾ ਜੋਗ ਹੈ ਆਤਮ ਟਿਕਾਉ ਤੋਂ ਅੱਗੇ ਲੰਘਕੇ ਪਰਮੱਤਤ ਵਿਚ ਜੁੜਨਾ, ਇਸ ਕਰਕੇ ਅਸੀਂ ਮੁੱਢ ਤੋਂ ਹੀ ਉਸ ਨਿਸ਼ਾਨੇ ਤੇ ਨਜ਼ਰ ਬੰਨ੍ਹਕੇ ਟੁਰਦੇ ਹਾਂ[੨]।

ਭਰਥਰਿ-ਪਰਮ ਤੱਤ ਤੋਂ ਆਪ ਦਾ ਭਾਵ ਈਸ਼੍ਵਰ ਨਿਰੰਕਾਰ ਦਾ ਹੈ ਨਾ, ਤੇ ਅਸੀਂ ਬੀ ਈਸ਼੍ਵਰ ਨੂੰ ਮੰਨਦੇ ਹਾਂ। ਸਾਂਖ ਵਾਂਙੂ ਅਸੀਂ ਅਨੀਸ਼੍ਵਰਵਾਦੀ ਨਹੀਂ ਹਾਂ।

ਗੁਰੂ ਜੀ-ਮੰਨਦੇ ਤਾਂ ਹੋ, ਪਰ ਤੁਸੀਂ ਸਾਧਨ ਹਠ ਯੋਗ ਦੇ ਕਰਦੇ ਹੋਏ ਯਾ ਤਾਂ ਸਿੱਧੀਆਂ ਵਿਚ ਰਹਿ ਜਾਂਦੇ ਹੋ ਜੇ ਅੱਗੇ ਲੰਘੋ ਬੀ ਤਾਂ ਆਪੇ ਵਿਚ ਜੁੜਦੇ ਹੋ ਸੋ ਜੀਓ! ਜੋ ਆਪੇ ਵਿਚ ਜੁੜਨਾ ਹੈ ਸੋ ਤਾਂ ਸੁੱਧ ਹੋਕੇ ਅਪਣੇ ਜੀਵਤੱਤ ਨੂੰ ਹੀ ਪ੍ਰਾਪਤ ਹੋਣਾ ਹੈ[੧]।

ਭਰਖਰਿ-ਠੀਕ ਹੈ, ਕੈਵਲ ਦਾ ਭਾਵ ਠੀਕ ਇਹੋ ਹੈ, ਇਹੀ ਨਿਰਬੀਜ ਸਮਾਧੀ ਦਾ ਫਲ ਹੈ, ਠੀਕ।

ਗੁਰੂ ਜੀ-ਅਸੀਂ ਆਖਦੇ ਹਾਂ ਕਿ ਜੀਵ ਤੱਤ ਪਰਮਤੱਤ ਵਿਚ ਜੁੜੇ ਤਾਂ ਜੋਗ ਸੰਪੂਰਨ ਹੈ[੨]। ਜੇ ਅੰਤ ਅਸਾਂ ਪਰਮ ਤੱਤ ਵਿਚ ਨਹੀਂ ਪ੍ਰਾਪਤ ਹੋਣਾ ਤਾਂ ਪਰਮ ਤੱਤ੍ਵ (ਈਸ਼੍ਵਰ) ਦਾ ਮੰਨਣਾ ਕੋਈ ਸਫਲ ਮੰਨਣਾ ਨਹੀਂ।

ਭਰਥਰਿ-ਠੀਕ ਹੈ ਸ੍ਵਾਮੀ ਜੀ! ਅਸੀਂ ਤਾਂ ਸਾਧਨ ਕਰਦੇ ਹਾਂ ਹਠ ਜੋਗ ਦੇ, ਜਿਸ ਵਿਚ ਵਿਦਵਾਨ ਤੇ ਅਵਿੱਦ੍ਵ ਸਾਰੇ ਪਰਚਕੇ ਲਗੇ ਰਹਿੰਦੇ ਹਨ ਤੇ ਅਖੀਰ ਕਾਇਆ ਸੋਧਕੇ ਤੇ ਮਨ ਮਾਂਜਕੇ ਅਰੋਗ ਤੇ ਲੰਮੀ ਉਮਰਾ ਵਾਲੇ ਹੋ ਜਾਂਦੇ ਹਾਂ, ਪਰ ਸਾਡੇ ਵਿਚ ਜੋ ਸਿਆਣੇ ਹਨ ਸੋ ਸਾਧਨ ਕਰਦੇ ਰਾਜ ਜੋਗ ਵਿਚ ਵਿਸ਼ੇਸ਼ ਧਿਆਨ ਦੇਂਦੇ ਹਨ ਤੇ ਏਕਾਗ੍ਰ ਹੁੰਦੇ ਹਨ।

ਗੁਰੂ ਜੀ-ਤੁਸਾਂ ਦੇ ਸਾਧਨਾਂ ਨਾਲ ਸਾਧਕ ਬਹੁਤੇ ਤਾਂ ਰਿੱਧੀਆਂ ਸਿੱਧੀਆਂ ਦੇ ਪਰਚੇ, ਨਿਜ ਪੂਜਾ ਤੇ ਐਸ਼੍ਵਰਜ ਵਿਚ ਫਸਦੇ ਸਿੱਧ ਸ਼ੁਮਾਰ ਹੁੰਦੇ ਹਨ। ਕੋਈ ਵਿਰਲਾ ਨਿਰਵਾਸ਼ ਰਹਿਕੇ ਰਾਜ ਯੋਗ ਵਲ ਟੁਰਦਾ ਹੋਊ।

ਭਰਥਰਿ-ਹੈ ਤਾਂ ਠੀਕ! ਹਾਂ ਜੀਓ ਜੀ! ਆਪ ਦੇ ਇਸ ਜੋਗ ਦਾ ਕੀਹ ਨਾਮ ਹੈ?

ਗੁਰੂ ਜੀ-ਸਾਡੇ ਜੋਗ ਦਾ ਤੁਸਾਂ ਨਾਮ ਪੁੱਛਿਆ ਹੈ, ਉਸ ਵਿਚ ਨਿਰੇ ਹਠ ਜੋਗ ਦਾ ਥਾਉਂ ਨਹੀਂ ਤੇ ਨਾ ਕਿਸੇ ਬਨਾਵਟ ਬਨਾਉਣ ਦਾ ਟਿਕਾਣਾ ਹੈ। ਉਹ ਤਾਂ ਸੁਖ ਦਾ ਟਿਕਾਣਾ ਹੈ ਜੋ ਸੁਖ ਕਿ ਨਿਰੰਕਾਰ ਨਾਲ ਮਿਲਕੇ ਆਉਂਦਾ ਹੈ। ਉਸ ਨੂੰ ਅਸੀਂ ਸਹਿਜ ਸੁਖ ਆਖਦੇ ਹਾਂ, ਇਸ ਸੁਖ ਮਾਨਣ ਨੂੰ ਅਸੀਂ ਸਹਿਜ ਸਮਾਧਿ[੧] ਤੇ ਜੋਗ ਨੂੰ ਸਹਿਜ ਯੋਗ ਬੀ ਕਹਿੰਦੇ ਹਾਂ। ਰਾਜ ਯੋਗ ਪਦ ਬੀ ਅਸੀਂ ਵਰਤਦੇ ਹਾਂ। ਤੁਸੀਂ ਪਾਤੰਜਲ ਦੇ ਦੱਸੇ ਅਸ਼ਟਾਂਗ ਯੋਗ ਨੂੰ ਰਾਜ ਯੋਗ ਕਹਿੰਦੇ ਹੋਏ ਯੋਗ ਦੀ ਖਾਤਰ ਰਾਜ, ਗ੍ਰਿਹਸਤ, ਘਰ ਤਿਆਗਦੇ ਹੋ। ਅਸੀਂ ਗ੍ਰਿਹਸਤ ਵਿਚ ਰਹਿਕੇ ਫਿਰ ਅੰਦਰੋਂ ਨਿਰਬਾਣ ਰਹਿਕੇ ਸਾਂਈਂ ਨਾਲ ਜੁੜੇ ਰਹਿਣ ਦੀ ਅਵਸਥਾ ਨੂੰ ਰਾਜ ਯੋਗ ਆਖਦੇ ਹਾਂ[੨]। ਸਾਡਾ ਰਾਜ ਯੋਗ ਹੀ ਪਰਪੱਕ ਹੋਕੇ ਸਹਿਜ ਯੋਗ ਹੈ। [੩] ਜਿਸ ਤੋਂ ਸਾਡਾ ਭਾਵ ਹੁੰਦਾ ਹੈ ਕਿ ਜੁੜੇ ਰਹਿਣ ਦੀ ਅਵਸਥਾ ਨਿਰਯਤਨ ਸੁਤੇ ਸਿੱਧ ਐਉਂ ਟੁਰ ਰਹੀ ਹੈ ਕਿ ਮਾਨੋਂ

---

[੧] ਇਸ ਸੇ (ਪਾਤੰਜਲ ਕੇ ਯੋਗ ਸੇਂ) ਕੇਵਲ ਆਤਮ ਸਾਖਜ਼ਾਤਕਾਰ ਹੋਤਾ ਹੈ, ਈਸ਼੍ਵਰ ਪ੍ਰਾਪਤ ਹੋਤਾ ਹੈ ਵਾ ਨਹੀਂ ਇਸ ਕਾ ਸਪਸ਼ਟ ਉਲੇਖ ਨਹੀਂ ਹੈ। ਪੁਨਾ-ਇਸ ਸੇ (ਪਾਤੰਜਲ ਯੋਗ ਸੇ) ਦੁਖ ਕੀ ਨਿਬ੍ਰਤੀ ਹੋਤੀ ਹੈ, ਪਰ ਅਨੰਤ ਸੁਖ ਨਹੀਂ ਮਿਲਤਾ। {ਦੇਖੋ ਵਿਸ਼ਵ ਕੋਸ਼-੧੮, ਸਫਾ ੭੧੮, ੭੧੯}

[੨] ਆਤਮ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥ {ਮਾਰੂ ਸੋ:ਮ:੧}

[੧] ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥ {ਸਾਰਗ: ਅਸਟ:ਮ: ੧}

[੨] ਥਿਰ ਥਿਰ ਚਿਤ ਥਿਰ ਹਾਂ ॥ ਬਨੁ ਗ੍ਰਿਹੁ ਸਮਸਰਿ ਹਾਂ ॥ ਅੰਤਰਿ ਏਕ ਪਿਰ ਹਾਂ ॥ ਬਾਹਰਿ ਅਨੇਕ ਧਰਿ ਹਾਂ ॥ ਰਾਜਨ ਜੋਗੁ ਕਰਿ ਹਾਂ....॥ {ਆਸਾ ਮਹਲਾ ੫}

[੩] ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥ ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪੫॥ {ਬਸੰਤ ਮ:੧}

ਸਾਈਂ ਨਾਲ ਸੰਜੋਗ ਸਾਡਾ ਸੁਭਾਵ ਹੀ ਹੋ ਗਿਆ ਹੈ।

ਭਰਥਰਿ-ਆਪ ਮਹਾਰਾਜ ਸੁਆਮੀ ਜੀ! ਪ੍ਰਾਣਾਯਾਮ, ਆਸਨ, ਨਿਉਲੀ, ਨੇਤੀ, ਧੋਤੀ, ਆਦਿ ਕਰਮ ਅਗਨ ਜਲ ਆਦਿ ਤਪ ਕੋਈ ਨਹੀਂ ਕਰਾਉਂਦੇ? ਘਰ ਬਾਰ ਨਹੀਂ ਛੁਡਾਉਂਦੇ? ਤੁਸੀਂ ਆਪਣਾ ਸਹਿਜ ਜੋਗ ਕਿਵੇਂ ਸਿਖਾਲਦੇ ਹੋ?

ਗੁਰੂ ਜੀ-ਜਿਵੇਂ ਤੁਸੀਂ ਚਿਤ ਨੂੰ ਬ੍ਰਿਤੀਆਂ ਤੋਂ ਵਰਜਕੇ ਚਾਹੁੰਦੇ ਹੋ ਕਿ ਜੁੜਿਆ ਰਹੇ ਆਪੇ ਵਿਚ ਤੇ ਇਸ ਲਈ ਘਰਾਂ ਤੋਂ ਤੋੜਦੇ ਹੋ ਸਾਧਕਾਂ ਨੂੰ, ਅਸੀਂ ਇਕ ਪਾਰਬ੍ਰਹਮ ਪਰਮੇਸ਼ੁਰ ਵਿਚ ਸਦਾ ਅਹਿਨਿਸ ਅਨਹਤ (ਨਾ ਟੁੱਟਣ ਵਾਲੀ) ਲਿਵ ਲਾਈ ਰੱਖਣੀ ਚਾਹੁੰਦੇ ਹਾਂ। ਜਦੋਂ ਇਕ ਪਰਮਾਤਮਾਂ ਵਿਚ ਲਿਵ ਲੱਗੀ ਰਹੇਗੀ ਤਾਂ ਹੋਰ ਸਾਰੇ ਪਸਾਰੇ ਨਾਲੋਂ ਆਪੇ ਮਨ ਉਪਰਾਮ ਰਹੇਗਾ। ਉਪ੍ਰਾਮ ਰਹਿਣ ਦਾ ਜਤਨ ਜਾਂ ਫਿਕਰ ਨਹੀਂ ਕਰਨਾ ਪਏਗਾ, ਸੁਤੇ ਹੀ ਮਨ ਦਾ ਲਗਾਉ ਸੰਸਾਰ ਨਾਲੋਂ ਵਿੱਥ ਕਰ ਰੱਖੇਗਾ ਐਸੀ ਕਿ ਅਸੀਂ ਕੰਮ ਕਾਜ ਕਰਦੇ ਹੋਏ ਅੱਕ੍ਰੈ ਹੋਵਾਂਗੇ। ਇਹ ਸਹਿਜ ਵੈਰਾਗ ਹੈ ਸਾਡਾ[1]।

ਭਰਥਰਿ-ਕਿਵੇਂ? ਕੋਈ ਸੌਖਾ ਜਿਹਾ ਦ੍ਰਿਸ਼ਟਾਂਤ ਦੇਕੇ ਦੱਸੋ।

ਗੁਰੂ ਜੀ-ਜਿਵੇਂ ਕਾਕੀ ਵਿਆਹੀ ਦੀ ਹੈ, ਉਸ ਦਾ ਪ੍ਰੇਮ ਪਤੀ ਵਿਚ ਹੋ ਜਾਂਦਾ ਹੈ। ਉਸ ਦਾ ਵਿਆਹ ਕਰਨ ਵੇਲੇ-ਪਤੀ ਵਿਚ ਲਿਵ ਲਾਉਣ ਵੇਲੇ-ਉਸ ਨੂੰ ਮਾਤਾ ਪਿਤਾ ਤੋਂ ਤਿਆਗ ਵਿਰਾਗ ਦੇ ਸਾਧਨ ਕਰਾਉਣ ਦੀ ਲੋੜ ਨਹੀਂ ਪੈਂਦੀ, ਪਤੀ ਨਾਲ ਵਿਆਹ ਹੀ ਉਸ ਨੂੰ ਮਾਤਾ ਪਿਤਾ ਤੋਂ ਵਿੱਥ ਤੇ ਕਰ ਦੇਂਦਾ ਹੈ। ਤਿਵੇਂ ਜਦ ਲਿਵ ਸਾਂਈਂ ਵਿਚ ਲਗ ਗਈ ਤਾਂ 'ਜੋ ਕੁਛ ਸਾਂਈਂ ਨਹੀਂ' ਉਸ ਨਾਲ ਵਿੱਥ ਆਪੇ ਹੋ ਗਈ। ਸੋ ਸਾਂਈਂ ਵਿਚ ਲਿਵ ਲਾਈ ਦੀ ਹੈ[2]।

ਭਰਥਰਿ (ਲੰਮਾ ਸਾਹ ਲੈ ਕੇ)-ਠੀ... ਕ! ਫਿਰ ਜੀਓ! ਪਰਮੇਸ਼ੁਰ ਵਿਚ ਲਿਵ ਲਈ ਕੋਈ ਸਾਧਨ, ਕੋਈ ਜੁਗਤਿ?

ਗੁਰੂ ਜੀ-ਲਿਵ ਕਹਿੰਦੇ ਹਨ ਅੰਦਰਲੀ ਪ੍ਰੇਮ ਭਾਵਨਾ ਵਾਲੀ ਲਗਾਤਾਰੀ ਲਗਨ ਨੂੰ। ਪਰੇਮ ਦੇ ਸਾਧਨ ਕਾਹਦੇ? ਪਰ ਤਦ ਬੀ ਵਿਚਾਰਕੇ ਵੇਖੋ ਜਿਸ ਨਾਲ ਸਾਡਾ ਪਰੇਮ ਹੋਵੇ ਉਹ ਸਦਾ ਯਾਦ ਰਹਿੰਦਾ ਹੈ। ਸੋ ਯਾਦ ਪਰੇਮ ਦਾ ਸਾਡੇ ਮਨ ਉਤੇ ਇਕ ਵਿਦਤ-ਰੂਪ ਹੈ, ਇਸ ਲਈ ਉਸ ਮਾਲਕ ਦੀ-ਜਿਸ ਨਾਲ ਕਿ ਇਕ ਤਾਰ ਲਿਵ ਲਾਉਣੀ ਹੈ-ਯਾਦ ਅੰਦਰ ਵਸਾਈਦੀ ਹੈ ਤੇ ਉਸ ਨੂੰ ਪਰੇਮ ਸਰੂਪ [illegible] ਪਿਆਰਾ ਸਮਝਕੇ ਯਾਦ ਕਰੀਦਾ ਹੈ। ਸਾਂਈਂ [illegible] ਜੇ ਅੰਦਰ ਇਕ ਦਮ ਜਾਗ ਪਵੇ ਤੇ ਟੁਰ [illegible] ਕਾਰਜ ਹੋ ਗਿਆ, ਨਾ ਟੁਰੇ ਤਾਂ ਉਸ ਦੀ ਯਾਦ ਉਸ ਦੇ ਨਾਮ ਜਪਣ ਨਾਲ ਪਕਦੀ ਹੈ। ਨਾਮ, ਅਸੀਂ ਉਸ ਵਿਚ ਪਿਆਰ ਭਾਵਨਾ ਲੈਕੇ ਜਪਦੇ ਹਾਂ ਨਾਮ ਦੇ ਜਪਣ ਨਾਲ ਨਾਮ ਦਾ ਸਿਮਰਨ ਪ੍ਰਾਪਤ ਹੁੰਦਾ ਹੈ, ਨਾਮ ਦਾ ਸਿਮਰਨ ਨਿਰੰਕਾਰ ਦੇ ਸਿਮਰਨ ਦੀ ਸਫੁਰਣਤਾ ਹੈ। ਕਿਉਂਕਿ ਨਾਮ ਨਿਰੰਕਾਰ ਦਾ ਸਿਮਰਦੇ ਹਾਂ, ਸਿਮਰਿਆਂ ਉਹ ਸਿਮ੍ਰਤੀ ਵਿਚ ਵਸ ਪੈਂਦਾ ਹੈ। ਨਿਰੰਕਾਰ ਦੇ ਸਿਮਰਨ ਦੀ ਸਫੁਰਨਤਾ ਨਿਰੰਕਾਰ ਦਾ ਪਰੇਮ ਭਾਵ ਬਣਕੇ ਨਿਰੰਤਰ ਲਿਵ ਦੀ ਸੂਰਤ ਵਿਚ ਅੰਦਰ ਦੀਆਂ ਡੂੰਘਾਈਆਂ ਵਿਚ ਟਿਕ ਜਾਂਦੀ ਹੈ ਤੇ ਨਿਰੰਕਾਰ ਨਾਲ ਅਵਿੱਛੜ ਤੇ ਲਗਾਤਾਰੀ ਮੇਲ ਵਿਚ ਰੱਖਦੀ ਹੈ[1]। ਇਸ ਸਾਰੇ ਨੂੰ ਅਸੀਂ 'ਨਾਮ' ਆਖਦੇ ਹਾਂ। ਐਉਂ ਜੀਵ ਤੱਤ ਆਪੇ ਨਿਰਮਲ ਹੋ ਜਾਂਦਾ ਹੈ ਤੇ ਆਪੇ ਪਰਮ ਤੱਤ ਵਿਚ ਜਾ ਜੁੜਦਾ ਹੈ।

ਭਰਥਰਿ (ਸੋਚ ਸੋਚਕੇ)-.....ਠੀਕ, ਸਿਮਰਨ! ਹਾਂ ਸੰਸਕ੍ਰਿਤ ਪਦ ਸਮਰਣ ਹੈ 'ਸਮ੍ਰੀ' ਧਾਤੂ ਤੋਂ, ਤੇ ਸਮ੍ਰਾਰ ਬੀ ਬਣਦਾ ਹੈ ਸਮ੍ਰੀ ਤੋਂ। ਸਿਮਰਣ=ਯਾਦ ਕਰਨਾ, ਸਮਾਰ+ਪਯਾਰ, ਠੀਕ ਜੀ ਠੀਕ। ਯਾਦ ਤੇ ਪਰੇਮ ਇਕੋ ਧਾਤੂ ਤੋਂ ਬਣੇ ਦੋ ਪਦ ਹਨ ਯਾਦ ਤੇ ਪਯਾਰ। ਪਰ ਹਾਂ ਜੀ ਨਿਰਮਲ ਮਨ ਕਿਵੇਂ ਹੁੰਦਾ ਹੈ? ਤੇ ਫਿਰ ਜੁੜਦਾ ਕਿਵੇਂ ਹੈ?

ਗੁਰੂ ਜੀ-ਜੀਵਾਂ ਦੀ ਮਤਿ ਤੇ ਮਨ ਮੈਲਾਂ ਨਾਲ, ਪਾਪ ਦਾਂਆਂ ਮੈਲਾਂ ਨਾਲ, ਦ੍ਰਿਸ਼ਟਮਾਨ ਦੇ ਮੋਹਾਂ

---

[1] ਗੁਰੁ ਕੇ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥ {ਸਾਰਗ ਅਸਟ: ਮ: ੧}

[2] ਮੋਹਨਿ ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵ ਲਾਗੀ ॥ {ਸਾਰਗ ਅਸਟ: ਮ: ੧}

[1] ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥ {ਸਿਰੀ ਰਾਗੁ ਮ: ੧}

ਪੁਨਾ:-ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ {ਗ:ਸੁ:ਮ:੫}

ਦੀਆਂ ਮੈਲਾਂ ਨਾਲ ਭਰੇ ਪਏ ਹਨ। ਇਨ੍ਹਾਂ ਮੈਲਾਂ ਨੂੰ ਨਾਮ ਹੀ ਕੱਟਦਾ ਹੈ[1]। ਜਦ ਪਰਮ ਪਵਿੱਤ੍ਰ ਨਿਰੰਕਾਰ ਦਾ ਨਾਮ ਜਪੀਦਾ ਹੈ ਤਾਂ ਮਨ ਦਾ ਖ਼ਿਆਲ ਉਸ ਵਾਹਿਗੁਰੂ ਜੀ ਦੀ ਹੋਂਦ ਪਰ ਅਰ ਉਸ ਦੇ ਪਵਿੱਤ੍ਰ ਗੁਣਾਂ ਪਰ ਜਾਂਦਾ ਹੈ; ਪਵਿੱਤ੍ਰ ਗੁਣਾਂ ਦੇ ਖਿਆਲ ਕਰਨ ਨਾਲ ਮੈਲ ਉਤਰਦੀ ਹੈ[2]। ਜੋ ਪੁਰਖ ਮਨ ਵਿਚ ਅਵਗੁਣਾਂ ਦਾ ਚਿੰਤਨ ਕਰਦਾ ਹੈ ਉਸ ਦਾ ਮਨ ਮੈਲਾ ਹੋ ਜਾਂਦਾ ਹੈ। ਜੋ ਗੁਣਾਂ ਦਾ ਚਿਤਵਨ ਕਰਦਾ ਹੈ ਉਸ ਦਾ ਮਨ ਸ੍ਵੱਛ ਹੋ ਜਾਂਦਾ ਹੈ।

ਭਰਥਰਿ-ਕੋਈ ਦ੍ਰਿਸ਼ਟਾਂਤ ਦੇਕੇ ਦੱਸੋ ਨਾ ਕ੍ਰਿਪਾਲ ਦਾਤਾ ਜੀਓ?

ਗੁਰੂ ਜੀ-ਜੇ ਕੋਈ ਪੁਰਖ ਰਾਤ ਨੂੰ ਭੂਤਾਂ ਪਰੇਤਾਂ ਸੱਪਾਂ ਦੀਆਂ ਗੱਲਾਂ ਚਾਰ ਘੜੀਆਂ ਕਰਦਾ ਸੁਣਦਾ ਸੌਂ ਜਾਵੇ ਤਾਂ ਰਾਤ ਨੂੰ ਡਰਾਉਣੇ ਸੁਪਨੇ ਵੇਖਕੇ ਵਿਫਲਦਾ ਹੈ।

ਭਰਥਰਿ-ਐਉਂ ਠੀਕ, ਸਮਝ ਲਿਆ ਜੀ।

ਗੁਰੂ ਜੀ-ਸੋ ਪਰਮ ਪਵਿੱਤ੍ਰ ਜੋਤੀ ਸਰੂਪ ਦਾ ਨਾਮ ਸਿਮਰਨ ਮਨ ਨੂੰ ਉਸ ਦੇ ਪਵਿੱਤ੍ਰ ਵਜੂਦ ਤੇ ਪਵਿਤ੍ਰ ਗੁਣਾਂ ਵੱਲ ਧਿਆਨ ਦਿਵਾਕੇ ਤੇ ਛੁਹ ਦੇ ਦੇ ਕੇ ਪਵਿੱਤ੍ਰ ਕਰੀ ਜਾਂਦਾ ਹੈ। ਜਦ ਮਨ ਵਿਚ ਪਵਿੱਤ੍ਰ ਤੇ ਪਰੇਮ ਸਰੂਪ ਨਿਰੰਕਾਰ ਵੱਲ ਧਿਆਨ ਪਾ ਪਾ ਚਿਤਵਨ ਕਰ ਕਰਕੇ ਅੰਦਰ ਡੂੰਘੇ ਖਾਈਂ ਪਵਿੱਤ੍ਰਤਾ ਦੇ ਸੰਸਕਾਰ ਭਰ ਜਾਂਦੇ ਹਨ ਤਦ ਜੀਵ ਦਾ ਮਨ ਤੇ ਬੁੱਧੀ ਸ੍ਵਸਥ ਤੇ ਪਵਿੱਤ੍ਰ ਹੋ ਜਾਂਦੇ ਹਨ, ਫਿਰ ਉਹੋ ਨਾਮ ਰਸਦਾਇਕ ਹੋ ਜਾਂਦਾ ਹੈ, ਉਸ ਨਾਮ ਵਿਚੋਂ ਸੁਆਦ ਆਉਣ ਲੱਗ ਪੈਂਦਾ ਹੈ[3]।

ਭਰਥਰਿ-ਕਿਵੇਂ?

ਗੁਰੂ ਜੀ-ਇਸ ਤਰ੍ਹਾਂ ਕਿ ਨਾਮ ਸਿਮਰਦਿਆਂ

---

[1] ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ {ਜਪੁਜੀ}

ਪੁਨਾ: ਕਟੇ ਪਾਪ ਅਸੰਖ ਨਾਵੈ ਇਕ ਕਣੀ ॥ {ਮਲਾਰ ਕੀ ਵਾਰ ਮਹਲਾ ੧}

[2] ਗੁਨ ਗਾਵਤ ਤੇਰੀ ਉਤਰਸਿ ਮੈਲੁ ॥ {ਗਉ:ਸੁਖ:ਮ:੫}

[3] ਪ੍ਰਭ ਕੈ ਸਿਮਰਨ ਮਨ ਕੀ ਮਲੁ ਜਾਇ॥{ਗ:ਸੁਖ:ਮ:੫}

ਇਹ ਪਹਿਲਾ ਅਸਰ ਨਾਮ ਦਾ ਪੰਚਮ ਸਤਿਗੁਰਾਂ ਨੇ ਦੱਸਿਆ ਹੈ, ਦੂਸਰਾ ਦੱਸਿਆ ਨੇ:-ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ {ਗ: ਸੁਖ: ਮ: ੫}

ਮਨ ਨਿਰੰਕਾਰ ਦੀ 'ਹੈ' ਵਿਚ ਟਿਕਣ ਲਗ ਪੈਂਦਾ ਹੈ, ਉਸ ਦੀ 'ਹੋਂਦ' ਦਾ ਭਾਵ ਅੰਦਰ ਉਦੈ ਹੋ ਜਾਂਦਾ ਹੈ। ਉਸ ਦਾ 'ਸਤਜ' ਭਾਵ, 'ਹੈ' ਭਾਵ, ਅੰਦਰ ਲਗਾਤਾਰ ਉਦੈ ਹੋ ਹੋ ਕੇ ਟਿਕ ਜਾਂਦਾ ਹੈ। ਇਸ 'ਹੋਂਦ' ਦੀ ਪ੍ਰਤੀਤੀ ਵਿਚ ਸਾਂਈਂ ਦੀ ਕੋਈ ਆਪਣੀ ਛੁਹ ਲਗ ਜਾਂਦੀ ਹੈ ਕਿ ਉਸ ਨੂੰ ਨਾਮ ਸਿਮਰਨ ਵਾਲਾ ਇਕ ਰਸ ਪ੍ਰਤੀਤ ਕਰਦਾ ਹੈ। ਰਸ ਆ ਗਿਆ ਤਾਂ ਫਿਰ ਇਸੇ ਨਾਮ ਨੂੰ ਅੰਮ੍ਰਿਤ ਨਾਮ ਕਹੀਦਾ ਹੈ। 'ਨਿਰੰਤਰ ਨਾਮ ਸਿਮਰਨ' 'ਨਿਰੰਤਰ ਮੇਲ' ਵਿਚ ਰੱਖਦਾ ਹੈ, ਉਹ ਰਸ ਦਾਤੇ ਦਾ ਅਵਿੱਛੁੜ ਮੇਲ ਸਾਨੂੰ ਰਸ ਨਾਲ ਭਰੀ ਰੱਖਦਾ ਹੈ[1]।

ਭਰਥਰਿ-ਨਾਮ ਕਿੱਥੋਂ ਪਾਈਦਾ ਹੈ?

ਗੁਰੂ ਜੀ-ਗੁਰੂ ਤੋਂ ਗੁਰੂ ਕੇ ਉਪਦੇਸ਼ ਦੁਆਰਾ। ਗੁਰੂ ਦਾ ਉਪਦੇਸ਼ ਹੈ ਨਿਰੰਕਾਰ ਦੇ ਗਿਆਨ ਤੋਂ ਜੋ ਗੁਰੂ ਦੇ ਪਵਿੱਤ੍ਰ ਹਿਰਦੇ ਵਿਚ ਸਾਂਈਂ ਵਲੋਂ ਆਇਆ ਹੈ। ਗੁਰੂ ਤੋਂ ਇਹ ਗਿਆਨ ਗੁਰਮੁਖਾਂ ਵਿਚ ਜਾਂਦਾ ਹੈ। ਗੁਰਮੁਖ ਇਸ ਗਿਆਨ ਦਾ ਵਰਤਾਰਾ ਲੋੜਵੰਦਾਂ ਵਿਚ ਵਰਤਾਉਂਦੇ ਹਨ। ਗੁਰਮੁਖ ਉਹ ਹੈ ਜੋ ਨਾਮ ਦਾ ਰਮੀਆ ਹੈ, ਜਿਸ ਦਾ ਮਨ ਗੁਰੂ ਦੀ ਮੱਤਿ ਵਿਚ ਟੁਰਦਾ ਹੈ; ਆਪਣੀ ਮਨਮਤਿ ਵਿਚ ਨਹੀਂ ਟੁਰਦਾ, ਜੋ ਆਪਣਾ ਰਹਿਬਰ ਵਾਹਿਗੁਰੂ ਦੇ ਗਿਆਨ ਨੂੰ ਬਣਾਉਂਦਾ ਹੈ, ਜੋ ਕਿ ਉਸ ਨੂੰ ਗੁਰੂ ਤੋਂ ਮਿਲਿਆ ਹੈ[2] ਤੇ ਜਿਸ ਪਰ ਰੱਬ ਕ੍ਰਿਪਾਲੂ ਹੈ।

---

[1] ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥ {ਸਾਰੰਗ ਮਹਲਾ ੧}

[2] ਦਸਾਂ ਪਾਤਸ਼ਾਹੀਆਂ ਦੇ ਜਗਤ ਵਿਚ ਪ੍ਰਤੱਖ ਵਰਤਦਿਆਂ ਤਾਈਂ ਨਾਮ ਦੀ ਦਾਤ ਤੇ ਉਪਦੇਸ਼ ਆਪ ਸਤਿਗੁਰੂ ਜੀ ਦੇਂਦੇ ਰਹੇ ਤੇ ਬਖਸ਼ਿਸ਼ਾਂ ਵਾਲੇ ਗੁਰਮੁਖ ਗੁਰਸਿੱਖ ਗੁਰੂ ਕੀ ਤਾਬਿਆ ਵਰਤਾਉਂਦੇ ਰਹੇ। ਗੁਰੂ ਅਵਤਾਰ ਦਾ ਆਉਣਾ-ਹਾਂ ਗੋਬਿੰਦ ਰੂਪ ਗੁਰੂ ਨਾਨਕ ਤੇ ਭਗਵੰਤ ਰੂਪ ਗੁਰੂ ਗੋਬਿੰਦ ਸਿੰਘ ਜੀ ਦਾ (ਸਾਡੀਆਂ ਪ੍ਰਤੱਖ ਅੱਖਾਂ ਨੂੰ ਦਿੱਸਣ ਵਾਲਾ ਸਰੂਪ) ਅਵਤਰਣਾ ਜਦੋਂ ਬੰਦ ਹੋਣ ਲਗਾ ਤਾਂ ਦਸਵੇਂ ਸਤਿਗੁਰ ਜੀ ਨੇ 'ਅਵਤਾਰ ਤੁਲ ਪਰਮੇਸ਼ੁਰਾਨੁਪਤਾ' ਤੋਂ ਹੀ ਨਾਮ ਦੀ ਦਾਤ ਪ੍ਰਾਪਤ ਹੋਣ ਲਈ ਇਹ ਵਿਉਂਤ ਬਖਸ਼ੀ ਕਿ ਈਸ਼੍ਵਰੀਯ ਤੇ ਗੁਰੂ ਕੇ ਗਯਾਨ ਸ੍ਰੀ ਗੁਰ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਗੁਰਮੁਖ ਨਾਮ ਦੇ ਰਸੀਏ ਖਾਲਸਾ-ਅੰਮ੍ਰਿਤ ਤਿਆਰ ਕਰਕੇ ਛਕਾਉਣ ਤੇ ਨਾਮ ਦੀ ਦਾਤ ਬਖਸ਼ਣ। ਇਕ ਸਿਖ, ਦੁਇ ਸਾਧ ਸੰਗ; ਪੰਜੀਂ ਪਰਮੇਸ਼ੁਰ' ਦਾ ਅਸੂਲ ਗੁਰੂ ਘਰ ਵਿਚ ਆਦਿ ਤੋਂ ਚਲਾ ਆਉਂਦਾ ਹੈ ਸੋ ਪੰਜ ਗੁਰ ਸਿਖ ਨਾਮ ਦੇ ਪ੍ਰੇਮੀ

{ਬਾਕੀ ਦੀ ਟੂਕ ਪੰਨਾ ੯੬ ਤੇ ਦੇਖੋ}☛

ਜਦੋਂ ਇਸ ਪ੍ਰਕਾਰ ਦਾ ਪਰੇਮ ਮਾਰਗ ਦਾ ਹਾਲ ਸਤਿਗੁਰਾਂ ਨੇ ਕਿਹਾ ਤਾਂ ਭਰਥਰਿ ਜੋਗੀ, ਜੋ ਵਿਦਵਾਨ ਸੀ, ਤਪੀ ਸੀ ਤੇ ਹਠ ਜੋਗ ਦਾ ਬੀ ਘਾਲੀ ਸੀ ਆਪਣੇ ਅੰਦਰ ਵਿਚਾਰਦਾ ਤੇ ਸਤਿਗੁਰ ਜੀ ਦੇ ਵਾਕਾਂ ਦੇ ਮਗਰ ਉਡਦਾ ਮਗਨ ਹੁੰਦਾ ਗਿਆ, ਪ੍ਰੰਤੂ ਉਸ ਦੇ ਬਾਲਕੇ, ਜੋ ਹੁਣ ਬੇਅਦਬ ਨਹੀਂ ਸਨ, ਸ਼ਰਧਾ ਵਿਚ ਆ ਰਹੇ ਸਨ, ਪਰ ਸਨ ਬਾਹਰਮੁਖੀ ਸਾਧਨਾਂ ਤੇ ਚਿੰਨ੍ਹਾਂ ਚੱਕ੍ਰਾਂ ਵਿਚ ਫੱਸੇ ਹੋਏ, ਹੱਥ ਬੰਨ੍ਹਕੇ ਕੁਛ ਕਹਿਣ ਲੱਗ ਪਏ, ਪਰ ਤੱਕ ਤੱਕ ਕੇ ਭਰਥਰਿ ਵਲ। ਤਦ ਭਰਥਰਿ ਨੇ ਉਨ੍ਹਾਂ ਦੇ ਭਾਵ ਨੂੰ ਸਮਝਕੇ ਸਤਿਗੁਰੂ ਜੀ ਅੱਗੇ ਨਿਵੇਦਨ ਕੀਤਾ ਐਉਂ: 'ਆਪ ਦੇ ਮਾਰਗ ਵਿਚ ਮੁੰਦਰਾ, ਖਿੰਥਾ, ਜੁਗਤੀ, ਸਿੰਙੀ, ਡੰਡਾ, ਬਿਭੂਤੀ ਆਦਿ ਕੋਈ ਚਿੰਨ੍ਹ ਚੱਕ੍ਰ ਬੀ ਪੰਥ ਦੇ ਹਨ ਕਿ ਨਹੀਂ? ਤਾਂ ਸ੍ਰੀ ਸਤਿਗੁਰ ਜੀ ਬੋਲੇ: ਹਾਂ ਜੀਓ! ਗੁਰੂ ਦੇ ਉਪਦੇਸ਼ ਪਰ ਕਾਇਮ ਹੋ ਜਾਣਾ 'ਸਾਡੀ ਮੁੰਦ੍ਰਾ' ਹੈ; ਹੋਰ ਮੁਦ੍ਰਾ ਹਠ ਜੋਗ ਦੀਆਂ ਅਸੀਂ ਨਹੀਂ ਧਾਰਦੇ ਤੇ ਨਾ ਕੰਨ ਪਾੜਕੇ ਕੋਈ ਮੁੰਦ੍ਰਾਂ ਅਸੀਂ ਪਾਉਂਦੇ ਹਾਂ। ਗੁਰੂ ਕੇ ਉਪਦੇਸ਼ ਦਾ ਧਾਰਨਾ ਇਹੀ ਮੁੰਦ੍ਰਾ ਹਨ ਤੇ ਇਹੋ ਹੀ ਮੁੰਦ੍ਰਾਂ ਹਨ। ਜਗਤ ਨਾਲ ਵਰਤੋਂ ਪੈਂਦੀ ਹੈ ਤੇ ਔਖ ਆਉਂਦੇ ਹਨ, ਅਸੀਂ ਖਿਮਾਂ ਰੂਪੀ ਗੋਦੜੀ ਬਣਾਕੇ ਪਹਿਨਦੇ ਹਾਂ। ਇਸ ਤਰ੍ਹਾਂ ਸਾਨੂੰ ਲੋਕਾਂ ਦੇ ਗੁੱਸੇ ਤੇ ਸਰਦ ਮਿਹਰੀਆਂ[1] ਦੇ ਕਲੇਸ਼ ਨਹੀਂ ਵਾਪਰਦੇ, ਜੋ ਕੁਛ ਵਾਪਰਦਾ ਹੈ ਉਹ ਅਸੀਂ ਮਾਲਕ ਵਲੋਂ ਜਾਣਕੇ ਭਲਾ ਕਰਕੇ ਮੰਨਦੇ ਹਾਂ। ਇਹ ਭਾਣੇ ਦਾ ਮੰਨਣ ਸਾਡੇ ਸਹਿਜ ਯੋਗ ਦੀ ਨਿਧੀ ਹੈ। ਤੁਸੀਂ ਪ੍ਰਾਣਾਯਾਮ ਕਰਕੇ ਕਾਇਆਂ ਸਾਧਦੇ ਤੇ ਕਾਇਆਂ ਨੂੰ ਚਿਰੰਜੀਵ ਕਰਦੇ ਹੋ, ਅਸੀਂ (ਨਾਮ ਦੁਆਰਾ ਪ੍ਰਾਪਤ ਹੋਏ) ਗਿਆਨ ਰੂਪੀ ਰਸ ਨੂੰ ਭੋਗਦੇ ਹਾਂ। ਤੁਸੀਂ ਸਿੰਙੀ ਵਜਾਕੇ ਨਾਦ ਪੂਰਦੇ ਹੋ ਅਸੀਂ ਦਿਨ ਰਾਤ ਦੇ ਸਿਮਰਨ ਤੋਂ ਅੰਦਰ ਰਸ ਰੂਪ ਸੰਗੀਤ ਵਿਚ ਨਾ ਟੁੱਟਣੇ ਵਾਲੀ ਅਨਹਤ ਲਿਵ ਲਾਉਂਦੇ ਹਾਂ ਤੇ ਸਦਾ ਸੁਖੀ ਰਹਿੰਦੇ ਹਾਂ। ਸ਼ਰਧਾ ਵਾਲੇ ਮਨ ਉਤੇ ਮਤਿ ਤੇ ਮਤਿ ਉਤੇ ਗਿਆਨ ਦਾ ਕਾਬੂ ਰੱਖਦੇ ਹਾਂ (ਤੇ ਗਯਾਨ ਵਿਚ ਵਾਹਿਗੁਰੂ ਜੀ ਦੀ ਹਜ਼ੂਰੀ ਸੁਤੇ ਹੀ ਹੈ) ਇਹ ਸਾਡੇ ਪਾਸ "ਡੰਡਾ" ਹੈ। ਤੂੰਬਾ ਯਾ ਚਿੱਪੀ ਸਾਡੇ ਪਾਸ 'ਵਿਚਾਰ' ਦਾ ਹੈ, ਜਿਸ ਵਿਚੋਂ ਸੀਤਲਤਾਈ ਦਾ ਤੇ ਤ੍ਰਿਸ਼ਨਾ ਨਿਵਾਰਨ ਦਾ ਜਲ ਪੀਂਦੇ ਹਾਂ ਤੇ ਸੰਸਾਰ ਦੇ ਮੋਹ ਨੂੰ ਸਮਝਦੇ ਹਾਂ ਕਿ ਇਸਦਾ ਮੁੱਲ ਛਾਰ ਹੈ, ਇਹ ਅਸੀਂ ਬਿਭੂਤ ਮਲਦੇ ਹਾਂ! ਹੋਰ ਰਹੁ ਰੀਤਿ ਸਾਡੀ ਇਹ ਹੈ ਕਿ ਵਾਹਿਗੁਰੂ ਦਾ ਕੀਰਤਨ ਕਰਦੇ ਤੇ ਗਾਉਂਦੇ ਹਾਂ। ਤੁਸਾਡਾ ਪੰਥ ਅਤੀਤ ਪੰਥ ਹੈ, ਸਾਡਾ ਪੰਥ ਗੁਰਮੁਖ ਪੰਥ ਹੈ। ਤੁਹਾਡੇ ਵਿਚ ਘਰ ਬਾਰ ਦਾ ਤਿਆਗ ਹੈ, ਸਾਡੇ ਮਨਮਤ ਦਾ ਤਿਆਗ ਹੈ। ਹੋਰ ਜੋ ਸੰਸਾਰ ਵਿਚ ਅਨੇਕਤਾ ਤੇ ਨਾਨੱਤ੍ਵ (ਬਹੁਤ ਪਨਾ) ਹੈ, ਇਸ ਬਹੁਤਾਯਤ ਤੇ ਅਨੇਕਤਾ ਵਿਚ-ਰੂਪ ਤੇ ਨਾਮ ਦੇ ਫਰਕਾਂ ਵਿਚ-ਇਕ ਜੋਤਿ ਨੂੰ ਸਮਾਇਆ ਵੇਖਦੇ ਹਾਂ, ਇਹ ਸਾਡੀ ਸੰਙ੍ਯਾ[2] ਹੈ।

ਇਹ ਸੁਣਕੇ ਭਰਥਰਿ ਨੇ ਨੈਣ ਭਰਕੇ ਚੇਲਿਆਂ ਵਲ ਡਿੱਠਾ ਤੇ ਫਿਰ ਸਤਿਗੁਰ ਵਲ। ਤਾਂ ਜੋਗੀ ਦਾ ਚਿਹਰਾ ਤੱਕ ਕੇ ਗੁਰੂ ਬਾਬੇ ਵਾਕ ਕੀਤਾ:-'ਕਿਉਂ

---

※(ਪੰਨਾ ੮੫ ਦੀ ਬਾਕੀ ਦੀ ਟੂਕ) ਗੁਰਮੁਖ ਹੋਣ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦੇ ਗਿਆਨ-ਦੇ ਤਾਬਿਆ ਹੋਣ ਤਦ ਜੋ ਸੰਸਕਾਰ ਹੋਵੇ ਉਹ ਗੁਰੂ ਅਵਤਾਰ ਤੋਂ ਪ੍ਰਾਪਤ ਹੋਣ ਤੁਲ ਹੈ।

ਗੁਰੂ ਘਰ ਵਿਚ ਨਿਰੀ ਸ਼ਖਸੀ ਉਪਾਸਨਾ (ਘਾਲ ਤੇ ਨਾਮ ਦੀ ਕਮਾਈ) ਦਾ ਅਸੂਲ ਬੀ ਹੈ, ਪਰ ਸੰਗਤ ਵਿਚ ਉਪਾਸਨਾ ਦਾ ਅਸੂਲ ਬੀ ਹੈ। ਜੈਸੇ ਜਪੁਜੀ ਦਾ ਪਾਠ ਸ਼ਖਸੀ ਉਪਾਸਨਾ ਹੈ, ਪਰ ਰਹਿਰਾਸ ਦਾ ਪਾਠ ਸ਼ਖਸੀ ਬੀ ਹੈ ਤੇ ਦੀਵਾਨ ਵਿਚ ਬੈਠਕੇ ਸ੍ਰਵਣ ਕਰਨਾ 'ਸੰਗਤੀ ਉਪਾਸਨਾ' ਬੀ ਹੈ। ਆਸਾ ਦੀ ਵਾਰ ਦੀਵਾਨ ਵਿਚ ਲਗਦੀ ਹੈ।

ਇਸ ਤਰ੍ਹਾਂ ਨਾਮ ਦਾ ਸੰਸਕਾਰ ਗੁਰਮੁਖ ਮੰਡਲ ਵਿਚ ਹੁੰਦਾ ਹੈ। ਅਗੋਂ ਨਾਮ ਦੀ ਕਮਾਈ ਕਰਨੀ ਹੈ। ਇਸ ਕਮਾਈ ਕਰਦਿਆਂ ਸਹਾਇਤਾ ਦੀ ਲੋੜ ਪੈਂਦੀ ਹੈ। ਉਸ ਲਈ ਨਾਮੀ ਪੁਰਖ ਦੀ ਸੰਗਤ ਦਾ ਅਸੂਲ ਹੈ, ਜਿਸ ਨੂੰ ਸਤਿਸੰਗ ਕਹੀਦਾ ਹੈ, 'ਗੁਰਮੁਖ ਦਾ ਮੇਲ ਸਾਧ ਦਾ ਸੰਗ' ਰੋਜ਼ ਮੰਗੀਦਾ ਹੈ। ਸੋ ਨਾਮ ਰੱਤੇ ਗੁਰਮੁਖ ਦਾ ਸਤਿਸੰਗ ਕਰਕੇ ਨਾਮ ਦੀ ਕਮਾਈ ਵਿਚ ਸਹਾਇਤਾ ਪ੍ਰਾਪਤ ਕਰਕੇ ਲਿਵ ਵਿਚ ਅਪੜੀਦਾ ਹੈ, ਸਤਿਸੰਗ ਦੀ ਮਹਿਮਾਂ ਤੇ ਲੋੜ ਗੁਰੂਘਰ ਵਿਚ ਅਮਿੱਤ ਦੱਸੀ ਹੈ, ਪਰ ਗੁਰੂ ਦਾ ਦਰਜਾ ਦਸਾਂ ਪਾਤਸ਼ਾਹੀਆਂ, ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਨੂੰ ਹੈ। ਅਗੋਂ ਸਤਿਸੰਗ ਹੈ ਗੁਰਮੁਖ ਦਾ, ਜੋ ਅਤਿ ਲੋੜੀਂਦਾ ਹੈ, ਫਿਰ ਅਭ੍ਯਾਸ ਹੈ ਨਾਮ ਦਾ ਤੇ ਗੁਰਬਾਣੀ ਪਾਠ ਸ੍ਰਵਣ ਤੇ ਕੀਰਤਨ ਦਾ। ਵਿਸਥਾਰ ਲਈ ਦੇਖੋ ਅਖਬਾਰ 'ਖਾਲਸਾ ਸਮਾਚਾਰ' ਜਿਲਦ ੩੨, ਨੰ: ੩੧, ਤਰੀਕ ੧੧ ਜੂਨ ੧੯੩੧।

[1] ਪਿਆਰ ਦੇ ਭਾਵਾਂ ਦਾ ਦੂਰ ਹੋ ਜਾਕੇ ਗਮਰੁੱਠਤਾ ਜਿਹੀ ਹੋ ਜਾਣੀ। [2] ਦੇਖੋ ਸਫਾ ੮੯ ਪਰ ਕਾਲਮ ੨ ਵਿਚ [2]ਨਿਸ਼ਾਨ ਵਾਲੀ ਪਦ ਸੰਮਤਾ' ਹੇਠਲੀ ਟੂਕ॥

ਭਰਥਰਿ ਜੋਗੀ! ਸੁਣਿਆਂ ਹਈ ਮਾਰਗ-ਉਸ ਪਾਰ-ਬ੍ਰਹਮ ਨਾਲ ਲਿਵ ਲਾਉਣ ਦਾ ਮਾਰਗ-ਜੋ ਸਹਿਜ ਜੋਗ ਦਾ ਹੈ? ਤੁਸਾਡੇ ਵਿਚੋਂ ਕੋਈ ਸੱਜਣ ਆਪਣੇ ਜੋਗ ਦਾ ਅੰਤਮ ਫਲ ਸ਼ਿਵਜੀ ਦੀ ਨਗਰੀ (ਸ਼ਿਵਲੋਕ) ਵਿਚ ਮਰਕੇ ਪ੍ਰਾਪਤ ਹੋਣਾ ਸਮਝਦੇ ਹਨ ਪਰ ਅਸੀਂ ਐਸੀਆਂ ਕਲਪਨਾਂ ਦਾ ਤਿਆਗ ਕਰਕੇ ਇਸ ਵੇਲੇ ਹੁਣ ਦੀ ਛਿਨ ਵਿਚ-ਸ਼ਿਵ ਨਗਰੀ ਵਿਚ ਬੈਠਦੇ ਹਾਂ, ਉਹ ਕਿਵੇਂ? ਕਿ ਤੁਰੀਆ ਪਦ ਵਿਚ ਖੇਡਦੇ ਹਾਂ, ਬ੍ਰਿਥਾ ਕਲਪਨਾਂ ਜੋ ਮਨ ਵਿਚ ਤ੍ਰੰਗ ਰੂਪ ਹੋਕੇ ਉਠਦੀਆਂ ਹਨ ਤੇ ਸੁਪਨੇ ਬਣਕੇ ਨੀਂਦ ਵਿਚ ਆਉਂਦੀਆਂ ਹਨ ਇਨ੍ਹਾਂ ਨੂੰ ਹੋੜਦੇ ਹਾਂ ਤੇ ਵਾਹਿਗੁਰੂ ਜੀ ਦੇ ਖਿਆਲ ਵਿਚ ਟਿਕੇ ਰਹਿੰਦੇ ਹਾਂ, ਇਹ ਸ਼ਿਵ ਨਗਰੀ (ਕਲਿਆਨ ਰੂਪ 'ਸੁਅਸਤਤਾਈ' ਕਲਜ਼ਾਨ ਰੂਪ ਪ੍ਰਭਾਵ) ਅੰਦਰ ਪ੍ਰਤੀਤ ਕਰਦੇ ਰਹਿੰਦੇ ਹਾਂ, ਟਿਕਾਣਾਂ ਅਸੀਂ ਮਰਕੇ ਤੇ ਸਰੀਰੋਂ ਬਾਹਰ ਨਹੀਂ ਟੋਲਦੇ, ਸਗੋਂ ਹੁਣ ਤੇ ਆਪਣੇ ਅੰਦਰ ਪ੍ਰਾਪਤ ਕੀਤੀ ਬੈਠੇ ਹਾਂ। ਇਹ ਤੁਸੀਂ ਸਮਝ ਲਓ ਕਿ ਜੋ ਜਾਗ੍ਰਤ ਆਤਮਾ ਵਿਚ ਆਈ, ਜੋ ਰਸ ਰੂਪ ਕਲਜ਼ਾਨ ਰੂਪ ਹੈ ਹੈ, ਉਹ ਚੋਲਾ ਛਡਿਆਂ ਜਾਣ ਨਹੀਂ ਲਗੀ, ਉਹ ਤਾਂ ਆਪਾ ਹੋ ਚੁਕੀ ਹੈ, ਤੇ ਮਰਕੇ ਬੀ ਕਲਜ਼ਾਨ ਰੂਪ ਰਹਾਂਗੇ।

ਤਦ ਭਰਥਰਿ ਨੇ ਮੱਥਾ ਟੇਕਿਆ ਤੇ ਚੇਲਿਆਂ ਬੀ ਜੁਹਾਰ ਕੀਤੀ।

### ੩.

ਉਪਰ ਲਿਖੀ ਸਿੱਖਿਆ ਤੇ ਬਚਨ ਬਿਲਾਸ ਜੋ ਸਤਿਗੁਰਾਂ ਦੇ ਭਰਥਰਿ ਜੋਗੀ ਪਰਥਾਇ ਹੋਏ ਸੋ ਸੰਖੇਪ ਕਰਕੇ ਆਪ ਸੁਹਣੇ ਦਾਤਾ ਜੀ ਨੇ ਆਸਾ ਰਾਗ ਦੇ ਇਕ ਸ਼ਬਦ ਵਿਚ ਰਚੇ ਤੇ ਗਾਂਵੇਂ। ਓਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਹਰਾਂ ਦੇ ਸਾਂਈਂ ਗੁਰੂ ਅਰਜਨ ਦੇਵ ਜੀ ਦੀ ਅਪਾਰ ਕਿਰਪਾ ਨਾਲ ਚੜ੍ਹਿਆ ਤੇ ਅਸਾਂ ਤਕ ਅੱਪੜਿਆ। ਉਹ ਮਿੱਠਾ ਉਪਦੇਸ਼ ਇਸ ਪ੍ਰਕਾਰ ਹੈ:-

ਆਸਾ ਮਹਲਾ ੧ ॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥ ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥ ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥ ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥ ੧ ॥ ਰਹਾਉ ॥ ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥ ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥ ੨ ॥ ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥ ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੪ ॥ ੩ ॥ ੩੭ ॥

ਇਸ ਸਬਦ ਦਾ ਅਰਥ:-

ਸੂਚਨਾ-ਅਰਥ ਰਹਾਉ ਤੋਂ ਤੁਰੇਗਾ:-

ਹੇ ਜੁੜਨ ਵਾਲੇ ਬਾਬਾ ਜੀਉ! ਭਾਵ ਹੇ ਭਰਥਰੀ! ਪਰਮਤੱਤ ਵਿਚ ਜੋ ਜੋਗ ਕਰਨਾ ਹੈ, ਅਰਥਾਤ ਵਾਹਿਗੁਰੂ ਵਿਚ ਜੁੜਨਾ ਹੈ ਇਹ ਜੁਗੋ ਜੁਗ ਦਾ ਜੋਗੀ ਬਣਨਾ ਹੈ। ਭਾਵ-ਉਹ 'ਨਿੱਤਯ ਯੋਗੀ' ਹੈ ਜੋ ਪਰਮਤੱਤ ਵਿਚ ਜੁੜਿਆ ਹੈ[੧]। ਮੁਰਾਦ ਇਹ ਹੈ ਕਿ ਜੋ ਆਪੇ ਵਿਚ ਜੁੜਿਆ ਹੈ ਨਿਰੁਧ ਹੋਇਆ ਹੈ-ਉਹ ਅਜੇ ਆਪੇ ਵਿਚ ਹੀ ਹੈ, ਆਪਾ ਉਸ ਦਾ ਮਾਇਆ ਚੱਕ੍ਰ ਵਿਚ ਕਦੇ ਆਇਆ ਸੀ, ਤਜਰਬਾ ਕਰਕੇ ਕਿ ਮਾਇਆ ਦਾ ਮੇਲ ਚੰਗਾ ਨਹੀਂ ਉਹ ਕੇਵਲ ਹੋਇਆ ਹੈ, ਕਿ ਮੁੜ ਨਹੀਂ ਮਾਇਆ ਵਿਚ ਆਵੇਗਾ। ਪਰ ਮਾਇਆ 'ਚਿਤ੍ਰ ਬਚਿਤ੍ਰ ਬਿਮੋਹਿਤ' ਹੈ, ਇਸਦੇ ਦਾਵਾਂ ਦਾ ਚਲ ਜਾਣਾ ਅਸੰਭਵ ਨਹੀਂ, ਇਸ ਕਰਕੇ ਚਾਹੀਦਾ ਹੈ ਕਿ ਜੀਵਤੱਤ ਆਪਣੇ ਆਪੇ ਦੇ ਜੁੜਨ ਤੋਂ ਅੱਗੇ ਟੁਰੇ ਤੇ ਪਰਮਤੱਤ 'ਪਾਰ-ਬ੍ਰਹਮ ਪਰਮੇਸ਼ੁਰ' ਵਿਚ ਜੁੜੇ ਤਾਂ ਉਹ ਜੋਗੀ ਨਿੱਤਯ ਮੁਕਤ ਅਵਸਥਾ ਵਿਚ ਅੱਪੜੇਗਾ। ਕਿਉਂਕਿ ਪਰਮਤੱਤ ਨਿੱਤਯਮੁਕਤ ਹੈ, ਇਹ ਬੀ ਉਥੇ ਜਾਕੇ ਨਿੱਤਯ ਜੁੜਿਆ ਰਹੇਗਾ, ਉਸਨੂੰ ਜੋ ਪਰਮਤੱਤ ਵਿਚ ਜੁੜੇ, ਗੁਰੂ ਸਾਹਿਬ ਜੀ ਕਹਿੰਦੇ ਹਨ ਅਸੀਂ ਜੁਗੋ ਜੁਗ ਦਾ ਜੋਗੀ-ਸਦ ਜੁੜਿਆ, ਨਿੱਤਯ ਯੋਗੀ (ਅਵਿਛੁੜ ਭਗਤ) ਮੰਨਦੇ ਹਾਂ।

---

[੧] ਯੋਗ ਦਰਸ਼ਨ ਨੇ ਬੀ ਈਸ਼੍ਵਰ ਨੂੰ ਮੰਨਿਆ ਹੈ ਕਿ ਉਹ ਕਦੇ ਕਲੇਸ਼ ਕਰਮ ਵਿਚ ਨਹੀਂ ਆਉਂਦਾ।

(ਇਸ ਦੀ ਪ੍ਰਾਪਤੀ ਦਾ ਸਾਧਨ ਹਠ ਯੋਗ ਨਹੀਂ ਪਰ) ਨਿਰੰਜਨ (ਪਰਮਾਤਮਾਂ) ਦਾ ਅੰਮ੍ਰਿਤ ਨਾਮ ਹੈ। (ਹਠ ਜੋਗ ਦਾ ਫਲ) ਕਾਇਆਂ ਦਾ ਚਿਰੰਜੀਵੀ ਹੋਣਾ ਹੈ (ਪਰ ਇਸ ਨਾਮ ਦਾ ਫਲ) ਗਿਆਨ, (ਸਫਲ ਗਿਆਨ) ਦਾ ਰਸ ਭੋਗਣਾ ਹੈ (ਅਥਵਾ ੨.ਤੁਸੀਂ ਤਾਂ ਕਾਇਆਂ ਵਿਚ ਖੇਚਰੀ ਆਦਿ ਮੁੱਦ੍ਰਾ ਨਾਲ ਰਸ ਭੋਗਦੇ ਹੋ, ਅਸੀਂ ਗਿਆਨ ਦਾ ਰਸ ਮਾਣਦੇ ਹਾਂ) ॥੧॥ ਰਹਾਉ॥ (ਇਹ ਨਾਮ ਅੰਮ੍ਰਿਤ, ਕਿੱਥੋਂ ਪ੍ਰਾਪਤ ਹੁੰਦਾ ਹੈ?) ਗੁਰੂ ਕੇ ਉਪਦੇਸ਼ ਨੂੰ ਮਨ ਵਿਚ ਐਉਂ ਧਾਰਨ ਕੀਤਿਆਂ (ਜਿਵੇਂ ਜੋਗੀ) ਮੁੰਦ੍ਰਾਂ (ਕੰਨਾਂ ਵਿਚ ਪਹਿਨਦੇ ਅਥਵਾ ਮੁੱਦ੍ਰਾ[1] ਧਾਰਨ ਕਰਦੇ ਹਨ)। (ਇਹ ਤਾਂ ਅੰਦਰ ਦੀ ਆਪਣੀ ਕਾਰ ਹੋਈ, ਜਗਤ ਨਾਲ ਜੋ ਵਿਹਾਰ ਪੈਂਦਾ ਹੈ ਉਸ ਵਿਚ ਅਸੀਂ) ਖਿਮਾਂ ਰੂਪੀ ਗੋਦੜੀ ਹੰਢਾਉਂਦੇ ਹਾਂ। (ਤੁਹਾਡੇ ਜੋਗ ਦੀ ਥਾਂ ਸਾਡਾ) ਸਹਿਜ ਜੋਗ ਹੈ (ਜਿਸ ਵਿਚ ਸਾਡੀ ਹਉਂ ਰਹਿ ਜਾਂਦੀ ਹੈ ਤੇ ਅਸੀਂ ਵੇਖਦੇ ਹਾਂ) ਕਿ ਜੋ ਵਰਤਦਾ ਹੈ (ਸੋ ਅਕਾਲ ਪੁਰਖ) ਵਰਤਾਉਂਦਾ ਹੈ (ਤੇ ਉਸਦਾ ਕੀਤਾ ਹੈ, ਇਸ ਕਰਕੇ ਉਸਨੂੰ) ਭਲਾ ਕਰਕੇ ਮੰਨਦੇ ਹਾਂ, (ਭਾਵ ਰਜ਼ਾ ਵਿਚ ਟਿਕੇ ਰਹਿੰਦੇ ਹਾਂ), ਇਹ ਸਾਡੀ ਨਿਧੀ ਹੈ ॥੧॥

(ਜੋਗ ਦਿਆਂ ਆਸਣਾਂ ਦਾ ਕਰਨਾ ਸਾਡਾ ਇਹ ਹੈ ਕਿ ਅਸੀਂ) ਬ੍ਰਿਥਾ ਕਲਪਨਾ ਦਾ ਤਿਆਗ ਕਰਦੇ ਹਾਂ (ਸੰਕਲਪ ਵਿਕਲਪ ਹੋੜਦੇ ਹਾਂ) ਤੇ ਕਲਿਆਨ ਰੂਪ ਨਗਰੀ-ਤੁਰੀਆ ਪਦ-ਵਿਚ ਟਿਕੇ ਰਹਿੰਦੇ ਹਾਂ। (ਭਾਵ ਮਰਕੇ ਸ਼ਿਵਪੁਰੀ ਨੂੰ ਜਾਣਾ; ਇਸ ਦੀ ਥਾਂਵੇਂ ਹੁਣ ਕਲਿਆਨ ਰੂਪ ਅਵਸਥਾ ਵਿਚ ਟਿਕੇ ਹੋਏ ਸੁਖ ਮਾਣਦੇ ਹਾਂ)। ਸਿੰਙੀ ਪੂਰਕੇ ਰਾਤ ਨੂੰ ਤੇ ਦਿਨ ਨੂੰ ਨਾਦ ਕਰਨਾ ਸਾਡਾ ਇਹ ਹੈ ਕਿ (ਸ਼ਬਦ=) ਨਾਮ ਦੀ ਲਿਵ ਸਦਾ ਸੁਹਾ ਰਹੀ ਹੈ[2] (ਜੋਗੀ ਸਿੰਙ ਜੇਹਾ ਲੈਕੇ ਪੂਰਦੇ ਤੇ ਉਸ ਦੇ ਸ਼ਬਦ ਨੂੰ ਨਾਦ ਕਹਿੰਦੇ ਹਨ, ਕਈ ਮੁੰਦੇ ਕੰਨਾਂ ਦੀ ਘੂੰ ਘੂੰ ਨੂੰ ਨਾਦ ਕਹਿੰਦੇ ਹਨ, ਪਰ ਗੁਰੂ ਜੀ ਦੱਸਦੇ ਹਨ ਕਿ ਸ਼ਬਦ ਅਭ੍ਯਾਸ ਅਰਥਾਤ ਨਾਮ ਸਿਮਰਨ ਦੀ ਕਮਾਈ ਤੋਂ ਜੋ ਉਪਜਕੇ ਅੰਦਰ ਇਕ ਸਦਾ ਰਸ ਭਰੀ ਸੰਗੀਤਕ ਅਵਸਥਾ ਹੁੰਦੀ ਹੈ, ਉਹ ਸਾਡਾ ਨਾਦ ਹੈ। ਸਦਾ ਅਨੁਭਵ ਹੋਣ ਵਾਲਾ ਨਾਦ ਸਿੰਙੀ ਦਾ ਨਾਦ ਨਹੀਂ ਹੋ ਸਕਦਾ ਤੇ ਖੁਸ਼ਕ ਪਦਾਰਥਾਂ ਦੇ ਸੇਵਨ ਨਾਲ ਉਪਜੀ ਸਾਂ ਸਾਂ ਬੀ ਨਿਤ੍ਯ ਵਸਤੂ ਨਹੀਂ ਹੋ ਸਕਦੀ)। ੨। ਪਾਤ੍ਰ (ਖੱਪਰ ਕਿ ਚਿੱਪੀ ਕਿ ਤੂੰਬਾ) (ਅਸਾਂ) ਵੀਚਾਰ (ਦਾ ਲਿਆ ਹੈ), (ਮਨ ਉਤੇ) ਮਤਿ (ਤੇ ਮਤਿ ਉਤੇ ਵਾਹਿਗੁਰੂ ਦੇ ਬਖਸ਼ੇ) ਗ੍ਯਾਨ(ਦਾ ਕਾਬੂ ਇਹ ਅਸਾਂ) ਡੰਡਾ ਫੜਿਆ ਹੈ, ਵਰਤਮਾਨ (ਸੰਸਾਰ ਦੇ ਮੋਹ ਨੂੰ ਸੁਆਹ ਵਾਂਙ ਨਿਰਮੋਲ ਜਾਣਨਾ ਇਹ) ਬਿਭੂਤ ਲਾਈ ਹੈ। ਰਹੁਰੀਤਿ ਸਾਡੀ (ਪੁਛੋ ਤਾਂ) ਵਾਹਿਗੁਰੂ ਦੀ ਕੀਰਤੀ (ਕਰਨੀ ਤੇ ਗਾਉਣੀ ਹੈ)। (ਸਾਡਾ ਪੰਥ ਹੈ) ਗੁਰਮੁਖ ਪੰਥ ਤੇ (ਤੁਹਾਡਾ ਹੈ) ਅਤੀਤ ਪੰਥ (ਭਾਵ ਅਸੀਂ ਮਨਮਤਿ ਤੋਂ ਅਤੀਤ ਰਹਿਕੇ ਗੁਰਮਤਿ ਦੇ ਰਾਹ ਟੁਰਦੇ ਹਾਂ, ਤੁਸੀਂ ਗ੍ਰਿਹਸਤ ਤਿਆਗਕੇ ਅਤੀਤ ਹੁੰਦੇ ਹੋ)। ੩। ਅਨੇਕ ਰੰਗਾਂ (ਵਿਚ ਤੇ[1]) ਨਾਨਾ ਰੂਪਾਂ ਵਿਚ (ਇਕ ਪਾਰਬ੍ਰਹਮ ਦੀ) ਜੋਤਿ ਸਾਰੇ ਸਮਾਈ ਹੋਈ (ਸਮਝਣੀ ਇਹ) ਸਾਡੀ ਜੋਤਿ ਹੈ (ਭਾਵ ਸਾਡੀ ਜਯੋਤਿ ਇਕ ਦੇਸ਼ੀ ਨਹੀਂ ਸਰਬ ਬ੍ਯਾਪੀ ਹੈ) ਅਥਵਾ ਸੰਮਤਾ[2] ਹੈ। ਕਹਿੰਦੇ ਹਨ ਗੁਰੂ ਨਾਨਕ ਦੇਵ ਜੀ: ਸੁਣ ਹੇ ਭਰਥਰਿ ਜੋਗੀ! ਇਕ ਪਾਰਬ੍ਰਹਮ ਨਾਲ ਲਿਵ ਲੱਗ ਰਹੀ ਹੈ (ਸਾਡਾ ਸਹਿਜ ਜੋਗ ਤਾਂ ਇਹ ਹੈ)। ੪।

੪.

ਸਮਾਂ ਸਹਿਜੇ ਸਹਿਜੇ ਲੰਘਦਾ ਗਿਆ, ਗੁਰੂ ਕੇ ਸ਼ਬਦ ਸੋਹਿਲੇ ਦਾ ਪ੍ਰਚਾਰ ਵੱਧਦਾ ਗਿਆ, ਸਤਿਸੰਗ ਦਾ ਰੰਗ ਲਗਦਾ ਗਿਆ। ਇਕ ਦਿਨ ਸੰਝ ਹੋ ਆਈ। ਸੁਹਣੇ ਸੁਹਣੇ ਤਾਰੇ ਅਸਮਾਨਾਂ ਤੇ ਨਿਕਲ ਪਏ, ਨੀਲੇ ਨੀਲੇ ਰੰਗ ਵਿਚ ਚਮਕਦੇ ਚਿੱਟੇ ਚਿੱਟੇ ਸਤਾਰੇ ਨੂਰ ਦੇ ਫੁਹਾਰੇ ਡਲ੍ਹਕਾਂ ਮਾਰਦੇ ਮਨਾਂ ਨੂੰ ਮੋਹਣ ਲੱਗੇ! ਮਿੱਠੀ ਮਿੱਠੀ ਰਿਵੀ ਰੁਮਕ ਰਹੀ ਸੀ ਤੇ

---

[1] ਖੇਚਰੀ ਭੂਚਰੀ ਆਦਿਕ।

[2] ਅਥਵਾ, ਸਿੰਙੀ ਵਜਾਕੇ ਸੁਹਣੀ ਧੁਨਿ ਕੱਢਣੀ ਸਾਡੀ ਇਹ ਹੈ ਕਿ ਅਸੀਂ ਸ਼ਬਦ ਦੀ ਲਿਵ ਵਿਚ ਸਦਾ ਰਹਿੰਦੇ ਹਾਂ, (ਨਾਦ) ਸਾਡਾ ਇਹ ਹੈ (ਕਿ) ਦਿਨ ਰਾਤ (ਸਦਾ) ਪੂਰਨ (ਜਾਣਦੇ ਹਾਂ ਪਰਮਾਤਮਾ ਨੂੰ)।

[1] ਅਥਵਾ ਅਨੇਕ ਤੇ ਭਿੰਨ ਭਿੰਨ ਜਾਤੀਆਂ ਵਿਚ।

[2] ਸੰਸਕ੍ਰਿਤ 'ਸ਼ਮ੍ਯਾ' ਪਦ ਦਾ ਅਰਥ ਹੈ:- ਡੰਡਾ, ਪਰ ਡੰਡਾ ਪਦ ਪਹਿਲਾਂ ਆ ਚੁਕਾ ਹੈ: ਜੋਗੀਆਂ ਦੀ ਵੰਡ ੧੨ ਸੰਨਯਾਸੀਆਂ ਦੀ ੧੦ ਹੈ, ਜਿਨਾਂ ਨੂੰ ਸੰਗ੍ਯਾ ਕਹਿੰਦੇ ਹਨ। ਸਮਿਆਂ ਦਾ ਅਰਥ ਏਹ 'ਸੰਗ੍ਯਾ' ਬੀ ਕਰਦੇ ਹਨ।

ਭਿੰਨੀ ਭਿੰਨੀ ਤ੍ਰੇਲ ਦਾ ਸੁਹਾਉ ਛਾ ਰਿਹਾ ਸੀ। ਸ੍ਰੀ ਗੁਰੂ ਜੀ ਆਪਣੇ ਹਰ ਜਾਗਾ ਤੇ ਹਰ ਰੰਗੇ ਨਜ਼ਰ ਪੈਣ ਵਾਲੇ ਪਿਆਰੇ ਦੇ ਪ੍ਰੇਮ ਵਿਚ ਅੰਮ੍ਰਿਤ ਰਸ ਲੈ ਰਹੇ ਸਨ ਕਿ ਭਰਥਰਿ ਜੋਗੀ ਆ ਗਿਆ, ਨਮਸਕਾਰ ਕਰਕੇ ਬਹਿ ਗਿਆ ਤੇ ਬਿਨੈ ਕੀਤੀ ਓਸੁ ਕਿ "ਕਦੇ ਆਪ ਸਾਡੇ ਆਸ਼੍ਰਮ ਬੀ ਚਰਨ ਪਾਓ; ਸਾਧਿਕ ਸਿੱਧ ਤੇ ਬਾਲਕਿਆਂ ਦੀ ਇਹ ਇੱਛਾ ਹੋ ਰਹੀ ਹੈ। " ਸ੍ਰੀ ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਕਹਿਣ ਲੱਗੇ; "ਅੱਛਾ ਜੋਗੀ ਰਾਜ! ਕਿਸੇ ਦਿਨ ਆਵਾਂਗੇ। "

ਸੋ ਇਕ ਦਿਨ ਰਾਤ ਵੇਲੇ ਆਪ ਅੰਦਰ ਗਏ ਤਾਂ ਜੋਗੀਆਂ, ਸਿੱਧਾਂ, ਬਾਲਕਿਆਂ ਦੀ ਮਜਲਸ ਲੱਗ ਰਹੀ ਸੀ, ਸੁਰਾਹੀ ਤੇ ਪਿਆਲਾ ਫਿਰ ਰਿਹਾ ਸੀ, ਹਰ ਕਿਸੇ ਨੇ ਆਪੋ ਆਪਣੀ ਚਾਹ ਮੂਜਬ ਪਿਆਲਾ ਭਰ, ਊਣਾ, ਅੱਧਾ, ਪਾ ਲੈ ਲੈ ਕੇ ਪੀਤਾ। ਜਦ ਸੁਰਾਹੀ ਸਾਰਾ ਚੱਕਰ ਲਾ ਚੁਕੀ ਤਾਂ ਗੁਰੂ ਬਾਬੇ ਦੇ ਅੱਗੇ ਬੀ ਆਈ। ਆਪ ਤੱਕੇ ਸੁਰਾਹੀ ਵੰਨੇ; ਫਿਰ ਸਿੱਧਾ ਜੋਗੀਆਂ ਵੰਨੇ, ਫਿਰ ਭਰਥਰੀ ਵੰਨੇ, ਫਿਰ ਖਿੜਕੇ ਹੱਸੇ ਤੇ ਬਾਲਕੇ ਵਰਤਾਵੇ ਨੂੰ ਪੁੱਛਣ ਲੱਗੇ: ਇਹ ਕੀ ਹੈ? ਉਸ ਉੱਤਰ ਦਿੱਤਾ: 'ਸਿੱਧਾਂ ਦਾ ਪਿਆਲਾ ਹੈ, ਤੁਸੀਂ ਬੀ ਪੀਓ ਤੇ ਖੀਵੇ ਹੋ ਜਾਓ। '

ਤਦ ਗੁਰੂ ਜੀ ਦੇ ਨੈਣਾਂ ਵਿਚ ਇਕ ਤਰਸ ਦਾ ਰੰਗ ਆਇਆ, ਭਰਥਰੀ ਵੱਲ ਤੱਕੇ ਤੇ ਨਿਜਾਨੰਦ ਦੀ ਲਹਿਰ ਵਿਚ ਬੋਲੇ:-

ਬਾਬਾ[1]! ਇਹ ਮੇਰਾ ਮਨ ਨਾਮ ਰਸ ਪੀ ਕੇ ਮਗਨ ਹੈ, ਇਸ ਨੂੰ ਛੂਛੇ ਮਦ ਦੀ ਲੋੜ ਨਹੀਂ ਹੈ!

ਭਰਥਰਿ-ਪੀਕੇ ਫਿਰ ਤੁਸੀ ਨਾਮ ਸਿਮਰਨ ਵਿਚ ਹੀ ਬਹਿਕੇ ਤੱਕੋ, ਚਾਰ ਪਹਿਰ ਤਾਰ ਨਾ ਟੁੱਟੇਗੀ।

ਗੁਰੂ ਜੀ ਜਿਸ ਵੇਲੇ ਸਵੇਰੇ ਟੁਟੇਗੀ ਤਾਂ ਟੋਟ ਵੇਲੇ ਫੇਰ ਕੀ ਪਿਲਾਓਗੇ?

ਭਰਥਰੀ-ਹੀਰੇ ਨੂੰ ਬੇਧੇ ਹੀਰਾ, ਨਸ਼ੇ ਟੋਟ ਨੂੰ ਤੋੜੇ ਨਸ਼ਾ!

[1] ਭਰਥਰੀ ਵਡੀ ਉਮਰ ਦਾ ਜੋਗੀ ਸੀ, ਇਸ ਕਰਕੇ ਗੁਰੂ ਜੀ ਉਸ ਨੂੰ ਬਾਬਾ ਕਰਕੇ ਕੁਆਉਂਦੇ ਸਨ। ਜਿਵੇਂ ਪਾਂਧੇ ਨੂੰ ਸੰਬੋਧਨ 'ਕੀਤਾ ਸਾਨੇ 'ਬਾਬਾ ਇਹੁ ਲੇਖਾ ਲਿਖਿ ਜਾਣੁ।

ਗੁਰੂ ਜੀ-ਫੇਰ ਜਦ ਸਵੇਰ ਦੀ ਪੀਤੀ ਨੂੰ ਟੋਟ ਪਊ ਤਾਂ?

ਜੋਗੀ-ਫੇਰ ਇਕ ਦੋ ਘੁਟ ਹੋਰ।

ਗੁਰੂ ਜੀ-ਤਾਂ ਫੇਰ ਏਸੇ ਛੂਛੇ ਮਦ ਜੋਗੇ ਹੀ ਹੋ ਰਹੇ।

ਜੋਗੀ-ਹੋ ਰਹੇ ਤਾਂ ਡਰ ਕੀ, ਜੁੜੇ ਰਹੇ, ਲਗੇ ਰਹੇ।

ਗੁਰੂ ਜੀ-ਇਹ ਮਦ ਪੀਕੇ ਨਸ਼ਾ ਚੜ੍ਹਦਾ ਹੈ, ਇਹ ਨਸ਼ਾ ਬੇਹੋਸ਼ ਕਰਦਾ ਹੈ, ਬੇਹੋਸ਼ੀ ਤਮੋ ਗੁਣ ਦੀ ਬਹੁੱਲਤਾ ਹੈ; ਇਹ ਆਤਮਾ ਵਿਚ ਕਿ ਪਰਮਾਤਮਾ ਵਿਚ ਸਮਾਧੀ ਨਹੀਂ ਹੈ। ਮੂਰਛਾ, ਬੇਹੋਸ਼ੀ, ਤੰਦ੍ਰਾ ਆਦਿ ਮੂੜ੍ਹ ਅਵਸਥਾ ਆਪੋ ਵਿਚ ਏਕਾਗ੍ਰਤਾ ਨਹੀਂ ਹਨ, ਪ੍ਰਕ੍ਰਿਤੀ (ਮਾਦਾ) ਦੇ ਹੇਠਾਂ ਲੱਗਣ ਦੇ ਰੰਗ ਹਨ।

ਭਰਥਰੀ (ਘਬਰਾਕੇ)-ਆਪ ਨੇ ਜੋ ਨਾਮ ਦੀ ਮਹਿਮਾ ਤੇ ਉੱਚਤਾ ਦਰਸਾਈ ਸੀ। ਇਸ ਨਸ਼ੇ ਦੇ ਬਲ ਨਾਲ ਉਹ ਨਾਮ ਲਿਵ ਦੀ ਸੁਰਤ ਫੜ ਜਾਂਦਾ ਹੈ, ਹੈਂ... ਨਹੀਂ ਜੀ ?

ਗੁਰੂ ਜੀ (ਮੁਸਕ੍ਰਾਕੇ)-ਜੋਗੀ ਜੀਓ, ਨਾਮ ਰਸ ਅੰਮ੍ਰਿਤ ਹੈ, ਸ਼ਰਾਬ ਦਾ ਰਸ ਮਦ (ਨਸ਼ਾ) ਹੈ। ਅੰਮ੍ਰਿਤ ਜੀਵਾਉਂਦਾ ਹੈ, ਮਦ ਬੇਹੋਸ਼ ਕਰਦਾ ਤੇ ਹੱਦੋਂ ਵਧੇ ਤਾਂ ਮਾਰ ਦੇਂਦਾ ਹੈ। ਨਸ਼ੇ ਦਾ ਆਦਿ ਸੁਆਦ ਹੈ: ਮੱਧ ਰੋਗ ਹੈ ਤੇ ਅੰਤ ਮੌਤ ਹੈ। ਨਾਮ ਰਸ ਦਾ ਆਦਿ ਘਾਲ ਹੈ, ਮੱਧ ਰਸ ਹੈ ਤੇ ਅੰਤ ਅਟੱਲ ਜੀਵਨ ਹੈ। ਅੰਮ੍ਰਿਤ ਦੇ ਤੁਸੀਂ ਵਪਾਰੀ ਹੋਕੇ ਕਿਸ ਹੋਛੇ ਮਦ ਵਿਚ ਪੈ ਗਏ ਹੋ। ਜੜ੍ਹਤਾ ਨੂੰ ਜੀਵਨ ਸਮਝਣ ਲਗ ਪਏ ਹੋ।

ਭਰਥਰਿ(ਜ਼ਰਾ ਲਾਜ ਜਿਹੀ ਪ੍ਰਤੀਤ ਕਰਕੇ)-ਦਾਤਾ ਜੀਓ ! ਅਸੀਂ ਤਾਂ ਮੁਕਤੀ ਹੇਤ ਇਸਨੂੰ ਵਰਤਦੇ ਹਾਂ, ਕੋਈ ਵਿਕਾਰ ਹੇਤ ਤਾਂ ਨਹੀਂ ਵਰਤਦੇ।

ਗੁਰੂ ਜੀ-ਸੱਚ ਹੈ, ਪਰ ਜ਼ਰਾ ਬਾਹਰ ਫਿਰਕੇ ਆਪਣੇ ਜੋਗ ਆਸ਼੍ਰਮਾਂ ਵੰਨੇ ਤੱਕੋ, ਇਸ 'ਬਦੀਆਂ ਦੇ ਜਨਕ ਨਸ਼ੇ' ਦੇ ਪੀਣ ਨੇ ਜੋਗੀ ਆਸ਼੍ਰਮਾਂ ਵਿਚ ਵਿਕਾਰ ਲੈ ਆਂਦੇ ਹਨ ਕਿ ਨਹੀਂ?

ਭਰਥਰੀ-ਸੁਣਦਾ ਹਾਂ। ਇਹ ਗੱਲ ਠੀਕ ਤਾਂ ਹੈ। ਪਰ ਥੋੜੀ, ਜਿੰਨੀ ਕੁ ਮੈਂ ਲਈ ਹੈ, ਦੋ ਕੁ ਘੁੱਟ, ਇਸ ਨਾਲ ਤਾਂ ਇਕ ਤਾਰ ਹੀ ਬੱਝਦੀ ਹੈ, ਨਸ਼ਾ

ਨਹੀਂ, ਬੇਸੁਧੀ ਨਹੀਂ।

ਗੁਰੂ ਜੀ-ਇਸ ਸਾਰੀ ਮਜਲਸ ਵਿਚ ਭਰਥਰੀ! ਇਕ ਤੁਸਾਂ ਹੀ ਥੋੜੀ ਪੀਤੀ ਹੈ, ਬਾਕੀ ਤਾਂ ਤੱਕ ਲਓ ਪਿਆਲੇ ਤੇ ਪਿਆਲਾ ਠਹਿਕ ਰਿਹਾ ਹੈ ਤੇ ਔਹ ਤੱਕੋ ਕਿਵੇਂ ਲੰਮੇ ਪੈ ਰਹੇ ਤੇ ਬੂਆਂ ਛੋੜ ਰਹੇ ਤੇ ਔਹ ਪਰੇ ਤੱਕੋ ਕਲੇਜੇ ਮੁੱਠਾਂ ਵਿਚ ਲੈ ਰਹੇ ਹਨ।

ਆਓ ਤੁਸਾਡੀ ਕੁਟੀਆ ਵਲ ਚੱਲੀਏ!

ਉਥੋਂ ਉੱਠਕੇ ਭਰਥਰੀ ਤੇ ਗੁਰੂ ਜੀ ਭਰਥਰੀ ਦੀ ਕੁਟੀ ਵਿਚ ਜਾ ਬੈਠੇ।

ਭਰਥਰੀ-ਫੇਰ ਪਾਤਸ਼ਾਹ! ਥੋੜੀ ਪੀਣ ਦੀ ਖੁੱਲ੍ਹ ਹੈ? ਸੁਭਾਉ ਪੈ ਚੁਕਾ ਹੈ, ਇਸ ਨਾਲ ਕੁਛ ਸਰੂਰ ਆਕੇ ਲਗ ਪਈਦਾ ਹੈ।

ਗੁਰੂ ਜੀ-ਜੋਗੀ ਜੀਓ! ਸੱਪ ਸਪੇਲਿਆਂ ਦੇ ਕੁੱਜੇ ਵਿਚ ਠੀਕ ਹਨ, ਤਿਵੇਂ ਇਹ ਨਸ਼ੇ ਦਾ ਸੱਪ ਵੈਦਾਂ ਦੇ ਸ਼ੀਸ਼ਿਆਂ ਵਿਚ ਬੰਦ ਪਿਆ ਹੀ ਠੀਕ ਹੈ! ਇਹ ਵਿਹੁ ਹੈ ਤੇ ਅਭਿਆਸੀਆਂ ਲਈ ਤਾਂ ਵਿਹੁ ਬੀ ਹੈ ਤੇ ਦੂਸਰਾ ਭੁਲੇਵਾ ਬੀ।

ਜੋਗੀ-ਦੂਸਰਾ ਭੁਲੇਵਾ ਮੈਂ ਨਹੀਂ ਸਮਝਿਆ।

ਗੁਰੂ ਜੀ-ਇਕ ਭੁਲੇਵਾ ਦੇਣ ਵਾਲੀ ਮਾਇਆ ਹੈ ਨਾ ਸਾਰੇ ਜਗਤ ਦੀ। ਦੂਸਰਾ ਭੁਲੇਵਾ ਨਸ਼ਾ ਹੈ, ਜੋ ਚਾਹੇ ਸ਼ਰਾਬ ਦਾ ਹੋਵੇ, ਚਾਹੇ ਭੰਗ ਅਫੀਮ ਦਾ। ਸੋ ਨਸ਼ਾ ਅਭਿਆਸੀ ਲਈ ਇਕ ਹੋਰ ਮਾਇਆ ਹੋ ਗਈ। ਇਸ ਦੇ ਅਸਰ ਹੇਠ ਅਭਿਆਸੀ ਨੂੰ ਪਤਾ ਨਹੀਂ ਲਗਦਾ ਕਿ ਜਿਸ ਰੰਗ ਵਿਚ ਮੈਂ ਹਾਂ ਉਹ ਆਤਮਾ ਦੇ ਉੱਨਤ ਹੋਣ ਦਾ ਰੰਗ ਹੈ ਕਿ ਪੱਠਿਆਂ ਤੇ ਦਿਮਾਗ਼ ਵਿਚ ਕੋਈ ਕੈਫ਼ਿਅਤ ਗ਼ੈਰ ਪੈਦਾ ਹੋ ਗਈ ਹੈ ਜੋ ਸਰੂਰ ਦੇ ਰਹੀ ਪਰ ਜੜਤਾ ਵੱਲ ਲਿਜਾ ਰਹੀ ਹੈ। 'ਸਮਾਧੀ ਤੇ ਮੂਰਛਾ' ਵਿਚ ਵਿਵੇਕ ਨਾ ਕਰ ਸਕਣਾ ਇਹ ਭੁਲੇਵਾ ਅਭਿਆਸੀ ਨੂੰ ਨਸ਼ਿਆਂ ਦੀ ਵਰਤਣ ਦੇਂਦੀ ਹੈ; ਦੂਸਰਾ ਭੁਲੇਵਾ ਇਹ ਹੈ.....।

ਭਰਥਰੀ-ਫਿਰ ਜੋ ਖੀਵਾਪਨ ਆਉਂਦਾ ਹੈ, ਸਰੂਰ ਚੜ੍ਹਦਾ ਹੈ, ਉਹ ਤਾਂ ਇਸ ਬਿਨਾਂ ਨਹੀਂ ਲੱਭਦਾ।

ਗੁਰੂ ਜੀ-ਚਾਨਣ ਦੇ ਨੇੜੇ ਗਿਆਂ ਚਾਨਣਾ ਪੈਂਦਾ ਹੈ। ਅੱਗ ਦੇ ਨੇੜੇ ਗਿਆਂ ਨਿੱਘ ਵਧਦੀ ਹੈ। ਪਰਮਾਤਮਾ, ਜੋ ਸਰਵੱਗਯ ਪ੍ਰਕਾਸ਼ ਸਰੂਪ ਹੈ, ਉਸ ਦੇ ਨੇੜੇ ਹੋਇਆਂ-ਆਤਮ ਪ੍ਰਕਾਸ਼-ਪੈਣਾ ਚਾਹੀਏ, ਹੋਸ਼ ਉੱਜਲ ਹੋਣੀ ਚਾਹੀਏ ਨਾ ਕਿ ਮਦਹੋਸ਼ੀ, ਬੇਸੁਰਤੀ ਤੇ ਮੌਤ।

ਭਰਥਰੀ-ਸਚ ਫੁਰਮਾਯਾ ਨੇ, ਪਰ ਰੰਗ ਕਿਵੇਂ ਜੰਮੇ?

ਗੁਰੂ ਜੀ-ਆਤਮਾ ਦੇ ਜਗਿਆਸੂ ਨੂੰ ਅੰਮ੍ਰਿਤ ਦੀ ਲੋੜ ਹੈ, ਨਸ਼ਾ ਵਿਹੁ ਹੈ। ਆਤਮ ਅਭਿਆਸੀ ਨੂੰ ਅੰਮ੍ਰਿਤ ਤੋਂ ਆਉਣ ਵਾਲੇ ਸੁਆਦ ਦੀ ਲੋੜ ਹੈ, ਉਸ ਤੋਂ ਉਤਪਤ ਹੋਣ ਵਾਲੇ ਸਰੂਰ ਦੀ ਲੋੜ ਹੈ, ਜਿਸ ਨਾਲ ਕਿ ਆਪਾ ਸਾਰੀ ਮਾਇਆ ਤੋਂ ਉੱਚਾ ਹੋਕੇ ਸਾਖੀ ਪਦ ਵਿਚ ਟਿਕਦਾ ਤੇ ਅਨੰਦ ਸਰੂਪ ਹੁੰਦਾ ਹੈ; ਭਰਥਰੀ ਜੀ! ਇਹ ਗਲ ਸੁਣਕੇ ਕਿ ਆਤਮ ਰਸ ਇਕ ਅਨੰਦ ਦੇਂਦਾ ਹੈ, ਉਸ ਅਨੰਦ ਨੂੰ ਮਦ ਵਰਗਾ ਨਸ਼ਾ ਸਮਝਣਾ ਭੁੱਲ ਹੈ। ਅੰਮ੍ਰਿਤ ਦੇ ਵਪਾਰੀ ਹੋ, ਅੰਮ੍ਰਿਤ ਭਾਲੋ, ਛੂਛੇ ਮਦ ਦਾ ਭਾਉ ਦੂਰ ਕਰੋ। ਇਹ ਜੋ ਰੰਗ ਚੜ੍ਹਦਾ ਹੈ ਨਸ਼ੇ ਨਾਲ, ਇਹ ਵਿੱਤ੍ਰੇਕ ਕਰਕੇ ਦੇਖੋ 'ਸਹਿਜ ਦਾ ਰੰਗ' ਨਹੀਂ ਹੈ। ਜ਼ੋਰ ਨਾਲ, ਹਠ ਨਾਲ, ਨਸ਼ੇ ਨਾਲ ਜੋ ਹਾਲਤ ਉਪਜਦੀ ਹੈ ਉਹ 'ਸਹਿਜ' ਨਾਲ ਨਹੀਂ ਹੈ। ਨਾਮ ਦਾ ਰਸੀਆ ਸਹਿਜ ਰੰਗ ਵਿਚ ਹੁੰਦਾ ਹੈ, ਉਸ ਦੀ ਲਿਵ ਦੀ ਤਾਰ ਵਾਹਿਗੁਰੂ ਪ੍ਰੇਮ ਨਾਲ ਬੱਝਦੀ ਹੈ।

ਭਰਥਰੀ-ਤੇ ਇਹ ਜੋ ਦਸ ਘੁੱਟ ਪੀਕੇ ਅਨਾਹਤ ਸ਼ਬਦ ਸੁਣੀਂਦਾ ਹੈ?

ਗੁਰੂ ਜੀ-ਜੋਗੀ ਜੀ! ਓਹ ਅਨਾਹਤ ਕਿਵੇਂ? ਕੰਨ ਦੱਬਕੇ ਜੋ ਘੂੰ ਘੂੰ ਤੁਸੀਂ ਸੁਣਦੇ ਹੋ, ਉਹਨਾਂ ਨੂੰ ਖੁਸ਼ਕ ਪਦਾਰਥਾਂ ਦਾ ਖਾਣਾ ਵਧਾਉਂਦਾ ਹੈ, ਉਹ ਦਾਰੂਆਂ ਦੇ ਅਧੀਨ ਹਨ। ਨਿੰਮ ਪੀਓ, ਭੰਗ ਪੀਓ ਸ਼ਰਾਬ ਪੀਓ, ਓਹ ਵਧਦੀਆਂ ਹਨ। ਏਹ ਤਾਂ ਸਰੀਰਕ ਤੇ ਪ੍ਰਾਕ੍ਰਿਤਕ ਖੇਡ ਹੈ।

ਭਰਥਰੀ-ਫੇਰ (ਸਿਰ ਧੁਨ ਕੇ) ਫੇਰ ਹੈਂ!

ਗੁਰੂ ਜੀ-ਹਠ ਜੋਗ ਮੂਜਬ ਹੀ ਤੱਕੋ; ਅਨਾਹਤ ਚੱਕ੍ਰ, ਜੋ ਹ੍ਰਿਦੇ ਵਿਚ ਹਠ ਜੋਗੀ ਮੰਨਦੇ ਹਨ, ਉਸ ਥਾਂ ਤੇ ਟਿਕੇ ਜੋਗੀ ਨੂੰ ਕੋਈ ਸੰਗੀਤਕ ਅਨੁਭਵਤਾ ਹੁੰਦੀ ਦੱਸੀ ਹੈ, ਨਾਦ ਹੁੰਦਾ ਹੈ, ਹਠ ਜੋਗੀ ਉਸ ਨੂੰ ਅਨਾਹਤ ਕਹਿੰਦੇ ਹਨ। ਕੰਨਾਂ ਵਿਚ ਡੱਕੇ ਦੇਣ, ਨਸ਼ੇ ਪੀਣ ਨਾਲ ਸੁਣਾਈ ਦੇਣ ਵਾਲੀ ਸ਼ੈ ਤਾਂ ਹਰ ਗੁਨਹਗਾਰ ਵਿਸ਼ਈ ਤੇ 'ਮੂੜ੍ਹ' ਤੇ 'ਖਰਪਤ'

ਪੁਰਖ ਬੀ ਸੁਣ ਸਕਦਾ ਹੈ। ਅਨਾਹਤ ਦਾ ਸੁਣਨਾ ਤਾਂ ਅਨਾਹਤ ਚੱਕ੍ਰ ਵਾਲੇ ਯੋਗੀ ਨੂੰ ਹੁੰਦਾ ਹੈ ਜਾਂ ਨਾਮ ਜਪ ਵਾਲੇ ਦੇ ਦਸਮ ਦੁਆਰ ਵਿਚ ਟਿਕਾਉ ਵਿਚ ਪ੍ਰਾਪਤ ਹੁੰਦਾ ਹੈ[੧]। ਅਨਾਹਤ ਦਾ ਸਾਧਨ ਬੀ ਨਾਮ ਸਿਮਰਨ ਹੈ।

ਭਰਥਰੀ-ਸੁੱਤੇ ਨੂੰ ਜਗਾ ਰਹੇ ਹੋ।

ਗੁਰੂ ਜੀ-ਫਿਰ ਜੋਗੀ ਰਾਜ! ਹਰ ਸ਼ੈ ਦੇ ਆਪਣੇ ਲੱਛਣ ਹੁੰਦੇ ਹਨ। ਅਸਲੀ ਅਨਾਹਤ ਦੇ ਅਨੁਭਵੀ ਵਿਚ ਭਰਮ ਤੇ ਭੈ ਦਾ ਨਿਵਾਸ ਨਹੀਂ ਹੁੰਦਾ[੨] ਤੇ ਸਰਬ ਵਿਆਪੀ ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਇਹ ਤੁਹਾਨੂੰ, ਜੋਗੀ ਹੋ, ਪਤਾ ਹੀ ਹੋਊ ਕਿ ਭਰਮ ਤੇ ਭੈ ਤੋਂ ਰੋਗ ਉਪਜਦੇ ਹਨ[੩]।

ਸੋ ਇਸ ਸ਼ੈ ਦੇ ਅਨੁਭਵੀ ਨੂੰ ਅਰੋਗ ਹੋਣਾ ਚਾਹੀਦਾ ਹੈ। ਹੁਣ ਤੁਸੀਂ ਤੱਕੋ ਖਾਂ ਕੰਨਾਂ ਵਿਚ ਉਂਗਲਾਂ ਜਾਂ ਡੱਕੇ ਦੇਕੇ ਯਾ ਭੰਗਾਂ ਸ਼ਰਾਬਾਂ ਪੀਕੇ ਸੁਣਨਹਾਰੇ, ਦੁਖ ਰੋਗ ਭੈ ਭ੍ਰਮ ਤੋਂ ਉਪਰ ਉਠ ਗਏ ਨਜ਼ਰ ਪੈਂਦੇ ਜੇ ਕਿ ਨਹੀਂ? ਫਿਰ ਅਨਾਹਤ ਦੇ ਅਨੁਭਵੀ ਦਾ ਲੱਛਣ ਹੈ ਕਿ ਉਸ ਦੇ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਵਸ਼ੀਭੂਤ ਹੋ ਜਾਂਦੇ ਹਨ[੪]

ਤੁਸੀਂ ਹੁਣੇ ਭਰਥਰੀ ਜੀ! ਆਪਣੇ ਸਾਧਿਕਾਂ ਵਿਚ ਤੇ ਚੇਲਿਆਂ ਵਿਚ ਤੱਕੋ ਕਿ ਏਹ ਲੱਛਣ ਉਪਜੇ ਹਨ?

ਭਰਥਰੀ-ਸਾਰੇ ਹੀ ਪਿਆਲਾ ਪੀਕੇ ਕਹਿੰਦੇ ਹਨ 'ਸੁਣਦੇ ਹਾਂ' ਪਰ ਪੰਜੇ ਵੱਸ ਨਹੀਂ ਹਨ, ਭਾਵੇਂ ਨਾਲ ਨੇਤੀਆਂ ਧੋਤੀਆਂ ਨਿਉਲੀਆਂ ਕਰਮ ਬੀ ਕਰਦੇ ਹਨ। ਹੋਰ ਵਿਕਾਰਾਂ ਤੋਂ ਵੱਡਾ ਕ੍ਰੋਧ ਤਾਂ ਸਾਡੇ ਵਿਚ ਬਹੁਤ ਵਰਤਦਾ ਹੈ। ਫਿਰ ਜਦ ਤਿਆਗੀ ਸਾਧਕਾਂ ਵਿਚ ਓਹ ਲੱਛਣ ਨਹੀਂ ਉਪਜੇ ਤਾਂ ਮੈਲੇ ਗ੍ਰਿਹਸਤੀਆਂ ਵਿਚ, ਜੋ ਝੂਠ ਬੋਲਦੇ ਤੇ ਵਿਸ਼ਯਾਸ਼ਕਤ ਹੁੰਦੇ ਹਨ, ਭਰਮਾਂ ਵਿਚ ਭਟਕਦੇ ਤੇ ਡਰਾਂ ਨਾਲ ਕੰਬਦੇ ਹਨ, ਉਹਨਾਂ ਨੇ ਜੋ ਸੁਣਿਆਂ ਹੈ ਉਹ ਸੱਚਮੁੱਚ ਅਨਾਹਤ ਨਹੀਂ ਹੈ; ਅਸਲੀ ਸੁਣਨ ਵਾਲਾ ਪੰਜਾਂ ਤੇ ਹਾਵੀ ਤੇ ਭ੍ਰਮ ਭੈ ਤੋਂ ਉੱਚਾ ਹੋਵੇਗਾ।

.....ਹਾਂ ਇਹ ਬੀ ਠੀਕ ਹੈ, ਸਾਡੇ ਯੋਗ ਮਾਰਗ ਵਿਚ ਛੇ ਚੱਕ੍ਰ, ਮੰਨੇ ਹਨ, ਚੌਥਾ ਚੱਕ੍ਰ ਹੈ ਅਨਾਹਤ ਚੱਕ੍ਰ, ਜਿਸਦਾ ਅਸਥਾਨ ਹੈ ਹਿਰਦਾ, ਉਥੇ ੧੨ ਦਲ ਕਮਲ ਹੈ। ਪਹਿਲੇ ਤ੍ਰੈ ਚੱਕ੍ਰ ਭੇਦਕੇ ਜੋਗੀ ਜਦ ਚੌਥੇ ਚੱਕ੍ਰ ਵਿਚ ਟਿਕ ਜਾਂਦਾ ਹੈ ਤਾਂ ਉਸ ਨੂੰ ਇਕ ਅਨੁਭਵ ਹੁੰਦਾ ਹੈ, ਉਹ ਉਸ ਨੂੰ ਅਨਾਹਤ ਨਾਦ ਕਹਿੰਦੇ ਹਨ। ਜੋ ਜੋਗੀ ਛੇਆਂ ਵਿਚੋਂ ਚਾਰ ਚੱਕ੍ਰ ਸਿੱਧ ਕਰ ਲਵੇ, ਅਰਥਾਤ ਦੋ ਹਿੱਸੇ ਕੰਮ ਮੁਕਾ ਲਵੇ ਇਹ ਉਸਦੇ ਅਨੁਭਵ ਦੀ ਸ਼ੈ ਤਾਂ ਸਾਡੇ ਹੀ ਮਾਰਗ ਨੇ ਮੰਨੀ ਹੈ, ਅਸੀਂ ਹੁਣ ਹਰ ਕਿਸੇ ਨੂੰ ਕਹਿੰਦੇ ਹਾਂ ਕਿ ਕੰਨਾਂ ਵਿਚ ਮੁੰਦੇ ਪਾਕੇ ਬਹਿ ਜਾਓ, ਘੂੰ ਘੂੰ ਸੁਣੋ ਤੇ ਅਨਾਹਤ ਹੋ ਗਏ। ਠੀਕ ਕਹਿ ਰਹੇ ਹੋ ਜੀਓ! ਹੁਣ ਮੈਂ ਕਿਵੇਂ ਕਰਾਂ?

ਗੁਰੂ ਜੀ-ਭੁਲੇਖੇ ਦੇ ਮਾਰਗ ਛੋੜ ਦਿਓ। ਸ਼ਰਾਬਾਂ ਪੀ ਕੇ ਸਮਾਧੀਆਂ! ਏ ਮਾਨੋ ਜੂਏ ਖੇਡਕੇ ਧਨ ਪਾਤ੍ਰ ਹੋਣ ਦੀ ਆਸ ਹੈ। ਜਨਮ-ਮਨੁੱਖਾ ਜਨਮ-ਬਹੁਤ ਕੀਮਤੀ ਸ਼ੈ ਹੈ, ਇਸ ਨੂੰ ਇਸ ਤਰ੍ਹਾਂ ਨਾ ਗੁਆਓ। ਸੱਚ ਇਹ ਹੈ ਕਿ:-

ਸੁਭ ਕਰਣੀ ਕਰੋ, ਜਤਨ ਕਰੋ ਕਿ ਕਰਮ ਅਸ਼ੁਭ ਸਾਥੋਂ ਨਾ ਹੋਣ, ਇਸ ਤੋਂ ਅੱਗੇ ਟੁਰੋ ਤੇ ਵਾਹਿਗੁਰੂ ਜੀ ਦੀ ਸਿਫਤ ਸਲਾਹ ਵਿਚ ਰਚੋ[੧]। ਸਿਫਤ ਵਿਚ ਰੱਤੇ ਤੁਸੀਂ ਸੁਤੇ ਹੀ ਵੈਰਾਗਵਾਨ ਰਹੋਗੇ। ਫਿਰ ਨਾਮ ਜਪੋ, ਨਾਮ ਸਿਮਰੋ, ਨਾਮ ਤੁਸਾਡੇ ਮਾੜੇ ਕਰਮ ਦੀ ਦਰੁਸਤ ਕਰੇਗਾ, ਫੇਰ ਰਸ ਬੀ ਦੇਵੇਗਾ। ਨਾਮ ਦੇ ਰਸ ਰੰਗ ਵਿਚ ਆਓ, ਨਾਮ ਅੰਮ੍ਰਿਤ ਪੀਓ। ਇਸ ਅੰਮ੍ਰਿਤ ਦੇ ਅਨੰਦ ਨੂੰ ਮਾਣੋ।

ਭਰਥਰੀ-ਫਿਰ ਬੈਕੁੰਠ ਤੇ ਮੁਕਤੀ ਪ੍ਰਾਪਤ ਹੋ ਜਾਵੇਗੀ?

---

੧ ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ {ਗਉ:ਸੁਖ:ਮ:੫}
ਪੰਚਮ ਗੁਰੂ ਜੀ ਦੱਸਦੇ ਹਨ ਕਿ ਅਨਹਤ ਪ੍ਰਾਪਤੀ ਰਸਤਾ ਵੀ ਪ੍ਰਭੂ ਦਾ ਸਿਮਰਨ ਹੈ।

੨ ਅਨਹਦੁ ਵਾਜੇ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ॥ {ਮਾਰੂ ਸੋ: ਮ: ੧}

੩ ਪੰਚਮ ਗੁਰੂ ਜੀ ਨੇ ਦਰਸਾਇਆ ਹੈ, 'ਦੂਖ ਰੋਗ ਬਿਨਸੇ ਭੈ ਭਰਮ' ॥ ਅਰਥਾਤ ਭੈ ਭਰਮ ਬਿਨਸਨ ਨਾਲ ਦੁਖ ਤੇ ਰੋਗ ਭੀ ਬਿਨਸ ਜਾਂਦੇ ਹਨ, ਕਿਉਂਕਿ ਭੈ ਤੇ ਭਰਮ ਦੁਖ ਤੇ ਰੋਗ ਦੇ ਜਨਕ ਹਨ।

੪ ਤੀਸਰੇ ਸਤਿਗੁਰਾਂ ਦਾ ਵਾਕ ਹੈ:-ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥...... ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ {ਰਾਮ: ਅਨੰਦ}

---

੧ ਗੁਰਬਾਣੀ ਦੇ ਪੜ੍ਹਨ, ਕੀਰਤਨ ਕਰਨ, ਸੁਣਨ ਤੇ ਵਿਚਾਰ ਤੋਂ ਸਿਫਤ ਵਿਚ ਰਚਣਾਂ ਸੁਖੈਨ ਹੀ ਪ੍ਰਾਪਤ ਹੋ ਜਾਂਦਾ ਹੈ।


www.sikhbookclub.com

ਗੁਰੂ ਜੀ-ਇਥੇ ਹੀ ਤਾਂ ਸਾਰਾ ਫੇਰ ਹੈ। ਬਾਬਾ ਜੀਓ! ਸੋਚੋ ਜ਼ਰਾ, ਤੁਸੀਂ ਹਠ ਜੋਗ ਕਿਉਂ ਕਰਦੇ ਹੋ, ਭਗਤ ਭਗਤੀ ਕਿਉਂ ਕਰਦਾ ਹੈ, ਹੋਰ ਅਭਿਆਸੀ ਅਭਿਆਸਾਂ ਵਿਚ ਕਿਉਂ ਹਨ, ਇਹੋ ਗੱਲ ਪਹਿਲੋਂ ਸਮਝਕੇ ਲੋਕੀਂ ਨਹੀਂ ਟੁਰਦੇ। ਇਥੋਂ ਹੀ ਭੁਲੇਵਾ ਪੈਂਦਾ ਹੈ। ਪ੍ਰਯੋਜਨ ਹੋਣਾ ਚਾਹੀਦਾ ਹੈ ਵਾਹਿਗੁਰੂ ਜੀ, ਦਰਗਾਹਾਂ ਦੇ ਮਾਲਕ, ਦਾ ਮੇਲ ਯਾ ਇਉਂ ਕਹੋ ਕਿ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ ਸਾਰੇ ਜਤਨ ਤੇ ਤਰਲੇ ਕਰਨੇ ਚਾਹੀਏ। ਜੋ ਵਾਹਿਗੁਰੂ ਜੀ ਦੇ ਪ੍ਰੇਮ ਦਾ ਭੁੱਖਾ ਹੈ ਉਸ ਨੂੰ ਤਾਂ ਮਿਲਾਪ ਦੀ ਲੋੜ ਹੈ, ਉਸ ਨੇ ਦੁਨੀਆਂ ਦੇ ਭੋਗਾਂ ਨੂੰ ਕੀਹ ਕਰਨਾ ਹੈ ਤੇ ਉਸ ਨੇ ਬੈਕੁੰਠ ਨੂੰ ਕੀਹ ਕਰਨਾ ਹੈ, ਬੈਕੁੰਠ ਸੁਖਾਂ ਦੇ ਭੋਗ ਦਾ ਥਾਉਂ ਹੈ। ਜੇ ਉਹ ਬੈਕੁੰਠ ਦਾ ਚਾਹਵਾਨ ਹੈ ਤਾਂ ਸੁਖਾਂ ਦੇ ਭੋਗ ਦਾ ਚਾਹਵਾਨ ਹੈ, ਚਾਹੋ ਓਹ ਸੁਖ ਸਰੀਰਕ ਹਨ, ਚਾਹੋ ਮਾਨਸਿਕ ਹਨ। ਜੇ ਉਹ ਮੁਕਤੀ ਦਾ ਚਾਹਵਾਨ ਹੋ ਗਿਆ ਹੈ ਤਾਂ ਦੁੱਖਾਂ ਦੇ ਹੱਥੋਂ ਦੁਖੀ ਹੈ ਤੇ ਉਹਨਾਂ ਤੋਂ ਛੁਟਕਾਰੇ ਦੇ ਤਰਲੇ ਲੈ ਰਿਹਾ ਹੈ, ਉਹ ਬੀ ਸੁਖ ਦਾ ਹੀ ਚਾਹਵਾਨ ਹੋਇਆ। ਇਹ ਨਿਜ ਸੁਖ ਦੇ ਤਰਲੇ ਹੀ ਇਧਰ ਉਧਰ ਫਸਾ ਦਿੰਦੇ ਹਨ ਤੇ ਨਜ਼ਰ ਨਿਸ਼ਾਨੇ ਤੋਂ ਉਕਾ ਦੇਂਦੇ ਹਨ। ਇਕ ਨਿਰੰਕਾਰ ਦੇ ਮਿਲਣ ਦੀ ਚਾਹ ਨੂੰ ਧਾਰਨ ਕਰੋ, ਫਿਰ ਜੋ ਤਰਲਾ ਲਓ, ਜਤਨ ਕਰੋ, ਸਾਧਨ ਕਰੋ ਉਸ ਵਿਚ ਨਜ਼ਰ ਨਿਸ਼ਾਨਿਓਂ ਨਾਂ ਉੱਕੇ ਕਿ ਅਸਾਂ ਵਾਹਿਗੁਰੂ ਜੀ ਨੂੰ ਮਿਲਣਾ ਹੈ। ਜਿਸ ਸੁਭਾਗੇ ਦੇ ਅੰਦਰ ਇਹ ਨਿਸ਼ਾਨੇ ਦੀ ਤੱਕ ਪੱਕ ਗਈ ਹੈ, ਉਹ ਨਾ ਬੈਕੁੰਠ ਮੰਗਦਾ ਹੈ, ਨਾ ਮੁਕਤੀ ਚਾਹੁੰਦਾ ਹੈ, ਨਾ ਉਸ ਨੂੰ ਲੋੜ ਹੈ ਭੇਖ ਧਾਰਨ ਦੀ, ਨਾ ਹਠ ਜੋਗ ਦੇ ਕਸ਼ਟਾਂ ਦੀ। ਉਹ ਕਰਤਾਰ ਦੇ ਮਿਲਾਪ ਦੀ ਚਾਹ ਵਿਚ ਹੈ! ਜਿਸ ਦੀ ਪ੍ਰਾਪਤੀ ਦਾ ਮਾਰਗ ਨਿਰੰਕਾਰ ਦੇ ਨਾਮ ਦਾ ਜਪ, ਨਾਮ ਦਾ ਸਿਮਰਨ ਹੈ। ਮਿਲਾਪ ਦੀ ਚਾਹਨਾ ਵਾਲੇ ਨਾਮ ਦੇ ਪ੍ਰੇਮੀ ਵਿਚ ਸੁਤੇ ਵੈਰਾਗ ਆ ਨਿਵਾਸ ਕਰਦਾ ਹੈ[੧]। ਉਸ ਦੇ ਕਲੇਸ਼ ਸੁਤੇ ਹੀ ਕਟੀਂਦੇ ਹਨ, ਸੁਖ ਸੁਤੇ ਹੀ ਉਸ ਦੇ ਦੁਆਲੇ ਆਉਂਦੇ ਹਨ, ਪਰ ਉਹ ਬੇਪਰਵਾਹ ਆਪਣੇ ਨਿਸ਼ਾਨੇ ਦੀ ਸੇਧ ਤੇ ਟੁਰਦਾ ਹੈ, ਅਸਲੀ ਅਨਾਹਤ (ਜੋ ਨਿਰੰਤਰ ਹੈ ਤੇ ਇਨ੍ਹਾਂ ਕੰਨਾਂ ਦੇ ਸੁਣਨ ਤੋਂ ਅਲਖ ਹੈ ਤੇ ਅੰਦਰ ਬਾਹਰ ਸਾਰੇ ਰਸ ਰੂਪ ਤੇ ਪਰੀ ਪੂਰਨ ਹੈ[੧]) ਜਿਸ ਨੂੰ ਕਹਿੰਦੇ ਹਨ, ਉਸ ਨੂੰ ਸਾਂਈਂ ਦੇ ਦਰ ਤੇ ਅਨੁਭਵ ਹੋਣਗੇ, ਪਰ ਓਹ ਮਿਲਾਪ ਦੀ ਧੁਨਿ ਵਿਚ ਪੱਕਾ ਤੇ ਅਨਿੰਨ ਟੁਰਿਆ ਜਾਏਗਾ। ਪਾਤਸ਼ਾਹ ਦੇ ਮਿਲਾਪ ਦਾ ਪ੍ਰੇਮੀ ਆਪਣੀ ਧੁਨਿ ਵਿਚ ਲੱਗਾ ਦਰਗਾਹ ਦੇ ਅੰਦਰ ਜਾਂਦਾ ਹੈ ਤੇ ਪਾਤਸ਼ਾਹ ਨੂੰ ਮਿਲਦਾ ਹੈ। ਕਦੇ ਪਾਤਸ਼ਾਹ ਦੇ ਮੇਲ ਨੂੰ ਭੁਲਾਕੇ ਕਿਸੇ ਗੱਲ ਵਿਚ ਲੁਭਿਤ ਹੋਕੇ ਨਹੀਂ ਅਟਕ ਖੜੋਂਦਾ। ਭਰਥਰਿ ਜੀਓ! ਜਦ ਦਰਸ਼ਨ ਪ੍ਰੇਮੀ ਨੇ ਮੁਕਤੀ ਨੂੰ ਬੀ ਬਪੁੜੀ ਜਾਣਕੇ ਤਿਆਗਣਾ ਹੈ ਤਾਂ ਕਉਣ ਸ਼ੈ ਹੈ ਜੋ ਉਸ ਨੂੰ ਲੁਭਾਉਂਦੀ ਹੈ[੨]। ਇਕ ਵਾਹਿਗੁਰੂ ਮਿਲਾਪ ਦੀ ਚਾਹਨਾ ਧਾਰਨ ਕਰੋ ਤੇ ਉਸ ਦੇ ਸਿਰੇ ਚਾੜ੍ਹਨ ਲਈ ਉਸ ਦੀ ਯਾਦ ਵਿਚ ਵੱਸੋ ਤੇ ਯਾਦ ਪਕਾਉਣ ਲਈ ਨਾਮ ਦਾ ਲੜ ਫੜੋ ਤੇ ਇਸ ਇਕ ਗਲ ਪਰ ਅਨਿੰਨ ਹੋ ਜਾਓ। ਸਭ ਫਲ ਇਸ ਨੂੰ ਆਪੇ ਪੈਂਦੇ ਹਨ। ਇਕ ਨਾਮ ਦੀ ਆਸ਼ਕੀ, ਇਕ ਵਾਹਿਗੁਰੂ ਮਿਲਾਪ ਦਾ ਸ਼ੌਂਕ, ਬੱਸ[੩]।

ਭਰਥਰਿ-ਦਰਸ਼ਨ ਮਹਾਰਾਜ ਦੇ ਫਿਰ ਹੋ ਜਾਂਦੇ ਹਨ?

ਗੁਰੂ ਜੀ-ਇਹ ਭੁਲੇਖਾ ਬੀ ਹੋਰ ਨਾ ਪੈ ਜਾਵੇ। ਦਰਸ਼ਨ ਇਨ੍ਹਾਂ ਨੈਣਾਂ ਨਾਲ ਨਹੀਂ ਹੋਣੇ। ਏਹ ਨੈਣ ਦ੍ਰਿਸ਼ਟਮਾਨ ਨੂੰ ਦੇਖਣ ਦਾ ਸੰਦ ਹਨ। ਏਹ ਨੈਣ ਦ੍ਰਿਸ਼ਟਮਾਨ ਮਿਥਿਆ ਹੈ, ਨਿਰੰਕਾਰ ਸਦਾ ਸੱਤ ਹੈ। ਏਹ ਨੈਣ ਚਾਹੋ ਖੁੱਲ੍ਹੇ ਹੋਏ, ਚਾਹੋ ਮੀਟੇ ਹੋਏ, ਚਾਹੋ ਬੇਸੁਧੀ ਵਿਚ, ਜੋ ਕੁਛ ਦੇਖਣਗੇ ਉਹ ਦ੍ਰਿਸ਼ਟਮਾਨ ਵਿਚ ਆ ਜਾਏਗਾ। ਸੋ ਨਿਰੰਕਾਰ ਦੇ ਦਰਸ਼ਨ ਸਾਨੂੰ ਦ੍ਰਿਸ਼ਟਮਾਨ ਦੇ ਉਲਟ ਪਾਸੇ ਦ੍ਰਿਸ਼ਟਾ ਪੱਖ ਵਿਚ ਹੋਣੇ ਹਨ; ਅਸੀਂ ਪ੍ਰੇਮ ਕਰਦੇ ਕਰਦੇ ਦ੍ਰਿਸ਼ਟਮਾਨ ਦੀ ਪਾਰਲੀ ਹੱਦ ਤੇ ਅੱਪੜਾਂਗੇ।

---

[੧] ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥ {ਗੁ: ਮ: ੧}

[੧] ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ {ਸਿ: ਗੋ: ਮ: ੧}

[੨] ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ {ਮਾਰੂ ਸੋ: ਮ: ੫}

[੩] ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ {ਜਪੁਜੀ}

ਪੁਨਾ:-ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ {ਜਪੁਜੀ}



www.sikhbookclub.com

ਵਾਹਿਗੁਰੂ, ਜੋ ਸੰਪੂਰਨ ਦ੍ਰਿਸ਼ਟਾ ਹੈ, ਸਾਨੂੰ ਉੱਥੇ ਆਪਣੇ ਵਿਚ ਖਿੱਚ ਲਵੇਗਾ, ਅਸੀਂ ਉਸਦੇ ਮਿਲਾਪ ਵਿਚ, ਸੰਜੋਗ ਵਿਚ, ਦਰਸ਼ਨਾਂ ਵਿਚ ਅਨੁਭਵ ਦੁਆਹਾ ਦ੍ਰਿਸ਼ਟਾ ਪਦ ਵਿਚ ਪੁਜਦੇ ਜਾਵਾਂਗੇ। ਫਿਰ ਸਾਡੇ ਅੰਦਰ ਬਾਹਰ ਸਾਹੇ ਉਸ ਪ੍ਰੀਤਮ ਦਾ ਅਨੁਭਵ ਨਿਰੰਤਰ ਹੋ ਜਾਇਗਾ। ਅਸੀਂ ਦ੍ਰਿਸ਼ਟਾ ਪਦ ਵਿਚ ਜਾਕੇ ਉਸ ਸੰਪੂਰਨ ਦ੍ਰਿਸ਼ਟਾ ਦੇ ਮਿਲਾਪ ਵਿਚ ਪੈਕੇ ਉਸ ਦੀ ਅੰਤਰ ਆਤਮੇ ਪ੍ਰਤੀਤੀ ਅਨੁਭਵ ਵਿਚ ਰਹਾਂਗੇ ਤੇ ਅੰਦਰ ਬਾਹਰ ਸਾਰੇ ਵਿਚ ਉਸ ਨੂੰ ਪ੍ਰਤੀਤ ਕਰਾਂਗੇ, ਲਖ ਲਵਾਂਗੇ, ਇਹ ਨਿਰੰਤਰ ਦਰਸ਼ਨ ਹੈ[1]।

ਭਰਥਰੀ (ਠੰਢਾ ਸਾਹ ਲੈ ਕੈ)-ਸੱਚ ਹੈ। ਨਾਲ ਲੈ ਟੁਰੋ ਕਿਵੇਂ ਨਾਲ ਲੈ ਟੁਰੋ! ਹਾਇ ਚੁੱਪ ਨਾ ਕਰੋ, ਕਿਵੇਂ ਸੁਣਾਈ ਚੱਲੋ। ਇਹ ਅੰਮ੍ਰਿਤ ਬਚਨਾਂ ਦਾ ਕਟੋਰਾ ਕਦੇ ਮੇਰੇ ਕੰਨਾਂ ਦੀਆਂ ਲਬਾਂ ਤੋਂ ਦੂਰ ਨਾ ਹੋਵੇ। ਕਦਮਾਂ ਵਿਚ ਰੱਖ ਲਓ।

ਗੁਰੂ ਜੀ-ਨਾਲ ਰਹਿਣ ਦਾ ਅਜੇ ਸਮਾਂ ਨਹੀਂ ਆਇਆ, ਨਾਮ ਜਪੋ, ਸਮਾਂ ਆ ਜਾਏਗਾ।

ਪ.

ਇਹ ਉਪਰ ਲਿਖੀ ਸਿੱਧਾਂਤ ਦੀ ਬਾਤ ਚੀਤ ਜੋ ਜੋਗੀਰਾਜ ਨਾਲ ਹੋਈ, ਪਤਾ ਨਹੀਂ ਕਿੰਨੀ ਮਿੱਠੀ ਤੇ ਕਿੰਨੀ ਗੁਹਜ ਤੇ ਕਿੰਨੀ ਮਫੁਟ ਕਿਨ੍ਹਾਂ ਅਰਸ਼ੀ ਧੁਨਿ ਵਾਲੇ ਸ਼ਬਦਾਂ ਵਿਚ ਉਸ ਵੇਲੇ ਹੋਈ, ਉਸ ਦਾ ਭਾਵ ਦੱਸਣ ਦਾ ਰੰਚਕ ਜਤਨ ਉੱਪਰ ਦਿੱਤੀ ਗੁਫਤਗੂ ਵਿਚ ਕੀਤਾ ਗਿਆ ਹੈ, ਪਰ ਅਸੀਂ ਸੁਭਾਗ ਹਾਂ ਕਿ ਉਸ ਸੁਹਣੀ ਮਿਹਰ ਨਾਲ ਕੀਤੇ ਬਚਨਾਂ ਦਾ ਸਾਰ ਸਿੱਧਾਂਤ ਸਤਿਗੁਰੂ ਜੀ ਨੇ ਸੰਖੇਪ ਕਰਕੇ ਆਪ ਇਕ ਸ਼ਬਦ ਵਿਚ ਰਚਿਆ ਤੇ ਆਸਾ ਰਾਗ ਵਿਚ ਗਾਂਵਿਆਂ ਤੇ ਮਿਹਰਾਂ ਦੇ ਸਾਈਂ ਪੰਚਮ ਸਤਿਗੁਰੂ ਨੇ ਉਸ ਨੂੰ ਬੀੜ ਵਿਚ ਸੁਰਖਸ਼ਤਿ ਕੀਤਾ ਕਿ ਅਸਾਂ ਤਾਈਂ, ਹਾਂ ਰਹਿੰਦੀ ਦੁਨੀਆਂ ਤਾਈਂ ਨਸੀਬਾਂ ਵਾਲੇ ਜਗਿਆਸੂਆਂ ਦੇ ਨਸੀਬੇ ਵਿਚ ਰਹੇ ਤੇ ਲਾਭ ਦੇਵੇ। ਉਹ ਪਵਿੱਤ੍ਰ ਸ਼ਬਦ ਜਿਸ ਦਾ ਭਾਵ ਪਿਛੇ ਦਿੱਤੀ ਵਾਰਤਲਾਪ ਵਿਚ ਆ ਗਿਆ ਹੈ, ਐਉਂ ਹੈ:-

ਆਸਾ ਮਹਲਾ ੧ ॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥ ੧ ॥ ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥ ੧ ॥ ਰਹਾਉ ॥ ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥੩॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ ੪ ॥ ੪ ॥ ੩੮ ॥

ਅਰਥ (ਰਹਾਉ ਤੋਂ ਤੁਰੇਗਾ)-ਹੇ ਬਾਬਾ! (ਭਰਥਰੀ ਜੋਗੀ!) (ਐਉਂ ਕਰ ਕਿ) ਮਨ ਨਾਮ ਦਾ ਰਸ ਪੀਵੇ (ਤੇ ਐਉਂ) ਮਤਵਾਲਾ ਹੋਵੇ (ਕਿ) ਸਹਿਜ ਦੇ ਰੰਗ ਵਿਚ ਰਚਿਆ ਰਹੇ, (ਭਾਵ ਨਸ਼ੇ ਬੇਹੋਸ਼ੀ ਦੀ ਅਸਹਿਜ ਕੈਫੀਅਤ ਵਿਚ ਮਨ ਨਾ ਜਾਵੇ ਤੇ ਐਸਾ ਮਦ ਨਾ ਪੀਵੇ), ਪ੍ਰੇਮ ਤੋਂ ਬਣੀ ਹੋਈ ਲਿਵ ਦਿਨ ਰਾਤ ਲਗੀ ਰਹੇ (ਇਹ ਸਾਡਾ) ਅਨਾਹਤ ਸ਼ਬਦ ਹੈ[1]। (ਭਾਵ, ਲਿਵ ਨਸ਼ੇ ਤੋਂ ਨਾ ਬਣੇਂ ਪਰ ਪ੍ਰੇਮ ਦੇ ਭਾਵ ਵਿਚ ਲਿਵ ਲਗੇ, ਇਹ ਜੋ ਪ੍ਰੇਮ ਭਾਵ ਦੀ ਲਗਨ ਹੋਵੇ ਇਸ ਵਿਚ ਸੰਗੀਤਕ ਲਹਿਰਾਉ ਇਕ-ਰਸਤਾ ਇਕਸੁਰਤਾ ਹੁੰਦੀ ਹੈ। ਨਿਰਾ ਕੰਨਾ ਦੀ ਘੂੰ ਘੂੰ, ਭੰਗ, ਸ਼ਰਾਬ ਦੇ ਨਸ਼ੇ

---

[1] ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ {ਮਾਰੂ ਸੋਲਹੇ ਮ:੧}

[1] ਗੁਰੂ ਜੀ ਜੋਗੀਆਂ ਦੇ ਨਸ਼ੇ ਤੇ ਸਮਾਧੀ ਦੀ ਹਰੇਕ ਚੀਜ਼ ਦੇ ਟਾਕਰੇ ਤੇ ਆਪਣੇ ਸਹਿਜ ਜੋਗ ਦੇ ਅੰਗ ਦੱਸ ਰਹੇ ਹਨ, ਅਨਾਹਤ ਦੀ ਥਾਵੇਂ ਪ੍ਰੇਮ ਤੋਂ ਬਣੀ ਲਗਾਤਾਰ ਲਿਵ ਦੱਸ ਰਹੇ ਹਨ, ਲਿਵ ਲਗੀ ਵਿਚ ਅਨਾਹਤ ਦਾ ਅਨੁਭਵ ਹੁੰਦਾ ਹੈ। ਅਨਾਹਤ ਦੇ ਹੋਰ ਅਰਥ ਬੀ ਕਰਦੇ ਹਨ:-

ਬੇਹੱਦ ਨਿਰੰਕਾਰ ਦੀ ਪ੍ਰਾਪਤੀ ਹੁੰਦੀ ਹੈ, ਅਥਵਾ ਲਗਾਤਾਰ ਨਾਮ ਨੂੰ ਜਿਨ੍ਹਾਂ ਨੇ ਫੜਿਆ ਹੈ, ਅਥਵਾ ਜਿਸ ਵਿਚ ਅਸਲੀ ਅਨਾਹਦ ਗ੍ਰਹਿਣ ਹੋਵੇ। ਦੇਖੋ ਸਫਾ ੯੨, ਕਾਲਮ ੨ ਦਾ ਨਿਸ਼ਾਨ[1]।

ਤੋਂ ਕੰਨਾਂ ਵਿਚ ਉਂਗਲਾਂ ਦੇਣ ਤੋਂ ਜੋ ਹੁੰਦਾ ਹੈ ਉਹ ਜੋਗੀਆਂ ਮੁਜਬ ਬੀ ਠੀਕ ਨਹੀਂ। ਉਹਨਾਂ ਮੁਜਬ ਅਨਾਹਤ ਚੱਕ੍ਰ ਤਕ ਪਹਿਲੇ (ਤਿੰਨ ਚੱਕ੍ਰਾਂ ਦੇ) ਭੇਦਣ ਦੀ ਲੋੜ ਹੈ! ਹੁਣ ਸਹਿਜ ਯੋਗ ਦੀ ਪ੍ਰਾਪਤੀ ਦਾ ਤਰੀਕਾ ਦੱਸਦੇ ਹਨ:-

ਗਿਆਨ ਨੂੰ ਗੁੜ ਬਣਾਕੇ ਧਿਆਨ ਨੂੰ ਧਾਵੇ[੧] ਦੇ ਫੁੱਲ ਬਣਾਕੇ (ਸ਼ੁਭ ਕਰਣੀ ਕਰਨ ਰੂਪੀ) ਸੱਕ[੨] ਪਾਈਏ। ਸਰੀਰ ਨੂੰ (ਅਥਵਾ ਭਾਵਨਾ ਨੂੰ) ਭੱਠੀ[੩] ਬਣਾਈਏ ਅਤੇ ਪ੍ਰੇਮ ਦਾ ਪੋਚਾ ਦੇਈਏ[੪] ਐਉਂ ਅੰਮ੍ਰਿਤ ਰਸ ਚੁਆਈਦਾ ਹੈ[੫]।

ਇਹ (ਪੂਰਾ=) ਭਰਿਆ ਪਿਆਲਾ ਸੱਚ (ਨਾਮ ਦਾ) ਜਿਸ ਤੇ (ਵਾਹਿਗੁਰੂ) ਮਿਹਰ ਕਰੇ ਉਸ ਨੂੰ (ਇਹ ਪਿਲਾਉਂਦਾ ਹੈ, ਜ਼ੋਰ, ਭਾਵ, ਹਠ, ਕਸ਼ਟ ਨਾਲ ਨਹੀਂ, ਪਰ ਸਹਜ[੬] ਨਾਲ। (ਜੋ ਪ੍ਰੇਮੀ ਇਸ) ਅੰਮ੍ਰਿਤ ਦਾ ਵਪਾਰੀ[੭] ਹੋਵੇ ਉਹ ਛੂਛੇ ਨਸ਼ੇ ਵਿਚ (ਕੀਕੂੰ) ਪ੍ਰੇਮ ਕਰ ਸਕਦਾ ਹੈ। ਗੁਰੂ ਕੀ ਸਿੱਖਿਆ ਦੁਆਰਾ (ਇਹ ਨਾਮ ਰੂਪੀ) ਅੰਮ੍ਰਿਤ ਬਾਣੀ (ਜਿਸ ਨੇ ਪੀਤੀ ਉਹ) ਪੀਂਦਿਆਂ ਸਾਰ ਪਰਵਾਨ ਹੋ ਗਿਆ। ਅਥਵਾ ਗੁਰੂ ਨੇ ਅੱਖੀਂ ਡਿੱਠੀ ਗੱਲ[੮] ਦੱਸੀ ਹੈ (ਕਿ ਜਿਸਨੇ ਇਹ ਨਾਮ ਅੰਮ੍ਰਿਤ ਪੀਤਾ ਉਹ) ਪੀਂਦੇ ਸਾਰ (ਵਾਹਿਗੁਰੂ ਦਰ) ਪਰਵਾਣ ਹੋ ਗਿਆ। ਜੋ ਵਾਹਿਗੁਰੂ ਦੇ ਦਰ ਤੇ ਉਸ ਦੇ ਦਰਸ਼ਨ ਦਾ ਪ੍ਰੇਮੀ ਹੈ, ਉਹ ਮੁਕਤੀ ਤੇ ਬੈਕੁੰਠ ਨੂੰ ਕੀਹ ਕਰੇ, ਭਾਵ ਉਹ ਦਰਸ਼ਨ ਦਾ ਇੱਛਾਵਾਨ ਹੈ, ਉਹ ਮੁਕਤੀ ਤੇ ਬੈਕੁੰਠ ਦੋਹਾਂ ਦੀ ਲੋੜ ਨਹੀਂ ਰੱਖਦਾ, ਹੋਛੇ ਮਦ ਦੇ ਨਸ਼ੇ ਦੇ ਸੁਖ ਦੀ ਉਹ ਕਦ ਲੋੜ ਰੱਖਦਾ ਹੈ। ਜੋ ਵਾਹਿਗੁਰੂ ਦੀ ਸਿਫਤ ਵਿਚ ਰਚ ਗਿਆ ਹੈ, ਉਹ ਸਦਾ ਵੈਰਾਗੀ ਹੈ, (ਭਾਵ ਉਹ ਵੈਰਾਗ ਜ਼ੋਰ ਨਾਲ ਨਹੀਂ ਧਾਰਦਾ, ਨਾ ਕਾਰਨ ਟੋਲ ਟੋਲਕੇ ਵੈਰਾਗ ਲਿਆਉਂਦਾ ਹੈ, ਵਾਹਿਗੁਰੂ ਦੀਆਂ ਸਿਫਤਾਂ ਵਿਚ ਰਚ ਗਿਆ ਵਾਹਿਗੁਰੂ ਅਨੁਰਾਗੀ ਹੈ। ਇਕ ਦਾ ਅਨੁਰਾਗੀ ਦੂਸਰੇ ਤੋਂ ਸੁਤੇ ਵੈਰਾਗੀ ਹੁੰਦਾ ਹੈ, ਸੋ ਨਾਮ ਦਾ ਪ੍ਰੇਮੀ ਜਗਤ ਤੋਂ ਸੁਤੇ ਵੈਰਾਗੀ ਹੁੰਦਾ ਹੈ ਤੇ ਨਾਮ ਨਿੱਤ ਜਾਰੀ ਰਹਿਣਾ ਹੈ, ਵੈਰਾਗ ਆਪੇ ਲਗਾਤਾਰ ਹੋ ਜਾਏਗਾ। ਐਸਾ ਵੈਰਾਗੀ ਫਿਰ ਹੋਛੇ ਮਦਾਂ ਨਾਲ ਪ੍ਰਾਪਤ ਮਦਹੋਸ਼ੀ ਆਦਿ) ਜੂਏ (ਸਮਾਨ ਬ੍ਰਿਥਾ ਖੇਡਾਂ ਵਿਚ) ਜਨਮ ਨਹੀਂ ਗੁਆਉਂਦਾ। ਕਹਿੰਦੇ ਹਨ ਗੁਰੂ ਨਾਨਕ ਸੁਣ ਹੇ ਭਰਥਰਿ ਜੋਗੀ! ਉਹ (ਦਰ ਦਰਸ਼ਨ ਦਾ ਪ੍ਰੀਤਮ ਛੂਛੇ ਨਸ਼ੇ ਵਿਚ ਨਹੀਂ, ਪਰ ਨਾਮ) ਅੰਮ੍ਰਿਤ ਨੂੰ ਧਾਰਨ ਕਰਕੇ[੯] (ਪੀਕੇ) ਖੀਵਾ[੧੦] ਰਹਿੰਦਾ ਹੈ।

ਇਸ ਤਰ੍ਹਾਂ ਦੀਆਂ ਵਾਰਤਾਲਾਪਾਂ ਦੇ ਬਾਦ ਗੁਰੂ ਜੀ ਓਥੋਂ, ਵਿਦਾ ਹੋਏ। ਪ੍ਰੰਤੂ ਓਥੇ ਸੰਗਤ ਐਤਨੀ ਹੋ ਗਈ ਤੇ ਪ੍ਰੇਮ ਐਨਾ ਵਧਿਆ ਕਿ ਗੁਰਦਵਾਰਾ ਬਣਿਆ ਤੇ ਸਤਿਸੰਗ ਦਾ ਪ੍ਰਵਾਹ ਟੁਰ ਪਿਆ। 'ਹਕੀਕਤ ਰਾਹ ਮੁਕਾਮ' ਵਿਚ ਲਿਖਿਆ ਹੈ: 'ਉਹਾਂ ਬੀ ਗੁਰੂ ਬਾਬੇ ਦਾ ਦੇਹੁਰਾ ਹੈ[੧੧]। '

-O-

ਸੂਚਨਾ ਜਾਪਦਾ ਹੈ ਕਿ ਸੰਗਲਾਦੀਪ ਤੋਂ ਵਾਪਸ ਜਾਪਾ ਪਟਨ ਤੋਂ ਸਵਾਰ ਹੋ ਨਾਗਾ ਪਟਨ; ਬੀਜਾਪੁਰ, ਬੇਗਾਪੁਰ ਤੇ ਕਜਲੀ ਬਨ ਹੁੰਦੇ ਦੇਸ਼ ਗਾਹੁੰਦੇ ਫੇਰ ਪੱਛੋਂ ਰੁਖ਼ ਹੋ ਬੰਬਈ ਦੇ ਇਲਾਕੇ ਤੋਂ ਲੰਘਦੇ ਕੱਛ ਸਿੰਧ ਲੰਘਕੇ ਆਏ ਹਨ: ਅਨੇਕਾਂ ਲੋਕ ਤਰੇ ਤੇ ਅਨੇਕਾਂ ਥਾਈਂ ਆਪ ਦੇ ਸਫਰ ਦੇ ਨਿਸ਼ਾਨ ਤੇ ਟਿਕਾਣੇ ਮੌਜੂਦ ਹਨ!

ਪੁ:ਜਨਮ ਸਾਖੀ ਨੇ ਅਗਲੀ ਮਖਦੂਮ ਵਾਲੀ ਵਾਰਤਾ ਕੌਡੇ ਰਾਖਸ਼ ਤੋਂ ਮਗਰੋਂ ਤੇ ਸੰਗਲਾਦੀਪ ਤੋਂ ਪਹਿਲੋਂ ਲਿਖੀ ਹੈ।

---

[੧] ਇਹ ਫੁੱਲ ਸ਼ਰਾਬ ਵਿਚ ਮਸਾਲੇ ਵਜੋਂ ਪੈਂਦੇ ਹਨ।

[੨] ਸੱਕ। ਕਿੱਕਰ ਦਾ ਸੱਕ। ਗੁੜ ਵਿਚ ਸੱਕ ਪਾਕੇ ਖਮੀਰ ਉਠਾਉਂਦੇ ਹਨ।

[੩] ਭਾਠੀ ਤੋਂ ਮੁਰਾਦ (ਭੱਠੀ=) ਵੱਡੀ ਚੁਲ੍ਹ ਦੀ ਹੈ, ਪਰ ਭਾਠ ਭੱਠੀ ਪਰ ਧਰੇ ਭਾਂਡੇ ਨੂੰ ਬੀ ਕਹਿ ਸਕਦੇ ਹਾਂ, ਕਿਉਂਕਿ ਸੰਸਕ੍ਰਿਤ ਵਿਚ ਭਸ਼੍ਟਿ = ਤੋਂ ਮੁਰਾਦ ਭੱਠੀ ਤੇ ਧਰੇ ਬਰਤਨ ਦੀ ਬੀ ਹੁੰਦੀ ਹੈ।

[੪] ਜਦ ਕੋਈ ਅਰਕ ਜਾਂ ਸ਼ਰਾਬ ਚੁਆਉਂਦੇ ਹਨ ਤਾਂ 'ਦੇਗ', 'ਨਾਲ' ਤੇ 'ਘੜਾ' ਤ੍ਰੈ ਚੀਜ਼ਾਂ ਲਾਉਂਦੇ ਹਨ। ਦੇਗ ਵਿਚੋਂ ਭਾਫ ਬਣਕੇ ਉਡਦੀ ਹੈ ਉਹ ਨਾਲ ਥਾਣੀ ਘੜੇ ਵਿਚ ਜਾਂਦੀ ਹੈ, ਉਸ ਨੂੰ ਮੁੜ ਠੰਢਾ ਕਰਨ ਲਈ ਨਾਲ ਤੋਂ ਅਗਲੇ ਭਾਂਡੇ ਦੇ ਉਦਾਲੇ ਪਾਣੀ ਦਾ ਪੋਚਾ ਦੇਂਦੇ ਰਹਿੰਦੇਹਨ, ਯਾ ਪਾਣੀ ਭਰੀ ਰਖਦੇ ਹਨ ਤੇ ਉਸ ਨੂੰ ਠੰਢਾ ਕਰਦੇ ਰਹਿੰਦੇ ਹਨ।

[੫] ਇਕ ਬਰਤਨ ਵਿਚੋਂ ਉਬਲਦੇ ਪਾਣੀ ਦੀ ਭਾਫ ਲੈਕੇ ਦੂਜੇ ਬਰਤਨ ਵਿਚ ਭਾਫ ਦੇ ਮੁੜ ਪਾਣੀ ਬਣਾ ਲੈਣ ਨੂੰ ਚੁਆਉਣਾ ਕਹਿੰਦੇ ਹਨ। ਅਰਕ ਕੱਢਣਾ। [੬] ਸਹਜ ਕੀ ਅਕਥ ਕਥਾ ਹੈ ਨਿਰਾਰੀ [੭] ਉਹ ਆਪ ਪੀਂਦਾ ਹੋਰਨਾਂ ਨੂੰ ਪਿਲਾਉਂ ਦਾ ਹੈ, ਇਹ ਵਪਾਰ ਹੈ ਉਸ ਦਾ। (ਅ) ਜੋ ਗਾਹਕ ਹੋਵੇ। [੮] ਬਾਨੀ=ਬਚਨ, ਬਾਤ, ਗੱਲ।

[੯] ਅਥਵਾ ਨਾਮ ਅੰਮ੍ਰਿਤ ਦੀ ਧਾਰਾ ਪੀਕੇ ਖੀਵਾ ਹੁੰਦਾ ਹੈ। [੧੦] ਸੰਸ:, ਕਸ਼ੀਵ= ਮਸਤ। ਪੰਜਾਬੀ, ਖੀਵਾ=ਸਰੂਰ ਵਿਚ। [੧੧] ਹੁਣ ਖੋਜ ਕਰਨੀ ਚਾਹੀਏ ਕਿ ਜੋ ਗੁਰਧਾਮ ਪੰਚਮ ਪਾ: ਦੇ ਵਕਤ-ਤੱਕ ਹੈਸੀ ਹੁਣ ਹੈ ਕਿ ਨਹੀਂ?

ਮਖਦੂਮ ਦਾ ਟਿਕਾਣਾ ਦੱਖਣੀ ਪੰਜਾਬ ਤੇ ਸਿੰਧ ਦੇ ਲਾਗੇ ਹੈ। ਇਸ ਕਰਕੇ ਵਧੀਕ ਅਗ਼ਲਬ ਇਹ ਗਲ ਲਗਦੀ ਹੈ ਕਿ ਗੁਰੂ ਜੀ ਸੰਗਲਾਦੀਪ ਤੋਂ ਮੁੜਕੇ ਵਾਪਸ ਪੱਛਮੀ ਹਿੰਦ ਵਿਚ ਸਫਰ ਕਰਦੇ ਸਿੰਧ ਵਿਚ ਆ ਨਿਕਲੇ ਹਨ ਤੇ ਮਖ਼ਦੂਮ ਵਾਲੀ ਸਾਖੀ ਕਿਤੇ ਸਿੰਧ ਦਰਿਯਾ ਦੇ ਕੰਢੇ ਕਿ ਸਮੁੰਦਰ ਦੇ ਕਿਨਾਰੇ ਹੋਈ ਹੈ। ਇਸ ਕਰਕੇ ਏਥੇ ਰੱਖੀ ਹੈ। ਵਿਸ਼ੇਸ਼ ਖੋਜ ਦੀ ਲੋੜ ਹੈ।

# ੬੮. ਮਖ਼ਦੂਮ[1]।

੧.

ਸਿੰਧੂ ਅਖਵਾ ਸਮੁੰਦ੍ਰ ਹੈ, ਕਿਨਾਰਾ ਹੈ, ਸੁਹਣੀ ਸਫਾ ਬਰੇਤੀ, ਮਾਨੋ ਕਿਸੇ ਨੇ ਧੋ ਬਣਾ ਕੇ ਰੇਤੇ ਦਾ ਫਰਸ਼ ਵਿਛਾਯਾ ਹੈ। ਉੱਤੇ ਇਕ ਥਾਂ ਮੁਸੱਲਾ ਵਿਛਿਆ ਹੈ, ਜਿਸ ਉਤੇ ਇਕ ਮੁਸਲਮਾਨ ਫਕੀਰ ਬੈਠਾ ਹੈ, ਜੋ ਭਰਵੀਂ ਹੋ ਰਹੀ ਉਮਰ ਦਾ ਹੈ। ਕੁਛ ਮੱਥੇ ਤੇ ਰਜੋ ਗੁਣੀ ਖੁਸ਼ੀ ਭੀ ਰੱਖਦਾ ਹੈ, ਕੁਛ ਅੱਖਾਂ ਤੋਂ ਜੁੜਿਆ ਭੀ ਜਾਪਦਾ ਹੈ। ਬਰੇਤੇ ਵਿਚ ਖੇਡ ਰਿਹਾ ਹੈ; ਖੇਡਾਂ ਬਾਲਕਾਂ ਵਰਗੀਆਂ ਨਹੀਂ ਤੇ ਨਾ ਹੀ ਗੱਭਰੂਆਂ ਵਰਗੀਆਂ ਸਰੀਰਕ ਕਸਰਤਾਂ ਦੀਆਂ ਖੇਡਾਂ ਹਨ, ਪਰ ਖੇਡਾਂ ਚੇਟਕੀ ਫਕੀਰਾਂ ਦੀਆਂ ਹਨ:-ਮੁਸੱਲੇ ਨੂੰ ਰੇਤੇ ਤੇ ਟੋਰੀ ਫਿਰਨਾਂ, ਸਮੁੰਦਰ ਉਤੇ ਲੈ ਜਾਣਾ, ਤਾਰੀ ਫਿਰਨਾ, ਜਦੋਂ ਆਪਣੀ ਖਿਸ ਖ੍ਰਾਫਤੀ ਦਾ ਕੌਤਕ ਤੱਕਣਾਂ, ਤਾਂ ਖੁਸ਼ ਹੋਣਾਂ, ਹੱਸਣਾਂ। ਇਹ ਖੇਡਾਂ ਕੁਛ ਖੇਡਾਂ ਸਨ ਕੁਛ ਅੱਭਜਾਸ ਤੇ ਹੋਰ ਮਾਨਸਕ ਤਾਕਤ ਦੇ ਵਧਾਉਣ ਦੇ ਤਰਲੇ ਸਨ। ਅਚਾਨਕ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਆਣ ਹੋਏ। ਫਕੀਰ ਨੇ ਸਿਰ ਚਾਇਆ, ਤੱਕਿਆ ਤੇ ਅਦਬ ਵਿਚ ਹੋ ਕੇ ਆਖਣ ਲੱਗਾ:-"ਸਲਾਮ ਅਲੇਕ ਦਰਵੇਸ਼"। ਅੱਗੋਂ ਸ੍ਰੀ ਗੁਰੂ ਨਾਨਕ ਜੀ ਨੇ ਆਖਿਆ: "ਕੁਰੈਸ਼ੀ ਮਖਦੂਮ ਜੀ ਸਲਾਮ ਆਲੇਖ"। ਤਦਹੁੰ ਫਕੀਰ ਨੇ ਨੈਣ ਚਾ ਕੇ ਤੱਕਿਆ ਤੇ ਅੱਗੇ ਹੋਕੇ ਗੁਰ ਨਾਨਕ ਦਾ ਹੱਥ ਚੁੰਮਿਆ, ਫੇਰ ਮੁਸੱਲੇ ਤੇ ਬਿਠਾਇਓਸੁ ਤੇ ਆਖਣ ਲੱਗਾ: "ਆਪ ਦਰਵੇਸ਼ ਹੋ, ਦਰਵੇਸ਼ ਸੈਲਾਂ ਦੇ ਪਿਆਰੇ ਹੁੰਦੇ ਹਨ, ਆਓ ਆਪ ਨੂੰ ਸਮੁੰਦਰ ਦਾ ਸੈਲ ਕਰਾ ਲਿਆਵੀਏ"। ਤਦ ਗੁਰੂ ਜੀ ਨੇ ਕਿਹਾ: "ਮਖਦੂਮ! ਬੇੜੀ ਬੇੜਾ ਨਹੀਂ, ਸਮੁੰਦਰ ਦੀ ਸੈਰ ਕਿਵੇਂ?" ਤਦ ਫਕੀਰ ਨੇ ਕਿਹਾ: "ਇਹ ਮੁਸੱਲਾ ਪਾਣੀ ਉਤੇ ਤਰੇਗਾ"।

ਗੁਰੂ ਜੀ-ਹੱਛਾ। ਐਉਂ ਤਰਦਿਆਂ ਕਦੇ ਸਿੰਧੂ ਵਿਚ ਕੁਛ ਡਿੱਠਾ ਬੀ ਜੇ?

ਫਕੀਰ-ਹਿੱਕ ਵੇਰ ਹਿੱਕ ਮੁਨਾਰਾ ਡਿੱਠਾ ਆਹਾ।

ਗੁਰੂ ਜੀ-ਫਿਰ ਜਾਓ ਉਸ ਦੀ ਸੈਰ ਕਰ ਆਓ, ਅਸੀਂ ਇਥੇ ਬੈਠੇ ਹਾਂ, ਆਓਗੇ ਤਾਂ ਫੇਰ ਕੁਛ ਗੱਲਾਂ ਬਾਤਾਂ ਕਹਾਂਗੇ।

ਫਕੀਰ-ਭਲਾ ਹੋਵੇ ਜੀ, ਮੈਂ ਜਾਂਦਾ ਹਾਂ। ਇਹ ਕਹਿਕੇ ਚਲਾ ਗਿਆ।

੨.

ਤੱਕੋ ਅੱਜ ਫੇਰ ਸ੍ਰੀ ਗੁਰੂ ਨਾਨਕ ਜੀ ਉਸੇ ਬ੍ਰੇਤੇ ਵਿਚ ਬੈਠੇ ਹਨ, ਸੈਦੋ ਤੇ ਸੀਹੋਂ, ਦੋ ਸੇਵਕ ਜੋ ਏਸ ਉਦਾਸੀ ਵਿਚ ਨਾਲ ਸਨ, ਕੁਛ ਵਿੱਥ ਤੇ ਬੈਠੇ ਹਨ। ਸੈਦੋ ਸਹਜੇ ਸਹਜੇ ਬਾਣੀ ਪੜ੍ਹ ਰਿਹਾ ਹੈ ਮਧੁਰ ਧੁਨੀ ਨਾਲ। ਸੁਹਣੀ ਠੰਢ ਤੇ ਸੁਹਾਉ ਪਸਰ ਰਿਹਾ ਹੈ ਕਿ ਪੀਰ ਮਖ਼ਦੂਮ ਦਿੱਸਣ ਲੱਗ ਪਿਆ। ਫੇਰ ਆਪ ਨੈਣ ਖੁਹਲਕੇ ਡਿੱਠੋਸੁ, ਗੁਰੂ ਨਾਨਕ ਦਰਸ਼ਨ ਪਾਇਓਸੁ। ਆਖਣ ਲੱਗਾ: "ਸਲਾਮ" ਪਰ ਗੁਰੂ ਬਾਬੇ ਪੁੱਛਿਆ: "ਦੇਹ ਗੱਲਾਂ ਫਕੀਰ ਸਾਈਂ!"

ਫਕੀਰ-ਆਪ ਸਭ ਕੁਝ ਜਾਣਦੇ ਹੋ! ਆਪ ਦੇ ਹੀ ਦਾਸਾਂ ਦਾ ਸਦਕਾ ਐਤਕੀ ਆਪ ਪਾਸ ਆ ਪੁੱਜਾ ਹਾਂ, ਨਹੀਂ ਤਾਂ ਸਾਰੀ ਸ਼ਕਤਿ ਹਾਰੀ ਗਈ ਸੀ।

ਗੁਰੂ ਜੀ ਬੋਲੇ-ਕਿਵੇਂ?

ਪੀਰ-ਸਾਂਈਂ ਜੀ! ਜਦੋਂ ਮੈਂ ਉਸ ਮੁਨਾਰੇ ਦੇ ਟਿਕਾਣੇ ਅੱਪੜਿਆ, ਸੰਝਾਂ ਦਾ ਵੇਲਾ ਸੀ, ਵੀਹ ਮਰਦ ਉੱਥੇ ਸਨ, ਸਾਰੇ ਬੰਦਗੀ ਵਿਚ ਸਨ, ਮੈਂ ਬੀ ਸਲਾਮ ਕਰਕੇ ਬਹਿ ਗਿਆ। ਜਦੋਂ ਰਾਤ ਵਧੀ ਤਾਂ ਇੱਕੀ ਭਾਂਡੇ ਖਾਣੇ ਦੇ ਉਤਰੇ, ਸਾਰਿਆਂ ਨੇ ਮੇਰੇ ਸਮੇਤ ਖਾਣਾ ਖਾ ਲਿਆ। ਰਾਤ ਮੈਂ ਕੀ ਡਿੱਠਾ ਕਿ ਸਾਰੇ ਮਰਦ ਬੰਦਗੀ ਰੱਬ ਦੀ ਕਰਦੇ ਰਹੇ! ਦਿਨ ਚੜ੍ਹੇ ਉਹ ਸਾਰੇ ਜਣੇ ਚਲੇ ਗਏ ਤੇ ਮੈਂ ਰਹਿ ਗਿਆ। ਪਹਿਰ ਦਿਨ ਚੜ੍ਹੇ ਇਕ ਜਹਾਜ਼

[1] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੬(੧੯੨੫ ਈ:) ਨੂੰ ਗੁਰਪੁਰਬ ਪੁੰਨਮ ਪਰ ਖਾ: ਸ: ਵਿਖੇ ਪ੍ਰਕਾਸ਼ਿਆ ਸੀ।

 www.sikhbookclub.com

ਉੱਥੇ ਆ ਨਿਕਲਿਆ ਤੇ ਉਹ ਡੁਬਣ ਲੱਗਾ ਤਦ ਮੈਂ ਰੱਬ ਅੱਗੇ ਹੱਥ ਜੋੜੇ 'ਜੋ ਇਹ ਨਾ ਡੁੱਬੇ' ਤਦ ਮੇਰੀ ਦੁਆ ਦਾ ਸਦਕਾ ਉਹ ਨਾ ਡੁੱਬਾ। ਫੇਰ ਰਾਤ ਪਈ ਤਾਂ ਵੀਹੇ ਰੱਬ ਦੇ ਬੰਦੇ ਫੇਰ ਉੱਥੇ ਆਇ ਬੈਠੇ, ਪਰ ਅੱਜ ਰਾਤ ਖਾਣਾ ਨਹੀਂ ਉਤਰਿਆ। ਹਾਂ, ਉਹ ਸਾਰੇ ਓਵੇਂ ਹੀ ਬੰਦਗੀ ਕਰਦੇ ਰਹੇ ਤੇ ਸਵੇਰੇ ਚਲੇ ਗਏ। ਮੈਂ ਉਥੇ ਹੀ ਰਿਹਾ, ਕੀ ਵੇਖਾਂ ਕਿ ਮੁਨਾਰਾ ਹੀ ਢਹਿਣ ਲੱਗਾ ਹੈ ਫੇਰ ਮੈਂ ਹੱਥ ਜੋੜੇ ਕਿ 'ਮੇਰੇ ਬੈਠਿਆਂ ਮੁਨਾਰਾ ਨਾ ਢਵੇ' ਸੋ ਮੇਰੀ ਦੁਆ ਦਾ ਸਦਕਾ ਮੁਨਾਰਾ ਭੀ ਨਾ ਢੱਠਾ! ਰਾਤ ਫੇਰ ਓਹ ਵੀਹ ਸਾਂਈਂ ਦੇ ਮਰਦ ਓਥੇ ਆ ਗਏ ਪਰ ਅੱਜ ਰਾਤ ਭੀ ਖਾਣਾ ਨਾ ਉਤਰਿਆ। ਤਦ ਉਨ੍ਹਾਂ ਵਿਚ ਵਿਚਾਰ ਹੋਈ ਕਿ 'ਅਸਾਂ ਵਿਚੋਂ ਕਿਸੇ ਤੋਂ ਰਜ਼ਾ ਦੀ ਸੁਰ ਦੇ ਉਲਟ ਕੋਈ ਬੇਸੁਰੀ ਤਾਰ ਵੱਜੀ ਹੈ, ਜੋ ਦੋ ਦਿਨਾਂ ਤੋਂ ਭੋਜਨ ਨਹੀਂ ਆਇਆ। ਪਰ ਚੰਗਾ, ਸਾਂਈਂ ਰਜ਼ਾ ਮਿੱਠੀ ਲਾਵੇ, ਅਸੀਂ ਸ਼ੁਕਰ ਵਿਚ ਵੱਸੀਏ'! ਤਦ ਮੈਂ ਉਹਨਾਂ ਨੂੰ ਦੱਸਿਆ ਕਿ 'ਰੱਬ ਦੇ ਪਿਆਰਿਓ!ਮੈ ਦੋ ਸ਼ੁਭ ਕੰਮ ਕੀਤੇ ਹਨ-ਇਕ ਜਹਾਜ਼ ਬਚਾਇਆ ਹੈ, ਇਕ ਇਹ ਮੁਨਾਰਾ!' ਤਦ ਉਹਨਾਂ ਵਿਚੋਂ ਇਕ ਨੇ ਪੁਛਿਆ: 'ਤੈਂ ਬਚਾਏ ਹਨ?' ਮੈਂ ਕਿਹਾ: 'ਹਾਂ ਮੈਂ ਬਚਾਏ ਹਨ। ' ਤਦ ਉਨ੍ਹਾਂ ਪੁਛਿਆ: 'ਤੂੰ ਕੌਣ ਹੈਂ?' ਮੈਂ ਦਸਿਆ ਜੋ 'ਮੇਰਾ ਨਾਉਂ ਮਖ਼ਦੂਮ ਬਹਾਵਦੀ ਪੀਰ ਹੈ', ਤਦ ਉਹਨਾਂ ਮਰਦਾਂ ਆਖਿਆ: 'ਏ ਦਰਵੇਸ਼! ਏਥੇ ਪੀਰਾਂ ਪਾਤਸ਼ਾਹਾਂ ਕੀ ਠਉੜ ਨਹੀਂ, ਪੀਰ ਪਾਤਸ਼ਾਹ ਦੁਨੀਆਂ ਵਿਚ ਸੋਂਹਦੇ ਹਨ ਅਤੇ ਖੁਦਾਇ ਕੇ ਰਾਹ ਕਾ ਦਰ ਨੀਵਾਂ ਹੈ ਅਤੇ ਪੀਰਾਂ ਪਾਤਸ਼ਾਹਾਂ ਕਾ ਸਿਰ ਉੱਚਾ ਹੈ[1]। ' ਤਦ ਮੈਂ ਸ਼ਰਮਿੰਦਾ ਹੋਕੇ ਟੁਰ ਪਿਆ, ਮੁਸੱਲਾ ਚਲਾਇਆ, ਪਰ ਮੁਸੱਲਾ ਸਮੁੰਦਰ ਦੇ ਵਿਚ ਅਟਕ ਗਿਆ. ਡੁਬਾ ਤਾਂ ਨਾਂ, ਪਰ ਤੁਰੇ ਨਾ। ਚਾਰ ਪਹਿਰ ਮੈਨੂੰ ਲੰਘ ਗਏ ਪਾਣੀ ਤੇ ਬੈਠਿਆਂ, ਦਿਨ ਲਹਿਣ ਲਗਾ ਤਾਂ ਉਹ ਵੀਹ ਸੱਜਣ ਫੇਰ ਆਏ, ਮੈਨੂੰ ਦੇਖਕੇ ਆਖਣ ਲਗੇ:-'ਹੇ ਸਾਈਂ ਲੋਕ! ਤੂੰ ਕਿਉਂ ਪਾਣੀਆਂ ਦੀ ਛਾਤੀ ਉਤੇ ਬੈਠ ਰਿਹਾ ਹੈਂ, ਉਤੋਂ ਰਾਤ ਆਈ ਹੈ?' ਤਦ ਮੈਂ ਕਿਹਾ: 'ਜੀ! ਮੈਂ ਕੀਹ ਕਰਾਂ? ਮੇਰਾ ਮੁਸੱਲਾ ਚਲਦਾ ਨਹੀਂ, ਰਹਿ ਗਿਆ ਹੈ ਏਥੇ ਹੀ। ' ਤਦ ਉਹਨਾਂ ਨੇ-ਜੋ ਮੈਨੂੰ ਹੁਣ ਪਤਾ ਲੱਗਾ ਕਿ ਆਪ ਦੇ ਸਿੱਖ ਸਨ-ਆਖਿਆ: ਕਿ 'ਸਤਿਗੁਰ ਨਾਨਕ ਨੂੰ ਆਰਾਧ ਜੋ ਮੁਸੱਲਾ ਚੱਲੇ"। ਹੇ ਮਿੱਠੇ ਸਤਿਗੁਰ ਨਾਨਕ! ਫੇਰ ਮੈਂ ਆਪ ਦੀ ਅਰਾਧਨਾ ਕੀਤੀ ਤਾਂ ਆਪ ਪਾਸ ਪੁਜਾ ਹਾਂ।

ਗੁਰੂ ਜੀ-ਫੇਰ ਪੀਰ ਜੀ! ਤੁਸਾਂ ਕੁਝ ਡਿੱਠਾ-ਬੀ?

ਪੀਰ-ਜੀ ਤੂੰ ਸਭ ਕੁਝ ਜਾਣਦਾ ਹੈਂ, ਆਪਦੇ ਦਾਸਾਂ ਦਾ ਸਦਕਾ ਇਥੇ ਆਪ ਪਾਸ ਫੇਰ ਆ ਪੁੱਜਾ ਹਾਂ!

ਗੁਰੂ ਜੀ ਨੇ ਫੇਰ ਪੀਰ ਵਲ ਇਕ ਤਰਸ ਭਰੀ ਨਜ਼ਰ ਪਾਈ ਤੇ ਉਚਾਰਿਆ:-

> "ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥ ਸਿਫਤਿ ਸਲਾਹਣੁ ਛਡਿਕੈ ਕਰੰਗੀ ਲਗਾ ਹੰਸੁ॥"

{ਵਾਰ ਸੂਹੀ ਮ:੧}

ਤਦ ਪੀਰ ਨੇ ਪੈਰ ਚੁੰਮੇ ਤੇ ਆਖਿਆ:- "ਪਾਤਸ਼ਾਹ! ਇਹ ਕੀ ਵਰਤੀ?"

ਗੁਰੂ ਜੀ-ਸਾਈਂ ਲੋਕਾ! ਤੂੰ ਕਿੰਨ੍ਹੀ ਕੰਮੀਂ ਲੱਗ ਪਿਆ, ਮਿਹਨਤਾਂ ਕੀਤੀਆਂ, ਜੱਫਰ ਜਾਲੇ, ਮਨ ਨੂੰ ਜੋੜਿਆ, ਪਰ ਕਿਸ ਤੇ ਜੋੜਿਆ? ਮਾਇਆ ਤੇ? ਜੋ ਦੁਨੀਆਂ ਵਿਚ ਰਿੱਧੀਆਂ ਸਿੱਧੀਆਂ ਵਾਲਾ ਹੋ ਵਰਤੇਂ? ਨਜ਼ਰ ਦੁਨੀਆਂ ਦੇ ਐਸ਼੍ਵਰਜ ਵਿਚ ਹੀ ਰਹੀ? ਜੁੜਨਾਂ ਸੀ ਤਾਂ ਰੱਬ ਵਿਚ ਤੇ ਅਨੰਦ ਲੈਣਾ ਸੀ ਤਾਂ ਵਾਹਿਗੁਰੂ ਜੀ ਦੀ ਸਿਫਤ ਸਲਾਹ ਤੇ ਉਸ ਦੇ ਕੀਰਤਨ ਦਾ ਲੈਣਾ ਸੀ, ਜੋ ਨਜ਼ਰ ਉੱਚੀ ਹੋਕੇ ਸੰਸਾਰ ਤੋਂ ਤਰ ਜਾਂਦੋਂ; ਮੁਸੱਲੇ ਚੱਲ ਪਏ ਤਾਂ ਕੀ ਲੱਭਾ! ਜੇ ਉਪਕਾਰ ਵਿਚ ਰਤੋਂ ਤੇ ਜਹਾਜ਼ ਬਚਾਇਓਂ ਈ ਤਾਂ ਮਿਹਰ ਸਾਂਈਂ ਦੀ ਤਕਾਈ, ਪਰ ਅੰਦਰ ਹਉਂ ਜੋ "ਬੋਹਿਥਾ ਤੇ ਮੁਨਾਰਾ ਮੈਂ ਰਖਿਆ ਹੈ" ਪਲ ਖਲੋਤੀ। ਤੁਹ ਰਖਿਆ ਤਾਂ ਤੂੰਹੋਂ ਹੀ ਹੋਯਾ, ਸਾਈਂ ਕਿਥੇ ਰਿਹਾ ਰੱਖਣ ਵਾਲਾ? ਵੇਖ ਫੇਰ ਤੇਰਾ ਬਲ ਸਾਰਾ ਲੱਗ ਗਿਆ, ਸ਼ਕਤਿ ਹਰਿ ਗਈ, ਫੇਰ ਮੁਸੱਲਾ ਨਾ ਚਲੇ। ਜੇ ਸਾਂਈਂ ਨਾਲ ਜੁੜਦੋਂ, ਸ਼ਾਂਈ ਦੀ ਰਜ਼ਾ ਵਿਚ ਮਰਜ਼ੀ ਮੇਲਦੋਂ, ਫੇਰ ਸਾਂਈਂ ਦੀ ਸ਼ਕਤਿ ਸਾਰੇ ਕੰਮ ਆਪੇ ਸਾਰਦੀ ਤਾਂ ਰਜ਼ਾ ਪੁੱਗਦੀ। ਕਿੰਨਾਂ ਕੰਮਾਂ ਵਿਚ ਲੱਗ ਰਿਹਾ ਹੈਂ, ਜਿਨਾਂ ਵਿਚ ਹਉਂ ਦੀ ਮੁਰਦਿਹਾਨ ਛਾ ਰਹੀ ਹੈ। ਉੱਚਾ ਉਠ! ਜਗਤ ਵਿਚ ਵਾਹ ਵਾਹ ਹੋ ਗਈ, ਸਿੱਧ ਸ਼ੁਮਾਰ ਹੋ ਗਿਆ

ਤਾਂ ਕੀਹ ਲੱਧਾ। "ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ"॥ ਫੇਰ ਸੋਚ, ਜਗਤ ਤਾਂ ਸਦਾ ਹੈ ਬੀ ਨਹੀਂ!

"ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥" {ਸਿਰੀ ਰਾਗੁ ਮ: ੧}

ਨਹੀਂ ਤਾਂ ਕੌਣ ਹੈ ਜੋ ਇੱਥੇ ਅਟਕਿਆ ਹੈ? ਸਭ ਚਲਦੇ ਹਨ।

ਤਦ ਇਲਾਹੀ ਗਲਾ ਖੁੱਲ੍ਹਿਆ ਤੇ ਪਰਮ ਵੈਰਾਗ ਵਿਚ ਇਹ ਨਾਦ ਹੋਇਆ:-

ਮੁਕਾਮ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥ ੧॥ ਦੁਨੀਆ ਕੈਸਿ ਮੁਕਾਮੇ {ਸਿਰੀ ਰਾਗੁ ਮ: ੧}

ਹੁਣ ਪੀਰ ਉਤੇ ਵੈਰਾਗ ਛਾਇਆ, ਸਿੱਧੀਆਂ ਦੀ ਕਾਈ ਵਾਲੀ ਹਉਮੈਂ ਢੱਠੀ, ਪਰ ਸੱਚ ਤੋਂ ਅੱਖ-ਦੇਖਦਿਆਂ ਬੀ-ਪਰੋਖੇ ਰਹੀ, ਨਾ ਸਮਝਿਆ ਕਿ ਇਹ ਰੱਬੀ ਜੋਤਿ ਹੈ, ਇਸ ਤੋਂ ਨਿਸਤਾਰਾ ਮੰਗਾਂ। ਆਖਣ ਲੱਗਾ: "ਮੈਂ ਕੀ ਕਰਾਂ, ਜੋ ਉੱਚਾ ਨਿਰਮਲ ਜੀਵਨ ਜੀਵਾਂ?" ਸਤਿਗੁਰ ਮੁਸਕ੍ਰਾਏ ਤੇ ਆਖਣ ਲੱਗੇ: "ਪੀਰ ਕਰ"। ਤਾਂ ਪੀਰ ਨੇ ਪੁੱਛਿਆ: "ਜੀ ਕਿਸ ਨੂੰ ਕਰਾਂ? " ਤਾਂ ਸਤਿਗੁਰੂ ਜੀ ਨੇ ਆਖਿਆ: "ਜਾਹ ਸ਼ੇਖ ਬ੍ਰਾਹਮ (ਫਰੀਦ ਸਾਨੀ) ਨੂੰ ਪੁੱਛ। ਉਸ ਜਿਸ ਨੂੰ ਕੀਤਾ ਹੈ"।

ਸਿਰ ਨਿਵਾਕੇ ਪੀਰ ਚਲਾ ਗਿਆ, ਪਿੱਛੋਂ ਸੈਦੋ ਨੇ ਪੁੱਛਿਆਂ: ਪਾਤਸ਼ਾਹ ! ਇਹ ਫਕੀਰ ਕਲਾਵਾਨ ਹੈ ਇਸ ਬੇੜਾ ਤੇ ਮੁਨਾਰਾ ਰੱਖਣ ਵਿਚ ਭਲਾ ਕੀਤਾ ਸੀ, ਇਸ ਦੀ ਸ਼ਕਤਿ ਕਿਉਂ ਹਾਰੀ ਗਈ? ਤਾਂ ਗੁਰੂ ਜੀ ਨੇ ਦੱਸਿਆ ਕਿ ਇਹ ਤਪੀਆ ਮਨ ਨੂੰ ਪਦਾਰਥਾਂ ਤੇ ਉਨ੍ਹਾਂ ਦੀ ਪ੍ਰਾਪਤੀ ਤੇ ਏਕਾਗਰ ਤਾਂ ਕਰਦਾ ਰਿਹਾ ਹੈ, ਪਰ ਟਿਕਾਣਿਓਂ ਉੱਕਦਾ ਰਿਹਾ ਹੈ। ਮਨ ਜਦ ਕੱਠਾ ਹੋ ਜਾਵੇ ਤਾਂ ਬਲਵਾਨ ਹੋ ਜਾਂਦਾ ਹੈ। ਜਿਸ ਸ਼ੈ ਤੇ ਜੁੜੇ ਉਹ ਪ੍ਰਾਪਤ ਹੋਣ ਲੱਗ ਪੈਂਦੀ ਹੈ, ਪਰ ਮਨ ਦਾ ਨਿਰਮਲ ਹੋਕੇ ਆਪੇ ਦੇ ਰਸ ਤੇ ਵਾਹਿਗੁਰੂ ਦੇ ਰਸ ਵਿਚ ਅੰਮ੍ਰਿਤ ਪੀਣ ਵਾਲਾ ਰਸੀਆ ਹੋ ਜਾਣਾ ਬਹੁਤ ਉੱਚੀ ਗੱਲ ਹੈ, ਤੇ ਇਸ ਰਸ ਦੇ ਰਸੀਏ ਸਿੱਧੀਆਂ ਤੇ ਕਰਾਮਤਾਂ ਨਾਲ ਨੇਹੁੰ ਨਹੀਂ ਲਾਉਂਦੇ। ਪੀਰ ਭਲਾ ਹੈ, ਘਾਲੀ ਭੀ ਹੈ, ਪਰ ਨਿਗਾਹ ਵੈਰਾਗ ਨਾਲ ਧੋਪਕੇ ਉੱਚੇ ਘਰ ਉੱਠਣ ਦੀ ਲੋੜਵੰਦ ਹੈ। ਸ਼ਕਤਿ ਇਉਂ ਹਾਰੀ ਗਈ ਕਿ ਮੁਨਾਰੇ ਤੇ ਬੋਹਿਥੇ ਦੇ ਰੱਖਣ ਤੇ ਜੋ ਬਲ ਲੱਗਾ ਉਹ ਇਸ ਦੇ ਵਿਤ ਤੋਂ ਵਧੇਰਾ ਕੰਮ ਸੀ[1] ਤੇ ਇਸ ਦਾ ਬਲ ਤਾਂ ਮਿਣਵਾਂ ਗਿਣਵਾਂ ਹੀ ਸੀ ਨਾਂ, ਅਮਿੱਤ ਬਲ ਵਾਹਿਗੁਰੂ ਦਾ ਹੈ, ਉਸ ਸਰਬ ਸਮਰੱਥ ਨਾਲ ਅੰਦਰ ਆਤਮੇ ਇਹ ਇਕ ਜੋਤਿ ਹੋਇਆ ਨਹੀਂ ਹੈਸੀ, ਉਸ ਦੀ ਰਜ਼ਾ ਦੀ ਸੁਰ ਵਿਚ ਇਸ ਦੀ ਮਰਜ਼ੀ ਦੀ ਤਰਬ ਇਕ ਸੁਰ ਨਹੀਂ ਹੋਈ ਹੈਸੀ ਜੋ ਉਸ ਦਾ ਅਮਿੱਤ ਬਲ ਇਸ ਵਿਚ ਆ ਵਰਤਦਾ।

### ੩.

ਹੁਣ ਪੀਰ ਮੁਸੱਲਾ ਸੁੱਟਕੇ ਉਦਾਸੀਨਤਾ ਤੇ ਖੁਸ਼ੀ ਵਿਚ ਸਿਰ ਧੁਨਦਾ ਸ਼ੇਖ ਬ੍ਰਾਹਮ ਪਾਸ ਪਹੁੰਚਾ, ਜਿਸ ਨੂੰ ਲੋਕੀਂ ਫਰੀਦ ਜੀ ਕਰਕੇ ਆਖਿਆ ਕਰਦੇ ਸੀ, ਜਾ ਆਪਣਾ ਸਾਰਾ ਹਾਲ ਦੱਸਿਓਸੁ। ਦੱਸਕੇ ਕਹਿਣ ਲੱਗਾ: ਹੇ ਰੱਬ ਸੁਆਰੇ! ਮੈਂ ਕੀਹ ਕਰਾਂ ਜੋ ਬਚਾਂ? ਇਹ ਜਗਤ ਮੁਕਾਮ ਨਹੀਂ, ਮੁਕਾਮ ਕੋਈ ਹੋਰ ਹੈ। ਉੱਥੇ ਦੇ ਵੱਸਣ ਦੀ ਜਾਚ ਨਹੀਂ ਆਈ, ਤਪ, ਹਠ, ਜ਼ੁਹਦ ਸਾਰੇ ਕਰ ਚੁੱਕਾ ਹਾਂ, ਸੱਤਯਾ ਅੰਦਰਲੀ ਫੁਰ ਪਈ ਹੈ,। ਪਰ ਜੋ ਉਸ ਮੁਨਾਰੇ ਦੇ ਮਰਦਾਂ ਨੂੰ ਡਿੱਠਾ ਤੇ ਜੋ ਬਾਬੇ ਨਾਨਕ ਦੱਸਿਆ ਉਸ ਤੋਂ ਜੀ ਉਪਰਾਮ ਹੈ ਕਿ ਮੈਂ ਸੱਚੀ ਮੁੱਚੀ ਕਿਸ ਪਾਸੇ ਲੱਗ ਪਿਆ ਹਾਂ। ਉਹ ਸਲੋਕ ਜੋ ਬਾਬੇ ਦਿੱਤਾ, ਕੰਨਾਂ ਵਿਚ ਗੂੰਜਦਾ ਹੈ:-

"ਕਰੰਗੀ ਲਗਾ ਹੰਸੁ"

ਇਸ ਲੇਖੇ ਮੈਂ ਮੁਰਦਾਰ ਖੋਰ ਹੋਇਆ ਨਾ!

ਬ੍ਰਹਮ-ਸਾਂਈਂ ਜੀਵੇਂ! ਗੁਰੂ ਜੀ ਨੇ ਤਾਂ ਤੈਨੂੰ ਹੰਸ ਆਖਿਆ ਹੈ, ਮੁਰਦਾਰ ਖੋਰ ਗਿਰਝ ਤਾਂ ਨਹੀਂ ਆਖਿਆ। ਤੂੰ ਕਿਉਂ ਉਦਾਸ ਹੈਂ? ਤੂੰ ਤਾਂ ਹੰਸ ਹੈਂ, ਪਰ ਤੂੰ ਲੱਗਾ ਕਰੰਗਾਂ ਨੂੰ ਹੈ। ਰਿੱਧੀਆਂ ਸਿੱਧੀਆਂ ਵਿਚ ਲੱਗਣਾ ਮਾਯਾ ਨੂੰ ਲੱਗਣਾ ਹੈ,

---

[1] ਜੈਸਾ ਕਿ ਪੰਜਵੀਂ ਪਾਤਸ਼ਾਹੀ ਜੀ ਦੀ ਬਾਣੀ ਵਿਚ ਵੀ ਆਉਂਦਾ ਹੈ:-

ਜੇ ਕੋਊ ਅਪੁਨੀ ਓਟ ਸਮਾਰੈ ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥੧॥ {ਧਨਾ: ਮ: ੫}

ਮਾਯਾ ਮੁਰਦਾ ਹੈ, ਸੋ ਮੁਰਦਾਰ ਨੂੰ ਲੱਗਣਾ ਆਪੇ ਹੋ ਗਿਆ। ਹੰਸ ਦਾ ਕੰਮ ਹੈ ਮਾਨਸਰੋਵਰ ਤੇ ਰਹਣਾ! ਮਾਨਸਰੋਵਰ ਡਾਢੇ ਉੱਚੇ ਪਰਬਤਾਂ ਉਤੇ ਹੈ, ਨਿਰਮਲ ਹੈ, ਰਸਦਾਇਕ ਹੈ। ਸੋ ਗੁਰੂ ਜੀ ਨੇ ਤੈਨੂੰ ਹੰਸ ਕਿਹਾ ਹੈ, ਜਿਧਰ ਤੂੰ ਲੱਗਾ ਹੈਂ ਉਸ ਨੂੰ ਕਰੰਗ ਕਿਹਾ ਹੈ।

ਪੀਰ-ਸੱਚ ਹੈ, ਗੁਰੂ ਜੀ ਬੜੇ ਸ਼ਕਤਿਵਾਨ ਹਨ।

ਸ਼ੇਖ-ਸ਼ਕਤਿਵਾਨ ਤਾਂ ਹਨ, ਪਰ ਪ੍ਰੇਮ ਦੇ ਜੋ ਦਰਯਾ ਡੁੱਲ੍ਹ ਡੁੱਲ੍ਹ ਵਹਿ ਰਹੇ ਹਨ, ਉਹ ਬੀ ਡਿੱਠੇ ਨੇ?

ਪੀਰ-ਮੈਂ ਤਾਂ ਸ਼ਕਤਿ ਅੱਗੇ ਨਿਵਿਆਂ ਹਾਂ। ਉਪਰਾਲਾ ਪੁੱਛਿਆ ਤਾਂ ਉਨ੍ਹਾਂ ਤੇਰੀ ਦੱਸ ਪਾਈ ਹੈ।

ਸ਼ੇਖ-ਨੈਣ ਭਰਕੇ-

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ
ਨਾਲਿ॥ ਇਕ ਜਾਗੰਦੇ ਨਾ ਲਹੰਨਿ ਇਕਨਾ
ਸੁਤਿਆ ਦੇਇ ਉਠਾਲਿ ॥੧॥

{ਸਿਰੀ ਰਾ: ਵਾਰ ਮ: ੧}

ਪੀਰ-ਉਹ ਕਿਵੇਂ?

ਸ਼ੇਖ-ਮੈਂ ਬੀ ਤਾਂ ਤਪਾਂ ਹਠਾਂ ਵਿਚ ਹੀ ਮਰ ਰਿਹਾ ਸੀ, ਮੇਰਾ ਹਨੇਰਾ ਬੀ ਤਾਂ ਉਨ੍ਹਾਂ ਨੇ ਹੀ ਕੱਟਿਆ ਸੀ। ਰਸ ਦੇ ਦੇਸ਼ ਉਨ੍ਹਾਂ ਨੇ ਹੀ ਅਪੜਾਇਆ ਸੀ। ਤੂੰ ਪ੍ਰਤੱਖ ਦੇਖਕੇ ਉਨ੍ਹਾਂ ਦੇ ਪੈਰੀਂ ਕਿਉਂ ਨਾ ਪੈ ਗਿਆ? ਜਗਤ ਦਾ ਗੁਰੂ ਤਾਂ ਉਹੋ ਸੀ, ਹੋਰ ਗੁਰੂ ਕਿਹੜਾ ਲੱਭਣ ਚੜ੍ਹਿਆ ਹੈਂ? ਸਾਂਈਂ ਦੇ ਰੰਗ! ਤੂੰ ਡਿੱਠਾ, ਤੂੰ ਜਾਣਿਆ, ਸ਼ਕਤਿ ਪਛਾਣੀ, ਨਿਵਿਓਂ, ਪੈਰ ਚੁੰਮਿਓਂ ਈ, ਪਰ ਨਾ ਲਖਿਓ ਈ ਕਿ ਕਿ ਇਹੋ ਹੀ "ਗੁਰੂ" ਹੈ, ਪੀਰਾਨ ਪੀਰ ਹੈ।

ਪੀਰ (ਹਾਹੁਕਾ ਲੈਕੇ)-ਮੈਂ ਦੇਖਕੇ ਨਾ ਡਿੱਠਾ, ਮੈਂ ਜਾਗਕੇ ਸੌਂ ਗਿਆ, ਮੈਂ ਜਾਣਕੇ ਭੁੱਲ ਗਿਆ। ...ਹਾਂ, ਉਨ੍ਹਾਂ ਨੇ ਕਿਹਾ ਸੀ ਜਿਸ ਨੂੰ ਸ਼ੇਖ ਬ੍ਰਹਮ ਨੇ ਕੀਤਾ ਹੈ!

ਸ਼ੇਖ-ਮੈਨੂੰ ਤਾਂ ਠੰਢ ਉਨ੍ਹਾਂ ਪਾਸੋਂ ਹੀ ਪਈ ਹੈ, ਸੋ ਉਨ੍ਹਾਂ ਦੇ ਹੀ ਦਰਸ਼ਨਾਂ ਦੀ ਸਿੱਕ ਤੂੰ ਬੀ ਧਾਰ, ਪ੍ਰੇਮ ਵਿਚ ਖਿਚੀਂਦਾ ਰਹੁ ਤੇ ਜੋ ਹੁਕਮ ਦੇ ਗਏ ਹਨ ਸੋ ਕਮਾਉ।

ਪੀਰ-ਮੈਨੂੰ ਤਾਂ ਕੁਛ ਦੱਸ ਨਹੀਂ ਗਏ। ਇਹ ਸੁਣ ਕੇ ਪੀਰ ਦੇ ਨੈਣ ਭਰ ਆਏ ਤਾਂ ਬੋਲਿਆ:-ਜੋ ਹਾਲ ਤੁਸਾਂ ਮੈਨੂੰ ਆਪ ਸੁਣਾਇਆ ਹੈ, ਉਸ ਵਿਚ ਦੱਸਿਆ ਨੇ ਕਿ ਉਸ 'ਰਸਰੰਗੀ ਨੂਰ' ਨੇ ਉਚਾਰਿਆ ਸੀ:-

"ਕਰਿ ਸਿਦਕੁ ਕਰਣੀ ਖਰਚੁ ਬਾਧਹੁ
ਲਾਗਿ ਰਹੁ ਨਾਮੇ"॥ {ਸਿਰੀ ਰਾਗੁ ਮ:੧}

ਇਹ ਹੁਕਮ ਨਹੀਂ ਸੀ ਤਾਂ ਕੀਹ ਸੀ? ਇਸ ਨੂੰ ਕਮਾਓ। ਫੇਰ ਮਿਲਣਗੇ, ਉਨ੍ਹਾਂ ਦਾ ਬਿਰਦ ਹੈ ਕਿ ਮਿਲਨਗੇ, ਮਿਲਨਗੇ ਤਾਂ ਮਿਹਰਾਂ ਕਰਨਗੇ, ਤਾਂ ਰੱਬੀ ਰਸ ਪਵੇਗਾ, ਆਨੰਦ ਵਿਚ ਮਗਨ ਹੋਹਿੰਗਾ, ਇਸ ਰਸ ਵਿਚ ਮਿਹਰਾਂ ਨਾਲ ਮਗਨ ਹੋਈਦਾ ਹੈ। ਮਿਹਰ ਹੈ, ਮਿਹਰ ਹੈ, ਸ਼ੇਖੀ ਨਹੀਂ, ਹਠ ਨਹੀਂ, ਰਸ ਮਿਹਰ ਹੈ, ਆਨੰਦ ਵਿਚ ਪਰਵੇਸ਼ ਮਿਹਰ ਹੈ।

ਪੀਰ (ਨੈਣ ਭਰਕੇ)-ਮੈਂ ਦੇਖਿਆ, ਪਰ ਨਾ ਡਿੱਠਾ, ਮੈਂ ਸੁਣਿਆਂ ਪਰ ਨਾ ਸੁਣਿਆ। ਮੇਰੇ ਵਿਚ ਕੀ ਕਸਰ ਸੀ ਜੋ ਦਰ ਪਹੁੰਚਾ, ਪਰ ਮੰਜ਼ਲ ਨਾ ਮੁੱਕੀ, ਮੈਂ ਪਾਇਆ ਤੇ ਫੇਰ ਨਾ ਪਾਇਆ, ਸਮਝਦਾ ਰਿਹਾ ਪਰ ਸਮਝ ਨਾਂ ਖੁੱਲ੍ਹੀ: ਹਾ! ਨਸੀਬ, ਹਾ! ਬਖਤਾਂ ਦੀ ਨਾਯਾਵਰੀ।

ਸ਼ੇਖ-ਇਹ ਹਾਵੇ ਦਾ ਵੇਲਾ ਨਹੀਂ, ਸੁਭਾਗ ਹੋ ਗਏ ਨੈਣ ਜਿਨ੍ਹਾਂ ਗੁਰੂ ਨਾਨਕ ਡਿੱਠਾ, ਸਫਲ ਹੋਏ ਕੰਨ ਜਿਨ੍ਹਾਂ ਉਸ ਨੂੰ ਸੁਣਿਆਂ। ਤੂੰ ਡਿੱਠੇ ਹਨ, ਤੂੰ ਪਾਇਆ ਹੈ, ਸੰਭਾਲ, ਚਿੱਤ ਦੇ ਦੇਸ਼ ਗੁਰ ਨਾਨਕ ਦੇ ਕੋਲ ਖਹੁ, ਪ੍ਰੇਮ ਨਾਲ ਜੁੜ, ਕਮਾ ਜੋ ਕਹਿ ਗਏ ਹਨ, ਫੇਰ ਮਿਲਣਗੇ।

ਪੀਰ ਐਉਂ ਗੁਰ ਨਾਨਕ ਦੇ ਸੁਆਰੇ ਸ਼ੇਖ ਸਿਖਜਾ ਤੇ ਅਸੀਸ ਲੈਕੇ ਆਪਣੇ ਡੇਰੇ ਚਲਾ ਗਿਆ, ਅਰ ਲੱਗਾ ਰਿਹਾ ਹੁਣ ਉੱਚੇ ਧਿਆਨ ਤੇ ਉੱਚੇ ਸਿਮਰਨ ਵਿਚ, ਤਦੋਂ ਤਾਈਂ ਕਿ ਜਦੋਂ ਦੀ ਸਾਖੀ ਕਰਦੇ ਹਨ ਕਿ ਗੁਰੂ ਜੀ ਮੁਲਤਾਨ ਗਏ ਸਨ ਤੇ ਮੁਲਤਾਨ ਦੇ ਪੀਰਾਂ ਦੁੱਧ ਦਾ ਕਟੋਰਾ ਅੱਗੇ ਲਿਆ ਧਰਿਆ ਸੀ। ਤਦੋਂ ਅਚਲ ਤੋਂ ਮੁਲਤਾਨ ਨੂੰ ਜਾਂਦੇ ਹੋਏ ਸਤਿਗੁਰੂ ਜੀ ਰਸਤੇ ਵਿਚ ਇਕ ਉਦਜਾਨ ਵਿਚ ਠਹਿਰੇ ਹੋਏ ਸਨ ਕਿ ਮਖਦੂਮ ਸੁਣਕੇ ਧਾਈ ਕਰਕੇ ਪਹੁੰਚਾ ਤੇ ਏਕਾਂਤ ਵਿਚ ਆ ਮਿਲਿਆ, ਤਦੋਂ ਮਿਹਰ ਹੋਈ ਤਾਂ ਫਕੀਰ, ਜੋ ਚਿਰੋਕਾ ਨਾਮ ਜਪਦਾ ਸੀ, ਵੈਰਾਗ ਦੇ ਰਸ ਵਿਚ

ਸੀ, ਹੁਣ ਨਾਮ ਦੇ ਉੱਚੇ ਰਸ ਵਿਚ ਆਇਆ[1] ਤੇ | ਆਨੰਦ ਵਿਚ ਮਗਨਤਾ ਦੇ ਦੇਸ਼ ਦੀ ਸੋਝੀ ਹੋ ਆਈ[2]।

-o-

# ੬੯. ਝੁੱਗੀ ਢਾਹੀ[3]।

ਦੱਖਣ ਦੇਸ਼ੋਂ ਟੁਰਦੇ ਸਤਿਗੁਰ ਇਕ ਨਗਰੀ ਵਿਚ ਆਏ,
ਮੀਂਹ ਲੱਥਾ, ਵਾ ਵਗੇ ਠੰਢੇਰੀ, ਪਾਲਾ ਕਾਂਬਾ ਲਾਏ।
ਦੀਨ ਦੁਨੀ ਦੇ ਮਾਲਕ ਤਾਂਈਂ ਆਦਰ ਕਿਸੇ ਨ ਦਿੱਤਾ,
ਪਾਣੀ ਅੰਨ ਕਿਸੇ ਨਾ ਪੁਛਯਾ, ਪੁੱਛਯਾ ਠੌਰ ਨ ਖਿੱਤਾ।
ਬਾਹ੍ਰ ਨਗਰ ਦੇ ਬਾਢੀ ਸੀ ਇਕ ਝੁੱਗੀ ਦੇ ਵਿਚ ਰਹਿੰਦਾ,
ਉਸ ਨੇ ਵੇਖ ਟੇਕਿਆ ਮੱਥਾ, 'ਜੀਉ ਆਯਾਂ ਨੂੰ' ਕਹਿੰਦਾ।
ਢੋਕ ਨਿਮਾਣੀ ਦੇ ਵਿਚ ਗੁਰ ਨੂੰ, ਡੇਰਾ ਦਿੱਤਾ ਲਾਈ,
ਮੰਜੇ ਵਾਣ ਪਰਾਲੀ ਉੱਤੇ ਫੂੜੀ ਓਸ ਵਿਛਾਈ।
ਤੱਤੇ ਪਾਣੀ ਮੂੰਹ ਧੁਆਇਆ, ਚਰਨ ਆਪ ਫਿਰ ਧੋਤੇ,
ਘੁਟ ਘੁਟ ਕੇ ਫਿਰ ਪੂੰਝੇ ਪਯਾਰਾ, ਅੰਝੂ ਨੈਣ ਪਰੋਤੇ।
ਮੱਕੀ ਦੀ ਫਿਰ ਰੋਟੀ ਘੜਕੇ ਚੁੱਲ੍ਹੇ ਆਪ ਪ੍ਰਕਾਈ,
ਨਾਲ ਸਾਗ ਦੇ ਅੱਗੇ ਧਰਕੇ ਰੋ ਰੋ ਬਿਨੈ ਅਲਾਈ।

"ਲਾਇਕ ਨਹੀਂ ਤੁਸਾਂ ਦੇ ਦਾਤਾ।
ਪਰ ਮੈਂ ਪੱਲੇ ਏਹੋ!
ਏਹੋ ਕਰੋ ਕਬੂਲ ਗੁਸਾਈ!
ਭੇਟ ਗਰੀਬੀ ਲੇਹੋ[4]। "
ਨਾਥ ਅਨਾਥਾਂ ਸਤਿਗੁਰ ਨਾਨਕ
ਨੀਵਿਆਂ ਤੇ ਜੋ ਤ੍ਰੁੱਠੇ,
ਸਿੱਧੇ ਕਰਮ ਕਹਾਏ ਜਗ ਦੇ,
ਜੋ ਉਨ ਕੀਤੇ ਪੁੱਠੇ।
ਪਯਾਰ ਕਰੇ ਤੇ ਚਰਨੀ ਲਾਵੇ,
ਆਸ ਪਿਆਸ ਮਿਟਾਵੇ,
ਨੀਚਾਂ ਸਦਾ ਨਿਵਾਜੇ ਪਯਾਰਾ,
ਚਰਨਾਂ ਨਾਲ ਲਗਾਵੇ,

---

[1] ਮਖਦੂਮ ਜੀ ਦੇ ਅੰਤ ਸਮੇਂ ਦੀ ਸਤਿਗੁਰੂ ਨਾਨਕ ਪਾਸ ਅਰਦਾਸ ਘੱਲਣੀ ਤੇ ਸਤਿਗੁਰੂ ਜੀ ਦਾ ਉੱਤਰ, ਵੇਖੋ ਇਸ ਗ੍ਰੰਥ ਦਾ ਗਿਆਰਵਾਂ ਭਾਗ, ਵਿਚ ਸਿਰਲੇਖ-'ਮਖਦੂਮ ਬਹਾਵਦੀਨ' (ਲੇਖ ਨ:੯੦-ਪੰਨਾ:੩੧੦!

[2] ਮਖਦੂਮ ਰੁਕਨੁਲਦੀਨ ਅੱਬੁਲਫਤਹ ਸੱਯਦ ਜਲਾਲ ਸਾਨੀ ਉੱਚ ਦੇ ਪੀਰਾਂ ਵਿਚ ਹੋਏ ਹਨ। ਪਹਿਲੇ ਜਲਾਲ ੬੯੦ ਹਿ: ਵਿਚ ਸਨ। ਉਹਨਾਂ ਤੋਂ ਛੇਵੇਂ ਸਤਵੇਂ ਥਾਂ ਇਹ ਸਨ, ਜਿਨ੍ਹਾਂ ਦਾ ਸਮਾ ਗੁਰੂ ਜੀ ਦੇ ਵੇਲੇ ਆ ਢੁੱਕਦਾ ਹੈ।

ਪੁਰਤਾਨ ਜਨਮ ਸਾਖੀ ਵਿਚ ਇਹ ਸਾਖੀ ਮਖਦਮੂ ਬਹਾਵਦੀਨ ਕੁਰੈਸ਼ੀ ਨਾਲ ਹੋਈ ਦੱਸੀ ਹੈ। ਫਿਰ ਦੂਜੀ ਵੇਰ ਮਖਦੂਮ ਬਹਾਵਦੀਨ ਦਾ ਜ਼ਿਕਰ ਆਯਾ ਹੈ ਤਾਂ ਉਸ ਦੇ ਚਲਾਣੇ ਵੇਲੇ ਉਸ ਨੇ ਗੁਰੂ ਜੀ ਨੂੰ ਲਿਖਿਆ ਹੈ ਕਿ ਤੁਸੀਂ ਸੰਸਾਰ ਤੋਂ ਜਦੋਂ ਚੱਲੋ ਤਦੋਂ ਅਸੀਂ ਨਾਲ ਚੱਲੀਏ ਇਕੱਠੇ ਰੱਬ ਦੀ ਦਰਗਾਹੇ ਚੱਲੀਏ। ਤਾਂ ਗੁਰੂ ਬਾਬੇ ਉੱਤਰ ਘੱਲਿਆ ਕਿ ਤੁਸੀ ਚੱਲੋ ਅਸੀਂ ਚਾਲੀ ਦਿਨ ਪਿਛੋਂ ਆਵਾਂਗੇ ਤਾਂ ਪੀਰ ਰੋਇਆਂ, ਜੋ ਚਾਲੀਹ ਦਿਨ ਅਨ੍ਹੇਰੇ ਰਹਿਣਾ ਹੋਵੇਗਾ। ਏ ਯਾਰੋ ! ਉਹਨਾਂ ਦਿਨਾਂ ਨੂੰ ਮੈਂ ਰੋਂਦਾ ਹਾਂ ਜੋ ਕਿਉਂ ਕਰਿ ਗੁਜ਼ਰਾਨ ਹੋਵਣਗੇ। ਜੇ ਓਹੁ ਚਲਦੇ, ਤਾਂ ਸੁਖਾਲੇ ਚਾਨਣੇ ਨਾਲਿ ਜਾਂਦੇ। ਏਥੇ ਮਖਦੂਮ ਬਹਾਵਦੀਨ ਨੂੰ ਮੁਲਤਾਨ ਦਾ ਲਿਖਿਆ ਹੈ। ਜੇ ਕਦੀ ਪਰਾਤਨ ਜਨਮ ਸਾਖੀ ਵਾਲਾ ਮੁਲਤਾਨੀ ਮਖਦੂਮ ਸਤਿਗੁਰਾਂ ਨੂੰ ਮਿਲਿਆ ਹੈ ਤਾਂ ਗ਼ਾਲਬਨ ਉਹ ਬਹਾਉਦੀਨ ਮੁਲਤਾਨੀ ਦਾ ਗੱਦੀ ਨਸ਼ੀਨ ਪੀਰ ਸੀ। ਜੋ ਉੱਚ ਦਾ ਸੀ ਤਾਂ ਵਿਚਾਰ ਐਉਂ ਹੈ ਕਿ ਭਾਈ ਸੰਗਤ ਸਿੰਘ ਜੀ ਨੂੰ ਭਾ: ਲ਼ਖਮੀ ਚੰਦ, ਜੋ ੫੦ ਸਾਲ ਉੱਚ ਦੇ ਪੀਰਾਂ ਪਾਸ ਰਹੇ ਹਨ ਤੇ ਉਹਨਾਂ ਦੇ ਇਤਿਹਾਸ ਦੇ ਪਾਠਕ ਹਨ, ਨੇ ਦੱਸਿਆ ਹੈ ਕਿ ਜਦ ਗੁਰੂ ਨਾਨਕ ਜੀ ਮੱਕੇ ਗਏ ਹਨ ਤਦ ਮਖਦੂਮ ਰੁਕਨਦੀਨ, ਬਹਾਵਲ ਹੱਕ ਦਾ ਬਾਲਕਾ ਬਹਾਉਦੀਨ, ਸਾਹਿਬਜ਼ਾਦਾ ਬਾਲਕਾ ਜਤੀ ਲਾਲ ਤੇ ਸ਼ੇਖ ਬ੍ਰਾਹਮ ਏਹ ਚਾਰੇ ਫਕੀਰ ਬੀ ਓਥੇ ਸਨ ਤੇ ਗੁਰੂ ਜੀ ਨਾਲ ਓਥੇ ਗੋਸ਼ਟ ਹੋਈ ਸੀ। ਉੱਚ ਵਿਚ ਬੀ ਇਕ ਪੀਰ ਬਹਾਉਦੀਨ ਹਕਾਨੀ ਹੋਏ ਹਨ, ਸੋ ਏਹ ਗੱਲਾਂ ਹੋਰ ਖੋਜ ਦੀਆਂ ਮੁਥਾਜ ਹਨ।

ਪੁ: ਜਨਮ ਸਾਖੀ ਵਿਚ ਗੁਰਮੁਖਾਂ ਵਾਲੀ ਸਾਖੀ ਸਮੁੰਦਰ ਦੇ ਕੰਢੇ ਤੇ ਸਮੁੰਦਰ ਵਿਚ ਲਿਖੀ ਹੈ, ਪਰ ਇਕ ਥਾਂ 'ਦਰਯਾ' ਪਦ ਵਰਤਿਆ ਹੈ। ਜੇ ਕਦੇ ਮਖਦੂਮ ਜੀ ਕੋਈ ਉੱਚ ਵਾਲੇ ਪੀਰਾਂ ਵਿਚੋਂ ਸਨ, ਤਾਂ ਉੱਚ ਸ਼ਹਰ ਸਿੰਧ ਦਰਯਾ ਦੇ ਨੇੜੇ ਹੈ। ਅੱਗੇ ਉਹ ਮੁਸੱਲੇ ਤੇ ਚੜ੍ਹਕੇ ਸਮੁੰਦਰ ਵਿਚ ਜਾਂਦੇ ਹਨ ਜਿੱਥੇ ਗੁਰਮੁਖਾਂ ਦੇ ਦਰਸ਼ਨ ਹੁੰਦੇ ਹਨ। ਤਅੱਜਬ ਨਹੀਂ ਇਹ ਟਿਕਾਣਾ ਸੱਖਰ ਪਾਸ ਦਾ ਦਰਯਾ ਦੇ ਵਿਚਕਾਰ ਖਲਾ ਸਾਧ ਬੇਲੇ ਦਾ ਟਿਕਾਣਾ ਹੋਵੇ, ਪਰ ਮੁਨਾਰੇ ਦਾ ਜ਼ਿਕਰ ਹੋਣ ਕਰਕੇ ਸਮੁੰਦਰ ਜਾਪਦਾ ਹੈ ਤੇ ਮੁਨਾਰੇ ਤੋਂ ਸਮੁੰਦਰ ਦੇ ਚਾਨਣ ਮੁਨਾਰੇ ਦਾ ਸਹੀ ਹੁੰਦਾ/ਹੈ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਮਖਦੂਮ ਗੁਰਮੁਖਾਂ ਤੋਂ ਵਾਪਸ ਮੁੜਿਆ ਹੈ ਤਾਂ ਓਸ ਦਾ ਮੁਸੱਲਾ ਸਮੁੰਦਰ ਉਤੇ ਤੁਰਦਾ ਨਹੀਂ ਸੀ, ਅਗੇ ਲਿਖਿਆ ਹੈ, ਤਬ ਓਨਾਂ ਸਿਖਾਂ ਆਖਿਆ, ਸਤਿਗੁਰੂ ਨਾਨਕ ਨਾਉਂ ਲਿਖੁ ਜੋ ਤੇਰਾ ਮੁਸੱਲਾ ਚਲੈ'। ਤਬ ਸਤਿਗੁਰ ਨਾਨਕ ਲਿਖਿਆ, ਤਬ ਮਖਦੂਮ ਬਹਾਵਦੀ ਕਾ ਮੁਸੱਲਾ ਚਲਿਆ। ਤਬ ਬਾਬੇ ਪਾਸ ਆਇਆ, ਸਲਾਮ ਕਰਿਕੈ ਬੈਠਿ ਗਇਆ। ਤਬ ਬਾਬੇ ਪੁਛਿਆ ਕਿਆ ਡਿਠੋ ਮਖਦੂਮ ਬਹਾਵਦੀ? ਤਬ ਮਖਦੂਮ ਬਹਾਵਦੀ ਆਖਿਆ, 'ਜੀ ਤੂੰ ਸਭ ਕੁਛ ਜਾਣਦਾ ਹੈਂ, ਤੇਰਿਆ ਦਾਸਾਂ ਦਾ ਸਦਕਾ ਤਉਂ ਤਾਈਂ ਆਇ ਪਹੁੰਚਾ ਹਾਂ। ' ਇਸ ਤੋਂ ਸਿਧ ਹੁੰਦਾ ਹੈ ਕਿ ਓਹ ਲੋਕ, ਜਿਨ੍ਹਾਂ ਪਾਸ ਫਕੀਰ ਗਿਆ ਸੀ, ਗੁਰੂ ਨਾਨਕ ਦੇਵ ਜੀ ਦੇ ਸਿਖ ਸਨ ਤੇ ਇਸ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਿਸ ਉਚੇ ਦਰਜੇ ਦੇ ਗੁਰਮੁਖ ਗੁਰੂ ਸੀ, ਗੁਰੂ ਨਾਨਕ ਦੇਵ ਜੀ ਦੇ ਸਿਖ ਸਨ ਤੇ ਇਸ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਿਸ ਉਚੇ ਦਰਜੇ ਦੇ ਗੁਰਮੁਖ ਗੁਰੂ ਜੀ ਨੇ ਪੈਦਾ ਕਰ ਦਿਤੇ ਸੇ ਜੋ ਕਰਾਮਾਤੀ ਫ਼ਕੀਰਾਂ ਨੂੰ ਬੀ ਸੁਮੱਤਿ ਦੇਂਦੇ ਸਨ।

[3] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੪ (੫ ਨਵੰਬਰ ੧੯੨੨) ਨੂੰ ਗੁਰਪੁਰਬ ਪੁੰਨਮ ਪਰ ਖਾ: ਸਮਾ: ਵਿਖੇ ਪ੍ਰਕਾਸ਼ਿਆ ਸੀ।

[4] ਉਨ ਸੇਵਾ ਭਾਉ ਬਹੁਤ ਕੀਤਾ। {ਪੁ: ਜ: ਸਾਖੀ }

ਉਸ ਗੁਰ ਨੇ ਦੋ ਪਜਾਰ ਓਸ ਨੂੰ, "ਸਤਿ ਕਰਤਾਰ" ਸੁਣਾਯਾ
"ਧੰਨ ਦਾਤਾ ਧੰਨ ਦਾਤਾ!!" ਕਹਿਕੇ ਇਕ ਪਰਸ਼ਾਦਾ ਚਾਇਆ।
ਸੈਦੋ ਵੱਲੇ ਤੱਕੇ ਪ੍ਰਭੂ ਜੀ, ਆਖਣ: "ਲੈ ਤੂੰ ਪਜਾਰੇ!
ਦਾਤ ਰੱਬ ਦੀ ਸਮਝ ਏਸ ਨੂੰ ਹਿਰਦੇ ਰੱਬ ਚਿਤਾਰੇ"?
ਦੂਜਾ ਚੁਕ ਸੀਹੇਂ ਨੂੰ ਦਿੱਤਾ, ਆਖਯਾ "ਸ਼ੁਕਰ ਕਰਾਓ,
ਦਾਤ ਰਬ ਦੀ ਸਮਝ ਏਸ ਨੂੰ "ਦਾਤਾ ਯਾਦ ਕਰਾਓ,
ਕਰ ਸ਼ੁਕਰਾਨਾ ਦਾਤ ਰੱਬ ਦੀ ਪਜਾਰ ਨਾਲ ਫਿਰ ਖਾਓ,
ਪਜਾਰ ਪਕਾਈ, ਪਜਾਰੇ ਖ਼ਾਤਰ ਖਾਕੇ ਸ਼ੁਕਰ ਮਨਾਓ"।
ਸੈਦੋ ਦੇ ਹੰਝੂ ਭਰ ਆਏ, ਲੂੰ ਕੰਡੇ ਹੋ ਆਏ,
ਗਦ ਗਦ ਹੋ ਸਤਿਗੁਰ ਵੱਲ ਤੱਕੇ, ਮੂੰਹੋਂ "ਸ਼ੁਕਰ" ਅਲਾਏ,
ਆਖੇ: "ਧੰਨ ਗ਼ਰੀਬ ਨਿਵਾਜਾ! ਤੂੰ ਅਰਸ਼ਾਂ ਤੋਂ ਆਇਆ,
ਤੂੰ ਦੀਨਾਂ ਨੂੰ ਚਰਨੀ ਲਾਯਾ, ਨਿਕਿਆਂ ਤੂੰ ਵਡਿਆਇਆ"।
ਇਹ ਕਹਿਕੇ ਦਿਲ ਸ਼ੁਕਰ ਭਰ ਰਹੇ, ਦੋਹਾਂ ਨੇ ਸੁਖ ਪਾਇਆ,
ਨਾਲ ਪਿਆਰ ਅੰਨ ਉਹ ਛਕਿਆ, ਸ੍ਵਾਦ ਅੰਮ੍ਰਿਤ ਦਾ ਪਾਇਆ।
ਸਤਿਗੁਰ ਨੇ ਫਿਰ ਪਜਾਰ ਅੰਨ ਓ ਅਪਣੇ ਮੂੰਹ ਵਿਚ ਪਾਇਆ,
ਫਿਰ ਬਾਢੀ ਨੂੰ ਸਤਿਗੁਰ ਦਿੱਤਾ ਸ਼ੁਕਰ ਸ਼ੁਕਰ ਕਰ ਖਾਇਆ।
ਰਾਤ ਅਰਾਮ ਉਸੇ ਝੁੱਗੀ ਵਿਚ ਚੌਹਾਂ ਨੇ ਰਲ ਕੀਤਾ,
ਅਰਸ਼ੀ ਜੋਤਿ ਪਰਾਲੀ ਮੰਜੀ ਰੈਣ ਬਸੇਰਾ ਲੀਤਾ।
ਦਿਨ ਹੋਏ ਸਤਿਗੁਰ ਜੀ ਉੱਠੇ ਮੰਜੀ ਤੋੜ ਵਗਾਹੀ,
ਝੁੱਗੀ ਭੰਨ ਦੂਰ ਕਰਿ ਦਿੱਤੀ, ਅਪਣੇ ਹੱਥੀਂ ਢਾਹੀ।
ਕਰਕੇ ਇਹ ਕੌਤਕ ਗੁਰ ਟੁਰ ਪਏ, ਸਨੇ ਸਨੇ ਚਲਿ ਆਏ,
ਇਕ ਦੋ ਦਿਨ ਰਸਤੇ ਵਿੱਚ ਬੀਤੇ, ਇਕ ਥਾਂ ਫਿਰ ਠਹਿਰਾਏ
ਫਿਰ ਟੁਰ ਪਏ ਅਗਾਹਾਂ ਗੁਰ ਜੀ ਸੈਦੋ ਅਤਿ ਘਬਰਾਏ।
ਹਥ ਜੋੜ ਕੇ ਖੜ ਗਿਆ ਸੈਦੋ, ਤੇ ਏ ਵਾਕ ਅਲਾਏ:-
"ਕਿਸੇ ਨ ਸਾਨੂੰ ਜਾਗਾ ਦਿੱਤੀ, ਕਿਸੇ ਨ ਪਾਣੀ ਪੁੱਛਜਾ,
ਆਦਰ ਕਿਸੇ ਨ ਓਥੇ ਦਿੱਤਾ, ਜੋ ਮਿਲਿਆ ਸੋ ਲੁੱਛਜਾ,
ਜਿਸ ਨੇ ਰੈਣ-ਬਸੇਰਾ ਦਿੱਤਾ, ਰੋਟੀ ਨਾਲੇ ਪਾਣੀ,
ਉਸ ਦੀ ਮੰਜੀ ਤੋੜ ਵਗਾਹੀ, ਝੁੱਗੀ ਉਸ ਦੀ ਢਾਣੀ!
ਨੇਕੀ ਬਦਲੇ ਜੋ ਕੁਛ ਕੀਤਾ, ਸਮਝ ਨ ਮੇਰੀ ਆਇਆ।
ਮੈਨੂੰ ਚੈਨ ਨਹੀਂ, ਦਿਲ ਦੁਖਦਾ, ਕੀ ਕੌਤਕ ਵਰਤਾਇਆ?"
ਸੁਣ ਦਿਲ ਪੀੜਾ ਸੁਦੋ ਦੀ ਤਦ ਜਗਤ ਨਾਥ ਮੁਸਕਾਏ,
ਜਿੱਥੇ ਖੜੇ ਆਪ ਸਨ ਓਥੇ ਬਹਿ ਗਏ ਚਉਕੜ ਲਾਏ;
ਕਹਿਣ ਲੱਗੇ: "ਸੈਦੋ! ਤੂੰ ਮੁੜ, ਜਾ, ਜਾ ਫਿਰ ਓਸੇ ਜਾਗਾ।
ਕਾਰਣ ਜਾਣਨ ਨਾਲੋਂ ਪਜਾਰੇ! ਆਪ ਦੇਖ ਫਿਰ ਆ ਜਾ। "
ਪਰਤਿਆ ਓਥੋਂ ਸੈਦੋ ਸੀ, ਫਿਰ ਉਸ ਥਾਉਂ ਤੇ ਆਇਆ,
ਜਿੱਥੇ ਮੰਜੀ ਭੰਨੀ ਹੈਸੀ, ਝੁੱਗਾ ਤੋੜ ਗੁਆਇਆ।
ਕੀ ਦੇਖੈ? ਮਜ਼ਦੂਰਾਂ ਦੀ ਇਕ ਭੀੜ ਲੱਗੀ ਹੈ ਭਾਰੀ।

ਮੰਦਰ ਉਸਰ ਰਿਹਾ ਸੀ ਸੁਹਣਾ,
ਲੱਗੀ ਖ਼ੂਬ ਉਸਾਰੀ।
ਢੂੰਡ ਭਾਲ ਉਹ ਬਾਢੀ ਲੱਧਾ,
ਉਸ ਬੀ ਸੀਸ ਨਿਵਾਇਆ।
ਚਾਉ ਭਰੇ ਆਦਰ ਅਤਿ ਦਿੱਤਾ,
ਸਦਕੇ ਜਾਇ ਘੁਮਾਇਆ।
ਸੈਦੋ ਕਿਹਾ: "ਦੱਸ ਭਈ ਬੇਲੀ!
ਇਹ ਕੀ ਰੰਗ ਬਣਾਇਆ।
ਝੁੱਗੀ ਦੀ ਥਾਵੇਂ ਏ ਮੰਦਰ
ਕੀਕੂੰ ਰਚਨ ਰਚਾਇਆ?"
ਹੱਥ ਜੋੜ ਉਸ ਕਿਹਾ: "ਸੰਤ ਜੀ!
ਸਭ ਗੁਰ ਨਾਨਕ ਮਾਇਆ,
ਜਿਸ ਢਾਇਆ ਤੇ ਭੰਨ ਗੁਆਯਾ,
ਉਸ ਇਹ ਮੰਦਰ ਪਾਇਆ।
ਜਦੋਂ ਤੁਸੀਂ ਢਾਹ ਝੁੱਗੀ ਮੇਰੀ
ਟੁਰ ਗਏ ਸਾਰੇ ਭਾਈ!
ਮੈਂ ਖੁਸ਼ ਹੋਇਆ: ਭਲਾ ਏਸ ਵਿਚ
ਸੁਖ ਵਿਚ ਰਹਿਣ ਰਜ਼ਾਈ।
ਜੋ ਗੁਰ ਕੀਤਾ ਓਹੋ ਸ਼ੁਭ ਹੈ,
ਗੁਰੂ ਅਭੁੱਲ ਸਦਾਈ।
ਹੁਕਮ ਸਿਖਾਇਆ ਉਸ ਨੇ ਮੈਨੂੰ
ਬਣਦੀ ਹੁਕਮ ਕਮਾਈ।
ਫਿਰ ਮੈਂ ਕਹੀ ਲਈ ਤੇ ਪੁੱਟਿਆ,
ਟੋਏ ਨਵੇਂ ਕਢਾਵਾਂ,
ਮੁੜ ਲੱਕੜ ਦੇ ਥੰਮ੍ਹੇਂ ਗੱਡਾਂ,
ਕੁੱਲੀ ਫੇਰ ਬਨਾਵਾਂ।
ਕੀ ਵੇਖਾਂ ਧਨ ਮਾਲ ਨਾਲ ਕੁਛ
ਭਰੇ ਤਾਵੜੇ ਦੱਬੇ।
ਕਰ ਹਿੰਮਤ ਉਹ ਬਾਰ੍ਹ ਕਢਾਏ,
ਲੁਕੇ ਖ਼ਜ਼ਾਨੇ ਲੱਭੇ।
ਉਸ ਧਨ ਨੂੰ ਮੈਂ ਸਾਂਭ, ਗੁਰਾਂ ਨੂੰ
ਯਾਦ ਕਰਾਂ ਸੁਖ ਪਾਵਾਂ,
ਧਰਮਸਾਲ ਹੁਣ ਨਾਉਂ ਉਨ੍ਹਾਂ ਤੇ
ਮੈਂ ਏਥੇ ਉਸਰਾਵਾਂ।
ਆਇਆ ਗਿਆ ਪਾਇ ਸੁਖ ਏਥੇ,
ਸਤਿਸੰਗਤ ਬਣ ਜਾਵੇ,

"ਨਾਮ ਰੱਬ ਦਾ ਜਾਪ ਏਸ ਥਾਂ, ਕੀਰਤਿ ਰੰਗ ਲਗਾਵੇ"।
ਤਦ ਸੈਦੋ ਉਠ ਭੱਜਾ ਓਥੋਂ ਸਤਿਗੁਰ ਸ਼ਰਨੀ ਆਇਆ,
ਢੈ ਚਰਨਾਂ ਤੇ ਸੀਸ ਨਿਵਾਯਾ ਡਿੱਠਾ ਹਾਲ ਸੁਣਾਇਆ।
ਸੁਣ ਸੀਹੋਂ ਫਿਰ ਸ਼ੁਕਰ ਨਾਲ ਉਠ ਰੋ ਕੇ ਚਰਨੀ ਢੱਠਾ,
"ਧੰਨ ਨਾਨਕ! ਤੂੰ ਸਤਿਗੁਰ ਨਾਨਕ!! ਡਿੱਠੀਆਂ ਪਾਪ ਪਣੱਠਾ"।
ਰੱਬ ਗੁਰਾਂ ਦੀ ਕਰਨੀ ਡਾਢੀ ਸਾਨੂੰ ਸਮਝ ਨ ਆਵੇ,
"ਬੇਸਿਦਕਾ ਦਿਲ ਸਦਾ ਅਸਾਡਾ ਐਵੇਂ ਹੈ ਘਬਰਾਵੇ।
"ਜੋ ਕੁਛ ਕਰੇ ਸੁ ਕਰੇ ਸੁਹਾਵਾ, ਫਲ ਉਸ ਦਾ ਹੈ ਮਿੱਠਾ,
"ਭਾਣਾਂ ਅਸੀਂ ਸਮਝਿਆ ਨਾਹੀਂ, ਹੁਕਮ, ਨ ਪੜ੍ਹਿਆ ਚਿੱਠਾ,
"ਸਾਨੂੰ ਸਮਝ ਰਜ਼ਾ ਦੀ ਨਾਹੀਂ, ਐਵੇਂ ਹਹੁਕੇ ਭਰੀਏ,
"ਭਾਣੇ ਨਾਲ ਅਜੋੜ ਰਖਾਈਏ, ਗੁੱਸਾ ਜੀ ਵਿਚ ਕਰੀਏ।
"ਚਾਹੀਏ ਹੁਕਮ ਰੱਬ ਵਿਚ ਖੇਲਨ ਉਸ ਵਿਚ ਲੋਅ ਲਗਾਈਏ।
"ਜੋ ਕਿਛ ਕਰੇ ਭਲਾ ਕਰ ਗਿਣੀਏ ਇਹ ਅਰਦਾਸ ਕਰਾਈਏ।

"ਕਰ ਮਿਹਰਾਤਮ, ਦਾਨ ਦਈਂ
ਇਹ ਰਹੀਏ ਸਦਾ ਰਜਾਈ।
"ਮਿੱਠਾ ਕਰਕੇ ਹੁਕਮ ਮੰਨੀਏਂ,
ਜੋ ਵਰਤੇ ਸੁਖਦਾਈ।
"ਜੋ ਹੋਵੇ ਸੋ ਹੁੰਦਾ ਜਾਵੇ,
ਚੋਟ ਅਸੀਂ ਨਾਂ ਖਾਈਏ।
"ਹੁਕਮ ਸਮਝਕੇ ਡੋਲੀਏ ਨਾਹੀਂ,
ਸਦਾ ਅਡੋਲ ਰਹਾਈਏ।
"ਚਾਉ ਭਰੇ ਫਿਹ ਨਾਮ ਰੰਗ ਵਿਚ,
ਰੱਤੇ ਸਦਾ ਰਹਾਈਏ।
"ਤੇਰੀ ਬਖਸ਼ਿਸ਼ ਤੇਰੀ ਦਾਇਆ
ਤੇਰੇ ਸਦਾ ਸਦਾਈਏ:"

-o-

-॥ਇਤੀ॥-

# ੮. ਅਰਸ਼ੀ ਦਾਤੇ ਜੀ ਦੀ ਤੀਜੀ ਉਦਾਸੀ।

ਸਤਿਗੁਰ ਨਾਨਕ ਦੇਵ ਜੀ ਦੀ ਉਸਤੁਤੀ[1]।

(ਅਮੁਸ਼ਟਪ ਪ੍ਰਮਾਣਕਾ ਛੰਦ)

ਅਨਾਥ ਨਾਥ ਏਕ ਤੂੰ, ਸਨਾਥ ਨਾਥ ਟੇਕ ਤੂੰ,
ਨਿਥਾਵਿਆਂ ਸਥਾਉਂ ਤੂੰ, ਨਿਓਟਿਆਂ ਦੀ ਛਾਉਂ ਤੂੰ ॥੧॥
ਨਿਮਾਣਿਆਂ ਤੂੰ ਮਾਣਦਾ, ਨਿਤਾਣਿਆਂ ਸਿਆਣਦਾ,
ਜਿਮੀਂ ਪਿਆ ਜੁ ਪਾਂਵਦਾ, ਗਲੇ ਵਿਖੇ ਲਗਾਂਵਦਾ ॥੨॥
ਕਿਸੇ ਨੂੰ ਜੇ ਕਦੇ ਕਿਤੇ, ਡੁਬੰਦਿਆਂ ਤੂੰ ਹੈਂ ਪਿਖੇਂ,
ਬਚਾਂਵਦਾ ਰਖਾਂਵਦਾ, ਤਰਾਂਵਦਾ ਪੁਚਾਂਵਦਾ ॥੩॥
ਵਿਗਾੜਿਆਂ ਸੁਆਹ ਦੇਂ, ਸੁਆਰਿਆਂ ਸ਼ਿੰਗਾਰ ਦੇਂ
ਸ਼ਿੰਗਾਰਿਆਂ ਮਿਲਾਇਦੇਂ, ਪ੍ਰਭੂ ਗਲੇ ਲਗਾਇ ਦੇਂ ॥੪॥
ਅਹੋ ਪ੍ਰਭੂ ! ਤੁਠੋ ਤੁਸੀਂ, ਕਰੋ ਕ੍ਰਿਪਾ ਦੁਖੀ ਅਸੀਂ,
ਤਰਾ ਲਓ, ਬਚਾ ਲਓ, ਲੜਾਪਣੇ[2] ਲਗਾ ਲਓ ॥੫॥
ਬਲੀ ਤੁਸੀਂ ਬਚਾਣ ਨੂੰ, ਸ਼ਰਣਾਗਤਾਂ ਨੂੰ ਮਾਣ ਤੂੰ,
ਦਰਾਗਏ[3] ਬਚਾ ਲਓ, ਤਿ ਢੱਠਿਆਂ ਤਰਾ ਲਓ ॥੬॥

---

[1] ਇਹ ਗੀਤ ੧੭ ਕੱਤਕ ੧੯੭੯ ਬਿ:ਸੰ:ਗੁ:ਨਾ:ਸਾ; ੪੫੪ (੧੯੨੨ ਈ:) ਨੂੰ ਗੁਰਪੁਰਬ ਪੁੰਨਮ ਪਰ ਖਾ: ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।
[2] ਲੜ ਆਪਣੇ।
[3] ਦਰ ਆ ਗਏ

ਸੂਚਨਾ-ਇਸ ਤਰ੍ਹਾਂ ਰਵਦੇ ਰਵਦੇ ਫੇਰ ਕਰਤਾਰ ਪੁਰ ਆ ਗਏ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ 'ਤਬ ਘਰਿ ਆਏ। ਕੋਈ ਦਿਨ ਘਰਿ ਰਹੇ'। ਹੁਣ ਘਰ ਤੋਂ ਮੁਰਾਦ ਕਰਤਾਰ ਪੁਰ ਦੀ ਹੈ ਜੋ ਇਸ ਜਨਮ ਸਾਖੀ ਦੇ ਲਿਖੇ ਮੂਜਬ ਪਹਿਲੋਂ ਬਣਾ ਗਏ ਹੋਏ ਹਨ; ਕੁਛ ਦਿਨ ਕਰਤਾਰ ਪੁਰ ਰਹਿਕੇ ਦੇਸ ਵਿਚ ਦੂਰ ਨੇੜੇ ਥੋੜਾ ਥੋੜਾ ਫਿਰੇ ਹਨ। ਫੇਰ ਤੀਸਰੀ ਉਦਾਸੀ ਉਤ੍ਰਾ ਖੰਡ ਦੀ ਧਾਰੀ। ਪਿਛਲੀ ਵੇਰ ਮਾਤਾ ਪਿਤਾ ਦੇ ਉਧਾਰ ਕਰਕੇ ਬਾਹਰ ਗਏ ਸਨ, ਹੁਣ ਸਸ ਸਹੁਰੇ ਦਾ ਉਧਾਰ ਕੀਤਾ, ਜਿਸ ਦੀ ਕੁਛਕੁ ਵਾਰਤਾ ਅਗਲੇ ਪ੍ਰਸੰਗ ਵਿਚ ਹੈ।

## ੨੦. ਅਜਿੱਤਾ ਰੰਧਾਵਾ[1]।

ਮਾਲੀ ਹੀ ਫੁਲ ਲਗਾਂਦਾ, ਮਾਲੀ ਹੀ ਪਾਲਦਾ ਹੈ; ਮਾਲੀ ਹੀ ਕੱਟ ਸ਼ਾਖੋਂ, ਕਰ ਵੱਖ ਵਿਖਾਲਦਾ ਹੈ; ਵਿਚ ਫੂਲ ਦਾਨ ਚਿਣਦਾ ਫੁੱਲਾਂ ਨੂੰ ਹੈ ਸਜਾਂਦਾ; ਆਪ ਹੀ ਫੂਲ ਦਾਨੋਂ, ਫਿਰ ਦੂਰ ਹੈ ਕਰਾਂਦਾ। ਗ਼ਾਫਲ ! ਤੂੰ ਕਿਉਂ ਨ ਸੋਚੇਂ, ਰਹਿਣਾ ਸਦਾ ਨਹੀਂ ਹੈ। ਇਸ ਬਾਗ਼ ਵਿਚ ਝੁਮੰਦਿਆਂ, ਮਸਤੀ ਰਵਾ ਨਹੀਂ ਹੈ। ਬੀਤੀ ਹੈ ਰਾਤ ਸਾਰੀ, ਤਾਰੇ ਲਟਕ ਗਏ ਹਨ, ਹੋਈ ਹੈ ਭੋਰ, ਗ਼ਾਫਲ ਨੈਣਾਂ ਮਿਟੇ ਪਏ ਹਨ। ਉਠ ਜਾਗ, ਕਰ ਤਿਆਰੀ ਘੜਿਆਲ ਵਜ ਰਹੇ ਹਨ; ਤੇਰੇ ਪਲੰਘ ਦੁਲੀਚੇ, ਹਾਲੇ ਬੀ ਸਜ ਰਹੇ ਹਨ! ਪੈਂਡਾਂ ਹੈ ਦੂਰ ਗ਼ਾਫਲ! ਤੋਸ਼ਾ ਬਨਾ, ਹੈ ਵੇਲਾ। ਸੁਤਿਆਂ ਜਿ ਬੀਤੇ ਇਹ ਬੀ ਹੋਸੀ ਸਫਰ ਦੁਹੇਲਾ। ਉਠ ਜਾਗ, ਜਾਗ ਬਹਿਜਾ, ਅੰਮ੍ਰਿਤ ਵਸਨ ਫੁਹਾਰੇ, ਕਰ ਕੌਲ ਦਿਲ ਦਾ ਸਿੱਧਾ, ਭਰ ਭਰ ਕੇ ਪੀ ਪਿਆਰੇ! ਪੀ ਪੀ ਕੇ ਹੋ ਜਾ ਖੀਵਾ, ਖੀਵਾ ਹੋ ਆਪ ਜਾਣੀਂ, ਆਪੇ ਦੀ ਪੀਂਘ ਚੜ੍ਹ ਕੇ, ਪਜਾਰੇ ਦੇ ਰੰਗ ਮਾਣੀਂ।

ਅੰਮ੍ਰਿਤ ਵੇਲੇ ਇਕ ਵੈਰਾਗ ਮਈ ਧੁਨਿ ਆ ਰਹੀ ਹੈ, ਗਲੀ ਵਿਚ ਕੋਈ ਰਮਤਾ ਡਾਢੀ ਲਟਕ ਵਿਚ ਕੁਛ ਗਾਉਂ ਰਿਹਾ ਹੈ। ਕਦੇ ਅਟਕ ਜਾਂਦਾ ਹੈ, ਕਦੇ ਟੁਰ ਪੈਂਦਾ ਹੈ, ਕਦੇ ਚੁੱਪ ਹੋ ਜਾਂਦਾ ਹੈ, ਕਦੇ ਫੇਰ ਸੁਰ ਛੇੜ ਦੇਂਦਾ ਹੈ। ਹੁਣ ਆਸਾ ਦੀ ਸੁਰ ਛਿੜੀ ਹੈ ਤੇ ਬੜੀ ਮਿੱਠੀ ਤਾਸੀਰ ਤੇ ਠਹਿਰਾਵੀਂ ਲੈ ਵਿਚ ਇਹ ਸ਼ਬਦ ਗਾਵਿਆਂ ਗਿਆ:-

ਆਸਾ ਮਹਲਾ ੧ ॥

ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥ ੧ ॥ ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥ ੧ ॥ ਰਹਾਉ ॥ ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥ ੨ ॥ ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥ ੧ ॥ ਰਹਾਉ ॥ ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥ ੩ ॥ ਅਜੈ ਸੁ ਜਾਗਉ ਆਸ ਪਿਆਸੀ ॥ ਭਈ ਲੇ ਉਦਾਸੀ ਰਹਉ ਨਿਰਾਸੀ ॥ ੧ ॥ ਰਹਾਉ ॥ ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥ ੪ ॥ ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥ ੧ ॥ ਰਹਾਉ ॥ ੨੬ ॥

ਇੱਕੁਰ ਹੀ ਗਾਉਂਦਾ ਕਈ ਗਲੀਆਂ ਫਿਰ ਆਇਆ ਹੈ। ਜਿਸ ਘਰ ਅੱਗੇ ਇਹ ਰਮਤਾ ਇਸ ਵੇਲੇ ਖੜਾ ਗਾ ਰਿਹਾ ਹੈ, ਉਸ ਦੇ ਅੰਦਰ ਇਸ ਮਧੁਰ ਧੁਨਿ ਨੇ ਸੁੱਤਿਆਂ ਦੀ ਜਾਗ ਖੋਹਲ ਦਿੱਤੀ ਹੈ। ਮਰਦ ਆਪਣੀ ਤ੍ਰੀਮਤ ਨੂੰ ਪੁੱਛਦਾ ਹੈ, ਇਹ ਕੌਣ ਹੈ ਜੋ ਇਸ ਵੇਲੇ ਗਲੀ ਵਿਚ ਆ ਮੁਹਾਰਾ ਗਾਉਂਦਾ ਹੈ। ਨਵੇਂ ਖਿਆਲ ਹਨ, ਨਵਾਂ ਰੰਗ ਹੈ, ਸੁਰ ਸੁਰੀਲੀ ਤੇ ਦਿਲ ਖੁਭਵੀਂ ਹੈ।

ਤ੍ਰੀਮਤ-ਇਹ ਉਹੋ ਨਾਥ ਸ਼ਿਵ ਨਾਥ ਹੈ, ਜੋ ਅਚੱਲ ਹੁੰਦਾ ਸੀ ਤੇ ਤਪ ਤਪਦਾ ਸੀ, ਤੁਸਾਂ ਜਿਸ ਨਾਲ ਜੋਗ ਦੀਆਂ ਗੱਲਾਂ ਕਰਕੇ ਕੁਛ ਦਿਨ ਤਪ ਤਪੇ ਸਨ। ਸ਼ੁਕਰ ਹੈ ਜੋ ਛੇਤੀ ਮੋੜੇ ਪੈ ਗਏ ਸਨ, ਨਹੀਂ ਤਾਂ ਅਜ ਪਤਾ ਨਹੀਂ ਤੁਸੀਂ ਬੀ ਕਿਥੇ ਰਮਤੇ ਹੁੰਦੇ।

ਮਰਦ-ਇਹ ਤਾਂ ਬੜਾ ਆਕੜ ਖਾਂ ਸੀ, ਇਹ ਗਲੀਆਂ ਵਿਚ ਕੀਕੂੰ ਪਿਆ ਰਮਦਾ ਹੈ?

---

[1] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੬ {੨੧ ਨਵੰਬਰ ੧੯੩੪ ਈ:} ਨੂੰ ਗੁਰਪੁਰਬ ਪੂੰਨਮ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਤ੍ਰੀਮਤ-ਹੁਣ ਇਹ ਜੋਗੀ ਨਹੀਂ ਰਿਹਾ, ਤਪ ਨਹੀਂ ਤਪਦਾ, ਇਸ ਨੂੰ ਕੋਈ ਮਿਲਿਆ ਹੈ, ਉਸ ਦਾ ਰੰਗ ਚੜ੍ਹ ਗਿਆ ਸੂ।

ਮਰਦ-ਕੌਣ ਮਿਲਿਆ ਸੂ?

ਤ੍ਰੀਮਤ-ਹਾਂ, ਆਖਦੇ ਹਨ, ਕਲਜੁਗ ਵਿਚ ਤਪੀਏ ਤਪ ਹੀ ਤਪਦੇ ਹਨ, ਮੁਸ਼ਕਦਾ ਕੋਈ ਨਹੀਂ। ਪਰ ਇਕ ਅਚਰਜ ਵਰਤਿਆ ਹੈ, ਕੋਈ ਨਾਨਕ ਤਪਾ ਹੈ, ਉਹ ਕਲਜੁਗ ਵਿਚ ਮੁਸ਼ਕਿਆ ਹੈ। ਇਹ ਜੋਗੀ ਉਸ ਨੂੰ ਮਿਲਿਆ ਹੈ, ਉਸ ਦੇ ਰੰਗ ਰੱਤਾ ਗਿਆ ਹੈ। ਭਾਠੀਆਂ ਪੋਚੇ ਛਡ ਬੈਠਾ ਹੈ, ਧੂਣੀ ਬੁਝਾ ਘੱਤੀ ਸੁ, ਦੋ ਰੋਟੀਆਂ ਦੁਪਹਿਰੇ ਲੈ ਜਾਂਦਾ ਹੈ, ਫੇਰ ਪਤਾ ਨਹੀਂ ਦਿਹਾੜੀ ਕਿੱਥੇ ਰਹਿੰਦਾ ਹੈ, ਸਵੇਰ ਸਾਰ ਗਲੀਆਂ ਵਿਚ ਫੇਰੀ ਪਾਉਂਦਾ ਹੈ, ਸੁਤਿਆਂ ਨੂੰ ਟੁੰਬ ਜਗਾਉਂਦਾ ਹੈ ਜੇ ਕੋਈ ਜਾ ਮਿਲੇ ਸੁ ਤਾਂ ਰਾਹੇ ਪਾ ਦੇਂਦਾ ਹੈ। ਇਕ ਗਲ ਹੁਣ ਡਾਢੀ ਚੰਗੀ ਸੁ ਕਿਸੇ ਨੂੰ ਘਰੋਂ ਬਾਰੋਂ ਪੱਟ ਨਹੀਂ ਗੁਆਂਦਾ, ਆਖਦਾ ਹੈ, "ਗ੍ਰਿਹਸਤ ਦੇ ਵਿਚੇ ਰਹੋ ਜਿਵੇਂ ਕਮਲ ਪਾਣੀ ਵਿਚ ਰਹਿੰਦਾ ਹੈ"। ਹੁਣ ਲੋਕਾਂ ਦੇ ਅੱਗੇ ਵਾਂਙੂ ਝੁੱਗੇ ਨਹੀਂ ਪੱਟਦਾ ਫਿਰਦਾ।

ਮਰਦ-ਤੈਨੂੰ ਐਨੇ ਪਤੇ ਕੀਕੂੰ ਲਗ ਗਏ?

ਤ੍ਰੀਮਤ-ਤ੍ਰੀਮਤਾਂ ਜੋਗੀਆਂ ਦੇ ਪਤੇ ਰਖਦੀਆਂ ਹਨ, ਝੁੱਗੇ ਪੱਟ ਜੁ ਹੋਏ ਜੋਗੀ।

ਮਰਦ-'ਅੰਮ੍ਰਿਤ' ਕੀ ਆਖਦਾ ਪਿਆ ਏ।

ਤ੍ਰੀਮਤ-ਪਤਾ ਨਹੀਂ, ਮੈਂ ਸੁਣਿਆ ਹੈ, ਨਵੇਂ ਮੁਸ਼ਕੇ ਤਪੇ ਨੇ ਸਵੇਰਾਂ ਦਾ ਨਾਉ 'ਅੰਮ੍ਰਿਤ ਵੇਲਾ' ਧਰਿਆ ਹੈ ਤੇ ਆਖਦਾ ਹੈ ਜੋ ਏਸ ਵੇਲੇ ਨਾ ਸਵਿਆਂ ਕਰੋ, ਐਸ ਵੇਲੇ ਜਾਗ ਕੇ ਕੁਛ ਕਰਿਆ ਕਰੋ, ਉਸ ਨੂੰ ਇਹ ਜੋਗੀ ਭਜਨ ਆਖਦਾ ਹੈ। ਕਹਿੰਦਾ ਹੈ ਐਸ ਵੇਲੇ ਭਜਨ ਕਰਨਾ ਸਭ ਪਾਪ ਕੱਟ ਦੇਂਦਾ ਹੈ ਤੇ ਗ੍ਰਿਹਸਤੀ ਬੀ ਜੋਗੀਆਂ ਤੁੱਲ ਹੋ ਸਕਦਾ ਹੈ। ਦਿਹਾੜੀ ਕਾਰ ਵਿਹਾਰ ਕਰੋ, ਅੰਮ੍ਰਿਤ ਵੇਲੇ ਰੱਬ ਦਾ ਭਜਨ ਕਰੋ, ਫੇਰ ਕੋਈ ਲੋੜ ਨਹੀਂ ਕਰੜੇ ਹਠਾਂ, ਤਪਾਂ, ਧੂਣੀਆਂ, ਸੁਆਹ ਧਾਰਨ ਤੇ ਘਰ ਛੱਡਣ ਦੀ। ਨਾਲੇ ਇਕ ਹੋਰ ਅਲੋਕਾਰ ਦੀ ਗੱਲ ਦੱਸਦਾ ਹੈ ਜੋ ਤ੍ਰੀਮਤਾਂ ਬੀ ਭਜਨ ਲੈਣ ਤੇ ਅੰਮ੍ਰਿਤ ਵੇਲੇ ਜਾਗਣ ਤੇ ਚਾਰ ਘੜੀਆਂ ਭਜਨ ਕਰਨ, ਫੇਰ ਸਾਰਾ ਦਿਨ ਘਰ ਦਾ ਕੰਮ ਪਈਆਂ ਕਰਨ, ਕਲਿਆਨ ਹੋ ਜਾਏਗੀ। ਪਿੰਡ ਦੇ ਬ੍ਰਾਹਮਣ ਤੇ ਮਠ ਦੇ ਜੋਗੀ ਡਾਢੇ ਖੁਣਸਦੇ ਹਨ, ਆਖਦੇ ਹਨ, ਤ੍ਰੀਮਤ ਦਾ ਧਰਮ ਹੈ ਨਿਰੀ ਪਤਿ-ਸੇਵਾ ਤੇ ਗ੍ਰਿਹਸਤੀ ਮਰਦ ਦਾ ਧਰਮ ਹੈ ਜੋਗੀ ਸੇਵਾ, ਜੋਗ ਧਰਮ ਹੈ ਅਤੀਤਾਂ ਦਾ। ਪਰ ਇਹ ਆਖਦਾ ਹੈ, ਮਰਦ, ਤ੍ਰੀਮਤ ਦੁਹਾਂ ਦਾ ਧਰਮ ਹੈ-ਪਰਮੇਸ਼ੁਰ ਨਾਲ ਜੁੜਨਾ ਤੇ ਗ੍ਰਿਹਸਤੀ, ਅਤੀਤ ਸਾਰਿਆਂ ਦਾ ਧਰਮ ਹੈ ਪਰਮੇਸ਼ੁਰ ਨਾਲ ਜੁੜਨਾ[੧] ਕਲਿਆਨ ਦਾ ਰਾਹ ਹੈ ਇਹ।

ਮਰਦ-ਤੈਨੂੰ ਡਾਢੇ ਪਤੇ ਹਨ।

ਤ੍ਰੀਮਤ-ਮੈਂ ਆਪ ਜੋਗੀ ਨਾਲ ਗੱਲਾਂ ਕੀਤੀਆਂ ਹਨ ਤੇ ਜਦੋਂ ਤੁਹਾਨੂੰ ਘਰੋਂ ਘਾਟੋਂ ਪੱਟਦਾ ਸੀ, ਓਦੋਂ ਦੇ ਉਲਾਂਭੇ ਦਿੱਤੇ ਹਨ, ਕਿਸੇ ਗੱਲ ਦਾ ਗੁੱਸਾ ਨਹੀਂ ਸੂ ਕੀਤਾ ਤੇ ਮੈਨੂੰ ਸਾਰੀ ਗੱਲ ਡਾਢੇ ਜੇਰੇ ਨਾਲ ਸਮਝਾਈ ਸੂ। ਆਖਦਾ ਸੀ ਮੇਰੇ ਗੁਰੂ ਜੀ ਏਥੇ ਆਉਣ ਵਾਲੇ ਹੈਨ, ਜਿਨ੍ਹਾਂ ਦਾ ਨਾਉਂ ਦੱਸਦਾ ਸੀ 'ਗੁਰੂ ਨਾਨਕ'।

ਮਰਦ-ਅੱਛਾ, ਉਹੋ ਹੀ ਹੋਣਾ ਹੈ ਸਾਡੇ ਪਿੰਡ ਦੇ ਸ਼ਾਹ ਮੂਲੇ ਦਾ ਜਵਾਈ, ਉਸੇ ਦੀਆਂ ਧੁੰਮਾਂ ਪੈਂਦੀਆਂ ਹਨ, ਆਖਦੇ ਹਨ ਕੋਈ ਉਤਾਰ ਪਰਗਟਿਆ ਹੈ।

ਤ੍ਰੀਮਤ-ਉਹੋ ਹੋਸੀ। ਭਲਾ, ਪੁਤ੍ਰ ਜੀਉਣ ਮਾਲਕ ਜੀ! ਜੇ ਇਹ ਤਪਾ ਆਖਦਾ ਹੈ ਕਿ ਘਰ ਬਾਰ ਨਾ ਛੱਡੋ, ਬਨਾਂ ਨੂੰ ਨਾਂ ਜਾਓ, ਗ੍ਰਿਹਸਤ ਵਿਚ ਰਹੋ, ਤਾਂ ਆਪ ਕਿਉਂ ਘਰ ਬਾਰ ਛਡ ਗਿਆ ਹੈ? ਮੂਲੇ ਦੀ ਵਹੁਟੀ ਰੋਂਦੀ ਹੈ ਤਾਂ ਬੁੱਕ ਭਰੀਂਦੇ ਹਨ। ਕਿਹੇ ਸੁਹਣੇ ਦੋ ਪੁਤਰ ਹਨ, ਚੰਨੋਂ ਚੰਗੀ ਵਹੁਟੀ ਹੈ, ਪੇਕੇ ਬੂਹੇ ਬੈਠੀ ਹੈ, ਆਪ ਪਰਦੇਸੀਂ ਫਿਰ ਰਿਹਾ ਹੈ। ਸ਼ਿਵ ਨਾਥ ਆਖਦਾ ਸੀ ਉਸ ਜਗਤ ਉਧਾਰਣਾ ਹੈ, ਉਹ ਰੱਬ ਦੇ ਦਰੋਂ ਆਇਆ ਹੈ। ਮੈਂ ਬੀ ਡਰਕੇ ਗੱਲ ਕੀਤੀ

---

੧ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥ ਨਾਨਕੁ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ ॥

ਇਹ ਸਲੋਕ ਸਹਸਕ੍ਰਿਤੀ ਮ: ੧ ਵਿਚ ਹੈ ਤੇ ਆਸਾ ਦੀ ਵਾਰ ਵਿਚ ਮ: ੨ ਦਿੱਤਾ ਹੈ। ਵਾਰਾਂ ਤੋਂ ਵਧੀਕ ਸਲੋਕਾਂ ਵਿਚ ਮ: ੨ ਦੇ ਸਲੋਕ ਵਖਰੇ ਨਹੀਂ, ਇਸ ਕਰਕੇ ਸ਼ਾਯਦ ਮ:੧ ਵਿਚ ਹੀ ਦੇ ਦਿੱਤਾ ਹੈ। ਪਾਠ ਵਿਚ ਥੋੜਾ ਥੋੜਾ ਫਰਕ ਹੈ।

ਹੈ, ਮੈਨੂੰ ਮਤੇ ਪਾਪ ਨਾ ਲੱਗੇ, ਪਰ ਮਨ ਚੰਦਰੇ ਨੂੰ ਮੂਲੇ ਦੀ ਵਹੁਟੀ ਦੀਆਂ ਗੱਲਾਂ ਸੁਣਕੇ ਭੈੜੀਆਂ ਸੋਚਾਂ ਫੁਰ ਹੀ ਪੈਂਦੀਆਂ ਹਨ।

ਮਰਦ-ਠੀਕ ਹੈ, ਹੈ ਤਾਂ ਗੱਲ ਅਟਪਟੀ, ਆਪ ਸਾਧੂ ਹੋ ਜਾਣਾ, ਲੋਕਾਂ ਨੂੰ ਕਹਿਣਾਂ ਘਰੇ ਰਹੋ ਤੇ ਆਪ ਘਰ ਨਾ ਰਹਿਣਾ। ਪਰ ਜੇ ਆਪ ਘਰ ਬਹਿ ਰਹਿਣ ਤਾਂ ਏਹ ਨਵਾਂ ਸੁਨੇਹਾ ਜਗਤ ਨੂੰ ਕੌਣ ਦੇਵੇ, ਸੋਚ ਕਰ ਲੈ! ਮਹਿਮਾਂ ਤਾਂ ਸਾਰਾ ਜਗਤ ਪਿਆ ਕਰਦਾ ਹੈ, ਜੋਗੀ, ਤਪੀ, ਪੀਰ ਫਕੀਰ ਉਸ ਅੱਗੇ ਪਏ ਨੀਉਂਦੇ ਸੁਣੀਂਦੇ ਹਨ, ਪਰ ਹੁਣ ਕਦੇ ਵੇਖਣਾ ਹੈ, ਏਸ ਨਵੇਂ ਰੰਗ ਵਿਚ। ਤੂੰ ਪਤਾ ਰੱਖੀਂ ਜੇ ਕਦੇ ਏਧਰ ਆ ਜਾਣ ਤਾਂ ਇਕ ਵੇਰ ਤੱਕੀਏ ਤਾਂ ਸਹੀ। ਤਪੀ ਹਠੀ ਤਾਂ ਵੇਖੇ ਹਨ, ਭੇਖੀ ਬੀ ਤੱਕੇ ਹਨ ਤੇ ਪੀਰ ਫਕੀਰ ਬੀ ਸੋਧੇ ਪਰਖੇ ਹਨ, ਪਰ ਮੁਸ਼ਕਿਆ ਫਕੀਰ ਨਹੀਂ ਕਦੇ ਡਿੱਠਾ।

ਤ੍ਰੀਮਤ-ਭਲਾ ਜੀ ਅੱਜ ਜਦੋਂ ਨਾਥ ਦੁਪਹਿਰੇ ਗਜਾ ਕਰਨ ਆਇਆ, ਤਾਂ ਉਸ ਨੂੰ ਖੜਾ ਕਰਕੇ ਪੁੱਛਾਂਗੀ। ਸਾਡੀ ਗਲੀ ਜਦ ਫੇਰੀ ਆਉਂਦਾ ਹੈ ਤਾਂ ਸਾਡੇ ਬੂਹੇ ਜ਼ਰੂਰ ਖੜੋ ਜਾਂਦਾ ਹੈ; ਮੈਂ ਰੋਟੀ ਦਿਆਂ ਤਾਂ ਖਿੜਦਾ ਹੈ ਤੇ ਕਦੇ ਕਦੇ ਕਹਿੰਦਾ ਹੈ, ਦੇਣੀਆਂ ਹੈ, ਹੱਛਾ।

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਵਿਚ ਅੰਮ੍ਰਿਤ ਵੇਲਾ ਬੀਤ ਗਿਆ। ਚੰਦ ਗੁੰਮ ਹੋ ਗਿਆ, ਤਾਰੇ ਲੋਪ ਹੋ ਗਏ, ਠੰਢੀ ਮਿੱਠੀ ਵਗਦੀ ਹਵਾ ਟੁਰ ਗਈ, ਸੂਰਜ ਚੜ੍ਹ ਆਇਆ। ਮਰਦ ਉਠਿਆ, ਤ੍ਰੀਮਤ ਘਰ ਦੇ ਆਹਰੇ ਲੱਗੀ, ਤਾਂ ਬਾਹਰੋਂ ਅਵਾਜ਼ ਆਈ:-

ਚੌਧਰੀ ਜੀ!

ਮਰਦ ਤ੍ਰੀਮਤ ਨੂੰ-ਭਾਗਵਾਨੇ! ਇਹ ਕੌਣ ਹੈ? ਸਵੇਰੇ ਹੀ ਟਾਹਰਾਂ ਮਾਰਦਾ, ਅਜੇ ਤਾਂ ਹੁਣੇ ਸੂਰਜ ਲਾਸਾਂ ਛੱਡੀਆਂ ਹਨ।

ਤ੍ਰੀਮਤ-ਹੋਸੀ ਕੋਈ ਗ਼ਰਜ਼ੀ, ਹੋਰ ਕੌਣ ਸਵੇਰੇ ਹੀ ਚੌਧਰੀਆਂ ਦੇ ਆਉਂਦਾ ਹੈ, ਹਾਂ........ਠਹਿਰੋ ਨ (ਅਵਾਜ਼ ਸਿਆਣਕੇ) ਇਹ ਤਾਂ ਲੱਗਦਾ ਹੈ-ਮੂਲਾ, ਵਡੀ ਉਮਰ ਸੂ, ਹੁਣੇ ਏਸੇ ਦੀ ਗਲ ਪਏ ਕਰਦੇ ਸਾਂ।

ਮਰਦ-ਠੀਕ ਹੈ, ਤੂੰ ਡਾਢੀ ਸਿਆਣੀ ਹੈਂ, ਓਸੇ ਦੀ ਅਵਾਜ਼ ਏ! ਚੱਲਾਂ ਬੂਹਾ ਖੋਹਲਾਂ ਤੇ ਮਿਲਾਂ।

ਤ੍ਰੀਮਤ-ਘੁਟ ਲੱਸੀ ਦਾ ਪੀਕੇ ਜਾਓ ਨਾ।

ਮਰਦ-ਮੁੜ ਆਕੇ ਪੀਂਦਾ ਹਾਂ, ਸ਼ਾਹਾਂ ਤੇ ਪਟਵਾਰੀਆਂ ਤੋਂ ਡਰੀਏ ਬਾਬਾ!

ਇਹ ਕਹਿੰਦਾ ਡੇਉਡੀ ਵਿਚ ਗਿਆ।। ਬੂਹਾ ਖੋਹਲਿਆ, (ਬਾਹਰ ਵਲ ਦੇਖਕੇ) ਆ ਬਈ ਸ਼ਾਹ! ਸਵੇਲੇ ਹੀ ਸੁੱਖ ਤਾਂ ਹੈ?

ਮੂਲਾ-ਹਾਂ ਚੌਧਰੀ ਸੁੱਖ ਏ। ਉਹ ਏਥੇ ਆਇਆ ਏ ਸਾਡਾ ਮਮਾਨ, ਜੋ ਫਕੀਰ ਬਣਕੇ ਪਿਆ ਫਿਰਦਾ ਏ, ਤੇਰੇ ਖੂਹ ਤੇ ਉਤਰਿਆ ਏ। ਮੁੱਢੋਂ ਦੇ ਵਿਗੜੇ ਕਦੇ ਸੌਰੇ ਤਾਂ ਨਹੀਂ ਪਰ ਮੈਂ ਕਿਹਾ ਭਲਾ ਕੋਈ ਵਾਹ ਲਾ ਵੇਖੀਏ ਜੇ ਕੁਛ ਬਣ ਪਵੇ ਤਾਂ। ....(ਸਿਰ ਫੇਰਕੇ) ਧੀਆਂ ਦੇ ਸੱਲ ਬੁਰੇ। ਚੌਧਰੀ ਧੀ ਨਾਂ ਜੰਮੇ ਕਿਸੇ ਦੇ। ...ਮੈਂ ਕਿਹਾ ਮੈਂ ਕੱਲਾ ਨਾ ਜਾਵਾਂ, ਤੈਨੂੰ-ਚੌਧਰੀ-ਨੂੰ ਨਾਲ ਲੈ ਜਾਵਾਂ। ਇਕ ਇਕ ਤੇ ਦੋ ਯਾਰਾਂ; ਭਲਾ ਜੇ ਕੋਈ ਤੇਰੀ ਹੀ ਭੱਲ ਪੈ ਜਾਵੇ ਤਾਂ, -ਔਖ ਤਾਂ ਤੈਨੂੰ ਹੈ ਪਰ...।

ਚੌਧਰੀ-ਲੈ! ਭਲਾ ਮੈਨੂੰ ਔਖ ਕਾਹਦਾ ਏ, ਮੈਂ ਸਿਰ ਦੇ ਜ਼ੋਰ ਚੱਲੂੰ। ਆਹ ਵੇਖ ਖਾਂ ਅੱਜ ਸਵੇਰੇ ਨਾਥ ਦੇ ਗੌਣਾਂ ਨੇ ਜਾਗ ਖੋਹਲ ਦਿੱਤੀ ਤੇ ਮੈਂ ਤੇ ਚੁਧਰਾਣੀ ਇਹੋ ਗੱਲਾਂ ਹੁਣ ਤਾਂਈਂ ਕਰਦੇ ਰਹੇ ਹਾਂ। ਚੁਧਰਾਣੀ ਨੂੰ ਥਹੁ ਤਾਂ ਬੜਾ ਹੈਸੀ, ਪਰ ਤਪਾ ਆ ਗਿਆ ਹੈ ਤੇ ਸਾਡੇ ਖੂਹ ਤੇ ਹੀ ਉਤਰਿਆ ਹੈ, ਇਸ ਗੱਲ ਦੀ ਉਹਨੂੰ ਬੀ ਸਾਰ ਨਹੀਂ ਸੀ ਅਜੇ ਪਈ ਹੋਈ, ਤੇ ਮੈਂ ਤਾਂ ਰਾਤੀਂ ਹੀ ਵਾਂਢਿਓਂ ਆਇਆ ਹਾਂ। ਮੈਂ ਅੱਗੇ ਹੀ ਪਿਆ ਚੁਧਾਰਾਣੀ ਨੂੰ ਕਹਿੰਦਾ ਸਾਂ, ਭਲਾ ਹੋਵੀ ਜੇ ਤਪਾ ਕਿਤੇ ਏਧਰ ਆ ਨਿਕਲੇ ਤਾਂ ਸੂਹ ਰੱਖੀਂ, ਮੈਂ ਇਕੇਰਾਂ ਵੇਖਣਾ ਹੈ, ਕਿ ਜਿਸ ਦੀਆਂ ਜੱਗ ਵਿਚ ਧੁੰਮਾਂ ਪਈਆਂ ਹਨ ਕਿਹੋ ਜਿਹਾ ਹੈ, ਕੁਛ ਹੈ ਕਿ ਐਵੇਂ ਵਾਰਾਂ ਟੁਰ ਪਈਆਂ ਹਨ। ਚਿਰਾਂ ਦੀ ਗੱਲ ਹੈ ਵਿਆਹ ਵੇਲੇ ਤਾਂ ਡਿੱਠਾ ਸੀ, ਸੁਹਣਾ ਸੀ ਡਾਢਾ ਤਦੋਂ ਬੀ।

ਮੂਲਾ-ਚੌਧਰੀ! ਕੀਹ ਜਾਣੀਏਂ ਕੀ ਹੈ? ਸਾਨੂੰ ਆਪਣੀ ਪਈ ਹੈ! ਆਪਣਾ ਟੱਬਰ ਸੰਭਾਲੇ, ਸਾਡੇ ਗਲੋਂ ਗਲਾਵਾਂ ਲਹੇ। ਜੇ ਸਾਡੇ ਗਲ ਗਲਾਵੇਂ ਰਹੇ ਤਾਂ ਭਾਵੇਂ ਰੱਬ ਹੋਵੇ ਸਾਨੂੰ ਕੀਹ। ਅਸੀਂ ਨਾ ਰੱਜੇ, ਜਗ ਪਿਆ ਰੱਜੇ, ਤਾਂ ਸਾਨੂੰ ਕੀ ਭਾਗ?

ਚੌਧਰੀ-ਸੱਚ ਆਖਿਆ ਈ, ਜਿਸ ਤੋਂ ਆਪਣਾ ਰੋਗ ਦੂਰ ਹੋਵੇ ਸੋਈਓ ਵੈਦ, ਭਾਵੇਂ ਲਿਲਾਰੀ ਹੀ ਹੋਵੇ। ਆ ਨਾ ਸ਼ਾਹ! ਲੰਘਿ ਆ, ਘੁੱਟ ਲੱਸੀ ਦਾ ਪੀ ਲੈ ਤੇ ਫੇਰ ਚੱਲਦੇ ਹਾਂ।

ਮੂਲਾ-ਮੈਂ ਤਾਂ ਕੁਛ ਪੀ ਆਇਆ ਹਾਂ, ਚੌਧਰੀ ਤੂੰ ਪੀ ਆ, ਮੈਂ ਡੇਉਢੀ ਵਿਚ ਬੈਠਦਾ ਹਾਂ।

ਇਸ ਤਰ੍ਹਾਂ ਗੱਲ ਬਾਤ ਕਰਕੇ ਚੌਧਰੀ ਅੰਦਰ ਗਿਆ। ਵਹੁਟੀ ਨੂੰ ਸਾਰਾ ਹਾਲ ਦੱਸਿਓਸੁ। ਮੱਖਣ ਤੇ ਕੁਛ ਬੇਹਾ ਟੁੱਕ ਲੈਕੇ ਖਾਧੋਸੁ ਤੇ ਲੱਸੀ ਪੀਤੀਓਸੁ। ਜਾਂ ਚਾਦਰ ਮੋਢੇ ਮਾਰਕੇ ਟੁਰਨ ਲੱਗਾ ਤਾਂ ਵਹੁਟੀ ਨੇ ਕਿਹਾ: ਭਲਾ ਹੋਵੀ ਸਾਕਾਦਾਰੀ ਹੋਰ ਗਲ ਹੁੰਦੀ ਆ ਤੇ ਧੀਆਂ ਦੇ ਦੁਖ ਨਾਲ ਸੜੇ ਦਿਲ ਹੋਰ ਬੀ ਉਖੇਰੇ ਰਹਿੰਦੇ ਹੈਨੀਂ, ਮੂਲੇ ਦੇ ਬਹੁਤਾ ਮਗਰ ਨਾ ਲਗੀਂ, ਕੀਹ ਜਾਣੀਏ ਓਹ ਪੂਰਾ ਭਾਂਡਾ ਹੋਵੇ, ਰੇਖ ਵਿਚ ਮੇਖ ਮਾਰਦਾ ਹੋਵੇ ਤੇ ਤੂੰ ਅਨੱਹੱਕੋਂ ਕੁਛ ਸ਼ਾਹ ਦੇ ਪੱਖੋਂ ਆਖ ਵੇਖ ਬੈਠੇਂ। ਹਾਂ, ਭਲਾ ਹੋਵੀ ਸੰਭਲਕੇ, ਅਸੀਂ ਆਲ ਉਲਾਦ ਵਾਲੇ ਹੋਏ।

ਚੌਧ੍ਰੀ-ਚੁਧਰਾਣੀਏਂ, ਮੂਲੋਂ ਹੀ ਮੈਨੂੰ ਨਿਆਣਾ ਨਾ ਨਾ ਬਣਾ ਦੇ। ਮੈਂ ਬੜੇ ਜੋਗੀ ਜੰਗਮ ਪੀਰ ਸ਼ੇਖ ਵੇਖੇ ਹੋਏ ਹਨ। ਮੈਂ ਕੋਈ ਲੜਾਈ ਸਹੇੜਨ ਥੁਹੜਾ ਚੱਲਿਆ ਹਾਂ। ਮੇਰੇ ਖੂਹ ਤੇ ਜੁ ਡੇਰਾ ਪਾਇਆ ਨੇ ਮੇਰੇ ਤਾਂ ਪ੍ਰਾਹੁਣੇ ਹੋਏ, ਘਰ ਆਇਆਂ ਨਾਲ ਕੋਈ ਲੜਦਾ ਏ? ਨਾਲੇ ਕੀਹ ਜਾਣੀਏ, ਮੇਰੇ ਪਾਰ ਉਤਾਰੇ ਲਈ ਹੀ ਆਏ ਹੋਏ ਹੋਣ; ਉਮਰਾਂ ਬੀਤ ਗਈਆਂ ਮੈਨੂੰ ਬੀ ਜੋਧਨਾਂ ਕਰਦਿਆਂ।

ਇਹ ਕਹਿੰਦਾ ਚੌਧਰੀ ਅਜਿੱਤਾ, ਜੋ ਜਾਤ ਦਾ ਰੰਧਾਵਾ ਜੱਟ ਸੀ, ਬਾਹਰ ਚਲਾ ਗਿਆ ਤੇ ਸ਼ਾਹ ਮੂਲੇ ਚੋਣੇ ਖੱਤ੍ਰੀ ਦੇ ਨਾਲ ਆਪਣੇ ਖੂਹ ਨੂੰ ਵੱਗ ਗਿਆ।

੨.

ਅੱਗੇ ਗਏ ਤਾਂ ਕੰਨਾਂ ਵਿਚ ਗਾਵਣ ਦੀ ਅਵਾਜ਼ ਪਈ। ਅਜਿੱਤੇ ਨੇ ਆਪਣੇ ਖੂਹ ਤੇ ਇਕ ਕੱਚਾ ਥੜਾ ਬੈਠਣ ਨੂੰ ਬਣਾਇਆ ਹੋਇਆ ਸੀ ਤੇ ਦੋ ਤ੍ਰੈ ਤਖਤ ਪੋਸ਼ ਬੀ ਡਾਹੇ ਹੋਏ ਸਨ। ਕਦੇ ਏਥੇ ਪਰ੍ਹਾ ਜੁੜਿਆ ਕਰਦੀ ਸੀ। ਕਦੇ ਕੋਈ ਜੋਗੀ ਰਮਤਾ ਸਾਧ ਆ ਠਹਿਰਦਾ ਸੀ। ਅੰਨ ਪਾਣੀ ਦੀ ਸੇਵਾ ਬੀ ਇਸ ਦੇ ਘਰੋਂ ਹੋ ਜਾਂਦੀ ਸੀ। ਅਜਿੱਤਾ ਉਰਿਓਂ ਹੀ ਨਜ਼ਰ ਲਾ ਕੇ ਦੇਖੇ ਕੀਹ ਕਿ ਇਕ ਤਖਤਪੋਸ਼ ਤੇ ਬੈਠਾ ਕੋਈ ਕੁਛ ਗਾਉਂ ਰਿਹਾ ਹੈ ਤੇ ਦੂਜੇ ਪਰ ਇਕ ਸੁਹਣੀ ਨੁਹਾਰ ਵਾਲੇ ਸਾਧੂ ਬਿਰਾਜ ਰਹੇ ਹਨ। ਨੈਣ ਮੁੰਦੇ ਹਨ, ਪਰ ਚਿਹਰੇ ਦੀ ਆਭਾ ਅਝੱਲਵੀਂ ਹੈ ਅਤੇ ਇਕ ਖਿੱਚ ਮਾਰਨ ਵਾਲੀ ਲਾਲੀ ਹੈ ਜੋ ਆਪਣੇ ਵਿਚ ਟਿਕਾਉ ਤੇ ਸ਼ਾਂਤਿ ਰੰਗ ਲਈ ਬੈਠੀ ਹੈ। ਅਜਿੱਤੇ ਨੇ ਅੱਗੇ ਹੋ ਕੇ ਮੱਥਾ ਟੇਕਿਆ, ਪਰ ਮੂਲੇ ਨੇ ਗੁੱਸੇ ਨਾਲ ਤੱਕਿਆ ਤੇ ਰਤਾ ਕੁ ਸਿਰ ਨਿਵਾਕੇ ਬਹਿ ਗਿਆ। ਕੁਛ ਚਿਰ ਮਗਰੋਂ ਕੀਰਤਨ ਬੰਦ ਹੋ ਗਿਆ ਤੇ ਸੋਹਣੀ ਨੁਹਾਰ ਵਾਲੇ ਦੇ ਨੈਣ ਖੁਲੇ। ਧੰਨ ਕਰਤਾਰ! ਧੰਨ ਕਰਤਾਰ!! ਮੂੰਹੋਂ ਨਿਕਲਿਆ। ਚੁਫੇਰੇ ਤੱਕੇ, ਅਜਿੱਤੇ ਨੂੰ ਵੇਖਕੇ ਮੁਸਕ੍ਰਾਏ। ਫਿਰ ਮੂਲੇ ਨੂੰ ਦੇਖਕੇ ਮੁਸਕ੍ਰਾਏ। ਫੇਰ ਬੋਲੇ: ਆ ਭਾਈ ਸੁਖ ਸਾਂਦ ਹੈ? ਅਜਿੱਤਾ (ਜਿਸ ਵਲ ਨਜ਼ਰ ਸੀ) ਅਜੇ ਬੋਲਿਆ ਨਹੀਂ ਸੀ ਕਿ ਮੂਲਾ ਕਾਹਲੀ ਨਾਲ ਬੋਲਿਆ: ਕਾਹਦੀ ਸੁਖ ਏ ? ਜਿਨ੍ਹਾਂ ਦੇ ਬੂਹੇ ਧੀਆਂ ਬਹਿ ਗਈਆਂ ਓਥੇ ਕਾਹਦੀ ਸੁਖ ? (ਅਜਿੱਤੇ ਵਲ ਤੱਕਕੇ) ਕੁਛ ਹੋਰ ਗੁੱਸੇ ਵਿਚ ਬੋਲਿਆ, ਜੋ ਕਵੀ ਸੰਤੋਖ ਸਿੰਘ ਜੀ ਨੇ ਐਉਂ ਦੱਸਿਆ ਹੈ:-

> ਸ੍ਰੀ ਚੰਦ ਜੈ ਰਾਮ ਘਰ ਕੀਨੇ ਅੰਨਦ
> ਬਿਲਾਸ। ਜਬ ਕੋ ਤਿਨ ਪਰਲੋਕ ਭਾ ਆਯੋ
> ਮੋਰ ਅਵਾਸ। ਸਭ ਕੀ ਮੈਂ ਪ੍ਰਤਿ ਪਾਲਨ
> ਕੀਨੀ। ਨਹੀਂ ਆਇ ਇਨ ਕਬਿ ਸੁਧ
> ਲੀਨੀ। {ਗੁ: ਨਾ: ਪ੍ਰਕਾਸ਼}

ਇਸ ਤਰ੍ਹਾਂ ਦੇ ਹੋਰ ਵੀ ਕਠੋਰ ਵਾਕ ਜਗਤ ਗੁਰੂ ਜੀ ਸੁਣਦੇ ਰਹੇ, ਪਰ ਉੱਤਰ ਕੁਛ ਨਹੀਂ ਦਿੱਤਾ। ਅਜਿੱਤੇ ਨੇ ਬੀ ਏਹ ਵਾਕ ਸੁਣੇ, ਪਰ ਉਸ ਦੀ ਨਜ਼ਰ ਮੂਲੇ ਵਲ ਨਹੀਂ ਗਈ, ਉਹ ਮੁਸ਼ਕੇ ਹੋਏ ਤਪੇ ਵਲ, ਜਿਸ ਦਾ ਹਾਲ ਅੰਮ੍ਰਿਤ ਵੇਲੇ ਸੁਣਦਾਂ ਰਿਹਾ ਸੀ, ਤੱਕਦਾ ਰਿਹਾ। ਕਾਹਨੂੰ ਕਦੇ ਉਸ ਨੇ ਐਸਾ ਪ੍ਰਭਾਉ ਪ੍ਰਤੀਤ ਕੀਤਾ ਸੀ, ਅਚਰਜ ਹੋ ਬੈਠਾ ਰਿਹਾ। ਜਦ ਮੂਲੇ ਨੇ ਹੋਰ ਕਠੋਰ ਤੋਂ ਕਠੋਰ ਵਾਕ ਕਹੇ ਤਾਂ ਅਜਿੱਤਾ ਉਸ ਨੂੰ ਆਖਣ ਲੱਗਾ: ਤੈਨੂੰ ਕਠੋਰ ਵਾਕ ਕਹਿਣੇ ਨਹੀਂ ਬਣਦੇ। ਜ਼ਰਾ ਸੋਚ ਕਿ ਏਹ ਜਦ ਘਰ ਛੋੜ ਗਏ, ਵਡਿਆਂ ਦੀ ਜਾਇਦਾਦ ਤਾਂ ਨਾਲ

ਨਹੀਂ ਸਨ ਲੈ ਗਏ! ਸਰਦੇ ਪੁਜਦੇ ਵਾਲਾ ਘਰ ਸੀ, ਕਾਲੂ ਵੇਦੀ ਦਾ ਇਹ ਇੱਕੋ ਪੁੱਤ੍ਰ ਸੀ, ਜੇ ਤੂੰ ਧੀ ਤੇ ਦੁਹਤਿਆਂ ਨੂੰ ਆਪਣੇ ਦਾਦਕੇ ਘਰ ਘੱਲ ਦੇਦੋਂ ਤਾਂ ਇਕ ਪੁੱਤ੍ਰ ਦੇ ਦੋ ਹੀਰਿਆਂ ਨੂੰ ਕੀਹ ਮਹਿਤਾ ਕਾਲੂ ਨਾ ਪਾਲਦਾ? ਤੇ ਸਾਡੀ ਭੈਣ ਨੂੰ ਆਪਣੀ ਨੌਂਹ ਜਾਣਕੇ ਨ ਪ੍ਰਤਿਪਾਲਾ ਕਰਦਾ? ਇਹੋ ਉਸਦੀ ਜਾਇਦਾਦ ਦੇ ਵਾਰਸ ਸਨ। ਪਰ ਤੂੰ ਇਨ੍ਹਾਂ ਨੂੰ ਆਪਨੇ ਕੋਲ ਰਖਿਆ ਤੇ ਉਹਨਾਂ ਪਾਸ ਘੱਲਣੋਂ ਸਿਰ ਫੇਰ ਦਿਤਾ ਤੇ ਹੁਣ ਉਲਾਂਭੇ ਦੇਂਦਾ ਹੈਂ? ਆਪਣੇ ਹੀ ਸਾਥੀ ਵਲੋਂ ਇਹ ਸੰਬੋਧ ਦੇ ਵਾਕ ਸੁਣਕੇ ਸ਼ਾਹ ਨੂੰ ਹੋਸ਼ ਆਈ ਤੇ ਕੁਛ ਚਿਰ ਮਗਰੋਂ ਘਰ ਨੂੰ ਚਲਾ ਗਿਆ। ਕੁਛ ਚਿਰ ਬੈਠ ਬੈਠ ਤੇ ਦਰਸ਼ਨ ਨਾਲ ਸੁਖੀ ਹੋ ਹੋਕੇ ਅਜਿੱਤਾ ਬੀ ਉਠਿਆ। ਅਜਿੱਤੇ ਨੇ ਸ੍ਰੀ ਗੁਰੂ ਜੀ ਨੂੰ ਅੰਨ ਪਾਣੀ ਪੁੱਛਿਆ। ਆਪ ਨੇ ਅਕਾਸ਼ਾਂ ਵਲ ਸੈਨਤ ਕੀਤੀ, ਫੇਰ ਪ੍ਰਿਥਵੀ ਵਲ ਹੱਥ ਕੀਤੇ ਤੇ ਆਖਿਆ: ਧਰਤੀ ਦੇਗ ਹੈ ਤੇ ਭਾਗ ਭੰਡਾਰੀ ਹੈ ਤੇ ਦੇਵਣਹਾਰ ਦਾਤਾ ਹੈ[1]। ਅਜਿੱਤਾ ਹੁਣ ਨਮਸਕਾਰ ਕਰਕੇ ਟੁਰ ਗਿਆ: ਮਗਰੋਂ ਮੂਲਾ ਸੁਹਣਾ ਭੋਜਨ ਤੇ ਨਵੇਂ ਕਪੜੇ ਲੈਕੇ ਆ ਗਿਆ, ਭੋਜਨ ਅੱਗੇ ਧਰਿਆ, ਕਪੜੇ ਪਾਸ ਰਖੇ ਤੇ ਫੇਰ ਆਖਿਓ ਸੁ:-

ਭੇਖ ਫਕੀਰੀ ਤਜਹੁ ਅਬ ਪਹਿਰਹੁ ਬਸਨ
ਜਿ ਚਾਰੁ॥ ਹਮਰੇ ਸੋਦਰ ਬੰਧੁ ਜੇ ਤਿਨ
ਮਹਿਂ ਨਹਿਂ ਕਰ ਖ੍ਵਾਰ॥ {ਗੁ: ਨਾ: ਪ੍ਰਕਾਸ਼}

ਪਰ ਸ੍ਰੀ ਸਤਿਗੁਰੂ ਜੀ ਨੇ ਨਾ ਭੋਜਨ ਪਾਇਆ, ਨਾ ਬਸਤ੍ਰ ਪਹਿਰੇ, ਨਾ ਕੁਛ ਵਾਕ ਮੂੰਹ ਥੀਂ ਕਹੇ। ਇੰਨੇ ਨੂੰ ਸ੍ਰੀ ਚੰਦ ਤੇ ਲਖਮੀ ਦਾਸ ਆ ਗਏ। ਆ ਚਰਨਾਂ ਤੇ ਮੱਥਾ ਟੇਕਿਆ ਤੇ ਫਿਰ ਕੁਛ ਵਿੱਥ ਤੇ ਬੈਠ ਗਏ। ਇਸ ਤਰ੍ਹਾਂ ਬਹਿਕੇ ਕੁਛ ਚਿਰ ਮਗਰੋਂ ਮੂਲਾ ਤੇ ਦੋਏ ਸਾਹਿਬਜ਼ਾਦੇ ਉਠ ਕੇ ਚਲੇ ਗਏ!

ਸ੍ਰੀ ਸਤਿਗੁਰੂ ਜੀ ਦੇ ਏਥੇ ਆਉਂਦਿਆਂ ਹੀ ਖਬਰਾਂ ਧੁੰਮ ਗਈਆਂ ਸਨ, ਸੰਗਤਾਂ ਦਰਸ਼ਨਾਂ ਨੂੰ ਆ ਰਹੀਆਂ ਸਨ ਤੇ ਨਿਹਾਲ ਹੋ ਰਹੀਆਂ ਸਨ:-

ਯਥਾ:-

ਜੇ ਮਹਿਮਾ ਜਾਨਹਿ ਗੁਰ ਕੇਰੀ॥ਸੋ
ਆਵਹਿਂ ਤਹਿਂ ਦਰਸ਼ਨ ਹੇਰੀ ॥ਬੰਦਨ
ਕਰਹਿਂ ਜਨਮ ਫਲ ਪਾਵਹਿਂ ॥ਰਹਹਿਂ
ਨਿਕਟ ਪੁਨ ਸਦਨ ਸਿਧਾਵਹਿਂ॥ ਕੋ
ਆਵਹਿ ਕੋ ਕਰਹਿ ਪਿਆਨਾ॥ ਭੀਰ ਸ਼ੁਰੂ
ਹੋਈ ਤਿਹ ਥਾਨਾ ॥ ਲੇ ਉਪਦੇਸ਼ ਸਿੱਖ ਕੋ
ਹੋਵੈ ॥ ਸਿਮਰਹਿ ਨਾਮ ਸਕਲ ਅਘ
ਖੋਵੈ॥ ਇਕ ਤੇ ਦੂਸਰ ਮਹਿਮਾ ਸੁਨਿ ਕੈ॥
ਆਇ ਪਰਹਿ ਚਰਨਨ ਗੁਨਿ ਗੁਨਿ ਕੈ ॥
ਸਤਿਸੰਗਤ ਹੋਵਨ ਬਹੁ ਲਾਗੀ॥ ਕਰਿਹੰ
ਕੀਰਤਨ ਸ਼ਰਧਾ ਪਾਗੀ ॥ ਦਰਸ਼ਨ ਕੇਰ
ਪ੍ਰਤਾਪ ਬਿਸਾਲਾ ॥ਕਿਉਂ ਨ ਚਲਹਿਂ
ਨੀਕੀ ਨਰ ਚਾਲਾ ॥੩੮॥ {ਗੁ: ਨਾ ਪ੍ਰਕਾਸ਼}

ਅਜਿਤੇ ਨੇ ਘਰ ਜਾ ਕੇ ਸਾਰੀ ਗੱਲ ਬਾਤ ਵਹੁਟੀ ਨਾਲ ਕੀਤੀ। ਜੋਗੀ ਭੀ, ਜੋ ਹੁਣ ਗੁਰੂ ਕਾ ਸਿੱਖ ਸੀ; ਸੱਦ ਲਿਆ। ਉਸ ਤੋਂ ਸਾਰਾ ਹਾਲ ਪੁੱਛਿਆ। ਅਜਿੱਤੇ ਤੇ ਜੋ ਅਸਰ ਦਰਸ਼ਨ ਨਾਲ ਹੋਇਆ ਸੀ ਸੋ ਪਰਪੱਕ ਹੁੰਦਾ ਗਿਆ। ਅੰਮ੍ਰਿਤ ਵੇਲੇ ਆਉਣ ਜਾਣ ਲੱਗ ਪਿਆ। ਇਕ ਦਿਨ ਅਜਿੱਤਾ ਅੰਮ੍ਰਿਤ ਵੇਲੇ ਗੁਰੂ ਕੇ ਦਰਸ਼ਨਾਂ ਨੂੰ ਫੇਰ ਆਇਆ। ਕੀਰਤਨ ਦੇ ਮਗਰੋਂ ਚਰਨਾਂ ਪਰ ਸੀਸ ਧਰਕੇ ਪੈ ਗਿਆ; ਐਸਾ ਪਿਆ ਕਿ ਫੇਰ ਨਹੀਂ ਉਠਿਆ। ਸ੍ਰੀ ਗੁਰੂ ਜੀ ਸਮਾਧੀ ਵਿਚ ਸਨ, ਲਗ ਪਗ ਪਹਿਰ ਭਰ ਆਪਦੇ ਨੈਣ ਨਹੀਂ ਖੁੱਲ੍ਹੇ[1], ਅਜਿੱਤਾ ਭੀ ਉੱਨਾਂ ਚਿਰ ਨਮਸਕਾਰ ਵਿਚ ਹੀ ਪਿਆ ਰਿਹਾ।

ਨਹੀਂ ਅਜਿੱਤ ਸੀਸ ਉਠਾਯੋ ॥
ਇਸ ਪ੍ਰਕਾਰ ਇਕ ਜਾਮ ਬਿਤਾਯੋ॥

ਸ੍ਰੀ ਗੁਰੂ ਜੀ ਨੇ ਹੁਣ ਬਹੁਤ ਕ੍ਰਿਪਾਲਤਾ ਨਾਲ ਤੱਕਿਆ ਤੇ ਫੁਰਮਾਇਆ:-

ਅਬ ਉਠੀਏ ਕਰਤਾਰ ਪਿਆਰੇ ॥
ਅਪਨ ਮਨੋਰਥ ਕਰਹੁ ਉਚਾਰੇ ॥

ਇਹ ਕਹਿਕੇ ਸ੍ਰੀ ਗੁਰੂ ਜੀ ਨੇ ਆਪਣੇ ਕਰ ਕਲਮਾਂ ਨਾਲ ਸਿਰ ਚਾਕੇ ਉਠਾ ਬਿਠਾਇਆ। ਭਗਤ ਰਤਨਾਵਲੀ ਵਿਚ ਲਿਖਿਆ ਹੈ ਕਿ ਅਜਿੱਤੇ ਰੰਧਾਵੇ ਨੇ ਅਰਦਾਸ ਕੀਤੀ, ਜੋ ਮੈਂ ਬਹੁਤ ਸਾਧਾਂ

[1] ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥ {ਬੰਸੰਤ ਹਿੰ: ਮ: ੧}

[1] ਬਾ: ਵਾ: ਜ: ਸਾਖੀ।

ਸੰਤਾਂ ਦਾ ਦਰਸ਼ਨ ਕੀਤਾ ਹੈ, ਪਰ ਮੇਰੇ ਮਨ ਦਾ ਸੰਸਾ ਨਹੀਂ ਮਿਟਿਆ! ਤੁਹਾਡਾ ਹੁਣ ਦਰਸ਼ਨ ਪਾਇਆ ਹੈ ਮੇਰਾ ਸੰਸਾ ਨਵਿਰਤ ਕਰੋ। ਅਗੇ ਫੇਰ ਹਠ ਜੋਗ ਤੇ ਭਗਤੀ ਜੋਗ ਦੁਇ ਰਾਹ ਗੁਰੂ ਜੀ ਨੇ ਦੱਸੇ। ਜਿਨ੍ਹਾਂ ਦੇ ਅੰਤ ਵਿਚ ਅਜਿੱਤੇ ਨੇ ਅਰਦਾਸ ਕੀਤੀ: 'ਗ੍ਰੀਬ ਨਿਵਾਜ ਮੈਨੂੰ ਇਹ ਦਾਨ ਦੀਜੇ ਜੋ ਤੇਰੀ ਰਜ਼ਾਇ ਮਿੱਠੀ ਲੱਗੇ'। ਤਾਂ ਬਚਨ ਹੋਇਆ: 'ਅਜਿੱਤਿਆ ਤੇਰੇ ਪਿੱਛੇ ਕਿਤਨਿਆਂ ਦਾ ਉਧਾਰ ਹੋਵੇਗਾ[1]।

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ:- ਅਜ਼ਿੱਤੇ ਨੇ-ਹਾਥ ਜੋਰ ਕੈ ਬਿਨਤੀ ਭਾਖੀ ॥

"ਰਾਵਰ ਹੋ ਸਭ ਘਟ ਕੇ ਸਾਖੀ ॥ਤੁਮ ਸਭ ਜਾਨਹੁ ਅੰਤਰਜਾਮੀ॥ ਕਿਉ ਬਨ ਹੈ ਮਮ ਕਹਿਨੋ ਸ੍ਵਾਮੀ ॥ ਜੇ ਨਹਿੰ ਜਾਨਹਿੰ ਤਾਂਹਿ ਅਗਾਰੀ ॥ ਕਰੋਂ ਆਪਨੀ ਬ੍ਰਿਥਾ ਉਚਾਰੀ ॥ਸਰਬੱਗਨ ਢਿਗ ਤੂਸ਼ਨ ਨੀਕੀ ॥ ਕਰਹਿੰ ਭਲੇਰੀ ਭਾਵਨ ਜੀ ਕੀ ॥"

{ਗੁ: ਨਾ: ਪ੍ਰਕਾਸ਼}

ਇਹ ਵਾਕ ਸੁਣਕੇ ਸਤਿਗੁਰੂ ਮਿਹਰ ਦੇ ਘਰ ਆਏ, ਤੇ ਅੰਦਰੋਂ ਬਾਹਰੋਂ ਤ੍ਰੁੱਠ ਕੇ ਬੋਲੇ: 'ਅਜਿੱਤਿਆ! ਸ੍ਰੀ ਕਰਤਾਰ ਜੀ ਅੱਗੇ ਆਪਾ ਵਿਛਾ ਕੇ ਬੰਦਨਾਂ ਕਰ, ਜੋ ਤੇਰੀ ਸਰਬ ਕਾਮਨਾਂ ਪੂਰਨ ਹੋਵੇ। ' ਇਹ ਆਗਜ਼ਾ ਸੁਣਕੇ ਅਜਿੱਤਾ ਆਪਣੀ ਹੋਸ਼ ਭੁਲਾਕੇ ਡੰਡੌਤ ਵਿਚ ਪੈ ਗਿਆ ਤੇ ਚਰਣਾਂ ਨੂੰ ਲਿਪਟ ਗਿਆ।

ਸੁਨਿਕੈ ਬਹੁਤ ਚਰਨ ਲਪਟਾਯੋ ॥
ਤਤਛਿਨ ਗਜਾਨ ਰਿਦੈ ਹੁਇ ਆਯੋ॥
ਸ਼ਕਤਿ ਖਿਸਾਲ ਭਈ ਸਭਿ ਭਾਂਤੀ॥
ਪਾਈ ਏਕ ਬਾਰ ਜਨੁ ਥਾਤੀ॥

{ਗੁ: ਨਾ: ਪ੍ਰਕਾਸ਼}

ਅਜਿੱਤਾ ਨਿਹਾਲ ਹੋ ਗਿਆ। ਉਸ ਦਾ ਆਪਾ ਸਾਈਂ ਦੇ ਚਰਨਾਂ ਨਾਲ ਘੁਲ ਮਿਲ ਗਿਆ। ਉਸ ਵਿਚ ਸਾਂਈਂ ਦੀ ਸਮਾਈ ਹੋ ਗਈ ਤੇ ਆਤਮ ਸੱਤਜਾ ਕਰਕੇ ਸੁਖੀ ਤੇ ਮੱਤਜਾਵਾਨ ਹੋ ਗਿਆ। ਗੁਰੂ ਬਾਬੇ ਦੀਆਂ ਮਿਹਰਾਂ. ਤਾਰਨਹਾਰ ਖਿਰਦ ਨੇ ਤਾਰ ਲਿਆ। ਇਸ ਕਰਕੇ ਭਾਈ ਗੁਰਦਾਸ ਜੀ ਨੇ ਅਜਿੱਤੇ ਰੰਧਾਵੇ ਦਾ ਨਾਮ ਇਕ ਮਨ ਧਿਆਉਣ ਵਾਲੇ ਗੁਰ ਸਿੱਖਾਂ ਦੀ ਫਹਿਰਿਮਤ ਵਿਚ ਗਿਣਿਆ ਹੈ[1]।

ਹੁਣ ਜੋ ਸਤਿਸੰਗ ਲਗ ਰਿਹਾ ਸੀ ਉਸ ਵਿਚ ਅਜਿੱਤਾ ਮੁੱਖ ਸੇਵਕ ਹੈ, ਲੰਗਰ ਚਲਦਾ ਹੈ, ਅਜਿੱਤਾ ਉਸ ਵਿਚ ਸੇਵਾ ਕਰਦਾ ਹੈ। ਮੰਗਤਾਂ ਆਉਂਦੀਆਂ ਹਨ, ਅਜਿੱਤਾ ਸਭ ਦੀ ਸੇਵਾ ਵਿਚ ਮੂਹਰੀ ਹੈ। ਲਗ ਪਗ ਸਾਰਾ ਸਮਾਂ ਅਜਿੱਤੇ ਦਾ ਖੂਹ ਤੇ ਹੀ ਲੰਘਦਾ ਹੈ ਤੇ ਸੇਵਾ ਵਿਚ ਤਤਪਰ ਰਹਿੰਦਾ ਹੈ।

## ੩.

ਸਤਿਸੰਗ ਦਾ ਪ੍ਰਵਾਹ ਟੁਰ ਰਿਹਾ ਹੈ, ਆਸਾ ਦੀ ਵਾਰ ਲਗਦੀ ਹੈ, ਕੀਰਤਨ ਦਾ ਅਨੰਦ ਬੱਝਦਾ ਹੈ, ਸੰਗਤ ਜੁੜਦੀ ਹੈ, ਲੰਗਰ ਚਲਦਾ ਹੈ। ਕੋਈ ਲਿਆਉਂਦੇ ਹਨ, ਕੋਈ ਪਕਾਉਂਦੇ ਹਨ, ਕੋਈ ਵਰਤਾਉਂਦੇ ਹੈਨ ਤੇ ਸਾਰੇ ਛਕਦੇ ਹੈਨ: ਉਪਦੇਸ਼ ਦਾ ਲੰਗਰ ਸ੍ਰੀ ਗੁਰੂ ਜੀ ਆਪ ਟੋਰਦੇ ਹਨ। ਇਕ ਦਿਨ ਦੀ ਗੱਲ ਹੈ ਕਿ ਸ੍ਰੀ ਗੁਰੂ ਜੀ ਦੇ ਸੱਸ ਸਹੁਰਾ ਦੋਵੇਂ ਕ੍ਰੋਧ ਵਿਚ ਭਰੇ ਹੋਏ ਫੇਰ ਆਏ ਤੇ ਲੱਗੇ ਵੱਧ ਘੱਟ ਗੱਲਾਂ ਕਰਨ। ਨਾਲ ਸ੍ਰੀ ਬੇਬੇ ਸੁਲੱਖਣੀ ਜੀ ਬੀ ਆਏ। ਅਜਿੱਤਾ ਓਸ ਵੇਲੇ ਘਰ ਸੀ! ਕਿਸੇ ਪ੍ਰੇਮੀ ਨੇ ਜਾ ਖ਼ਬਰ ਦਿਤੀ ਕਿ ਮੂਲਾ ਸਤਿਗੁਰੂ ਜੀ ਪਾਸ ਆਇਆ ਹੈ ਤੇ ਉਸ ਦੇ ਤੌਰ ਬੇਅਦਬੀ ਦੇ ਦਿੱਸਦੇ ਹਨ, ਤਾਂ ਅਜਿੱਤਾ ਭੱਜਾ ਆਇਆ। ਮੂਲੇ ਨੂੰ ਸਮਝਾਉਣ ਲੱਗਾ ਕਿ ਕਿਉਂ ਸਿਰ ਖਪਾਉਂਦਾ ਹੈਂ? ਤੂੰ ਅਭਾਗ ਹੈਂ, ਜਿਸ ਨੂੰ ਭੇਤ ਸਮਝ ਨਹੀਂ ਪਿਆ! ਮੂਲਾ ਸ਼ਾਹ ਜੀ! ਏਥੇ ਤਾਂ ਆਪ ਕਲਾ ਧਾਰਕੇ ਪਰਮੇਸ਼ੁਰ ਦੀ ਨਿਜ ਜੋਤਿ ਵਰਤ ਰਹੀ ਹੈ[2]। ਇਨ੍ਹਾਂ ਦੇ ਸਾਰੇ ਕਰਤੱਬ ਕਰਤਾਰ ਦੇ ਹੁਕਮ ਵਿਚ ਹੈਨ, ਜੇ ਤੂੰ ਇਨ੍ਹਾਂ ਦੀ ਰਜ਼ਾ ਮੰਨਦੋਂ ਤਾਂ ਸੁਖੀ ਹੋ ਜਾਂਦੋਂ; ਪਰ ਭਾਗ ਪੁਰੋਂ ਹੀ ਐਸੇ ਹਨ ਕਿ ਮੋਹ ਮਾਇਆ ਨਾਲ ਮਿਲੇ ਸੰਬੰਧੀਆਂ ਦੇ ਨੈਣ ਬੰਦ ਰਹਿੰਦੇ ਹਨ। ਜਗਤ ਨਿਸਤਾਰਾ

[1] ਭਗਤ ਰਤਨਾਵਲੀ।

[1] ਜਿਤਾ ਰੰਧਾਵਾ ਭਲਾ ਹੈ ਬੂੜਾ ਬੁੱਢਾ ਇਕ ਮਨਿ ਧਿਆਵੈ॥ {ਭਾਈ ਗੁਰਦਾਸ}

[2] ਨਿਰੰਕਾਰ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ ॥ {ਵਾਰਾਂ ਭਾਈ ਗੁਰਦਾਸ}


www.sikhbookclub.com

ਪਾ ਰਿਹਾ ਹੈ ਤੇ ਤੂੰ ਕਲਪ ਰਿਹਾ ਹੈਂ। ਏਹ ਪਰਮੇਸ਼ੁਰ ਦੀ ਜੋਤਿ ਹਨ। ਏਹ ਤਾਂ ਸੁਤੰਤਰ ਨਿਰਛੰਦ ਮਹਾਂ ਜਯੋਤੀ ਹੈਨ ਕਿਸੇ ਭੇਖ ਦੀ ਕੈਦ ਵਿਚ ਨਹੀਂ ਹਨ, ਕਿਸੇ ਬੰਦ ਵਿਚ ਨਹੀਂ ਹੈਨ, ਨਾਹੱਕ ਆਪਣਾ ਆਪ ਨਾ ਗਵਾਓ। ਖਬਰੇ ਕੱਲ੍ਹ ਕੀ ਹੈ ਤੇ ਪਰਸੋਂ ਕੀ ਹੈ? ਸਮਝੋ. ਚਰਨੀ ਪਵੋ, ਜਨਮ ਜਿੱਤੋ, ਨਹੀਂ ਤਾਂ ਆਰਾਮ ਨਾਲ ਘਰ ਬੈਠੋ, ਤੁਹਾਡੇ ਖਪਣ ਦਾ ਨਾ ਇਨ੍ਹਾਂ ਪਰ ਅਸਰ ਹੈ ਨਾ ਸਾਡੇ ਕਿਸੇ ਪਰ, ਅਸਾਂ ਇਨ੍ਹਾਂ ਨੂੰ ਸਿਆਣ ਲੀਤਾ ਹੈ।

ਇਸ ਸਮਝੌਤੀ ਪਰ ਮੂਲੇ ਨੇ ਆਪਣਾ ਦੁਖ ਕਹਿ ਸੁਣਾਇਆ ਕਿ ਮੇਰੀ ਕਬੀਲੇ ਵਿਚ ਬਦਨਾਮੀ ਹੈ। ਮੇਰੇ ਸਿਰ ਤੇ ਧੀ ਦੁਹਤਿਆਂ ਦੇ ਖਰਚ ਦਾ ਬੋਝ ਹੈ। ਇਸ ਪਰ ਅਜਿੱਤੇ ਨੇ ਆਖਿਆ:-'ਭਲਾ ਜੀਓ ਜੀ! ਤੁਸੀਂ ਬੀਬੀ ਨੂੰ ਸਹੁਰੇ ਨਹੀਂ ਘੱਲਿਆ ਤਾਂ ਮੈਂ ਸਤਿਗੁਰੂ ਦਾ ਸਿੱਖ ਹਾਂ ਤੇ ਤੇਰੇ ਪਿੰਡ ਦਾ ਚੌਧਰੀ ਹਾਂ, ਤੇਰੇ ਨਾਲ ਬੀ ਸਾਂਝ ਹੈ, ਮੈਂ ਬੀਬੀ ਨੂੰ ਆਪਣੀ ਭੈਣ ਸਮਝਦਾ ਹਾਂ, ਸੋ ਤੂੰ ਖਰਚੋਂ ਨਾ ਡਰ। ਮੈਂ ਉਨ੍ਹਾਂ ਦੀ ਸੇਵਾ ਤੇਰੀ ਵਲੋਂ ਭੈਣ ਜਾਣਕੇ ਤੇ ਸਤਿਸੰਗ ਵਲੋਂ ਮਾਤਾ ਜਾਣਕੇ ਕਰਾਂਗਾ'। ਮੂਲੇ ਨੇ ਆਖਿਆ: 'ਚੌਧਰੀ! ਐਉਂ ਦੀ ਗੱਲ ਨਹੀਂ ਬਣਦੀ। ਜਗਤ ਚੌਧਰੀ ਜੀ!ਕਿਸੇ ਛਾਬੇ ਨਹੀਂ ਟਿਕਣ ਦੇਂਦਾ। ਇਨ੍ਹਾਂ ਗੱਲਾਂ ਵਿਚ ਫਿਰ ਚੰਦੋ ਰਾਣੀ[1] ਕੜਕ ਕੇ ਬੋਲੀ ਤੇ ਕੁਛ ਢੀਠਤਾ ਦੇ ਵਾਕ ਕਹੇ। ਇਸ ਨੂੰ ਬੀ ਚੌਧਰੀ ਸਮਝਾਵਣ ਲੱਗਾ ਪਰ ਉਸ ਨੇ ਆਪਣਾ ਗੁੱਸਾ ਫਿੱਕੇ ਵਾਕਾਂ ਵਿਚ ਹੀ ਕੱਢਿਆ। ਇਸ ਨੇ ਕੁਛ ਥੱਕ ਕੇ ਚੁੱਪ ਕੀਤੀ ਤਾਂ ਮਾਤਾ ਸੁਲੱਖਣੀ ਜੀ ਬੋਲੇ। ਇਨ੍ਹਾਂ ਪ੍ਰਤੀ ਅਜਿੱਤੇ ਨੇ ਆਖਿਆ: ਕਿ ਤੁਹਾਡਾ ਬੋਲਣਾਂ ਨਹੀਂ ਬਣਦਾ, ਮਾਤਾ ਪਿਤਾ ਜੁ ਬੋਲ ਰਹੇ ਹਨ। ਤਦ ਮਾਤਾ ਸੁਲੱਖਣੀ ਜੀ ਬੋਲੇ: 'ਵੀਰ ਜੀਓ, ਤੁਸੀਂ ਮੇਰੇ ਦੁਖ ਦੀ ਸੋਚ ਕਰੋ, ਮੈਂ ਕਿਵੇਂ ਕਰਾਂ, ਪੇਕੇ ਹੀ ਘਰ ਦਾ ਆਸਰਾ ਹੈ, ਉਨ੍ਹਾਂ ਉਤੇ ਮੇਰਾ ਤੇ ਦੋ ਪੁਤਾਂ ਦਾ ਬੋਝ ਹੈ। ਓਹ ਆਦਰ ਨਾਲ ਝੱਲ ਲੈਣ ਤਾਂ ਦਿਨ-ਕਟੀ ਹੁੰਦੀ ਜਾਏ, ਇਹ ਮੇਰੇ ਸਿਰ ਉਪਕਾਰ ਹੈ। ਪਰ ਹੁਣ ਓਹ ਅੱਕ ਗਏ ਹਨ, ਹਰ ਵੇਲੇ ਤਾਂਹਨੇ ਦੇਂਦੇ ਤੇ ਮਿਹਣੇ ਮਾਰਦੇ ਹਨ ਤੇ ਸਾਫ ਆਖਦੇ ਹਨ ਕਿ ਸਾਡੇ ਗਲ ਧੀ ਦਾ ਪਿੱਟਣਾ ਪੈ ਗਿਆ ਹੈ। ਧੀ ਦਾ ਵਾਸ ਤੇ ਕੁਲ ਦਾ ਨਾਸ, ਜਾਹ ਤੂੰ ਬੀ ਸਾਧਣੀ ਹੋ ਜਾ, ਪੁੱਤਾਂ ਨੂੰ ਲੈਕੇ ਪਿੰਨਦੀ ਫਿਰ, ਸਾਥੋਂ ਨਹੀਂ ਹੁਣ ਖਰਚ ਨਿਭਦੇ। ਹੁਣ ਵੀਰਾ ਤੂੰਹੋਂ ਸੋਚ, ਮੈਂ ਕਿੱਧਰ ਜਾਵਾਂ? ਤੇ ਕੀਹ ਕਰਾਂ! ਉਹ ਨਿਨਾਣ, ਬੈਕੁੰਠ ਵਿਚ ਵਾਸ ਹੋਵੇ ਸੁ, ਜਦ ਤਕ ਜੀਵੀ, ਮੈਂ ਇਨ੍ਹਾਂ ਦਾ ਪਰਦੇਸ਼ ਜਾਣਾ ਨਾ ਬੁੱਝਿਆ, ਜਦ ਉਹ ਗੁਜ਼ਰੇ ਮੈਂ ਪੇਕੇ ਆ ਗਈ, ਏਹ ਪੇਕੇ ਮੈਨੂੰ ਹੁਣ ਭਾਰੂ ਸਮਝਦੇ ਹਨ। ਤਦੋਂ ਸਹੁਰੇ ਚਲੀ ਜਾਂਦੀ ਤਾਂ ਸੁਖੀ ਰਹਿੰਦੀ, ਓਥੇ ਪਰਮੇਸ਼ੁਰ ਦਾ ਦਿੱਤਾ ਸਭ ਕੁਛ ਹੈਸੀ। ਹੁਣ ਓਹ ਵੇਲਾ ਵੀ ਹੱਥ ਨਹੀਂ ਆਉਂਦਾ। ਪੁਤ੍ਰ ਸਿਆਣੇ ਹਨ, ਉਹ ਬੀ ਨਾਨਕਿਆਂ ਦੇ ਮਿਹਣਿਆਂ ਦਾ ਦੁੱਖ ਮੰਨਦੇ ਹਨ, ਮੈਂ ਟੱਬਰ ਜੋਗਾ ਕਿਥੋਂ ਲਿਆਵਾਂ ਜੋ ਮਾਪਿਆਂ ਦੇ ਗਲੋਂ ਲਹਵਾਂ'। ਇਸ ਤਾਰ੍ਹਾਂ ਦੇ ਦਿਲ ਪੰਘਾਰਨ ਵਾਲੇ ਵਾਕ ਜਦ ਸ੍ਰੀ ਸੁਲੱਖਣੀ ਜੀ ਨੇ ਆਖੇ ਤੇ ਨਾਲੇ ਰੋਏ ਤਾਂ ਸ੍ਰੀ ਗੁਰੂ ਜੀ ਬੋਲੇ:-

ਗ੍ਰਿਹਸਤ ਵਿਚ ਸੁਖ ਤੇ ਆਰਾਮ ਦੀ ਚਾਹਨਾ ਜੇ ਦੂਰ ਹੋ ਸਕੇ, ਸਾਧ ਸੰਗਤ ਦੀ ਸੇਵਾ ਵਿਚ ਜੇ ਮਨ ਪਰਚ ਸਕੇ, ਦੁੱਖ ਭੁੱਖ ਜੇ ਸਹੀ ਜਾ ਸਕੇ, ਸਾਕਾਦਾਰੀ ਦੇ ਮੋਹ ਮੁਹਾਬੇ ਵਾਲੇ ਦਾਅਵੇ ਜੇ ਮਿਟ ਸਕਣ ਤਾਂ ਕਲਜਾਣ ਹੈ। ਮਿਹਣਿਆਂ ਤੇ ਦੁਖਾਂ ਨਾਲ ਵੇਹੜਿਆ ਘਰ ਜੇ ਉਪਰਾਮਤਾ ਤੇ ਉਦਾਸੀਨਤਾ ਦੇ ਸਕਦਾ ਹੈ ਤਾਂ ਉਸ ਘਰ ਨੂੰ ਛੱਡ ਦਿਓ। ਕਰਤਾਰ ਦੀ ਸ਼ਰਨ ਲੈ ਲਓ। ਐਹ ਲੰਗਰ ਕਰਤਾਰ ਦਾ ਟੁਰ ਰਿਹਾ ਹੈ, ਸਾਧ ਸੰਗਤ ਛਕ ਰਹੀ ਹੈ, ਤੂੰ ਬੀ ਪੁੱਤਾਂ ਮਣੇ ਆ ਜਾ, ਸੇਵਾ ਕਰ ਤੇ ਪ੍ਰਸ਼ਾਦੇ ਛਕ, ਕਰਤਾਰ ਭਲੀ ਕਰੇਗਾ

ਮੋਹ ਮਾਇਆ ਵਿਚ ਹੁਣ ਤਕ ਟੁਰ ਰਹੇ ਮਾਤਾ ਜੀਉ ਪਰ ਏਹ ਵਾਕ ਮਾਇਆ ਮੋਹ ਨੂੰ ਢਿੱਲਿਆਂ ਕਰ ਜਾਣ ਵਾਲਾ ਅਸਰ ਪਾ ਗਏ, ਪ੍ਰਸੰਨ ਹੋਕੇ ਬੋਲੇ:-ਆਪਣੇ ਕਿਤੇ ਨੇੜੇ ਵਸਾ ਦਿਓ, ਦੁੱਖ ਭੁੱਖ ਸਹਿਕੇ ਸੁਖੀ ਰਹਾਂਗੀ, ਸਾਰੇ ਸਾਕਾਦਾਰੀ ਦੇ ਦਾਅਵੇ ਤੋੜਕੇ ਨਿਰੀ ਸੇਵਾ ਸਿਰ ਚਾਕੇ ਟਹਿਲ ਕਮਾਵਾਂਗੀ; ਪਰ ਕਿਤੇ ਨੇੜੇ ਵਾਸਾ ਦੇ ਦਿਓ। ਤਦ ਕਿਸੇ ਬੰਦ ਵਿਚ ਬੰਦ ਨਾ ਹੋਣ ਵਾਲੇ, ਸਦਾ ਖੁੱਲੇ ਤੇ ਸੁਤੰਤਰ ਦਾਤੇ, ਪਰ ਪੀੜਾ ਤੇ ਪਸੀਜਣ

---

[1] ਸ੍ਰੀ ਗੁਰੂ ਜੀ ਦੀ ਸੱਸ।

ਵਾਲੇ ਸਤਿਗੁਰੂ ਜੀ ਬੋਲੇ: 'ਚੰਗਾ ਫਿਰ ਕਰਤਾਰ ਭਲੀ ਕਰੇ, ਗਰੀਬੀ ਦਾ, ਦੁਖ ਭੁਖ ਦਾ, ਤਿਆਗ ਦਾ, ਸੇਵਾ ਦਾ ਭਾਵ ਲੈਕੇ ਵਾਹਿਗੁਰੂ ਦੇ ਲੰਗਰ ਦੀ ਸੇਵਾ ਦਾ ਭਾਰ ਚਾ ਲਓ। ਸੇਵਾ ਸਾਰੇ ਸੁਖਾਂ ਦਾ ਮੂਲ ਹੈ। ਇਹ ਵਾਕ ਸੁਣਕੇ ਮਾਤਾ ਸੁਲੱਖਣੀ ਤਤਛਿਨ ਗਈ, ਬਰਖੁਰਦਾਰਾਂ ਨੂੰ ਨਾਲ ਲੈਕੇ ਸਾਧ ਸੰਗਤ ਵਿਚ ਲੰਗਰ ਦੀ ਸੇਵਾ ਦਾ ਚਾਉ ਲੈ ਕੇ ਆ ਗਈ। ਜਦੋਂ ਹੀ ਕਿ ਉਹਨਾਂ ਨੇ ਪਕੜਦਾ ਮਾਰਗ ਤਿਆਗਿਆ, ਦੁੱਖ ਭੁੱਖ ਤੇ ਸੇਵਾ ਦਾ ਭਾਵ ਲੈਕੇ ਸਿਰ ਤੇ ਜਗਤ ਸੇਵਾ ਚਾ ਲਈ, ਸੰਗਤਾਂ ਵਿਚ ਪੂਜ ਮਾਤਾ ਜੀ ਹੋ ਗਈ, ਹਰ ਸਿਖ ਨੇ ਆਪ ਦਾ ਸਨਮਾਨ ਕੀਤਾ। ਮੂਲ ਚੰਦ ਚੰਦੋ ਰਾਣੀ ਸੱਸ ਸਹੁਰਾ ਦੋਵੇਂ ਇਹ ਦੇਖਕੇ ਹੋਰ ਦੁਖੀ ਹੋਏ। ਓਹ ਚਾਹੁੰਦੇ ਸਨ ਕਿ ਗੁਰੂ ਜੀ ਮੁੜ ਗ੍ਰਿਹਸਤੀ ਹੋਕੇ ਸਾਡੇ ਵਰਗੇ ਹੋ ਜਾਣ। ਭਾਣਾ ਇਹ ਵਰਤਿਆ ਕਿ ਆਪਣੀ ਧੀ ਤੇ ਦੁਹਿਤੇ ਘਰ ਤਿਆਗਕੇ ਤਿਆਗੀ ਹੋ ਸੇਵਾ ਵਿਚ ਜਾ ਜੁੱਟੇ। ਉਹਨਾਂ ਦੇ ਭਾਣੇ ਜਵਾਈ ਗ੍ਰਿਹਸਤੀ ਨਾ ਬਣਿਆ, ਸਗੋਂ ਧੀ ਫਕੀਰ ਹੋ ਗਈ। ਇਉਂ ਨਿਮੋਝੂਣ ਹੋ ਦੋਏ ਪੱਛੋਤਾਉਣ ਲਗੇ ਇਧਰ ਸਤਿਸੰਗ ਲਗਦਾ ਹੈ, ਜਗਤ ਦਾ ਉਧਾਰ ਹੋ ਰਿਹਾ ਹੈ; ਮਾਤਾ ਜੀ ਹੁਣ ਉਸੇ ਕਾਰੇ ਲਗ ਪਏ ਹਨ, ਜਿਸ ਵਿਚ ਗੁਰੂ ਜੀ ਦੀ ਖੁਸ਼ੀ ਹੈ। ਅਜਿੱਤਾ ਭਾਉ ਧਰਕੇ ਸੇਵਾ ਕਰ ਰਿਹਾ ਹੈ, ਕੌਤਕਹਾਰ ਸਤਿਗੁਰੂ ਨੇ ਅਜੇ ਏਥੇ ਹੋਰ ਕਾਰਜ ਸਾਰਨਾ ਹੈ ਜੋ ਸਹੁਰੇ ਨਗਰ ਹੀ ਅਜਿੱਤੇ ਦੇ ਖੂਹ ਤੇ ਰੰਗ ਲਾਈ ਬੈਠੇ ਹਨ।

ਘਰ ਜਾਕੇ ਹੁਣ ਮੂਲੇ ਨੂੰ ਦਿਨ ਰਾਤ ਬਿਰਾਦਰੀ ਦਾ ਸਹਿਮ ਖਾਵੇ ਕਿ ਲੋਕੀਂ ਕਹਿਣਗੇ ਲਓ ਬਈ ਮੂਲੇ ਨੇ ਰੋਟੀ ਪਿੱਛੇ ਧੀ ਨੂੰ ਘਰੋਂ ਕੱਢ ਦਿਤਾ ਹੈ। ਨਾਲ ਹੀ ਇਕ ਸੋਚ ਪਵੇ ਕਿ ਮੈਂ ਹੀ ਪਾਗਲ ਹਾਂ ਕਿ ਸਾਰਾ ਜਗਤ ਪਾਗਲ ਹੈ। ਹਰ ਕੋਈ ਕਹਿੰਦਾ ਹੈ: 'ਨਾਨਕ ਰੱਬ ਦਾ ਰੂਪ ਹੈ', ਮੈਂ ਕਹਿੰਦਾ ਹਾਂ: 'ਨਹੀਂ, ਘਰੋਂ ਨੱਸਿਆ ਫਕੀਰ ਹੈ' ਫਿਰ ਹਰ ਕੋਈ, ਆਮ ਲੋਕੀਂ ਹੀ ਨਹੀਂ, ਚੰਗੇ ਚੰਗੇ ਵਿਦਵਾਨ ਇਸ ਨੂੰ ਅਵਤਾਰ ਕਹਿੰਦੇ ਹਨ। ਜੋਗੀ ਨੀਉਂਦੇ ਹਨ ਤੇ ਸ਼ਿਵਨਾਥ ਵਰਗੇ ਧੂਣੀਆਂ ਛੋੜਕੇ ਸੈਂਕੜੇ ਚੇਲੇ ਆਪਣੇ ਮਗਰੋਂ ਲਾਹ ਕੇ ਇਸ ਦੇ ਚੇਲੇ ਆ ਬਣੇ ਹਨ। ਮੁਸਲਮਾਨਾਂ ਦੇ ਵਡਕੇ ਚੰਗੇ ਚੰਗੇ ਪੀਰ ਸ਼ਰਨ ਲੈ ਰਹੇ ਹਨ। ਮੁਸਲਮਾਨਾਂ ਦਾ ਹਿੰਦੂ ਅੱਗੇ ਝੁਕਣਾਂ ਤੇ ਭੇਖੀ ਦਾ ਨਿੱਤ ਭੇਖ ਬਦਲਨ ਵਾਲੇ ਦੇ ਅੱਗੇ ਨੀਊਣਾ ਕਿਸੇ ਕਣੀ ਤੇ ਸੱਤਿਆ ਬਿਨਾਂ ਹੋ ਨਹੀਂ ਸਕਦਾ, ਕਿਤੇ ਮੈਂ ਹੀ ਨਾ ਭੁੱਲ ਤੇ ਹੋਵਾਂ ਇਨ੍ਹਾਂ ਸੋਚਾਂ ਵਿਚਾਰਾਂ ਵਿਚ ਮੂਲੇ ਨੇ ਇਕ ਰਾਤ ਸੁਪਣ ਡਿੱਠਾ ਕਿ ਗੁਰੂ ਨਾਨਕ ਤਾਂ ਰੱਬ ਦੀ ਜੋਤਿ ਹੈ, ਕਰੋੜਾਂ ਪ੍ਰਕਾਸ਼ ਉਦਾਲੇ ਹਨ ਤੇ ਜਗਤ ਦੇ ਗੁਪਤ ਪ੍ਰਗਟ ਮਹਾਂ ਪੁਰਖ ਨਮਸਕਾਰਾਂ ਕਰ ਕੇ ਆਰਤੀਆਂ ਉਤਾਰ ਰਹੇ ਹਨ। ਜਾਗਕੇ ਇਹ ਖਿਆਲ ਫੁਰਿਆ ਕਿ ਚੌਧਰੀ ਬੜਾ ਸਿਆਣਾ ਹੈਸੀ, ਇਸ ਕਈ ਸਾਧ ਵੇਖੇ ਪਰਖੇ ਹਨ, ਕਦੇ ਕਿਤੇ ਨਹੀਂ ਸੀ ਨਿਵਿਆਂ, ਪਰ ਏਥੇ ਐਸਾ ਨਿਵਿਆਂ ਹੈ ਕਿ ਸਿਰ ਹੀ ਨਹੀਂ ਚਾਉਂਦਾ। ਇਸ ਤਰ੍ਹਾਂ ਸੋਚਕੇ ਅਜਿੱਤੇ ਨਾਲ ਜਾਕੇ ਵਿਚਾਰ ਕੀਤੀਓਸੁ। ਇਉਂ ਸਹਜੇ ਸਹਜੇ ਮੂਲੇ ਵਰਗੇ ਕਠੋਰ ਚਿੱਤ ਵਾਲੇ ਤੇ ਨਿੱਤ ਬੇਅਦਬੀਆਂ ਕਰਨ ਵਾਲੇ ਦੇ ਮਨ ਤੋਂ ਮਾਇਆ ਦੀ ਛਾਇਆ ਘਟੀ। ਛਾਇਆ ਆਪੇ ਕੀਹ ਘਟਣੀ ਸੀ, ਕੌਤਕਹਾਰ ਜੁ ਦੁਆਰੇ ਆਇਆ ਬੈਠਾ ਹੈ, ਕੋਈ ਮਿਹਰਾਂ ਹੀ ਕਰਨ ਆਇਆ ਹੈ। ਜਗਤ ਨੂੰ ਜੋ ਤਾਰ ਰਿਹਾ ਹੈ, ਸਮੇਂ ਸੰਜੋਗ ਪਛਾਣਦਾ ਹੈ, ਵੇਲੇ ਸਿਰ ਆਪਣਿਆਂ ਨੂੰ ਬੀ ਤਾਰਨਾ ਉਸ ਦਾ ਬਿਰਦ ਹੈ।

ਹੁਣ ਮੂਲੇ ਨੂੰ ਇਕ ਦਿਨ ਆਪਣੇ ਮਰਨੇ ਦਾ ਖਿਆਲ ਆਇਆ: ਅੰਤ ਚੱਲਣਾ ਹੈ, ਜੋ ਬਣਿਆਂ ਸੋ ਟੁੱਟਦਾ ਹੈ, ਜੋ ਘੜਿਆ ਸੋ ਭੱਜਦਾ ਹੈ, ਸਦਾ ਕਿਸ ਰਹਿਣਾ ਹੈ? ਮੈਂ ਉਸ ਨੂੰ ਚੰਬੜ ਰਿਹਾ ਹਾਂ ਜੋ ਛੱਡ ਜਾਣੀ ਹੈ ਤੇ ਨਾਲ ਨਹੀਂ ਨਿਭਣੀ। ਮੈਂ ਇਸ ਲੱਛੇ ਬਾਈ[1] ਨੂੰ ਐਸਾ ਅਪਨਾਇਆ ਹੈ ਕਿ ਧੀ ਤੇ ਦੁਹਤਿਆਂ ਨੂੰ ਬੀ ਓਪਰੇ ਜਾਤਾ ਹੈ। ਮੈਂ ਉਨ੍ਹਾਂ ਤੇ ਖਰਚ ਹੁੰਦੀ ਮਾਇਆ ਨੂੰ ਬੀ ਅਜਾਈਂ ਜਾਂਦੀ ਜਾਣਿਆ, ਉਹ ਮਾਇਆ ਤਾਂ ਸਫਲੀ ਹੋ ਰਹੀ ਸੀ।

ਅਸਲ ਵਿਚ ਉਸ ਦੇ ਮਨ ਨੇ ਠੁਹਕਰ ਪਹਿਲੀ ਏਥੋਂ ਹੀ ਖਾਧੀ ਸੀ। ਜਦ ਤਾਂਈਂ ਗੁਰੂ ਜੀ ਵਲੋਂ ਚੁੱਪ ਸੀ ਉਹਦਾ ਮਨ ਹਠ ਤੇ ਕ੍ਰੋਧ ਵਿਚ ਸੀ। ਜਦ ਹੀ ਕਿ ਧੀ ਦੁਹਿਤੇ ਘਰੋਂ ਚਲੇ ਗਏ ਤਾਂ ਉਸ ਦੇ

[1] ਭਾਵ ਮਾਯਾ।

ਮਨ ਦੀ ਹਠਾਗ੍ਰਹਿ ਵਾਲੀ ਜਕੜ ਢਿੱਲੀ ਹੋਣ ਲਗ ਪਈ। ਜਦ ਮਨ ਨੇ ਢਿੱਲ ਖਾਧੀ ਤਾਂ ਹੋਰ ਭਾਵ ਦੀਆਂ ਵਿਚਾਰਾਂ ਨੂੰ ਆਪਣਾ ਕੰਮ ਕਰਨ ਦਾ ਮੌਕਾ ਮਿਲ ਗਿਆ। ਸਹਿਜੇ ਸਹਿਜੇ ਮੂਲੇ ਨੂੰ ਹੋਸ਼ ਆ ਗਈ ਤਾਂ ਹੁਣ ਨਜ਼ਰ ਗੁਰ ਨਾਨਕ ਦੇ ਗੁਣਾਂ ਵਲ ਪੈਣ ਲਗ ਪਈ। ਕੌਣ ਹੈ ਜੋ ਘਰ ਦੇ ਸੁਖ, ਸਰਕਾਰੀ ਇੱਜ਼ਤ ਵਾਲੀ ਨੌਕਰੀ, ਪੁਤਰ, ਵਹੁਟੀ: ਦੇਵੀ ਭੈਣ ਤੇ ਮਾਤਾ ਪਿਤਾ ਪਰਵਾਰ ਛੋੜਕੇ ਜਗਤ ਵਿਚ ਫਕੀਰੀ ਧਾਰਕੇ ਦੁੱਖ ਭੁੱਖ ਕਲੇਸ਼ ਸਿਰ ਲੈਕੇ ਸਾਈਂ ਦੇ ਨਾਮ ਦੀ ਦੁਹਾਈ ਦੇਂਦਾ, ਜਗਤ ਨੂੰ ਨਿਸਤਾਰਣ ਅਰਥ ਫਿਰਦਾ ਹੈ, ਜ਼ਰੂਰ ਨਾਨਕ ਉੱਚਾ ਹੈ ਤੇ ਦੁਖ ਹਰਿਤਾ ਹੈ। ਐਸੇ ਐਸੇ ਵੀਚਾਰ ਤੇ ਸਾਮਰਤੱਖ ਸਾਮ੍ਹਣੇ ਦਰਸ਼ਨ, ਸਤਿਸੰਗ, ਗੁਰੂ ਜੀ ਦਾ ਵਰਤਾਉ ਤੇ ਪ੍ਰਭਾਵ ਤੱਕ ਤੱਕਕੇ ਆ ਇਕ ਦਿਨ ਮੂਲਾ ਬੀ ਦਿਲੋਂ ਮਨੋ ਟੁੱਟਕੇ ਚਰਨੀਂ ਢੱਠਾ ਤੇ ਲੱਗਾ ਬੇਨਤੀਆਂ ਕਰਨ:-" ਹੇ ਦਾਤਾ! ਤੂੰ ਮਹਾਂ ਪੁਰਖ ਹੈਂ, ਤੂੰ ਜੋਤਿ ਇਲਾਹੀ ਹੈਂ ਤੂੰ ਜਗਤ ਨਿਸਤਾਰਨ ਆਇਆ ਹੈਂ, ਮੂਰਖ ਨੇ ਸਾਰ ਨਾ ਜਾਤੀ, ਦਿਨ ਰਾਤ ਨਿੰਦਿਆ ਕਰਦਾ ਰਿਹਾ ਹਾਂ, ਦਿਨ ਨਹੀਂ, ਵਰ੍ਹਿਆਂ ਬੱਧੀ ਗੁਣਾਂ ਦੇ ਦਾਤੇ ਵਿਚ ਔਗੁਣ ਆਰੋਪਦਾ ਰਿਹਾ ਹਾਂ। ਤੂੰ ਜੋ ਸਲਾਹੁਣ ਜੋਗ ਹੈਂ ਮੈਂ ਤੇਰੀ ਨਿੰਦਾ ਕੀਤੀ ਹੈ। ਹੁਣ ਤੇਰੀ ਸ਼ਰਣ ਆਇਆ ਹਾਂ, ਜੋਗ ਤਾਂ ਬੜੇ ਦੰਡ ਦੇ ਹਾਂ, ਪਰ ਮਿਹਰ ਕਰੋ, ਆਪਣੇ ਬਿਰਦ ਦੀ ਲੱਜਯਾ ਪਾਲੋ ਤੇ ਮੇਰਾ ਬੀ ਨਿਸਤਾਰਾ ਕਰੋ। "

ਇਸ ਤਰ੍ਹਾਂ ਦ੍ਰਵੇ ਹੋਏ ਦੇਖਕੇ ਨਰਮੀਆਂ ਵਾਲੇ ਦਾਤੇ ਦਾ ਦਿਲ ਪਸੀਜਿਆ। ਗੁਣ ਕੀਤਿਆਂ ਤਾਂ ਭਲਿਆਈ ਸਭ ਕੋਈ ਕਰਦਾ ਹੈ, ਪਰ ਅਵਗੁਣਾਂ ਦੇ ਬਦਲੇ ਨੇਕੀਆਂ ਕਰਨ ਵਾਲਾ ਇਕ ਗੁਰੂ ਨਾਨਕ ਹੈ; ਹਾਂ ਗੁਰੂ ਨਾਨਕ ਪਸੀਜਿਆ ਵਰ ਦਿਤਾ:-

ਸਿਮਰਹੁ ਸਤਿਨਾਮ ਗਤਿ ਦਾਈ॥
ਸਤਸੰਗਤਿ ਮਹਿੰ ਮਿਲਿ ਸੁਖ ਪਾਈ॥
ਕਰਿ ਬੰਦਨ ਕਰਤਾਰ ਅਗਾਰੀ॥
ਪਾਵਹੁਗੇ ਅਪਵਰਗ ਸੁਖਾਰੀ॥ (ਸ੍ਰੀ ਨਾ:ਪ੍ਰ)

ਵਰ ਹੋ ਗਿਆ, ਦਾਤ ਮਿਲ ਗਈ। ਮੂਲੇ ਦੇ ਮੋਹ ਪਟਲ ਟੁੱਟ ਗਏ, ਹਉਮੈ ਦੇ ਛੌੜ ਕੱਟੇ ਗਏ, ਸਿਮਰਨ ਵਿਚ ਸੁਰਤ ਸੁਖ ਤੇ ਸਹਿਜ ਨਾਲ ਲੱਗ ਗਈ। ਜਦੋਂ ਆਤਮਾ ਵਿਚ ਸਿਮਰਨ ਦੇ ਰੰਗ ਨੇ ਸੁਖ ਦਾ ਰੰਗ ਲਾ ਦਿੱਤਾ, ਬ੍ਰਿਤੀ ਤੇ ਮਨ ਅਨੁਕੂਲ ਹੋ ਗਏ ਤੇ ਸਾਈਂ ਰੰਗ ਰੱਤੇ ਗਏ ਤਾਂ ਮੂਲੇ ਦਾ ਰੰਗ ਦੇਖ ਦੇਖ ਚੰਦੋ ਬੀ ਬਦਲੀ ਤੇ ਅੰਤ ਉਸ ਦੀ ਮੋਹ ਮਾਇਆ ਦੀ ਕਾਈ ਤੇ ਛਾਈ ਘਟੀ। ਆਪਣੇ ਜਵਾਈ ਵਿਚ ਉਸ ਦੀ ਸੰਤ ਭਾਵਨਾ ਹੋ ਆਈ, ਸਾਕਾਦਾਰੀ ਦੀ ਪਕੜ ਬਿਨਸੀ ਤੇ ਸਤਿਸੰਗ ਦੇ ਨਵੇਂ ਨਾਤੇ ਜੋੜਨ ਦਾ ਚਾਉ ਆਇਆ। ਪਰ ਹੁਣ ਉਸਨੂੰ ਅਪਣੇ ਆਖੇ ਹੋਏ ਕਠੋਰ ਬਚਨਾਂ ਦੀ ਸ਼ਰਮ ਖਾਵੇ, ਕਿ ਕਿਸ ਮੂੰਹ ਜਾਕੇ ਸ਼ਰਨ ਤਕਾਵਾਂ। ਜਦ ਪਤੀ ਨੂੰ ਰੰਗ ਰਸ ਮੱਤਾ ਵੇਖੇ ਤਾਂ ਹੌਂਸਲਾ ਬਝ ਆਵੇ ਕਿ ਉਹ ਦਰ ਬਖਸ਼ਿੰਦ ਹੈ, ਓਥੇ ਮੇਰੇ ਵਾਕ ਤਾਂ ਚੁਭਦੇ ਤੇ ਆਪਣਾ ਅਸਰ ਰਖਦੇ ਜੇ ਉਥੇ ਖੁਸ਼ਕੀ ਹੁੰਦੀ, ਓਥੇ ਤਾਂ ਥਿੰਧ ਹੀ ਥਿੰਧ ਹੈ। ਮੇਰੇ ਵਾਕ ਪੋਹੇ ਨਹੀਂ, ਬੇਅਸਰ ਤਿਲਕ ਤਿਲਕ ਗਏ ਜਾਪਦੇ ਹਨ। ਪਤੀ ਦੇ ਸਤਿਸੰਗ ਤੇ ਸਮਝਾਉਣ ਨੇ ਹੌਂਸਲਾ ਬੰਨ੍ਹ ਦਿਤਾ ਤੇ ਚੰਦੋਰਾਣੀ ਨੇ ਬੀ ਆ ਸ਼ਰਨ ਤਕਾਈ। ਮਿਹਰਾਂ ਦੇ ਦਾਤੇ ਨੇ ਉਸ ਦੇ ਬੀ ਛੌੜ ਕੱਟੇ ਤੇ ਸਤਿਨਾਮ ਵਿਚ ਲਿਵ ਲਾ ਦਿੱਤੀ। ਹੁਣ ਜਦ ਕਾਲਜੇ ਨੂੰ ਠੰਢ ਪਈ, ਆਪਣੀ ਮੈਲ ਹਟੀ ਤੇ ਆਤਮ ਸੁਖ ਮਿਲਿਆ ਤਾਂ ਦਿੱਸਿਆ ਕਿ ਗੁਰੂ ਨਾਨਕ ਤਾਂ ਰੱਬ ਦੀ ਜੋਤਿ ਹੈ ਤੇ ਉਸ ਦਾ ਜਗਤ ਵਿਚ ਫਿਰਨਾ ਜਗਤ ਨੂੰ ਸੁਖ ਵੰਡਣ ਵਾਸਤੇ ਸੀ ਜਿਸ ਨਾਲ ਕਿ ਸਾਨੂੰ ਦੋਹਤਿਆਂ ਨੂੰ ਪਾਸ ਰੱਖਕੇ ਸੇਵਾ ਦਾ ਅਵਸਰ ਮਿਲਿਆ ਸੀ ਜੋ ਅਸਾਂ ਕੋਝੀ ਤਰ੍ਹਾਂ ਨਿਭਾਇਆ, ਪਰ ਧੰਨ ਦਾਤਾ ਹੈ ਜਿਸ ਨੇ ਸਾਡੇ ਅਵਗੁਣ ਨਹੀਂ ਚਿਤਾਰੇ ਤੇ ਆਪਣੀ ਮਿਹਰ ਵਿਚੋਂ ਸਾਨੂੰ ਵਰੋਸਾਇਆ ਸੂ। ਇਉਂ ਚੰਦੋ ਨੂੰ ਗੁਰੂ ਗੁਰ ਨਾਨਕ ਦੀ ਅਜ਼ਮਤ, ਉਸ ਦੇ ਉੱਚੇ ਆਸ਼ਯ ਤੇ ਉਸ ਦੀ ਉੱਚ ਗਤੀ ਹੁਣ ਸਾਫ ਪਏ ਦਿੱਸਦੇ ਹਨ। ਸ਼ੁਕਰ ਆਉਂਦਾ ਹੈ, ਵੈਰਾਗ ਛੁਟਦਾ ਹੈ, ਅਰਦਾਸ ਆ ਮੁਹਾਰੀ ਨਿਕਲਦੀ ਹੈ। ਫਿਰ ਸਿਮਰਨ ਦਾ ਰੌ ਰੰਗ ਰਸ ਵਾਲਾ ਹੋ ਕੇ ਬੱਝਦਾ ਹੈ ਤੇ ਕਦਰ ਪੈਂਦੀ ਹੈ ਕਿ ਕੀਹ ਨਿਆਮਤ ਸੀ ਇਸ ਦਾਤੇ ਪਾਸ ਜੋ ਅਸਾਂ ਨੂੰ ਹੁਣ ਮਿਲੀ ਹੈ ਤੇ ਪਹਿਲੇ ਇਸ ਤੋਂ ਅਸੀਂ ਵਿਰਵੇ ਸਾਂ। ਹੁਣ ਧੀ

ਫਕੀਰ ਹੋ ਗਈ ਨਹੀਂ ਦਿੱਸਦੀ, ਪਰ ਸੁਖ ਦੇ ਘਰ ਅਪੜੀ ਜਗਤ ਮਾਤਾ ਹੋ ਗਈ ਦਿੱਸਦੀ ਹੈ।

ਗੁਰੂ ਜੀ ਏਥੇ ਕਿਤਨਾ ਸਮਾਂ ਟਿਕੇ ਰਹੇ ਤੇ ਬਹੁਤ ਜੀਵਾਂ ਦਾ ਉਧਾਰ ਹੋਇਆ। ਅਜਿੱਤਾ ਇਕ ਸ਼ਕਤੀਮਾਨ ਪੁਰਖ ਬਣ ਗਿਆ ਤੇ ਸੱਸ ਸਹੁਰਾ ਪਾਰਗਿਰਾਮੀ ਹੋ ਗਏ। ਗੁਰੂ ਜੀ ਕਰਤਾਰ ਪੁਰ ਆ ਗਏ ਤੇ ਅਜਿੱਤੇ ਨੇ ਮਾਤਾ ਜੀ ਤੇ ਪਰਵਾਰ ਨੂੰ ਕਰਤਾਰ ਪੁਰ ਪਹੁੰਚਾ ਦਿੱਤਾ।

ਸੂਚਨਾ-ਕੁਛ ਦਿਨਾਂ ਬਾਦ ਗੁਰੂ ਜੀ ਹੁਣ ਫ਼ੇਰ ਕਰਤਾਰਪੁਰੋ ਟੁਰ ਪਏ। ਪੁ: ਜਨਮ ਸਾਖੀ ਵਿਚ ਪਹਿਲੇ ਕਸ਼ਮੀਰ ਤੇ ਫੇਰ ਸੁਮੇਰ (ਮਾਨ ਸਰਵੋਰ) ਜਾਣਾ ਲਿਖਿਆਂ ਹੈ[1]। ਸੋ ਅਗਲੇ ਲੇਖ ਵਿਚ ਕਸ਼ਮੀਰ ਦਾ ਕੁਛ ਪ੍ਰਸੰਗ ਹੈ!

## ੭੧. ਅਰਸ਼ੀ ਨੂਰ[2]।

੧.

ਸੁਹਣੀ ਸੁਹਣੀ ਪਿਆਰੀ ਪਿਆਰੀ ਪੌਣ ਰੁਮਕ ਰਹੀ ਹੈ, ਸੂਰਜ ਹੁਰੀਂ ਡੁੱਬ ਰਹੇ ਹਨ, ਇਕ ਸਾਫ਼ ਸੁਥਰੇ ਪਾਣੀ ਦਾ-ਹੌਲ ਦਿਲੀ ਵਰਗੇ ਰੰਗ ਦੀ ਭਾ ਵਾਲਾ-ਪ੍ਰਵਾਹ ਵਗ ਰਿਹਾ ਹੈ, ਜਿਸ ਦੇ ਕਿਨਾਰੇ ਛੋਟਾ ਜਿਹਾ ਬਗੀਚਾ ਹੈ, ਵਿਚ ਇਕ ਕੁਟੀਆ ਹੈ, ਅੱਗੇ ਇਕ ਤਖਤਪੋਸ਼ ਡੱਠਾ ਹੈ। ਇਸ ਪਰ ਇਕ ਬਿਰਧ ਪੁਰਖ ਚੌਂਕੜੀ ਮਾਰੇ ਬੈਠਾ ਹੈ। ਦਾੜ੍ਹਾ ਚਿੱਟਾ ਸੁਫੈਦ ਤੇ ਲੰਮਾਂ ਹੈ, ਚਿਹਰਾ ਲਾਲੀ ਭਾਹ ਮਾਰਦਾ ਹੈ, ਚਾਹੋ ਇਸ ਵਿਚ ਬੁਢਾਪੇ ਦੇ ਰੰਗ ਆਪਣਾ ਜੋਬਨ ਦਿਖਾ ਰਹੇ ਹਨ।

ਸੂਰਜ ਅਸਤ ਹੋ ਗਿਆ, ਪਹੁ ਦਾ ਚਾਨਣਾ ਫੈਲ ਗਿਆ ਕਿ ਬ੍ਰਿਧ ਨੇ ਅੱਖਾਂ ਖੋਲ੍ਹੀਆਂ ਤੇ ਹਾਹੁਕਾ ਲੈਕੇ ਇਕ ਫਾਰਸੀ ਦਾ ਟੱਪਾ ਗਾਂਵਿਆਂ। ਜਿਸ ਦਾ ਮਤਲਬ ਕੁਛ ਐਸ ਤਰ੍ਹਾਂ ਦਾ ਸੀ:-

"ਹੇ ਰੂਪ ਰੇਖ ਤੋਂ ਨਜਾਰੇ ਰੱਬ!
ਮੈਂ ਸਾਰੇ ਰੂਪ ਰੇਖ ਤੋਂ ਅੱਖਾਂ ਹੋੜਕੇ ਤੇਰੇ,
ਕੇਵਲ ਤੇਰੇ ਧਿਆਨ ਤੇ ਲਾਈਆਂ,
ਪਰ ਹਾਏ! ਤੇਰੇ ਵਜੂਦ ਨੇ
ਝਲਕਾ ਨਾਂ ਦਿਖਾਯਾ,
ਤੇ ਤੇਰੀਆਂ ਨੁਹਾਰਾਂ ਨਜ਼ਰੀ ਨਾਂ ਆਈਆਂ।
ਹੁਣ ਤੂਹੋਂ ਰੂਪ ਰੇਖ ਧਾਰਕੇ ਆ
ਜੋ ਏਹ ਨਿਤਾਣੀਆਂ ਅੱਖਾਂ ਤੈਨੂੰ
-ਕਿਵੇਂ ਸਹੀ-ਤੱਕ ਤਾਂ ਲੈਣ,
ਉਸ ਤੋਂ ਪਹਿਲਾਂ ਕਿ ਇਹ ਮਿਟ ਜਾਣ
ਸਦਾ ਲਈ ਮਿਟ ਜਾਣ, ਤੇਰੇ ਜਲਵੇ
ਇਕ ਵਾਰ ਤਾਂ ਇਨ੍ਹਾਂ ਵਿਚ ਆ ਪੈਣ।
ਮੇਰਾ ਕਾਲਜਾ ਤੜਪ ਤੜਪ ਰਹਿ ਗਿਆ,
ਮੇਰਾ ਦਿਲ ਧੜਕ ਧੜਕ ਰਹਿ ਗਇਆ,
ਮੇਰੀ ਛਾਤੀ ਉਮਗ ਉਮਗ ਰਹਿ ਗਈ,
ਤੇਰੇ, ਪਰ ਤੇਰੇ, ਹੇ ਅਰੂਪ ਅਰੇਖ
ਮੇਰੇ ਰਬ ਜੀ! ਤੇਰੇ ਫੇਰੇ ਨਾਂ ਪਏ।
ਤੇਰੀ ਜੱਫੀ ਦੀ ਠੰਢਕ ਮੇਰੇ ਸੀਨੇ ਨੇ ਨਾ ਪਾਈ।
ਆ ਆ ਕਿ ਮੈਂ ਮੁੰਤਜ਼ਿਰ ਹਾਂ,
ਆ ਆ ਕਿ ਮੌਤ ਮੇਰੀ ਮੁੰਤਜ਼ਿਰ ਹੈ,
ਆ ਆ ਕਿ ਮੇਰੇ ਖੁਰਾ ਖੋਜ ਮਿਟ ਜਾਣ
ਤੋਂ ਪਹਿਲਾਂ ਮੈਂ ਤੇਰਾ; ਹੇ ਬੇ-ਪਤਾ ਹੇ
ਬੇ-ਨਿਸ਼ਾਂ! ਦਰਸ਼ਨ ਪਾ ਲਵਾਂ!"

ਇਹ ਕੁਝ ਕਹਿਕੇ ਖੁੱਢਾ ਰੋਇਆ, ਛਮਾ ਛਮ ਨੈਣ ਵਗੇ, ਅਸਤੇ ਸੂਰਜ ਦੀਆਂ ਲਾਲੀਆਂ ਵੱਲ ਤੱਕਿਆਂ ਤੇ ਆਪਣੀ ਜ਼ਿੰਦਗੀ ਦੇ ਸੂਰਜ ਅਸਤ ਹੋਣ ਦਾ ਨਕਸ਼ਾ ਇਸ ਨਕਸ਼ ਵਿਚ ਵੇਖਕੇ ਹੋਰ ਰੋਇਆ। ਆਪਣੀ ਮੌਤ ਦੀ ਯਾਦ ਵਿਚ ਰੋਇਆ, ਆਪਣੀ ਸਾਰੀ ਉਮਰ ਦੀ ਨਾ ਪੂਰੀ ਹੋਈ ਆਸ ਵਿਚ ਰੋਇਆ।

ਲੌਢੇ ਪਹਿਰੇ ਸੂਰਜ ਡੁਬੇ ਮਗਰੋਂ ਦੀ ਪਹੁ ਦਾ ਚਾਨਣਾ ਵੀ ਟੁਰ ਪਿਆ, ਹਨੇਰਾ ਛਾ ਗਿਆ ਤੇ ਨਾਲੇ ਨੀਲੇ ਅਕਾਸ਼ ਵਿਚ ਚਿੱਟੇ ਚਿੱਟੇ ਤਾਰੇ ਚਮਕ ਪਏ। ਬੁੱਢੇ ਹੁਰੀਂ ਹੁਣ ਵਧਦੀ ਸਰਦੀ ਵੇਖਕੇ ਕੁਟੀ ਵਿਚ ਜਾਣਾ ਚਾਹੁੰਦੇ ਸਨ ਕਿ ਉਠਣੀ ਦੇ ਗਲ ਦੀਆਂ ਟੱਲੀਆਂ ਦੀ ਟਣਕਾਹ ਕੰਨੀਂ ਆ ਪਈ ਤੇ ਜਿੱਕੂੰ ਲੇਲੀ ਦੇ ਉਠ ਦੀ ਟੱਲੀ ਦੀ ਟਣ ਟਣ ਮਜਨੂੰ ਦੇ ਜੀ ਵਿਚ ਆਸ ਦੀ ਝਰਨਾਟ ਛੇੜਿਆ ਕਰਦੀ ਸੀ ਇਸ ਤਰ੍ਹਾਂ ਇਸ ਬੁੱਢੇ ਦੇ ਜੀ ਵਿਚ

[1] ਤਵਾਰੀਖ ਖਾਲਸਾ ਵਿਚ ਪਹਿਲੇ ਸਮੇਰ ਤੇ ਫੇਰ ਕਸ਼ਮੀਰ ਹੈ।

[2] ਇਹ ਪ੍ਰਸੰਗ ਸੰ: ਗੁ: ਨਾ: ਸ: ੪੪੯ (੧੯੧੮ ਈ:) ਨੂੰ ਗੁਰਪੁਰਬ ਪੁੰਨਮ ਪਰ ਟ੍ਰੈਕਟ ਦੀ ਸੂਰਤ ਵਿਖੇ ਪ੍ਰਕਾਸ਼ਿਆ ਸੀ।


www.sikhbookclub.com

ਆਸਾ ਨੇ ਫੇਰਾ ਪਾਯਾ ਤੇ ਆਪਣੇ ਆਪ ਹੀ ਬੋਲ ਉਠਿਆ:-

"ਆ ਬਈ ਸਾਡੇ ਪੁਰਾਣੇ ਬੇਲੀਆ! ਤੂੰ ਹੀ ਚੰਗਾ ਰਿਹੋਂ ਯਾਰਾ! ਤੂੰ ਆਪਣੇ ਮਹਿਬੂਬ ਨੂੰ ਸਦਾ ਛਾਤੀ ਨਾਲ ਲਾਈ ਰਖਿਆ ਤੇ ਸਦਾ ਵੇਖਿਆ। ਚਾਹੇ ਕੁਛ ਸੀ, ਪਰ ਮੇਰੇ ਵਾਂਗ ਤੇਰੀ ਸਾਰੀ ਉਮਰ ਮਹਿਬੂਬ ਦੀਆਂ ਤਾਂਘਾਂ, ਸਿੱਕਾਂ ਤੇ ਸੱਧਰਾਂ ਵਿਚ ਹੀ ਤਾਂ ਨਹੀਂ ਨਾ ਚਲੀ ਗਈ। ਤੂੰ ਜੋ ਕੁਛ ਧਾਰਿਆ ਸੋ ਪਾਇਆ, ਅਸਾਂ ਜੋ ਕੁਛ ਧਾਰਿਆ ਸੋ:-

ਆਸ ਆਸ ਕਰਦਿਆਂ ਓ ਆਸ ਹੀ ਬਿਲਾ ਗਈ। ਆਸ ਜਿਸ ਦੀ ਕੀਤੀਆ ਨਿਰਾਸ ਹੀ ਬਨਾ ਗਈ। ਉਮਰ ਹੀ ਵਿਹਾ ਗਈ ਤੇ ਜ਼ਿੰਦਗੀ ਮੁਕਾ ਗਈ; ਖ਼ੈਰ ਕਦੀ ਦਰਸ਼ਨਾਂ ਦੀ ਝੋਲੀ ਨਹੀਂ ਆ ਪਈ।

"ਆ ਬਈ ਬ੍ਰਹਮ ਦਾਸਾ, ਯਾਰਾ, ਆ! ਅੱਜ ਤਾਂ ਅਸੀਂ ਤੇਰੇ ਹੀ ਮੁਰੀਦ ਬਣੀਏਂ ਤਾਂ ਠੀਕ ਹੈ; ਇਸ ਪਾਰਸਾਈ, ਮੋਮਨਾਈ ਨੂੰ ਅਸਤੀਫ਼ਾ ਦੇਈਏ ਤੇ ਬੁਤਖ਼ਾਨੇ ਦੀ ਸੈਰ ਕਰੀਏ। "

ਇਨ੍ਹਾਂ ਮਨ ਉਕਤੀਆਂ ਕਰਦਿਆਂ ਨੂੰ ਬਿਰਧ ਪੁਰਖ ਜੀ ਦੇ ਸਾਹਮਣੇ ਸੁਹਣੇ ਭਰਵੇਂ, ਪੂਰੀ ਉਮਰਾ ਦੇ ਪੰਡਤ-ਬ੍ਰਹਮ ਦਾਸ ਜੀ-ਆ ਗਏ। ਗਲ ਲੰਮਾਂ ਚੋਲਾ ਹੈ, ਸਿਰ ਪੀਲਾ ਦੁਪੱਟਾ ਬੱਧਾ ਹੈ ਤੇ ਛਾਤੀ ਉੱਪਰ ਠਾਕਰਾਂ ਦੀ ਪੱਥਰ ਦੀ ਮੂਰਤੀ ਲਟਕ ਰਹੀ ਹੈ, ਮਗਰ ਦੋ ਊਠ ਆ ਰਹੇ ਹਨ, ਜਿਨ੍ਹਾਂ ਪਰ ੧੮ ਪੁਰਾਣ ਤੇ ਹੋਰ ਪੁਸਤਕ ਲੱਦੇ ਹੋਏ ਹਨ!

ਬਾਗ਼ ਵਿਚ ਇਕ ਹੋਰ ਤਖ਼ਤ ਪੋਸ਼ ਖਾਲੀ ਪਿਆ ਸੀ ਇਸ ਪਰ ਗ਼ਲੀਚਾ ਵਿਛਿਆ ਸੀ, ਇਹ ਸਦਾ ਇਸ ਬ੍ਰਾਹਮਣ ਦੇਵਤਾ ਲਈ ਡੱਠਾ ਰਹਿੰਦਾ ਸੀ। ਸੋ ਆਪ ਆਕੇ ਇਸ ਪਰ ਸਜ ਗਏ ਤੇ ਆਪਣੇ ਮਿਤ੍ਰ ਜੀ ਨੂੰ, ਜੋ ਪਹਿਲਾਂ ਬੈਠੇ ਸਨ ਤੇ ਜਿਨ੍ਹਾਂ ਦਾ ਨਾਮ 'ਕਮਾਲ' ਸੀ ਅਸ਼ੀਰਬਾਦ ਦਿੱਤੀ। ਉਨ੍ਹਾਂ ਨੇ ਵੀ ਸਲਾਮ ਦੁਆ ਆਖੀ! ਸੁਖ ਸਾਂਦ ਦੀਆਂ ਗੱਲਾਂ ਹੋ ਚੁੱਕਣ ਮਗਰੋਂ ਕਮਾਲ ਜੀ ਬੋਲੇ:-

ਲੈ ਵੇ ਬੀਬਾ ਗਲ ਓਹੋ ਵੇ ਹੋਈ!
ਕਾਬੇ ਵਿਚ ਕੁਛ ਮਿਲੀਓ ਨ ਢੋਈ। ਚਲ
ਵੇ ਬੀਬਾ ! ਬੁਤਖਾਨੇ ਨੂੰ ਚਲੀਏ,
ਸਿਜਦੇ ਚਲਕੇ ਵੇ ਕਾਫ਼ਰ ਨੂੰ ਕਰੀਏ।

ਬ੍ਰਹਮ ਦਾਸ-ਸਜਣਾ! ਅੱਜ ਇਹ ਕੀ ਅਵਾਜ਼ੇ ਹਨ? ਅਸੀਂ ਤਾਂ ਮੁੱਦਤਾਂ ਤੋਂ ਆਖਦੇ ਸਾਂ ਕਿ ਨਿਰਗੁਣ ਦੇ ਝਗੜੇ ਵਿਚੋਂ ਕੀ ਕੱਢਣਾ ਜੇ, ਸਰਗੁਣ ਉਪਾਸ਼ਨਾ ਕਰੋ ਤਾਂ ਕੁਛ ਪੱਲੇ ਪਵੇ!

ਕਮਾਲ-ਮਿੱਤ੍ਰਾ! ਤੇਰਾ ਹਿੰਦੂ ਘਰ ਦਾ ਜਨਮ, ਤੂੰ ਜਨਮ ਤੋਂ ਬੁਤਪ੍ਰਸਤ, ਮੈਂ ਮੁਸਲਮਾਨਾਂ ਦੇ ਜੰਮਿਆ, ਜੰਮਦਿਆਂ ਬੁਤ ਸ਼ਿਕਨ। ਪਰ ਯਾਰੀ ਸਾਡੀ ਮੁੱਲਾਂ ਦੇ ਪੜ੍ਹਦਿਆ ਲਗ ਗਈ ਬਾਲਪਨੇ ਵਿਚ ਹੀ। ਤੈਨੂੰ ਵੀ ਧਰਮ ਵਲ ਰੁਖ਼ ਪਿਆ, ਸਾਨੂੰ ਵੀ। ਤੈਨੂੰ ਤਾਂ ਘਰੋਂ ਹੀ ਪੱਥਰ ਦਾ ਮਹਿਬੂਬ ਮਿਲ ਪਿਆ, ਅਸਾਂ ਢੂੰਡਿਆ ਰੂਪ ਰੇਖ ਤੋਂ ਨਿਆਰਾ ਕੋਈ ਜੀਉਂਦਾ, ਸੋ ਉਮਰਾ ਲੰਘ ਗਈ, ਇਕ ਝਲਕਾ ਵੀ ਨਹੀਂ ਕਦੇ ਵੱਜਾ ਓਸ ਦਾ। ਹੁਣ ਮੌਤ ਸਾਮ੍ਹਣੇ ਦਿੱਸਦੀ ਹੈ ਤੇ ਮਹਿਬੂਬ ਨਹੀਂ ਮਿਲਿਆ। ਮਿਤ੍ਰਾ! ਕੋਈ ਦੱਸ ਜੇ ਤੈਨੂੰ ਕੁਛ ਠੰਢ ਪ੍ਰਾਪਤ ਹੈ ਤਾਂ ਮੈਂ ਵੀ ਤੇਰੇ ਰਾਹ ਲੱਗ ਪਵਾਂ, ਦੇਖ ਮੇਰਾ ਹਾਲ ਘਰ ਬਾਰ ਦੁਨੀਆਂ ਤੋਂ ਮੂੰਹ ਮੋੜਿਆ, ਤਪ ਹਠ ਕੀਤੇ, ਫਾਕੇ ਕੜਾਕੇ ਕੱਟੇ, ਫੇਰ ਅਜੇ-

"ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥ ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥"

ਅੱਜ ਤੀਸਰਾ ਦਿਨ ਹੈ ਰੋਜ਼ੇ ਰਖਦਿਆਂ, ਅੱਗੇ ਐਸ ਵੇਲੇ ਜੁੰਮਾਂ ਅਯਾਲੀ ਲੰਘਦਾ ਹੋਇਆ ਵਾਜ ਦੇ ਜਾਂਦਾ ਸੀ, ਜੇ ਭੁੱਖਾ ਹੁੰਦਾ ਸਾਂ ਤਾਂ ਦੋ ਘੁੱਟ ਭੇਡਾਂ ਦਾ ਦੁੱਧ ਲੈ ਲੈਂਦਾ ਸਾਂ, ਤੀਜੇ ਦਿਨ ਦਾ ਉਹ ਬੀ ਨਹੀਓਂ ਆਇਆ।

ਬ੍ਰਹਮਦਾਸ-ਸਜਣਾਂ ਮੇਰੀ ਕੀ ਪੁੱਛਦਾ ਹੈਂ, ਮੇਰਾ ਮਹਿਬੂਬ ਤਾਂ ਮੇਰਾ ਠਾਕੁਰ ਹੈ, ਜਿਸ ਦੀ ਮੂਰਤ ਆਹ ਮੇਰੇ ਗਲੇ ਲਟਕ ਰਹੀ ਹੈ। ਦੋ ਵੇਲੇ ਮੈਂ ਪੂਜਾ ਕਰ ਲੈਂਦਾ ਹਾਂ, ਸ਼ਾਸਤ੍ਰ ਪੁਰਾਣ ਤੇ ਹੋਰ ਪੁਸਤਕ ਦੋ ਊਠਾਂ ਤੇ ਲਦੇ ਮੈਂ ਨਾਲ ਰੱਖਦਾ ਹਾਂ, ਕਦੇ ਵਿਸਾਹ ਨਹੀਂ ਕਰਦਾ। ਬ੍ਰਤ, ਤਪ, ਹਠ ਬੀ ਕਰਦਾ ਹਾਂ, ਦੋ ਵੇਲੇ ਦੀ ਪੂਜਾ ਵਿਚ ਤੇ ਕੁਝ ਪੜ੍ਹਨ ਪੜ੍ਹਾਨ ਵਿਚ ਸਮਾਂ ਲੰਘ ਜਾਂਦਾ ਹੈ, ਸਮਾਂ ਲੰਘ ਗਿਆ ਹੈ, ਲੰਘ ਜਾਏਗਾ, ਪਰ ਦੇਖਿਆ ਦਿਖਾ-

ਇਆ ਆਪਾਂ ਬੀ ਕੁਛ ਨਹੀਓਂ, ਤੁਸੀਂ ਜੀ ਸਦਕੇ ਸਰਗੁਣ ਉਪਾਸਨਾ ਧਾਰਨ ਕਰੋ, ਵੇਲਾ ਚੰਗਾ ਲੰਘ ਜਾਇਆ ਕਰੇਗਾ। ਨਿਰਗੁਣ ਦੇ ਖਿਆਲ ਵਿਚ ਜੋ ਸਿਰਦਰਦੀ ਹੁੰਦੀ ਹੈ ਨਾ ਹੋਏਗੀ, ਪਰ ਬਾਕੀ ਦੀ ਰਕਮ ਓਹੋ ਦੀ ਓਹੋ ਹੈ। ਤੁਸੀਂ ਦੀਨਦਾਰ ਹੋ, ਮੈਂ ਬ੍ਰਹਮਚਾਰੀ ਆਚਾਰਯ ਹਾਂ, ਪਰ ਜੋ ਕੁਝ ਭਗਵਾਨ ਯਾ ਅੱਲਾ ਦੀ ਪ੍ਰਾਪਤੀ ਹੈ ਉਹਦਾ ਤਾਂ ਮੇਰੀ ਜਾਚੇ-ਸੱਚ ਇਹ ਹੈ ਕਿ-ਸਾਨੂੰ ਦੋਹਾਂ ਨੂੰ ਪਤਾ ਨਹੀਂ ਲੱਗਾ।

ਕਮਾਲ (ਠੰਢਾ ਸਾਹ ਭਰਕੇ)-ਚੰਗਾ ਲੱਕ ਤੋੜਿਆ ਈ, ਮੈਂ ਤਾਂ ਅੱਜ ਮਿਥੀ ਬੈਠਾ ਸਾਂ ਕਿ ਪੂਜਾ ਅਰਚਾ ਆਰੰਭ ਦਿਆਂ ਤੇ ਤੁਸਾਂ ਆਪਣੇ ਤਰੀਕੇ ਦਾ ਬੀ ਓਹੋ ਹਾਲ ਚਾ ਸੁਣਾਯਾ। ਚੰਗਾ; ਸਾਡੇ ਨਸੀਬ:-

ਕਿਸ਼ਤੀ ਸ਼ਿਕਸਤਗਾਨੇਮ ਐ ਬਾਦੇ ਸ਼ੁਰਤ
ਬਰਖੇਜ਼; ਬਾਸ਼ਦ ਕਿ ਬਾਜ਼ ਬੀਨਮ ਆਂ
ਯਾਰੇ ਆਸ਼ਨਾ ਰਾ।
ਅਰਥਾਤ-ਟੁੱਟੀ ਹਾਂ ਨਾਉ ਵਾਲੇ, ਰੁਖ਼ ਦੀ
ਹਵਾਏ! ਚਲ ਪਉ; ਖ਼ਬਰੇ ਉਹ ਯਾਰ
ਮਹਿਰਮ, ਮੁੜਕੇ ਝਲਕ ਦਿਖਾਏ।

ਬ੍ਰਹਮ ਦਾਸ-ਇਹ ਗੱਲਾਂ ਤਾਂ ਰਹੀਆਂ, ਪਹਿਲੇ ਕੁਝ ਖਾ ਲਓ। ਇਹ ਕਹਿਕੇ ਪੰਡਤ ਨੇ ਸਾਰਵਾਨ ਨੂੰ ਰੋਟੀ ਲਿਆਉਣ ਵਾਸਤੇ ਟੋਰ ਦਿੱਤਾ।

ਕਮਾਲ-ਉਸ ਅਯਾਲੀ ਨੂੰ ਕੀਹ ਹੋ ਗਿਆ?

ਬ੍ਰਹਮ-ਤੁਸਾਂ ਨੂੰ ਪਤਾ ਨਹੀਂ ?ਇਕ ਕੌਤਕ ਵਰਤ ਰਿਹਾ ਹੈ, ਜਿਸ ਲਈ ਮੈਂ ਸਲਾਹ ਕਰਨ ਵਾਸਤੇ ਆਯਾ ਹਾਂ, ਉਹ ਇਹ ਹੈ ਕਿ ਇਕ ਤਪਾ ਆਯਾ ਹੈ ਜੋ ੧੪ ਦਿਨ ਤੋਂ ਉਜਾੜ ਵਿਚ ਬੈਠ ਰਿਹਾ ਹੈ। ਕਹਿੰਦੇ ਹਨ ਕਿ ਪੌਣ ਅਹਾਰੀ ਹੈ ਯਾ ਬਨ ਦੇ ਫੁੱਲ ਕਿ ਪੱਤੇ ਅਹਾਰ ਕਰਦਾ ਹੈ। ਪੈਰੀਂ ਚਮੜੇ ਦਾ ਜੁੱਤਾ ਹੈ, ਤੇ ਸਾਰੀ ਦੇਹ ਤੇ ਬੀ ਚਮੜਾ ਲਪੇਟਿਆ ਹੈ[੧], ਮੱਥੇ ਟਿੱਕਾ ਕੇਸਰ ਦਾ ਹੈ, ਦੋ ਬਾਲਕੇ ਨਾਲ ਹਨ, ਇਕ ਛੀਂਬਾ ਹੈ ਤੇ ਇਕ ਲੁਹਾਰ ਹੈ[੧]।

ਸੁਣਿਆਂ ਹੈ ਕਿ ਇਕ ਦਿਨ ਜੁੰਮੇ ਅਯਾਲੀ ਨੇ ਉਹਨਾਂ ਨੂੰ ਛੇੜਖਾਨੀ ਜਾ ਕੀਤੀ ਤਾਂ ਕੀ ਦੇਖੇ ਕਿ ਸਭ ਦੁੰਬੇ ਮਰ ਰਹੇ ਹਨ, ਤਦ ਜਾ ਪੈਰੀਂ ਪਿਆ ਤਪੇ ਦੀ ਮਾਫੀ, ਮੰਗੀਓਸੁ। ਉਸ ਨੇ ਕਿਹਾ: ਜਾਹ ਦੁੰਬਿਆਂ ਦੇ ਕੰਨ ਵਿਚ ਕਹੁ "ਬਾਹਗੁਰੂ"। ਬੱਸ ਜਿਉਂ ਹੀ ਉਸ ਨੇ ਬਾਣੀ ਕਹੀ ਦੁੰਬੇ ਸਭ ਨੌ ਬਰਨੌ ਹੋ ਗਏ। ਸੋ ਇਹ ਪਰਚਾ ਵੇਖਕੇ ਜੁੰਮਾਂ ਰੇਵੜ ਛੱਡਕੇ ਉਹਨਾਂ ਦੀ ਸ਼ਰਨ ਪੈ ਰਿਹਾ ਹੈ ਤੇ ਮੁੜਕੇ ਘਰ ਨਹੀਂ ਆਯਾ[੨]।

ਦੂਏ ਤੀਏ ਦਿਨ ਰੇਵੜ ਦਾ ਮਾਲਕ ਗਿਆ, ਤਾਂ ਦੁੰਬੇ ਖੁੱਲੇ ਪਏ ਫਿਰਨ ਤੇ ਜੁੰਮਾ ਤਪੇ ਦੀ ਸੇਵਾ ਵਿਚ ਨਿਮਗਨ ਬੈਠਾ ਹੈ। ਪੁੱਛਣ ਤੇ ਜਦ ਸਾਰਾ ਹਾਲ ਮਲੂਮ ਹੋ ਗਿਆ, ਤਾਂ ਉਹ ਬੀ ਤਪੇ ਦੀ ਸ਼ਰਨ ਪੈ ਗਿਆ। ਸ਼ਹਿਰ ਵਿਚ ਸਾਰੇ ਚਰਚਾ ਤੁਰ ਪਈ ਤੇ ਲੋਗ ਲਗੇ ਦਰਸ਼ਨ ਕਰਨ। ਸੋ ਘਰ ਘਰ ਮਹਿਮਾ ਹੋ ਰਹੀ ਹੈ। ਮੇਰਾ ਸੰਕਲਪ ਬੀ ਸੀ ਜਾਵਾਂ, ਪਰ ਸ਼ਰਮ ਆਉਂਦੀ ਹੈ ਕਿ ਮੈਂ ਆਪ ਬੜਾ ਧਰਤੀ ਤੇ ਉੱਚਾ ਮਸ਼ਹੂਰ ਹਾਂ, ਟੁਰਕੇ ਕੀਕੂੰ ਜਾਵਾਂ ਤੇ ਮਨ ਦੀ ਵਡਿਆਈ ਕੀਕੁਰ ਗੁਆਵਾਂ? ਅਜੇ ਇਹ ਬੀ ਪਤਾ ਨਹੀਂ ਕਿ ਕੌਣ ਹਨ, ਕੈਸੇ ਹਨ, ਕਿਤੇ ਮੇਰੇ ਹੀ ਵਰਗੇ ਬ੍ਰਹਮ ਦਾਸ ਤਾਂ ਨਹੀਂ? ਹੁਣ ਮੈਂ ਤੁਸਾਂ ਨਾਲ ਗੱਲ ਬਾਤ ਕਰਨ ਆਯਾ ਹਾਂ ਕਿ ਅਸੀਂ ਬਾਲ ਸਖਾਈ ਮਿੱਤ੍ਰ ਹਾਂ, ਪਰਮਾਰਥ ਦਾ ਸੁਖ ਦੁਖ ਸਾਂਝਾ ਵੰਡਦੇ ਰਹੇ ਹਾਂ, ਇਸ ਵੇਲੇ ਕੀ ਕਰਨਾ ਚਾਹੀਏ?

ਕਮਾਲ (ਠੰਢਾ ਸਾਹ ਭਰਕੇ):-

'ਸੜ ਗਏ ਕੁੱਲੇ ਕੋਠੇ ਸਾਡੇ, ਹੜ੍ਹ ਕੋਈ
ਚੜ੍ਹ ਆਵੇ, ਬਾਕੀ ਰਹੀ ਸੁਆਹ ਨੂੰ
ਰੋਹੜ੍ਹੇ, ਨਾਮ ਨਿਸ਼ਾਨ ਮਿਟਾਵੇ! ਉੱਜੜੇ
ਬਾਗ ਅਸਾਡੇ ਭਾਈ! ਝੱਖੜ ਚੜ੍ਹਕੇ
ਆਵੇ, ਰਹਿੰਦੇ ਖੂੰਹਦੇ ਨੂੰ ਲੈ ਉੱਡੇ

---

[੧] ਭਾਵ ਪੋਸਤੀਨ ਦਾ ਹੈ, ਜੋ ਕਸ਼ਮੀਰ ਤੇ ਅਗਲੇ ਪਹਾੜਾਂ ਦੀ ਸਰਦੀ ਵਿਚ ਠੀਕ ਪੁਸ਼ਾਕ ਹੈ, ਇਹ ਪੁਸ਼ਾਕਾ "ਪੁਰਾਤਨ ਜਨਮ ਸਾਖੀ" ਵਿਚ ਇਸ ਸਮੇਂ ਦਾ ਦਿਤਾ ਹੈ।

[੧] ਇਸ ਉਦਾਸੀ ਵਿਚ ਹੱਸੂ ਲੁਹਾਰ ਤੇ ਸੀਂਹੋ ਛੀਂਬਾ ਨਾਲ ਸਨ।

[੨] ਤਿਹ ਸਥਾਨ ਦੁੰਬੇ ਤਜਿ ਬ੍ਰਿੰਦਾ ॥ ਬੈਠਜੋ ਆਨ ਨਿਕਟ ਸੁਖਕੰਦਾ ॥ ਕਹੈ ਕਿ ਅਬ ਕਹੂੰ ਨ ਜਾਵੌਂ ॥ ਤੁਮਰੇ ਪਗ ਕੀ ਸੇਵਾ ਕਮਾਵੌਂ ॥ (ਸ੍ਰੀ ਗੁ: ਨਾ: ਪ੍ਰਕਾਸ਼)

ਰੜੇ ਮਦਾਨ ਬਨਾਵੇ। "

ਬ੍ਰਹਮ ਦਾਸਾ! ਯਾਰਾ ਕੀ ਤੱਕਨਾਂ ਹੈਂ? ਛਾਲ ਮਾਰ ਤੇ ਮਿਲ, ਸਾਨੂੰ ਮਿਲਾ। ਮਿੱਤ੍ਰਾ! ਕਾਹਦੀਆਂ ਇੱਜ਼ਤਾਂ ਤੇ ਕਾਹਦੇ ਡਰ, ਉਮਰਾ ਲੰਘ ਗਈ, ਮੌਤ ਸਾਹਮਣੇ ਹੈ, ਹੁਣ ਤਾਂ ਵਣ ਵਣ ਮੌਤ ਦੀ ਕੂਕ ਦੇ ਰਿਹਾ ਹੈ। ਹਾਂ, ਹੁਣ ਹੀ ਸਹੀ, ਖ਼ਬਰੇ ਕਿਤੋਂ ਅੱਲਾ ਬੋਲ ਪਵੇ।

ਇਸ ਤਰ੍ਹਾਂ ਦੀਆਂ ਗੱਲਾਂ ਕਰਦਿਆਂ ਰੋਟੀ[੧] ਆ ਗਈ; ਉਦਾਸ ਹੋਏ ਹੋਏ ਕਮਾਲ ਨੇ ਉਗਲ ਨਿਗਲ ਕੇ ਕੁਛ ਖਾਧਾ, ਘੁੱਟ ਪਾਣੀ ਦਾ ਪੀਤਾ ਤੇ ਕਿਹਾ; "ਅਲਹਮਦੁਲਿੱਲਾ ਸ਼ੁਕਰ, ਤੇਰਾ ਸ਼ੁਕਰ, ਐ! ਤੂੰ ਜੋ ਹੁਜਾਬ (ਪਰਦੇ) ਤੋਂ ਕਦੇ ਬਾਹਰ ਨਹੀਂ ਆਯਾ"।

ਦੋਵੇਂ ਪੁਰਾਣੇ ਮੇਲੀ, ਪਰ ਅੱਡ ਅੱਡ ਮਤਾਂ ਤੇ ਖਿਆਲਾਂ ਦੇ, ਜਿਵੇਂ ਅੱਗ ਪਾਣੀ ਮੇਲੀ ਹੋਣ, ਢੇਰ ਚਿਰ ਆਪਣੇ ਦਰਦਾਂ ਦੁਖਾਂ ਦੇ ਹਾਵੇ ਕੱਢਦੇ ਰਹੇ ਤੇ ਫੇਰ ਆਪੋ ਆਪਣੇ ਟਿਕਾਣੇ ਚਲੇ ਗਏ। ਫੈਸਲਾ ਇਹੀ ਹੋਇਆ ਕਿ ਨਵੇਂ ਆਏ ਤਪੇ ਨੂੰ ਜ਼ਰੂਰ ਮਿਲਣਾ ਚਾਹੀਏ।

## ੨.

ਰਾਤ ਬੀਤ ਰਹੀ ਹੈ, ਹੁਕਮ ਦੇ ਬੱਧੇ ਤਾਰੇ ਚੰਦ ਟੁਰੇ ਜਾਂ ਰਹੇ ਹਨ: ਪਰ ਇਹ ਮਨੁੱਖ ਹੁਕਮ ਵਿਚ ਨਾ ਟੁਰਦੇ ਅਮੋੜਪਨੇ ਨਾਲ ਠੇਡੇ ਖਾ ਰਿਹਾ ਹੈ। ਕਮਾਲ ਦਾ ਮੱਥਾ ਤਪ ਰਿਹਾ ਹੈ, ਨੀਂਦ ਨਹੀਂ ਆ ਰਹੀ, ਜਲਨ ਉਠਦੀ ਹੈ, ਆਖਦਾ ਹੈ, ਅੱਲਾ! ਕਿਉਂ ਮੈਂ ਉਡੀਕਾਂ ਕਿ ਬ੍ਰਹਮ ਦਾਸ ਕੀ ਖ਼ਬਰ ਲਿਆਉਂਦਾ ਹੈ। ਸੈਂਕੜੇ ਚੇਲੇ ਹਨ ਉਸ ਦੇ, ਚੇਲਿਆਂ ਦੀ ਸ਼ਰਮ ਨੇ ਕਿੰਨੇ ਦਿਨ ਖ਼ਬਰੇ ਉਸ ਨੂੰ ਰੋਕ ਰੱਖਣਾ ਹੈ। ਮੇਰਾ ਮਨ ਤੜਪ ਰਿਹਾ ਹੈ, ਬਰਬਾਦ ਗਈ ਉਮਰ ਦੇ ਹਾਵੇ ਕੱਢ ਰਿਹਾ ਹੈ, ਕਾਹਦੀ ਸ਼ਰਮ ਤੇ ਕਾਹਦੀ ਸੋਚ, ਕਾਹਦਾ ਦੀਨ ਤੇ ਕਾਹਦਾ ਧਰਮ, ਠੰਢ ਨਹੀਂ ਵਰਤੀ ਤਾਂ ਕੀ? ਦੀਦਾਰ ਨਹੀਂ ਹੋਏ ਤਾਂ ਕੀ?...ਚਲੋ ਹੇ ਮਨ ਜੀ! ਚੱਲੀਏ।

ਅਜੇ ਪਹਿਰ ਰਾਤ ਸੀ ਕਿ ਕਮਾਲ ਉੱਠ ਟੁਰਿਆ, ਪਤਾ ਥਹੁ ਤਾਂ ਬ੍ਰਹਮ ਦਾਸ ਦੱਸ ਹੀ ਗਿਆ ਸੀ, ਉਸ ਟਿਕਾਣੇ ਜਾ ਪੁੱਜਾ। ਬਨ ਵਿਚ ਧੂਣੀ ਮਘ ਰਹੀ ਹੈ, ਅੱਗ ਲਟ ਲਟ ਬਲ ਰਹੀ ਹੈ, ਇਸ ਦਾ ਚਾਨਣਾ ਸਾਰੇ ਫੈਲ ਰਿਹਾ ਹੈ। ਦੋ ਜੁਆਨ ਬੜੇ ਸੁਹਣੇ ਚਿਹਰੇ ਵਾਲੇ ਮਰਦ ਬੈਠੇ ਹਨ, ਇਕ ਪਾਸੇ ਅੱਗ ਮਘ ਰਹੀ ਹੈ ਦੂਜੇ ਪਾਸੇ ਦੁਹਾਂ ਦੇ ਚਿਹਰੇ ਭਖ ਭਖ ਕਰ ਰਹੇ ਹਨ। ਕਮਾਲ ਨੂੰ ਸੂਰਤ ਵੇਖਕੇ ਠੰਢ ਪਈ, ਅੱਗੇ ਵਧਕੇ ਜਾ ਸਲਾਮ ਦੁਆ ਕੀਤੀ!

ਸ਼ੀਹਾਂ-ਆਓ ਬਜ਼ੁਰਗ ਸੱਜਣ; ਸਵੇਰੇ ਹੀ ਆ ਗਏ?

ਕਮਾਲ-ਸਵੇਰੇ ਕਿੱਥੇ? ਵਖਤ ਵਿਹਾਕੇ, ਹਾਂ ਉਮਰ ਗੁਵਾਕੇ ਆਯਾ ਹਾਂ।

ਸੀਹਾਂ-ਜੋ ਆ ਗਿਆ, ਉਸ ਦਾ ਵਕਤ ਕਾਹਨੂੰ ਵਿਹਾ ਗਿਆ।

ਕਮਾਲ-ਤਪਾ ਜੀ ਤੁਸੀਂ ਹੋ?

ਸੀਹਾਂ-ਮੈਂ ਦਾਸ ਹਾਂ।

ਕਮਾਲ-ਆਪ ਕਿੱਥੇ ਹਨ?

ਸੀਹਾਂ-ਚਸ਼ਮੇ ਦੇ ਸਿਰ ਤੇ ਟਹਿਲ ਰਹੇ ਹਨ।

ਕਮਾਲ-ਮੈਂ ਉਤਾਵਲਾ ਹਾਂ, ਉਡੀਕਾਂ ਕਿ ਬੇਅਦਬੀ ਕਰਾਂ ਤੇ ਉਥੇ ਚਲਾ ਜਾਵਾਂ?

ਸੀਹਾਂ-ਜੰਮ ਜੰਮ ਜਾਓ! ਅੰਮ੍ਰਿਤ ਨੇ ਕਦੇ ਕਿਸੇ ਤੋਂ ਨੱਕ ਨਹੀਂ ਵੱਟਿਆ, ਪ੍ਰੇਮ ਨੇ ਕਦੇ ਨਫ਼ਰਤ ਨਹੀਂ ਕੀਤੀ।

ਕਮਾਲ ਇਹ ਸੁਹਣੇ ਵਾਕ ਸੁਣਕੇ ਜਾਂ ਟਹਿਲ ਰਹੇ ਤਪਾ ਜੀ ਦੇ ਨੇੜੇ ਆਯਾ ਤਾਂ ਨੈਣ ਬਉਰਾ ਗਏ, ਚੰਦ ਦੀ ਚਾਨਣੀ ਉਤੇ ਪੈ ਰਹੀ ਸੀ: ਦੂਰੋਂ ਅੱਗ ਦੀ ਸ਼ੁਆ ਆ ਰਹੀ ਸੀ: ਉਸ ਵਿਚ ਐਸਾ ਸੁੰਦਰਤਾ ਦਾ ਕੋਈ ਝਲਕਾ ਵੱਜਾ ਕਿ ਕਦੀ ਨਹੀਂ ਸੀ ਡਿੱਠਾ। ਬੇਖੁਸ ਤੇ ਬਿਹਬਲ ਹੋਕੇ ਕਮਾਲ ਸਤਿਗੁਰ ਦੇ ਚਰਨੀਂ ਢਹਿ ਪਿਆ ਅਰ ਇਸ ਤਰ੍ਹਾਂ ਲਿਪਟਿਆ ਕਿ ਦੇਹ ਨਾਲ ਹੀ ਨਹੀਂ, ਸਗੋਂ ਤਨ ਨਾਲ ਐਸਾ ਕਿ ਮਨ ਨੂੰ ਮਨ ਦੀ ਸੁੱਧ ਨਹੀਂ ਰਹੀ, ਹੋਸ਼ ਨੂੰ ਹੋਸ਼ ਨਹੀਂ ਰਹੀ, ਫੁਰਨੇ ਨੂੰ ਅਫੁਰਤਾ ਛਾ ਗਈ, ਸੁੱਧ ਨੂੰ ਮਸਤੀ ਹੋ ਗਈ, ਸੁਰਤ ਨੂੰ ਮਗਨਤਾ ਛਾ ਗਈ।

ਕਿਤਨੇ ਕਾਲ ਦੇ ਬਾਦ ਕਮਾਲ ਜੀ ਨੂੰ ਹੋਸ਼ ਆਈ ਤਾਂ ਕੀ ਦੇਖਦੇ ਹਨ ਕਿ ਸਿਰ ਕਿਸੇ ਦੀ

[੧] ਕਸ਼ਮੀਰੀਆਂ ਦੀ ਰੋਟੀ ਚਾਵਲ, ਕਰਮ ਦਾ ਸਾਗ ਤੇ ਕਦੇ ਨਾਲ ਕੋਈ ਮੱਛੀ ਮਾਸ ਹੁੰਦਾ ਹੈ। ਕਦੇ ਨਾਨ ਤੇ ਕੁਲਚਾ ਵੀ।

ਗੋਦ ਵਿਚ ਪਿਆ ਹੈ, ਕੋਈ ਪਿਆਰ ਦਾ ਹੱਥ ਸਿਰ ਤੇ ਫਿਰ ਰਿਹਾ ਤੇ ਕਿਸੇ ਹੋਰ ਪਾਸਿਓਂ ਮਿੱਠੀ ਮਿੱਠੀ ਧੁਨਿ ਆ ਰਹੀ ਹੈ:-

ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ
ਲੋਚਨ ਕਿਆ ਹੇਰੈ॥ ਅੰਤਰ ਜੋਤਿ ਸਬਦੁ
ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੧॥

{ਰਾਗ ਗੁਜਰੀ ਮ: ੧ ਚਉਪਦੇ ੧}

ਕਮਾਲ ਨੂੰ ਹੁਣ ਪੁੱਛਣ ਪੁਛਾਉਣ ਦੀ ਲੋੜ ਨਹੀਂ ਰਹੀ, ਉਸ ਦੇ ਅੰਦਰ ਇਸ ਦਾਤੇ ਦੀ ਛੁਹ ਮਾਤ੍ਰ ਨਾਲ ਇਕ ਇਕਸੁਰਤਾ ਛਾ ਰਹੀ ਹੈ, ਇਕ ਰਸ ਆ ਰਿਹਾ ਹੈ। ਇਸ ਰਸ ਨੇ ਸਾਰੀ ਉਮਰ ਦਾ ਝਗੜਾ ਨਿਬੇੜ ਦਿਤਾ ਹੈ। ਰਸ ਆ ਗਿਆ ਹੈ, ਮਾਨੋ ਰਸ ਦਾਤਾ ਅੰਦਰ ਵੱਸ ਗਿਆ ਹੈ! ਸਮਝ ਦੱਸ ਰਹੀ ਹੈ ਕਿ ਜਿਸ ਨੂੰ ਮੈਂ ਅੱਖਾਂ ਮੀਟ ਮੀਟਕੇ ਮੀਟੀਆਂ ਅੱਖਾਂ ਦਾ ਵਿਸ਼ਾ ਬਣਾਉਂਦਾ ਸਾਂ, ਉਹ ਮੇਰੀਆਂ ਦੇਖਣਹਾਰ ਅੱਖਾਂ ਦਾ ਵਿਸ਼ਾ ਕੀਕੂੰ ਬਣ ਸਕਦਾ ਸੀ? ਗੱਲ ਤਾਂ ਆਹ ਸੀ ਜੋ ਮੈਨੂੰ ਹੁਣ ਮਿਲੀ ਹੈ ਕਿ ਰਸ ਰੂਪ ਹੋਕੇ ਮੈਂ ਮਗਨ ਹਾਂ। ਕਮਾਲ ਜੀ ਦੇ ਰੋਮ ਰੋਮ ਵਿਚ ਵਾਹਿਗੁਰੂ ਦੀ ਮਸਤ ਝਰਨਾਟ ਉੱਠ ਰਹੀ ਹੈ, ਨੈਣਾਂ ਵਿਚ ਸੁਖ ਸਮਾ ਰਿਹਾ ਹੈ। ਜ਼ਿਮੀਂ, ਅਸਮਾਨ, ਤਾਰੇ, ਜਿੱਧਰ ਨਜ਼ਰ ਜਾਂਦੀ ਹੈ ਕਿਸੇ ਸੁਹਣੀ ਪਰ ਨਾ ਦਿੱਸਦੀ ਗੁਲਜ਼ਾਰ ਤੋਂ ਇਲਾਹੀ ਛਬੀ ਦਾ ਮੀਂਹ ਵੱਸ ਰਿਹਾ ਜਾਪਦਾ ਹੈ, ਨੈਣ ਮੁੰਦਦਾ ਹੈ ਤਾਂ ਅੰਦਰ ਰਸ ਹੀ ਰਸ, ਆਨੰਦ ਹੀ ਆਨੰਦ; ਸੁਖ ਹੀ ਸੁਖ ਛਾ ਰਿਹਾ ਪ੍ਰਤੀਤ ਦੇਂਦਾ ਹੈ। ਨੈਣ ਖੋਹਲਦਾ ਹੈ ਤਾਂ ਸਾਰੇ ਅਨੰਦ ਦੀ ਬਰਖਾ ਹੋ ਰਹੀ ਪ੍ਰਤੀਤ ਦੇਂਦੀ ਹੈ। ਬਿਸਮਾਦ ਹੋ ਰਿਹਾ ਹੈ ਤੇ ਉਸ ਵਿਚ ਪਰਮਾਨੰਦ ਪਾ ਰਿਹਾ ਹੈ। ਇਸੇ ਰੰਗ ਵਿਚ ਦਿਨ ਹੋ ਆਇਆ, ਸਤਿਗੁਰ ਜੀ ਨੇ ਕਿਹਾ: "ਕਮਾਲ ਕਾਮਲ ਹੋ ਗਿਆ, ਜਾਹੁ ਇਸ ਵਿਸਮਾਦ ਵਿਚ ਸਦਾ ਜੀਉ। ਇਹ ਜੀਵਨ ਹੈ, ਇਹ ਦਮ ਬਦਮ ਦਾ ਦਰਸ਼ਨ ਹੈ। 'ਸਰਸ ਸਿਮਰਨ' ਵਿਚ ਵੱਸ। ਨਿਹਾਲ!"

ਕਮਾਲ ਵਿਚ ਉੱਤਰ ਦੇਣ, ਕੁਛ ਹੋਰ ਪੁੱਛਣ, ਇਥੋਂ ਤਾਈਂ ਕਿ ਬੋਲਣ ਦੀ ਬੀ ਚਾਹ ਨਹੀਂ, ਤਪਤ ਜਲਨ ਜੋ ਸੀ ਬੁਝ ਗਈ ਹੈ। ਠੰਢ ਪੈ ਰਹੀ ਹੈ, ਆਪੇ ਸਿਮਰਨ ਹੋ ਰਿਹਾ ਹੈ, ਆਪੇ ਰਸ ਭਰ ਰਿਹਾ ਹੈ, ਆਪੇ ਟਿਕ ਰਿਹਾ ਹੈ ਤੇ ਸੁਖ ਮਾਣ ਰਿਹਾ ਹੈ।

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ
ਮਿਲੇ ਗੁਰ ਭਾਈ ॥ਨਾਨਕ ਤਿਨਕੈ ਸਦ
ਬਲਿਹਾਰੀ ਜਿਨ ਏਕ ਸਬਦਿ ਲਿਵਲਾਈ
॥੪॥੯॥ {ਰਾਮ: ਮ: ੧}

ਵਾਲੇ ਵਾਕ ਅਨੁਸਾਰ ਜਿਸ ਸੁਖ ਦਾ ਸਤਿਗੁਰ ਨੇ ਪਤਾ ਦਿਤਾ ਹੈ ਉਸ ਸੁਖ ਵਿਚ ਮਗਨ ਹੋਇਆ ਆਗਜਾ ਪਾਕੇ ਟਿਕਾਣੇ ਨੂੰ ਸਹਿਜੇ ਸਹਿਜੇ ਮਗਨ ਮਗਨ ਚਾਲੇ ਟੁਰ ਪਿਆ ਕਮਾਲ

੩.

ਦਿਨ ਦੋ ਤ੍ਰੈ ਬੀਤ ਗਏ, ਬ੍ਰਹਮ ਦਾਸ ਜੀ ਰੋਜ਼ ਉੱਦਮ ਕਰਦੇ ਹਨ ਕਿ ਤਪਾ ਜੀ ਦੇ ਦਰਸ਼ਨ ਕਰੀਏ ਪਰ ਸੰਸਾਰ ਦੀ ਸ਼ਰਮ-ਲੋਕ ਲਾਜ-ਰੋਕਦੀ ਹੈ ਕਿ ਆਪ ਮਹਾਨ ਪੂਜਜ ਤੇ ਪਰਉਪਕਾਰੀ ਹੋਕੇ ਕਿਸੇ ਪਾਸੋਂ ਸੰਸੇ ਨਵਿਰਤ ਕਰਨ ਗਿਆ ਲੋਕੀਂ ਕੀਹ ਆਖਣਗੇ? ਪਰ ਫਿਰ ਖਿੱਚ ਜਿਹੀ ਪਵੇ! ਘਰੋਂ ਟੁਰੇ, ਰਾਹ ਵਿਚ ਆ ਖੜੋਵੇ ਪਰ ਮਾਯਾ ਦੀ ਇਸ ਉਲਝਨ ਨੂੰ ਤੋੜ ਨਾ ਸਕੇ। ਫਿਰ ਉਸ ਦੇ ਨੈਣਾਂ ਅਗੋਂ ਕਮਾਲ ਜੀ ਦੇ ਉਸ ਦਿਨ ਦੇ ਹਾਵੇ, ਮੁੱਕ ਰਹੀ ਉਮਰਾ, ਨਾ ਮੁੱਕ ਰਹੀ ਸੱਧਰ ਨਾ ਪੂਰੀ ਹੋਈ ਆਸ ਦੀ ਬੇਚੈਨੀ ਦੇ ਨਕਸ਼ੇ ਨਾ ਹਟਣ। ਇਹ ਹੀ ਨਹੀਂ, ਆਪਣੀ ਵਡੇਰੀ ਉਮਰਾ ਤੇ ਮੌਤ ਦੀ ਆਮਦ ਸਾਹਮਣੇ ਦਿੱਸੇ ਤੇ ਕਿਸੇ ਕਿਸੇ ਵੇਲੇ ਬ੍ਰਹਮ ਦਾਸ ਦੇ ਮੂੰਹ ਉਤੇ, ਜੋ ਫਾਰਸੀ ਵਿਚ ਨਿਪੁੰਨ ਸੀ ਤੇ ਸੂਫੀਆਂ ਦਾ ਬੀ ਮੇਲੀ ਸੀ, ਬਾਰ ਬਾਰ ਇਹ ਸ਼ਿਅਰ ਆ ਜਾਵੇ ਤੇ ਬੜੇ ਹਾਵੇ ਨਾਲ ਗਾਉਂ ਉਠੇ:-

'ਬਲਬਮ ਰਸੀਦਹ ਜਾਨਮ
ਬਿਆ ਤਾਕਿ ਜ਼ਿੰਦਾ ਮਾਨਮ।
ਪਸ ਅਜ਼ ਮਰਗ ਖ਼ਾਹੀ ਆਮਦ,
ਬ-ਚਿਹ ਕਾਰ ਖ਼ਾਹੀ ਆਮਦ"।

ਅਰਥ-ਜਿੰਦੜੀ ਲਬਾਂ ਤੇ ਆਈ ਆ ਆ
ਕਿ ਜੀ ਪਵਾਂ ਮੈਂ, ਆਇਓਂ ਜਿ
ਮੌਤ ਮਗਰੋਂ ਆਵਣ ਅਕਾਰਥਾ ਤੈਂ।

ਇਸ ਤਰ੍ਹਾਂ ਦੀ ਨਿਰਾਸਤਾ ਖਾਕੇ ਟੁਰ ਪਵੇ, ਪਰ ਫੇਰ ਮਾਯਾ ਦਾ ਅੰਦਰਲਾ ਅਣਦਿੱਸਦਾ ਜਾਲ ਪੈਰਾਂ ਨੂੰ ਬੰਨ੍ਹ ਬਹਾਵੇ।

ਤ੍ਰੈ ਦਿਨ ਇਸ ਤਰ੍ਹਾਂ ਬੀਤੇ, ਚੌਥੇ ਦਿਨ ਮਨ ਨੇ ਫੇਰ ਤ੍ਰੰਗ ਖਾਧਾ, ਤੇ ਬੋਲੇ:-

> "ਬਬਾਂਗੇ ਚੰਗ ਬਗੋਯਮ ਹਕਾਇਤ ਹਾ,
> ਕਿ ਅਜ਼ ਨਿਹੁਫ਼ਤਨੇ ਓ ਦੇਗੇ ਸੀਨਹ ਮੇ
> ਜ਼ਦ ਜੋਸ਼।
> ਅੰਦਰ ਰਹਿੰਦੀਆਂ ਨਾਂਹੀ ਗੱਲਾਂ ਢੋਲ
> ਵਜਣ ਹੁਣ ਆਖਾਂ। ਦੇਗ ਸੀਨੇ ਦੀ ਉਬਲ
> ਉਛਲਦੀ ਜਿਉਂ ਜਿਉਂ ਨਪ ਨਪ ਰਾਖਾਂ।

ਉੱਠੇ, ਟੁਰੇ, ਟੁਰ ਪਏ, ਉਸ ਟਿਕਾਣੇ ਨੂੰ ਟੁਰ ਪਏ ਜਿਥੇ ਤਪਾ ਜੀ ਬੈਠੇ ਸੁਣੀਂਦੇ ਸਨ। ਟੁਰਦੇ ਹਨ ਤੇ ਗਾਉਂਦੇ ਹਨ:-

> ਉਠ ਫਰੀਦਾ ਗਉਨ ਕਰ ਦੁਨੀਆਂ ਦੇਖਣ
> ਜਾਹੁ। ਮਤ ਕੋਈ ਬਖਸਿਆ ਮਿਲ ਪਵੀ
> ਤੂੰ ਵੀ ਬਖਸਿਆ ਜਾਹੁ"। {ਲੋਕ ਪ੍ਰਸਿੱਧ}

ਪਰ ਗਲ ਵਿਚ ਠਾਕਰ ਲਟਕ ਰਿਹਾ ਹੈ, ਮਗਰ ਦੋ ਊਠ ਪੁਸਤਕਾਂ ਦੇ ਹਨ, ਦਿਲ ਵਿਚ ਇਕ ਊਠ ਦੇ ਬੋਤੇ ਜੇਡੀ ਲੋਕ ਲਾਜ ਬੀ ਲਟਕ ਰਹੀ ਹੈ। ਝਿਜਕਦਾ ਰੁਕਦਾ ਆਇਆ।

> ਰਾਮ ਰਾਮ ਕੀਤੀਓਸੁ, ਕਰਕੇ ਬੈਠ ਗਿਆ, ਤਦ ਭੇਖ ਦੇਖਕੇ ਅਚਰਜ ਹੋ ਗਿਆ, ਕੇਸਰ ਦਾ ਟਿੱਕਾ ਤੇ ਪੋਸਤੀਨ ਤੇ ਰੱਸੇ ਦਾ ਕਮਰ ਬੰਦ। ਆਖਣ ਲੱਗਾ: ਤੁਸਾਂ ਸਾਧੂ ਹੋਕੇ ਚਮੜੇ ਕਿਉਂ ਪਹਿਰੇ ਹੈਨ ਅਤੇ ਰੱਸੇ ਕਿਉਂ ਬੱਧੇ ਹੈਨ? ਨਾਲੇ ਫੇਰ ਕੇਸਰ ਦਾ ਤਿਲਕ ਲਾਯਾ ਹੈ: ਤੁਸਾਡਾ ਕਉਣ ਭੇਖ ਹੈ?

ਜਾਂ ਇਹ ਬਚਨ ਤਪਾ ਜੀ ਨੇ ਸੁਣੇ, ਤਾਂ ਉਹਨਾਂ ਦੇ ਨੈਣ ਮੁੰਦ ਗਏ, ਇਲਾਹੀ ਗਲੇ ਤੋਂ ਆਵਾਜ਼ ਆਈ;-

> ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ
> ਥਾਨੁ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ
> ਸਾਚਉ ਨਾਮੁ ॥੨॥ {ਵਾਰ ਮਲਾਰ ਮ:੧}

ਇਹ ਵਾਕ ਦਾਤੇ ਨੇ ਕਿਸੇ ਐਸੀ ਸੁਰ ਨਾਲ ਗਾਂਵਿਆਂ ਕਿ ਇਸ ਦੇ ਸੁਣਦਿਆਂ ਸਾਰ ਬ੍ਰਹਮ ਦਾਸ ਦੇ ਨੈਣ ਬੰਦ ਹੋ ਗਏ, ਜਦ ਖੁੱਲੇ ਤਾਂ ਕੀ ਦੇਖਦਾ ਹੈ ਕਿ ਤਪਾ ਜੀ ਹਨ ਹੀ ਨਹੀਂ, ਪਰ, ਭਾਈ ਹੱਸੂ ਬੈਠਾ ਹੈ। ਇਸ ਵੱਲ ਰੁਖ਼ ਕਰਕੇ ਬ੍ਰਹਮ ਦਾਸ ਬੋਲਿਆ:-

ਹੇ ਤਪਾ ਜੀ ਦੇ ਬਾਲਕੇ! ਮੈਂ ਸੰਸਕ੍ਰਿਤ, ਫਾਰਸੀ ਪੜ੍ਹਿਆ ਹਾਂ, ਪਰ ਮੈਂ ਇਹ ਭਾਸ਼ਾ ਬੋਲੀ ਦਾ ਮਿੱਠਾ ਮਿੱਠਾ ਸ਼ਬਦ ਸੁਣਕੇ ਇਸ ਦੇ ਆਸ਼ੇ ਨੂੰ ਨਹੀਂ ਪੁੱਜ ਸਕਿਆ; ਕੀ ਤੁਸੀਂ ਕ੍ਰਿਪਾ ਕਰਕੇ ਕੁਛ ਸਮਝਾਓਗੇ?

ਹੱਸੂ-ਭਾਈ! ਇਹ ਤਾਂ ਸਿੱਧੀ ਗੱਲ ਹੈ ਕਿ ਤੁਸੀਂ ਇਨ੍ਹਾਂ ਅੱਖਾਂ ਨਾਲ ਵਾਹਿਗੁਰੂ ਨੂੰ ਨਾ ਵੇਖ ਸਕੇ ਤੇ ਇਕ ਪੱਥਰ ਦਾ ਰੱਬ ਬਣਾਕੇ ਗਲੇ ਪਾ ਲਿਆ ਕਿ ਨੈਣ ਸੰਤੋਖੇ ਰਹਿਣ ਕਿ ਰੱਬ ਨੂੰ ਦੇਖ ਰਹੇ ਹਾਂ, ਪਰ ਓਹ ਰੱਬ ਇਨ੍ਹਾਂ ਨੈਣਾਂ ਦਾ ਵਿਸ਼ਾ ਨਹੀਂ ਹੈ।

ਉਹ ਸੁਹਣਾ ਠਾਕੁਰ ਤਾਂ ਇਕ ਹੈ, ਉਸ ਦੀ ਦਰਗਾਹ ਇਕੋ ਹੈ, ਰਸਤਾ ਇਕੋ ਹੈ, ਉਸ ਟਿਕਾਣੇ ਦਾ ਰਸਤਾ ਸਤਿਗੁਰੂ ਹੈ ਤੇ ਪ੍ਰਾਪਤੀ ਦਾ ਰੰਗ ਨਾਮ ਨਾਲ ਲਗਦਾ ਹੈ, ਟਾਂ ਉਟ ਤਾਂ ਅੰਦਰੋਂ ਪ੍ਰਤੀਤ ਹੋ ਆਉਂਦਾ ਹੈ, ਪਰ ਮਨ ਦੀ ਸੋਚ ਨਾਲ ਨਹੀਂ, ਨਾਮ ਤੇ ਮਿਹਰ ਨਾਲ ਉਹ ਅਣਦਿਸੱਦਾ ਪਰਤੀਤ ਦੇ ਆਉਂਦਾ ਹੈ।

ਪੰਡਤ ਇਸ ਗੱਲ ਨੂੰ ਸਮਝਣ ਦਾ ਜਤਨ ਕਰ ਰਿਹਾ ਸੀ ਕਿ ਉਸ ਨੂੰ ਫੇਰ ਤਪਾ ਜੀ ਬੈਠੇ ਹੋਏ ਨਜ਼ਰ ਆਏ ਤਾਂ ਸਿਰ ਨਿਵਾਕੇ ਕਹਿਣ ਲੱਗਾ 'ਜੀਓ! ਜਾਂ ਏਹ ਵਸਤ ਨਹੀਂ ਸੀ ਤਬ ਪਰਮੇਸ਼ਰ ਕਹਾਂ ਥਾ[1]?'

ਤਦ ਮਾਰੂ ਦੀ ਧੁਨਿ ਉਠੀ ਤੇ ਇਹ ਸ਼ਬਦ ਹੋਇਆ:-

> ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ
> ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ
> ਨ ਚੰਦੁ ਨ ਸੂਰਜੁ ਸੁੰਨ ਸਮਾਧਿ
> ਲਗਾਇਦਾ॥ ੧ ॥
>
> ... ... ... ...
>
> ਤਾ ਕਾ ਅੰਤੁ ਨਾ ਜਾਣੈ ਕੋਈ ॥ ਪੂਰੇ ਗੁਰ
> ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ
> ਬਿਸਮਾਦੀ ਬਿਸਮ ਭਏ ਗੁਣ ਗਾਇਦਾ[2]
> ॥੧੬॥੩॥੧੫॥ {ਮਾਰੂ ਸੋਲਹੇ ਮ:੧}

ਬ੍ਰਹਮ ਦਾਸ ਚੁਪ ਚਾਪ ਹੋਇਆ, ਬੜੇ ਗਹੁ ਨਾਲ ਸੁਣਦਾ ਰਿਹਾ। ਜਦ ਸ਼ਬਦ ਸਮਾਪਤ

---

[1] ਪੁ: ਜ: ਸਾਖੀ। [2] ਆਦਿ ਅੰਤ ਦੀਆਂ ਦੋ ਪਉੜੀਆਂ।

ਹੋਇਆ ਤਾਂ ਪੈਰੀਂ ਪੈ ਗਿਆ। ਪੱਥਰ ਗਲ ਵਿਚੋਂ ਲਾਹੁ ਸੁਟਿਓਸੁ, ਹੁਕਮ ਹੋਇਆ: ਨਾਮ ਜਪਿਆ ਕਰ ਤੇ ਸੇਵਾ ਕਰਿਆ ਕਰ।

ਬ੍ਰਹਮਦਾਸ ਸੇਵਾ ਕਰਨ ਲੱਗਾ, ਪਰ ਮਨ ਵਿਚ ਸੋਚੇ ਕਿ ਸੇਵਾ ਮੈਂ ਅਗੇ ਵੀ ਕਰਦਾ ਸਾਂ, ਹੁਣ ਬੀ ਕਰਦਾ ਹਾਂ, ਹਾਂ ਬੀ ਉਹੋ ਜਿਹਾ, ਕੁਛ ਫਰਕ ਨਹੀਂ ਪਿਆ, ਪਰ ਖਿੱਚ ਜਾਣ ਨਹੀਂ ਦੇਂਦੀ।

ਅਸਲ ਵਿਚ ਬ੍ਰਹਮਦਾਸ ਬੜਾ ਪੰਡਤ ਸੀ। ਪਹਿਲਾਂ ਵੇਦਾਂਤੀ ਸੀ ਫੇਰ ਠਾਕਰ ਪੂਜ ਹੋਇਆ। ਫਿਰ ਇਸ ਨੂੰ ਇਕ ਨੀਪਾਲ ਦੇ ਸਾਧੂ ਮਿਲੇ ਸਨ ਜਿਨ੍ਹਾਂ ਨੇ ਜਗਤ ਦੀ ਸੇਵਾ ਸਿਖਾਈ ਸੀ ਕਿ:-ਜਿਸ ਨੂੰ ਤੂੰ ਪਹਿਲਾਂ ਬ੍ਰਹਮ ਤੇ ਫੇਰ ਠਾਕੁਰ ਕਿਹਾ ਹੈ ਉਹ ਸ੍ਰਿਸ਼ਟੀ ਵਿਚ ਹੈ, ਸ੍ਰਿਸ਼ਟੀ ਸੇਵਾ ਬ੍ਰਹਮ ਤੇ ਠਾਕਰ ਦੀ ਸੇਵਾ ਹੈ-। ਸੋ ਬ੍ਰਹਮ ਦਾਸ ਸ਼ਾਸਤ੍ਰ ਬੀ ਪੜ੍ਹਦਾ ਸੀ, ਠਾਕਰ ਦੀ ਪੂਜਾ ਬੀ ਕਰਦਾ ਸੀ ਤੇ ਪਰਉਪਕਾਰ ਬੀ ਕੁਛ ਕਰਦਾ ਸੀ। ਹੁਣ ਉਸ ਨੂੰ ਫਿਰ ਸੇਵਾ ਕਰਨ ਦਾ ਉਪਦੇਸ਼ ਹੋਇਆ ਸੀ। ਇਕ ਦਿਨ ਕਹਿਣ ਲੱਗਾ ਜੀ ਮੇਰਾ ਨਾ ਤਾਂ ਅੱਗੇ ਕੁਛ ਬਣਿਆਂ ਸੀ ਤੇ ਨਾਂ ਹੁਣ ਬਣਿਆਂ, ਮੈਂ ਕੀ ਕਰਾਂ? ਤਦ ਹੁਕਮ ਹੋਇਆ:-

"ਜਾਹਿ ਗੁਰੂ ਕਰ"[੧]

ਤਬ ਪੰਡਤ ਆਖਿਆ: "ਜੀ ਕਉਣ ਗੁਰੂ ਕਰਾਂ"[੧]?

ਹੁਕਮ ਹੋਇਆ: "ਜਾਹਿ ਉਦਿਆਨ (ਉਜਾੜ) ਵਿਚ ਇਕ ਕੋਠਾ ਹੈ ਤਿਥੇ ਚਾਰ ਫਕੀਰ ਬੈਠੇ ਹਨ, ਓਹ ਤੈਨੂੰ ਦੱਸਣਗੇ[੧]। '

ਸੀਸ ਨਿਵਾਕੇ ਬ੍ਰਹਮ ਦਾਸ ਉਜਾੜ ਨੂੰ ਗਿਆ ਅਗੇ ਚਾਰ ਸਿਖ ਬੈਠੇ ਸਨ, ਓਨ੍ਹਾਂ ਨੂੰ ਕਹਿਣ ਲੱਗਾ ਕਿ ਫਕੀਰੋ!

"ਮੇਰਾ ਗੁਰੂ ਕੌਣ ਹੈ?"

ਉਹਨਾਂ ਇਕ ਘੜੀ ਸਸਤਾਕੇ ਉੱਤਰ ਦਿੱਤਾ ਕਿ ਅੱਗੇ ਤੁਰਿਆ ਜਾਹ, ਤੇਰਾ ਗੁਰੂ ਓਸ ਮੰਦਰ ਵਿਚ ਹੈ[੨]।

ਤਦ ਬ੍ਰਹਮ ਦਾਸ ਅੱਗੇ ਗਿਆ, ਪੰਡਤ ਦੀ ਨਜ਼ਰ ਅੱਗੇ ਇਕ ਮੰਦਰ ਖੜਾ ਦਿੱਸਿਆ, ਅੱਗੇ ਵਧਿਆ ਤਾਂ ਕੀ ਦੇਖਦਾ ਹੈ:-

ਤਾਂ ਮਹਿਂ ਸੋਹਿਤ ਸੁੰਦਰ ਨਾਰੀ॥
ਚੰਦ ਮੁਖੀ ਤਨ ਸੂਹੀ ਸਾਰੀ ॥
... ... ... ...
ਜਬ ਬੰਦਨ ਹਿਤ ਗ੍ਰੀਵ ਨਿਵਾਈ ॥
ਤਿਨ ਪਨਹੀ ਸਿਰ ਦੀਨ ਟਿਕਾਈ ॥

{ਗੁਰੂ ਨਾਨਕ ਸੂਰਯੋਦਯ

ਅਰਥਾਤ ਉਸ ਮੰਦਰ ਵਿਚ ਪੰਡਤ ਨੂੰ ਇਕ ਸੁੰਦਰ ਨਾਰੀ ਨਜ਼ਰ ਆਈ। ਇਸ ਨੂੰ ਆਪਣਾ ਗੁਰੂ ਜਾਣਕੇ ਪੰਡਤ ਨੇ ਜਦ ਸੀਸ ਨਿਵਾਇਆ ਤਦ ਉਸ ਨੇ ਇਕ ਜੁੱਤੀ ਸਿਰ ਵਿਚ ਮਾਰੀ। ਅਤਿ ਦੁਖੀ ਹੋਕੇ ਪੰਡਤ ਮੁੜ ਆਇਆ। ਅੱਗੇ ਓਹ ਚਾਰੋਂ ਸਿਖ[੧] ਬੈਠੇ ਸਨ। ਪੰਡਤ ਨੇ ਜਦ ਆਪਣਾ ਦੁੱਖ ਸੁਣਾਯਾ ਤਾਂ ਉਹਨਾਂ ਵਿਚੋਂ ਇਕ ਨੇ ਕਿਹਾ: ਹੇ ਬ੍ਰਹਮਦਾਸ! ਤੇਰਾ ਗੁਰੂ ਤਾਂ ਓਹੋ ਸੀ, ਤੂੰ ਆਪਣੇ ਗੁਰੂ ਨੂੰ ਨਹੀਂ ਪਛਾਣਿਆਂ?

ਬ੍ਰਹਮ ਦਾਸ-ਨਹੀਂ ਜੀ, ਓਹ ਤਾਂ ਕੋਈ ਕੁਟਿਲ ਇਸਤ੍ਰੀ ਸੀ।

ਸਿਖ-ਨਹੀਂ ਪੰਡਤ ਜੀ, ਓਹ ਤਾਂ ਮਾਯਾ ਸੀ, ਜਿਸ ਦਾ ਤੂੰ ਚੇਲਾ ਹੈਂ!

ਬ੍ਰਹਮ ਦਾਸ-ਮਾਯਾ ਮੇਰਾ ਗੁਰੂ ਹੈ, ਇਹ ਕੀਕੂੰ?

ਸਿਖ-ਗੁਰੂ ਓਹ ਹੈ ਜਿਸ ਨੂੰ ਸਭ ਤੋਂ ਵਧਕੇ ਪਿਆਰ ਕਰੀਦਾ ਹੈ, ਤੇਰੀ ਦਿਨ ਰਾਤ ਲਿਵ ਮਾਯਾ ਵਿਚ ਹੈ ਸਭ ਤੋਂ ਪਜਾਰੀ ਤੈਨੂੰ ਮਾਯਾ ਹੈ, ਸੋ ਓਹ ਤੇਰਾ ਗੁਰੂ ਹੈ।

ਬ੍ਰਹਮ ਦਾਸ-ਮੈਂ ਸਾਰੀ ਉਮਰ ਠਾਕਰ ਪੂਜੇ ਤੇ ਸ੍ਰਿਸ਼ਟੀ ਸੇਵੀ, ਕੀ ਮੈਂ ਮਾਯਾ ਦੀ ਸੇਵਾ ਕੀਤੀ ਹੈ?

ਸਿਖ-ਅੰਦਰ ਝਾਤੀ ਮਾਰ ਨਾਂ, ਆਪਣੀਆਂ ਵਾਸ਼ਨਾਂ ਨੂੰ ਤੱਕ ਨਾਂ, ਅੱਠ ਪਹਿਰ ਤੇਰੇ ਅੰਦਰ 'ਫੁਰਨੇ' ਦਾ ਰਾਜ ਹੈ, ਸੰਕਲਪਾਂ ਵਿਕਲਪਾਂ ਦਾ ਮੀਨਾਂ ਬਾਜ਼ਾਰ ਸਜ ਰਿਹਾ ਹੈ। ਖਿਆਲਾਂ, ਸੋਚਾਂ, ਉਧੇੜ ਬੁਨਾਂ, ਮਨ ਤੁੰਗਾਂ ਦੀ ਘੋੜ ਦੌੜ ਲੱਗ ਰਹੀ ਹੈ। ਸੇਵਾ, ਜੋ ਤੂੰ ਸ੍ਰਿਸ਼ਟੀ ਦੀ ਕਰਦਾ ਹੈਂ, ਇਹ ਸਮਝਕੇ ਕਰਦਾ ਹੈਂ ਕਿ ਇਹ ਲੋੜਵੰਦ ਹਨ, ਮੈਂ

[੧] ਪੁਰਾਤਨ ਜਨਮ ਸਾਖੀ।

[੨] ਗ਼ਾਲਬਨ ਇਸ ਦਾ ਇਸ਼ਾਰਾ ਮਾਰਤੰਡ ਦੇ ਟੁੱਟੇ ਪਏ ਮੰਦਰ ਵਲ ਹੈ ਸੀ। ਜੋ ਮਟਨ੍ ਸਾਹਿਬ ਚਸ਼ਮੇਂ ਤੋਂ ਕੁਛ ਦੂਰ ਉਪਰ ਜਾਕੇ ਕਰੇਵੇ ਦੇ ਉਤੇ ਹੈ।

[੧] ਪੁਰਾਤਨ ਜਨਮ ਸਾਖੀ।


www.sikhbookclub.com

ਲੋੜਾਂ ਪੂਰਨ ਹਾਰ ਹਾਂ; ਇਹ ਮੰਗਤੇ ਹਨ ਮੈਂ ਦਾਤਾ ਹਾਂ। ਤੇਰਾ ਦਿਲ ਉਹਨਾਂ ਨਾਲ ਰਗੜ ਖਾਂਦਾ ਹੈ ਸੇਵਾ ਵਿਚ ਆਪਣੀ ਵਡਿਆਈ ਤੇਰੇ ਅੰਦਰ ਮੁੱਖ ਮਨਤੱਵ ਹੈ, ਵਡਿਆਈ ਦੀ ਲਾਲਸਾ ਬੀ ਤ੍ਰਿਸ਼ਨਾਂ ਹੈ; ਇਹ ਹਉਮੈਂ ਹੈ, ਮਾਯਾ ਹੈ। ਤੂੰ ਜੋ ਸੇਵਾ ਕਰਦਾ ਹੈਂ ਵੱਡਾ ਬਣ ਬਣਕੇ ਅੰਦਰ ਬਫਾ ਬਫਾ ਕੇ ਸੋ ਇਹ ਸੇਵਾ ਜਾਂ ਤਾਂ ਮੁਥਾਜਾਂ ਦਾ ਧਜਾਨ ਤੇਰੇ ਅੰਦਰ ਵਸਾਉਂਦੀ ਹੈ, ਜਾਂ ਓਹ ਤੇਰੀ ਹਉਮੈ ਨੂੰ ਪੱਠੇ ਪਾਉਂਦੀ ਹੈ, ਕਿ ਮੈਂ ਸੇਵਾ ਕਰਦਾ ਹਾਂ। ਪੰਡਤਾ ਸਮਝ ਲੈ ਕਿ ਜਦੋਂ ਤੂੰ "ਮੈਂ ਉਪਕਾਰ ਕਰਦਾ ਹਾਂ" ਧਾਰਕੇ ਸੇਵਾ ਕਰਦਾ ਹੈਂ ਤੂੰ 'ਹਉਮੈ' ਦੀ ਸੇਵਾ ਕਰਦਾ ਹੈਂ: ਤੇਰੇ ਮਨ ਦੀ ਘਾਸ ਉਹਨਾਂ ਮੁਥਾਜਾਂ ਦੀ ਸੁਰਤ ਨਾਲ ਰਗੜ ਖਾਂਦੀ ਹੈ[੧] ਤੇ ਉਨ੍ਹਾਂ ਦੇ ਮਨ ਅੰਦਰ ਜੋ ਤੌਖਲਾ ਹੈ, ਉਸ ਦਾ ਅਸਰ ਲੈਕੇ ਤੇਰਾ ਮਨ ਮਲੀਨ ਹੁੰਦਾ ਹੈ। ਮਨ ਦੀ ਮਲਿਨਤਾ ਮਾਯਾ ਹੈ। ਸੋ ਜੋ ਸੇਵਾ ਤੂੰ ਹਉਂ ਦੀ ਕੀਤੀ, ਮਾਯਾ ਦੀ ਕੀਤੀ। ਤੈਨੂੰ ਓਸ ਦ੍ਰਿਸ਼ਟੀ ਦਾ ਅਜੇ ਪਤਾ ਨਹੀਂ ਜਿਸ ਨਾਲ ਸੇਵਾ ਕਰੀਦੀ ਹੈ ਰੱਬ ਜੀ ਦਾ ਹੁਕਮ ਪਾਲਣ ਲਈ। ਫਿਰ ਸੇਵਾ ਕਰਕੇ ਉਸ ਸਾਂਈਂ ਜੀ ਨੂੰ ਅਰਪਨ ਕਰੀਦੀ ਹੈ। ਨਾਂ ਤਾਂ ਹਉਂ ਧਾਰੀਦੀ ਹੈ ਕਿ ਮੈਂ ਉਪਕਾਰੀ ਸੇਵਕ ਹਾਂ, ਨਾਂ ਜਿਨ੍ਹਾਂ ਦੀ ਸੇਵਾ ਕਰੀਦੀ ਹੈ ਉਹਨਾਂ ਨਾਲ ਸੁਰਤ ਫਸਾਈ ਤੇ ਅੜਾਈਦੀ ਹੈ। ਇਸ ਸੇਵਾ ਨਾਲ ਮਨ ਨਿਰਮਲ ਹੁੰਦਾ ਹੈ। ਫੇਰ ਜਦ ਮਿਹਰ ਹੁੰਦੀ ਹੈ, ਨਾਮ ਵਿਚ ਲਿਵ ਜੁੜਦੀ ਹੈ, ਸਹਜ ਪ੍ਰਾਪਤ ਹੁੰਦਾ ਹੈ ਤੇ ਰੱਬ ਜੀ ਨਾਲ ਮਿਲ ਜਾਈਦਾ ਹੈ।

ਜਿਹੜਾ ਤੂੰ ਠਾਕਰ ਸੇਵਿਆ, 'ਭਗਤ' ਪ੍ਰਸਿਧ ਹੋਣ ਲਈ। ਗਲੇ ਵਿਚ ਠਾਕੁਰ ਲਟਕਣ, ਆਖੀਏ; 'ਭਗਤ ਹੈ ਨਾਲ ਦੋ ਊਠ ਪੁਸਤਕਾਂ ਦੇ ਟੂਰਨ; ਆਖੀਏ: 'ਬੜਾ ਪੰਡਤ ਹੈ' ਤੂੰ ਜਾਣ ਕੇ ਕਪਟ ਨਹੀਂ ਕੀਤਾ, ਪਰ ਜੋ ਪੂਜਾ ਪਾਠ ਤੈਂ ਕੀਤਾ 'ਮੈਂ ਚੰਗਾ ਹਾਂ, ਲਈ ਕੀਤਾ, ਇਹ ਹਉਮੈਂ ਹੈ, ਮਾਯਾ ਹੈ, ਸੋ ਦੱਸ ਤੇਰਾ ਗੁਹੂ ਮਾਯਾ ਹੈ ਕਿ ਨਹੀਂ? ਫੇਰ ਦੇਖ ਮਾਯਾ ਦਾ ਇਕ ਧਰਮ ਹੈ: ਕਿ ਜੋ ਉਸ ਦੀ ਸੇਵਾ ਕਰਦਾ ਹੈ ਉਹ ਉਲਟਕੇ ਉਸੇ ਨੂੰ ਫਿਰ ਖਾਂਦੀ ਹੈ।

---

[੧] ਅਰਥਾਤ ਤੇਰਾ ਮਨ ਤੇ ਉਹਨਾਂ ਦੇ ਮਨ ਆਪੇ ਵਿਚ ਰਗੜ ਖਾਂਦੇ ਹਨ।

ਸੋ ਤੈਨੂੰ ਤੇਰੇ ਗੁਰੂ ਨੇ ਓਹੋ ਪ੍ਰਸ਼ਾਦ ਦਿੱਤਾ ਜੋ ਉਸ ਦੇ ਪੱਲੇ ਹੈ। ਮਾਯਾ ਦੇ ਪੱਲੇ ਦੁਖ ਹੀ ਹੈ।

ਬ੍ਰਹਮ ਦਾਸ ਸਿਦਕ ਨਾਲ ਆਪਣੀਆਂ ਕਸਰਾਂ ਸੁਣਦਾ ਸ਼ਰਮ ਵਿਚ ਆਕੇ ਪਸੀਨੇ ਨਾਲ ਭਿੱਜ ਗਿਆ, ਜ਼ਿਮੀ ਵੇਹਲ ਨਹੀਂ ਦੇਂਦੀ, ਪਰ ਹਾਇ! ਸੱਚ ਹੈ, ਕੌੜਾ ਹੈ, ਪਰ ਹੈ ਸੱਚ। ਕੌੜਾ ਦਾਰੂ ਖਾ ਗਿਆ। ਬ੍ਰਹਮ ਦਾਸ ਹੁਣ ਰੋਯਾ ਤੇ ਕਹਿਣ ਲੱਗਾ 'ਸੱਚ'। ਪਰ ਹੇ ਸਾਂਈਂ ਦੇ ਸੁਆਰਿਓ! ਮੈਨੂੰ ਇਹ ਲੋੜ ਤਾਂ ਨਹੀਂ ਸੀ ਕਿ ਮੇਰਾ ਹੁਣ ਦਾ ਗੁਰੂ ਮੈਨੂੰ ਲੱਭੇ, ਮੈਨੂੰ ਤਾਂ ਉਸ ਗੁਰੂ ਦੀ ਲੋੜ ਸੀ, ਜੋ ਮੇਰੀ ਕਰਮ ਫਾਸ ਕੱਟੇ। ਤੁਸਾਂ ਮੈਨੂੰ ਉਹ ਗੁਰੂ ਦੱਸਣਾ ਸੀ, ਜਿਸ ਨੂੰ ਮੈਂ ਗੁਰੂ ਧਾਰਨ ਕਰਕੇ ਛੁਟਕਾਰਾ ਪਾਵਾਂ।

ਸਿੱਖ-ਬ੍ਰਹਮ ਦਾਸ! ਤੂੰ ਜਾਣਦਾ ਹੈਂ ਕਿ ਸਾਖੀ ਕਿਸ ਨੂੰ ਆਖਦੇ ਹਨ: ਜੋ ਆਪਣੀਆਂ ਅੱਖਾਂ ਨਾਲ ਕੋਈ ਗੱਲ ਵੇਖੇ। ਤੂੰ ਇਸ ਤੋਂ ਪਹਿਲੋਂ ਮਾਯਾ ਦਾ ਰੂਪ ਹੋਇਆ, ਮਾਯਾ ਵਿਚ ਵਰਤਦਾ ਸੈਂ। ਤੂੰ ਕਿਨਾਰੇ ਹੋਕੇ ਮਾਯਾ ਨੂੰ ਆਪ ਤੋਂ ਵੱਖਰਾ ਨਹੀਂ ਸੀ ਦੇਖਿਆ, ਨਾ ਪ੍ਰਤੀਤ ਕੀਤਾ ਸੀ, ਅਜ ਤੂੰ ਮਾਯਾ ਨੂੰ ਨੈਣਾਂ ਨਾਲ ਡਿੱਠਾ ਹੈ, ਸੋ ਭਾਈ ਪਹਿਲੇ ਮਾਯਾ ਦਿੱਸ ਪਵੇ, ਇਸ ਦਾ ਸਾਡੇ ਨਾਲ ਭੈੜਾ ਵਰਤਾਉ ਦਿੱਸ ਪਵੇ, ਇਸ ਤੋਂ ਵੈਰਾਗ ਹੋਵੇ ਤਾਂ ਫੇਰ ਸਾਖਯਾਤਕਾਰ ਹੋਵੇ ਉਹ ਜੋ ਮਾਯਾ ਨਹੀਂ ਹੈ ਤੇ ਆਪ ਹੈ। ਗੁਰੂ, ਕਲਿਆਨ ਕਰਤਾ ਅਰਸ਼ਾਂ ਤੋਂ ਆਯਾ ਗੁਰੂ, ਜੋ ਗੁਰ-ਪਰਮੇਸ਼ੁਰ ਰੂਪ ਹੈ ਤੇ ਜੋ ਬ੍ਰਹਮੰਡ ਦਾ ਗੁਰੂ ਹੈ, ਉਹ ਤੈਨੂੰ ਮਿਲਿਆ ਤੂੰ ਤਪਾ ਤਪਾ ਕਹਿਕੇ ਉਸ ਨਾਲ ਰਾਮ ਰਮਈਆ ਕੀਤੀ ਤੇ ਪ੍ਰਸ਼ਨੋਤਰ ਕੀਤੇ; ਪਰ ਉਸ ਦਾ ਦਰਸ਼ਨ ਤੈਨੂੰ ਨਾ ਹੋਇਆ, ਤੂੰ ਦੇਖਦਾ ਹੋਇਆ ਉਸ ਨੂੰ ਨਾ ਦੇਖ ਸਕਿਆ। ਕਿਉਂਕਿ ਮਾਯਾ ਤੇਰੀ ਸੁਰਤ ਨਾਲ ਅਭੇਦ ਸੀ ਤੇ ਤੂੰ ਉਸ ਨੂੰ ਆਪਣੇ ਤੋਂ ਨਖੇੜਕੇ ਕਦੇ ਨਹੀਂ ਸੀ ਤੱਕਿਆ, ਅਰਥਾਤ ਤੂੰ ਕਦੇ ਮਾਇਆ ਨੂੰ ਆਪ ਤੋਂ ਭਿੰਨ ਕਰਕੇ ਨਹੀਂ ਸੀ ਤੱਕਿਆ, ਇਸ ਕਰਕੇ ਤੈਨੂੰ ਸਾਖਯਾਤ ਗੁਰੂ 'ਗੁਰੂ ਹੋਕੇ, ਨਾ ਪ੍ਰਤੀਤ ਹੋਇਆ, ਤਾਂ ਤੂੰ ਹੋਰ ਗੁਰੂ ਦੀ ਤੱਕ ਤਕਾਈ ਤੇ ਤੂੰ ਗੁਰੂ ਤੋਂ ਪੁੱਛਿਆ ਕਿ

ਮੇਰਾ ਗੁਰੂ ਕੌਣ ਹੈ? ਸੋ ਹੇ ਪੰਡਤ! ਜੇ ਤੂੰ ਮਾਯਾ ਦਾ ਦੇਖਣਹਾਰ ਹੁੰਦਾ ਤੇ ਮਾਯਾ ਤੋਂ ਵੱਖ ਹੁੰਦਾ, ਤਾਂ ਤੇਰੇ ਨੈਣ ਉਸ ਜਗਤ ਗੁਰੂ ਦੀ ਪਛਾਣ ਕਰ ਲੈਂਦੇ। ਸਮੁੰਦਰ ਤੋਂ ਤੂੰ ਨਾਂ ਪੁੱਛਦੋਂ ਕਿ ਮੈਨੂੰ ਸਮੁੰਦਰ ਦਾ ਰਸਤਾ ਦੱਸੋ। ਪਰ ਸਮੁੰਦਰ ਨੂੰ ਤਾਂ ਦੇਖਦੋਂ ਜੇ ਤੇਰੇ ਨੈਣਾਂ ਅੱਗੋਂ ਮਾਇਆ ਦੇ ਮੋਤੀਆਬਿੰਦ ਦੇ ਛੌੜ ਕੱਟੇ ਜਾਂਦੇ ਤਾਂ! ਸੋ ਹੇ ਪੰਡਤ! ਰਿੰਜ ਨਾ ਹੋ, ਤੂੰ ਹੁਣ ਆਪਣਾ ਵਰਤਮਾਨ ਗੁਰੂ ਬੀ ਦੇਖ ਲਿਆ ਹੈ ਤੇ ਤਾਰਨਹਾਰ ਗੁਰੂ ਦਾ ਬੀ ਤੈਨੂੰ ਪਤਾ ਲੱਗ ਗਿਆ ਹੈ! ਹੁਣ ਵਿਚਾਰ ਕਰ ਲੈ ਕਿ ਤੂੰ ਕੀਹ ਕਰਨਾ ਹੈ?

ਬ੍ਰਹਮ ਦਾਸ ਨੂੰ ਅੱਜ ਸੋਝੀ ਆਈ ਕਿ ਇਹ ਤਾਂ ਮੇਰੇ ਹੀ ਤੱਕਲੇ ਨੂੰ ਵਲ ਪਿਆ ਹੋਇਆ ਸੀ, ਤੰਦ ਕਿੱਥੋਂ ਨਿਕਲਦੀ? ਅਨਰਵਚਨੀ ਮਾਇਆ[1] ਦੇ ਜਾਲ ਵਿਚ ਮੈਂ ਰਿਹਾ, ਉਸ ਨੂੰ ਮੈਂ ਸਮਝਿਆ ਹੀ ਨਹੀਂ। ਇਹ ਅਣਡਿੱਠਵੀਂ ਮਾਯਾ ਕਿੱਕੂੰ ਲੁਕ ਲੁਕ ਕੇ ਮੇਰੇ ਮਨ ਨੂੰ ਵਲ ਫੇਰ ਦੇਂਦੀ ਰਹੀ ਹੈ, ਪਰ ਤੇਰਾ ਵੀ ਭਲਾ ਹੋਵੇ ਮਾਯਾ, ਖੂਬ ਜੁੱਤੀ ਮਾਰਕੇ ਮੇਰਾ ਵਲ ਕੱਢਿਆ ਈ? ਮਾਯਾ ਨੇ ਕਾਹਦਾ ਕੱਢਿਆ ਇਹ ਤਾਂ ਉਹਨਾਂ ਸਿੱਖਾਂ ਦੀ ਮਿਹਰ ਹੈ ਜਿਨ੍ਹਾਂ ਨੇ ਵਲ ਕੱਢਕੇ ਸਿੱਧਾ ਤੀਰ ਕਰ ਦਿਤਾ। ਬ੍ਰਹਮ ਦਾਸ ਦੀ ਤਾਂ ਉਹ ਗਲ ਸੀ:-

ਰਾਹੀ-ਤੇਰੀ ਟੁੱਟ ਟੁੱਟ ਤੰਦ ਪਵੇ ਮੁਟਿਆਰੇ?
ਮੁਟਿਆਰ-ਅਵੇ ਰੂੰ ਪਿੰਜੀ ਭੈੜੀ ਪੰਜਿਆਰੇ।
ਰਾਹੀ-ਅਨੀ! ਰੂੰ ਵਿਚ ਦੋਸ਼ ਨ ਦਿੱਸਦਾ ਕਾਈ।
ਮੁਟਿਆਰ-ਅਵੇ! ਤੂੰ ਕੋਈ ਤੁੱਕਾ ਤੀਰ ਲਗਾਈਂ।
ਰਾਹੀ-ਅਨੀ! ਵਲ ਦਿੱਸਦਾ ਤੱਕਲੇ ਈ ਤੇਰੇ।
ਅਨੀ ਇਸ ਦੇ ਪਾਸੇ ਸੇਕ ਕਰਾਰੇ।
ਦੋ ਤਿੰਨ ਡਿਲ ਇਸ ਦੇ ਸਿਰ ਲਾਈਂ।
ਜਦ ਤਕਲਾ ਸਿੱਧਾ, ਤਦ ਤੰਦ ਸਵਾਈ।
ਤੇਰੇ ਤੱਕਲੇ ਨੂੰ ਵਲ ਪਿਆ ਮੁਟਿਆਰੇ !
ਵਲ ਕੱਢ, ਤਾਂ ਤੰਦ ਤੁਰੇ ਮੁਟਿਆਰੇ !

ਸੋ ਮਾਯਾ ਉਹਨਾਂ ਸਿਖਾਂ ਨੇ ਰੂਪ ਧਾਰੀ ਕਰਕੇ ਅੱਖੀਂ ਦਿਖਾ ਦਿੱਤੀ, ਉਸ ਦੇ ਤੱਕਲੇ ਦਾ ਵਲ ਕੱਢ ਦਿਤਾ; ਹੁਣ ਜਦ ਗਯਾਨ ਮਿਲਿਆ ਤਾਂ ਮਾਯਾ ਲਾਂਭੇ ਜਾ ਖਲੋਤੀ, ਬ੍ਰਹਮ ਦਾਸ ਅੰਦਰੋਂ ਸ਼ੁੱਧ ਹੋ ਗਿਆ।

ਹੁਣ ਬ੍ਰਹਮਦਾਸ ਜੀ ਦੇ ਚਿੱਤ ਵਿਚ ਪਿਆਰ ਦੀ ਝਣਨਾਟ ਛਿੜੀ, ਕਲੇਜੇ ਨੂੰ ਧੂਹ ਪਈ, ਓਹ ਰੂਪ, ਜਿਸ ਨੂੰ ਤਪਾ ਜੀ ਕਹਿਕੇ ਪੁਕਾਰਦਾ ਸੀ, ਚਿੱਤ ਨੂੰ ਪਿਆਰਾ ਲੱਗਾ। ਜੀ ਵਿਚ ਪਛੁਤਾਵਾ ਆਯਾ ਕਿ ਐਡੇ ਉਚੇ ਸੁਚੇ ਸੁਹਣੇ ਪਿਆਰੇ ਅਰਸ਼ੀ ਨੂਰ ਨੂੰ ਮੈਂ ਤਪਾ ਤਪਾ ਕਰਕੇ ਮਾਮੂਲੀ ਸਾਧ ਸਮਝਦਾ ਰਿਹਾ। ਸ਼ੋਕ! ਇਸ ਮਾਇਆ ਦੇ ਲੁਕਵੇਂ ਪ੍ਰਭਾਉ ਨੇ ਮੇਰੇ ਮਨ ਦੇ ਨੈਣ ਹੀ ਮੁੰਦ ਛੱਡੇ। ਹੱਛਾ: ਜੋ ਬੀਤੀ ਸੋ ਤਾਂ ਹੋ ਬੀਤੀ, ਹੁਣ ਹੀ ਕਿਵੇਂ ਸੁਪਾਤ੍ਰ ਬਣਾ। ਇਉਂ ਦੀਆਂ ਸੋਚਾਂ ਸੋਚਦਾ ਸਿਖਾਂ ਨੂੰ ਨਮਸਕਾਰ ਕਰਦਾ ਪਿੱਛੇ ਨੂੰ ਤੁਰਿਆ ਤੇ ਆ ਸਤਿਗੁਰ ਜੀ ਦੀ ਚਰਨੀਂ ਢੱਠਾ।

ਬ੍ਰਹਮਦਾਸ ਜੀ ਅੱਜ ਜਿਸ ਵੇਲੇ ਚਰਨੀਂ ਆਕੇ ਢੱਠੇ ਹਨ ਆਰਤੀ ਸੋਹਿਲੇ ਦਾ ਪਾਠ ਹੋ ਰਿਹਾ ਸੀ, ਸ੍ਰੀ ਸਤਿਗੁਰੂ ਜੀ ਅਡੋਲ ਟਿਕਾਉ ਵਿਚ ਬੈਠੇ ਸਨ, ਸਤਿਗੁਰ ਜੀ ਨੇ ਆਪਣਾ ਪਿਆਰ ਵਾਲਾ ਹੱਥ, ਜੋ ਜਲ ਰਹੇ ਸੰਸਾਰ ਨੂੰ ਠੰਢ ਵਰਤਾਉਣ ਆਯਾ ਹੈ, ਜੋ ਟੁੱਟੀਆਂ ਸੁਰਤਾਂ ਸਾਂਈਂ ਨਾਲ ਜੋੜਨ ਆਯਾ ਹੈ, ਇਸ ਪੰਡਿਤ ਦੇ ਸਿਰ ਤੇ ਧਰ ਦਿਤਾ। ਹਾਂ, ਹੁਣ ਇਸ ਸਾਕਤ (ਟੁੱਟੇ ਹੋਏ) ਰਿਦੇ ਨੂੰ ਉਹੋ ਸੁਲੱਖਣਾ ਹੱਥ ਸਾਂਈਂ ਨਾਲ ਜੋੜ ਰਿਹਾ ਹੈ। ਸੀਸ ਤੇ ਹੱਥ ਫੇਰ ਰਿਹਾ ਹੈ ਕਿ ਆਤਮਾਂ ਨੂੰ ਪਰਮਾਤਮਾਂ ਦੇ ਚਰਨ ਕਮਲ ਮਕਰੰਦ ਰਸ ਦੀ ਚੋਗ ਪਾ ਰਿਹਾ ਹੈ, ਪੰਡਤ ਦੇ ਪਥਰਾਏ ਮਨ ਨੂੰ ਪੰਘਾਰ ਪੰਘਾਰ ਕੇ ਕਦੀ ਨਾ ਛਿੜੀਆਂ ਇਲਾਹੀ ਝਰਨਾਟਾਂ ਛੇੜ ਰਿਹਾ ਹੈ, ਕਦੀ ਨਾ ਉਮਗੇ ਉਮਾਹ ਉਛਾਲ ਰਿਹਾ ਹੈ, ਸੁੱਤੇ ਮਨ ਨੂੰ ਜਗਾ ਰਿਹਾ ਹੈ, ਮੋਏ ਦਿਲ ਨੂੰ ਜਿਵਾ ਰਿਹਾ ਹੈ ਅਤੇ ਬ੍ਰਹਮ ਦਾਸ ਨੂੰ ਬ੍ਰਹਮ ਜੀ ਦਾ ਪਿਆਰਾ ਬਣਾ ਰਿਹਾ ਹੈ। ਹਾਂ ਸਾਰੀ ਉਮਰ ਭੁਲੇਖੇ ਵਿਚ ਰਹੇ ਦੀ ਸਾਂਈਂ ਵਿਚ ਲਿਵ ਜੋੜ ਰਿਹਾ ਹੈ।

ਕੁਛ ਦੇਰ ਮਗਰੋਂ ਸਿਰ ਚਾਯਾ, ਸਤਿਗੁਰ ਨੇ ਚਾਯਾ, ਬ੍ਰਹਮ ਜੀ ਦੇਖਦੇ ਹਨ ਕਿ ਅੰਤਰ ਆਤਮੇ ਇਕ ਸੁਖ ਦੀ ਰੌ ਜਾਰੀ ਹੈ, ਠੰਢ ਸ਼ਾਂਤਿ ਵਰਤ ਰਹੀ ਹੈ। ਕਿਸੇ ਭਾਰੀ 'ਹੋਂਦ' ਦੀ ਸ਼ਰਨ ਆਪਣੀ 'ਹੋਂਦ' ਸਮਾ ਰਹੀ ਹੈ, ਅਕਹਿ ਰਸ ਮਾਣ ਰਹੀ ਹੈ।

"ਨਦੀਆ ਅਤੈ ਵਾਹ ਪਵਹਿ ਸਮੁੰਦਿ ਨ
ਜਾਣੀਅਹਿ ॥" (ਜਪੁਜੀ)

[1] ਸੱਤ ਅਸੱਤ ਤੋਂ ਵਿਲੱਖਣ।

ਦਰਯਾ ਜੀਕੂੰ ਸਮੁੰਦਰ ਵਿਚ ਪੈਂਦੇ ਹਨ, ਪਰ ਨਹੀਂ ਜਾਣਦੇ ਕਿ ਸਮੁੰਦਰ ਦਾ ਅੰਤ ਪਾਰਾਵਾਰ ਕਿੰਨਾਂ ਕੁ ਹੈ, ਓਹ ਸ਼ਰਨ ਪੈਂਦੇ ਉਸ ਦੇ ਸੁਖ ਵਿਚ ਸੁਖੀ ਹੋ ਜਾਂਦੇ ਹਨ, ਤਿਵੇਂ ਪ੍ਰੇਮੀ ਆਤਮਾਂ ਵਾਹਿਗੁਰੂ ਦੀ ਸ਼ਰਨ ਸਮਾਉਂਦੇ, ਸੁਖ ਸਰੂਪ ਹੋ ਜਾਂਦੇ ਹਨ, ਉਸ ਦੇ ਪਾਰਾਵਾਰ ਲੈਣ ਵੱਲ ਨਹੀਂ ਧਾਂਵਦੇ। ਸਮੁੰਦਰ ਨੂੰ ਛੁਹੰਦਿਆਂ ਕਿਸੇ ਰਸ ਛੁਹ ਵਿਚ ਹੋ ਜਾਂਦੇ ਹਨ। ਸੋ ਬ੍ਰਹਮ ਦਾਸ ਨੂੰ ਜੀਅਦਾਨ ਮਿਲਿਆ, ਲਿਵ ਲੱਗ ਗਈ।

੪.

ਦੁਪਹਿਰਾਂ ਦਾ ਵੇਲਾ ਹੈ, ਪਰ ਦੇਸ਼ ਠੰਢਾ ਹੈ ਤੇ ਰੁਤ ਸੁਹਾਵੀ ਹੈ, ਰੌ ਦੇ ਨੇੜੇ ਉਸ ਬਗੀਚੇ ਵਿਚ ਕਮਾਲ ਜੀ ਬੈਠੇ ਹਨ। ਵਾਹਿਗੁਰੂ ਦੀ ਧੁਨਿ ਮਿੱਠੀ ਮਿੱਠੀ ਰਸਭਿੰਨੜੀ ਸੁਰ ਦੇ ਰਹੀ ਹੈ ਕਿ ਆਏ, ਬ੍ਰਹਮ ਦਾਸ ਜੀ ਆਏ।

ਕਮਾਲ-ਆਓ ਭਾਈ ਜੀਓ, ਮੇਰੇ ਸੱਕੇ ਭਾਈ ਜੀਓ, ਜੀਉ ਉਠੇ ਹੋ, ਧੰਨ ਭਾਗ ਵਧਾਇਓ!

ਪਰ ਬ੍ਰਹਮ ਦਾਸ ਦੀ ਜੀਭ ਰੁਕ ਗਈ, ਅੱਖਾਂ ਨੇ ਦੋ ਮੋਤੀਆਂ ਵਰਗੇ ਟੇਪੇ ਭੇਟ ਧਰਕੇ ਉੱਤਰ ਦਿੱਤਾ। ਕਮਾਲ ਜੀ ਉਠੇ, ਦੋਵੇਂ, ਜੋ ਹਿੰਦੂ ਮੁਸਲਮਾਨ ਸਨ ਤੇ ਮਿੱਤ੍ਰਤਾ ਹੁੰਦਿਆਂ ਬੀ ਵਿੱਥ ਵਿਚ ਵਸਦੇ ਸਨ ਅਜ ਗਲ ਲਗਕੇ ਮਿਲੇ, ਜਾਤਿ ਅਭਿਮਾਨ ਦੀਆਂ ਵਿਥਾਂ ਹੱਦਾਂ ਬੀ ਮਿਟ ਗਈਆਂ। ਹਿੰਦੂ, ਮੁਸਲਮਾਨ ਸਿੱਖੀ ਦੀ ਕੁਠਾਲੀ ਵਿਚ ਢਲਕੇ ਬਾਰਾਂ ਵੰਨੀਆਂ ਦਾ ਸੋਨਾਂ ਹੋ ਗਏ। ਬੜੇ ਪਿਆਰ ਨਾਲ ਘੁੱਟ ਘੁੱਟ ਕੇ ਮਿਲੇ, 'ਭਾਈ, ਭਾਈ, ਪਿਆਰੇ ਭਾਈ, ਮੇਰੇ ਭਾਈ' ਦੇ ਪਿਆਰ ਭਰੇ ਅਵਾਜ਼ੇ ਉਠੇ।

ਇਸ ਤਰ੍ਹਾਂ ਮਿਲ ਗਿਲ ਕੇ ਬੈਠ ਗਏ, ਅਜੇ ਥੋੜਾ ਹੀ ਚਿਰ ਬੀਤਿਆ ਸੀ ਕਿ ਭਾਈ ਹੱਸੂ ਜੀ ਆ ਗਏ, ਬੜੇ ਆਦਰ ਨਾਲ ਦੋਹਾਂ ਨੇ ਪਾਸ ਬਿਠਾਯਾ, ਵਾਹਿਗੁਰੂ ਦਾ ਜਸ ਤੇ ਗੁਰ ਨਾਨਕ ਦੀ ਮਿਹਰ ਕੀਰਤੀ ਹੋਈ, ਫੇਰ ਸਤਿਸੰਗ ਦੀ ਗੱਲ ਬਾਤ ਹੁੰਦੇ ਬਾਤ ਚੀਤ ਇਸ ਢੰਗ ਪੁਰ ਆ ਗਈ।

ਕਮਾਲ-ਮੈਨੂੰ ਰੱਬ ਕਿਉਂ ਨਾ ਦਿੱਸਿਆ?

ਹੱਸੂ-ਓਹ ਇਨ੍ਹਾਂ ਸਾਡੀਆਂ ਅੱਖਾਂ ਦਾ ਵਿਸ਼ਾ ਨਹੀਂ ਸੀ। ਓਹ ਸਭ ਦਾ ਦੇਖਣਹਾਰ ਹੈ, ਪਰ ਓਹ ਕਿਸੇ ਦਾ ਦੀਸਣਹਾਰ ਨਹੀਂ; ਇਹ ਅਣਹੋਣਾ ਹੈ ਕਿ ਉਹ ਸਾਡਿਆਂ ਅੱਖਾਂ ਦਾ ਦ੍ਰਿਸ਼ਯ ਬਣੇ। ਨਦੀਆਂ ਸਮੁੰਦਰ ਨੂੰ ਮਿਲਦੀਆਂ ਹਨ, ਸਮੁੰਦਰ ਉਨ੍ਹਾਂ ਨੂੰ ਗੋਦ ਵਿਚ ਲੈ ਲੈਂਦਾ ਹੈ, ਨਦੀਆਂ ਸਮੁੰਦਰ ਦਾ ਪਾਰਾਵਾਰ ਨਹੀਂ ਪਾ ਸਕਦੀਆਂ, ਸ਼ਰਨ ਸਮਾਕੇ ਸੁਖ ਪਾਉਂਦੀਆਂ ਹਨ।

ਕਮਾਲ-ਮੈਨੂੰ ਉਹ ਸ਼ਰਨ ਕਿਉਂ ਨਾਂ ਲੱਭੀ?

ਹੱਸੂ-ਤੁਸੀਂ ਅਨੰਤ ਦੇ ਅੰਤ ਲੈਣ ਵਿਚ ਲਗ ਰਹੇ ਸਾਓ, ਤੁਸਾਂ ਨੂੰ ਲਿਵ ਪ੍ਰਾਪਤ ਨਹੀਂ ਸੀ। ਅੱਖਾਂ ਨੂੰ ਜਗਤ ਤੋਂ ਹੋੜਕੇ ਮਨ ਬੁਧਿ ਵਿਚ ਆਉਣ ਵਾਲੇ ਇਕ ਆਪਣੇ 'ਖਿਆਲ ਦੇ ਘੜੇ ਅਰੇਖ ਅਰੂਪ ਵਜੂਦ' ਨੂੰ ਅੱਖਾਂ ਅੱਗੇ ਲਿਆਉਂਦੇ ਸਾਓ ਤੇ ਓਹ ਤੁਹਾਡਾ ਆਪਣਾ ਮਨ ਹੀ ਸੀ। ਜਿਵੇਂ ਸੁਪਨੇ ਵਿਚ ਮਨ ਆਪਣੇ ਖਿਆਲ ਦੇ ਮਸਾਲੇ ਨਾਲ ਹੀ ਰਚਨਾ ਰਚ ਲੈਂਦਾ ਹੈ ਤਿਵੇਂ ਤੁਸੀਂ ਖਿਆਲ ਦਾ ਰੱਬ ਰਚਦੇ ਸਾਓ। ਸੋ ਤੁਹਾਡੇ ਮਨ ਦੇ ਅੱਗੇ ਮਨ ਹੀ ਖੜਾ ਸੀ, ਅਨੰਤ ਨਾਲ ਕੋਈ ਜੋੜ ਨਹੀਂ ਸੀ ਜੁੜਿਆ। ਇਹ ਅਜੋੜ ਦਸ਼ਾ ਸਾਕਤ (ਟੁੱਟੀ ਹੋਈ) ਦਸ਼ਾ ਹੈ, ਮਨ ਸਾਂਈਂ ਨਾਲ ਨਹੀਂ ਜੁੜਿਆ, ਉਸ ਤੋਂ ਵਿੱਥ ਤੇ ਹੈ। ਬ੍ਰਹਮ ਦਾਸ ਜੀ ਕਿਸੇ ਦੇ ਖਿਆਲ ਦਾ ਘੜਿਆ ਪੱਥਰ ਗਲ ਵਿਚ ਪਾਈ ਫਿਰਦੇ ਸੇ, ਤੁਸੀਂ ਆਪਣੇ ਖਿਆਲ ਦਾ ਖ਼ੁਦਾ ਘੜਕੇ ਮਨ ਦੇ ਗਲ ਲਟਕਾਈ ਫਿਰਦੇ ਸਾਓ। ਠਾਕਰ ਤੋਂ ਕਿ ਰੱਬ ਤੋਂ ਦੋਵੇਂ ਵਿੱਥ ਤੇ ਰਹੇ ਹੋ। ਜਦ ਤੁਸਾਂ ਨੂੰ ਸਤਿਗੁਰ ਨਾਨਕ ਦੇਵ ਮਿਲੇ ਉਨ੍ਹਾਂ ਨੇ ਤੁਹਾਡੇ ਅੰਦਰਲੇ ਨੂੰ ਅੰਦਰਲੇ ਦੇ ਆਸਰੇ ਵਾਹਿਗੁਰੂ ਦੀ ਸ਼ਰਨ ਮਿਲਾ ਦਿਤੀ, ਲਿਵ ਲਾ ਦਿੱਤੀ। ਲਿਵ ਦਾ ਅਰਥ ਹੈ ਵਾਹਿਗੁਰੂ ਦੀ ਸ਼ਰਨ ਨਾਲ ਲਗਾਤਾਰ ਮੇਲ ਹੋ ਜਾਣਾ। ਜੋ ਕੁਛ ਤੁਸੀ ਹੁਣ ਅੱਠ ਪਹਿਰ; ਸੁਆਸ ਸੁਆਸ ਅੰਤ੍ਰਆਤਮੇ ਪ੍ਰਤੀਤ ਕਰ ਰਹੇ ਹੋ ਇਹ ਲਿਵ ਹੈ।

ਕਮਾਲ-ਮੇਰੇ ਤੇ ਤਾਂ ਮਿਹਰ' ਹੋਈ ਹੈ। ਪਰ ਕੀ ਸਾਧਨ ਬੀ ਕੋਈ ਹੈ?

ਹੱਸੂ-ਮਿਹਰ ਹੀ ਸਾਧਨ ਹੈ। ਵਾਹਿਗੁਰੂ ਮੇਹਰੀ ਦੀ ਮਿਹਰ ਹੀ ਸਭ ਕੁਛ ਹੈ[੧]।

---

[੧] ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥ {ਮਾਰੂ ਸੋਹਲੇ ਮ: ੫}

ਸਾਧਨ ਮਿਹਰ ਹੈ, ਮਿਹਰ ਨਾਮ ਹੈ, ਨਾਮ ਸਾਧਨ ਹੈ, ਨਾਮ ਮਿਹਰ ਹੈ। ਨਿਹਾਲ ਕਰਨ ਵਾਲਾ ਗੁਰੂ ਕਾ ਸ਼ਬਦ ਸਾਂਈਂ ਦਾ ਨਾਮ ਹੈ, ਇਸ ਨਾਲ ਅੰਦਰਲਾ ਕੌਲ ਫੁਲ ਵਾਂਙੂ ਖਿੜਦਾ ਹੈ ਤੇ ਹਰ ਵੇਲੇ ਸਚੇ ਰੰਗ-ਵਾਹਿਗੁਰੂ ਦੀ ਸ਼ਰਨ ਪ੍ਰਾਪਤੀ ਦੇ ਸੁਖ-ਨਾਲ ਅੰਦਰ ਰੰਗਿਆ ਰਹਿੰਦਾ ਹੈ, ਉਹ ਰਸ ਸਰੀਰਕ ਰਸਾਂ ਵਾਂਙੂ ਤ੍ਰਿੱਖਾ ਤੇ ਛੇਤੀ ਉਤਰਨ ਵਾਲਾ ਰੰਗ ਨਹੀਂ ਹੁੰਦਾ।

ਬ੍ਰਹਮ:-ਜ਼ਰਾ ਕ੍ਰਿਪਾ ਕਰਕੇ ਲਿਵ ਵਾਲੇ ਲਿਵਧਾਰੀ ਦਾ ਰੂਪ ਦੱਸਣਾ, ਉਸ ਦਾ ਮਨ ਕੀਕੂੰ ਦਾ ਹੁੰਦਾ ਹੈ?

ਹੱਸੂ-ਲਿਵ ਵਾਲੇ ਮਨ ਵਿਚ ਤ੍ਰਿਸ਼ਨਾਂ ਤੇ ਤ੍ਰਿਸ਼ਨਾਂ ਤੋਂ ਉਠੇ ਤ੍ਰੰਗਾਂ ਦਾ ਵੇਗ ਨਹੀਂ ਹੁੰਦਾ, ਫੁਰਨਾ ਵੱਸ ਵਿਚ ਹੁੰਦਾ ਹੈ ਤੇ ਚੇਤੇ ਵਿਚ-ਧਯਾਨ ਵਿਚ-ਉਠਦੇ ਬਹਿੰਦੇ, ਤੁਰਦੇ ਫਿਰਦੇ, ਹਰ ਹਾਲ, ਹਰ ਸਮੇਂ ਵਾਹਿਗੁਰੂ ਦੀ ਚਰਨ ਸ਼ਰਨ ਪ੍ਰਾਪਤੀ ਦਾ ਰਸ ਤੇ ਅਨੁਭਵ ਬਣਿਆਂ ਰਹਿੰਦਾ ਹੈ। ਜਿਵੇਂ ਮਾਂ ਦੀ ਗੋਦੀ ਵਿਚ ਪਏ ਬਾਲ ਨੂੰ ਗੋਦ ਵਾਸ ਦਾ ਸੁਖ (ਮਾਤਾ ਦੀ ਗੋਦ ਦਾ ਛੁਹ ਰਸ) ਖੀਵੇ ਰਖਦਾ ਹੈ ਤਿਵੇਂ ਓਹ ਮਨ ਨਿਰੰਤਰ ਸ਼ਰਨ ਵੱਸਣ ਦੇ ਸੁਖ ਵਿਚ ਹੁੰਦਾ ਹੈ। ਸੋਚ, ਫਿਕਰ, ਵਿਚਾਰਾਂ, ਸੰਕਲਪਾਂ ਦੀਆਂ ਤੰਦਣ ਤਾਣੀਆਂ ਵਿਚ ਨਹੀ ਰੁੜ੍ਹਦਾ ਰਹਿੰਦਾ। ਸਾਂਈਂ ਸਮ੍ਹਾਲ ਦੀ ਇਕ ਤਾਰ ਲਿਵ ਬੰਨ੍ਹੀ ਰਖਦੀ ਹੈ। 'ਸਹਿਜ ਅਨੰਦ' ਦੀ ਪ੍ਰਾਪਤੀ ਅੰਦਰ ਟੁਰੀ ਰਹਿੰਦੀ ਹੈ।

ਬ੍ਰਹਮ:(ਠੰਢਾ ਸਾਹ ਲੈ ਕੇ)-ਸਤਿਗੁਰੂ ਦੀ ਮਿਹਰ ਨੇ ਲਿਵ ਬਖਸ਼ਕੇ ਮੈਨੂੰ ਜਿਵਾਲ ਦਿਤਾ ਹੈ। ਮੈਂ ਵੇਖਦਾ ਹਾਂ ਕਿ ਮੈਂ ਜੋ ਅਨੁਭਵ ਸਤਿਗੁਰ ਤੋਂ ਪਾਇਆ ਹੈ ਉਹੋ ਤੁਸੀਂ ਕਹਿ ਰਹੇ ਹੋ, ਇਹ ਲਿਵ ਹੋਸੀ ਜਾਂ ਲਿਵ ਬਣ ਜਾਸੀ। ਪਰ ਇਹ ਦੱਸੋ ਕਿ ਇਹ ਤਾਂ ਅੰਦਰਲੇ ਦੀ ਅਵਸਥਾ ਹੋਈ ਲਿਵ ਵਾਲੇ ਦੀ ਦ੍ਰਿਸ਼ਟੀ ਕੀਹ ਹੋਵੇਗੀ?

ਹੱਸੂ-ਉਸ ਦੀ ਦ੍ਰਿਸ਼ਟੀ ਸਤਿਗੁਰ ਨੇ ਦੱਸੀ ਹੈ-

ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥ {ਮਾਰੂ ਮਹਲਾ ੧}

ਅਰਥਾਤ ਜਿਨ੍ਹਾਂ ਨੂੰ ਸਤਿਗੁਰ ਤੋਂ ਸੋਝੀ ਹੋਈ ਹੈ ਉਹ ਬਿਸਮਾਦ ਵਿਚ ਰਤੇ ਹਨ! ਉਹ ਗੁਣ ਗਾਉਂਦੇ ਹਨ, ਬਿਸਮਾਦ ਹੋਏ ਹੋਏ। ਭਾਵ ਇਹ ਕਿ ਉਨ੍ਹਾਂ ਦੀ ਦ੍ਰਿਸ਼ਟੀ ਬਿਸਮਾਦ ਵਿਚ ਰਹਿੰਦੀ ਹੈ।

ਬ੍ਰਹਮ:-ਇਹ ਜ਼ਰਾ ਖੋਲ੍ਹਣਾ।

ਹੱਸੂ-ਲਿਵ ਧਾਰੀ ਦੀਆਂ ਅੱਖਾਂ ਪਦਾਰਥਾਂ ਤੇ ਚੀਜ਼ਾਂ ਨੂੰ ਤੱਕਕੇ ਇਨ੍ਹਾਂ ਦੇ ਬਾਹਰਲੇ ਰੂਪ ਵਿਚ ਹੀ ਨਹੀਂ ਰਹਿੰਦੀਆਂ; ਉਸ ਨੂੰ ਹਰ ਸ਼ੈ ਵਿਚ 'ਹਰਿ ਰੂਪ' ਨਜ਼ਰ ਪੈਂਦਾ ਹੈ, ਜਿਸ ਤਰ੍ਹਾਂ ਤ੍ਰਿਖਾਵੰਤ ਦੀਆਂ ਅੱਖਾਂ ਲਟਕਦੇ ਸੰਤਰੇ ਨੂੰ ਤੱਕਕੇ ਉਸ ਵਿਚ ਤ੍ਰੇਹ ਬੁਝਾਉਣ ਤੇ ਦਿਲ ਖਿੜਾ ਦੇਣ ਵਾਲੇ ਸੁਆਦੀ ਰਸ ਨੂੰ ਅਨੁਭਵ ਕਰਦੀਆਂ ਹਨ, ਪਰ ਇਕ ਬਾਲਕ, ਜਿਸ ਨੇ ਸੰਤਰਾ ਕਦੇ ਚੱਖਿਆ ਨਹੀਂ, ਸੰਤਰੇ ਵਿਚ ਰੰਗ, ਰੂਪ ਗੁਲਿਆਈ ਤੇ ਆਪਣੀ ਖੇਡ ਦਾ ਸਮਾਨ ਇਕ ਖਿੱਦੂ ਵੇਖਦਾ ਹੈ, ਉਸ ਨੂੰ 'ਸੁਆਦ ਤੇ ਦਿਲ ਖੇੜੇ' ਵਾਲੇ ਸੰਤਰੇ ਦੇ ਰੂਪ ਦਾ ਝਲਕਾ ਨਹੀਂ ਵੱਜਦਾ। ਇਸ ਤਰ੍ਹਾਂ ਲਿਵ ਧਾਰੀ ਨੂੰ ਹਰ ਸ਼ੈ ਵਿਚ ਇਕ ਸਹਿਜ ਅਨੰਦੀ ਝਲਕਾ ਵੱਜਦਾ ਹੈ, ਇਹ ਝਲਕਾ ਉਸ ਦੀ ਨਜ਼ਰ ਨੂੰ ਵਿਸਮਾਦ ਵਿਚ ਰੱਖਦਾ ਹੈ। ਵਿਸਮਾਦ ਤੋਂ ਉਪਜੀ ਦ੍ਰਿਸ਼ਟੀ ਉਹ ਹੈ ਜੋ ਸਹਿਜ ਅਨੰਦੀ ਰੰਗ ਵਿਚ ਮੱਤੀ ਹੋਈ ਹਰ ਸ਼ੈ ਵਿਚ ਅੰਮ੍ਰਿਤ ਦਾ ਪ੍ਰਭਾਉ ਪ੍ਰਤੀਤ ਕਰਦੀ ਹੈ ਤੇ ਹਰ ਸ਼ੈ ਵਿਚੋਂ ਉਹ ਅੰਮ੍ਰਿਤ ਖਿੱਚਦੀ ਹੈ। ਅਰਥਾਤ ਸਿਫਤ ਸਾਲਾਹ ਦਾ ਰਸ ਲੈਂਦੀ ਹੈ ਤੇ ਸੋਚ ਮੰਡਲ ਤੋਂ ਉਚੇਰੀ ਉਚੇਰੀ ਰਹਿੰਦੀ ਹੈ। ਜਿਹਾ ਕੁ ਸਾਡੇ ਗੁਰੂ ਬਾਬੇ ਜੀ ਹਰ ਸ਼ੈ ਵਿਚ ਵਿਸਮਾਦ ਵੇਖਦੇ ਹਨ: ਹਿਕ ਦਿਨ ਸ੍ਰੀ ਸਤਿਗੁਰੂ ਜੀ ਨੇ ਅਸਾਂ ਨੂੰ ਆਪਣੀ ਵਿਸਮਾਦ ਦ੍ਰਿਸ਼ਟੀ ਦਾ ਹਾਲ ਇੰਞ ਦੱਸਿਆ ਸੀ:-

ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥ ੧ ॥

{ਆਸਾ ਦੀ ਵਾਰ ਮਹਲਾ ੧}

ਬ੍ਰਹਮ-ਜਦ ਅੰਦਰ ਲਿਵ ਹੈ ਤੇ ਦ੍ਰਿਸ਼ਟੀ ਵਿਚ ਵਿਸਮਾਦ ਹੈ, ਫੇਰ ਸੇਵਾ ਕੀ ਹੋਈ? ਮੈਨੂੰ ਪਹਿਲਾਂ ਸੇਵਾ ਦਾ ਹੁਕਮ ਹੋਇਆ ਸੀ।

ਹੱਸੂ-ਤੱਕੋ ਨਾਂ ਭਾਈ ਜੀ। ਅਸੀਂ ਨਿਰਾ ਮਨ ਨਹੀਂ ਹਾਂ, ਸਰੀਰ ਭੀ ਹਾਂ! ਅਸੀਂ ਨਿਰੀ ਵਿਚਾਰ ਨਹੀਂ, ਕਰਮ ਬੀ ਹਾਂ ਅਸੀਂ ਨਿਰੀ ਬੁੱਧੀ ਨਹੀਂ, ਵਲਵਲੇ ਵਾਲੇ ਵੀ ਹਾਂ, ਅਸੀਂ ਇਕ ਤੱਤ ਮਾਤ੍ਰ ਹੀ ਨਹੀ; ਸ਼ਖਸੀਅਤ ਬੀ ਹਾਂ। ਸਾਡੀ ਉਚਜਾਈ ਸਭ ਪਾਸਿਆਂ ਦੀ ਮਿਲਵੀਂ ਤੁਲਵੀਂ ਉਚਜਾਈ ਹੈ।

੧-ਲਿਵ ਅੰਦਰਲੇ ਦੀ ਅਵਸਥਾ ਹੈ। ਆਪਣੇ ਕਰਤਾਰ, ਕਾਦਰ, ਮਾਲਕ, ਪਾਲਕ ਨਾਲ ਜੁੜੇ ਰਹਿਣਾ, ਲਗੇ ਰਹਿਣਾ।

੨-ਐਉਂ ਅੰਦਰਲਾ ਆਪੇ ਵਿਚ ਇਕ ਰਸ ਭਰੀ ਉਚਜਾਣ ਦੀ ਪ੍ਰਤੀਤੀ ਵਿਚ ਰਹਿੰਦਾ ਹੈ।

੩-ਇਸ ਉਨਮਨ (ਉਚੇ ਮਨ ਵਾਲੇ) ਦੀ ਦ੍ਰਿਸ਼ਟੀ ਜਦ ਵਿਸਮਾਦੀ ਝਲਕ ਵਿਚ ਹੁੰਦੀ ਹੈ ਤਾਂ ਜਿਧਰ ਪੈਂਦੀ ਹੈ ਸੁੰਦਰਤਾ ਦਾ ਰੰਗ ਦੇਖਦੀ ਹੈ। ਇਸ ਦ੍ਰਿਸ਼ਟੀ ਵਿਚ ਸਿਫਤ ਸਾਲਾਹ ਦਾ ਰੰਗ ਭਰਿਆ ਹੁੰਦਾ ਹੈ, ਜਿੱਧਰ ਇਹ ਦ੍ਰਿਸ਼ਟੀ ਪੈਂਦੀ ਹੈ ਰਸ ਤੇ ਅੰਮ੍ਰਿਤ ਖਿਚਦੀ ਹੈ। ਸਭ ਦ੍ਰਿਸ਼ਟਮਾਨ ਵਿਚੋਂ।

੪-ਕਦੇ ਕਦੇ ਇਕ ਵਿਸਮਾਦ ਵਰਗਾ ਝਲਕਾ ਸੁਤੇ ਵੀ ਕਿਸੇ ਨੂੰ ਵੱਜ ਸਕਦਾ ਹੈ। ਅਲੋਕਿਕ ਸੁੰਦਰਤਾ ਦਾ ਝਲਕਾ ਕਦੇ ਵਿਸਮਾਦ ਵਿਚ ਲੈ ਜਾਂਦਾ ਹੈ, ਉਸ ਵੇਲੇ ਜੇ ਮਨ ਤ੍ਰਿਸ਼ਨਾਂ ਦੇ ਭਾਵ ਵਿਚ ਚਲਾ ਜਾਵੇ ਤਾਂ ਵਿਸਮਾਦ ਦਾ ਰੰਗ ਉਡ ਜਾਂਦਾ ਜਾਂ ਫਿੱਕਾ ਪੈ ਜਾਂਦਾ ਹੈ।

੫-ਉਪਰਲੀ ਸਾਰੀ ਖੇਡ ਅੰਦਰਲੇ ਦੀ ਉਚਜਾਈ ਦੀ ਹੈ। ਇਹ ਖੇਡ ਉਨ੍ਹਾਂ ਬ੍ਰਿਤੀਆਂ ਤੋਂ-ਜੋ ਸਾਡੀਆਂ ਪਸ਼ੂਆਂ ਨਾਲ ਸਾਂਝੀਆਂ ਹਨ-ਉਚੇਰੀ ਅਵਸਥਾ ਹੈ।

੬-ਅਸੀਂ ਸ਼ਰੀਰ ਧਾਰੀ ਹਾਂ। ਸ਼ਰੀਰ ਦੀ ਬਨਾਵਟ ਤੇ ਰੁਚੀਆਂ ਪਸ਼ੂਆਂ ਨਾਲ ਮਿਲਦੀਆਂ ਜੁਲਦੀਆਂ ਹਨ। ਇਨ੍ਹਾਂ ਨੂੰ ਕਰੜੇ ਤਪਾਂ, ਹਠਾਂ; ਧੱਕੇ ਧੋੜਿਆਂ ਨਾਲ ਮਾਰਿਆਂ ਕੋਹਿਆਂ ਸਰੀਰ ਤੇ ਮਨ ਅਰੋਗ ਨਹੀਂ ਰਹਿੰਦੇ। ਗੁਰੂ ਬਾਬੇ ਦੀ ਮਤਿ ਨਾਲ ਇਨ੍ਹਾਂ ਨੂੰ ਉੱਨਤ ਕਰੀਦਾ ਹੈ। ਇਹ ਮਾਰਗ ਕੇਵਲ ਇਸ ਦਾਤੇ ਗੁਰੂ ਨੇ ਦੱਸਿਆ ਹੈ! ਪੰਜਾਂ ਨੂੰ ਮਾਰੋ ਨਹੀਂ ਸੁਗਾਤ ਬਣਾਓ, ਉੱਨਤ ਕਰੋ[੧]। ਉੱਨਤ ਕਰਨ ਦੇ ਸਾਧਨ ਕੁਦਰਤੀ ਨਿਰਦੋਸ਼ ਸੁੰਦਰਤਾ ਦਾ ਰਸੀਆ ਹੋਣਾ ਹੈ ਤੇ ਬਾਣੀ, ਕੀਰਤਨ ਨਾਮ ਵਿਚ ਚਾਉ ਨਾਲ ਲੱਗਣਾ ਪਸ਼ੂਪਨੇ ਦੀਆਂ ਰੁਚੀਆਂ ਨੂੰ ਆਪਣੇ ਵੱਸ ਵਿਚ ਕਰਨਾ ਹੈ। ਵੱਸ ਵਿਚ ਕਰਨ ਦਾ ਉਪਰਾਲਾ ਕਿਸੇ ਸੁਹਣੀ ਡੌਲ ਦਾ ਹੋਵੇ। ਉਹ ਉਪਰਾਲਾ ਸੇਵਾ ਹੈ। ਸਾਡੇ ਮਨ ਦਾ ਸੁਭਾਵ ਹੈ ਕਿ ਇਹ ਲੈਕੇ, ਗ੍ਰਹਿਣ ਕਰਕੇ, ਧੱਕਾ ਕਰਕੇ, ਬਫਾ ਕੇ ਖੁਸ਼ ਹੁੰਦਾ ਹੈ। ਹੁਣ ਜੇ ਕਰੜੇ ਤਪ ਹਠ ਨਾਲ ਇਨ੍ਹਾਂ ਗਲਾਂ ਦੇ ਉਲਟ ਟੁਰੇਗਾ ਤਾਂ ਉਦਾਸ ਤੇ ਦੁਖੀ ਜੇਹਾ ਹੋ ਜਾਏਗਾ। ਜੋ ਚਾਉ ਵਿਚ ਭਰਕੇ ਦੇਣ ਦਾ ਸੁਭਾਉ ਬਣਾਏਗਾ, ਦੇਕੇ ਖਿੜੇਗਾ, ਭਲਾ ਕਰੇਗਾ ਤਾਂ ਪਸ਼ੂ ਬ੍ਰਿਤੀ 'ਦੇਵ ਬ੍ਰਿਤੀ' ਵਿਚ ਉੱਨਤ ਹੋਏਗੀ। ਪਸ਼ੂ ਲੈਂਦਾ ਹੈ, ਢੁੱਡ ਮਾਰਕੇ ਖੋਂਹਦਾ ਹੈ, ਮਨੁੱਖ ਦਾ ਦਿਲ ਬੀ ਇਹੋ ਕੁਛ ਕਰਦਾ ਹੈ, ਪਰ ਜੋ ਦੇਕੇ ਭਲਾ ਕਰਕੇ ਦੂਏ ਦਾ ਸੁਆਰਕੇ ਖੁਸ਼ ਹੁੰਦਾ ਹੈ ਉਹ ਪਸ਼ੂ ਸੁਭਾਵ ਤੋਂ ਉਲਟ ਟੁਰ ਪਿਆ ਹੈ ਤੇ ਉਹ ਸੁਖੈਨ ਹੀ ਅਪਣੇ ਤੇ ਕਾਬੂ ਪਾ ਰਿਹਾ ਹੈ।

੭-ਫਿਰ ਜਿਸ ਨੇ ਦੇਵਤਾ ਬਣਨਾ ਹੈ ਉਸ ਨੂੰ ਸਤਿਗੁਰ ਜੀ ਗੁਰੂ ਤੇ ਗੁਰਮੁਖਾਂ ਦੀ ਸੇਵਾ ਦੱਸਦੇ ਹਨ। ਇਹ ਸੇਵਾ ਕਰਦਿਆਂ ਮਨ ਗੁਰੂ ਤੇ ਗੁਰਮੁਖਾਂ ਦੇ ਗੁਣਾਂ ਨੂੰ ਲੈਂਦਾ ਹੈ, ਇਹ ਸੇਵਾ ਮਨ ਨੂੰ ਨਿਰਮਾਨ ਕਰਦੀ ਹੈ ਤੇ ਨਿਰਮਾਨਤਾ ਮਨ ਦੀ ਮੈਲ ਧੋਂਦੀ ਹੈ ਤੇ ਉਧਰੋਂ ਗੁਰੂ ਸਤਿਸੰਗ ਦੀ ਖੁਸ਼ੀ

---

[੧] ਜਿਵੇਂ ਪੰਚਮ ਗੁਰੂ ਜੀ ਨੇ ਫੁਰਮਾਯਾ ਹੈ:-
ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
{ਬਸੰਤ ਕੀ ਵਾਰ ਮਹਲਾ ੫}

ਉਸਦੀ ਮੈਲ ਕੱਟਦੀ ਹੈ, ਜਿਸਦਾ ਫਲ ਇਹ ਹੁੰਦਾ ਹੈ ਕਿ ਮਨ ਨਾਮ ਨਿਵਾਸ ਲਈ ਤਿਆਰ ਹੋ ਜਾਂਦਾ ਹੈ, ਸਰਬ ਸੇਵਾ ਦਾ ਫਲ ਮਨ ਵਿਚ ਨਾਮ ਨਿਵਾਸ' ਹੈ। ਹੋਰ ਦੂਜੇ ਭਾਇ ਦੀ ਸੇਵਾ, ਜੋ ਦਿਖਾਵੇ ਲਈ ਕਰੀਦੀ ਹੈ ਠੀਕ ਨਹੀਂ ਹੈ, ਸੇਵਾ 'ਮਨ ਦੀ ਸੁੱਧੀ' 'ਕਰਮ ਦੀ ਸਫਾਈ' ਲਈ ਹੈ, ਨਾਮ ਵਿਚ ਇਸਥਿਤ ਕਰਨ ਲਈ ਹੈ।

ਸੇਵਾ ਸਤਿਗੁਰ ਜੀ 'ਹੁਕਮ' ਵਿਚ ਕਰਵਾਉਂਦੇ ਹਨ, ਜੋ ਸੇਵਾ ਨੂੰ ਹੁਕਮ ਸਮਝਕੇ ਨਹੀਂ ਕਰਦਾ ਉਸ ਦਾ ਮਨ ਸਾਫ ਨਹੀਂ ਹੁੰਦਾ, ਕਿਉਂਕਿ ਉਹ ਸੇਵਾ' ਮਨ ਦੀ ਮੱਤ ਨਾਲ ਕਰਦਾ ਹੈ 'ਮਨ ਦੀ ਮੱਤ' ਹਉਮੈਂ ਹੈ, ਹਉਮੈਂ ਦੇ ਕੀਤੇ ਕੰਮ 'ਕੂੜੇ ਦੀ ਪਾਲ' ਵਿਚ ਫਸਾਈ ਰੱਖਦੇ ਹਨ, ਉਹਨਾਂ ਦਾ ਫਲ ਮਨ ਦੀ ਸਫਾਈ ਨਹੀਂ ਹੁੰਦਾ।

ਸਾਡੇ ਕਰਮ ਮਾੜੇ ਹਨ ਅਸੀਂ ਮਨ ਦੇ ਮਗਰ ਟੁਰਦੇ ਹਾਂ, ਅੰਦਰ ਸਾਡੇ ਤ੍ਰਿਸ਼ਨਾਂ ਹੈ। ਉਸ ਤੋਂ ਸਾਡੇ ਕਰਮ ਸਾਨੂੰ ਅਤ੍ਰਿਪਤ ਮਾਇਆ ਵਿਚ ਫਸਾਉਂਦੇ ਹਨ।

ਇਸ ਮਾਇਆ ਦੀ ਫਾਹੀ ਤੋਂ ਛੁਟਕਾਰਾ ਦੇਣ ਲਈ ਸਤਿਗੁਰੂ ਜੀ ਸਾਡੇ ਕਰਮਾਂ ਨੂੰ ਗੁਰੂ ਤੇ ਸਾਧ ਸੰਗਤ ਦੀ ਸੇਵਾ ਵਿਚ ਲਾਉਂਦੇ ਹਨ ਤੇ ਸੇਵਾ ਕਰਨੀ 'ਹੁਕਮ' ਤੋਂ ਸਮਝਾਉਂਦੇ ਹਨ। ਹੁਕਮ ਸਮਝਕੇ ਜੋ ਸੇਵਾ ਕਰੀਦੀ ਹੈ ਉਸ ਵਿਚ ਹਉਮੈਂ ਦੀ ਪਕੜ ਘਟਦੀ ਜਾਂਦੀ ਹੈ, ਤ੍ਰਿਸ਼ਨਾ ਨੀਵੀਂ ਹੁੰਦੀ ਜਾਂਦੀ ਹੈ ਤੇ ਅੰਤ ਮਨ ਸ੍ਵਛ ਹੋਕੇ ਨਿਖਰਦਾ ਹੈ।

ਬ੍ਰਹਮ-ਤਦ ਸੇਵਾ ਦਾ ਫਲ ਮਨ ਦੀ ਸਫ਼ਾਈ ਹੈ ਤੇ ਸੇਵਾ 'ਹੁਕਮ' ਵਿਚ ਕਰਨੀ ਹੈ, ਆਪਣੀ ਵਡਿਆਈ, ਲਜਾਕਤ, ਤਰਸ, ਮੈਂ ਦਯਾਲੂ ਸੁਭਾਵੀ ਹਾਂ, ਐਸੇ ਐਸੇ ਮਨ ਦੇ ਸੰਕਲਪਾਂ ਨਾਲ ਨਹੀਂ, ਪਰ ਕੇਵਲ ਇਸ ਲਈ ਕਿ ਇਹ ਸੇਵਾ ਮਨ ਨੂੰ ਸ਼ੁੱਧ ਕਰ ਦੇਵੇਗੀ ਤੇ ਇਹ ਸੇਵਾ ਕਰਨੀ ਇਕ 'ਹੁਕਮ' ਹੈ। ...ਦੂਜੀ ਸੇਵਾ?

ਹੱਸੂ-ਜਦ ਲਿਵ ਲਗ ਗਈ ਹੈ, ਦ੍ਰਿਸ਼ਟੀ ਵਿਸਮਾਦ ਹੋ ਗਈ ਹੈ, "ਵੇਖਿ ਵਿਡਾਣੁ ਰਹਿਆ ਵਿਸਮਾਦੁ" ਵਾਲੀ ਪੂਰੇ ਭਾਗਾਂ ਦੀ ਦ੍ਰਿਸ਼ਟੀ ਪ੍ਰਾਪਤਹੋ ਗਈ ਹੈ, ਫੇਰ ਵੀ ਸਤਿਗੁਰ ਆਖਦਾ ਹੈ ਕਿ ਜਗਤ ਵਿਚ ਵੱਸਣਾ ਹੈ ਤੇ ਵਰਤਨ ਹੋਣੀ ਹੈ, ਤਦੋਂ ਬੀ ਜੋ ਵਰਤਨ ਹੋਣੀ ਹੈ, ਉਹ ਸੇਵਾ ਹੈ, ਪਰ ਉਹ ਸੇਵਾ ਵਿਸਮਾਦ ਦ੍ਰਿਸ਼ਟੀ ਵਿਚ ਹੈ ਤੇ ਸਹਿਜ ਸੁਭਾਵ ਹੈ। ਇਸ ਲਈ ਮੈਂ ਫੇਰ ਬੇਨਤੀ ਕਰਨੀ ਹੈ ਕਿ ਪਸ਼ੂ ਬਿਰਤੀ ਕੀ ਹੈ। ਪਹਿਲੋਂ ਆਖੀ ਗਲ ਫੇਰ ਦੁਹਰਾਉਂਦਾ ਹਾਂ:-

(ੳ)-ਪਸ਼ੂ ਬਿਰਤੀ ਇਹ ਹੈ ਕਿ ਮੈਂ ਸੁਖ਼ੀ ਹੋਵਾਂ, ਹੋਰ ਕੋਈ ਸੁਖੀ ਹੋਵੇ ਚਾਹੇ ਨਾ ਹੋਵੇ!

ਜਿਨ੍ਹਾਂ ਮਨੁੱਖਾਂ ਵਿਚ ਇਹ ਬਿਰਤੀ ਕੰਮ ਕਰਦੀ ਹੈ ਓਹ ਮਨੁੱਖ ਪਸ਼ੂ ਸਮਾਨ ਹੀ ਹਨ।

(ਅ)-ਪਸ਼ੂ ਵਿਚ ਮਨ ਹੈ ਪਰ ਮਨੁੱਖ ਵਰਗੀ ਬੁੱਧੀ ਨਹੀਂ, ਆਦਮੀ ਵਿਚ ਜੋ ਬੁੱਧੀ ਹੈ ਉਸ ਨਾਲ ਆਦਮੀ ਸੋਚ ਲੈਂਦਾ ਹੈ ਜੀਕੂੰ ਮੈਂ ਆਪਣੇ ਸੁਖ ਲਈ ਦੂਜੇ ਦੇ ਸੁਖ ਦੀ ਪਰਵਾਹ ਨਹੀਂ ਕਰਦਾ, ਇਸ ਤਰ੍ਹਾਂ ਦੂਏ ਆਪਣੇ ਸੁਖ ਲਈ ਮੇਰੇ ਸੁਖ ਦੀ ਪ੍ਰਵਾਹ ਨਹੀਂ ਕਰਦੇ ਤੇ ਫਲ ਇਹ ਹੈ ਕਿ ਇਸ 'ਧੱਕੋ ਧੋੜੇ' ਨਾਲ ਮੈਂ ਬੀ ਦੁਖ ਪਾਉਂਦਾ ਹਾਂ ਤੇ ਲੋਕੀਂ ਬੀ। ਤਦੋਂ ਮਨੁੱਖ ਇਹ ਸੋਚਦਾ ਹੈ ਕਿ ਦੂਜਾ ਮੇਰੇ ਨਾਲ ਇਸ ਤਰ੍ਹਾਂ ਵਰਤੇ ਤਾਂ ਮੈਂ ਸੁਖੀ ਹੁੰਦਾ ਹਾਂ ਤੇ ਇਸਦਾ ਦਾਰੂ ਇਹ ਹੈ ਕਿ ਮੈਂ ਦੂਜੇ ਨਾਲ ਇੰਞ ਵਰਤਾਂ ਕਿ ਜੀਕੂੰ ਮੈਂ ਲੋਚਦਾ ਹਾਂ, ਕਿ ਉਹ ਮੇਰੇ ਨਾਲ ਵਰਤੇ। ਜਦੋਂ ਇਹ ਸਮਝ ਆਕੇ ਮਨੁੱਖਾਂ ਵਿਚ ਹੱਕ ਨਹੱਕ ਪਛਾਣ ਕੇ ਵਰਤਣ ਸ਼ੁਰੂ ਹੋ ਜਾਂਦੀ ਹੈ, ਤਦੋਂ ਇਕ ਦੂਏ ਦਾ ਸੁਖ ਵਧ ਜਾਂਦਾ ਹੈ ਤੇ ਦੁਖ ਘਟ ਜਾਂਦਾ ਹੈ।

(ੲ)-ਫਿਰ ਆਦਮੀ ਵੇਖਦਾ ਹੈ ਕਿ ਮੈਂ ਤਾਂ ਦੂਜੇ ਨਾਲ ਐਸਾ ਸਲੂਕ ਕੀਤਾ ਜੈਸਾ ਮੈਂ ਚਾਹੁੰਦਾ ਹਾਂ ਕਿ ਉਹ ਮੇਰੇ ਨਾਲ ਕਰੇ, ਪਰ ਉਹ ਐਸਾ ਨਹੀਂ ਕਰਦਾ, ਤਦ ਉਹ ਸਿੱਖਦਾ ਹੈ ਕਿ ਉਹ ਜਾਣੇ ਉਹ ਕੁਝ ਪਿਆ ਕਰੇ, ਮੈਂ ਜੋ ਠੀਕ ਜਾਤਾ ਹੈ ਉਹੋ ਕੁਛ ਕਰਾਂਗਾ। ਜਦ ਇਹ ਬਿਰਤੀ ਹੋ ਗਈ ਤਾਂ ਦੇਵਤਾ ਦਾ ਜੀਵਨ ਸ਼ੁਰੂ ਹੋ ਗਿਆ। ਪਹਿਲੇ ਵੀਚਾਰ ਨਾਲ ਜੀਵਨ ਵਿਚ 'ਧਰਮ' ਕਾਇਮ ਹੋਯਾ ਸੀ, ਭਈ ਇਕ ਦੂਜੇ ਦੇ ਹੱਕ ਪਛਾਨਣੇ, ਨਿਆਂ ਕਰਨਾ, ਧੱਕਾ ਧੋੜਾ ਨਹੀਂ ਕਰਨਾ, ਹੁਣ ਉਸ ਵਿਚ 'ਦਇਆ' ਆਈ ਕਿ ਉਹ ਜਾਣੇ; ਜੇ ਅਗਲੇ ਨੇ ਭੁੱਲ ਕੀਤੀ ਹੈ ਤਾਂ ਮੈਂ ਖਿਮਾਂ ਕਰਾਂ ਤੇ ਮੈਂ ਉਹੋ ਵਰਤਣ ਵਰਤਾਂ ਜੋ ਮੈਨੂੰ ਸੌਜਦੀ ਹੈ। ਸਤਿਗੁਰੂ ਜੀ ਕਹਿੰਦੇ ਹਨ ਕਿ "ਜਗਤ ਦਾ ਸੂਤ" ਇਉਂ ਕਾਇਮ ਹੁੰਦਾ ਹੈ।

ਅਰਥਾਤ ਇਸ ਧਰਮ ਨੇ, ਜੋ ਜੇ ਦਇਆ ਦਾ ਪੁੱਤ ਬਣਾ ਦਿਤਾ ਜਾਵੇ ਅਤੇ ਜਿਸ ਵਿਚ ਸੰਤੋਖ ਦਾ ਵਾਸਾ ਕਰਾ ਦਿਤਾ ਜਾਵੇ-ਜਗਤ ਵਿਚ ਸੂਤ ਕਾਇਮ ਕਰਨਾ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ
ਥਾਪਿ ਰਖਿਆ ਜਿਨਿ ਸੂਤਿ॥ (ਜਪੁਜੀ)

ਜਦੋਂ ਸੰਤੋਖ ਧਾਰਕੇ, ਦਇਆ ਬਿਰਤੀ ਧਾਰਕੇ ਧਰਮ ਪੁਰ ਟੁਰੀਦਾ ਹੈ, ਤਾਂ ਸਾਡੀ ਵਰਤੋਂ ਇਸ ਸੇਵਾ ਦਾ ਦਰਜਾ ਰਖਦੀ ਹੈ, ਇਸ ਵਿਚ ਜੇ ਦੂਸਰੇ ਤੋਂ ਦੁੱਖ ਮਿਲੇ ਤਾਂ ਉਸ ਦੁੱਖ ਨਾਲ ਆਪਣੇ ਵਰਤਾਰੇ ਨੂੰ ਨਹੀਂ ਬਦਲਨਾ।

ਪਰ ਜੇ ਐਸਾ ਜੀਵ ਨਾਮ ਜਪਦਾ ਹੈ ਤੇ ਹੁਕਮ ਪਛਾਨਣ ਦਾ ਯਤਨ ਕਰਦਾ ਹੈ, ਤਦ ਉਹ ਇਸ ਵਿਚ ਇਹ ਭਾਵਨਾ ਬੀ ਨਹੀਂ ਰਖੇਗਾ ਕਿ ਮੈਂ ਕੁਰਬਾਨੀ ਕਰ ਰਿਹਾ ਹਾਂ। ਉਹ ਆਪਣੇ ਰੰਗ ਵਿਚ ਲੱਗਾ ਰਹੇਗਾ ਤੇ ਉਸ ਦੀ ਸਹਿਜ ਸੁਭਾਵ ਵਰਤਣ ਹੀ ਐਸੀ ਹੋ ਜਾਵੇਗੀ, ਜੋ ਧਰਮ ਦਇਆ ਤੇ ਸੰਤੋਖ ਵਾਲੀ ਹੋਵੇਗੀ।

ਜਗਤ ਪਰ ਐਸੇ ਬੰਦਿਆਂ ਦਾ ਕਾਲ ਹੈ, ਪਰ ਸਤਿਗੁਰ ਨਾਨਕ ਦੇਵ ਜੀ ਨੇ ਆਕੇ ਸੁਕਾਲ ਕਰ ਦਿਤਾ ਹੈ ਉਹਨਾਂ ਬੰਦਿਆਂ ਦਾ ਜਿਨ੍ਹਾਂ ਦੇ ਅੰਦਰ ਵਾਹਿਗੁਰੂ ਨਾਲ ਲਿਵ ਹੈ ਤੇ ਬਾਹਰ ਵਰਤੋਂ ਪਿਆਰ ਤੇ ਦਇਆ ਦੀ ਹੈ।

ਜਿਨ੍ਹਾਂ ਦੀ ਦ੍ਰਿਸ਼ਟੀ ਵਿਚ ਵਿਸਮਾਦ ਵਸਿਆ ਹੈ ਉਹਨਾਂ ਨੂੰ ਫੇਰ ਉੱਚੀ ਦ੍ਰਿਸ਼ਟੀ ਇਹ ਹੋ ਜਾਂਦੀ ਹੈ ਕਿ ਹਰ ਥਾਂ ਅਨੰਤ ਦੇ ਝਲਕੇ ਵੱਜਦੇ ਹਨ। ਜੀਕੂੰ ਮੈਂ ਕਿਹਾ ਸੀ ਕਿ ਅਜਾਣ ਬੱਚੇ ਨੂੰ ਸੰਗਤਰਾ ਖਿਡੌਣਾ ਦਿੱਸਦਾ ਹੈ, ਪਰ ਜਾਣਨਹਾਰ ਤ੍ਰਿਖਾਵੰਤ ਦ੍ਰਿਸ਼ਟੀ ਨੂੰ ਠੰਢ ਪਾਉਣ ਵਾਲਾ, ਦਿਲ ਖਿੜਾਉਣ ਵਾਲਾ, ਅੰਮ੍ਰਿਤ ਰਸ ਦੀਹਦਾ ਹੈ। ਇੱਕੁਰ ਵਿਸਮਾਦ ਅੱਖਾਂ ਨੂੰ ਹਰਥਾਂ 'ਹਰੀ ਰੂਪ' ਨਦਰੀ ਆਉਂਦਾ ਹੈ। ਉਨ੍ਹਾਂ ਜਾਗੇ ਸੱਜਣਾਂ ਦੀ ਵਰਤਣ ਇਸ ਹਰੀ ਰੂਪ ਨਾਲ ਹੁੰਦੀ ਹੈ। ਸਤਿਗੁਰ ਜੀ ਦੱਸਦੇ ਹਨ ਕਿ ਜੋ ਵਰਤਾਉ ਉਹਨਾਂ ਤੋਂ ਕਿਸੇ ਨਾਲ ਹੁੰਦਾ ਹੈ ਓਹ ਉਸ ਵਿਚ ਉਸ ਦੀ ਰੂਪਤਾ ਕੁਰੂਪਤਾ, ਮੁਥਾਜੀ ਕਿ ਦੀਨਤਾ; ਹੱਕ ਕਿ ਅਨਹੱਕ, ਆਦਿ ਵਿਚਾਰਾਂ ਤੋਂ ਉਚੇਰੇ ਹੋ ਜਾਂਦੇ ਹਨ, ਉਹਨਾਂ ਦੀ ਦ੍ਰਿਸ਼ਟੀ ਹਰ ਵਿਚ ਸਮਾਏ ਇਲਾਹੀ ਜਲਵੇ ਤੇ ਪੈਂਦੀ ਹੈ ਜੋ ਕੁਛ ਵਰਤਾਉ ਉਹ ਕਿਸੇ ਨਾਲ ਕਰਦੇ ਹਨ, ਆਪਣੇ ਅਨੰਤ ਮਾਲਕ ਨਾਲ ਕਰਦੇ ਹਨ। ਇਹਨਾਂ ਦੇ ਮਨ ਆਪਣੇ ਰੱਬ ਦੇ ਹਰ ਵੇਲੇ ਦੇ ਆਗਮ ਵਿਚ ਚਾਉ ਭਰੇ ਰਹਿੰਦੇ ਹਨ। ਇਸ ਉਚੇ ਸੁੱਚੇ ਸੁਹਣੇ ਰੰਗ ਵਿਚ ਉਹ ਜੋ ਵਰਤਾਉ ਕਿਸੇ ਸੱਜਣ, ਵੈਰੀ, ਆਪਣੇ, ਬਿਗਾਨੇ ਮਨੁੱਖ, ਪਸ਼ੂ, ਪੰਛੀ ਕਿਸੇ ਨਾਲ ਕਰਦੇ ਹਨ ਲਿਵ ਵਾਲੇ ਦਿਲ ਤੇ ਬਿਸਮਾਦ ਭਰੇ ਨੈਣਾਂ ਨਾਲ ਦਿੱਸ ਰਹੇ ਇਲਾਹੀ ਜਲਵੇ ਨਾਲ ਕਰਦੇ ਹਨ ਤੇ ਉਹਨਾਂ ਤੋਂ ਇਹ ਕੁਛ ਸਹਿਜ ਸੁਭਾਵ ਹੁੰਦਾ ਹੈ। ਉਹਨਾਂ ਦਾ ਮਨ, ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ, ਉਹਨਾਂ ਦੇ ਮਨਾਂ ਨਾਲ ਨਹੀਂ ਖਹਿੰਦਾ, ਉਹਨਾਂ ਦਾ ਮਨ ਅਨੰਤ ਨਾਲ ਖਹਿੰਦਾ ਹੈ[੧]। ਸੋ ਸਤਿਗੁਰੂ ਜੀ ਦੱਸਦੇ ਹਨ:-

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ
ਚਾਨਣਿ ਸਭ ਮਹਿ ਚਾਨਣੁ ਹੋਇ॥
(ਸੋਹਿਲਾ ਰਾ: ਧਨਾ: ਮ:੧)

ਜਿਸ ਤਰ੍ਹਾਂ ਧਰਤੀ ਉਤੇ ਪੁੰਨਿਆ ਦੇ ਚੰਦ ਦੀ ਚਾਨਣੀ ਫੈਲ ਰਹੀ ਹੈ ਦਰਜ਼ੀ ਉਸ ਚਾਨਣੀ ਨਾਲ ਗੋਦੜੀ ਸੀਉਂ ਰਿਹਾ ਹੈ। ਉਸ ਦੀ ਬਿਰਤੀ ਸੂਈ, ਧਾਗੇ, ਗੋਦੜੀ, ਮਜੂਰੀ ਦੇ ਪੈਸੇ ਦੇ ਸੁਖ ਵਿਚ ਤੇ ਮੇਹਨਤ ਦੇ ਥਕੇਵੇਂ ਤੇ ਅਕੇਵੇਂ ਵਿਚ ਹੈ ਪਰ ਬੈਠਾ ਚਾਨਣੀ ਵਿਚ ਹੀ ਹੈ। ਪਰੰਤੂ ਚਕੋਰ ਨੂੰ ਦੇਖ ਚੰਦ ਵੱਲ ਟਕ ਬੱਝੀ ਹੈ, ਉਪਰ ਤੱਕਦਾ ਹੈ ਚੰਦ, ਅੰਦਰ ਤੱਕਦਾ ਹੈ ਚੰਦ, ਅੱਖਾਂ ਵਿਚ ਜਲਵਾ ਚਾਨਣੀ ਦਾ, ਚਾਰ ਚੁਫੇਰੇ ਦੇਖਦਾ ਹੈ, ਚਾਨਣੀ, ਸਾਰੇ ਜਗਤ ਨੂੰ ਦੇਖਦਾ ਹੈ, ਪਰ ਕੀ ਦੇਖਦਾ ਹੈ ਚੰਦ ਦੀ ਚਾਨਣੀ ਸਭ ਦੇ ਇਰਦ ਗਿਰਦ ਲਿਪਟ ਰਹੀ ਹੈ, ਸਭ ਦੇ ਸਿਰ ਖੇਲ ਰਹੀ ਹੈ। ਚਕੋਰ ਦਾ ਦਿਲ, ਚਕੋਰ ਦੀ ਨਜ਼ਰ, ਚਕੋਰ ਦੇ ਕਰਮ, ਕੁਹਕਨਾ, ਖੇਲਨਾ, ਖਿੜਨਾ, ਕਿਸੇ ਨੂੰ ਸੁਖ ਦੇਣਾ, ਸਭ ਉਸ ਚੰਨ ਦੇ ਮਿਲਾਪ, ਉਸ ਦੇ ਰਸ ਭਰੇ ਦਰਸ਼ਨਾਂ, ਉਸ ਦੇ ਚਾਉ ਤੇ ਹੁਲਾਸ ਭਰੇ ਉਮੰਗਾਂ ਵਿਚ ਹੈ। ਜੇ ਦਰਜ਼ੀ ਦੀ ਸੂਈ ਡਿਗ ਪਵੇ ਤਾਂ ਚਾਉ ਭਰੇ ਹੁਲਾਸ ਵਿਚ ਚੁੰਝ ਨਾਲ ਦਰਜ਼ੀ ਨੂੰ ਸੂਈ ਫੜਾਕੇ ਚਕੋਰ ਦਰਜ਼ੀ ਦੀ ਸੇਵਾ ਕਰਨ ਦੀ ਭੁੱਲ ਵਿਚ ਪੈਂਦਾ, ਬਫਾਉਂਦਾ ਨਹੀਂ ਕਿ ਮੈਂ ਭਲਾ ਕੀਤਾ ਹੈ,

---

[੧] ਭਾਵ ਤਦਰੂਪਤਾ ਵਿਚ ਜਾਂਦਾ ਹੈ।

ਉਹ ਦਰਜ਼ੀ ਦੇ ਦੁਆਲੇ, ਸੂਈ ਦੇ ਦੁਆਲੇ; ਚੁੰਝ ਦੇ ਦੁਆਲੇ ਚਾਨਣੀ ਹੀ ਚਾਨਣੀ ਦੇਖਦਾ ਤੇ ਉਸੇ ਚਾਨਣੀ ਨਾਲ ਚੋਜ ਕਰ ਰਿਹਾ ਹੈ, ਉਸੇ ਚਾਨਣੀ ਦੇ ਪ੍ਰਯੋਜਨ ਦੀ ਸਫਲਤਾ ਦੀ ਸੇਵਾ ਕਰ ਰਿਹਾ ਹੈ।

ਬ੍ਰਹਮ:-ਭਲਾ ਜੀ ! ਜੇ ਕਦੇ ਅਖਾਂ ਵਿਚੋਂ ਬਿਸਮਾਦ ਦ੍ਰਿਸ਼ਟੀ ਹਟੇ; ਅੰਦਰੋਂ ਲਿਵ ਦੀ ਤਾਰ ਢਿੱਲੀ ਪਵੇ, ਤਦ ਫੇਰ ਬੰਦਾ ਕੀ ਕਰਦਾ ਹੈ?

ਹੱਸੂ (ਮੁਸਕ੍ਰਾਕੇ)-ਵਿਸਮਾਦ ਦਾ ਰੰਗ ਜੇ ਘਟੇ ਤਾਂ ਅੰਦਰਲੇ ਗਿਆਨ ਵਿਚ 'ਹੁਕਮ' ਪਰ ਟੇਕ ਟਿਕੀ ਹੋਈ ਜੁ ਹੁੰਦੀ ਹੈ।

ਨਜ਼ਰ ਹੁਕਮ ਤੋਂ ਕਦੇ ਨਾ ਉਖੜੇ
ਜੇ ਉਖੜੇ ਤਦ 'ਦਇਆ' ਪਰ ਟਿਕੇ
ਨਜ਼ਰ ਦਇਆ ਤੋਂ ਕਦੇ ਨਾ ਉਖੜੇ
ਜੇ ਉਖੜੇ ਤਾਂ 'ਧਰਮ' ਪਰ ਟਿਕੇ।
ਨਜ਼ਰ ਧਰਮ ਤੋਂ ਕਦੇ ਨਾ ਉਖੜੇ
ਜੇ ਉਖੜੇ ਤਾਂ-ਪਸ਼ੂ ਵਾਂਙੂ ਹੋ ਗਿਆ।

ਬ੍ਰਹਮ:-ਫੇਰ ਕੀ ਕਰੇ?

ਹੱਸੂ-ਸਤਿਗੁਰ ਨਾਨਕ ਦੀ ਸ਼ਰਨ ਤਕਾਵੇ, ਅਰਦਾਸ ਕਰੇ, ਸਤਿਸੰਗ ਕਰੇ, ਸੇਵਾ ਕਰੇ।

ਬ੍ਰਹਮ:-ਕੁਛ ਹੋਰ ਵੀ?

ਹੱਸੂ (ਹੱਸ ਕੇ)-ਮਹਾਂ ਮੰਤ੍ਰ ਪੜ੍ਹੇ।

ਬ੍ਰਹਮ:-ਓਹ ਕੀ?

ਹੱਸੂ-ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

ਨਾਮ ਜਪਣਾ ਤੇ ਸਤਿਗੁਰ ਜੀ ਦੀ ਬਾਣੀ ਦਾ ਕੀਰਤਨ ਪਾਠ ਵੀਚਾਰ ਕਰਨਾ, ਇਹ ਸਾਡਾ ਸਿਖਾਂ ਦਾ ਸਭ ਤੋਂ ਉੱਚਾ ਮਹਾਂ ਮੰਤ੍ਰ ਹੈ, ਜੋ ਪਸ਼ੂ ਤੋਂ ਮਨੁੱਖ ਬਣਾ ਦੇਂਦਾ ਹੈ, ਮਨੁੱਖ ਤੋਂ ਦੇਵਤਾ ਬਣਾ ਦੇਂਦਾ ਹੈ। ਬਾਣੀ ਪੜ੍ਹੇ ਨਾਮ ਜਪੇ।

ਹੱਸੂ ਦੇ ਨੈਣ ਬੰਦ ਹੋ ਗਏ, ਗੁਰ ਨਾਨਕ ਦੇ ਪਜਾਰ ਦਾ ਅਰਸ਼ੀ ਹੁਕਮ ਯਾਦ ਆਇਆ:-

ਬਲਿਹਾਰੀ ਗੁਰ ਆਪਣੇ ਦਿਉਹਾੜੀ
ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ
ਕੀਏ ਕਰਤ ਨ ਲਾਗੀ ਵਾਰ ॥੧॥

{ਵਾਰ ਆਸਾ ਮ:੧}

---

ਹੁਣ ਸਤਿਗੁਰ ਜੀ ਸ੍ਰੀ ਨਗਰ ਨੂੰ ਗਏ। ਆਪ ਸ੍ਰੀ ਨਗਰ ਪਹੁੰਚਕੇ ਸ਼ਹਿਰ ਨਹੀਂ ਵੜੇ, ੧੪ ਦਿਨ ਬਨ ਵਿਚ ਰਹੇ ਤੇ ਬਨ ਦੇ ਹੀ ਪਰਾਹੁਣੇ ਬਣੇ ਰਹੇ। ਲੋਕੀਂ ਲਗੇ ਭੁਲ ਭੁਲਕੇ ਆਉਣ; ਜੋ ਆਵੇ ਸੋ ਲਾਹੇਵੰਦ ਹੋਕੇ ਜਾਵੇ ਤੇ ਨਾਮਧ੍ਰੀਕ ਅਰਥਾਤ ਨਾਮ ਧਾਰਣ ਕਰਕੇ ਨਾਮ ਵਿਚ ਟਿਕਕੇ ਜਾਵੇ। ਇਸ ਤਰ੍ਹਾਂ ਕੀਰਤੀ ਫੈਲੀ ਤੇ ਉਧਾਰ ਸ਼ੁਰੂ ਹੋਯਾ, ਜਿਸ ਤਰ੍ਹਾਂ ਸੁਗੰਧੀ ਫੈਲਦੀ ਹੈ। ਫੇਰ-

ਨਾਮ ਦਾਨ ਇਸ਼ਨਾਨ ਦ੍ਰਿੜਾਯੋ। ਸਿੱਖੀ
ਮਗ ਤਿਸ ਦੇਸ਼ ਚਲਾਇਓ। ਮਹਿਮਾ
ਪੁਰਿ ਮਹਿਂ ਬਧੀ ਅਪਾਰਾ। ਲਿਖਹਿਂ
ਸ਼ਬਦ ਗੁਰ ਕਰਹਿਂ ਉਚਾਰਾ। ਪਢਹਿ
ਪ੍ਰੀਤਿ ਸਿਉਂ ਕੀਰਤੀ ਕਰਿਹੀਂ। ਸ੍ਰੀ
ਨਾਨਕ ਮਹਿਂ ਸ਼ਰਧਾ ਧਰਿਹੀਂ। {ਨਾ: ਪ੍ਰ:}

ਇਹ ਪ੍ਰਤਾਪ, ਇਹ ਤੇਜ ਸ੍ਰੀ ਸਤਿਗੁਰ ਜੀ ਦਾ ਫੈਲਿਆ ਕਿ ਦੂਰ ਦੂਰ ਤੋਂ ਸੰਗਤਾਂ ਆਕੇ ਉਤਾਰਾ ਲੈਣ ਲੱਗੀਆਂ। ਦਿਨ ਰਾਤ ਕੀਰਤਨ ਦੀ ਧੁਨਿ ਹੋਵੇ। ਇਸ ਤਰ੍ਹਾਂ ਕਸ਼ਮੀਰ ਵਿਚ ਚਿਰ ਤਾਂਈਂ ਰੱਬੀ ਗੁਲਜ਼ਾਰ ਖਿੜੀ ਰਹੀ। ਬ੍ਰਹਮ ਦਾਸ ਪੂਰਨ ਸਿੱਖ ਹੋ ਗਿਆ, ਸਿਮਰਨ ਸ-ਰੱਸ ਕਰਨ ਵਾਲਾ, ਸਤਿਗੁਰ ਦਾ ਪਿਆਰਾ ਸਿੱਖ-ਪੂਰਾ ਸਿੱਖ-ਹੋ ਗਿਆ। ਸਤਿਗੁਰ ਨੇ ਉਸ ਨੂੰ ਮੰਜੀ ਬਖ਼ਸ਼ੀ:-

ਨਾਮ ਦਾਨ ਸਚ ਧਰਮ ਦ੍ਰਿੜਾਇਓ।
ਧਰਮਸਾਲ ਮੈਂ ਤਿਸੇ ਬਿਠਾਇਓ। ਸਿੱਖ
ਭਏ ਤਿਹ ਦੇਸ਼ ਘਨੇਰੇ। ਸਿਮਰਹਿਂ
ਸੱਤਿਨਾਮ ਤਿਹ ਬੇਰੇ। ਕਿਤਿਕ ਕਾਲ
ਤਹਿਂ ਕੀਨ ਨਿਵਾਸਾ। ਪੁਨ ਆਗੇ ਗਮਨੇ
ਸੁਖਰਾਸਾ ॥ {ਗੁ:ਨਾ:ਪ੍ਰ:}

ਹਾਂ ਜੀ, ਸਤਿਗੁਰ ਨਾਨਕ ਕਸ਼ਮੀਰ ਤੋਂ ਅੱਗੇ ਤੁਰ ਪਏ, ਬ੍ਰਹਮ ਦਾਸ ਜੀ ਨੂੰ ਹੁਕਮ ਮਿਲ ਗਿਆ ਧਰਮਸਾਲ ਬੈਠਣਾ, ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ। ਸੋ ਹੁਕਮੀ ਬੰਦਾ ਹੁਕਮ ਵਿਚ ਬੈਠ ਗਿਆ ਪਰ ਕਮਾਲ ਗੁਰੂ ਬਾਬਾ ਜੀ ਦੇ ਨਾਲ ਹੁਕਮ ਵਿਚ ਟੁਰ ਪਿਆ।

ਕਮਾਲ ਜੀ ਸਤਿਗੁਰ ਜੀ ਦੇ ਨਾਲ ਕੁਛ ਚਿਰ ਸਫਰ ਵਿਚ ਰਹੇ, ਫਿਰ ਹੁਕਮ ਹੋ ਗਿਆ ਕਿ ਤੁਸੀਂ ਕੁੱਰਮ ਦੇ ਇਲਾਕੇ ਵੱਸੋ ਤੇ ਸਤਿਨਾਮ ਦਾ ਸੋਹਿਲਾ ਸੁਣਾਕੇ ਮੁਰਦੇ ਦਿਲਾਂ ਨੂੰ ਜੀਉਂਦਾ ਕਰੋ।


www.sikhbookclub.com

ਸੂਚਨਾ-ਜਾਪਦਾ ਹੈ ਕਿ ਸ਼੍ਰੀ ਗੁਰੂ ਜੀ ਜੰਮੂ ਦੇ ਰਸਤੇ ਕਸ਼ਮੀਰ ਗਏ ਹਨ, ਕਸ਼ਮੀਰ ਦੇਸ਼ ਵਿਚ ਅੱਪੜਕੇ ਅਨੰਤ ਨਾਗ ਹੁੰਦੇ ਹੋਏ, ਜੋ ਥਾਂ ਆਪ ਨੂੰ ਬਹੁਤ ਪਸੰਦ ਆਇਆ ਸੀ, ਸੋ ਮਾਰਤੰਡ ਦਾ ਚਸ਼ਮਾ ਸੀ, ਜਿਥੇ ਕਿ ਆਪ ਨੂੰ ਬ੍ਰਹਮਦਾਸ ਤੇ ਕਮਾਲ ਜੀ ਮਿਲੇ। ਅਯਾਲੀ ਵਾਲੀ ਸਾਖੀ ਵੀ ਇਸੇ ਇਲਾਕੇ ਵਰਤੀ ਦਿੱਸਦੀ ਹੈ। ਇਥੋਂ ਆਪ ਫਿਰ ਸ੍ਰੀ ਨਗਰ ਨੂੰ ਗਏ ਹਨ ਤੇ ਉਥੇ ਬਹੁਤ ਪ੍ਰਚਾਰ ਹੋਇਆ। 'ਕੋਈ ਦਿਨ ਓਥੇ ਬੀ ਰਹਿਆ ਲੋਕ ਬਹੁਤ ਨਾਮ ਧਰੀਕ ਹੋਏ' ਐਸਾ ਪੁ: ਜਨਮ ਸਾਖੀ ਵਿਚ ਲਿਖਿਆ ਹੈ। ਸ੍ਰੀ ਨਗਰ ਦਰਿਯਾ ਦੇ ਪਾਰਲੇ ਪਾਸੇ, ਜਿਥੇ ਹੁਣ ਸ੍ਰੀ ਚੰਦ ਦਾ ਚਿਨਾਰ ਵਾਲਾ ਟਿਕਾਣਾ ਹੈ, ਇਹੋ ਟਿਕਾਣਾ ਬਾਬੇ ਜੀ ਦੇ ਟਿਕਣ ਦਾ ਥਾਉਂ ਸੀ। ਤਦੋਂ ਇਹ ਥਾਉਂ ਸ੍ਰੀ ਨਗਰ ਤੋਂ ਬਾਹਰ ਸੀ, ਹੁਣ ਨਵੀਂ ਅੰਗਰੇਜ਼ੀ ਤਰ੍ਹਾਂ ਤੇ ਬਣੀ ਵਸੋਂ ਵਿਚ ਆ ਗਿਆ ਹੈ ਤੇ ਐਨ ਸੜਕ ਦੇ ਉਪਰ ਹੈ। ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬੀ ਹੁੰਦਾ ਸੀ। ਬਹੁਤ ਜ਼ਮੀਨਾਂ ਬੀ ਇਸ ਦੇ ਨਾਲ ਦੱਸੀਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਥੋੜੇ ਚਿਰ ਤੋਂ ਅਕਾਲੀ ਅੰਦੋਲਨ ਵੇਲੇ ਬੰਦ ਹੋਇਆ ਹੈ। ਸ੍ਰੀ ਨਗਰ ਪ੍ਰਚਾਰ ਕਰਕੇ ਤੇ ਹੋਰ ਦੇਸ਼ ਵਿਚ ਫਿਰਕੇ ਗੁਰੂ ਜੀ ਮੁੜ ਮਟਨ ਸਾਹਿਬ ਆਏ ਜਾਪਦੇ ਹਨ ਤੇ ਓਥੋਂ ਫੇਰ ਕੈਲਾਸ਼ ਵਲ ਨੂੰ ਗਏ ਹਨ।

ਪੁ: ਜਨਮ ਸਾਖੀ ਵਿਚ ਕਸ਼ਮੀਰ ਪਦ ਖੁੱਲ੍ਹਾ ਪਿਆ ਹੈ ਤੇ ਦੇਸ਼ ਤੋਂ ਮੁਰਾਦ ਜਾਪਦੀ ਹੈ। ਗੁਰੂ ਨਾਨਕ ਪ੍ਰਕਾਸ਼ ਤੇ ਬਾ: ਵਾ: ਜ: ਸਾਖੀ ਤੋਂ ਸੰਸਾ ਪੈ ਜਾਂਦਾ ਹੈ ਕਿ ਕਸ਼ਮੀਰ ਤੋਂ ਮੁਰਾਦ ਸ੍ਰੀ ਨਗਰ ਦੀ ਹੈ। ਪਰ ਕਸ਼ਮੀਰ ਜਾਕੇ ਜੋ ਕੁਛ ਖੋਜ ਹੋ ਸਕੀ ਸੀ, ਉਸ ਤੋਂ ਥਹੁ ਪਿਆ ਸੀ ਕਿ ਗੁਰੂ ਜੀ ਜੰਮੂ ਦੇ ਰਸਤੇ ਜਾ ਕੇ ਪਹਿਲਾਂ ਮਟਨ ਹੀ ਟਿਕੇ ਹਨ, ਜਿਸ ਨੂੰ ਆਪ ਦੇ ਟਿਕਣ ਕਰਕੇ ਤਦ ਤੋਂ, ਮਟਨ ਸਾਹਿਬ' ਕਹਿੰਦੇ ਹਨ। ਇਥੋਂ ਦੀ ਰਸਤਾ ਅਮਰਨਾਥ ਨੂੰ ਜਾਂਦਾ ਹੈ, ਮੇਲਿਆਂ ਪਰ ਅੱਪੜਕੇ ਸਤਿਨਾਮ ਦਾ ਪ੍ਰਚਾਰ ਕਰਨਾ ਗੁਰੂ ਜੀ ਦਾ ਵਤੀਰਾ ਰਿਹਾ ਹੈ। ਇਸ ਪਾਸੇ ਪ੍ਰਚਾਰ ਕਰਕੇ ਸ੍ਰੀ ਨਗਰ ਗਏ ਹਨ।

ਕਸ਼ਮੀਰ ਵਿਚ ਖੋਜ ਕਰਦਿਆਂ ਇਹ ਬੀ ਪਤਾ ਲਗਾ ਸੀ ਕਿ ਬ੍ਰਹਮਦਾਸ ਬੀਜ ਬਿਹਾੜੇ ਦਾ ਵਾਸੀ ਸੀ, ਜੋ ਮਾਰਤੰਡ ਚਸ਼ਮੇ ਤੇ ਸਤਿਗੁਰਾਂ ਨੂੰ ਮਿਲਿਆ। ਚਸ਼ਮੇ ਦੇ ਤਲਾਉ ਵਿਚਕਾਰ ਥੜਾ ਸੀ, ਜਿਥੇ ਸਤਿਗੁਰਾਂ ਨਾਲ ਵਿਚਾਰ ਹੋਈ ਥੜਾ ਹੁਣ ਢੱਠਾ ਪਿਆ ਪਾਣੀ ਵਿਚ ਦਿੱਸਦਾ ਹੈ। ਚਸ਼ਮੇ ਦੇ ਕਿਨਾਰੇ ਸੱਤ ਧਰਮਸਾਲਾ ਹੈ ਸਨ ਤੇ ਸੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਖੁੱਲ੍ਹਦੇ ਸਨ। ਵੀਹ ਪੰਝੀ ਵਰ੍ਹੇ ਹੋਏ ਤਾਂ ਇਕ ਧਰਮਸਾਲਾ ਚਸ਼ਮੇ ਦੇ ਉਪਰ ਅਜੇ ਕਾਇਮ ਹੈਸੀ, ਜਿਨ੍ਹਾਂ ਨੇ ਤੱਕੀ ਹੈ ਦੱਸਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਦੇ ਸਨ। ਇਕ ਦੀ ਸਰਦਲ ਅਸਾਂ ਬਾਕੀ ਰਹੀ ਆਪ ਵੇਖੀ ਹੈ। ਹੁਣ ਕਿਨਾਰੇ ਤੋਂ ਪਰੇ ਛੋਟੀ ਜੇਹੀ ਥਾਂ ਵਿਚ ਧਰਮਸਾਲ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਜਿਸ ਮੰਦਰ ਵਿਚ ਮਾਯਾ ਬ੍ਰਹਮਦਾਸ ਨੂੰ ਮਿਲੀ ਹੈ ਓਹ ਕਰੇਵੇ ਦੇ ਉਤੇ ਮਾਰਤੰਡ ਦੇ ਢੱਠੇ ਮੰਦਰ ਤੋਂ ਮੁਰਾਦ ਜਾਪਦੀ ਹੈ, ਜੋ ਚਸ਼ਮੇ ਤੋਂ ਪਿਛਲੇ ਪਾਸੇ ਉਪਰਵਾਰ ਕਰੇਵੇ ਤੇ ਹੈ। ਇਕ ਮਹਿਰਾਬ ੮੦ ਕੁ ਫੁਟ ਮੰਦਰ ਦੀ ਅਜੇ ਖੜੀ ਹੈ, ਬਾਕੀ ਕਹਿੰਦੇ ਹਨ ਕਿ ਇਕ ਬੁਤ ਸ਼ਿਕਨ ਮੁਸਲਮਾਨ ਨੇ ਮੰਦਰ ਢਾਇਆ ਸੀ, ਸੋ ਢੱਠੇ ਹੋਏ ਖੰਡਰ ਪੱਥਰ ਪਏ ਹਨ। ਅਯਾਲੀ ਦੀ ਸਾਖੀ ਇਸ ਚਸ਼ਮੇ ਦੇ ਪਿੱਛੇ ਪਹਾੜੀ ਉਤੇ ਹੋਈ ਜਾਪਦੀ ਹੈ, ਪਰ ਇਸਤੋਂ ਅਗੇਰੇ ਜਾਕੇ ਐਸ਼ ਮੁਕਾਮ ਤੋਂ ਦੋ ਇਕ ਮੀਲ ਪਰੇ ਗਨੇਸ਼ ਪੁਰ ਬੰਗਲੇ ਦੇ ਲਾਗੇ ਸ਼ੱਕ ਪੈਂਦਾ ਹੈ ਕਿ ਸ਼ਾਇਦ ਅਯਾਲੀ ਦੀ ਸਾਖੀ ਏਥੇ ਵਰਤੀ ਹੈ, ਹੁਣ ਓਥੇ ਬਾਹਲੇ ਪੰਜਾਬੀ ਗੁੱਜਰ ਰਹਿੰਦੇ ਹਨ।

{ਕਸ਼ਮੀਰ ਵਿਚ ਉਚਾਰੀਆਂ ਬਾਣੀਆਂ}

ਪੁ: ਜਨਮ ਸਾਖੀ ਵਿਚ ਲਿਖਿਆ ਹੈ ਕਿ ਮਲਾਰ ਦੀ ਵਾਰ ਗੁਰੂ ਨਾਨਕ ਦੇਵ ਜੀ ਨੇ ਏਥੇ ਉਚਾਰੀ ਸੀ ਤੇ ਉਸਦੀਆਂ ੨੭ ਪਉੜੀਆਂ ਸਨ। ਇਹ ਬੀ ਪਤਾ ਲਗਦਾ ਹੈ ਕਿ 'ਸਹਸ੍ਰ ਦਾਨ' ਵਾਲਾ ਸਲੋਕ ਮ:੧ ਤੇ ਮਾਰੂ ਸੋਲਹਾ 'ਅਰਬਦ ਨਰਬਦ' ਬੀ ਏਥੇ ਉਚਾਰੇ ਗਏ ਹੈਨ। ਇਸ ਦਾ ਭਾਵ ਇਹ ਜਾਪਦਾ ਹੈ ਕਿ ਕਸ਼ਮੀਰ ਵਿਚ ਜੋ ਬਚਨ ਸਤਿਗੁਰੂ ਜੀ ਦੇ ਹੋਏ ਉਨ੍ਹਾਂ ਦਾ ਨਿਚੋੜ ਇਨ੍ਹਾਂ ਬਾਣੀਆਂ ਵਿਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਵਾਰਾਂ ਪਰ ਮਹਲਾ ਲਿਖਿਆ ਹੁੰਦਾ ਹੇ ਉਸਦਾ ਇਹ ਅਰਥ ਹੈ

ਕਿ ਇਸ ਵਾਰ ਦੀਆਂ ਪੌੜੀਆਂ ਉਸ ਮਹਲੇ ਦੀਆਂ ਹਨ। ਇਸੇ ਕਰਕੇ ਪੁ: ਜਨਮਸਾਖੀ ਵਿਚ 'ਪਉੜੀ ਰਾਗ ਮਲਾਰ ਵਿਚ ਤਿਤ ਮਹਲੇ ਵਾਰ ਹੋਈ'। ਫਿਰ ਉਥੇ ੨੭ ਪੌੜੀਆਂ ਦਾ ਪਤਾ ਦਿੱਤਾ ਹੈ, ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਹੀ ਹੋ ਜਾਂਦੀ ਹੈ, ਓਥੇ ਮਲਾਰ ਵਾਰ ਦੀਆਂ ੨੮ ਪੌੜੀਆਂ ਹਨ, ਪਰ ਸਤਾਈਵੀਂ ਪੌੜੀ ਪਰ ਲਿਖਿਆ ਹੈ 'ਪਉੜੀ ਨਵੀਂ ਮ:੫'। ਜਿਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਤਾ ਦਿੱਤਾ ਹੈ ਕਿ ਇਹ ਪਉੜੀ ਅਸਾਂ ਪਾਈ ਹੈ ਇਹ ਮਹਲੇ ਪਹਿਲੇ ਦੀ ਨਹੀਂ। ਇਸਤੋਂ ੨੭ ਪਉੜੀਆਂ ਮਹਲੇ ਪਹਿਲੇ ਦੀਆਂ ਹੀ ਸਹੀ ਹੋਈਆਂ।

ਇਹ ਬੀ ਲਿਖਿਆ ਹੈ ਕਿ ਕਸ਼ਮੀਰ ਵਿਚ ਸਤਿਗੁਰ ਦੀਆਂ ਉਚਾਰੀਆਂ ਬਾਣੀਆਂ ਹੱਸੂ ਲੁਹਾਰ ਤੇ ਸੀਹੇ ਛੀਂਬੇ ਨੇ ਲਿਖੀਆਂ ਸਨ।

## ਕੇਸਰ ਕਿਆਰੀ[1]।

ਕਸ਼ਮੀਰ ਵਿਚ ਅੱਸੂ ਕੱਤੇਂ ਕੇਸਰ ਦੀ ਗੁਲਜ਼ਾਰ ਖਿੜਦੀ ਹੈ, ਚਾਂਦਨੀ ਰਾਤ ਵਿਚ ਕੇਸਰ ਦਾ ਖੇੜਾ ਅਜਬ ਸੁਆਦ ਦੇਂਦਾ ਹੈ। ਖੁਸ਼ਬੂ ਖੂਬ ਹੁੰਦੀ ਹੈ। ਊਦੇ ਫੁੱਲ, ਲਾਲ ਪੀਲੀਆਂ ਤੁਰੀਆਂ ਮਹਿਕਦੀਆਂ ਹਨ। ਹੇਠ ਲਿਖੇ ਗੀਤ ਵਿਚ ਬ੍ਰਹਮ ਦਾਸ ਦੀ ਖੁਸ਼ੀ ਤੇ ਅਰਜ਼ੋਈ ਤੇ ਦਿਲੀ ਪਿਆਰ ਦਾ ਉਹ ਨਕਸ਼ਾ ਖਿੱਚਣ ਦਾ ਪ੍ਰਯਤਨ ਹੈ, ਜੋ ਕਿਸੇ ਰਾਤ ਸਤਿਗੁਰ ਨਾਨਕ ਦੇਵ ਜੀ ਦੇ ਕੇਸਰ ਦੇ ਖੱਤਿਆਂ ਵਿਚ ਬੈਠਣ ਤੋਂ ਪ੍ਰੇਮੀ ਦੇ ਅੰਦਰ ਹੁਲਾਰੇ ਮਾਰਦਾ ਸੀ। ਕੇਸਰ ਦੇ ਏਹ ਖੇਤ 'ਪਾਮ ਪੁਰ' ਹਨ ਜੋ ਸ੍ਰੀ ਨਗਰ ਤੋਂ ਅਠ ਦਸ ਮੀਲ ਤੇ ਹੈ।

{ਕੇਸਰ ਕਿਆਰੀ ਦਾ ਗੀਤ}

੧. ਧਾਰਨਾ-ਘੋੜੀਆਂ। ਤਾਜਨ ਤੁਦੀਆ ਦੁਤਾਰਨ ਘੋੜੀ ਛੀਨਰ ਜਮਨਾ ਨੀਰੇ।

੨. ਧਾਰਨਾ-ਬਿਹਾਗ। ਚੰਦ ਚੜ੍ਹਿਆਂ ਕੁਲ ਆਲਮ ਦੇਖੇ-

੩. ਧਾਰਨਾ-ਖੀਉੜੀ। ਚੰਦਨ ਚੌਂਕੀ ਤੇ ਸੋਨੇ ਦਾ ਗੜਵਾ ਬੈਠ ਗੋਪੀ ਚੰਦ ਨ੍ਹਾਵੇ।

'ਕੇਸਰ ਕਜਾਰੀ' ਵਾਰੀ ਵੇ 'ਮੇਰਾ ਸਤਿਗੁਰ ਬੈਠਾ ਮੇਰਾ ਸਾਈਂ ਜਾਣੇ
'ਸਤਿਗੁਰ ਬੈਠਾ' ਜੀਓ ਚੰਦ ਦਰਸ਼ਨ ਨੂੰ ਆਯਾ'।

ਨੋਟ-ਇਸੇ ਤਰ੍ਹਾਂ ਹਰ ਤੁਕ ਦੇ ਟੁਕੜੇ ਕਰਕੇ 'ਵਾਰੀ ਵੇ', 'ਮੇਰਾ ਸਾਈਂ ਜਾਣੇ', 'ਜ਼ੀਓ' ਵਾਧੂ ਪਾਕੇ ਖੀਉੜੀ ਦੀ ਪੂਰੀ ਟੇਕ ਬਣੇਗੀ।

ਕੇਸਰ ਕਿਆਰੀ ਮੇਰਾ ਸਤਿਗੁਰ ਬੈਠਾ, ਚੰਦ ਦਰਸ਼ਨ ਨੂੰ ਆਯਾ।
ਲਹਿਰਾਂ ਲਏ ਮੇਰੀ ਕੇਸਰ ਦੀ ਵਾੜੀ, ਭਾਗ ਗੁਰਾਂ ਨੇ ਲਾਯਾ।
ਕੇਸਰ ਕਿਆਰੀ ਮੇਰੀ ਮਹਿਕ ਮਚਾਈ, ਸਤਿਗੁਰ ਮਾਣਨ ਆਯਾ।
ਲਪਟ ਹੁਲਾਰਾ ਮੇਰਾ ਜਾਏ ਅੱਫਲਾ, ਪਜਾਰੇ ਨੇ ਸਫਲ ਕਰਾਯਾ।
ਚੰਦਨ ਚੌਂਕੀ ਵਿਚ ਕੇਸਰ ਦੇ ਕਜਾਰੇ, ਦਰਸ ਅਨੂਪ ਸੁਹਾਯਾ।
ਪੌਣ ਸੁਗੰਧਿ ਲੈ ਕੇਸਰ ਦੀ ਸਾਰੀ, ਚੌਰ ਕਰਨ ਚਿਤ ਚਾਯਾ।
ਤ੍ਰੇਲ ਜਿ ਟੁਰੀ ਗੁਰ ਦਰਸ਼ਨਾਂ ਤਾਈਂ, ਚਰਨਾਂ ਨੂੰ ਆਨ ਧੁਮਾਯਾ।
ਘੁੰਮ ਘੁਮਾਈਆਂ ਸੀ ਚਾਂਦਨੀ ਲੈਂਦੀ, ਗੁਰਾਂ ਤੋਂ ਆਪਾ ਘੁਮਾਯਾ।
ਕੇਸਰ ਕਿਆਰੀ ਵਿਚ ਚੰਦਨ ਦੀ ਚੌਂਕੀ, ਨਾਨਕ ਗੁਰੂ ਜੀ ਸੁਹਾਯਾ।
ਸੁਤਿਆਂ ਭੌਰਿਆਂ ਨੂੰ ਹੋਸ਼ ਆ ਗਈਆ, ਘੁੰਮਰ ਆਣ ਕੇ ਪਾਯਾ।

[1] ਇਹ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੪੯ (੧੯੧੮ ਈ:) ਦੇ ਖਾਲਸਾ ਸਮਾਚਾਰ ਵਿਚ ਛਪਿਆ ਸੀ।

'ਕੇਸਰ-ਪਪੀਹਾਂ' ਨੂੰ ਲਪਟ ਜੁ ਆਈ, ਕੌਕ[1] ਕੁਕੇਂਦੜਾ ਆਯਾ।
ਡਾਰਾਂ ਦਿ ਡਾਰਾਂ ਨੇ ਸੀਸ ਨਿਵਾਯਾ, ਝੁਰਮਟ ਦੁਆਲੜੇ ਪਾਯਾ।
ਅੱਜ ਸ਼ਿਕਾਰੀਆਂ ਨੇ ਰਸਤੇ ਭੁਲਾਏ, ਸਾਂਈਂ ਦਾ ਕਰਮ ਕਰਾਯਾ।
ਕੇਸਰ ਕਿਆਰੀ ਵਿਚ ਰੌਣਕਅਨੂਠੀ, ਸਾਂਈਂ ਤਮਾਸ਼ੇ ਨੂੰ ਆਯਾ।
ਆਪ ਬਨਾਏ ਦੇ ਮੋਹਿਤ ਹੋ ਆਪੇ, ਆਪ ਦਿਦਾਰਾਂ ਨੂੰ ਆਯਾ।
ਬਖਸ਼ਿਸ਼ ਦੁਆਰੇ ਦੇ ਤੁਰਲਿਆਂ ਵਾਲੇ ਨਾਨਕ ਨੇ ਸੌਦਾ ਲਗਾਯਾ।
ਅਮੁੱਲ ਵਪਾਰ ਦਾ ਬੈਠਾ ਵਪਾਰੀ ਅਮੁੱਲ ਭੰਡਾਰ ਖੁਲ੍ਹਾਯਾ।
ਅਮੁੱਲ ਅਮੁੱਲ ਪਿਆ ਦਾਤ ਵੰਡੇਂਦਾ, ਮੀਨਾ ਬਜ਼ਾਰ ਲਗਾਯਾ।
ਪਿਆਰਾ ਗੁਰੂ ਮੇਰਾ ਨਾਨਕ ਪਿਆਰਾ ਅਰਸ਼ ਹਿਠਾਹਾਂ ਲੈ ਆਯਾ।
ਕੇਸਰ ਕਿਆਰੀ ਆ ਵਪਾਰੀ ਅਮੁੱਲੇ, ਅਰਸ਼ੀ ਆ ਕੇਸਰ ਲੁਟਾਯਾ।
ਝੋਲੀਆਂ ਭਰ ਭਰ ਕੇ ਲੋਕੀਂ ਲਿਆਏ, ਧਨੀ ਬਨੇਂ, ਰੰਗ ਲਾਯਾ।
ਮੈਂ ਕੀ ਕਰਾਂ ਮੇਰੇ ਪਾਸ ਨ ਝੋਲੀ, ਕਰ ਵੇ ਗੁਰੂ! ਇਹ ਦਾਯਾ:-
ਦਾਤਾ ਬਿ ਦੇਵੀਂ ਤੇ ਝੋਲੀ ਬੀ ਦੇਵੀਂ, ਚੁੱਕਣ ਦਾ ਤਾਣ ਸਵਾਯਾ।
ਕੇਸਰ ਕਿਆਰੀ ਮੇਰਾ ਸਤਿਗੁਰ ਨਾਨਕ ਤਾਰਨ ਅਸਾਂ ਨੂੰ ਆਯਾ।
ਅੱਜ ਜੋ ਆਯਾ, ਹਾਂ ਅੱਜੋ ਆਯਾ, ਏਸ ਜਗਤ ਵਿਚ ਆਯਾ।
ਪੈਰ ਧਰੇ ਜਿਸ ਥਾਉਂ ਤੇ ਪਿਆਰਾ, ਨਾਲ ਸੁਗੰਧਿ ਬੁਹਾਯਾ[2]।

ਸੂਚਨਾ-ਭਰਥਰੀ ਪਹਿਲੋਂ ਬੀ ਗੁਰੂ ਜੀ ਨੂੰ ਮਿਲਿਆ ਸੀ, ਉਹ ਪ੍ਰਸੰਗ ਦੂਜੀ ਉਦਾਸੀ ਵਿਚ ਹੈ ਦੇਖੋ ਇਸੇ ਪੁਸਤਕ ਦਾ ਪੰਨਾ ੭੭।

## ੭੨. ਭਰਥਰਿ ਨਿਸਤਾਰਾ[3]।

ਆਪਣੀ ਤੀਸਰੀ ਉਦਾਸੀ ਵਿਚ ਸ਼੍ਰੀ ਸਤਿਗੁਰ ਨਾਨਕ ਦੇਵ ਜੀ ਕਸ਼ਮੀਰ ਆਦਿ ਉੱਤਰ ਦੇ ਦੇਸ਼ਾਂ ਵਿਚ ਹੁੰਦੇ ਹੋਏ ਕੈਲਾਸ਼ ਅੱਪੜੇ, ਜਿਸ ਨੂੰ ਸੁਮੇਰ ਬੀ ਸਮਝਿਆ ਤੇ ਆਖਿਆ ਜਾਂਦਾ ਹੈ, ਇਥੇ ਹੀ ਮਾਨ ਸਰੋਵਰ ਹੈ। ਸ਼ਿਮਲੇ ਦੇ ਪਰਬਤਾਂ ਤੋਂ ਮਾਨ ਸਰੋਵਰ ਤੱਕ ਤੇ ਹੋਰਨਾਂ ਰਸਤਿਆਂ ਵਲ ਦੀ ਬੜੇ ਕਠਨ ਪਹਾੜ ਹਨ, ਪਰ ਵਸੋਂ ਦੂਰ ਤੱਕ ਹੈ, ਗੁਰੂ ਬਾਬੇ ਦੇ ਜਾਣ ਦੇ ਨਿਸ਼ਾਨ ਜਗ੍ਹਾ ਜਗ੍ਹਾ ਮਿਲਦੇ ਹਨ। ਸ੍ਰੀ ਗੁਰੂ ਜੀ ਅਜੇ ਉਰੇ ਹੀ ਸਨ ਕਿ ਸਿੱਧ ਮੰਡਲੀ, ਜੋ ਮਾਨ ਸਰੋਵਰ ਅੱਪੜੀ ਹੋਈ ਸੀ, ਉਨ੍ਹਾਂ ਦੇ ਆਉਣ ਦਾ ਹਾਲ ਪਾਕੇ ਘਬਰਾ ਗਈ। ਉਰੇ ਉਰੇ ਆਕੇ ਹੀ ਸਿੱਧ ਮਿਲਣ ਤੇ ਚਰਚਾ ਕਰਨ ਲੱਗ ਪਏ।

[4]ਜੋਗ ਸਾਧਨਾ ਸਾਧਣ ਵਾਲ ਸੰਸਾਰ ਤਜਾਗ ਕੇ ਇਕਾਂਤ, ਦੂਰ ਬਨਾਂ ਤੇ ਉੱਚੇ ਪਰਬਤਾਂ ਪਰ, ਸਮਾਂ ਵਿਤੀਤ ਕਰਨ ਵਾਲੇ ਮਹਾਤਮਾ ਜਨ ਦੇਸ਼ ਵਲੈਤਾਂ ਛੱਡਕੇ ਇਸ ਤਰ੍ਹਾਂ ਇੱਕਲੇ ਉਮਰਾ ਬਿਤਾਉਣ ਵਾਲੇ ਸਨ। ਅਜ ਸ੍ਰੀ ਸਤਿਗੁਰ ਨਾਨਕ ਜੀ ਨੂੰ ਇੰਨਾ ਉੱਚਾ ਆਇਆ ਤੱਕ ਅਚੰਭਾ ਹੋ ਰਹੇ ਸਨ। ਹਾਂ, ਇਕ ਐਸੇ ਪੁਰਖ ਨੂੰ ਵੇਖਕੇ ਜੋ ਸਿੱਧਾਂ ਦੇ ਭੇਖ ਦਾ ਨਹੀਂ ਸੀ, ਸਿੱਧ ਹੈਰਾਨ ਹੋ ਗਏ ਤੇ ਪੁੱਛਣ ਲੱਗੇ ਪੁਰਖਾ ! ਕੌਣ ਸ਼ਕਤੀ ਤੈਨੂੰ ਇਥੇ ਲੈ ਆਈ ਹੈ ਸਿੱਧਾਂ ਵਿਚ ਤੇਰਾ ਨਾਮ ਸ਼ਕਤੀ ਤੈਨੂੰ ਇਥੇ ਲੈ ਆਈ ਹੈ ਸਿੱਧਾਂ ਵਿਚ ਤੇਰਾ ਨਾਮ ਸ਼ੁਮਾਰ ਨਹੀਂ ਤੇ ਸ਼ਕਤੀ ਸਿੱਧਾਂ ਤੋਂ ਬਾਹਰ ਕਿਤੇ ਹੈ ਨਹੀਂ।

ਗੁਰੂ ਨਾਨਕ ਦੇਵ ਜੀ-ਸ਼ਕਤੀ ਦਾ ਮੂਲ 'ਸਰਬ ਸ਼ਕਤੀਮਾਨ' ਹੈ, ਮੈਂ ਸ਼ਕਤੀਆਂ ਦੇ ਮਗਰ

[1] ਕੌਂਕ-ਕਬਕ-ਚਕੋਰ। [2] ਸੁਗੰਧਤ ਕੀਤਾ। [3] ਸੰ: ਗੁ: ਨਾ: ਸਾ: ੪੬੩(੨੫ ਨਵੰਬਰ ੧੯੩੧) ਦੇ ਗੁ: ਪੁ: ਪਰ ਜੋ ਪ੍ਰਸੰਗ ਭਰਥਰ ਜੋਗੀ ਦਾ ਟ੍ਰੈਕਟ ਦੀ ਸੂਰਤ ਵਿਚ ਨਿਕਲਿਆ ਸੀ, ਇਹ ਉਸਦਾ ਦੂਸਰਾ ਹਿੱਸਾ ਹੈ। ਪਹਿਲਾ ਭਾਗ ਦੇਖੋ ਪੰਨਾ ੭੭ ਤੇ।

[4] ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ; ੪੫੦ (੮ਨਵੰਬਰ ੧੯੧੯) ਨੂੰ ਖਾ: ਸਮਾਚਾਰ ਵਿਚ 'ਸਿੱਧ ਮੰਡਲੀ ਪਰ ਜਿੱਤ, ਦੇ ਨਾਮ ਹੇਠ ਲੇਖ ਛਪਿਆ ਸੀ, ਇਥੋਂ ਲੈਕੇ ਪੰਨਾ ੧੩੧ ਦੇ[1] ਵਾਲੇ ਨਿਸ਼ਾਨ ਤੱਕ ਉਸ ਵਿਚੋਂ ਹੈ।

ਨਹੀਂ, ਸ਼ਕਤੀਆਂ ਦੇ ਮੂਲ ਦੀ ਮੈਂ ਪ੍ਰੇਮਾ-ਭਗਤੀ ਕੀਤੀ ਹੈ, ਸਰਬ ਸ਼ਕਤੀਆਂ ਉਸ ਦੀਆਂ ਹਨ ਤੇ ਮੈਂ ਉਸ ਦਾ ਹਾਂ।

ਸਿੱਧ-ਆਪ ਨਾਮ ਤਾਂ ਕ੍ਰਿਪਾ ਕਰਕੇ ਦੱਸੋ?

ਗੁਰੂ ਜੀ-ਮੇਰਾ ਨਾਮ ਹੈ ਨਾਨਕ, ਜਿਸ ਨੇ ਵਾਹਿਗੁਰੂ ਦਾ ਸਿਮਰਨ ਕਰਕੇ ਗਤੀ ਪਾਈ।

ਸਿੱਧ (ਨੱਕ ਚਾੜ੍ਹਕੇ)-ਤਾਂ ਸਿੱਧ ਨਹੀਂ, ਸਾਧੂ ਨਹੀਂ, ਗ੍ਰਿਹਸਤੀ ਹੈ ਕੋਈ।

ਗੁਰੂ-ਨੀਚ ਜੇ ਕਹਾਈਏ ਤਾਂ ਹੀ ਉੱਚੇ ਘਰ ਵਾਹਿਗੁਰੂ ਸਰੂਪ ਦੀ ਪ੍ਰਾਪਤੀ ਹੁੰਦੀ ਹੈ, ਕਿਉਂਕਿ ਉੱਚਿਆਂ ਰਿਹਾਂ ਮਨ ਹਉਮੈ ਵਿਚ ਰਹਿੰਦਾ ਹੈ, ਹਉਮੈ ਦੀ ਸਾਂਈਂ-ਸ਼ਰਨ ਵਿਚ ਥਾਂ ਨਹੀਂ।

ਇਹ ਉੱਤਰ ਸੁਣਕੇ ਸਿੱਧ ਕੁਛ ਸ਼ਰਮਿੰਦੇ ਜੇਹੇ ਹੋਏ, ਆਪੇ ਵਿਚ ਸੈਨਤਾਂ ਕਰਦੇ ਕਰਾਉਂਦੇ ਰਹੇ, ਫਿਰ ਕੁਛ ਪ੍ਰਸ਼ਨ ਉੱਤਰ ਕੀਤੇ, ਜਿਸ ਤੋਂ ਘਬਰਾਏ ਕਿ ਇਹ ਕੋਈ ਮਾਮੂਲੀ ਆਦਮੀ ਨਹੀਂ, ਫੇਰ ਕੁਛ ਨਰਮ ਹੋਕੇ ਵਾਰਤਾਲਾਪ ਛੇੜੀ ਕਿ ਹੇ ਨਾਨਕ ਜੀਓ! ਮਾਤ ਲੋਕ ਦਾ ਹਾਲ ਸੁਣਾਓ?

ਹੁਣ ਇਹ ਵੇਲਾ ਆਇਆ ਜਿਸ ਮਤਲਬ ਲਈ ਸਤਿਗੁਰ ਗਏ ਸਨ। ਆਪ ਬੋਲੇ:-

[1]ਨਾਥ ਜੀ! ਸੱਚ ਚੰਦ੍ਰਮਾਂ ਹੈ, ਕੂੜ ਹਨੇਰਾ ਹੈ! ਮਾਤ ਲੋਕ ਵਿਚ ਕੂੜ ਦੀ ਕਾਲੀ ਬੋਲੀ ਰਾਤ ਪੈ ਰਹੀ ਹੈ ਤੇ ਸੱਚ ਦੇ ਚੰਦ੍ਰਮਾਂ ਦਾ ਪਤਾ ਨਹੀਂ ਲਗਦਾ, ਮੈਂ ਫਿਰ ਰਿਹਾ ਹਾਂ ਕਿ ਕਿਤੇ ਸੱਚ ਦਾ ਚੰਦ ਹੈ? ਧਰਮ ਧਰਤੀ ਤੋਂ ਉਠ ਗਿਆ ਜਾਪਦਾ ਹੈ ਤੇ ਪਾਪ ਵਰਤ ਗਿਆ ਹੈ।

ਸਿੱਧ-ਕਿਆ ਕੋਈ ਥੰਮ੍ਹਣ ਵਾਲਾ ਨਹੀਂ?

ਗੁਰੂ ਜੀ-ਜੋ ਲੋਕ ਸਿੱਧ ਕਹਾਉਂਦੇ ਹਨ, ਯਾਂ ਇਉਂ ਕਹੋ ਕਿ ਵਿਚਾਰਵਾਨ ਹਨ, ਓਹ ਤਾਂ ਆਦਰਸ਼ ਏਹ ਬਣਾਉਂਦੇ ਹਨ ਕਿ ਚਲੋ ਪਰਬਤਾਂ ਪਰ ਚੱਲ ਸੁਖ ਪਾਈਏ, ਜਿਵੇਂ ਤੁਸੀਂ ਸਿੱਧ ਏਥੇ ਆ ਛੁਪੇ ਹੋ। ਜਗਤ ਨੂੰ ਪਾਰ ਕੌਣ ਕਰੇ?

ਸਿੱਧ-ਸਾਡੇ ਜੋਗੀ ਘਰ ਘਰ ਅਲਖ ਜਗਾਉਂਦੇ ਫਿਰ ਰਹੇ ਹਨ?

ਗੁਰੂ ਜੀ-ਤੁਸਾਡੇ ਉਹ ਜੋਗੀ ਗਿਆਨ ਤੋਂ ਸੱਖਣੇ ਹੋ ਗਏ ਹਨ, ਓਹ ਕੇਵਲ ਸੁਆਹ ਮਲਣੀ ਤੇ ਮੰਗ ਖਾਣਾ ਜਾਣਦੇ ਹਨ। ਜਗਤ ਨੂੰ ਰਸਤਾ ਦੱਸਣ ਵਾਲਾ, ਰਸਤੇ ਪਾਉਣ ਦੀ ਸਮਰੱਥਾ ਵਾਲਾ ਕੋਈ ਨਹੀਂ ਰਿਹਾ।

ਹੱਕ-ਨਿਹੱਕ ਦੀ ਵਿਚਾਰ ਉੱਡ ਗਈ ਹੈ, ਨੇਮ ਧਰਮ ਤੇ ਕੋਈ ਨਹੀਂ ਖੜਾ। ਪਸ਼ੂਆਂ ਵਾਂਙ ਸਭ ਕੋਈ ਤ੍ਰਿਸ਼ਨਾਲੂ ਫਿਰਦਾ ਹੈ।

ਸਿੱਧ-ਕਿਆ ਰਾਜਾ ਪਰਜਾ ਦੇ ਸਦਾਚਾਰ ਤੇ ਹੱਕ ਪਰ ਟੁਰਨ ਦਾ ਪ੍ਰਬੰਧ ਨਹੀਂ ਕਰਦਾ?

ਗੁਰੂ ਜੀ-ਪਾਤਸ਼ਾਹ ਪਰਜਾ ਨੂੰ ਪਾਲਣ ਦੀ ਥਾਂ ਖਾ ਰਹੇ ਹਨ। ਰਾਜੇ ਤੇਜ-ਹੀਨ ਹਨ।

ਸਿੱਧ-ਪਰਜਾ ਇਕੱਤ੍ਰ ਹੋਕੇ ਕਿਉਂ ਅੱਛਾ ਰਾਜਾ ਨਹੀਂ ਬਣਾ ਲੈਂਦੀ?

ਗੁਰੂ ਜੀ-ਪਰਜਾ ਵਿੱਦਯਾਹੀਨ ਹੈ, ਗ੍ਯਾਨ ਹੀਨ ਹੈ, ਗ਼ੁਲਾਮੀ, ਜ਼ੁਲਮ, ਅਵਿਦ੍ਯਾ ਦੇ ਹੇਠਾਂ ਨਿਤਾਣੀ ਤੇ ਝੂਠ ਦੇ ਪ੍ਰੇਮ ਵਾਲੀ ਹੋ ਗਈ ਹੈ। ਭੈ ਹੇਠਾਂ ਆਦਮੀ ਝੂਠਾ ਤੇ ਕਮਜ਼ੋਰ ਹੋ ਜਾਂਦਾ ਹੈ।

ਸਿੱਧ-ਭਗਤ ਲੋਕ?

ਗੁਰੂ ਜੀ-ਓਹ ਤਾਂ ਨਾਚ ਰੰਗ ਰਹਿ ਗਿਆ ਹੈ, ਚੇਲੇ ਸਾਜ ਵਜਾਇੰਦੇ ਤੇ ਗੁਰੂ ਨੱਚਦੇ ਹਨ, ਲੀਲ੍ਹਾ ਤੇ ਰਾਸਾਂ ਦੇ ਨਾਟਕ ਕਰਦੇ ਹਨ, ਰਸ ਰੰਗ ਤੇ ਮਾਯਾ ਦਾ ਅਖਾੜਾ ਲੱਗਦਾ ਹੈ, ਸਿੱਖ੍ਯਾ ਦੇਣੀ, ਧਰਮ ਸਿਖਾਲਣਾਂ ਉਨ੍ਹਾਂ ਵਿਚ ਬੀ ਨਹੀਂ ਰਿਹਾ।

ਸਿੱਧ-ਇਕ ਇਕ ਵਿਦਵਾਨ ਦੇ ਸਪੁਰਦ ਦੋ ਚਾਰ ਸੌ ਘਰ ਹੁੰਦਾ ਸੀ, ਜਿਨ੍ਹਾਂ ਵਿਚ ਉਹ ਰਹਿੰਦਾ ਤੇ ਸਭ ਪ੍ਰਕਾਰ ਦੀ ਸ਼ੁਭ ਮੱਤ ਦੇਂਦਾ ਰਹਿੰਦਾ ਸੀ; ਕਿਆ ਉਹ ਬ੍ਰਿਧ ਬੀ ਕੰਮ ਨਹੀਂ ਕਰਦੇ?

ਗੁਰੂ ਜੀ-ਉਹ ਮੰਗਤੇ ਹੋ ਗਏ ਹਨ। ਚੇਲੇ ਦਾਤਾ ਬਣਕੇ ਘਰੀਂ ਕਾਰਾਂ ਵਿਹਾਰਾਂ ਵਿਚ ਰਹਿੰਦੇ ਹਨ ਤੇ ਗੁਰੂ ਉਗਰਾਹੀ ਕਰਨ ਉਹਨਾਂ ਦੇ ਘਰੀਂ ਸਾਲ ਮਗਰੋਂ ਜਾਂਦੇ, ਦਾਣੇ ਪੱਠੇ, ਰੁਪੱਯੇ ਲੈਂਦੇ, ਪ੍ਰਸ਼ਾਦੇ ਛਕਦੇ ਤੇ ਉਹਨਾਂ ਨੂੰ ਧਾਗੇ ਤਵੀਤ ਦੇਕੇ ਟੁਰ ਆਉਂਦੇ ਹਨ।

ਸਿੱਧ-ਮੁਸਲਮਾਨਾਂ ਦਾ ਰਾਜ ਹੈ, ਉਹਨਾਂ ਦੇ ਕਾਜ਼ੀ ਧਰਮ ਨਿਆਂ ਨਹੀਂ ਟੋਰਦੇ?

ਗੁਰੂ ਜੀ-ਕਾਜ਼ੀ ਵੱਢੀ ਖੋਰ ਹੋ ਗਏ ਹਨ, ਵੱਢੀ ਖਾਕੇ ਹੱਕ ਮਾਰ ਦੇਂਦੇ ਹਨ।

[1] ਵਾ:ਭਾ:ਗੁ:੧, ਪਉੜੀ ੨੯-੩੦ ਦਾ ਖੁਲ੍ਹਾ ਅਨੁਵਾਦ ਤੁਰਿਆ।

ਸਿੱਧ-ਗ੍ਰਿਹਸਥੀ ਬੀ ਅੱਛੇ ਅੱਛੇ ਹੁੰਦੇ ਹਨ। ਉਹਨਾਂ ਨੂੰ ਬੀ ਕੁਛ ਵਗ ਗਈ ਹੈ?

ਗੁਰੂ ਜੀ-ਗ੍ਰਿਹਸਥ ਦਾ ਨਾਤਾ ਹੀ ਟੁੱਟ ਗਿਆ ਹੈ। ਗ੍ਰਿਹਸਥ ਹੈ ਇਸਤ੍ਰੀ ਪੁਰਖ ਦਾ ਸੰਬੰਧ ਤੇ ਉਹ ਸੰਬੰਧ ਹੈ ਸੱਚੇ ਸੁੱਚੇ ਪਯਾਰ ਦਾ। ਓਥੇ ਇਹ ਹਨੇਰ ਵਰਤਿਆ ਹੈ ਕਿ ਇਸਤ੍ਰੀ ਪੁਰਖ ਦਾ ਪਯਾਰ ਪੈਸੇ ਦਾ ਪਯਾਰ ਰਹਿ ਗਿਆ ਹੈ। ਕੋਈ ਕਿਤੇ ਫਿਰੇ, ਧਰਮ ਕੁਧਰਮ, ਪਯਾਰ, ਸ਼ੀਲ ਕਿਸੇ ਗੱਲ ਦੀ ਪੁੱਛ ਨਹੀਂ ਰਹੀ।

ਇਹ ਸੁਣਕੇ ਸਿੱਧਾਂ ਨੇ ਵਿਚਾਰ ਕੀਤੀ ਕਿ ਕੀਹ ਕੀਤਾ ਜਾਵੇ, ਸੋਚ ਸੋਚਕੇ ਇਹੋ ਗੱਲ ਫੁਰੀਓ ਨੇ ਕਿ ਜੇ ਏਹ ਨਾਨਕ ਹੀ ਸਾਡਾ ਚੇਲਾ ਬਣ ਜਾਵੇ ਤਾਂ ਸਾਡੇ ਪੰਥ ਨੂੰ ਮੁੜ ਰੌਸ਼ਨ ਕਰੇ ਤੇ ਗੋਰਖ ਮਤ ਦਾ ਜ਼ੋਰ, ਜੋ ਟੁੱਟ ਰਿਹਾ ਹੈ, ਪ੍ਰਬਲ ਪੈ ਜਾਵੇ। ਇਹ ਵਿਚਾਰਕੇ ਉਹਨਾਂ ਨੇ ਗੁਰੂ ਜੀ ਨੂੰ ਕਿਹਾ ਕਿ ਤਲਾਉ ਤੋਂ ਪਾਣੀ ਭਰ ਲਿਆਉ। ਮੁਸਕ੍ਰਾਕੇ ਸਤਿਗੁਰੂ ਗਏ, ਅੱਗੇ ਤਾਲ ਵਿਚ ਪਾਣੀ ਦੀ ਥਾਵੇਂ ਰਤਨ ਤੇ ਜਵਾਹਰ ਨਜ਼ਰ ਆਏ, ਜੋ ਸਿੱਧਾਂ ਨੇ ਇਸ ਲਈ ਉੱਥੇ ਭੁਲੇਵੇ ਦੇ ਰਚਕੇ ਵਰਤਾਏ ਸਨ ਕਿ ਗੁਰੂ ਜੀ ਇਨ੍ਹਾਂ ਦੀ ਸ਼ਕਤੀ ਦੇ ਕਾਇਲ ਹੋ ਜਾਣ ਤੇ ਮਾਯਾ ਦਾ ਪ੍ਰਭਾਵ ਪੈ ਜਾਵੇ। ਪਰ ਮਾਯਾ ਰੂਪੀ ਬਿਜਲੀ ਵਾਹਿਗੁਰੂ ਜੀ ਦੇ ਸੱਚੇ ਤੇ ਅਸਲੀ ਪ੍ਰਕਾਸ਼ ਵਾਲੇ ਮਨ ਉੱਤੇ ਅਸਰ ਪਾ ਨਹੀਂ ਸਕਦੀ ਸੀ। ਗੁਰੂ ਜੀ ਨੇ ਰਤਨਾਂ ਨੂੰ ਛੁਹਿਆ ਤਕ ਨਹੀਂ, ਵਾਪਸ ਆ ਗਏ ਤੇ ਕਿਹਾ ਕਿ ਉਸ ਤਲਾਉ ਵਿਚ ਤਾਂ ਭੁਲੇਵੇ ਦੇ ਪੱਥਰ ਹਨ ਪਾਣੀ ਕਿਥੇ[1]? ਜਿਸ ਤੋਂ ਸਿੱਧ ਸਮਝ ਗਏ ਕਿ ਮਾਯਾ ਤੇ ਸਿੱਧੀਆਂ ਇਨ੍ਹਾਂ ਪਰ ਅਸਰ ਨਹੀਂ ਰੱਖਦੀਆਂ। ਹੁਣ ਦਿਮਾਗੀ

---

[1] ਪਿਛਲੀ ਸਾਰੀ ਗੱਲ ਬਾਤ ਭਾਈ ਗੁਰਦਾਸ ਜੀ ਦੇ ਬਚਨਾਂ ਦੀ ਵਾਰਤਕ ਟੀਕਾ ਹੈ। ੩੧ ਪਉੜੀ ਇਉਂ ਹੈ:-

ਸਿਧੀਂ ਮਨੇ ਬੀਚਾਰਿਆ ਕਿਵੈਂ ਦਰਸ਼ਨ ਏਹ ਲੇਵੈ ਬਾਲਾ॥ ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ॥ ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ ॥ ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ॥ ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ ॥ ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸਿ ਤਾਲਾ ॥ ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ॥ ਕਲਿਜੁਗ ਨਾਨਕ ਨਾਮੁ ਸੁਖਾਲਾ ॥੩੧॥

{ਵਾਰ ਭਾ: ਗੁਰਦਾਸ ੧, ਪੌੜੀ ੩੧}

ਮੁਕਾਬਲਾ ਬੈਠੇ ਛੇੜ।

ਮਹਾਂ ਦੇਵ - ਨਾਨਕ ! ਤੂੰ ਗਿਰਹੀ ਹੈਂ ਕਿ ਉਦਾਸੀ?

ਗੁਰੂ ਨਾਨਕ-ਗਿਰਹੀ ਉਦਾਸੀ ਦੇ ਲੱਛਣ ਕਹੋ।

ਮਹਾਂ ਦੇਵ-ਜੋ ਮਾਇਆ ਵਿਚ ਫਸੇ, ਘਰ ਬਾਰੀ ਹੋਵੇ, ਉਹ ਗਿਰਹੀ, ਜੋ ਇਸ ਤੇ ਨਿਹਕੇਵਲ ਹੋ ਜਾਵੇ ਤੇ ਅਟੰਕ ਰਹੇ ਸੋ ਉਦਾਸੀ?

ਗੁਰੂ ਜੀ-ਗ੍ਰਿਹਸਤੀ ਮਾਇਆ ਤੋਂ ਨਿਹਕੇਵਲ ਹੋ ਸਕਦਾ ਹੈ ਕਿ ਨਹੀਂ?

ਮਹਾਂ ਦੇਵ-ਤ੍ਰੈਕਾਲ ਨਹੀਂ।

ਗੁਰੂ ਜੀ-ਹੋ ਸਕਦਾ ਹੈ; ਪਰ ਤੁਸਾਡੇ ਗਿਰਹੀ ਉਦਾਸੀ ਦੇ ਲੱਛਣ ਠੀਕ ਨਹੀਂ।

ਮਹਾਂ ਦੇਵ-ਤਾਂ ਤੁਸੀਂ ਆਪਣੇ ਲੱਛਣ ਕਹੋ।

ਗੁਰੂ ਜੀ-

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ
ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ
ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥

{ਰਾ:ਵਾ: ਸ: ਮ: ੧-੧੨}

ਮਹਾਂ ਦੇਵ-ਇਸ ਬ੍ਰਹਮੰਡ ਦਾ ਜੋ ਪਰਮ ਤੱਤ (ਬ੍ਰਹਮ) ਹੈ, ਉਸ ਵਿਚ ਰੂਪ ਤੇ ਰੇਖ ਨਹੀਂ। ਇਹ ਗਿਰਹੀ ਰੂਪ ਤੇ ਰੇਖ ਵਾਲਾ ਹੈ, ਇਹ ਲੀਨ ਕਿਵੇਂ ਹੋਵੇਗਾ?

ਗੁਰੂ ਜੀ-

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ
ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ
ਭਗਤਿ ਸੁ ਜਾਗੇ ॥ {ਆਸਾ ਮ: ੧}

ਮਹਾਂ ਦੇਵ-ਗਿਰਹੀ ਜਾਗ ਤਾਂ ਪਿਆ, ਮਾਇਆ ਤੋਂ ਉਦਾਸ ਕੀਕੂੰ, ਕੋਈ ਦ੍ਰਿਸ਼ਟਾਂਤ?

ਗੁਰੂ ਜੀ-

"ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈਸਾਣੇ ॥" {ਰਾ: ਮ: ੧ ਸਿਧ ਗੋਸਟਿ}

ਮਹਾਦੇਵ(ਸੋਚੀਂ ਪੈ ਕੇ)-ਉਦਾਸੀ ਦੇ ਲੱਛਣ ਕਹੋ?

ਗੁਰੂ ਜੀ-

"ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ
ਪਿਆਸਾ ॥ ਨਾਨਕ ਹਉਮੈ ਮਾਰਿ ਪਤੀਣੇ
ਵਿਰਲੇ ਦਾਸ ਉਦਾਸਾ"॥੪॥੩॥ {ਆਸਾ ਛੰ:ਮ:੧}

ਮਹਾਂ ਦੇਵ-ਐਉਂ ਜਾਪਦਾ ਹੈ ਕਿ ਆਪ ਉਦਾਸੀ ਤੇ ਗ੍ਰਿਹਸਤੀ ਨੂੰ ਅਲੱਗ ਨਹੀਂ ਕਰ ਰਹੇ, ਤੁਸੀਂ ਭੀ ਤਾਂ ਉਦਾਸੀ ਦਿੱਸਦੇ ਹੋ?

ਗੁਰੂ ਜੀ-

"ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ
ਭਇਆ ਉਦਾਸੀ ॥" (ਮਾਰੂ ਮ: ੧)

ਮਹਾਂ ਦੇਵ-ਤੂੰ ਸਾਨੂੰ ਸਮਝ ਨਹੀਂ ਰਿਹਾ। ਗਿਰਹੀ ਤੇ ਉਦਾਸੀ ਇੱਕੋ ਵਕਤ ਵਿਚ ਇੱਕੋ ਆਦਮੀ ਹੋ ਸਕਦਾ ਹੈ?

ਗੁਰੂ ਜੀ-ਤੁਸੀਂ ਹਿਰਦੇ ਦੇ ਭਾਵਾਂ ਨੂੰ ਸਰੀਰ ਦੇ ਹੱਦ ਬੰਨਿਆਂ ਨਾਲ ਨਿਖੇੜ ਰਹੇ ਹੋ।

ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ
ਗੁਰਮੁਖਿ ਆਪੁ ਪਛਾਨਿਆ ॥ ਨਾਨਕੁ
ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ
ਮਾਨਿਆ॥੫॥ ੧੭॥ (ਪ੍ਰਭਾਤੀ ਮ :੧)

ਮਛਿੰਦਰ ਨਾਥ ਤਮਕ ਖਾਕੇ ਬੋਲਿਆ:-ਫਿਰ ਸ਼ਾਸਤ੍ਰ ਝੂਠੇ ਹਨ ਤੇ ਕੀ ਅਵਧੂਤ ਸਾਰੇ ਭੁੱਲ ਵਿਚ ਹਨ?

ਗੁਰੂ ਜੀ-ਝੂਠਾ ਅਪਣਾ ਮਨ ਹੁੰਦਾ ਹੈ, ਯਾ ਪੁਰਸ਼ ਦਾ ਵਰਤਾਉ ਝੂਠਾ ਹੋ ਸਕਦਾ ਹੈ। ਪੰਜਾਂ ਨੂੰ ਵੱਸ ਕਰਨਾ ਪ੍ਰਯੋਜਨ ਹੈ।

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥
ਵਸਗਤਿ ਪੰਚ ਕਰੇ ਨਹ ਡੋਲੈ ॥
(ਰਾਮ ਕਲੀ ਮ:੧)

ਗੋਰਖ ਨਾਥ ਬੋਲਿਆ-ਫਿਰ ਤਾਂ ਆਪ ਅਤੀਤਤਾਈ ਨੂੰ ਨਹੀਂ ਮੰਨਦੇ?

ਗੁਰੂ ਜੀ-ਅਤੀਤ ਇਹ ਹੈ:-

"ਮਨਿ ਮਹਿ ਮਨੂਆ ਚਿਤ ਮਹਿ ਚੀਤਾ ॥
ਐਸੇ ਹਰਿ ਕੇ ਲੋਗ ਅਤੀਤਾ[੧] ॥੫॥
(ਬਸੰਤ ਮ: ੧ ਅਸਟਪਦੀ)

ਇਸ ਪ੍ਰਕਾਰ ਬੜੀ ਚਰਚਾ ਹੋਈ ਜੁ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖੀ ਹੈ। ਜਦ ਸਾਰੇ ਸਿੱਧ ਹਰ ਤਰ੍ਹਾਂ ਹਾਰ ਚੁਕੇ ਤਾਂ ਮੰਗਲ ਨਾਥ ਤੇ ਭਰਖਰਿ ਜੀ ਨੇ ਗੋਰਖ ਨੂੰ ਨੇਕ ਸਲਾਹ ਦਿੱਤੀ; ਕਿਉਂਕਿ ਇਸ ਸਮੇਂ ਭਰਥਰਿ ਜੋਗੀ ਭੀ ਸਿੱਧ ਮੰਡਲੀ ਵਿਚ ਪਹੁੰਚਾ ਹੋਇਆ ਸੀ, ਸਤਿਗੁਰ ਦੇ ਸਾਰੇ ਉਪਦੇਸ਼ ਨਾਲ ਉਸ ਦਾ ਹਿਰਦਾ ਪਲਟ ਚੁਕਾ ਸੀ ਤੇ ਉਹ ਅੰਤ੍ਰੀਵ ਸੁਖ ਤੇ ਮਾਨਸਕ ਤਿਆਗ ਦਾ ਸਮਝਦਾਰ ਹੋ ਚੁਕਾ ਸੀ ਪਰ ਸੀ ਅਜੇ ਆਪਣੇ ਪੰਥ ਵਿਚ ਹੀ। ਸ੍ਰੀ ਗੁਰੂ ਜੀ ਦਾ ਆਗਮਨ ਸੁਣਕੇ ਉਸ ਨੇ ਗੋਰਖ-ਆਪਣੇ ਜੋਗ ਮਾਰਗ ਦੇ ਗੁਰੂ-ਨੂੰ ਦੱਸਿਆ ਕਿ ਮੈਂ ਗੁਰੂ ਨਾਨਕ ਦੇਵ ਜੀ ਨੂੰ ਮਿਲ ਚੁਕ ਹਾਂ, ਉਹ ਅਵਤਾਰ ਹਨ-ਗੁਰ ਅਵਤਾਰ। ਮੈਂ ਜਦ ਸਮਾਧੀ ਵਿਚ ਮੁਨੀ ਜੀ ਦੇ ਦਰਸ਼ਨ ਕੀਤੇ ਸਨ ਤਾਂ ਉਨ੍ਹਾਂ ਨੇ ਮੈਨੂੰ ਨਾਮ ਤੇ ਲੱਛਣ ਦੱਸੇ ਤੇ ਇਹ ਭੇਤ ਸੁਝਾਇਆ ਸੀ। ਫਿਰ ਜਦੋਂ ਮੈਨੂੰ ਗੁਰੂ ਜੀ ਆਸ਼੍ਰਮ ਆਕੇ ਮਿਲੇ ਹਨ ਤਾਂ ਦਰਸ਼ਨ ਕਰਕੇ ਸਤਿਸੰਗ ਕਰਕੇ ਪਰਖ ਲਿਆ ਸੀ ਕਿ ਮੁਨੀਵਾਕ ਸੱਤਜ ਹੈ। ਓਹ ਅਵਤਾਰ ਹਨ ਤੇ ਇਕ ਨਾਮ ਦਾ ਉਪਦੇਸ਼ ਕਰਦੇ ਹਨ, ਬਚਨ ਸਾਰ ਕਰਦੇ ਹਨ ਤੇ ਬਨਾਵਟਾਂ ਤੋਂ ਕੱਢਦੇ ਤੇ ਤੱਤ ਦਾ ਗਿਆਨ ਦੇਂਦੇ ਹਨ। ਮੈਂ ਮਿਲਕੇ ਅਤਿ ਸੁਖ ਪਾਇਆ ਹੈ, ਚੰਗਾ ਹੋਵੇ ਕਿ ਉਨ੍ਹਾਂ ਨਾਲ ਵਾਦਵਿਵਾਦ ਤੇ ਵਿਰੋਧ ਨਾ ਕੀਤਾ ਜਾਵੇ ਤੇ ਮੇਲ ਕੀਤਾ ਜਾਵੇ।

ਗੋਰਖ-ਪਰ ਦੋ ਗੁਰੂ ਕੀਕੂੰ ਰਹਿ ਸਕਦੇ ਹਨ ਇਕੱਠੇ? ਉਹ ਬੀ ਗੁਰੂ ਤੇ ਮੈਂ ਬੀ ਗੁਰੂ। ਜੇ ਉਹ ਮੇਰਾ ਬਾਲਕਾ ਬਣ ਜਾਵੇ ਤਾਂ ਭਾਗ ਸੁਲੱਖੀ ਗੱਲ ਹੋ ਸਕਦੀ ਹੈ।

ਭਰਖਰਿ-ਉਨ੍ਹਾਂ ਦਾ ਬਾਲਕਾ ਬਣਨਾ ਗਲ ਅਨਹੋਣੀ ਜੇਹੀ ਹੈ, ਕਿਉਂਕਿ ਅਵਤਾਰ ਹਨ; ਪਰ ਸ੍ਰੀ ਰਾਮ ਕ੍ਰਿਸ਼ਨ ਅਵਤਾਰਾਂ ਨੇ ਦੇਹ ਵਿਚ ਆਕੇ ਗੁਰੂ ਧਾਰੇ ਸਨ, ਇਸ ਕਰਕੇ ਸ਼ਾਇਦ ਉਹ ਬੀ ਗੁਰੂ ਧਾਰਨ ਕਰਨ ਕੇਵਲ ਮਰਿਯਾਦਾ ਪੂਰਤੀ ਲਈ! ਇਹ ਵਿਚਾਰਕੇ ਤੁਸੀਂ ਜਤਨ ਕਰ ਦੇਖੋ ਜੇ ਦੇਖਣਾ ਹੈ ਤਾਂ।

ਇਸ ਤਰ੍ਹਾਂ ਦੀ ਵਿਚਾਰ ਹੋਕੇ ਸਿੱਧਾਂ ਨੇ ਮਿਲ ਮਿਲ ਕੇ ਜ਼ੋਰ ਲਾਏ। ਗੁਰੂ ਜੀ ਦੇ ਡੇਰੇ ਗਏ ਤੇ ਸਿੱਧੀਆਂ ਦੇ ਪਰਚੇ ਲਾਏ ਤੇ ਬਹਿਸਾਂ ਕੀਤੀਆਂ। ਜਦ ਬੜੇ ਬੜੇ ਮਾਨੀ ਸਿੱਧ ਹਾਰ ਗਏ ਤਾਂ ਗੋਰਖ ਨੇ ਕਿਹਾ ਕਿ ਭਰਖਰਿ ਤੇਰਾ ਪੁਰਾਣਾ ਮੇਲ ਹੈ ਤੂੰ ਜਾਕੇ ਸਤਿਕਾਰ ਨਾਲ ਉਨ੍ਹਾਂ ਨੂੰ ਲੈ ਆਉ ਜੋ ਹੁਣ ਉਨਾਂ ਦੇ ਸਾਰ-ਸਿਧਾਂਤ ਨੂੰ ਸਾਰਿਆਂ ਵਿਚ ਬੈਠਕੇ

---

[੧] ਸਿੱਧ ਮੰਡਲੀ ਪਰ ਜਿੱਤ' ਦਾ ਮਜ਼ਮੂਨ ਇਥੇ ਮੁੱਕਾ ਤੇ ਅਗੋਂ 'ਭਰਥਰਿ ਜੋਗੀ, ਵਿਚੋਂ ਚਲਿਆ।

ਸੁਣੀਏ। ਭਰਥਰਿ ਚਲਾ ਗਿਆ। ਬਹੁਤ ਸਤਿਕਾਰ ਸ਼ਰਧਾ ਤੇ ਪ੍ਰੇਮ ਨਾਲ ਮਿਲਿਆ ਤੇ ਸਤਿਗੁਰ ਜੀ ਨੂੰ ਗੋਰਖ ਦਾ ਸੰਦੇਸ਼ ਦਿੱਤਾ। ਸ੍ਰੀ ਗੁਰੂ ਜੀ ਹੁਣ ਉਥੇ ਪੁੱਜੇ ਜਿੱਥੇ ਗੋਰਖ ਨਾਥ ਆਦਿਕ ਜੋਗੀ ਸੇ। ਫੇਰ ਵਾਰਤਾਲਾਪ ਹੋਈ ਤੇ ਸਿੱਧਾਂ ਦੇ ਜ਼ੋਰ ਲਗੇ, ਪਰ ਆਖ਼ਰ ਸ੍ਰੀ ਗੁਰੂ ਜੀ ਨੇ ਸਾਰਿਆਂ ਤੇ ਬਿਜੈ ਪਾਈ।

ਭਰਥਰਿ ਨੇ ਇਕ ਜੋਗੀਆਂ ਦੀ ਲਗੀ ਮਜਲਸ ਵਿਚ ਬਿਨੈ ਕੀਤੀ ਕਿ 'ਗੁਰੂ ਜੀ! ਆਪ ਨਾਲ ਚਰਚਾ ਕਰਕੇ ਸਭ ਨੇ ਵਾਕ ਸੁਣੇ ਹਨ ਪਰ ਕੁਛ ਭੁਲੇਵੇਂ ਹੈਨ ਸੋ ਤੁਸੀਂ ਆਪਣੇ ਹਿਰਦੇ ਦਾ ਗਿਆਨ ਆਪ ਕ੍ਰਿਪਾ ਕਰਕੇ ਸੁਣਾਓ ਕਿ ਕਿਸ ਨਿਸ਼ਚੇ ਵਿਚ ਹੋ ਜੋ ਸਭਨਾਂ ਨੂੰ ਲਾਭ ਪੁਜੇ। ਜੋ ਜੋ ਪ੍ਰਸ਼ਨ ਸਿੱਧਾਂ ਦੇ ਅੰਦਰ ਅਜੇ ਰੜਕਦੇ ਹਨ ਉਹਨਾਂ ਤੇ ਵੀਚਾਰ ਬੀ ਵਿਚ ਆ ਜਾਵੇ'। ਤਦ ਸ੍ਰੀ ਗੁਰੂ ਜੀ ਨੇ ਫੁਰਮਾਇਆ: 'ਭਰਥਰਿ ਜੋਗੀ! ਤੂੰ ਜੋ ਕੁਛ ਚਾਹੁੰਦਾ ਹੈਂ ਕਿ ਸਿੱਧਾਂ ਦੇ ਖਿਆਲ ਸਾਫ ਕਰੀਏ ਉਹ ਕਹਿ ਦੇਹ, ਫਿਰ ਅਸੀਂ ਆਪਣਾ ਗਿਆਨ ਤੇ ਤੁਸਾਡੀਆਂ ਮੁਸ਼ਕਲਾਂ ਪਰ ਵੀਚਾਰ ਨਾਲੋ ਨਾਲ ਦੱਸੀ ਜਾਵਾਂਗੇ।

ਜੋ ਗਿਆਨ ਸਾਡੇ ਅੰਦਰ ਨਿਵਾਸ ਰਖਦਾ ਹੈ ਉਹ ਤਾਂ ਇਹ ਹੈ ਕਿ ਇਸ ਦੱਸਦੇ ਵੱਸਦੇ ਨਾਨਾ ਰੰਗਾਂ ਦੇ ਜਗਤ ਵਿਚ ਇਕ ਜੋਤੀ ਸਰੂਪ ਨਿਰੰਕਾਰ ਭਰਪੂਰ ਹੈ ਤੇ ਉਹ ਅਕ੍ਰੈ ਸ਼ਕਤੀ ਮਾਤ੍ਰ ਨਹੀਂ ਪਰ ਇਸ ਸਾਰੇ ਨੂੰ ਧਾਰਨ ਕਰ ਰਿਹਾ, ਸੰਭਾਲ ਰਿਹਾ ਤੇ ਤੋਰ ਰਿਹਾ ਕਾਦਰ ਕਰਤਾ ਹੈ। ਉਸ ਦੀ ਪ੍ਰਾਪਤੀ ਦਾ ਮਾਰਗ ਸਤਿਸੰਗ ਨੂੰ ਪ੍ਰਾਪਤ ਹੋਣਾ ਹੈ। ਸਤਿਸੰਗ ਵਿਚ ਉਸ ਹਰੀ ਦੇ ਗੁਣਾਂ ਦਾ ਗਾਇਨ (ਕੀਰਤਨ) ਹੁੰਦਾ ਹੈ, ਜਿਸ ਤੋਂ ਉਸ ਨਾਲ ਪ੍ਰੇਮ ਲਗਦਾ ਤੇ ਮੇਲ ਹੁੰਦਾ ਹੈ। ਸਤਿਸੰਗ ਤੇ ਕੀਰਤਨ ਵਿਚੋਂ 'ਨਾਮ' ਦੀ ਸੋਝੀ ਪੈਂਦੀ ਹੈ। ਨਾਮ ਪ੍ਰੇਮ ਹੈ ਨਾਮ ਹੀ ਜੀਵਨ ਦਾ ਆਧਾਰ ਹੈ।

ਭਰਥਰਿ-ਸਿੱਧ ਪੁੱਛਣਾ ਚਾਹੁੰਦੇ ਹਨ ਕਿ ਸੰਸਾਰਕ ਬੰਧਨ ਤੇ ਕਾਮਾਦਿ ਵਿਕਾਰਾਂ ਤੋਂ ਪਾਰ ਉਤਾਰਾ ਕੀਕੂੰ ਹੁੰਦਾ ਹੈ? ਅਸੀਂ ਤਾਂ ਨੇਤੀ ਧੋਤੀ ਕਰਕੇ ਮੈਲਾਂ ਦੂਰ ਕਰਦੇ ਹਾਂ, ਜਗਤ ਨਾਲ ਨੇਹੁ ਤੋੜਕੇ ਬੰਧਨਾਂ ਤੋਂ ਛੁਟਦੇ ਹਾਂ, ਆਪ ਦੇ ਮਾਰਗ ਵਿਚ ਕਿਵੇਂ ਖਲਾਸੀ ਹੁੰਦੀ ਹੈ।

ਗੁਰੂ ਜੀ-ਇਕ ਤਾਂ ਗੁਰੂ ਦਾ ਉਪਦੇਸ਼ ਅਰਥਾਤ ਗੁਰੂ ਦੀ ਦਿੱਤੀ ਗੁਰਮਤਿ ਇਨ੍ਹਾਂ ਤੋਂ ਦੁਰਮਤਿ ਨੂੰ ਛੁਡਾਉਂਦੀ ਹੈ, ਦੂਜੇ ਸਤਿਸੰਗ ਦੀ ਵਾੜ ਵਿਕਾਰਾਂ ਦੀ ਰਾਖੀ ਹੈ, ਅਤੇ ਜੋ ਮੈਲਾਂ ਪਹਿਲੇ ਲਗ ਰਹੀਆਂ ਹਨ ਉਹ ਬੀ ਸਤਿਸੰਗ ਦੇ ਸਰੋਵਰ ਵਿਚ ਧੋਪਦੀਆਂ ਹਨ। ਕਿਉਂਕਿ ਉਥੇ ਹਰੀ ਦੇ ਗੁਣ ਗਾਇਨ ਹੁੰਦੇ ਹਨ, ਗੁਣਾਂ ਦੇ ਗਾਇਨ ਨਾਲ ਮੈਲ ਉਤਰਦੀ ਹੈ। ਸੋ ਅਗਲੀਆਂ ਸਹੇੜੀਆਂ ਮੈਲਾਂ ਤੇ 'ਜਤਨ ਕਰਦਿਆਂ ਬੀ ਉਤੋਂ ਰੋਜ਼ ਪੈ ਜਾਂਦੀਆਂ ਮੈਲਾਂ 'ਸਤਿਸੰਗ ਸਰੋਵਰ ਧੋਂਦਾ ਹੈ। ਸਤਿਸੰਗ ਦਾ ਸਰੋਵਰ ਕਦੇ ਮੈਲਾ ਨਹੀਂ ਹੁੰਦਾ, ਇਸ ਕਰਕੇ ਮੈਲ ਧੋਣ ਨੂੰ ਸਦਾ ਸਮਰਥ ਰਹਿੰਦਾ ਹੈ।

ਭਰਥਰਿ-ਜੋਗੀ ਪੁੱਛਦੇ ਹਨ ਕਿ ਤਿਆਗੀ ਨੂੰ ਤਾਂ ਬੋਲਣ ਦੀ ਲੋੜ ਨਹੀਂ ਪੈਂਦੀ ਤੇ ਤੁਸਾਂ ਦਾ ਤਾਂ ਮਾਰਗ ਹੈ ਸਿਮਰਨ ਤੇ ਜਪ, ਉਹ ਜੀਭ ਦਾ ਹੀ ਕੰਮ ਹੈ। ਫਿਰ ਤੁਸੀਂ ਮੋਨੀ ਕਰਕੇ ਜਗਤ ਨੂੰ ਸਿਮਰਨ ਵਿਚ ਲਾਉਂਦੇ ਹੋ ਜਾਂ ਕਿਸੇ ਹੋਰ ਰੀਤਿ ਨਾਲ?

ਗੁਰੂ ਜੀ-ਅਸੀਂ ਸਿਮਰਨ ਦੇ ਪ੍ਰੇਮੀ ਨੂੰ ਆਖਦੇ ਹਾਂ: ਭਾਈ ਬ੍ਰਿਥਾ ਗੱਲਾਂ ਗੱਪਾਂ ਵਿਚ ਸਮਾਂ ਨਾ ਵੰਞਾਓ, ਬੋਲੋ ਪਰ ਲੋੜ ਦਾ ਬੋਲੋ ਤੇ ਬਾਕੀ ਸਾਰਾ ਸਮਾਂ ਹਰੀ ਗੁਣ ਗਾਓ। ਐਉਂ ਨਾਮ ਭੀ ਜਪ ਹੋ ਜਾਂਦਾ ਹੈ ਤੇ ਸੰਸਾਰ ਦਾ ਵਿਹਾਰ ਬੀ ਤੁਰਦਾ ਰਹਿੰਦਾ ਹੈ। ਫਿਰ ਅੱਗੇ ਚੱਲਕੇ ਸਿਮਰਨ ਆਪੂੰ ਜਦ ਟੁਰ ਪੈਂਦਾ ਹੈ ਤਦ ਉਸ ਦਾ ਆਪਣਾ ਸੁਆਦ ਹੀ ਪ੍ਰੇਮੀ ਨੂੰ ਬਹੁਤ ਬੋਲਣ ਤੋਂ ਵਰਜ ਲੈਂਦਾ ਹੈ।

ਭਰਥਰਿ-ਜੋਗੀ ਕਹਿੰਦੇ ਹਨ ਕਿ ਅਸੀਂ ਅਪਣੇ ਮਾਰਗ ਵਿਚ ਤੁਰਦੇ ਦਸਮ ਦੁਆਰ ਵਿਚ ਟਿਕ ਕੇ ਸੁੰਨ ਵਿਚ ਸਮਾ ਜਾਂਦੇ ਹਾਂ। ਤੁਸੀਂ ਵਲੇਵਿਆਂ ਦੇ ਵਿਚ ਬੈਠਿਆਂ ਨੂੰ ਸਾਧਨ ਕਰਵਾਉਂਦੇ ਹੋ?ਐਉਂ ਸੁੰਨ ਵਿਚ ਸਮਾਧੀ ਕੀਕੂੰ ਕਰਵਾਉਂਦੇ ਹੋ?

ਗੁਰੂ ਜੀ-ਜਿਸ ਸੁੰਨ ਵਿਚ ਤੁਸੀ ਸਮਾਉਂਦੇ ਹੋ ਉਸ ਨੂੰ ਤੁਸੀਂ ਸ਼ੂੰਨਤਾ ਮੰਨਦੇ ਹੋ, ਅਣਹੋਂਦ ਤੁੱਲ ਕੋਈ ਦਸ਼ਾ। ਅਸੀਂ ਜਿਸ ਨੂੰ ਸ਼ੂੰਨ ਕਹਿੰਦੇ ਹਾਂ ਉਹ ਸ਼ੂੰਨਤਾ ਨਹੀਂ, ਉਹ ਹੈ 'ਹੋਂਦ' ਅਰ ਉਹ ਹੋਂਦ ਵਿਆਪਕ ਹੈ। ਜਿਸ ਤਰ੍ਹਾਂ ਕਿ ਪ੍ਰਕਾਸ਼ ਹੈ ਉਹਦਾ ਪ੍ਰਤਿਬਿੰਬ ਜਲਾਂ ਤੇ ਪੈ ਕੇ ਜਲ ਨੂੰ ਪ੍ਰਕਾਸ਼ਦਾ ਹੈ


www.sikhbookclub.com

ਇਸਤਰ੍ਹਾਂ ਉਹ ਸਾਡੀ ਸੁੰਨ ਜੋ ਹੈ 'ਹੋਂਦ' ਹੈ ਫਿਰ ਪ੍ਰਕਾਸ਼ ਸਰੂਪ ਹੈ। ਹਰੀ ਕੀਰਤਨ ਨਾਲ ਨਿਰਮਲ ਹੋਏ ਹਿਰਦਿਆਂ ਵਿਚ ਉਹ ਪ੍ਰਕਾਸ਼ ਵਾਂਙੂ ਸਮਾਉਂਦੀ ਹੈ। ਅਸੀਂ ਸੁੰਨ ਵਿਚ ਸਮਾਕੇ ਅਣਹੋਂਦ ਨਹੀਂ ਹੋ ਜਾਂਦੇ; ਸੁੰਨ ਸਾਡੇ ਵਿਚ ਵਿਆਪਕ ਹੋਕੇ ਵਰਤਦੀ ਹੈ। ਅਰਥਾਤ ਉਹ ਸੁੰਨ ਨਿਰੰਕਾਰ ਹੈ ਜੋ ਨਿਰਮਲ ਹਿਰਦਿਆਂ ਪਰ ਪ੍ਰਤੀਬਿੰਬਤਿ ਹੁੰਦਾ ਹੈ। ਸੁੰਨ ਦਾ ਭਾਵ ਅਣਹੋਂਦ ਨਹੀਂ, ਪਰ 'ਨਿਰਅਕਾਰਤਾ ਵਾਲੀ ਵਯਾਪਕ ਹੋਂਦ, ਮਾਯਾ ਛਾਯਾ ਤੋਂ ਨਿਰੰਜਨ' ਜੋ ਗਯਾਨ ਸਰੂਪਾ ਹੈ।

ਭਰਥਰਿ-ਅਸੀਂ ਜਦ ਹਠ ਜੋਗ ਕਰਕੇ ਬੈਠਦੇ ਹਾਂ ਤਾਂ ਇਕ ਧਾਰਾ ਚੋਂਦੀ ਹੈ, ਉਹ ਅੰਮ੍ਰਿਤ ਧਾਰਾ ਤੁਸਾਡੇ ਕਿਵੇਂ ਪੈਂਦੀ ਹੈ?

ਗੁਰੂ ਜੀ-ਜੋ ਧਾਰਾ ਅੰਮ੍ਰਿਤ ਦੀ ਅੰਦਰ ਕੋਈ ਗੁੱਝੀ ਹੈ, ਉਹ ਇਕਾਗ੍ਰਤਾ ਹੋ ਜਾਣ ਤੇ ਆਪੇ ਚੋਏਗੀ। ਪਰ ਅਸੀਂ ਜਾਣਦੇ ਹਾਂ ਕਿ ਸਰੀਰ ਦੇ ਪੰਜ ਪ੍ਰਸਿੱਧ ਰਸ ਹਨ ਤੇ ਦੋ ਅੰਦਰਲੇ ਰਸ-ਮਨ ਦੇ ਤੇ ਬੁੱਧੀ ਦੇ-ਹਨ, ਇਨ੍ਹਾਂ ਸੱਤਾਂ ਵਿਚ ਪ੍ਰਤੀਬਿੰਬ ਤਾਂ ਸਾਡੇ ਨਿਰੰਕਾਰ ਦੇ ਆਤਮ ਰਸ ਦਾ ਹੀ ਪੈਂਦਾ ਹੈ ਨਾਂ। ਇਨ੍ਹਾਂ ਰਸਾਂ ਵਿਚ ਜੋ ਭੁਲੇਵਾ ਹੈ ਸੋ ਅਸੀਂ ਦੂਰ ਕਰਦੇ ਹਾਂ, ਸਰੀਰਕ ਹਿੱਸਾ ਵਿਚੋਂ ਵਿੱਤ੍ਰੇਕ ਕਰਕੇ ਵੱਖ ਕਰਦੇ ਹਾਂ, ਫਿਰ ਸ਼ੁੱਧ ਅੰਸ਼ ਜੋ ਰਸ ਦੀ ਹੈ, ਉਸ ਨੂੰ ਨਿਖੇੜ ਲੈਂਦੇ ਹਾਂ, ਐਉਂ ਅਸੀਂ ਜੋ ਸ਼ਰੀਰਕ ਰਸਾਂ ਵਿਚੋਂ ਆਤਮ ਰਸ ਅਲੱਗ ਅਨੁਭਵ ਕਰਕੇ ਉਸ ਮਹਾਂ ਰਸ ਵਿਚ ਸਦਾ ਆਨੰਦ ਰਹਿੰਦੇ ਹਾਂ।

ਭਰਥਰਿ-ਸਾਧਨ ਕੀ?

ਗੁਰੂ ਜੀ-ਨਾਮ।

ਭਰਥਰਿ-ਜੋਗੀ ਸਾਧਨ ਸਾਧਕੇ, ਕਾਂਇਆਂ ਮਾਂਜਕੇ ਸੈਂਕੜੇ ਬਰਸ ਜੀਉਂਦੇ ਹਨ। ਤੁਸਾਡੇ ਅਨੁਯਾਈ ਕਾਲ ਨੂੰ ਕੀਕੂੰ ਫਤੇ ਕਰਦੇ ਹਨ?

ਗੁਰੂ ਜੀ-ਸਾਡੇ ਰਾਹੇ ਟੁਰਨ ਵਾਲੇ ਨਾਮ ਦਾ ਜਦ ਸਿਮਰਣ ਕਰਦੇ ਹਨ ਤਾਂ ਸੱਚ ਦਾ ਬ੍ਰਤ ਧਾਰਨ ਕਰਦੇ ਹਨ। ਨਾਮ ਸਾਰੀਆਂ ਮੈਲਾਂ ਨੂੰ ਧੋਂਦਾ ਹੈ। ਸੱਚ ਪਹਿਲੀ ਸੁਚ ਹੈ ਜੋ ਨਾਮ ਨਾਲ ਅੰਦਰ ਜਾਗਦੀ ਹੈ। ਸੋ ਨਾਮ ਪ੍ਰੇਮੀ ਇਕ ਤਾਂ ਬ੍ਰਤ ਧਾਰਦੇ ਹਨ ਕਿ ਅਸੀਂ ਸੱਚ ਤੇ ਟਿਕਾਂਗੇ, ਦੂਸਰੇ ਨਾਮ ਕੱਟਦਾ ਹੈ ਝੂਠ ਨੂੰ, ਐਉਂ ਅੰਦਰਲਾ ਸੱਚ ਪ੍ਰਗਟ ਹੋ ਆਉਂਦਾ ਹੈ। ਇਹ ਜੋ ਸੱਚ ਦੀ ਪ੍ਰਾਪਤੀ' ਹੈ, ਕਾਲ ਤੇ ਫਤੇ ਹੈ। ਸੱਚ ਨੂੰ ਅਨੁਭਵ ਕਰਨ ਵਾਲਾ ਹੁਣ ਦੀ ਛਿਨ ਵਿਚ 'ਹੋਂਦ ਦੀ ਪ੍ਰਤੀਤੀ' ਤੇ ਟਿਕਦਾ ਹੈ, ਉਸ ਨੂੰ ਬੀਤ ਗਏ ਤੇ ਆਉਣ ਵਾਲੇ ਸਮੇਂ ਦੇ ਫਿਕਰ ਨਹੀਂ ਮਾਰਦੇ, ਕਿਉਂਕਿ ਜੋ ਲਗਾਤਾਰ ਰੌ ਅੰਦਰ ਪਈ ਹੈ, ਉਹ ਹਰ ਛਿਨ ਸਿਮਰਨ ਵਿਚ ਰੱਖ ਰਹੀ ਹੈ। ਸਮੇਂ ਤਿੰਨ ਹਨ: ਭੂਤ (ਬੀਤ ਗਿਆ), ਵਰਤਮਾਨ (ਹੁਣਦਾ), ਭਵਿੱਖਤ (ਆਉਣ ਵਾਲਾ)। ਭੂਤ ਵਰਤਮਾਨ ਵਿਚ ਤੇ ਵਰਤਮਾਨ ਭਵਿੱਖਤ ਵਿਚ ਪਰੋਤਾ ਪਿਆ ਹੈ। ਸੋ ਨਾਮੀ ਪੁਰਖ 'ਹੁਣ' ਦੀ ਛਿਨ ਵਿਚ ਨਾਮ ਜਪ ਰਿਹਾ ਹੈ, ਉਸ ਦੀ ਇਹ ਛਿਨ ਜਦ ਭੂਤ ਕਾਲ ਬਣੇਗੀ ਉਹ ਨਾਮ ਵਿਚ ਭਰੀ ਗਈ ਹੋਵੇਗੀ ਤੇ ਉਸ ਦੀ ਹੁਣ ਦੀ ਛਿਨ ਨਾਮ ਵਿਚ ਭਰੀ ਪਈ ਹੈ, ਸੋ ਉਸ ਦਾ ਵਰਤਮਾਨ ਨਾਮ ਨਾਲ ਭਰਪੂਰ ਹੈ ਫਿਰ ਉਸ ਦੇ ਭਵਿੱਖਤ ਕਾਲ ਦੀ ਹਰ ਛਿਨ ਨੇ ਵਰਤਮਾਨ ਬਣਨਾ ਹੈ ਜਿਸ ਵਿਚ ਉਸ ਨੇ ਨਾਮ ਜਪਣਾ ਹੈ। ਤਿੰਨੇ ਕਾਲ ਇਕ ਨਾਮ ਵਿਚ ਰਹਿਣ ਕਰਕੇ ਨਾਮੀ ਪੁਰਖ ਤ੍ਰੈਹਾਂ ਕਾਲਾਂ ਦੀ ਵਿੱਥ ਮੇਟ ਲੈਂਦਾ ਹੈ। ਸੋ ਉਹ 'ਹੁਣ ਦੀ ਛਿਨ' ਨੂੰ ਵਿਸਾਰੇ ਵਿਚ ਨਾ ਸਿੱਟਣ ਕਰਕੇ ਤਿੰਨਾਂ ਕਾਲਾਂ ਵਿਚ ਅਮਰ ਹੋ ਗਿਆ ਹੈ। ਬਾਕੀ ਰਿਹਾ ਸਰੀਰ, ਇਹ ਚੋਲਾ ਹੈ, ਕਦੀ ਪਹਿਨ ਲਿਆ ਕਦੀ ਲਾਹ ਦਿੱਤਾ। ਗੁਰਮੁਖਿ ਆਵੈ ਜਾਇ ਨਿਸੰਗੁ॥' ਤੁਸੀਂ ਜੋ ਵੱਡੀ ਉਮਰਾ ਕਰਦੇ ਹੋ ਤੇ ਪ੍ਰਾਣ ਚਾੜ੍ਹਕੇ ਬਹਿ ਰਹਿੰਦੇ ਹੋ ਇਸ ਦਾ ਕੀ ਗੁਣ ਹੈ? ਸੁੰਨ ਵਿਚ ਬਹਿ ਰਹਿਣ ਨਾਲ ਮਨ ਸ਼ਰੀਰਕ ਰਸ ਤਾਂ ਮਾਣ ਨਹੀਂ ਰਿਹਾ ਤੇ ਆਤਮ ਰਸ ਲਈ ਸ਼ੂਨਯ ਹੋ ਗਿਆ, ਫਿਰ ਲਾਭ ਕੀਹ? ਬੇਹੋਸ਼ੀ ਦੇ ਜੀਵਨ ਤੇ ਮੌਤ ਵਿਚ ਕੋਈ ਫਰਕ ਵਡਾ ਨਹੀਂ ਦ੍ਰਿਸ ਪੈਂਦਾ। ਕਾਲ ਦਾ ਜਿੱਤਣਾ ਇਕ ਤਾਂ ਇਹ ਹੈ ਕਿ ਕਾਲ ਦੀਆਂ ਤ੍ਰੈ ਵੰਡਾਂ ਦੀਆਂ ਸੰਧਾਂ ਨੂੰ ਮੇਲਕੇ ਚਿਤ ਲਗਾਤਾਰਤਾ ਵਿਚ ਚਲਾ ਜਾਏ। ਦੂਸਰੇ ਕਾਲ ਨੂੰ ਜਿੱਤਣਾ ਹੈ-ਜਨਮ ਮਰਨ ਤੋਂ ਰਹਿਤ ਹੋਕੇ ਚਰਨ ਸ਼ਰਨ ਵੱਸਣਾ-ਉਹ ਬੀ ਨਾਮ ਦਾ ਹੀ ਫਲ ਹੈ!

ਇਕ ਹੋਰ ਜੋਗੀ ਜੋ ਜ਼ਰਾ ਗੁੱਸੇ ਵਾਲਾ ਸੀ ਕਾਹਲਾ ਹੋਕੇ ਬੋਲਿਆ:-ਹੇ ਭਰਥਰਿ ਜੀਓ ! ਪੁੱਛੋ ਨੇ ਕਿ ਤੁਸਾਡੇ ਮਾਰਗ ਵਿਚ ਕ੍ਰੋਧ ਨੂੰ ਸਾੜਨ ਦੀ ਬੀ ਜੁਗਤੀ ਕੋਈ ਹੈ?

ਗੁਰੂ ਜੀ-ਜਦੋਂ ਸਾਡੀ ਮਰਜ਼ੀ ਦੇ ਉਲਟ ਕੋਈ ਗੱਲ ਹੁੰਦੀ ਹੈ ਤੇ ਸਾਡੇ ਚਾਹੁਣ ਯਾ ਕਹਿਣ ਮਾਤ੍ਰ ਨਾਲ ਕੋਈ ਸਾਡੇ ਅਨੁਕੂਲ ਨਹੀਂ ਹੁੰਦਾ ਤਾਂ ਕ੍ਰੋਧ ਆਉਂਦਾ ਹੈ। ਦੂਜੇ ਜਿਸ ਗੱਲ ਵਿਚ ਅਸੀਂ ਪੂਰੇ ਸਿਆਣੇ ਨਹੀਂ ਹੁੰਦੇ ਤੇ ਮਗਰ ਲੱਗਣ ਵਾਲਾ ਭੁੱਲ ਕਰਦਾ ਹੈ ਤਾਂ ਅਸੀਂ ਕ੍ਰੋਧ ਕਰਕੇ ਡਾਂਟਦੇ ਹਾਂ। ਐਉਂ ਚੇਲਿਆਂ ਪਰ ਗੁੱਸੇ ਚੜ੍ਹਦੇ ਹਨ! ਯਾ ਐਉਂ ਸਮਝੋ ਕਿ ਸਾਡੇ ਹੰਕਾਰ ਦੇ ਅੱਗੇ ਜਦ ਕੋਈ ਰੋਕ ਪੈਂਦੀ ਹੈ ਤਦ ਸਾਡਾ ਹੰਕਾਰ ਕ੍ਰਿਯਾਮਾਨ ਹੁੰਦਾ ਹੈ, ਉਸੇ ਨੂੰ ਕ੍ਰੋਧ ਆਖਦੇ ਹਨ! ਇਸ ਨੂੰ ਵੱਸ ਕਰਨ ਦੀ ਸਾਡੇ ਮਾਰਗ ਵਿਚ ਇਹ ਜੁਗਤਿ ਹੈ ਕਿ ਅਸੀਂ ਮਨ ਦੀ ਮੱਤਿ ਨੂੰ ਤਿਆਗਣ ਦਾ ਨੇਮ ਕਰਦੇ ਹਾਂ, ਕਿਉਂਕਿ ਮਨ ਹੀ ਹੈ ਨਾ ਹਉਂ ਦਾ ਸੰਦ। ਮਨ ਦੀ ਮਤਿ ਹੀ ਹੈ ਨਾਂ ਅਹੰਕਾਰ ਨੂੰ ਅਟਕਾਉ ਪੈਣ ਵੇਲੇ ਜੋਸ਼ ਦੇਕੇ ਕ੍ਰਿਯਾਮਾਨ ਕਰਨੇ ਵਾਲੀ! ਸੋ ਅਸੀਂ ਗੁਰੂ ਦੀ ਮੱਤਿ ਪਰ ਟੁਰਨੇ ਦਾ ਨੇਮ ਧਾਰਦੇ ਹਾਂ, ਸਤਿਗੁਰ ਦਾ ਉਪਦੇਸ਼ ਚਿਤਾਰਦੇ ਹਾਂ, ਉਹ ਇਹ ਹੈ ਕਿ ਦੂਸਰਿਆਂ ਨਾਲ ਖਿਮਾ ਦੀ ਵਰਤਣ ਧਾਰੋ। ਆਪਣੇ ਵਿਚ ਜਾਣਨ ਦੀ ਕਸਰ ਨੂੰ ਆਪਣਾ ਅਵਗੁਣ ਸਮਝਕੇ ਦੂਏ ਤੇ ਗੁੱਸਾ ਨਾ ਕਰੋ। ਦੂਏ ਦੀ ਭੁੱਲ ਦੂਏ ਦੀ ਕਮਜ਼ੋਰੀ ਸਮਝਕੇ ਝੱਲੋ। ਜੇ ਕੋਈ ਤੁਸਾਡੇ ਅਹੰਕਾਰ ਅੱਗੇ ਰੋਕ ਪਾਉਂਦਾ ਹੈ, ਉਹ ਮੂਰਖ ਹੈ ਤਾਂ ਉਸ ਨੂੰ ਉਚੀ ਅਕਲ ਨਾਲ ਜਿੱਤੋ, ਅਰਥਾਤ ਕ੍ਰੋਧ ਅਗੇ ਖਿਮਾ ਧਾਰਕੇ ਦਾਨਾਈ ਨਾਲ ਕਾਰਜ ਕਰੋ। ਨਿਤਾਣੇ ਨਾ ਹੋ ਜਾਵੋ, ਪਰ ਪਸ਼ੂ ਬੀ ਨਾ ਬਣੋ; ਬੁੱਧੀ ਨੂੰ ਵਰਤੋ। ਸਤਿਗੁਰ ਦੀ ਮਤਿ ਇਹ ਹੈ ਕਿ ਖਿਮਾ ਵੱਡਾ ਬ੍ਰਤ ਹੈ[੧], ਕ੍ਰੋਧ ਅਗਨਿ ਹੈ, ਸਾੜਦਾ ਹੈ। ਅਗਨਿ ਸੜ ਸਕਣ ਵਾਲੇ ਪਦਾਰਥਾਂ ਨੂੰ ਸਾੜਦੀ ਹੈ, ਜਿਥੇ ਖਿਮਾ ਦਾ ਬ੍ਰਤ ਹੈ ਉਥੇ ਸੜਣ ਵਾਲਾ ਪਦਾਰਥ ਹੀ ਕੋਈ ਨਹੀਂ! ਫਿਰ ਨਿੱਤ ਦੀ ਵਰਤੋਂ ਜਗਯਾਸੂ ਨੂੰ ਦੱਸੇਗੀ ਕਿ ਕਈ ਵੇਰ ਨਾਮ ਦਾ ਰਸ ਕ੍ਰੋਧ ਨਾਲ ਢਿੱਲਾ ਪੈ ਜਾਂਦਾ ਹੈ, ਫਿਰ ਵਰਤੋਂ ਹੀ ਦੱਸਦੀ ਹੈ ਕਿ ਸਤਿਗੁਰ ਦੀ ਮਤਿ ਤੇ ਟੁਰਿਆਂ ਰਸ ਕਾਇਮ ਰਹਿੰਦਾ ਹੈ, ਪਰ ਮਨਮਤਿ ਨਾਲ ਕੀਤੇ ਕ੍ਰੋਧ ਤੋਂ ਰਸ ਟੁੱਟਦਾ ਹੈ। ਸਤਿਗੁਰ ਦੀ ਮਤਿ ਖਿਮਾ ਹੈ, ਮਨ ਦੀ ਮਤਿ ਕ੍ਰੋਧ ਹੈ। ਇਹ ਨਾਂ ਸਮਝੋ ਕਿ ਖਿਮਾ ਨਿਤਾਣਿਆਂ ਦਾ ਕੰਮ ਹੈ, ਨਹੀਂ, ਖਿਮਾਂ ਵਾਲੇ ਦਾ ਮਨ ਤਕੜਾ ਤੇ ਉੱਚਾ ਹੁੰਦਾ ਹੈ। ਨਾਮ ਅੱਭਯਾਸ ਨਾਲ ਜੋ ਮਨ ਉਚਯਾਣ ਪ੍ਰਾਪਤ ਕਰਦਾ ਹੈ, ਉਸ ਉਚਯਾਣ ਦੀ ਵਿਸ਼ਾਲ ਦ੍ਰਿਸ਼ਟੀ ਵਿਚ ਖ਼ਿਮਾ ਵਸਦੀ ਹੈ, ਜੋ ਗੁਰੂ ਦੀ ਦਿੱਤੀ ਬੁੱਧੀ ਨਾਲ ਆਪੇ ਨੂੰ ਕ੍ਰੋਧ ਦੀ ਅੱਗ ਨਾਲ ਸੜਨ ਨਹੀਂ ਦੇਂਦੀ।

ਭਰਥਰਿ-ਜੋਗੀ ਸਮਾਧੀ ਲਾਗਾਉਂਦੇ ਹਨ, ਆਪ ਭੀ ਸਮਾਧੀ ਲਾਗਾਉਂਦੇ ਹੋ?

ਗੁਰੂ ਜੀ-ਨਾਮ ਸਿਮਰਣ ਨਾਲ ਚਿੱਤ ਵਿਚ ਇਕ ਉੱਚਯਤਾ ਦੀ ਪ੍ਰਤੀਤੀ ਉਪਜਦੀ ਹੈ। ਇਸ ਵੇਲੇ ਜਿਸਨੂੰ ਤੁਸੀਂ ਦਸਮ ਦੁਆਰ ਕਹਿੰਦੇ ਹੋ ਸੁਰਤ ਸੁਤੇ ਹੀ ਓਥੇ ਹੁੰਦੀ ਹੈ। ਇਸ ਉੱਚ ਪ੍ਰਤੀਤੀ ਨੂੰ, ਜੋ ਅਹੰਕਾਰ ਨਹੀਂ ਹੁੰਦੀ, ਉਨਮਨ ਬੀ ਆਖਦੇ ਹਾਂ ਤੇ ਗਗਨ ਨਿਵਾਸ ਬੀ ਕਹਿੰਦੇ ਹਾਂ ਹਰ ਵੇਲੇ ਸਿਮਰਨ ਦੀ ਰੌ ਜਦ ਅੰਦਰ ਉਤਰ ਜਾਂਦੀ ਹੈ, ਜਾਂ ਇਉਂ ਕਹੋ ਕਿ ਨਾਮ ਪ੍ਰਾਣਾਂ ਵਿਚ ਵੱਸ ਜਾਂਦਾ ਹੈ, ਜਾਂ ਇਉਂ ਕਹੋ ਕਿ ਨਾਮ ਸੁਰਤ ਨੂੰ ਦਸਮ ਦੁਆਰ ਲੈ ਜਾਂਦਾ ਹੈ, ਯਾ ਇਉਂ ਕਹੋ ਕਿ ਸਾਡੇ ਮਨ ਦੇ ਹੇਠਾਂ ਜੋ ਅਗਯਾਤ ਗਯਾਤ ਹੈ, ਸਾਂਈਂ ਦਾ ਨਾਮ ਉਸ ਵਿਚ ਸੰਚਿਤ ਹੁੰਦਾ ਆਪਣੇ ਰਸ ਦੇ ਸੰਸਕਾਰਾਂ ਨਾਲ ਉਸ ਨੂੰ ਭਰ ਦੇਂਦਾ ਹੈ, ਤਦ ਜੋ ਲਗਾਤਾਰੀ ਰੌ ਇਸ ਪ੍ਰਤੀਤੀ ਦੀ ਜਾਰੀ ਹੋ ਜਾਂਦੀ ਹੈ ਉਹ ਸਾਡੀ ਲਿਵ ਹੈ। ਕਿਉਂਕਿ ਉਹ ਸਹਿਜ ਅਵਸਥਾ ਹੈ, ਰਸ ਅਵਸਥਾ ਹੈ, ਉਸ ਵਿਚ ਜ਼ੋਰ, ਆਲਸ, ਤੰਦ੍ਰਾ ਨਹੀਂ, ਉਹ ਰਜੋ ਤਮੋ ਨਹੀਂ ਹੈ, ਇਸ ਕਰਕੇ ਸਮਝ ਲਓ ਕਿ ਲਿਵ ਇਕ ਲਗਾਤਾਰੀ ਸਮਾਧੀ ਹੈ। ਹੋਰ ਸਮਾਧੀਆਂ ਬੈਠਣ ਕਾਲ ਤੱਕ ਹੁੰਦੀਆਂ ਹਨ। ਜਿਨ੍ਹਾਂ ਵਿਚ ਬੈਠਿਆਂ ਮਨ ਲਗਦਾ ਹੈ ਤੇ ਉਥਾਨਕਾਲ ਵਿਚ ਮਨ ਸਮਾਧੀ ਵਿਚ ਨਹੀਂ ਰਹਿੰਦਾ। ਇਹ ਗਗਨ ਨਿਵਾਸੀ ਲਗਾਤਾਰੀ ਸਮਾਧੀ ਹੈ। ਅਸੀਂ ਇਸ ਨੂੰ 'ਸਹਿਜ ਸਮਾਧੀ'

---

[੧] ਖਿਮਾ ਗਹੀ ਬ੍ਰਤੁ ਸ਼ੀਲ ਸੰਤੋਖੰ॥ {ਗਉੜੀ ਮ:੧}

ਕਹਿੰਦੇ ਹਾਂ। ਇਸ ਸਮਾਧੀ ਵਾਲਾ ਕੰਮ ਕਾਜ ਨਹੀਂ ਛੱਡ ਬੈਠਦਾ ਤੇ ਨਾ ਹੀ ਜੜ੍ਹ ਅੱਕ੍ਰੈ ਹੋ ਜਾਂਦਾ ਹੈ।

ਭਰਥਰਿ-ਫਿਰ ਸਮਾਧੀ ਤੋਂ ਅੱਗੇ ਪਰਮ ਪਦ ਦੱਸੀਦਾ ਹੈ, ਤੁਸਾਡਾ ਉਹ ਕਿਵੇਂ ਹੈ?

ਗੁਰੂ ਜੀ-ਤੁਸਾਂ ਦਾ ਪਰਮ ਪਦ ਤਾਂ ਸਿੱਧੀਆਂ ਤਕ ਹੈ ਯਾ ਇਸ ਤੋਂ ਅੱਗੇ ਵਧਣ ਵਾਲੇ ਦਾ ਅਸੰਪ੍ਰਗਜਾਤ ਸਮਾਧੀ ਯਾ ਕੇਵਲ ਹੈ। ਅਰਥਾਤ ਆਪੇ ਵਿਚ ਜੁੜ ਯਾ ਟਿਕ ਜਾਣਾ[੧]। ਸਾਡਾ ਪਰਮਪਦੁ ਹੈ ਵਾਹਿਗੁਰੂ ਜੀ ਦੇ ਵਜੂਦ ਨਾਲ ਨਿਰੰਤਰ ਛੁਹ ਵਿਚ ਚਲੇ ਜਾਣਾ। ਇਹ ਛੁਹ ਪਰਮਪਦ ਦੀ ਪ੍ਰਾਪਤੀ ਐਉਂ ਸਦਾਉਂਦੀ ਹੈ ਕਿ ਜਿਵੇਂ ਧਾਤ, ਤ੍ਰਾਮਾ, ਲੋਹਾ ਜਤਨ ਕਰਕੇ ਪਾਰਸ ਛੁਹ ਪਾ ਲਵੇ ਤਾਂ ਉਹ ਛੁਹ ਉਸ ਨੂੰ ਸੋਨਾ ਕਰ ਦੇਂਦੀ ਹੈ! ਇਸ ਤਰ੍ਹਾਂ ਸਾਡਾ ਜੀਵ-ਤੱਤ ਜਦ ਕਿਸੇ ਤਰ੍ਹਾਂ ਪਰਮਤੱਤ ਦੀ ਛੁਹ ਵਿਚ ਚਲਾ ਜਾਏ ਤਾਂ ਉਹ ਛੁਹ ਐਸੀ ਹੈ ਕਿ ਜੀਵ-ਤੱਤ ਨੂੰ ਆਪਣੇ ਵਰਗਾ ਕਰ ਲੈਂਦੀ ਹੈ[੨]। ਤਦੋਂ ਸਰੀਰ ਵਿਚ ਰਹਿੰਦੀਆਂ ਨਾਮ ਰਸੀਆ ਆਪਣੇ ਕਰਮਾਂ ਦਾ ਕਰਤਾ ਆਪ ਨਹੀਂ ਰਹਿੰਦਾ, ਉਸ ਵਿਚ ਉਹ ਪਰਮ ਤੱਤ੍ਵ ਕਰਤਾ ਹੋਕੇ ਕੰਮ ਕਰਦਾ ਹੈ, ਜੋ ਕਰਤਾਰ ਕਰੇ ਫਿਰ ਹੁੰਦਾ ਹੈ। ਜਾਂ ਐਉਂ ਸਮਝੋ ਕਿ ਨਾਮ ਪ੍ਰੇਮੀ ਅਪਣੀ ਮਰਜ਼ੀ ਨੂੰ ਉਹਦੀ ਰਜ਼ਾ ਵਿਚ ਸੁਰ ਕਰੀ ਰਖਦਾ ਹੈ, ਇਸ ਸੁਰ ਨੂੰ ਬੇਸੁਰਾ ਨਹੀਂ ਹੋਣ ਦੇਂਦਾ। ਫਿਰ ਜੋ ਰਜ਼ਾ ਦੀ ਤਾਰ ਬੋਲਦੀ ਹੈ ਸੋਈਓ ਮਰਜ਼ੀ ਦੀ ਤਰਬ ਬੋਲਦੀ ਹੈ। ਹੁਣ ਤੁਸੀਂ ਸ਼ਾਯਦ ਪੁੱਛੋ ਕਿ ਤ੍ਰਿਸ਼ਨਾ ਦੀ ਅਥਵਾ ਮਾਇਆ ਦੀ ਅੱਗ ਕਿਵੇਂ ਬੁਝਦੀ ਹੈ? ਜਿਸ ਦੇ ਬੁਝੇ ਬਿਨਾ ਕਿ ਜੀਵ ਤੱਤ ਨਿਰਮਲ ਨਹੀਂ ਹੋ ਸਕਦਾ, ਸੋ ਅਸੀਂ ਇਹ ਜਾਣਦੇ ਹਾਂ ਕਿ ਗੁਰੂ ਰੂਪ ਹਿਮਾਲੇ ਨਾਲ ਮਿਲਿਆਂ ਇਹ ਅਗਨੀ ਆਪੇ ਬੁਝ ਜਾਂਦੀ ਹੈ, ਕਿਉਂਕਿ ਗੁਰੂ ਕੀ ਮਤਿ ਮਾਇਆ ਮੋਹ ਨੂੰ ਹੀ ਤਾਂ ਨਿਵਾਰਦੀ ਹੈ।

ਇਕ ਹੋਰ ਕਾਹਲਾ ਜੋਗੀ-ਭਰਥਰਿ ਜੀ! ਪੁੱਛੋ ਨੇ ਕਿ ਜਦ ਕੋਈ ਮੁੱਢੋਂ ਇਨ੍ਹਾਂ ਦੇ ਮਾਰਗਿ ਟੁਰੇ ਤਾਂ ਉਸ ਦੀ ਹਉਂ ਕਿਵੇਂ ਮਾਰਦੇ ਹਨ? ਨਿੰਮ੍ਰਤਾ ਕਿਵੇਂ ਸਿਖਲਾਦੇ ਹਨ? ਅਸੀਂ ਤਾਂ ਜਗਤ ਨੂੰ ਪਿੱਠ ਦੇਂਦੇ ਸਾਰ ਸਿਰ ਸੁਆਹ ਪਾ ਨਾਲੇ ਪਿੰਡੇ ਤੇ ਬੀ ਮਲ ਲੈਂਦੇ ਹਾਂ ਕਿ ਅਸੀਂ ਭੈੜੇ ਨਜ਼ਰ ਆਵੀਏ ਤੇ ਸਾਡਾ ਮਨ ਆਪੇ ਨੂੰ ਨੀਵਾਂ ਤੇ ਕੋਝਾ ਸਮਝਕੇ ਨਿੰਮ੍ਰਤਾ ਵਿਚ ਰਹੇ?

ਗੁਰੂ ਜੀ-ਅਸੀਂ ਸੇਵਾ ਦਾ ਭਾਵ ਸਿਖ ਦੀ ਸੁਰਤ ਨੂੰ ਸਿਖਾਲਦੇ ਹਾਂ ਕਿ ਜਦ ਤੂੰ ਪਰਮਾਰਥ ਦਾ ਮੁੱਢ ਕੀਤਾ ਹੈ ਤਾਂ ਸਰੀਰ ਨਾਲ ਗੁਰਮੁਖ ਦੀ ਸੇਵਾ ਕਰ। ਜੀਭ ਨਾਲ ਜਪ, ਮਨ ਨਾਲ ਸਿਮਰ, ਇਹ ਵਾਹਿਗੁਰੂ ਜੀ ਦੀ ਸੇਵਾ ਕਰ। ਦੂਜੇ ਦਾ ਭਲਾ ਕਰ ਇਹ ਸ੍ਰਿਸ਼ਟੀ ਦੀ ਸੇਵਾ ਹੈ ਪਰ ਉਂਞ ਸ੍ਰਿਸ਼ਟੀ ਵਿਚ ਵਯਾਪਕ ਦੀ ਇਹ ਸੇਵਾ ਹੈ। ਇਹ ਸੇਵਾ ਦਾ ਭਾਵ ਸਾਡੇ ਵਿਚ ਬਿਭੂਤ ਦਾ ਕੰਮ ਦੇਂਦਾ ਹੈ, ਹਉਂ ਦੂਰ ਕਰਦਾ ਹੈ ਤੇ ਇਸ ਭਾਵ ਨਾਲ ਜਗਿਆਸੂ ਸਫਲਦਾ ਹੈ।

ਦੂਜੇ ਦੀ ਸੇਵਾ ਨਾਲ ਨਿੰਮ੍ਰਤਾ ਆਉਂਦੀ ਹੈ, ਗੁਰਮੁਖ ਦੀ ਸੇਵਾ ਨਾਲ ਅਸੀਸ ਮਿਲਦੀ ਤੇ ਮਨ ਨੂੰ ਨਾਮ ਰੰਗ ਲਗਦਾ ਹੈ ਵਾਹਿਗੁਰੂ ਦੀ ਸੇਵਾ ਨਾਲ ਕਲਿਆਨ ਹੁੰਦੀ ਹੈ।

ਇਕ ਨਵਾਂ ਬਾਲਕਾ (ਭਰਥਰਿ ਵੱਲ ਤੱਕਕੇ)-ਅਸੀਂ ਸਿੰਙ ਵਜਾਕੇ ਨਾਦ ਕਰਦੇ ਹਾਂ, ਉਸ ਨਾਦ ਦੇ ਮਗਰ ਮਨ ਜੁੜਦਾ ਹੈ, ਏਹ ਕਿਵੇਂ ਕਰਦੇ ਹਨ?

ਗੁਰੂ ਜੀ-ਸਿੰਙ ਵਜਾਉਣ ਨਾਲ ਮਨ ਜੁੜਦਾ ਹੋਸੀ! ਪਰ ਦਿਨ ਤੇ ਰਾਤ ਸਵੇਰੇ ਤੇ ਸੰਝਾਂ ਨੂੰ ਘਰ ਘਰ ਵਜਾ ਕੇ ਫਿਰਨਾ ਤਾਂ ਭਿੱਖਿਆ ਮਿਲਣ ਵਿਚ ਸਹਾਈ ਹੁੰਦਾ ਹੈ। ਸਾਡੇ ਸਿਖ ਕਿਰਤ ਕਰਦੇ ਹਨ ਤੇ ਰਜ਼ਾ ਤੱਕਦੇ ਹਨ, ਭਿੱਖਿਆ ਦੀ ਲੋੜ

---

[੧] "ਇਸ (ਭਾਵ ਕੈਵਲ) ਮੈਂ ਦੁਖ ਕੀ ਨਿਬਰਤੀ ਹੋਤੀ ਹੈ ਪਰ ਅਨੰਤ ਸੁਖ ਨਹੀਂ ਮਿਲਤਾ" ਪੁਨਾ-"ਪਾਤੰਜਲ ਕੇ ਮਤ ਮੇਂ ਜੀਵ ਔਰ ਈਸ਼ਵਰ ਭਿੰਨ ਹੈਂ। ਯੋਗ ਕੀ ਜੋ ਚਰਮ ਅਵਸਥਾ ਨਿਰਬੀਜ ਸਮਾਧੀ ਹੈ ਉਸ ਸੇ ਕੇਵਲ ਆਤਮ ਸਾਖਯਾਤਕਾਰ ਹੋਤਾ ਹੈ, ਈਸ਼੍ਵਰ ਪ੍ਰਾਪਤੀ ਹੋਤੀ ਹੈ ਵਾ ਨਹੀਂ ਇਸਕਾ ਸਪਸ਼ਟ ਉਲੇਖ ਨਹੀਂ ਹੈ"। ਪੁਨਾ-"ਪਾਤੰਜਲ ਕੇ ਮਤ ਮੇਂ ਇਸ਼੍ਵਰ ਪ੍ਰਣਿਧਾਨ ਅਸ਼ਟਾਂਗ ਯੋਗ ਕੇ ਬ੍ਰਾਹਿਰੰਗ ਪਾਂਚ ਪ੍ਰਕਾਰ ਕੇ ਨਿਯਮੋਂ ਮੇਂ ਸੇ ਏਕ ਹੈ। ਅਤਿਏਵ ਪਾਤੰਜਲ ਦਰਸ਼ਨ ਮੇਂ ਈਸ਼ਵਰ ਕਾ ਸਥਾਨ ਕੌਣ ਹੈ, ਕਿਉਂਕਿ ਈਸ਼ਵਰ ਪ੍ਰਣਿਧਾਨ ਯੋਗ ਸਿੱਧਿ ਕੇ ਨਾਨਾ ਉਪਾਯੋਂ ਮੇਂ ਸੇ ਏਕ ਉਪਾਯੇਂ ਹੈ"।

ਪੁਨਾ-"ਪਾਤੰਜਲ ਕੇ ਮਤ ਮੇਂ.....ਆਤਮ ਸਾਖਯਾਤਕਾਰ ਲਾਭ ਹੋਤਾ ਹੈ, ਈਸ਼ਵਰ ਸਾਖਯਾਤਕਾਰ ਨਹੀਂ ਹੋਤੇ। "

{ਵਿਸ਼੍ਵਕੋਸ਼ ੧੯, ਪੰ: ੭੧੯. ੧੯, ੨੦}

[੨] ਜੈ ਸਿਉ ਰਾਤਾ ਤੈਸੋ ਹੋਵੈ ॥ {ਆਸਾ ਮ: ੧}

ਚੌਥੇ ਗੁਰਾਂ ਦਾ ਬੀ ਵਾਕ ਹੈ-ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥ {ਵਡ: ਮ:੪}

ਨਹੀਂ ਪੈਂਦੀ ਤੇ ਨਾਦ ਦੇ ਮਗਰ ਮਨ ਜਾਵੇ ਇਸ ਲਈ ਹਰੀ ਕੀਰਤਨ ਸਾਡਾ ਮੁੱਖ ਸਾਧਨ ਹੈ। ਅਸੀਂ ਵਾਹਿਗੁਰੂ ਦੇ ਜਸ ਵਾਲੀ ਨਿਰਮਲ ਬਾਣੀ ਦਾ ਰਾਗ-ਸੰਗੀਤ ਵਿਚ ਕੀਰਤਨ-ਕਰਨਾ ਰੂਪੀ ਨਾਦ ਵਜਾਉਂਦੇ ਹਾਂ।

ਭਰਥਰਿ-ਦਰਸ਼ਨ ਕਿਵੇਂ ਲੈਂਦੇ ਹੋ?

ਗੁਰੂ ਜੀ-ਸਹਿਜ ਦੇ ਰੰਗ ਵਿਚ ਆ ਜਾਣਾ, ਇਹ ਸਾਡਾ ਦਰਸ਼ਨ ਲੈਣਾ ਹੈ।

ਭਰਥਰਿ-ਤੀਰਥ ਪਰਸਦੇ ਹੋ?

ਗੁਰੂ ਜੀ-ਗੁਰੂ ਦੀ ਦਿੱਤੀ ਵੀਚਾਰ ਵਿਚ ਮਨ ਵਿਚ ਆਏ ਅਗਿਆਨਾਂ ਤੇ ਕੁਮਤੀਆਂ ਨੂੰ ਧੋਂਦੇ ਰਹਿੰਦੇ ਹਾਂ, ਇਹ ਸਾਡਾ ਤੀਰਥ ਇਸ਼ਨਾਨ ਹੈ।

ਹੋਰ ਜੋਗੀ (ਭਰਥਰਿ ਨੂੰ)-ਅਸੀਂ ਸ਼ਿਵ ਆਦੀ ਮੂਰਤੀਆਂ ਪੂਜਦੇ ਹਾਂ, ਇਨ੍ਹਾਂ ਦਾ ਪੂਜਣ?

ਗੁਰੂ ਜੀ-ਸਾਡੇ ਅੰਦਰ ਵਾਹਿਗੁਰੂ ਦਾ ਅਸਥਾਨ ਹੈ, ਉਥੇ ਉਸ ਦੀ ਪੂਜਾ ਕਰਦੇ ਹਾਂ। ਉਹ ਅੰਦਰ ਬੈਠਾ ਦੇਵ 'ਜਯੋਤੀ ਸਰੂਪ' ਹੈ, ਪਾਹਨ ਤੇ ਮ੍ਰਿਤਕਾ ਨਹੀਂ। ਸਾਡੀ ਪੂਜਾ ਪਰ ਪ੍ਰਸੰਨ ਹੋਕੇ ਉਹ ਜਯੋਤੀ ਸਰੂਪ ਸਾਡੀ ਜਯੋਤੀ ਨੂੰ ਆਪਣੇ ਵਿਚ ਮਿਲਾਉਣ ਨੂੰ ਸਮਰੱਥ ਹੈ। ਉਸ ਦੇ ਪ੍ਰੇਮ ਵਿਚ ਰਸੀ ਹੋਈ ਸਾਡੀ ਬੁੱਧੀ, ਬ੍ਰਿਤੀ, ਸਾਰੀ ਅੰਤ੍ਰੀਵ ਕਲਾ ਰਸ ਰੂਪ ਹੋ ਜਾਂਦੀ ਹੈ, ਐਉਂ ਹਰੀ ਰਸ ਵਿਚ ਮਗਨ ਉਸ ਤਖਤ ਨਿਵਾਸੀ ਹਰੀ ਮੂਰਤਿ ਵਿਚ ਨਾਮ ਦਾ ਪ੍ਰੇਮੀ ਮਗਨ ਹੋ ਜਾਂਦਾ ਹੈ। ਉਹ ਇਹ ਪ੍ਰੇਮ ਦੀ ਕਾਰ ਆਪਣੇ ਮਾਲਕ ਦੀ ਰਜ਼ਾ ਸਮਝਕੇ ਕਰਦਾ ਹੈ, ਹੋਰ ਉਸ ਸਰਬ ਗਤੀਆਂ ਤੋਂ ਪਰੇ ਮਾਲਿਕ ਨੂੰ ਮਨ ਬੁੱਧੀ ਕਰਕੇ ਕੌਣ ਲਖ ਸਕਦਾ ਹੈ, ਰਜ਼ਾ ਪਰ ਟੁਰਕੇ ਹੀ ਉਸ ਦੀ ਅੰਤ੍ਰਾਤਮੇ ਮੇਲ ਰੂਪੀ ਲੱਖਤਾ ਹੁੰਦੀ ਹੈ:

ਭਰਥਰਿ-ਗ੍ਰਿਹਸਤ ਵਿਚ ਰਹਿਕੇ ਕੀਕੂੰ ਨਿਹਕੇਵਲ ਰਹਿ ਸਕੀਦਾ ਹੈ?

ਗੁਰੂ ਜੀ-ਜਿਵੇਂ ਕਮਲ ਜਲ ਤੋਂ ਉਪਜਦਾ ਤੇ ਜਲ ਦੇ ਵਿਚ ਹੀ ਰਹਿੰਦਾ ਹੈ, ਫੇਰ ਜਲ ਤੋਂ ਦੂਰ ਬੀ ਰਹਿੰਦਾ, ਅਰਥਾਤ ਨਿਰਲੇਪ ਵਸਦਾ ਹੈ। ਜਿਵੇਂ ਸੂਰਜ ਦਾ ਪ੍ਰਤੀਬਿੰਬ ਆਪਣੀ ਜੋਤ ਕਰਕੇ ਜਲ ਵਿਚ ਭਰਪੂਰ ਹੈ, ਪਰ ਦੇਖੋ ਸੂਰਜ ਅਕਾਸ਼ਾਂ ਵਿਚ ਦੂਰ ਹੈ, ਪਰ ਜਲ ਵਿਚ ਤੱਕੋ ਤਾਂ ਆਭਾਸ ਕਰਕੇ ਪੂਰਨ ਦਿੱਸ ਰਿਹਾ ਹੈ, ਤਿਵੇਂ ਨਾਮ-ਪ੍ਰੇਮੀ ਮਾਇਆ ਵਿਚ ਰਚਿਆ ਦਿੱਸਦਾ ਹੈ, ਪਰ ਹੁੰਦਾ ਦੂਰ ਹੈ।

ਹੇ ਭਰਥਰਿ ਜੋਗੀ! ਵਾਹਿਗੁਰੂ ਸਾਰੇ ਪਰੀਪੂਰਣ ਹੈ। ਜੋ ਉਸ ਨੂੰ ਭਾਉਂਦਾ ਹੈ ਸੋ ਹੁੰਦਾ ਹੈ, ਮੈਂ ਉਸ ਦੀ ਰਜ਼ਾ ਸਿਰ ਤੇ ਧਰਦਾ ਟੁਰਦਾ ਹਾਂ, ਉਸ ਨੂੰ ਹਾਜ਼ਰਾ ਹਜ਼ੂਰ ਸਮਝਕੇ ਉਸ ਦੇ ਗੁਣ ਗਾਉਂਦਾ ਹਾਂ ਤੇ ਨਿਰਮਲ ਨਾਮ ਦੇ ਆਸਰੇ ਤੇ ਫਿਰਦਾ ਹਾਂ।

ਭਰਥਰਿ-ਨਿਰਮਲ ਨਾਮ ਕੁਈ ਹੋਰ ਸ਼ੈ ਹੈ ਜੋ ਨਾਮ ਤੋਂ ਵੱਖਰੀ ਹੈ?

ਗੁਰੂ ਜੀ-ਨਹੀਂ ਭਰਥਰਿ ਜੀ ! ਨਿਰੰਕਾਰ ਦਾ ਨਾਮ, ਜੋ ਉਸ ਦੀ ਪ੍ਰਾਪਤੀ ਦੀ ਨਿਰੋਲ ਭਾਵਨਾ ਧਾਰਕੇ ਜਪੀਦਾ ਹੈ ਉਹ ਨਿਰਮਲ ਨਾਮ ਹੈ, ਅਰਥਾਤ ਜਿਸ ਦੇ ਜਪਣ ਵਿਚ ਪ੍ਰੇਮੀ ਸਿਵਾ ਵਾਹਿਗੁਰੂ ਪ੍ਰਾਪਤੀ ਦੇ ਹੋਰ ਕੋਈ ਵਾਸ਼ਨਾਂ ਨਹੀਂ ਧਾਰਦਾ!

---

ਉੱਪਰ ਲਿਖੀ ਵਾਰਤਾਲਾਪ ਜੋ ਭਰਥਰਿ ਜੋਗੀ ਨਾਲ ਕੈਲਾਸ਼ (ਸੁਮੇਰ) ਪਰ ਹੋਈ ਸੋ ਬਖਸ਼ਿੰਦ ਦਾਤੇ ਸ੍ਰੀ ਗੁਰੂ ਜੀ ਨੇ ਸੰਖੇਪ ਕਰਕੇ ਅਰ ਸਰਬ ਲਈ ਉਪਦੇਸ਼ ਰੂਪ ਕਰਕੇ ਆਸਾ ਰਾਗ ਵਿਚ ਰਚੀ ਤੇ ਗਾਂਵੀਂ ਤੇ ਕ੍ਰਿਪਾਲ ਮੂਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹਾਈ, ਉਸ ਦਾ ਪਾਠ ਤੇ ਅੱਖਰੀ ਅਰਥ ਇਸ ਪ੍ਰਕਾਰ ਹੈ:-

ਰਾਗ ਆਸਾ ਮਹਲਾ ੧
ਅਸਟਪਦੀਆ ਘਰੁ ੨
ੴ ਸਤਿਗੁਰ ਪ੍ਰਸਾਦਿ ॥
ਉਤਰਿ ਅਵਘਟਿ ਸਰਵਰਿ ਨ੍ਹਾਵੈ॥

ਅਰਥ-(ਰਹਾਉ ਤੋਂ ਚੱਲੇਗਾ) ਐਸਾ ਗਿਆਨ ਜੋ ਮੇਰੇ ਹਿਰਦੇ ਦਾ ਹੈ (ਅਰਥਾਤ ਹਿਰਦੇ ਵਿਚ ਹੈ) ਸੁਣੋ! (ਨਿਰੰਕਾਰ) ਸਭ ਠਉਰ ਵਿਚ ਭਰਪੂਰ ਹੋ ਰਿਹਾ ਹੈ (ਤੇ ਸਰਬ ਠਉਰ ਨੂੰ) ਧਾਰਨ ਕਰ ਰਿਹਾ ਹੈ। (ਉਸ ਦੀ ਪ੍ਰਾਪਤੀ ਪਰਮ ਪ੍ਰਯੋਜਨ ਹੈ, ਜਿਸ ਦਾ ਰਾਹ ਇਹ ਹੈ:-)

ਬਕੈ ਨ ਬੋਲੈ ਹਰਿ ਗੁਣ ਗਾਵੈ॥ ਜਲੁ ਆਕਾਸੀ ਸੁੰਨਿ ਸਮਾਵੈ ॥

ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥ ੧ ॥ ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥ ੧ ॥ ਰਹਾਉ ॥ ਸਚੁ ਬ੍ਰਤ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥
ਗਗਨਿ ਨਿਵਾਸਿ ਸਮਾਧਿ ਲਗਾਵੈ ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥ ੨ ॥

ਔਖੇ ਰਸਤਿਆ[੧] ਤੋਂ ਲੰਘਕੇ (ਸਤਿਸੰਗ ਯਾਂ ਆਤਮ) ਸਰੋਵਰ ਵਿਚ ਇਸ਼ਨਾਨ ਕਰੇ। ਬੋਲੇ ਪਰ ਬ੍ਰਿਥਾ ਨਾ ਬੋਲੇ[੨], ਪਰਮੇਸ਼ੁਰ ਦੇ ਗੁਣ ਗਾਇਨ ਕਰੇ। (ਜਲੁ=) ਸਮੁੰਦਰ ਤੋਂ ਲੈ ਅਕਾਸ਼ਾਂ ਤਕ (ਵਜਾਪਕ ਹੋ ਰਹੇ) ਪਮਾਤਮਾਂ ਵਿਚ ਸਮਾਵੇ। (ਅਥਵਾ ਜਲ ਵਿਚ ਪ੍ਰਕਾਸ਼ ਨਜਾਈਂ ਜੋ ਪ੍ਰਮਾਤਮਾ ਸਮਾ ਰਿਹਾ ਹੈ[੩])। (ਨਾਮ ਮਥਨ ਨਾਲ) ਉਸਦੇ ਸੱਚੇ ਰਸ ਨੂੰ ਝੋਲਕੇ ਪੀਵੇ। {ਅਥਵਾ, ਉਸ ਰਸ ਨੂੰ ਜੋ ਸ਼ਬਦ ਸਪਰਸ਼ ਰੂਪ ਰਸ ਗੰਧ ਦਾ ਹੈ ਅਤੇ ਮਨੋ ਰਸ[੪] ਤੇ ਬੁੱਧੀ ਰਸ ਜੋ ਮਨੋਰਾਜ ਤੇ ਵਿਦਯਾ ਆਦਿ ਦੇ ਭਾਸਦੇ ਹਨ, ਉਹਨਾਂ ਨੂੰ ਝੋਲੇ (= ਵਿਵੇਕ ਨਾਲ ਪਰੇ ਕਰੇ ਤੇ ਉਨ੍ਹਾਂ ਹੇਠ ਲੁਕੇ) ਮਹਾਂ ਰਸ (ਆਤਮ ਰਸ) ਨੂੰ ਪੀਵੇ}। (ਫਿਰ ਨਾਮ ਦਾ ਜਗਿਆਸੂ) ਸੱਚ ਦਾ ਵਰਤ ਨੇਮ ਨਾਲ ਧਾਰਨ ਕਰੇ(ਉਸ ਨੂੰ ਫਿਰ) ਕਾਲ ਸੰਤਾਪ ਨਹੀਂ ਦੇਵੇਗਾ। ਸਤਿਗੁਰ ਦੇ ਉਪਦੇਸ਼ ਦੁਆਰਾ (ਭਾਵ ਮਨਮਤਿ ਤਿਆਗੇ ਤੇ ਗੁਰਮਤ ਤੇ ਟੁਰੇ ਤਾਂ) ਕ੍ਰੋਧ ਨੂੰ ਨਾਸ਼ ਕਰ ਲਏਗਾ। ਅਕਾਸ਼ ਵਿਚ (ਨਾਮ ਨਾਲ ਪ੍ਰਾਪਤ ਨਾਮੀ ਨਾਲ ਮੇਲ ਤੋਂ ਉੱਚ ਪ੍ਰਤੀਤੀ ਜੋ ਅੰਦਰ ਹੋ ਜਾਂਦੀ ਹੈ, ਉਸ ਅਵਸਥਾ ਵਿਚ ਲਗਾਤਾਰੀ) ਨਿਵਾਸ ਦੁਆਰਾ ਸਮਾਧੀ ਲਗਾਵੇ, ਪਰਮਪਦ ਦੀ ਪ੍ਰਾਪਤੀ (ਨਾਮ ਰੂਪੀ) ਪਾਰਸ ਦੇ ਸਪਰਸ਼ ਕਰਨ ਨਾਲ ਪਾ ਲਏਗਾ ॥੨॥

ਸਚੁ ਮਨ ਕਾਰਣਿ ਤਤੁ ਬਿਲੋਵੈ॥ ਸੁਭਰ ਸਰਵਰਿ ਮੈਲੁ ਨ ਧੋਵੈ ॥ ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇ ਕਰਤਾ ਕਰੇ ਸੁ ਹੋਵੈ ॥ ੩ ॥

ਪ੍ਰਸ਼ਨ-(ਤੱਤ੍ਵ ਕਿਵੇਂ ਲੱਭੇ?ਉੱਤਰ-)ਤੱਤ੍ਵ (ਦੀ ਪ੍ਰਾਪਤੀ ਲਈ ਸੱਚ ਨੂੰ ਮਨ ਵਿਚ ਰਿੜਕੇ। (ਵਿਚਾਰ ਨਾਲ ਜੋ ਮੈਲਾਂ ਅੰਦਰ ਦਿੱਸਣ ਉਹ ਮੈਲਾਂ ਸਤਿਸੰਗ ਰੂਪੀ) ਸੁਹਣੇ ਸਰੋਵਰ ਵਿਚ ਧੋਵੇ (ਜੋ ਸਰੋਵਰ ਕਿ ਕਦੇ) ਮੈਲਾ ਨਹੀਂ (ਹੁੰਦਾ)। (ਫਿਰ ਉਹ ਨਾਮ ਦਾ ਪ੍ਰੇਮੀ) ਜਿਸ (ਨਿਰੰਕਾਰ) ਨਾਲ ਰਚ ਰਿਹਾ ਹੈ ਉਸ ਜੈਸਾ ਹੋਵੇਗਾ (ਕਿਉਂਕਿ ਉਸ ਵਿਚ ਫਿਰ) ਕਰਤਾਰ ਜੋ ਆਪੇ ਕਰੇਗਾ ਸੋ ਵਰਤੇਗਾ ॥੩॥ ਗੁਰੂ ਬਰਫ਼(ਵਾਂਙੂ) ਠੰਢਾ ਹੈ, (ਉਸ ਦੇ) ਸਤਿਸੰਗ ਨਾਲ (ਤ੍ਰਿਸ਼ਨਾ) ਅਗਨਿ ਬੁਝਾ ਲਵੇ। ਸੁਰਤ ਨੂੰ ਸੇਵਾ (ਭਾਵ ਵਿਚ ਰੱਖਕੇ ਮਾਨੋਂ) ਬਿਭੂਤੀ ਚਾੜ੍ਹੇ। ਸਹਿਜ ਅਵਸਥਾ ਵਿਚ ਆਪ ਆਵੇ (ਭਾਵ ਟਿਕੇ) ਇਹ ਦਰਸ਼ਨ ਹੈ। (ਜੋਗੀਆਂ ਦੇ ਨਾਦ ਵਜਾਵਣ ਦੀ ਥਾਵੇਂ) ਨਿਰਮਲ ਬਾਣੀ ਦਾ ਕੀਰਤਨ ਕਰੇ ॥੪॥

ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ॥ ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ॥੪॥

ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥

(ਗੁਰ ਵੀਚਾਰ ਦੁਆਰਾ) ਅੰਦਰ ਗਿਆਨ ਆਇਆ (ਉਸ ਨੂੰ ਇਸ) ਮਹਾਂ ਰਸ (ਦੀ) ਸਾਰ ਆਈ ਹੈ। (ਤੁਸੀਂ ਤੀਰਥ ਮਜਨ ਪਾਪ ਨਿਵਿਰਤੀ ਲਈ ਕਰਦੇ ਹੋ), ਗੁਰੂ ਦੀ ਵੀਚਾਰ ਤੀਰਥ ਮੱਜਨ ਹੈ(ਜਿਸ ਨਾਲ ਸਾਰੀ ਮੈਲ ਧੋਪਦੀ ਹੈ)।

ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ

ਅੰਦਰ ਹੀ ਮੁਰਾਰ (ਨਿਰੰਕਾਰ) ਦੀ ਪੂਜਾ ਦਾ ਥਾਉਂ ਹੈ। (ਜਿਥੇ)

---

[੧] ਲੋਕ ਲਾਜ ਤੇ ਵਿਸ਼ੇ ਵਿਕਾਰ ਆਦਿਕ ਸਤਿਸੰਗ ਦੇ ਰਸਤੇ ਰੋਕਾਂ ਹਨ, ਇਨ੍ਹਾਂ ਨੂੰ ਤਰਕੇ ਸਤਿਸੰਗ ਵਿਚ ਜਾਣਾ ਦੂਰਗਮ ਰਸਤਿਆਂ ਤੋਂ ਲੰਘਣਾ ਹੈ। ਉਧਰ ਜੋਗੀਆਂ ਨੇ ਕਿਹਾ ਹੋਣਾ ਹੈ ਕਿ ਔਖੇ ਪਹਾੜਾਂ ਨੂੰ ਲੰਘਕੇ ਮਾਨ ਸਰੋਵਰ ਵਿਚ ਅੱਪੜਕੇ ਨ੍ਹਾਤਿਆਂ ਕਲਿਆਨ ਹੈ।

[੨] ਬਕੇ ਨ-ਬ੍ਰਿਥਾ ਨਾ ਬੋਲੇ।

[੩] ਅਕਾਸ਼ੀ-ਆਙ+ ਕਾਸ਼ੀ-ਜੋ ਸਾਰੇ ਪ੍ਰਕਾਸ਼ ਰਿਹਾ ਹੈ। ਜਲ ਵਿਚ ਜਿਵੇਂ ਪ੍ਰਕਾਸ਼ ਸਾਰੇ ਪ੍ਰਕਾਸ਼ ਰਿਹਾ ਹੈ ਉਸ ਤਰ੍ਹਾਂ ਸੁੰਨ ਅਰਥਾਤ ਪਰਮਾਤਮਾ ਸਭ ਘਟਾਂ ਵਿਚ ਸਮਾ ਰਿਹਾ ਹੈ।

[੪] ਮਨੋਰਾਜ ਵੇਲੇ 'ਮਨਰਸ' ਦਾ ਪਤਾ ਲਗਦਾ ਹੈ ਤੇ ਵਿਦਯਾ ਵੀਚਾਰ ਆਦਿ ਵੇਲੇ 'ਬੁਧੀ ਰਸ' ਦਾ ਪਤਾ ਲਗਦਾ ਹੈ।


www.sikhbookclub.com

ਮਿਲਾਵਣਹਾਰਾ ॥ ੫ ॥
ਰਮਿ ਰਸਿਆ ਮਤਿ ਏਕੈ ਭਾਇ॥
ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥
ਅਵਿਗਤ ਨਾਥੁ ਨ ਲਖਿਆ ਜਾਇ ॥ ੬ ॥
ਜਲ ਮਹਿ ਉਪਜੈ ਜਲ ਤੇ ਦੂਰਿ ॥
ਜਲ ਮਹਿ ਜੋਤਿ ਰਹਿਆ ਭਰਪੂਰਿ ॥

ਕਿਸੁ ਨੇੜੈ ਕਿਸੁ ਆਖਾ ਦੂਰਿ ॥

ਨਿਧਿ ਗੁਣ ਗਾਵਾ ਦੇਖਿ ਹਦੂਰਿ ॥ ੭ ॥

ਜੋਤੀ ਰੂਪ (ਜੀਵ ਤੱਤ ਨੂੰ ਆਪਣੀ) ਜੋਤ ਮਿਲਾਵਣਹਾਰ ਹੈ ॥੫॥

(ਜਿਸ ਦੀ) ਮਤਿ ਇੱਕ ਦੇ ਪ੍ਰੇਮ ਰਸ ਵਿਚ ਰਸਾਲ ਹੋਈ ਹੈ ਉਹ ਸਰੂਪ ਦੀ ਇਸਥਿਤੀ ਵਾਲਾ ਹੋਇਆ ਹੈ, ਉਸੇ ਦੇ ਪੰਜ (ਵਿਕਾਰ) ਦੂਰ ਹੋਏ ਹਨ। (ਉਸ ਰਸੀਏ ਨੇ ਇਸ ਪ੍ਰੇਮ ਦੀ) ਕਾਰ(ਪਰਮੇਸ਼ੁਰ ਦੀ) ਰਜ਼ਾ ਮੰਨਕੇ ਕਮਾਈ ਹੈ(ਕਿਉਂਕਿ ਰਜ਼ਾ ਬਿਨਾ) ਅਵਗਤ ਮਾਲਕ ਲਖਿਆ ਨਹੀ ਜਾਂਦਾ॥੬॥ (ਉਹ ਨਾਮ ਦਾ ਪ੍ਰੇਮੀ)ਜਲ ਵਿਚ ਉਪਜੇ (ਕਮਲ ਵਾਂਙੂ-ਜਲ ਵਿਚ ਵਸਦਾ) ਜਲ ਤੋਂ ਦੂਰ ਰਹਿੰਦਾ ਹੈ, (ਫਿਰ) ਜਲ ਵਿਚ (ਕਮਲ ਆਪਣੀ) ਜੋਤਿ (ਪ੍ਰਤਿਬਿੰਬਕ ਸ਼ੋਭਾ) ਨਾਲ ਭਰਪੂਰ ਹੈ। (ਭਾਵ ਨਾਮ ਪ੍ਰੇਮੀ, ਮਾਇਆ ਵਿਚ ਉਪਜਕੇ ਮਾਇਆ ਵਿਚ ਰਹਿਕੇ ਮਾਇਆ ਤੋਂ ਅਲੇਪ ਹੈ ਤੇ ਗ੍ਰਿਹਸਤ ਆਸ਼੍ਰਮ ਦੀ ਸ਼ੋਭਾ ਭੀ ਉਹੀ ਹੈ ਜੋ ਆਪਣਾ ਪ੍ਰਭਾਵ ਚੁਫੇਰੇ ਪਾਕੇ ਮਾਇਆਵੀ ਜੀਵਾਂ ਦਾ ਉਧਾਰ ਕਰ ਰਿਹਾ ਹੈ) ਕਿਸ ਤਰ੍ਹਾਂ ਉਸ ਨੂੰ ਨੇੜੇ ਕਹੀਏ ਕਿਸ ਤਰ੍ਹਾਂ ਉਸ ਨੂੰ ਦੂਰ ਕਹੀਏ, ਗੁਣ ਨਿਧਿ ਨੂੰ ਹਜ਼ੂਰ ਦੇਖਕੇ ਗੁਣ ਗਾਉਣੇ ਚਾਹੀਦੇ ਹਨ। ਅਥਵਾ (ਦੂਸਰਾ ਅਰਥ-) ਉਹ ਅਵਗਤ ਨਾਥ ਇਦੰ ਕਰਕੇ ਲਖਿਆ ਨਹੀਂ ਜਾ ਸਕਦਾ, (ਪਰੰਤੂ ਇਸ ਤਰ੍ਹਾਂ ਸੂਰਜ ਪ੍ਰਤਿਬਿੰਬ ਕਰਕੇ) ਜਲ ਵਿਚੋਂ ਚੜ੍ਹਦਾ ਦਿੱਸਦਾ(ਹੈ, ਪਰ ਅਕਾਸ਼ਾਂ ਵੱਲ ਤੱਕੋ ਤਾਂ ਉਹ) ਜਲ ਤੋਂ ਦੂਰ ਹੈ, ਫਿਰ ਜੋਤ(ਕਰਕੇ ਪ੍ਰਤਿਬਿੰਬ ਯਾ ਪ੍ਰਕਾਸ਼ ਤੱਕੋ ਤਾਂ) ਜਲ ਵਿਚ (ਸਾਰੇ) ਭਰਪੂਰ ਹੋ ਰਿਹਾ ਹੈ, (ਹੁਣ ਦੱਸੋ) ਸੂਰਜ ਦੀ ਜੋਤ ਨੂੰ ਨੇੜੇ ਕਹਾਂ ਕਿ ਦੂਰ ਕਹਾਂ? (ਮੇਰਾ ਸਿੱਧਾਂਤ ਤਾਂ ਇਹ ਹੈ ਕਿ) ਗੁਣ ਨਿਧਿ (ਨਿਰੰਕਾਰ ਨੂੰ) ਹਾਜ਼ਰਾ ਹਜ਼ੂਰ ਸਮਝਾਂ ਤੇ ਗੁਣ ਗਾਉਂਦਾ ਰਹਾਂ ॥੭॥

ਅੰਤਰਿ ਬਾਹਰਿ ਅਵਰੁ ਨ ਕੋਇ॥ ਜੋ ਤਿਸੁ ਭਾਵੈ ਸੋ ਫੁਨਿ ਹੋਇ ॥ ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥ ਨਿਰਮਲ ਨਾਮੁ ਮੇਰਾ ਆਧਾਰੁ ॥ ੮ ॥ ੧ ॥

(ਕਿਉਂਕਿ ਮੇਰੇ) ਅੰਦਰ ਤੇ ਬਾਹਰ (ਉਹੋ ਹੈ) ਹੋਰ ਕੋਈ ਨਹੀਂ ਹੈ। (ਜੋ ਕੁਛ ਵਰਤ ਰਿਹਾ ਹੈ) ਉਹੋ ਕੁਛ ਵਰਤ ਰਿਹਾ ਹੈ ਕਿ ਜੋ ਉਸ ਨੂੰ ਭਾਉਂਦਾ ਹੈ। ਹੇ ਭਰਥਰਿ ! ਮੇਰਾ ਵੀਚਾਰ ਸੁਣ, ਮੇਰਾ ਆਧਾਰ ਤਾਂ (ਇਕੋ) ਨਿਰਮਲ ਨਾਮ ਹੈ! (ਭਾਵ ਨਾਮ ਤੋਂ ਹੀ ਨਾਮੀ ਦੀ ਛੁਹ ਪ੍ਰਾਪਤੀ ਹੁੰਦੀ ਹੈ, ਇਸ ਲਈ ਸਭ ਸੋਚਾਂ ਤੇ ਝਗੜੇ ਛੋੜਕੇ ਮੈਂ ਇਕ ਨਾਮ ਦੀ ਟੇਕ ਤੇ ਟਿਕ ਰਿਹਾ ਹਾਂ) ॥੮॥

---

ਭਰਥਰਿ ਪ੍ਰਤਿ ਹੋਰ ਇਕ ਵਾਕ ਜੋ ਗੁਰੂ ਸਾਹਿਬ ਜੀ ਦਾ (ਕੈਲਾਸ਼) ਸੁਮੇਰ ਪਰ ਪ੍ਰਾਪਤ ਹੋਇਆ ਸੀ, ਇਉਂ ਹੈ:-

ਮ:੧ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥
ਗਗਨ ਮੰਡਲ ਮਹਿ ਰੋਪੈ ਥੰਮੁ ॥
ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ[1] ॥ ੬ ॥

ਭਰਥਰਿ ਜੋਗੀਆਂ ਵਿਚੋਂ ਚੰਗਾ ਜੋਗੀ ਸੀ, 'ਭਰਥਰਿ ਆਸ਼੍ਰਮ' ਵਿਚ ਸਤਿਗੁਰ ਜੀ ਦੇ ਦਰਸ਼ਨ ਕਰ ਚੁਕਾ ਤੇ ਉਪਦੇਸ਼ ਸੁਣ ਚੁਕਾ ਸੀ। ਉਸਦੇ ਆਤਮਾ ਵਿਚ ਪਰੀਵਰਤਨ ਬੀ ਹੋ ਚੁਕਾ ਸੀ। ਉਹ ਇਸ ਅਸੂਲ ਨੂੰ ਹੁਣ ਸਮਝ ਗਿਆ ਸੀ ਕਿ ਆਪਣੇ ਆਪ ਨੂੰ 'ਕੈਵਲ' ਕਰਨਾ ਕਾਫੀ ਨਹੀਂ, ਆਪੇ ਨੂੰ, ਅਰਥਾਤ ਜੀਵ ਤੱਤ ਨੂੰ, ਪਰਮ ਤੱਤ ਵਿਚ ਪ੍ਰਾਪਤ ਕਰਾਉਣਾ ਅਸਲ 'ਕੈਵਲ' ਹੈ। ਪਰੰਤੂ ਭੇਖ ਦੀ ਲਾਜ ਉਸ ਨੂੰ ਛਾਲ ਨਹੀਂ ਮਾਰਨ ਦੇਂਦੀ

[1] ਇਸ ਦਾ ਅਰਥ ਦੇਖੋ ਅਗਲੇ ਸਫੇ ਦੇ ਕਾਲਮ ੧ ਵਿਚ।


www.sikhbookclub.com

ਸੀ, ਇਸੇ ਕਰਕੇ ਉਹ ਗੋਰਖ ਆਦਿ ਦੀ ਮੰਡਲੀ ਵਿਚ ਕੈਲਾਸ਼ (ਸੁਮੇਰ) ਆਇਆ ਹੋਇਆ ਸ਼ਾਮਲ ਸੀ, ਪਰ ਗੁਰੂ ਜੀ ਦਾ ਬਹੁਤ ਸਤਿਕਾਰ ਕਰਦਾ ਸੀ ਤੇ ਸਿੱਧਾਂ ਨੂੰ ਸਮਝਾਉਂਦਾ ਸੀ ਕਿ ਇਹ ਅਵਤਾਰ ਹੈ ਸ਼ਰਨ ਲਓ ਤੇ ਬਹਿਸਾਂ ਨਾ ਕਰੋ ਪਰ ਸਾਥੀਆਂ ਦੀ ਮਜਬੂਰੀ ਇਸ ਨੂੰ ਥੋੜਾ ਬਹੁਤ ਬੁਲਵਾਉਂਦੀ ਸੀ। ਭਰਥਰਿ ਨੇ ਈਸ਼ਰ, ਗੋਰਖ, ਗੋਪੀ ਚੰਦ ਆਦਿਕਾਂ ਵਾਂਙੂ ਹੀ ਇਹ ਪ੍ਰਸ਼ਨ ਕੀਤਾ ਹੈ, ਜਿਸ ਦਾ ਉੱਤਰ ਉਵੇਂ ਹੀ ਗੁਰੂ ਜੀ ਨੇ ਦਿੱਤਾ ਹੈ। ਭਰਥਰਿ ਨੂੰ ਜੋ ਉੱਤਰ ਗੁਰੂ ਜੀ ਨੇ ਦਿੱਤਾ ਹੈ। ਵੈਰਾਗ ਦੇ ਆਦਰਸ਼ ਦਾ ਸੂਚਕ ਹੈ। ਭਰਥਰਿ ਨੇ ਵੈਰਾਗ ਦੇ ਲੱਛਣ ਆਪਣੇ ਆਸ਼ੇ ਮੂਜਬ ਕੀਤੇ ਹੋਣੇ ਹਨ ਕਿ ਜੋ ਤਿੰਨ ਲੋਕ ਦੇ ਪਦਾਰਥਾਂ ਤੋਂ ਉਦਾਸ ਹੋ ਜਾਵੇ ਅਰ ਤ੍ਰਿਸ਼ਨਾਂ ਨਾਲ ਨੇਹੁੰ ਨਾ ਰੱਖੇ ਮੂਲੋਂ, ਉਹ ਜਦ ਜੋਗ ਸਾਧਨ ਕਰੇ ਤਾਂ ਤਰੇ। ਕੁਛ ਕਟਾਖ ਇਹ ਬੀ ਜਾਪਦਾ ਹੈ ਕਿ ਜੋਗੀ ਹੋਕੇ ਵੈਰਾਗ ਪੁੱਛਦਾ ਹੈ, ਉਸ ਦੇ ਆਪਣੇ ਅੰਦਰ ਤਾਂ ਹੁਣ ਭੇਖ ਤੋਂ ਹੀ ਵੈਰਾਗ ਹੋ ਰਿਹਾ ਹੈ ਤੇ ਗੁਰੂ ਨਾਨਕ ਦੇਵ ਜੀ ਦੇ ਨਾਲ ਰਹਿਣ ਦੀ ਖਿੱਚ ਪੈ ਰਹੀ ਹੈ। ਉਧਰ ਭੇਖ ਦੀ ਲਾਜ ਨੂੰ ਮਾਯਾ ਸਮਝ ਰਿਹਾ ਹੈ, ਪਕੜ ਜਾਣ ਰਿਹਾ ਹੈ, ਇਧਰ ਗੁਰੂ ਜੀ ਦੀ ਖਿੱਚ ਉਸ ਨੂੰ ਵੈਰਾਗ ਦੇ ਉਲਟ ਦਿੱਸ ਰਹੀ ਹੈ। ਇਸ ਕਰਕੇ ਵੈਰਾਗੀ ਦੇ ਲੱਛਣ ਪੁੱਛਦਾ ਹੈ। ਗੁਰੂ ਜੀ ਦਾ ਉੱਤਰ ਆਪਣੇ ਉਸੇ ਅਸੂਲ ਨੂੰ ਪ੍ਰਤਿਪਾਦਨ ਕਰਨੇ ਵਾਲਾ ਹੈ ਜੋ ਉਹਨਾਂ ਨੇ ਭਰਥਰਿ ਆਸ਼੍ਰਮ ਵਿਚ ਉਸ ਨੂੰ ਦੱਸਿਆ ਸੀ, 'ਪਰਮਤੰਤ ਮਹਿ ਜੋਗੰ। ' ਉਹ ਅਸੂਲ ਬੈਰਾਗੀ ਦੇ ਲੱਛਣਾਂ ਵਿਚ ਗੁਰੂ ਜੀ ਨੇ ਉਸ ਨੂੰ ਦੁਹਰਾਇਆ ਹੈ ਕਿ:-

[੧]ਬੋਲਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਹੇ ਭਰਥਰਿ ਉਹ ਜੋ ਸਤਿ ਸਰੂਪ ਪਰਮਤੱਤ (ਪਾਰਬ੍ਰਹਮ ਪਰਮੇਸ਼ੁਰ) ਹੈ, ਉਸ ਦਾ ਨਾ ਰੂਪ ਹੈ ਨਾ ਰੇਖ, (ਉਸ) ਬ੍ਰਹਮ ਵਿਚ ਜੋ ਆਪਣੇ ਮਨ ਨੂੰ (ਬਾਹਰ ਜਾਣ ਵਾਲੇ ਸੁਭਾਵ ਤੋਂ) ਉਲਟਾਕੇ ਲਗਾਵੇ ਤੇ ਦਿਨ ਰਾਤ ਅੰਦਰ ਇਸੇ ਧਿਆਨ ਵਿਚ ਰਹੇ (ਕਿ ਮੈਂ ਸਾਈਂ ਨਾਲ ਲਗ ਰਿਹਾ ਹਾਂ) ਤੇ (ਐਸਾ ਲੱਗੇ ਕਿ) ਹਿਰਦੇ ਮੰਡਲ ਵਿਚ ਮਾਨੋਂ ਇਸ ਭਾਵ ਨੂੰ ਥੰਮ੍ਹ ਲਗਾ ਦਿਤੇ ਹਨ ਕਿ ਕਦੇ ਡੋਲਦਾ ਨਹੀਂ, ਉਹ ਬੈਰਾਗੀ ਹੈ, ਅਰ ਉਹ ਬੈਰਾਗੀ ਉਸ ਸਤਿਸਰੂਪ ਪਰਮਾਤਮਾਂ ਦੇ ਤੁੱਲ ਹੀ ਅਮਰ, ਅਜਰ (ਸਦਾ ਮੁਕਤਿ) ਹੈ!

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਹੋਰ ਤੁਕ ਹੈ ਜਿਸ ਵਿਚ ਭਰਥਰਿ ਦਾ ਨਾਉਂ ਆਉਂਦਾ ਹੈ, ਉਹ ਤੁਕ ਸਵਈਏ ਮਹਲੇ ਪਹਿਲੇ ਕਿਆਂ ਵਿਚ ਹੈ ਤੇ ਇਸ ਪ੍ਰਕਾਰ ਹੈ;-

ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ।

ਇਸ ਤੋਂ ਇਹ ਜਾਪ ਰਿਹਾ ਹੈ ਕਿ ਭਰਥਰਿ ਜੋਗੀ[੧] ਅੰਤ ਵਿਚ ਆਪਣੀ ਸੰਪ੍ਰਦਾ ਛੋੜਕੇ ਗੁਰੂ ਜੀ ਪਾਸ ਆ ਰਿਹਾ ਅਰ ਆਪਣੇ ਅੰਤ ਸਮੇਂ ਤਕ ਸਦਾ ਗੁਰੂ ਜੀ ਦੇ ਅੰਗ ਸੰਗ ਰਿਹਾ। ਕੈਲਾਸ਼ (ਸੁਮੇਰ) ਤੋਂ ਵਿਦਾ ਹੋਣ ਵੇਲੇ ਗੁਰੂ ਜੀ ਇਸਨੂੰ ਨਾਲ ਨਹੀਂ ਲਿਆਏ, ਪ੍ਰੰਤੂ ਅਚਲ ਵਟਾਲੇ, ਜੋ ਸਿੱਧਾਂ ਨਾਲ ਚਰਚਾ ਹੋਈ ਤੇ ਜਿਸ ਵਿਚ ਸਤਿਗੁਰਾਂ ਦੀ ਵਿਜੈ ਐਸੀ ਹੋਈ ਕਿ ਪੰਜਾਬ ਵਿਚੋਂ ਕੰਨ-ਪਾਟੇ ਜੋਗੀਆਂ ਦਾ ਬਲ ਮੂਲੋਂ ਟੁੱਟ ਗਿਆ, ਉਸ ਚਰਚਾ ਦੇ ਬਾਦ ਭਰਥਰਿ ਜੋਗੀ ਫੇਰ ਸਤਿਗੁਰਾਂ ਦੇ ਨਾਲ ਕਰਤਾਰਪੁਰ ਹੀ ਆ ਰਿਹਾ! ਇਸ ਚਰਚਾ ਦਾ ਸਾਰ ਸਤਿਗੁਰਾਂ ਨੇ ਸਿਧ ਗੋਸ਼ਟ ਬਾਣੀ ਵਿਚ ਆਪ ਸਾਰਾ ਦਿੱਤਾ ਹੈ, ਉਸਦੇ ਅਖ਼ੀਰ ਵਿਚ ਅਨੇਕਾਂ ਸਿੱਧਾਂ ਤੇ ਸਾਧਕਾਂ ਤੇ ਇਨ੍ਹਾਂ ਵਿਚੋਂ ਗੁਰੂ ਤੇ ਚੇਲੇ ਦੋਹਾਂ ਪਦਵੀਆਂ ਦੇ ਬਹੁਤਿਆਂ ਦਾ ਗੁਰੂ ਕੀ ਸ਼ਰਨ ਆਉਣਾ ਆਪ ਲਿਖਿਆ ਹੈ।

ਯਥਾ- ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ
ਫਿਰਹਿ ਫੁਰਮਾਣੈ॥ ਮਾਗਹਿ ਨਾਮੁ
ਪਾਇ ਇਹ ਭਿਖਿਆ ਤੇਰੇ ਦਰਸ਼ਨ
ਕਉ ਕੁਰਬਾਣੈ॥

ਅਰਥਾਤ-(ਗੋਸ਼ਟ ਦੇ ਅੰਤ ਵਿਚ) ਬਹੁਤ ਸਾਧਨਾ ਕਰਨ ਵਾਲੇ ਤੇ ਸਿੱਧ, ਕਈ ਗੁਰੂ,(ਕਈ) ਚੇਲੇ

---

[੧] ਇਥੋਂ ਅਰਥ ਟੁਰਿਆ ਹੈ ਪਿਛਲੇ ਵਾਕ 'ਸੋ ਬੈਰਾਗੀ ਜਿ ਉਲਟੇ ਬ੍ਰਹਮ' ਦਾ।

[੧] ਕਈ ਖਿਆਲ ਕਰਦੇ ਹਨ ਕਿ ਤ੍ਰੈ ਸ਼ੱਤਕਾਂ ਦਾ ਕਰਤਾ 'ਭਰਥਰੀ ਹਰੀ' ਇਹ ਜੋਗੀ ਸੀ। ਪਰ ਉਹ ਕਵੀ ਭਰਥਰਿ ਛੇਵੀਂ ਸਤਵੀਂ ਸਦੀ ਵਿਚ ਹੋਇਆ ਖਿਆਲ ਕੀਤਾ ਜਾਂਦਾ ਹੈ। ਇਹ ਭਰਥਰਿ ਗੁਰੂ ਜੀ ਨੂੰ ਮਿਲਿਆ ਹੈ, ਤਾਂਤੇ ਇਹ ਹੋਰ ਭਰਥਰਿ ਜੋਗੀ ਹੈ, ਪਰ ਉਮਰਾ ਵਧਾ ਲੈਣ ਦੇ ਖਿਆਲ ਤੇ ਕਈ ਇਸ ਨੂੰ ਉਹੋ ਉਮਰ ਵਧਾਇਆ ਭਰਥਰਿ ਖਿਆਲ ਕਰ ਲੈਂਦੇ ਹਨ।

(ਕਹਿਲਾਉਣ ਵਾਲੇ, ਹੇ ਵਾਹਿਗੁਰੂ) ਤੇਰੇ ਹੁਕਮ ਦੀ ਖੋਜ (ਮੈਥੋਂ) ਕਰਦੇ ਆਉਣ ਲਗੇ (ਤੇਰਾ) ਨਾਮ ਮੰਗਦੇ ਹਨ, (ਕਹਿੰਦੇ ਹਨ ਸਾਨੂੰ ਇਹ) ਖੈਰ ਪਾ, ਤੇਰੇ (ਦਰਸ਼ਨ) ਧਰਮ ਮਾਰਗ ਤੋਂ ਅਸੀਂ ਕੁਰਬਾਨ ਹਾਂ।

ਇਹ ਗੁਰੂ ਜੀ ਨੇ ਆਪਣੇ ਨਿਰਹੰਕਾਰਤਾ ਦੇ ਨਿਰਾਲੇ ਢੰਗ ਨਾਲ, ਜੋ ਉਨ੍ਹਾਂ ਨੇ ਸਾਰੀ ਗੁਰਬਾਣੀ ਵਿਚ ਵਰਤਿਆ ਹੈ, ਸਿਧ ਗੋਸ਼ਟ ਦੇ ਅਖੀਰ ਵਿਚ ਆਪਣੀ ਬਿਜੈ ਦਾ ਤੇ ਸਿਧਾਂ ਦੀ ਹਾਰ ਦਾ ਤੇ ਉਨ੍ਹਾਂ ਵਿਚੋਂ ਬਹੁਤਿਆਂ ਦੇ ਸ਼ਰਨਾਗਤ ਹੋਣ ਦਾ ਹਾਲ ਦੱਸਿਆ ਹੈ। ਸਵਈਆਂ ਦੀ ਤੁਕ ਤੋਂ ਜਾਪਦਾ ਹੈ ਕਿ ਭਰਥਰਿ ਵੀ ਸ਼ਰਨ ਆਇਆ ਤੇ ਫੇਰ ਸਦਾ ਕਰਤਾਰ ਪੁਰੇ ਵਿਚ ਸਤਿਗੁਰਾਂ ਦੇ ਨਾਲ ਰਿਹਾ ਤੇ ਭਵਸਾਗਰ ਤੋਂ ਨਾਮ ਦੇ ਸਿਮਰਣ ਨਾਲ ਉੱਚਾ ਹੋਕੇ ਵਾਹਿਗੁਰੂ ਜੀ ਨਾਲ ਪਰਮ ਤੱਤ ਯਾ ਬ੍ਰਹਮ ਤੱਤ ਨਾਲ ਅਵਿੱਛੁੜ ਮੇਲ ਨੂੰ ਪ੍ਰਾਪਤ ਹੋਇਆ।

ਸੂਚਨਾ-ਸਾਰੇ ਲੇਖਕਾਂ ਨੇ ਭਾਈ ਗੁਰਦਾਸ ਜੀ ਤੋਂ ਲੈ ਪੁ: ਜ: ਸਾ:, ਹੋਰ ਸਾਖੀਆਂ ਤੇ ਸ੍ਰੀ ਗੁ: ਨਾ: ਪ੍ਰ: ਸਭ ਨੇ ਏਸ ਇਲਾਕੇ ਦਾ ਨਾਮ ਸੁਮੇਰ ਲਿਖਿਆ ਹੈ। ਸੁਮੇਰੂ ਦਾ ਠੀਕ ਟਿਕਾਣਾ ਖੋਜ ਕਰਨ ਤੇ ਐਉਂ ਸਹੀ ਹੁੰਦਾ ਹੈ:_

ਸੁਮੇਰ ਹਿੰਦੂ ਪੌਰਾਣਕ ਅਖਯਾਯਕਾਂ ਦਾ ਇਕ ਪਰਬਤ ਹੈ, ਜੋ ਜੰਬੂਦੀਪ ਦਾ ਕੇਂਦਰ ਮੰਨਿਆ ਹੈ। ਗਰੈਹ ਇਸ ਦੇ ਦੁਆਲੇ ਘੁੰਮਦੇ ਮੰਨੇ ਹਨ। ਉਚਾਈ ਇਸ ਦੀ ੮੪੦੦੦ ਯੋਜਨ ਹੈ, ਜਿਸ ਵਿਚੋਂ ੧੬੦੦੦ ਯੋਜਨ ਜ਼ਿਮੀਂ ਦੇ ਅੰਦਰ ਹੈ, ਇਸ ਦੀ ਸ਼ਕਲ ਮੁਰੱਬਾ, ਅੰਡਾਕਾਰ ਤੇ ਗਾਜਰ ਵਰਗੀ ਮਨੀ ਹੈ। ਇਸ ਦੇ ਚਾਰ ਮੂੰਹ ਹਨ, ਪੂਰਬ ਦਾ ਚਿੱਟਾ, ਦੱਖਣ ਦਾ ਪੀਲਾ, ਉੱਤਰ ਦਾ ਲਾਲ, ਪੱਛਮ ਦਾ ਕਾਲਾ। ਅਕਾਸ਼ੋਂ ਇਕ ਗੰਗਾ ਇਸ ਪਰ ਉਤਰਦੀ ਹੈ ਜੋ ਚਾਰ ਧਾਰਾ ਹੋਕੇ ਚਾਰ ਪਾਸੇ ਜਗਤ ਵਿਚ ਵਗਦੀ ਹੈ। ਚਾਰ ਦਿਸ਼ਾ ਦੇ ਦਿਸ਼ਾਪਾਲ ਚਹੁੰ ਪਾਸਿਆਂ ਤੇ ਰਹਿੰਦੇ ਹਨ। ਪਰਬਤ ਇਹ ਸੋਨੇ ਤੇ ਰਤਨਾਂ ਦਾ ਹੈ। ਚੋਟੀ ਤੇ ਬ੍ਰਹਮਾ ਰਹਿੰਦਾ ਹੈ, ਜਿਥੈ ਪ੍ਰਿਥਵੀ ਦੇ ਤਪੱਸ੍ਰੀ ਲੋਕ ਤੇ ਅਕਾਸ਼ਾਂ ਦੇ ਗੰਧ੍ਰਵ ਤੇ ਸੁਰਗਾਂ ਦੇ ਦੇਵਤੇ ਆ ਕੱਠੇ ਹੁੰਦੇ ਹਨ।

ਜੇ ਹਿੰਦੂਆਂ ਬੀ ਨਵੀਨ ਖੋਜ ਨੂੰ ਕਿ ਆਰਯ ਵਡਕੇ ਪਹਿਲਾਂ ਉੱਤਰੀ ਧ੍ਰੁਵ ਨੂੰ ਸੁਮੇਰੁ ਕਹਿੰਦੇ ਸਨ ਠੀਕ ਮੰਨ ਲਈਏ ਤਾਂ ਜਾਪਦਾ ਹੈ ਕਿ ਸ਼ਾਯਦ ਉੱਤਰੀ ਧ੍ਰੁਵ ਨੂੰ ਸੁਮੇਰੁ ਕਹਿੰਦੇ ਹੋਣ, ਕਿਉਂਕਿ ਭੂਗੋਲ ਵਿਦਯਾ ਵਾਲੇ ਉੱਤਰੀ ਧ੍ਰੁਵ ਨੂੰ ਸੁਮੇਰੁ ਤੇ ਦਖਣੀ ਨੂੰ ਕੁਮੇਰੂ ਹੁਣ ਤਕ ਕਹਿੰਦੇ ਹਨ। ਉੱਤਰੀ ਧ੍ਰੁਵ ਤੇ ਅੱਪੜਨਾ ਲਗ ਪਗ ਅਸੰਭਵ ਹੁੰਦਾ ਸੀ, ਉਸ ਬਾਬਤ ਪੌਰਾਣਕਾਂ ਨੇ ਰਚਨਾਂ ਸੁਹਣੀ ਰਚ ਲਈ ਜਾਪਦੀ ਹੈ, ਮਰਕਜ਼ ਇਕ ਤਰ੍ਹਾਂ ਉਹ ਹੈ ਹੀ ਤੇ ਜੰਬੂ ਦ੍ਵੀਪ ਤੋਂ ਮੁਰਾਦ ਕੀ ਜਾਣੀਏ 'ਉੱਤ੍ਰੀ ਸੀਤਕਟਬੰਧ' ਤੋਂ ਹੋਵੇ, ਜਿਥੋਂ ਦੇ ਓਹ ਪਹਿਲਾਂ ਵਸਨੀਕ ਸਨ। ਜਦ ਏਹ ਲੋਕ ਉਹਨਾਂ ਬਰਫਾਨੀ ਧਰਤੀਆਂ ਤੋਂ ਹੇਠਾਂ ਨੂੰ ਆਏ ਤਦ ਕੀਹ ਜਾਣੀਏ ਯੂਰਾਲ ਪਹਾੜ ਨੂੰ ਸੁਮੇਰੂ ਕਹਿਣ ਲੱਗ ਗਏ ਹੋਣ, ਸੋਨਾਂ ਉਸ ਵਿਚੋਂ ਬੀ ਨਿਕਲਦਾ ਹੈ। ਜਦੋਂ ਇਹ ਵਡਕੇ ਹਿੰਦ ਵਿਚ ਆ ਰਹੇ ਤੇ ਵਧੇ ਫੈਲੇ ਤਦੋਂ ਜਾਪਦਾ ਹੈ ਕਿ ਹਿਮਾਲੇ ਦੀ ਕੈਲਾਸ਼, ਗੁਰਲਾ ਮਾਨਧਾਤਾ ਤੇ ਇਨ੍ਹਾਂ ਪਰਬਤਾਂ ਦੇ ਲਾਗ ਦੀ ਉਚ ਧਰਤੀ ਸੁਮੇਰੂ ਬਣ ਗਈ। ਸੋਨਾਂ ਇਸ ਧਰਤੀ ਦੇ ਲਾਗੋਂ ਬੀ ਨਿਕਲਦਾ ਹੈ। ਸਤਲੁਜ, ਸਿੰਧ, ਬ੍ਰਹਮ ਪੁੱਤ੍ਰ ਆਦਿ ਦਰਯਾ ਦੂਰ ਨੇੜੇ ਏਸੇ ਇਲਾਕੇ ਵਿਚੋਂ ਨਿਕਲਦੇ ਹਨ।

ਜਿਸ ਇਲਾਕੇ ਦਾ ਨਾਮ ਜਨਮ ਸਾਖੀਆਂ ਵਿਚ ਸੁਮੇਰੂ ਕਰਕੇ ਆਇਆ ਹੈ, ਉਹ ਨਿਰਸੰਦੇਹ ਇਸੇ ਇਲਾਕੇ ਤੋਂ ਮੁਰਾਦ ਹੈ ਜੋ ਕੈਲਾਸ਼ ਦੇ ਪਾਸ ਹੈ। ਮਾਨ ਸਰੋਵਰ ਦੀ ਝੀਲ ਭੀ ਏਥੇ ਹੀ ਹੈ। ਕਵਿ ਸੰਤੋਖ ਸਿੰਘ ਜੀ ਗੁ: ਨਾ: ਪ੍ਰ: ਅਧਯਾਯ ੬੦ ਅੰਕ ੧੩ ਵਿਚ ਪਤਾ ਦੇਂਦੇ ਹਨ ਕਿ ਹਿਮਾਲੇ ਦਾ ਇਹ ਘਰ ਹੈ, ਬਰਫ ਪੈਕੇ ਜੰਮ ਰਹੀ ਹੈ। ਫਿਰ ਭਾਈ ਬਾਲੇ ਵਾਲੀ ਸਾਖੀ ਵਿਚ ਸਫੇ ੨੭੩ ਤੇ ਕੈਲਾਸ਼ ਦਾ ਨਾਮ ਬੀ ਦਿੱਤਾ ਹੈ ਕਿ ਸੁਮੇਰੁ ਤੋ ਉਤੋਂ ਜਾਕੇ ਕੈਲਾਸ਼ ਪਰਬਤ ਆਯਾ ਹੈ ਹਿਮਾਲੇ ਤੋਂ ਲੰਘਣਾ ਕੈਲਾਸ਼ ਦਾ ਪਤਾ ਦੇਣਾ ਤੇ ਫੇਰ ਜ਼ਿਕਰ ਤਾਲ ਦਾ ਆਉਣਾ-ਕਿ ਗੋਰਖ ਨੇ ਗੁਰੂ ਜੀ ਨੂੰ ਤਾਲ ਤੋਂ ਪਾਣੀ ਭਰਕੇ ਲੈ ਆਉਣ ਲਈ ਕਿਹਾ-ਦੱਸਦਾ ਹੈ ਕਿ ਇਹ ਤਾਲ ਮਾਨ ਸਰੋਵਰ ਹੀ ਹੈ ਅਤੇ ਇਹੋ ਧਰਤੀ ਸੁਮੇਰੁ ਕਹੀ ਹੈ।

ਜੇ ਪੁਰਾਤਨ ਜਨਮ ਸਾਖੀ ਵਲ ਆਓ ਤਾਂ ਬੀ

ਇਹੋ ਥਾਂ ਸਹੀ ਹੁੰਦਾ ਹੈ। ਕਸ਼ਮੀਰ ਦੀ ਯਾਤ੍ਰਾ ਮਗਰੋਂ ਲਿਖਿਆ ਹੈ ਕਿ 'ਸਵਾ ਲਾਖ ਪਰਬਤ ਲੰਘਿਆ ਅੱਗੇ ਸੁਮੇਰੁ ਜਾਇ ਚੜਿਆ, ਜਹਾਂ ਮਹਾਂਦੇਵ ਕਾ ਅਸਥਾਨ ਥਾ। ਕਸ਼ਮੀਰ ਤੋਂ ਲੱਦਾਖ ਜਾਕੇ ਅਗੇ ਮਾਨਸਰੋਵਰ ਨੂੰ ਜਾ ਸਕੀਦਾ ਹੈ, ਪਰ ਕਸ਼ਮੀਰ ਤੋਂ ਸ਼ਿਮਲੇ ਆਦਿ ਪਹਾੜਾਂ ਥਾਣੀਂ ਬੀ ਮਾਨਸਰੋਵਰ ਨੂੰ ਜਾ ਸਕੀਦਾ ਹੈ। ਜੰਮੂ ਦੇ ਲਾਗ ਲਾਗ ਸ਼ਿਵਾਲਕ ਪਹਾੜਾਂ ਵਿਚੋਂ ਲੰਘਕੇ, ਅੰਦਰਲੇ ਹਿਮਾਲੇ ਤੇ ਚੜਕੇ ਬੀ ਕੈਲਾਸ਼ ਜਾ ਸਕੀਦਾ ਹੈ। ਸਵਾ ਲਾਖ ਦਾ ਅਰਥ ਬਹੁਤੇ ਪਹਾੜ ਬੀ ਹੈ ਪਰ ਸ਼ਿਵਾਲਕ ਪਦ ਜੋ ਅੱਜ ਕੱਲ ਹਿਮਾਲੇ ਦੇ ਬਾਹਰਲੀਆਂ ਪਹਾੜੀਆਂ ਪੱਬੀਆਂ ਲਈ ਵਰਤੀਂਦਾ ਹੈ, ਉਸਦੀ ਇਕ ਵਿਤਪਤੀ 'ਸਵਾਲਾਖ' ਪਰਬਤ ਬੀ ਹੈ। ਸਵਾ ਲੱਖ ਤੋਂ ਸ਼ਿਵਾਲਕ ਬਣ ਗਿਆ ਜਾਪਦਾ ਹੈ ਤੇ ਕੈਲਾਸ਼ ਮਹਾਂਦੇਵ (ਸ਼ਿਵਜੀ) ਦਾ ਪਹਾੜ ਮੰਨੀ ਪ੍ਰਮੰਨੀ ਗੱਲ ਹੈ। ਫਿਰ ਇਹ ਬੀ ਲਿਖਿਆ ਹੈ ਕਿ ਸਿੱਧਾਂ ਪਾਣੀ ਭਰ ਲਿਆਉਣ ਵਾਸਤੇ ਡਿੱਬੀ ਦਿੱਤੀ। ਜੋ ਓਥੇ ਪਾਣੀ ਦੇ ਡਲ ਦੇ ਪਾਸ ਹੋਣ ਦਾ ਸੂਚਕ ਹੈ।

ਇਸ ਜਨਮਸਾਖੀ ਤੋਂ ਬੀ ਪੁਰਾਣੀ ਲਿਖਤ ਭਾਈ ਗੁਰਦਾਸ ਜੀ ਦੀ ਹੈ। ਉਹ ਬੀ ਸੁਮੇਰੁ ਜਾ ਚੜਿਆ ਲਿਖਦੇ ਹਨ ਤੇ ਪਾਣੀ ਭਰ ਲਿਆਉਣ ਦੀ ਗੱਲ ਦੱਸਦੇ ਹਨ, ਪਰ ਹੋਰ ਕੋਈ ਪਤਾ ਨਹੀਂ ਮਿਲਦਾ; ਪਰ ਭਾਈ ਸਾਹਿਬ ਜੀ 'ਸਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ' ਇਸ ਦਿਗਬਿਜੈ ਦਾ ਪਤਾ ਜ਼ਰੂਰ ਦੇਂਦੇ ਹਨ।

ਤਵਾਰੀਖ ਖਾ: ਵਿਚ ਲਿਖਿਆ ਹੈ ਕਿ ਬਦਰੀ ਨਾਥ ਤੋਂ ਅੱਠ ਦਸ ਕੋਹ ਚੜਦੀ ਵਲ ੧੭ ਹਜ਼ਾਰ ਛੇ ਸੌ ਬਹੱਤ੍ਰ ਫੁਟ ਦੀ ਉਚਾਈ ਵਾਲਾ ਸਪਤ ਸ਼੍ਰਿੰਗ ਪਰਬਤ ਲੰਘਕੇ ਅਨੇਕ ਸਾਧੂ ਰਿਖੀਆਂ ਨਾਲ ਚਰਚਾ ਕਰਦੇ ਹਿਮਾਲਯ ਜਾ ਚੜ੍ਹੇ, ਅਗੇ ਸਿਰਧਾਰ ਪਰਬਤ ਜਾ ਚੜ੍ਹੇ, ਫੇਰ ਗੋਰਖ ਆਦਿ ਮਿਲੇ। ਅਲਮੋੜੇ ਤੋਂ ਬੀ ਗੜ੍ਹਤੋਕ ਤੋਂ ਅਗੋਂ ਮਾਨਸਰੋਵਰ ਨੂੰ ਰਸਤਾ ਹੈ। ਸਭ ਤੋਂ ਅਖੀਰਲੀ ਸ਼ੈ ਮੈਕਾਲਫ ਦਾ ਲੇਖ ਹੈ। ਉਹ ਲਿਖਦਾ ਹੈ ਕਿ ਗੁਰੂ ਜੀ ਸ੍ਰੀ ਨਗਰ ਤੋਂ ਟੁਰਕੇ ਉਚੇ ਉਚੇ ਪਹਾੜ ਲੰਘਕੇ ਸੁਮੇਰ ਤੇ ਅੱਪੜੇ ਤੇ ਸਿਧਾਂ ਨਾਲ ਚਰਚਾ ਹੋਈ। ਇਹ ਬੀ ਹਿਮਾਲੇ ਦਾ ਹੀ ਪਤਾ ਹੈ।

ਅੱਜ ਕਲ ਕਈ ਯਾਤ੍ਰੂ ਹਿਮਾਲਯ ਦੇ ਤਿੱਬਤ ਵਾਲੇ ਪਾਸਿਓਂ ਇਸ ਸੁਮੇਰ ਹੋ ਆਏ ਹਨ, ਚੁਨਾਂਚਿ ਸਾਨੂੰ ਇਕ ਹੋ ਆਏ ਸਜਨ (ਭਾਈ ਕਸ਼ਮੀਰਾ ਸਿੰਘ ਜੀ) ਨੇ ਦੱਸਿਆ ਹੈ ਕਿ ਮਾਨ ਸਰੋਵਰ ਦੇ ਚਾਰ ਪਾਸੇ ਚਾਰ ਗੁਫਾਂ ਦੇ ਮੰਦਰ ਹਨ, ਜਿਨ੍ਹਾਂ ਵਿਚ ਬੁਧਮਤ ਦੇ ਤੇ ਹੋਰ ਬਜ਼ੁਰਗਾਂ ਦੇ ਪੁਸਤਕ ਤੇ ਬੁੱਤਹਨ, ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਬੀ ਹੈ। ਏਥੇ ਕੋਈ ਖਾਸ ਮੇਲੇ ਨਹੀਂ ਲੱਗਦੇ, ਸਿਆਲੇ ਰਹਿ ਸਕਣਾ ਕਠਨ ਹੈ, ਗਰਮੀਆਂ ਦੇ ਚਾਰ ਮਹੀਨੇ ਯਾਤ੍ਰਾ ਖੁਲੀ ਰਹਿੰਦੀ ਹੈ, ਤਿਬਤੀ ਲੋਕ ਇਨ੍ਹਾਂ ਨੂੰ ਪਵਿੱਤ੍ਰ ਤੀਰਥ ਮੰਨਦੇ ਹਨ; ਹਿੰਦੂ ਸਾਧੂ ਬੀ ਕਈ ਜਾਂਦੇ ਹਨ। ਇਧਰ ਦੇ ਲੋਕਾਂ ਨੂੰ ਕੰਨ ਪਾਟੇ ਜੋਗੀਆਂ ਨਾਲ ਖਾਸ ਵੈਰ ਹੈ। ਇਹ ਗੱਲ ਸਾਡੇ ਸੱਜਣ ਨੂੰ ਓਥੇ ਕਿਸੇ ਨੇ ਖਾਸ ਦੱਸੀ ਸੀ। ਇਸ ਤੋਂ ਜਾਪਦਾ ਹੈ ਕਿ ਗੁਰੂ ਜੀ ਦੇ ਸਮੇਂ ਜੋਗੀ ਉਰਲੇ ਪਹਾੜਾਂ 'ਗੜ੍ਹਤੋਕ' ਆਦਿ ਇਲਾਕਿਆਂ ਵਿਚ ਮਾਨਤਾ ਰੱਖਦੇ ਹੋਣਗੇ ਅਤੇ ਰਹਿੰਦੇ ਹੋਣਗੇ ਅਰ ਗਰਮੀਆਂ ਵਿਚ ਮਾਨਸਰੋਵਰ ਜਾ ਮੱਲ ਬੈਠਦੇ ਹੋਣਗੇ ਯਾ ਮਾਨਸਰੋਵਰ ਦੇ ਗੁਫਾ ਮੰਦਰ ਇਨ੍ਹਾਂ ਨੇ ਸਿਧੀਆਂ ਕਰਾਮਤਾਂ ਤੇ ਡਰਾਵਿਆਂ ਦੇ ਜ਼ੋਰ ਨਾਲ ਬੋਧੀਆਂ ਤੋਂ ਖੱਸ ਲਏ ਹੋਣਗੇ। ਗੁਰੂ ਜੀ ਦੀ ਚਰਚਾ ਵੇਲੇ ਜ਼ਿਕਰ ਆਯਾ ਹੈ ਕਿ ਓਹ ਜੋਗੀ ਸ਼ਰਾਬ ਪੀਂਦੇ ਸਨ, ਜੋ ਪਹਿਲੋਂ ਭਾਵੇਂ ਸਰਦੀ ਦੀ ਬਹੁੱਲਤਾ ਕਰਕੇ ਸ਼ੁਰੂ ਹੋਈ ਹੋਵੇ, ਪਰ ਫੇਰ ਤਪੱਸਜਾ ਦੀ ਥਾਂ ਇਹ ਰਹਿ ਗਈ ਹੋਵੇ ਯਾ ਤਪੱਸ੍ਯਾ ਦੇ ਨਾਲ ਸ਼ਰਾਬ ਇਕ ਅੰਗ ਬਣ ਗਈ ਹੋਵੇ।

ਭਾਈ ਦਿਦਾਰ ਸਿੰਘ ਜੀ, ਜੋ ਸ਼ਿਮਲੇ ਤੇ ਤਿੱਬਤ ਦੀ ਸਰਹੱਦ ਦੇ ਪਹਾੜਾਂ ਵਿਚ ਰਹਿ ਆਏ ਹਨ, ਦੱਸਦੇ ਹਨ ਕਿ ਸਰਹੱਦੀ ਤਿੱਬਤ ਤੇ ਗੜ੍ਹਤੋਕ ਦੇ ਇਲਾਕੇ ਵਿਚ ਪੂਰੇ ਨਿਸ਼ਾਨ ਗੁਰੂ ਨਾਨਕ ਦੇਵ ਜੀ ਦੇ ਓਧਰ ਜਾਣ, ਉਪਦੇਸ਼ ਕਰਨ, ਜੀਅਦਾਨ ਦੇਣ ਦੇ ਹੁਣ ਤਕ ਮੌਜੂਦ ਹਨ।

ਤਿੱਬਤ ਦੇ ਵਿਚ ਦੋ ਤਰ੍ਹਾਂ ਦੇ ਲੋਕ ਵਸਦੇ ਹਨ,

(੧) ਇਕ ਮਹਾਤਮਾਂ ਬੁੱਧ ਦੇ ਪੈਰੋਕਾਰ, ਇਨ੍ਹਾਂ ਦਾ ਜਾਪ ਹੈ:-

## ਓਂ ਮਨੀ ਪਦਮਿਹੁੰ

ਇਹ ਲੋਕ ਜਿਸ ਵੇਲੇ ਇਸ ਮੰਤ੍ਰ ਦਾ ਜਿੰਨੀ ਵਾਰ ਜਾਪ ਕਰਨਾ ਹੁੰਦਾ ਹੈ ਕਰ ਲੈਣ ਤਦ ਅੰਤਲੀ ਵਾਰ ਇਸ ਦੇ ਪਿੱਛੇ 'ਸ਼ੀ' ਵਧਾ ਦੇਂਦੇ ਹਨ। ਇਹਨਾਂ ਦੇ ਮੰਦਰਾਂ ਵਿਚ ਬੁੱਧ ਦੀ ਸਮਾਧੀ ਦੀ ਯੁਬਾ ਅਵਸਥਾ ਦੀਆਂ ਮੂਰਤੀਆਂ ਹੁੰਦੀਆਂ ਹਨ। ਇਹ ਸਿਰ ਨੂੰ ਮੁਨਾਈ ਰਖਦੇ ਹਨ।

(੨) ਦੂਜੇ ਓਹ ਲੋਕ ਜਿਹੜੇ ਇਸ ਮੰਤ੍ਰ ਦਾ ਜਾਪ ਕਰਦੇ ਹਨ:-

'ਓਂ ਆਹੁੰ ਭੱਦਰਾ ਗੁਰੂ, ਪਰਮਾਂ ਸਿਧੀ ਹੂੰ'

'ਬਹਾਦਰਾ' ਯਾ 'ਭਦਰਾ ਗੁਰੂ' ਦੇ ਅਰਥ ਹਨ 'ਵਡਾ ਗੁਰੂ' ਸਰੇਸ਼ਟ ਗੁਰੂ। ਇਨ੍ਹਾਂ ਲੋਕਾਂ ਦੇ ਸਿਰ ਤੇ ਕੇਸ਼ ਹੁੰਦੇ ਹਨ, ਹੱਥ ਵਿਚ ਸਿੱਪ ਦਾ ਕੜਾ ਪਾਉਂਦੇ ਹਨ ਤੇ ਛੋਟੀ ਜਿਹੀ ਕ੍ਰਿਪਾਨ ਵੀ ਆਮ ਤੌਰ ਤੇ ਪਾਸ ਰਖਦੇ ਹਨ, ਜਿਸ ਨੂੰ ਕਿ ਇਹ ਕਾਰੁਦੂ ਕਹਿੰਦੇ ਹਨ।

ਇਨ੍ਹਾਂ ਲੋਕਾਂ ਦੇ ਮੰਦਰਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਮੂਰਤੀ ਰੱਖੀ ਹੁੰਦੀ ਹੈ। ਲਿਪਾ ਕਾਨਮ ਪੂਹਾ ਆਦਿਕ ਅਸਥਾਨਾਂ ਦੀਆਂ ਸੜਕ ਤੇ ਥੋੜੀ ਥੋੜੀ ਵਾਟ ਪਰ ਸੜਕ ਦੇ ਦੋਨੋਂ ਪਾਸੀਂ ਗੜ ਤੋਕ ਤਕ ਦੋ ਦੋ ਥੰਮ ਖੜੇ ਕਰਕੇ ਸੜਕ ਨੂੰ ਛੱਤਿਆ ਹੈ ਤੇ ਇਸ ਛੱਤ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਤਸਵੀਰ ਬਣੀ ਹੋਈ ਹੈ। ਇਸ ਤਰ੍ਹਾਂ ਦੀਆਂ ਮੂਰਤਾਂ ਸ਼ਿਮਲੇ ਤੋਂ ਤਿੱਬਤ ਨੂੰ ਜਾਣ ਵਾਲੀ ਸੜਕ ਤੇ ਸ਼ਿਮਲੇ ਤੋਂ ਇਕ ਸੌ ਸੱਠਵੇਂ ਮੀਲ ਤੋਂ ਸ਼ੁਰੂ ਹੋ ਜਾਂਦੀਆਂ ਹਨ।

ਸ਼ਹਿਰ ਲਿਪਾ ਦਾ 'ਦੇਵੀਰਾਮ' ਨਾਮ ਦਾ ਲਾਂਬਾ ਆਪਣੇ ਸਮੇਂ ਵਿਚ ਬੜਾ ਵਿਦਵਾਨ ਤੇ ਤੇਜੱਸ੍ਵੀ ਹੋਇਆ ਹੈ। ਇਕ ਵੇਰ 'ਕਾਨਮ' ਦਾ 'ਤਵਾਹਕੀ' ਨਾਮੇ ਲਾਂਬਾ[੧] ਤੇ ਕੁਝ ਹੋਰ ਲਾਂਬੇ ਆਏ। ਏਹ ਸਾਰੇ ਇੱਕਠੇ ਹੋਏ ਹੋਏ ਸਨ ਕਿ ਇਨ੍ਹਾਂ ਤੇ ਪ੍ਰਸ਼ਨ ਕੀਤਾ ਗਿਆ ਕਿ 'ਭੱਦਰਾ ਗੁਰੂ ਕੌਣ ਹੈ ਜਿਸ ਦੀ ਤੁਸੀਂ ਪ੍ਰਸਤਸ਼ ਕਰਦੇ ਹੋ?' ਉਨ੍ਹਾਂ ਸਾਰਿਆਂ ਨੇ ਦੇਵੀ ਰਾਮ ਵੱਲ ਵੇਖਿਆ ਤੇ ਉੱਤਰ ਦੇਣ ਲਈ ਕਿਹਾ। ਦੇਵੀ ਰਾਮ ਨੇ ਉੱਤਰ ਵਿਚ ਦੱਸਿਆ ਕਿ ਭੱਦ੍ਰਾ ਗੁਰੂ ਪੰਜਾਬ ਵਿਚ ਹੋਇਆ ਹੈ। ਦੇਵੀ ਰਾਮ ਤੋਂ ਪੁਛਿਆ ਗਿਆ ਕਿ ਉਹਦਾ ਨਾਮ ਕੀ ਹੈ? ਤਦ ਉਸ ਨੇ ਕਿਹਾ: ਗੁਰੂ ਪਤੀ ਹੈ ਤੇ ਅਸੀਂ ਉਹਦੀਆਂ ਚੇਰੀਆਂ ਹਾਂ, ਪੰਜਾਬ ਵਿਚ ਕੋਈ ਇਸਤ੍ਰੀ ਆਪਣੇ ਪਤੀ ਦਾ ਨਾਮ ਨਹੀਂ ਲੈਂਦੀ, ਸੋ ਅਸੀਂ ਗੁਰੂ ਦਾ ਨਾਮ ਕਿਸ ਤਰ੍ਹਾਂ ਲੈ ਸਕਦੇ ਹਾਂ। ਫਿਰ ਪੁਛਿਆ ਗਿਆ ਕਿ ਆਖਰ ਕੁਛ ਪਤਾ ਦੱਸੋ ਕਿ ਤੁਹਾਡਾ ਗੁਰੂ ਕਿਹੜਾ ਹੈ? ਤਦ ਦੇਵੀ ਰਾਮ ਲਾਂਬਾ ਨੇ ਕਿਹਾ: ਕਿ ਸਾਡਾ ਭੱਦਰਾ ਗੁਰੂ ਓਹ ਹੈ ਜਿਸ ਨੇ ਮੱਕਾ ਫੇਰਿਆ, ਜਿਸ ਨੇ ਰੇਠੇ ਮਿੱਠੇ ਕੀਤੇ, ਜਿਸ ਨੇ ਸਿੱਧਾਂ ਨਾਲ ਗੋਸ਼ਟ ਕਰਕੇ ਓਹਨਾਂ ਤੇ ਵਿਜੈ ਪਾਈ, ਜਿਸ ਨੇ ਦਸ ਜਾਮੇ ਧਾਰੇ, ਸ੍ਰੀ ਅੰਮ੍ਰਿਤਸਰ ਵਿਚ ਹਰਿਮੰਦਰ ਰਚਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਬਣਾਇਆ, ਛੇਵੇਂ ਜਾਮੇ ਜੰਗ ਕੀਤੇ ਤੇ ਦਸਵੇਂ ਜਾਮੇ ਸਿੰਘ ਸਜਾਏ। ਦੇਵੀ ਰਾਮ ਲਾਂਬੇ ਤੋਂ ਪੁਛਿਆ ਗਿਆ ਕਿ ਭੱਦਰਾ ਗੁਰੂ ਦੇ ਦਸ ਜਾਮਿਆਂ ਵਿਚ ਅਵਤਰਨ ਦਾ ਹਾਲ ਤੁਸਾਂ ਸਿਖਾਂ ਦੀ ਤਾਰੀਖ ਤੋਂ ਪੜ੍ਹਿਆ ਹੈ? ਉੱਤਰ ਵਿਚ ਦੇਵੀ ਰਾਮ ਨੇ ਕਿਹਾ ਕਿ ਤਿੱਬਤ ਦੀ ਭਾਸ਼ਾ ਵਿਚ ਇਸੇ ਦੇਸ਼ ਦੀ ਲਿਪੀ ਵਿਚ ਭੋਜ ਪੱਤਰਾਂ ਤੇ ਲਿਖਿਆ ਇਕ ਗ਼ਾਰ ਦੇ ਵਿਚੋਂ ਪ੍ਰਾਚੀਨ, ਇਤਿਹਾਸ ਸਾਡੇ ਮੁਲਕ ਮਿਲਿਆ ਹੈ, ਮੈਂ ਇਹ ਹਾਲ ਉਹਦੇ ਵਿਚੋਂ ਪੜ੍ਹੇ ਹਨ।

ਇਹਨਾਂ ਲੋਕਾਂ ਦੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਰਵਾਲਸਰ ਤੀਰਥ ਤੇ ਬੜੀ ਸ਼੍ਰਧਾ ਹੈ, ਜਿਥੇ ਏਹ ਭਾਵਨਾ ਨਾਲ ਆਉਂਦੇ ਤੇ ਸ਼ਸ਼ਟਾਂਗ ਡੰਡਵਤ ਪ੍ਰਣਾਮ ਕਰਦੇ ਹੋਏ ਪ੍ਰਕਰਮਾਂ ਕਰਦੇ ਹਨ। ਇਹ ਨਜ਼ਾਰਾ ਸ੍ਰੀ ਦਰਬਾਰ ਸਾਹਿਬ ਜੀ ਵਿਚ ਕਈ ਵੇਰ ਲੋਕਾਂ ਨੇ ਅੱਖੀਂ ਡਿੱਠਾ ਹੈ ਤੇ ਹਰ ਸਾਲ ਦੇਖੀਦਾ ਹੈ।

ਲਿਪਾ ਦੇ ਮੰਦਰ ਵਿਚ ਇਕ ਤਮਾਕੂ ਪੀਣਵਾਲਾ ਮਨੁੱਖ ਵੜ ਗਿਆ, ਲਾਂਬੇ ਨੂੰ ਜਦ ਇਸ ਗਲ ਦਾ ਪਤਾ ਲਗਾ ਤਦ ੪੮ ਘੰਟੇ ਉਸ ਮੰਦਰ ਨੂੰ ਅੰਦਰੋਂ ਚੱਪਾ ਚੱਪਾ ਥਾਂ ਤੋਂ ਧੋਂਦੇ ਰਹੇ ਤੇ ਸੈਂਕੜੇ ਆਦਮੀ 'ਓਂ ਆਹੁੰ ਬਹਦਰਾ ਗੁਰੂ ਪਰਮਾਂ ਸਿੱਧੀ ਹੂੰ' ਦਾ ਜਾਪ ਕਰਦੇ ਰਹੇ। ਇਹਨਾਂ ਲੋਕਾਂ ਦੀ ਤਿੱਬਤ ਵਿਚ ਚੋਖੀ ਵਸੋਂ ਹੈ। ਬੁੱਧ ਦੇ ਮੰਦਰਾਂ ਦੀ ਇਹ ਪੂਜਾ ਨਹੀਂ ਕਰਦੇ, ਕਿੰਤੂ ਬੋਧੀ ਇਹਨਾਂ ਦੇ ਮੰਦਰਾਂ ਦੀ ਪੂਜਾ ਆਪਣੇ ਇਸ਼ਟ ਵਤ ਕਰਦੇ ਹਨ।

ਇਸ ਇਲਾਕੇ ਵਿਚ ਰਾਮ ਚੰਦਰ ਆਦਿਕ

---

[੧] ਤਿੱਬਤ ਵਿਚ ਲਾਂਬਾ ਧਾਰਮਕ ਆਗੂ ਨੂੰ ਕਹਿੰਦੇ ਹਨ

ਦੇਵਤਿਆਂ ਦੀ ਪੂਜਾ ਬੀ ਹੁੰਦੀ ਹੈ ਤੇ ਹਰ ਪਿੰਡ ਦਾ ਲਗ ਪਗ ਦੇਵਤਾ ਵੱਖਰਾ ਹੁੰਦਾ ਹੈ। ਦੇਵੀ ਰਾਮ ਤੋਂ ਪੁੱਛਣ ਤੇ ਉਸ ਨੇ ਦੱਸਿਆ ਕਿ ਰਾਮਚੰਦ੍ਰ ਆਦਿਕ ਦੇਵ ਮੰਡਲ ਦੇ ਹਨ, ਮਹਾਤਮਾ ਬੁਧ ਮੁਕਤ ਹੈ, ਇਸ ਕਰਕੇ ਇਨ੍ਹਾਂ ਵਿਚੋਂ ਮਹਾਤਮਾਂ ਬੁੱਧ ਉੱਚਾ ਹੈ, ਕਿੰਤੂ ਭੱਦਰਾ ਗੁਰੂ ਮੁਕਤੀ ਦਾਤਾ ਹੈ, ਬੁੱਧ ਮੁਕਤੀ ਲੈਣ ਵਾਲਾ, ਇਸ ਕਰਕੇ ਓਹ ਬੁੱਧ ਜੀ ਤੋਂ ਬਹੁਤ ਉੱਚਾ ਹੈ।

ਇਹ ਗਲ ਬੀ ਦੱਸਦੇ ਹਨ ਕਿ ਕੰਨ-ਪਾਟਿਆਂ ਜੋਗੀਆਂ ਤੋਂ ਇਹ ਲੋਗ ਘ੍ਰਿਣਾਂ ਕਰਦੇ ਹਨ। ਜਾਪਦਾ ਹੈ ਕਿ ਉਹਨਾਂ ਦੇ ਹਥੋਂ ਗੁਰੂ ਜੀ ਵੇਲੇ ਏਹ ਲੋਕ ਤੰਗ ਸਨ ਤੇ ਸਤਿਗੁਰੂ ਜੀ ਦੀ ਉਹਨਾਂ ਪਰ ਬਿਜੈ ਪਾਉਣ ਤੇ ਉਹਨਾਂ ਦਾ ਸਤਿਕਾਰ ਤੇ ਭੈ ਇਨ੍ਹਾਂ ਦੇ ਦਿਲੋਂ ਟੁੱਟ ਗਿਆ। ਉਹਨਾਂ ਦੀ ਸ਼ਰਾਬ ਨੋਸ਼ੀ ਆਦਿ ਮਾੜੇ ਕੰਮਾਂ ਤੋਂ ਘ੍ਰਿਣਾਂ ਹੋ ਗਈ, ਓਹ ਲੋਕ ਗੁਰੂ ਜੀ ਦੇ ਉਪਾਸਕ ਹੋ ਗਏ ਤੇ ਸਿੱਧ ਓਥੋਂ ਹੇਠਾਂ ਆ ਗਏ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤ੍ਰਾਰਧ ਵਿਚ ਕਈ ਥਾਂਈਂ ਗੋਰਖ ਆਦਿ ਓਹੋ ਸਿੱਧ ਫਿਰ ਫਿਰ ਹਿੰਦ ਦੇ ਮੈਦਾਨਾਂ ਵਿਚ ਗੁਰੂ ਜੀ ਨੂੰ ਮਿਲਦੇ ਦੱਸੇ ਹਨ।

ਸੋ ਸਾਰੀ ਖੋਜ ਪੜਤਾਲ ਇਹ ਦੱਸਦੀ ਹੈ ਕਿ ਗੁਰੂ ਜੀ ਨੇ ਹਿਮਾਲਯ ਤੇ ਤਿੱਬਤ ਦੇ ਦੁਰਘਟ ਥਾਂਈਂ ਫਿਰ ਫਿਰਕੇ ਸਤਿਨਾਮ ਦਾ ਛਤ੍ਰ ਝੁਲਾਯਾ। ਸ਼ੋਕ ਹੈ ਕਿ ਉਹਨਾਂ ਦੀ ਸੰਪ੍ਰਦਾਇ ਨੇ ਸਾਰੇ ਇਲਾਕੇ ਆਪਣੇ ਪ੍ਰਚਾਰ ਦੀ ਅਣਹੋਂਦ ਨਾਲ ਸਮੇਂ ਦੇ ਹੱਥਾਂ ਵਿਚ ਸਪੁਰਦ ਕਰ ਛੱਡੇ ਹਨ, ਜੋ ਦਿਨੋਂ ਦਿਨ ਵਿਗੜਦੇ ਜਾ ਰਹੇ ਹਨ।

ਸੂਚਨਾ-ਤੀਸਰੀ ਉਦਾਸੀ ਮੁਕਾਕੇ ਫੇਰ ਕਰਤਾਰ ਪੁਰ ਆ ਟਿਕੇ। ਇਥੇ ਬੈਠਕੇ ਘਰ ਆਇਆਂ ਦਾ ਉਧਾਰ ਕੀਤਾ। ਕਈ ਕੌਤਕ ਹੋਏ, ਕਈ ਸਾਖੀਆਂ ਵਰਤੀਆਂ। ਇਕ ਪ੍ਰਸੰਗ ਵੀਰਾਂ ਮਲ੍ਹਾਰ ਦਾ ਹੈ ਜੋ ਇਸ ਸਮੇਂ ਹੋਇਆ ਜਾਪਦਾ ਹੈ:-

# ੭੩. ਵੀਰਾਂ ਮਲ੍ਹਾਰ[1] ।

ਮਰਦਾਨਾ-ਸੀਹੋਂ ! ਦੇਖ, ਸੁਹਣੇ ਸਾਂਈਂ ਨਾਲ ਰੰਗ-ਰੱਤੜੇ ਨੈਣ ਖੋਹਲੇ ਹਨ ਗੁਰੂ ਜੀਓ ਨੇ ਤੇ ਰੰਗ ਮੱਥੇ ਤੇ ਉਪਕਾਰ ਦਾ ਹੈ, ਅਜ ਕਿਸੇ ਨੂੰ ਤਾਰਨ ਦਾ ਫੁਰਨਾ ਸਹੀ ਹੁੰਦਾ ਹੈ।

ਸੀਹੋਂ-ਲਗਦਾ ਤਾਂ ਇਵੇਂ ਹੀ ਹੈ; ਦੂਰ ਦੂਰ ਆ ਜਾਂਦੇ ਹਨ ਦਾਤਾ ਜੀ, ਜਿਵੇਂ ਲੱਭਦੇ ਹਨ ਆਪ ਕਿਸੇ ਨੂੰ।

ਮਰਦਾਨਾ--ਹਾਂ, ਕਈ ਰੰਗ ਹਨ ਦਾਤੇ ਗੁਰੂ ਦੇ। ਇਕ ਤਾਂ ਗੁਰੂ ਜੀ ਤਾਰਦੇ ਹਨ ਜਗਤ ਨੂੰ ਖੁੱਲ੍ਹਾ ਛੱਟਾ ਦੇਕੇ, ਪਰ ਵਿਚ ਵਿਚ ਤਾਰਦੇ ਹਨ ਲੱਭ ਲੱਭ ਕੇ ਲਗਿਆਂ ਹੋਇਆਂ ਨੂੰ; ਕਦੇ ਕਦੇ ਤਾਰਦੇ ਹਨ ਚੋਟੀ ਦੇ ਫਕੀਰਾਂ ਨੂੰ, ਜੋ ਸਮਝਦੇ ਹਨ ਕਿ ਅਸੀਂ ਸਿਖਰੇ ਆ ਗਏ ਹਾਂ, ਪਰ ਹੁੰਦੇ ਹਨ ਕਿਸੇ ਇਕ ਅੱਧ ਅਟਕਾਰੇ ਵਿਚ; ਉਹਨਾਂ ਨੂੰ ਤਾਰਦੇ ਹਨ ਅਟਕੀ ਗੰਢ ਖੋਹਲਕੇ: ਕਦੇ ਤਾਰਦੇ ਹਨ ਵਡੇ ਗਦੀਆਂ ਵਾਲਿਆਂ ਨੂੰ ਜੋ ਕਿਸੇ ਹਠਾਗ੍ਰਹਿ ਤਅੱਸਬ ਦਾ ਕੋਈ ਅੰਗ ਲੈਕੇ ਇਕ ਨਜ਼ਰ ਨਹੀਂ ਵੇਖਦੇ ਰੱਬ ਦੀ ਸਾਜੀ ਹੋਈ ਨੂੰ। (ਹੱਸ ਕੇ) ਡਾਢੇ ਕੌਤਕਹਾਰ ਹਨ ਗੁਰੂ ਜੀ। ਕਈ ਵੇਰ ਠੱਗਾਂ, ਧਾੜਵੀਆਂ, ਮਾਣਸਖਾਣਿਆਂ, ਦੁਰਾਚਾਰੀਆਂ ਨੂੰ ਜਾ ਸਾਧਦੇ ਹਨ ਤੇ ਰੱਬ ਦੇ ਰਸਤੇ ਲਾ ਦੇਂਦੇ ਹਨ। ਜਾਂ ਤਾਂ ਕਰਤਾ ਪੁਰਖ ਹੈ, ਜਿਸ ਦੇ ਭਾਣੇ ਦੇ ਰੌ ਦਾ ਪਤਾ ਨਹੀਂ, ਜਾਂ ਗੁਰੂ ਬਾਬਾ ਹੈ, ਜਿਸ ਦਾ ਪਤਾ ਨਹੀਂ ਲਗਦਾ ਕਿ ਅਜ ਕੀਹ ਕੌਤਕ ਕਰੇਗਾ। ਦੇਖੋ, ਅਜ ਤੜਕਸਾਰ ਦੇ ਜੁੜੇ ਬੈਠੇ ਹਨ, ਹੁਣ ਨੈਣ ਖੋਹਲੇ ਨੇ, ਪਰ ਚਿਹਰੇ ਤੇ ਉਪਕਾਰ ਤੇ ਰਾਹੇ ਪੈਣ ਦੇ ਨਿਸ਼ਾਨ ਫਿਰ ਰਹੇ ਹਨ। ਇੰਨੇ ਨੂੰ ਗੁਰੂ ਜੀ ਬੋਲੇ: ਚਲੋ ਬਈ ਚੱਲੀਏ, ਤਯਾਰੀ ਕਰੋ।

ਮਰਦਾਨਾ--ਪਾਤਸ਼ਾਹ ! ਕਿੱਧਰ ਦੀ?

ਗੁਰੂ ਜੀ-ਚਲੋ ਬਈ ਚੱਲੀਏ, ਸਫਰ ਵਿਚ ਤਾਂ ਹਾਂ ਹੀ। ਨੇੜੇ ਇਕ ਪਿੰਡ ਹੈ, ਓਥੇ ਇਕ ਲੱਗਾ ਹੋਇਆ ਬੰਦਾ ਹੈ, ਪਰ ਸੰਸੇ ਵਿਚ ਹੈ। ਸੰਸਾ ਹਟਾ ਦੇਈਏ ਤਾਂ ਅਟਕੀ ਨਦੀ ਬੰਨ੍ਹ ਟੁੱਟਣ ਨਾਲ ਠਾਠਾਂ ਮਾਰਦੀ ਅੱਗੇ ਨੂੰ ਟੁਰ ਪਵੇ।

ਇਹ ਆਗਯਾ ਪਾਕੇ ਥੋੜੇ ਚਿਰ ਵਿਚ ਹੀ ਟੁਰ ਪਏ। ਜਾ ਉਥੇ ਪਹੁੰਚੇ ਜਿਥੇ ਜਾਣਾ ਸੀ ਤਾਂ ਕਿਸੇ

[1] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੭੧ (੧੯੩੯ ਈ:) ਕੱਤਕ ਪੂਰਨਮਾਸ਼ੀ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਇਆ ਸੀ।

ਤੋਂ ਪੁੱਛਿਆ ਭਾਈ ਕਿੱਥੇ ਹੈ ਵਾੜੀ ਵੀਰਾਂ ਮਲ੍ਹਾਰ ਦੀ? ਕਿਸੇ ਨੇ ਕਿਹਾ: ਜ਼ਰਾ ਕੁ ਅਗੇਰੇ ਇਸੇ ਲੀਹ ਉਤੇ ਖੱਬੇ ਹੱਥ ਹੈ। ਸੋ ਉਥੇ ਪਹੁੰਚੇ, ਖਿੜਕਾ ਫੇਰਕੇ ਵਾੜੀ ਦੇ ਅੰਦਰ ਜਾ ਵੜੇ। ਅੱਗੇ ਵੀਰਾਂ ਮਲ੍ਹਾਰ ਬੈਠਾ ਸੀ ਕਿਸੇ ਆਹਰੇ ਲੱਗਾ, ਦੇਖਕੇ ਉਠ ਖਲਾ ਹੋਇਆ ਤੇ ਦੁਇ ਹੱਥ ਜੋੜਕੇ ਸਿਰ ਨਿਵਾਕੇ ਕਹਿਣ ਲੱਗਾ:-ਸਲਾਮਾ ਲੇਕ। ਤਾਂ ਗੁਰੂ ਬਾਬੇ ਕਿਹਾ: ਭਲਾ ਹੋਵੇਈ। ਫੇਰ ਛੇਤੀ ਨਾਲ ਮੰਜਾ ਡਾਹਕੇ ਉਤੇ ਆਪਣੀ ਚਾਦਰ ਵਿਛਾ ਦਿੱਤੀ ਤੇ ਆਖਣ ਲੱਗਾ ਆਓ, ਜੀਉ ਆਇਆਂ ਨੂੰ, ਬੈਠੋ ! ਗੁਰੂ ਬਾਬਾ ਜੀ ਬਹਿ ਗਏ ਅਤੇ ਸਾਹਮਣੇ ਵਿਛਾਈ ਫੂਹੜੀ ਉਤੇ ਬਹਿ ਗਏ ਮਲ੍ਹਾਰ ਤੇ ਗੁਰੂ ਜੀ ਦੇ ਨਾਲ ਦੇ ਸਿੱਖ।

ਸ੍ਰੀ ਗੁਰੂ ਜੀ-ਵੀਰਾਂ,ਦੇਹ ਗੱਲਾਂ, ਕੀਹ ਹਾਲ ਏ ਤੇਰੇ ਜ਼ੁਹਦ ਤਕਵੇ ਦਾ?

ਵੀਰਾਂ ਮਲ੍ਹਾਰ-ਮੈਂ ਗ਼ਰੀਬ ਅਰਾਈਂ[1] ਕੀ ਜਾਣਾਂ ਸਾਰਾਂ ਸਾਂਈਂ ਦੀਆਂ।

ਮਰਦਾਨਾ-ਭਾਈ ! ਦੇਹ ਦਿਲ ਦੀਆਂ ਦੋ ਚਾਰ ਤੇ ਲੈ ਦਿਲਾਂ ਦੇ ਮਾਲਕ ਦੀ ਕੋਈ ਇਕ ਅੱਧ ਸਾਰ ਦੀ ਜੋ ਲੱਗ ਜਾਏ ਕਾਨੀ ਕਾਰੀ ਹੋਕੇ।

ਮਲ੍ਹਾਰ-ਸਾਈਂ ਦੇ ਪਿਆਰੇ.....(ਹਾਹੁਕਾ ਲੈਕੇ)......(ਹੌਲੇ ਜਿਹੇ) ਆਪ ਕੌਣ ?

ਮਰਦਾਨਾ-ਨਾਨਕ ਨਿਰੰਕਾਰੀ !

ਮਲ੍ਹਾਰ (ਸੁਖੱਲਾ ਸਾਹ ਤੇ ਲੰਮਾ ਜਿਹਾ ਸਾਹ ਲੈਕੇ)-ਵਡੇ ਭਾਗ ਹੋਏ; ਸਾਹਿਬ ਜੀ ਨੇ ਘਰ ਆਕੇ ਦੀਦਾਰ ਬਖਸ਼ੇ। ਸ਼ੁਕਰ ਸ਼ੁਕਰ ! ਧੰਨ ਹੈ ਕਰਮ ਕਰਨ ਵਾਲਾ ਕਰੀਮ ! (ਫੇਰ ਸਲਾਮ ਕੀਤੀਓਸੁ) ਹੇ ਦਾਤਾ! ਤੂੰ ਸੁਣੀਂਦਾ ਹੈਂ ਹਿੰਦੂ ਮੁਸਲਮਾਨ ਨੂੰ ਇਕ ਨਜ਼ਰ ਤੋਲਦਾ ਹੈਂ, ਮੈਂ ਇਕ ਅਟਕਾਰੇ ਵਿਚ ਹਾਂ। ਜਦੋਂ ਘਰ ਖ਼ਹਿਕੇ ਬੰਦਗੀ ਕਰਦਾ ਹਾਂ, ਇਕ ਸਾਹਿਬ ਦੀ ਕਰਦਾ ਹਾਂ। ਜਦੋਂ ਕਦੇ ਮਸੀਤੇ ਜਾਂਦਾ ਹਾਂ ਤਾਂ ਸੁਣਦਾ ਹਾਂ ਕਿ ਸਾਹਿਬ ਦੇ ਦਰ ਹਿੰਦੂ ਪਰਵਾਨ ਨਹੀਂ ਤੇ ਮੁਸਲਮਾਨ ਪਰਵਾਨ ਹੈ ਤੇ ਦਰ ਉਤੇ ਇਕੋ ਮੁਹੰਮਦ ਹੈ ਯਾਰ, ਹੋਰ ਕਿਸੇ ਦੀ ਪਹੁੰਚ ਨਹੀਂ, ਰਾਮ ਕ੍ਰਿਸ਼ਨ ਕੋਈ ਨਹੀਂ, ਕੋਈ ਹੋਸਣ ਤਾਂ ਕਬੂਲਿਆਂ ਵਿਚ ਨਹੀਂ।

[1] ਬਾ: ਵਾ: ਜ: ਸਾਖੀ।

ਤਾਂ ਮੈਂ ਸੋਚਦਾ ਹਾਂ ਕਿ ਜੇ ਹਿੰਦੂ ਰਸੂਲ ਕਬੂਲ ਨਹੀਂ ਤਾਂ ਖ਼ੁਦਾ ਰਚ ਕਿਉਂ ਦੇਂਦਾ ਹੈ, ਕਾਜ਼ੀ ਮੁੱਲਾਂ ਆਖਦੇ ਹਨ ਕਿ ਇਹ ਕਾਫ਼ਰ ਹੈਨ, ਦੋਜ਼ਕਾਂ ਵਿਚ ਜਲਨਗੇ। ਤਾਂ ਮੇਰਾ ਮਨ ਕਹਿੰਦਾ ਹੈ ਦੋਜ਼ਕਾਂ ਦਾ ਬਾਲਣ ਖ਼ੁਦਾ ਕਿਉਂ ਉਗਾਉਂਦਾ ਹੈ। ਕੋਈ ਚਾਉ ਹੈਸੁ ਜੋ ਨਰਕ ਬਲਦੇ ਵੇਖਕੇ ਖ਼ੁਸ਼ ਥੀਂਦਾ ਹੈ। ਜੇ ਮੈਂ ਕਦੇ ਪਾਂਧੇ ਪੰਡਤ ਨੂੰ ਪੁੱਛਦਾ ਹਾਂ ਤਾਂ ਆਖਦੇ ਹਨ, ਮਲੇਛ ਹਨ ਸਾਰੇ ਮੁਸਲਮਾਨ ਗਤੀ ਨਹੀਂ ਹੋਣੀ ਇਨ੍ਹਾਂ ਦੀ। ਇਹ ਅਵਤਾਰਾਂ ਦੀ, ਵੇਦ ਦੀ ਸ਼ਾਸਤ੍ਰ ਦੀ ਨਿੰਦਾ ਕਰਦੇ ਹਨ, ਤਾਰਨਾਂ ਹੈ ਅੱਗੇ ਅਵਤਾਰਾਂ ਨੇ। ਫੇਰ ਮੈਂ ਦੁਆ ਕਰਦਾ ਹਾਂ ਕਿ ਹੇ ਸਾਹਿਬ !ਦੱਸ ਮੈਂ ਕਿਤ ਬੇੜੀ ਚੜ੍ਹਾਂ, ਹਿੰਦੂ ਦੀ ਕਿ ਤੁਰਕ ਦੀ ? ਕਿਹੜੀ ਤਰਨੀ ਹੈ, ਕਿਹੜੀ ਡੁੱਬਣੀ ਹੈ; ਪਾਰ ਕਿਸਨੇ ਲੈ ਜਾਣਾ ਹੈ। ਸੋ ਦਾਤਾ ਜੀਉ ! ਬੰਦਗੀ ਦੇ ਰਸਤੇ ਮੈਂ ਇਸ ਕਾਲਜੇ ਚੁੱਭੀ ਛਿਲਤਰ ਦੇ ਦੁੱਖ ਟਿੱਕਦਾ ਨਹੀਂ[1]। ਤੁਸੀਂ ਸੁਣਿਆਂ ਹੈ ਭਾਰੀ ਰਜਾਜ਼ਤ, ਤਪ ਕੀਤਾ ਹੈ ਤੇ ਮੁਸ਼ਕੇ ਹੋ, ਦਰ ਹੋ ਆਏ ਹੋ, ਦਿਓ ਖਾਂ ਸਾਂਈਂ ਦਰ ਦੀਆਂ, ਕੌਣ ਹੈ ਕਬੂਲ ਤੇ ਕੌਣ ਹੈ ਰੱਦ ? ਬਰਾਏ ਖ਼ੁਦਾ (ਖ਼ੁਦਾ ਦੇ ਵਾਸਤੇ) ਸੱਚ ਦੱਸੋ।

ਸ੍ਰੀ ਗੁਰੂ ਜੀ-ਭਾਈ ਗੱਲ ਤਾਂ ਇਹ ਹੈ ਅਸਲੀ ਕਿ ਜਿਹਾ ਕੋਈ ਬੀਜੇਗਾ ਤੇਹਾ ਫਲ ਉਸ ਨੂੰ ਪ੍ਰਾਪਤ ਹੋਵੇਗਾ। ਪਰ ਸੁਖ਼ ਹੁਕਮ ਨਾਲ ਮਿਲੇਗਾ ਤੇ ਕਲਯਾਣ ਨਾਮ ਨਾਲ ਹੋਵੇਗੀ। ਬਿਨਾਂ ਨਾਮ[2] ਸਾਰੇ ਮਨ ਦੇ ਅੰਧਕਾਰ ਵਿਚ ਬੱਝੇ ਪਏ ਹਨ।

ਵੀਰਾਂ-ਪਰ ਜੀ ਤੁਸੀਂ ਦਰ ਪਰਵਾਣ ਹੋ, ਕਰਮ ਕਰ ਮਿਲੇ ਹੋ, ਕਲੇਜੇ ਪੁੜਿਆ ਕੰਡਾ ਕੱਢ ਦਿਓ, ਜੇ ਸ਼ਰਹ ਵਾਲਿਆਂ ਚੋਭਿਆ ਹੈ ਤੇ ਸ਼ਾਸਤ੍ਰਾਂ ਵਾਲਿਆਂ ਕੱਢਿਆ ਨਹੀਂ, ਤੁਸੀ ਕੱਢ ਦੂਰ ਕਰੋ, ਦੱਸੋ ਕੌਣ ਦਰ ਪਰਵਾਨ ਹੈ?

ਸ੍ਰੀ ਗੁਰੂ ਜੀ-ਦੁਏ ਮੰਨਦੇ ਹਨ, ਦੁਨੀਆਂ ਇਕੋ ਕਰਤਾਰ ਨੇ ਬਣਾਈ ਹੈ। ਬਣਾਉਣ ਵਾਲਾ ਪਿਤਾ

[1] ਇਹ ਖੁੱਲਾ ਅਨੁਵਾਦ ਹੈ ਭਾਈ ਬੰਨੋ ਦੀ ਬੀੜ ਦੇ ਇਸ ਸਲੋਕ ਦਾ:-

ਵੀਰ ਸਲਾਮਾਂ ਲੇਖੁ ਬਰਾ ਖੁਦਾਈ ਸਚ ਚਉ॥ ਦਰਗਹ ਕਿਤੁ ਵਿਸੇਖ ਜੇਹਾ ਬੀਜੈ ਸੋ ਲੂਣੇ ॥

[2] ਹੁਕਮੀ ਮਿਲੈ ਸੁਖਾਇ ॥ ਨਾਨਕ ਸਚੇ ਨਾਮੁ ਬਿਨੁ ਬਧਾ ਦੁਖ ਸਹਾਇ ॥੨॥

ਹੋਇਆ, ਬਣੇ ਹੋਏ ਪੁਤ੍ਰ ਹੋਏ। ਕੌਣ ਪਿਆਰਾ ਤੇ ਕੌਣ ਦੁਪਰਿਆਰਾ, ਦੱਸ ਖਾਂ ਤੈਨੂੰ ਆਪਣੇ ਪੁੱਤਾਂ ਵਿਚੋਂ ਕਿਹੜਾ ਕਬੂਲ ਹਈ ਤੇ ਕਿਹੜਾ ਰੱਦ ਕੀਤਾ ਹਈ ?

ਵੀਰਾਂ-ਪੁੱਤ ਤਾਂ ਸਾਰੇ ਪਿਆਰੇ ਹਨ, ਪਰ ਜੋ ਭਲਾ ਹੈ, ਨੇਕੀ ਕਰਦਾ ਹੈ ਵਧੇਰੇ ਪਿਆਰਾ ਹੈ।

ਸ੍ਰੀ ਗੁਰੂ ਜੀ-ਰੱਬ ਕਿਵੇਂ ਹੈ ? ਅਸੀਂ ਕੀਤੇ ਹੋਏ ਕਰਤੇ ਦਾ ਥਾਹ ਨਹੀਂ ਪਾ ਸਕਦੇ, ਪਰ ਮੋਟੀ ਗਲ ਤਾਂ ਸਿਆਣਦੇ ਹਾਂ ਕਿ ਉਹ ਰਚਣਹਾਰ ਪਿਤਾ ਹੈ ਤੇ ਉਸ ਨੂੰ ਸਾਰੇ ਇਕ ਤੁੱਲ ਹਨ, ਜਿਵੇਂ ਸਾਨੂੰ ਪੁਤ ਹਨ। ਵਧੇਰੇ ਚੰਗਾ ਕੌਣ ਹੈ? ਜੋ ਨੇਕ ਹੈ। ਸੋ ਸੋਚ ਲੈ ਆਪੇ, ਕਬੂਲ ਕੌਣ ਹੈ? ਜਿਸਦੇ ਅਮਲ ਚੰਗੇ ਹਨ।

ਵੀਰਾਂ ਮਲ੍ਹਾਰ-ਸੱਚ ਕਿਹਾ ਨੇ; ਠੀਕ ਹੈ; ਦਾਤਾ! ਮੈਨੂੰ ਦਰਗਾਹ ਦਾ ਬੀ ਪਤਾ ਦਿਓ ਕਿ ਓਥੇ ਰਸੂਲ ਕਬੂਲ ਹੈ ਕਿ ਕ੍ਰਿਸ਼ਨ ਕਿ ਤ੍ਰਿਸੂਲ ਵਾਲਾ ਸ਼ਿਵ ਕਿ ਤੀਰ ਵਾਲਾ ਰਾਮ?

ਸ੍ਰੀ ਗੁਰੂ ਜੀ-ਸਾਂਈਂ ਦੀ ਦਰਗਾਹ, ਜੋ ਦਰਗਾਹ ਕਿ ਕਾਇਨਾਤ ਵਿਚ ਸਾਰੇ ਸਰਬ ਵ੍ਯਾਪੀ ਹੈ, ਜੇ ਓਥੇ ਵੇਖੀਏ ਤਾਂ ਓਥੇ ਇਕੋ ਇਕ ਹੈ, ਇਕ ਤਾਂ ਉਹੋ ਇਕੱਲਾ ਹੈ, ਬਾਕੀ ਉਸ ਦੇ ਦਰ ਉਤੇ ਖੜੇ ਹਨ ਤੇ ਉਹ ਅਨੇਕਾਂ ਹਨ। ਲੱਖਾਂ ਹੈਨ ਬ੍ਰਹਮੇ, ਲੱਖਾਂ ਹੈਨ ਕ੍ਰਿਸ਼ਨ ਤੇ ਲੱਖਾਂ ਹੈਨ ਸ਼ਿਵ ਤੇ ਲੱਖਾਂ ਹੈਗੇ ਨੇ ਮੁਹੰਮਦ, ਲੱਖਾਂ ਹੈਨੀ ਰਾਮ। ਲੱਖਾਂ ਜਿਨ੍ਹਾਂ ਦੇ ਰਾਹ ਹਨ ਤੇ ਲੱਖਾਂ ਹੀ ਵੇਸ ਹਨ। ਫੇਰ ਲੱਖਾਂ ਜਤੀ, ਲੱਖਾਂ ਸਤੀ, ਲੱਖਾਂ ਸੰਨ੍ਯਾਸੀ, ਲੱਖ-ਨਾਥ ਤੇ ਨਾਥਾਂ ਦੇ ਵੱਡੇ, ਲੱਖਾਂ ਗੋਰਖ, ਲੱਖਾਂ ਗੁਰੂ, ਲੱਖਾਂ ਚੇਲੇ, ਲੱਖਾਂ ਦੇਵੀਆਂ ਲੱਖਾਂ ਦੇਵਤੇ, ਲੱਖਾਂ ਹੀ ਦਾਨਵ ਹੈਨ। ਲੱਖਾਂ ਹੀ ਪੀਰ ਹਨ ਵੱਡੇ ਛੋਟੇ, ਲੱਖਾਂ ਹੀ ਪੈਗੰਬਰ ਹੈਨ, ਲੱਖਾਂ ਹੀ ਔਲੀਆ ਹਨ, ਕਾਜ਼ੀ ਮੁੱਲਾਂ ਤੇ ਸ਼ੇਖ ਬੀ ਲੱਖਾਂ ਹੀ ਹੈਨ। ਹੇ ਭਾਈ ! ਸ਼ਾਂਤੀ ਕੇਵਲ ਉਨ੍ਹਾਂ ਨੂੰ ਆਈ ਹੈ, ਜਿਨ੍ਹਾਂ ਨੇ ਪੂਰੇ ਗੁਰੂ ਦੇ ਉਪਦੇਸ਼ ਦੀ ਕਮਾਈ ਕੀਤੀ ਹੈ। ਮੂਲ ਦੀ ਗੱਲ ਹੈ: ਗੁਰ ਉਪਦੇਸ਼ ਦੀ ਕਮਾਈ। ਤੂੰ ਕਰੇਂਗਾ ਤੂੰ ਕਬੂਲ ਪਏਂਗਾ, ਨਾਂ ਕਰੇਂਗਾ ਨਾ ਪਏਂਗਾ। ਉਪਰਲਿਆਂ ਵਿਚੋਂ, ਜਿਨ੍ਹਾਂ ਨੇ ਗੁਰ ਉਪਦੇਸ਼ ਦੀ ਕਮਾਈ ਕੀਤੀ ਹੈ ਓਹ ਕਬੂਲ ਹੋਏ ਸਮਝ ਲੈ, ਜਿਨ੍ਹਾਂ ਨਹੀਂ ਕੀਤੀ ਉਹ ਅਨਕਬੂਲੇ ਸਮਝ ਲੈ। ਸੋ ਸਾਧਨਾਂ ਕਰਨ ਵਾਲੇ ਤੇ ਸਿੱਧਤਾ ਦੇ ਸਾਧਕ ਅਣਗਿਣਤ ਹਨ, ਪਰ ਇਹ ਬੀ ਤਾਂ ਹੀ ਕਬੂਲ ਹੈਨ; ਜੇ ਸਤਿਗੁਰ ਦੇ ਦ੍ਰਿੜਾਏ ਸ਼ਬਦ ਗਿਆਨ ਦੀ ਪ੍ਰਾਪਤੀ ਵਾਲੇ ਹੈਨ ਤਾਂ। ਬਿਨਾਂ ਸ਼ਬਦ ਦੀ ਕਮਾਈ ਦੇ ਤੇ ਗਿਆਨ ਪ੍ਰਾਪਤੀ ਦੇ ਸਾਰੇ ਹੀ ਅਪਵਿੱਤ੍ਰ ਜਾਣ ਲੈ। ਬਾਕੀ ਰਹੀ ਗੱਲ ਇਕ ਦੀ, ਸੋ ਇਕ ਕੌਣ ਹੈ? ਇਕ ਤਾਂ ਭਾਈ ਇਕੋ ਹੈ, ਇਕੋ ਹੈ[੧]। ਦੂਜਾ ਹੋਇਆ ਨਹੀਂ, ਨਾ ਹੋਵੇਗਾ, ਨਾ ਹੈ। ਉਹ ਕੇਵਲ ਇਕ ਹੈ। ਸਾਰਿਆਂ ਅਵਤਾਰਾਂ, ਪੈਗੰਬਰਾਂ ਆਦਿ ਨਾਥਾਂ ਦਾ ਸਿਰ ਨਾਥ ਉਹ ਇਕ ਹੈ। ਪਰ ਜੇ ਤੁਸੀਂ ਚਾਹੋ ਕਿ ਉਸਦਾ ਅੰਤ ਲੈ ਲਵੋ, ਉਸ ਦਾ ਅੰਦਾਜ਼ਾ ਲਾ ਸਕੋ; ਜਿਵੇਂ ਆਪਣੀ ਖੇਤੀ ਨੂੰ ਲੈ ਆਉਂਦੇ ਹੋ ਤਾਂ ਭੁੱਲ ਹੋਊ, ਕੀਤਾ ਕਰਤੇ ਨੂੰ ਨਹੀਂ ਜਾਣ ਸਕਦਾ, ਮਿਤ ਵਾਲਾ ਅਮਿਤ ਨੂੰ ਆਪਣੇ ਗ੍ਯਾਨ ਦਾ ਵਿਸ਼ਾ ਨਹੀਂ ਬਣਾ ਸਕਦਾ। ਉਹੋ ਬੇਅੰਤ ਹੈ, ਬੇਸ਼ੁਮਾਰ ਹੈ[੨]। ਉਸ ਦੀ ਭਗਤੀ ਬ਼ਣਦੀ ਹੈ ਕਰਨੀ, ਉਸਨੂੰ ਪ੍ਯਾਰ ਕਰਨਾ ਬਣਦਾ ਹੈ, ਉਸ ਦੇ ਨੇੜੇ ਰਿਹਾਂ ਸੁਖ ਹੁੰਦਾ ਹੈ। ਹਾਜ਼ਰ ਰਹੀਏ ਸਦਾ ਹਜ਼ੂਰੀ ਵਿਚ, ਇਸ ਨਾਲ ਕਲ੍ਯਾਣ ਹੈ; ਬਾਕੀ ਜੋ ਪਰਮੇਸ਼ੁਰ ਦੇ ਰਾਹ ਨਹੀਂ ਟੁਰਦੇ, ਜੋ ਬੰਦਗੀ ਭਜਨ ਨਹੀਂ ਕਰਦੇ, ਓਹ ਮਾਯਾ ਦੇ ਮੋਹ ਵਿਚ ਹੈਨ, ਚਾਰ ਦਿਨਾਂ ਦੇ ਜੀਵਨ ਦੇ ਸੁਖਾਂ ਵਿਚ ਲੰਪਟ ਹੈਨ, ਆਤਮੇ ਦੇ ਸੁਖ ਨੂੰ ਨਹੀਂ ਜਾਣਦੇ, ਉਹਨਾਂ ਦੇ ਗਯਾਨ ਧ੍ਯਾਨ, ਉਹਨਾਂ ਦੀ ਵਿਦ੍ਯਾ ਤੇ ਕਾਰੀਗਰੀ ਤੇ ਵਿਗ੍ਯਾਨ ਸਾਰੇ ਜ਼ਿਦਾਂ

---

[੧] ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ।{ਆਸਾ ਮ:੧}

[੨] ਇਹ ਵਾਰਤਾਲਾਪ ਖੁਲ੍ਹਾ ਅਨੁਵਾਦ ਹੈ ਉਸ ਸ਼ਬਦ ਦਾ ਜੋ ਭਾਈ ਬੰਨੋ ਦੀ ਬੀੜ ਵਿਚ ਹੈ ਤੇ ਜੋ ਐਉਂ ਹੈ:-ਸਲੋਕ ਮ: ੧

ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨੁ ਮਹੇਸ ॥ ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥ ਲਖ ਲਖ ਓਥੇ ਜਤੀ ਹੈ ਸਤੀਅਹ ਤੇ ਸੰਨਿਆਸ ॥ ਲਖ ਲਖ ਓਥੈ ਗੋਰਖਾ ਲਖ ਲਖ ਨਾਥਾ ਨਾਥ ॥ ਲਖ ਲਖ ਓਥੈਂ ਆਸਨਾ ਗੁਰ ਚੇਲੇ ਰਹਿਰਾਸ ॥ ਲਖ ਲਖ ਦੇਵੀ ਦੇਵਤੇ ਦਾਨੂੰ ਲਖ ਨਿਵਾਸ ॥ ਲਖ ਪੀਰ ਪੈਕਾਬਰ ਅਉਲੀਏ ਲਖ ਕਾਜੀ ਮੁਲਾਂ ਸੇਖ ॥ ਕਿਸੈ ਸਾਂਤਿ ਨ ਆਈਆ ਬਿਨ ਸਤਿਗੁਰ ਕੇ ਉਪਦੇਸੁ ॥ ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ ॥ ਏਤੜਿਆ ਅਪਵਿਤ੍ਰ ਹੈ ਬਿਨੁ ਸਤਿਗੁਰੁ ਕੇ ਸਬਦਿ ਬੀਚਾਰ ॥ ਸਿਰ ਨਾਥਾ ਕੈ ਏਕ ਨਾਥ ਸਤਿਨਾਮ ਕਰਤਾਰੁ ॥ ਨਾਨਕ ਤਾਕੀ ਕੀਮਤਿ ਨਾ ਪਵੈ ਬੇਅੰਤ ਬੇਸੁਮਾਰੁ ॥੧॥

ਹਠਾਂ ਵਿਚ ਹੈਨ। ਕੀ ਪੜ੍ਹੇ ਤੇ ਕੀ ਅਨਪੜ੍ਹੇ, ਕੀ ਮਜ਼੍ਹਬ ਵਾਲੇ ਤੇ ਕੀ ਨਮੁਕਰ ਸਾਰੇ ਦ੍ਵੈਤ ਵਿਚ, ਈਰਖਾ ਵਿਚ ਹੈਨ, ਮਨੁੱਖ ਦੀ ਦਿਲ-ਪੀੜਾ ਤੇ ਮਨੁੱਖ ਦੀ ਸਰੀਰ-ਪੀੜਾ ਨੂੰ ਵਧਾਉਂਦੇ ਹਨ। ਉਹ ਵਿਦਯਾ ਕਿਸ ਅਰਥ, ਜਿਸ ਦਾ ਫਲ ਜਗਤ ਦਾ ਦੁਖ ਵਧਾਉਣਾ ਹੈ ਤੇ ਦੁਖ ਹਰਨਾ ਨਹੀਂ?

ਹੋਰ ਭਾਈ, ਜੇ 'ਦਰ' ਦੀ ਖ਼ਬਰ ਪੁੱਛਣੀ ਹਈ ਤੇ ਸੁਖ ਵਾਲੀ ਸੋ ਸੁਣਨੀ ਹਈ, ਤਰਕ ਵਿਤਰਕਾਂ ਤੋਂ ਪਰੇ ਠੰਢਾਂ ਪਾਉਣ ਵਾਲੀ, ਤਾਂ ਸੁਣ। ਇਹ ਕਹਿਕੇ ਸ੍ਰੀ ਸਤਿਗੁਰ ਜੀ ਮਰਦਾਨੇ ਵਲ ਤੱਕੇ ਤੇ ਓਨ ਸੱਦ ਲਾਈ ਰਬਾਬ ਦੀ ਸੁਹਣੀ ਸੁਹਣੀ ਟੁੰਕਾਰ ਦੇ ਨਾਲ:-

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ ॥ ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ ਤੁਧਨੋ ਪਉਣ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਨ੍ਹਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਨ੍ਹਿ ਤੁਧਨ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨ੍ਹਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨ੍ਹਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ਗਾਵਨ੍ਹਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥ ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ਗਾਵਨ੍ਹਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਨ੍ਹਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ ਗਾਵਨ੍ਹਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ ਸੇਈ ਤੁਧਨੋ ਗਾਵਨ੍ਹਿ ਜੋ ਤੁਧੁ ਭਾਵਨ੍ਹਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ॥੧॥

ਇਸ ਸ਼ਬਦ ਦੇ ਗਾਏ ਜਾ ਰਹੇ ਦਿਲ-ਖਿਚੱਵੇਂ ਸੰਗੀਤ ਨੇ ਤੇ ਅਰਦਾਸ ਨਾਲ ਭਰੇ ਭਾਵ ਨੇ ਵੀਰਾਂ ਮਲ੍ਹਾਰ ਦੀ ਸਮਾਧੀ ਲਗਾ ਦਿੱਤੀ। ਮਨ ਉਸ ਦਾ ਵਿਸ਼ਾਲ ਹੋ ਹੋ ਕੇ ਵਾਹਿਗੁਰੂ ਕੀਰਤੀ ਤੇ ਜਸ ਦੇ ਭਾਵ ਨਾਲ ਠਰਦਾ, ਹਲਕਾ ਹੁੰਦਾ, ਨਿਰਮਲ ਹੁੰਦਾ, ਜੁੜਦਾ ਗਿਆ ਤੇ ਉਹ ਸੁੱਖ ਵਿਚ ਲੀਨ ਹੋ ਗਿਆ। ਜਦੋਂ ਸ਼ਬਦ ਦਾ ਭੋਗ ਪੈ ਗਿਆ ਤਾਂ ਕਿੰਨਾਂ ਚਿਰ ਮਗਨ ਬੈਠਾ ਰਿਹਾ। ਫੇਰ ਉਸ ਦੇ ਮਨ ਦੀ ਮਗਨਤਾ ਜਦ ਘਟੀ ਤਾਂ ਫੁਰਨੇ ਨੇ ਕੰਮ ਕੀਤਾ ਕਿ ਇਹ ਜੋ ਅੱਜ ਮੇਰੇ ਘਰ ਆਪ ਆਇਆ ਹੈ, ਇਹੋ ਹੀ ਤਾਂ ਸਤਿਗੁਰ ਹੈ। ਇਸੇ ਦੇ ਕੋਲ ਤਾਂ ਨਾਮ ਪਦਾਰਥ ਹੈ ਤੇ ਇਹੋ ਤਾਂ ਸਾਰੇ ਝੇੜਿਆਂ ਤੋਂ ਉੱਚਾ ਸਾਈਂ ਵਾਂਙੂ ਇਕੋ ਹੈ। ਇਸ ਨੂੰ ਦੂਰ ਦੀ ਸੋਝੀ ਹੈ, ਜਿਸ ਦੇ ਨੈਣਾਂ ਵਿਚ ਤੇ ਬੈਣਾਂ ਵਿਚ ਇਕੋ ਪਿਆ ਵੱਸਦਾ ਹੈ। ਇਹੋ ਹੈ ਜਿਸ ਨੇ ਕਿਸੇ ਨੂੰ ਨਹੀਂ ਹੱਦਿਆ, ਇਹੋ ਹੈ ਦਰ ਕਬੂਲ, ਅਜ ਜੋ ਪਰਵਾਨ ਹੈ ਦਰਗਾਹ ਦਾ, ਸੋ ਆ ਮਿਲਿਆ ਹੈ[੧]। ਇਹ ਵਿਚਾਰਦਾ ਪਜਾਰ ਵਿਚ ਉੱਮਲਦਾ ਨੈਣ ਖੋਹਲਕੇ ਭਰ ਦੀਦਾਰੇ ਕੀਤੀਓਸੁ ਤੇ ਚਰਨਾਂ ਉੱਤੇ ਢਹਿ ਪਿਆ-'ਦਾਤਾ! ਰੱਖ ਲੈ ਹੇ ਦਰਗਾਹ ਦੇ ਦੇਖਣਹਾਰ ! ਮੈਨੂੰ ਕਬੂਲ ਕਰ ਲੈ। ਪੁੜਿਆ ਕੰਡਾ ਦਿਲੋਂ ਕੱਢ ਦਿਤਾ ਈ। ਹੁਣ ਮਿਹਰ ਦੀ ਮਲ੍ਹਮ ਲਗਾਦੇ, 'ਤੇਰਾ ਦਾਤਾ' ਤੇਰਾ ਭਲਾ ਕਰੇਗਾ। ਲਗੇ

---

੧ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਿਮ ਸਮਸਰਿ ਏਕ ਜੀਹ ਕਿਆ ਬਖਾਨੈ ॥ {ਸਵ: ਸ੍ਰੀ ਮੁਖ: ਮ: ੫}

ਹੋਏ, ਪਰ ਅਟਕੇ ਖਲੇ ਨੂੰ ਪਾਰ ਕਰ ਦੇਹਿ।'

ਸ੍ਰੀ ਗੁਰੂ ਜੀ-ਪਜਾਰੇ ਵੀਰ ਮਲ੍ਹਾਰ ! ਸੁਣ ਦਰਗਾਹ ਵਿਚ ਕੌਣ ਅੱਪੜਦੇ ਹਨ ? ਪੰਚ। ਜਿਨ੍ਹਾਂ ਨੇ ਪੰਜਾਂ ਨੂੰ ਵਸਗਤ ਕਰਕੇ ਢੋਆ ਕੀਤਾ ਹੈ[੧], ਜਿਨ੍ਹਾਂ ਨੇ ਪੰਚਾਂ ਦਾ ਸਤਿਸੰਗ ਕੀਤਾ ਹੈ, ਜਿਨ੍ਹਾਂ ਨੇ ਪੰਚਾਂ ਨਾਲ ਬਹਿਕੇ ਆਪ ਨੂੰ ਪੰਚ ਬਣਾ ਲਿਆ ਹੈ, ਉਨ੍ਹਾਂ ਦੀ ਦਰ ਪਰਵਾਨਗੀ ਹੋਈ ਹਈ, ਉਹੀ ਇਥੇ ਪਰਵਾਨ ਤੇ ਪਰਧਾਨ ਹਨ, ਉਹੀ ਅੱਗੇ ਪਰਵਾਨ ਤੇ ਪਰਧਾਨ ਹਨ, ਦਰਗਾਹ ਵਿਚ ਉਹੀ ਮਾਨ ਪਾਉਂਦੇ ਹਨ। ਪਰ ਕਿਵੇਂ ਬਣਦੇ ਹਨ ਪੰਚ ? ਵਾਹਿਗੁਰੂ ਵਿਚ ਸਦਾ ਧਿਆਨ ਲਾਈ ਰੱਖਕੇ[੨]! ਸਾਂਈਂ ਵਿਚ ਧਿਆਨ ਕਿੰਵ ਲੱਗਦਾ ਹੈ? ਉਸ ਦਾ ਨਾਮ ਸਿਮਰਕੇ। ਨਾਮ ਕਿੰਵ ਸਿਮਰੀਦਾ ਹੈ? ਨਾਮ ਜਪਕੇ! ਨਾਮ ਜਪੁ ਵਿਚ ਕਿਵੇਂ ਲੱਗੀਦਾ ਹੈ? ਸਤਿਸੰਗ ਪ੍ਰਾਪਤ ਹੋਕੇ ਸਤਿਗੁਰ ਤੋਂ। ਇਹ ਹਈ ਰਾਹ ਤੇ ਹੋਰ ਗੱਲਾਂ ਹੈਨੀ ਝਗੜੇ ਵਾਦ ਦੀਆਂ[੩]।

ਮਲ੍ਹਾਰ-ਹੇ ਦਾਤਾ। ਫੇਰ ਪਾ ਦੇਹ ਪੂਰਨੇ ਜੋ ਉਹਨਾਂ ਪੂਰਨਿਆਂ ਤੇ ਉਂਗਲ ਫੇਰ ਫੇਰ ਕੇ ਵੱਲ ਸਿੱਖ ਜਾਵਾਂ ਪੰਚ ਹੋਣ ਦਾ!

ਤਦ ਗੁਰੂ ਮਿਹਰ ਕੀਤੀ, ਵੀਰਾਂ ਨੂੰ ਰਸਤੇ ਪਾਇਆ, ਉਹ ਨਿਰਸੰਸੇ ਹੋਕੇ ਲੱਗ ਪਿਆ ਨਾਮ ਵਿਚ, ਲੱਦਣ ਲੱਗ ਗਿਆ ਖੇਪ, ਸੁਵੱਲੀ! ਗੁਰੂ ਬਾਬੇ ਨੇ ਕਲਜਾਣ ਕੀਤੀ ਉਸ ਜਗਜਾਸੂ ਦੀ, ਜੋ ਅਟਕਿਆ ਖ਼ਲਾ ਸੀ ਨਾ-ਮਹਿਰਮਾਂ ਦੇ ਅਟਕਾਰਿਆਂ ਵਿਚ। ਧੰਨ ਗੁਰੂ ਨਾਨਕ !

## ਇਤਿਹਾਸਿਕ ਪਹਿਲੂ

ਵੀਰਾਂ ਮਲ੍ਹਾਰ ਦੀ ਕਥਾ ਸੰਪ੍ਰਦਾਈ ਗਿਆਨੀਆਂ ਦੇ ਯਾਦ ਹੈ। ਜਨਮ ਸਾਖੀ ਬਾ: ਵਾ; ਵਿਚ ਬੀ ਇਹ ਕਥਾ ਹੈ। ਭਾਈ ਬੰਨੋ ਦੀ ਬੀੜ ਦੇ ਤਤਕਰੇ ਵਿਚ 'ਜਿਤੁ ਦਰਿ ਲਖ ਮਹੰਮਦਾ' ਦੇ ਸ਼ਬਦ ਦੇ ਪੰਨਾ ਦੱਸਣ ਵਾਲੀ ਥਾਵੇਂ ਲਿਖਿਆ ਹੈ 'ਸਲੋਕ ਤਥਾ ਗੋਸਟ ਮਲ੍ਹਾਰ ਨਾਲ ਹੋਈ'। ਅਤੇ 'ਬਾਇ ਆਤਮ' ਵਾਲੇ ਸ਼ਬਦ ਦੇ ਵਿਚ ਵੀਰ ਸਲਾਮਾ [illegible] ਵਾਲਾ ਸ਼ਲੋਕ ਦਿੱਤਾ ਹੈ, ਸੋ ਇਹ ਨਾਮ. [illegible] ਤੇ ਸਲੋਕ ੧੬੬੧ ਸੰਮਤ ਤੋਂ ਪਹਿਲਾਂ [illegible] ਹੈ, ਤੇ [illegible] ਵਿਚ ਵਾਰਤਾ ਦੇ ਰੂਪ ਵਿਚ [illegible] ਸਾਖੀ ਵਿਚ [illegible] ਆਇਆ ਹੈ, ਅਤੇ [illegible] ਕੁਛ ਵੱਧ ਘੱਟ ਗਿਆਨੀਆਂ ਦੇ ਯਾਦ ਹ[illegible] ਕਿ ਉਪਰ ਦੱਸਿਆ ਹੈ।

-o-

# ੮. ਅਰਸ਼ੀ ਦਾਤੇ ਜੀ ਦੀ ਚਉਥੀ ਉਦਾਸੀ।

## ਹੰਕਾਰੀ ਤਪੀਆ

ਜਿਸ ਜੋਬਨ ਦਾ ਮਾਣ ਕਰੇਂਦੈਂ ਸੋ ਜੋਬਨ ਛਲ ਚਲਿਆ,
ਜਿਸ ਤਪ ਦਾ ਹੰਕਾਰ ਕਰੇਂਦੈਂ ਸੋ ਤਪ ਝੂੰਗੇ ਰੁਲਿਆ
ਆਪ ਸਲਾਹੇਂ ਨਿੰਦੇ ਹੋਰਾਂ ਫਲ ਤਪ ਦਾ ਏ ਮਿਲਿਆ !
ਬੰਨ੍ਹੇਂ ਦਾਵੇ ਪੁਜਦੇ ਨਾਹੀਂ, 'ਨਿਵੇਂ ਸੁ ਗੌਰਾ' ਤੁਲਿਆ।

---

[੧] ਵਸਗਤਿ ਪੰਚ ਕਰੇ ਨਹ ਡੋਲੈ ॥ {ਰਾਮ ਮ:੧}

[੨] ਪੰਚ ਪਰਵਾਣ ਪੰਚ ਪਰਧਾਨੁ ॥ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ {ਜਪੁਜੀ} [੩] ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ {ਸਾਰੰ: ਵਾਰ ਮ: ੧}


www.sikhbookclub.com

## ਗੀਤ

ਪਹਿਲੀ ਉਦਾਸੀ ਦੇ ਅੰਤ ਦੇ ਕਰੀਬ ਮਰਦਾਨਾ ਗੁਰੂ ਜੀ ਨਾਲ ਲਾਡਮਈ ਰੁਸੇਵੇਂ ਵਿਚ ਆ ਜਾਂਦਾ ਲਿਖਿਆ ਹੈ ਤੇ ਫੇਰ ਮੰਗਾਂ ਮੰਗਦਾ ਹੈ। ਅੰਤ ਕਹਿੰਦਾ ਹੈ-'ਜਾਂ (ਤੂੰ) ਇਹ ਬਚਨ ਕਰਹਿ ਜੋ ਮੇਰੇ ਕਰਮ ਭੀ ਨਾ ਬੀਚਾਰਹਿ ਤਾਂ ਹਉ ਤੇਰੇ ਨਾਲ ਰਹਾਂ, ਜੇ ਇਹ ਤੂੰ ਕੰਮ ਕਰਹਿ ਨਾਂਹੀ ਤਾਂ ਮੈਨੂੰ ਵਿਦਾ ਕਰਿ'। ਤਾਂ ਗੁਰੂ ਬਾਬੇ ਆਖਿਆ: ਜਾਹ ਵੇ ਮਰਦਾਨਿਆਂ ਤੂੰ ਦੀਨ ਦੁਨੀਆਂ ਨਿਹਾਲ ਹੋਆ[1]। ' ਮਰਦਾਨੇ ਦੇ ਉਸ ਵੇਲੇ ਦੇ ਲਾਡ ਇਸ ਕਵਿਤਾ ਵਿਚ ਮਾਨੋਂ ਅੰਕਿਤ ਹੈਨ

## ਮਰਦਾਨੇ ਦਾ ਲਾਡ

ਟੇਕ-ਮੇਰੀ ਐਉਂ ਨਿਭਦੀ ਤੁਧ ਨਾਲ।

ਹੇ ਗੁਰੂ ਨਾਨਕ ਮਾਲਕ ਮੇਰੇ! ਮੈਂ ਨਿਬਹਾਂ ਕਿਸ ਹਾਲ?
ਮੱਤ ਨ ਪੂਰੀ, ਸਮਝ ਨ ਸੋਝੀ ਰੂਪ ਨ ਧਨ ਮੈਂ ਨਾਲ,
ਨੈਣ ਨ ਮ੍ਰਿਗ ਦੇ, ਬੁਲਬੁਲ ਬੋਲੀ, ਨਾ ਮੋਰਾਂ ਦੀ ਚਾਲ,
ਚੱਜ ਅਚਾਰ ਨ ਗੁਣ ਕੋਈ ਪੱਲੇ, ਮੈਂ ਨਿਭਹਾਂ ਕਿਸ ਢਾਲ?
ਮੈਂ ਭੁੱਲਾਂ ਤੂੰ ਪਾਵੇਂ ਰਸਤੇ, ਵਿਛੁੜਾਂ ਤੂੰ ਰਖ ਨਾਲ,
ਮੈਂ ਤੋੜਾਂ ਤੂੰ ਟੁੱਟੀ ਗੰਢੇਂ ਵਿਗੜਾਂ ਲਏਂ ਸੰਭਾਲ,
ਮੂੰਹ ਮੋੜਾਂ ਤੂੰ ਗਲੇ ਲਗਾਵੇਂ, ਵਿਛੁੜਾਂ ਤੂੰ ਅੰਗ ਪਾਲ।
ਰੁੱਸ ਪਵਾਂ ਜੇ, ਮੁਗਧੰ ਮੈਂ ਹਾਂ ਝੋਲੀ ਲਵੇਂ ਬਹਾਲ।
ਝੱਲਾ ਪਜਾਰ ਕਰੇਂ ਗੁਰ ਨਾਨਕ ! ਤਾਂ ਨਿਭਦੀ ਤੁਧ ਨਾਲ।
ਸਦ ਦਰਸ਼ਨ;ਸਦ ਚਰਨੀ ਲਾਵੇਂ, ਨਦਰੀ ਕਰੇਂ ਨਿਹਾਲ,
ਪਜਾਰ ਕਰੇਂਦਾ ਕਦੀ ਨ ਥੱਕੇਂ, ਅੱਕੇਂ ਕਦੀ ਨ, ਲਾਲ !
ਐਬ ਚਿਤਾਰੇਂ ਕਦੀ ਨ ਮੇਰੇ, ਤਾਂ ਨਿਭਦੀ ਤੁਧ ਨਾਲ।
ਭੁੱਲ ਵਿਗਾੜਨ, ਗੰਢੀ ਤੋੜਨ ਏ ਮੇਰੀ ਹੈ ਘਾਲ,
ਏਸ ਬਾਣ ਦੇ ਹੁੰਦਿਆਂ ਰੀਝੇਂ ਤਾਂ ਨਿਭਦੀ ਤੁਧ ਨਾਲ।
ਮੇਰੀ ਐਉਂ ਨਿਭਦੀ ਤੁਧ ਨਾਲ,
ਹੇ ਮੇਰੇ ਪਜਾਰੇ ਗੁਰ ਨਾਨਕ!
ਐਉਂ ਨਿਭਦੀ ਤੁਧ ਨਾਲ,
ਮੇਰੀ ਐਉਂ ਨਿਭਦੀ ਤੁਧ ਨਾਲ।

ਸੂਚਨਾ-ਕਰਤਾਰ ਪੁਰ ਕੁਛ ਸਮਾਂ ਟਿਕੇ ਤੇ ਫੇਰ ਉਦਾਸੀ ਧਾਰੀ ਜੋ ਪੱਛੋਂ ਦੀ ਹੋਈ।

# ੨੪. ਮੱਕਾ[2]।

੧.

'ਦੇਖਣਹਾਰ' ਦੀਸਣ-ਹਾਰ ਦੇ ਪਿਆਰ ਵਿਚ ਪਿਆ ਫਿਰਦਾ ਹੈ।

'ਅਣਦਿੱਸਦਾ' ਅਣਦਿੱਸਦੇ ਆਪਣੇ ਨਿਜ ਸਰੂਪ ਵਿਚ ਨਿਮਗਨ ਹੈ।

ਪਰ 'ਦੇਖਣਹਾਰ' 'ਅਣਦਿੱਸਦੇ' ਦੇ ਪ੍ਰੇਮ ਵਿਚ ਰੰਗ ਰੱਤਾ ਰਹੇ ਇਹ ਦਰਸ਼ਨ ਦੁਰਲੱਭ ਹੈ।

ਇਕ ਪਾਸੇ ਸਤਲੁਜ ਤੇ ਬਿਆਸ, ਦੂਜੇ ਪਾਸੇ ਝਨਾਂ ਤੇ ਜਿਹਲਮ, ਵਿਚ ਵਹਿ ਰਹੀ ਹੈ ਰਾਵੀ, ਸੁਹਣੇ ਸੁਹਣੇ ਪਾਣੀਆਂ ਦੀ ਨੈਂ, ਜਿਸ ਦੇ ਕਿਨਾਰੇ ਆ ਟਿਕੇ ਹਨ, ਕਿਤੇ ਨਾ ਟਿਕਣ ਵਾਲੇ ਉਪਕਾਰੀ ਬੱਦਲਾਂ ਵਾਂਙ ਚਾਲੇ ਪਏ ਰਹਿਣ ਵਾਲੇ' ਪਿਆਰਾਂ ਦੇ ਪਾਤਸ਼ਾਹ ਤੇ ਸੁਲਹ ਸ਼ਾਂਤੀਆਂ ਦੇ ਸਰਦਾਰ। ਟਿਕ ਰਹੇ ਹਨ ਕੁਛ ਚਿਰਾਂ ਤੋਂ ਏਥੇ ਜਿਵੇਂ ਟਿਕ ਜਾਂਦੀ ਹੈ ਛੋਪਲੇ ਛੋਪਲੇ ਬਰਫ ਹਿਮਾਲਿਯਾ ਦੀਆਂ ਚੋਟੀਆਂ ਉੱਤੇ। ਚਾਰ ਚੁਫੇਰੇ ਵਰਤ ਰਹੀਆਂ ਹਨ ਠੰਢਾਂ। ਤਪੇ ਤਪੇ ਦਿਲ ਆਉਂਦੇ ਸਨ, ਸੀਤਲ-ਤਾਈਆਂ ਲੈਕੇ ਜਾਂਦੇ ਹਨ। ਘਾਬਰੇ ਹੋਏ ਆ ਜੁੜਦੇ ਹਨ, ਦਿਲ ਦੀਆਂ ਜਮਈਆਂ ਲੈਕੇ ਚਲੇ ਜਾਂਦੇ ਹਨ। ਮਿਹਰਾਂ ਦੇ ਮੀਂਹ ਵਸਦੇ ਹਨ, ਸਤੋਗੁਣਾਂ, ਸ਼ੁਭ ਸਰੇਸ਼ਟ ਗੁਣਾਂ ਦੀਆਂ ਲਹਿ ਲਹਿ ਕਰ ਉਠਦੀਆਂ ਹਨ ਖੇਤੀਆਂ। ਮਿੱਠੀਆਂ ਮਿੱਠੀਆਂ ਪੈਂਦੀਆਂ ਹਨ

[1] ਪੁਰਾਤਨ ਜਨਮਸਾਖੀ ਸਫਾ ੬੧'।

[2] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੭੪ (੧੯੪੨ ਈ:) ਨੂੰ ਗੁਰਪੁਰਬ ਪੂੰਨਮ ਪਰ ਟ੍ਰੈਕਟ ਦੀ ਸੂਰਤ ਵਿਖੇ ਪ੍ਰਕਾਸ਼ਿਆ ਸੀ।

ਤ੍ਰੇਲਾਂ, ਖ਼ੁਨਕੀ ਵਰਤ ਰਹੀ ਹੈ ਆਤਮ ਰਸ ਦੀ।

ਕਿਸੇ ਕਿਸੇ ਵੇਲੇ ਪੈਂਦੀ ਏ ਐਂਹਣ, ਠੰਢ ਵਰਤ ਜਾਂਦੀ ਏ ਐਸੀ ਕਿ ਦੰਦੋੜਿਕਾ ਲੱਗ ਜਾਂਦਾ ਏ ਐਬਾਂ ਨੂੰ ਤੇ ਕੰਬਣੀ ਛਿੜ ਪੈਂਦੀ ਏ ਮੜੱਪਣਾਂ ਨੂੰ; ਭੱਜੇ ਜਾਂਦੇ ਹਨ ਦੂਰ ਦੂਰ ਤੱਤੀਆਂ ਹਵਾਵਾਂ ਦੇ ਦੇਸ਼।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ! ਆਪਨੀ ਬਾਲ ਤੇ ਕੁਮਾਰ ਅਵਸਥਾ ਤਲਵੰਡੀ ਗੁਜ਼ਾਰੀ, ਯੁਬਾ ਅਵਸਥਾ ਵਿਚ ਸੁਲਤਾਨਪੁਰ ਆਏ, ਰਹੇ ਤੇ ਘਰਬਾਰੀ ਸਦਾਏ। ਏਥੋਂ ਹੀ ਘਰ ਬਾਰ ਛਡਿਆ, ਉਦਾਸੀ ਧਾਰੀ ਤੇ ਸੈਦ ਪੁਰ ਸੰਡਜਾਲੀ ਤਲਵੰਡੀ ਹੜੱਪੇ ਤੁਲੰਬੇ, ਪਟਨ ਆਦਿ ਥਾਈਂ ਹੁੰਦੇ ਸਤਲੁਜ ਪਾਰ ਹੋ ਦਿੱਲੀ, ਨਾਨਕ ਮਤੇ ਹੁੰਦੇ, ਬਨਾਰਸ, ਗਇਆ, ਪਟਨੇ, ਬਿਹਾਰ, ਬੰਗਾਲ, ਆਸਾਮ, ਚਿਟਾਗਾਂਗ, ਸੋਨਪੁਰ, ਤਨਾਸਰਮ ਹੁੰਦੇ ਕਟਕ ਜਗਨਨਾਥ ਪੁਰੀ ਆਦਿ ਤੀਰਥਾਂ ਨੂੰ ਵੇਖਕੇ ਮੁੜ ਪਰਤੇ। ਸਾਰੇ ਪੂਰਬ ਵਿਚ ਫਿਰਦੇ ਆਗਰਾ ਮਥਰਾ ਹੁੰਦੇ ਹੋਏ ਸੁਲਤਾਨਪੁਰ ਤੇ ਫੇਰ ਤਲਵੰਡੀ ਆਏ ਤੇ ਪਹਿਲੀ ਉਦਾਸੀ ਮੁੱਕੀ। ਫੇਰ ਆਪਣੇ ਹੀ ਦੇਸ਼ ਵਿਚ ਜਗ੍ਹਾ ਜਗ੍ਹਾ ਫਿਰੇ, ਫੇਰ ਤਲਵੰਡੀ ਆਏ ਤੇ ਕੁਛ ਮਹੀਨੇ ਰਹਿਕੇ ਉਪਰ ਨੂੰ, ਅੱਸੀ ਨੱਬੇ ਕੋਹ ਰਾਵੀ ਦੇ ਕੰਢੇ ਕੰਢੇ ਚਲੇ ਗਏ, ਜਾ ਦੋਦੇ ਲਾਗੇ ਉਜਾੜ ਵਿਚ ਡੇਰਾ ਲਾ ਦਿੱਤਾ[੧]। ਕਰਤਾਰ ਦੇ ਰੰਗ, ਏਥੇ ਧਰਮਸਾਲਾ ਬਣ ਗਈ, ਮਕਾਨ ਬਣ ਗਏ, ਕਰਤਾਰਪੁਰ ਬਣ ਗਿਆ। ਜਿਥੇ ਗੁਰ ਨਾਨਕ ਦੇਵ ਜੀ ਦਾ ਇਕ ਨਾਮ ਸੋਹਿਲਾ ਗੂੰਜ ਉਠਿਆ, ਹਿੰਦੂ ਮੁਸਲਮਾਨ ਹਰ ਮਜ਼ਹਬ; ਹਰ ਮਤ ਦੇ ਆਦਮੀ ਆਉਣ ਲਗੇ ਤੇ ਨਿਸਤਾਰਾ ਪਾਉਣ ਲਗੇ। ਪਰ ਬਹੁਤ ਚਿਰ ਨਹੀਂ ਸੀ ਲੰਘਿਆ ਕਿ ਆਪ ਨੇ ਦੂਸਰੀ ਉਦਾਸੀ ਧਾਰੀ। ਐਤਕੀ ਦੱਖਣ ਨੂੰ ਟੁਰ ਪਏ ਤੇ ਸੰਗਲਾਦੀਪ ਪਹੁੰਚੇ। ਉੱਥੋਂ ਫੇਰ ਪਰਤੇ ਤੇ ਸਮਾਂ ਪਾਕੇ ਕਰਤਾਪੁਰ ਆ ਬੈਠੇ। ਜਾਂਦੇ ਆਉਂਦੇ ਸਾਰੇ ਦੱਖਣ ਦੇਸ਼ ਦੇ ਅਨੇਕ ਟਿਕਾਣੇ ਦੇਖੇ ਤੇ ਨਾਮ ਦਾ ਪ੍ਰਚਾਰ ਕੀਤਾ। ਕੁਛ ਸਮਾਂ ਫੇਰ ਕਰਤਾਰਪੁਰ ਬੈਠ ਕੇ ਸ਼ਬਦ ਸੋਹਿਲੇ ਦਾ ਪ੍ਰਚਾਰ ਹੁੰਦਾ ਰਿਹਾ। ਫੇਰ ਆਪ ਨੇ ਉਦਾਸੀ ਧਾਰੀ ਤੇ ਉਤਰਾਖੰਡ ਨੂੰ ਹੋ ਲਏ, ਕਸ਼ਮੀਰ ਤੋਂ ਹੁੰਦੇ ਮਾਨ ਸਰੋਵਰ ਤਿੱਬਤ ਵਿਚ ਜਾ ਨਿਕਲੇ ਤੇ ਉਥੋਂ ਹੋਰ ਪੂਰਬ ਰੁਖ ਹੁੰਦੇ ਚੀਨ ਵਿਚ ਚਰਨ ਪਾਉਂਦੇ ਭੂਟਾਨ ਆ ਨਿਕਲੇ ਤੇ ਫੇਰ ਹਿਮਾਲੇ ਦੇ ਇਸ ਪਾਸੇ ਵਿਚੋਂ ਦੀ ਫਿਰਦੇ ਜੰਮੂ ਤੋਂ ਆ ਮੈਦਾਨੀ ਨਿਕਲੇ ਤੇ ਕਰਤਾਰ ਪੁਰ ਅੱਪੜੇ। ਕੁਛ ਚਿਰ ਫੇਰ ਕਰਤਾਰ ਪੁਰ ਟਿਕੇ ਤੇ ਸ੍ਵਦੇਸ਼ ਵਿਚ ਪ੍ਰਚਾਰ ਕੀਤਾ। ਮੁੜ ਉਪਕਾਰੀ ਬੱਦਲ ਤੇ ਪਰ ਸੁਆਰਥੀ ਵਾਯੂ ਵਾਂਕੂ ਤੁਰ ਪਏ। ਚੌਥੀ ਉਦਾਸੀ ਧਾਰੀ ਤੇ ਐਤਕੀ ਮੱਕੇ ਜਾ ਨਿਕਲੇ। ਪਤਾ ਲਗਦਾ ਹੈ ਕਿ ਗਏ ਸਮੁੰਦਰ ਰਸਤੇ ਹਨ[੧] ਤੇ ਆਏ ਮਦੀਨਾ, ਬਗ਼ਦਾਦ ਈਰਾਨ ਆਦਿ ਦੇ ਵਿਚਦੀ ਖੁਸ਼ਕੀ ਰਸਤੇ ਹਨ ਤੇ ਫੇਰ ਕਰਤਾਰਪੁਰ ਆ ਟਿਕੇ। ਪੰਜਵੀਂ ਉਦਾਸੀ ਲਿਖੀ ਤਾਂ ਹੈ ਪਰ ਪਤਾ ਗੋਰਖ ਹਟੜੀ ਤੱਕ ਦਾ ਹੀ ਦਿਤਾ ਹੈ। ਜਾਪਦਾ ਹੈ ਕਿ ਇਹ ਦੌਰਾ ਸ੍ਵਦੇਸ਼ ਵਿਚ ਤੇ ਸਰਹੱਦ ਤਕ ਦਾ ਹੀ ਸੀ।

੨.

ਹਮਜ਼ਾ ਗੌਂਸ ਵੇਲੇ ਗੁਰੂ ਜੀ ਨੇ ਸਿਆਲਕੋਟ ਵਿਚ ਦੋ ਪੈਸੇ ਦਾ ਸਚ ਝੂਠ ਲੈਣ ਲਈ ਮਰਦਾਨੇ ਨੂੰ ਸ਼ਹਿਰ ਘੱਲਿਆ ਸੀ[੨]। ਮਰਦਾਨਾ ਹੱਟੀ ਹੱਟੀ ਸਚ ਝੂਠ ਦੀ ਖਰੀਦ ਲਈ ਫਿਰਿਆ ਸੀ। ਹੱਟੀਆਂ ਵਾਲੇ ਸੁਣਦੇ, ਹੱਸਦੇ, ਜੁਵਾਬ ਦੇਂਦੇ ਸਨ ਕਿ ਸਾਡੇ ਪਾਸ ਹੈ ਨਹੀਂ। ਇਕ ਮੂਲਾ ਨਾਮੇ ਸੀ ਹਟਵਾਣੀਆਂ, ਉਸ ਨੇ ਪੈਸੇ ਲੈ ਲਏ ਤੇ ਲਿਖਕੇ ਕਾਗਤ ਮਰਦਾਨੇ ਦੇ ਹਥ ਦੇ ਦਿੱਤਾ ਸੀ:-ਸਚ ਹੈ ਮਰਨਾ, ਝੂਠ ਹੈ ਜੀਉਣਾ। ਜਾਂ ਮਰਦਾਨਾ ਗੁਰੂ ਜੀ ਪਾਸ ਕਾਗਤ ਲੈਕੇ ਆਇਆ ਸੀ ਤਾਂ ਆਪ ਹੱਸੇ ਸੇ, ਜਦ ਮੂਲਾ ਦਰਸ਼ਨਾਂ ਨੂੰ ਆਇਆ ਸੀ ਤਦ ਗੁਰੂ ਜੀ ਨੇ ਪੁੱਛਿਆ ਸੀ: ਭਾਈ ! ਜੋ ਤੂੰ ਕਾਗਤ ਤੇ ਲਿਖਿਆ ਹੈ ਦਿਲ ਤੇ ਬੀ ਲਿਖਿਆ ਹਈ? ਉਸ ਆਖਿਆ : ਜੀ ਮੈਂ ਤਾਂ ਜੋ ਸੁਣਿਆ ਸੀ ਲਿਖ ਦਿਤਾ ਹੈ, ਦਿਲ ਤੇ ਲਿਖਣਾ ਕਿ ਕਮਾਈ ਕਰਨਾ ਮੇਰੇ ਵਿਚ ਅਜੇ ਤਾਂ ਨਹੀਂ ਹੈ। ਫੇਰ ਵਾਰਤਾਲਾਪ ਛਿੜ ਪਈ।

[੧] ਤਬ ਬਾਬਾ ਦਰੀਆਉ ਉਪਰਿ ਬਹਿ ਗਇਆ। {ਪੁ: ਜ: ਸਾ:}

[੧] ਗੁਰੂ ਸਾਹਿਬ ਜੀ ਕਿਰਾਚੀ ਤੋਂ ਤੁਰਕੇ ਅਦਨ, ਮੁਲਕ ਯਮਨ ਕਿਲ੍ਹੇ ਦੇ ਪਾਸ ਜਾ ਠਹਿਰੇ....। ਅਦਨ ਤੋਂ ਜਹਾਜ਼ ਦੇ ਰਸਤੇ ਤੀਜੇ ਦਿਨ ਅਰਬ ਮੁਲਕ ਵਿਚ ਜੱਦੇ ਸ਼ਹਿਰ ਜਾ ਉਤਰੇ।

[੨] ਤਵਾ: ਖਾ: ਉ: ਸਫਾ ੩੦੭ ਪਰ ਹਮਜ਼ਾ ਗੌਂਸ ਦੀ ਸਾਖੀ ਵਰਤਣ ਵੇਲੇ ਦੋ ਪੈਸੇ ਦੇ ਸੱਚ ਝੂਠ ਦੀ ਸਾਖੀ ਲਿਖੀ ਹੈ।

ਮੂਲੇ[1] ਨੂੰ ਵੈਰਾਗ ਦਾ ਉਛਾਲ ਆ ਗਿਆ। ਹੱਟੀ ਪਟੀ ਛੋੜ ਦਿਤੀ ਤੇ ਸਤਿਗੁਰਾਂ ਦੇ ਨਾਲ ਟੁਰਿਆ। ਜਾਂ ਮੂਲੇ ਨੂੰ ਨਾਲ ਰਹਿੰਦਿਆਂ ਕੁਛ ਸਮਾਂ ਲੰਘ ਗਿਆ ਤਾਂ ਇਕ ਦਿਨ ਸ੍ਰੀ ਗੁਰੂ ਜੀ ਨੇ ਆਖਿਆ 'ਮੂਲਿਆ ! ਤੇਰੀ ਮੰਗ ਹੁਣ ਮਰਨਾ ਲੋਚਦੀ ਹੈ, ਉਸ ਜਾਤਾ ਹੈ ਕਿ ਤੂੰ ਯਾ ਮਰ ਗਿਆ ਹੈਂ ਯਾ ਸਦਾ ਲਈ ਗਿਆ ਗੁਜ਼ਰਿਆ ਫਕੀਰ ਹੋ ਗਿਆ ਹੈਂ। ਤੂੰ ਜਾਹ ਤੇ ਉਸ ਨੂੰ ਪਰਣਾ ਕੇ ਮਰਨੋਂ ਬਚਾ ਲੈ; ਕੁਛ ਮਾਇਆ ਬੀ ਸਾਈਂ ਤੋਂ ਲੈ ਦਿਵਾਂਦੇ ਹਾਂ ਇਸ ਨਾਲ ਹੱਟੀ ਪੱਟੀ ਪਾ ਲੈ। ਪਰ ਦੇਖ, ਤੂੰ ਜੋ ਮਰਨ ਸੱਚ ਤੇ ਜੀਵਨ ਕੂੜ ਜਾਤਾ ਸੀ, ਉਹ ਸੁਣੀ ਸੁਣਾਈ ਸੀ, ਜਿਸ ਵੈਰਾਗ ਤੂੰ ਹੱਟੀ ਛਡੀ ਸੀ ਉਛਾਲਵਾਂ ਸੀ, ਜੋ ਅਭਿਆਸ ਤੂੰ ਹੁਣ ਕਰਦਾ ਹੈਂ ਨਾ ਛੋੜੀਂ, ਫੇਰ ਤੂੰ ਕਾਂਪ ਨਹੀਂ ਖਾਏਂਗਾ, ਖਬਰਦਾਰ ਰਹੀਂ, ਇਸਤ੍ਰੀ, ਪਦਰਾਥ, ਪੁਤ੍ਰ ਆਦਿ ਦੇ ਮੋਹ ਵਿਚ ਕਰਤਾਰ ਭੁੱਲ ਜਾਂਦਾ ਹੈ; ਕਰਤਾਰ ਦੇ ਭੁੱਲਿਆਂ ਜੀਵਨ ਸੱਚ ਤੇ ਮਰਨ ਝੂਠ ਹੋ ਭਾਸਦਾ ਹੈ। ਕਰਤਾਰ ਯਾਦ ਰਹੇ ਤਾਂ ਮਰਨ ਤੇ ਜੀਵਨ ਚਾਰ ਦਿਨਾਂ ਦਾ ਖਿਲਾਰਾ ਰਹਿੰਦਾ ਹੈ।

ਸਮਾਂ ਬੀਤ ਗਿਆ। ਬਾਬਾ ਜੀ ਤੀਜੀ ਉਦਾਸੀ ਬੀ ਕਰ ਆਏ, ਹੁਣ ਜਦ ਚੌਥੀ ਲਈ ਤਿਆਰ ਹੋਏ ਤਾਂ ਪਹਿਲਾਂ ਸਿਆਲਕੋਟ ਆਏ ਤੇ ਮਰਦਾਨੇ ਨੂੰ ਕਿਹਾ ਕਿ ਜਾਓ ਮੂਲੇ ਨੂੰ ਸੱਦ ਲਿਆਓ, ਪਰ ਮਰਦਾਨੇ ਆਕੇ ਦੱਸਿਆ ਕਿ ਹੱਟੀ ਤੇ ਗਿਆ ਤਾਂ ਲਾਗੇ ਦੇ ਲੋਕਾਂ ਦੱਸਿਆ ਕਿ ਘਰ ਗਿਆ ਹੈ, ਜਾਂ ਘਰ ਗਿਆ ਤੇ ਅਵਾਜ਼ਾਂ ਦਿਤੀਆਂ ਤਾਂ ਉਸ ਦੀ ਇਸਤ੍ਰੀ ਨੇ ਕਿਹਾ ਕਿ ਬਾਹਰ ਗਿਆ ਹੈ। ਤਦ ਗੁਰੂ ਜੀ ਚੁੱਪ ਕਰਕੇ ਸੋਚ ਵਿਚ ਹੋ ਗਏ। ਫੇਰ ਬੋਲੇ: ਮਰਦਾਨਿਆਂ ! ਮੂਲੇ ਦੇ ਪਰਵਾਰ ਨੂੰ ਫਿਕਰ ਪੈ ਗਿਆ ਹੈ ਕਿ ਅਸੀਂ ਉਸ ਨੂੰ ਹੱਟੀ ਪੱਟੀ, ਪੁਤ੍ਰ ਇਸਤ੍ਰੀ ਤੋਂ ਛੁਡਾਕੇ ਨਾਲ ਲੈ ਟੁਰਨੇ ਲਈ ਆਏ ਹਾਂ ਇਸ ਲਈ ਛੁਪਾ ਲਿਆ ਨੇ, ਪਰ ਅਸੀਂ ਤਾਂ ਵੇਖਣ ਆਏ ਸਾਂ ਕਿ ਮੂਲਾ ਗ੍ਰਿਹਸਤ ਵਿਚ ਪੈਕੇ ਤਰਦਾ ਪਿਆ ਹੈ ਕਿ ਗੋਤੇ ਪਿਆ ਖਾਂਦਾ ਹੈ। ਗੋਤੇ ਖਾਂਦਾ ਹੈ ਤਾਂ ਤਾਰੀਏ ਸੂ। ਤਦੋਂ ਛੜਾ ਛਾਂਟ ਸੀ, ਵੈਰਾਗ ਉਛਲ ਪਿਆ ਸਾਸੂ ਹੁਣ ਇਸਤ੍ਰੀ ਪੁਤ੍ਰ ਦੇ ਮੋਹ ਨੇ ਜੀਉਣ ਸੱਚ ਕਰ ਦਿਖਾਇਆ ਹੈ ਸੁ, ਬਿਨਾਂ ਪਾਣੀ ਵੇਖੇ ਹੀ ਪਾਉਂਚੇ ਛੁੰਗ ਲਏ ਸੂ।

[1] ਦੇਖੋ ਇਸੇ ਪੁਸਤਕ ਦੇ ਪੂਰਬਾਰਧ ਦਾ ਪੰਨਾ ੪੪੧-੪੫੧

ਮਰਦਾਨਾ-ਹਾਂ ਜੀ ਜੇ ਸਚ ਪੁੜ ਗਿਆ ਹੁੰਦੋ-ਸੁ ਤਾਂ ਆਕੇ ਕਹਿ ਦੇਂਦਾ ਜੀ ਮੈਂ ਹਾਜ਼ਰ ਹਾਂ, ਪਰ ਮੈਂ ਨਾਲ ਨਹੀਂ ਹੁਣ ਜਾ ਹੰਗਦਾ, ਇਸਤ੍ਰੀ ਪੁਤ੍ਰ ਪਦਾਰਥ ਦਾ ਮੋਹ ਹੁਣ ਵਿਛੁੜਨ ਨਹੀਂ ਦੇਂਦਾ। ਤਦ ਬੇਮੁਖ ਤਾਂ ਨਾ ਹੁੰਦਾ ਤੇ ਤੁਸੀਂ ਬੀ ਉਸਦੇ ਸੱਚ ਬੋਲਣ ਦਾ ਮੁੱਲ ਪਾ ਲੈਂਦੇ। (ਕੰਬਕੇ) ਪਰ ਹੇ ਦਾਤਾ, ਤੇਰੀਆਂ ਤੂੰਹੇਂ ਜਾਣੇਂ, ਮਾਯਾ ਡਾਢੀ ਹੈ, ਮੈਂ ਆਪ ਕਈ ਵਾਰੀ ਡੋਲ ਜਾਂਦਾ ਹਾਂ, ਮੈਂ ਕਾਹਨੂੰ ਕਿਸੇ ਨੂੰ ਕੁਛ ਆਖਾਂ। ਦੂਜੇ ਨੂੰ ਤੋਲਣਾ ਸੌਖਾ, ਆਪ ਤੁਲੀਣਾ ਔਖਾ। ਲੋਕਾਂ ਦੀਆਂ ਖਾਮੀਆਂ ਨੈਣਾਂ ਦੇ ਸਾਹਮਣੇ ਤੇ ਆਪਣੀਆਂ ਉਹਲੇ ਰੱਖੀ ਦੀਆਂ ਹਨ।

ਇਸਤਰ੍ਹਾਂ ਵਾਰਤਾਲਾਪ ਹੁੰਦੀ ਰਹੀ। ਕੁਝ ਚਿਰ ਮਗਰੋਂ ਖ਼ਬਰ ਆਈ ਕਿ ਮੂਲੇ ਨੂੰ ਗੁਹੀਰੇ ਦੇ ਕੋਠੇ ਵਿਚ ਛੁਪਾਇਆ ਸਾਨੇ, ਜੋ ਆਪ ਕਿਤੇ ਨਾਲ ਨਾ ਲੈ ਜਾਓ, ਉਥੇ ਉਸ ਨੂੰ ਸੱਪ ਡੰਗ ਗਿਆ ਹੈ।

ਤਾਂ ਗੁਰੂ ਜੀ ਬੋਲੇ-ਮਰਦਾਨਿਆ ! ਡਿੱਠਾ ਹਈ, ਕਰਤਾਰ ਦਾ ਰੰਗ। ਕਰੀਦਾ ਹੈ ਚੰਗੇ ਨੂੰ ਢੁੱਕਦਾ ਹੈ ਮੰਦਾ ਹੋ। ਮੂਲੇ ਦੀ ਕਿਰਾੜਾਂ ਨਾਲ ਦੋਸਤੀ ਉਸਨੂੰ ਬਣਿਕ ਬਿਰਤੀ ਵਿਚ ਪਾ ਗਈ।

ਮਰਦਾਨਾ-ਬਣਿਕ, ਕੀ ਜੀਉ ! ਜਿਸ ਨੂੰ ਪਿੰਡਾਂ ਵਿਚ ਕਿਰਾੜ ਕਹੀਦਾ ਹੈ।

ਗੁਰੂ ਜੀ--ਹਾਂ, ਭਾਈ ਕਿਰਾੜ ਕਹੀਦਾ ਹੈ ਜੋ ਹਰ ਗੱਲੇ ਲੈਣ ਲੈਣ ਦੀ ਬਿਰਤੀ ਵਿਚ ਰਹੇ। ਸਾਧੂ ਸੰਤ ਨੂੰ ਬੀ ਮਿਲੇ, ਮੱਥੇ ਟੇਕੇ ਤਾਂ ਆਪਣੀਆਂ ਸਾਧਾਰਨ ਲੋੜਾਂ ਲਈ ਹੀ ਮਿਲੇ। ਮਰਦਾਨਿਆਂ ਜਗਤ ਸੰਤ ਨੂੰ ਆਪਣੇ ਪਾਰ ਉਤਾਰੇ ਲਈ ਬਹੁਤ ਘੱਟ ਮਿਲਦਾ ਹੈ। ਸੰਸਾਰਕ ਲੋੜਾਂ ਲਈ ਲੋਕੀ ਸੰਤ ਦੁਆਰੇ ਘੁੰਮਦੇ ਹਨ ਕਿ ਇਨ੍ਹਾਂ ਵਿਚ ਸ਼ਕਤੀ ਹੈ, ਇਹ ਕੋਈ ਮਿਹਰ ਕਰਨਗੇ ਤਾਂ ਮਾਲ ਡੰਗਰ ਬਹੁਤ ਹੋਣਗੇ। ਕੋਈ ਰੋਗ ਦੂਰ ਕਰਨ ਲਈ, ਕੋਈ ਹੋਰ ਸੰਕਟ ਦੂਰ ਕਰਨ ਲਈ ਸੰਤ ਦੀ ਸੇਵਾ ਕਰਦਾ ਹੈ, ਸੰਤ ਤੋਂ ਆਤਮ ਲਾਭ ਲੈਣ ਵਾਲੇ ਵਿਰਲੇ।

ਜਗਜਾਸੂ ਨੂੰ ਚਾਹੀਏ ਕਿ ਬਣਿਕ ਬ੍ਰਿਤੀ ਵਾਲਿਆਂ ਦੀ ਸੁਹਬਤ ਨਾ ਕਰੇ। ਉਨ੍ਹਾਂ ਦੇ ਸੰਗ ਨਾਲ ਬ੍ਰਿਤੀ ਬਣਿਕ ਹੋ ਜਾਂਦੀ ਹੈ। ਸੰਤ ਨੂੰ ਬੀ

ਚਾਹੀਏ ਕਿ ਬਣਿਕ ਬ੍ਰਿਤੀ ਵਾਲੇ ਸੇਵਕਾਂ ਦੀ ਪ੍ਰੀਤ ਨੂੰ ਕੂੜੀ ਜਾਣੇ, ਕਿਉਂਕਿ ਉਨ੍ਹਾਂ ਦੀ ਪਾਂਧੀਆਂ ਕੂੜੀ ਹੈ, ਉਹ ਅਪਣੇ ਮਨੋਰਥ ਨੂੰ ਪਿਆਰ ਕਰਦਾ ਹੈ, ਕਰਤਾਰ ਕਿ ਸਤਿ ਮਾਰਗ ਨੂੰ ਪਿਆਰ ਨਹੀਂ ਕਰਦਾ। ਪਰ ਜਿਸ ਜੀਉਣ ਤੇ ਉਸਦੇ ਭੋਗਾਂ ਲਈ ਕੂੜ ਕਮਾਉਂਦਾ ਹੈ ਉਹ ਜ਼ੀਉਣ ਕਿਥੇ ਅੰਤ ਹੋਣਾ ਹੈ, ਪਤਾ ਨਹੀਂ, ਜੋ ਥਾਂ ਸਲਾਮਤੀ ਦਾ ਸਮਝਦਾ ਹੈ ਕਾਲ ਉੱਥੇ ਹੀ ਪਿਆ ਗੱਜਦਾ ਹੈ[੧]।

੩.

ਸਿਆਲਕੋਟ ਤੋਂ ਟੁਰਕੇ ਤਲਵੰਡੀ ਆਏ। ਤਲਵੰਡੀ ਤੋਂ ਸ੍ਰੀ ਗੁਰੂ ਜੀ ਕਟਾਸ ਆ ਨਿਕਲੇ, ਵੈਸਾਖੀ ਦਾ ਮੇਲਾ ਏਥੇ ਕੀਤਾ।[੨] ਇਹ ਟਿਕਾਣਾ ਪਿੰਡ ਦਾਦਨ ਖਾਂ ਤੋਂ ਉੱਤਰ ਵੱਲ ਨੂੰ ਬਾਰਾਂ-ਤੇਰਾਂ ਕੋਹਾਂ ਤੇ ਹੈ। ਇੱਥੇ ਉਮਾਹੂ ਜਲ ਦਾ ਟਿਕਾਣਾ ਹੈ। ਹਿੰਦੂਆਂ ਵਿਚ ਪੁਸ਼ਕਰ ਵਾਂਙੂ ਇਸ ਨੂੰ ਬੀ ਸ਼ਿਵਜੀ ਦਾ ਨੇਤ੍ਰ ਮੰਨਦੇ ਹਨ। ਵਿਸਾਖੀ ਤੇ ਹਰ ਮਤ ਦੇ ਸਾਧੂ ਤੇ ਗ੍ਰਿਹਸਤੀ ਜੁੜਦੇ ਹਨ। ਇਹ ਸਮਾਂ ਨਾਮ ਸੋਹਿਲੋ ਦੇ ਪ੍ਰਚਾਰ ਦਾ ਉੱਤਮ ਜਾਣਕੇ ਗੁਰੂ ਜੀ ਏਥੇ ਆਏ ਸਨ। ਆਪਦੀ ਅਨੋਖੀ ਰਹੁਰੀਤ ਦੇਖ ਕੇ ਅਤੇ ਨਾਮ ਸੁਣ ਕੇ ਜਿਸ ਦੀ ਪਸ਼ਹੂਰੀ ਸਾਰੇ ਹੋ ਰਹੀ ਸੀ, ਸੰਨਜਾਸੀਆਂ, ਜੋਗੀਆਂ ਆਦਿ ਦੇ ਮੁਖੀ ਚਰਚਾ ਕਰਨ ਆ ਜੁੜੇ, ਗ੍ਰਿਹਸਤੀਆਂ ਦੇ ਝੁੰਡ ਬੀ ਕੱਠੇ ਹੋ ਗਏ। ਗੁਰੂ ਜੀ ਨੂੰ ਭੇਖ ਧ[illegible] ਰਹੇ ਆਚਰਣਾਂ ਦਾ ਪਤਾ ਸੀ। ਜੋ ਆਚਰਣ [illegible] ਸਨ ਉਨ੍ਹਾਂ ਦੀ ਸੁਰਤ ਦਾ ਬੇ ਲਗਾਮ ਤ੍ਰੂਪਦੇ ਫਿਰਨ ਦਾ ਥਹੁ ਬੀ ਸੀ। ਬਿਨਾਂ ਪੂਰਨ ਵੈਰਾਗ ਹੋਏ ਤੇ ਬੀਤਰਾਗ ਸਿਖਜਾ ਦਾਤੇ ਤੋਂ ਸਿਖਜਾ ਲੈਕੇ ਕਮਾਈ ਕੀਤੇ ਬਿਨਾਂ ਆਪੇ ਘਰ ਬਾਰ ਛਡ ਸੰਨਜਾਸੀ ਹੋ ਫਿਰਨ ਦੇ ਭਯਾਨਕ ਨਤੀਜੇ ਬੀ ਪਤਾ ਸੇ, ਸੋ ਸੱਚ ਦੀ ਚੋਟ ਵਦਾਣ ਠੋਕਵੀਂ ਆਪ ਨੇ ਸਭ ਨੂੰ ਲਾਈ।

ਸਨਜਾਸੀਆਂ ਦਾ ਵਡਕਾ-ਤੁਸੀਂ ਸਨਜਾਸ ਨੂੰ ਕਿਉਂ ਮਾੜਾ ਆਖਦੇ ਹੋ?

ਗੁਰੂ ਜੀ-ਮੈਂ ਕਿਸੇ ਨੂੰ ਮਾੜਾਂ ਨਹੀਂ ਆਖਦਾ। ਮੈਂ ਸਨਜਾਸੀ ਉਸਨੂੰ ਆਖਦਾ ਹਾਂ ਜਿਸਦੀ ਰਹਿਣੀ ਬਹਿਣੀ ਦਾ ਤ੍ਰੀਕਾ ਐਸਾ ਹੋਵੇ ਕਿ ਗੁਰੂ ਧਾਰਨ ਕਰੇ, ਲਿਵ ਲੱਗੀ ਰਹੇ। ਨਾਮ ਵਿਚ ਉਸ ਦਾ ਪਿਆਰ ਉਸਨੂੰ ਐਸਾ ਤ੍ਰਿਪਤ ਕਰੇ ਕਿ ਉਸਨੂੰ ਫੇਰ ਕੋਈ ਭੁੱਖ ਕੋਈ ਕਾਮਨਾ ਨਾ ਰਹੇ ਤੇ ਉਹ ਜਗਤ ਦਾ ਭਲਾ ਕਰੇ।

ਸਨਜਾਸੀ-ਵੈਰਾਗ ਹੋਏ ਬਿਨਾਂ ਕੌਣ ਘਰ ਛਡ ਕੇ ਤਜਾਗ ਦੇ ਕਸ਼ਟ ਝੱਲਣ ਉਠ ਟੁਰਦਾ ਹੈ?

ਗੁਰੂ ਜੀ-ਕੋਈ ਦਿਲ ਹਿਲਾਵਾਂ ਉਪਦੇਸ਼ ਸੁਣਕੇ, ਯਾ ਗ੍ਰਿਹਸਤ ਦਾ ਕੋਈ ਕਸ਼ਟ ਨਾ ਝੱਲ ਸਕਣ ਕਰਕੇ ਕੋਈ ਇਕ ਕੱਚੇ ਵੈਰਾਗ ਦੀ ਲਹਿਰ ਉਠ ਖੜੋਂਦੀ ਹੈ, ਤਜਰਬੇ ਕਾਰ ਗੁਰੂ ਦੀ ਮਤਿ ਪ੍ਰਾਪਤ ਨਾ ਹੋਣ ਕਰਕੇ ਉਹ ਮਨ ਦੇ ਮਗਰ ਲਗ ਕੇ ਘਰ ਤਜਾਗ ਕੇ ਉਠ ਟੁਰਦਾ ਹੈ, ਫੇਰ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਦੂਸਰਿਆਂ ਦੇ ਘਰੀਂ ਮੰਗਦਾ ਪਿੰਨਦਾ ਫਿਰਦਾ ਹੈ।

ਸਨਜਾਸੀ-ਫਿਰ ਬੀ ਉਹ ਮਨਮੁਖ ਤਾਂ ਨਹੀਂ।

ਗੁਰੂ ਜੀ-ਗ੍ਰਿਹਸਤ ਧਰਮ ਜਿਸਦੀ ਸਿਖਜਾ ਮਾਂ ਬਾਪ ਤੋਂ ਸੁਤੇ ਹੀ ਮਿਲ ਗਈ ਸੀ, ਉਹ ਤਾਂ ਗੁਆ ਲਿਆ ਮੰਦ ਵੈਰਾਗ ਵਿਚ ਆਕੇ, ਤੇ ਅਗੋਂ ਪੂਰਾ ਗੁਰੂ ਮਿਲਿਆ ਨਹੀਂ, ਸੋ ਤਜਾਗ ਦੀ ਸਿਖਜਾ ਲਈ ਨਾ, ਫੇਰ ਬਾਕੀ ਕੀਹ ਰਹਿ ਜਾਂਦਾ ਹੈ? ਖੋਟੀ ਮਤ ਦੇ ਘੁੰਮਣ ਘੇਰਾਂ ਵਿਚ ਰੁਲਣਾ। ਜੇ ਪੜ੍ਹ ਸੁਣ ਬੀ ਜਾਂਦਾ ਹੈ ਤਾਂ ਥਕਾਨ ਹੀ ਪਲੇ ਪੈਂਦੀ ਹੈ, ਜੇ ਦੇਸ਼ ਦੇਸ਼ਾਂਤ੍ਰਾਂ ਵਿਚ ਪਿਆ ਫਿਰਦਾ ਹੈ ਤਾਂ ਬੀ ਹਾਂਡ ਹੀ ਪੱਲੇ ਪੈਂਦੀ ਹੈ।

ਸਨਜਾਸੀ-ਇਸ ਦਾ ਕੀਹ ਕਾਰਣ ਹੈ? ਪੜ੍ਹ ਸੁਣਕੇ ਤਾਂ ਮੱਤ ਆਉਂਦੀ ਹੈ।

ਗੁਰੂ ਜੀ-ਪੜ੍ਹ ਲਏ ਪਾਠ, ਪਰ ਜੋ ਦੇਹ ਕਹੋ ਯਾ ਅੰਤਹਕਰਣ ਕਹੋ ਇਨ੍ਹਾਂ ਨੂੰ ਬ੍ਰਹਮਚਰਯ ਦੀ ਅਗਨੀ ਨਾਲ ਪਕਾਇਆ ਨਾ, ਬੇਦ ਦਾ ਨਾ ਕੀਤਾ ਅਭਜਾਸ, ਫੇਰ ਸੁਤੇ ਹੀ ਅੰਤਹਕਰਣ ਨੇ

---

੧ ਇਸ ਵੇਲੇ ਦਾ ਉਚਾਰਿਆ ਗੁਰੂ ਜੀ ਦਾ ਇਕ ਸ਼ਲਕ-

ਨਾਲਿ ਕਿਰਾੜਾ ਦੋਸਤੀ ਕੂੜੇ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥

ਉਪਰਲੀ ਵਾਰਤਾਲਾਪ ਇਸ ਸਲੋਕ ਦਾ ਖੁੱਲ੍ਹਾ ਅਨੁਵਾਦ ਹੈ। ਕਿਰਾੜ ਦਾ ਮੂਲ ਹੈ ਕ੍ਰਯਾਰ=ਖਰੀਦਣ ਵਾਲਾ। ਪੰਜਾਬ ਵਿਚ ਇਹ ਪਦ ਅਕਸਰ ਪਿੰਡ ਦੇ ਵਪਾਰੀਆਂ ਲਈ ਤੇ ਘ੍ਰਿਣਾ ਨਾਲ ਵਰਤੀਂਦਾ ਹੈ। ਗੁਰੂ ਕੇ ਸਲੋਕ ਵਿਚ ਮੁਰਾਦ ਹੈ ਬਣਿਕ ਬਿਰਤੀ ਵਾਲਾ, ਉਸ ਬ੍ਰਿਤੀ ਵਾਲਾ ਆਦਮੀ ਜੋ ਲੈਣ ਲੈਣ ਨੂੰ ਹੀ ਲੋਚਦਾ ਹੈ ਤੇ ਉਸ ਵਿਚ ਵਿਹਿਤ ਅਵਿਹਿਤ ਨਹੀਂ ਵਿਚਾਰਦਾ।

੨ ਤਵਾ: ਖਾ: ਸਫ਼ਾ ੩੯੪।

ਵਾਸ਼ਨਾ ਵਿਚ ਤੇ ਨਾ ਪਕਾਈ ਦੇਹ ਦੇ ਇੰਦ੍ਰਿਆਂ ਨੇ ਭੋਗਾਂ ਵਿਚ ਜਾ ਪੈਣਾ ਹੋਇਆ, ਸੋ ਸੰਨਜਾਸੀ ਫੇਰ ਪਸ਼ੂ ਸਮਾਨ ਉਦਰ ਪੂਰਨਾ ਆਦਿ ਭੋਗਾਂ ਵਿਚ ਹੀ ਰਹਿ ਜਾਂਦਾ ਹੈ। ॥੧॥

ਇਹੋ ਹਾਲ ਜੋਗੀਆਂ ਦਾ ਹੈ, ਨਾ ਵੈਰਾਗ, ਨਾ ਗੁਰੂ ਦਾ ਨਾਮ ਅਭਜਾਸ, ਨਾ ਤਨ ਸਾਧਨਾ ਹੈ, ਜਿਸ ਦਾ ਜਿਸ ਵੇਲੇ ਜੀ ਕੀਤਾ ਪੈਸੇ ਦੀ ਲਈ ਪੰਸਾਰੀ ਦੀ ਹੱਟੀ ਤੋਂ ਗੇਰੀ, ਉਹ ਘੋਟੀ, ਘੋਲੀ, ਕਪੜੇ ਉਸ ਵਿਚ ਰੰਗ ਕੇ ਪਾ ਲਏ। ਲੀਰਾਂ ਲੱਭ ਲੱਭ ਕੇ ਗੋਦੜੀ ਬਣਾ ਲਈ, ਪਰ ਹੁਣ ਦੇ ਜੋਗੀ ਨਵੇਂ ਕਪੜੇ ਨੂੰ ਪਾੜਕੇ ਟਾਕੀਆਂ ਬਣਾਕੇ ਜੋੜਕੇ ਗੋਦੜੀ ਬਣਾਉਂਦੇ ਹਨ, ਨਾਲ ਝੋਲੀ ਪਾ ਲੈਂਦੇ ਹਨ। ਭੇਖ ਤਾਂ ਬਣ ਗਿਆ ਪਰ ਭੇਖ ਮਾਤ੍ਰ ਨੇ ਯੋਗਾਰੂੜ ਤਾਂ ਨਹੀਂ ਕਰ ਦਿੱਤਾ, ਹਾਂ, ਭਿਖਿਆ ਮੰਗਣ ਵਾਲਾ ਭਿਖਾਰੀ ਬਣਾ ਦਿੱਤਾ ਤੇ ਮੰਗ ਮੰਗ ਕੱਠੀ ਕਰ ਕਰਕੇ ਜਮਾ ਕਰਨ ਵਾਲਾ ਮਾਇਆਧਾਰੀ ਬਣਾ ਦਿਤਾ। ਜਗਤ ਨੂੰ ਉਪਦੇਸ਼ ਬੀ ਦੇ ਲੈਂਦਾ ਹੈ ਤੇ ਘਰ ਘਰ ਮੰਗਦਾ ਬੀ ਫਿਰਦਾ ਹੈ ਇਹ ਦੱਸਣ ਲਈ ਕਿ ਮੈਂ ਤਜਾਗੀ ਹਾਂ, ਪਰ ਮਨ ਉਸ ਦੇ ਗਿਆਨ ਨੇਤ੍ਰਾਂ ਤੋਂ ਅੰਨ੍ਹਾਂ ਹੈ, ਉਸ ਨੇ ਆਪਣੀ ਆਬਰੂ ਦੋਹੀਂ ਜਹਾਨੀਂ ਗੁਆ ਲਈ ਹੈ, ਸ਼ਬਦ ਨੂੰ ਨਹੀਂ ਅਨੁਭਵ ਕਰਦਾ, ਭਰਮ ਵਿਚ ਭੁੱਲਾ ਫਿਰਦਾ ਹੈ, ਮਨੁੱਖਾ ਜਨਮ ਦੀ ਬਾਜ਼ੀ ਪਾਕੇ ਜੂਏ ਵਿਚ ਹਾਰ ਦਿਤੀ ਸੂ॥੨॥

ਕਈ ਤਜਾਗੀ ਬਾਹਰ ਧੂਣੀਆਂ ਲਾ ਬੈਠਦੇ ਹਨ ਪਰ ਅੰਦਰਲੀ ਅੱਗ ਬੁਝਦੀ ਨਹੀਂ। ਅੰਦਰਲੀ ਅੱਗ ਭਗਤੀ ਨਾਲ ਬੁਝਦੀ ਹੈ। ਭਗਤੀ ਪੂਰੇ ਗੁਰੂ ਬਿਨਾਂ ਪ੍ਰਾਪਤ ਨਹੀਂ ਹੁੰਦੀ, ਉਹ ਨਿਗੁਰੇ ਤੀਰਥਾਂ ਤੇ ਭੱਜੇ ਫਿਰਦੇ ਹਨ ਪਰ ਇਸ ਨਾਲ ਭਰਮ ਦੂਰ ਨਹੀਂ ਹੁੰਦੇ, ਮੈਲ ਉਤਰਦੀ ਨਹੀਂ, ਨਿੰਦਾ ਵਿਚ ਵਿਆਪਦੇ ਹਨ॥੩॥ ਕਈ ਸ੍ਵਾਹ ਛਾਣ ਕੇ ਮਲ ਬੈਠਦੇ ਹਨ, ਪਾਠ ਪੜ੍ਹਦੇ ਹਨ, ਪਰ ਝੂਠ ਬੋਲਦੇ ਹਨ। ਪੂਰੇ ਗੁਰੂ ਨੂੰ ਮਿਲਦੇ ਨਹੀਂ ਤੇ ਨਾਮ ਜਪਦੇ ਨਹੀਂ, ਇਸ ਕਰਕੇ ਸੁਖੀ ਨਹੀਂ ਹੁੰਦੇ॥੪॥

ਕਈ ਤਜਾਗੀ ਜਟਾਂ ਬੰਨ੍ਹ ਲੈਂਦੇ ਹਨ, ਕਈ ਘੋਨਮੋਨ ਹੋ ਜਾਂਦੇ ਹਨ, ਆਤਮ ਗਿਆਨ ਇਨ੍ਹਾਂ ਹੁੰਦਾ ਨਹੀਂ, ਲਗਨ ਮਾਇਆ ਵਲ ਹੁੰਦੀ ਹੈ। ਮਨ ਦਸੋ ਦਿਸ਼ਾ ਵਿਚ ਧਾਂਵਦਾ ਰਹਿੰਦਾ ਹੈ॥੫॥ ਕਈ ਹੱਥ ਵਿਚ ਕਮੰਡਲ ਲਈ ਫਿਰਦੇ ਹਨ, ਮਨ ਵਿਚ ਤ੍ਰਿਸ਼ਨਾ ਵਸਦੀ ਹੈ। ਪਰਾਈਆਂ ਇਸਤ੍ਰੀਆਂ ਮਗਰ ਭੱਜੇ ਫਿਰਦੇ ਹਨ। ਸਿਖ ਬੀ ਬਣਾਉਂਦੇ ਹਨ ਪਰ ਨਾਮ ਦੇ ਜਾਣੂ ਨਹੀਂ, ਅੰਤ ਕਾਲ ਦੁਖੀ ਹੁੰਦੇ ਹਨ॥੬॥ ਅਸਲ ਤਿਆਗੀ ਉਹ ਹੈ, ਚਾਹੇ ਸੰਨਿਆਸੀ ਹੋਵੇ, ਚਾਹੇ ਜੋਗੀ, ਚਾਹੇ ਬੈਰਾਗੀ, ਚਾਹੇ ਕੋਈ ਹੋਰ ਤਜਾਗੀ, ਜੋ ਨਾਮ ਨਾਲ ਤਮੋਗੁਣ ਨੂੰ ਫਾੜ ਸਕੇ ਤੇ ਨਿਰਵਾਸ਼ ਹੋ ਜਾਵੇ॥੭॥ ਹਰਿਰਸ ਪੀਵੇ, ਮਨ ਨੂੰ ਸ਼ਾਂਤ ਆਵੇ ਤੇ ਲਿਵ ਲਗੇ ਤਾਂ ਸੰਨਿਆਸੀ ਹੈ। ਮੂਲਕ ਗਲ ਇਹ ਹੈ ਕਿ ਨਾਮ ਦੇ ਲੜ ਲਗੇ ਬਿਨਾਂ ਕਲਿਆਨ ਨਹੀਂ ਹੁੰਦੀ॥੮॥

ਇਸ ਤਰ੍ਹਾਂ ਦੇ ਉਪਦੇਸ਼[1] ਸੁਣ ਕੇ ਮਤ ਮਤਾਂਤਰ੍ਹਾਂ ਦੇ ਅਨੇਕ ਸਾਧੂਆਂ ਦਾ ਉਧਾਰ ਹੋਇਆ ਤੇ ਅਨੇਕ ਗ੍ਰਿਹਸਤੀਆਂ ਨੂੰ ਸੁਖ ਪਹੁੰਚਾ।

ਇਥੋਂ ਟੁਰਕੇ ਗੁਰੂ ਸਾਹਿਬ ਰੁਹਤਾਸ[2] ਆਏ। ਤਵਾਰੀਖ ਖਾਲਸਾ ਵਿਚ ਲਿਖਿਆ ਹੈ: ਬਾਬੇ ਜੀ ਨੇ ਇਕ ਜਗ੍ਹਾ ਖੁਦਵਾਈ ਤਾਂ ਚਸ਼ਮਾਂ ਫੁਟਿਆ, ਜਿਸ ਤੋਂ ਜਲ ਦੀ ਕੱਸੀ ਹੁਣ ਹਮੇਸ਼ ਵਗਦੀ ਰਹਿੰਦੀ ਹੈ। ਇਹ ਚਸ਼ਮਾ ਹੁਣ ਤਕ ਜਾਰੀ ਹੈ। 'ਚੋਹਾ ਸਾਹਿਬ ਗੁਰੂ ਨਾਨਕ ਸਾਹਿਬ' ਕਰਕੇ ਸਦੀਂਦਾ ਹੈ। ਬਹੁਤ ਸੁੰਦਰ ਗੁਰਦਵਾਰਾ ਬਣਿਆ ਹੋਯਾ ਹੈ। ਇਸ ਰੁਹਤਾਸ ਦੇ ਸਤਿਗੁਰੂ ਨਾਨਕ ਸਾਹਿਬ ਦੇ ਚਸ਼ਮੇ ਬਾਬਤ ਬੂਟੇ ਸ਼ਾਹ ਨੇ ਆਪਣੇ ਇਤਿਹਾਸ ਵਿਚ ਇਸ ਪ੍ਰਕਾਰ ਲਿਖਿਆ ਹੈ:-

> ਮੁਤਸਿਲ ਕਿਲ੍ਹਾ ਰੁਹਤਾਸ ਬਰ ਕੱਲਾ ਕੋਹੇ
> ਚਸ਼ਮਾ ਅਸਤ ਕਿ ਅਜ਼ ਯਮਨੇ ਕਦੂਮੇ
> ਨਾਨਕ ਸ਼ਾਹ ਦਰ ਆਂਜਾ ਜਾਰੀ ਸ਼ੁਦਹ ਵ
> ਸ਼ੇਰ ਸ਼ਾਹ ਅਫ਼ਗਾਨ ਆਂ ਮਕਾਨ ਰਾ
> ਪਸੰਦ ਨਮੂਦ ਵ ਕਿਲ੍ਹਾ ਅਜ਼ ਸੰਗ ਮਹੀਤੇ
> ਬਦਾਂ ਚਸ਼ਮਾਂ ਤਿਆਰ ਨਮੂਦ ਵ ਆਂ ਚਸ਼ਮਾ

---

[1] ਇਹ ਉਪਦੇਸ਼ ਸ੍ਰੀ ਗੁਰੂ ਜੀ ਨੇ ਮਾਰੂ ਮਹਲਾ ੧ ਵਿਚ ਲਿਖਿਆ ਹੈ:-ਮਨਮੁਖੁ ਲਹਰਿ ਘਰੁ ਤਜਿ ਵਿਗੂਚੈ॥ ਏਹੋ ਖਜਾਲ ਪੂਰਨ ਗਿਰਿ ਨਾਲ ਸਨਜਾਸ ਦੇ ਵੀਚਾਰ ਵੇਲੇ ਗੁਫ਼ਤਗੂ ਵਿਚ ਆਏ ਸੇ, ਮਗਰੋਂ ਸਬਦ ਉਚਾਰਿਆ ਸੀ ਓਹੋ ਸ਼ਬਦ ਏਥੇ ਸੰਨਜਾਸੀਆਂ ਪਰਥਾਇ ਉਚਾਰਿਆ। ਦੇਖੋ ਇਸੇ ਪੋਥੀ ਵਿਚ 'ਪੂਰਨ ਗਿਰਿ' ਦਾ ਪ੍ਰਸੰਗ।

[2] ਰੁਹਤਾਸ ਜ਼ਿਲਾ ਜਿਹਲਮ ਵਿਚ ਹੈ ਤੇ ਲਾਹੌਰੋਂ ਰਾਵਲਪਿੰਡੀ ਨੂੰ ਜਾਂਦਿਆਂ ਦਰਿਆ ਜੇਹਲਮ ਦੇ ਪਾਰਲੇ ਪਾਸੇ, ਜੇਹਲਮ ਸ਼ਹਿਰ ਤੋਂ ਦਸ ਗਿਆਰਾਂ ਮੀਲ ਤੇ ਹੈ।

ਅਜ਼ਾਂਜਾ ਕਿ ਖ਼ੁਸ਼ਕ ਸ਼ੁਦਹ ਬੇਰੂੰ ਕਿਲ੍ਹਾ ਅਜਰਾਏ ਸ਼ੁਦਹ। ਸ਼ੇਰ ਸ਼ਾਹ ਬਿਸੀਆਰ ਕਰਅੱਤ ਆਂ ਚਸ਼ਮਾ ਦਰ ਇਹਾਤਾ ਕਿਲ੍ਹਾ ਬਗ੍ਰਿਫ਼ਤ। ਚਸ਼ਮਾ ਅੰਦਰੂੰ ਕਿਲ੍ਹਾ ਕਰਾਰ ਨਮੇ ਗ੍ਰਿਫਤ ਵ ਅਜ਼ ਦੀਵਾਰ ਕਿਲ੍ਹਾ ਬੇਰੂੰ ਸ਼ੁਦਹ ਰਵਾਂ ਮੇ ਸ਼ੁਦ। ਨਾਚਾਰ ਸ਼ੇਰ ਸ਼ਾਹ ਦਸਤ ਅਜ਼ਾਂ ਕਸ਼ੀਦ। ਚੁਨਾਂਚਿ ਦੀਵਾਰ ਹਾ ਕਿਲ੍ਹਾ ਹਨੂਜ ਮੌਜੂਦ ਅੰਦ ਵ ਚਸ਼ਮਾ ਜ਼ੇਰੇ ਆਂ ਬਰ ਜ਼ਮੀਨ ਰਵਾਂ ਅਸਤ ਵ ਮਰਦੁਮਾਂ ਸਾਦਰ ਵ ਵਾਰਦ ਰੁਹਤਾਸ ਦਰਾਂ ਜਾ ਸ਼ਬ ਬਾਸ਼ ਮੇ ਸ਼ਵੰਦ

ਜਿਸ ਦਾ ਤਰਜਮਾ ਇਹ ਹੈ:-

'ਕਿਲ੍ਹਾ ਰੁਹਤਾਸ ਜੋ ਪਹਾੜ ਦੀ ਚੋਟੀ ਤੇ ਹੈ, ਦੇ ਨੇੜੇ ਇਕ ਚਸ਼ਮਾ ਹੈ ਜੋ ਨਾਨਕ ਸ਼ਾਹ ਦੇ ਕਦਮਾ ਦੀ ਬਰਕਤ ਨਾਲ ਜਾਰੀ ਹੋਇਆ। ਸ਼ੇਰ ਸ਼ਾਹ ਅਫ਼ਗਾਨ ਨੇ ਉਸ ਮਕਾਨ ਨੂੰ ਪਸੰਦ ਕੀਤਾ ਤੇ ਉਸ ਚਸ਼ਮੇਂ ਦੇ ਪਾਸ ਪੱਥਰਾਂ ਦਾ ਕਿਲ੍ਹਾ ਬਣਵਾਇਆ ਉਹ ਚਸ਼ਮਾ ਉਥੋਂ ਖੁਸ਼ਕ ਹੋਕੇ ਕਿਲੇ ਦੇ ਬਾਹਰ ਜਾਰੀ ਹੋ ਗਿਆ। ਸ਼ੇਰ ਸ਼ਾਹ ਨੇ ਕਈ ਵੇਰ ਉਹ ਚਸ਼ਮਾ ਕਿਲ੍ਹੇ ਦੇ ਹਾਤੇ ਵਿਚ ਘੇਰਿਆ ਪਰ ਚਸ਼ਮਾਂ ਕਿਲ੍ਹੇ ਦੇ ਅੰਦਰ ਕਾਬੂ ਨਹੀਂ ਸੀ ਰਹਿੰਦਾ ਤੇ ਕਿਲ੍ਹੇ ਦੀ ਦੀਵਾਰ ਤੋਂ ਬਾਹਰ ਨਿਕਲਕੇ ਵਗਣ ਲਗ ਪੈਂਦਾ ਸੀ। ਸ਼ੇਰ ਸ਼ਾਹ ਮਜਬੂਰ ਹੋਕੇ ਹਟ ਗਿਆ। ਚੁਨਾਂਚਿ ਉਸ ਕਿਲ੍ਹੇ ਦੀਆਂ ਦੀਵਾਰਾਂ ਹੁਣ ਤਕ ਮੌਜੂਦ ਹਨ ਅਤੇ ਚਸ਼ਮਾ ਉਸ ਪਹਾੜ ਦੇ ਹੇਠ ਜ਼ਮੀਨ ਤੇ ਜਾਰੀ ਹੈ, ਤੇ ਰੁਹਤਾਸ ਆਉਣ ਵਾਲੇ ਲੋਕ ਰਤਾ ਇਥੇ ਟਿਕਦੇ ਹਨ। '

ਇਥੋਂ ਟੁਰਕੇ ਗੁਰੂ ਸਾਹਿਬ ਜੀ ਬਾਲ ਗੁੰਦਾਈਂ ਦੇ ਟਿੱਲੇ ਆਏ। ਇਥੋਂ ਟੁਰਕੇ ਕਈ ਥਾਂ ਹੁੰਦੇ ਤੇ ਕਈ ਕੌਤਕ ਵਰਤਾਉਂਦੇ ਡੇਰਾ ਇਸਮਾਈਲ ਖਾਂ ਜਾ ਨਿਕਲੇ ਇਥੇ ਇਕ ਖੇਤ ਵਿਚੋਂ ਲੰਘਦਿਆ ਇਕ ਗੱਭਰੂ ਨੇ ਆਪ ਜੀ ਦੇ ਅੱਗੇ ਹੋਲਾਂ ਲਿਆ ਰੱਖੀਆਂ ਤੇ ਦੁੱਧ ਯਾ ਹੋਰ ਕੁਛ ਖਾਣ ਨੂੰ ਲੈਣ ਲਈ ਘਰ ਚਲਿਆ ਤਾਂ ਬਾਬੇ ਪਾਸ ਬਹਾਲ ਲਿਆ ਤੇ ਇਹ ਸਲੋਕ ਉਚਾਰਿਆ:-

ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ ॥ ਨਾਨਕ ਸਿਫਤੀ ਤ੍ਰਿਪਤਿਆ ਆਉ ਬੈਠ ਸੁਲਤਾਨ[1]॥

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਤਬ ਪਾਤਸ਼ਾਹੀ ਮਿਲੀ ਚਣਿਆਂ ਦੀ ਮੁਠ ਦਾ ਸਦਕਾ[2]।

੪.

ਇਥੋਂ ਟੁਰਕੇ ਅਨੇਕ ਥਾਈਂ ਹੁੰਦੇ ਹੋਏ ਸਿੰਧ ਦੇਸ਼ ਵਿਚ ਜਾ ਪਹੁੰਚੇ।

ਇਥੇ ਇਕ ਟਿਕਾਣੇ ਮੱਕੇ ਜਾਣ ਵਾਲੇ ਹਾਜੀ ਇਕੱਠੇ ਹੋ ਰਹੇ ਸੇ। ਉੱਥੇ ਇਕ ਹਾਜੀ ਮਿਲਿਆ[3] ਇਹ ਗੁਰੂ ਜੀ ਨਾਲ ਗੱਲੀਂ ਬਾਤੀਂ ਲਗਕੇ ਕੁਛ ਮੇਲੀ ਹੋ ਗਿਆ ਤੇ ਰਾਤ ਇਕੱਠੇ ਰਹੇ। ਹਾਜੀ ਨੇ ਅਗਲੇ ਦਿਨ ਗੱਲਾਂ ਬਾਤਾਂ ਵਿਚ ਪੁਛਿਆ, ਤੁਸੀਂ ਦਰਵੇਸ਼ ਹੋ, ਭੇਖ ਦਰਵੇਸ਼ਾਂ ਫਕੀਰਾਂ ਦਾ ਜੁ ਹੋਇਆ, ਪਰ ਦਰਵੇਸ਼ ਭੰਗ ਪੀਂਦੇ ਹਨ, ਤੁਸਾਂ ਪਾਸ ਨਾ ਭੰਗ ਹੈ ਨਾ ਭੰਗ ਦੀ ਖਲੜੀ (ਗੁੱਥੀ) ਹੈ, ਨਾ ਪਿਆਲਾ ਹੈ ਪੀਣ ਦਾ, ਨਾ ਡੰਡਾ ਹੈ ਘੋਟਣ ਦਾ[4]।

ਗੁਰੂ ਜੀ-ਹੇ ਦਰਵੇਸ਼ ! ਮੈਨੂੰ ਮੇਰੇ ਖੁਦਾ ਦਾ ਭਉ ਪੈ ਗਿਆ ਹੈ, ਇਹ ਭਉ ਮੇਰੀ ਭੰਗ ਬਣ ਗਿਆ ਹੈ, ਮੇਰਾ ਚਿਤ ਗੁੱਥੀ ਹੈ ਜਿਸ ਵਿਚ ਇਹ ਭੰਗ ਰਖੀ ਰਹਿੰਦੀ ਹੈ। ਇਸ ਭੰਗ ਦਾ ਮੈਨੂੰ ਨਸ਼ਾ ਚੜ੍ਹਿਆ ਰਹਿੰਦਾ ਹੈ, ਐਸਾ ਕਿ ਮੈਂ ਦਿਵਾਨਾ ਹੋਇਆ ਰਹਿੰਦਾ ਹਾਂ। ਇਸੇ ਦੀਵਾਨਗੀ ਨੇ ਮੈਨੂੰ ਅਤੀਤ (ਤਯਾਗੀ ਫਕੀਰ) ਬਣਾ ਛੋੜਿਆ ਹੈ। ਕਰਤਾਰ ਦੇ ਦਰਸ਼ਨ ਦੀ ਮੈਨੂੰ ਭੁੱਖ ਲੱਗੀ ਰਹਿੰਦੀ ਹੈ, ਇਹ ਮੇਰੇ ਹੱਥ ਵਿਚ ਠੂਠਾ ਹੈ, ਸਾਂਈਂ ਦੇ ਦਰਵਾਜ਼ੇ ਅਗੇ ਖੜਾ ਠੂਠਾ ਹੱਥ ਫੜੀ ਮੈਂ ਹਰ ਵੇਲੇ ਖ਼ੈਰ ਮੰਗਦਾ ਰਹਿੰਦਾ ਹਾਂ। ਤੁਸੀਂ ਜੋ ਹਾਲ ਖੇਡਦੇ ਹੋ ਮੈਂ ਓਹ ਨਹੀਂ ਖੇਡਦਾ। ਮੇਰੇ ਅੰਦਰ ਕਰਤਾਰ

[1] ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ।

[2] ਪੁਰਾਤਨ ਜਨਮ ਸਾਖੀ ਵਿਚ ਇਹ ਸਾਖੀ ਪਹਿਲੀ ਉਦਾਸੀ ਵਿਚ ਲਿਖੀ ਹੈ, ਪਰ ਤਵਾਰੀਖ ਖਾਲਸਾ ਵਿਚ ਚੌਥੀ ਉਦਾਸੀ ਵਿਚ ਲਿਖੀ ਹੈ ਤੇ ਪਤਾ ਦਿੱਤਾ ਹੈ ਕਿ ਇਹ ਲੜਕਾ ਮਨਕੇਰੇ ਦਾ ਖਾਨ ਬਣਿਆ।

[3] ਇਸ ਉਦਾਸੀ ਵਿਚ ਏਹ ਬਾਣਾ ਸੀ-ਪੈਰੀਂ ਖੰਉਂਸਾ ਚੰਮ-ਕੀਆਂ, ਅਤੇ ਚੰਮ ਕੀ ਸੁਥਣਿ, ਗਲ ਵਿਚ ਹੱਡੀਆਂ ਕੀ ਮਾਲਾ, ਮੱਥੇ ਟਿਕਾ ਬਿੰਦੀ ਕਾ, ਬਾਲਕਾਂ ਵਿਚ ਖੇਡੇ, ਤਦ ਨੀਲੇ ਬਸਤ੍ਰ ਥੇ। ਖੇਡਦਾ ਖੇਡਦਾ ਹਜ ਵਿਚਿ ਜਾਇ ਨਿਕਲਿਆ, ਤਦਹੁ ਇਕ ਹਾਜੀ ਮਿਲਿਆ, ਰਾਤਿ ਇਕਠੇ ਰਹੇ।

[4] 'ਏ ਦਰਵੇਸ਼ ਤੇਰੈ ਕਾਸਾ ਲਕੜੀ ਚੰਮੜੀ ਭੰਗੜੀ ਕੁਛ ਨਹੀਂ-ਤੂੰ ਹਿੰਦੂ ਹੈ ਕਿ ਮੁਸਲਮਾਨ'? {ਪੁ: ਜ: ਸਾਖੀ}

ਦੇ ਦਰਸ਼ਨ ਦੀ ਜੋ ਮੰਗ ਹੈ ਏਹੀ ਮੇਰਾ ਹਾਲ (ਵਜਦ) ਹੈ ਜੋ ਹਰ ਵੇਲੇ ਰਹਿੰਦਾ ਹੈ (ਉਪਰ ਤਕ ਕੇ) ਇਹ ਮੰਗ ਮੇਰੀ ਹੇ ਕਰਤਾਰ! ਤੇਰੇ ਦਰ ਉਤੇ ਹੈ, ਹੇ ਮੇਰੇ ਕਰਤਾਰ! ਖ਼ੈਰ ਪਾਓ, ਖ਼ੈਰ ਪਾਓ, ਖ਼ੈਰ ਪਾਓ ॥੧॥ਰਹਾਉ॥

(ਹਾਜੀ ਵੱਲ ਤੱਕਕੇ) ਹੇ ਸਾਈਂ ਲੋਕ। ਤੂੰ ਮੈਥੋਂ ਪੁਛਿਆ ਹੈ ਕਿ ਮੈਂ ਹਿੰਦੂ ਹਾਂ ਕਿ ਮੁਸਲਮਾਨ? ਫਕੀਰ ਹਾਂ ਤਾਂ ਕੌਣ ? ਸੁਣ ! ਕੇਸਰ, ਫਲ, ਕਸਤੂਰੀ ਏ ਸਾਰੇ ਪਦਾਰਥ ਸਭ ਕਿਸੇ ਦੇ ਸਰੀਰ ਉਪਰ ਚੜ੍ਹਦੇ ਹਨ, ਭਾਵ ਇਨ੍ਹਾਂ ਦੀ ਜਾਤ ਨਹੀਂ ਕੋਈ ਪੁੱਛਦਾ, ਇਨ੍ਹਾਂ ਦੀ ਕਦਰ ਇਨ੍ਹਾਂ ਦੀ ਆਪਣੀ ਖੂਬੀ ਕਰਕੇ ਹੈ; ਤਿਵੇਂ ਭਗਤ ਯਾ ਫਕੀਰ ਦੀ ਭਗਤੀ ਗੁਣ ਹੈ, ਜਾਤ ਕੋਈ ਗੁਣ ਨਹੀਂ। ਫੇਰ ਦੇਖੋ ਚੰਦਨ ਦੀ ਰੀਤੀ ਇਹ ਹੈ ਕਿ ਸਭ ਕਿਸੇ ਨੂੰ ਸੁਗੰਧਿਤ ਕਰ ਦੇਂਦਾ ਹੈ, ਇਸੇ ਤਰ੍ਹਾਂ ਭਗਤ ਵਿਚ ਜੋ ਭਗਤੀ ਦੀ ਜੋਤ ਹੈ ਉਹ ਸਭ ਨੂੰ ਭਗਤੀ ਲਾ ਦੇਂਦੀ ਹੈ। ਘਿਉ ਚੰਮ ਦੇ ਕੁਪੇ ਵਿਚੋਂ ਤੇ ਰੇਸ਼ਮ ਕੀੜੇ ਵਿਚੋਂ ਨਿਕਲਦਾ ਹੈ, ਇਸ ਕਰਕੇ ਘਿਉ ਤੇ ਪੱਟ ਨੂੰ ਨਿੰਦਨੀਯ ਕਿਸੇ ਨੇ ਕਦੇ ਨਹੀਂ ਆਖਿਆ। ਐਸੀ ਹੀ ਭਗਤੀ ਹੈ, ਚਾਹੇ ਉਹ ਕਿਸੇ ਵਰਨ, ਜਾਤ, ਮਜ਼ਹਬ ਵਿਚੋਂ ਹੋਵੇ ਜੋ ਕਰਤਾਰ ਦੇ ਨਾਮ ਵਿਚ ਲਿਵ ਲਾਈ ਰੱਖੇ ਤੇ ਨਿਉਂ ਟੁਰੇ, ਉਹ ਸਾਈਂ ਦਾ ਪਿਆਰਾ ਹੈ। ਹੇ ਹਾਜੀ ! ਐਸਿਆਂ ਦੇ ਦਰ ਦੀ ਖ਼ੈਰ ਕਿਵੇਂ ਮੈਨੂੰ ਪ੍ਰਾਪਤ ਹੋਵੇ। ਮੈਂ ਇਸ ਖਯਾਲ ਵਿਚ ਹਾਂ, ਜਾਤ ਜਨਮ ਮੇਰਾ ਹੁਣ ਤੂੰ ਸਮਝ ਲੈ[1]।

ਮੁਸਲਮਾਨਾਂ ਤੇ ਈਸਾਈਆਂ ਦਾ ਮੂਲ ਇਸਰਾਈਲੀ ਸਨ, ਜਿਨ੍ਹਾਂ ਨੂੰ ਯਹੂਦੀ ਬੀ ਆਖਦੇ ਹਨ। ਏਹ ਲੋਕ ਆਪ ਨੂੰ ਰਬ ਦੀ ਚੋਣਵੀਂ ਕੌਮ ਮੰਨਦੇ ਹਨ। ਇਨ੍ਹਾਂ ਚੋਂ ਉਗਮੇ ਈਸਾਈ ਬੀ ਈਸਾ ਤੇ ਈਮਾਨ ਲਿਆਏ ਬਿਨਾਂ ਕਿਸੇ ਨੂੰ ਬਹਿਸ਼ਤਾਂ ਦਾ ਹੱਕਦਾਰ ਨਹੀਂ ਸਮਝਦੇ ਤੇ ਉਨ੍ਹਾਂ ਤੋਂ ਮਗਰੋਂ ਮੁਸਲਮਾਨ ਆਪਣੇ ਸਿਵਾ ਹੋਰਨਾਂ ਨੂੰ ਕਾਫਰ, ਮੁਸ਼ਰਿਕ, ਮੁਲਹਿਦ, ਨਾਨਾ ਤਰ੍ਹਾਂ ਦੇ ਤ੍ਰਿਸਕਾਰੀ ਪਦਾਂ ਨਾਲ ਯਾਦ ਕਰਦੇ ਤੇ ਆਪ ਨੂੰ ਹੀ ਬਹਿਸ਼ਤਾਂ ਦਾ ਹੱਕਦਾਰ ਸਮੱਝਦੇ ਹਨ। ਉਹ ਹਾਜੀ ਬੀ ਇਸੇ ਪੱਖਵਾਦ ਵਿਚ ਪਲਿਆ ਹੋਇਆ ਸੀ, ਉਸ ਨੂੰ ਗੁਰੂ ਜੀ ਦੀ ਗਲ ਬਾਤ ਬੜੀ ਅਚਰਜ ਲਗੀ। ਸਚ ਤਾਂ ਕਰਦਾ ਸੀ ਅਪਣਾ ਪੁੜਵਾਂ ਅਸਰ, ਪਰ ਪੱਖਵਾਦ ਦਾ ਪਲਿਆ ਮਨ ਬਦਲਦਾ ਨਹੀਂ ਮੂੰ ਏਕਾ ਏਕੀ। ਸੋਚ ਸੋਚਕੇ ਆਖਣ ਲਗਾ ਹੇ ਦਰਵੇਸ਼ ਤੂੰ ਹੈਂ ਅਤੀਤ, ਤੇ ਮੈਂ ਹਾਂ ਦੁਨੀਆਂ ਦਾਰ-ਗ੍ਰਿਹਸਤੀ। ਅਤੀਤ ਤਾਂ ਅੱਲਾ ਦੀ ਲਿਵ ਵਿਚ, ਜੈਸਾ ਕਿ ਤੁਸਾਂ ਜੀ ਨੇ ਫੁਰਮਾਯਾ ਹੈ ਰਹਿ ਸਕਦਾ ਹੈ, ਪਰ ਦੁਨੀਆਂ ਦਾਰ ਨਹੀਂ ਰਹਿ ਸਕਦਾ।

ਤਦ ਗੁਰੂ ਜੀ ਬੋਲੇ, ਦੁਨੀਆਂ ਫਨਾਹ ਹੈ, ਇਸ ਨਾਲ ਪਿਆਰ ਕਰਨਾ ਫਨਾਹ ਨਾਲ ਪਿਆਰ ਹੈ। ਫਾਨੀ ਦੁਨੀਆਂ ਹਾਸਲ ਕਰਨ ਲਈ ਲੋਕ ਬਦਕਿਰਦਾਰੀ ਕਰਦੇ ਹਨ, ਹੱਕ ਹਲਾਲ ਨਹੀਂ ਪਛਾਣਦੇ, ਆਪਣੇ ਤੋਂ ਗ਼ਾਫਲ, ਖ਼ੁਦਾ ਤੋਂ ਗ਼ਾਫਲ ਜੈਸੇ ਹੈਵਾਨ ਹੁੰਦੇ ਹਨ। ਉਨ੍ਹਾਂ ਦਾ ਅੰਤ ਕੀ ਪੁੱਛਣਾ ਹੋਇਆ। ਜੈਸੇ ਖਿਆਲ ਸਾਰੀ ਉਮਰ ਰਹੇ ਤੈਸਾ ਹਾਲ ਰਹੂ। ਖ਼ੁਦਾ ਅੰਦਰ ਵਸੇ, ਹਜ਼ੂਰੀ ਦਾ ਸਬਕ ਪੜ੍ਹੇ, ਦੁਨੀਆਂ ਦਾਰ ਰਹੇ, ਪਰ ਈਮਾਨਦਾਰ ਬੀ ਰਹੇ, ਨੇਕ ਕਿਰਦਾਰ, ਨੇਕ ਖ਼ਿਆਲ। ਖ਼ੁਦਾ ਯਾਦ ਰਖੇ ਇਉਂ ਦੁਨੀਆਂਦਾਰ ਬੀ ਦੀਨਦਾਰ ਹੋ ਗਿਆ।

ਇਸ ਤਰ੍ਹਾਂ ਦੇ ਵਾਰਤਾਲਾਪ ਕਰਦੇ ਇਕ ਦਿਨ ਅੱਗੇ ਨੂੰ ਟੁਰ ਪਏ। ਰਾਹ ਵਿਚ ਧੁੱਪ ਡਾਢੀ ਤ੍ਰਿਖੀ ਹੋ ਗਈ, ਪਰ ਕੁਛ ਚਿਰ ਮਗਰੋਂ ਇਕ ਬੱਦਲੀ ਨਿਕਲ ਪਈ ਤੇ ਉਸ ਦੀ ਛਾਂ ਹੋ ਗਈ। ਹਾਜੀ ਨੇ ਡਿੱਠਾ ਤੇ ਸਮਝਿਆ ਕਿ ਇਹ ਬੱਦਲੀ ਮੇਰੇ ਤੇ ਅੱਲਾ ਨੇ ਭੇਜੀ ਹੈ। ਮੈਂ ਮੁਸਲਮਾਨ ਹਾਂ, ਇਹ ਮੁਸਲਮਾਨ ਨਹੀਂ ਜਾਪਦਾ, ਇਸ ਦੇ ਸਿਰ ਛਾਂ ਕਿਉਂ ਹੋਵੇ, ਮਤਾਂ ਅੱਲਾ ਖ਼ਫਾ ਹੋ ਜਾਵੇ ਕਿ ਭੇਜੀ ਤਾਂ ਤੇਰੇ ਲਈ ਸੀ ਤੂੰ ਗ਼ੈਰ ਮੁਸਲਿਮ ਨੂੰ ਕਿਉਂ ਨਾਲ

---

[1] ਇਹ ਵਾਰਤਾਲਾਪ ਇਸ ਸ਼ਬਦ ਦਾ ਖੁਲ੍ਹਾ ਅਨੁਵਾਦ ਹੈ: ਜੋ ਉਸ ਵੇਲੇ ਦੀ ਗਲ ਬਾਤ ਦਾ ਗੁਰੂ ਜੀ ਦਾ ਉਚਾਰਿਆ ਰਾਗ ਤਿਲੰਗ ਮਹਲਾ ੧ ਵਿਚ ਹੈ:-

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥ ੧ ॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥ ੧ ॥ ਰਹਾਉ ॥ ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ ੨ ॥

ਉਸ ਦੀ ਛਾਵੇਂ ਟੋਰਿਆ। ਇਹ ਕੁਛ ਵੀਚਾਰ ਕੇ ਉਸ ਨੇ ਆਖਿਆ : 'ਹੇ ਦਰਵੇਸ਼ ! ਤੂੰ ਹਿੰਦੂ ਹੈਂ, ਹੈਂ ਨਾ ? ਤੂੰ ਮੱਕੇ ਨਾ ਚਲ, ਹਿੰਦੂ ਦਾ ਉੱਥੇ ਕੀਹ ਕੰਮ? ਜੇ ਤੂੰ ਚਲ ਨਾ ਹੀ ਹੈ ਤਾਂ ਅੱਗੇ ਹੋ ਜਾਂ ਪਿੱਛੇ, ਮੇਰੇ ਨਾਲ ਨਾ ਟੁਰ।' ਜਦ ਗੁਰੂ ਜੀ ਨੇ ਕਿਹਾ, 'ਭਲਾ ਹੋਵੇ ਜੀ ਤੁਸੀਂ ਅੱਗੇ ਦਲਹੁ।' ਗੁਰੂ ਜੀ ਇਹ ਕਹਿੰਦੇ ਪਿਛੇ ਹਟਦੇ ਕਿਤੇ ਨਜ਼ਰੋਂ ਉਹਲੇ ਹੋ ਗਏ। ਪਰ ਹਾਜ਼ੀ ਦੀ ਹੈਰਾਨੀ ਦੀ ਹੱਦ ਨਾ ਰਹੀ ਕਿ ਜਦ ਹੀ ਉਹਲੇ ਹੋ ਗਿਆ ਦਰਵੇਸ਼ ਨਜ਼ਰਾਂ ਥੀਂ, ਤਾਂ ਛਾਂ ਕਰਨ ਵਾਲੀ ਬਦਲੀ ਬੀ ਗੁੰਮ ਹੋ ਗਈ ਤੇ ਧੁੱਪ ਲਗੀ ਸਿਰ ਗਰਮ ਕਰਨ: 'ਤਦ ਹਾਜ਼ੀ ਲਗਾ ਹਥ ਫਾਟਣਿ, ਤਾਂ ਆਖਿਓਸੁ ਜੋ ਖੁਦਾਇ ਕਾ ਦੀਦਾਰ ਹੋਆ ਆਹਾ ਪਰ ਝੱਲ ਨਾ ਸਕਿਓ, ਛਲ ਗਿਆ॥'

{ਪੁ:ਜ: ਸਾਖੀ}

ੴ.

ਤਵਾ: ਖਾਲਸਾ ਮੂਜਬ ਸ੍ਰੀ ਗੁਰੂ ਜੀ ਜਹਾਜ਼ ਦੇ ਰਸਤੇ ਜੱਦੇ ਪਹੁੰਚੇ ਜੋ ਅਰਬ ਦੀ ਪੱਛਮੀ ਬੰਦਰਗਾਹ ਹੈ, ਏਥੇ ਹੱਵਾ ਦੀ ਕਬਰ ਤੋਂ ਪੂਰਬ ਵਲ ਡੇਰਾ ਕੀਤਾ। ਗੁਰੂ ਜੀ ਦੇ ਨਾਲ ਮਰਦਾਨਾ ਤੇ ਸਣਖਤ੍ਰੇ ਵਾਲਾ ਗੌਂਸ ਬੀ ਸੀ। ਏਥੇ ਸ਼ਾਹ ਸ਼ਰਫ ਨਾਮੇ ਇਕ ਹਿੰਦੀ ਫਕੀਰ ਨਾਲ ਫਕੀਰੀ ਉਤੇ ਵੀਚਾਰ ਹੋਈ[੧]। ਫਿਰ ਸ਼ਰਫ ਦੇ ਸਾਥੀ ਹਾਜੀਆਂ ਨੇ ਗੁਰੂ ਜੀ ਨੂੰ ਮੱਕੇ ਜਾਣੋਂ ਰੋਕਿਆ, ਪਰ ਆਪ ਨਾ ਰੁਕੇ ਤੇ ਜਾ ਹੀ ਪਹੁੰਚੇ[੨]।

ਮੱਕੇ ਹੱਜ ਉੱਪਰ ਦੁਨੀਆਂ ਦੇ ਮੁਸਲਮਾਨ ਇਕੱਠੇ ਹੁੰਦੇ ਹਨ। ਹਿੰਦ ਤੋਂ ਬੀ ਅਨੇਕਾਂ ਗਏ ਹੋਏ ਸਨ। ਇਨ੍ਹਾਂ ਵਿਚ ਨਾਮੀ ਫਕੀਰ ਬੀ ਸਨ, ਉੱਚ ਦੇ ਮਖ਼ਦੂਮ ਰੁਕਨ ਦੀਨ, ਪਟਨ ਦੇ ਪੀਰ ਸਾਹਿਬ ਜਿਨ੍ਹਾਂ ਨੂੰ ਜਨਮ ਸਾਖੀ ਵਿਚ ਪੀਰ ਪਤਲੀਆ (ਪੀਰ ਪਟਨੀਆਂ) ਕਰਕੇ ਲਿਖਿਆ ਹੈ, ਮੁਲਤਾਨ ਦੇ ਪੀਰ ਬਹਾਵਲ ਦੀਨ, ਲਅਲ ਜਤੀ ਆਦਿ। ਇਕ ਆਦਮੀ ਜੀਵਨ ਯਾਂ ਜੀਵਨ ਸ਼ਾਹ ਨਾਮੇ ਜਾਪਦਾ ਹੈ ਕਿ ਹਿੰਦੀ ਸੀ ਜੋ ਮੱਕੇ ਹੀ ਜਾ ਟਿਕਿਆ ਹੋਇਆ ਸੀ ਤੇ ਹੋਰ ਅਨੇਕਾਂ ਪੰਜਾਬੀ ਹਿੰਦੀ ਮੁਸਲਮਾਨ ਉਥੇ ਸਨ।

ਇਹ ਜੀਵਨ ਨਾਮੇ ਹਿੰਦੀ ਦੀਨਦਾਰ ਉੱਥੇ ਮੱਕੇ ਸ਼ਰੀਫ ਦੀ ਟਹਿਲ ਕਰਿਆ ਕਰਦਾ ਸੀ। ਪਿਛਲੀ ਰਾਤੀਂ ਫਜਰ ਦੀ ਨਮਾਜ਼ ਤੋਂ ਪਹਿਲਾਂ ਸਫਾਈ ਕਰਨ ਕਰਵਾਉਣ ਦੀ ਸੇਵਾ ਇਸ ਨੇ ਅਪਣੇ ਸਿਰ ਚਾਈ ਹੋਈ ਸੀ। ਜਿਵੇਂ ਸ੍ਰੀ ਦਰਬਾਰ ਸਾਹਿਬ ਵਿਚ ਅਨੇਕਾਂ ਪ੍ਰੇਮੀ ਪਿਛਲੀ ਰਾਤ ਜਾਕੇ ਸੇਵਾ ਕਰਦੇ ਹਨ। ਅਜ ਜਦ ਜੀਵਣ ਸੇਵਾ ਕਰਦਾ ਕਰਦਾ ਪੱਛਮੀ ਪਾਸੇ ਵਲ ਆਇਆ ਤਾਂ ਕੀਹ ਦੇਖਦਾ ਹੈ ਕਿ ਇਕ ਆਦਮੀ ਸੁੱਤਾ ਪਿਆ ਹੈ ਤੇ ਪੈਰ ਉਸਦੇ ਮਹਰਾਬ ਵਲ ਹਨ। ਮੁਸਲਮਾਨਾਂ ਵਿਚ ਨਿਮਾਜ਼ ਮੱਕੇ ਵਲ ਮੂੰਹ ਕਰਕੇ ਪੜ੍ਹਦੇ ਹਨ, ਮੱਕੇ ਵਲ ਪੈਰ ਕਰਨੇ ਆਦਿ ਉਨ੍ਹਾਂ ਵਿਚ ਭਾਰੀ ਬੇ-ਅਦਬੀ ਹੈ, ਸੋ ਉਸ ਨੂੰ ਗੁੱਸਾ ਚੜ੍ਹ ਗਿਆ ਤੇ ਆਕੇ ਲੱਤ ਮਾਰੀਓ ਸੁ ਤੇ ਬੋਲਿਆ :-

ਤੂੰ ਕੌਣ ਹੈਂ ਜੋ ਖ਼ੁਦਾ ਵਲ ਪੈਰ ਕਰਕੇ ਸੁੱਤਾ ਪਿਆ ਹੈਂ[੧]? ਤਾਂ ਆਪ ਅੱਖਾਂ ਮਲਦੇ ਮਲਦੇ ਜੀਵਣ[੨] ਵਲ ਤੱਕੇ-'ਭਲੇ ਲੋਕ ! ਕੀ ਹੋਇਆ ਹੈ?' ਤਾਂ ਉਸਨੇ ਆਪਣੀ ਗਲ ਫੇਰ ਦੁਹਰਾਈ, ਤਾਂ ਆਪ ਇਕ ਅੰਗੜਾਈ ਲੈਕੇ ਬੋਲੇ, ਰਬ ਦੇ ਬੰਦੇ ਜਿਧਰ ਖ਼ੁਦਾ ਦਾ ਘਰ ਨਹੀਂ ਹੈ, ਮੇਰੇ ਪੈਰ ਤੂੰ ਓਧਰੇ ਕਰ ਦੇਹ ਤੇ ਖ਼ਫਾ ਨਾ ਹੋ। ਗੁੱਸੇ ਵਿਚ ਭਰੇ ਪੀਤੇ ਨੇ ਪੈਰ ਪਕੜੇ ਤੇ ਘਸੀਟਿਆ ਜੋ ਪੈਰ ਦੂਜੇ ਪਾਸੇ ਕਰ ਦੇਵੇ, ਪਰ ਕੀਹ ਦੇਖੇ ਕਿ ਜਿਧਰ ਪੈਰਾਂ ਨੂੰ ਕਰਦਾ ਹੈ ਉਧਰੇ ਮੱਕਾ ਨਾਲ ਨਾਲ ਭਉਂਦਾ ਜਾਂਦਾ ਦਿਖਾਈ ਦੇਂਦਾ ਹੈ। ਇਉਂ ਕਰਦਿਆਂ ਤੇ ਦੇਖਦਿਆਂ ਉਸਦੀ ਹੈਰਾਨੀ ਅਤਿ ਦੀ ਵਧੀ। ਵਧੀ ਹੋਈ ਹੈਰਾਨੀ ਨੇ ਸਿਫਤ ਦਾ ਝੁਕਾਉ ਫੜਿਆ ਤੇ ਉਨ੍ਹਾਂ ਨੂੰ ਕਲਾਵਾਨ ਸਮਝ ਕੇ, ਪੈਰ ਚੁੰਮਿਓਸੁ[੩]। '

ਗੁਰੂ ਨਾਨਕ ਦੇਵ ਜੀ ਦਾ ਇਹ ਤ੍ਰੀਕਾ ਅਪਣੀ ਕਿਸਮ ਦਾ ਅਨੋਖਾ ਸੀ ਕਿ ਆਪ ਹਾਰ ਮੰਨ ਲੈਣੀ ਪਰ ਉਸ ਹਾਰ ਵਿਚ ਆਪਣੀ ਜਿੱਤ

[੧] ਤਵਾ: ਖਾ:। [੨] ਹਾਜ਼ਰਨਾਮਾ ਏਥੇ ਉਚਾਰਿਆ ਦੱਸਦੇ ਹਨ। ਕੋਈ ਮੱਕੇ ਉਚਾਰਿਆ ਲਿਖਦੇ ਹਨ, ਪਰ ਇਹ ਹਾਜ਼ਰਨਾਮਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

[੧] ਜੀਵਣ ਮਾਰੀ ਲਤਿ ਦੀ ਕੇੜ੍ਹਾ ਸੁਤਾ ਕੁਫਰ ਕੁਫਾਰੀ। ਲਤਾਂ ਵਲਿ ਖੁਦਾਇ ਦੇ ਕਿਉਂ ਕਰ ਪਇਆ ਹੋਇ ਬਜਿਗਾਰੀ।

{ਵਾਰ ਭਾਈ ਗੁਰਦਾਸ}

[੨] ਭਾਈ ਗੁਰਦਾਸ ਜੀ ਨੇ ਇਸ ਦਾ ਨਾਮ ਜੀਵਣ ਦਿੱਤਾ ਹੈ। ਪੁਰਾਤਨ ਜਨਮ ਸਾਖੀ ਵਾਲੇ ਨੇ ਇਸ ਦਾ ਰੁਕਨਦੀਨ ਦਿੱਤਾ ਹੈ।

[੩] ਪੁ: ਜ: ਸਾਖੀ।

ਹੋ ਜਾਣੀ ਤੇ ਅਗਲੇ ਦੀ ਹਾਰ। ਮੰਨ ਲਿਆ ਹੱਛਾ ਬਈ ਮੇਰੇ ਪੈਰ ਖ਼ੁਦਾ ਵੱਲ ਹੀ ਸਹੀ, ਤੂੰ ਓਧਰ ਕਰ ਦੇਹ ਜਿੱਧਰ ਖ਼ੁਦਾ ਨਹੀਂ। ਉਹ ਜਾਣਦਾ ਹੈ ਕਿ ਖ਼ੁਦਾ ਸਭਨੀਂ ਪਾਸੀਂ ਹੈ, ਮੈਂ ਖ਼ੁਦਾ ਨੂੰ ਇਕ ਦੇਸ਼ੀ ਸਮਝਕੇ ਭੁੱਲ ਕੀਤੀ ਹੈ ਤੇ ਗੁਰੂ ਜੀ ਨੇ ਸਰਬ ਦੇਸ਼ੀ ਦੱਸਕੇ ਮੇਰੀ ਭੁੱਲ ਕੱਢੀ ਤੇ ਆਪਣੀ ਦਰੁਸਤੀ ਦਾ ਗਜਾਨ ਬਖਸ਼ਿਆ ਹੈ।

ਇਸ ਵੇਲੇ ਉੱਚ ਵਾਲੇ ਮਖ਼ਦੂਮ ਰੁਕਨ ਦੀਨ ਅੱਬੁਲ ਫਤੇ ਜਲਾਲ ਸਾਨੀ ਬੀ ਆ ਪਹੁੰਚੇ ਸੀ ! ਆਪ, ਹਜ਼ਰਤ ਅਲੀ ਨਕੀ ਦੇ ਖਾਨਦਾਨ ਦੇ ਸੱਜਦ ਸਾਹਿਬ ਸਨ। ਚਾਹੇ ਇਹ ਹਿੰਦ ਵਿਚ ਆ ਰਹੇ ਸੇ, ਪਰ ਜਦੋਂ ਮੱਕੇ ਜਾਂਦੇ ਸੇ ਤਦ ਇਨ੍ਹਾਂ ਦਾ ਸਨਮਾਨ ਸ਼ਰੀਫ ਵਾਂਙ ਹੁੰਦਾ ਸੀ। ਇਨ੍ਹਾਂ ਦੇ ਆ ਜਾਣ ਤੇ ਸਨਮਾਨ ਕਰਨੇ ਨਾਲ ਅਰਬ ਤੇ ਹੋਰ ਦੇਸਾਂ ਦੇ ਆਏ ਹਾਜੀ, ਜੋ ਹੁਣ ਆਲੇ ਦੁਆਲੇ ਆ ਰਹੇ ਸੇ ਬੀ ਅਦਬ ਵਿਚ ਹੋ ਗਏ। ਗੁਰੂ ਜੀ ਦਾ ਜੁਆਬ ਸੁਣਕੇ ਤੇ ਵਰਤਿਆ ਕ੍ਰਿਸ਼ਮਾ ਸਮਝਕੇ ਸਾਰੇ ਸਨਮਾਨ ਕਰਨ ਲਗ ਪਏ। ਫੇਰ ਗੁਰੂ ਜੀ ਦੀਆਂ ਤੇ ਇਨ੍ਹਾਂ ਫਕੀਰਾਂ ਦੀਆਂ ਤੇ ਹੋਰ ਅਰਬ ਆਦਿਕਾਂ ਦੀਆਂ ਵੀਚਾਰਾਂ ਤੇ ਗੋਸ਼ਟਾਂ ਹੁੰਦੀਆਂ ਰਹੀਆਂ। ਜੋ ਹਿੰਦੀਆਂ ਨਾਲ ਹੋਈਆਂ ਪੰਜਾਬੀ ਬੋਲੀ ਹਿੰਦੀ ਵਿਚ ਤੇ ਜੋ ਅਰਬਾਂ ਨਾਲ ਹੋਈਆਂ ਅਰਬੀ ਵਿਚ, ਪਰ ਓਹ ਅਜੇ ਮਿਲੀਆਂ ਨਹੀਂ।

ਪਹਿਲੀ ਗੱਲ ਜੋ ਇਸ ਵੇਲੇ ਰੁਕਨ ਦੀਨ ਸਾਹਿਬ ਨਾਲ ਹੋਈ ਸੀ ਸੋ ਇਹੋ ਪ੍ਰਸ਼ਨ ਸੀ ਕਿ ਤੁਹਾਡੇ ਪਾਸ ਜੋ ਕਿਤਾਬ ਹੈ ਇਸ ਵਿਚ ਹਿੰਦੂ ਵਡਾ ਲਿਖਿਆ ਹੈ ਕਿ ਮੁਸਲਮਾਨ ? ਗੁਰੂ ਜੀ ਨੇ ਜਵਾਬ ਦਿੱਤਾ ਕਿ ਵੱਡਾ ਹੈ ਅਮਲ। ਜੋ ਹਿੰਦੂ ਨੇ ਧਾਰਿਆ ਤਾਂ ਉਹ ਵੱਡਾ, ਜੇ ਮੁਸਲਮਾਨ ਨੇ ਧਾਰਿਆ ਤਾਂ ਓਹ ਵੱਡਾ, ਅਮਲਾਂ ਬਾਝੋਂ ਹਿੰਦੂ ਕਿ ਮੁਸਲਮਾਨ ਕਿਸੇ ਨੂੰ ਦਰਗਾਹ ਵਿਚ ਢੋਈ ਨਹੀਂ ਲੱਭਣੀ। ਕਸੁੰਭੇ ਦਾ ਰੰਗ ਕੱਚਾ ਹੁੰਦਾ ਹੈ, ਪਾਣੀ ਨਾਲ ਧੋਤਿਆਂ ਉਤਰ ਜਾਂਦਾ ਹੈ, ਤਿਵੇਂ ਅਮਲ ਦੀ ਪਕਿਆਈ ਬਿਨਾਂ ਨਿਰਾ ਕਥਨੀ ਮਾਤ੍ਰ ਦੇ ਮਜ਼ਹਬ ਦਾ ਰੰਗ ਕੱਚਾ ਹੈ। ਓਹ ਜ਼ੋਰ ਜ਼ੋਰ ਨਾਲ ਰਾਮ ਕਹਿੰਦੇ ਹਨ, ਓਹ ਰਹੀਮ ਕਹਿੰਦੇ ਹਨ ਜਦ ਦੇਖੋ ਤਾਂ ਦੁਇ ਨਾਮ ਇਕੋ ਦੇ ਹਨ, ਫੇਰ ਆਪੋ ਵਿਚ ਵੈਰ ਵਿਰੋਧ ਕਿਉਂ ਕਰਦੇ ਹਨ। ਸੋ ਅਮਲ ਹੀਨ ਤੇ ਵੈਰ ਵਿਰੋਧ ਵਾਲੇ ਦੁਇ ਨਾ ਰਾਮ ਦੇ ਹਨ ਨਾ ਰਹੀਮ ਦੇ, ਓਹ ਸ਼ੈਤਾਨ ਦੇ ਹਨ ਤੇ ਐਵੇਂ ਸ਼ੈਤਾਨੀ ਮਤਿਆਂ ਵਿਚ ਪੈਕੇ ਆਪਣੇ ਆਪੇ ਨੂੰ ਵੰਞਾਂ ਰਹੇ ਹਨ[1]। ਇਹ ਤੋਲਵੀਂ ਗੱਲ ਸੁਣਕੇ ਅਗੋਂ ਜੁਵਾਬ ਦੇਣੋਂ ਰੁਕ ਗਏ। ਪਰ ਇਕ ਪ੍ਰਸ਼ਨ ਚੁਕ ਕੀਤੋ ਨੇ:-

ਕੀਹ ਰੋਜ਼ਾ ਰਖਣਾ, ਨਿਮਾਜ਼ ਪੜ੍ਹਨੀ, ਬੰਦਗੀ ਕਰਨੀ, ਚੰਗੀਆਂ ਚੀਜ਼ਾਂ ਹਨ ਕਿ ਮਾੜੀਆਂ?

ਗੁਰੂ ਜੀ-ਭਾਈ ਰੋਜ਼ਾ ਤੇ ਬੰਦਗੀ ਨਿਮਾਜ਼ ਤੇ ਹੋਰ ਜ਼ੁਹਦ ਤਾਂ ਕਬੂਲ ਹੁੰਦੇ ਹਨ ਜੇ ਆਦਮੀ ਅਪਣੇ ਦਸਾਂ ਦੁਆਰਿਆਂ ਤੇ ਪਹਿਰਾ ਦੇਵੇ, ਵੈਰਾਗ ਵਿਚ ਰਹਿਕੇ ਅਪਣੇ ਮਨ ਨੂੰ ਕਾਬੂ ਕਰੇ, ਦ੍ਰਿਸ਼ਟੀ ਨੂੰ ਵੱਸ ਕਰੇ, ਤ੍ਰਿਸ਼ਨਾ ਤੇ ਸੰਕਲਪਾਂ ਦੀ ਦਉੜ ਨੂੰ ਰੋਕਿਆ ਕਰੇ। ਇਕ ਦਿਨ ਨਹੀਂ, ਮਹੀਨੇ ਦੇ ਤ੍ਰੀਹੇ ਦਿਨ ਪਰਮੇਸੁਰ ਨਾਲ ਪਿਆਰ ਦੇ ਰੰਗ ਵਿਚ ਰਹੇ, ਤਦ ਮਨੁਖ ਪਰਵਾਨ ਹੋ ਜਾਏਗਾ। ਧਜਾਨ ਸਾਂਈਂ ਵਿਚ ਰਖ, ਇਹ ਰੋਜ਼ਾ ਹੈ ਤੇ ਝੂਠੀ ਖੁਸ਼ੀ ਦੇ ਤਜਾਗ ਦਾ ਨਿਰਤ (ਪ੍ਰੀਤ) ਕਰ, ਆਪੇ ਉਤੇ ਨਿਗਾਹ ਰਖ, ਦੇਖਦਾ ਰਹੁ ਜੋ ਇਹ ਕਿਧਰ ਕਿਧਰ ਜਾਂਦਾ ਹੈ, ਫੇਰ ਤੂੰ ਹੀ ਸੱਚ ਮੁਚ ਦਾ ਉਲਮਾ ਹੋ ਜਾਏਂਗਾ। ਤਜਾਗ ਕਰ ਆਸ ਅੰਦੇਸੇ ਦਾ ਤੇ ਦਿਲਗੀਰੀਆਂ ਦਾ, ਮਨ ਵਿਚ ਦਇਆ ਦਾ ਨਿਵਾਸ ਰਖ, ਕੁਫ਼ਰ ਤੇ ਤਕੱਬਰ ਤਜਾਗ ਦੇਹ। ਕਾਮ ਅਗਨੀ ਦੇ ਭਾਂਬੜ ਤੋਂ ਮਨ ਨੂੰ ਬਚਾਉ ਤੇ ਸੀਤਲ ਸੁਖ ਦਾ ਜਾਣੂ ਹੋਹੁ, ਐਉਂ (ਕਰ ਬੰਦਗੀ ਤੇ) ਰੋਜ਼ੇ ਰੱਖ, ਤਾਂ ਤੇਰਾ ਸਿਦਕ ਪੂਰਾ ਹੋਸੀ ਤੇ ਨਿਭ ਵੈਸੀ[2]। ਉਸ

---

[1] ਬਾਬਾ ਆਖੇ ਹਾਜੀਆਂ, ਸ਼ੁਭ ਅਮਲਾ ਬਾਝੋਂ ਦੋਨੋ ਰੋਈ। ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲੈਣ ਨ ਢੋਈ। ਕਚਾ ਰੰਗ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ। ਕਰਨਿ ਬਖੀਲੀ ਆਪਿ ਵਿਚ ਰਾਮ ਰਹੀਮ ਕੁਥਾਇ ਖਲੋਈ। ਰਾਹਿ ਸ਼ੈਤਾਨੀ ਦੁਨੀਆਂ ਗੋਈ॥੩੩॥ {ਭਾ: ਗੁ: ਵਾਰ ੧}

[2] ਇਹ ਖੁਲ੍ਹਾ ਟੀਕਾ ਹੈ ਉਸ ਉਪਦੇਸ਼ ਦਾ ਜੋ ਪੁ:ਜ:ਸਾ: ਵਿਚ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ ਤੇ ਐਉਂ ਹੈ:-

ਰੋਜ਼ਾ ਬੰਦਗੀ ਕਬੂਲੁ॥ ਦਸ ਦੁਆਰੇ ਚੀਨ ਮਰਦਾ ਹੋਇ ਰਹੁ ਰੰਜੂਲ॥੧॥ ਰਹਾਉ॥ ਮਾਰਿ ਮਨੂਆ ਦ੍ਰਿਸਟਿ ਬਾਧਹੁ ਦਉੜ ਤਲਬ ਦਲੀਲਿ॥ ਤੀਸ ਦਿਨ ਇਉ ਰੰਗ ਰਾਖਹੁ ਪਾਕ ਮਰਦ ਅਸੀਲਿ ॥੧॥ ਸੁਰਤਿ ਕਾ ਤੂ ਰਾਖ ਰੋਜ਼ਾ ਨਿਰਤਿ ਤਜਹੁ ਚਾਉ ॥ਆਤਮੇ ਕਉ ਨਿਗਹ ਰਾਖਹੁ ਸਤੀ ਤੂੰ ਉਲਮਾਉ॥

{ਬਾਕੀ ਦੀ ਟੂਕ ਪੰਨਾ ੧੫੭ ਤੇ ਦੇਖੋ}☛

ਸਲਾਮ ਕੀਤਾ, ਆਖਿਓਸੁ ਵਾਹ ਵਾਹ, ਅਜ ਖ਼ੁਦਾਇ ਦੇ ਫਕੀਰਾਂ ਦਾ ਦੀਦਾਰ ਪਾਇਆ ਹੈ, ਤੇ ਫੇਰ ਜਾਕੇ ਪਟਨ ਦੇ ਪੀਰ ਸਾਹਿਬ ਨੂੰ ਦੱਸਿਓਸੁ ਕਿ ਗੁਰੂ ਨਾਨਕ ਆਇਆ ਹੈ ਤੇ ਆਹ ਕ੍ਰਿਸ਼ਮਾਂ ਅੱਜ ਵਰਤਿਆ ਹੈ ਤੇ ਆਹ ਗੱਲ ਬਾਤ ਮੇਰੇ ਨਾਲ ਹੋਈ ਹੈ। ਤਦ ਚਾਉ ਭਰਿਆ ਪੀਰ ਪਟਨ ਵਾਲਾ (ਸ਼ੇਖ ਇਬ੍ਰਾਹੀਮ) ਉਨ੍ਹਾਂ ਦੇ ਨਾਲ ਓਥੇ ਆ ਗਿਆ ਜਿਥੇ ਗੁਰੂ ਬਾਬੇ ਦਾ ਡੇਰਾ ਸੀ। ਹੁਣ ਜੋ ਗਲ ਬਾਤ ਹੋਈ ਉਸ ਵਿਚ ਰੁਕਨ ਦੀਨ ਨੇ ਪੁੱਛਿਆ-ਹੇ ਅੱਲਾ ਵਾਲੇ ! ਤੁਸਾਂ ਫੁਰਮਾਯਾ ਸੀ ਕਿ ਅਮਲ ਵੱਡਾ ਹੈ, ਹਵਾਸ ਖ਼ਮਸਾ ਨੂੰ ਕਾਬੂ ਕਰਨਾ ਹੈ ਤੇ ਸਾਈਂ ਨੂੰ ਪਿਆਰ ਕਰਨਾ ਹੈ। ਇਨ੍ਹਾਂ ਬਿਨ ਨਾ ਹਿੰਦੂ ਵੱਡਾ ਹੈ ਨਾ ਮੁਸਲਮਾਨ। ਹਿੰਦੂ ਵੇਦ ਪੜ੍ਹਦੇ ਹਨ, ਮੁਸਲਮਾਨ ਕੁਰਾਨ, ਦੋਹਾਂ ਨੂੰ ਏਸ ਪੜ੍ਹਨੇ ਦਾ ਬੀ ਕੁਛ ਲਾਭ ਹੈ ਕਿ ਨਾ ?

ਗੁਰੂ ਜੀ-ਵੇਦ ਬੀ ਤੇ ਕਤੇਬਾਂ ਬੀ ਪੜ੍ਹ ਲਈਆਂ, ਪਰ ਪੜ੍ਹ ਕੇ ਮਨ ਨੂੰ ਠੌਰ ਨਾ ਕੀਤਾ ਤਾਂ ਲਾਭ ਕੀ ਲੀਤਾ? ਦੇਖੋ ਆਪਣੇ ਦੇਸ਼ ਦਾ ਫਕੀਰ ਕਬੀਰ, ਜੋ ਮੁਸਲਮਾਨਾਂ ਦੇ ਘਰ ਪਲਿਆ ਸੀ ਕੀਹ ਆਖਦਾ ਹੈ:-

> ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥ ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥ ੧ ॥ ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥ ੧ ॥ ਰਹਾਉ ॥ ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥ ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥ ੨ ॥ ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥ ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥ ੩ ॥ ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥ ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥ ੪ ॥ ੧ ॥ {ਤਿਲੰਗ ਕਬੀਰ ਜੀ}

ਇਹ ਸ਼ਬਦ ਤੇ ਇਸ ਦਾ ਭਾਵ ਸੁਣਕੇ ਸੁਣਨ ਵਾਲਿਆਂ ਤੇ ਬੜਾ ਅਸਰ ਹੋਇਆ। ਫਿਰ ਆਪ ਤੋਂ ਪੁੱਛਣਾ ਹੋਈ ਕਿ ਅਸੀਂ ਸਾਰੇ ਦੁਨੀਆਂ ਵਿਚ ਖਲੋਤੇ ਹੋਏ ਹਾਂ, ਪੀਰ ਹਾਂ ਕਿ ਫਕੀਰ, ਪਰ ਹਾਂ ਦੁਨੀਆਂ ਵਿਚ। ਦੁਨੀਆਂ ਦਾ ਅਸਰ ਡਾਢਾ ਹੈ, ਖ਼ੁਦਾ ਕੀਕੂੰ ਹਾਸਲ ਥੀਂਦਾ ਹੈ? ਇਹ ਸੁਣਕੇ ਸ੍ਰੀ ਗੁਰੂ ਜੀ ਦਾ ਰੰਗ ਪਲਟਿਆ; ਜਿਸ ਨੂੰ ਉਨ੍ਹਾਂ ਨੇ ਖ਼ੁਦਾ ਕਿਹਾ ਸੀ, ਗੁਰੂ ਦੀਆਂ ਕੋਮਲ ਦਿਲ-ਤਰਬਾਂ ਦਾ ਪ੍ਰੀਤਮ ਸੀ, ਨੈਣ ਉੱਚੇ ਹੋ ਗਏ ਤੇ ਡਾਢੇ ਮਿੱਠੇ ਮਿੱਠੇ ਵੇਗ ਵਿਚ ਆਪਣਾ ਸ਼ਬਦ ਗਾਵੇਂ।

> ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥ ੧ ॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥ ੨ ॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥
>
> {ਤਿਲੰਗ ਮ:੧}

ਇਹ ਸੁਣਦਿਆਂ, ਦੋਹਾਂ ਦੇ ਮਨ ਅਰਦਾਸ ਵਿਚ ਲਗ ਗਏ। ਰਬ ਜੀ ਦੀ ਛੁਹ ਪ੍ਰਾਪਤ ਹੋਈ, ਤਦ ਪੀਰ ਪਤਲੀਏ ਤੇ ਰੁਕਨ ਦੀਨ, 'ਦਸਤ ਪੋਸੀ ਕੀਤੀ, ਪੈਰ ਚੁੰਮੇ[1]।' ਫੇਰ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਖੜਾਵਾਂ ਯਾਦਗੀਰ ਤੇ ਜ਼ਿਆਰਤ ਵਾਸਤੇ ਰਖ ਲਈਆਂ[2]।

ਕੁਛ ਦਿਨ ਆਪ ਮੱਕੇ ਰਹੇ, ਇੱਥੇ ਆਪ ਦੇ

{ਪੰਨਾ ੧੫੬ ਦੀ ਬਾਕੀ ਟੂਕ}

ਤਜਿ ਸੁਆਦਿ ਸਹਜਿ ਬਿਕਾਹਿ ਰਸਨਾ ਅੰਦੇਸ ਮਨਿ ਦਲਗੀਰ ॥ ਮਿਹਰ ਲੈ ਮਨ ਮਾਹਿ ਰਾਖਹੁ ਕੁਫਰੁ ਤਜਿ ਤਕਬੀਰ॥੩॥ ਕੰਮਿ ਲਹਰਿ ਬੁਝਾਇ ਮਨ ਤੇ ਹੋਇ ਰਹੁ ਠਰੂਰ॥ ਕਹੈ ਨਾਨਕ ਰਾਖੁ ਰੋਜਾ ਸਿਦਕ ਰਹੀ ਮਾਮੂਰੁ॥੪॥

[1] ਪੁ:ਜ:ਸਾ [2] ਧਰੀ ਨਿਸਾਣੀ ਕੳਸ ਦੀ ਮਕੇ ਅੰਦਰ ਪੂਜ ਕਰਾਈ। {ਭਾ:ਗੁ:}

ਲਾਗ ਨਿਸ਼ਾਨ ਤਵਾ: ਖਾ: ਨੇ ਲਿਖੇ ਹਨ ਜਿਨ੍ਹਾਂ ਦੀ ਖੋਜ ਪੜਤਾਲ ਹੋਣੀ ਉਚਿਤ ਹੈ। ਫੇਰ ਆਪ ਮਦੀਨੇ ਚਲੇ ਗਏ ਤੇ ਉਥੋਂ ਬਗ਼ਦਾਦ ਜਾ ਪਹੁੰਚੇ।

## ਇਤਿਹਾਸਕ ਪਹਿਲੂ

ਮੱਕੇ ਦੀ ਯਾਤ੍ਰਾ ਦਾ ਜ਼ਿਕਰ ਸਭ ਤੋਂ ਪੁਰਾਣਾ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਕੀਤਾ ਹੈ। ਪੁਰਾਤਨ ਜਨਮਸਾਖੀ ਵਿਚ ਵੀ ਹੈ ਤੇ ਸਾਖੀ ਨੰ: ੨ (੧੭੯੧ ਵਾਲੀ ਜੋ ਪੁ: ਜ: ਸਾ: ਤੇ ਬਾਲੇ ਵਾਲੀ ਸਾਖੀ ਦੇ ਵਿਚਕਾਰ ਹੈ) ਵਿਚ ਵੀ ਹੈ, ਬਾਲੇ ਵਾਲੀ ਤੇ ਹੋਰ ਮਗਰੋਂ ਦੀਆ ਪੁਸਤਕਾਂ ਸਾਰੀਆਂ ਵਿਚ ਹੈ।

{ਕਾਅਬੇ ਦਾ ਤੁਰਨਾਂ ਮਗਰ ਫਿਰਨ ਬਾਬਤ}

ਕਾਬੇ ਦੇ ਫਿਰਨ ਤੋਂ ਕਈ ਮੁਸਲਮਾਨ ਕਹਿੰਦੇ ਹਨ ਕਿ ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ ਕਿ ਕਾਬਾ ਗੁਰੂ ਜੀ ਦੇ ਚਰਣਾਂ ਨਾਲ ਫਿਰਿਆ ਹੋਵੇ, ਪ੍ਰੰਤੂ ਮੁਸਲਮਾਨਾਂ ਦੀਆਂ ਪ੍ਰਮਾਣੀਕ ਪੁਸਤਕਾਂ ਵਿਚ ਅਜੇਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਕਾਬੇ ਦੇ ਆਪਣੀ ਅਸਲੀ ਜਗਾ ਤੋਂ ਹਿੱਲਣ ਜੁੱਲਣ ਨੂੰ ਮੰਨਿਆਂ ਹੈ। ਹਜ਼ਰਤ ਇਬਨ ਅਰਬੀ ਆਪਣੀ ਲਿਖਤ 'ਫਤੂਹਾਤ ਮਕੀਅ' ਵਿਚ ਲਿਖਦੇ ਹਨ ਕਿ ਇਨ੍ਹਾਂ ਨੇ ਕਾਬੇ ਬਾਬਤ ਆਪਣੇ ਦਿਲ ਵਿਚ ਕੁਝ ਅਯੋਗ ਖਯਾਲ ਕੀਤੇ। ਜਦ ਇਕ ਕਾਬੇ ਦੀ ਪ੍ਰਦੱਖਣਾ ਕਰਨ ਲਗੇ ਤਦ ਇਨ੍ਹਾਂ ਨੇ ਤੱਕਿਆ ਕਿ ਕਾਬਾ ਆਪਣੀਆਂ ਨੀਹਾਂ ਸਮੇਤ ਆਪਣੀ ਜਗਾ ਤੋਂ ਉੱਠ ਅਕਾਸ਼ ਵਲ ਟੁਰ ਪਿਆ ਹੈ, ਤੇ ਕਾਬੇ ਨੇ ਨਿਸ਼ਚਾ ਕਰ ਲਿਆ ਹੈ ਕਿ ਮੇਰੇ ਤੇ ਡਿੱਗਕੇ ਮੈਨੂੰ ਮਾਰ ਦੇਵੇ। ਕਾਬੇ ਮੈਨੂੰ ਐਥੋਂ ਤਕ ਕਿਹਾ ਕਿ 'ਅੱਗੇ ਆ ਮੈਂ ਤੈਨੂੰ ਦੱਸਾਂ ਕਿ ਤੇਰੇ ਨਾਲ ਕੀ ਸਲੂਕ ਕਰਦਾ ਹਾਂ।' ਮੈਂ ਡਰਕੇ ਕਾਬੇ ਦੀ ਉਸਤਤੀ ਕੀਤੀ, ਜਿਸ ਤੋਂ ਉਹ ਮੁੜਕੇ ਫਿਰ ਆਪਣੀ ਅਸਲੀ ਜਗਾ ਤੇ ਆ ਗਿਆ। {ਵੇਖੋ ਇਸਹਾਰਿ ਸ਼ਰੀਅਤ ਦੂਜਾ ਹਿੱਸਾ ਪੰਨਾਂ ੭੪}। ਇਸੇ ਤਰ੍ਹਾਂ ਨਾਲ ਇਕ ਹੋਰ ਰਵਾਇਤ ਹੈ ਕਿ ਰਾਇਬਾਂ (ਰਾਬੀਆ) ਜਦ ਦੂਜੀ ਵੇਰ ਹੱਜ ਕਰਨ ਲਈ ਗਈ ਤਦ ਜੰਗਲ ਵਿਚ ਕਾਬੇ ਨੂੰ ਆਪਣੇ ਸ੍ਵਾਗਤ ਲਈ ਆਉਂਦਾ ਵੇਖਿਆ ਤੇ ਕਿਹਾ ਕਿ ਮੈਂ ਤਾਂ ਖ਼ੁਦਾ ਨੂੰ ਚਾਹੁੰਦੀ ਹਾਂ, ਖ਼ੁਦਾ ਦੇ ਘਰ ਨੂੰ ਕੀਹ ਕਰਨਾ ਹੈ। ਜਿਹੜਾ ਮੇਰੇ ਵਲ ਇਕ ਗਿੱਠ ਟੁਰਕੇ ਆਵੇਗਾ ਮੈਂ ਓਹਦੇ ਵਲ ਇਕ ਗਜ਼ ਵਧਾਂਗੀ, ਮੈਂ ਕਾਬੇ ਨੂੰ ਕੀ ਕਰਾਂ, ਕਾਬੇ ਦੇ ਜਮਾਲ ਤੋਂ ਕਿਸ ਤਰ੍ਹਾਂ ਖੁਸ਼ ਹੋਵਾਂ। ਇਸ ਤੋਂ ਅੱਗੇ ਲਿਖਿਆ ਹੈ ਕਿ ਹਜ਼ਰਤ 'ਇਬਰਾਹੀਮ ਅਜਮ' ਮੱਕੇ ਗਏ, ਖਾਨਾ ਕਾਬਾ ਨੂੰ ਆਪਣੀ ਥਾਂ ਉਤੇ ਨਾ ਵੇਖਕੇ ਹੈਰਾਨ ਹੋ ਗਏ ਕਿ 'ਹੈਂ'! ਇਹ ਕੀ ਘਟਨਾ ਹੋ ਗਈ ਹੈ ਸ਼ਾਇਦ ਮੇਰੀਆਂ ਅੱਖਾਂ ਵਿਚ ਖਲਲ ਆ ਗਿਆ ਹੈ'? ਅਕਾਸ਼ ਬਾਣੀ ਹੋਈ 'ਕਿ ਤੇਰੀ ਨਜ਼ਰ ਵਿਚ ਫਰਕ ਨਹੀਂ ਪਿਆ, ਕਾਬਾ ਇਕ ਕਮਜ਼ੋਰ ਤੀਵੀਂ ਦੇ ਸ੍ਵਾਗਤ ਲਈ ਗਿਆ ਹੋਇਆ ਹੈ ਜੋ ਇਸ ਪਾਸੇ ਆ ਰਹੀ ਹੈ। ' {ਤਜ਼ਕਰ-ਤੁਲ ਔਲੀਆ ਸਫਾ ੬੨}। ਇਹ ਲਿੱਖਤ ਤੇ ਰਵਾਇਤਾਂ ਦੱਸਦੀਆਂ ਹਨ ਕਿ ਕਾਬੇ ਦੇ ਆਪਣੀ ਜਗਾ ਤੋਂ ਹਿੱਲਣ ਜੁੱਲਣ ਆਪਣੀ ਥਾਂ ਛੱਡ ਜਾਣ ਆਦਿਕ ਤੋਂ ਮੁਸਲਮਾਨ ਇਨਕਾਰ ਨਹੀਂ ਕਰ ਸਕਦੇ। ਗੁਰੂ ਜੀ ਦੇ ਚਰਣਾ ਦੇ ਫੇਰਨ ਦੇ ਨਾਲ ਕਾਬੇ ਦੇ ਫਿਰਨ ਦੀ ਗੱਲ ਨੂੰ ਤਾਂ ਨਾ ਕੇਵਲ ਸਿੱਖ ਤੇ ਹਿੰਦੂ, ਬਲਕਿ ਮੁਸਲਮਾਨ ਤਕ ਅੱਖੀਂ ਵੇਖੀ ਗੱਲ ਦੀ ਤਰ੍ਹਾਂ ਮੰਨਦੇ ਹਨ, ਜਿਹਾ ਕਿ ਮੌਲਾਨਾ ਅਬਦੁਲ ਰਹੀਮ ਸਾਹਿਬ 'ਬਿਸਮਿਲ' ਫੀਰੋਜ਼ਪੁਰੀ ਆਪਣੀ ਇਕ ਪੁਸਤਕ ਵਿਚ ਗੁਰੂ ਜੀ ਦੇ ਮੱਕੇ ਜਾਣ ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਦੀ ਉੱਚਤਾ ਦੱਸਕੇ ਲਿਖਦੇ ਹਨ:-

ਤੂ ਵੋਹ ਕਅਬਾ ਹੈ ਕਿ ਕਅਬੇ ਨੇ ਕੀਆ
ਤੇਰਾ ਤਵਾਫ਼। ਜ਼ਾਹਿਰੋ ਬਾਤਨ ਤਿਰਾ
ਮਾਨਿੰਦੇ ਆਈਨਾ ਹੈ ਸਾਫ਼।

{ਜੀਵਣ, ਰੁਕਨਦੀਨ, ਪੀਰ ਪਤਲੀਆ ਆਦਿ}

ਮਲੂਮ ਹੁੰਦਾ ਹੈ ਕਿ ਜੀਵਣ ਹਿੰਦੀ ਮੁਸਲਮਾਨ ਸੀ। ਜਿਸ ਤਰ੍ਹਾਂ ਹਿੰਦੂ ਆਪਣੇ ਨਿਸਚੇ ਅਨੁਸਾਰ ਕਲਜਾਨ ਅਰਥ ਹਰਦਵਾਰ, ਬਨਾਰਸ, ਪ੍ਰਯਾਗ ਤੇ ਮਥਰਾ ਆਦਿਕ ਅਸਥਾਨਾਂ ਤੇ ਜ਼ਿੰਦਗੀ ਦੇ ਦਿਨ ਕੱਟਣ ਲਈ ਜਾ ਬੈਠਦੇ ਹਨ, ਇਸ ਤਰ੍ਹਾਂ ਜੀਵਣ ਨੇ ਆਪਣੇ ਨਿਸ਼ਚੇ ਅਨੁਸਾਰ ਮੱਕੇ ਜਾ ਨਿਵਾਸ ਕੀਤਾ ਸੀ ਤੇ ਉਥੇ ਝਾੜੂ ਦੀ ਸੇਵਾ ਕਰਦਾ ਸੀ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਗਏ ਤਦੋਂ ਜੀਵਣ ਅਜ਼ਮਤ ਵੇਖਕੇ ਕੰਬਿਆ, ਆਲਮ

ਮੱਦੇ, ਅਰਬ ਦੇ ਮੁਸਲਮਨਾਂ ਦੇ ਨਿਰੁੱਤਰ ਹੋਣ ਤੇ ਇਨ੍ਹਾਂ ਦੋਹਾਂ (ਜੀਵਨ ਤੇ ਰੁਕਨਲ) ਨੇ ਹਿੰਦੀ ਹੋਣ ਕਰਕੇ ਤੇ ਹਿੰਦੂ ਧਰਮ ਦੇ ਜਾਣੂ ਹੋਣ ਕਰਕੇ ਗੁਰੂ ਜੀ ਨਾਲ ਚਰਚਾ ਕੀਤੀ, ਪ੍ਰੰਤੂ ਮੱਕੇ ਵਿਚ ਹੋਈ ਗੋਸ਼ਟ ਦੱਸਦੀ ਹੈ ਕਿ ਇਹ ਦੋਨੋਂ ਵੀ ਨਿਰੁੱਤਰ ਹੋ ਗਏ। ਇਨ੍ਹਾਂ ਦੇ ਨਿਰੁੱਤਰ ਹੋਣ ਸਮੇਂ ਪੀਰ ਬਹਾਉੱਦੀਨ, ਗ਼ਉਸ ਕੁਤਬੁੱਦੀਨ, ਜਲਾਲਦੀਨ, ਕਮਾਲਦੀਨ ਤੇ ਸ਼ਾਹਸ਼ਰਫ, ਲਾਲਜਤੀ ਆਦਿਕ ਮੁਸਲਮਾਨ ਫਕੀਰ ਜੋ ਆਪਣੇ ਜ਼ੁਹਦ ਤੇ ਤਕਵੇ ਦੇ ਕਾਰਨ ਹਿੰਦ ਦੇ ਮੁਸਲਮਾਨਾਂ ਵਿਚ ਪੂਜਨੀਕ ਮੰਨੇ ਜਾਂਦੇ ਸਨ, ਪਾਸ ਬੈਠੇ ਬੋਲ ਉਠੇ ਤੇ ਉਹਨਾਂ ਵੀ ਹਿੰਦੂ ਮਤ ਪਰ ਸ਼ੰਕਾ ਕੀਤੀਆਂ, ਪਰੰਤੂ ਗੁਰੂ ਜੀ ਦਾ ਮਤ ਹਿੰਦੂ ਤੇ ਮੁਸਲਮਾਨਾਂ ਦੋਹਾਂ ਤੋਂ ਅੱਡਰਾ ਸੀ, ਇਸ ਕਰਕੇ ਇਨ੍ਹਾਂ ਤੇ ਹੋਰ ਇਮਾਮਾਂ ਦੀਆਂ ਹਿੰਦੂ ਧਰਮ ਬਾਬਤ ਦੱਸੀਆਂ ਖਾਮੀਆਂ ਕੋਈ ਅਸਰ ਨਾ ਪਾ ਸਕੀਆਂ, ਜਿਸ ਤੋਂ ਇਹਨਾਂ ਨੂੰ ਵੀ ਗੁਰੂ ਜੀ ਦੀ ਗੌਰਵਤਾ ਅੱਗੇ ਸਿਰ ਝੁਕਾਉਣਾ ਪਿਆ। ਗੁਰੂ ਜੀ ਦਾ ਮਨੋਰਥ ਇਨ੍ਹਾਂ ਲੋਕਾਂ ਦੇ ਤੱਅਸਬ ਨੂੰ ਘਟਾਕੇ ਯਥਾਰਥ ਤੇ ਲਿਆਉਣ ਦਾ ਸੀ।

### {ਰੁਕਨਦੀਨ ਬਾਬਤ ਵਿਸ਼ੇਸ਼}

ਰਿਆਸਤ ਬਹਾਵਲਪੁਰ ਵਿਚ 'ਉੱਚ ਸ਼ਰੀਫ' ਨਾਮ ਕਰਕੇ ਇਕ ਜਗਾ ਹੈ ਜਿਥੇ 'ਸੱਯਦ ਜਲਾਲ ਸਾਨੀ' ਮਖਦੂਮ 'ਰੁਕਨੁਦੀਨ' 'ਅਬੁਲਫਤੇ' ਹੋਏ ਹਨ। ਏਹ ਹਜ਼ਰਤ ਅਲੀ ਨਕੀ ਦੇ ਖ਼ਾਨਦਾਨ ਦੇ ਸੱਯਦ ਸਾਹਿਬ ਸਨ। ਭਾਵੇਂ ਇਹ ਅਰਬ ਤੋਂ ਹਿੰਦ ਵਿਚ ਆ ਗਏ ਸਨ, ਪਰ ਜਦੋਂ ਇਹ ਮੱਕੇ ਸ਼ਰੀਫ ਜਾਂਦੇ ਸਨ ਤਦ ਇਹ ਉਥੋਂ ਦੇ ਸ਼ਰੀਫ ਸਮਾਨ ਹੁੰਦੇ ਸਨ। ਜਦੋਂ ਗੁਰੂ ਬਾਬਾ ਜੀ ਮੱਕੇ ਗਏ ਤਦੋਂ 'ਮਖ਼ਦੂਮ ਰੁਕਨੁੱਦੀਨ' ਸਾਹਿਬ ਭੀ ਉਥੇ ਹੀ ਸਨ, ਇਨ੍ਹਾਂ ਦੇ ਨਾਲ 'ਲਾਲ ਜਤੀ' ਆਦਿਕ ਕਈ ਹਿੰਦੀ ਫਕੀਰ ਭੀ ਉਥੇ ਹੀ ਸਨ। ਜਦੋਂ ਸਤਿਗੁਰ ਬਾਬੇ ਜੀ ਦੇ ਚਰਨਾਂ ਨਾਲ ਕਾਬਾ ਫਿਰਿਆ ਤਾਂ ਸਾਰੇ ਮੁਸਲਮਾਨਾਂ ਨੇ ਗੁਰੂ ਬਾਬੇ ਨਾਲ ਧਰਮ ਵਿਸ਼ੇ ਦੇ ਪ੍ਰਸ਼ਨ ਉੱਤਰਾਂ ਲਈ 'ਮਖਦੂਮ ਰੁਕਨੁੱਦੀਨ' ਜੀ ਨੂੰ ਹੀ ਅੱਗੇ ਕੀਤਾ। ਆਪ ਦਾ ਨਾਮ ਹੀ ਜਨਮ ਸਾਖੀਆਂ ਵਿਚ 'ਰੁਕਨਲ' ਲਿਖਿਆ ਹੈ। ਜਦ ਹਰ ਤਰ੍ਹਾਂ ਗੁਰੂ ਬਾਬੇ ਜੀ ਵਲੋਂ ਆਪ ਨੂੰ ਤਸੱਲੀ ਬਖਸ਼ ਜੁਵਾਬ ਮਿਲੇ ਤੇ ਅੱਖੀਂ ਬਰਤਕ ਵੇਖੀ ਤਾਂ ਆਪ ਗੁਰੂ ਜੀ ਦੇ ਸਾਦਕ ਬਣ ਗਏ ਤੇ ਨਿਸ਼ਾਨੀ ਮੰਗੀ, ਤਦੋਂ ਸਤਿਗੁਰੂ ਜੀ ਨੇ ਆਪਣੀ ਕੌਂਸ ਬਖਸ਼ੀ। ਕੌਂਸ ਉਸ ਖੜਾਂਵ ਨੂੰ ਆਖਦੇ ਹਨ ਜਿਸ ਦੀ ਖੂੰਟੀ ਨਾ ਹੋਵੇ, ਇਹ ਕੌਂਸ ਮੱਕੇ ਵਿਚ ਪਾਸ ਰੱਖਕੇ ਬੜੇ ਸਤਿਕਾਰ ਨਾਲ ਆਪ ਦਰਸ਼ਨ ਕਰਦੇ ਤੇ ਹੋਰ ਸਾਦਕਾਂ ਨੂੰ ਕਰਾਉਂਦੇ ਰਹੇ। ਜਦੋਂ ਆਪ ਹਿੰਦ ਨੂੰ ਆਏ ਤਾਂ ਪਿਆਰੇ ਗੁਰੂ ਦੀ ਨਿਸ਼ਾਨੀ ਉਹ ਕੌਂਸਾਂ ਨਾਲ ਹੀ ਲੈ ਆਏ। ਇਹ ਖੜਾਵਾਂ ਅੱਜ ਤੱਕ ਸਤਿਕਾਰ ਨਾਲ ਉੱਚ ਸ਼ਰੀਫ ਦੇ ਪੀਰ ਜੀ ਦੇ ਤੋਸ਼ੇਖਾਨੇ ਵਿਚ ਮੌਜੂਦ ਹਨ ਅਰ ਬੜੇ ਸਤਿਕਾਰ ਨਾਲ ਉਨ੍ਹਾਂ ਨੇ ਰੱਖੀਆਂ ਹੋਈਆਂ ਹਨ। ਕਈ ਵੇਰ ਧਨਵਾਨ ਸਿੱਖਾਂ ਨੇ ਬਹੁਤ ਸਾਰੀ ਨਕਦੀ, ਜ਼ਮੀਨ ਆਦਿ ਨਜ਼ਰਾਨਾ ਦੇਕੇ ਇਹ ਖੜਾਵਾਂ ਲੈਣੀਆਂ ਚਾਹੀਆਂ ਹਨ, ਪਰ ਉਥੋਂ ਦੇ ਪੀਰ ਸਾਹਿਬ ਜੀ ਨੇ ਮੁਕੱਦਮ ਚੀਜ ਸਮਝਕੇ ਨਹੀਂ ਦਿੱਤੀਆਂ। ਹਾਂ, ਕਦੇ ਕਦੇ ਦਰਸ਼ਨ ਕਰਾ ਦਿੰਦੇ ਹਨ, ਪਰ ਖਾਸ ਖਾਸ ਮੇਲਿਆਂ ਤੇ ਕੱਢਦੇ ਹਨ। ਉੱਚ ਦੇ ਪੀਰ ਕੇਸ ਰੱਖਦੇ ਤੇ ਗੁਰੂ ਘਰ ਨੂੰ ਮੰਨਦੇ ਸਨ। ਗੁਰੂ ਜੀ ਉੱਚ ਦੇ ਪੀਰ ਨੂੰ ਵਰ ਦੇ ਗਏ ਸੇ। ਮਹਾਰਾਜਾ ਰਣਜੀਤ ਸਿੰਘ ਨੇ ਉਸ ਵਰ ਦਾ ਸਤਿਕਾਰ ਕੀਤਾ।

{ਸੰਪਾਦਿਤ ਮੁ: ਪ੍ਰ: ਸਫਾ ੬੨੭, ੬੨੮, ੬੩੬}

ਕੌਂਸ=ਖੜਾਵਾਂ ਨੂੰ ਕਹਿੰਦੇ ਹਨ। ਹਜ ਕਰਨ ਵੇਲੇ ਜੋ ਮ੍ਰਿਯਾਦਾ ਹੈ, ਉਸ ਮੁਜਬ ਹਾਜੀ ਲੋਕ ਇਕ ਪੜਾਵ ਪਹਿਲੋਂ ਬਸਤ੍ਰ ਬਦਲਦੇ ਤੇ ਜੁਤੀ ਉਤਾਰ ਲੈਂਦੇ ਹਨ, ਖੜਾਵਾਂ ਪਹਿਨ ਲਈਆਂ ਜਾਣ ਤਾਂ ਰੋਕ ਨਹੀਂ।

---

ਸੂਚਨਾ-ਇਥੋਂ ਆਪ ਕਈ ਜਗਾ ਹੁੰਦੇ। ਬਗ਼ਦਾਦ ਆਏ ਹਨ। ਬਗ਼ਦਾਦ ਵਿਚ ਬੀਤੇ ਸਮਾਚਾਰ ਦਾ ਸੰਖੇਪ ਹਾਲ ਇਹ ਹੈ:-

# ੭੫. ਬਗ਼ਦਾਦ ਫੇਰੀ[1]।

'ਖਲੀਫ਼ਾ ਹਾਰੂੰ ਰਸ਼ੀਦ' ਦੀ ਰਾਜਧਾਨੀ ਤੇ 'ਜ਼ਬੀਦਾ[2]' ਦੀ ਫਬਾਈ ਪੁਰੀ ਜੋ ਕਦੇ ਰੂਮ ਈਰਾਨ ਅਰਬ ਦੀ ਕੇਂਦਰੀ ਨਗਰੀ ਰਹੀ ਅਜ ਅਜੇ ਸੁੱਤੀ ਪਈ ਸੀ ਕਿ ਨਗਰੀ ਤੋਂ ਬਾਹਰ ਇਕ ਟਿਕਾਣੇ ਅਜਿਹਾ ਮਿੱਠਾ ਰਾਗ ਅਰੰਭ ਹੋ ਗਿਆ ਕਿ ਸੁਣ ਸੁਣ ਕੇ ਜੀਉ ਮਗਨ ਹੁੰਦਾ ਜਾਂਦਾ ਹੈ। ਅੰਮ੍ਰਿਤ ਵੇਲਾ ਹੈ, ਤ੍ਰਿਪਹਿਰਾ ਵੱਜ ਚੁੱਕਾ ਹੈ, ਮਿੱਠੀ ਮਿੱਠੀ ਤ੍ਰੇਲ ਪੈ ਰਹੀ ਹੈ, ਭਿੰਨੀ ਭਿੰਨੀ ਰੈਨ ਹੈ, ਸਿਤਾਰੇ ਨੂਰੀ ਨੈਣਾਂ ਨਾਲ ਅਰਸ਼ਾਂ ਤੋਂ ਫਰਸ਼ਾਂ ਵਲ ਤੱਕ ਰਹੇ ਹਨ ਤੇ ਸੁਖਾਂ ਦੇ ਝੋਕੇ ਦੇ ਰਹੇ ਹਨ। ਰਸ ਦੀ ਫੁਹਾਰ ਪੈ ਰਹੀ ਹੈ ਸਾਫ ਤੇ ਹਲਕੀ ਹਵਾ ਦੀ ਨਿੱਕੀ ਨਿੱਕੀ ਰਿਵੀ ਰੁਮਕ ਰਹੀ ਹੈ। ਦਰਯਾ ਦੇ ਪਾਣੀ ਦੇ ਗੱਲ ਲੱਗਕੇ ਆ ਰਹੀ ਹਵਾ ਠੰਢੀ ਤੇ ਰਸ ਭਰੀ ਹੋਈ ਹੋਈ ਰਸ ਦਾਨ ਕਰ ਰਹੀ ਹੈ। ਪਿਛਲੀ ਰਾਤ ਦੇ ਚੰਦ ਦੀ ਚਾਂਦਣੀ ਮੱਧਮ ਮੱਧਮ ਨੂਰ ਲੈਕੇ ਧਰਤੀ ਤੇ ਵਿਛੀ ਜਾ ਰਹੀ ਹੈ। ਇਸ ਕੁਦਰਤ ਦੇ ਟਿਕਾਉ ਤੇ ਰਸ ਭਰੇ ਰੰਗ ਵਿਚ ਸਰੋਦ ਹੋ ਰਿਹਾ ਹੈ, ਆਸਾ ਦੀ ਦਿਲ ਖਿੱਚ ਰਾਗਣੀ ਵੱਜ ਰਹੀ ਹੈ, ਜੋ ਇਸ ਵੇਲੇ ਕਿਸੇ ਜਾਗ ਰਹੇ ਮਨ ਨੂੰ ਆਪੇ ਵਿਚ ਲਿਜਾ ਕੇ ਆਪੇ ਦੇ ਰਸ ਰੰਗ ਵਿਚ ਮਸਤੀਆਂ ਦੇ ਦੇਸ਼ ਪੁਚਾ ਰਹੀ ਹੈ। ਇੰਨੇ ਨੂੰ ਕੋਈ ਸੁਹਣਾ ਗਲਾ ਬੀ ਸਾਜ਼ ਦੇ ਨਾਲ ਛਿੜਿਆ। ਆਵਾਜ਼ ਆਈ:-

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਹੈਂ? ਤੁਰਕਾਨੀ ਧਰਤੀ, ਵੱਸੋਂ ਮੁਸਲਮਾਨਾਂ ਦੀ, ਇੱਥੇ ਆਸਾ ਦੀ ਵਾਰ ਕੀਕੂੰ ਅੱਪੜੀ?

ਹਾਂ ਜੀ, ਆਸਾ ਦੀ ਵਾਰ ਦਾ ਮਾਲਕ, ਆਸਾ ਦੀ ਵਾਰ ਵਿਚ ਇਲਾਹੀ ਭੇਤ ਦੱਸਣ ਵਾਲਾ ਦਾਤਾ ਆਪ ਜੁ ਪਹੁੰਚਾ ਹੋਇਆ ਹੈ ਤੇ ਕਈ ਦਿਨਾਂ ਤੋਂ ਏਥੇ ਰੰਗ ਲਾ ਰਿਹਾ ਹੈ। ਲੋਕੀਂ ਆਉਂਦੇ ਹਨ ਉਨ੍ਹਾਂ ਦਾ ਸਤਿਸੰਗ ਕਰਦੇ ਹਨ, ਉਪਦੇਸ਼ ਸੁਣਦੇ ਹਨ, ਸੱਚੀ ਸੁੱਚੀ ਰੱਬੀ ਪਿਆਰ ਦੀ ਗਲ ਸਮਝਦੇ ਤੇ ਕਮਾਉਂਦੇ ਹਨ। ਹਾਂ, ਦਾਤਾ ਉਹਨਾਂ ਨੂੰ ਉਨ੍ਹਾਂ ਦੀ ਬੋਲੀ ਵਿਚ ਸਮਝਾਉਂਦਾ ਹੈ। ਸਮਝਦੇ ਹਨ, ਜੀਅਦਾਨ ਲੈਂਦੇ ਹਨ ਤੇ ਰੱਬ ਦੇ ਨਾਮ ਦੀ ਲਿਵ ਵਿਚ ਜੀਉ ਜੀਉ ਪੈਂਦੇ ਹਨ। ਐਸੇ ਥੋੜੇ ਜਿਹੇ ਸ਼ਰੀਰਾਂ ਦਾ ਏਥੇ ਸਤਿਸੰਗ ਹੈ, ਓਹ ਸਵੇਰੇ ਸ਼ਹਿਰੋਂ ਨਿਕਲਕੇ ਇਸ ਟਿਕਾਣੇ, ਜੋ ਸ਼ਹਿਰੋਂ ਬਾਹਰ ਹੈ, ਆ ਜੁੜਦੇ ਹਨ, ਕੀਰਤਨ ਸੁਣਦੇ ਹਨ, ਚਾਹੋ ਸਮਝਦੇ ਨਹੀਂ, ਪਰ ਰਾਗ ਦੀ ਸੁਰ ਲੈ ਉਹਨਾਂ ਨੂੰ ਜੋੜ ਦੇਂਦੀ ਹੈ, ਦਾਤੇ ਦਾ ਦਰਸ਼ਨ ਆਤਮ ਰੰਗ ਲਾ ਦੇਂਦਾ ਹੈ। ਕਈ ਲੋਕ ਇਨ੍ਹਾਂ ਵਿਚ ਜਪੁਜੀ ਦਾ ਅਰਥ ਭਾਵ ਅਪਣੀ ਬੋਲੀ ਵਿਚ ਸੁਣਦੇ ਹਨ ਤੇ ਯਾਦ ਲਈ ਲਿਖ ਲੈਂਦੇ ਹਨ, ਐਉਂ ਉਸ ਧਰਤੀ ਵਿਚ ਜਿੱਥੇ ਕਿ ਮੁਸਲਮਾਨੀ ਤੇਜ ਸ਼ਿਖਰਾਂ ਤੇ ਹੈ, ਆਪਣਾ ਸਿੱਕਾ ਜਮਾ ਕੇ ਜਾ ਬੈਠੇ ਹਨ ਅਰਸ਼ਾਂ ਤੋਂ ਗੁਰੂ ਹੋਕੇ ਆਏ-ਗੁਰੂ ਨਾਨਕ ਦੇਵ ਜੀ।

ਪਰ ਇਹ ਨਹੀਂ ਸਮਝਣਾ ਚਾਹੀਏ ਕਿ ਆਪ ਨਾਲ ਓਥੇ ਵਿਖਾਂਧ ਨਹੀਂ ਹੋਈ, ਹੋਈ ਅਰ ਚੰਗੀ ਜੋਰਦਾਰ ਹੋਈ। ਆਪ ਦੇ ਟਿਕਣ ਦਾ, ਉਪਦੇਸ਼ ਦਾ, ਕੀਰਤਨ ਦਾ ਚਰਚਾ ਸ਼ਹਿਰ ਵਿਚ ਟੁਰ ਪਿਆ। ਜੋ ਲੋਕ ਮੁਰੀਦ ਹੋਏ ਉਹਨਾਂ ਨਾਲ ਈਰਖਾ ਤੇ ਤਅੱਸਬ ਅਰੰਭ ਹੋ ਗਿਆ। ਮੁਸਲਮਾਨੀ ਸ਼ਰ੍ਹਾ ਵਿਚ ਰਾਗ ਕਰਨਾ ਮਨ੍ਹੇ ਹੈ। ਇਸ ਰਾਗ ਤੇ ਚਰਚਾ ਚੱਲੀ। ਲੋਕਾਂ ਨੇ ਕਿਹਾ: ਕਿ ਇਹ ਕੌਣ ਹੈ ਜੋ ਫਕੀਰ ਹੋਕੇ, ਅੱਲਾ ਵਾਲਾ ਕਹਿਲਾਕੇ ਮੁਰਸ਼ਿਦ ਬਣਕੇ ਫੇਰ ਰਾਗ ਕਰਦਾ ਤੇ ਸੁਣਦਾ ਹੈ। ਫਿਰ ਇਸ ਦੇ ਸੇਵਕਾਂ ਵਿਚੋਂ ਪੰਜ ਵੇਲੇ ਦੀ ਨਿਮਾਜ਼ ਕੋਈ ਨਹੀਂ ਪੜ੍ਹਦਾ। ਜੋ ਕੁਛ ਮੁਰੀਦ ਹੋਏ ਹਨ ਸੋ ਕੁਛ ਵਿਰਦ ਤਾਂ ਕਰਦੇ ਹਨ, ਪਤਾ ਨਹੀਂ ਕੀਹ ਤੇ ਕਾਹਦਾ। ਫਿਰ ਵਿਚ ਵਿਚ ਲੋਕੀਂ ਉਹਨਾਂ ਦੀ ਰੂਹਾਨੀ ਤਾਕਤ ਦੀਆਂ ਗੱਲਾਂ ਬੀ ਸੁਣਦੇ ਸਨ, ਕਰਾਮਾਤ ਬੀ ਦੇਖਦੇ ਸਨ ਜੋ ਕਿ ਇਬਰਾਨੀ ਪੈਗੰਬਰਾਂ ਦੇ ਕਾਇਲ ਲੋਕ ਨਬੀ ਦੀ ਨਿਸ਼ਾਨੀ ਸਮਝਦੇ ਸਨ: ਕਈ ਵੇਰੀ ਕੋਈ ਇਕੱਲਾ ਆਦਮੀ ਤੇ ਕਦੇ ਕਈਆਂ ਦੇ ਝੁਰਮਟ ਰਲਕੇ ਜਾਂਦੇ ਸਨ ਕਿ ਕੋਈ

---

[1] ਇਹ ਪ੍ਰਸੰਗ ਗੁਰ ਪੁੰਨਮ ਸੰ: ਗੁਰ ਨਾਨਕ ਸਾਹਿਬ ਜੀ ੪੬੧ ਮੁਤਾਬਕ ੧੯ ਨਵੰਬਰ ੧੯੨੯ ਈ: ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

[2] ਖਲੀਫ਼ਾ ਹਾਰੂੰ ਰਸ਼ੀਦ ਦੀ ਨੇਕ ਤੇ ਪ੍ਰਬੀਨ ਵਹੁਟੀ।


www.sikhbookclub.com

ਬਹਿਸ ਛੇੜੀਏ, ਬੇਅਦਬੀ ਕਰੀਏ, ਪਰ ਬਹਿਸ ਛੇੜਕੇ ਮੂੰਹ ਦੀ ਖਾਂਦੇ ਸਨ ਅਰ ਚਿਹਰੇ ਦਾ ਰੋਅਬ ਤੇ ਪ੍ਰਭਾਵ ਦੇਖਕੇ ਬੇਅਦਬੀ ਦਾ ਹੌਂਸਲਾ ਢਹਿ ਜਾਂਦਾ ਸੀ, ਤਦ ਬੀ ਸ਼ਰ੍ਹਾ ਵਿਰੁਧ ਇਕ ਦੋ ਗੱਲਾਂ ਤੱਕ ਤੱਕਕੇ ਵਿਰੋਧ ਦਿਨੋਂ ਦਿਨ ਵਧ ਰਿਹਾ ਸੀ। ਅੰਤ ਵਿਰੋਧੀ ਲੋਕਾਂ ਨੇ ਇਹ ਸਲਾਹ ਕੀਤੀ ਕਿ ਆਪਣੇ ਸ਼ਹਿਰ ਦੇ ਅਤੇ ਮੁਸਲਮਾਨੀ ਦੁਨਿਆਂ ਦੇ ਵਡੇ ਪੀਰ ਹਜ਼ਰਤ ਦਸਤਗੀਰ ਦੀ ਗੱਦੀ ਤੇ ਸੱਜਾਦਾ ਨਸ਼ੀਨ ਨੂੰ ਆਖੀਏ, ਉਹ ਠੀਕ ਉਪਰਾਲਾ ਕਰ ਸਕਣਗੇ। ਆਪ ਓਹ ਪੀਰ ਹਨ, ਸ਼ਰ੍ਹਾ ਦਾ ਫਤਵਾ ਲੈ ਦੇ ਸਕਦੇ ਹਨ, ਵਕਤ ਦੇ ਹਾਕਮ ਨੂੰ ਕਹਿਕੇ ਦੰਡ ਦਿਵਾ ਸਕਦੇ ਹਨ। ਇਉਂ ਸੋਚ ਕੇ ਪੀਰ ਜੀ ਪਾਸ ਸ਼ਿਕਾਇਤ ਪਹੁੰਚਾਈ। ਪੀਰ ਜੀ ਨੇ ਡੂੰਘੀ ਵਿਚਾਰ ਕੀਤੀ ਕਿ ਜੋ ਸ਼ਖ਼ਸ ਇਸ ਧਰਤੀ ਤੇ ਆਕੇ ਸਾਡੇ ਵਡਿਆਂ ਦੇ ਰੌਜ਼ੇ ਲਾਗੇ ਬੈਠਕੇ ਸਰੋਦ ਕਰਦਾ ਹੈ ਤੇ ਜਾਣਦਾ ਹੈ ਕਿ ਮੁਸਲਮਾਨ ਇਸ ਗੱਲ ਨੂੰ ਰਵਾ ਨਹੀਂ ਰੱਖਣਗੇ, ਉਹ ਜ਼ਰੂਰ ਦਿਮਾਗ ਵਿਚ ਕੁਛ ਸੋਚ ਤੇ ਤਾਕਤ ਰੱਖਦਾ ਹੈ, ਨਹੀਂ ਤਾਂ ਕੋਈ ਮਾਮੂਲੀ ਇਨਸਾਨ ਇੰਨੀ ਦਿਲੇਰੀ ਕਦ ਕਰ ਸਕਦਾ ਹੈ ਕਿ ਜਿਸਦਾ ਫਲ ਸ਼ਰ੍ਹਾ ਵਲੋਂ ਦੰਡ ਮਿਲਣਾ ਸਫਾ ਪਿਆ ਦਿੱਸਦਾ ਹੋਵੇ। ਹਿੰਦੂ ਉਹ ਹੋ ਨਹੀਂ ਸਕਦਾ, ਕਿਉਂਕਿ ਇਨੀਂ ਦਲੇਰੀ ਤੇ ਸਾਹਸ ਹਿੰਦੂ ਵਿਚ ਕਿੱਥੇ ਹੈ ਕਿ ਇੰਨੀ ਦੂਰ ਆ ਕੇ ਇਹ ਕੁਛ ਕਰੇ, ਤਾਂਤੇ ਮੈਂ ਸਹਿਜ ਨਾਲ ਕਦਮ ਚਾਵਾਂ! ਇਹ ਸੋਚਕੇ ਆਪਣੀ ਵੱਲੋਂ ਸੁਨੇਹਾ ਘੱਲਿਆ ਕਿ ਸਰੋਦ ਬੰਦ ਕਰੋ, ਇਹ ਇੱਥੇ ਕਰਨਾ ਮਨ੍ਹਾਂ ਹੈ। ਸੋ ਜਾਂ ਆਦਮੀ ਮਨ੍ਹਾਂ ਕਰਨ ਆਏ ਤਾਂ ਬਾਬੇ ਕਿਹਾ, "ਜਉ ਲਗ ਪੀਰ ਨਾ ਆਵੈ ਤਉ ਲਗ ਸਰੋਦ ਬੰਦ ਨਹੀਂ ਕਰਤੇ[1]"।

੨.

ਬਗ਼ਦਾਦ ਵਿਚ ਪੀਰ ਦਸਤਗੀਰ ਦੀ ਗੱਦੀ ਬੜੀ ਪ੍ਰਸਿਧ ਗੱਦੀ ਹੈ। ਹੁਣ ਤਕ ਸਾਰੇ ਮੁਸਲਮਾਨੀ ਦੇਸ਼ਾਂ ਤੋਂ ਲੋਕੀ ਓਥੇ ਜਾਂਦੇ ਹਨ ਹਿੰਦੁਸਤਾਨ ਵਿਚ ਬੀ ਉਸ ਗੱਦੀ ਦੇ ਬਹੁਤ ਚੇਲੇ ਹਨ। ਇਨ੍ਹੀਂ ਦਿਨੀਂ ਜਿਨ੍ਹਾਂ ਦੀ ਵਾਰਤਾ ਅਸੀਂ ਲਿਖ ਰਹੇ ਹਾਂ ਉੱਥੇ ਕੋਈ ਹਿੰਦੁਸਤਾਨੀ ਮੁਸਲਮਾਨ ਬੀ ਗੱਦੀ ਦੇ ਮੁਰੀਦ ਗਏ ਹੋਏ ਸਨ। ਇਨ੍ਹਾਂ ਵਿਚੋਂ ਕਿਸੀ ਨੇ ਸਤਿਗੁਰੂ ਜੀ ਦੀ ਬਾਣੀ ਦਾ ਪਾਠ ਸੁਣਿਆਂ ਅਰ ਨਵੇਂ ਬਣੇ ਮੁਰੀਦਾਂ ਤੋਂ ਉਨ੍ਹਾਂ ਦੀ ਬੋਲੀ ਵਿਚ ਸਮਝਾਈ ਜਾ ਰਹੀ ਬਾਣੀ ਦਾ ਭਾਵ ਸਮਝਿਆ ਤਾਂ ਪੀਰ ਪਾਸ ਦੂਸਰੀ ਸ਼ਿਕਾਯਤ ਅੱਪੜੀ ਕਿ ਉਹ ਨਵਾਂ ਆਇਆ ਫਕੀਰ ਸ਼ਰ੍ਹਾਂ ਦੇ ਵਿਰੁੱਧ ਬਾਤਾਂ ਬੀ ਕਰਦਾ ਹੈ। ਆਪਣੇ ਮੁਰੀਦਾਂ ਨੂੰ ਦੱਸਦਾ ਹੈ ਕਿ ਪਾਤਾਲਾਂ ਤੇ ਪਰੇ ਪਾਤਾਲ ਹਨ, ਤੇ ਅਕਾਸ਼ਾਂ ਦੇ ਪਰੇ ਅਕਾਸ਼ ਹਨ ਤੇ ਉਹ ਲੱਖਾਂ ਹੀ ਹਨ, ਪਰ ਸ਼ਰ੍ਹਾ ਵਿਚ ਤਾਂ ਸੱਤ ਸੱਤ ਦੱਸਕੇ ਸਾਰੇ ਚੌਦਾਂ ਤਬਕ ਕਹੇ ਹਨ। ਇਹ ਇਕ ਹੋਰ ਸ਼ਰ੍ਹਾ ਦਾ ਨੁਕਤਾ ਸੀ ਜੋ ਪੀਰ ਜੀ ਦੇ ਹੱਥ ਆਇਆ। ਇਕ ਸਰੋਦ ਕਰਨਾ, ਦੂਸਰੇ ਮਨ੍ਹਾਂ ਕਰਨ ਤੇ ਮਨ੍ਹਾਂ ਨਾ ਹੋਣਾ, ਤੀਸਰੇ ਮੁਸਲਮਾਨੀ ਸਿੱਧਾਂਤਾਂ ਦੇ ਵਿਰੁੱਧ ਉਪਦੇਸ਼ ਕਰਨੇ।

ਸ਼ਰ੍ਹਾ ਦੀ ਵਿਰੋਧਤਾ ਮੁਸਲਮਾਨਾਂ ਵਿਚ ਇਕ ਐਸਾ ਸੰਦ ਹੈ ਕਿ ਜਿਸ ਨਾਲ ਵਿਰੋਧੀ ਨੂੰ ਚੰਗੀ ਤਰ੍ਹਾਂ ਘੜਿਆ ਜਾ ਸਕਦਾ ਹੈ; ਏਹ ਸੰਦ ਪੀਰ ਜੀ ਦੇ ਹੱਥ ਆ ਗਏ ਸੇ। ਇਸ ਨਵੇਂ ਆਏ ਅਨੋਖੇ ਇਨਸਾਨ ਦੀ ਵਧ ਰਹੀ ਕੀਰਤੀ ਤੇ ਜਸ ਇਕ ਹੋਰ ਦੁਖਦਾਈ ਕੰਡਾ ਸੀ। ਕਈ ਵੇਰ ਦੂਸਰੇ ਰਾਜੇ ਦੇ ਐਸ਼੍ਵਰਜ ਵਾਂਙੂ ਪੀਰਾਂ ਨੂੰ ਬੀ ਦੂਸਰੇ ਫਕੀਰਾਂ ਦਾ ਪ੍ਰਤਾਪ ਚੁਭਿਆ ਕਰਦਾ ਹੈ, ਸੋ ਹੁਣ ਪੀਰ ਜੀ ਨੇ ਵਿਚਾਰ ਕਰਕੇ ਲੋਕਾਂ ਨੂੰ ਕਿਹਾ ਕਿ ਮੈਂ ਤੁਸਾਂ ਨੂੰ ਮਨ੍ਹੇ ਨਹੀਂ ਕਰਦਾ, ਜੋ ਸ਼ਰ੍ਹਾ ਆਖਦੀ ਹੈ ਤੁਸੀਂ ਕਰੋ, ਕਿਉਂਕਿ ਅਸਾਂ ਪਹਿਲਾਂ ਮਨ੍ਹਾਂ ਕਰ ਘੱਲਿਆ ਸੀ, ਪਰ ਉਹ ਮਨ੍ਹਾਂ ਨਹੀਂ ਹੋਏ। ਹੁਣ ਸ਼ਰ੍ਹਾਂ ਦਾ ਹੁਕਮ ਟੁਰੇਗਾ। ਸ਼ਰ੍ਹਾਂ ਐਸੇ ਆਦਮੀ ਨੂੰ ਸੰਗਸਾਰ[1] ਕਰਨਾ ਦੱਸਦੀ ਹੈ, ਸੋ ਕਰੋ।

ਆਇਸ ਸਗਰੇ ਨਗਰ ਪਠਾਈ:-
ਸੰਗਸਾਰ ਤਿਸ ਕਰੀਏ ਜਾਈ।
ਸਭ ਚਲ ਜਾਹੁ ਨ ਲਾਵਹੁ ਦੇਰਾ।
ਹੁਕਮ ਭੰਗ ਕੀਨੋ ਉਨ ਮੇਰਾ।
... ... .. ...
ਇਹ ਬਗ਼ਦਾਦ ਜੁ ਥਾਨ ਮਹਾਨਾ।
ਤੁਰਕਾਨੋ ਕੋ ਬਡੋ ਟਿਕਾਨਾ!

[1] ਜ: ਸਾ: ਭਾਈ ਮਨੀ ਸਿੰਘ ਜੀ।

[1] ਪੱਥਰ ਮਾਰ ਮਾਰਕੇ ਮਾਰ ਦੇਣਾ।

ਜੇਕਰ ਇਹਾਂ ਅਵੱਗਯਾ ਹੋਈ।
ਪੁਨ ਮਿਰਯਾਦ ਰਖੈ ਨਹਿਂ ਕੋਈ[1]।

ਇਹ ਸੁਣ ਕੇ ਮੂਰਖ ਲੋਕੀਂ ਵੱਟੇ ਲੈਕੇ ਜਗਤ ਗੁਰੂ ਨੂੰ, -ਜਗਤ ਨੂੰ ਤਾਰਨ ਵਾਸਤੇ ਆਏ ਨੂੰ ਸੰਗਸਾਰ ਕਰਨ ਵਾਸਤੇ ਟੁਰ ਪਏ[2]।

ਜਗਤ ਦਾਤਾ ਆਪਣੇ ਰੰਗ ਵਿਚ ਬੈਠਾ ਸੀ ਕਿ ਲੋਕੀਂ ਆ ਗਏ, ਦੂਰ ਦੂਰ ਦੁਆਲੇ ਭੀੜ ਲਗ ਗਈ। ਗੁਰੂ ਬਾਬਾ ਨੇ ਸਭ ਦੇ ਹੱਥ ਪੱਥਰ ਦੇਖੇ ਸਮਝ ਗਏ ਕਿ ਇਹ ਸਭ ਆਗਤ ਭਾਗਤ ਅਸਾਂ ਲਈ ਆਈ ਹੈ। ਹਾਂ, ਰੱਬ ਦੇ ਪਿਆਰਿਆਂ ਦੂਤਾਂ ਨੂੰ, ਜੋ ਉਸ ਦੇ ਦਰੋਂ ਜਗਤ ਨੂੰ ਉੱਚਿਆਂ ਕਰਨ ਸੁਖ ਸੁਨੇਹੇ ਲੈਕੇ ਆਉਂਦੇ ਹਨ ਸਦਾ ਇਹੋ ਆਦਰ ਮਿਲਦਾ ਹੈ। ਆਪ ਇਹ ਕੁਛ ਦੇਖ ਕੇ ਘਾਬਰੇ ਨਹੀਂ, ਓਂਦਰੇ ਨਹੀਂ, ਉਠ ਖੜੇ ਹੋਏ। ਇਕ ਆਦਮੀ ਅੱਗੇ ਵਧਿਆ ਤੇ ਕਹਿਣ ਲੱਗਾ ਕਿ ਸ਼ਰ੍ਹਾ ਦੀ ਤਾਬਿਆ ਹੋ ਜਾਓ ਨਹੀਂ ਤਾਂ ਸੰਗਸਾਰ ਕੀਤੇ ਜਾਓਗੇ। ਇਹ ਵਕਤ ਨਿਮਾਜ਼ ਲਈ ਬਾਂਗ ਦੇਣ ਦਾ ਸੀ। ਸ਼ਰਈ ਮੂਰਖ ਅਪਣੇ ਜੋਸ਼ ਵਿਚ ਇਹ ਭੀ ਭੁੱਲ ਰਹੇ ਸਨ ਕਿ ਵਕਤ ਨਿਮਾਜ਼ ਦਾ ਹੈ ਅਸੀਂ ਨਿਮਾਜ਼ ਤਾਂ ਕਜ਼ਾ ਨਾ ਕਰੀਏ, ਨਿਮਾਜ਼ ਪੜ੍ਹਕੇ ਫੇਰ ਇਸ ਨੂੰ ਸੰਗਸਾਰ ਕਰ ਲਵਾਂਗੇ। ਪਰ ਗੁਰੂ ਬਾਬਾ ਜੀ ਇਨ੍ਹਾਂ ਲੋਕਾਂ ਦੇ ਦਿਲਾਂ ਦੀ ਕਾਲੋਂ ਸਮਝਦੇ ਸਨ ਤੇ ਸੁੱਮਤ ਦੇਣ ਵਿਚ ਅਪੂਰਬ ਸ਼ਕਤੀ ਰਖਦੇ ਸਨ, ਉਹ ਖੜੇ ਹੋਏ, ਕੰਨ ਤੇ ਹੱਥ ਧਰ ਲਏ ਤੇ ਅਕਾਸ਼ਾਂ ਵਲ ਤੱਕੇ ਤੇ ਖਿਲਕੁਲ ਓਸੇ ਸੁਰ ਵਿਚ ਤੇ ਉਸ ਲੈ ਵਿਚ ਆਪ ਨੇ ਬਾਂਗ ਦੇਣੀ ਆਰੰਭ ਕੀਤੀ ਕਿ ਜਿਸ ਵਿਚ ਮੁਸਲਮਾਨ ਬਾਂਗ ਦੇਂਦੇ ਹਨ। 'ਅੱਲਾ ਹੂ ਅਕਬਰ[3]' ਬੀ ਆਖਿਆ 'ਲਾਇਲਾਹਇੱਲਿਲਾ[1]' ਬੀ ਉਚਾਰਿਆ। 'ਹੱਯੋਂ ਅਲ ਅਲਫਲਾਹ[2] ਬੀ ਕਿਹਾ, ਪਰ ਮੁਹੰਮਦ ਰਸੂਲ ਅੱਲਾ ਨਹੀਂ ਕਿਹਾ ਤੇ ਐਉਂ ਬਾਂਗ ਦੇ ਅੰਤ ਤੇ ਪੰਜਾਬੀ ਦੇ ਪਦ ਬੋਲ ਕੇ ਖ਼ਤਮ ਕੀਤੀ:-

ਗੁਰ ਬਰ ਅਕਾਲ, ਸਤਿ ਸ੍ਰੀ ਅਕਾਲ,
ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ,
ਪ੍ਰਭੂ ਕ੍ਰਿਪਾਲ, ਜੋ ਸਰਬੰ ਜੀਵਾਲ[3]।

ਰੱਬ ਨੂੰ ਸਭ ਤੋਂ {ਅਕਬਰ=}ਵਡਾ ਕਹਿਣਾ, ਉਸਨੂੰ ਇਹ ਕਹਿਣਾ ਕਿ ਕੋਈ ਹੋਰ ਅੱਲਾ ਨਹੀਂ ਹੈ ਸਿਵਾ ਅੱਲਾ ਦੇ ਤੇ ਨੇਕੀ ਵਾਸਤੇ ਖੜੇ ਹੋ ਜਾਓ, ਰੱਬ ਅੱਗੇ ਝੁਕਣ ਵਾਸਤੇ ਖੜੇ ਹੋ ਜਾਓ, ਇਹ ਕਹਿਣਾ ਗੁਰੂ ਜੀ ਦੇ ਆਪਣੇ ਸਿੱਧਾਂਤ ਵਿਰੁੱਧ ਨਹੀਂ ਸੀ ਤੇ ਫਿਰ ਆਪਣੀ ਬੋਲੀ ਵਿਚ ਰੱਬ ਨੂੰ 'ਗੁਰਬਰ' ਸਭ ਤੋਂ ਸ੍ਰੇਸ਼ਟ ਗੁਰੂ ਕਹਿਣਾ ਆਦਿ ਸੱਭੋ ਕੁਛ ਠੀਕ ਸੀ, ਪਰ ਇਹ ਲਫਜ਼ਾਂ ਦੇ ਅਰਥ, ਭਾਵਾਂ ਦੀ ਗੱਲ ਘੱਟ ਸੀ ਜੇ ਅਰਥ ਭਾਵ ਦੀ ਹੋਸ਼ ਲੋਕਾਂ ਨੂੰ ਰਹਿ ਜਾਂਦੀ ਤਾਂ ਇਹ ਬਾਂਗ ਨੂੰ ਬਦਲਨਾ ਹੋਰ ਜੁਰਮ ਹੁੰਦਾ ਸੰਗਸਾਰੀ ਨੂੰ ਹੋਰ ਛੇਤੀ ਤੇ ਜ਼ੋਰ ਨਾਲ ਅਮਲ ਵਿਚ ਲਿਆਉਣ ਲਈ, ਜੋ ਗੱਲ ਕਿ ਸਗੋਂ ਪਿਛੇ ਪੈ ਗਈ। ਬਾਂਗ ਦੀ ਆਵਾਜ਼ ਦਾ, ਉਸਦੇ ਸੁੰਦਰ ਰਾਗ ਦਾ ਉਸਦੀ ਮਨਮੋਹਨ ਸੁਰ ਦਾ ਅਤੇ ਉਸ ਨਾਲ ਸਤਿਗੁਰ ਤੋਂ ਪ੍ਰਕਾਸ਼ ਪਾ ਰਹੇ ਆਤਮ ਬਲ ਦਾ ਉਹ ਅਸਰ ਪਿਆ ਕਿ ਸੁਣਨ ਵਾਲੇ ਮਾਨੋਂ ਮੂਰਛਿਤ ਹੋ ਗਏ, ਸਭ ਪਰ ਸੁੰਨਤਾ ਛਾ ਗਈ। ਸੁੰਨਤਾ ਕੈਸੀ, ਸਮਾਧੀ ਦੇ ਰੰਗ ਦੀ, ਸਭ ਸੁਰਤ ਅਡੋਲ ਹੋਕੇ ਟਿਕ ਗਈ, ਇਥੋਂ ਤਾਈਂ ਕਿ ਨਗਰੀ ਵਿੱਚ ਜਿਥੋਂ ਤਾਈਂ ਆਵਾਜ਼ ਗਈ ਲੋਕੀਂ ਸੁੰਨਮ-ਸੁੰਨ ਹੋ ਗਏ। ਹੱਥਾਂ ਵਿਚ ਚਾਏ ਪੱਥਰ ਹੱਥਾਂ ਵਿਚੋਂ ਢਹਿ ਪਏ, ਪੱਥਰ ਚੁਕਣ ਦੀ ਕਿ ਮਾਰਨ ਦੀ ਤਾਬ ਕਿਸੇ ਵਿਚ ਨਾ ਰਹਿ ਗਈ, ਨਗਰੀ ਦੇ ਲੋਕੀਂ ਤੇ ਪੀਰ ਜੀ ਜਿਥੇ ਜਿਥੇ ਸਨ ਆਪੋ ਆਪਣੇ ਥਾਉਂ ਸੁੰਨ ਹੋ ਗਏ ਸਨ।[4]

---

[1] ਸ੍ਰੀ ਗੁਰ ਨਾਨਕ ਪ੍ਰਕਾਸ਼।

[2] ਇਨ੍ਹਾਂ ਦੇਸ਼ਾਂ ਵਿਚ ਇੰਨਾਂ ਤਅੱਸਬ ਸੀ ਕਿ ਭਾਈ ਕਰਮ ਸਿੰਘ ਜੀ ਹਿਸਟੋਰਿਅਨ ਨੂੰ ਦੇਰ ਹੋਈ ਹੈ ਕਿ ਜਦ ਓਹ ਚੀਫ ਖਾਲਸਾ ਦੀਵਾਨ ਵੱਲੋਂ ਬਗਦਾਦ ਗੁਰੂ ਬਾਬੇ ਦਾ ਨਿਸ਼ਾਨ ਟੋਲਣ ਗਏ ਸਨ ਤਾਂ ਉਨ੍ਹਾਂ ਦੀ ਜ਼ਬਾਨੀ ਇਹ ਗੱਲ ਸੁਣੀ ਸੀ ਕਿ ਮਸਜਿਦ ਵਿਚ ਜਦ ਲੋਕਾਂ ਨੂੰ ਥਹੁ ਪੈ ਗਿਆ ਕਿ ਇਹ ਮੁਸਲਮਾਨ ਨਹੀਂ ਹੈ ਤਾਂ ਮਾਰਨ ਵਾਸਤੇ ਲੋਕੀ ਦੌੜੇ। ਤਦੋਂ ਇਕ ਪੁਲੀਸ ਦੇ ਅਫਸਰ ਨੇ, ਜੋ ਪੰਜਾਬੀ ਮੁਸਲਮਾਨ ਸੀ, ਆਪ ਨੂੰ ਪੰਜਾਬੀ ਭਰਾ ਸਮਝ ਕੇ ਬੜੀ ਕਠਨਤਾ ਨਾਲ ਬਚਾਇਆ ਸੀ।

[3] ਰੱਬ ਵੱਡਾ ਹੈ।

---

[1] ਸਿਵਾ ਰੱਬ ਦੇ ਕੋਈ ਰੱਬ ਨਹੀਂ। [2] ਖੜੇ ਹੋ ਜਾਓ ਨੇਕੀ ਦੇ ਵਾਸਤੇ। [3] ਜ: ਸਾਖੀ ਭਾਈ ਮਨੀ ਸਿੰਘ ਜੀ।

[4] ਦਿਤੀ ਬਾਂਗਿ ਨਿਵਾਜਿ ਕਰਿ ਸੁੰਨ ਸਮਾਨ ਹੋਆ ਜਹਾਨਾ। ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
{ਭਾ: ਗੁ: ੧-੩੫}

ਤਾਂ ਫਿਰ ਬਾਬਾ ਜੀ ਨੇ ਆਪਣੇ ਕ੍ਰਿਪਾ ਕਟਾਖ ਨਾਲ ਪੀਰ ਨੂੰ ਹੁਸ਼ਿਆਰ ਕੀਤਾ, ਸੋ ਪੀਰ ਸਭ ਮੁਰੀਦਾਂ ਵੱਲ ਵੇਖਕੇ ਹੈਰਾਨ ਹੋ ਗਿਆ ਤਾਂ ਪੀਰ ਨੇ ਮਰਾਕਬੇ ਵਿਚ ਨਿਗਾਹ ਕਰਕੇ ਡਿੱਠਾ ਕਿ ਇਹ ਫਕੀਰ ਵੱਡਾ ਮਸਤਾਨਾ ਹੈ ਅਰ ਸਭਨਾ ਖਾਨਦਾਨਾਂ ਨੂੰ ਰੱਦ ਕਰਕੇ ਇਕ ਖੁਦਾਇ ਦਾ ਖਾਨਦਾਨ ਇਸਨੇ ਪਛਾਤਾ ਹੈ, ਅਰ ਧਰਤੀ ਆਸਮਾਨ ਵਿਚ ਖੁਦਾਇ ਨੇ ਇਸਨੂੰ ਮਸ਼ਹੂਰ ਕੀਤਾ ਹੈ, ਅਰ ਖੁਦਾਇ ਦੀ ਯਾਦ ਬਿਨਾਂ ਇਕ ਦਮ ਬੀ ਖਾਲੀ ਨਹੀਂ ਜਾਂਦਾ[1]।

ਹੁਣ ਪੀਰ ਜੀ ਨੂੰ ਸੋਝੀ ਆਈ ਕਿ ਇਹ ਫਕੀਰ ਹੈ, ਅਰ ਰੱਬੀ ਪਿਆਰ ਦੀ ਲੈ ਵਿਚ ਹੈ, ਇਹ ਐਵੇਂ ਕਿਵੇਂ ਦੀ ਗੱਲ ਨਹੀਂ ਹੈ, ਇਸ ਦੇ ਪਾਸ ਟੁਰਕੇ ਚੱਲਣਾ ਕੋਈ ਹੇਠੀ ਦੀ ਗੱਲ ਨਹੀਂ ਹੋਵੇਗੀ। ਇਹ ਵਿਚਾਰਕੇ ਪੀਰ ਉਠਿਆ ਤੇ ਆ ਹਾਜ਼ਰ ਹੋਇਆ, ਕੀਹ ਵੇਖੇ ਕਿ ਸਾਰੇ ਮਾਰਨਹਾਰ ਸਮਾਧੀ ਵਿਚ ਪਏ ਹਨ ਪੱਥਰ ਹੱਥਾਂ ਵਿਚੋਂ ਡਿੱਗੇ ਪਏ ਹਨ, ਤਦ ਆਇਕੇ ਸਲਾਮ ਕੀਤੀਓਸੁ ਤੇ ਅਰਜ਼ ਗੁਜਾਰੀਓਸੁ ਕਿ "ਇਨ੍ਹਾ ਪਰ ਬੀ ਮਿਹਰ ਕਰਕੇ ਹੋਸ਼ ਲੈ ਆਓ" ਤਾਂ ਗੁਰੂ ਬਾਬੇ ਬਚਨ ਕੀਤਾ-"ਇਹ ਸਾਰੇ ਸੁਖ ਵਿਚ ਹਨ, ਇਹ ਸੰਗਸਾਰ ਕਰਨ ਆਏ ਸਨ ਅਸਾਂ ਦੇ ਸਰੀਰ ਨੂੰ, ਅਸਾਂ ਸ਼ਬਦ ਦੇ ਬਾਣ ਨਾਲ ਸੰਗਸਾਰ ਕੀਤਾ ਹੈ ਇਨ੍ਹਾਂ ਦੇ ਮਨਾਂ ਨੂੰ ਸੋ ਮਨ ਸ਼ਬਦ ਨਾਲ ਵਿੰਨ੍ਹੇ ਗਏ ਰਸ-ਦੇਸ਼ ਵਿਚ ਹਨ"। ਪੀਰ ਨੇ ਆਖਿਆ- "ਮਿਹਰ ਕਰੀਐ ਜੋ ਰਸਦੇਸ਼ ਵਿਚੋਂ ਇਸ ਦੇਸ਼ ਵਿਚ ਆਉਣ ਤੇ ਦੀਦਾਰ ਪਾਉਣ"। ਤਾਂ ਪੀਰ ਬਾਬੇ ਦੇ ਕਦਮਾਂ ਤੇ ਦਸਤ ਲਿਆਇਆ ਅਰ ਕਹਿਆ-ਏਥੇ ਬਗ਼ਦਾਦ ਵਿਚ ਕਰਾਮਾਤ ਕਿਸੇ ਦੀ ਨਹੀ ਚੱਲਦੀ ਸੀ, ਪਰ ਤੂੰ ਬੜਾ ਅਤਾਈ[2] ਫਕੀਰ ਹੈਂ, ਜਿਸ ਸਾਡੇ ਰੋਬਰੂ ਐਸੀ ਕਲਾ ਦਿਖਾਈ ਹੈ, ਤਾਂਤੇ ਹੁਣ ਸਾਡੀ ਤਕਸੀਰ ਮਾਫ ਕਰੋ। ਤਾਂ ਬਾਬੇ ਤਵੱਜਾ ਦੀ ਨਜ਼ਰ ਕਰ ਸਭਨਾਂ ਨੂੰ ਖਲਾਸ ਕੀਤਾ, ਸੋ ਜਾਂ ਖਲਾਸ ਹੋਏ ਤਾਂ ਦਸਤ ਬਸਤਾ ਬਾਬੇ ਅੱਗੇ ਤਾਜ਼ੀਮ ਕੀਤੀ[3]। ਭਾਵ ਇਹ ਕਿ ਬਾਬਾ ਜੀ ਦੀ ਮਿਹਰ ਨਾਲ ਸਾਰਿਆਂ ਦੀ ਸੁੰਨ ਸਮਾਧਿ ਖੁੱਲ ਗਈ ਤੇ ਸਭਨਾਂ ਸੀਸ ਨਿਵਾਇਆ।

੩.

ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰ ਜਾਇ ਕੀਆ ਅਸਥਾਨਾ। ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ। ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ। ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।ਪੁਛਿਆ ਫਿਰਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਾਨਾ ? ਨਾਨਕ ਕਲਿ ਵਿਚਿ ਆਇਆ ਰਬ ਫਕੀਰੁ ਇਕੋ ਪਹਿਚਾਨਾ। ਧਰਤਿ ਅਕਾਸ ਚਹੂੰਦਿਸ ਜਾਨਾ। {ਵਾ:ਭਾ:ਗੁਰਦਾਸ ੧-੩੫}

ਹੁਣ ਸਤਿਗੁਰੂ ਜੀ ਦੇ ਸਾਹਮਣੇ ਪੀਰ ਜੀ ਬੈਠ ਗਏ ਤੇ ਪੁੱਛਣ ਲੱਗੇ:-

ਪੀਰ-ਆਪ ਬੜੇ ਕਸ਼ਫ ਵਾਲੇ ਫਕੀਰ ਹੋ, ਆਪਦੀ ਜ਼ੁਬਾਨ ਤਾਸੀਰ ਵਾਲੀ ਤੇ ਬਾਬਰਕਤ ਹੈ, ਫਿਰ ਸਮਝ ਨਹੀਂ ਪੈਂਦੀ ਕਿ ਆਪ ਸ਼ਰਅ ਦੇ ਪਾਬੰਦ ਕਿਉਂ ਨਹੀਂ ਹੋ? ਕੀਹ ਕਿਰਪਾ ਕਰਕੇ ਦੱਸ ਸਕਦੇ ਹੋ ਕਿ ਆਪ ਕੌਣ ਫਕੀਰ ਹੋ? ਕਿਸ ਫ਼ਕੀਰੀ ਘਰਾਣੇ ਦੇ ਹੋ ਤੇ ਨਾਮ ਕੀਹ ਹੈ? ਤਾਂ ਜੋ ਸਾਡੀ ਸਮਝ ਵਿਚ ਆਪ ਦੀ ਕਰਨੀ ਤੇ ਕਥਨੀ ਦਾ ਥਹੁ ਪੈ ਜਾਏ ?

ਗੁਰੂ ਜੀ-ਮੈਂ ਕਿਸ ਫਕੀਰੀ ਸੰਪ੍ਰਦਾ ਵਿਚੋਂ ਹਾਂ? ਮੇਰਾ ਘਰਾਨਾ ਕਿਸ ਨਾਮੀ ਫਕੀਰ ਦੇ ਨਾਮ ਤੇ ਟੁਰਿਆ ਹੈ ? ਇਨ੍ਹਾਂ ਗੱਲਾਂ ਦਾ ਇਕੋ ਜੁਵਾਬ ਹੈ ਕਿ ਮੈ ਦੁਨਿਆਂ ਦਾ ਨਹੀਂ, ਇਸ ਕਰਕੇ ਮੇਰੀ ਸੰਪ੍ਰਦਾ ਤੇ ਘਰਾਣਾ ਕੋਈ ਨਹੀਂ, ਮੈਨੂੰ ਅਕਾਲ ਨੇ ਜਗਤ ਵਿਚ ਭੇਜਿਆ ਹੈ, ਮੈਂ ਕੇਵਲ ਇਕ ਉਸੇ ਸਾਂਈਂ ਨੂੰ ਪਛਾਣਦਾ ਹਾਂ ਜੋ ਕਿ ਧਰਤੀ ਅਕਾਸ਼ ਤੇ ਚਾਰੇ ਕੂੰਟਾਂ ਵਿਚ ਪ੍ਰਤੱਖ ਜਾਣਿਆ ਜਾ ਰਿਹਾ ਹੈ। ਫਕੀਰਾਂ ਨੂੰ ਮੈਂ ਰੱਦ ਕਰ ਆਇਆ ਹਾਂ ਕਿ ਜੋ ਆਪਣੇ ਦੁਆਲੇ ਲਕੀਰਾਂ ਵਾਹਕੇ ਕੈਦ ਹੋਏ ਬੈਠੇ ਹਨ ਤੇ ਜੋ ਮਾਨ ਦੇ ਬੜੇ ਤੇ ਤਕੀਏ ਲਾਕੇ ਬਫਾ ਰਹੇ ਹਨ, ਜੋ ਸਾਂਈਂ ਦੇ ਕਹਿਲਾਉਂਦੇ ਹੋਏ ਨਫਸ ਦੇ ਬੰਦੇ ਹੋ ਰਹੇ ਹਨ, ਸੋ ਐਸੇ ਫਕੀਰ ਮੈਂ ਰੱਦ

[1] ਜਨਮ ਸਾਖੀ ਭਾਈ ਮਨੀ ਸਿੰਘ ਜੀ।
[2] ਪ੍ਰਬੀਨ, ਪੂਰਨ। {ਅ}ਗਲਬੇ ਵਾਲਾ। [3] ਮੱਥਾ ਟੇਕਿਆ।

ਕਰਨ ਆਇਆ ਹਾਂ। ਤੁਸਾਂ ਦੇ ਜੋ ਚੋਦਾਂ ਖਾਨਦਾਨ ਤੇ ਬਹੱਤਰ ਫਿਰਕੇ ਹਨ ਤੇ ਇਨ੍ਹਾਂ ਦੀ ਫਿਰਕੇ ਬੰਦੀ ਹੁੰਦੀ ਹੈ, ਇਹ ਹੱਦਾਂ ਹਨ। ਸਾਂਈ ਨੇ ਪਜਾਰ ਕੀਤਾ ਹੈ, ਹੱਦਾਂ ਤੇ ਪਾਲਾਂ, ਜਿਨ੍ਹਾਂ ਵਿਚ ਹੰਕਾਰ ਹੋਵੇ, ਭੰਨੀਆਂ ਹਨ ਤੇ ਜੇ ਤੂੰ ਸਾਡਾ ਨਾਉਂ ਪੁੱਛੇਂ ਤਾਂ ਅਸੀਂ ਨਿਰੰਕਾਰ ਦੇ ਹਾਂ, ਨਿਰੰਕਾਰੀ ਸਾਨੂੰ ਕਹਿ ਲਓ, ਮਾਤਾ ਪਿਤਾ ਦਾ ਧਰਿਆ ਨਾਉਂ ਚਾਹੋ ਤਾਂ ਉਹ ਨਾਉਂ ਨਾਨਕ ਹੈ।

ਜਾਂ ਪੀਰ ਨੇ ਨਾਉਂ ਸੁਣਿਆ ਤਾਂ ਫਿਰ ਸੀਸ ਨਿਵਾਇਆ। ਪੀਰ ਉਨ੍ਹਾਂ ਦਾ ਨਾਉਂ ਸੁਣ ਚੁੱਕਾ ਸੀ। ਮੱਕੇ ਤੋਂ ਲੋਕਾਂ ਆਕੇ ਓਥੋਂ ਦੇ ਹਾਲਾਤ ਆਪ ਦੇ ਦੱਸੇ ਸਨ। ਸੋ 'ਪੀਰ ਹਿੰਦੀ' ਕਹਿਕੇ ਉਸ ਨੇ ਸੀਸ ਝੁਕਾਇਆ ਤੇ ਆਖਿਆ: ਠੰਢ ਪਈ ਹੈ ਸੁਣਕੇ ਆਪ ਦਾ ਨਾਮ, ਜੱਸ ਅੱਗੇ ਸੁਣ ਚੁੱਕਾ ਹਾਂ ਕਿ ਆਪ ਨੇ ਅੱਲਾ ਦੀ ਜ਼ਾਤ ਨੂੰ ਸਹੀ ਕੀਤਾ ਹੈ ਤੇ ਇਕੋ ਉਸੇ ਦੇ ਨਾਮ ਦਾ ਢੰਡੋਰਾ ਦੇਂਦੇ ਹੋ, ਪਰ ਹੇ ਰੱਬ ਸਾਂਈ ਦੇ ਪਿਆਰੇ ਜੀ! ਇਹ ਰਾਗ ਬੜੀ ਚੰਚਲ ਵਸਤੂ ਹੈ, ਵਿਕਾਰਾਂ ਵਲ ਲੈ ਜਾਂਦੀ ਹੈ, ਜਗਤ ਦੇ ਅਯਾਸ਼ ਤੇ ਬਦਮਾਸ਼ ਇਸ ਦੇ ਸੰਗ ਨਾਲ ਤਬਾਹ ਹੋ ਰਹੇ ਹਨ। ਉਹ ਸ਼ੈ ਜੋ ਅੱਲਾ ਤੋਂ ਮੂੰਹ ਮੁੜਵਾਕੇ ਨਫਸ ਵਲ ਲੈ ਜਾਵੇ ਉਸਨੂੰ ਤੁਸੀਂ ਕਿਵੇਂ ਰਵਾ ਰੱਖਿਆ ਹੈ, ਮਿਹਰ ਹੋਵੇ ਤਾਂ ਚਾ ਸਮਝਾਓ, ਸਾਨੂੰ ਅਚਰਜ ਹੋ ਰਿਹਾ ਹੈ ਤੁਸਾਂ ਦਾ ਪਿਆਰ ਸਰੋਦ ਨਾਲ-ਰਾਗ ਨਾਲ-ਵੇਖਕੇ।

ਗੁਰੂ ਜੀ-ਰਾਗ ਮਨ ਨੂੰ ਚੰਚਲ ਕਰਨ ਵਾਲੀ ਸ਼ੈ ਨਹੀਂ, ਪਰ ਏਕਾਗਰ ਕਰਨ ਵਾਲੀ ਸ਼ੈ ਹੈ। ਹਾਂ, ਰਾਗ ਮਨ ਨੂੰ ਪੰਘਾਰਦਾ ਹੈ, ਰਾਗ ਨੂੰ ਸੁਣਕੇ ਮਨ ਦ੍ਰਵਦਾ ਹੈ, ਨਰਮ ਹੁੰਦਾ ਹੈ, ਫਿਰ ਨਰਮ ਹੋਏ ਮਨ ਨੂੰ ਉਚੇ ਰੰਗ ਵਿਚ ਰੰਗ ਸਕੀਦਾ ਹੈ। ਇਸ ਮਨ ਵਿਚ ਰਾਗ ਨਾਲ ਵਿਸ਼ਾਲਤਾ ਆਉਂਦੀ ਹੈ, ਸੁਹਣੇ ਖਿਆਲ ਤੇ ਨਾ ਦੱਸੇ ਜਾ ਸਕਣ ਵਾਲੇ ਵਲਵਲੇ ਇਸ ਨਾਲ ਉਪਜਦੇ ਹਨ, ਤੇ ਫੇਰ ਸੁਹਣੇ ਕੰਮਾ ਵਲ ਪ੍ਰੇਰਨਾ ਹੁੰਦੀ ਹੈ। ਕਈ ਵੇਰ ਉੱਖੜੇ, ਉਦਾਸ, ਔਖੇ ਹੋਏ ਮਨ ਇਸ ਨਾਲ ਸੁਖੀ ਤੇ ਪੱਧਰੇ ਹੋ ਜਾਂਦੇ ਹਨ। ਭੈੜੇ ਖਿਆਲ, ਮੰਦੀਆਂ ਵਾਸ਼ਨਾਂ ਦੀ ਰੌ ਨੂੰ ਰਾਗ ਨਿਰਮਲ ਕਰਕੇ ਸੂੰਛ ਕਰ ਦੇਂਦਾ ਹੈ। ਤੁਸਾਂ ਡਿੱਠਾ ਹੋਊ ਕਿ ਇਸ ਰਾਗ ਨੂੰ ਬ੍ਰਿਧ, ਬਾਲ, ਜੁਆਨ ਸਾਰੇ ਪਸਿੰਦ ਕਰਦੇ ਹਨ, ਪਸ਼ੂ ਪੰਛੀ ਰਾਗ ਸੁਣਕੇ ਮੋਹਿਤ ਹੁੰਦੇ ਹਨ।

ਪੀਰ ( ਗਲ ਟੁੱਕਕੇ)-ਸਾਰੇ ਪਸਿੰਦ ਕਰਦੇ ਹਨ! ਕੀ ਰਾਗ ਕੁਈ ਅੱਲਾ ਨੇ ਬਣਾਇਆ ਹੈ?

ਗੁਰੂ ਜੀ-ਰਾਗ ਇਲਾਹੀ ਸ਼ੈ ਹੈ, ਇਨਸਾਨ ਨੇ ਇਸ ਨੂੰ ਰਚਿਆ ਨਹੀਂ, ਪਰ ਲੱਭਿਆ ਹੈ।

ਪੀਰ-ਪਰ ਜੀ ਰਬਾਬ, ਸਰੋਦਾ, ਸਤਾਰ ਆਦਿਕ ਰਾਗ ਦੇ ਸੰਦ ਤਾਂ ਇਨਸਾਨ ਨੇ ਰਚੇ ਹਨ, ਇਨ੍ਹਾਂ ਬਿਨਾਂ ਰਾਗ ਕਿਥੋਂ ਹੁੰਦਾ?

ਗੁਰੂ ਜੀ-ਸਰਕੜੇ ਦੀ ਪੌਣ ਨਾਲ ਲਗ ਕੇ ਸਰਰ ਸਰਰ ਕਰ ਰਹੀ ਸਰੀ ਰਾਗ ਕਰ ਰਹੀ ਹੈ। ਪੱਥਰਾਂ ਨਾਲ ਲਗ ਲਗ ਵਹਿ ਰਹੀ ਨਦੀ ਰਾਗ ਕਰ ਰਹੀ ਹੈ, ਬਨ ਦੇ ਵਿਚੋਂ ਲੰਘ ਰਹੀ ਹਵਾ ਰਾਗ ਛੇੜ ਰਹੀ ਹੈ, ਪੰਛੀਆਂ ਦੇ ਗਲੇ ਰਾਗ ਗਾ ਰਹੇ ਹਨ, ਮਨੁੱਖ ਦਾ ਹਲਕ ਰਾਗ ਗਾਉਣ ਵਾਲਾ ਸਾਂਈ ਨੇ ਬਣਾਇਆ ਹੈ। ਪਾਣੀ ਕੱਢਣ ਵਾਸਤੇ ਇਨਸਾਨ ਦਾ ਬਣਿਆ ਵਗਦਾ ਖੂਹ ਆਪਣੇ ਰੌ ਵਿਚ ਰਾਗ ਦੀ ਸੁਰ ਛੇੜ ਰਿਹਾ ਹੈ। ਰਾਗ ਨੂੰ ਸੁਣਨ ਵਾਲੇ ਕੰਨ ਅੱਲਾ ਨੇ ਬਣਾਏ ਹਨ ਤੇ ਰਾਗ ਦੀ ਸਮਝ ਵਿੱਤ੍ਰੇਕ, ਜੋੜ ਤੇ ਰਸ ਲੈਣ ਦੀ ਸ਼ਕਤੀ ਤੇ ਮੋਹਿਤ ਹੋਣ ਵਾਲਾ ਗੁਣ ਸਾਂਈ ਨੇ ਮਨ ਵਿਚ ਪਾਇਆ ਹੈ, ਰਾਗ ਸੁਣਕੇ ਨਕਲ ਕਰ ਲੈਣ ਦੀ ਤੇ ਰਾਗਾਂ ਉਤੇ ਧਿਆਨ ਦੇ ਦੇ ਕੇ ਇਸ ਦੇ ਦਰਜੇ ਫ਼ਰਕ ਸਮਝਣ ਦੀ ਬੁੱਧੀ ਉਸੇ ਦਾਨ ਕੀਤੀ ਹੈ, ਪੱਥਰ ਨੂੰ ਰਾਗ ਦਾ ਕੀ ਥਹੁ, ਗੰਡੋਏ ਨੂੰ ਰਾਗ ਦਾ ਕੀਹ ਪਤਾ?

ਪੀਰ-ਪਰ ਇਸ ਵਿਚ ਬੀ ਕੁਛ ਸ਼ੱਕ ਹੈ ਕਿ ਰਾਗ ਨੇ ਅੱਯਾਸ਼ੀ ਵਧਾਈ ਹੈ? ਰਾਗ ਬਦਚਲਨਾਂ ਤੇ ਭੈੜਿਆਂ ਦੇ ਘਰ ਰਹਿੰਦਾ ਹੈ, ਰਾਗ ਨੇ ਡੂਮ, ਮਿਰਾਸੀ ਆਦਿਕ ਮੰਗਣ ਵਾਲੇ ਤੇ ਕੰਜਰ ਆਦਿ ਨੀਚ ਲੋਕ ਪੈਦਾ ਕੀਤੇ ਹਨ।

ਗੁਰੂ ਜੀ-ਤੁਸੀਂ ਸੱਚ ਆਖਦੇ ਹੋ ਕਿ ਰਾਗ ਦਾ ਵਾਸਾ ਨੀਵੀਂ ਥਾਂਈ ਹੋ ਰਿਹਾ ਹੈ ਪਰ ਇਹ ਰਾਗ ਦਾ ਦੋਸ਼ ਨਹੀਂ, ਰਾਗ ਇਕ ਉੱਚਾ ਗੁਣ ਹੈ, ਸ਼ਕਤੀ ਹੈ, ਇਸ ਵਿਚ ਬਲ ਹੈ, ਤਾਸੀਰ ਹੈ, ਜਦ ਇਸ ਨੂੰ ਨਿਰਾ ਆਪਣੇ ਆਤਮਾਂ ਦੀ ਬੋਲੀ ਬਣਾਕੇ ਵਰਤੋ ਤਦ ਇਸ ਰੌਲੇ, ਬੇਤਰਤੀਬੀ ਬਖੇੜੇ ਤੇ

ਬੇਸੁਰੀ ਵਿਚ ਹਾਂ, ਝਗੜੇ ਤੇ ਕਲ੍ਹਾ ਵਾਸਤੇ ਸੰਸਾਰ ਵਿਚ ਇਕਸ੍ਵਰਤਾ ਪੈਦਾ ਕਰਦਾ ਹੈ, ਮਨ ਵਿਚ ਇਕ ਤੋਲ ਤੇ ਟਿਕਣ ਦਾ ਭਾਵ ਉਪਜਾਉਂਦਾ ਹੈ, ਜੇ ਮਨ ਉਦਾਸੀ, ਗ਼ਮ ਵਿਚ ਢਹਿ ਜਾਵੇ ਤਾਂ ਰਾਗ ਉਸਨੂੰ ਉੱਚਾ ਕਰਕੇ 'ਇਕ ਤੋਲਤਾ' ਵਿਚ ਲੈ ਆਉਂਦਾ ਹੈ। ਅੰਦਰ ਹੰਕਾਰ, ਪਾਟਵੀਂ ਖੁਸ਼ੀ ਤੇ ਜੋਸ਼ ਹੋਵੇ ਤਾਂ ਇਹ ਉਸਨੂੰ ਨੀਵਾਂ ਕਰਕੇ 'ਇਕ ਤੋਲਤਾ' ਤੇ ਟਿਕਾ ਦੇਂਦਾ ਹੈ। ਰਾਗ ਸੱਪ ਜੈਸੇ ਵਿਹੁਧਾਰੀ ਨੂੰ ਸਰੂਰ ਵਿਚ ਲੈ ਆਉਂਦਾ ਹੈ ਤਾਂ ਉਹ ਆਪਣੇ ਡੰਗ ਨੂੰ ਭੁੱਲਦਾ ਹੈ। ਪੀਰ ਜੀ! ਰਾਗ ਦੀ ਤਾਸੀਰ ਹੈ ਇਕਸ੍ਵਰਤਾ, ਇਕ ਤੋਲਤਾ, ਸ੍ਵਛਤਾ, ਸਰੂਰ ਤੇ ਮਗਨਤਾ, ਪਰ ਇਹ ਹੈ ਰਾਗ ਦੀ ਤਾਸੀਰ ਆਪਣੀ-ਨਿਰੋਲ ਰਾਗ ਮਾਤ੍ਰ ਦੀ। ਨਿਰਾ ਤੇ ਨਿਰੋਲ ਰਾਗ[1] ਮਾਨੋ ਅੰਦਰਲੇ ਦੀ ਬੋਲੀ ਹੈ। ਜਿਵੇਂ ਮਨ ਦੇ ਖਿਆਲਾਂ ਨੂੰ ਪ੍ਰਗਟ ਕਰਨ ਦੀ ਬੋਲੀ ਭਾਖਾ ਹੈ, ਜਿਸ ਵਿਚ ਅਸੀਂ ਆਪਣੇ ਭਾਵ ਦੱਸਦੇ ਹਾਂ, ਤਿਵੇਂ ਅੰਦਰਲੇ ਵਲਵਲੇ ਰਾਗ ਦੁਆਰਾ ਪ੍ਰਗਟ ਹੁੰਦੇ ਹਨ। ਅੰਦਰਲੇ ਦਾ ਟਿਕਾਉ ਵੀ ਰਾਗ ਨਾਲ ਆਉਂਦਾ ਹੈ, ਪਰ ਇਸ ਬੋਲੀ ਵਿਚ ਰਾਗ ਸਮਝਣਾ ਬੜਾ ਔਖਾ ਹੈ, ਇਸ ਕਰਕੇ ਮਨੁੱਖ ਨੇ ਰਾਗ ਵਿਚ ਆਪਣੀ ਭਾਖਾ ਰਲਾਈ ਹੈ। ਉਹ ਬੁਲਬੁਲ ਤੇ ਕੋਇਲ ਵਾਂਙ ਨਿਰੋਲ ਰਾਗ ਦੀ ਸੁਰ ਛੇੜਨ ਦੇ ਨਾਲ ਉਸ ਵਿਚ ਆਪਣੀ (ਭਾਖਾ) ਬੈਖਰੀ ਬੋਲੀ ਵੀ ਗਾਉਂਦਾ ਹੈ, ਜਿਸ ਵਿਚ ਦਿਲ ਦੇ ਖਿਆਲ ਤੇ ਵਲਵਲੇ ਆਖਦਾ ਹੈ। ਇਹ ਖਿਆਲ ਬੋਲੀ ਵਿਚ ਉਚਾਰੇ ਹੋਏ ਰਾਗ ਨਾਲ ਮਿਲਕੇ ਆਪਣੀ ਤਾਸੀਰ ਵੱਧ ਪ੍ਰਗਟ ਕਰਦੇ ਹਨ। ਸੋ ਕਈ ਇਨਸਾਨਾਂ ਨੇ ਇਸ ਤਰ੍ਹਾਂ ਨਾਲ ਮਾੜੇ ਵਾਕ ਰਾਗ ਵਿਚ ਪਾ ਕੇ ਗਾਵੇਂ ਹਨ ਤੇ ਐਉਂ ਰਾਗ ਦਾ ਵਰਤਾਉ ਮਾੜੇ ਥਾਵਾਂ ਤੇ ਕੀਤਾ ਹੈ। ਇਹ ਰਾਗ ਹੈ ਜੋ ਸ਼ਾਇਦ ਤੁਸਾਂ ਦੀ ਸ਼ਰਅ ਨੇ ਮਨ੍ਹੇ ਕੀਤਾ ਹੋਵੇ। ਜਦੋਂ ਕਾਮ, ਕ੍ਰੋਧ, ਵੈਰ, ਵਿਰੋਧ ਦੇ ਵਾਕ ਰਾਗਾਂ ਵਿਚ ਪਾਕੇ ਗਾਵੇਂ ਜਾਣ ਤਦੋਂ ਰਾਗ ਦਾ ਅਸਰ ਮਾੜਾ ਹੁੰਦਾ ਹੈ, ਪਰ ਇਹ ਰਾਗ ਦਾ ਆਪਣਾ ਅਸਰ ਨਹੀਂ, ਇਹ ਉਨ੍ਹਾਂ ਮਾੜੇ ਵਾਕਾਂ ਦਾ ਹੈ, ਇਸ ਲਈ ਮਾੜੇ ਵਾਕਾਂ ਦੇ ਸੰਗ ਨਾਲ ਮਾੜੇ ਅਸਰ ਪੈਦਾ ਕਰਨ ਵਾਲਾ ਰਾਗ ਨੂੰ ਨਾ ਸਮਝੋ, ਪਰ ਮਾੜੇ ਵਾਕਾਂ ਨੂੰ। ਰਾਗ ਨੂੰ ਉਨ੍ਹਾਂ ਮਾੜੇ ਵਾਕਾਂ ਤੋਂ ਵੱਖਰਾ ਕਰ ਲਓ, ਰਾਗ ਫਿਰ ਆਪਣੀ ਨਿਰੋਲ ਤੇ ਨਿਰਮਲ ਤਾਸੀਰ ਦੇਵੇਗਾ। ਕਦੇ ਕਿਸੇ ਰਸੀਏ ਨੂੰ ਕੇਵਲ ਤੰਬੂਰਾ ਛੇੜਕੇ ਬੈਠਿਆਂ ਵੇਖੋ ਕਿ ਉਹ ਨਿਰੋਲ ਸੁਰਾਂ ਦੀ ਤਾਸੀਰ ਵਿਚ ਕੀਕੂੰ ਸਰੂਰ ਵਿਚ ਹੁੰਦਾ ਹੈ, ਯਾ ਕਦੇ ਆਪੇ ਦੇ ਰਸ ਵਿਚ ਨਿਮਗਨ ਹੁੰਦਾ ਹੈ। ਨਿਰੋਲ ਰਾਗ ਤਾਂ ਐਸੀ ਸ਼ੈ ਹੈ ਕਿ ਪਸ਼ੂ ਬਿਰਤੀ ਦੇ ਭਾਵਾਂ ਨੂੰ ਬੀ ਉਚਿਆਂ ਕਰਕੇ ਵਿਸਮਾਦ ਵਿਚ ਲੈ ਜਾਂਦਾ ਹੈ।

ਹੁਣ ਤੁਸੀਂ ਆਪ ਹੀ ਵਿਚਾਰ ਕਰੋ ਕਿ ਮੈਲੇ ਕਪੜੇ ਵਿਚ ਬੱਧੇ ਹੀਰੇ ਨੂੰ ਮੈਲਾ ਤੇ ਤਜਾਗਣੇ ਲਾਇਕ ਕਹਿਣਾ ਮਾੜਾ ਹੈ ਕਿ ਨਹੀਂ? ਹੀਰਾ ਹੀਰਾ ਹੈ, ਮੈਲੀ ਲੀਰ ਤੋਂ ਉਸਨੂੰ ਵੱਖਰਾ ਕਰ ਲਓ, ਫਿਰ ਮਾੜੇ ਵਾਕਾਂ (ਵਾਕ ਕਹੋ, ਟੱਪੇ ਕਹੋ, ਗੀਤ ਕਹੋ, ਬੋਲ ਕਹੋ, ਕੁਛ ਕਹੋ) ਮਾੜੇ ਵਚਨਾਂ ਦੀ ਥਾਂ ਤੁਸੀਂ ਰਾਗ ਵਿਚ ਚੰਗੇ, ਉੱਚੇ, ਸੁੱਚੇ ਖਿਆਲ ਤੇ ਨਿਰਮਲ ਵਲਵਲੇ ਵਾਲੇ ਵਾਕ ਪਾਕੇ ਗਾਵੋਂ ਤਾਂ ਉਸੇ ਰਾਗ ਦੀ ਮਦਦ ਨਾਲ ਤੁਹਾਡੇ ਨਿਰਮਲ ਭਾਵਾਂ ਦੀ ਆਪਣੀ ਸੁਹਣੀ ਤਾਸੀਰ ਵਧ ਜਾਏਗੀ। ...... ਕੀ ਤੁਸਾਂ ਵਿਚ ਅੱਲਾ ਦੀ ਸਿਫਤ ਸਲਾਹ ਨਹੀਂ ਲਿਖੀ?

ਪੀਰ-ਜ਼ਰੂਰ ਲਿਖੀ ਹੈ, ਇਹੋ ਤਾਂ ਉਸ ਦੀ ਇਬਾਦਤ ਹੈ।

ਗੁਰੂ ਜੀ-ਫੇਰ ਸੋਚੋ ਸਿਫਤ ਸਲਾਹ ਤਿੰਨ ਤਰ੍ਹਾਂ ਨਾਲ ਹੁੰਦੀ ਹੈ-ਇਕ ਤਾਂ ਸਿਫਤ ਸਲਾਹ ਦੇ ਭਾਵ ਖਿਆਲ, ਵਲਵਲੇ ਤੇ ਤਰੰਗ ਅੰਦਰ ਉਪਜਦੇ ਹਨ ਤੇ ਸਾਹਿਬ ਦੇ ਧਿਆਨ ਵਿਚ ਉਸ ਦੇ ਚਰਨਾਂ ਦੇ ਅਰਪਨ ਹੁੰਦੇ ਹਨ। ਦੂਸਰੇ ਓਹ ਖਿਆਲ ਜ਼ੁਬਾਨ ਦੁਆਰਾ ਬਾਣੀ ਦਾ ਰੂਪ ਲੈਕੇ ਪ੍ਰਗਟ ਹੁੰਦੇ ਹਨ, ਦਿਲ ਰੱਬ ਦੇ ਰੁਖ ਵਿਚ ਹੁੰਦਾ ਹੈ ਤੇ ਜ਼ੁਬਾਨ ਉਹ ਖਿਆਲ ਅਰਪਨ ਕਰਦੀ ਹੈ। ਤੀਜੇ ਉਹੋ ਸਿਫਤ ਸਲਾਹ ਅੰਦਰਲੇ ਤ੍ਰੰਗ ਤੇ ਵਲਵਲੇ ਬਾਣੀ ਦਾ ਰੂਪ ਲੈਕੇ ਰਾਗ ਨਾਲ ਮਿਲਕੇ ਗਾਇਨ ਹੁੰਦੇ ਹਨ। ਇਹ ਤੀਸਰੀ ਕਿਸਮ ਖਾਸ ਸਮਿਆਂ ਤੇ ਅਪਣੇ ਉਪਰ ਅਰ ਦੂਸਰਿਆਂ ਉਪਰ ਤਾਸੀਰ ਵਿਚ ਜ਼ਬਰਦਸਤ ਹੁੰਦੀ ਹੈ ਤੇ ਥੋੜ੍ਹਾ ਬਹੁਤ ਹਰ ਇਕ ਉਤੇ ਅਸਰ ਕਰਦੀ ਹੈ।

[1] ਜਿਸ ਵਿਚ ਬੋਲ ਨਹੀਂ ਹਨ, ਸ੍ਵਰਾਂ ਦਾ ਅਲਾਪ ਰਾਗ ਮਾਤ੍ਰ ਹੈ।

ਰਾਗ ਇਕ ਪੰਘਾਰ ਦੇਣੇ ਵਾਲੀ-ਦਿਲ ਨੂੰ-ਨਰਮ ਕਰਨ ਵਾਲੀ ਸ਼ੈ ਹੈ। ਜਿਸ ਵੇਲੇ ਮਨ ਸਖਤ ਹੋਵੇ ਇਸ ਉਤੇ ਚੰਗੇ ਖਿਆਲਾਂ ਨੂੰ ਉਕਰਨਾਂ ਬੜੀ ਔਖੀ ਗੱਲ ਹੈ, ਪਰ ਜਦ ਮਨ ਨਰਮ ਹੋਇਆ ਹੋਵੇ ਉਸ ਵੇਲੇ ਚੰਗੇ ਖਯਾਲਾਂ ਨੂੰ ਇਸ ਉਪਰ ਉਕਰਨਾ ਸੌਖਾ ਹੁੰਦਾ ਹੈ। ਇਸ ਕਰਕੇ ਜਦ ਰੱਬੀ ਪਯਾਰ ਦੇ ਖਯਾਲ, ਸਿਫਤ ਸਲਾਹ ਦੇ ਵਲਵਲੇ, ਪ੍ਰੇਮ ਦੇ ਤ੍ਰੰਗ, ਸਿੱਖਯਾ ਦੇ ਵਾਕ, ਮਨਾਂ ਪਰ ਉਕਰਨੇ ਹੋਣ ਤਾਂ ਰਾਗ ਦਾ ਸੇਕ ਦੇਕੇ ਮਨ ਪੰਘਾਰ ਲਵੀਏ, ਤਾਂ ਓਹ ਸੌਖ ਨਾਲ ਮਨ ਵਿਚ ਉੱਕਰੇ ਜਾਂਦੇ ਹਨ[੧]।

ਪੀਰ-ਗੱਲਾਂ ਤਾਂ ਸਾਰੀਆਂ ਦਿਲ ਪੁੜਵੀਆਂ ਆਖੀਆਂ ਨੇ, ਇਹੋ ਗੱਲ ਹੋਣੀ ਹੈ ਜੋ ਰਾਗ ਮਨ੍ਹੇ ਹੈ, ਰਾਗ ਮਨ੍ਹੇ ਕਰਨਾ ਮਤਲਬ ਨਹੀਂ ਹੋਣਾ, ਪਰ ਮਾੜੇ ਖਯਾਲਾਂ ਦੇ ਗੌਣ ਗਾਵਣੇ ਮਨ੍ਹੇ ਹੋਸਣ।

ਗੁਰੂ ਜੀ-ਪੀਰ ਜੀ! ਇਕ ਹੋਰ ਬੇਵਸੀ ਦੀ ਗੱਲ ਹੈ, ਰਾਗ ਰੋਕਿਆਂ ਰੁਕ ਨਹੀਂ ਸਕਦਾ, ਚਾਹੋ ਮੁਸਲਮਾਨ ਹੈ ਚਾਹੋ ਯਹੂਦੀ, ਚਾਹੋ ਈਸਾਈ ਹੈ ਚਾਹੋ ਹਿੰਦੂ, ਚਾਹੋ ਉਸ ਦੇ ਮਤ ਵਿਚ ਰਾਗ ਰਵਾ ਹੈ ਤੇ ਚਾਹੋ ਰਵਾ ਨਹੀਂ ਹੈ, ਗਾਉਂਦਾ ਸਭ ਕੋਈ ਹੈ ਰਾਜਾ ਭੀ ਗਾਉਂਦਾ ਹੈ ਤੇ ਕੰਗਾਲ ਬੀ। ਹਾਲੀ ਨੂੰ ਹਲ ਮਗਰ ਟੁਰਦਾ ਤੱਕੋ ਕਿਸੇ ਨ ਕਿਸੇ ਵੇਲੇ ਕੁਛ ਗਾਵੇਗਾ, ਮਲਾਹ ਨੂੰ ਚੱਪੇ ਲਾਉਂਦਾ ਤੱਕੋ ਕਿਸੇ ਨ ਕਿਸੇ ਵੇਲੇ ਕੋਈ ਟੱਪਾ ਛੇੜੇਗਾ, ਚੰਗਾ ਗਾਵੇ ਚਾਹੇ ਮਾੜਾ ਪਰ ਗਾਵੇਗਾ। ਮਜ਼ਦੂਰ ਟੋਕਰੀ ਢੋਂਦਾ, ਚੂਨਾ ਕੁੱਟਦਾ ਕੋਈ ਨ ਕੋਈ ਸੁਰ ਲਾਵੇਗਾ, ਪਨਿਹਾਰੀ ਪਾਣੀ ਦੀ ਗਾਗਰ ਸਿਰ ਤੇ ਲਿਜਾਂਦੀ ਰਾਗ ਕਰੇਗੀ, ਰਾਣੀ ਜੰਗ ਨੂੰ ਗਏ ਰਾਜੇ ਦੀ ਯਾਦ ਵਿਚ ਬਿਰਹੇ ਕਰੇਗੀ! ਇਉਂ ਤੁਸੀਂ ਫਿਰ ਟੁਰਕੇ ਸਾਰੇ ਤੱਕ ਲਵੋ ਸਭ ਕੋਈ ਗਾਵਣ ਦੀ ਟੂੰ ਟਾਂ ਕਰਦਾ ਹੈ। ਜੇ ਇਹ ਗੱਲ ਹੋਣੀ ਹੈ ਕਿ ਗਾਉਣੋਂ ਲੋਕਾਂ ਰੁਕ ਨਹੀਂ ਸਕਣਾ ਤਾਂ ਸੁਹਣੇ ਸੁਹਣੇ ਖ਼ਿਆਲ, ਉਚੇ ਉਚੇ ਵਲਵਲੇ, ਸੁੱਚੇ ਸੁੱਚੇ ਤ੍ਰੰਗ, ਸਿਫਤ ਸਲਾਹ ਦੇ ਭਾਵ, ਸਚੇ ਪ੍ਰੇਮ ਦੇ ਰੰਗ, ਸਿੱਖਆ ਦੇ ਵਾਕ, ਉਪਦੇਸ਼ਾਂ ਦੇ ਭਾਵ ਸੁਹਣੇ ਵਾਕਾਂ ਵਿਚ ਰਚੋ ਤੇ ਗਾਵੋ; ਗਰੀਬ ਅਮੀਰ ਸਭ ਨੂੰ ਪਿਆਰੇ ਲੱਗਣ, ਸਭ ਦੀਆਂ ਜੀਭਾਂ ਤੇ ਚੜ੍ਹ ਜਾਣ, ਆਪਣੇ ਰੰਗਾਂ ਮੌਜਾਂ ਵਿਚ ਪੰਛਿਆਂ ਵਾਂਙੂ ਸੁਰਾਂ ਛੇੜਨ, ਗਾਉਣ, ਖਬਰੇ ਕਿਹੜੇ ਵੇਲੇ ਕਿਹੜਾ ਖਿਆਲ, ਕਿਹੜਾ ਟੱਪਾ ਤਾਰਨ ਹਾਰ ਅਸਰ ਕਰ ਜਾਏਗਾ, ਸਰਬ ਸਾਧਾਰਣ ਦਾ ਇਖਲਾਕ ਸਵਰੇਗਾ, ਉਹਨਾਂ ਦੇ ਮਨ ਵਿਸ਼ਾਲ ਹੋਣਗੇ, ਉਹਨਾਂ ਦੀਆਂ ਪਸ਼ੂ ਬ੍ਰਿਤੀਆਂ ਤੇ ਨੀਂਵੇ ਵਲਵਲੇ ਉੱਚੇ ਹੋ ਜਾਣਗੇ ਜੇ ਤੁਸਾਂ ਰਾਗ ਨੂੰ ਧਰਮ ਨਾਲੋਂ, ਉਚੇ ਭਾਵਾਂ ਤੇ ਸੁਚੇ ਵਲਵਲਿਆਂ ਤੋਂ ਵੱਖਰਾ ਕਰ ਦਿੱਤਾ ਤਦ ਲੋਕਾਂ ਨੇ ਬੇਵਸੇ ਆਪਣੇ ਅਸਲੇ ਦੇ ਸੁਭਾਵ ਵਿਚ ਕੁਝ ਨਾ ਕੁਝ ਗਾਉਣਾ ਹੈ, ਓਹ ਗਾਉਣਗੇ ਜ਼ਰੂਰ ਪਰ ਕੀਹ? ਜੋ ਉਨ੍ਹਾਂ ਨੂੰ ਸੁਲਭ ਹੈ। ਸੁਲਭ ਕੀਹ ਹੈ? ਇਸ਼ਕ ਹੁਸਨ ਦੇ ਝਗੜੇ, ਭੈੜੀਆਂ ਵਾਸ਼ਨਾਂ ਦੇ ਟੱਪੇ, ਮਖੌਲ ਠੱਠੇ, ਵੈਰ, ਡਾਹ ਦੇ ਸੋਹਿਲੇ, ਝੂਠੇ ਝਗੜੇ, ਲੜਾਈਆਂ, ਇਹ ਸ਼ੈਆਂ ਰਾਗਾਂ ਵਿਚ ਗਾਉਂਦੇ ਲੋਕ ਨੀਵੇਂ ਨੀਵੇਂ ਖ਼ਿਆਲਾਂ ਵਿਚ ਰਹਿਣਗੇ।

ਹੇ ਪੀਰ ਜੀ! ਰਾਗ ਨੀਵਾਂ ਨਹੀਂ ਹੈ, ਰਾਗ ਆਪੂੰ ਨੀਵੇਂ ਨਿਵਾਸਾਂ ਵਿਚ ਨਹੀਂ ਜਾ ਰਿਹਾ, ਪਰ ਤੁਸਾਡੇ ਰਾਗ ਨੂੰ ਤ੍ਰਾਹ ਦੇਣ ਨਾਲ ਨੀਵੇਂ ਲੋਕ ਪੇਟ ਪਾਲਣ ਵਾਸਤੇ ਇਸ ਨੂੰ ਨੀਵੇਂ ਨਿਵਾਸਾਂ ਵਿਚ ਲੈ ਗਏ ਹਨ ਤੇ ਜਗਤ ਦਾ ਇਖ਼ਲਾਕ ਤੇ ਸਦਾਚਾਰ ਗੁਵਾਕੇ ਤੇ ਨਫਸ ਨੂੰ ਰਿਝਾਵਣ ਵਾਲੇ ਨਫਸਾਨੀ (ਸਰੀਰਕ) ਸੁਖਾਂ ਵਿਚ ਮਸਤ ਕਰ ਦੇਣ ਵਾਲੇ ਕੰਮਾਂ ਦੀ ਰੁਚੀ ਦਿਵਾਕੇ ਆਪਣਾ ਪੇਟ ਪਾਲਣ ਵਿਚ ਵਰਤ ਰਹੇ ਹਨ। ਸੋ ਇਹ ਭੁੱਲ ਹੈ, ਜੋ ਰਾਗ ਜੈਸੇ ਪਵਿੱਤ੍ਰ ਕੁਦਰਤੀ ਪ੍ਰੇਰਕ ਨੂੰ ਇਬਾਦਤ, ਭਗਤੀ ਤੇ ਉੱਚੇ ਵਲਵਲੇ ਦੇ ਮੰਡਲ ਤੋਂ ਵੱਖ ਕੀਤਾ ਜਾਵੇ। ਰਾਗ ਦਾ ਪ੍ਰਯੋਜਨ ਇਹ ਹੈ ਕਿ ਇਹ ਰੂਹ ਨੂੰ ਹਿਸਾਬੀ ਕਿਤਾਬੀ ਲੇਖੇ ਗੇਣਤੀਆਂ ਤੋਂ ਉੱਚਾ ਕਰੇ, ਸਰੀਰਕ ਸੁਖਾਂ ਤੋਂ ਨਜ਼ਰ ਉਚੇਰੀ

---

[੧] ਪਿਛਲੀ ਗਲਬਾਤ ਦਾ ਨਿਚੋੜ ਇਹ ਹੈ:-

੧. ਰਾਗ ਮਨੁਖ ਦੀ ਰਚਨਾਂ ਨਹੀਂ, ਮਨੁਖ ਨੇ ਇਸ ਦੇ ਨੇਮਾਂ ਨੂੰ ਲੱਭਿਆ ਹੈ, ਤਾਂਤੇ ਇਹ ਕੋਈ ਕੁਦਰਤੀ ਸ਼ੈ ਹੈ।

੨. ਇਹ ਰਾਗ ਅਸੀਂ ਦੇਖਦੇ ਹਾਂ ਕਿ ਮਨ ਨੂੰ ਪੰਘਾਰਦਾ ਹੈ, ਪੰਘਰੇ ਮਨ ਤੇ ਪਾਏ ਖਿਆਲ ਟਿਕਦੇ ਹਨ ਤੇ ਡੂੰਘੇ ਉਤਰਦੇ ਹਨ, ਤਾਂਤੇ ਉਤਮ ਖਿਆਲਾਂ ਤੋਂ ਉਚੇ ਵਲਵਲਿਆਂ ਦੇ ਮਨਾਂ ਪਰ ਉੱਕਰਨ ਲਈ ਅਸੀਂ ਰਾਗ ਜੈਸੀ ਸੁਹਣੀ ਸ਼ੈ ਨੂੰ ਕਿਉਂ ਨਾ ਵਰਤੀਏ? ਹਾਂ ਰਾਗ ਦੇ ਉਸ ਵਰਤਾਉ ਨੂੰ-ਜੋ ਮੰਦੇ ਗੀਤ ਤੇ ਗੌਣ ਰਾਗ ਵਿਚ ਪਾਕੇ ਗਾਵਿਆਂ ਅੰਦਰ ਮਾੜੇ ਖ਼ਿਆਲ ਉਪਜਦੇ ਹਨ-ਰੋਕੀਏ!

ਲੈ ਜਾਵੇ, ਵਿਸਮਾਦ ਦੁਆਰਾ ਨਿਰੋਲ ਆਤਮ ਦੇ ਮੰਡਲ ਵਿਚ ਲੈ ਜਾਵੇ ਤੇ ਫਿਰ ਪਰਮਾਤਮਾਂ ਦੇ ਮੇਲ ਆਦਿ ਵਿਚ ਸੱਟ ਦੇਵੇ। ਰਾਗ ਇੱਕ ਪੌੜੀ ਹੈ ਜੋ ਧਰਤੀ ਤੋਂ ਅਰਸ਼ਾਂ ਨੂੰ ਲੈ ਜਾਂਦੀ ਹੈ, ਰਾਗ ਇਕ ਕਿਸ਼ਤੀ ਹੈ ਜੋ ਨਫਸ ਦੀ ਤੰਗ ਨਦੀ ਤੋਂ ਬੇਖੁਦੀ ਦੇ ਸਮੁੰਦਰ ਵਿਚ ਲੈ ਜਾਂਦੀ ਹੈ।

ਪੀਰ(ਠੰਢਾ ਤੇ ਲੰਮਾ ਸਾਹ ਭਰਕੇ)-ਠੀਕ ਫੁਰਮਾਯਾ ਨੇ, ਹੈਰਾਨੀ ਹੈ ਕਿ ਸਾਡੇ ਵਿਚ ਰਾਗ ਕਿਉਂ ਮਨ੍ਹੇ ਕੀਤਾ?

ਗੁਰੂ ਸਾਹਿਬ ਤਾਂ ਉੱਪਰਲੀ ਵਾਰਤਾ ਕਰਦੇ ਆਪਣੇ ਮਾਲਕ ਦੇ ਸਿਫਤ ਸਲਾਹੀ ਰੰਗ ਵਿਚ ਮਗਨ ਹੋ ਗਏ ਸੇ, ਨੈਣ ਬੰਦ ਸੇ, ਸਾਰਾ ਸਰੀਰ ਇਕ ਸੰਗੀਤਕ ਸਾਜ਼ ਵਾਂਙੂ ਇਲਾਹੀ ਝਰਨਾਟ ਨਾਲ ਰਾਗ ਰੂਪ ਹੋ ਰਿਹਾ ਸੀ, ਪੀਰ ਦੀ ਛੇਕੜਲੀ ਗੱਲ ਪਰ ਬੀ ਆਪ ਦੇ ਨੈਣ ਨਹੀਂ ਖੁਲ੍ਹੇ। ਤਦ ਪੀਰ ਜੀ ਨੇ ਮਰਦਾਨੇ ਵਲ ਤੱਕਿਆ, ਮਰਦਾਨੇ ਨੇ ਆਪਣੇ ਮਾਲਕ ਨੂੰ ਅਪਣੇ ਰੰਗ ਵਿਚ ਵੇਖਕੇ ਜ਼ਰਾ ਅੱਗੇ ਹੋਕੇ ਪੀਰ ਜੀ ਨੂੰ ਹੌਲੇ ਜੇਹੇ ਕਿਹਾ:-ਹਜ਼ਰਤ ਮੁਹੰਮਦ ਜੀ ਨੇ ਬੀ ਇਲਾਹੀ ਸਰੋਦ ਸਿਫਤ ਸਲਾਹ ਦੀ ਮਨ੍ਹੇ ਨਹੀਂ ਕੀਤੀ। ਤੁਸੀਂ ਚੇਤੇ ਕਰੋ। ਇਕ ਜ਼ਿਕਰ ਹੈ ਕਿ ਨਹੀਂ ਕਿ ਇਕ ਦਿਨ ਹਜ਼ਰਤ ਜੀ ਇੱਕ ਰਾਗ ਰੰਗ ਦੇ ਮੰਡਲ ਵਿਚ ਆਪਣੀ ਆਦਰ ਯੋਗ ਸੁਪਤਨੀ ਨੂੰ ਲੈਕੇ ਆਪ ਗਏ ਸਨ, ਰਾਗ ਤੋਂ ਨਫਰਤ ਹੁੰਦੀ ਤਾਂ ਆਪਣੀ ਸੁਪਤਨੀ ਨੂੰ ਕਿਉਂ ਆਗਿਆ ਦੇਂਦੇ ਤੇ ਫੇਰ ਆਪ ਕਿਉਂ ਨਾਲ ਜਾਂਦੇ ਤੇ ਸੁਣਦੇ[1]।

ਕੁਰਾਨ ਸਾਰਾ ਵਾਰਤਕ ਨਹੀਂ, ਕਵਿਤਾ ਵਿਚ ਬੀ ਹੈ, ਕਵਿਤਾ ਦੀ ਰਚਨਾ ਦਾ ਇੱਕ ਪ੍ਰਯੋਜਨ ਉਸ ਦੇ ਰਾਗ ਵਿਚ ਗਾਵੇਂ ਜਾਣ ਦਾ ਹੁੰਦਾ ਹੈ। ਸੋ ਰਾਗ ਦਾ ਰਵਾ ਹੋਣਾ ਇੱਕ ਤਰ੍ਹਾਂ ਨਾਲ ਕੁਰਾਨ ਹੀ ਤੋਂ ਜਾਇਜ਼ ਹੋ ਗਿਆ। ਫਿਰ ਸੋਚੋ, ਕੋਈ ਆਇਤ ਰਾਗ ਦੇ ਨਾ-ਰਵਾ ਹੋਣ ਵਿਚ ਓਥੇ ਹੈ ਨਹੀਂ।

੪.

ਕੁਛ ਚਿਰ ਮਗਰੋਂ ਸਤਿਗੁਰ ਜੀ ਦੇ ਇਲਾਹੀ ਨੈਣ ਖੁਲ੍ਹੇ ਜੋ ਰੱਬੀ ਪਿਆਰ ਨਾਲ ਡੁਲ੍ਹ ਡੁਲ੍ਹ ਪੈ ਰਹੇ ਸਨ। ਪੀਰ ਨੇ ਨੈਣ ਡਿੱਠੇ, ਇਕ ਝਰਨਾਟ ਸਰੀਰ ਵਿਚੋਂ ਲੰਘੀ, ਕਾਲਜੇ ਵਿਚ ਕੁਛ ਹੋਇਆ, ਆਪਣੇ ਨੈਣ ਨੀਵੇਂ ਕਰ ਲਏ, ਦਿਲ ਨੇ ਕਿਹਾ:-ਇਸਦੇ ਨੈਣ ਪਿੱਛੇ ਗ਼ੈਬ ਨਾਲ ਲੱਗੇ ਹੋਏ ਹਨ, ਕੇਹੀ ਰਸੀਲੀ ਨਜ਼ਰ ਹੈ, ਪਰ ਇਹ ਅਸਾਂ ਵਾਂਙੂ ਸ਼ਰਅ ਫ਼ਿਕਾ ਵਿਚ ਬੱਝਾ ਮੋਮਨ ਕਿਉਂ ਨਹੀਂ, ਪਰ ਆਖਾਂ ਕੀ, ਰਾਗ ਪਰ ਜੋ ਗੱਲਾਂ ਕੀਤੀਆਂ ਹੈਨੇਂ ਕਾਟ ਕਰਦੀਆਂ ਹਨ, ਕੋਈ ਗੱਲ ਕਿਸੇ ਨੂੰ ਦੁਖਾਵੀਂ ਨਹੀਂ ਕਹਿੰਦਾ, ਫਿਰ ਸਾਰ ਬੋਲਦਾ ਹੈ ਸਾਰ। ਹੱਛਾ, ਚੰਗਾ ਹੋਰ ਪਤਾ ਕਰੀਏ, ਦੂਸਰੇ ਅਸਚਰਜ ਦਾ ਹਾਲ ਸੁਣੀਏ। ਏਹ ਲੱਖਾਂ ਪਤਾਲ ਅਕਾਸ਼ ਕਹੇ ਹਨ, ਇਨ੍ਹਾਂ ਦਾ ਮਾਜਰਾ ਪੁਛੀਏ, ਕਿਵੇਂ ਬੋਲਦਾ ਹੈ, ਸੱਚ ਝੂਠ ਨੂੰ ਕਿਵੇਂ ਤੋਲਦਾ ਹੈ। ਤਾਂ ਪੀਰ ਨੇ ਕਿਹਾ:-

ਆਪ ਜੀ ਨੇ ਫੁਰਮਾਇਆ ਹੈ ਕਿ ਲੱਖਾਂ ਪਤਾਲ ਤੇ ਅਕਾਸ਼ ਹਨ, ਸੋ ਕਿਵੇਂ ਗਲ ਹੈ ? ਸਾਡੇ ਤਾਂ ਚੌਦਾਂ ਤਬਕ ਕਹੇ ਹਨ, ਸੱਤ ਅਕਾਸ਼ ਸੱਤ ਪਤਾਲ ਹਨ, ਤੁਸਾਂ ਨੇ ਕਿਵੇਂ ਲੱਖਾਂ ਦੀ ਗੇਣਤੀ ਆਖੀ ਹੈ ? ਪੜ੍ਹੇ ਹੈਨੇ, ਤੱਕੇ ਹੈਨੇ ਕਿ ਅਨੁਮਾਨ ਲਾਇਆ ਹੈਨੇ ?

ਗੁਰੂ ਜੀ ਅਜੇ ਉਸੇ ਰੰਗ ਵਿਚ ਸਨ, ਕਦੇ ਨੈਣ ਖੁੱਲ੍ਹਦੇ ਸਨ, ਕਦੇ ਮਿਟਦੇ ਸਨ, ਕਦੇ ਝੁਕ ਝੁਕ ਪੈਂਦੇ ਸਨ। ਪ੍ਰਸ਼ਨ ਆਪ ਨੇ ਸੁਣ ਲਿਆ ਸੀ, ਪਹਿਲਾਂ ਤਾਂ ਆਪ ਨਾਂ ਬੋਲੇ, ਪਰ ਕੁਛ ਠਹਿਰ ਕੇ ਨੀਮ ਮਸਤ ਅਵਾਜ਼ ਵਿਚ ਬੋਲੇ: ਜਿਨ੍ਹਾਂ ਚੌਦਾਂ ਡਿੱਠੇ ਹੋਸਣ ਉਨ੍ਹਾਂ ਨੇ ਚੌਦਾਂ ਦੀ ਖ਼ਬਰ ਦਿੱਤੀ, ਜਿਨ੍ਹਾਂ ਲੱਖਾਂ ਡਿੱਠੇ, ਉਸ ਲੱਖਾਂ ਹੀ ਕੂਕਣੇ ਹੋਏ, ਆਪੋ ਆਪਣੀ ਤੱਕ ਹੈ, ਇਸ ਵਿਚ ਝੇੜਾ ਕਾਹਦਾ ?

ਪੀਰ-ਅਸਾਂ ਨੂੰ ਕਿਉਂ ਨਹੀਂ ਦੀਹਦੇ ?

ਗੁਰੂ ਜੀ-ਕਈ ਮਨੁੱਖਾਂ ਦੀ ਨਜ਼ਰ ਤੇ ਹਿਸਾਬ ਚੌਦਾਂ ਤਬਕੇ ਸਤਾਰਿਆ ਦੇ ਅਸਮਾਨਾਂ ਵਿਚ ਜਾਚਦੀ ਹੈ, ਪਰ ਰਚਨਾਂ ਪਰੇ ਤੋਂ ਪਰੇ ਹੈ[1]। ਲੱਖਾਂ ਤਬਕ ਹਨ, ਉਨ੍ਹਾਂ ਵਿਚ ਕ੍ਰੋੜਾਂ ਅਰਬਾਂ ਤਾਰੇ ਸੂਰਜ, ਚੰਦ ਹਨ ਅਰ ਓਹ ਕ੍ਰੋੜਾਂ ਦਰ ਕ੍ਰੋੜਾਂ ਮੀਲ ਚਲਦੇ ਹਨ[2]। ਪੀਰ ਜੀ ! ਕਾਇਨਾਤ ਬੜੀ ਵੱਡੀ ਹੈ, ਪਰੇ ਤੋਂ ਪਰੇ ਹੈ, ਇਹ ਜੋ ਵਿੱਖ ਦਿਸਦੀ ਹੈ, ਜਿਸ

[1] ਸਹੀਅ ਬੁਖ਼ਾਰੀ ਤੇ ਰੋਜ਼ਾ ਤੁੱਲ ਇਹਬਾਬ।

[1] ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ {ਜਪੁਜੀ}

[2] ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥ {ਵਾਰ ਆਸਾ ਮ:੧}

ਦੇ ਉੱਪਰਲੇ ਭਾਸ ਰਹੇ ਪਾਸੇ ਨੂੰ ਅਸੀਂ ਅਕਾਸ਼ ਤੇ ਹੇਠਾਂ ਵਲ ਨੂੰ ਭਾਸ ਰਹੇ ਨੂੰ ਪਤਾਲ ਕਹਿੰਦੇ ਹਾਂ, ਪਰੇ ਤੋਂ ਪਰੇ ਹੈ। ਗਿਣਤੀ ਕੌਣ ਕਰ ਸਕਦਾ ਹੈ? ਰਚਣਹਾਰ ਆਪ ਆਪਣੀ ਕੀਤੀ ਨੂੰ ਪੂਰੀ ਤਰ੍ਹਾਂ ਜਾਣਦਾ ਹੈ। ਅਸੀਂ ਮਨ ਵਾਲੇ ਹੋਣ ਕਰਕੇ ਬਹੁਤ ਕੁਛ ਜਾਂਚ ਪੜਤਾਲ ਸਕਦੇ ਹਾਂ, ਪਰ ਅੰਤ ਨਹੀਂ ਲੈ ਸਕਦੇ, ਸਾਰੀ ਵਯਾਖਯਾ ਨਹੀਂ ਜਾਣ ਸਕਦੇ। ਸਾਡੇ ਲਈ ਭਾਵੇਂ ਸ਼ੁਮਾਰ ਵਿਚ ਨਾ ਆਉਣ ਕਰਕੇ ਬੇਸ਼ੁਮਾਰ ਕਹੀ ਜਾਵੇ, ਪਰ ਇਹ ਨਾ ਸਮਝੋ ਕਿ ਇਹ ਕਾਇਨਾਤ ਅਸਲੋਂ ਬੇਸ਼ੁਮਾਰ ਹੈ। ਰਚਣਹਾਰ ਤੇ ਕਰਨਹਾਰ ਲਈ ਇਹ ਸ਼ੁਮਾਰ ਵਾਲੀ ਹੈ, ਅੰਤ ਵਾਲੀ ਹੈ, ਕੇਵਲ ਉਹ ਆਪ ਬੇਅੰਤ ਹੈ, ਅਨੰਤ ਹੈ ਤੇ ਬੇਸ਼ੁਮਾਰ ਹੈ।

ਪੀਰ ਜੀ-ਇਹ ਕਿਵੇਂ ? ਹੈਂ ........!

ਗੁਰੂ ਜੀ-ਸਾਡੇ ਲਈ ਇੰਨੀ ਵੱਡੀ ਤੇ ਦੂਰ ਦੂਰ ਹੈ ਕਿ ਅਸੀਂ ਇਸਨੂੰ ਬੇਸ਼ੁਮਾਰ-ਬੇਅੰਤ ਕਹਿੰਦੇ ਹਾਂ, ਪਰ ਕਰਨਹਾਰ ਦੀ ਕੀਤੀ ਹੋਣ ਕਰਕੇ ਉਸ ਦੇ ਸਾਹਮਣੇ ਇਹ ਅੰਤ ਵਾਲੀ ਹੈ। ਜੇ ਤੁਸੀਂ ਇਸਨੂੰ ਉਸਦੇ ਤੁਲ ਬੇਅੰਤ ਅਨੰਤ ਕਹੋਗੇ ਤਾਂ ਦੋ ਬੇਅੰਤ ਹੋ ਜਾਣਗੇ, ਦੋ ਬੇਅੰਤ ਕਹਿਣੇ ਦੋਹਾਂ ਨੂੰ ਅੰਤ ਵਾਲੇ ਕਹਿਣ ਦੇ ਤੁਲ ਹੈ। .....ਪੀਰ ਜੀ, ਰੱਬ ਅਨੰਤ ਹੈ ਕੇਵਲ ਉਹ ਬੇਸ਼ੁਮਾਰ ਹੈ।

ਪੀਰ (ਬੁੱਲ ਟੁੱਕਕੇ)-ਠੀਕ..... ਠੀਕ..... ਠੀਕ..., ਪਰ ਫੇਰ ਤੁਸਾਂ ਕਿਵੇਂ ਲੱਖਾਂ ਸਹੀ ਕੀਤੇ ਹਨ?

ਗੁਰੂ ਜੀ-ਗਿਣਨਾਂ ਮਿਣਨਾ ਅਕਾਸ਼ਾਂ ਗ੍ਰੈਹਾਂ ਤਾਰਿਆਂ ਦਾ ਤਾਂ ਜਜੋਤਸ਼ੀਆਂ ਦਾ ਕੰਮ ਹੈ, ਫਕੀਰਾਂ ਦਾ ਕੰਮ ਨਹੀਂ। ਰਾਤ ਨੂੰ ਦਿੱਸਦੇ ਸਤਾਰੇ ਤੇ ਇਨ੍ਹਾਂ ਦੇ ਤਬਕਾਂ ਯਾ ਅਕਾਸ਼ਾਂ ਦੀ ਵੰਡ ਉਨ੍ਹਾਂ ਦੀ ਵਿੱਦਯਾ ਦਾ ਕਿੱਤਾ ਹੈ। ਸਾਡਾ ਕਿੱਤਾ ਰਚਨਹਾਰ ਦਾ ਪ੍ਰੇਮ ਹੈ, ਫ਼ਕੀਰਾਂ ਨੂੰ ਤਾਂ ਰਾਤ ਨੂੰ ਸਿਰ ਉਤੇ ਚਮਕਦੇ ਅਰਸ਼ ਵਿਸਮਾਦ ਦਾ ਰੰਗ ਲਾਉਂਦੇ ਹਨ। ਇਨਸਾਨ ਦੀ ਮਾਮੂਲੀ ਅੱਖ ਲਈ ਅਮਿਣਵੀਆਂ ਡੂੰਘਾਈਆਂ ਵਿਚ ਇਨ੍ਹਾਂ ਅਰਬਾਂ ਖਰਬਾਂ ਚਮਕਦੇ ਨੂਰੀ ਪਿੰਡਾਂ ਦਾ ਸਿਰ ਤਲਵਾਏ ਉਡਦੇ ਜਾਣਾ ਹਰਖ ਤੇ ਵਿਸਮਾਦ ਦਾ ਰੰਗ ਚਾੜ੍ਹਦਾ ਹੈ। ਜਜੋਤਸ਼ੀ ਇਨ੍ਹਾ ਨੂੰ ਗਿਣਦਾ ਮਿਣਦਾ ਹੈ, ਪਰ ਫਕੀਰ ਦੀ ਵਿਸਮਾਦ ਦ੍ਰਿਸ਼ਟੀ ਕਿਸੇ ਵੇਲੇ ਮਿੱਟੀ ਦੇ ਨੈਣ ਬੰਦ ਕਰਕੇ ਸਮਾਧੀ ਵਿਚ ਖੁਲ੍ਹਦੀ ਹੈ ਤੇ ਜੇ ਤਦੋਂ ਅਕਾਸ਼ੀ ਜਜੋਤੀਆਂ ਵਲ ਜੁੜ ਬੈਠੇ ਤਾਂ ਕੋਈ ਡੂੰਘੇ ਨਜ਼ਾਰੇ ਵੱਜ ਜਾਂਦੇ ਹਨ, ਤਦੋਂ ਦਿੱਸਦਾ ਹੈ ਕਿ ਇਹ ਤਾਂ ਅਰਬਾਂ ਖਰਬਾਂ ਹਨ। ਜੋ ਹਿਸਾਬੀ ਚੌਦਾਂ ਗਿਣ ਰਹੇ ਹਨ, ਕਦੇ ਸੱਤ ਗਿਣਦੇ ਸਨ, ਕਦੇ ਹੋਰ ਅੱਗੇ ਵਧਣਗੇ। ਹਾਂ, ਫਕੀਰ ਨੂੰ ਰਾਤ ਦਾ ਗਗਨ-ਮੰਡਲ ਵਿਸਮਾਦ ਰੰਗ ਦੇਂਦਾ ਹੈ ਤੇ ਕਦੇ ਸਹਿ ਸੁਭਾ ਜਾਗ ਪਏ ਅੰਦਰਲੇ ਨੈਣ ਇੰਨੀ ਵਿਸ਼ਾਲਤਾ ਦਿਖਾਲਦੇ ਹਨ ਕਿ ਅਰਬਾਂ ਖਰਬਾਂ ਮੀਲਾਂ ਤੇ ਜਾਕੇ ਬੀ ਨਾ ਵਿੱਥ ਦੀ ਮਿਣਤੀ ਤੇ ਨਾ ਇਨ੍ਹਾਂ ਨੂਰੀ ਸਰੀਰਾਂ ਦੀ ਗਿਣਤੀ ਮੁੱਕਦੀ ਹੈ। ਫਕੀਰ ਦੀ ਆਪਣੀ ਇੱਛਾ ਨਾਲ ਜਾ ਰਹੀ ਦ੍ਰਿਸ਼ਟੀ ਤਾਂ ਅੰਦਰ ਨੂੰ ਜਾਂਦੀ ਹੈ ਤੇ ਉਹ ਰੂਹ ਦੇ ਦੇਸ਼ ਦੇ ਤਬਕੇ ਦੇਖਦੀ ਅਖ਼ੀਰ ਮਾਲਕ ਪਾਲਕ ਵਾਹਿਗੁਰੂ ਦੀ ਚਰਨ ਸ਼ਰਨ ਪਹੁੰਚਦੀ ਹੈ। ਉਹ ਲੋਕ ਹੋਰ ਹਨ ਤੇ ਉਨ੍ਹਾਂ ਦਾ ਅਨੁਭਵ ਫਾਇਲੀ ਹੈ, ਸਰੂਪ ਲੱਖਤਾ ਵਿਚ ਸਾਖੀਪਨੇ ਦੇ ਰਾਹ ਦੀਆਂ ਗੱਲਾਂ ਹਨ ਤੇ ਅਖ਼ੀਰ ਅੱਲਾ ਦਾ ਸਾਖਯਾਤਾਕਾਰ ਹੈ। ਪ੍ਰੇਮੀ ਪਿਆਰ ਦੇ, ਪ੍ਰੇਮ ਦੇ ਰੰਗ ਵਿਚ ਹੁੰਦੇ ਹਨ। ਅਕਾਸ਼-ਮੰਡਲ ਦੇ ਯਾ ਵਿੱਥ ਮੰਡਲ (ਦੇਸ਼=Space) ਦੇ ਝਲਕੇ ਆਪੇ ਨੂੰ ਆਪੇ ਪਏ ਵੱਜਣ, ਉਨ੍ਹਾਂ ਨੇ ਗਿਣਤੀਆਂ ਵਿਚੋਂ ਕੀ ਕੱਢਣਾ ਹੈ, ਕਿਉਂਕਿ ਉਨ੍ਹਾਂ ਦਾ ਮਾਰਗ ਤਾਂ ਅਨੇਕਤਾ ਦੇ ਦੇਸ਼ ਤੋਂ ਏਕਤਾ ਵਲ ਜਾਣ ਦਾ ਹੈ, ਫੈਲਾਉ ਵਿਚੋਂ ਕੇਂਦਰ ਵਲ ਜਾਣ ਦਾ ਹੈ, ਖਿਲਾਰੇ-ਲੰਮਾ, ਚੁੜਾ, ਉਚਾ ਵਿਚੋਂ ਨੁਕਤੇ ਤੇ ਅੱਪੜਨ ਦਾ ਹੈ, ਦ੍ਰਿਸ਼ਟਮਾਨ ਦੇ ਘੇਰੇ ਵਿਚੋਂ ਦ੍ਰਿਸ਼ਟਾ ਵਲ ਜਾਣ ਦਾ ਹੈ, ਪਰ ਹਾਂ, ਦ੍ਰਿਸ਼ਟਮਾਨ ਦੇ ਰੂਪ ਰੰਗ, ਸੁਹਜ ਚਮਤਕਾਰ ਤੋਂ ਨੈਣ ਮੀਟਣੇ ਨਹੀਂ, ਪਰ ਉਸ ਤੋਂ ਵਿਸਮਾਦ ਦੀ ਛੁਹ ਲੈਣੀ ਹੈ। ਵਿਸਮਾਦ ਦੀ ਛੁਹ ਨਾਲ ਬੀ ਮਨ ਤੋਂ, ਬੁੱਧੀ ਤੋਂ ਉਚੇਰੇ ਉੱਠੀਦਾ ਹੈ। ਦ੍ਰਿਸ਼ਟਮਾਨ ਦੇ ਜਲਵੇ, ਦ੍ਰਿਸ਼ਟਮਾਨ ਦੀ ਸੁੰਦਰਤਾ ਤ੍ਰਿਸ਼ਨਾ ਰਹਿਤ ਮਨਾਂ ਨੂੰ ਆਪੇ ਵਿਚ ਲੈ ਜਾਂਦੀਆਂ ਹਨ ਤੇ ਆਪਾ ਆਪੇ ਵਿਚੋਂ ਅਗੇਰੇ ਜਾਕੇ ਰਚਣਹਾਰ ਦੀ ਚਰਨ ਸ਼ਰਨ ਪ੍ਰਾਪਤ ਹੁੰਦਾ ਹੈ।।

ਵਿਸਮਾਦੁ ਦੇਖੈ ਹਾਜਰਾ ਹਜੂਰਿ॥

੫.

ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਅਤਾਈ। ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ। ਪਾਤਾਲਾ ਆਕਾਸ ਲਖ ਓੜਕ ਭਾਲੀ ਖਬਰੁ ਸੁਣਾਈ। ਫੇਰ ਦੁਰਾਇਣ ਦਸਤਗੀਰ ਅਸੀਂ ਭਿ ਵੇਖਾਂ ਜੋ ਤੁਹਿ ਪਾਈ। ਨਾਲਿ ਲੀਤਾ ਬੇਟਾ ਪੀਰ ਦਾ ਅੱਖੀਂ ਮੀਟ ਗਿਆ ਹਵਾਈ। ਲਖ ਆਕਾਸ ਪਾਤਾਲ ਲਖ ਅਖ ਫੁਰਕ ਵਿਚ ਸਭ ਦਿਖਲਾਈ। ਭਰ ਕਚਕੌਲ ਪ੍ਰਸ਼ਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ। ਜਾਹਰ ਕਲਾ ਨ ਛਪੈ ਛਪਾਈ ॥੩੬॥

ਪੀਰ ਹੁਣ ਅਚਰਜ ਤੋਂ ਅਚਰਜ ਵਿਚ ਜਾ ਰਿਹਾ ਸੀ; ਆਖਣ ਲੱਗਾ: ਹੇ ਗੁਰੂ ਨਾਨਕ ! ਕੀ ਤੂੰ ਸਾਨੂੰ ਬੀ ਦਿਖਾ ਸਕਦਾ ਹੈਂ ਕਿ ਫਲਕ ਚੌਦਾਂ ਨਹੀਂ, ਪਰ ਲੱਖਾਂ ਹੀ ਹਨ ?

ਗੁਰੂ ਜੀ-ਜਦੋਂ ਜਜੋਤਸ਼ੀਆਂ ਦੇ ਹਿਸਾਬ ਤੇ ਨੈਣ ਹੋਰ ਵਡੇ ਹੋ ਜਾਣਗੇ ਓਹ ਦੱਸ ਸੱਕਣਗੇ। ਸਾਡਾ ਮਾਰਗ ਹੋਰ ਹੈ, ਉਹ ਲਿਵ ਦਾ ਮਾਰਗ ਹੈ। ਹਾਂ, ਉਹ ਇਕ ਤਰ੍ਹਾਂ ਧਿਆਨ ਮਾਰਗ ਹੈ, ਜੇ ਤੁਸੀਂ ਧਿਆਨ ਜੋੜੋਗੇ ਤਾਂ ਤੁਸੀਂ ਬੀ ਵੇਖ ਲਓਗੇ।

ਪੀਰ ਦਾ ਪੁੱਤਰ ਪਾਸ ਬੈਠਾ ਸੀ, ਉਹ ਕੋਰੇ ਚਿਤ ਵਾਲਾ ਬਾਲਕ ਗੱਲਾਂ ਸੁਣ ਸੁਣਕੇ ਅਸਚਰਜ ਵਿਚ ਜਾ ਰਿਹਾ ਸੀ, ਪਿਓ ਦੀ ਗੱਲ ਸੁਣਕੇ ਕਹਿਣ ਲੱਗਾ :-ਹੇ ਬਾਬਾ ਨਾਨਕ ! ਇਹ ਝਲਕਾ ਮੈਨੂੰ ਦਿਖਾ, ਕਿਵੇਂ ਮੈਨੂੰ ਦਿਖਾ!

ਪੀਰ-ਚੰਗਾ ਬਾਬਾ ਜੀਉ ! ਸਾਡੇ ਬੇਟੇ ਦੀ ਸਿੱਕ ਕਾਹਲੀ ਹੈ, ਇਸੇ ਨੂੰ ਦਿਖਾਓ, ਸਾਡੀ ਨਿਸ਼ਾ ਹੋ ਜਾਏਗੀ।

ਤਾਂ ਬਾਬੇ ਜੀ ਨੇ ਪੀਰ ਦੇ ਬੇਟੇ ਦਾ ਹੱਥ ਪਕੜ ਲਿਆ ਤੇ ਉਸ ਨੂੰ ਬਚਨ ਕੀਤਾ ਕਿ ਤੂੰ ਅੱਖੀਂ ਮੀਟ[੧]। ਜਾਂ ਉਸ ਅੱਖਾਂ ਮੀਟੀਆਂ ਤਾਂ ਉਹ ਕੀਹ ਦੇਖੇ ਕਿ ਮੈਂ ਤੇ ਗੁਰੂ ਨਾਨਕ ਅਕਾਸ਼ਾ ਵਿਚ ਉਡਦੇ ਚਲੇ ਜਾ ਰਹੇ ਹਾਂ, ਦੇਖੇ ਕਿ ਅਨਗਿਣਤ ਸੂਰਜਾਂ ਚੰਦ ਹਨ। ਸੂਰਜਾਂ ਦੇ ਅਨੇਕਾਂ ਪ੍ਰਬੰਧ ਹਨ ਫਿਰ ਉਨ੍ਹਾਂ ਤੋਂ ਵਡੇ ਪ੍ਰਬੰਧ ਹੋਰ ਹਨ। ਅੱਗੇ ਤੋਂ ਅੱਗੇ ਪਰੇ ਤੋਂ ਪਰੇ ਹਨ। ਜਾਂ ਗਿਣੇ ਤਾਂ ਅਚੰਭਾ ਹੁੰਦਾ ਜਾਵੇ। ਉਸਦੀ ਅੱਖ ਵੇਖਣੋਂ ਤੇ ਫਿਰ ਗਿਣਨੋਂ ਰਹਿ ਥੱਕੀ, ਜਿਸ ਨੂੰ ਉਹ ਉਪਰਲਾ ਤੇ ਹੇਠਲਾ ਪਾਸਾ ਸਮਝਦਾ ਸੀ ਉਹ ਫਰਕ ਉਸ ਨਜ਼ਰ ਵਿਚ ਛੁਟ ਗਿਆ। ਆਪਣੀ ਧਰਤੀ ਉਸਨੂੰ ਬਹੁਤ ਨਿਕੀ ਜੇਹੀ ਸ਼ੈ ਨਜ਼ਰ ਆਈ। ਦੂਰੋਂ ਜੋ ਗ੍ਰਹਿ ਨਿੱਕਾ ਜੇਹਾ ਟਿਕਾਣਾ ਦਿੱਸੇ, ਉਹ ਜਦ ਉਸ ਪੁਰ ਅੱਪੜੇ ਤਾਂ ਉਸਨੂੰ ਆਪਣੀ ਧਰਤੀ ਜੇਡਾ, ਕਦੇ ਵੱਡਾ ਕਦੇ ਛੁਟੇਰਾ ਦੇਖੇ। ਕਈ ਧਰਤੀਆਂ ਦੇਖੇ, ਕਈ ਸੂਰਜ ਵਾਂਗ ਪ੍ਰਜ੍ਵਲਤ ਤੇ ਰੋਸ਼ਨ, ਕਈ ਸ਼ੂਨ ਪਿੰਡ ਤੱਕੇ। ਇਊਂ ਦੇਖਦਾ ਜਦ ਉਹ ਥੱਕ ਪਿਆ ਤਾਂ ਬਾਬੇ ਨਾਨਕ ਕਿਹਾ:-ਜਿਸਨੂੰ ਪਤਾਲ ਸਮਝਦਾ ਹੈਂ ਉਹ ਪਾਸਾ ਬੀ ਤੱਕ ਲੈ। ਉਧਰ ਬੀ ਉਸ ਨੇ ਨਜ਼ਰ ਕੀਤੀ ਤਾਂ ਓਹੋ ਲੱਖਾਂ ਦੀ ਗਿਣਤੀ ਨਜ਼ਰ ਪਵੇ। ਇਕ ਧਰਤੀ ਤੇ ਗਏ ਤਾਂ ਇਕ ਦੀਵਾਨ ਲਗ ਰਿਹਾ ਦਿਸਿਆ, ਕੀਰਤਨ ਹੋ ਰਿਹਾ ਸੁਣਾਈ ਦਿੱਤਾ। ਇਥੇ ਪੀਰ ਦਾ ਬੇਟਾ ਕਹਿਣ ਲੱਗਾ ਕਿ ਹੁਣ ਚਲੀਏ ਮੁੱਦਤ ਬੀਤ ਗਈ ਹੈ, ਫਿਰਦਿਆਂ ਤੇ ਮੈਂ ਥੱਕ ਬੀ ਪਿਆ ਹਾਂ। ਤਾਂ ਸਤਿਗੁਰਾਂ ਨੇ ਕਿਹਾ:-ਤੇਰੇ ਪਿਤਾ ਨੇ ਅਮੰਨਾਂ ਨਹੀਂ ਕਰਨਾ ਤੂੰ ਕੋਈ ਨਿਸ਼ਾਨੀ ਲੈ ਚਲ। ਨਿਸ਼ਾਨੀ ਉਹ ਲੈ ਜੋ ਅਮੰਨਾ ਬਨ੍ਹਾ ਦੇਵੇ ਤੇਰੇ ਪਿਤਾ ਦਾ। ਤਾਂ ਓਥੇ ਬਾਲਕੇ ਨੂੰ ਸੰਗਤ ਵਿਚ ਪ੍ਰਸ਼ਾਦ ਦਾ ਥਾਲ ਦਿੱਸਿਆ, ਆਖਣ ਲਗਾ: ਮੇਰਾ ਕਚਕੌਲ ਇਸ ਨਾਲ ਭਰ ਦਿਓ, ਜੇ ਓਥੇ ਪੁਜਿਆਂ ਮੇਰੇ ਪਾਸ ਹੋਇਆ ਤਾਂ ਪਿਤਾ ਮੰਨ ਲਏਗਾ, ਕਿਉਂ ਜੋ ਉਥੋਂ ਤੁਰਨ ਵੇਲੇ ਮੇਰੇ ਪਾਸ ਕੁਛ ਨਹੀਂ ਸੀ, ਤਾਂ ਸੋਚੇਗਾ ਕਿ ਕਿਵੇਂ ਇਸ ਪਾਸ ਹਲਵਾ (ਕੜਾਹ) ਹੋ ਗਿਆ ਹੈ। ਸੋ ਕਚਕੌਲ ਕੜਾਹ ਦਾ ਭਰਕੇ ਬਾਲਕੇ ਨੇ ਨਾਲ ਲੈ ਲਿਆ ਤੇ ਉਸ ਨੂੰ ਜਾਪਿਆ ਕਿ ਧਰਤੀ ਨੂੰ ਮੁੜੇ ਜਾ ਰਹੇ ਹਾਂ। ਜਦ ਨੈਣ ਖੁਹਲੇ ਤਾਂ ਦੇਖੇ ਕਿ ਬਗਦਾਦ ਵਿਚ ਹੀ ਪਿਤਾ ਦੇ ਸਾਹਮਣੇ ਉਸੇ ਤਰ੍ਹਾਂ ਬੈਠਾ ਹਾਂ। ਤਦ ਪੀਰ ਨੇ ਪੁੱਤ੍ਰ ਨੂੰ ਪੁਛਿਆ: ਸੁਣਾਓ ਬੇਟਾ! ਤਦ ਬਾਲਕੇ ਨੇ ਕਿਹਾ ਕਿ ਪਿਤਾ ਜੀ ਮੈਂ ਤਾਂ ਥੱਕ ਪਿਆ ਹਾਂ, ਕਿਸੇ ਅਚਰਜ ਵੇਗ ਨਾਲ ਮੈਨੂੰ ਆਪਾ ਉਡਦਾ ਭਾਸਿਆ ਹੈ; ਅਰ ਮੇਰੇ ਨੈਣਾਂ ਨੇ ਅਣਗਿਣਤ ਸੂਰਜ, ਅਣਗਿਣਤ ਧਰਤੀਆਂ ਤੇ ਚੰਦ ਡਿੱਠੇ ਹਨ ਤੇ ਕਿੰਨੇ ਹੀ ਪ੍ਰਬੰਧ ਇਹਨਾਂ

[੧] ਜਨਮ ਸਾਖੀ ਭਾਈ ਮਨੀ ਸਿੰਘ ਜੀ।


www.sikhbookclub.com

ਸਿਤਾਰਿਆਂ ਕਿ ਸੂਰਜਾਂ ਦੇ ਤੱਕੇ ਹਨ। ਜੋ ਸਾਨੂੰ ਇਥੇ ਤਾਰੇ ਦਿੱਸਦੇ ਹਨ ਸੂਰਜਾਂ ਵਾਂਙੂ ਵਡੇ ਵਡੇ ਹਨ। ਤਬਕਿਆਂ ਦੀ ਗੇਣਤੀ ਬੀ ਬਹੁਤ ਹੀ ਬਹੁਤ ਹੈ। ਅਕਾਸ਼ਾਂ ਪਤਾਲਾਂ ਦੇ ਸਾਡੀ ਧਰਤੀ ਤੋਂ ਹਿਸਾਬ ਨਹੀਂ ਲੱਗ ਸਕਦੇ। ਇਹ ਤਾਂ ਇਕ ਅਸਗਾਹ ਪੁਲਾੜ ਵਿਚ ਬੜੇ ਬੜੇ ਪਿੰਡ ਹਨ, ਜੋ ਵਿੱਥ ਵਿਚ ਘੁੰਮ ਰਹੇ ਹਨ, ਮੇਰੀ ਸਮਝ ਵਿਚ ਤਾਂ ਪਰੇ ਤੋਂ ਪਰੇ ਪਈ ਹੈ, ਨੈਣ ਦੇਖਦਿਆਂ ਤੇ ਦਿਲ ਸੋਚਦਿਆਂ ਥੱਕਦੇ ਹਨ।

ਪੀਰ-ਕੋਈ ਕਿਤੋਂ ਨਿਸ਼ਾਨੀ ਬੀ ਆਂਦੀ ਹਈ ਕਿ ਐਵੇਂ ਨਜ਼ਰ ਦੀ ਸਿਹਰਬੰਦੀ ਨਾਲ ਨਜ਼ਾਰੇ ਤੱਕੇ ਨੀ?

ਬੇਟਾ-ਸਿਹਰ ਨਾਲ ਨਜ਼ਰਬੰਦੀ ਤਾਂ ਨਹੀਂ ਹੋਈ, ਮਿਹਰ ਨਾਲ ਨਜ਼ਰ ਖੁਲ੍ਹੀ ਹੋਈ ਮੈਨੂੰ ਤਾਂ ਲੱਗੀ ਹੈ। ਮੈਂ ਸੱਚ ਮੁੱਚ ਡਿੱਠਾ ਹੈ, ਪਰ ਜੋ ਡਿੱਠਾ ਹੈ ਸੋ ਇੱਥੇ ਨਾਲੋਂ ਹੋਰਵੇਂ ਹੈਸੀ, ਓਥੇ ਮੈਨੂੰ ਮੁੱਦਤ (ਕਾਲ) ਹੋਰਵੇਂ ਭਾਸੀ ਹੈ, ਨਜ਼ਰ ਖੁੱਲ੍ਹਣ ਲੱਗਿਆਂ ਮੈਂ ਕਿੰਨਾਂ ਹੀ ਸਮਾਂ ਬੀਤ ਚੁਕਾ ਜਾਤਾ ਹੈ, ਨਜ਼ਰ ਖੁੱਲ੍ਹਿਆਂ ਤੇ ਜਾਪਦਾ ਹੈ ਕਿ ਇੱਥੋਂ ਦਾ ਸਮਾਂ ਬਹੁਤ ਹੀ ਥੋੜਾ ਲੱਗਾ ਹੈ। ਮੈਂ ਪਿਤਾ ਜੀ ! ਇਕ ਸੰਗਤ ਵੇਖੀ ਹੈ ਜਿਨ੍ਹਾਂ ਨੇ ਗੁਰੂ ਬਾਬੇ ਦਾ ਬੜਾ ਆਦਰ ਕੀਤਾ ਓਥੋਂ ਮੈਂ ਹਲਵੇ (ਪ੍ਰਸ਼ਾਦ) ਦਾ ਕਚਕੌਲ ਨਿਸ਼ਾਨ ਵਾਸਤੇ ਨਾਲ ਲਿਆ ਸੀ।

ਦੇਖੋ ਸੱਚ ਮੁੱਚ ਇਥੇ ਮੇਰੇ ਪਾਸ ਹੈ[੧]। ਜਾਂ ਪੀਰ ਨੇ ਸੱਚ ਮੁੱਚ ਪੁੱਤ੍ਰ ਦਾ ਕਚਕੌਲ ਪ੍ਰਸ਼ਾਦ ਨਾਲ ਭਰਿਆ ਡਿੱਠਾ ਤਾਂ ਅਚਰਜ ਰਹਿ ਗਿਆ, ਕਿਉਂਕਿ ਜਦ ਬੇਟੇ ਨੇ ਨੈਣ ਮੀਟੇ ਸਨ ਤਾਂ ਉਹ ਸੱਖਣਾ ਸੀ ਤੇ ਹੋਰ ਕੋਈ ਉਥੇ ਕੜਾਹ ਦੇਣ ਵਾਲਾ ਆਇਆ ਹੀ ਨਹੀਂ ਸੀ। ਉਹ ਸ਼ੈ ਗ਼ੈਬ੍ਰ ਤੋਂ ਆਈ ਨਿਸ਼ਚੇ ਕਰਕੇ ਪੀਰ ਸਤਿਗੁਰ ਦੀ ਜ਼ਾਹਰੀ ਕਲਾ ਦਾ ਕਾਇਲ ਹੋ ਗਿਆ।

> ਇਹ ਬਿਚਾਰਕੇ ਪੀਰ ਤਬੈ ਪਗ ਬੰਦਨ ਠਾਨਾ:-"ਸੁਨਹੋ ਸਰਬ ਮੁਰੀਦ ਖ਼ਤਾ ਪਗ ਲਗ ਬਖਸ਼ਾਵੋ। ਨਰ ਕਰ ਲਖੋਂ ਨ ਯਾਹਿ ਰੂਪ ਅੱਲਾ ਦਰਸਾਵੋਂ। " {ਗੁ:ਨਾ:ਸੂਰਯੋਦੇ}

[੧] ਹਿਸਟਰੀ ਆਫ ਸਪਿਰਚੁਲਿਜ਼ਮ' ਵਿਚ ਐਸੇ ਵਾਕਯਾਤ ਅਜ ਕਲ ਹੋ ਰਹੇ ਦਸੇ ਹਨ।

ਸਭਨਾਂ ਨੇ ਅਦਬ ਨਾਲ ਸਿਰ ਨਿਵਾਇਆ, ਖ਼ਤਾ ਬਖਸ਼ਵਾਈ, ਸ੍ਰੀ ਗੁਰੂ ਜੀ ਨੇ ਨਾਮ ਦਾ ਉਪਦੇਸ਼ ਦਿੱਤਾ ਤੇ ਫੁਰਮਾਇਆ:-

> ਪੱਖ ਬਾਦ ਕੋ ਭੂਲ ਨ ਕਰੀਏ! ਇਕ ਖ਼ੁਦਾਇ ਸਭ ਬਿਖੈ ਨਿਹਰੀਏ। ਕਰਹੁ ਜਿ ਦਿਢ ਅਸਬਿਧਿ ਅੱਭਿਯਾਸਾ। ਪ੍ਰਾਪਤ ਹੋਇ ਮੁਕਤਿ ਸੁਖ ਰਾਸਾ {ਸ੍ਰੀ ਗੁ:ਨਾ:ਪ੍ਰ:}

੬.

ਹੁਣ ਬਾਬਾ ਜੀ ਕੁਛ ਚਿਰ ਓਥੇ ਟਿਕੇ। ਲੋਕੀ ਬੇਰੋਕ ਟੋਕ ਆਉਂਦੇ ਜਾਂਦੇ ਰਹੇ, ਪੀਰ ਜੀ ਭੀ ਅਕਸਰ ਵੇਰ ਆਉਂਦੇ, ਵਾਰਤਾਲਾਪ ਕਰਦੇ ਤੇ ਸੁਖ ਪਾਉਂਦੇ। ਗੁਰੂ ਬਾਬਾ ਜੀ ਕੇਵਲ ਪਾਪੀਆਂ, ਮੂਰਖਾਂ, ਦੁਖੀਆਂ ਤੇ ਤਰਸ ਕਰਣਹਾਰ ਨਹੀਂ ਸੇ, ਸਗੋਂ ਓਹ ਉਸ ਕਸ਼ਟ ਨੂੰ-ਜੋ ਅਮੀਰੀ ਤੇ ਬਹੁਤੀ ਵਾਲਿਆਂ ਵਿਚ ਹੁੰਦਾ ਹੈ-, ਸਮਝਦੇ ਤੇ ਉਨ੍ਹਾਂ ਉਤੇ ਬੀ ਬਹੁਤ ਤਰਸ ਕਰਦੇ ਸੇ ਫਿਰ ਓਹ ਰੱਬ ਦੇ ਨਾਮ ਤੇ ਟੁਰ ਰਹੇ ਲੋਕਾਂ ਉਤੇ-ਜਿਨ੍ਹਾਂ ਨੇ ਭੁੱਲਾਂ ਵਿਚ ਫਸਕੇ ਆਪ ਹਨੇਰੇ ਵਿਚ ਟੁਰਨਾ ਤੇ ਹੋਰਨਾਂ ਨੂੰ ਠੁਹਕਰਾਂ ਦੇ ਰਾਹ ਪਾਉਣਾ ਅਰੰਭਿਆ ਸੀ, ਉਨ੍ਹਾਂ ਉਤੇ-ਵਧੇਰੇ ਤਰਸ ਕਰਦੇ ਸੇ, ਇਸੇ ਕਰਕੇ ਟਿਕਾਣਿਆਂ ਤੇ ਅੱਪੜਕੇ ਪੀਰਾਂ ਮਹੰਤਾਂ ਨਾਲ ਜਾ ਠਹਿਕਦੇ। ਕਿਵੇਂ ਨਾਂ ਕਿਵੇਂ ਗ਼ਲਤੀਆਂ ਤੋਂ ਪਾਰ ਕਰਦੇ। ਇਸ ਟਿਕਾਣੇ ਵੀ ਇਹੋ ਕੁਝ ਕੀਤਾ। ਪੀਰ ਉਹਨਾਂ ਦੇ ਨਿਰੋਲ ਉਪਦੇਸ਼ ਨਾਲ ਨਿਰਵੈਰ ਸੂਝਤ ਵਿਚ ਆ ਗਿਆ ਤੇ ਸਤਿਗੁਰ ਵਿਚ ਜੀਅਦਾਨ ਦਾ ਉਮਾਹੂ ਸੋਮਾਂ ਵਹਿ ਰਿਹਾ ਤੱਕ ਕੇ ਉਸ ਤੋਂ ਹਿੱਸਾ ਲੈਕੇ ਸੁਖੀ ਹੋਯਾ, ਪਰ ਕਦੇ ਕਦੇ ਸਤਿਗੁਰਾਂ ਨਾਲ ਪ੍ਰੇਮ ਹੋ ਜਾਣ ਪਰ ਬੀ ਉੱਤਰ ਪ੍ਰਸ਼ਨ ਕਰਦਾ ਰਹਿੰਦਾ। ਇਕ ਵੇਰ ਆਪ ਨੇ ਪੁੱਛਿਆ: ਕਿ ਜਿਵੇਂ ਘੁਮਿਆਰ ਭਾਂਡੇ ਘੜ ਘੜ ਧਰੀ ਜਾਂਦਾ ਹੈ, ਤਿਵੇਂ ਇਹ ਕੱਚੀ ਮਤਿ ਵਾਲੇ ਮਨੁੱਖ ਰਚ ਰਚਕੇ ਧਰਤੀ ਉਤੇ ਧਰੀ ਜਾਣ ਵਿਚ ਕਰਤਾ ਨੇ ਕੀਹ ਗੁਣ ਜਾਣਿਆਂ? ਚਕ ਤੋਂ ਜਿਵੇਂ ਬਰਤਨ ਤਿਆਰ ਹੋ ਲਹਿੰਦੇ ਹਨ ਤਿਵੇਂ ਅਸਮਾਨ ਦੀ ਗਰਦਸ਼ ਤੋਂ ਮਨੁੱਖ ਜੰਮ ਜੰਮ ਕੇ ਜਗਤ ਵਿਚ ਤੁਰੀ ਆਉਂਦੇ ਹਨ। ਤਾਂ ਗੁਰੂ ਬਾਬੇ ਜੀ ਨੇ ਜੋ ਉੱਤਰ ਦਿਤਾ ਉਸ ਦੀ ਕੁਝ ਸੋਝੀ ਇਨ੍ਹਾਂ ਅੱਖਰਾਂ ਤੋਂ ਪੈਂਦੀ ਹੈ।

ਗੁਰੂ ਜੀ-ਪੀਰ ਜੀ ! ਭਾਂਡੇ ਘੜੇ ਹੀ ਕੱਚੀ ਮਿੱਟੀ ਦੇ ਜਾਂਦੇ ਹਨ ! ਚੱਕ ਤੇ ਚੜ੍ਹਦੀ ਹੀ ਗਿੱਲੀ ਮਿੱਟੀ ਹੈ, ਗਿੱਲੀ ਹੀ ਮਿੱਟੀ ਗੋਈ ਜਾ ਸਕਦੀ ਹੈ, ਪੱਕੀ ਮਿੱਟੀ ਦਾ ਕੁਛ ਨਹੀਂ ਬਣ ਸਕਦਾ, ਪਰ ਕਲਾਲ ਭਾਂਡੇ ਘੜਕੇ ਕੱਚੇ ਰੱਖਣ ਲਈ ਨਹੀਂ ਧਰਦਾ, ਉਸਦਾ ਮਤਲਬ ਉਨ੍ਹਾਂ ਨੂੰ ਆਵੇ ਵਿਚ ਪੱਕਿਆਂ ਕਰਨ ਦਾ ਹੁੰਦਾ ਹੈ। ਇਸ ਧਰਤੀ ਦੇ ਸੁਖ ਦੁਖ ਤੇ ਉਨ੍ਹਾਂ ਤੋਂ ਚਿੱਤ ਦਾ ਘਬਰਾ ਜੀਵਾਂ ਨੂੰ ਕਿਸੇ ਢੂੰਡ ਵਿਚ-ਜਗਜਾਸਾ ਵਿਚ-ਪਾਉਂਦਾ ਹੈ। ਉਸ ਤਲਾਸ਼ ਵਿਚ ਕੁਛ ਲੱਭਦਾ ਹੈ, ਫਿਰ ਜੀਵ ਸੁਖ ਦੁਖ ਭੋਗਣ ਨਾਲ ਤਕੜਾ ਹੁੰਦਾ, ਅਖੀਰ ਅੱਗ ਵਿਚ ਪੈਕੇ ਪੱਕੇ ਹੋਏ ਭਾਂਡੇ ਵਾਂਙ ਮੁਕੰਮਲ ਹੋ ਜਾਂਦਾ ਹੈ। ਸੋ ਪੀਰ ਜੀ ! ਜਿਵੇਂ ਤੁਸਾਂ ਆਖਿਆ ਹੈ ਕਿ ਜਿਉਂ ਜਿਉਂ ਅਸਮਾਨ ਦੀ ਗਰਦਸ਼ ਹੁੰਦੀ ਹੈ, ਤਿਉਂ ਤਿਉਂ ਖ਼ਲਤਕ ਦੀ ਪੈਦਾਇਸ਼ ਹੁੰਦੀ ਹੈ। ਪਰ ਇਹ ਭੀ ਸਮਝ ਲਓ ਕਿ ਪੈਦਾ ਹੋਇਆ ਸਰੀਰਧਾਰੀ ਮਨੁੱਖ ਬਜ਼ੁਰਗਾਂ ਦੀ ਸੁਹਬਤ ਵਿਚ ਪਰਵ੍ਰਰਦਾ ਹੁੰਦਾ ਹੈ[੧]।

ਪੀਰ--ਤਾਂ ਫਿਰ ਜਗਤ ਵਿਚ ਜੋ ਅਸਾਨੂੰ ਦੁਖ ਭਾਸਦਾ ਹੈ ਇਸ ਦਾ ਕੋਈ ਮੁਦਆ (ਪ੍ਰੋਯਜਨ) ਹੈ?

ਗੁਰੂ ਜੀ-ਆਪਣੀਆਂ ਸਾਹਿਬ ਆਪ ਜਾਣਦਾ ਹੈ, ਪਰ ਪੀਰ ਜੀ ! ਪਰਤੱਖ ਜੋ ਪਿਆ ਦਿੱਸਦਾ ਹੈ ਕਿ ਅਖਾੜੇ ਵਿਚ ਜੋ ਮੱਲ[੨] ਨੂੰ ਜ਼ੋਰ ਲਾਉਣ, ਘੁੱਲਣ, ਡਿੱਗਣ, ਉੱਠਣ, ਢਹਿਣ, ਆਪ ਤੋਂ ਵੱਡੇ ਨਾਲ ਜੁਝਣ ਦਾ ਦੁਖ ਹੈ, ਸੋਈ ਉਸ ਦੇ ਡੌਲਿਆਂ ਨੂੰ ਦੁਸਰਿਆਂ ਤੇ ਬਿਜੈਮਾਨ ਹੋਣ ਦੀ ਸੱਤਜਾ ਦੇਂਦਾ ਹੈ। ਜੋ ਸੁਖ-ਸਿਹਜਾ ਪਰ ਬੈਠੇ ਰਹਿੰਦੇ ਹਨ ਸੋ ਕਦੇ ਸੂਰਮੇ ਨਹੀਂ ਬਣੇ, ਤਾਂਤੇ ਦੁਖ ਦਾਰੂ ਹੈ, ਸੁਖ ਰੋਗ ਹੈ। ਜੀਵ ਜੋ ਇਸ ਮਾਇਆ ਵਿਚ ਆਇਆ ਹੈ, ਜਾਂ ਇਉਂ ਕਹੋ ਕਿ ਰੂਹ ਜੋ ਮਾਦੇ ਦੇ ਅਖਾੜੇ ਵਿਚ ਉਤਾਰੀ ਗਈ ਹੈ, ਸੋ ਮਾਦੇ ਉਤੇ ਫ਼ਤਹ ਪਾਉਣ ਵਾਸਤੇ ਹੈ। ਮਾਇਆ ਯਾ ਮਾਦਾ ਰੋਕ ਕਰਦਾ ਹੈ, ਡੇਗਦਾ ਹੈ, ਰੂਹ ਤਕੜੀ ਹੋ ਹੋ, ਹੰਭਲੇ ਮਾਰ ਮਾਰ ਘੋਲ ਕਰਦੀ ਉਸ ਤੇ ਫ਼ਤਹ ਪਾਉਂਦੀ ਅੰਤ ਪਰਵ੍ਰਰਦਾ ਹੋ ਜਾਂਦੀ ਹੈ, ਜਿਵੇਂ ਕੱਚੇ ਭਾਂਡੇ ਆਵੇ ਦੇ ਵਿਚ ਦੀ ਲੰਘਕੇ ਪਰਵ੍ਰਰਦਾ ਹੋ ਜਾਂਦੇ ਹਨ। ਸਾਈਂ ਆਪਣੇ ਭੇਤਾਂ ਦਾ ਆਪ ਜ਼ਾਣੂੰ ਹੈ, ਪਰ ਪਰਤੱਖ ਦਿੱਸਦਾ ਹੈ ਕਿ ਉਹ ਸੂਰਮਾਂ ਜੋਧ ਮਹਾਂ ਬਲਸੂਰ ਬਣ ਜਾਂਦਾ ਹੈ, ਜੋ ਮਾਦੇ ਕਿ ਮਾਇਆ ਤੇ ਫਤਹ ਪਾਉਂਦਾ ਹੈ।

ਪੀਰ ਜੀ-ਬਹੁਤ ਠੀਕ ਹੈ, ਵਾਹ ਵਾਹ... ਇਕ ਹੋਰ ਅਰਜ਼ ਹੈ ਕਿ ਹਿੰਦੂ ਮਤ ਵਿਚ ਰੂਹ ਜੰਮਦੇ ਮਰਦੇ ਹਨ ਤੇ ਇਸਲਾਮ ਵਿਚ ਦੂਜੀ ਵਾਰ ਨਹੀਂ ਜੰਮਦੇ, ਇਹਦਾ ਕੀ ਵਿਚਾਰ ਹੈ?

ਗੁਰੂ ਜੀ-ਗਲ ਦੂਸਰੇ ਲੋਕ ਵਿਚ ਜਿਵੇਂ ਹੁੰਦੀ ਹੈ ਤਿਵੇਂ ਹੋਰ ਲੋਕਾਂ ਵਿਚ ਓਸਦੀ ਸਮਝ ਨਹੀਂ ਪੈਂਦੀ ਤੇ ਮੂਰਖ ਲੋਕ ਹਰ ਗਲ ਤੇ ਹਾਠਾਂ ਬੰਨ੍ਹ ਖਲੋਂਦੇ ਹਨ। ਪੀਰ ਜੀ ! ਜੋ ਇੱਥੇ ਆਕੇ ਪਰਵ੍ਰਰਦਾ ਹੋ ਗਿਆ, ਜਿਸ ਆਪਣੀ ਸੁਰਤ ਦੇ ਡੌਲੇ ਪੱਕੇ ਕਰ ਲਏ, ਗਯਾਨ-ਅਗਨੀ ਨਾਲ ਜਿਸ ਨੇ ਕੱਚੇ ਦਾਣੇ ਭੁੰਨ ਲਏ, ਉਸ ਲਈ ਤਾਂ ਹੁਣ ਇਥੇ ਕੋਈ ਟਿਕਾਣਾ ਨਹੀਂ, ਉਹ ਪਕਿਆਈ ਦੇ ਦੇਸ਼ ਜਾਵੇਗਾ। ਜੋ ਫਲ ਬ੍ਰਿਛ ਨਾਲ ਪੱਕ ਗਿਆ, ਫਿਰ ਟਾਹਣੀ ਨਾਲ ਲਟਕਿਆ ਨਹੀਂ ਰਹਿੰਦਾ, ਹੁਣ ਟਹਿਣੀ ਉਸ ਦਾ ਦੇਸ਼ ਨਹੀਂ ਹੈ, ਉਹ ਮਾਲਕ ਦੇ ਘਰ ਅੱਪੜੇਗਾ, ਉਸ ਦਾ ਹੁਣ ਉਹੋ ਦੇਸ਼ ਹੈ।

ਜੋ ਜੀਵ ਇਥੇ ਆਕੇ ਸਮਾਂ ਅਜਾਈਂ ਵਞਾ ਗਿਆ, ਜਿਸ ਨੇ ਆਪਣੇ ਆਪ ਨੂੰ ਪਕਾਇਆ ਨਹੀਂ, ਕੱਚ ਵਿਚ ਹੀ ਟੁਰ ਗਿਆ, ਉਸ ਨੂੰ 'ਕਚ ਪਕਾਈ' ਦਾ ਉਥੇ ਜਾਕੇ ਪਤਾ ਪਵੇਗਾ ਜਿੱਥੇ ਕੱਚ ਪਕਾਈ ਦੀ ਸੰਮ੍ਹਾਲ ਹੁੰਦੀ ਹੈ[੧]। ਉਸ ਦਾ ਉਹੋ 'ਕੱਚ' ਉਸ ਦੇ ਫੇਰ ਜੰਮਣੇ ਦੀ 'ਲੋੜ' ਹੈ, ਜੋ ਉਸ ਵਿਚ ਕਚਿਆਈ ਦੇ ਰੂਪ ਵਿਚ ਮੌਜੂਦ ਹੈ, ਭੁੱਜ ਗਏ ਦਾਣੇ ਦਾ ਉੱਗਣ ਵਾਲਾ ਅੰਗੂਰ ਨਹੀਂ ਰਹਿੰਦਾ, ਪਰ ਅਣਭੁਜੇ ਦਾਣੇ ਵਿਚ ਉੱਗਣ ਦਾ ਅੰਗੂਰ ਹੁੰਦਾ ਹੈ, ਉਹ ਉੱਗ ਸਕਦਾ ਹੈ, ਤਿਵੇਂ ਕੱਚਿਆਂ ਦੇ ਮੁੜ ਪੱਕਣ ਲਈ ਉਨ੍ਹਾਂ ਨੂੰ 'ਅਜ਼ਲੀ ਰਹਿਮ' ਮੁੜ ਮੁੜ ਸਮੇਂ ਤੇ ਮੌਕੇ ਦੇਂਦਾ ਹੈ। ਉਨ੍ਹਾਂ ਵਿਚੋਂ 'ਮੁੜ ਜੰਮਣਾ' ਭੀ ਇਕ ਮੁੜ ਪੱਕਣੇ ਦਾ ਮੁੜਕੇ ਸਮਾਂ ਹੱਥ ਆਉਣਾ ਹੈ, ਜੋ ਫੇਰ ਪੱਕੇ ਤੇ

[੧] ਜ. ਸਾ: ਭਾਈ ਮਨੀ ਸਿੰਘ ਜੀ। [੨] 'ਹਉ ਗੋਸਾਈ ਦਾ ਪਹਿਲਵਾਨੜਾ' ਪੰਜਵੀਂ ਪਾਤਸ਼ਾਹੀ ਦਾ ਵਾਕ ਹੈ।

[੧] 'ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥ {ਜਪੁਜੀ}

ਪਰਵ੍ਰਦਾ ਹੋਵੇ, ਕੱਚ ਦੂਰ ਕਰੇ ਤੇ ਕਸਰਾਂ ਕੱਢੇ। ਮਾਪਿਆਂ ਦਾ ਪੁਤ ਨੂੰ ਫੇਰ ਫੇਰ ਅਖਾੜੇ ਘੱਲਣਾ ਉਸ ਨੂੰ ਫੇਰ ਫੇਰ ਮੌਕੇ ਦੇਣੇ ਹਨ, ਕਿ ਉਹ ਮੱਲ ਬਣ ਜਾਵੇ।

ਪੀਰ ਜੀ ! ਸੋਚਾਂ ਤੇ ਵਿਚਾਰਾਂ ਸਾਡੀ ਬੁਧਿ ਦਾ ਕੰਮ ਹੈ, ਏਨ੍ਹਾਂ ਨਾਲ ਅਸੀਂ ਸੁਖ ਵੀ ਪਾਉਂਦੇ ਹਾਂ ਤੇ ਦੁੱਖ ਭੀ। ਸੋਚ ਜੇ ਤਾਂ ਸਿੱਧੇ ਰਸਤੇ ਟੁਰਦੀ ਹੈ ਤਾਂ ਸ਼ੁਭੇ ਦੂਰ ਕਰਦੀ, ਵਿਸ਼ਵਾਸ਼ ਦੇ ਦੇਸ਼ ਪਹੁੰਚਾ ਦੇਂਦੀ ਹੈ, ਫੇਰ ਇਕ ਹੋਰ ਅਕਲ ਦੀ ਸੋਝੀ ਪੈਂਦੀ ਹੈ, ਜੋ ਸਾਈਂ ਦੇ ਦੇਸ਼ ਲੈ ਜਾਂਦੀ ਹੈ। ਜੇ ਅਕਲ ਨਾਲ ਸੰਸੇ ਸਿੱਖਦੇ ਜਾਈਏ ਤੇ ਸੰਸੇ ਨਵਿਰਤੀ ਦੀ ਅਕਲ ਨਾ ਵਧੇ ਤਾਂ 'ਆਸ ਅੰਦੇਸੇ ਦੇ ਦੇਸ਼' ਅੱਪੜੀਦਾ ਹੈ ਤੇ ਮਨ ਸਾਬਤ ਨਹੀਂ ਰਹਿੰਦਾ। ਬੁੱਧੀ ਸਾਨੂੰ ਸੋਝੀ ਦੇਂਦੀ ਹੈ, ਪਰ ਪਰਵਿਰਤੀ ਦੀ ਤੇ ਫੇਰ ਬੁੱਧੀ ਦਾ ਰੁਖ਼ ਬਾਹਰ ਵੰਨੇ ਹੈ। ਆਪੇ ਵਿਚ ਲਿਜਾਣ ਵਾਲਾ ਨਾਮ ਹੈ ਜੋ ਸਾਈਂ ਦੀ ਹਜ਼ੂਰੀ ਵਿਚ ਰੱਖਦਾ ਹੈ। ਹਜ਼ੂਰੀ ਵਾਸ, ਹਾਂ ਅੱਠ ਪਹਿਰ ਹਜ਼ੂਰੀ ਦਾ ਵਾਸ ਇਹ ਜੀਵਨ ਹੈ, ਇਹ ਪਕਿਆਈ ਹੈ। ਜੋ ਹਜ਼ੂਰੀਆ ਹੋ ਗਿਆ ਸੋ ਉਸ ਦਾ ਦੇਸ਼ ਹਜ਼ੂਰੀ ਹੈ, ਉਹ ਫੇਰ ਕਿਉਂ ਹਜ਼ੂਰੀ ਤੋਂ ਕਦੇ ਬਾਹਰ ਆਕੇ ਗਿਰੇਗਾ? ਉਹ ਆਪਣੇ ਦੇਸ਼ ਪ੍ਰਾਪਤ ਹੋ ਗਿਆ ਸਦਾ ਉਥੇ ਰਹੇਗਾ। ਇਸ ਸਰੀਰ ਵਿਚ ਉਹ ਹਜ਼ੂਰੀ ਵਿਚ ਵਸਦਾ ਹੈ, ਸਰੀਰ ਨਹੀਂ ਰਹੇਗਾ ਤਾਂ ਓਹ ਹਜ਼ੂਰੀ ਵਿਚ ਹੋਵੇਗਾ। ਹਾਂ, ਨਾਮ ਜਪੋ, ਸਾਈਂ ਦੀ ਸਿਫਤ ਸਲਾਹ ਦਾ ਗਾਵਣ ਤੇ ਨਾਮ ਦਾ ਅਖੰਡ ਕੀਰਤਨ ਇਹ ਸਾਈਂ ਦੀ ਹਜ਼ੂਰੀ ਦਾ ਵਾਸ ਬਖਸ਼ਦਾ ਹੈ। ਇਹ ਉਸ ਪਿਆਰ ਤੋਂ ਸਾਨੂੰ ਕਦੇ ਗ਼ਾਇਬ ਨਹੀਂ ਹੋਣ ਦਿੰਦਾ। ਉਹ ਬੰਦਾ ਕੱਚਾ ਹੈ, ਜੋ ਗ਼ਾਇਬ ਹੈ ਹਜ਼ੂਰ ਤੋਂ, ਜੋ ਹਜ਼ੂਰੀ ਵਿਚ ਰਹਿੰਦਾ ਹੈ ਉਹ ਪਰਵ੍ਰਦਾ ਹੋ ਗਿਆ। ਹਾਂ, ਜੋ ਨਿਰੰਤਰ ਹਜ਼ੂਰੀ ਵਿਚ ਵੱਸਦਾ ਹੈ, ਸਿਰੇ ਚੜ੍ਹ ਗਿਆ। ਮਾਇਆ ਦੇ ਮੋਹ ਨੇ ਸਾਡੇ ਦੁਆਲੇ ਦੇ ਸਾਮਾਨਾਂ ਨੇ-ਸਾਨੂੰ ਹਜ਼ੂਰੀ ਵਿਚੋਂ ਖਿੱਚ ਖਿੱਚ ਕੇ ਕੱਢਣਾ ਹੈ, ਪਰ ਅਸਾਂ ਵਿਚੇ ਵਸਦਿਆਂ ਹਜ਼ੂਰੀ ਤੋਂ ਬਾਹਰ ਨਹੀਂ ਆਉਣਾ, ਇਹੋ ਸਾਡਾ ਅਖਾੜੇ ਦਾ ਘੋਲ ਹੈ। ਅਸਾਂ ਭੁੱਲ ਨਾਲ ਭੁਲਾਵਣਹਾਰ ਰੁਚੀਆਂ ਤੇ ਅੰਦੇਸ਼ਿਆਂ ਨਾਲ ਜੁੱਧ ਕਰਨਾ ਹੈ ਤੇ ਉਹਨਾਂ ਉਪਰ ਫਤਹ ਪਾਉਣੀ ਹੈ, ਪੰਜਾਂ ਮਹਾਂ ਬਲੀਆਂ ਉਤੇ, ਜੋ ਹਜ਼ੂਰੀ ਤੋਂ ਗ਼ਾਇਬ ਕਰਨ ਵਾਲੇ ਦੂਤ ਹਨ, ਫਤਹ ਪਾਉਣੀ ਤੇ ਉਹਨਾਂ ਨੂੰ ਨਿਹਣ ਲੈਣਾਂ ਤੇ ਸਦਾ ਹਜ਼ੂਰੀ ਵਿਚ ਵੱਸਣਾ, ਇਹ ਸਾਡੀ ਜਿੱਤ ਹੈ। ਉਹ ਸਾਹਿਬ ਸਦਾ ਹਾਜ਼ਰ ਹੈ, ਹਾਜ਼ਰ ਨਾਜ਼ਰ ਹੈ, ਅਸੀਂ ਉਸ ਦੀ ਹਜ਼ੂਰੀ ਵਿਚ ਹਾਂ, ਪਰ ਮਨ ਨੂੰ ਹਜ਼ੂਰੀ ਤੋਂ ਗ਼ੈਰ ਹਾਜ਼ਰ ਰੱਖਦੇ ਹਾਂ, ਹੁਣ ਅਸਾਂ ਸਿੱਖਣਾ ਹੈ, ਮਨ ਨੂੰ ਸਦਾ ਹਜ਼ੂਰੀ ਵਿਚ ਹਾਜ਼ਰ ਰੱਖਣਾ।

ਪੀਰ ਜੀ (ਠੰਢਾ ਸਾਹ ਲੈਕੇ)-ਸੱਚ, ਸੱਚ ਪਰ ਉਪਰਾਲਾ ?

ਗੁਰੂ ਜੀ-ਸਿਫਤ ਸਲਾਹ ਦਾ ਕੀਰਤਨ ਤੇ ਨਾਮ ਦਾ ਜਾਪ ! ਅਠ ਪਹਿਰ ਨਾਮ ਨੂੰ ਫੜੀ ਰਖੋ, ਨਾਮ ਹਜ਼ੂਰੀ ਵਿਚ ਰੱਖਦਾ ਹੈ। ਉਸ ਦੀ ਯਾਦ, ਪਿਆਰ ਭਰੀ ਯਾਦ, ਸਿਫਤ ਸਲਾਹ ਵਾਲੀ ਯਾਦ ਸ਼ੁਕਰ ਤੇ ਅਰਦਾਸ ਵਾਲੀ ਯਾਦ, ਇਹ ਨਾਮ ਹੈ।

ਇਹ ਸੁਣਦਾ ਪੀਰ ਰੰਗ ਵਿਚ 'ਰੰਗ-ਰਤੜਾ' ਹੁੰਦਾ ਗਿਆ। ਉਸੇ ਸਵਾਦ ਵਿਚ ਹਜ਼ੂਰੀ ਵਿਚ ਟਿਕ ਗਿਆ[੧]।

### ੭. ਇਤਿਹਾਸਕ ਖੋਜ।

ਬਗ਼ਦਾਦ ਵਿਚ ਕਈ ਲੋਕ ਤੇ ਕਈ ਫਕੀਰ ਸਤਿਗੁਰ ਨੇ ਤਾਰੇ, ਸਮੇਂ ਨੇ ਹਾਲ ਆਪਣੀ ਚਾਦਰ ਵਿਚ ਲੁਕਾ ਰੱਖੇ ਹਨ, ਜੋ ਕੁਛ ਉਸ ਵੇਲੇ ਯਾਦ ਰਹੇ ਤੇ ਲਿਖੇ ਗਏ, ਸੋ ਵੰਨਗੀ ਮਾਤ੍ਰ ਜਨਮ ਸਾਖੀਆਂ ਆਦਿ ਤੋਂ ਮਿਲੇ ਹਨ।

ਫਿਰ ਭਾਈ ਗੁਰਦਾਸ ਜੀ ਦੀ ਲਿਖਤ ਹੈ ਜਿਨ੍ਹਾਂ ਦੇ ਸਮੇਂ ਦਾ ਹਿਸਾਬ ਐਉਂ ਹੈ:-

ਸ੍ਰੀ ਗੁਰੂ ਅੰਗਦ ਦੇਵ ਜੀ ੧੩ ਕੁ ਬਰਸ ਗੱਦੀ ਪਰ ਰਹੇ ਹਨ, ਫਿਰ ਸ੍ਰੀ ਗੁਰੂ ਅਮਰਦਾਸ ਜੀ ਗੱਦੀ ਪਰ ਬਿਰਾਜੇ। ਭਾਈ ਗੁਰਦਾਸ ਗੁਰੂ ਅਮਰ ਦਾਸ

---

[੧] ਇਤਿਹਾਸ ਗੁਰੂ ਖਾਲਸਾ (ਹਿੰਦੀ) ਤੇ ਖਾਲਸਾ ਤਵਾਰੀਖ ਆਦਿ ਵਿਚ ਇਕ ਹੋਰ ਪ੍ਰਸੰਗ ਬਗ਼ਦਾਦ ਦਾ ਹੈ ਕਿ ਉਥੋਂ ਦਾ ਪਾਤਸ਼ਾਹ ਜ਼ਾਲਮ ਸੀ ਤੇ ਗੁਰੂ ਜੀ ਦੇ ਉਪਦੇਸ਼ ਨਾਲ ਸਿਧੇ ਰਾਹ ਪਿਆ ਤੇ ਕੈਦ ਕੀਤੇ ਫਕੀਰ ਛੋੜੇ, ਨਸੀਹਤ ਨਾਮੇਂ ਦਾ ਉਪਦੇਸ਼ ਹੋਇਆ ਅਤੇ ਉਸ ਦੇ ਘਰ ਆਪ ਦੀ ਅਸੀਸ ਨਾਲ ਪੁਤ੍ਰ ਹੋਇਆ। 'ਸਨੋ ਬਰਡਸ'(Snow Birds) ਨਾਮੇ ਕਿਤਾਬ ਵਿਚ, ਜਿਸ ਦਾ ਜ਼ਿਕਰ ਅੱਗੇ ਹੈ-ਬਹਿਲੋਲ ਨਾਮੇ ਫਕੀਰ ਨੂੰ ਤਾਰਨ ਦਾ ਜ਼ਿਕਰ ਹੈ।

ਜੀ ਨੂੰ ਮਿਲੇ, ਗੁਰੂ ਅਮਰ ਦਾਸ ਜੀ ੨੨ ਬਰਸ ਗੱਦੀ ਪਰ ਰਹੇ। ਸੋ ਭਾਈ ਗੁਰਦਾਸ ਜੀ ਆਦਿ ਗੁਰੂ ਜੀ ਤੋਂ ਥੋੜ੍ਹੇ ਬਰਸਾਂ ਦੇ ਬਾਦ ਲਗ ਪਗ ਸ਼ਰਨਾਗਤ ਹੋਏ, ਇਸ ਵੇਲੇ ਜੁਆਨੀ ਦੀ ਉਮਰਾ ਹੋਸੀ। ਐਉਂ ਕਿੰਨੀ ਨੇੜੇ ਆਪ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਅੱਪੜ ਗਏ, ਇਸ ਕਰਕੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀਆਂ, ਨਿਕਟਵਰਤੀਆਂ ਤੇ ਨਾਲ ਰਹਿਆਂ ਤੋਂ ਅੱਖੀਂ ਡਿੱਠੇ ਹਾਲਾਤ ਮਿਲਨੇ ਕੈਸੇ ਸੰਭਵ ਸਨ।

ਜਨਮ ਸਾਖੀਆਂ ਤੋਂ ਛੁਟ ਸਭ ਤੋਂ ਪੁਰਾਣਾ ਪਤਾ ਬਗਦਾਦ ਸਤਿਗੁਰੂ ਜੀ ਦੇ ਜਾਣ ਦਾ ਭਾਈ ਗੁਰਦਾਸ ਜੀ ਨੇ ਵਾਰ ੧ ਪਉੜੀ ੩੫ ਤੇ ੩੬ ਵਿਚ ਦੱਸਿਆ ਹੈ। ਭਾਈ ਜੀ ਲਿਖਦੇ ਹਨ ਕਿ ਸਤਿਗੁਰੂ ਜੀ ਨੇ ਬਾਂਗ ਦੇਕੇ ਸਾਰੀ ਨਗਰੀ ਨੂੰ ਸੁੰਨ ਕਰ ਦਿੱਤਾ, ਜਿਸ ਤੋਂ ਹੈਰਾਨਗੀ ਹੋਈ ਤੇ ਪੀਰਾਂ ਨੇ ਆ ਤਕਰਾਰ ਕੀਤੇ। ਹੈਰਾਨੀ ਤੇ ਤਕਰਾਰ ਦੱਸਦੇ ਹਨ ਕਿ ਬਾਂਗ ਸਤਿਗੁਰੂ ਜੀ ਨੇ ਮੁਸਲਮਾਨਾਂ ਵਾਲੀ ਨਹੀਂ ਪਰ ਆਪਣੀ ਦਿੱਤੀ। ਮੁਸਲਮਾਨੀ ਦੇ ਘਰ ਵਿਚ ਤੇ ਮੁਸਲਮਾਨੀ ਪੱਖ ਦੇ ਕੇਂਦਰ ਵਿਚ ਇਹ ਕੁਛ ਕਰਨਾ ਬੜਾ ਅਸਚਰਜ ਹੈ। ਫਿਰ ਪੀਰ ਨੇ ਆਕੇ ਬਹਿਸ ਕੀਤੀ, ਲੱਖਾਂ ਅਕਾਸ਼ ਪਾਤਾਲ ਦੇ ਵਿਸ਼ੇ ਉਤੇ ਬਹਿਸ ਹੋਕੇ ਪ੍ਰਤੱਖ ਨਜ਼ਾਰੇ ਦਿਖਾਕੇ ਬਾਬੇ ਨੇ ਫਤਹ ਪਾਈ। ਇਥੇ ਪੀਰ ਦਾ, ਜਿਸ ਨਾਲ ਬਹਿਸ ਹੋਈ, ਦਸਤਗੀਰ ਪਤਾ ਦਿੱਤਾ ਹੈ। ਦਸਤਗੀਰ ਖਿਤਾਬ ਸੀ ਅਬਦੁਲ ਕਾਦਰ ਜੀਲਾਨੀ ਦਾ। ਇਸ ਦੇ ਕਹਿੰਦੇ ਹਨ ਇਕ ਸੌ ਦੇ ਲਗ ਪਗ ਨਾਮ ਸਨ। ਭਾਈ ਗੁਰਦਾਸ ਜੀ ਦਸਤਗੀਰ ਕਹਿਕੇ ਉਸ ਗੱਦੀ ਤੇ ਤਿਸ ਵੇਲੇ ਇਸ਼ਾਰਾ ਕਰ ਰਹੇ ਹਨ। ਇਹ ਗੱਦੀ ਹੁਣ ਤਕ ਬਗਦਾਦ ਵਿਚ ਹੈ। ਭਾ: ਮਨੀ ਸਿੰਘ ਜੀ ਦੀ ਸਾਖੀ ਵਿਚ ਇਸ ਬਾਂਗ ਦੀ-ਜੋ ਗੁਰੂ ਬਾਬੇ ਨੇ ਦਿਤੀ ਸੀ-ਇਹ ਇਬਾਰਤ ਦੱਸੀ ਹੈ:- 'ਗੁਰਬਰ ਅਕਾਲ, ਮਤਿ ਸ੍ਰੀ ਅਕਾਲ, ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ, ਪ੍ਰਭੂ ਕ੍ਰਿਪਾਲ, ਜੋ ਸਰਬ ਜੀਵਾਲ। '

ਇਸ ਬਾਰੇ ਵਿਚ ਬਾਹਰਲੀ ਖੋਜ ਵੱਲੇ ਖਿਆਲ ਕਰਦਿਆਂ ਸਾਨੂੰ ਉਨੀ ਸੋ ਵੀਹ ਬਾਈ ਦੇ ਲਗਪਗ ਸ੍ਵੀਡਨ ਨਾਰਵੇ ਵਿਚ ਵਸਦੇ ਸੰਨਿਆਸੀ ਸ੍ਰੀ ਆਨੰਦਾ ਚਾਰਯਾ ਜੀ ਰਚਿਤ ਕਵਿਤਾ ਦੀ ਕਿਤਾਬ ਸਨੋਬਰਡਜ਼ (Snow Birds) ਨਾਮੇ ਮਿਲੀ। ਇਸ ਵਿਚ ਇਕ ਕਵਿਤਾ ਲਿਖੀ ਹੈ ਜੋ ਉਹ ਲਿਖਦੇ ਹਨ ਕਿ ਬਗਦਾਦ ਸ਼ਹਿਰ ਦੇ ਬਾਹਰਵਾਰ ਇਕ ਮੰਦਰ ਵਿਚ ੯੧੨ (ਇਹ ਗਿਣਤੀ ੯੧੭ ਹੋਣੀ ਚਾਹੀਦੀ ਹੈ। ਦੇਖੋ ਪੰਨਾ ੧੭੫ ਦਾ ਫੁਟਨੋਟ) ਹਿਜਰੀ ਦੇ ਇਕ ਅਰਬੀ ਖੁਤਬੇ (Inscripion) ਨੂੰ ਪੜ੍ਹਕੇ ਅਸਾਂ ਲਿਖੀ ਹੈ। ਉਸ ਖੁਤਬੇ ਦੀ ਇਬਾਰਤ ਆਪ ਨੇ ਐਉਂ ਦਿਤੀ ਹੈ:-

"Here spake the Hindu Guru Nanak to Fakir Balol, and for these sixty winters, since the Guru Left Iran, the soul of Balol[1] has rested on the Masters' word like a bee poised on a dawn-lit honey rose'

"ਇਥੇ ਬਚਨ ਕੀਤੇ ਹਿੰਦੂ ਫਕੀਰ ਗੁਰੂ ਨਾਨਕ ਨੇ ਫਕੀਰ ਬੈਲੋਲ ਨਾਲ, ਅਤੇ ਇਹ ਸੱਠ ਸਯਾਲੇ, ਜਦ ਤੋਂ ਕਿ ਗੁਰੂ ਜੀ ਈਰਾਨ ਤੋਂ ਵਾਪਸ ਚਲੇ ਗਏ, ਬੈਲੋਲ ਦੀ ਰੂਹ ਮਾਲਕ ( ਭਾਵ ਗੁਰੂ ਨਾਨਕ) ਦੇ ਵਚਨਾ ਤੇ ਟਿਕੀ ਰਹੀ ਜਿਵੇਂ ਮਧੂ ਭਰੇ ਪਹੁ ਪ੍ਰਕਾਸ਼ ਨਾਲ ਚਮਕੇ ਗੁਲਾਬ ਉੱਤੇ ਸ਼ਹਿਦ ਦੀ ਮੱਖੀ ਟਿਕੀ ਹੁੰਦੀ ਹੈ[2]।

ਬੈਲੋਲ ਗਾਲਬਨ ਬੈਲੋਲ ਦਾਨਾ ਦੀ ਗੱਦੀ

---

੧ ਇਸ ਫਕੀਰ ਸੰਬੰਧੀ ਸਤਿਗੁਰੂ ਜੀ ਦੇ ਮੇਲ ਦਾ ਕੁਛ ਹਾਲ ਖਾ: ਟ੍ਰੈ: ਸੁਸਾਇਟੀ ਵਲੋਂ ਛਪ ਚੁਕਾ ਹੈ, ਦੇਖੋ ਟ੍ਰੈਕਟ ਨੰ:੭੩੩ " ਚੁੱਪ ਪ੍ਰੀਤ ਦੇ ਸ਼ਹਿਨਸ਼ਾਹ ਬਿਉਪਾਰੀ" ਇਹ ਸੰਨ ੧੯੨੫ ਵਿਚ ਛਪਿਆ ਸੀ।

੨ ਜੋ ਕਵਿਤਾ ਸ੍ਰੀ ਆਨੰਦਾ ਚਾਰਯਾ ਜੀ ਨੇ ਇਸ ਕੁਤਬੇ ਨੂੰ ਦੇਖਕੇ ਲਿਖੀ ਹੈ ਸੋ ਇਹ ਹੈ:-

On reading an Arabic inscription in a Shrine outside the town of Baghdad dated 912 (see Footnote on page 175) Hejira.

Upon this simple slab of granite didst thou sit, discoursing of fraternal love and holy light, O Guru Nanak, Prince among India's holy sons!

What song from the source of Seven Waters, thou didst sing to charm the soul of Iran!

What peace from Himalaya's lonely caves and forests, thou didst carry to the vine-groves and rose-gardens of Baghdad!

What light from Badrinath's snowy peak thou didst bear to illumine the heart of Balol, thy sanitly Persian disciple!

Eight fortnights Balol hearkened to thy words on Life and Path and Spring Eternal, while the moon waxed and


[See Next Page]☞

ਦਾ ਜਾਨਸ਼ੀਨ ਸੀ, ਪਰ ਇਹ ਕੋਈ ਹੋਰ ਬੈਲੋਲ ਹੋਣਾ ਵਧੇਰੇ ਅਗ਼ਲਬ ਹੈ। ਇਸ ਵਿਸ਼ੇ ਪਰ ਵਧੇਰੇ ਖੋਜ ਦੀ ਲੋੜ ਹੈ, ਉਸ ਥਾਂ ਦੀ ਬੀ ਕਿ ਜਿਥੇ ਬੈਠਕੇ ਏਸ ਨਾਲ ਬਚਨ ਹੋਏ ਤੇ ਇਹ ਖੁਤਬਾ ਲਗਾ।

ਖਾਲਸਾ ਸਮਾਚਾਰ ੪ ਜੁਲਾਈ ੧੯੧੮ ਵਿਚ ਲਿਖਿਆ ਹੈ ਕਿ ਚੀਫ਼ ਖਾਲਸਾ ਦੀਵਾਨ ਵਲੋਂ ਘੱਲਿਆ ਜਾਕੇ, ਭਾਈ ਕਰਮ ਸਿੰਘ ਜੀ (ਹਿਸਟੋਰੀਅਨ) ਨੇ ਲੜਾਈ ਤੋਂ ਪਹਿਲਾਂ ਬਗ਼

## ਨਕਸ਼ਾ ਚਾਰ ਦੀਵਾਰੀ

## ਸ਼੍ਰੀ ਗੁਰੂ ਨਾਨਕ ਅਸਥਾਨ ਬਗ਼ਦਾਦ




[ contd from previous page]

waned in the pomegranate grove beside the grassy desert of the dead.

And after thou hadst left him to return to thy beloved Bharata's land, the Fakir, it is said would speak to none nor listen to the voice of man or angel;

His fame spread far and wide and the Shah came to pay him homage-but the holy man would take no earthly treasures nor hear the praise of kings and courtiers.

Thus lived he-lonely, devoted, thoughtful-for sixty winters, sitting before the stone whereon thy sacred feet had rested.

And ere he left this House of Ignorance he wrote these words upon the stone: " Here spake the Hindu Guru Nanak to Fakir Balol, and for these sixty winters, since the Guru left Iran, the soul of Balol has rested on the Master's word, like a bee poised on a dawn-lit honey-rose."

ਦਾਦ ਨੂੰ ਦੇਖਿਆ ਸੀ, ਉਨ੍ਹਾਂ ਨੇ ਅਬਦੁਲ ਕਾਦਰ ਜੀਲਾਨੀ ਦੇ ਦਰਵਾਜੇ ਤੋਂ ਬਾਹਰ-ਜੋ ਸ਼ਹਿਰ ਤੋਂ ਉੱਤਰ ਚੜ੍ਹਦੇ ਵੱਲ ਹੈ-ਏਥੇ ਗੁਰੂ ਨਾਨਕ ਸਾਹਿਬ ਜੀ ਨੇ ਰਿਹਾਇਸ਼ ਰੱਖੀ ਸੀ-ਦਾ ਪਤਾ ਦਿਤਾ ਸੀ, ਇਸ ਤੋਂ ਖਿਆਲ ਹੁੰਦਾ ਹੈ ਕਿ ਪੀਰ ਦਸਤਗੀਰ ਦੇ ਟਿਕਾਣੇ ਗੁਰੂ ਜੀ ਦੀ ਯਾਦਗਾਰ ਹੋਸੀ, ਪਰ ਓਹ ਦੱਸਦੇ ਸਨ ਕਿ ਉੱਥੇ ਗ਼ੈਰ ਮੁਸਲਿਮ ਨੂੰ ਜਾਣੇ ਦੀ ਆਗਿਆ ਨਹੀਂ ਹੈ। ਉਹ ਜ਼ੁਬਾਨੀ ਕਿਹਾ ਕਰਦੇ ਸਨ ਕਿਸੇ ਹੋਰ ਥਾਵੇਂ ਉਨ੍ਹਾਂ ਦੇ 'ਪੀਰ ਹਿੰਦੀ' ਦਾ ਹੋਰ ਟਿਕਾਣਾ ਤੇ ਉਥੇ ਚਰਾਗ ਜਲਾਏ ਜਾਂਦੇ ਬੀ ਡਿੱਠੇ ਜਾਂਦੇ ਸਨ ਤੇ ਪੀਰ ਹਿੰਦੀ ਗੁਰੂ ਨਾਨਕ ਦੇਵ ਜੀ ਨੂੰ ਕਹਿੰਦੇ ਸਨ।

ਹੁਣ ਬਗ਼ਦਾਦ ਤੋਂ ਪਤਾ ਕਰਨ ਤੇ ਸਾਨੂੰ ਇਕ ਹੋਰ ਸੁੱਧ ਆਈ ਹੈ ਕਿ ਸ਼ਹਿਰੋਂ ਪੱਛੋਂ, ਮੀਲ ਕੁ ਦੀ ਵਿੱਥ ਤੇ ਰੇਲਵੇ ਲਾਈਨ-ਬਗ਼ਦਾਦ ਸਾਮੱਰਾ ਹੇਲਵੇ- ਦੇ ਲਾਗੇ ਇਕ ਨਿਸ਼ਾਨ ਅਜੇ ਤੱਕ ਕਾਇਮ ਹੈ, ਉੱਥੇ ਇਕ ਚਾਰ ਦੀਵਾਰੀ ਹੈ, ਜਿਸ ਦੇ ਵਿਚ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਥੜਾ ਹੈ, ਜਿਸਦੇ ਅੰਦਰ ਕੰਧ ਵਿਚ ਇਕ ਖੁਤਬਾ ਹੈ। ਉਸ ਚਾਰ ਦੀਵਾਰੀ ਦੀ ਸ਼ਕਲ ਪਿਛਲੇ ਪੰਨੇ ਪਰ ਦਿਤੀ ਗਈ ਹੈ।

ਇਸ ਵਿਚ ਲਗੇ ਖੁਤਬੇ ਦੀਆਂ ਫੋਟੋ ਕਈ ਸਜਣ ਲਿਆਏ ਹਨ, ਜੋ ਠੀਕ ਪੜ੍ਹੀਆਂ ਨਹੀਂ ਜਾਂਦੀਆਂ, ਅਸਾਂ ਨੇ ਇਸਦੀ ਤਾਜ਼ੀ ਫੋਟੋ ਤੇ ਨਕਲ ਬਗਦਾਦ ਤੋਂ ਮੰਗਵਾਈ ਹੈ ਜੋ ਰਲੀ ਹੋਈ ਤੁਰਕੀ ਤੇ ਅਰਬੀ ਜ਼ੁਬਾਨ ਵਿਚ ਹੈ, ਉਸ ਦੀ ਨਕਲ (Tracing) ਪਿਛਲੇ ਪੰਨੇ ਤੇ ਦੇਖੀ ਜਾ ਸਕਦੀ ਹੈ।

**ਇਸਦੇ ਅੱਖਰ ਐਉਂ ਪੜ੍ਹੇ ਜਾਂਦੇ ਹਨ :-**

ਕੋਰਲਾ ਮੁਰਾਦ ਐਲਦੀ ਹਜ਼ਰਤ ਰੱਬਿ ਮਜੀਦ,
ਬਾਬਾ ਨਾਨਕ ਫਕੀਰ ਔਲਾ ਨਾਕਿ ਇਮਾਰਤੇ ਜਦੀਦ,
ਯਦੀਲਰ ਇਮਦਾਦ ਐਦੂਬ ਕਿਲਦੀ ਕਿ ਤਾਰੀਖੇਨਾ,
ਯਾਪਦੀ ਨਵਾਬ[1] ਅਜਰਯਰਾ ਅਬੀ ਮੁਰੀਦ ਸਈਦ।
ਸੰਨ ੯੧੭ ਹਿ:

**ਇਸਦਾ ਉਰਦੂ ਤਰਜਮਾ ਇਹ ਹੈ:-**

(ਜਬ) ਮੁਰਾਦ ਨੇ ਦੇਖੀ ਗਿਰੀ ਹੁਈ ਹਜ਼ਰਤ ਰੱਬੇ ਮਜੀਦ ਬਾਬਾ ਨਾਨਕ ਔਲੀਆ ਅੱਲਾ ਕੀ ਇਮਾਰਤ ਤੋ ਨਈ ਅਪਨੇ ਹਾਥੋਂ ਕੀ ਮਦਦ ਸੇ ਬਨਾਈ ਤਾਕਿ ਤਾਰੀਖ ਕੇ ਤੌਰ ਪਰ ਪੁਸ਼ਤ ਦਰ ਪੁਸ਼ਤ ਕਾਇਮ ਰਹੇ ਔਰ ਉਨਕੇ ਨੇਕ ਬਖ਼ਤ ਮੁਰੀਦ ਕਾ ਸੁਾਬ ਜਾਰੀ ਰਹੇ। ਸੰਨ ੯੧੭।

ਇਸ ਤਰਜਮੇ ਪਰ ਵੀ ਕੁਛ ਰਾਇ ਦਾ ਫਰਕ ਹੈ[1]।

ਸੰਨ ਜੋ ਖੁਤਬੇ ਵਿਚ ਹੈ, ਉਹ ੯੧੭ ਹਿਜਰੀ ਪੜ੍ਹਿਆ ਜਾਂਦਾ ਹੈ, ਏਕੇ ਵਿਚ ਰਤਾ ਟੇਢ ਹੋਣ ਕਰਕੇ ਉਹ ੯੨੭ ਹਿ: ਬੀ ਖਿਆਲ ਪੈ ਜਾਂਦਾ ਹੈ। ਸ੍ਰੀ ਅਨੰਦਾ ਚਾਰਯਾ ਨੇ ਜੋ ਖੁਤਬਾ ਪੜ੍ਹਿਆ ਉਹ ਅਰਬੀ ਦਾ ਦੱਸਦੇ ਹਨ ਤੇ ਉਸ ਵਿਚ ਉਨ੍ਹਾਂ ਸੰਮਤ

---

[1] ਇਹ ਲਫਜ਼ "ਸਵਾਬ" ਬੀ ਪੜ੍ਹਿਆ ਜਾਂਦਾ ਹੈ।

[1] ਇਸ ਤੋਂ ਮਗਰੋਂ ਵਿਸ਼ੇਸ਼ ਖੋਜ ਕਰਨ ਤੇ ਪਤਾ ਲਗਾ ਹੈ ਕਿ ਇਕ ਤਰਜਮਾ ਹੈ :-

ਦੇਖੀ ਜਿਸਨੇ ਹਜ਼ਰਤ ਬਾਬਾ ਨਾਨਕ ਫਕੀਰ ਦੀ ਦਰਗਾਹ, ਰੱਬ ਮਜੀਦ ਨੇ ਉਸ ਨੂੰ ਉਸਦੇ ਦਿਲ ਦੀ ਮੁਰਾਦ ਦੇ ਦਿੱਤੀ ਤੇ ਸੱਤਾਂ (ਅਸਮਾਨਾ ਦੇ ਫ਼ਰਿਸ਼ਤਿਆਂ ਨੇ ਉਸਦੀ) ਮਦਦ ਕੀਤੀ, ਤੇ ਇਹ ਉਸ {ਇਮਾਰਤ} ਦੀ ਤਾਰੀਖ ਨਿਕਲੀ ਕਿ ਫੈਜ਼ ਦਾ ਹਸ਼ਮਾ {ਆਪਣੇ} ਨੇਕਬਖਤ ਮੁਰੀਦਾਂ ਲਈ ਜਾਰੀ ਕਰ ਦਿੱਤਾ।

ਤੇ ਇਕ ਹੋਰ ਤਰਜਮਾ ਐਉਂ ਹੈ :-

ਵੇਖੋ ਹਜ਼ਰਤ ਰੱਬ ਮਜੀਦ ਨੇ ਕਿਵੇਂ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਇਮਾਰਤ ਅੱਚਣਚੇਤ ਨਵੀਂ ਬਣ ਗਈ ਸੱਤ ਪੀਰਾਂ ਨੇ ਮਦਦ ਕੀਤੀ ਤੇ ਇਹ ਇਸਦੀ ਤਾਰੀਖ ਨਿਕਲੀ ਕਿ {ਉਸ ਦੇ} "ਨੇਕਬਖ਼ਤ ਮੁਰੀਦ ਦੀ ਰਵਾਇਤ ਨਾਲ ਧਰਤੀ ਤੇ ਪੂਜਨੀਕ ਥਾਂ ਕਾਇਮ ਹੋ ਗਈ "।

ਇਸ ਖੁਤਬੇ ਦੀ ਇਬਾਰਤ ਤੁਰਕੀ ਅਰਬੀ ਮਿਲੀ ਹੋਈ ਹੋਣ ਕਰਕੇ, ਅਰਥ ਕਰਨ ਵਿਚ ਬੜੀ ਦਿੱਕਤ ਪੇਸ਼ ਆਉਂਦੀ ਹੈ, ਇਸ ਦੀ ਤੀਜੀ ਸਤਰ ਦਾ ਪਾਠ ਹੈ:-" ਯਦੀਲਰ ਇਮਦਾਦ ਐਦੂਬ ਕਿਲਦੀ ਕਿ ਤਾਰੀਖੇਨਾ" ਇਸਦੇ ਮੁੱਢਲਾ ਪਦ 'ਯਦੀ' ਤੁਰਕੀ ਹੈ ਤੇ ਅਰਥ ਇਸ ਦਾ 'ਸੱਤ' ਹੈ ਤੇ 'ਸਤਾਂ ਨੇ ਮਦਦ ਕੀਤੀ' ਦਾ ਅਰਥ ਭਾਵ ਕਈ ਲੈਂਦੇ ਹਨ ਕਿ 'ਸਤ ਪੀਰਾਂ ਨੇ ਮਦਦ ਕੀਤੀ' ਜਾ 'ਸਤਾਂ ਅਸਮਾਨਾਂ ਦੇ ਫਰਿਸ਼ਤਿਆਂ ਨੇ ਮਦਦ ਕੀਤੀ' ਯਾ ਸੱਤਾਂ ਜ਼ਿਮੀਆਂ ਤੇ ਸੱਤਾਂ ਅਸਮਾਨਾਂ ਨੇ ਮਦਦ ਕੀਤੀ।

ਇਸ ਸਤਰ ਦੇ ਅੰਤਲੇ ਪਦ 'ਤਾਰੀਖੇ ਨਾ' ਤੋਂ ਪਤਾ ਲਗਦਾ ਹੈ ਕਿ ਅਗਲੀ ਸਤਰ ਵਿਚ ਤਾਰੀਖ (ਸੰਮਤ) ਹੈ, ਅਗਲੀ ਚੌਥੀ ਸਤਰ ਦਾ ਪਾਠ ਹੈ-'ਯਾਪਦੀ ਨੂਾਬ ਅਜ਼ਾ ਯਰਾ ਅਬੀ ਮੁਰੀਦ ਸਈਦ' ਅਬਜਦ ਦੇ ਹਿਸਾਬ ਨਾਲ ਇਨ੍ਹਾਂ ਪਦਾਂ ਦੀ ਗਿਣਤੀ ਤਰਤੀਬਵਾਰ ੨੭+੫੯+੨੦੫+੨੧੫+੧੩+ ੨੫੪+੧੪੪=੯੧੭ ਬਣਦੀ ਹੈ, ਜੋ ਖੁਤਬੇ ਦੇ ਹੇਠ ਲਿਖੇ ਸੰਮਤ ਨਾਲ ਮਿਲ ਜਾਂਦੀ ਹੈ।

੯੧੨ ਪੜ੍ਹਿਆ ਹੈ। ਸ਼ੱਕ ਪੈਂਦਾ ਹੈ ਕਿ ਸ੍ਵਾਮੀ ਜੀ ਨੇ ਸਨ ੯੧੨ ਗ਼ਲਤ ਪੜ੍ਹਿਆ ਹੈ। ਸੰਨ ੯੧੭ ਯਾ ੯੨੭ ਹੀ ਢੁੱਕੇਗਾ ਅਜੇ ਤਕ ਪਤਾ ਨਹੀਂ ਲਗਾ ਕਿ ਉਹ ਖੁਤਬਾ ਕਿਥੇ ਹੈ, ਹੈ ਯਾ ਕਿਤੇ ਢਹਿ ਡਿਗ ਪਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ ੯੧੨ ਹਿ: ਵਿਚ ੩੬, ੯੧੭ਹਿ:ਵਿਚ ੪੧, ੯੨੭ਹਿ: ਵਿਚ ੫੧ ਸਾਲ ਦੀ ਸੀ।

ਇਸ ਖੁਤਬੇ ਦਾ ਚਾਹੋ ਅਰਥ ਕੋਈ ਠੀਕ ਹੋਵੇ ਤੇ ਕਿਵੇਂ ਹੋਵੇ, ਇਕ ਬਾਹਰਲੀ ਉਗਾਹੀ ਮਿਲ ਗਈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉੱਥੇ ਜ਼ਰੂਰ ਗਏ ਹਨ ਅਰ ਉੱਥੇ ਮੁਸਲਮਾਨੀ ਕੇਂਦ੍ਰ ਵਿਚ ਜਿਥੇ ਹਿੰਦੂ ਦਾ ਨਾਮ ਲੈਣਾ ਸੌਖਾ ਨਹੀਂ, ਓਥੇ ਆਪ ਨੇ ਇਤਨੀ ਕਦਰ ਪਾਈ ਕਿ ਓਹਨਾਂ ਲਈ ਯਾਦਗਾਰ ਬਣਾਈ ਗਈ। ਫਿਰ ਉੱਥੇ ਉਹਨਾਂ ਦਾ ਸਤਿਕਾਰ ਐਤਨਾ ਸੀ ਕਿ ਉਸ ਇਮਾਰਤ ਦੇ ਕਿਸੇ ਕਾਰਨ ਮਿਸਮਾਰ ਹੋ ਜਾਣ ਤੇ ਮੁਰਾਦ ਨੇ ਦੁਬਾਰਾ ਯਾਦਗਾਰ ਖੜੀ ਕੀਤੀ ਅਰ ਐਸਾ ਕਰਨ ਨੂੰ ਉਸ ਨੇ ਪੁੰਨ ਮੰਨਿਆ ਤੇ ਪੁਸ਼ਤ ਦਰ ਪੁਸ਼ਤ ਇਸ ਯਾਦਗਾਰ ਦੀ ਕਾਇਮੀ ਨੂੰ ਉਸ ਨੇ ਅਪਣੇ ਧੰਨ ਭਾਗ ਸਮਝੇ। ਮੁਸਲਮਾਨੀ ਦੀਨ ਦੇ ਮਰਕਿਜ਼ ਵਿਚ ਪੰਜ ਸਦੀਆਂ ਇਸ ਯਾਦਗਾਰ ਦਾ ਕਾਇਮ ਰਹਿਣਾ ਸਤਿਗੁਰੂ ਜੀ ਦੇ ਉਥੇ ਜਾਣ ਅਰ ਅਲੌਕਿਕ ਸਤਿਕਾਰ ਪ੍ਰਾਪਤ ਕਰਨ ਦੀ ਉਗਾਹੀ ਭਰ ਰਿਹਾ ਹੈ। ਸਾਡੇ ਲਈ ਤਾਂ ਭਾਈ ਗੁਰਦਾਸ ਜੀ ਦੀ ਉਗਾਹੀ ਕਾਫ਼ੀ ਹੈ, ਏਹ ਅਸਾਂ ਬਾਹਰਲੇ ਸਬੂਤ ਦਿਖਾਏ ਹਨ ਜੋ ਮਿਲੇ ਹਨ।

( ਦੇਖੋ ਸਟੀਕ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦਾ ਫੁਟ ਨੋਟ ਸਫ਼ਾ ੧੦੫੧)

ਗੁਰੂ ਨਾਨਕ ਦੇਵ ਜੀ ਦੇ ਬਿਰਹੋਂ ਵਿਚ

## ਮਾਤਾ ਤ੍ਰਿਪਤਾ ਜੀ ਦਾ ਗੀਤ[1]!

[2]ਖਲੀ ਉਡੀਕਾਂ ਵਾਟ ਤੁਧੇ ਦੀ ਰਸਤੇ ਪਈ ਤਕਾਵਨੀਆਂ।
ਗੁਝੜੀ ਵੇਦਨ ਬਹਿਣ ਨ ਦੇਂਦੀ ਪਾਂਧੀਆਂ ਜਾਇ ਪੁਛਾਵਨਿਆਂ।
ਫਿਰਾਂ ਦੀਵਾਨੀ ਆਵਲ ਬਾਵਲ, ਪਤ ਪਤ ਢੂੰਡ ਢੂੰਡਾਵਨਿਆਂ।
ਕਾਗ ਉਡਾਵਾਂ, ਔਸੀਆਂ ਪਾਵਾਂ, ਸਦਕੇ ਹੋ ਹੋ ਜਾਵਨੀਆਂ।
ਬਿਰਹੋਂ ਮਾਰ ਬਿਰਾਨੀ ਕੀਤੀ ਮੱਛੀ ਜਿਉਂ ਤੜਫਾਵਨੀਆਂ।
ਦੁਖ ਭਰ ਅਖੀਆਂ ਛੰਮ ਛੰਮ ਵਰਸਨ, ਰੋ ਰੋ ਛਹਿਬਰ ਲਾਵਨੀਆਂ।
ਯਾਦ ਕਰੇ ਕਰ ਤੈਨੂੰ ਸਤਿਗੁਰ, ਕੂੰਜ ਜਿਵੇਂ ਕੁਰਲਾਵਨੀਆਂ।
ਇੱਕ ਵੇਰ ਆ ਦਰਸ ਦਿਖਾਵੋ, ਰੋ ਰੋ ਬਿਨੈ ਅਲਾਵਨੀਆਂ।
ਇੱਕ ਵੇਰ ਆ ਚਰਨੀ ਲਾਵੋ, ਚਰਨ ਸ਼ਰਨ ਚਿਤ ਲਾਵਨੀਆਂ।
ਸਦਕੇ ਕਿਸੇ ਮੁਹਾੜਾਂ ਮੋੜੋ, ਆਪਾ ਘੋਲ ਘੁਮਾਵਨਿਆਂ।

## ੭੬. ਕੰਧਾਰ ਫੇਰੀ[3]।

੧

ਗੁਰੂ ਨਾਨਕ ਜਾਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥ (ਆਸਾ ਮ:੫

ਸਿਕੰਦਰ ਜਦ ਹਿੰਦੁਸਤਾਨ ਤੇ ਚੜ੍ਹ ਆਇਆ ਤਾਂ ਉਸਦਾ ਇੰਦੀਆ ਇਹ ਸੀ ਕਿ ਯੂਨਾਨ ਤੋ ਲੈਕੇ ਹਿੰਦੁਸਤਾਨ ਤਕ, ਹਿੰਦੁਸਤਾਨ ਸਮੇਤ ਇਕ

[1] ਇਹ ਗੀਤ ੧੭ ਕੱਤਕ ੧੯੭੯ ਸੰ: ਗੁਰੂ ਨਾਨਕ ਸਾਹਿਬ ੪੫੪ (੨ਅਕਤੂਬਰ ੧੯੨੨) ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਹੋਇਆ ਸੀ। [2] ਧਾਰਨਾ-ਕਵਨ ਦੇਸ਼ ਪਾਈ ਛਾਵਨੀਆਂ।

[3] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ:ਗੁ:ਨਾ:ਸਾ: ੪੬੩ (੧੯੩੧ਈ:)ਨੂੰ ਖਾ:ਸਮਾ:ਵਿਖੇ ਪ੍ਰਕਾਸ਼ਿਤ ਹੋਇਆ ਸੀ।

ਰਾਜ ਕਰ ਲਵੇ, ਇਸੇ ਕਰਕੇ ਉਹ ਇਲਾਕੇ ਬਾਦ ਇਲਾਕਾ ਫਤੇਹ ਕਰਦਾ ਜਗਾ ਜਗਾ ਬਸਤੀਆਂ ਤੇ ਨਗਰ ਵਸਾਉਂਦਾ ਆਇਆ ਤੇ ਉਥੇ ਯੂਨਾਨੀ ਵੱਸੋਂ ਦੇ ਟਿਕਾਣੇ ਬਣਾਉਂਦਾ ਤੇ ਕਈ ਜਗਾ ਕਿਲ੍ਹੇਬੰਦੀਆਂ ਥਾਪਦਾ ਆਇਆ ਕਿ ਸਿਲਸਿਲਾ ਲਗਾਤਾਰ ਕਾਇਮ ਰਹੇ। ਅਫਗਾਨਿਸਤਾਨ ਵਿਚ ਜੋ ਕੰਧਾਰ ਨਾਮੇ ਸ਼ਹਿਰ ਹੈ ਕਈ ਦਾਨੇ ਆਖਦੇ ਹਨ ਕਿ ਇਹ ਨੱਗਰ ਵੀ ਉਨ੍ਹਾਂ ਵਿਚੋਂ ਇਕ ਹੈ। ਹਿਰਾਤ ਤੋਂ ਲੈਕੇ ਹਿੰਦ ਤਕ ਦੇ ਰਸਤੇ ਦਾ ਇਹ ਸ਼ਹਿਰ ਇਕ ਡਾਢਾ ਅਕਲਮੰਦੀ ਦਾ ਫੌਜੀ ਟਿਕਾਣਾ ਹੈ। ਚਾਹੇ ਸਿਕੰਦਰ ਨੇ ਵਸਾਇਆ, ਚਾਹੇ ਪਹਿਲੋਂ ਦੀ ਕੋਈ ਵਸੋਂ ਸੀ ਪਰ ਇਸਨੂੰ ਕਿਲ੍ਹੇਬੰਦ ਕਰਨਾ ਸਿਕੰਦਰ ਦੇ ਉਤੇ ਹੀ ਖਿਆਲ ਕੀਤਾ ਜਾਂਦਾ ਹੈ। ਵਸਦਾ ਰਿਹਾ ਇਹ ਸ਼ਹਿਰ ਸਦੀਆਂ ਆਪਣੇ ਧਨ ਉਪਜਾਊ ਹਰੇ ਭਰੇ ਮੈਦਾਨਾਂ ਦੇ ਵਿਚਕਾਰ; ਕਈ ਰੰਗ ਇਸਨੇ ਤੱਕੇ ਅਖੀਰ ਇਥੇ ਨਾਦਰ ਦਾ ਫੇਰਾ ਪਿਆ ਜਿਸਨੇ ਇਸਨੂੰ ਸਰ ਕਰਕੇ ਅਪਣਾ ਇਕ ਅੱਡਾ ਬਣਾਇਆ ਤੇ ਲੁੱਟ ਮਾਰ ਦੇ ਬਹੁਤੇ ਧਨ ਦਾ ਖਜ਼ਾਨਾ ਇਥੇ ਟਿਕਾਇਆ। ਨਾਦਰ ਜਦੋਂ ਮਾਰਿਆ ਗਿਆ ਤਾਂ ਅਹਿਮਦਸ਼ਾਹ ਅਬਦਾਲੀ ਨੇ ਉਠ ਕੇ ਛੇਤੀ ਨਾਲ ਕੰਧਾਰ ਤੇ ਕਬਜ਼ਾ ਕੀਤਾ ਤੇ ਸਾਰਾ ਖਜ਼ਾਨਾ ਸਾਂਭ ਕੇ ਉਹ ਬਾਦਸ਼ਾਹ ਬਣ ਗਿਆ ਉਸਨੇ ਕੁਛ ਵਿਥ ਕਰਕੇ ਨਵਾਂ ਕੰਧਾਰ ਵਸਾਕੇ ਆਪਣੀ ਰਾਜਧਾਨੀ ਥਾਪੀ। ਹੁਣ ਵਾਲਾ ਕੰਧਾਰ ਜਿਸਦੇ ਵਿਚਕਾਰ ਚੌਂਕ ਹੈ, ਅਤੇ ਚੁਰਾਹਾ ਸ਼ਹਿਰ ਨੂੰ ਚਾਰ ਹਿੱਸਿਆਂ ਵਿਚ ਵੰਡਦਾ ਹੈ ਤੇ ਉਘੜ-ਦੁਘੜੀ ਪੱਕੀ ਫਸੀਲ ਵਿਚ ਹੈ; ਅਹਿਮਦਸ਼ਾਹ ਦਾ ਵਸਾਇਆ ਹੋਇਆ ਹੈ। ਤੇ ਪਹਿਲਾ ਕੰਧਾਰ ਉਸ ਤੋਂ ਕੁਛ ਵਿੱਥ ਤੇ ਖੰਡਰ ਖੋਲੇ ਹੋਇਆ ਪਿਆ ਹੈ। ਸਾਢੀਆਂ ਚਾਰ ਸਦੀਆਂ ਤੋਂ ਕੁਛ ਉੱਪਰ ਬੀਤਿਆ ਹੈ ਕਿ ਇਹ ਅਜੇ ਖੋਲਿਆਂ ਵਾਲਾ ਕੰਧਾਰ ਘੁੱਗ ਵਸ ਰਿਹਾ ਸੀ। ਗਹਿਮਾਂ ਗਹਿਮ ਤੇ ਚਹਿਲ ਪਹਿਲ ਹੋ ਰਹੀ ਸੀ ਕਿ ਇਕ ਚੁੱਪ ਵਿਲਾਇਤ ਦਾ ਪਾਤਸ਼ਾਹ ਇਸ ਪਰ ਚੜ੍ਹ ਆਇਆ। ਇਹ ਕਿਲ੍ਹੇ ਕੋਟਾਂ ਦਾ ਸਰ ਕਰਨ ਵਾਲਾ ਤੇ ਅਕਾਰਣ ਖੂਨ ਦੀਆਂ ਨਦੀਆਂ ਵਹਾਕੇ ਆਪਣਾ ਸਿੱਕਾ ਬਿਠਾਉਣ ਵਾਲਾ ਹਮਲਾ-ਆਵਰ ਨਹੀਂ ਸੀ, ਨਾ ਇਹ ਡਰ ਤੇ ਸਹਿਮ ਦੇਕੇ ਲੋਕਾਂ ਦੇ ਤਹਿਤ ਬਹਾਲਦਾ ਸੀ। ਇਹ ਸੂਰਮਾਂ ਦਿਲਾਂ ਨੂੰ ਫਤੇਹ ਕਰਦਾ ਸੀ ਤੇ ਕੈਦ ਹੋਏ ਦਿਲਾਂ ਨੂੰ ਖੁੱਲ੍ਹਾ ਦੇਣ ਦੇ ਕਾਰਣ ਖੁਲ੍ਹਾ ਦਾ ਸੁਲਤਾਨ ਕਹਾਉਂਦਾ ਸੀ, ਇਹ ਆਪੇ ਨੂੰ ਆਪੇ ਦੀ ਬੰਦ ਤੋਂ ਛੁਡਾਕੇ ਆਪੇ ਦੇ ਸੋਮੇਂ ਪਰ ਪਹੁੰਚਾਕੇ ਸਦਾ ਅਨੰਦ ਦੇ ਰੰਗਾਂ ਵਿਚ ਲੈ ਜਾਂਦਾ ਸੀ। ਹਾਂ, ਇਹ ਆਪੇ ਵਿਚ ਮੇਲਦਾ ਤੇ ਵੈਰਾਂ ਨੂੰ ਵੰਜਾਕੇ ਇਨਸਾਨ ਨਾਲ ਇਨਸਾਨ ਨੂੰ ਭਾਈ ਭਾਈ ਬਣਾਉਂਦਾ ਸੀ, ਇਸ ਕਰਕੇ ਇਸਨੂੰ 'ਸੁਲਹ ਦਾ ਪਿਯੰਬਰ ਬੀ ਆਖਦੇ ਹਨ।

ਹਾਂ ਜੀ, ਇਕ ਦਿਨ ਇਹ ਜੋਧਾ ਆ ਨਿਕਲਿਆ ਕੰਧਾਰ ਦੀਆਂ ਜੂਹਾਂ ਵਿਚ, ਨਾਲ ਫੌਜ ਨਹੀਂ, ਤੋਪਖਾਨਾ ਨਹੀਂ, ਤੀਰ ਬੰਦੂਕ ਨਹੀਂ, ਇਕ ਆਪ ਹੈ ਤੇ ਦੋ ਇਕ ਸਾਥੀ ਹੋਰ ਹਨ ਜੋ ਪੁੱਛਦੇ ਹੈਨ "ਕਿਧਰ ਤੇ ਕਿਸ ਪਤੇ ਪਰ ਮਾਲਕ ਜੀਓ ਜਾ ਰਹੇ ਹਾਂ?"

ਆਪ ਬੋਲੇ-ਦੇਖੋ ਕਰਤਾਰ ਦੇ ਰੰਗ!ਲਿਜਾ ਰਿਹਾ ਹੈ ਉਹ ਆਪ ਕਿਸੇ ਦੇ ਪਾਸ, ਜਿਸ ਪਰ ਉਹ ਤੁੱਠਾ ਹੈ, ਜੋ ਹੁਣੇ ਕਿਤੇ ਮਿਲ ਪਏਗਾ ਤੇ ਉਸਦਾ ਕਾਰਜ ਰਾਸ ਹੋ ਜਾਏਗਾ।

## ੨.

ਸਗਲ ਦਰਸ਼ਨੁ ਪੇਖਤ ਪੁਨੀਤ।

ਇੰਨੇ ਨੂੰ ਨਗਰ ਆ ਗਿਆ। ਬੇਰੋਕ ਦਾਤਾ ਅੰਦਰ ਵੜ ਗਿਆ। ਹਾਂ, ਜਾ ਖੜੋਤਾ ਇਕ ਮਕਾਨ ਦੇ ਅੱਗੇ, ਜਿਥੋਂ ਇਕ ਸੁਹਣਾ ਜਿਹਾ ਜੁਆਨ ਗੱਭਰੂ ਮੁਗਲ ਨਿਕਲਿਆ। ਘਰੋਂ ਨਿਕਲਦੇ ਦੇ ਨੈਣ ਦੋ ਚਾਰ ਹੋਏ, ਇਕ ਅਚਰਜ ਨੈਣਾਂ ਦੇ ਜੋੜੇ ਨਾਲ, ਜਿਨ੍ਹਾਂ ਨੂੰ ਤੱਕ ਕੇ ਉਹ ਬਝੱਕ ਰਹਿ ਗਿਆ ਤੇ ਉਸਦੇ ਕਾਹਲੀ ਨਾਲ ਨਿਕਲਕੇ ਟੁਰ ਰਹੇ ਕਦਮ ਉਨ੍ਹਾਂ ਕਦਮਾਂ ਤੇ ਖੜੋ ਗਏ। ਗਹੁ ਕਰਕੇ ਦੇਖਦਾ ਹੈ ਅਸਚਰਜ ਹੁੰਦਾ ਹੈ। ਕਦੇ ਜੀ ਵਿਚ ਇਕ ਝਰਨਾਟ ਛਿੜਦੀ ਹੈ, ਕਦੇ ਖਿੱਚ ਪੈਂਦੀ ਹੈ, ਕਦੇ ਨਜ਼ਰ ਕਦਮਾਂ ਵਲ ਚਲੀ ਜਾਂਦੀ ਹੈ। ਕੁਛ ਛਿਨਾਂ ਇਸ ਤਰ੍ਹਾਂ ਦੇ ਹਾਲ ਵਿਚ ਰਹਿਕੇ ਉਸ ਨੇ ਪੁੱਛਿਆ:-ਆਪ ਜੀ ਦਾ, ਹੇ ਸੁਹਣੇ ਨੈਣਾਂ ਵਾਲਿਓ, ਕੀ ਨਾਮ ਹੈ ?

ਉੱਤਰ-ਮੇਰਾ ਨਾਮ ਨਿਰੰਕਾਰੀ ਨਾਨਕ ਹੈ।

ਮੁਗ਼ਲ-ਨਾਨਕ, ਨਾਨਕ ਨਾ.....ਨ......ਕ ਨਿਰਅੰਕਾ...ਰੀ। ਕੀ ਮਾਇਨੇ ਹੋਏ ਨਾਮ ਦੇ! (ਉਪਰ ਤੱਕ ਕੇ) ਐਸਾ ਨਾਮ ਅੱਗੇ ਨਹੀਂ ਸੁਣਿਆ ਕਦੇ।

ਗੁਰੂ ਜੀ-ਮਾਇਨੇ ਹਨ, ਖ਼ੁਦਾ ਦਾ ਬੰਦਾ।

ਮੁਗ਼ਲ-ਬੰਦਹ ਏ ਖ਼ੁਦਾ! ਵਾਹ ਵਾਹ ਕਰਮ ਜਾਗੇ, ਬੰਦਹ ਏ ਖ਼ੁਦਾ ਮਿਲਿਆ! ਬੰਦਹ ਏ! ਵਾਹ ਵਾਹ!

ਚਿਹਰੇ ਵਲ ਤੱਕਦਾ ਗਿਆ ਤੇ ਕਿਸੇ ਸੁਆਦ ਵਿਚ ਭਰਦਾ ਗਿਆ। ਫਿਰ ਬੋਲਿਆ: "ਕਿਸ ਦੇਸ਼ ਤੋਂ ਆਏ ਹੋ, ਕਾਬਲੀ ਕਿ ਖੁਰਾਸਾਨੀ, ਕਿ ਹਿੰਦੀ ਹੋ?

ਗੁਰੂ ਜੀ-ਵਤਨ ਤਾਂ ਖ਼ੁਦਾ ਹੈ, ਪਰ ਲੋਕੀਂ ਕਹਿੰਦੇ ਹਿੰਦੀ ਹਨ।

ਮੁਗ਼ਲ-ਵਾਹ ਵਾਹ, ਖ਼ੁਦਾ ਵਤਨ ਹੈ ਜਿਨ੍ਹਾਂ ਦਾ, ਖ਼ੁਦਾ ਦੀਦਾਰ ਹੈ ਉਨ੍ਹਾਂ ਦਾ। ਹਾਂ, ਫਿਰ ਆਪ ਦਾ ਰਹਿਬਰ, ਮੁਰਸ਼ਿਦ, ਪੈਕੰਬਰ ਕੌਣ ਹੈ?

ਗੁਰੂ ਜੀ-ਖ਼ੁਦਾ ਆਪ ਹੈ ਸਾਨੂੰ ਘੱਲਣ ਵਾਲਾ, ਮੁਰਸ਼ਿਦ ਤੇ ਪੀਰ ਸਾਨੂੰ ਉਹੋ ਹੀ ਆਪ ਮਿਲਿਆ ਹੈ।

ਮੁਗਲ-ਬੰਦਹਏ ਖ਼ੁਦਾ, ਵਤਨ ਖ਼ੁਦਾ, ਪੀਰ ਖ਼ੁਦਾ! ਦੀਦਾਰ ਤਾਂ ਡਾਢੇ ਉੱਚੇ ਸੁੱਚੇ ਸੋਹਣੇ ਹਨ। ਨਹੀਂ ਡਿੱਠਾ ਰਸੂਲ, ਪਰ ਦਿਲ ਕਹਿੰਦਾ ਏ ਰਸੂਲੋਂ ਸੁਹਣੇ ਹਨ, ਨਹੀਂ ਨਹੀਂ ਮੈਂ ਤਾਂ ਕਾਫ਼ਰ ਹੁੰਦਾ ਜਾਂਦਾ ਹਾਂ, ਇਹ ਦੀਦਾਰ ਤਾਂ 'ਦੀਦਾਰੇ ਖ਼ੁਦਾ' ਪਿਆ ਲਗਦਾ ਹੈ। ਕਿਉਂ ਜੀ ਖ਼ੁਦਾ ਦੇ ਦੇਸ਼ਵਾਸੀ! ਖ਼ੁਦਾ ਦੇ ਜਾਣਨਹਾਰ ਜੀ! ਹੋ ਨਾਂ ਤੁਸੀਂ ਉਸੇ ਦੇ ਦੀਦਾਰ ਨੁਮਾ? ਅੱਗ, ਅੱਗ ਨਾਲ ਲਾਲ ਗੁਲਾਲ ਗੋਲਾ ਭਖ ਭਖ ਕਰਦਾ, ਦਗ਼ਦਗ਼ ਕਰਦਾ ਅੱਗ ਹੀ ਹੁੰਦਾ ਹੈ ਨਾਂ? (ਆਪਣੇ ਮਨ ਨਾਲ) ਓਏ ਯਾਰਵਲੀ! ਭਲਾ ਜਦ ਤਕ ਤਾਂ ਢੂੰਡ ਸੀ ਸ਼ਰਅ ਫਿਕਹ ਦੀ ਦਰਸ ਤਦਰੀਸ ਸੀ[1], ਤਦ ਤਾਂਈ ਤਾਂ ਹਿਸਾਬ ਕਿਤਾਬ ਸੀ : ਆਹ ਅੱਲਾ ਹੈ, ਆਹ ਰਸੂਲ ਹੈ, ਆਹ ਮੁਰਸ਼ਿਦ ਹੈ, ਆਹ ਕੁਫਰ ਹੈ, ਆਹ ਸ਼ਿਰਕ ਹੈ, ਆਹ ਦੀਨਦਾਰੀ ਹੈ, ਆਹ ਪਾਕਬਾਜ਼ੀ ਹੈ, ਫਲਾਨਾ ਪ੍ਰਹੇਜ਼ਗਾਰ ਹੈ, ਫਲਾਨਾ ਮੁਲਹਿਦ ਹੈ, ਫਲਾਨਾ ਮੁਸ਼ਰਿਕ ਹੈ, ਅਮਕਾ ਕਾਫਰ ਹੈ, ਬੇਦੀਨ ਹੈ ਜਦ ਤਾਈਂ ਏਹ ਹਿਸਾਬ ਰਹੇ ਖੁਸ਼ਕ ਹੀ ਰਹੇ, ਲਕੜੀ-ਪੇੜ ਨਾਲੋਂ ਕੱਟ ਕੇ ਸੁੱਟੀ ਲਕੜੀ-ਸੁੱਕੀ ਲਕੜ। ਅੱਜ ਏਹ ਦੀਦਾਰ ਦੇਖਕੇ ਰਗਾਂ ਵਿਚ ਤਰੌਤ ਫਿਰ ਰਹੀ ਹੈ। ਲੱਕੜੀ ਨਰਮ ਹੋਕੇ ਮੋਈ ਲਚਕ ਫੇਰ ਜਾਗ ਪਈ ਹੈ, ਫਿਰ ਹੁਣ ਹਿਸਾਬ ਕਾਹਦੇ ? ਯਾਰ ਵਲੀ ਯਾਹਾ! ਫੂਕ ਦੇ ਹਿਸਾਬਾਂ ਲੇਖਿਆਂ ਨੂੰ ਤੇ ਗਿਣਤੀਆਂ ਨੂੰ, ਇਹ ਦੀਦਾਰ ਜੋ ਰਗ ਰਗ ਵਿਚ ਜਾਨ ਪਾ ਰਹੇ ਹਨ, ਮੰਨ ਲੈ ਦੀਦਾਰੇ ਖ਼ੁਦਾ ਹੈ। ਕਦੇ ਦੇਖਿਆ ਹਈ ਸੁਆਦ ਅੱਗੇ ? ਹੈਂ ਸੂਫੀਆਂ ਦੀਆਂ ਸੁਹਬਤਾਂ ਬੀ ਤੱਕੀਆਂ ਤੇ ਪੀਰਾਂ ਦੀਆਂ ਕਦਮਬੋਸੀਆਂ ਬੀ ਕੀਤੀਆਂ, ਆਹ ਨਾ ਤਕਿਆ ਜੋ ਕੁਛ ਹੁੰਦਾ ਜਾਂਦਾ ਹੈ ਜੀਉੜੇ ਨੂੰ ਇਸ ਛਿਨ। ਹੈਂ ਬਈ ਇਮਾਨ ਲਿਆ ਮੇਰੇ ਮਨ! ਕਿ ਆਹ ਮੁਕੱਦਸ ਚਿਹਰਾ ਅੱਲਾ ਦੇ ਦੀਦਾਰ ਦਾ ਸ਼ੀਸ਼ਾ ਹੈ :ਹਾਂ ਇਹ ਦੀਦਾਰ 'ਦੀਦਾਰੇ ਖ਼ੁਦਾ' ਹੈ।

ਇਉਂ ਮਨ ਨਾਲ ਮਨੋਵਾਦ ਕਰਦਾ ਕਿਸੇ ਰਸ ਵਿਚ ਭਰਦਾ, ਕਿਸੇ ਸੁਆਦ ਵਿਚ ਰਸਦਾ ਯਾਰ ਵਾਲੀ ਸਿਰ ਝੁਕਾਉਂਦਾ ਚਰਨਾ ਨਾਲ ਲਿਪਟ ਗਿਆ! ਨੈਣਾਂ ਵਾਲੇ ਦਾਤੇ ਨੇ ਸਿਰ, ਯਾਰ ਵਲੀ ਦਾ ਸਿਰ, ਆਪਣੇ ਮੁਬਾਰਕ ਹੱਥਾਂ ਨਾਲ ਚਾਇਆ, ਕਿਸੇ ਦਰਦ ਭਰੇ ਪਿਆਰ ਨਾਲ ਉੱਚਾ ਕੀਤਾ। ਹਾਂ, ਦਾਤੇ ਨੇ ਆਪਣੇ ਹੀ ਸੁਹਣੇ ਹੱਥਾਂ ਨਾਲ ਸਰੂਰ ਦੇ ਭਾਰ ਕਰਕੇ ਡਿਗ ਪਿਆ ਸਿਰ ਸੰਭਾਲਿਆ। ਯਾਰ ਵਲੀ ਦਾ ਕੰਠ ਗਦਗਦ ਹੋ ਰਿਹਾ ਸੀ, ਗੱਲ ਮੂੰਹੋ ਨਹੀਂ ਸੀ ਨਿਕਲਦੀ, ਪਰ ਜ਼ੋਰ ਲਾ ਕੇ ਬੋਲਿਆ :ਹੇ ਦਾਤਾ ਹੇ ਦਾਤਾ!

ਤੁਮ ਖੁਦਾਇ ਹੋ ਧਰਜੋ ਸਰੀਰਾ।
ਭੰਜਹੁ ਜਨਮ ਮਰਨ ਕੀ ਪੀੜਾ। (ਗੁ:ਨਾ:ਪ੍ਰ:)

ਗੁਰੂ ਜੀ-ਖ਼ੁਦਾ ਖ਼ੁਦ ਆਪ ਹੈ ਦੋ ਜਹਾਨਾਂ ਦਾ ਮਾਲਕ ! ਮੈਂ ਬੰਦਾ ਬੈਖਰੀਦ ਹਾਂ ਓਸ ਦਾ। ਤੂੰ ਸੰਭਾਲ ਆਪਾ, ਬੰਦੇ ਦੇ ਖਿਆਲ ਇਉਂ ਕਿਉਂ ਪੈਂਦਾ ਹੈ ?

ਯਾਰ ਵਲੀ-ਮੈਂ ਆਪਣੀ ਭਲਿਆਈ ਦਾ ਲੋੜਵੰਦ ਹਾਂ। ਮੈਂ ਉਸ ਖ਼ੁਦਾਏ ਬੇ-ਰੰਗੋ ਬੇ-ਨਾਮ ਦਾ ਮੁਤਲਾਸ਼ੀ ਹਾਂ! ਉਮਰਾ ਗੁਜ਼ਰੀ ਹੈ ਤਲਾਸ਼ ਤੇ ਢੂੰਡ ਵਿਚ, ਪਰ ਨਹੀਂ ਖ਼ੈਰ ਪਈ ਕਿਧਰੋਂ ਦੀਦਾਰ ਦੀ, ਤੇਰੇ ਦੀਦਾਰ ਵਿਚ ਖ਼ੁਦਾ ਦਿੱਸਿਆ ਹੈ, ਹੁਣ ਮੁਰੀਦ ਬਣਾ ਲੈ। ਜੇ ਆਪ ਹੈਂ ਤਾਂ ਮੇਲ

[1] ਧਰਮ ਸ਼ਾਸਤ੍ਰ ਦਾ ਪੜ੍ਹਨਾ।

ਲੈ, ਜੇ ਉਹ ਤੇਰਾ ਹੈ ਤਾਂ ਆਪਣੇ ਨਾਲ ਮੈਨੂੰ ਮਿਲਾ ਦੇ। ਮੈਨੂੰ ਥਹੁ ਨਹੀਂ, ਮੈਂ ਪੜ੍ਹਿਆ ਮੂਰਖ ਹਾਂ। ਮੈਨੂੰ ਸੋਝੀ ਨਹੀਂ ਪਈ ਅੱਜ ਤੱਕ! ਹੁਣ ਤੇਰੇ ਦੀਦਾਰ ਨਾਲ ਸੋਝੀ ਪਈ ਹੈ ਕਿ ਤੂੰ ਹੈਂ ਮਰਦੇ ਖ਼ੁਦਾ, ਤੂੰ ਹੈਂ ਖ਼ੁਦ ਖ਼ੁਦਾ, ਰਹਿਮ ਕਰ ਅਰ ਮੈਨੂੰ ਬਖਸ਼ ਲੈ। ਇਹ ਕਹਿੰਦਾ ਫੇਰ ਕਦਮਾਂ ਤੇ ਢੱਠਾ।

ਸਤਿਗੁਰ ਜੀ ਨੇ ਸਿਰ ਫਿਰ ਚਾ ਲਿਆ ਤੇ ਹੁਣ ਅੰਦਰ ਲੰਘਕੇ ਘਰ ਦੇ ਬਾਹਰਲੇ ਦਲਾਨ ਵਿਚ ਜਾ ਬੈਠੇ।

ਯਾਰ ਵਲੀ {ਹੱਥ ਜੋੜਕੇ}-ਦਾਤਾ! ਪਹਿਲੇ ਮਜਾਜ਼ [1]ਵਿਚ ਤਾਂ ਬੁਤਾਂ ਦੀ ਸੂਰਤ ਤਾਂ ਅੰਦਰ ਵੜ ਜਾਂਦੀ ਸੀ, ਪਰ ਜਦ ਮੈਂ ਤਸੱਵਰ ਬੰਨ੍ਹਿਆ ਮੁਰਸ਼ਿਦ ਦਾ, ਮੁੱਦਤਾਂ ਤਕ ਮੇਰੇ ਅੰਦਰ ਤਸਵੀਰ ਨਾ ਆਈ। ਜ਼ੋਰ ਲਾਏ ਪਰ ਹਾਂਡ ਹੀ ਪੱਲੇ ਪਈ। ਇਹ ਕੀਹ ਹੈ ਕਿ ਆਪ ਦਾ ਦੀਦਾਰ ਮੁਬਾਰਕ ਹੁਣੇ ਹੀ ਅੱਖਾਂ ਤੋਂ ਦਿਲ ਵਿਚ ਚਲਾ ਗਿਆ ਹੈ, ਆਪੇ! ਹਾਂ ਆਪੇ ਆਏ ਹੋ, ਆਪੇ ਚਾ ਕਰੋ ਮਿਹਰ।

ਗੁਰੂ ਜੀ-ਯਾਹੇ ਅੱਲਾ! ਕਹੁ ਅੱਲਾ, ਸਮਝ ਗੱਲ ਨੂੰ:-ਪਹਿਲੇ ਤਸੱਵਰ ਬੱਧੇ ਸਾਂਈ ਦੇ, ਨਾ ਪਰ ਸੁਹਣਿਆਂ ਦੇ-ਦਿਸਦੇ ਵੱਸਦੇ ਸੁਹਣਿਆਂ ਦੇ ਸਰੀਰ ਧਾਰੀਆਂ ਦੇ-ਉਹ ਮੈਲ ਲਾ ਗਏ, ਇਸ਼ਕ ਮਿਜਾਜ਼ੀ ਇਸਨੂੰ ਕਹਿੰਦੇ ਹੋ। ਉਸ ਨਾਲ ਖਿੱਚ ਦੀ ਮਸ਼ਕ ਤਾਂ ਹੋ ਜਾਂਦੀ ਹੈ ਪਰ ਮਿਜਾਜ਼ {ਦ੍ਰਿਸ਼ਟਮਾਨ} ਨਾਲ ਸ਼ਰੀਰਕ ਮੋਹ ਵੱਧ ਜਾਂਦਾ ਹੈ ਤੇ ਉਹ ਤੋੜਨਾ ਕਠਨ ਹੋ ਜਾਂਦਾ ਹੈ। ਫਿਰ ਤੂੰ ਸਿੱਖਿਆ ਆਸ਼ਕ ਹੋਣਾ ਮੁਰਸ਼ਿਦ ਤੇ, ਰਸੂਲ ਤੇ, ਖ਼ੁਦਾ ਤੇ, ਸੋ ਖਿੱਚ ਹਕੀਕੀ ਤਾਂ ਬਹੁਤ ਸਮਾ ਲੈਂਦੀ ਹੈ ਪੈਂਦਿਆਂ, ਦਿਲ ਕਾਹਲਾ ਹੋਕੇ ਫਕੀਰਾਂ ਤੇ ਸ਼ਇਰਾਂ ਦੇ ਦੀਵਾਨ ਪੜ੍ਹਨ ਵਿਚ ਝੂੰਮਦਾ ਹੈ ਤੇ ਖ਼ਿਆਲ ਕਰ ਲੈਂਦਾ ਹੈ ਕਿ ਮੈਂ ਭੀ ਲੇਖਕਾਂ ਵਰਗਾ ਹਾਂ ਤੇ ਅੱਲਾ ਨੂੰ ਦੇਣ ਲੱਗ ਜਾਂਦਾ ਹੈ ਉਲ੍ਹਾਮੇ ਤੇ ਮਿਹਣੇ ਉਨ੍ਹਾਂ ਵਾਂਙੂ। ਐਉਂ ਬੀ ਇਕ ਸੂਖਮ ਮੈਲ ਵਧਦੀ ਹੈ।

ਫਿਰ ਅੱਲਾ ਦੇ ਯਾਰ ! ਮੁਰਸ਼ਿਦ ਮਿਲਦੇ ਹਨ ਅਕਸਰ ਓਹ ਜਿਨ੍ਹਾਂ ਦਾ ਆਦਰਸ਼ ਹੁੰਦਾ ਹੈ ਕਿ ਸਾਡੇ ਬਹੁਤੇ ਮੁਰੀਦ ਹੋਣ। ਬਹੁਤੇ ਸਿਜਦੇ ਸਲਾਮਾਂ ਵੇਖਕੇ, ਬਹੁਤਾ ਆਦਰ ਭਾਉ ਲੈਕੇ ਉਨ੍ਹਾਂ ਦੀ ਸੁਰਤ ਵਿਚ ਇਕ ਜੋ ਉਮਾਹ ਰਹਿੰਦਾ ਹੈ, ਇਸ ਨੂੰ ਓਹ ਸਮਝਦੇ ਹਨ ਕਿ ਸਾਡੀ ਸੁਰਤ ਦਾ ਸੁਖ ਹੈ ਰੂਹਾਨੀ। ਜਿਸ ਵੇਲੇ ਓਹ ਮੁਰੀਦਾਂ ਨੂੰ ਸੁਣਾ ਰਹੇ ਹੋਣ ਕੋਈ ਰੂਹਾਨੀ ਕਥਾ ਵਾਰਤਾ ਤੇ ਸੁਣਨ ਵਾਲੇ ਹੋਣ ਚੰਗੇ ਚੰਗੇ ਧਨਾਢ ਤਾਂ ਸੁਰਤ ਹੋਰ ਹੁੰਦੀ ਹੈ, ਤੇ ਜੇ ਓਹ ਹੋਣ ਗ਼ੀਬ ਤਾਂ ਹੋਰ, ਜੇ ਸੁਣਨ ਵਾਲਾ ਇਕ ਅੱਧ ਹੋਵੇ ਤਾਂ ਸੁਰ ਹੋਰਵੇਂ ਬੋਲਦੀ ਹੈ; ਜੇ ਹੋਣ ਬਹੁਤੇ ਤਾਂ ਹੋਰਵੇਂ। ਜਿਉਂ ਜਿਉਂ ਭੀੜ ਵਧਦੀ ਹੈ, ਤਿਉਂ ਤਿਉਂ ਉਨ੍ਹਾਂ ਦਾ ਸੁਖ ਜਿਸਨੂੰ ਉਹ ਰੂਹ ਦਾ ਸੁਖ ਸਮਝਦੇ ਹਨ, ਵਧਦਾ ਹੈ। ਅਸਲ ਵਿਚ ਉਹ ਬੀ ਰੂਹ ਤੇ ਇਕ ਸੂਖਮ ਮੈਲ ਪੈਂਦੀ ਹੈ ਤੇ ਹੋਰ ਐਹੋ ਜਿਹੇ ਸਾਮਾਨ ਕਈ ਹੁੰਦੇ ਹਨ। ਓਹਨਾਂ ਦੀ ਸੁਹਬਤ ਕਿਵੇਂ ਕਲਿਆਨਕਾਰੀ ਹੋਵੇ? ਕੋਈ ਹੋਵੇ ਰੱਬ ਦਾ ਬੰਦਾ, ਰੱਬ ਦੇ ਨਾਮ ਦਾ ਆਸ਼ਿਕ, ਆਪਣੇ ਦਿਲ ਨੂੰ ਆਰਾਮ ਦਾਰੀ ਵਿਚ ਦੇਖਣ ਦਾ ਚਾਹਵਾਨ, ਉਸਦੀ ਮੁਹਬਤ ਕਾਟ ਕਰ ਸਕਦੀ ਹੈ, ਉਸ ਨੂੰ ਜਿਉਂ ਜਿਉਂ ਲੋਕੀਂ ਬਹੁਤੇ ਆਉਣ ਮੈਲ ਦਿਖਾਈ ਦਿੰਦੀ ਹੈ। ਉਹ ਆਪਣੇ ਮਨ ਦੀ ਦੂਸਰਿਆਂ ਦੇ ਖਿਆਲ ਦੀ ਧੂੜ ਦਾ ਸਾਖੀ (ਦੇਖਣਹਾਰ) ਹੁੰਦਾ ਹੈ, ਉਹ ਜੇ ਕਿਸੇ ਨਾਲ ਗਲ ਕਰਦਾ ਹੈ ਤਾਂ ਉਸਦੇ ਨਿਰੋਲ ਭਲੇ ਦੀ, ਸਾਫ ਸਾਫ ਤੇ ਸੱਚੀ। ਯਾਰੇ ਅੱਲਾ! 'ਸੱਚ' ਕੁਛ ਖੁਰਦੁਰਾ ਜਿਹਾ ਹੁੰਦਾ ਹੈ। ਸੁਣ: ਅੱਧੀ ਹੋਵੇ ਰਾਤ ਯਾ ਹੋਵੇ ਪਿੱਛਲੀ ਰਾਤ, ਟੱਬਰ ਕਬੀਲਾ ਗਿਆ ਹੋਵੇ ਸੌਂ, ਜਗਤ ਤਾਂ ਸੁੱਤਾ ਹੀ ਪਿਆ ਹੁੰਦਾ ਹੈ, , ਮੌਤ ਤੇ ਨੀਂਦ ਇਕ ਬਰਾਬਰ ਕਹਿ ਦੇਈਦੇ ਹਨ। ਉਸ ਵੇਲੇ ਮਾਨੋਂ ਸਾਰਾ ਸੰਸਾਰ ਖੇਸ਼ ਕਬੀਲਾ ਮੋਇਆ ਪਿਆ ਹੁੰਦਾ ਹੈ, ਇਕ ਇਹ ਜਾਗਣ ਵਾਲਾ ਹੁੰਦਾ ਹੈ ਇਕੱਲਾ ਆਪ, ਉਹ ਹੁੰਦਾ ਹਈ ਵੇਲਾ ਆਪੇ ਨੂੰ ਵੇਖਣ ਦਾ। ਫਕੀਰ ਹੋਵੇ ਸਾਦਿਕ, ਚਾਹੇ ਪੀਰ ਹੋਵੇ ਕਿ ਮੁਰੀਦ ਉਸ ਵੇਲੇ ਬੈਠ ਜਾਏ ਤੇ ਵੇਖੇ ਕਿ ਮੈਂ ਕਿਸ ਰੰਗ ਵਿਚ ਹਾਂ। ਹਾਂ ਮਨ ਨੂੰ ਹੋੜੇ ਹੋਰਨਾਂ ਖਿਆਲਾਂ ਤੋਂ ਤੇ ਪਾਵੇ ਝਾਤ ਆਪਣੇ ਅੰਦਰ, ਆਪੇ ਨੂੰ ਵੇਖੇ, ਉਸ ਵੇਲੇ ਦਿੱਸਣਗੀਆਂ ਅੰਦਰਲੇ ਦੀਆਂ ਮੈਲਾਂ ਤੇ ਕਾਈਆਂ। ਉਸ ਵੇਲੇ ਜੇ ਆਪਾ ਸਫਾਈ ਵਿਚ ਜਾ ਰਿਹਾ ਹੈ ਤਾਂ ਆਪੇ ਵਿਚ ਜੁੜ ਜਾਏਗਾ, ਏਕਾਂਤ, ਚੁੱਪ ਇਕੱਲ ਵੇਖਕੇ ਭਲਾ ਮਨਾਏਗਾ ਤੇ ਆਪਣੇ ਆਪਨੂੰ ਜੋੜੇਗਾ। ਜੋ ਸਾਂਈ ਮਿਹਰ ਕਰੇ ਤਾਂ ਉਸ ਵੇਲੇ ਕੋਈ ਅਸਲੀ

[1] ਇਸ਼ਕ ਗ਼ੈਰ ਹਕੀਕੀ। ਦ੍ਰਿਸ਼ਟਮਾਨ ਦਾ ਪਜਾਰ।

ਸੁਆਦ ਆਵੇਗਾ, ਕੋਈ ਦਿਲਜਮਈ ਦਾ ਰਸ ਪਵੇਗਾ, ਮਨ ਦੀ ਉਸ ਵੇਲੇ ਦੀ ਹਾਲਤ ਹੋਵੇਗੀ ਆਪਣੀ ਹਾਲਤ, ਇਸ ਨੂੰ ਸਮਝੋ। ਫੇਹ ਜਦ ਦਿਨ ਚੜ੍ਹੇ, ਟੱਬਰ ਕਬੀਲੇ ਦੇ ਆਦਰ ਦੀ, ਧਨ ਦੌਲਤ ਦੇ ਐਸ੍ਵਰਜ ਦੀ, ਮੁਰੀਦਾਂ ਦੇ ਦਿਤੇ ਸਨਮਾਨ ਦੀ ਜਗਤ ਵਲੋਂ ਵਾਹ ਵਾਹ ਦੀ, ਜੋ ਜੋ ਉਚਿਆਣ ਅੰਦਰ ਆਵੇ ਸੁਆਦ ਪਵੇ ਤੇ ਐਉਂ ਹਾਲਤ ਬਦਲੇ ਉਸ ਦਾ ਦੇਖਣਹਾਰ ਤੇ ਪਛਾਣਨਹਾਰ ਹੋਵੇ ਤੇ ਸਿਆਣੇ ਕਿ ਇਹ ਸੁਖ ਮਿਜਾਜ਼ ਦੇ ਹਨ; ਏਹ ਸੁਖ ਹਕੀਕਤ ਦੇ ਨਹੀਂ। ਐਉਂ ਅਸਲੀ ਆਪੇ ਨਾਲ ਸੱਚੇ ਹੋਣ ਦੀ ਜਾਚ ਆਉਂਦੀ ਹੈ ਜੋ ਹਕੀਕਤ ਦੀ ਪਹਿਲੀ ਮੰਜ਼ਲ ਹੋਣੀ ਚਾਹੀਏ।

ਯਾਰ ਵਲੀ-(ਠੰਢਾ ਸਾਹ ਲੈਕੇ)-ਖੂਬ!

ਗੁਰੂ ਜੀ-ਪਹਿਲਾ ਕਦਮ ਆਪੇ ਨਾਲ ਸੱਚਿਆਂ ਹੋਣਾ, ਆਪੇ ਨਾਲ ਧੋਖਾ ਕਰਨਾ ਛੋੜ ਦੇਣਾ, ਪਿਛਲੀ ਰਾਤ ਜਾਗਕੇ ਆਪੇ ਨੂੰ ਤੱਕਣਾ ਤੇ ਇਸਦੇ ਐਬ ਵੇਖਕੇ ਕੱਢਣੇ, ਜੋ ਜੋ ਧੋਖੇ ਦਿਨੇ ਸੁਰਤ ਕਰਦੀ ਰਹੀ ਹੈ ਤੱਕਣੇ ਤੇ ਦੂਰ ਕਰਨੇ ਵਡੇ ਵਡੇ ਧੋਖੇ, ਬੇਈਮਾਨ ਦੁਨੀਆਂ ਦੇ ਅਸੀਂ ਨਹੀਂ ਇਸ ਵੇਲੇ ਕਹਿ ਰਹੇ ਅਸੀਂ ਮਨ ਦੀਆਂ ਚੋਰੀਆਂ ਦੀ ਗਲ ਸੁਣਾ ਰਹੇ ਹਾਂ, ਜੋ ਬੜੇ ਬੜੇ ਦੀਨਦਾਰਾਂ ਤੇ ਪਾਕਬਾਜ਼ਾਂ ਦੇ ਅੰਦਰ ਵਰਤਦੀਆਂ ਹਨ[੧], ਇਹ ਕਈ ਵੇਰ ਮਨ ਵਿਚ ਸੁਭਾਵਕ ਵਰਤਦੀਆਂ ਹਨ, ਮਨ ਦੀ ਖੋ ਹੀ ਐਸੀ ਹੋ ਜਾਂਦੀ ਹੈ। ਏਹ ਹਨ ਬ੍ਰੀਕ ਕਸ਼ਾਂ-ਲੀਕਾਂ-ਜੋ ਸੱਚ ਤੇ ਮਨ ਦੇ ਵਿਚਕਾਰ ਵਿੱਥ ਪਾਈ ਰੱਖਦੀਆਂ ਹਨ। ਆਪੇ ਨੂੰ ਤੱਕਣਾ ਕਿ ਕਿਵੇਂ ਇਹ ਰਤਾ ਰਤਾ ਗੱਲ ਪਿੱਛੇ ਇਨ੍ਹਾਂ ਗੁੱਝੀਆਂ, ਚੋਰੀਆਂ ਵਿਚ ਵਰਤਦਾ ਹੈ। ਇਨ੍ਹਾਂ ਨੂੰ ਤੱਕਣਾ, ਕੱਢਣਾ ਤੇ ਸੋਚਣਾ ਕਿ ਕੀਹ ਹੈ ਜਗਤ ਤੇ ਕੀਹ ਹਨ ਜਗਤ ਦੀਆਂ ਇੱਜ਼ਤਾਂ, ਮਾਨ, ਵਡਿਆਈਆਂ, ਸੁਖ ਤੇ ਭੋਗ, ਜਿਨ੍ਹਾਂ ਕਰਕੇ ਇਹਦਾ ਮਨ ਨਿੱਕੇ ਪੇਚਾਂ, ਵਿਚ ਦੀ ਟੁਰਦਾ ਰਹਿੰਦਾ ਹੈ ਤੇ ਸੱਚ ਤੇ ਨਹੀਂ ਖੜੋਂਦਾ।

ਯਾਰ ਵਲੀ-ਫਿਰ ਕਰੋ ਨਾ ਕੋਈ ਮਿਹਰ ਛੁਡਾਓ ਨਾ ਇਸ ਅੰਦਰਲੀ ਸ਼ੈਤਾਨਤ ਤੋਂ।

[੧] ਲਖ ਠਗੀਆਂ ਪਹਿਨਾਮੀਆਂ ਰਾਤਿ ਦਿਨਸੁ ਜੀਅ ਨਾਲਿ॥ {ਵਾਰ ਆਸਾ ਮ:੧}

ਗੁਰੂ ਜੀ-ਇਹ ਅੰਦਰ ਸ਼ੈਤਾਨ ਹੈ; ਸ਼ੈਤਾਨ ਤੇ ਕਲਜੁਗ ਕੋਈ ਬਾਹਰੋਂ ਨਹੀਂ ਆਉਣ ਵਾਲੇ, ਮਨ ਦਾ ਇਹ ਪਹਿਲੂ ਹੀ ਸ਼ੈਤਾਨ ਹੈ, ਇਸ ਦੇ ਆਪਣੇ ਪੇਚ ਹੀ ਵਿੱਥ ਪਾਉਂਦੇ ਹਨ ਸੱਚ ਨਾਲ। ਸੱਚ ਦੀ ਅਣਹੋਂਦ ਹੀ ਆਪੇ ਨੂੰ ਨਹੀਂ ਲੱਗਣ ਦੇਂਦੀ ਸਾਂਈ ਵਿਚ। ਹੁਣ ਤੂੰ ਗਲ ਸਮਝ ਲਈ ਹੈ? ਮੁਰਸ਼ਿਦ ਬੀ ਫਸੇ ਹਨ ਇਸ ਮੈਲ ਵਿਚ ਤੇ ਮੁਰੀਦ ਫਸਦੇ ਹਨ ਨਾਲ।

ਯਾਰਵਲੀ-ਸਮਝ ਲਈ ਹੈ ਜੀਓ, ਅਨੋਖਾ ਆਪੇ ਚੋਰੀ ਦਾ ਰਾਹ ਸੁਝਾਇਆ ਨੇ, ਆਪੇ ਨੂੰ ਆਪਾ ਛਲਦਾ ਰਹਿੰਦਾ ਹੈ!... ਹਾਇ! ਕਰੋ ਨਾ ਕੋਈ ਮੇਹਰ।

ਗੁਰੂ ਜੀ-ਹਾਂ, ਜਦੋਂ ਇਨਸਾਨ ਆਪ ਦੂਏ ਨੂੰ ਛਲਦਾ ਹੈ, ਚਾਹੋ ਛਲ ਸੂਖਮ ਹੈ ਚਾਹੋ ਮੋਟਾ, ਨਾਲ ਆਪੇ ਬੀ ਛਲੀਂਦਾ ਹੈ, ਸੋ ਮੁਤਲਾਸ਼ੀ ਨੇ ਪਹਿਲਾਂ ਇਨ੍ਹਾਂ ਛਲਾਂ ਦਾ ਦੇਖਣਹਾਰ ਹੋਣਾ ਹੈ। ਫਿਰ ਵਿਚਾਰ ਕਰਨੀ ਹੈ ਉਸ ਪਰ। ਫਿਰ ਕੁਦਰਤ ਪਾਉਂਦਾ ਹੈ[੧] ਮਨ ਉਸ ਉਤੇ ਹਾਵੀ ਹੋਣ ਦੀ। ਦੂਜੀ ਗਲ ਹੈ-ਰੱਬ ਨੂੰ ਯਾਦ ਵਿਚ ਵਸਾਉਣਾ-ਉਸ ਦੀ ਹਜ਼ੂਰੀ ਵਿਚ ਵਸਣਾ-ਇਹ ਹੈ ਪਿਆਰ-ਅੱਲਾ ਦਾ ਇਸ਼ਕ। ਇਸੇ 'ਸਦਾ ਯਾਦ' ਨਾਲ ਵਿੱਥ ਮਿਟਦੀ ਹੈ ਵਿੱਥ ਮਿਟੀ ਦਾ ਨਾਉਂ ਹੈ ਵਸਲ-ਮੇਲ।

ਯਾਰਵਲੀ-ਫਿਰ ਕਿਵੇਂ ਹੋਵੇ? ਕੀ ਇਹ ਖਿਆਲ ਕਰਨਾ ਕਿ ਮੈਂ ਹਜ਼ੂਰੀ ਵਿਚ ਹਾਂ ਬੱਸ ਇਹ? ਪਰ ਜੀ ਇਹ ਖਿਆਲ ਨਹੀਂ ਰਹਿੰਦਾ, ਵਿਸਰ ਵਿਸਰ ਜਾਂਦਾ ਹੈ।

ਗੁਰੂ ਜੀ-ਜੇ ਰੱਬ ਯਾਦ ਵਿਚ ਖਿਆਲ ਕਰਨ ਨਾਲ ਲਗਾਤਾਰ ਨਾ ਵੱਸੇ ਤਾਂ ਜ਼ੁਬਾਨ ਪਰ ਉਸਦਾ ਨਾਮ ਵਸਾਈਦਾ ਹੈ। ਇਹ ਨਾਮ ਦਾ ਜਪਣਾ ਖਿਆਲ ਨੂੰ ਪਰੋਂਦਾ ਰਹਿੰਦਾ ਹੈ, ਤਵੱਜੋ ਨੂੰ ਯਾਦ ਵਲ ਪ੍ਰੇਰੀ ਰਖਦਾ ਹੈ। ਜੇ ਕੋਈ ਦਿਲੋਂ ਹੋ ਕੇ ਇਸ ਖੇਡ ਨੂੰ ਸੱਚਾ ਰਸਤਾ ਸਮਝ ਕੇ ਲੱਗਾ ਰਹੇ ਤੇ ਤਰਲੇ ਲੈਂਦਾ ਰਹੇ ਤਾਂ ਯਾਦ ਵਿਚ ਵਸ ਜਾਂਦਾ ਹੈ ਨਾਮ। ਯਾਦ ਵਿਚ ਨਾਮ ਦਾ, ਯਾਦ ਵਿਚ ਅੱਲਾ ਦਾ ਵੱਸਣਾ ਹੋ ਜਾਂਦਾ ਹੈ, ਕਿਉਂਕਿ ਉਹ ਵੱਸ ਤਾਂ ਅੰਦਰ ਰਿਹਾ ਹੈ ਕੇਵਲ ਸਾਡੀ ਭੁੱਲ ਹੀ ਵਿਚ ਪਰਦਾ ਸੀ ਸੋ ਯਾਦ ਨਾਲ ਦੂਰ ਹੋ ਗਈ। ਐਉਂ ਹਜ਼ੂਰੀ ਵਿਚ ਆ ਜਾਈਦਾ ਹੈ। ਹਜ਼ੂਰੀ ਵਿਚ ਆਇਆਂ ਆਪਾ

[੧] ਵਸੀਕਾਰ ਪ੍ਰਾਪਤ ਕਰਦਾ ਹੈ।

ਆਪਣੇ ਆਪ ਨੂੰ ਪ੍ਰਤੀਤ ਕਰਨ ਲੱਗ ਪੈਂਦਾ ਹੈ। ਹਾਂ ਜਦੋਂ ਸਾਂਈ ਯਾਦ ਵਿਚੋਂ ਵਿਸਰਦਾ ਨਹੀਂ, ਜਦੋਂ ਆਪਾ ਟੁਰਦਾ ਫਿਰਦਾ ਹਜ਼ੂਰੀ ਵਿਚ ਰਹਿੰਦਾ ਹੈ, ਤਾਂ ਮੇਲ ਵਿਚ ਰਹਿੰਦਾ ਹੈ ਰੱਬ ਨਾਲ। ਸੋ ਬੰਦਾ ਇਸ ਇਕ ਖਿਆਲ ਵਿਚ ਇਸ ਇਕ ਤਰੱਦਦ ਵਿਚ-ਲਗਾ ਰਹੇ। ਹੋਰ ਕਿੱਸੇ ਕਹਾਣੀਆਂ, ਸਾਧਨਾਂ ਤੇ ਪਰਮਾਰਥ ਦੇ ਖਿਆਲਾਂ ਦੇ ਵਾਲਾਂ ਦੀਆਂ ਖੱਲਾਂ ਲਾਹੁਣੀਆਂ ਤੇ ਨਿੱਤ ਨਵੇਂ ਸਤਿਸੰਗ, ਨਵੇਂ ਫਕੀਰ ਦੀ ਸੁਹਬਤ ਲੱਭਣੀ, ਏਹ ਗੱਲਾਂ ਨਜ਼ਰ ਨੂੰ ਨਿਸ਼ਾਨਿਓਂ ਉਕਾ ਦੇਂਦੀਆਂ ਹਨ। ਰਤਾ ਰਤਾ ਜਿੰਨੇ ਫਰਕ ਜੋ ਹਰੇਕ ਨਵੀਂ ਸੁਹਬਤ ਦੇ ਕਰਨ ਕਰਕੇ ਅੰਦਰ ਪੈਂਦੇ ਹਨ, ਓਹ ਮਨ ਨੂੰ ਇਸ ਇਕ 'ਨਾਮ ਦੀ ਸੇਧ' ਤੋਂ ਚੁੱਕ ਸੱਟਦੇ ਹਨ। ਮਾਇਆ ਜਗਤ ਦੀ, ਨਜ਼ਾਰੇ ਦੁਨੀਆਂ ਦੇ ਲੋਭ ਮਨ ਦੇ ਤੇ ਪਦਾਰਖਾਂ ਨੂੰ ਲੈਣ ਦੇ ਤਰਲੇ ਜੀਵ ਨੂੰ ਭਟਕਾਂ ਪਾਈ ਰਖਦੇ ਹਨ। ਜੇ ਕੋਈ ਰਤਾ ਪਰਮਾਰਥ ਵਲ ਲਗਦੇ ਹਨ ਤਾਂ ਉਹਨਾਂ ਨੂੰ ਕੋਈ ਨਾ ਕੋਈ ਮਾਇਆ ਬਹਾਨਾ ਪਾਕੇ ਭਟਕਾਉਂਦੀ ਹੈ। ਮਾਇਆ-ਆਪਣੇ ਮਨ ਦੀ ਲੁਭਾਇਮਾਨਤਾ ਤਮਅ੍ਹਾ। ਇਸ ਤਰ੍ਹਾਂ ਬੰਦਾ ਆਪ ਹੀ ਆਪਣੇ ਨਫਸ ਦੇ ਹਥੋਂ ਨਹੀਂ ਛੁਟਦਾ।

ਯਾਰ ਵਲੀ-ਤਾਂ ਮੈਂ ਕੀਹ ਕਰਾਂ, ਹੁਣ ਮੈਥੋਂ ਕੁਛ ਹੋ ਨਹੀਂ ਆਉਂਦਾ। ਕਰਾਓ ਹੁਣ ਜੋ ਕਰਾਉਣਾ ਨੇ ਆਪ।

ਗੁਰੂ ਜੀ ਇਕ ਅਚਰਜ ਰੰਗ ਵਿਚ ਬੈਠੇ ਮਿਹਰ ਨਾਲ ਸਿੱਧੀਆਂ ਸੌਖੀਆਂ ਪਰ ਪਤੇ ਦੀਆਂ ਗੱਲਾਂ ਕਹਿ ਰਹੇ ਸਨ, ਜੋ ਗੱਲਾਂ ਕਿ ਨਾ ਜਾਣਨ ਕਰਕੇ ਹਜ਼ਾਰਾਂ ਸਾਧਕਾਂ ਨੇ ਠੇਡੇ ਖਾਧੇ। ਕਹਿੰਦੇ ਕਹਿੰਦੇ ਅਰਸ਼ੀ ਦਾਤਾ ਜੀ ਹੋਰ ਇਕ ਰੰਗ ਵਿਚ ਗਏ ਤੇ ਇਕ ਮਿੱਠੀ ਮਿੱਠੀ ਰਸ ਭਰੀ ਸੰਗੀਤਕ ਲਹਿਰ ਵਾਲੀ ਸੁਰ ਵਿਚ ਬੋਲੇ:-

'ਅੱਲਾ ਦੇ ਯਾਰ! ਕਹੁ ਵਾਹਿਗੁਰੂ!'

'ਹਾਂ, ਕਹੁ ਤੇ ਕਹਿੰਦਾ ਰਹੁ, ਕਦੇ ਨਾ ਭੁੱਲੇ ਇਹ ਪਿਆਰਾ ਨਾਮ;'

ਵਰ ਹੋ ਗਿਆ, ਅਸੀਸ ਹੋ ਗਈ

ਯਾਰ ਵਲੀ ਦੇ ਅੰਦਰ ਇਕ ਲਹਿਰ ਫਿਰੀ, ਰਸਨਾ ਤੁਰ ਪਈ 'ਵਾਹਿਗੁਰੂ' ਵਿਚ, ਉਸ ਦੀ ਬੋਲੀ ਦਾ ਇਹ ਲਫਜ਼ ਨਹੀਂ ਸੀ, ਪਰ ਓਪਰਾ ਬੀ ਨਹੀਂ ਲਗਾ ਜੀਭ ਨੂੰ। ਉਸ ਦੀ ਜੀਭ ਜਪਦੀ ਹੈ ਤੇ ਅੰਦਰ ਰਸ ਭਰਦਾ ਹੈ ਤੇ ਲੂਆਂ ਵਿਚ ਝਰਨ ਝਰਨ ਹੋਕੇ ਐਉਂ ਜਾਪਣ ਲਗ ਗਿਆ ਕਿ ਲੂੰ ਅੱਟੇ ਹੋਏ ਸਨ, ਹੁਣ ਖੁੱਲ੍ਹ ਗਏ ਹਨ, ਸਰੀਰ ਹਲਕਾ ਹੋ ਗਿਆ ਹੈ, ਮਨ ਲਹੁਕਾ ਫੁੱਲ ਹੋ ਗਿਆ ਹੈ ਤੇ 'ਵਾਹਿਗੁਰੂ' ਅੰਦਰ ਆਪੇ ਹੋ ਰਿਹਾ ਹੈ, ਇਹੋ ਨਾਮ ਹੈ, ਇਹੋ ਮਿਹਰ ਹੈ, ਕਦੀ ਨਾ ਭੁੱਲੇ ਨਾਮੀ ਦਾ ਨਾਮ ਤਾਂ ਸਦਾ ਵੱਸੇ ਨਾਮੀ ਅੰਦਰ ਤੇ ਸਦਾ ਵੱਸੀਏ ਅਸੀਂ ਉਸਦੀ ਹਜ਼ੂਰੀ ਵਿਚ।

ਮਿਹਰ ਦੇ ਮਾਲਕ ਨੇ ਮੁੱਦਤਾਂ ਦੇ ਅੜੇ ਅਟਕੇ ਮਿਹਨਤੀ ਨੂੰ ਕਿਵੇਂ ਸਾਦੀਆਂ ਸਾਦੀਆਂ ਗੱਲਾਂ ਨਾਲ ਨਿਹਾਲ ਕਰ ਦਿਤਾ, ਜਿਵੇਂ ਨਿਕੀ ਜਿਹੀ ਸੂਈ ਦੀ ਬਰੀਕ ਨੋਕ ਨਾਲ ਨਿੱਕੀ ਛਿਲਤਰ ਕੱਢ ਲਿਆਂ ਠੰਢ ਪੈ ਜਾਂਦੀ ਹੈ, ਤਿਵੇਂ ਯਾਰ ਵਲੀ ਦੇ ਦਿਲ ਵਿਚੋਂ ਗ਼ੈਰੀਅਤ ਦੀ ਛਿਲਤਰ ਦਾਤੇ ਨੇ ਕੱਢ ਸੁੱਟੀ ਤੇ ਉੱਤੇ ਨਾਮ ਦੀ ਠੰਢੀ ਠੰਢੀ ਮਲ੍ਹਮ ਲਾ ਦਿੱਤੀ।

ਯਾਰ ਵਲੀ ਸੁਖੀ ਹੋ ਗਿਆ। ਨਾਮ ਦੀ ਰੌ ਟੁਰ ਪਈ। ਸ਼ੁਕਰ ਤੇ ਧੰਨਵਾਦ ਦਾ ਅੰਤ ਨਹੀਂ ਆਉਂਦਾ, ਸਦਕੇ ਤੇ ਕੁਰਬਾਨ ਹੁੰਦਾ ਹੈ। ਗੁਰੂ ਜੀ ਹੁਣ ਟੁਰਦੇ ਹਨ ਤਾਂ ਹਥ ਬੰਨ੍ਹ ਬੰਨ੍ਹਕੇ ਰੋਕਦਾ ਹੈ। ਇਕ ਦਿਨ ਰੱਖਿਆ ਯਾਰ ਵਲੀ ਨੇ ਗੁਰੂ ਜੀ ਨੂੰ, ਹਾਂ,ਇਕ ਦਿਨ ਮਸਾਂ ਰਹੇ ਉਸ ਦੇ ਪ੍ਰੇਮ ਦੇ ਰੋਕੇ ਹੋਏ ਉਸ ਦੇ ਘਰ। ਇਹ ਮੋਰਚਾ ਫਤਹ ਕਰਕੇ ਗੁਰੂ ਜੀ ਉਸ ਦੇ ਘਰੋਂ ਆ ਗਏ।

੨.

ਤੜਕ ਸਾਰ ਸ੍ਰੀ ਗੁਰੂ ਜੀ ਯਾਰ ਵਲੀ ਦੇ ਘਰੋਂ ਬਾਹਰ ਚਲੇ ਗਏ। ਇਕ ਛੰਭ ਦੇ ਕਿਨਾਰੇ ਜਾ ਬੈਠੇ। ਛੱਪੜ ਦਾ ਜਲ ਸ੍ਵੱਛ ਸੀ, ਪਰ ਉਸ ਉੱਤੇ ਕੱਕਰ ਜੰਮ ਰਿਹਾ ਸੀ ਮੋਟਾ ਮੋਟਾ। ਥੋੜ੍ਹੇ ਚਿਰ ਪਿਛੋਂ ਇਕ ਖੱਤ੍ਰੀ ਆਇਆ, ਉਸ ਮਹਾਨ ਸੀਤ ਦੇ ਸਮੇਂ ਕੱਪੜੇ ਲਾਹ ਦਿੱਤੇ ਤੇ ਛਪੜ ਦੇ ਉਪਰਲੇ ਬਰਫ ਦੇ ਥਰ ਨੂੰ ਤੋੜਨ ਲੱਗਾ ਤੇ ਅਪਣੇ ਇਸ਼ਨਾਨ ਜੋਗਾ ਥਾਂ ਬਣਾਕੇ ਵੜ ਗਿਆ ਵਿਚ ਤੇ ਟੁੱਭਾ ਲਾਕੇ ਬਾਹਰ ਆਇਆ ਤੇ ਸੀਤ ਨਾਲ ਕੰਬਦਾ 'ਸੀਤਾ ਰਾਮ ਸੀਤਾਰਾਮ' ਕਰਦਾ ਕਪੜੇ ਪਹਿਨਣ ਲੱਗ ਪਿਆ।

ਤਦ ਸਤਿਗੁਰ ਜੀ ਉਸਦੀ ਤਿਤਿੱਖਯਾ ਦੇਖਕੇ ਮਿਹਰਾਂ ਦੇ ਘਰ ਵਿਚ ਆਏ ਤੇ ਆਪੇ ਵਿਚ ਬੋਲੇ:- ਸਾਂਈਂ ਦਾ ਹੁਕਮ ਇਹੋ ਜਿਹਾਂ ਦੇ ਨਿਸਤਾਰੇ ਲਈ ਲਿਆਇਆ ਹੈ ਏਥੇ!। ਕਿਤਨਾ ਹਠ ਹੈ, ਕਿਤਨਾ ਸ਼ੌਕ ਹੈ, ਪਰ ਨਹੀਂ ਫਲ ਲੱਗਾ ਤੇ ਮੁਸ਼ੱਕਤ ਥਾਂ ਨਹੀਂ ਪਈ। ਫਿਰ ਆਪ ਉਸ ਵਲ ਤੱਕੇ ਤੇ ਸੱਦਿਆ ਪਾਸ ਤੇ ਬੋਲੇ-ਸੱਜਣਾਂ! ਕਾਸ ਨੂੰ ਇੱਡਾ ਜੱਫਰ ਜਾਲ ਰਿਹਾ ਹੈ?

ਖਤ੍ਰੀ-ਸਾਂਈ ਦੇ ਭਾਗ ਵਾਲੇ ਸੁਹਣੇ ਤੇ ਮਿੱਠੇ ਲਗਦੇ ਜੀਓ! ਮੌਤ ਤੋਂ ਡਰਦਾ ਹਾਂ, ਅੱਗੇ ਦਾ ਭੈ ਖਾਂਦਾ ਹੈ। ਸਵੇਰੇ ਉੱਠ ਕੇ ਨ੍ਹਾਉਂਦਾ ਹਾਂ ਜੋ ਬੈਰਾਗੀ ਬਾਵਾ ਕੰਠੀ ਪਾਉਣ ਵਾਲਾ ਕਹਿ ਗਿਆ ਸੀ: ਇਸ਼ਨਾਨ ਨਾਲ ਪੁੰਨ ਲਗਦਾ ਹੈ। ਫੇਰ ਸੀਤਾ ਰਾਮ ਕਹਿੰਦਾ ਕਹਿੰਦਾ ਘਰ ਚਲਾ ਜਾਂਦਾ ਹਾਂ ਤੇ ਘਰ ਦੀ ਕਿਸੇ ਖੁੰਦਰੇ ਲੁਕਕੇ ਠਾਕੁਰ ਪੂਜਦਾ ਹਾਂ, ਫਿਰ ਕਾਰ ਵਿਹਾਰ ਕਰਦਾ ਹਾਂ। ਤਰਲਾ ਤਾਂ ਬਹੂੰ ਕਰਦਾ ਹਾਂ ਪਰ ਬਣਦਾ ਕੁਛ ਨਹੀਂ। ਇਹ ਸੁਣਕੇ ਦਾਤਾ ਜੀ ਸੰਗੀਤ ਦੇ ਘਰ ਆ ਗਏ ਤੇ ਆਪਣੀ ਉਚਾਰੀ ਇਕ ਪਉੜੀ ਮਲਾਰ ਰਾਗ ਵਿਚ ਅਚਰਜ ਕਲੇਜਾ ਚੀਰਵੀਂ ਸੁਰ ਵਿਚ ਗਾਵੇਂ:-

> ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥ ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥ ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥ ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥ ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ॥ ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ॥ ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥ ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥

ਇਹ ਅਚਰਜ ਤਰਸ ਭਰਿਆ ਤਪੱਸੀਆਂ ਦੇ ਦੁਖ ਦਾ ਨਕਸ਼ਾ ਖੱਤ੍ਰੀ ਦੇ ਨੈਣਾਂ ਅਗੇ ਫਿਰ ਗਿਆ ਸੋਚਣ ਲੱਗਾ, ਸਾਰੇ ਨਿਸ਼ਫਲ ਹਨ ਤਪ, ਹਠ?.... ਹੈਂ? ਇਹ ਕੌਣ ਹੈ ਇਨ੍ਹਾਂ ਗੱਲਾਂ ਤੋਂ ਉੱਚਾ ਤੇ ਐਡੀ ਤਾਸੀਰ ਵਾਲਾ ਦਾਤਾ?"... ਐਉਂ ਹਰਿਆਨ ਹੁੰਦਾ ਤੇ ਜੀ ਵਿਚ ਕੁਛ ਖਿੱਚ ਜਿਹੀ ਖਾਂਦਾ ਉਹ ਖੱਤ੍ਰੀ ਅਗੇ ਵਧਿਆ ਤਾਂ ਤਰਸ ਨਾਲ ਪੰਘਰੇ ਹੋਏ ਸਾਹਿਬ ਜੀ ਨੇ ਪੁੱਛਿਆ: ਤੂੰ ਕੌਣ ਹੈਂ? ਤਾਂ ਅਗੋਂ ਕੰਬ ਕੇ ਬੋਲਿਆ: ਖੱਤ੍ਰੀ ਹਾਂ ਇਸ ਨਗਰੀ-ਗੰਧ੍ਰਬ ਨਗਰੀ-ਕੰਧਾਰ ਦਾ। ਕਿਰਤ ਕਰਦਾ ਹਾਂ ਵਣਜ ਦੀ ਤੇ ਰੱਬ ਮਿਲਣ ਦਾ ਸ਼ੁਕੀਨ ਹਾਂ।

ਗੁਰੂ ਜੀ-ਟੁਰੇ ਰਹਿਣਾ ਹੀ ਇਕ ਤਰ੍ਹਾਂ ਅੱਪੜ ਜਾਣਾ ਹੈ, ਪਰ ਜੇ ਰਸਤੇ ਸਿਰ ਟੁਰੇ ਤਾਂ। ਰਸਤਾ ਜਦ ਮੰਜ਼ਲ ਵਿਚ ਜਾ ਵੜਦਾ ਹੈ ਤਾਂ ਰਸਤੇ ਦਾ ਉਹ ਸਿਰਾ ਹੀ ਉਸੇ ਮੰਜਲ ਦੇ ਨਾਂ ਤੇ ਵੱਜਦਾ ਹੈ।

ਖੱਤ੍ਰੀ-ਟੋਰੋ ਨਾ ਸਾਂਈ ਦੇ ਪਿਆਰੇ! ਰਸਤੇ ਸਿਰ। ਪੂਰਨ ਪੁਰਖ ਦੀ ਚਾਹਨਾ ਰਖਦਾ ਹਾਂ, ਤੁਸਾਂ ਪਰ ਪ੍ਰਤੀਤ ਹੋ ਆਈ ਹੈ, ਕੋਈ ਮਾਰੋ ਨਾ ਰੇਖ ਵਿਚ ਮੇਖ!

ਗੁਰੂ ਜੀ-ਇਸ਼ਨਾਨ ਕਰਕੇ ਤਨ ਸ਼ੁਧ ਹੁੰਦਾ ਹੈ, ਤਨ ਸ਼ੁਧ ਦਾ ਅਸਰ ਮਨ ਪਰ ਪੈਂਦਾ ਹੈ, ਪਰ ਨਿਰਾ ਇਸ਼ਨਾਨ ਦਾ ਜੱਫਰ ਜਾਲਣਾ ਕੋਈ ਆਤਮ ਸੁਖ ਦੀ ਗੱਲ ਨਹੀਂ। ਨਾਮ ਸਿਮਰ, ਸਿਮਰਨ ਵਿਚ ਟੁਰ, ਇਹ ਹੀ ਅੱਪੜਨਾ ਹੈ।

ਖੱਤ੍ਰੀ-ਸਿਮਰਨ ਕਰਦਾ ਹਾ, ਪਰ ਪਤਾ ਨਹੀਂ ਕੀਹ ਹੁੰਦਾ ਹੈ?

ਗੁਰੂ ਜੀ-ਤੂੰ ਤਪ ਹਠ ਦੀ ਘਾਲਣਾ ਕੀਤੀ ਹੈ, ਬ੍ਰਤ ਬੀ ਕੀਤੇ ਹਨ ਤੇ ਆਪਣੇ ਭਾਣੇ ਸਿਮਰਿਆ ਬੀ ਹੈ, ਪਰ ਹਉਂ ਨਹੀਂ ਕੱਟੀ ਗਈ। ਤੂੰ ਆਪਾ ਨਿਰੰਕਾਰ ਦੇ ਅੱਗੇ ਸੱਟ, ਉਸ ਦੇ ਪਰਨੇ ਹੋ, ਕੇਵਲ ਨਾਮ ਦਾ ਆਧਾਰ ਲੈ ਤੇ ਸਭ ਤਪ ਹਠ ਛੋੜ ਦੇਹ। ਕਹੁ 'ਵਾਹਿਗੁਰੂ'। ਉਸ ਨੇ ਕਿਹਾ ' ਵਾਹਿਗੁਰੂ'। ਤਦ ਦਾਤੇ ਨੇ ਆਖਿਆ: ਕੇਵਲ ਇਸ ਨਾਮ ਦਾ ਲੜ ਫੜ ਲੈ। ਉਠਦੇ ਬਹਿੰਦੇ ਟੁਰਦੇ ਫਿਰਦੇ ਇਸ ਦਾ ਸਿਮਰਨ ਜਾਰੀ ਰੱਖ। ਜਾਂ ਇਕ ਨਿਸ਼ਾਨੇ ਤੇ ਨਜ਼ਰ ਜੰਮਦੀ ਹੈ ਤਾਂ ਹੀ ਤੀਰ ਨਿਸ਼ਾਨੇ ਬੈਠਦਾ ਹੈ....। ਇਹ ਰਸਨਾ ਤੋਂ ਆਪੇ ਮਨ ਵਿਚ ਜਾਏਗਾ, ਇਹ ਆਪੇ ਪ੍ਰਾਣਾਂ ਵਚ ਰਸ ਜਾਏਗਾ, ਇਹ ਤੈਨੂੰ ਆਪੇ ਨਾਮੀ ਦੇ ਰੰਗ ਵਿਚ ਰੰਗੇਗਾ, ਇਹ ਇਕੋ ਕਣੀ। ਕਿਣਕਾ-ਜੋ ਤੇਰੇ ਅੰਦਰ ਗਈ ਹੈ, ਅੰਬਾਰ ਹੋ ਜਾਏਗੀ, ਤੇਰੀ ਪਹਿਲੀ ਮੁਸ਼ੱਕਤ ਬੀ ਅਜ ਥਾਂ ਪਈ। ਤੂੰ ਜੀਓ ਪਿਆ ਹੈਂ ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ

ਅਵਰੁ ਨ ਜੀਵੈ ਕੋਇ॥' ਹੁਣ ਇਸ ਦੀ ਪੀਡੀ ਗੰਢ ਪਾ।

ਖੱਤ੍ਰੀ ਦੇ ਅੰਦਰ ਟੁਰ ਪਈ ਰੌ ਸੱਚੇ ਨਾਮ ਦੀ। ਪਰ ਦਾਤੇ ਤੋਂ ਵਿਛੁੜਨ ਨੂੰ ਚਿਤ ਨਾ ਕਰੇ, ਸੋ ਹੱਥ ਬੰਨ੍ਹ ਕੇ ਅਰਜ ਕੀਤੀਓਸੁ, ਹੇ ਰੱਬ ਦੇ ਪਿਆਰੇ! ਦਾਸ ਦੇ ਘਰ ਚੱਲੋ। ਮਿਹਰਾਂ ਦੇ ਸਾਂਈ ਉਸ ਤੇ ਤ੍ਰੁਠੇ ਤੇ ਤੁਰ ਪਏ, ਤ੍ਰੈ ਦਿਨ ਉਥੇ ਰਹੇ। ਖੱਤ੍ਰੀ ਡਾਢੇ ਪ੍ਰੇਮ ਨਾਲ ਸੇਵਾ ਭਾਉ ਕਰਦਾ ਰਿਹਾ ਤੇ ਧਨੀ ਹੋ ਗਿਆ ਨਾਮ ਦੀ ਰਾਸ ਲੈਕੇ। ਸ੍ਰੀ ਗੁਰੂ ਜੀ ਫਿਰ ਚੌਥੇ ਦਿਨ ਇਸ ਦੇ ਘਰੋਂ ਟੁਰਕੇ ਬਾਹਰ ਜਾ ਬੈਠੇ।

੩.

ਕੰਧਾਰ ਵਿਚ ਇਕ ਹੋਰ ਰੂਹ ਸਰ ਕਰਨ ਵਾਲੀ ਸੀ, ਇਸ ਦਾ ਨਾਮ ਸੀ ਸ਼ਾਹ ਸ਼ਰਫ।

ਇਹ ਸ਼ਰਫ ਕੌਣ ਸੀ? ਜ਼ਾਤ ਦਾ ਤਾਂ ਪਠਾਣ ਸੀ, ਪਰ ਸੀ ਦੱਖਣੀ ਹਿੰਦੁਸਤਾਨ ਦੇ ਬਿਦਰ ਸ਼ਹਿਰ ਦਾ ਵਾਸੀ। ਇਹ ਮੁੱਦਤਾਂ ਤੋਂ ਕੰਧਾਰ ਆ ਵਸਿਆ ਸੀ, ਇਹ ਬੀ ਰੱਬ ਦੇ ਰਾਹ ਦਾ ਫਕੀਰ ਸੀ। ਯਾਰਵਲੀ ਤੇ ਸ਼ਰਫ ਦੋਵੇਂ ਮਿੱਤਰ ਸਨ, ਕੱਠੇ ਹੋਕੇ ਪਰਮਾਰਥ ਦੇ ਬਚਨ ਬਿਲਾਸ ਕਰਦੇ ਹੁੰਦੇ ਸਨ। ਉਹ ਸ਼ਰਫ ਆਪਣੇ ਦੋਸਤ ਨੂੰ ਇਕ ਦਿਨ ਮਿਲਣ ਆਇਆ, ਯਾਰਵਲੀ ਇਸ ਤੋਂ ਕਈ ਦਿਨਾਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਚੁਕਾ ਹੋਇਆ ਸੀ। ਜਦ ਸ਼ਰਫ ਪਹਿਲਾਂ ਸਲਾਮਾਂ ਲੇਕੀ ਕਰਕੇ ਬਹਿ ਗਿਆ ਤਾਂ ਕੀ ਵੇਖੇ ਕਿ ਯਾਰਵਲੀ ਦਾ ਚਿਹਰਾ ਕਿਸੇ ਟਿਕਾਉ ਵਿਚ ਹੈ, ਨੈਣ ਆਪਣੀ ਕਾਲੋਂ ਨੂੰ ਰਤਾ ਰਤਾ ਉਪਰ ਵਲ ਨੂੰ ਲਿਗਏ ਹੋਏ ਰਸ ਭਰੇ ਜੇਹੇ ਹਨ ਤੇ ਚਿਹਰੇ ਤੇ ਸੁਆਦ ਵਾਲੀ ਆਭਾ ਹੈ। ਅੱਜ ਘਰ ਵੜਿਆਂ ਬੀ ਕੁਛ ਐਉਂ ਦਾ ਭਾਸ ਭਾਸਿਆ ਸੀ ਕਿ ਜਿਵੇਂ ਮੁੱਦਤਾਂ ਮਗਰੋਂ ਆਪਣੇ ਘਰ ਵੜਦਿਆਂ ਭਾਸਦਾ ਹੈ। ਸ਼ਰਫ ਨੇ ਕਿਹਾ:'ਦੋਸਤਾ! ਅਜ ਤੇਰੇ ਰੰਗ ਹੋਰਵੇਂ ਹਨ, ਤੈਨੂੰ ਕੁਛ ਲੱਭਾ ਹੈ ਜ਼ਰੂਰ? ਸਾਨੂੰ ਬੀ ਦੱਸ ਕਿ ਕੀਹ ਗੱਲ ਹੈ?

ਯਾਰਵਲੀ (ਮੁਸਕ੍ਰਾਕੇ)-ਕੀਹ ਦੱਸਾਂ? ਅਸੀਂ ਢੂੰਡਦੇ ਫਿਰੇ ਠੰਢੀ ਰਿਵੀ ਨੂੰ ਤੇ ਰਿਵੀ ਆਪ ਰੁਮਕ ਕੇ ਮਿਲਦੀ ਹੈ ਸਾਨੂੰ। ਹਾਂ ਯਾਰਾ! ਅਸੀਂ ਫਿਰੇ ਲੱਭਦੇ ਤੇ ਹਾਕਰਾਂ ਮਾਰਦੇ ਬਦੱਲਾਂ ਨੂੰ, ਪਰ ਅਬਰੇ ਨੀਸਾਂ[੧] ਆਪੇ ਉਮਡਕੇ ਆਓਂਦਾ ਹੈ ਸਾਡੀਆਂ ਕੁੱਲੀਆਂ ਉੱਤੇ।

ਸਾਹ ਸ਼ਰਫ-ਤਾਂ ਮੇਰੀ ਟੋਹ ਠੀਕ ਹੈ, ਲੱਭਿਆ ਹੈ ਤੂੰ ਕੁਛ, ਵੱਸਿਆ ਹੈ ਤੇਰੇ ਮੱਥੇ ਉਤੇ ਅਬਰੇ ਨੀਸਾਂ, ਤੇਰੇ ਨੈਣ ਪਏ ਦੱਸਦੇ ਹਨ ਕਿ ਇਨ੍ਹਾਂ ਨੇ ਪੀਤੀ ਹੈ ਕੋਈ ਬੂੰਦ।

ਯਾਰ ਵਲੀ-ਸਾਡੇ ਬੁੱਲ੍ਹ ਸੁੱਕ ਸੁੱਕ ਕੇ ਖੁਸ਼ਕ ਹੋ ਹੋਕੇ ਪੀਣ ਦੀ ਆਸਝ ਤੋਂ ਬੀ ਰਹਿ ਚੁਕੇ ਸਨ, ਅਸਾਂ ਕੀ ਲੱਭਣਾ ਸੀ, ਆਪੇ ਆਈ ਕੋਈ ਰੌ-ਰੁਮਕ, ਮਿਹਰ ਦੀ ਬੂੰਦ ਪਾ ਗਈ, ਸੁੱਕੇ ਪਰ ਖੁੱਲੇ ਲਬਾਂ ਵਿਚ ਜਾਨ ਪੈ ਗਈ, ਲਬਾਂ ਤੇ ਆਈ ਜਾਨ ਵਿਚ। ਹਾਂ, ਕੋਈ ਆ ਗਿਆ ਦਾਤਾ ਮਨ ਦਾ ਭੁਲੇਵਾਂ ਮਨ ਵਿਚੋਂ ਕੱਢ ਗਿਆ ਤੇ ਦੇ ਗਿਆ ਕੋਈ ਦਾਨ ਅੱਲਾ ਦੇ ਨਾਮ ਦਾ। ਮੈਂ ਨਹੀਂ ਕੁਛ ਟੋਲ ਲੱਧਾ। ਸਾਡੀ ਟੋਲ ਤਾਂ ਸਾਰੀ ਉਮਰਾ ਦੀਆਂ ਟੱਕਰਾਂ ਹੀ ਸਨ।

ਸ਼ਰਫ-ਫਿਰ ਇਕੱਲੇ ਇਕੱਲੇ ? ਦੋਸਤਾਂ ਨੂੰ ਬੀ ਯਾਦ ਕਰਨਾ ਸੀ।

ਯਾਰਵਲੀ-ਸੱਚ ਕਿਹਾ ਹਈ, ਪਰ ਸੱਚ ਇਹ ਹੈ ਕਿ ਮੈਂ ਐਤਨਾ ਅਜ਼ ਖ਼ੁਦ ਰਫ਼ਤਹ ( ਆਪੇ ਤੋਂ ਬਾਹਰ) ਹੋ ਗਿਆ ਉਸ ਵੇਲੇ ਕਿ ਮੈਨੂੰ ਕੁਛ ਤੇ ਕੋਈ ਯਾਦ ਹੀ ਨਹੀਂ ਰਿਹਾ।

ਸ਼ਰਫ-ਸ਼ਾਬਾਸ਼ ਦੋਸਤ, ਇਸ ਸਫਾ ਗੋਈ ਸੱਚ ਬੋਲਣ ਦੇ ਸ਼ਾਬਾਸ਼, ਹੁਣ ਫਿਰ ਮਿਹਰ ਕਰ: ਥਹੁ ਦੱਸ ਜੋ ਬਾਦੇ ਸ਼ੁਰਤ[੨] ਕਿੱਧਰ ਨੂੰ ਗਈ ਹੈ?

ਯਾਰਵਲੀ-ਲੱਭਿਆਂ ਹਵਾਵਾਂ ਨਹੀਂ ਲਭਦੀਆਂ, ਮਗਰ ਭੱਜਿਆਂ ਫੜੀਂਦੀਆਂ ਨਹੀਂ। ਦਿਲ ਦੀ ਲੋ ਲਾ, ਮਤੇ ਮੁਹਾੜਾਂ ਮੋੜ ਲੈਣ ਇਧਰ ਦੀਆਂ।

ਸ਼ਰਫ-ਸੱਚ ਕਿਹਾ ਹਈ, ਸੱਚ ਕਿਹਾ ਹਈ।

ਐਉਂ ਕਹਿੰਦਾ ਦੋਸਤ ਵਲ ਤੱਕਦਾ ਤੱਕਦਾ ਚੁਪ ਹੋ ਗਿਆ ਤੇ ਬਹਿ ਗਿਆ ਓੱਥੇ ਹੀ ਜਿੱਥੇ

---

[੧] ਬਹਾਰ ਦਾ ਬੱਦਲ, ਜਿਸ ਦੀਆਂ ਬੂੰਦਾਂ ਤੋਂ ਸਿਪ ਵਿਚ ਮੋਤੀ ਬਣਦ ` ਸੰਕੇਤ ਕੀਤੇ ਹਨ ਕਵੀਆਂ ਨੇ!ਨੀਸਾਂ ਸਿਰੀਆਂ ਦੇ ਲੋਕਾਂ ਦਾ ਸਤਵਾਂ ਮਹੀਨਾ ਹੈ, ਫਾਰਸੀ ਦਾ ਫਰਵਰਦੀਨ ਤੇ ਹਿੰਦ ਦਾ ਚੇਤ ਵਿਸਾਖ।

[੨] ਬੇੜਿਆਂ ਨੂੰ ਚਲਾਉਣ ਵਾਲੀ ਅਨਕੂਲ ਰੁਖ ਦੀ ਹਵਾ।

ਬੈਠਾ ਸੀ ਤੇ ਬੈਠ ਰਿਹਾ ਚਾਰ ਦਿਨ।

ਜਬ ਹੀ ਦਿਵਸ ਬਿਤੀਤੇ ਚਾਰ।
ਆਏ ਸ੍ਰੀ ਪ੍ਰਭੁ ਕਰੁਨਾ ਧਾਰ। {ਗੁ: ਨਾ: ਪ੍ਰ:}

ਬੈਠਾ ਰਿਹਾ ਚਾਰ ਦਿਨ ਸ਼ਰਫ ਖਿੱਚ ਵਿਚ ਪ੍ਰੋਤਾ ਤੇ ਤਾਂਘ ਵਿਚ ਵੇਧਿਆ। ਚਾਰ ਦਿਨਾਂ ਮਗਰੋਂ ਆ ਗਏ ਖਿੱਚਾਂ ਦੇ ਪਛਾਣਨ ਹਾਰ, ਆਏ ਤੇ ਡਿੱਠਾ ਸ਼ਰਫ ਨੇ ਦਾਤੇ ਨੂੰ, ਹਾਂ-

ਜਦ ਦੀਦਾਰ ਡਿੱਠੋਸੁ ਤਾਂ ਪਹਿਲਾਂ ਤਾਂ ਅੱਖਾਂ ਵਿਚ ਸੁਆਦ ਵੜਿਆ, ਫਿਰ ਸ਼ਕਲ ਸੂਰਤ ਤੋਂ ਮੁਸਲਮਾਨ ਨਜ਼ਰ ਨਾ ਪਏ, ਇਕ ਕਸ਼, ਇਕ ਪਤਲੀ ਬ੍ਰੀਕ ਲੀਕ ਦਿਲ ਵਿਚੋਂ ਲੰਘ ਗਈ ਦੀਨ ਦੇ ਅੰਦਰ ਵਸ ਰਹੇ ਪੱਖ ਦੀ। ਚਿੱਤ ਨੇ ਪ੍ਰਭਾਉ ਤਾਂ ਮੰਨਿਆ ਪਰ ਉਸ ਬ੍ਰੀਕ ਭਾਵ ਨੇ ਰਸਲੀਣ ਹੋ ਜਾਣ ਦੀ ਥਾਂ ਕੁਛ ਪਰਖ ਵੰਨੇ ਸਿਰ ਪਾਇਆ ਤੇ ਸਿਰ ਨੀਵਾਂ ਕਰਕੇ, ਸਿਜਦਾ ਦੇਕੇ, ਅਦਬ ਨਾਲ ਬਿਠਾਕੇ ਆਪ ਦੋਜ਼ਾਨੂੰ (ਗੋਡੇ ਟੇਕਕੇ) ਹੋ ਬੈਠਾ, ਅਰ ਰਸ ਪੀਣ ਦੀ ਥਾਂਵੇਂ ਪਹਿਲਾਂ ਤੱਕਣ ਲਗਾ ਕਿ ਰਸ ਕਿਹੜੇ ਕਮਾਦ ਦਾ ਹੈ।

ਸ਼ਰਫ-ਹਜ਼ੂਰ ! ਬੇਅਦਬੀ ਮਾਫ! ਦੋ ਤਰਾਂ ਦੇ ਹੁੰਦੇ ਹਨ ਮੁਤਲਾਸ਼ੀ (=ਜੱਗਯਾਸੂ), ਇਕ ਤਾਂ ਦੇਖਦੇ ਸਾਰ ਪਾਣੀ ਵਿਚ ਲੂਣ ਵਾਂਙੂ ਸ਼ਰਨਾਗਤ ਹੋ ਜਾਂਦੇ ਹਨ, ਦੂਜੇ ਕੁਈ ਐਸੇ ਹੁੰਦੇ ਹਨ ਜੋ ਇਸ ਸ਼ੈਤਾਨ ਮਨ ਦੀ ਤੱਸਲੀ ਕਰਕੇ ਮਰਦੇ ਹਨ।

ਗੁਰੂ ਜੀ-ਮਨ ਨੂੰ ਰੰਗਣਾਂ ਹੈ ਸਾਂਈ ਦੇ ਰੰਗ ਵਿਚ, ਜਿਸ ਤਰ੍ਹਾਂ ਰੰਗ ਸੁਹਣਾ ਚੜ੍ਹੇ ਚਾੜ੍ਹ ਲਵੇ! ਪੁੱਛ ਬੰਦੇ ਸਾਂਈ ਦੇ ਜੋ ਚਿਤ ਆਵੀ।

ਸ਼ਰਫ-ਆਪ ਨੇ ਖਫਨੀ ਪਾਈ ਹੋਈ ਹੈ ਇਸ ਦਾ ਕੀਹ ਭਾਵ ਹੈ[੧]?

ਗੁਰੂ ਜੀ-ਮੁਰਦੇ ਨੂੰ ਪਾਈਦਾ ਹੈ ਖੱਫਣ ਤੇ ਖੱਫਣੀ ਪਾਈਦੀ ਹੈ ਉਨ੍ਹਾਂ ਨੂੰ ਜੋ ਲੋਕਾਂ ਦੇ ਭਾਣੇ ਮਰ ਜੁ ਗਏ (ਮੁਸਕ੍ਰਾ ਪਏ)।

ਸ਼ਰਫ-ਲੋਕਾਂ ਦੇ ਭਾਣੇ, ਤੇ ਆਪ ਜੀਉਂਦੇ ਹੀ ਰਹੇ?

ਗੁਰੂ ਜੀ-ਜੀਉਂਦੇ ਨਾ ਰਹੇ, ਪਰ ਜੀਉ ਪਏ।

ਸ਼ਰਫ (ਦੁਹਰਾਕੇ ਤੇ ਸਿਰ ਹਿਲਕੇ)-ਜੀਉਂਦੇ ਨਾ ਰਹੇ ਤੇ ਜੀਉ ਪਏ। (ਮਨ ਨਾਲ ) ਕੀਹ ਫਰਕ ਹੋਇਆ? (ਉੱਚੀ) ਸਮਝੇ ਨਹੀਂ ਪਈ ਜੀ ! ਗਲ!

ਗੁਰੂ ਜੀ-ਜਦੋਂ ਰਬ ਵਲ ਲੱਗੇ ਤਦੋਂ ਟੱਬਰ ਕਬੀਲੇ ਦੁਨੀਆਂ ਦੇ ਭਾਣੇ ਮਰ ਗਏ। ਜਦੋਂ ਅੰਦਰੋਂ ਆਪ ਵਿਚੋਂ 'ਅਨ ਆਪਾ' ਮਰ ਗਿਆ ਤਦੋਂ' ਅਨ ਆਪੇ' ਦੇ ਮਰਨ ਮਗਰੋਂ ਆਪਣਾ ਅਸਲੀ ਆਪਾ ਨਿਤਰ ਹੋ ਆਇਆ ਤੇ ਖਸਮ ਦੇ ਅੰਗ ਜਾ ਲੱਗਾ ਤਾਂ ਜੀਉ ਪਏ।

ਸ਼ਰਫ-ਸੁਬਹਾਨ ਅੱਲਾ! ਵਾਹ ਵਾਹ! ਖੁਸ਼ ਕਰ ਦਿਤਾ ਨੇ। ਕੁਰਬਾਨ! ਭਲਾ ਜੀਉ ਮਰਨਾ ਕਿਉਂ ਜੀਵਾਲਦਾ ਹੈ?

ਗੁਰੂ ਜੀ-ਜੋ ਡੁੱਬਕੇ ਤਰੇ ਉਹ ਕਦੇ ਨਾ ਡੁੱਬੇ।

ਸ਼ਰਫ-ਖ਼ਿਰਕਹ (ਗੋਦੜੀ) ਦਾ ਕੀ ਮਾਇਨਾ ਹੈ?

ਗੁਰੂ ਜੀ-ਖਿਰਕਹ ਦੇ ਮਾਅਨੇ ਹਨ:-ਫੱਟਣਾ ਸੂਈ, ਤਾਗਾ, ਸੀਉਣਾ, ਓਢਣਾ।

ਸ਼ਰਫ-ਇਨ੍ਹਾਂ ਦੇ ਕਿ ਮਾਇਨੇ?

ਗੁਰੂ ਜੀ-ਫਟਣਾ, ਫਾੜਨਾ ਆਪੇ ਨੂੰ, ਹਾਂ ਖੋਜ ਖੋਜ ਤੱਕਣਾ। ਸੂਈ ਸਬਰ ਦੀ, ਤਾਗਾ ਸਤਿਸੰਗ ਦਾ, ਸੀਉਣਾ ਮੰਨਣਾ ਹੁਕਮ ਦਾ, ਪਹਿਨਣਾ ਝੂਠੇ ਮਾਨ ਦਾ ਹਾਨ ਕਰਨਾ।

ਸ਼ਰਫ-ਪਹਿਨਣ ਦਾ ਕੀ ਫਾਇਦਾ?

ਗੁਰੂ ਜੀ-ਮਲਕਲ ਮੌਤ ਦਾ ਪਾਲਾ ਫੇਰ ਨਹੀਂ ਲੱਗਦਾ (ਭਾਵ ਕਾਲ ਨਹੀਂ ਸਤਾਉਂਦਾ)।

ਸ਼ਰਫ-ਤਾਰਕ ਉੱਦੁਨੀਆਂ (ਬੈਰਾਗੀ) ਕੌਣ ਹੈ?

ਗੁਰੂ ਜੀ-ਜਿਸ ਨੇ ਸਾਰੇ ਭਰਪੂਰ ਇਕ ਖੁਦਾ ਨੂੰ ਲਖ ਲਿਆ ਹੈ ਤੇ ਉਸ ਦੇ ਇਸ਼ਕ ਵਿਚ ਰੱਤਾ ਹੈ, ਉਹ ਤਾਰਕ-ਉੱਦੁਨੀਆਂ ਹੈ।

ਸ਼ਰਫ-ਚਾਹੇ ਚਾਰੋਂ ਐਬ ਸ਼ਰਈ ਹੋਵੇ, ਚਾਹੋ ਤ੍ਰੀਮਤ ਉਲਾਦ ਦੇ ਮੋਹ ਫਾਥਾ ਹੋਵੇ?

ਗੁਰੂ ਜੀ-ਜੋ ਰੱਤਾ ਹੈ ਇਸ਼ਕ ਖੁਦਾਇ ਵਿਚ, ਜਿਸ ਨੂੰ ਮੋਹ ਲਿਆ ਹੈ ਤਲਬ ਸਾਂਈ ਦੇ ਦੀਦਾਰ ਦੀ ਨੇ, ਉਹ ਸੁਤੇ ਹੀ ਉੱਚਾ ਉਠ ਗਿਆ ਐਬਾਂ ਦੀ

---

੧ ਉਨ੍ਹਾਂ ਸਮਿਆਂ ਵਿਚ ਅਕਸਰ ਫਕੀਰ ਫਕੀਰ ਨੂੰ ਮਿਲਣ ਤੇ ਖਫਨੀ ਗੋਦੜੀ ਟੋਪੀ ਆਦਿ ਫਕੀਰੀ ਚਿਨ੍ਹਾਂ ਦੇ ਅਰਥ ਪੁੱਛਿਆ ਕਰਦੇ ਸਨ ਤੇ ਇਥੋਂ ਪਰਖਾਂ ਕਰਿਆ ਕਰਦੇ ਸਨ। ਜੀਕੂਣ ਸਿਧ ਗੋਸ਼ਟ ਵਿਚ ਜੋਗੀ ਪੁੱਛਾਂ ਕਰਦੇ ਹਨ ਤੇ ਹੁਣ ਭੀ ਫਕੀਰਾਂ ਦੀਆਂ ਮਾਤ੍ਰਾ ਵਿਚ ਇਨ੍ਹਾਂ ਗਲਾਂ ਦੇ ਵਿਚਾਰ ਪ੍ਰਚਲਤ ਹਨ ਜੋ ਇਕ ਦੂਜੇ ਨੂੰ ਮਿਲਨ ਵੇਲੇ ਮਾਤ੍ਰਾਂ ਤੇ ਭੇਖ ਆਦਿਕਾਂ ਦੇ ਵੇਰਵੇ ਪੁੱਛਦੇ ਹਨ। ਨਾਲੇ ਸ਼ਰਫ ਗੁਰੂ ਜੀ ਨੂੰ ਹਿੰਦੂ ਸਮਝਦਾ ਹੈ ਨੁਹਾਰ ਤੋਂ ਫਿਰ ਖਫਨੀ ਦੇਖਕੇ ਹੈਰਾਨ ਹੋਕੇ ਪੁੱਛਦਾ ਹੈ ਕਿ ਹਿੰਦੂ ਹੋ ਕੇ ਖਫਨੀ ਦੇ ਕੀ ਅਰਥ?

ਪੱਧਰ ਤੋਂ। 'ਖੁਦਾ ਨਾਲ ਰਗ਼ਬਤ[1] ਵਿਚ ਤਰਕੇ[2] ਦੁਨੀਆਂ' ਸ਼ਾਮਲ ਹੈ। ਜੋ ਰਾਗੀ ਹੈ ਰੱਬ ਦਾ ਉਹ ਬੈਰਾਗੀ ਹੈ ਦੁਨੀਆਂ ਦੇ-ਐਬਾਂ ਦਾ।

ਪਰਨੀਂਦੀ ਕਾਕੀ ਦੇ, 'ਪਤੀ ਨਾਲ ਸੰਜੋਗ' ਵਿਚ ਸ਼ਾਮਲ ਹੈ 'ਮਾਪਿਆਂ ਦਾ ਵਿਜੋਗ'

ਫਿਰ ਤਰਕ (ਤਯਾਗ) ਹੈ ਮਨ ਦਾ। ਮਨ ਦੀ ਪਕੜ ਜਿਸ ਤੋਂ ਛੁੱਟ ਗਈ ਉਸ ਥੋਂ ਵਿਰਾਗ ਹੋ ਗਿਆ। ਸਰੀਰ ਦੀ ਪਕੜ ਜਰੂਰੀ ਨਹੀਂ ਕਿ ਛੁਟ ਜਾਵੇ। ਸਰੀਰ ਦੀ ਪਕੜ' ਬੇਪਕੜ' ਹੈ ਜੇ ਮਨ ਦੀ ਪਕੜ ਨਹੀਂ ਰਹੀ ਤਾਂ। ਪਛਾਣ ਇਹ ਹੈ ਕਿ ਮਨ ਦੀ' ਬੇਪਕੜ ਵਾਲਾ ਸਰੀਰ ਐਬਾਂ ਵਲੋਂ ਬੀ ਬੇਪਕੜ ਹੋ ਜਾਂਦਾ ਹੈ।

ਸ਼ਰਫ ਦੀ ਸਮਝ ਵਿਚ ਆ ਗਿਆ ਨੁਕਤਾ। ਉਹ ਐਬਾਂ ਨਾਲ-ਪਕੜਾਂ ਨਾਲ ਲੜ ਲੜਕੇ ਫਾਹਵਾ ਹੋ ਰਿਹਾ ਸੀ। ਹਠ ਨਾਲ, ਜ਼ੋਰ ਨਾਲ ਆਪਣੇ ਮਨ ਤੇ ਟੇਕ ਧਰਕੇ ਕਰਦਾ ਸੀ ਤਿਆਗ, ਪਰ ਮਨ ਦਾ ਸੁਤੇ ਸੁਭਾਵ ਹੈ ਗ੍ਰਹਣ (ਪਕੜ) ਉਹ ਫੇਰ ਜ਼ੋਰ ਮਾਰਕੇ ਜਾ ਪੈਂਦਾ ਸੀ ਪਕੜ ਵਿਚ। ਹਾਂ, ਉਹ ਕਰਦਾ ਸੀ ਤਿਆਗ ਸਰੀਰ ਨਾਲ-ਫ਼ਾਕੇ ਕੜਾਕੇ, ਤਪ-ਪਰ ਮਨ ਸੱਪ ਭਾਵੇਂ ਸੀਤ ਲੱਗ ਲੱਗ ਕੇ ਮੋਯਾ ਜਾਪੇ, ਪਰ ਨਿੱਘ ਲਗਦੇ ਸਾਰ ਸੁਰਜੀਤ ਹੋ ਜਾਂਦਾ ਹੇ। ਮਨ ਦੀ ਪਕੜ ਛੁੱਟਣ ਦਾ ਇਸ਼ਾਰਾ ਘਾਉ ਕਰ ਗਿਆ ਘਾਲੀ ਨੂੰ। ਚਿਹਰੇ ਵਲ ਤੱਕਿਓਸੁ ਤੇ ਨੂਰਾਨੀ ਰਸ ਰੰਗ ਵੇਖਕੇ ਢਹਿ ਪਿਆ ਚਰਨਾਂ ਤੇ[3]-

ਗੁਰ ਨਿਜ ਕਰ ਸੋ ਸੀਸ ਉਠਾਵਾ॥
ਕਰਯੋ 'ਰਿਦੇ ਤੇ ਤਜੀਏ ਦਾਵਾ॥
ਸੱਤਿਨਾਮ ਸਿਮਰਹੁ ਲਿਵ ਲਾਇ॥
'ਦੇਖਹਿ ਕਰੁਨਾ ਦ੍ਰਿਸ਼ਟਿ ਖੁਦਾਇ'॥{ਗੁ:ਸੂ:ਪ੍ਰ:}

ਇਹ ਆਖਿਆ ਤੇ ਸਿਰ ਚਾਇਆ ਆਪਣੇ ਸੁਹਣੇ ਕਰ ਕਮਲਾਂ ਨਾਲ ਤਾਂ ਛੁਹੰਦੇ ਸਾਰ ਉਸ ਦੇ ਸਰੀਰ ਵਿਚ ਹੁਮਕ ਗਈ ਰੌ। ਲੂੰ ਖੁਲ੍ਹ ਗਏ, ਮਨ ਖੁਲ੍ਹ ਗਿਆ, ਬੋਝ ਨਿਕਲ ਗਿਆ, ਸਮਾ ਗਈ ਨਾਮ ਦੀ ਲਿਵ ਅੰਦਰ-

ਛੁਯੋ ਗੁਰੂ ਕਰ ਮੋਂ ਸਿਰ ਜਬਹੀ॥
ਜਗੀ ਨਾਮ ਲਿਵ ਮਨ ਮਹਿ ਤਬਹੀ॥ {ਗੁ:ਨਾ:ਪ੍ਰ:}

ਸ਼ਰਫ ਨਿਹਾਲ ਹੋ ਗਿਆ[1]

ਗੁਰੂ ਜੀ-ਸ਼ਰਫ ! ਦੇਖ, ਇਹ ਜੋ ਨਾਮ ਦੀ ਲਿਵ ਲੱਗੀ ਰਹਿਣੀ ਹੈ, ਇਹ ਵਾਹਿਗੁਰੂ ਸ਼ੇਰ ਦੇ ਲਾਗੇ ਰਹਿਣਾ ਯਾ ਨਾਲ ਲਗੇ ਰਹਿਣਾ ਹੈ। ਸ਼ੇਰ ਦੇ ਲਾਗ ਰਿਹਾਂ ਫੇਰ ਹੋਰ ਜਾਨਵਰ ਹਮਲਾ ਨਹੀਂ ਕਰਦੇ। ਸੋ ਰੱਬ ਦੇ ਪਿਆਰ ਵਿਚ ਆਓ! ਪਿਆਰ ਦਾ ਉਪਰਾਲਾ ਨਾਮ ਹੈ, ਪਿਆਰ ਨਾਲ ਪੁਰੋਤੇ ਉੱਚੇ ਰਹਿੰਦੇ ਹਨ ਨਫਸ ਦੀਆਂ ਪਕੜਾਂ ਤੋਂ। ਨਿਰੇ ਭਲਿਆਈ ਦੇ ਤਰੱਦਦ ਕਰਨੇ ਸ਼ੁਭ ਹਨ, ਪਰ ਬਲ ਭਰਦਾ ਹੈ ਆਪੇ ਵਿਚ ਸਾਂਈ ਨਾਲ ਲੱਗਿਆਂ। ਹਾਂ, ਆਪੇ ਵਿਚੋਂ ਆਪੇ ਦੀ ਕਾਈ ਨਾਮ ਨਾਲ ਦੂਰ ਹੁੰਦੀ ਹੈ[2]। ਸਭ ਦਾਰੂਆਂ ਦਾ ਦਾਰੂ ਇਕ ਨਾਮ ਹੈ, ਨਾਮ ਦੀ ਪੀਢੀ ਗੰਢ ਪਾਓ। ਖਾਲੀ ਖਿਆਲਾਂ ਨਾਲ ਸਮਝ ਬਹੀਦਾ ਹੈ ਕਿ ਹੋ ਗਏ ਹਾਂ ਪੂਰੇ, ਪਰ ਉਹ ਗੁਮਾਨ ਹੀ ਗੁਮਾਨ ਰਹਿ ਜਾਂਦਾ ਹੈ। ਬਣਦਾ ਜੋ ਕੁਛ ਹੈ ਨਾਮ ਦੀ ਲਿਵ ਨਾਲ। ਸੋ ਲਗੇ ਰਹੋ ਇਹ ਲਿਵ ਸਾਰੇ ਐਬ ਕੱਢੇਗੀ, ਸਾਰੇ ਗੁਣ ਲਿਆਵੇਗੀ, ਸਾਂਈ ਨਾਲ ਮਿਲਾਵੇਗੀ, ਚਿੱਤ ਨੂੰ ਸੁਖੀ ਤੇ ਸੁਆਦ ਵਿਚ ਰੱਖੇਗੀ। ਇਹ ਅੱਠ ਪਹਿਰੀ ਮਰਾਕਬਾ (ਸਮਾਧੀ) ਹੈ।

ਸ਼ਰਫ ਨੂੰ ਗੁਰੂ ਜੀ ਨਾਲ ਇਤਨਾ ਪਿਆਰ-ਸ਼ੁਕਰ ਭਰਿਆ ਪਿਆਰ-ਪਿਆ ਕਿ ਆਪਣੇ ਘਰ ਹੀ ਨਾ ਜਾਵੇ ਤੇ ਨਾਲ ਰਹਿਣ ਲਈ ਬੇਨਤੀਆਂ ਕਰੇ, ਪਰ ਗੁਰੂ ਜੀ ਨੇ ਉਸ ਨੂੰ ਦਿਲਾਸਾ ਦੇਕੇ ਘਰ ਟੋਰਿਆ ਤੇ ਕਿਹਾ ਕਿ ਇਥੇ ਤੇਰੇ ਪਾਸ ਯਾਰਵਲੀ ਦਾ ਸਤਿਸੰਗ ਹੈ, ਬਹੁਤ ਚਿਤ ਕਰੇ ਤਾਂ ਖੁਰਮ ਵਿਚ ਇਕ ਸਿੱਖ ਹੈ ਉਸ ਨੂੰ ਮਿਲ ਆਇਆ ਕਰ। ਆਗਯਾ ਸਿਰ ਧਰਕੇ ਨਾਮ ਤੇ ਸੁਆਦ ਨਾਲ ਸੁਖੀ ਸ਼ਰਫ, ਪਰ ਖਿੱਚ ਪਰੋਤਾ ਸ਼ਰਫ, ਆਪਣੇ ਘਰ ਗਿਆ।

---

[1] ਅਰਥਾਤ ਪਿਆਰ। [2] ਬੈਰਾਗ ।

[3] ਪਰਸਤ ਚਰਨ ਗਤਿ ਨਿਰਮਲ ਰੀਤਿ॥ {ਗਉ:ਸੁਖਮਨੀ}

---

[1] ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥ ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥ ਉਨਮਨ ਮਨ ਮਨ ਹੀ ਮਿਲੈ ਛੁਟਕਤ ਬਜਰ ਕਪਾਟ ॥੬॥
{ਗਉੜੀ ਰਵਿਦਾਸ ਜੀ}

[2] ਨਾਮੁ ਨਿਧਾਨੁ ਧਿਆਇ ਮਨ ਅਟਲ॥
ਤਾ ਛੂਟਹਿ ਮਾਇਆ ਕੇ ਪਟਲ॥ {ਰਾਮ ਮ: ੧}

ਜਦੋਂ ਕਿ ਸਤਿਗੁਰੂ ਜੀ ਕੰਧਾਰ ਸ਼ਹਿਰ ਤੋਂ ਟੁਰਨ ਲੱਗੇ ਤਾਂ ਯਾਰ ਵਲੀ ਨੇ ਖਿਹਬਲ ਹੋਕੇ ਪੁਛਿਆ: " ਪਾਤਸ਼ਾਹ! ਫੇਰ ਕਦ ਦਰਸ਼ਨ ਦਿਓਗੇ? ਯਾ ਨਾਲ ਹੀ ਲੈ ਚਲੋ ਜੋ ਫੇਰ ਬਿਰਹੋਂ ਨ ਹੋਵੇ। " ਡਾਢੇ ਪਿਆਰ ਦੇ ਵਾਕ ਸੁਣਕੇ ਅਜਰ ਜਰਨ ਦੇ ਧਨੀ ਸਤਿਗੁਰੂ ਬੋਲੇ: ਸਰੀਰਾਂ ਦੇ ਮੇਲ ਨਿੱਤ ਨਹੀਂ ਰਹਿ ਸਕਦੇ, ਚਾਹੋ ਸਰੀਰ ਹੀ ਹਨ, ਜਿਨ੍ਹਾਂ ਵਿਚ ਨਾਮ ਸਿਮਰਕੇ ਪਰਮਗਤਿ ਪਾਈ ਦੀ ਹੈ, ਪਰ ਸਰੀਰ ਨਿਤ ਨਹੀਂ। ਸਿਮਰਨ ਵਿਚ ਰਹੋ ਜੋ ਨਾਮ ਦਾ ਰੰਗ ਲੱਗਾ ਰਹੇ। ਕੋਈ ਝੂਠਾ ਦਾਵਾ ਨਾ ਧਾਰਨਾ ਕਿ ਮੈਂ ਹਾਂ ਕੁਛ। ਓਹ ਹੈ ਸਭ ਕੁਛ, ਅਸੀਂ ਹਾਂ ਚਰਨ ਸ਼ਰਨ। ਚਰਨ ਸ਼ਰਨ ਪ੍ਰਾਪਤ ਅਸੀਂ ਉੱਚੇ ਹਾਂ, ਸੁੱਚੇ ਹਾਂ, ਗ਼ਨੀ ਹਾਂ, ਸੁਖੀ ਹਾਂ। ਦੁਨੀਆਂ ਜੋ ਤੁਸਾਂ ਪਾਸ ਆਉਂਦੀ ਹੈ, ਸੱਚ ਉਪਦੇਸ਼ ਦੇਣਾ, ਦਾਵਾ ਨਹੀਂ ਬੰਨ੍ਹਣਾ ਕਿ ਮੈਂ ਹਾਂ ਪੀਰ ਕਿ ਪਾਰਗਿਰਾਮੀ, ਸੱਚ ਉਪਦੇਸ਼ ਦੇਣਾ, ਬੇਲਾਗ ਹੋਕੇ, ਇਸ ਨਾਲ ਦੂਏ ਦਾ ਭਲਾ ਹੋਵੇਗਾ ਤੇ ਤੁਸਾਂ ਨੂੰ ਮੈਲ ਨਾ ਵਾਪਰੇਗੀ। ਦਾਵਾ ਧਾਰੋਗੇ ਤਾਂ 'ਪਕੜ' ਪਵੇਗੀ, ਪਕੜ ਪਵੇਗੀ ਤਾਂ ਮਨ ਅਪਣੇ ਸੁਭਾਉ ਦੇ ਕਈ ਰੰਗ ਵਰਤਾਵੇਗਾ। ਹੁਕਮ ਪਛਾਣੋ ਤਾਂ ਦਾਵਾ ਦੂਰ ਰਹੇਗਾ। ਦਾਵਾ 'ਹੁਕਮ ਸਿਆਣਨ' ਦੇ ਅੱਗੇ ਪਰਦਾ ਹੈ। ਹੁਕਮ ਹੈ ਨਾਮ ਜਪੋ[੧], ਅਸੀਂ ਨਾਮ ਜਪਦੇ ਹਾਂ, ਹੁਕਮ ਹੈ ਨਾਮ ਜਪੋ ਮੈਨੂੰ ਮਿਲੋਗੇ[੨] ਅਸੀਂ ਮਿਲਕੇ ਸੁਖੀ ਰਹਿੰਦੇ ਹਾਂ[੩] ਜੇ ਹੁਕਮ ਹੈ ਸੁਮੱਤ ਦਿਓ ਤਾਂ ਦਿਓ[੪] ਪਰ ਆਪਾ ਬਚਾਕੇ। ਪੱਕ ਜਾਣੋਂ ਆਪਾ ਬਚੇਗਾ 'ਹੁਕਮ' ਸਮਝਕੇ। ਹੁਕਮ ਹੈ ਤਾਂ ਹੁਕਮ ਦੀ ਬਜਾਆਵਰੀ ਹੈ[੫] ਹੁਕਮ ਤੇ ਟਿਕੋਗੇ ਹੁਕਮ ਨੂੰ ਸਿਆਣੋਂਗੇ ਤਾਂ ਬੇਲੂਸ[੬] ਰਹੋਗੇ, ਤਰੋਗੇ ਤੇ ਤਰਨਗੇ ਮਿਲਣ ਵਾਲੇ ਪਰ ਅੱਲਾ ਦੇ ਯਾਰ! ਨਫਸ ਅੰਦਰ ਡਾਢਾ ਬੈਠਾ ਹੈ ਇਸ ਦੀਆਂ ਕੁਚਲਬੰਦੀਆਂ ਤੇ ਸਦਾ ਪਹਿਰਾ ਰਹੇ। ਪਹਿਰਾ ਰਹੇਗਾ ਉੱਚੇ ਉਠਿਆਂ, ਉਚੇ ਉਠਿਆਂ ਆਤਮ ਜਾਗ ਆਉਂਦੀ ਹੈ, ਜਾਗਦਾ ਰਹੇ ਤਾਂ ਮੁਸੀਂਦਾ ਨਹੀਂ[੧]। ਨਾਮ ਵਿਚ ਸੁਰਤ ਜਾਗੇ, ਰਜ਼ਾ ਦੀ ਸਿਆਣ ਵਿਚ ਮਨ ਜਾਗੇ, ਇਹ ਜਾਗ੍ਰਤ ਮੁਸੀਣ ਨਹੀਂ ਦੇਂਦੀ।

੪.

ਹਾਂ ਜੀ! ਸਾਂਈ ਦਾ ਯੋਧਾ ਸਰ ਕਰ ਚਲਿਆ ਹੈ ਕੰਧਾਰ ਨੂੰ ਤ੍ਰੈ ਬੰਦੇ ਜਿੱਤਕੇ? ਹਾਂ ਤ੍ਰੈਏ ਜਿੱਤਕੇ ਕੰਧਾਰ ਸਰ ਹੋ ਗਈ। ਕਿਵੇਂ? ਦੁਇ ਤਾਂ ਫਕੀਰ ਹੈ ਸਨ, ਦੁਨੀਆਂ ਦੋਹਾਂ ਦੇ ਢੁੱਕਦੀ ਸੀ। ਦੁਇ ਘਾਲੀ ਸਨ, ਪਰ ਅਟਕਾਂ ਵਿਚ ਫਸੇ ਭੰਬਲ ਭੂਸੇ ਖਾ ਰਹੇ ਸਨ। ਮਨ ਚੰਗੇ ਪਰ ਰਸ ਦੇਸ਼ ਵਿਚ ਨਹੀਂ ਸਨ। ਇਨ੍ਹਾਂ ਦੀਆਂ ਕਸਰਾਂ ਕੱਢਕੇ ਸਾਂਈ ਨਾਲ ਗੰਢ ਚਿਤਰਾਵਾ ਕਰ ਆਏ। ਜਿਨ੍ਹਾਂ ਦੋਹਾਂ ਦੀ ਤੁਫੈਲ ਹੁਣ ਮਿਲੇਗੀ ਸਾਰੀ ਉਥੋਂ ਦੀ ਢੂੰਡਾਊ ਪਰਜਾ ਨੂੰ ਸਿੱਧੇ ਰਸਤੇ ਦੀ ਸੋਝੀ। ਦੋਹਾਂ ਦੀ ਕਸਰ ਕੱਢਣੇ ਨਾਲ ਹਜ਼ਾਰਾਂ ਦੀ ਕਸਰ ਨਿਕਲੇਗੀ। ਤੀਸਰਾ ਘਾਲੀ ਸੀ, ਇਸ ਦੇ ਭੀ ਕੁਛ ਮੈਲੀ ਸਨ, ਉਸਦੀ ਕਸਰ ਨਿਕਲਣ ਨਾਲ ਸਾਰਿਆਂ ਦਾ ਉਧਾਰ ਆਪੇ ਹੋਏਗਾ। ਐਉਂ ਗੁਰੂ ਬਾਬੇ ਦੇ ਕਾਰਨਾਮਿਆਂ ਦੀ ਸਮਝ ਸੋਚ ਕਰਨ ਨਾਲ ਮਿਲਦੀ ਹੈ। ਤ੍ਰੈਹਾਂ ਸੋਝੀ ਦੇ ਮੁਨਾਰਿਆਂ ਪਰ, ਪਰ ਜਿਨ੍ਹਾਂ ਦੇ ਸੋਝੀ ਦੇ ਦੀਵੇ ਲਾਟ ਦੀ ਛੁਹ ਦੇ ਮੁਥਾਜ ਸਨ, ਸੋਝੀ ਦੀ ਲੋ ਲਾਕੇ ਗੁਰੂ ਜੀ ਆਪ ਰਾਹੇ ਪੈ ਗਏ, ਤਰੇਗੀ ਦੁਨੀਆਂ ਤ੍ਰੈਹਾਂ ਨੂੰ ਮਿਲ ਮਿਲਕੇ।

ਆਪ ਹੁਣ ਅੱਗੇ ਟੁਰ ਪਏ। ਸ਼ਹਿਰੋਂ ਅੱਗੇ ਇਕ ਗਿਰਾਂ ਦੇ ਬਾਹਰ ਉਦਿਆਨ ਵਿਚ ਜਾ ਬੈਠੇ। ਗਿਰਾਂ ਦਾ ਇਕ ਵਾਸੀ ਪਠਾਣ ਲੰਘਿਆ। ਸੀ ਤਾਂ ਇਹ ਸਾਧਾਰਣ ਆਦਮੀ, ਪਰ ਹੈਸੀ ਭਲਾ, ਚਿਹਰਾ ਦੇਖਕੇ ਭਲਾ ਲੱਗਿਓਸੁ ਚਿੱਤ ਨੂੰ, ਤਾਂ ਕਹਿਣ ਲਗਾ ਸਰਬ ਦੇਸ਼ਾਂ ਦੇ ਮਾਲਕ ਜੀ ਨੂੰ-" ਪਰਦੇਸੀ ਜਾਪਦੇ ਹੋ, ਕਿਧਰੋਂ ਆਏ ਕਿੱਧਰ ਜਾ ਰਹੇ ਹੋ? ਪਿੰਡ ਵਿਚ ਕਿਸੇ ਦੀ ਸੂੰਹ ਸਿਆਣ ਪੁੱਛਣੀ ਹੋਵੇ ਤਾਂ ਮੈਂ ਦਸਾਂ, ਨਹੀਂ ਸਿਆਣ ਕਿਸੇ ਦੀ ਤਾਂ ਮੈਂ ਕੋਈ ਖ਼ਿਦਮਤ ਬਜਾ ਲਿਆਵਾਂ ?"

---

[੧] ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥੫॥ {ਸਿਰੀ ਰਾਗ ਮ:੧}

[੨] ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਿਜ ਸਮਾਣੀਆ ॥੨॥ {ਗਉ: ਪੂ: ਛੰ: ਮ:੧}। {ਨਾਮੁ=ਨਿਰੰਕਾਰ ਦਾ ਨਾਮ। ਨਾਮਿ-ਨਾਮੀ ਵਿਚ, ਨਿਰੰਕਾਰ ਵਿਚ }।

[੩] ਗੁਰ ਮਿਲ ਹੁਕਮ ਪਛਾਣਿਆ ਤਬ ਹੀ ਤੇ ਸੁਖੀਆ ॥੩॥ {ਆਸਾ ਮ:੫}

[੪] ਤਾਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥ {ਵਡ:ਮ:੧}

[੫]ਆਗਯਾ ਪਾਲਣ [੬] ਪਵਿੱਤ੍ਰ।

[੧]ਠੱਗੇ ਨਹੀਂ ਜਾਈਦਾ।

ਸਤਿਗੁਰ ਜੀ ਮੁਸਕ੍ਰਾਏ ਤੇ ਬੋਲੇ: "ਭਲੇ ਪੁਰਖਾ! ਸਾਂਈ ਤੇਰਾ ਭਲਾ ਕਰੇ, ਅਸੀਂ ਖੁਦਾਵੰਦ ਕਰੀਮ ਦੇ ਬੰਦੇ ਹਾਂ। ਇਥੇ ਬੈਠੇ ਹਾਂ ਕਿ ਨਗਰ ਵਿਚ ਅਸਾਂ ਇਕ ਸੱਜਣ ਨੂੰ ਮਿਲਣਾ ਹੈ, ਉਸ ਨਾਲ ਕੁਛ ਕਾਜ਼ ਹੈ ਸਾਡਾ।

ਪਠਾਣ-ਉਸ ਦਾ ਨਾਮ ਚਾ ਦੱਸੋ ਤਾ ਮੈਂ ਦੱਸ ਸਕਾਂਗਾ ਕਿ ਇਥੇ ਹੈ ਕਿ ਨਹੀਂ।

ਗੁਰੂ ਜੀ-ਉਹ ਖੱਤ੍ਰੀ ਹੈ, ਪਠਾਣ ਯਾ ਅਫ਼ਗ਼ਾਨ ਨਹੀਂ, ਉਸਦਾ ਨਾਮ ਹੈ ਮਾਨ ਚੰਦ, ਉਸਦੇ ਪਿਤਾ ਦਾ ਨਾਮ ਹੈ ਖਾਨ ਚੰਦ!

ਪਠਾਣ-ਫਿਰ ਸਾਂਈ ਦੇ ਸਾਜੇ ਹੋਏ ਜੀ! ਆਪ ਚਲੋ ਪਿੰਡ, ਮੈਂ ਨਾਲ ਲੈ ਚਲਾਂ ਤੇ ਘਰ ਅਪੜਾ ਦਿਆਂ, ਮਾਨ ਚੰਦ ਹੈ ਪਿੰਡ ਵਿਚ ਖਾਨ ਚੰਦ ਦਾ ਪੁਤ੍ਰ, ਸੁਹਣਾ ਬੀਬਾ ਆਦਮੀ ਹੈ ਸਾਰਿਆਂ ਦਾ ਸਨਮਾਨਤ ਹੈ।

ਗੁਰੂ ਜੀ-ਤੂੰ ਬੰਦੇ ਖੁਦਾ ਦੇ! ਬਹੁਤ ਚੰਗਾ ਹੈਂ ਸੁਖ਼ੀ ਰਹੁ! ਸਾਡਾ ਸੰਕਲਪ ਪਿੰਡ ਵਿਚ ਜਾਣ ਦਾ ਨਹੀਂ, ਉਹ ਆਪ ਹੀ ਸਾਨੂੰ ਆ ਮਿਲੇਗਾ।

ਖਾਨ ਨੇ ਝੁਕ ਕੇ ਤਸਲੀਮ ਕੀਤੀ ਤੇ ਕਿਹਾ; ਬਹੁਤ ਅੱਛਾ ਜੀਉ, ਓਹ ਆਪ ਨੂੰ ਆਪ ਹੀ ਕੇ ਮਿਲੇਗਾ। ਵਡੇ ਲੋਕ ਆਪਣੇ ਉਚੇ ਟਿਕਾਣੇ ਹੀ ਸ਼ੋਭਦੇ ਹਨ। ਤੁਹਾਡਾ ਮਕਾਨ ਬੇਪਰਵਾਹੀ ਵਾਲਾ ਹੀ ਤੁਹਾਡਾ ਤਖਤ ਹੈ। ਭਾਗਾਂ ਵਾਲਾ ਮਾਨ ਚੰਦ ਹੀ ਟੁਰਕੇ ਆਵੇ ਤਾਂ ਹੀ ਸੁਹਣਾਂ ਹੈ। ਵਾਹ ਵਾਹ ਖੁਦਾ ਦੇ ਰੰਗ।

ਤਸ਼ਲੀਮ ਕਰਕੇ ਉਹ ਭਲਾ ਪੁਰਖ ਚਲਾ ਗਿਆ, ਜਾ ਮਾਨ ਚੰਦ ਨੂੰ ਮਿਲਿਆ, ਆਖਣ ਲੱਗਾ, ਭਲੇ ਪੁਰਖ ਜੀਓ! ਬਾਹਰ ਪਿੰਡੋਂ ਫ਼ਕੀਰ ਬੈਠੇ ਹਨ, ਕੁਈ ਦੀਦ ਵਾਲੇ ਤੇ ਦੀਦਿਆਂ ਵਾਲੇ ਦਿੱਸਦੇ ਹਨ। ਇਕ ਤਾਂ ਦੇਖਦਿਆਂ ਹੀ ਠੰਡ ਪਾਉਂਦਾ ਹੈ, ਸਾਡੇ ਵਰਗੇ ਰੁੱਖੜਾਂ ਨੂੰ ਵੀ ਸੁਆਦ ਆਉਂਦਾ ਹੈ।

ਮਾਨ ਚੰਦ-ਫੇਰ ਤਸੀਂ ਵਾਰਤਾਲਾਪ ਕਰ ਆਏ ਹੋ?

ਪਠਾਣ ਜੀ-ਜੀ ਹਾਂ, ਇੰਨੀ ਹੀ ਬਾਤਚੀਤ ਹੋਈ ਹੈ ਕਿ ਤੁਹਾਨੂੰ ਮਿਲਣ ਆਏ ਹਨ! ਪਰ ਆਖਦੇ ਸਨ ਕਿ ਉਹ ਸਾਨੂੰ ਆਪੇ ਆ ਮਿਲੇਗਾ।

ਮਾਨ ਚੰਦ ਨੇ ਜਦ ਉਨ੍ਹਾਂ ਦੇ ਪਤੇ ਪੁੱਛੇ ਤਾਂ ਪਠਾਣ ਇਨ੍ਹਾਂ ਹੀ ਦੱਸ ਸਕਿਆ ਕਿ ਲਿਬਾਸ ਕੁਛ ਮੁਸਲਮਾਨੀ ਫਕੀਰ ਦਾ ਤੇ ਕੁਛ ਹਿੰਦੂ ਫਕੀਰ ਦਾ ਹੈ। ਨਾਮ ਪਤਾ ਨਹੀਂ, ਪਰ ਨੁਹਾਰ ਤੋਂ ਹਿੰਦੀ ਖਿਆਲ ਪੈਂਦੇ ਹਨ। ਤਾਂ ਮਾਨ ਚੰਦ ਕੁਛ ਵਿਚਾਰ ਕੀਤੀ ਤੇ ਬੋਲਿਆ:" ਖਾਨ ਜੀ! ਇਸ ਪ੍ਰਕਾਰ ਦੇ ਕੋਈ ਸਾਧੂ ਮੇਰੇ ਤਾਂ ਜਾਣੂ ਨਹੀਂ ਹਨ। "

ਪਠਾਣ-ਮਾਨ ਚੰਦ! ਨਾ ਸਹੀ ਸਿਆਣੂ! ਸਾਧੂ ਨੂੰ ਮਿਲਨੇ ਦਾ ਦੋਸ਼ ਤਾਂ ਨਹੀਂ ਹੈ, ਭਲਾ ਹੀ ਹੈ, ਭਲੇ ਦਾ ਦਰਸ਼ਨ ਕਿੱਥੇ? ਮੈਂ ਤਾਂ ਦਰਸ਼ਨ ਨਾਲ ਹੀ ਖੁਸ਼ ਹੋ ਕੇ ਆਇਆ ਹਾਂ।

ਤਦ ਮਾਨ ਚੰਦ ਉਠਿਆ, ਕੁਛ ਭੇਟਾ ਵਜੋਂ ਮੇਵਾ ਲਿਓਸੁ ਤੇ ਪਤਾ ਪੁਛ ਕੇ ਉਸ ਟਿਕਾਣੇ ਆਇਆ, ਅੱਗੇ ਧਰ ਕੇ ਮੱਥਾ ਟੇਕਿਓਸੁ ਤੇ ਸਾਹਮਣੇ ਬਹਿ ਕੇ ਲੱਗਾ ਤੱਕਣ। ਤੱਕ ਤੱਕ ਕੇ ਕਿ ਇਹੋ ਸਮਝੇ ਕਿ ਅੱਗੇ ਦੇ ਮਿਲੇ ਗਿਲੇ ਸਿਆਣੇ ਸਿਞਾਤੇ ਨਹੀਂ ਹੋਏ, ਪਰ ਫਿਰ ਬੀ ਓਪਰੇ ਨਾ ਭਾਸਣ। ਜੋ ਗਲ ਪਠਾਣ ਨੇ ਆਖੀ ਸੀ ਕਿ ਦਰਸ਼ਨ ਕਰਕੇ ਜੀਅ ਸੁਖੀ ਹੁੰਦਾ ਹੈ ਮਾਨ ਚੰਦ ਨੇ ਬੀ ਇਹੋ ਗਲ ਲੱਖੀ, ਪਰ ਉਸ ਦੇ ਮਨ ਪਰ ਉਹ ਹੈਰਾਨੀ ਵਧੇਰੇ ਛਾ ਰਹੀ ਸੀ ਕਿ ਜਿਸ ਨੂੰ ਮੈਂ ਨਹੀਂ ਜਾਣਦਾ ਉਹ ਮੈਨੂੰ ਕਿਵੇਂ ਸਿਆਣਦਾ ਹੈ? ਇਸ ਹਰਿਆਨੀ ਵਿਚ, ਪਰ ਫਿਰ ਦਰਸ਼ਨ ਸੁਹਣੇ ਲਗ ਰਹੇ ਦੇ ਭਾਵ ਵਿਚ ਬੈਠਾ ਸੀ ਕਿ ਗੁਰੂ ਜੀ ਨੇ ਪੁੱਛਿਆ: " ਮਾਨ ਚੰਦ! ਸਭ ਤਰ੍ਹਾਂ ਸੁਖ ਸਾਂਦ ਹੈ?"

ਮਾਨ ਚੰਦ-ਸ਼੍ਰੀ ਜੀਓ ਜੀ! ਸੁਖ ਸਾਂਦ ਇੰਞ ਪੁੱਛਦੇ ਹੋ ਜਿਵੇਂ ਅੱਗੇ ਦੇ ਸਿਆਣੂ ਪੁੱਛਦੇ ਹਨ? ਆਪ ਕਿਧਰੋਂ ਆਏ ਹੋ, ਕੀਹ ਵੇਸ ਹੈ ਤੇ ਮੇਰੇ ਗੋਚਰੀ ਸੇਵਾ ਕੋਈ?

ਗੁਰੂ ਜੀ-ਲੱਗੇ ਹੋਏ ਤੇ ਕੁਛ ਕਰ ਰਹੇ, ਸਾਂਈ ਦੇ ਰਾਹੇ ਟੁਰਨ ਵਾਲੇ ਕਿਸੇ ਤਾਰ ਪ੍ਰੋਤੇ ਹੁੰਦੇ ਹਨ, ਉਨ੍ਹਾਂ ਦੀ ਸਿਆਣ ਅਪਣੱਤ ਦੇ ਕਾਰਨ ਹੁੰਦੀ ਹੈ, ਦੇਸ਼ ਸਾਡਾ ਨਿਰੰਕਾਰ ਹੈ, ਕੰਮ ਤੁਸਾਂ ਨਾਲ ਹੀ ਹੈ, ਕੁਛ ਸੁਨੇਹਾ ਪੱਤਾ ਹੈ।

ਮਾਨ ਚੰਦ-ਮੈਂ ਵੇਸ ਵੇਖਕੇ ਅਸਚਰਜ ਹੋ ਰਿਹਾ ਹਾਂ ਹੁਣ ਗੱਲਾਂ ਸੁਣਕੇ ਅਸਚਰਜ ਹੋ ਰਿਹਾ ਹਾਂ।

ਗੁਰੂ ਜੀ-ਅਸਚਰਜ ਤਾਂ ਇਹ ਹੈ ਕਿ ਜਗਤ ਵਿਚ ਸਦਾ ਨਹੀਂ ਰਹਿਣਾ, ਫਿਰ ਜਗਤ ਦੇ ਸਾਮਾਨ

ਕੱਠੇ ਕਰਨ ਵਿਚ ਲਗ ਰਿਹਾ ਹੈ ਸਭ ਕੋਈ। ਸਗੋਂ ਝੂਠ ਛਲ ਭੀ ਕਰਕੇ ਜਗਤ ਲਗ ਰਿਹਾ ਹੈ ਇਸ ਵਿੱਚ, ਜਿਵੇਂ ਸਦਾ ਰਹਿਣਾ ਹੈ ਇਥੇ। ਫਿਰ ਇਹ ਅਸਚਰਜ ਸਾਨੂੰ ਲੱਗ ਰਿਹਾ ਹੈ ਕਿ ਜੋ ਰੰਗ ਸਦਾ ਰਹਿਣ ਵਾਲਾ ਹੈ ਉਸ ਦਾ ਫਿਕਰ ਨਹੀਂ ਕਿਸੇ ਨੂੰ।

ਮਾਨ ਚੰਦ-ਠੀਕ ਆਖਿਆ ਨੇ, ਪਰ ਸਦਾ ਰਹਿਣ ਵਾਲੇ ਦਾ ਥਹੁ ਨਹੀਂ ਨਾ ਪੈਂਦਾ, ਕਿਥੇ ਹੈ ਤੇ ਕਿਵੇਂ ਹੈ। ਮੈਂ ਤਾਂ ਬਹੁਤ ਜਤਨ ਕਰ ਕਰਾਕੇ ਇਥੇ ਟਿਕ ਰਿਹਾ ਹਾਂ ਕਿ ਭਲਿਆਈ ਕਰੀ ਚਲੋ, ਹੋਰ ਥਹੁ ਕੁਛ ਨਹੀਂ ਪੈਂਦਾ।

ਗੁਰੂ ਜੀ-ਇਸ ਕਰਕੇ ਤੇਰੇ ਦਿਨ ਚੰਗੇ ਲੰਘਦੇ ਹਨ, ਲੋਕੀਂ ਸਤਿਕਾਰ ਕਰਦੇ ਹਨ, ਪਰ ਕੋਈ ਹੋਰ ਦੌਲਤ ਬੀ ਹੈ ਜੋ ਤੂੰ ਕੱਠੀ ਕਰਨੀ ਹੈ।

ਮਾਨ ਚੰਦ (ਸਾਹ ਭਰਕੇ)-ਕੁਛ ਥਹੁ ਨਹੀਂ ਲਗਦਾ।

ਗੁਰੂ ਜੀ-ਰਾਤ ਨੀਂਦ ਵਿਚ ਮਰਨ ਤੁੱਲ ਹੋ ਜਾਈਦਾ ਹੈ, ਸਵੇਰੇ ਫਿਰ ਜੀਉ ਪਈਦਾ ਹੈ, ਦੱਸ ਥਹੁ ਕੀ ਪੈਂਦਾ ਹੈ?

ਮਾਨ ਚੰਦ-ਠੀਕ ਹੈ।

ਗੁਰੂ ਜੀ-ਥਹੁ ਕਿਸੇ ਸ਼ੈ ਦੇ ਰਚਣਹਾਰ ਨੂੰ ਪੈਂਦਾ ਹੈ, ਰਚੀ ਹੋਈ ਨੂੰ ਰਚਣਹਾਰ ਦਾ ਥਹੁ ਕਿਵੇਂ ਪਵੇ?

[1]ਜਿਸ ਦੀ ਇਹ ਰਚਨਾ ਹੈ, ਉਹ ਇਸ ਨੂੰ ਜਾਣਦਾ ਤੇ ਦੇਖਦਾ ਹੈ, ਅਸੀਂ ਰਚੇ ਹੋਏ ਜੀਵ ਕੀਹ ਆਖੀਏ, ਹੇ ਭਾਈ! ਉਹ ਜੋ ਵਾੜੀ ਲਗਾਵਣ ਹਾਰਾ ਹੈ ਉਹ ਆਪ ਜਾਣਦਾ ਹੈ। ਭਾਵ ਕਰਨਹਾਰ ਹੀ ਜਾਣਨਹਾਰ ਹੈ, 'ਕੀਤਾ ਹੋਇਆ' ਕਰਨਹਾਰ ਦਾ ਜਾਣਨਹਾਰ ਨਹੀਂ ਹੋ ਸਕਦਾ। ੧।

ਮਾਨ ਚੰਦ-ਪਤਾ ਨਹੀਂ ਲਗਦਾ ਕਿ ਮਨ ਨੂੰ ਕੀ ਸੁਭਾਵ ਪਿਆ ਹੋਇਆ ਹੈ ਕਿ ਜਾਣਨ ਦਾ ਬੜਾ ਸ਼ੁਕੀਨ ਹੈ, ਜਾਣੇ ਬਿਨਾਂ ਪਤੀਜਦਾ ਨਹੀਂ।

ਗੁਰੂ ਜੀ-ਇਸ ਸ਼ਰੀਰ ਨੇ ਦੁਨੀਆਂ ਵਿਚ ਆਪਣਾ ਪਾਲਣ ਪੋਖਣ ਨਿਰਬਾਹ ਕਰਨਾ ਹੋਇਆ। ਮਨ ਰਖਵਾਹੀ ਹੈ ਸਰੀਰ ਦਾ, ਉਹਦੇ ਵਿਚ ਜਾਣਨੇ ਦਾ ਸ਼ੌਕ ਕੁਦਰਤੀ ਬਾਤ ਹੈ, ਜਾਣੇ ਤਾਂ ਹੀ ਨਿਰਬਾਹ ਟੋਰੇ ਤੇ ਸੁਖ ਦੀ ਸਲਾਮਤੀ ਦੇ ਸਾਮਾਨ ਕਰੇ। ਵੱਸਣਾ ਆਪਣੇ ਆਲੇ ਦੁਆਲੇ ਵਿਚ, ਜਾਣਨਾ ਇਸ ਵੱਸਣ ਰੱਸਣ ਲਈ ਸੁਖਦਾਈ ਤੇ ਜ਼ਰੂਰੀ ਹੈ, ਪਰ ਮੁਸ਼ਕਲ ਤਾਂ ਇਹ ਹੈ ਕਿ ਜੋ ਸ਼ੈ ਕਦੇ ਸਾਹਮਣੇ ਦਿੱਸਣ ਦਾ ਰੂਪ ਨਹੀਂ ਲੈਂਦੀ, ਦ੍ਰਿਸ਼ਟਮਾਨ ਨਹੀਂ ਹੁੰਦੀ ਉਹ ਸਾਡੇ ਜਾਣਨ ਦਾ ਵਿਸ਼ਾ ਅਰਥਾਤ ਜਾਣਨ ਦਾ ਦ੍ਰਿਸ਼ਜ ਕਿਸ ਤਰ੍ਹਾਂ ਬਣੇ? ਮਨ ਤੇ ਬੁੱਧਿ ਹੋਏ ਦ੍ਰਿਸ਼ਟਮਾਨ ਨੂੰ ਜਾਣਨਹਾਰ, ਇਹ ਕੀਕੂੰ ਜਾਣਨ ਉਸਨੂੰ ਜੋ ਦ੍ਰਿਸ਼ਟਾ (ਦੇਖਣਹਾਰ) ਹੈ ਤੇ ਜੋ ਦ੍ਰਿਸ਼ਟਮਾਨ (ਦੀਸਣਹਾਰ) ਨਹੀਂ ਹੈ। ਜੋ ਦਿੱਸਦਾ ਹੈ ਉਹ ਹਦਬੰਦੀ ਵਾਲਾ, ਗਿਣਤੀ ਮਿਣਤੀ ਵਾਲਾ ਹੈ। ਜੋ ਅਮਿੱਤ ਹੈ, ਅਣਗਿਣਤ ਹੈ, ਉਹ ਮਿਤ ਵਾਲੇ ਮਨ ਦਾ ਦੀਸਣਹਾਰ ਕੀਕੂੰ ਬਣੇ? ਇਸ ਲਈ ਦ੍ਰਿਸ਼ਟਾ ਨੂੰ ਦ੍ਰਿਸ਼ਟਮਾਨ ਰੂਪ ਵਿਚ ਜਾਣਨ ਦੀ ਇੱਛਾ ਕਰਨੀ ਠੀਕ ਨਹੀਂ। ਹਾਂ, ਜੇ ਅਸੀਂ ਓਸ ਰਾਹੇ ਪਈਏ ਜੋ ਦ੍ਰਿਸ਼ਟਮਾਨ ਦੇ ਉਲਟ ਹੈ ਤਾਂ ਹੋਰ ਕੋਈ ਤ੍ਰੀਕਾ ਹੈ ਜਾਣਨ ਦਾ-ਪ੍ਰਤੀਤ ਕਰ ਲੈਣ ਦਾ। ਅਨਭਉ ਕਹੀਦਾ ਹੈ ਜਿਸ ਨੂੰ, ਉਹ ਜਾਗ ਪੈਂਦਾ ਹੈ, ਉਸ ਰਾਹੇ ਟੁਰਿਆਂ। ਹਾਂ ਇਕ ਹੋਰ ਬੁਧੀ ਜੰਮਦੀ ਹੈ, 'ਸੁਧ, ਸਿਧ' ਕਹਿ ਲਈਦਾ ਹੈ ਉਸਨੂੰ[1] ਉਸ ਨੂੰ ਸੋਝੀ ਹੋ ਆਉਂਦੀ ਹੈ, ਫਿਰ ਪਤੀਜਣ ਵਾਲੀ ਭੁਖ ਤ੍ਰਿਪਤਦੀ ਹੈ।

ਮਾਨ ਚੰਦ-ਫਿਰ ਭਰੋਸਾ ਧਾਰਕੇ ਟੁਰੇ? ਕੀਹ ਕਰੀਦਾ ਹੈ? ਨੇਕੀ ਕਰੀ ਚਲੇ ਕਿ ਕੁਛ ਹੋਰ ਬੀ?

ਗੁਰੂ ਜੀ-ਯਾ ਇਉਂ ਕਹੋ ਕਿ ਅਕਲ ਨਾਲ ਕਿ ਮਨ ਨਾਲ ਸੋਚ ਲਵੇ ਕਿ ਮਰਨਾ ਬਰਹੱਕ ਹੈ, ਫਿਰ ਚਾਰ ਦਿਨਾਂ ਦਾ ਜੀਵਨ ਹੈ। ਇਸ ਜੀਵਨ ਵਿਚ ਬਦੀ ਕਿਉਂ ਕਰੇ; ਪੀੜਾ ਆਪ ਨੂੰ ਬੁਰੀ ਲਗਦੀ ਹੈ, ਦੂਏ ਨੂੰ ਬੀ ਓਹੋ ਜੇਹੀ ਬੁਰੀ ਲਗਦੀ ਹੈ, ਤਾਂ ਤੇ ਪੀੜ ਕਾਸ ਨੂੰ ਦੇਵੇ, ਸੁਖ ਦੇਵੇ ਦੇ ਸਕੇ ਤਾਂ[2]।

ਮਾਨ ਚੰਦ-ਬੱਸ ਮੈਂ ਐਥੋਂ ਤਾਂਈ ਚਲਦਾ ਹਾਂ। ਅੱਗੋਂ?

ਗੁਰੂ ਜੀ-ਭਾਈ ਏਥੇ ਬੱਸ ਨਹੀਂ ਨਾ।

---

[1] ਇਥੋਂ ਅਰਥ ਭਾਵ ਚਲਿਆ ਹੈ ਉਸ ਸ਼ਬਦ ਦਾ ਜੋ ਇਸ ਪਰਥਾਇ ਹੋਇਆ ਸੀ। ਇਹ ਪਹਿਲੀ ਪਉੜੀ ਦਾ ਅਰਥ ਭਾਵ ਹੈ, ਸ਼ਬਦ ਅੱਗੇ ਹੈ।

[1] ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ {ਜਪੁਜੀ}
ਪੁਨਾ-ਬੁਧਿ ਬਦਲੀ ਸਿਧ ਪਾਈ।

[2] ਦੁਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ {ਗਉ: ਵਾਰ: ਮ:੫}

ਵਾਹਿਗੁਰੂ ਜੀ ਨੇ ਅਪਣੇ ਉੱਚੇ ਸੁਚੇ ਪਿਆਰਿਆਂ ਨੂੰ ਆਪਣਾ ਅਨਭਉ ਦਿੱਤਾ ਹੈ। ਉਹ ਦੱਸਦੇ ਹਨ ਕਿ ਜਗਤ ਦਾ ਮਾਲਕ 'ਹੈ' ਉਸ ਦੀ ਪ੍ਰੀਤ ਸੱਚੇ ਸੁਖਾਂ ਦਾ ਮੂਲ ਹੈ। ਦੁਨੀਆਂ ਦੀ ਪ੍ਰੀਤ ਵਿਚ ਦੁਨੀਆਂ ਦੇ ਵਿਛੋੜੇ ਵੇਲੇ ਪੀੜਾ ਹੈ, ਉਸ ਦੀ ਪ੍ਰੀਤਿ ਵਿਚ ਸਦਾ ਸੁਖ ਹੈ[1] ਕਿਉਂਕਿ ਉਹ ਸਦਾ ਜੁ ਰਹਿੰਦਾ ਹੋਇਆ[2]। ਉਸ ਦੀ ਪ੍ਰੀਤ ਵਾਲੇ ਸੂਖਮ ਸੁਖ ਦੇ ਮਾਣਨਹਾਰ ਹੋ ਚੁਕੇ ਹੋਣਗੇ। ਇਸ ਕਰਕੇ ਮਰਣ ਮਗਰੋਂ ਉਹ ਸੂਖਮ ਸੁਖਾਂ ਵਿਚ ਸੁਖ ਪਾਉਣਗੇ; ਪਰ ਦੁਨੀਆਂ ਦੀ ਪ੍ਰੀਤ ਵਾਲੇ ਸਰੀਰ ਬਿਨਸ ਜਾਣ ਕਰਕੇ ਤੇ ਸਰੀਰਕ ਭੋਗਾਂ ਦੇ ਮੁੱਕ ਜਾਣ ਕਰਕੇ ਆਪਣੇ ਵਿਚ ਸ਼ਰੀਰਕ ਭੋਗਾਂ ਦੀ ਇੱਛਾ ਵੇਖਕੇ ਦੁਖੀ ਹੋਣਗੇ, ਕਿਉਂਕਿ ਉਸ ਵੇਲੇ ਭੋਗਣ ਵਾਲਾ ਸਰੀਰ ਤਾਂ ਹੋਣਾ ਨਹੀਂ, ਪਰ ਭੋਗ ਦੀ ਭੁਖ ਅਤ੍ਰਿਪਤ ਰਹਿੰਦੀ ਹੈ। ਇਸ ਪ੍ਰਕਾਰ ਕੀਤੇ ਮਾੜੇ ਕੰਮਾਂ ਦੇ ਪਛੁਤਾਵੇ ਸਾੜਦੇ ਹਨ ਅਤੇ ਕਈ ਤਰ੍ਹਾਂ ਦੇ ਔਖ ਵਾਪਰਦੇ ਹਨ, ਸੋ ਅਸੀਂ ਤਾਂ ਜਗਤ ਦਾ ਰੁਖ 'ਸੰਸਾਰਕ ਸੁਖਾਂ ਵਿਚ ਅਤ੍ਰਿਪਤ ਤ੍ਰਿਸ਼ਨਾਂ ਵਾਲਾ ਮੋੜਨਾ ਹੈ ਤੇ ਸਦਾ ਸੁਖ ਵਲ ਪਾਉਣਾ ਹੈ। ਜੀਉਂਦੇ ਸੁਖੀਏ ਤੇ ਮਰਕੇ ਸੁਹੇਲੇ ਬਨਾਉਣਾ ਹੈ।

ਮੈਂ ਤਾਂ ਇਸ ਰੰਗ ਵਿਚ ਹਾਂ ਕਿ ਆਪ ਸਿਮਰਾਂਗਾ (ਪਿਆਰੇ ਨੂੰ, ਤੇ ਜਗਤ ਨੂੰ) ਸਿਮਰਾਂਵਾਂਗਾ (ਉਸਦਾ ਨਾਮ), ਜਿਸ ਨਾਲ ਸਦਾ ਸੁਖ (ਪ੍ਰਾਪਤ) ਹੋਵੇ ॥ ਰਹਾਉ[2] ॥ (ਕਿਉਂਕਿ ਜਿਸਨੇ ਸਰੀਰ ਦੇ ਹੁੰਦਿਆਂ ਨਿਰੰਕਾਰ ਰੂਪੀ) ਮਾਲਕ ਦਾ ਪਿਆਰ ਨਹੀਂ ਮਾਣਿਆਂ, (ਉਹ) ਪੱਛੋਤਾਉਂਦਾ ਹੈ, ਜਦੋਂ ਰਾਤ ਮੁੱਕ ਜਾਂਦੀ ਹੈ (ਤੇ ਦਿਨ ਚੜ੍ਹਦਾ ਹੈ ਤਾਂ ਉਹ) ਹੱਥ ਮਲਦਾ ਤੇ ਸਿਰ ਧੁਣਦਾ ਹੈ॥੨॥[3]

ਮਾਨ ਚੰਦ-ਇਤਨਾ ਕਿਉਂ ਪਛੁਤਾਵਾ?

ਗੁਰੂ ਜੀ-ਤਦੋਂ ਪਤਾ ਲਗਦਾ ਹੈ ਕਿ ਮਨੁੱਖਾ ਜਨਮ ਕੋਈ ਅਵਸਰ ਸੀ ਆਤਮ ਉੱਨਤੀ ਦਾ, ਉਹ ਹੱਥੋਂ ਚਲਾ ਗਿਆ ਹੈ ਤੇ ਹੁਣ ਫਿਰ ਜਨਮ ਛੇਤੀ ਦੀ ਖੇਡ ਨਹੀਂ। ਜਿਵੇਂ ਕੋਈ ਚੌਪੜ ਖੇਲਦਾ ਹੋਵੇ ਤਾਂ ਉਸ ਦੀ ਨਰਦ (ਪੁੱਗੇ ਬਿਨਾਂ ਹੀ ਅਪਣੇ) ਘਰੋਂ ਚੁੱਕ ਲਈ ਜਾਵੇ (ਤਾਂ ਪਛੁਤਾਵਾ ਹੁੰਦਾ ਹੈ, ਉਸ ਤਰ੍ਹਾਂ ਜੀਉਂਦੇ ਜ਼ੀ ਪਰਮੇਸ਼੍ਰਰ ਜੀ ਨੂੰ) ਨਾ ਮਿਲਣ ਦਾ (ਜੋ ਅਵਸਰ ਐਵੇਂ ਚਲਾ ਗਿਆ ਉਸ ਦਾ) ਪਛੁਤਾਵਾ ਹੀ ਰਹਿ ਜਾਂਦਾ ਹੈ, (ਕਿਉਂਕਿ ਮਰਕੇ ਸਾਫ ਦਿੱਸ ਪੈਂਦਾ ਹੈ ਕਿ ਜਦੋਂ ਫੇਰ) ਵਾਰੀ (ਮਨੁੱਖ ਜਨਮ ਦੀ ਆਵੇਗੀ ਤਦੋਂ) ਪਿਆਰੇ ਨਾਲ ਪਿਆਰ ਕਰਨ ਦਾ (ਅਵਸਰ) ਫਿਰ ਮਿਲੇਗਾ[1]॥੩॥

ਮਾਨ ਚੰਦ (ਠੰਢਾ ਸਾਹ ਲੈਕੇ)-ਸਾਨੂੰ ਆਪ ਨੂੰ ਦਿੱਸੇ ਭਲੀਵੇ ਨਾ ਤੇ ਫਲ ਇੰਨਾ ਲੰਮਾ ਤੇ ਭੈ ਦਾਇਕ ਹੋਵੇ; ਫੇਰ ਕਰੇ ਕੀਹ ਜੀਵ ਵਿਚਾਰਾ ?

ਗੁਰੂ ਜੀ-ਰਾਹ ਤਾਂ ਸੌਖਾ ਹੈ, ਜੇਕਰ ਮਨ ਮਾਇਆ ਦੇ ਮਦ ਤੇ ਐਸ਼੍ਵਰਜ ਦੇ ਮਾਨ ਵਿਚ ਬੇਸੁਧ ਨਾ ਹੋਵੇ ਤਾਂ। ਵੀਚਾਰ ਕਰੋ ਕਿ ਕੀਹ ਕੋਈ ਕੰਤ (ਪਰਮੇਸ਼ੁਰ) ਦੇ ਪਿਆਰੇ ਹਨ ਜੋ ਮੈਥੋਂ (ਲਿਵ ਕਿ ਸਿਮਰਨ, ਸਿਦਕ ਪ੍ਰੇਮ ਆਦਿ) ਗੁਣਾਂ ਵਿਚ ਵਧੇਰੇ ਹਨ, (ਉਹ ਗੁਣ ਉਹਨਾਂ ਵਿਚ ਹਨ ਕਿ ਜੋ) ਮੇਰੇ ਵਿਚ ਨਹੀਂ ਆਏ ਹੋਏ, (ਤਾਂ ਫਿਰ ਸੋਚ ਲੈ, ਸਮਝ ਆ ਜਾਵੇਗੀ ਕਿ ਮੈਂ) ਕਿਸੇ ਪਰ ਕੀਹ ਦੋਸ਼ ਲਾਵਾਂ (ਮੇਰਾ ਆਪਣਾ ਆਪ ਹੀ ਗੁਣ ਹੀਨ ਹੈ ਤਾਂਤੇ ਦੋਸ਼ੀ ਮੈਂ ਹੀ ਹਾਂ)[2]॥੪॥

ਮਾਨ ਚੰਦ (ਲੰਮਾ ਸਾਹ ਭਰਕੇ)-ਫਿਰ ਜੀ ਰਾਹ ਏਥੋਂ ਫਿਰ ਨਾ ਲੱਭਾ। ਹਾਵਾ ਹੀ ਪੱਲੇ ਰਹਿ ਗਿਆ ਨਾ।

ਗੁਰੂ ਜੀ-ਹਾਵੇ ਵਿਚ ਕਿਉਂ ਜਾਵੇ, ਜਗਜਾਸੂ ਸਦਾ ਸਾਵਧਾਨ ਲੋੜੀਏ। ਸਾਵਧਾਨ ਰਿਹਾਂ ਵੀਚਾਰ ਫੁਰਦੀ ਹੈ ਤੇ ਦੂਰ ਤਕ ਰਸਤਾ ਦਿਖਾਲਦੀ ਹੈ।

ਮਾਨ ਚੰਦ-ਭਲਾ ਜੀ ਇਥੋਂ ਹੁਣ ਵੀਚਾਰ ਕੀਹ ਰਾਹ ਕੱਢੇਗੀ, ਸਿਵਾ ਸਿਰ ਧੁਣਨ ਦੇ?

ਗੁਰੂ ਜੀ-ਵਿਚਾਰ ਕਹੇਗੀ ਕਿ) ਜਿਨ੍ਹਾਂ ਸਖੀਆਂ ਨੇ (ਵਾਹਿਗੁਰੂ ਰੂਪ) ਪਤੀ ਨਾਲ ਮਿਲਾਪ ਪਾ ਲਿਆ ਹੈ (ਉਨ੍ਹਾਂ ਨੂੰ ) ਚੱਲਕੇ ਪੁੱਛਾਂ, ਪੈਰੀ ਪਵਾਂ, ਬੇਨਤੀਆਂ ਕਰਾਂ; ਜਿਸ ਕਿਸੇ ਤਰ੍ਹਾਂ ਹੋ ਸਕੇ ਪਤੀ ਪ੍ਰਾਪਤੀ ਦਾ ਰਾਹ ਉਹਨਾਂ ਕੋਲੋਂ ਪੁੱਛ ਲਵਾਂ[3]॥੫॥

---

[1] ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ॥ [2] ਨਾ ਓਹੁ ਮਰੈ ਨ ਹੋਵੈ ਸੋਗੁ [2] ਇਹ ਰਹਾਉ ਦੀ ਤੁਕ ਦਾ ਅਰਥ ਭਾਵ ਹੈ।
[3] ਦੂਜੀ ਪਉੜੀ ਦਾ ਅਰਥ ਭਾਵ ਹੈ। ਰਾਤ ਤੋਂ ਭਾਵ ਸਰੀਰਕ ਉਮਰਾ ਹੈ ਤੇ ਦਿਨ ਤੋਂ ਭਾਵ ਸਰੀਰ ਤੇ ਰੂਹ ਦਾ ਵਿਯੋਗ ਹੋਕੇ ਜੋ ਹਾਲਤ ਆਉਂਦੀ ਹੈ।

[1] ਪਉੜੀ ਤੀਜੀ ਦਾ ਅਰਥ ਭਾਵ ਹੈ।
[2] ਪਉੜੀ ਚਉਥੀ ਦਾ ਅਰਥ ਭਾਵ ਹੈ।
[3] ਪਉੜੀ ਪੰਜਵੀਂ ਦਾ ਅਰਥ ਭਾਵ ਹੈ।


www.sikhbookclub.com

ਮਾਨ ਚੰਦ {ਹੱਸ ਕੇ}-ਫੇਰ ਦਾਤਾ ਜੀਓ!ਸੁਹਣੇ ਲਗਨੇ ਪਏ ਹੋ ਤੇ ਮਨ ਹੌਲਾ ਹੌਲਾ ਹੁੰਦਾ ਜਾਂਦਾ ਹੈ, ਦੱਸੋ ਨਾ ; ਮੈਂ ਹੁਣ ਹੋਰ ਸੁਹਾਗਣਾਂ ਪਰਮੇਸਰ ਪ੍ਰੀਤਮ ਦੀਆਂ ਕਿਥੋਂ ਟੋਲਣ ਜਾਵਾਂ? ਸਨਮੁਖ ਬੈਠੇ ਹੋ, ਮੈਂ ਮਿੰਨਤ ਜੋਦੜੀ ਕਰਕੇ, ਆਪ ਦੇ ਚਰਨਾਂ ਦੀ ਧੂੜ ਹੋਕੇ ਮਾਰਗ ਪੁਛਦਾ ਹਾਂ, ਰਾਹੇ ਪਾ ਦਿਓ ਇਸ ਅਟਕੇ ਖਲੇ ਨੂੰ।

ਗੁਰੂ ਜੀ-ਭਾਈ ! ਅਸੀਂ ਤਾਂ ਹੁਕਮ ਵਿਚ ਵਰਤ ਰਹੇ ਹਾਂ, ਆਪੂੰ ਤਾਂ ਹਾਂ ਨਹੀਂ। ਹੁਕਮ ਦੇ ਬੱਧੇ ਤੈਨੂੰ ਅਟਕੇ ਖਲੇ ਨੂੰ ਅਗੇਰੇ ਟੋਰਨ ਆਏ ਹਾਂ, ਤੈਨੂੰ ਦੱਸ ਚੁਕੇ ਹਾਂ ਕਿ 'ਜਪਨਾ ਤੇ ਜਪਾਉਣਾ' ਪਿਆਰੇ ਦੇ ਨਾਮ ਦਾ ਇਹ ਸਾਡਾ ਕਿੱਤਾ ਹੈ, ਇਸ ਨਾਲ ਹਰ ਕਰਨ ਵਾਲੇ ਨੂੰ ਸਦਾ ਸੁਖ ਪ੍ਰਾਪਤ ਹੁੰਦਾ ਹੈ।[1]

ਮਾਨ ਚੰਦ-ਕੋਈ ਹੋਰ ਹਾਰ ਸ਼ਿੰਗਾਰ ਪਿਆਰੇ ਆਪਣੇ ਦੇ ਰੀਝਾਵਣ ਦਾ ?

ਗੁਰੂ-ਗੁਣਾ[2] ਦੇ ਕਾਮਣ (ਜਾਦੂ) ਜਗਜਾਸੂ ਰੂਪ ਇਸਤ੍ਰੀ ਪਾਵੇ ਤਦ ਪਿਆਰੇ ਨੂੰ (ਸਿਮਰਣ ਦੁਆਰਾ) ਪਾ ਲਵੇਗੀ। (ਮੁੱਖ ਗੁਣ ਦੋ ਹਨ : ੧ ਉਸ ਪਿਆਰੇ ਦੇ) ਹੁਕਮ ਨੂੰ ਪਛਾਣੇ (ਅਤੇ ਹੁਕਮ ਪਛਾਣ ਕੇ ੨. ਉਸਦੇ) ਨਿਰਮਲ ਭੈ ਨੂੰ ਚੰਦਨ ਸਮਝ ਕੇ (ਸ਼ਿੰਗਾਰ ਵਾਂਗੂ) ਲਾਵੇ[3]॥੬॥

ਮਾਨ ਚੰਦ-ਕਿਵੇਂ ?

ਗੁਰੂ ਜੀ-ਅੰਤਰ ਆਤਮੇ ਵਾਹਿਗੁਰੂ ਜੀ ਨੂੰ ਆਪਣੇ ਤੇ ਪਿਆਰ ਲਈ ਰਿਝਾਵਨ ਦਾ ਮਨਸ਼ਾ ਧਾਰਕੇ ਉਸ ਦੇ ਸਿਮਰਨ ਵਿਚ ਰਹੇ ਤੇ ਜੋ ਵਰਤੇ ਉਸਨੂੰ ਹੁਕਮ ਪਛਾਣੇ ਉਸਦਾ ਤੇ ਉਸ ਦੇ ਭੈ ਵਿਚ ਆਪਣੇ ਕੰਮ ਆਪਣੇ ਅਮਲ ਰੱਖੇ ਸਾਰ ਤ੍ਰੈ ਗੱਲਾਂ ਹਨ, ਨਾਮ ਜਪੇ ਜੋ ਲਿਵ ਲੱਗੀ ਰਹੇ, ਤਦ ਅੱਪੜ ਪਵੇ। ਜੋ ਸੰਸਾਰ ਵਿਚੋਂ ਉਦਾਲਿਓਂ ਗਲ ਯਾ ਹੋਣ ਹਾਰ ਆ ਵਰਤੇ ਉਸਨੂੰ ਹੁਕਮ ਪਛਾਣੇ-ਜੋ ਕਰਮ-ਕਰੇ ਸੋ ਉਸ ਦੇ ਭੈ ਵਿਚ ਕਰੇ, ਇਸ ਤਰ੍ਹਾਂ ਇਨ੍ਹਾਂ ਗੁਣਾਂ ਦੇ ਧਾਰਨ ਨਾਲ ਪਿਆਰਾ ਮਿਲਦਾ ਹੈ।

[1] "ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥"ਇਹ ਰਹਾਉ ਦੀ ਤੁਕ ਦਾ ਅਰਥ ਭਾਵ ਫਿਰ ਆਯਾ ਹੈ।

[2] ਵਿਣੁ ਗੁਣ ਕੀਤੇ ਭਗਤਿ ਨ ਹੋਇ॥

[3] ਪਉੜੀ ੬ ਦਾ ਅਰਥ ਭਾਵ ਹੈ

ਮਾਨ ਚੰਦ-ਸਾਹਿਬ ਜੀਓ ! ਮੈਂ ਵੇਦਾਂਤ ਕਦੇ ਕੁਛ ਸੁਣਿਆ ਸੀ ਤਦ ਖਿਆਲ ਪਿਆ ਸੀ ਕਿ ਮੇਲਾ ਕਾਹਦਾ, ਮਿਲੇ ਹੀ ਪਏ ਹਾਂ, ਅਸੀਂ ਉਹ ਹਾਂ ਤੇ ਉਹ ਅਸੀਂ ਹਾਂ ! ਮੈਂ ਮਨ ਵਿਚ ਤਾਣ ਲਾਇਆ ਤੇ ਸੰਕਲਪ ਬੱਧੇ ਕਿ ਮੈਂ ਉਹ ਹਾਂ, ਪਰ ਮੈਂ ਜੋ ਸਾਂ ਮਾਨਚੰਦ, ਓਹੋ ਹੀ ਰਿਹਾ, ਕਦੇ ਕਦੇ ਕੋਈ ਬੁੱਲਾ ਚੜ੍ਹੇ ਉਹ ਮੈਨੂੰ ਮਗਰੋਂ ਆਪਣਾ ਹੀ ਹੰਕਾਰ ਜਾਪੇ, ਇਹ ਭੁਲੇਵਾ ਸੀ ਕਿ ਕੀਹ ਸੀ?

ਗੁਰੂ ਜੀ-ਹੇ (ਭਾਈ !) ਗੱਲਾਂ ਨਾਲ (ਸਾਂਈਂ ਦਾ) ਮੇਲ ਨਹੀਂ ਹੁੰਦਾ ਭਾਵੇਂ ਕਿੰਨਾਂ ਪਾਵੇ ਲੋਚੀਏ ਜੋ (ਆਪਣੇ) ਦਿਲ ਨੂੰ (ਹਰ ਵੇਲੇ ਮੇਲ ਵਿਚ ਰੱਖ ਕੇ) ਮਿਲਿਆ ਹੈ, ਉਸ ਨੂੰ ਮਿਲ ਰਿਹਾ ਕਹੀਦਾ ਹੈ॥੭॥[1]

ਭਾਈ ਮਾਨ ਚੰਦ ! ਸੁਣ, ਜੋ ਸ਼ੈ ਸਾਡੇ ਮਨ ਵਿਚੋਂ ਚਿਤ ਵਿਚ ਨਹੀਂ ਜਾਕੇ ਰਚ ਗਈ: ਉਹ ਸਾਨੂੰ ਪ੍ਰਾਪਤ ਕਾਹਦੀ। ਸਰੀਆਂ ਵਿਦਿਆ, ਸਾਰੇ ਇਲਮ ਅੰਦਰ ਇਕੁਰ ਹੀ ਜਾਕੇ ਰਚਦੇ ਹਨ। ਇਨਸਾਨ ਦੀ ਪ੍ਰਾਪਤੀ ਇਹ ਹੈ ਕਿ ਜੋ ਸ਼ੈ ਸਿਮ੍ਰਤੀ ਵਿਚ, ਚੇਤੇ ਵਿਚ, ਯਾਦਗੀਰੀ ਵਿਚ ਉਸ ਦੀਆਂ ਹੇਠਲੀਆਂ ਤੈਹਾਂ ਵਿਚ ਸਿੰਜਰ ਗਈ ਉਹ ਉਸਦੀ ਆਪਣੀ ਸ਼ੈ ਬਣ ਗਈ ਹੈ, ਤਿਵੇਂ ਗੱਲਾਂ ਨਾਲ ਕਿਸੇ ਸ਼ਾਸਤ੍ਰ ਦਾ, ਕਿਸੇ ਮੱਤ ਦਾ ਸਿਧਾਂਤ ਸੁਣ ਕਥ ਲਿਆ; ਉਹ ਘੜੀ ਲੰਘ ਗਈ, ਸਾਡੇ ਪਾਸ ਕੀਹ ਰਿਹਾ ? ਮਨ ਉਹੋ ਹੋ ਗਿਆ, ਫੇਰ ਜੋ ਉਸ ਵਿਚ ਸਿੰਜਰ ਰਿਹਾ ਸੀ ਪਹਿਲੋਂ ਦਾ। ਜੇ ਤੁਸੀਂ ਆਪਣੇ ਅੰਦਰ ਬ੍ਰਿਤੀ ਵਿਚ, ਸਿੰਮ੍ਰਤੀ ਵਿਚ, ਯਾਦ ਵਿਚ 'ਵਾਹਿਗੁਰੂ ਹੈ, ' ਦਾ ਭਾਵ ਵਸਾਓ ਤੇ ਉਹ ਸਿੰਜਰ ਜਾਏ ਚਿੱਤ ਵਿਚ[2] ਤਾਂ ਤੁਹਾਡਾ ਦਿਲ ਰਹੇ ਨਾ ਹਰ ਵੇਲੇ ਵਾਹਿਗੁਰੂ ਨਾਲ ਮਿਲਿਆ, ਕਿਉਂਕਿ ਉਸ ਨੂੰ ਭੁੱਲ ਜਾਣਾ ਹੀ ਤਾਂ ਪਰਦਾ ਸੀ, ਵਿੱਥ ਸੀ। ਜਦੋਂ ਦਿਲ ਭੁੱਲ ਦੂਰ ਕਰਕੇ ਯਾਦ ਵਿਚ ਆ ਗਿਆ ਤੇ ਯਾਦ ਹੋ ਗਈ ਨਿਰੰਤਰ, ਲਗਾਤਾਰ ਤਾਂ ਫੇਰ 'ਮਿਲਿਆ' ਕਹਿਣਾ ਬਣਦਾ ਹੈ। ਇਸ ਕਰਕੇ ਸਿਮਰਨ ਹੀ ਰਸਤਾ ਹੈ ਮੇਲ ਦਾ।

ਮਾਨ ਚੰਦ-ਸਿਮਰਨ ਦੁਆਰਾ ਜੇ ਪਰਮਾਤਾਮਾ ਬ੍ਰਿਤੀ ਵਿਚ ਕਿ ਚਿਤ ਵਿਚ, ਮਤਲਬ ਅੰਦਰ ਵੱਸ

[1] ਪਉੜੀ ੭ ਦਾ ਭਾਵ ਹੈ।

[2] ਹਰਿ ਸਿੰਚੇ ਸੁਧਾ ਸੰਜੋਗ॥ {ਜੈਤਸਰੀ ਮ:੫}

ਗਿਆ, ਫਿਰ ?

ਗੁਰੂ ਜੀ-ਫਿਰ ਕਾਰਜ ਹੋ ਗਿਆ। ਮੇਲ ਹੋ ਗਿਆ, ਕਿਉਂਕਿ ਵਾਹਿਗੁਰੂ ਆਤਮਾ ਹੈ ਰੂਹ ਹੈ ਤੇ ਅਸੀਂ ਹਾਂ ਤਾਂ ਸਰੀਰ, ਪਰ ਸਰੀਰ ਵਿਚ ਸਾਡਾ ਆਪਾ ਜੋ ਹੈ ਸੋ ਆਤਮਾ ਹੈ, ਰੂਹ ਹੈ। ਜਦ ਅਸਾਂ ਆਪਣੀ ਰੂਹ ਨੂੰ ਉਸ ਪਰਮ ਰੂਹ ਵਿਚ ਲਾਈ ਰਖਿਆ ਤਾਂ ਲਿਵ ਧਾਰਨ ਵਾਲਾ ਲਿਵ ਦੇ ਨਿਸ਼ਾਨੇ ਵਿਚ ਮਿਲਿਆ ਰੂਹ ਰੂਹ ਨੂੰ ਜਾ ਮਿਲੇ।

ਮਾਨ ਚੰਦ-ਜ਼ਰਾ ਫੇਰ ਫੇਰ ਫੁਰਮਾਉਣਾ ਨਾ।

ਗੁਰੂ ਜੀ-ਰੂਹ (ਆਤਮਾ ਸਜਾਤੀ ਹੋਣ ਕਰ ਕੇ ਪਰਮ ਆਤਮਾ) ਰੂਹ ਨੂੰ ਮਿਲੇਗੀ। ਲਿਵ ਲਾਉਣ ਵਾਲਾ (ਅੰਦਰਲਾ) ਲਿਵੈ, ਜਿਸ ਵਿਚ ਲਿਵ ਲਾਈ ਹੈ, ਉਸ ਵੱਲ ਨੂੰ ਨੱਸ ਕੇ ਜਾਵੇਗਾ (ਪ੍ਰਾਪਤ ਹੋਵੇਗਾ), {ਇਹ}ਜਾਣਨਾ ਗੁਰੂ ਦੀ ਮਿਹਰ ਨਾਲ ਹੁੰਦਾ ਹੈ, (ਅਰ ਇਹ ਜਾਨਣਾਂ ਮਨੋ ਗਿਆਨ ਨਹੀਂ) ਇਹ ਅਸਲ ਅਨਭਉ ਹੈ ॥੮॥[1]

ਮਾਨ ਚੰਦ-ਕਿਉਂ?

ਗੁਰੂ ਜੀ-ਸਜਾਤੀ ਸਜਾਤੀ ਨਾਲ ਮੇਲ ਹੁੰਦਾ ਹੈ, ਇਸ ਨਿਯਮ ਨਾਲ।

ਮਾਨ ਚੰਦ-ਠੀਕ ਹੈ। (ਰਤਾ ਸੋਚ ਕੇ) ਜੀਓ ਇਹ ਅਨੁਭਵ ਕੀ ਹੋਇਆ ?

ਗੁਰੂ ਜੀ-ਭਾਈ !ਜੋ ਤੈਨੂੰ ਪਹਿਲੋਂ ਦੱਸ ਚੁੱਕੇ ਹਾਂ ਕਿ ਭੁੱਲ ਸੰਸਾਰ ਕਰ ਰਿਹਾ ਹੈ, ਮਨ ਬੁੱਧੀ ਦੇ ਗਿਆਨ ਦਾ ਵਿਸ਼ਾ ਲੋਕੀਂ ਨਿਰੰਕਾਰ ਨੂੰ ਬਣਾਇਆ ਚਾਹੁੰਦੇ ਹਨ, ਉਹ ਨਿਰੰਕਾਰ ਇਨ੍ਹਾਂ ਦਾ ਵਿਸ਼ਾ ਨਹੀਂ ਹੈ। ਜਦੋਂ ਨਾਮ ਸਿਮਰਨ ਨਾਲ ਅੰਦਰ ਅੱਠ ਪਹਰ ਲਿਵ ਲੱਗ ਜਾਂਦੀ ਹੈ, ਤਾਂ ਬੁਧੀ ਤੋਂ ਉਪਰ ਇਕ ਹੋਰ 'ਸੁਧਿ' ਪੈਦਾ ਹੁੰਦੀ ਹੈ ਉਹ ਦਿੱਸਣ ਵਾਲੇ ਤੋਂ ਉੱਚੀ ਹੋਕੇ ਨਾ ਦਿੱਸਣ ਵਾਲੇ ਹਾਂ, ਨਾ ਜਾਣੇ ਜਾਣ ਵਾਲੇ (ਦ੍ਰਿਸ਼ਟਾ) ਨੂੰ ਲਖਦੀ ਹੈ, ਪ੍ਰਤੀਤ ਕਰਦੀ ਹੈ, ਉਸਦੀ ਇਸ ਲੱਖਤਾ ਨੂੰ ਅਨਭਉ ਆਖੀਦਾ ਹੈ। ਇਸ ਦਿੱਸਦੇ ਜਗਤ ਦੇ ਦੇਖਣਹਾਰ (ਦ੍ਰਿਸ਼ਟਾ ਦਾ ਭਾਵ ਸਾਡੇ ਅੰਦਰਲੇ ਦਾ) ਅਪਣੇ ਦੇਖਣਹਾਰ (ਪਰਮ ਦ੍ਰਿਸ਼ਟਾ-ਵਾਹਿਗੁਰੂ) ਨੂੰ ਅੰਤਰ ਆਤਮੇ ਲਖ ਲੈਣਾਂ ਇਹ ਹੈ ਅਨਭਉ।

ਮਾਨ ਚੰਦ-ਹੁਣ ਸੋਝੀ ਆਈ। ਅਸੀਂ ਚਾਹੁੰਦੇ ਹਾਂ ਕਿ ਹੁਣੇ ਇਸ ਮਨ ਨਾਲ ਨਿਰੰਕਾਰ ਨੂੰ ਜਾਣ ਲਈਏ ਨੈਣਾਂ ਨਾਲ ਕਿ ਮਨ ਨਾਲ ਤੱਕ ਲਈਏ ਤੇ ਅਸਲ ਗਲ ਇਹ ਹੈ ਕਿ ਹੁਣ ਜਪੀਏ, ਲਿਵ ਲਾਈ ਰੱਖੀਏ ਤਾਂ ਇਕ ਹੋਰ ਅਕਲ-ਕੋਈ ਹੋਰ ਬੁਧਿ ਜਿਸਨੂੰ ਅਨੁਭਉ ਆਖਦੇ ਹੋ, ਉਹ ਲਖੇਗੀ ਨਿਰੰਕਾਰ ਨੂੰ ਨਿਰੰਕਾਰ ਨਾਲ ਮੇਲ ਖਾਕੇ। (ਕੰਬਕੇ) ਦੇਖੋ ਜੀ, ਅਸੀਂ ਕਿੰਨੇ ਮੂਰਖ ਹਾਂ, ਮਨ ਨੂੰ ਮਨ ਵਿਚ ਲੈ ਕਰਕੇ ਲਖੇ ਜਾਣ ਵਾਲੇ ਨਿਰੰਕਾਰ ਨੂੰ ਮੂਲੀਆਂ ਗਾਜਰਾਂ ਦੇ ਦਿੱਸਣ ਵਾਂਗੂੰ ਆਪਣੇ ਇੰਦ੍ਰਿਆਂ ਦਾ ਵਿਸ਼ਾ ਬਣਾ ਕੇ ਦੇਖਿਆ ਚਾਹੁੰਦੇ ਹਾਂ। ਹਾਂ ਸ਼ੋਕ ਸਾਡੀ ਅਕਲ ਤੇ।

ਗੁਰੂ ਜੀ-ਮਾਨ ਚੰਦ !ਭਾਵੇਂ ਘਰ ਵਿਚ ਹੋਵੇ ਪਾਨਾਂ ਦੀ ਵਾੜੀ ਲੱਗੀ ਹੋਈ, ਪਰ ਖੋਤਾ ਉਸ ਦੀ ਸਾਰ ਨਹੀਂ ਜਾਣਦਾ, (ਇਸੇ ਤਰ੍ਹਾਂ ਜੋ) ਸੁਗੰਧੀ ਦਾ ਰਸਿਕ ਹੋਵੇ ਉਹੋ ਫੁਲਾਂ ਦੀ ਪਛਾਣ ਕਰ ਸਕਦਾ ਹੈ॥੯॥[1]

ਮਾਨ ਚੰਦ-ਹਾਂ ਜੀ ਠੀਕ ਹੈ, ਜੋ ਗੁਣ ਪਾਨ ਦੇ ਵੈਦ ਨੂੰ ਪਤਾ ਹਨ, ਉਹ ਆਮ ਆਦਮੀਆਂ ਨੂੰ ਪਤਾ ਨਹੀਂ ਤੇ ਖੋਤੇ ਨੂੰ ਘਾਹ ਤੇ ਪਾਨਾਂ ਵਿਚ ਕੀਹ ਤਮੀਜ਼ ਹੋ ਸਕਦੀ ਹੈ। ਸਾਡੀ ਅਕਲ ਆਪ ਨੇ ਦੱਸੀ ਹੈ ਕਿ ਦੀਸਣਹਾਰ ਤਕ ਜਾਂਦੀ ਹੈ ਤੇ ਉਹ ਮਾਲਕ ਹੋਇਆ ਉਸ ਤੋਂ ਅੱਗੇ, ਤੇ ਉਲਟੇ ਪਾਸੇ-ਦੇਖਣਹਾਰ ਪਾਸੇ ਵੱਲ! ਆਪ ਦੀ ਇਹ ਗੱਲ ਮੇਰੇ ਬੜੀ ਦਿਲ ਲਗੀ ਹੈ ਕਿ ਪਹਿਲੇ ਸਾਨੂੰ ਉਸ ਫਾਇਲੀ ਦ੍ਰਿਸ਼ਟਾ ਪਾਸੇ ਦੀ ਤਮੀਜ਼ ਪੈਦਾ ਹੋਵੇ ਤਾਂ ਸੋਝੀ ਪਵੇ ਨਾ, ਤਾਂ ਉਸ ਨੂੰ ਲਖੀਏ। ਠੀਕ ਜੀਓ?

ਗੁਰੂ ਜੀ-ਤੂੰ ਸਮਝਿਆ ਹੈ ਖੇਲ ਇਹ ਹੈ ਕਿ ਪਹਿਲੇ ਅੰਮ੍ਰਿਤ ਪੀਵੇ ( ਤਦ ਬੁਧੀ ਨੂੰ ਜੋ ਭਰਮ ) ਸੰਸੇ ਸ਼ੱਕ ਉਠਦੇ ਰਹਿੰਦੇ ਹਨ, ਉਹ ਭਰਮ (ਹੋ) ਭਾਸਦੇ ਹਨ ਤੇ ਸਮਾ ਜਾਂਦੇ ਹਨ (ਆਪੇ)। (ਭ੍ਰਮ ਜੋ ਸਾਨੂੰ ਭਟਕਾਉਂਦਾ ਸੀ ਤੇ ਉਸ ਵੇਲੇ ਅਕਲਮੰਦੀ ਭਾਸਦਾ ਸੀ, ਉਹ ਆਪੇ ਸਾਨੂੰ ਭਾਸਣ ਲੱਗ ਜਾਂਦਾ ਹੈ ਕਿ ਭ੍ਰਮ ਸੀ ਆਪ) ਫੇਰ ਸੁਖੱਲਿਆਂ ਹੀ (ਆਪ ਉਸ) ਨਿਰੰਕਾਰ ਵਿਚ ਮਿਲਿਆ ਹੋਇਆ

[1] ਪਉੜੀ ੮ ਦਾ ਅਰਥ ਭਾਵ ਹੈ।

[1] ਪਉੜੀ ੯ ਦਾ ਅਰਥ ਭਾਵ ਹੈ।

ਰਹਿਣ ਲਗ ਜਾਂਦਾ ਹੈ, (ਤੇ ਚੋਲਾ ਛੋੜ ਕੇ) ਅਮਰ ਪਦਵੀ ਨੂੰ ਪਰਾਪਤ ਹੁੰਦਾ ਹੈ॥੧੦॥[੧]

ਮਾਨ ਚੰਦ-ਹੁਣ ਹੇ ਦਾਤਾ! ਮਿਹਰ ਕਰੋ, ਜੋ ਇਸ ਸਾਰੀ ਖੇਡਦਾ ਦਾ ਮੁੱਢ ਮੰਨ ਲਵਾਂ ਤੇ ਜਿਸਨੇ ਅੰਤ ਪ੍ਰਯੰਤ ਨਿਭਣਾ ਹੈ-ਨਾਮ ਸਿਮਰਨ-ਉਹ ਦਾਤ ਬਖਸ਼ੋ ਜੋ ਐਉਂ ਟੁਰੇ ਕਿ ਕਦੇ ਨਾ ਵਿਸਰੇ।

ਸਤਿਗੁਰੂ ਜੀ ਉਸ ਵੇਲੇ ਕਿਸੇ ਅਚਰਜ ਰੰਗ ਵਿਚ ਵਿਸਮ ਰਹੇ ਸਨ, ਮਾਨ ਚੰਦ ਦੀ ਬਿਨੈ, ਜੋ ਅੰਦਰੋਂ ਪੁੜਕੇ ਨਿਕਲੀ ਸੀ, ਸੁਣ ਕੇ ਕਿਸੇ ਉਛਾਲੇ ਵਿਚ ਆਏ, ਆਪਣੇ ਹੱਥ ਦਾ ਡੰਡਾ ਅੱਗੇ ਕਰਕੇ ਕਹਿਣ ਲਗੇ, ਲੈ ਮਾਨ ਚੰਦ! ਵਿਸਿਮਰਣ ਦਾ ਭੂਤ ਯਾਦ ਦੇ ਡੰਡੇ ਨਾਲ ਨਿਕਲਦਾ ਹੈ। ਮਾਨ ਚੰਦ ਨੇ ਸਨਮਾਨ ਨਾਲ ਡੰਡਾ ਲੈ ਲਿਆ ਤੇ ਸਿਰ ਤੇ ਧਰ ਲਿਆ, ਡੰਡਾ ਮੱਥੇ ਛੁਹੰਦਿਆਂ ਸਾਰ ਕੁਛ ਥਰ ਜਿਹਾ ਟੁੱਟਾ, ਜਿਵੇਂ ਪੋਸਤ ਦੀ ਕਲੀ ਨੂੰ ਚਟਕ ਪੈਂਦਿਆਂ ਸਾਰ ਬਾਹਰਲਾ ਸਾਵਾ ਛਿੱਲੜ ਟੁੱਟਕੇ ਹੇਠ ਜਾ ਪੈਂਦਾ ਤੇ ਵਿਚੋਂ ਲਾਲ ਗੁਲਾਲ ਗੁਲੇ ਲਾਲਾ ਨਿਕਲ ਪੈਂਦਾ ਹੈ, ਤਿਵੇਂ ਕਿਸੇ ਚਟਕ ਕਰਕੇ ਥਰ ਦੇ ਟੁਟਣ ਨਾਲ ਮਾਨ ਚੰਦ ਦੇ ਅੰਦਰ ਨਾਮ ਦਾ ਪਰਵਾਹ ਟੁਰ ਪਿਆ। ਹਾਂ, ਅਟਕ ਰਹੇ ਮਾਨ ਚੰਦ ਨੂੰ, ਜਿਸ ਦੀ ਕੋਸ਼ਿਸ਼ ਸੱਚੀ ਸੀ, ਤੇ ਜਤਨ ਅੰਦਰੋਂ ਸੀ ਪਰ ਅਟਕ ਰਿਹਾ ਸੀ ਤੇ ਉਸੇ ਬੁਧੀ ਦਾ ਅਟਕਾਇਆ ਖਲਾ ਸੀ, ਜਿਹੜੀ ਬੁਧੀ ਕਿ ਭਲਿਆਈ ਨੂੰ ਜਾਚ ਤੋਲਕੇ ਚੰਗਿਆ ਦੱਸ ਰਹੀ ਸੀ, ਪਰ ਸਾਂਈ ਦੇਸ਼ ਜਾਣੋਂ ਵਰਜ ਰਹੀ ਸੀ ਕਿ ਜੋ ਮੇਰੀ ਸਮਝੇ ਨਹੀਂ ਪੈਂਦਾ ਮੈਂ ਉਧਰ ਨਹੀਂ ਜਾਣ ਦੇਣਾਂ-ਹਾਂ, ਅੱਜ ਉਹ ਅਟਕ ਰਿਹਾ ਮਾਨ ਚੰਦ ਮਿਹਰਾਂ ਦੇ ਸਾਂਈ ਦੀ ਮਿਹਰ ਨਾਲ ਅਟਕੋਂ ਨਿਕਲਕੇ ਰਸ ਦੇਸ਼ ਨੂੰ ਟੁਰ ਪਿਆ। ਭਲਿਆਈ ਤੋਂ ਅੱਗੇ ਪ੍ਰੇਮ ਹੈ, ਲਿਵ ਹੈ, ਆਪਾ ਉੱਨਤੀ ਹੈ ਤੇ ਪ੍ਰੇਮ ਆਪੇ ਨਾਲ ਆਪੇ ਦਾ ਅਵਿਛੁੜ ਰਸਮਯ ਆਨੰਦ ਸਰੂਪ ਮੇਲ ਹੈ। ਮਾਨ ਚੰਦ ਨੂੰ ਇਹ ਧਨ ਸੱਚਾ ਵਖਰ ਮਿਲ ਗਿਆ ਤੇ ਉਪਕਾਰੀ ਦਾਤਾ ਜੀ ਉਸ ਨੂੰ ਨਿਹਾਲ ਕਰਕੇ ਹੋਰ ਜਗਤ ਨੂੰ ਨਿਸਤਾਰਣ ਵਾਸਤੇ ਕੰਧਾਰ ਦੇ ਪਰਗਣੇ ਤੋਂ ਅੱਗੇ ਟੁਰ ਪਏ। ਜੈ ਹੋ, ਜੈ ਹੋ, ਇਸ ਭੈ ਭੰਜਨ, ਪਰ ਦੁਖ ਨਿਵਾਰਨ ਮਹਾਨ ਦਾਤੇ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਜੈ ਹੋ!!

ਸੂਚਨਾ-ਜੋ ਉਪਦੇਸ਼ ਮਾਨ ਚੰਦ ਨੂੰ ਹੋਇਆ ਸਤਿਗੁਰੂ ਜੀ ਨੇ ਉਹ ਇਕ ਸ਼ਬਦ ਉਚਾਰਿਆ ਹੈ ਉਸ ਦੀ ਟੀਕਾ ਪਿਛਲੀ ਗੁਫਤਗੂ ਵਿਚ ਆ ਗਈ ਹੈ। ਸ਼ਬਦ ਦਾ ਪਾਠ ਇਉਂ ਹੈ:

ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥ ੧ ॥ ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ ਰਹਾਉ ॥ ਜਿਨਿ ਰੰਗਿ ਕੰਤੁ ਨ ਰਾਵਿਆ ਸੋ ਪਛੋ ਰੇ ਤਾਣੀ ॥ ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥ ੨ ॥ ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥ ੩ ॥ ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥ ੪ ॥ ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਇ ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥ ੫ ॥ ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥ ੬ ॥ ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥ ੭ ॥ ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥ ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ ॥ ੮ ॥ ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥ ੯ ॥ ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥ ੧੦ ॥ ੧ ॥

---

[੧] ਪਉੜੀ ੧੦ ਦਾ ਅਰਥ ਭਾਵ ਹੈ।

## ਗੀਤ

ਖਾਬਾ ਨਾਨਕ! ਏ ਤੇਰੇ ਕਮਾਲ, ਰੂਹਾਂ ਟੁੰਬ ਜਗਾਈਆਂ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂਹੇਂ ਹਸਾਈਆਂ।
ਦੇਸ਼ ਬਦੇਸ਼ੀਂ ਤੂੰ ਫੇਰੇ ਚਾ ਪਾਏ, ਨਾਦ ਇਲਾਹੀ ਤੂੰ ਦਰ ਦਰ ਵਜਾਏ।
ਸੁੱਤੇ ਦਿੱਤੇ ਤੂੰ ਟੁੰਬ ਉਠਾਲ, ਨਵੀਆ ਜਿੰਦੀਆਂ ਪਾਈਆਂ।
ਬਾਬਾ ਨਾਨਕ ! ਏ ਤੇਰੇ ਕਮਾਲ, ਰੂਹਾਂ ਟੁੰਬ ਜਗਾਈਆਂ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂਹੇਂ ਹਸਾਈਆਂ।
ਭਰਮਾਂ ਦੇ ਛੌੜ ਦਿਲਾਂ ਤੋਂ ਚਾ ਕੱਟੇ, ਉਤੋਂ ਪਾਏ ਖੁਲ੍ਹੇ ਨਾਮ ਦੇ ਛੱਟੇ।
ਵਿਛੁੜੇ ਮੇਲੇ ਤੂੰ ਸਾਂਈ ਦੇ ਨਾਲ, ਲਿਵ ਦੀਆਂ ਡੋਰਾਂ ਲਗਾਈਆਂ।
ਬਾਬਾ ਨਾਨਕ! ਏ ਤੇਰੇ ਕਮਾਲ, ਰੂਹਾਂ ਟੁੰਬ ਜਗਾਈਆਂ।
ਫਾਥੀਆਂ ਮਾਇਆ ਦੇ ਆਲ ਜੰਜਾਲ ਰੋਂਦੀਆਂ ਤੂਹੇਂ ਹਸਾਈਆਂ।
ਸੰਗਤ ਸਾਰੀ ਦੀ ਹੈ ਅਜ ਏਹੋ ਦੁਹਾਈ, ਸਾਨੂੰ ਵੀ ਖ਼ੈਰ ਓ ਨਾਮ ਦੀ ਪਾਈਂ।
ਲਾ ਲਈਂ ਅਪਣੇ ਚਰਨਾਂ ਦੇ ਨਾਲ ਬਖਸ਼ੀਂ ਸਾਡੀਆਂ ਉਕਾਈਆਂ।
ਬਾਬਾ ਨਾਨਕ ! ਏ ਤੇਰੇ ਕਮਾਲ, ਰੂਹਾਂ ਟੁੰਬ ਜਗਾਈਆਂ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂਹੇਂ ਹਸਾਈਆਂ।

# ੨੨. ਪਠਾਣ ਸਿਕਦਾਰ[੧]।

੧.

ਮਰਦਾਨਾ-ਮੇਰੇ ਮਿੱਠੇ ਮਿੱਠੇ ਦਾਤਾ ਜੀਓ! ਦਿਨ ਲੱਥਾ ਜਾਂਦਾ ਹੈ, ਉਜਾੜ ਅਜੇ ਮੁਕੀ ਨਹੀਂ, ਥਾਂ ਟਿਕਾਣਾ ਸਿਰ ਲੁਕਾਉਣ ਜੋਗਾ ਕੋਈ ਅਜੇ ਆਇਆ ਨਹੀਂ, ਧਰਤੀ ਹੈ ਪਠਾਣਾਂ ਦੀ ਉਤੋਂ ਠੰਢ ਹੈ, ਰਾਤ ਕਿੱਥੇ ਟਿਕਾਣਾ ਹੋਸੀ ਤੇ ਕਿੰਞ ਬੀਤਸੀ?

ਸੁਹਣੇ ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ;- ਮਰਦਾਨਿਆਂ! ਦੇਖ ਕਰਤਾਰ ਦੇ ਰੰਗ, ਹੁਣੇ ਕੋਈ ਓਟ ਆਸਰਾ ਆ ਵੈਸੀ।

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਕਰਦਿਆਂ ਕੁਛ ਪੈਂਡਾ ਲੰਘ ਗਿਆ ਤਾਂ ਉਸੇ ਉਜਾੜ ਵਿਚ ਇਕ ਹੁਜਰਾ ਆ ਗਿਆ, ਤਾਂ ਮਿੱਠੇ ਸ੍ਰੀ ਗੁਰੂ ਨਾਨਕ ਜੀ ਬੋਲੇ:-ਲੈ ਮਰਦਾਨਿਆਂ! ਆ ਗਿਆ ਈ ਸਿਰ ਲੁਕਾਉਣ ਦਾ ਟਿਕਾਣਾ।

ਮਰਦਾਨਾ-ਮੇਰੇ ਦਾਤਾ ਜੀ! ਇਸ ਉਜਾੜ ਵਿਚ ਕਿਨ੍ਹ ਇਹ ਹੁਜਰਾ ਬਣਾਇਆ ਹੈ, ਨਾ ਏਥੇ ਬੰਦਾ ਹੈ, ਨਾ ਕੋਈ ਸਾਂਈ ਦਾ ਜੀ, ਨਾ ਮੰਜਾ ਨਾ ਮੂੜ੍ਹਾ।

ਸ੍ਰੀ ਗੁਰੂ ਜੀ-ਦੇਖ, ਇਹ ਉੱਜੜ ਹੁਜਰਾ ਹੁਣੇ ਆ ਵੱਸ ਪਏਗਾ।

ਮਰਦਾਨਾ-ਕੋਈ ਸੁਖ ਸਖੀਲੀ ਦੀ ਵਸੋਂ ਆ ਵਸੇਗੀ ਕਿ ਕੋਈ ਤੇਰਾ ਚੋਜ ਵਿਖੀਵੇਗਾ?

ਗੁਰੂ ਨਾਨਕ ਜੀ ਮੁਸਕ੍ਰਾਏ ਤੇ ਕਹਿਣ ਲਗੇ- ਦੇਖ ਕਰਤਾਰ ਦੇ ਰੰਗ, ਜੋ ਭੁੱਲਿਆਂ ਨੂੰ ਰਸਤੇ ਪਾ ਲੈਂਦਾ ਹੈ।

ਮਰਦਾਨਾ (ਠੰਡਾ ਸਾਹ ਲੈ ਕੇ ਅਸਮਾਨ ਵੱਲ ਤੱਕ ਕੇ)-ਲੈ ਮਰਦਾਨਿਆਂ !ਆਇਆ ਈ ਕੋਈ ਹੋਰ ਰੰਗ ਖੇੜਾ, ਦੇਖ ਕੌਡੇ ਦਾ ਕੜਾਹਾ ਆਉਂਦਾ ਹੈ ਕਿ ਸਜਣ ਦੇ ਰੱਸੇ।

ਗੁਰੂ ਜੀ-ਜੋ ਆਵੇਗਾ ਸੋ ਦਾਤੇ ਦੀ ਦਾਤ ਹੈ ਸਾਨੂੰ ਲੈ ਆਇਆ ਹੈ ਪਰਜਾ ਦੇ ਦੁਖ ਹਰਨ ਵਾਸਤੇ

---

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨੀ: ਸ: ੪੧੧ (੧੯੩੯ ਈ:) ਨੂੰ ਖਾ: ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਦੁਖ ਹਰਤਾ ਆਪ ਦੁਖ ਹਰੇਗਾ, ਸਾਨੂੰ ਵਿਚ ਕਾਰਣ ਬਣਾ ਲਏਗਾ; ਉਸਦਾ ਜਲਾਲ ਪ੍ਰਗਟੇਗਾ, ਅਸੀਂ ਤੱਕਾਂਗੇ ਤੇ ਸੁਭਾਗ ਹੋਵਾਂਗੇ।

ਮਰਦਾਨਾ-ਸੱਚ ਆਖਿਆ ਨੇ; ਹੋਏ ਜੁ ਪੂਰੇ। ਮੈਂ ਥੱਕ ਪਿਆ ਹਾਂ ਊਰਾ, ਭੁੱਖ ਬੀ ਹੈ, ਸੀਂ ਬੀ ਹੋਇਆ। ਹੁਣ ਖਾਵੀਏ ਪੀਵੀਏ ਸਵੀਏਂ ਕਿ ਜਗਤ ਦੇ ਕੰਡੇ ਸਮੇਟੀਏ?

ਗੁਰੂ ਜੀ-ਜੋ ਹੁਕਮ ਕਰੇ ਸੋ ਕਮਾਈਏ। 'ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ। 'ਅਸੀਂ'। ਕੌਣ ਹਾਂ? ਮਰਦਾਨਿਆਂ! ਕਰਨਹਾਰ ਵਜੰਤ੍ਰੀ ਉਹ ਆਪ ਹੈ, ਜਿਉਂ ਜਿਉਂ ਵਜਾਏ ਵੱਜਣਾ ਹੈ, ਕਦੇ ਤੇਰਾ ਰਬਾਬ ਤੇਰੇ ਬੁਲਾਏ ਤੇ ਨਹੀਂ ਬੋਲਦਾ?

ਮਰਦਾਨਾ-ਸੁਹਾਣ ਤੇਰੀ ਭਗਤਿ। ਆਓ ਹੁਣ ਬੈਠੀਏ, ਸਾਹ ਕੱਢੀਏ; ਜਦੋਂ ਕੋਈ ਬਲਾ ਇਸ ਉਜਾੜ ਵਿਚ ਆ ਨਮੂਦਾਰ ਹੋਈ ਤਦੋਂ ਜੋ ਕਰਸੋ ਸੋ ਵਰਤਸੀ।

ਗੁਰੂ ਜੀ ਇਹ ਸੁਣਕੇ ਬੈਠ ਗਏ, ਹੁਜਰੇ ਦੇ ਬਾਹਰਲੇ ਥੜ੍ਹੇ ਉਪਰ ਤੇ ਪਾਸ ਬੈਠ ਗਿਆ ਮਰਦਾਨਾ। ਪਹਿਲੇ ਸਤਿਗੁਰ ਦੇ ਚਰਨਾਂ ਦੀ ਗਰਦ ਝਾੜੀਓਸੁ ਤੇ ਫੇਰ ਪਰੇ ਜਾਕੀ ਆਪਣੀ।

ਹੁਣ ਸੂਰਜ ਲਟਪਟਾ ਗਿਆ ਸੀ, ਬਨ ਵਿਚ ਅੱਗੇ ਹੀ ਚੁਪ ਸ਼ਾਂਤਿ ਸੀ, ਪਰ ਹੁਣ ਵਧੇਰੇ ਹੋ ਗਈ। ਸ਼੍ਰੀ ਗੁਰੂ ਜੀ ਮਰਦਾਨੇ ਵਲ ਤੱਕੇ ਤੇ ਬੋਲੇ, ਛੇੜ ਭਾਈ ਰਬਾਬ ਤੇ ਸੁਣਾ ਕਰਤਾਰ ਦਾ ਕੀਰਤਨ। ਮਰਦਾਨੇ ਰਬਾਬ ਖੁਹਲਿਆ, ਸੁਰ ਕੀਤਾ ਤੇ ਲੱਗਾ ਵਜਾਉਣ, ਛੇੜ ਦਿਤੀਓਸੁ ਆਸਾ ਦੀ ਸੁਰ ਤੇ ਗਾਂਵਿਓ ਸੁ ਸੋਦਰ ਡਾਢੀ ਮਿੱਠੀ ਤਰਜ਼ ਧੀਮੀ ਲੈ ਵਿਚ। ਵਾਹਿਗੁਰੂ ਦੀ ਹਜ਼ੂਰੀ ਦਾ ਨਕਸ਼ਾ ਬੱਝ ਗਿਆ। ਸੁਹਣੇ ਸੁਹਣੇ ਨੈਣ ਮੁੰਦ ਗਏ ਪਜਾਰੇ ਸਤਿਗੁਰੂ ਜੀ ਦੇ, ਹਾਂ ਜੀਓ, ਦਰ ਦਰਸ਼ਨ ਦੇ ਪ੍ਰੀਤਮ ਦਰਸ਼ਨ ਝਾਕਿਆਂ ਵਿਚ ਲਿਵਲੀਨ ਹੋ ਗਏ। ਸੋਦਰ ਤੇ ਆਰਤੀ ਦਾ ਭੋਗ ਪਿਆ[੧], ਨੈਣ ਖੁੱਲ੍ਹੇ। ਹੁਣ ਕੁਦਰਤ ਨੇ ਭੀ ਨੀਲੇ ਨੀਲੇ ਗਗਨਾਂ ਉਤੇ ਆਪਣੇ ਹਜ਼ਾਰਾਂ ਨੈਣ ਖੋਹਲ ਲਏ। ਜਿਵੇਂ ਕਾਦਰ ਦੇ ਪੰਚ ਭੌਤਕ ਨੈਣਾਂ ਦੇ ਹੁੰਦਿਆਂ ਹਜ਼ਾਰਾਂ ਨੈਣ ਹਨ ਅਰੂਪ ਰੂਪ ਵਾਲੇ, ਤਿਵੇਂ ਕੁਦਰਤ ਦੇ ਬੀ ਮਾਨੋ ਹਜ਼ਾਰਾਂ ਨੈਣ ਏਹ ਅਰਸ਼ਾਂ ਤੇ ਜੋ ਖਿੜ ਖੁਲ੍ਹ ਪੈਂਦੇ ਹਨ ਤਾਰੇ ਸਿਤਾਰੇ, ਨਛੱਤ੍ਰ, ਗਿੱਟੀਆਂ ਤੇ ਅਕਾਸ਼ ਗੰਗਾ ਦੇ ਦੋਧੀ ਧੁੰਦ ਦੇ ਚਮਕਾਰੇ। ਇਸ ਕੁਦਰਤ ਦੇ ਖੇੜੇ ਵਿਚ ਦੇਖਣ ਵਾਲੇ ਕਰਤਾਰ ਦੀ ਕੁਦਰਤ, ਉਸ ਦੀ ਸਦਾ ਹੋ ਰਹੀ ਆਰਤੀ ਅਤੇ ਉਸ ਤੋਂ ਚੜ੍ਹ ਜਾਣ ਵਾਲੇ ਸਿਫ਼ਤ ਸਲਾਹ ਵਿਚ ਪਾਤਸ਼ਾਹਾਂ ਦੇ ਪਾਤਸ਼ਾਹ[੧] ਸ੍ਰੀ ਗੁਰੂ ਨਾਨਕ ਦੇਵ ਜੀ ਭਿੰਨੇ ਭਿੰਨੇ ਰਸ ਵਿਚ ਮਗਨ ਹੋ ਰਹੇ ਹਨ ਤੇ ਮਰਦਾਨਾਂ ਉਹਨਾਂ ਦੇ ਦੀਦਾਰ ਵਿਚ ਰਸਮਜ ਹੋ ਰਿਹਾ ਹੈ ਕਿ ਇੰਨੇ ਨੂੰ ਮਰਦਾਵੀਂ ਪੈਖੜ ਆਈ। ਇਕ ਦੋ ਆਦਮੀ ਆ ਗਏ ਸ਼ਰਈ ਤੰਬਿਆਂ ਵਾਲੇ, ਆਕੇ ਡਿਠੋ ਨੇ ਦੋਹਾਂ ਪਰਦੇਸੀਆਂ ਨੂੰ ਤੇ ਸਲਾਮਲੇਕ ਕਹਿਕੇ ਬੈਠ ਗਏ। ਫਿਰ ਹੋਰ ਆ ਗਏ। ਕਿਤਾਬਾਂ ਬੀ ਨਾਲ ਆਈਆਂ। ਸਫਾਂ ਵੀ ਵਿਛ ਗਈਆਂ, ਇਨ੍ਹਾਂ ਵਿਛੀਆਂ ਉਤੇ ਬਹਿ ਗਏ ਮਸਲੇ ਕਰਨ ਵਾਲੇ ਤੇ ਬਾਤਾਂ ਚੀਤਾਂ ਛਿੜ ਪਈਆਂ; ਇੰਨੇ ਨੂੰ ਆ ਗਿਆ ਇਕ ਹੋਰ ਜਥ੍ਹੇ ਵਾਲਾ ਪਠਾਣ। ਸੂਰਤ ਨੁਹਾਰ ਬਲਕਾਰ ਵਾਲੀ ਤੇ ਕਰੜਾਈ ਭਰੀ, ਜਿਵੇਂ ਕੋਈ ਸਿਕਦਾਰ ਹੈ ਪਰ ਆਇਆ ਨਿਉਂਦਾ ਝੁਕਦਾ, ਉਚੀ ਉਚੀ ਖ਼ੁਦਾ ਖ਼ੁਦਾ ਯਾ ਖ਼ੁਦਾ ਕਰਦਾ, ਆਕੇ ਸਭ ਨੂੰ ਸਲਾਮ ਕੀਤੀਓਸੁ। ਨਮਾਜ਼ ਨੂੰ ਅੱਜ ਦੇਰ ਹੋ ਗਈ ਸਾਸੁ, ਪਰ ਏਥੇ ਆ ਨਮਾਜ਼ ਕੀਤੀਓਸੁ ਤੇ ਲਗਾ ਝੁਕ ਝੁਕ ਕੇ ਸਿਜਦੇ ਕਰਨ। ਜਦ ਨਮਾਜ਼ ਹੋ ਚੁੱਕੀ ਤਾਂ ਵਿਚ ਬਹਿ ਗਿਆ ਤੇ ਲੱਗਾ ਸੁਣਨ ਵਿਦ੍ਵਾਨਾਂ ਦੀਆਂ ਗੱਲਾਂ, ਸ਼ਰਾ ਫਿਕਾ ਦੀਆਂ ਤੇ ਸਤਿਸੰਗ ਦੀਆਂ। ਜਦ ਕੋਈ ਗੱਲ ਨੇਕੀ ਦੀ, ਕਿ ਖ਼ੁਦਾ ਦੀ ਸਿਫਤ ਦੀ ਆਵੇ ਤਾਂ ਬੜੇ ਸਿਦਕ ਤੇ ਮੁਹੱਬਤ ਨਾਲ ਸਿਰ ਫੇਰੇ ਤੇ ਵਾਹ ਵਾਹ ਆਖੇ। ਇਹ ਕੌਤਕ ਤਕ ਕੇ ਸ੍ਰੀ ਗੁਰੂ ਜੀ ਮੁਸਕ੍ਰਾ ਪੈਣ ਤੇ ਕਿਸੇ ਵੇਲੇ ਹੱਸ ਬੀ ਪੈਣ। ਪਠਾਣ ਨੂੰ ਇਹ ਤੱਕ ਕੇ ਗੁੱਸਾ ਆਵੇ ਪਰ ਪੀ ਜਾਵੇ, ਅੰਤ ਨਾ ਰਿਹਾ ਗਿਓਸੁ ਤਾਂ ਬੜੀ ਨਰਮੀ ਤੇ ਮਿੱਠੀ ਸੁਰ ਬਣਾਕੇ ਕਹਿਣ ਲੱਗਾ: ਹੇ ਸਾਈਂ ਦੇ ਲੋਕ! ਅਸੀਂ ਆਪਣੇ ਪਰਵਰਦਗਾਰ ਦਾ ਨਾਉਂ ਲੈਂਦੇ ਤੇ ਸੁਣਦੇ ਹਾਂ ਤੇ ਤੁਸੀਂ ਮਸਖਰੀ ਕਰਦੇ ਹੋ, ਇਹ ਅਦਬ ਇਲਾਹੀ

---

[੧] ਸੋ ਦਰ ਆਰਤੀ ਗਾਵੀਐ {ਭਾਈ ਗੁਰਦਾਸ'}

[੧] ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ॥ {ਜਪੁਜੀ}

ਦੀ ਬਾਤ ਨਹੀਂ, ਹਿਕੇ ਇਹ ਆਪ ਜੀ ਦੀ ਕਿਸੇ ਰਿੰਜਗੀ ਦੀ ਬਾਤ ਹੈ। ਹੇ ਅੱਲਾ ਵਾਲੇ ! ਇਹ ਮਜਲਸ ਪੜ੍ਹਿਆਂ ਹੋਇਆਂ ਦੀ ਹੈ, ਕੁਛ ਐਰਾਂ ਗੈਰਾਂ ਦੀ ਨਹੀਂ।

ਇਹ ਸੁਣਕੇ ਸ੍ਰੀ ਗੁਰੂ ਜੀ ਦੇ ਚਿਹਰੇ ਤੇ ਰੋਅਬ ਤੇ ਜਬ੍ਹੇ ਦਾ ਰੰਗ ਫਿਰਿਆ ਤੇ ਨੈਣਾਂ ਨੇ ਜ਼ੋਰ ਵਾਲੀ ਨਜ਼ਰ ਪਾਈ, ਫੇਰ ਬੋਲੇ:-ਸੁਣ ਭਾਈ ! ਮਜਲਸ ਪੜ੍ਹਿਆਂ ਦੀ ਹੈ ਠੀਕ, ਪਰ ਪੜ੍ਹਿਆ ਹੋਇਆ ਕਿਸ ਨੂੰ ਆਖਦੇ ਹਨ ?ਜੋ ਅੱਖਰ ਵਾਚ ਲਵੇ ਕਿ ਪੋਥੀ ਪੜ੍ਹ ਲਵੇ ਕਿ ਪੜ੍ਹ ਸੁਣਕੇ ਆਪਣੇ ਅਨਪੜ੍ਹੇ ਭਰਾਵਾਂ ਨਾਲੋਂ ਵਧੀਕ ਚਤੁਰ ਹੋ ਜਾਵੇ ਤੇ ਉਨ੍ਹਾਂ ਨੂੰ ਆਪਣੀਆਂ ਚਲਾਕੀਆਂ ਵਿਚ ਫਸਾ ਫਸਾ ਕੇ ਆਪਣੇ ਨਫੇ ਵਧੇਰੇ ਕੱਢਣ ਲੱਗ ਪਵੇ ? ਜੇ ਐਸੇ ਪੜ੍ਹੇ ਹੋਇਆਂ ਦਾ ਨਾਉਂ ਆਲਮ ਫਾਜ਼ਲ ਹੈ, ਪੰਡਤ ਹੈ, ਜਾਂ ਪੜ੍ਹਿਆ ਹੋਇਆ ਹੈ, ਤਾਂ ਤਾਂ ਭਾਈ ਉਹ ਮ੍ਰਿਗ, ਉਹ ਜੰਤੂ ਤੇ ਬਾਜ ਆਦਿ ਪੰਛੀ ਬੀ ਪੜ੍ਹੇ ਹੋਏ ਮੰਨਣੇ ਪੈਣਗੇ ਜੋ ਸ਼ਿਕਾਰੀਆਂ ਪਾਸੋਂ ਵਿਦਯਾ ਪਾਕੇ ਏਨੇ ਸਿਆਣੇ ਹੋ ਜਾਂਦੇ ਹਨ ਕਿ ਆਪਣੀ ਜਾਤ ਦੇ ਅਨਪੜ੍ਹਾਂ ਵਿਚ ਜਾ ਕੇ ਉਨ੍ਹਾਂ ਨੂੰ ਨਾਲ ਲੈ ਕੇ ਫੰਧਕ ਦੇ ਵਾੜੇ ਵਿਚ ਲੈ ਆਉਂਦੇ ਹਨ। ਜ਼ਰਾ ਵੀਚਾਰ ਕੇ ਦੇਖੋ ਤੁਸੀਂ ਇਨ੍ਹਾਂ ਮ੍ਰਿਗਾਂ ਤੇ ਪੰਛੀਆਂ ਨੂੰ ਪੜ੍ਹੇ ਹੋਏ, ਕਿ ਪੰਡਤ ਕਿ ਆਲਮ ਕਹੋਗੇ ?

ਪਠਾਣ-ਇਹ ਤਾਂ ਕਾਹਦੇ ਪੜ੍ਹੇ ਹੋਏ ਹੋਏ, ਇਹ ਤਾਂ ਮਾੜੇ ਲੋਕ ਹੋਏ!

ਕੋਲੋਂ ਇਕ ਕੁਸ਼ਾਮਤੀ ਨੇ ਕਿਹਾ:ਹੇ ਅੱਲਾ ਦੇ ਬੰਦੇ ਇਹ ਸਾਹਿਬ ਸਰਦਾਰ ਹਨ, ਤੇ ਫੇਰ ਸਿਕਦਾਰ, ਸਿਕਦਾਰ ਹੋ ਕੇ ਖੁਦਾ ਦੇ ਫਜ਼ਲ ਨਾਲ ਇਸ ਵੇਲੇ ਸਤਿਸੰਗ ਕਰਨ ਅਉਂਦੇ ਹਨ, ਸ਼ਰ੍ਹਾ ਫਿਕਾ ਹਦੀਸ, ਤਫਸੀਰ ਹਰ ਵਿੱਦਯਾ ਵਿਚ ਦਿਲਸਪੀ ਲੈਂਦੇ ਹਨ।

ਸ੍ਰੀ ਗੁਰੂ ਜੀ-ਜੇ ਸਿਕਦਾਰ ਬੀ ਹਰਨਾਂ ਬਾਜਾਂ ਵਾਂਙੂ ਪੜ੍ਹੇ ਤਾਂ ਸ਼ਰ੍ਹਾ ਸ਼ਰੀਅਤ ਤੇ ਹੋਰ ਦਾਨਿਆਂ ਦੇ ਲੇਖੇ, ਪਰ ਸਿੱਖੇ ਕੀਹ? ਆਪਣੀ ਮਨੁੱਖ ਜਾਤੀ ਨੂੰ ਆਪਣੇ ਵਧੇ ਹੋਏ, ਮੰਝੇ ਹੋਏ, ਪੜ੍ਹੇ ਹੋਏ: ਦਿਮਾਗਾਂ ਤੇ ਤੰਦਣ ਤਾਣਿਆ ਵਿਚ ਫਸਾ ਲੈਣਾ, ਉਹਨਾਂ ਨੂੰ ਲੁਟਣਾ ਤੇ ਚਲਾਕੀਆਂ ਨਾਲ ਲੁਟਣਾ, ਪਤਾ ਨਾ ਲੱਗਣ ਦੇਣਾ ਕਿ ਉਹ ਲੁੱਟੇ ਚਲੇ ਹਨ, ਤਾਂ ਕੀਹ ਇਸ ਤਰ੍ਹਾਂਦਾ ਸਿਕਦਾਰ ਸਿਧੇ ਹੋਏ ਹਰਣਾਂ ਬਾਜਾਂ ਨਾਲੋਂ ਅਫ਼ਜ਼ਲ ਹੋਵੇਗਾ ? ਨਿਸਚੇ ਜਾਣੋਂ ਆਪਣੇ ਬਾਹਾਂ ਦੇ ਬਲ ਵਾਲੇ ਰੋਅਬ ਹੇਠ ਤੇ ਆਪਣੇ ਸਿਖੇ ਸਿਖਾਏ ਦਿਮਾਗ਼ ਦੇ ਜ਼ੋਰ ਨਾਲ ਨਾਲ ਜੇ ਉਹ ਦੂਸਰਿਆਂ ਨੂੰ, ਬਨੀ ਨੌਅ ਇਨਸਾਨ ਨੂੰ, ਜਾਂ ਇਉਂ ਕਹੋ ਕਿ ਆਪਣੀ ਮਨੁੱਖ ਜਾਤੀ ਦੇ ਭਰਾਵਾਂ ਨੂੰ ਲੁੱਟਦਾ ਠੱਗਦਾ ਖਾਂਦਾ ਰਿਹਾ ਹੈ, ਤਾਂ ਇਥੇ ਬੇਸ਼ਕ ਆਪਣੇ ਵਰਗੇ ਵਿਦਵਾਨਾਂ, ਆਲਮਾਂ ਵਿਚ ਬੈਠਕੇ ਸੋਭਾ ਪਾ ਲਵੇ, ਚੰਗਾ ਚੰਗੇਰਾ ਬਣ ਲਵੇ, ਪਰ ਅੱਗੇ ਸਾਂਈ ਦੀ ਦਰਗਾਹ ਵਿਚ ਉਸਦਾ ਕੋਈ ਟਿਕਾਣਾ ਨਹੀਂ ਹੋਵੇਗਾ[੧]।

ਸਿਕਦਾਰ (ਦਿਲ ਵਿਚ ਆ ਰਹੇ ਗੁਸੇ ਨੂੰ ਦਬਾਕੇ ਤੇ ਵਿਚ ਵਿਚ ਉਠ ਰਹੇ ਸ਼ਰਮ ਦੇ ਖਯਾਲ ਨੂੰ ਨੱਪਕੇ)-ਹੇ ਅੱਲਾ ਵਾਲੇ !ਖੁਦਾ ਤੇਰਾ ਭਲਾ ਕਰੇ, ਤੂੰ ਪੜ੍ਹਿਆ ਹੋਇਆ, ਕਿ ਪੰਡਤ, ਕਿ ਦਾਨਾ ਬੀਨਾ ਕਿਸ ਨੂੰ ਆਖਦਾ ਹੈਂ?ਸਿਖਾਏ ਹੋਏ ਸ਼ਿਕਾਰ ਦੇ ਪੰਛੀ ਕੋਈ ਕਿਤਾਬਾਂ ਪੜ੍ਹਦੇ ਹਨ? ਉਹਨਾਂ ਦਾ ਇਨਸਾਨ ਅਸ਼ਰਫ-ਉਲ-ਮਖ਼ਲੂਕਾਤ ਨਾਲ ਕੀ ਮੇਲ ?

ਸ੍ਰੀ ਗੁਰੂ ਜੀ-ਹੇ ਬੰਦੇ ਖ਼ੁਦਾ ਦੇ ! ਖ਼ੁਦਾ ਤੈਨੂੰ ਨੇਕੀ ਦੇਵੇ ! ਪੰਡਤ ਹਿਕੇ ਉਹ ਦਾਨਾ ਕਿ ਜੋ ਬੀਨਾ[੨] ਬੀ ਹੋਵੇ, ਉਹ ਨਹੀਂ ਜੋ ਕਿਤਾਬਾਂ ਵਾਚ ਲੈਂਦਾ ਹੈ ਤੇ ਅਰਥ ਕਰ ਸਕਦਾ ਹੈ। ਪੜ੍ਹਿਆ ਹੋਇਆ ਉਹ ਹੈ, ਜਿਸ ਨੇ ਪਰਮੇਸ਼ੁਰ ਦੇ ਨਾਮ ਦੀ ਕਮਾਈ ਕੀਤੀ ਹੈ! ਇਲਮ ਦਾ ਸੁਖ ਉਸਨੇ ਮਾਣਿਆ ਹੈ, ਜਿਸਦੇ ਅੰਦਰ ਪਰਮੇਸ਼ੁਰ ਦਾ ਨਾਮ ਵੱਸ ਗਿਆ ਹੈ, ਪਰਮੇਸ਼ੁਰ ਦਾ ਨਾਮ ਅੰਦਰ ਵੱਸ ਜਾਏ, ਤਾਂ ਪਰਮੇਸ਼ੁਰ ਦਾ ਭਉ {ਖੌਫਿ-ਖੁਦਾ} ਉਸਦੇ ਅੰਦਰ ਆ ਵੱਸਦਾ ਹੈ, ਹਾਂ ਜਿਸਦੇ ਅੰਦਰ ਨਾਮ ਵੱਸ ਜਾਂਦਾ ਹੈ, ਫੇਰ ਉਸਦੇ ਅੰਦਰ ਖ਼ੁਦਾ ਦਾ ਪਿਆਰ ਆ ਵੱਸਦਾ ਹੈ, ਫੇਰ ਉਹ ਆਪਣੀ ਜਾਤ ਅਰਥਾਤ ਬਨੀਨੌਅ ਇਨਸਾਨ ਨੂੰ ਖ਼ੁਦਾ ਦੇ ਬੱਚੇ ਸਮਝਦਾ ਹੈ ਤੇਂ ਆਪਣੇ ਵੀਰ ਜਾਣਦਾ ਹੈ ਤੇ ਉਹ ਫਿਰ ਫਾਹੀਆਂ ਲਾਕੇ ਜਾਤ ਭਾਈਆਂ ਨੂੰ ਆਪਣੇ ਦਿਮਾਗੀ ਤੰਦਣ ਤਾਣਿਆਂ ਵਿਚ ਫਸਾਉਂਦਾ ਨਹੀਂ, ਉਹ ਸਭ ਦਾ

[੧] ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
[੨] ਪੜ੍ਹਿਆ ਤੇ ਗੁੜ੍ਹਿਆ। {ਮਲਾ: ਵਾਰ: ਮ ੧-੨੨}

ਭਲਾ ਚਿਤਵਦਾ ਤੇ ਲਗਦੇ ਤਾਣ ਭਲਾ ਕਰਦਾ ਹੈ ਐਸਾ ਪੁਰਸ਼ ਜੇ ਪੜ੍ਹ ਗੁੜ੍ਹ ਜਾਂਦਾ ਹੈ ਤਾਂ ਉਸ ਨੂੰ ਦੂਸਰਿਆਂ ਦਾ ਭਲਾ ਕਰਨ ਦੀ ਜਾਚ ਵਧੇਰੇ ਆ ਜਾਂਦੀ ਹੈ! ਉਸ ਦਾ ਪੜ੍ਹਨਾ ਸਫਲ ਹੈ, ਜੋ ਪੜ੍ਹਕੇ ਨੇਕੀ ਕਰਦਾ ਹੈ। ਸੋ ਭਾਈ! ਜੇ ਤੁਹਾਨੂੰ ਕਿਸੇ ਧੁੱਪ ਵਾਲੀ ਥਾਂ ਤੇ ਠੰਢੀ ਠੰਢੀ ਛਾਂ ਦੀ ਲੋੜ ਹੋਵੇ ਤਾ ਦਰਖਤ ਬੀਜੋ, ਫੇਰ ਦੇਖੋ ਕਿ ਪਹਿਲਾਂ ਜਿਮੀਂ ਦੇ ਅੰਦਰ ਉਸ ਦੀ ਜੜ੍ਹ ਜੰਮੇਗੀ ਫੇਰ ਬਾਹਰ ਪੱਤ ਕੱਢੇਗਾ, ਫੇਰ ਬ੍ਰਿਛ ਬਣੇਗਾ ਤਾਂ ਛਾਯਾ ਦੇਵੇਗਾ, ਜਗਤ ਨੂੰ ਠੰਢ ਪਾਵੇਗਾ! ਤਿਵੇਂ ਹੀ ਜਿਸ ਦੇ ਅੰਦਰ ਪਰਮੇਸ਼ੁਰ ਦਾ ਨਾਂਉ ਵੱਸੇਗਾ, ਉਸ ਤੋਂ ਜਗਤ ਨੂੰ ਠੰਢੀ ਛਾ ਪ੍ਰਾਪਤ ਹੋਵੇਗੀ[੧]। ਸੋ ਹੇ ਵਿਦਯਾ ਦੇ ਸਲਾਹੁਤ ਕਰਨ ਵਾਲੇ! ਇਲਮ ਦਾ ਨਿਚੋੜ 'ਨਾਮ' ਹੈ, ਨਾਮ ਅੰਦਰ ਵਸੇਗਾ ਤਾ ਬਾਹਰ ਉਸ ਦਾ ਵਿਕਾਸ ਕਰਨਾ ਸੁਖ ਦੇਵੇਗਾ।

ਸਿਕਦਾਰ-ਹੇ ਅੱਲਾ ਦੇ ਸੰਵਾਰੇ! ਰਾਜੇ ਤੇ ਸਿਕਦਾਰ, ਹਾਕਮ ਤੇ ਚੌਧਰੀ ਪਰਜਾ ਦਾ ਬੰਦੋਬਸਤ ਕਰਦੇ ਹਨ, ਉਹਨਾਂ ਨੇ ਰੋਅਬਦਾਬ ਤੋਂ ਕੰਮ ਲੈਣਾ ਹੋਇਆ। ਬਿਨਾਂ ਦਬਦਬੇ ਦੇ ਲੋਕ ਪ੍ਰਬੰਧ ਵਿਚ ਨਹੀਂ ਰਹਿੰਦੇ, ਸੋ ਉਨ੍ਹਾਂ ਨੇ ਸਜਾਵਾਂ ਦੇਣੀਆਂ ਤੇ ਜ਼ੋਰ ਕਰਨੇ ਹੋਏ; ਫੇਰ ਜੇ ਓਹ ਹੁਜਰੇ ਆ ਬੈਠਣ, ਅੱਲਾ ਦੇ ਜ਼ਿਕਰ ਕਰਨ, ਫਿਕਰ ਕਰਨ ਕਥਾ ਵਾਰਤਾ ਕਰਨ ਤਾਂ ਕੀਹ ਦੋਸ਼?ਕੀ ਐਸਾ ਕਰਨਾ ਉਹਨਾਂ ਤੋਂ ਸਹਿਵਨ (=ਅਗਜਾਤ) ਹੋਈਆਂ ਭੁਲਾਂ ਦਾ ਦਾਰੂ ਨਹੀਂ?

ਸ੍ਰੀ ਗੁਰੂ ਜੀ ਫੇਰ ਨੈਣਾਂ ਵਿਚ ਲਾਲੀ ਵਾਲੇ ਹੋ ਗਏ, ਪਰ ਸਹਿਜ ਧੁਨ ਵਿਚ ਬੋਲੇ; ਖੁਦਾ ਤੈਨੂੰ ਚਾਨਣ ਦੇਵੇ! ਸੋਚ ਜੋ ਤੂੰ ਕਹਿ ਰਿਹਾ ਹੈਂ ਕੀਹ ਇਹ ਹੋ ਰਿਹਾ ਹੈ? ਰਾਜ ਕਰਨ ਵਾਲੇ ਖੁਦਾ ਦੇ ਖੌਫ ਵਿਚ ਕਿ ਖੁਲਕੱਲਾ(= ਸ੍ਰਿਸ਼ਟੀ) ਦੇ ਪਿਆਰ ਵਿਚ ਬੰਦੋਬਸਤ ਕਰ ਰਹੇ ਤੇ ਫੇਰ ਅਗਜਾਤ ਭੁਲਾਂ ਲਈ ਮਾਫੀ ਮੰਗਣਹਾਰ ਹੁੰਦੇ ਪਏ ਹਨ? ਨਹੀਂ?। ਰਾਜ ਕਰਨ ਵਾਲੇ ਸ਼ੇਰ ਵਾਂਙੂ ਪਾੜ ਖਾਣ ਵਾਲੇ ਦਰਿੰਦੇ ਹੋ ਰਹੇ ਹਨ, ਅਹਿਲਕਾਰ ਉਮਰਾਵ ਤੇ ਚੌਧਰੀ ਕੁੱਤਿਆਂ ਵਾਂਙੂ ਹੋ ਰਹੇ ਹਨ। ਸਾਰੇ ਪਰਜਾ ਨੂੰ ਜਿਸ ਨੇ ਪਾਲਣਾ ਸੀ, ਪਾੜ ਪਾੜ ਖਾ ਰਹੇ ਹਨ[੧] ਜਿਵੇਂ ਸ਼ੇਰ ਆਰਾਮ ਨਾਲ ਕਿਸੇ ਵੇਲੇ ਬੈਠਾ ਕਿ ਸੁੱਤਾ ਹੁੰਦਾ ਹੈ, ਪਰ ਕੁੱਤੇ, ਜਿਨ੍ਹਾਂ ਨੂੰ ਸ਼ੇਰ ਦਾ ਜੂਠਾ ਬਚਿਆਂ ਖੁਚਿਆ ਰਤ ਪਿੱਤ ਚੱਟਣ ਦਾ ਸੁਭਾਉ ਪਿਆ ਹੁੰਦਾ ਹੈ, ਜਦ ਕਿਸੇ ਪਸ਼ੂ ਨੂੰ ਸ਼ਿਕਾਰ ਜੋਗ ਵੇਖਦੇ ਹਨ ਤਾਂ ਭੌਂਕਦੇ ਹਨ। ਸ਼ੇਰ ਸੁਣਕੇ ਤਾੜ ਜਾਂਦਾ ਹੈ ਕਿ ਸ਼ਿਕਾਰ ਏਧਰ ਹੈ, ਉਹ ਜਾ ਪੈਂਦਾ ਹੈ ਸ਼ਿਕਾਰ ਉਤੇ! ਲਹੂ ਉਹ ਪੀ ਜਾਂਦਾ ਹੈ, ਮਾਸ ਖਾ ਜਾਂਦਾ ਹੈ, ਬਾਕੀ ਜੋ ਬਚਿਆ ਖੁਚਿਆ ਲਹੂ ਪਿਤ ਮਿੱਝ ਬੋਟੀ ਰਹਿ ਜਾਂਦੀ ਹੈ ਉਹ ਮਗਰੋਂ ਕੁੱਤੇ ਆ ਚੱਟਦੇ ਹਨ। ਤਿਵੇਂ ਰਾਜੇ ਨੂੰ ਚੌਧਰੀ ਆ ਪਤਾ ਦੇਂਦੇ ਹਨ ਕਿ ਫਲਾਣੀ ਸਾਮੀ ਮੋਟੀ ਹੈ, ਫਲਾਣੀ ਪਰਜਾ ਪਾਸ ਧਨ ਹੈ, ਸੋ ਰਾਜੇ ਅਪਣੇ ਚਾਕਰਾਂ-ਅਹਿਲਕਾਰਾਂ, ਸਿਪਾਹੀਆਂ ਆਦਿ ਤੋਂ ਸ਼ੇਰ ਦੀਆਂ ਨਹੰਦਰਾਂ ਦਾ ਕੰਮ ਲੈਂਦੇ ਹਨ, ਉਹ ਤਾਂ ਸ਼ਿਕਾਰ ਨੂੰ ਜ਼ਖਮੀ ਕਰਦੇ ਹਨ ਤਰਦਾ ਮਾਲ ਰਾਜਾ ਲੈ ਜਾਂਦਾ ਹੈ ਤੇ ਰਹਿੰਦਾ ਖੂੰਦ ਮੁਕੱਦਮ (ਚੌਧਰੀ ਆਦਿ) ਚੱਟ ਜਾਂਦੇ ਹਨ। ਕੀ ਐਸੇ ਹਾਕਮ ਕਿ ਰਾਜੇ ਕਿ ਸਿਕਦਾਰ ਨਿਮਾਜ਼ਾਂ ਦੇ ਦਿਖਾਵੇ ਕਰਕੇ ਸਫਾ ਹੋ ਸਕਦੇ ਹਨ?.... ਕਿ ਜਿੱਥੇ ਸੱਚੀ ਦਰਗਾਹ ਮੌਲਾ ਦੀ ਹੈ ਓਥੇ ਸਾਰੇ ਜੀਆਂ ਦੀ ਸਾਰ ਹੋਸੀ। ਸਾਂਈ ਸਭ ਦੀ ਸੰਭਾਲ ਜਿਥੇ ਕਰੇਗਾ ਉਥੇ ਇਨ੍ਹਾਂ ਸਿਕਦਾਰਾਂ ਦੇ ਨਿਮਾਜ਼ਾਂ ਪੜ੍ਹਨ ਪੜ੍ਹਾਉਣ ਤੇ ਰੋਜ਼ੇ ਰੱਖਣ ਦਾ ਮੁਲ ਨਹੀਂ ਪਵੇਗਾ ਤਾਂ ਇਹ ਬੇਇਤਬਾਰੇ ਨੱਕ ਵੱਢਿਆਂ ਵਾਂਙੂ ਸਖਤ ਸ਼ਰਮਸਾਰ ਹੋਣਗੇ[੨]।

## ੨.

ਸਿਕਦਾਰ ਨੂੰ ਰੋਹ ਬੀ ਉਠਦਾ ਸੀ, ਪਰ ਸ਼ਰਮ ਬੀ ਪੈਂਦੀ ਸੀ। ਇਨਸਾਨ ਦੇ ਦਿਲ ਵਿਚ ਆਪਣੇ

---

੧ ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥ ਪਹਿਲੋ ਦੇ ਜੜ ਅੰਦਿਰਿ ਜੰਮੈ ਤਾ ਉਪਰਿ ਹੋਵੈ ਛਾਂਉ॥ {ਮਲਾ: ਵਾਰ: ਮ:੧-੨੨}

੧ ਉਲਟੀ ਵਾੜ ਖੇਤ ਕਉ ਖਾਈ {ਭਾਈ ਗੁਰਦਾਸ}

੨ ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ॥ ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ॥ {ਮ: ੧ ਵਾਰ ਮਲਾਰ}

ਉਪਰ ਲਿਖੀ ਬਾਤ ਚੀਤ ਸਲੋਕ ਮ: ੧ ਵਾਰ ਮਲਾਰ ੨੨ ਦਾ ਖੁੱਲ੍ਹਾ ਅਨੁਵਾਦ ਹੈ, ਜੋ ਗੁਰੂ ਜੀ ਨੇ ਇਸ ਵੇਲੇ ਬੀ ਉਚਾਰਿਆ ਤੇ ਜਨਮ ਸਾਖੀ ਵਿਚ ਇਸ ਪਰਿਥਾਇ ਲਿਖਿਆ ਹੈ। ਜਿਸ ਦਾ ਮੁੱਢ ਹੈ 'ਹਰਣਾਂ ਬਾਜਾ'।

'ਕੀਤੇ ਮਾੜੇ ਕੰਮਾਂ ਦੀ ਸ਼ਰਮ' ਇਸ ਨੂੰ ਸਭ ਤੋਂ ਵਧੀਕ ਨਿਤਾਣਿਆਂ ਕਰਨ ਵਾਲੀ ਸ਼ੈ ਹੈ ਤੇ ਇਹ ਕਦੇ ਨਾ ਕਦੇ ਅੰਦਰ ਬੈਠੀ ਆਪਣਾ ਅਸਰ ਪਾ ਹੀ ਦੇਂਦੀ ਹੈ, ਸੋ ਪਠਾਣ ਨੂੰ ਗੁਰੂ ਜੀ ਦੇ ਵਾਕ ਉਸ ਸ਼ਰਮ ਵਿਚ ਲਿਜਾ ਰਹੇ ਸਨ, ਨਾਲ ਪਾਪ ਬ੍ਰਿਤੀ ਉਹਲੇ ਆਸਰੇ ਬੀ ਲੱਭਦੀ ਸੀ ਕਿ ਕਿਵੇਂ ਗੁਰੂ ਜੀ ਸਾਫ ਨਾ ਮੈਨੂੰ ਆਖ ਕੇ ਇਹਨਾਂ ਲੋਕਾਂ ਵਿਚ ਸ਼ਰਮ ਸਾਰ ਕਰਨ ਜੋ ਭਾਵੇਂ ਏਹ ਜਾਣਦੇ ਤਾਂ ਹਨ, ਆਪ ਬੀ ਉਸਦੇ ਹਿੱਸੇਦਾਰ ਹਨ, ਖਾਂਦੇ ਪੀਂਦੇ ਤੇ ਜੱਸ ਵੀ ਮੇਰਾ ਕਰਦੇ ਹਨ। ਸੋ ਪਠਾਣ ਸੋਚ ਸੋਚ ਕੇ ਕਹਿਣ ਲਗਾ: ਹੇ ਫਕੀਰ ਸਾਂਈਂ ਦੇ!ਜਿਸ ਦੇ ਬਚਨਾਂ ਅਗੇ ਦਿਲ ਆਪੇ ਪਿਆ ਝੁਕਦਾ ਹੈ, ਸੁਣ ਸਾਡੇ ਲੋਕਾਂ ਦੀ ਮੁਸ਼ਕਲ-ਅਸੀਂ ਜੋ ਦਿਨ ਰਾਤ ਚੋਰਾਂ, ਯਾਰਾਂ ਤੇ ਕੂੜਿਆਰਾਂ ਦੇ ਮੁਕੱਦਮੇ ਕਰਦੇ ਤੇ ਲੋਕਾਂ ਨੂੰ ਕੈਦ ਕਰਦੇ ਤੇ ਫਾਹੇ ਦੇਂਦੇ ਰਹਿੰਦੇ ਹਾਂ, ਜੇ ਅਸੀ ਆਪਣੇ ਆਪ ਨੂੰ ਸੁੱਚਾ ਕਰਨਾ ਲੋੜੀਏ ਤਾਂ ਨਿਮਾਜ਼ਾਂ ਤੇ ਸਤਿਸੰਗ ਨਾ ਕਰੀਏ?ਮੈਂ ਤਾਂ ਇਸ ਵੇਲੇ ਚਾਰ ਘੜੀਆਂ ਖੁਦਾ ਦੇ ਰਾਹ ਤੇ ਖਰਚ ਕਰਦਾ ਹਾਂ ਜੋ ਮੇਰਾ ਭਲਾ ਹੋਵੇ। ਇਹ ਨੇਕ ਕੰਮ ਬੀ ਦਰਗਾਹੇ ਕਬੂਲ ਨਹੀਂ ਪੈਂਦਾ ?ਕਿ ਖ਼ੁਦਾਵੰਦਗਾਰ ਗ਼ੀਬਾਂ ਕੰਗਲਿਆਂ ਨਾਲ ਖੁਸ਼ ਹੈ ਤੇ ਖੁਦਾਪਰਸਤ ਸਿਕਦਾਰਾਂ ਨਾਲ ਰਿੰਜ ਚਾਹੀਦਾ ਤਾਂ ਇਹ ਹੈ ਕਿ ਵਡਿਆਂ ਦੇ ਵਡੇ ਦੁਖ ਦੇਖ ਕੇ ਉਨ੍ਹਾਂ ਤੇ ਵੱਧ ਖੁਸ਼ ਹੋਵੇ।

ਸ੍ਰੀ ਗੁਰੂ ਜੀ-ਭਾਈ ! ਨਿਬੇੜਾ ਹੁੰਦਾ ਹੈ ਹਉਂ ਹੰਕਾਰ ਉੱਤੇ। ਚਾਹੇ ਰਾਜਾ ਹੈ ਚਾਹੇ ਪਰਜਾ ਵਿਚੋਂ ਵਡਾ ਹੈ, ਜੋ ਹੰਕਾਰ ਵਿਚ ਹੈ ਬਿਰਥਾ ਹੀ ਹੰਕਾਰ ਵਿਚ ਹੈ। ਦੇਖ, ਹਾਥੀ ਕੇਡਾ ਵਡਾ ਹੈ ਤੇ ਉਸ ਦੇ ਖਾਣ ਦਾ ਕੇਡਾ ਵੱਡਾ ਮਾਪ ਹੈ। ਸੈ ਮਣ ਘਿਉ ਤੇ ਗੁੜ ਖਾ ਜਾਂਦਾ ਹੈ, ਦਾਣਾ ਤਾਂ ਪੰਜ ਸੌ ਖਾ ਜਾਂਦਾ ਹੈ, ਇਤਨਾ ਖਾ ਕੇ ਮਸਤੀ ਵਿਚ ਡਕਾਰਦਾ ਹੈ ਤੇ ਫੁੰਕਾਰੇ ਮਾਰਦਾ ਤੇ ਖੇਹ ਉਡਾਉਂਦਾ ਹੈ, ਅਰਥਾਤ ਹੰਕਾਰ ਵਿਚ ਆਪਣੇ ਤੁਲ ਕਿਸੇ ਨੂੰ ਨਹੀਂ ਜਾਣਦਾ, ਪਰ ਇਸ ਦੇ ਸ੍ਵਾਸ ਬੀ ਅੰਤ ਹੋ ਜਾਂਦੇ ਹਨ। ਉਹ ਵੱਡੇ ਆਕਾਰ ਵਾਲੀ ਦੇਹ ਮੋਈ ਪਈ ਇਕ ਪਸਚਾਤਾਪ ਦੀ ਜੀਉਂਦੀ ਤਸਵੀਰ ਹੁੰਦੀ ਹੈ ਕਿ ਕੀ ਹੇ ਹਾਥੀ ! ਤੂੰ ਆਪਣੇ ਇਸ ਅੰਤ ਪਰ ਡਕਾਰਦਾ ਫੁੰਕਾਰਦਾ ਤੇ ਖੇਹ ਉਡਾਉਂਦਾ ਸੈਂ[1]?

ਇਕ ਮੁੱਲਾਂ-ਹੇ ਫਕੀਰ! ਗਮਾਂ ਦੀ ਤਸਵੀਰ ਖਿੱਚਣ ਵਾਲੇ! ਕੀਹ ਇਨਸਾਨ ਹਾਥੀ ਵਰਗਾ ਪਸ਼ੂ ਹੋ ਗਿਆ? ਇਨਸਾਨ ਕਾਇਨਾਤ ਵਿਚ ਸਭ ਤੋਂ ਸ਼ਰੀਫ ਹੈ।

ਸ੍ਰੀ ਗੁਰੂ ਜੀ-ਭਾਈ ! ਨੈਣ ਉਘਾੜ ਕੇ ਚੁਫੇਰੇ ਤੱਕ ਲਓ, ਇਹ ਮਖ਼ਲੂਕ ਜੋ ਇਨਸਾਨ ਹੋਕੇ ਸ਼ਰੀਫ ਬਣਦੀ ਹੈ ਕੀਹ ਕੁਛ ਕਰ ਰਹੀ ਹੈ? ਉਸੇ ਤਰ੍ਹਾਂ ਹਾਥੀ ਵਾਂਙੂ ਹੀ ਹੰਕਾਰ ਕਰ ਕਰਕੇ ਹਉਮੈਂ ਵਿਚ ਬਫਾ ਬਫਾ ਕੇ ਮਰ ਰਹੀ ਹੈ, ਜਦੋਂ ਸਾਂਈ ਨੇ ਦੇਹ ਭੰਨ ਸਿਟੀ ਇਹ ਫੇਰ ਮਿੱਟੀ ਦੀ ਮਿੱਟੀ ਹੋ ਗਈ[2]।

ਮੁੱਲਾਂ-ਹੁਣ ਤਾਂ ਆਪ ਨੇ ਸਾਰੀ ਮਖਲੂਕ ਰੱਦ ਦਿੱਤੀ, ਕੀ ਸਾਰੀ ਦੀ ਸਾਰੀ ਅੰਨ੍ਹੀ ਹੈ?

ਸ੍ਰੀ ਗੁਰੂ ਜੀ-ਅਧੰਕਾਰ ਹੰਕਾਰ ਦਾ ਹੈ। ਹੰਕਾਰ ਅਗਯਾਨ ਵਿਚ ਹੁੰਦਾ ਹੈ, ਸੋ ਅੰਧਕਾਰ ਅਸਲੀ ਅਗਜਾਨ ਹੈ। ਜੋ ਅਗਜਾਨ ਵਿਚ ਹੈ, ਸੋ ਅੰਨ੍ਹਾ ਹੈ ਤੇ ਉਹ ਮਖਲੂਕ ਅੰਨੀ ਹੈ ਜੋ ਅਗਜਾਨ ਵਿਚ ਹੈ, ਪਰ ਉਹ ਅੰਨ੍ਹੀ ਨਹੀਂ ਜੋ ਅਗਜਾਨ ਵਸ਼ ਨਹੀਂ, ਜੋ ਹੰਕਾਰ ਵਸ ਨਹੀਂ, ਜਿਸ ਨੂੰ ਆਪਣੇ ਅਸਲੇ ਦੀ ਸੋਝੀ ਆਈ ਹੈ, ਜੋ ਚਿੜੀ ਵਾਂਙੂ ਚਾਹੋ ਨਿੱਕੀ ਹੈ, ਜਿਸਦੀ ਖੁਰਾਕ ਬਹੁਤ ਥੋੜੀ ਹੈ, ਪਰ ਉਹ ਅਕਾਸ਼ਾਂ ਵਿਚ ਉਡਦੀ ਤੇ ਗਾਉਂਦੀ ਹੈ ਤੇ ਉਹ ਖੁਦਾ ਖੁਦਾ ਕਰ ਰਹੀ ਹੈ। ਉਹ ਚੰਗੀ ਹੈ, ਉਹ ਖੁਦਾ ਨੂੰ ਭਾ ਰਹੀ ਹੈ। ਇਸੇ ਤਰ੍ਹਾਂ ਉਹ ਗਰੀਬ ਹਾਥੀ ਵਰਗੇ ਫੂੰਕਾਰੇ ਮਾਰਨ ਵਾਲੇ ਹੰਕਾਰੀ ਤੋਂ ਚੰਗਾ ਹੈ ਜੋ ਮਸਾਂ ਮਸਾਂ ਪੇਟ ਭਰਦਾ ਹੈ, ਪਰ ਜਿਸ ਦੀ ਦ੍ਰਿਸ਼ਟੀ ਅਕਾਸ਼ਾਂ ਵਿਚ ਉੱਚੀ ਉਠਦੀ ਹੈ, ਜੋ ਪਰਮੇਸ਼ਰ ਦਾ ਨਾਮ ਲੈਂਦਾ ਹੈ, ਉਹ ਖੁਦਾ ਨੂੰ ਪਯਾਰਾ ਲਗਦਾ ਹੈ। ਹੇ ਦਾਨੇ! ਚੰਗਾ ਉਹ ਹੈ, ਜੋ ਖੁਦਾ ਨੂੰ ਭਾਉਂਦਾ ਹੈ, ਚਾਹੋ ਵਡਾ ਚਾਹੋ ਛੋਟਾ[3]।

ਇਕ ਹੋਰ ਕਾਜ਼ੀ ਬੋਲਿਆ: ਫਿਰ ਸਾਂਈ

---

[1] ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥
ਡਕੈ ਫੂਕੇ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥
[2] ਅੰਧੀ ਫੂਕਿ ਮੁਈ ਦੇਵਾਨੀ॥ ਖਸਮਿ ਮਿਟੀ ਫਿਰ ਭਾਨੀ॥
[3] ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥
ਖਸਮੈ ਭਾਵੈ ਓਹਾ ਚੰਗਾ ਜਿ ਕਰੇ ਖੁਦਾਇ ਖੁਦਾਇ॥

ਮਲਾਰ ਮ: ੧


www.sikhbookclub.com

ਵਾਲੇ! ਦੁਨੀਆਂ ਦਾ ਨਜ਼ਾਮ (ਬੰਦੋਬਸਤ) ਕੀਕੂੰ ਚੱਲੇ? ਇਹ ਜੋ ਹਾਕਮ ਲੋਕ ਹੈਨ ਇਨ੍ਹਾਂ ਨੂੰ ਮਾਫ਼ੀ ਚਾਹੀਏ, ਕੰਮ ਜੋ ਔਖਾ ਹੋਇਆ। ਵਡੇ ਨਾ ਬਨਣ, ਹੰਕਾਰ ਨਾ ਕਰਨ ਤਾਂ ਕੰਮ ਨਹੀਂ ਟੁਰਦਾ।

ਗੁਰੂ ਜੀ-ਕੰਮ ਅਕਲ ਨਾਲ ਟੁਰਦੇ ਹਨ, ਖੁਦਾ ਦੀ ਮਿਹਰ ਨਾਲ ਟੁਰਦੇ ਹਨ, ਹੰਕਾਰ ਨਾਲ ਵਿਗੜਦੇ ਹਨ। ਜਿਵੇਂ ਸ਼ੇਰ ਬਨ ਦਾ ਰਾਜਾ ਕਹੀਦਾ ਹੈ, ਉਟ ਬਲਵਾਨ ਹੋਕੇ ਸੈਂਕੜੇ ਮਿਰਗ ਮਾਰਕੇ ਖਾ ਜਾਂਦਾ ਹੈ ਤੇ ਉਸਦੇ ਬਚੇ ਖੁਚੇ ਉਤੇ ਹੋਰ ਅਨੇਕਾਂ ਜੰਤੂ ਪਲਦੇ ਹਨ ਤੇ ਓਹ ਇਸ ਹੰਕਾਰ ਵਿਚ ਜਦ ਬੋਕਦਾ ਹੈ ਤਾਂ ਆਪਣੇ ਘੁਰਨੇ ਬੀ ਨਹੀ ਮਾਉਂਦਾ; ਭਾਵ ਜਾਮਿਓਂ ਬਾਹਰ ਹੋ ਜਾਂਦਾ ਹੈ। ਪਰ ਉਸਦਾ ਬੀ ਅੰਤ ਦਮ ਨਿਕਲ ਜਾਂਦਾ ਹੈ, ਮਾਨੋਂ ਪੱਲੇ ਪਛੁਤਾਵਾ ਹੀ ਰਹਿ ਜਾਂਦਾ ਹੈ ਕਿ ਹਾਏ ਉਮਰਾ ਵਿਅਰਥ ਗੁਆ ਲਈ ਤਿਵੇਂ ਮਨੁੱਖਾਂ ਦੇ ਰਾਜੇ ਬਲਵਾਨ ਹੋਕੇ ਮਾਰਾਂ ਮਾਰਦੇ ਹਨ ਤੇ ਉਨ੍ਹਾਂ ਦੇ ਚਾਕਰ ਅਮੀਰ ਉਮਰਾ ਹਾਕਮ ਬੀ ਪਲਦੇ ਹਨ ਤੇ ਰਾਜਾ ਬੀ ਹੰਕਾਰ ਵਿਚ ਆਕੇ ਬਫਾਉਂਦਾ ਹੈ ਕਿ ਹਮਾਰੇ ਜੈਸਾ ਕੋਈ ਨਹੀਂ ਜਗਤ ਮੇਂ! ਪਰ ਉਹ ਅੰਨ੍ਹਾਂ ਹੈ ਹੰਕਾਰ ਵਿਚ, ਉਸਨੂੰ ਸੁੱਝਦਾ ਕੁਛ ਨਹੀਂ, ਉਸਨੂੰ ਨਹੀਂ ਸਮਝ ਪੈਂਦੀ ਕਿ ਮੈਂ ਬੁੱਕ ਬੁੱਕ ਕੇ (ਹੰਕਾਰ ਵਿਚ ਆਕੇ) ਕਿਸ ਨੂੰ ਸੁਣਾ ਰਿਹਾ ਹਾਂ। ਦੁਨੀਆਂ ਦੇ ਲੋਕ ਉਸਦੇ ਹੰਕਾਰ ਦੇ ਹਥੋਂ ਦੁਖੀ ਹਨ। ਓਹ ਉਸ ਦੇ ਬੁਕਣ ਉਤੇ ਖੁਸ਼ ਨਹੀਂ ਹੋ ਸਕਦੇ ਤੇ ਉਧਰ ਖ਼ੁਦਾ, ਜੋ ਖਸਮ ਹੈ ਸਾਰੀ ਕਾਇਨਾਤ ਦਾ, ਉਸਨੂੰ ਤਾਂ ਹੰਕਾਰ ਵਿਚ ਬੁੱਕਣ ਵਾਲਾ ਮੂਲੋਂ ਨਹੀਂ ਭਾਉਂਦਾ[1]। ਖੁਦਾ ਨੂੰ ਤਾਂ ਉਹ ਗਰੀਬ ਭਾਉਂਦਾ ਹੈ ਜੋ ਹੋਵੇ ਤਾਂ ਅੱਕ ਤੇ ਬੈਠਣ ਵਾਲਾ ਮੱਕੜੀ ਵਰਗਾ ਟਿੱਡਾ, ਜੋ ਅੱਕ ਨਾਲ ਪ੍ਰੀਤ ਕਰਦਾ ਹੈ ਤੇ ਅੱਕ ਦੀਆਂ ਡਾਲੀਆਂ ਤੇ ਬੈਠਦਾ ਹੈ ਤੇ ਅੱਕ ਦੇ ਪੱਤੇ ਖਾ ਕੇ ਹੀ ਪੇਟ ਭਰ ਲੈਂਦਾ ਹੈ, ਪਰ ਖੁਦਾਵੰਦ ਕਰੀਮ ਦਾ ਨਾਮ ਜਪਦਾ ਹੈ। ਸਦਾ ਕਰਦਾ ਰਹਿੰਦਾ ਹੈ 'ਯਾ ਖੁਦਾ ਯਾ ਖੁਦਾ[1]। ' ਐਸਾ ਬੰਦਾ ਕਿਸੇ ਨੂੰ ਦੁਖਾਉਂਦਾ ਨਹੀਂ, ਸਰੇ ਤਾਂ ਸੁਖ ਦੇਂਦਾ ਹੈ, ਟਉਂ ਹੰਕਾਰ ਤੋਂ ਖਾਲੀ ਹੁੰਦਾ ਹੈ ਤੇ ਆਪਣੇ ਪਰਵਰਦਗਾਰ ਨਾਲ ਜੁੜਿਆ ਹੋਇਆ ਹੁੰਦਾ ਹੈ।

ਕਾਜ਼ੀ-ਖੁਦਾ ਦੇ ਬੰਦੇ! ਤੂੰ ਠੀਕ ਕਿਹਾ ਹੈ- ਖੁਦਾ ਦੀ ਯਾਦ ਤੇ ਗ਼ਰੀਬੀ ਚੰਗੀਆਂ ਚੀਜ਼ਾ ਹੈਨ ਪਰ ਜਦ ਅਸੀਂ ਏਥੇ ਖੁਦਾ ਦਾ ਜ਼ਿਕਰ ਕਰਨ ਵਾਸਤੇ ਉਸਦੇ ਕਾਰਨਾਮੇ ਕਹਿਣ ਸੁਣਨ ਵਾਸਤੇ ਤੇ ਨੇਕੀ ਖ਼ੁਦਾ ਦੇਵੇ ਦੀ ਅਰਦਾਸ ਵਾਸਤੇ ਆ ਜੁੜਦੇ ਹਾਂ ਤਾਂ ਅਸੀਸ ਦੇਹ ਕਿ ਅਸੀ ਤਰ ਜਾਈਏ, ਸਾਡੇ ਇਸੇ ਕਰਮ ਨੂੰ, ਜਿਸ ਨੂੰ ਚੰਗਾ ਪਏ ਕਹਿੰਦੇ ਹੋ, ਕਿਉਂ ਇਸ਼ਾਰਿਆਂ ਨਾਲ ਮਾੜਾ ਮਾੜਾ ਆਖੀ ਜਾਂਦੇ ਹੋ।

ਪਠਾਣ-ਠੀਕ ਤਾਂ ਹੈ ਅੱਲਾ ਵਾਲੇ! ਜੇ ਖੁਦਾ ਦਾ ਨਾਮ ਲਿਆਂ ਤੇ ਪੜ੍ਹਿਆਂ ਸੁਣਿਆਂ ਛੁਟਕਾਰਾ ਨਹੀਂ ਹੋਵੇਗਾ ਤਾਂ ਹੋਰ ਕਿਸ ਤਰ੍ਹਾਂ ਹੋਵੇਗਾ?

ਸ੍ਰੀ ਗੁਰੂ ਜੀ-ਭਾਈ! ਇਸ ਤਰ੍ਹਾਂ ਦੀਆਂ ਗਲਾਂ ਨਾਲ ਕੀਟ ਬਣਦਾ ਹੈ? ਖੁਦਾ ਗਲਾਂ ਨਾਲ ਨਹੀਂ ਪਤੀਜਦਾ, ਅਮਲਾਂ ਨਾਲ ਪਤੀਜਦਾ ਹੈ। ਜੇ ਉਸਦਾ ਨਾਮ ਲੈਂਦੇ ਹੋ ਤਾਂ ਉਸਦੇ ਨਾਲ ਜੁੜੋ, ਨਾਮ ਤਾਂ ਸਾਂਈ ਦੀ ਪ੍ਰੀਤ ਹੈ, ਤੁਸੀਂ ਤਾਂ ਬਹਿਸਾਂ ਕਰਦੇ ਤੇ ਝਗੜਦੇ ਹੋ। ਤੁਸੀਂ ਜਗਤ ਨੂੰ ਪੜ੍ਹ ਸੁਣਾਉਂਦੇ ਹੋ ਕਿ ਤੁਸੀਂ ਅੱਲਾ ਵਾਲੇ ਹੋ, ਪਰ ਹੋ ਤੁਸੀਂ ਗੱਲਾਂ ਵਾਲੇ, ਛੱਡ ਨਹੀਂ ਸਕਦੇ ਹੋ ਉਹਨਾਂ ਰਸਾਂ ਕਸਾਂ ਨੂੰ ਜਿਨ੍ਹਾਂ ਨੂੰ ਪੜ੍ਹਦੇ ਹੋ ਕਿ ਹਨ ਤਾਂ ਮਾੜੇ, ਪਰ ਜੋ ਫੇਰ ਭੋਗੀ ਜਾਂਦੇ ਹੋ! ਇਹ ਜੋ ਸਰੀਰ ਦੇ ਭੋਗਾਂ ਦੇ ਰਸ, ਜਿਨ੍ਹਾਂ ਵਿਚ ਅੰਧੇ ਲੋਕ ਸਿਰ ਤੋਂ ਪੈਰਾਂ ਤੀਕ ਡੁਬ ਜਾਂਦੇ, ਇਹ ਚਾਰ ਦਿਨਾਂ ਦੇ ਹਨ, ਸਰੀਰ ਨੇ ਨਹੀਂ ਰਹਿਣਾ, ਇਨ੍ਹਾਂ ਨੇ ਨਹੀਂ ਰਹਿਣਾ। ਜਿਵੇਂ ਮੱਖੀ ਸ਼ਹਿਦ ਪਰ ਜਾ ਬੈਠਦੀ ਹੈ ਉਹ ਸ਼ਹਿਦ ਭੋਗਦੀ ਵਿਚੇ ਧਸਦੀ ਜਾਂਦੀ ਹੈ। ਉਹ ਸ਼ਹਿਤ ਹੀ ਉਸ ਦੀ ਮੌਤ ਬਣ ਜਾਂਦੀ ਹੈ। ਤਿਵੇਂ ਲੋਭ ਮੋਹ ਵਿਚ ਜੀਵ ਫਸਦਾ ਫਸਦਾ ਵਿਚੇ ਹੀ ਮਰਦਾ ਹੈ ਤੇ ਪੜ੍ਹੇ ਸੁਣੇ ਕਹੀ ਜਾਂਦੇ ਹਨ ਇਹੋ ਗੱਲਾਂ, ਪਰ ਛੱਡ ਨਹੀਂ

[1] ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥ ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਆ ਪਛੁਤਾਇ॥ ਅੰਧਾ ਕਿਸ ਨੋ ਬੁਕਿ ਸੁਣਾਵੈ ॥ ਖਸਮੈ ਮੂਲ ਨ ਭਾਵੈ ॥
{ਵਾਰ: ਮਲਾ: ਮ:੧: ੧੯}

[1] ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥ ਖਸਮੈ ਭਾਵੈ ਓਹੋ ਚੰਗਾ ਜੇ ਕਰੇ ਖੁਦਾਇ ਖੁਦਾਇ ॥
{ਵਾਰ: ਮਲਾ: ਮ:੧-੧੯}

ਸਕਦੇ। ਹਾਂ, ਜਿਨ੍ਹਾਂ ਨੇ ਸਾਂਈ ਨਾਲ ਨਾਮ ਦੀ ਲੋ ਅੰਦਰੋਂ ਲਾਈ ਹੈ ਉਹਨਾਂ ਤੇ ਸਾਂਈਂ ਦਾ ਫਜ਼ਲ ਹੁੰਦਾ ਹੈ, ਉਨ੍ਹਾਂ ਨੂੰ ਸਾਂਈਂ ਬਚਾ ਲੈਂਦਾ ਹੈ, ਉਹਨਾਂ ਨੂੰ ਕੱਢ ਲੈਂਦਾ ਹੈ ਜਗਤ ਦੇ ਸੁਖਾਂ ਦੀ ਗ਼ਰਕਾਬੀ ਤੋਂ ਓਹ ਫਿਰ ਭੌਜਲ ਸੰਸਾਰ ਤੋਂ ਤਰ ਜਾਂਦੇ ਹਨ[1]। ਤਾਂਤੇ ਖ਼ੁਦਾ ਦੇ ਖ਼ੌਫ ਵਿਚ ਆਓ, ਉਸ ਅੱਗੇ ਦੁਆ ਕਰੋ, ਅਮਲ ਨੇਕ ਕਰੋ ਤੇ ਉਸਨੂੰ ਯਾਦ ਰੱਖੋ, ਫਿਰ ਇਸ ਦੁਨੀਆਂ ਤੋਂ ਫਤੇ ਮੰਦ ਜਾਓਗੇ, ਛੋਟੇ ਹੋਵੋ ਚਾਹੇ ਵੱਡੇ।

### ੩.

ਹੁਣ ਗੁਰੂ ਜੀ ਚੁਪ ਕਰ ਗਏ, ਪਰ ਇਕ ਅਚਰਜ ਨਜ਼ਰ ਨਾਲ ਤੱਕੇ ਜੋ ਚੀਰਵੇਂ ਵੇਗ ਨਾਲ ਉਸਦੀਆਂ ਅੱਖੀਆਂ ਥਾਣੀ ਲੰਘਕੇ ਕਾਲਜੇ ਨੂੰ ਹਿਲਾ ਗਈ। ਦਿਲ ਦਾ ਥਰ, ਜੋ ਮਾੜੇ ਕੰਮ ਕਰ ਕਰਕੇ ਦਿਲ ਉਤੇ ਬੱਝ ਰਿਹਾ ਸੀ, ਟੁੱਟ ਪਿਆ। ਆਪਣੇ ਕੀਤੇ ਕੰਮ ਮੂਰਤਾਂ ਧਾਰਕੇ ਉਸ ਟੁੱਟੇ ਥਰ ਦੇ ਹੇਠੋਂ ਨਿਕਲ ਪਏ। ਦਿਤੇ ਦੁਖਾਂ ਦੇ ਨਕਸ਼ੇ ਅੱਖਾਂ ਅੱਗੇ ਆ ਖੜੋਤੇ, ਸਰੀਰ ਨੇ ਇਕ ਝੰਜੂਣਾ ਖਾਦਾ। ਨੈਣ ਗੁਰੂ ਜੀ ਦੇ ਨੈਣਾਂ ਵੱਲ ਤੱਕਦੇ ਹੇਠਾਂ ਨੂੰ ਝੁਕੇ ਤੇ ਕਦਮਾਂ ਤੇ ਜਾ ਟਿਕੇ। ਸਿਕਦਾਰ ਪਠਾਣ ਨੂੰ ਫੇਰ ਕਾਂਬਾ ਜਿਹਾ ਆਇਆ ਤੇ ਸਰੀਰ ਝੁਕਿਆਂ ਤੇ ਬੇਵਸੇ ਕੋਰਨਿਸ਼ ਹੋ ਗਈ।

ਸ੍ਰੀ ਗੁਰੂ ਜੀ-ਆਪਾ ਸੰਭਾਲ ਭਾਈ ! ਅਜੇ ਵੇਲਾ ਹੈ ਜੇ ਹੋਸ਼ ਕਰੇਂ ਤਾਂ। ਹਾਂ, ਪਰਜਾ ਦੀ ਕੁਰਲੱਟ ਪੈ ਰਹੀ ਹੈ ਤੇ ਪੈਣੀ ਹੈ, ਓਹ ਸਾਰੀ ਬਚ ਸਕਦੀ ਹੈ।

ਪਠਾਣ-ਹੇ ਅੱਲਾ ਵਾਲੇ ! ਅਸਾਂ ਤਾਂ ਜਾਣਿਆ ਸੀ ਕਿ ਰਾਜ ਬਹਿਸ਼ਤ ਹੈ, ਪਰ ਆਪਨੇ ਕੁਝ ਹੋਰ ਦਿਖਾ ਦਿੱਤਾ ਹੈ ਅਸੀਂ ਇਕ ਪਾਸੇ ਰਾਜ ਕਰਦੇ ਸਾਂ ਦੂਜੇ ਪਾਸੇ ਇਨ੍ਹਾਂ ਵਿਦਯਾ ਵਾਲੇ ਆਲਮਾਂ ਦੀ ਸੁਹਬਤ ਕਰਦੇ ਤੇ ਨਿਮਾਜ਼ਾਂ ਪੜਦੇ ਸਮਝਦੇ ਸਾਂ ਕਿ ਬੁਰੇ ਕਰਮ ਨਿਬੜਦੇ ਜਾਂਦੇ ਹਨ। ਤੁਸੀਂ ਆਖਦੇ ਹੋ ਕਿ ਮਾੜੇ ਕਰਮ ਮਾੜੇ ਹਨ ਤੇ ਅੱਗੇ ਜਾ ਕੇ ਧੱਕੇ ਦੇਣਗੇ।

ਸ੍ਰੀ ਗੁਰੂ ਜੀ-ਮਾੜੇ ਕਰਮੀ ਏਥੇ ਓਥੇ ਸਭ ਥਾਂ ਧੱਕੇ ਤੇ ਧੱਕੇ ਧੋੜੇ ਤਾਂ ਐਉਂ ਹਨ ਜਿਵੇਂ ਵਿਹੁ ਦੇ ਬੀਜ ਤੋਂ ਵਿਹ ਦਾ ਬੂਟਾ ਉੱਗਦਾ ਹੈ। ਜੇ ਭਾਈ ਤੂੰ ਏਥੇ ਮਸਲੇ ਪੜ੍ਹਦਾ ਸੁਣਦਾ ਹੈਂ ਤੇ ਸ਼ਹਿਰ ਜਾ ਕੇ ਲੋਕਾਂ ਨਾਲ ਧਰੋਹ ਕਰਦਾ ਤੇ ਪੀੜਾ ਦੇਂਦਾ ਹੈ ਤਾਂ ਪੀੜਾਂ ਬੀਜਕੇ ਤੇਰੇ ਲਈ ਪੀੜਾਂ ਹੀ ਉੱਗਣਗੀਆਂ, ਏਥੇ ਲੋਕਾਂ ਦੇ ਦਿਲਾਂ ਦੇ ਸਾੜ ਇਕੱਠੇ ਹੋਕੇ ਕਿਸੇ ਦਿਨ ਤੈਨੂੰ ਰਾਜ ਤੋਂ ਡੇਗ ਦੇਣਗੇ, ਅੱਗੇ ਤੇਰੇ ਆਤਮਾਂ ਦੇ ਅੱਗੇ ਕੀਤੇ ਕਰਮ ਪੀੜਾ ਹੀ ਲਿਆਉਣਗੇ[1]।

ਪਠਾਣ-ਰਾਜ ਤਾਂ ਫੇਰ ਬੁਰਾ ਕੰਮ ਹੈ।

ਸ੍ਰੀ ਗੁਰੂ ਜੀ-ਹਾਂ ਭਾਈ ! ਰਾਜ, ਮਾਲ, ਰੂਪ, ਜਾਤਿ ਤੇ ਜੋਬਨ ਇਹ ਪੰਜ ਠੱਗ ਹਨ। ਰਾਜੇ ਨੂੰ ਰਾਜ ਦਾ 'ਮਦ' ਹੋਸ਼ ਵਿਚ ਨਹੀਂ ਰਹਿਣ ਦੇਂਦਾ, ਇਸ ਦੇ ਜ਼ੋਰ ਉਹ ਬਫਾਉਂਦਾ ਹੈ; ਵਧੀਕੀਆਂ ਤੇ ਪਾ ਕਰਦਾ ਹੈ। ਉਸ ਦਾ ਧਰਮ ਸੀ ਨਿਆਂ ਕਰਨਾ, ਪਰਜਾ ਨੂੰ ਪਾਲਣਾ, ਪਰਜਾ ਨੂੰ ਸੁਖੀ ਰਖਣਾ, ਪਰਜਾ ਦੀ ਰਾਖੀ ਦਾ ਦੁੱਖ ਆਪਣੇ ਸਿਰ ਲੈਣਾ, ਪਰ ਉਹ ਰਾਜਨੂੰ ਐਸ਼ ਦਾ ਸਾਧਨ ਬਣਾਉਂਦਾ ਹੈ ਤੇ ਐਸ਼ਾਂ ਲਈ ਵਾਫਰ ਧਨ ਲੋੜੀਏ, ਧਨ ਲਈ ਜ਼ੋਰ ਜ਼ੁਲਮ ਕਰਦਾ ਹੈ, ਇਉਂ ਰਾਜ ਇਕ ਠੱਗ ਬਣ ਜਾਂਦਾ ਹੈ, ਜਿਸਦੇ ਹੱਥੋਂ ਰਾਜੇ ਆਪਣਾ ਆਪ ਠਗਾਕੇ ਮੁੱਠੇ ਚਲੇ ਜਾਂਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਪਾਸ ਰਾਜ ਨਹੀਂ ਪਰ ਬਹੁਤ ਮਾਲ ਧਨ ਹੈ, ਓਹ ਇਸਦੇ ਅਹੰਕਾਰ ਵਿਚ ਬਫਾ ਉਠਦੇ ਹਨ। ਮਾਲ ਦਾ ਮਦ ਬੀ ਬੜਾ ਹੁੰਦਾ ਹੈ, ਕਿਉਂਕਿ ਮਾਲ ਧਨ ਇਕ ਤਾਕਤ ਹੈ, ਜੋ ਜਗਤ ਦੇ ਸੁੱਖ ਤੇ ਬੰਦਿਆਂ ਨੂੰ ਖ਼ਰੀਦ ਲੈਂਦਾ ਹੈ। ਜਿਸ ਪਾਸ ਵਾਫਰ ਧਨ ਸੀ, ਚਾਹੀਦਾ ਸੀ ਕਿ ਉਹ ਜੁਗਤ ਵਰਤਦਾ, ਬਹੁਤੇ ਹੋਣ ਦੀ ਬਹੁਤੀ ਜ਼ਿੰਮੇਵਾਰੀ ਪ੍ਰਤੀਤ ਕਰਦਾ ਤੇ ਉਸਨੂੰ ਮਨੁੱਖਾਂ ਦੀ ਪੀੜਾ ਹਰਨ ਤੇ ਵਰਤਦਾ, ਤਦ ਉਸਦੀ ਹੋਸ਼ ਟਿਕਾਣੇ ਰਹਿੰਦੀ ਤੇ ਜਿਉਂ ਜਿਉਂ ਭਲਾ ਕਰਦਾ ਉਸਦੀ ਮਤ ਉੱਜਲ ਹੁੰਦੀ

---

[1] ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥ ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥ਮਖੀਂ ਮਿਠੈ ਮਰਣਾ ॥ਜਿਨ ਤੂੰ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰ ਤਰਣਾ॥੨॥ {ਵਾਰ ਮਲਾਰ ਮ: ੧}

ਇਹ ਵਾਰਤਾਲਾਪ ਮਲਾਰ ਵਾਰ ਮ:੧ ਦੇ ੧੯ ਸਲੋਕ ਦਾ ਖੁਲ੍ਹਾ ਅਨੁਵਾਦ ਹੈ, ਜੋ ਸਲੋਕ ਜ: ਸਾ:ਵਿਚ ਇਸ ਪਰਥਾਇ ਦਿਤਾ ਹੈ। ਪਰ ਇਹ ਸਲੋਕ ਪਹਿਲੇ ਦਾ ਉਚਾਰਿਆ ਤੇ ਵਰਤਿਆ ਹੋਇਆ ਬੀ ਹੈ-ਜਦੋਂ ਗੁਰੂ ਜੀ ਅਬਦੁਲ ਰਹਿਮਾਨ ਦੇ ਹੁਜਰੇ{ਸ਼ਾਹ ਮੁਕੀਮ ਦੇ ਹੁਜਰੇ ਵਾਲੇ ਟਿਕਾਣੇ}ਗਏ ਸਨ।

[1] ਬੀਜੈ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥ {ਆਸਾ ਮ:੧}

ਤੇ ਉਹ ਰੱਬ ਦੇ ਨਾਉਂ ਵਿਚ ਉੱਚਾ ਹੁੰਦਾ ਹੈ। ਪਰ ਉਸ ਨੂੰ ਬਹੁਤੀ ਦਾ ਮਦ ਚੜ੍ਹਦਾ ਹੈ, ਕੱਚੇ ਕੁਸ਼ਾਮਦੀ ਆਕੇ ਉਹਦੇ ਮਨ ਨੂੰ ਵਧਾਉਂਦੇ ਹਨ ਤੇ ਉਸ ਦੇ ਧਨ ਦਾ ਲਾਭ ਆਪ ਲੈਣ ਲਈ ਉਸ ਨੂੰ ਮੰਦੇ ਕੰਮਾਂ ਵਿਚ ਪਰੇਰਦੇ ਹਨ, ਐਉਂ ਉਹ ਰਸਾਂ ਕਸਾਂ ਵਿਚ ਲਗਕੇ ਪਾਪ ਕਰਮਾਂ ਤਕ ਪਹੁੰਚ ਕੇ ਆਪਾ ਠਗਾ ਬੈਠਦਾ ਹੈ ਤੇ ਏਥੇ ਓਥੇ ਬਦਨਾਮੀ ਦੇ ਦੁੱਖ ਸਹੇੜਦਾ ਹੈ। ਇਸੇ ਤਰ੍ਹਾਂ ਕਈ ਬੰਦੇ ਜਾਤਿ ਵਿਚ ਉੱਚੇ ਹਨ, ਜਿਵੇਂ ਹਿੰਦੂਆਂ ਵਿਚ ਬ੍ਰਾਹਮਣ ਤੇ ਮੁਸਲਮਾਨਾਂ ਵਿਚ ਸੱਯਦ ਹੈਨ। ਇਹ ਲੋਕ ਇਸ ਜਾਤਿ ਦੇ ਅਭਿਮਾਨ ਵਿਚ ਆਕੜ ਆਕੜ ਟੁਰਦੇ ਹਨ। ਇਹੋ ਅਭਿਮਾਨ ਇਨ੍ਹਾਂ ਨੂੰ ਹਉਮੈ ਨਹੀਂ ਜਿਤਣ ਦੇਂਦਾ। ਆਪੋ ਆਪਣੇ ਸ਼ਾਸ਼ਤ੍ਰ ਪੜ੍ਹਦੇ ਸੁਣਦੇ ਆਪਣੀ ਵਡਿਤ ਵਿਚ ਦੂਸਰਿਆਂ ਤੇ ਵਧੀਕੀਆਂ ਤੇ ਅਨਿਆਇ ਕਰ ਬੈਠਦੇ ਹਨ। ਫੇਰ ਰੂਪ ਹੈ ਤੇ ਜੋਬਨ, ਰੂਪ ਦਾ ਭੀ ਅਭਿਮਾਨ ਹੁੰਦਾ ਹੈ। ਇਸ ਵਿਚ ਆ ਕੇ ਬੀ ਜੀਵ ਹਉਮੈਂ ਨੂੰ ਜਿੱਤਣੋਂ ਰਹਿ ਜਾਂਦਾ ਹੈ। ਦਿੱਤੀ ਤਾਂ ਦਾਤ ਸਾਂਈਂ ਨੇ ਸੀ, ਜੋ ਸੋਝੀ ਆਵੇ ਕਿ ਜਿਵੇਂ ਸ਼ਰੀਰ ਸੁਹਣਾ ਹੈ, ਓਹੋ ਜਿਹਾ ਮਨ ਸੁਹਣਾ ਹੋਵੇ, ਪਰ ਸਗੋਂ ਮਨੁੱਖ ਤੇ ਤ੍ਰੀਮਤਾਂ ਇਸ ਦੇ ਮਦ ਵਿਚ ਆ ਕੇ ਅਨੇਕਾਂ ਪਾਪਾਂ ਦੇ ਭਾਗੀ ਹੁੰਦੇ ਹਨ ਤੇ ਇਉਂ ਇਸ ਸੁਹਣੀ ਸ਼ੈ ਦੇ ਹਥੋਂ ਮਨੁੱਖਾ ਜਨਮ ਠਗਾ ਜਾਂਦੇ ਹਨ।

ਪਠਾਣ-ਹੇ ਦਾਤਾ! ਭਲਾ ਰੂਪ ਸੁੰਦਰਤਾ ਦਾ ਕੋਈ ਹੋਰ ਗੁਣ ਬੀ ਹੈ, ਇਹ ਤਾਂ ਹੁੰਦੀ ਹੀ ਭੋਗਾਂ ਨਮਿੱਤ ਹੈ!

ਸ੍ਰੀ ਗੁਰੂ ਜੀ-ਸੁੰਦਰਤਾ ਗੁਣ ਸਾਂਈ ਦਾ ਹੈ। ਉਹ ਸੁੰਦਰ ਹੈ ਸਭ ਸੁੰਦਰਾਂ ਨਾਲੋਂ ਵਧੀਕ। ਉਸਨੇ ਸੁੰਦਰਤਾ ਬਣਾਈ ਹੈ, ਜੋ ਜਗਤ ਦੇ ਮਨੁੱਖਾਂ, ਤ੍ਰੀਮਤਾਂ, ਜੰਤੂਆਂ, ਪੰਖੀਆਂ, ਫੁੱਲਾਂ, ਫਲਾਂ, ਬੂਟਿਆਂ, ਨਦੀਆਂ, ਸਰਾਂ, ਸਮੁੰਦਰਾਂ, ਪਹਾੜਾਂ, ਬਰਫਾਂ, ਝਰਨਿਆਂ ਵਿਚੋਂ ਪਈ ਛਾਲਾਂ ਮਾਰ ਮਾਰ ਸਾਡੇ ਮਨਾਂ ਨੂੰ ਮੋਂਹਦੀ ਹੈ[1]। ਚੰਦ, ਸੂਰਜ ਤਾਰੇ, ਨਛੱਤ੍ਰ, ਅਸਮਾਨ, ਪੌਣ ਪਾਣੀ ਸਾਰਿਆਂ ਵਿਚੋਂ ਸੁੰਦਰਤਾ ਮੀਂਹ ਵਾਂਙੂ ਛਹਿਬਰਾਂ ਲਾਉਂਦੀ ਹੈ। ਮਨੁੱਖ ਨੇ ਇਸ ਸੁੰਦਰਤਾ ਨੂੰ ਸਮਝਣੋਂ ਮਨ ਮੋੜ ਲਿਆ ਹੈ ਵਿਕਾਰਾਂ ਵੱਲ ਤੇ ਪ੍ਰਾਪਤ ਸੁੰਦਰਤਾ ਨੂੰ ਵਿਕਾਰਾਂ ਦੇ ਵਿਚ ਵਰਤਣ ਵਿਚ। ਸੁੰਦਰਤਾ ਤਾਂ ਸਾਡੇ ਮਨ ਨੂੰ ਸੁੰਦਰਤਾ ਦੇ ਭਾਵ ਵਿਚ ਮੋਂਹਦੀ ਹੈ ਤੇ ਸਾਨੂੰ ਸਾਡੇ ਆਪਣੇ ਆਪ ਵਿਚ ਲੀਨ ਕਰਨ ਨੂੰ ਕਰਦੀ ਹੈ ਪਰ ਅਸੀਂ ਸੁੰਦਰਤਾ ਤੱਕ ਕੇ ਸੁੰਦਰਾਂ ਨੂੰ ਜੱਫੇ ਮਾਰਦੇ ਹਾਂ। ਜਦੋਂ ਸੁੰਦਰਾਂ ਲਈ ਸਾਡੇ ਅੰਦਰ ਤ੍ਰਿਸ਼ਨਾ ਉਠੇ ਤੇ ਅਸੀਂ ਉਸ ਨੂੰ ਲੈਣ ਦੇ ਤਰੱਦਦ ਵਿਚ ਪੈ ਜਾਈਏ ਤਾਂ ਉਹ ਤ੍ਰਿਸ਼ਨਾ ਨਾਲ ਵਲੂੰਧਰੀ ਜਾਂਦੀ ਹੈ। ਸੋ ਸੁੰਦਰਤਾ ਦਾ ਦੂਸਰਾ ਵਰਤਾਉ ਇਹ ਹੈ ਕਿ ਜਦੋਂ ਉਹ ਆਪਣਾ ਮੋਹਨਹਾਰ ਅਸਰ ਸਾਡੇ ਮਨ ਉਤੇ ਪਾਵੇ ਤਾਂ ਉਸ ਵਿਚ ਲੀਨ ਹੋ ਜਾਈਏ। ਜੋ ਅਸਰ ਮੋਹੇ ਜਾਣ ਦਾ ਯਾ ਆਪੇ ਵਿਚ ਵਿਮੋਹਿਤ ਹੋ ਜਾਣ ਦਾ ਸਾਡੇ ਉਤੇ ਪਿਆ ਹੈ ਉਹ ਸਾਨੂੰ ਅੰਦਰ ਸਾਡੇ ਆਪੇ ਵਿਚ ਸੁੱਟ ਰਿਹਾ ਹੈ, ਸੋ ਉਸ ਵੇਲੇ ਆਪੇ ਵਿਚ ਟਿਕ ਜਾਵੀਏ। ਇਸ ਤਰ੍ਹਾਂ ਸੁੰਦਰਤਾ ਦਾ ਅਸਰ ਸਾਨੂੰ ਅੰਦਰ ਆਪੇ ਵਿਚ ਏਕਾਗਰ ਕਰਦਾ ਹੈ। ਜੇ ਹੁਣ ਅਸੀਂ ਸਤਿਸੰਗੀ ਹੋਵੀਏ ਤਾਂ ਸਾਨੂੰ ਸੁਮੱਤਿ ਮਿਲਦੀ ਹੈ ਕਿ ਸਾਰੀ ਸੁੰਦਰਤਾ ਸਾਂਈਂ ਦਾ ਪ੍ਰਕਾਸ਼ ਹੈ, ਇਹ ਉਸ ਕਾਦਰ ਨੇ ਕੁਦਰਤ ਵਿਚ ਆਪਣੇ ਜਲਵੇ ਦਾ ਇਕ ਪਰਤੌ ਦਿੱਤਾ ਹੈ, ਸੋ ਇਹ ਉਸ ਤੋਂ ਆਉਂਦੀ ਹੈ। ਐਉਂ ਦੀ ਸੁਮੱਤਿ ਹੇਠ ਜੋ ਸੁੰਦਰਤਾ ਦੇ ਝਲਕੇ ਵੇਲੇ ਆਪਣੇ ਆਪੇ ਵਿਚ ਜੁੜਦੇ ਹਨ, ਉਹ ਸਾਂਈ ਵਿਚ ਟਿਕਾਉ ਪਾਉਂਦੇ ਹਨ। ਇਸ ਨੂੰ ਹੇ ਖਾਨ! ਅਸੀਂ ਵਿਸਮਾਦ ਆਖਦੇ ਹਾਂ। ਕੁਦਰਤ ਵਿਚ ਰੱਖੀ ਹੋਈ ਕਾਦਰ ਦੀ ਸੁੰਦਰਤਾ ਦਾ ਕੰਮ ਹੈ ਸਾਨੂੰ ਸੋਚ ਮੰਡਲ ਯਾ ਫੁਰਨੇ ਦੇ ਮੰਡਲ ਵਿਚੋਂ ਕੱਢਕੇ ਸਾਡੇ ਆਪੇ ਵਿਚ ਸਿੱਟਣਾ, ਸਿਫਤ ਸਲਾਹ ਦੀ ਰੰਗਣ ਅੰਦਰ ਫੇਰ ਦੇਣੀ ਤੇ ਸਾਂਈ ਦੀ ਛੋਹ ਲਾ ਦੇਣੀ, ਇਹ ਵਿਸਮਾਦ ਹੈ, ਖਾਨਾ! ਵਿਸਮਾਦ। ਕੁਦਰਤ ਦੀ ਹਰ ਸ਼ੈ ਵਿਸਮਾਦ ਲਾਉਂਦੀ ਹੈ, ਪਰ ਇਨਸਾਨ ਤ੍ਰਿਸ਼ਨਾਲੂ ਤੇ ਸਥੂਲ ਰਸਾਂ ਦਾ ਭੋਗੀ ਹੋ ਰਿਹਾ ਹੈ, ਇਸ ਕਰਕੇ ਵਿਸਮਾਦ ਦੇ ਰਸ ਤੋਂ ਵਾਂਜਿਆ ਜਾ ਰਿਹਾ ਹੈ।

---

[1] ਪੰਚਮ ਗੁਰੂ ਜੀ ਦੇ ਵਾਕ ਹਨ:-

ਕਰਤੇ ਕੁਦਰਤੀ ਮੁਸਤਾਕੁ॥ {ਤਿਲੰਗ ਮ:੫}

ਪੁਨਾ-ਰੂਪਵੰਤ ਹੋਇ ਨਾਹੀ ਮੋਹੈ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ॥ {ਗਉੜੀ ਸੁਖਮਨੀ}

ਇਨਸਾਨ ਹੁਣ ਵਿਸ਼ੇ ਰਸਾਂ ਵਿਚ ਆਪਾ ਲੁਟਾ ਰਿਹਾ ਹੈ, ਵਿਸਮਾਦ ਰਸ ਵਿਚ ਆਕੇ ਆਪੇ ਨੂੰ ਇਕੱਠਿਆਂ ਤੇ ਬਲਵਾਨ ਨਹੀਂ ਬਣਾਂ ਰਿਹਾ ਹੈ। ਕੁਦਰਤ ਨਾਲ ਮੇਲ ਖਾਕੇ ਕਾਦਰ ਨਾਲ ਸਾਂਝੀਵਾਲ ਨਹੀਂ ਹੋ ਰਿਹਾ, ਪਰ ਸੁੰਦਰਾਂ ਨੂੰ ਲੈ ਲੈਣ ਦੀ ਤ੍ਰਿਸ਼ਨਾ ਨਾਲ ਜੱਫੇ ਮਾਰਦਾ ਦੀਸਣਹਾਰ ਨੂੰ ਚੰਬੜ ਰਿਹਾ ਹੈ ਦ੍ਰਿਸ਼ਟਾ ਨਾਲੋਂ ਟੁਟ ਰਿਹਾ ਹੈ।

ਪਠਾਣ-ਇਹ ਅਜੀਬ ਹੈ ਸੁੰਦਰਤਾ ਦੀ ਤਾਸੀਰ ਹੈਂ?-.... ਹਾਂ ਠੀਕ ਹੈ, ਠੀਕ ਹੈ। ਹੈਂ?.... ਪਰ ਹੇ ਦਾਤਾ ! ਕੀਹ ਕੁਦਰਤ ਦੀ ਹਰ ਸ਼ੈ ਵਿਚ ਇਹ ਸੁੰਦਰਤਾ ਤੇ ਹਰ ਸੁੰਦਰਤਾ ਵਿਚ ਇਹ ਤਾਸੀਰ ਹੈ?

ਸ੍ਰੀ ਗੁਰੂ ਜੀ 'ਵਿਸਮਾਦ ਵਿਸਮਾਦ' ਕਹਿੰਦੇ ਸੁਰ ਵਿਚ ਧੀਮੇ ਹੁੰਦੇ ਜਾਂਦੇ ਸਨ, ਨੈਂਣ ਜੁੜਦੇ ਜਾਂਦੇ ਸਨ, ਇਉਂ ਹੁੰਦੇ ਆਪ ਜੁੜ ਗਏ, ਅਡੋਲ ਚੁਪ ਹੋ ਗਏ। ਮਰਦਾਨਾ ਮਰਮੀ ਮਿੱਤ੍ਰ ਸ੍ਰੀ ਗੁਰੂ ਕੇ ਰੰਗਾਂ ਤੇ ਮਨੋਵੇਗਾਂ ਦਾ ਜਾਣੂ ਸੀ ਉਸਦੇ ਸਿਆਣੇ ਤੇ ਸੁਤੇ ਸਿਆਣੇ ਹੋ ਚੁਕੇ ਹੱਥ ਰਬਾਬ ਤੇ ਜਾ ਪਹੁੰਚੇ ਤੇ ਲਗੀਆਂ ਟੁੰਕਾਰਾਂ ਵੱਜਣ। ਗੁਰੂ ਕੇ ਪਿਆਰੇ ਰਾਗ ਆਸਾ ਦੀ ਸੁਰ ਬੱਝ ਗਈ, ਮਿੱਠੇ ਪਿਆਰੇ ਤੇ ਸੁੰਦਰਤਾ ਵਾਲੇ ਗਲੇ, ਮਰਦਾਨੇ ਦੇ ਰਸੀਲੇ ਗਲੇ ਨੇ-ਉਚਾਰ ਕੀਤਾ:-

ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥੧॥

{ਵਾਰ ਆਸਾ ਮ:੧}

ਮਰਦਾਨੇ ਨੇ ਹੁਣ ਸਲੋਕ ਗਾਉਂਕੇ ਚੁਪ ਕੀਤੀ, ਪਰ ਉਸਦੇ ਰਾਗ ਦੀ ਤਾਸੀਰ ਉਸਦੇ ਗਲੇ ਚੋਂ ਨਿਕਲੀ ਸੰਗੀਤਕ ਸੁੰਦਰਤਾ ਸਾਰਿਆਂ ਨੂੰ ਆਪੇ ਵਿਚ ਜੋੜ ਗਈ। ਜਦ ਸਭਨਾਂ ਦੇ ਨੈਂਣ ਖੁਲ੍ਹੇ ਤੇ ਗੁਰੂ ਨਾਨਕਦੇਵਜੀ ਦੀ ਸੁਹਣੀ ਰਸਨਾ ਉਚਾਰ ਰਹੀ ਸੀ-ਵਾਹ, ਵਾਹ, ਵਾਹਤੇ ਸੁੰਣਨਹਾਰ ਬੀ ਬੇਵਸੇ ਕਹਿ ਉਠੇ-ਵਾਹ ਵਾਹ!

ਮੁਫਤੀ (ਕੁਛ ਚਿਰ ਠਹਿਰਕੇ)-ਸੱਚ ਕਿਹਾ ਹੈ ਕਿਸੇ ਨੇ : ਕੱਖ ਦੇ ਉਹਲੇ ਲੱਖ ਹੈ। ਅੱਲਾ ਵਾਲੇ ਨੇ ਕੇਡੀ ਸੁਹਣੀ ਗੱਲ ਸਮਝਾਈ ਹੈ। ਉਹੋ ਸੁੰਦਰਤਾ ਹੈ ਜਿਸਨੂੰ ਅਸਾਂ ਪਲ ਭਰ ਦਿਲ ਖੁਸ਼ ਕਰਨੇ ਵਾਲੀ ਜਾਤਾ ਸੀ, ਉਸੇ ਨੂੰ ਅਸਾਂ ਤਾਂ ਭੋਗਾਂ ਵਿਚ ਪਲਟਾ ਕੇ ਆਪਣਾ ਆਪ ਨਿਤਾਣਾ ਕਰ ਲਿਆ ਤੇ ਉਸੇ ਸੁੰਦਰਤਾ ਦੀ ਤਾਸੀਰ ਜੇ ਅਸੀਂ ਆਪਣੇ ਅੰਦਰ ਜਜ਼ਬ ਕਰਦੇ ਤਾਂ ਆਪੇ ਵਿਚ ਰਸ ਆ ਜਾਂਦਾ-ਵਿਸਮਾਦ। ਕਿਨ੍ਹਾਂ ਰਸ ਆਇਆ ਹੈ-ਵਿਸਮਾਦ। ਇਸ ਸੁਹਣੇ ਗਵੱਯੇ ਦੇ ਰਾਗ ਦਾ ਕੇਡਾ ਸੁਆਦ ਹੈ ਵਾਹ ਵਾਹ। ਸੱਚਮੁੱਚ ਸਾਨੂੰ ਰਾਜ, ਮਾਲ, ਜਾਤਿ ਦੇ ਰੂਪ ਠੱਗ ਰਹੇ ਹਨ। ਅਸੀਂ ਠੱਗੇ ਹੋਏ ਤੇ ਮੁਠੇ ਹੋਏ ਸਮਝਦੇ ਹਾਂ ਕਿ ਅਸੀਂ ਖੁਸ਼ੀਆਂ ਸੁਖ ਤੇ ਐਸ਼ਾਂ ਮਾਣ ਰਹੇ ਹਾਂ ।

ਸ੍ਰੀ ਗੁਰੂ ਜੀ-ਭਾਈ ਖਾਨ ! ਪੰਜਵਾਂ ਠੱਗ ਹੈ ਜੋਬਨ ! ਸੁੰਦਰਤਾ ਤਾਂ ਸਾਡੇ ਮਨ ਤੇ ਬਾਹਰੋਂ ਅਸਰ ਪਾਉਂਦੀ ਹੈ ਤੇ ਅਸੀਂ ਉਸ ਨਾਲ ਠੱਗੇ ਜਾ ਰਹੇ ਰਸਾਂ ਕਸਾਂ ਵਿਚ ਪੈਂਦੇ ਹਾਂ, ਪਰ ਜੋਬਨ ਸਾਡੇ ਸਰੀਰ ਦੀ ਜੁਆਨੀ ਅਵਸਥਾ ਆਉਂਣ ਤੇ ਸਾਡੇ ਅੰਦਰੋਂ ਸਾਨੂੰ ਠੱਗਦਾ ਹੈ। ਰੂਪ ਤਾਂ ਕਿਸੇ ਕਿਸੇ ਨੂੰ ਨਸੀਬ ਹੁੰਦਾ ਹੈ, ਪਰ ਜੋਬਨ ਸਭ ਕਿਸੇ ਤੇ ਆਉਂਦਾ ਹੈ। ਜੋਬਨ ਦੇ ਬਲਕਾਰ ਵਿਚ ਸੁਹਣਾ ਕੁਸੁਹਣਾ ਸਭ ਕੋਈ ਆਪ ਨੂੰ ਸੁਹਣਾ ਸਮਝਦਾ ਹੈ ਤੇ ਉਸ ਮਦ ਵਿਚ ਬੰਦਾ ਨਾ ਕੇਵਲ ਵਿਕਾਰਾਂ ਵਿਚ ਠੱਗੀਂਦਾ ਹੈ, ਸਗੋਂ ਜੋਰ ਜ਼ੁਲਮ ਬੀ ਕਰ ਬੈਠਦਾ ਹੈ। ਜੋਬਨ ਤੇ ਬਲ ਵਿਚ ਲਿੱਸਿਆਂ ਤੇ ਹੀਣਿਆਂ ਉੱਤੇ ਤੱਦੀਆਂ ਕਰਨੋ ਨਹੀਂ ਸੰਕੋਚਦਾ, ਐਉਂ ਭਾਈ ਬੰਦਾ ਪੰਜਾ ਦੇ ਹੱਥੋਂ ਠੱਗਿਆ ਜਾਂਦਾ ਹੈ ਤੇ ਆਪਾ ਮੁਹਾ ਬੈਠਦਾ ਹੈ ਅਤੇ ਜਦੋਂ ਇਨ੍ਹਾਂ ਦੇ ਅਸਰ ਹੇਠ ਵਧੇਰੇ ਖੁਲ੍ਹਾਂ ਲੈਣ ਲਗ ਜਾਂਦਾ ਹੈ ਤਾਂ

ਫੇਰ ਮਾੜੇ ਕਰਮਾਂ ਦੀ ਸ਼ਰਮ ਬੀ ਗੁਆ ਬੈਠਦਾ ਹੈ। ਕਰੀ ਜਾਂਦਾ ਹੈ ਤੇ ਸਮਝਦਾ ਹੈ ਕਿ ਲੋਕੀਂ ਨਹੀਂ ਜਾਣਦੇ ਜਿਵੇਂ ਤੂੰ। ਜੇ ਭਲਾ ਜਾਣੇ ਬੀ ਕਿਸੇ ਵੇਲੇ, ਤਾਂ ਲੋਕ ਲਾਜ ਦੀ ਪਰਵਾਹ ਉਠ ਗਈ ਹੁੰਦੀ ਹੈ ਤੇ ਮਨ ਕਰੜਾ ਹੋ ਗਿਆ ਹੁੰਦਾ ਹੈ ਉਨ੍ਹਾਂ ਵਿਹਿਬਤਾਂ ਵਿਚ[੧]।

ਪਠਾਣ-ਹੇ ਸਮਝਾਂ ਦੇ ਸਾਂਈਂ ! ਮੈਂ ਤਾਂ ਜਾਤਾ ਸੀ ਕਿ ਸਾਰੇ ਸੁਖਾਂ ਦਾ ਦਾਤਾ ਰਾਜ ਹੈ। ਸਾਰੇ ਸੁਖ ਪਦਾਰਥ ਨਾਲ ਲੱਭਦੇ ਹਨ ਤੇ ਪਦਾਰਥ ਰਾਜ ਨਾਲ ਅਮਿੱਤ ਆ ਜਾਂਦਾ ਹੈ, ਪਰ ਆਪਨੇ ਦਿਖਾ ਦਿੱਤਾ ਹੈ ਕਿ ਸਾਰੇ ਦੁਖ ਹੀ ਰਾਜ ਤੇ ਧਨ ਮਾਲ ਤੋਂ ਉਪਜਦੇ ਹਨ ਤੇ ਸਾਰੇ ਸਾਮਾਨ-ਜੋ ਅਸੀਂ ਸੁਖਾਂ ਦੇ ਦਾਤੇ ਸਮਝਦੇ ਹਾਂ, ਓਹ ਦੁਖਾਂ ਦੇ ਦਾਤੇ ਹਨ, ਫੇਰ ਹੇ ਦਾਤਾ!ਕਿਆ ਟੁਕ ਮੰਗ ਖਾਣਾ ਤੇ ਬਨਾਂ ਵਿਚ ਜਾ ਸੌਣਾ ਹੀ ਚੰਗਾ ਹੋਇਆ?

ਸ੍ਰੀ ਗੁਰੂ ਜੀ-ਇਹ ਖ਼ਿਆਲ ਬੀ ਪਹਿਲੇ ਖਿਆਲਾਂ ਵਾਂਙੂ ਗਲਤ ਖਿਆਲ ਹੈ, ਜਿਥੇ ਜਿਥੇ ਕੋਈ ਹੈ ਉਥੇ ਹੀ ਉਹ ਸੁਖੀ ਹੋ ਸਕਦਾ ਹੈ। ਸੁਖ ਵੀਚਾਰ ਵਿਚ ਹੈ: ਸਮਝ ਵਿਚ ਹੈ। ਪੰਜਾਂ ਦੇ ਮਦ ਵਿਚੋਂ ਦੁਖ ਉਪਜਿਆ, ਪੰਜਾਂ ਦੇ ਗੁੱਸੇ ਨਾਲ ਯਾ ਨਿਰਾਸਤਾ ਨਾਲ ਕੀਤੇ ਤਿਆਗ ਵਿਚੋਂ ਬੀ ਦੁਖ ਉਪਜਦਾ ਹੈ। ਵੀਚਾਰ ਚਾਹੀਦੀ ਹੈ ਕਿ ਪੰਜਾਂ ਤੋਂ ਕਿਵੇਂ ਸੁਖ ਪਾਵੇ।

ਪਠਾਣ (ਹੋਰ ਨਿਮ੍ਰੀ ਹੋ ਕੇ)-ਹੇ ਦਾਤਾ! ਆਪ ਨੇ ਫੁਰਮਾਇਆ ਸੀ ਕਿ ਪੰਜਾਂ ਤੋਂ ਸੁਖ ਲਈਏ ਤਾਂ ਮਨ ਥੱਕਦਾ ਹੈ ਤੇ ਗ਼ਲਤੀਆਂ ਕਰਦਾ ਹੈ। ਇਹ ਗੱਲ ਸਮਝੇ ਨਹੀਂ ਪਈ ਕਿ ਫੇਰ ਸੁਖ ਲਈਏ ਕੀਕੂੰ ?

ਸ੍ਰੀ ਗੁਰੂ ਜੀ-ਭਾਈ ਹਰ ਸ਼ੈ ਬੇਸਮਝੀ ਨਾਲ ਵਰਤੀ ਦੁਖ ਦੇਂਦੀ ਹੈ ਅਕਲ ਨਾਲ ਵਰਤੀ ਸੁਖ ਦੇਂਦੀ ਹੈ। ਅੱਗ ਬੇਸਮਝੀ ਨਾਲ ਵਰਤਿਆਂ ਘਰ ਫੂਕ ਦੇਂਦੀ ਹੈ, ਪਰ ਅਕਲ ਨਾਲ ਵਰਤਿਆਂ ਰੋਟੀਆਂ ਪਕਾਉਂਦੀ ਤੇ ਪਾਲੇ ਦੇ ਦੁਖ ਨੂੰ ਦੂਰ ਕਰਦੀ ਹੈ। ਤਿਵੇਂ ਇਨ੍ਹਾਂ ਪੰਜਾਂ ਨੂੰ ਬੇਸਮਝੀ ਨਾਲ ਵਰਤਿਆਂ ਇਨ੍ਹਾਂ ਦੇ ਹੱਥੋਂ ਠੱਗੇ ਮੁੱਠੇ ਜਾਈਦਾ ਹੈ, ਪਰ ਸਮਝ ਨਾਲ ਵਰਤਿਆਂ ਇਨ੍ਹਾਂ ਨੂੰ ਠੱਗ ਲਈਦਾ ਹੈ। ਉਹ ਗੱਲ ਅਸੀਂ ਹੁਣੇ ਦੱਸ ਚੁੱਕੇ ਹਾਂ, ਮੁੜ ਸਮਝ ਲਓ। ਰਾਜ ਪਾਕੇ ਰਾਜ ਕਰੇ, ਪਰ ਰਾਜ ਦੇ ਸੁਖਾਂ ਦੇ ਨਾਲ ਆਪਣੇ ਫਰਜ਼ਾਂ ਨੂੰ ਬੀ ਸਮਝੇ। ਇਸ ਦਾ ਫ਼ਰਜ ਹੈ ਕਿ ਪਰਜਾ ਨੂੰ ਸੁਖੀ ਰੱਖੇ ਰਾਜਾ ਅਯਾਲੀ ਵਾਂਙੂ ਆਪਣੀ ਪਰਜਾ ਦਾ ਪਾਲਕ ਤੇ ਰਾਖਾ ਹੈ। ਹਾਲਿਆਂ ਦਾ ਆਇਆ ਧਨ ਤੇ ਕਰਾਂ ਤੋਂ ਮਿਲਿਆ ਪਦਾਰਥ ਰਾਜਾ ਦੇ ਐਸ਼ ਵਾਸਤੇ ਨਹੀਂ ਹੈ, ਪਰ ਪਰਜਾ ਦੀ ਪ੍ਰਤਿਪਾਲਾ, ਰਾਖੀ ਤੇ ਸੁਖ ਵਾਸਤੇ ਹੈ। ਜਦ ਰਾਜਾ ਇਹ ਸਮਝਕੇ ਰਾਜ ਕਰੇ ਤਾਂ ਉਸਨੂੰ ਆਪਣੀ ਪ੍ਰਤਿਪਾਲਾ ਵਾਸਤੇ ਹਲ ਵਾਹੁਣ ਦੀ ਲੋੜ ਨਹੀਂ, ਉਹ ਆਪਣੇ ਵਾਜਬ ਸੁਖ ਆਰਾਮ ਲਈ ਉਸੇ ਧਨ ਵਿਚੋਂ ਖਰਚ ਕਰ ਸਕਦਾ ਹੈ ਤੇ ਦੋਸ਼ ਨਹੀਂ ਲਗਦਾ, ਜੇ ਰਾਜਾ ਨਹੀਂ, ਧਨ ਪਾਤ੍ਰ ਹੈ ਤਾਂ ਧਨ ਜੋ ਵਾਧੂ ਹੈ ਉਹ ਭੋਗਾਂ ਤੇ ਐਸ਼ਾਂ ਤੇ ਨਾ ਖਰਚੇ, ਕਿਉਂਕਿ ਭੋਗਾਂ ਤੇ ਐਸ਼ਾਂ ਦਾ ਫਲ, ਮਨ ਦਾ ਖਿੰਡਣਾ ਤੇ ਅੰਤ ਨਿਤਾਣੇ ਹੋਣਾ ਹੁੰਦਾ ਹੈ ਅਤੇ ਸਰੀਰ ਰੋਗੀ ਹੋ ਜਾਂਦਾ ਹੈ। ਸੋ ਸਰੀਰ ਨੂੰ ਅਰੋਗ ਰੱਖੇ, ਅਰੋਗਤਾ ਦੀ ਹੱਦ ਅੰਦਰ ਵਿਹਤ ਸੁਖਾਂ ਨੂੰ ਸੁਖਦਾਈ ਸਮਝੇ। ਵਾਧੂ ਧਨ ਨੂੰ ਜਗਤ ਪੀੜਾ ਹਰਨ ਲਈ ਜਥਾਸ਼ਕਤਿ ਵਰਤੇ। ਇਸੀ ਤਰ੍ਹਾਂ ਰੂਪ ਦਾ ਵਰਤਾਉ ਦੱਸ ਆਏ ਹਾਂ। ਆਪਣੇ ਤੇ ਰੂਪ ਜੋਬਨ ਆਵੇ ਤਾਂ ਮਦ ਵਿਚ ਨਾ ਜਾਵੇ ਤੇ ਸਾਂਈ ਦੀ ਦਾਤ ਸਮਝਕੇ ਉਸ ਬਲ ਤੇ ਸਤਜਾ ਨੂੰ ਭਲਿਆਈ ਵਿਚ ਲਾਵੇ ਤੇ ਭਜਨ ਕਰੇ। ਆਪਣੇ ਰੂਪ ਜੋਬਨ ਦੇ ਅਹਿਸਾਸ ਨਾਲ ਬੀ ਮਨ ਵਿਸਮਾਦ ਵਿਚ ਜਾ ਸਕਦਾ ਹੈ। ਜੇ ਦੂਸਰੇ ਥਾਂ ਰੂਪ ਜੋਬਨ ਦਿੱਸੇ ਤਾਂ ਤ੍ਰਿਸ਼ਨਾ ਦੇ ਹੱਥ ਨਾ ਵਿਕ ਜਾਵੇ, ਉਸਨੂੰ ਜੱਫਾ ਮਾਰਕੇ ਵਲੂੰਧਰਨ ਵੱਲ ਨਾ ਪਵੇ, ਸਗੋਂ ਉਸਤੋਂ ਤਾਸੀਰ ਲਵੇ ਆਪੇ ਵਿਚ ਜੁੜਨ ਦੀ, ਜੁੜਕੇ ਮਨੋ ਸਤਜਾ ਨੂੰ ਬਲਵਾਨ ਕਰਨ ਦੀ ਤੇ ਵਿਸਮਾਦ ਦਾ ਰਸ ਮਾਣਨ ਦੀ। ਸੋ ਜੋ ਸਤਿਸੰਗ ਕਰਕੇ ਗੁਰਮੁਖ ਬਣਨਾ ਲੋਚਦੇ ਹਨ, ਓਹ ਵਿਚਾਰ ਨਾਲ ਹਰ ਸ਼ੈ ਦਾ ਯੋਗ ਵਰਤਾਉ ਕਰਦੇ ਹਨ ਤੇ ਕਿਸੇ ਅਸਰ ਨਾਲ ਆਪਾ ਨਹੀਂ ਠਗਾਉਂਦੇ, ਸਗੋਂ ਹਰ ਸ਼ੈ ਤੋਂ ਉੱਚੇ ਹੋਣ ਦਾ

---

[੧] ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ {ਮਲਾਰ ਵਾਰ ਮ:੧}
ਉਪਰਲੀ ਵਾਰਤਾਲਾਪ ਇਸ ਗੁਰ ਵਾਕ ਦਾ ਖੁੱਲ੍ਹਾ ਅਨੁਵਾਦ ਹੈ।

ਅਸਰ ਲੈਂਦੇ ਹਨ, ਐਉਂ ਓਹ ਇਨ੍ਹਾਂ ਪੰਜਾਂ ਨੂੰ ਠੱਗ ਲੈਂਦੇ ਹਨ। ਇਨ੍ਹਾਂ ਪੰਜਾਂ ਦੇ ਅਸਰ ਨਾਲ ਤ੍ਰਿਸ਼ਨਾ ਦੇ ਹੱਥ ਵਿਕਣਾ, ਵਿਕਾਰਾਂ ਵਿਚ ਪੈ ਜਾਣਾ ਤੇ ਐਉਂ ਆਪਾ ਵੰਞਾ ਲੈਣਾ, ਇਨ੍ਹਾਂ ਤੋਂ ਠੱਗੇ ਜਾਣਾ ਹੈ ਪਰ ਇਨ੍ਹਾਂ ਤੋਂ ਸਿਫਤ ਸਲਾਹ ਦਾ ਅਸਰ ਲੈਣਾ, ਵਿਸਮਾਦ ਵਿਚ ਚੜ ਜਾਣਾ, ਵਿਸਮਾਦ ਦਾ ਰਸ ਮਾਣਨਾ ਅਤੇ ਇਨ੍ਹਾਂ ਨਾਲ ਜਗਤ ਦਾ ਭਲਾ ਕਰਨਾ, ਇਹ ਹੈ ਇਨ੍ਹਾਂ ਨੂੰ ਠੱਗ ਲੈਣਾ। ਪਰ ਇਹ ਜਾਚ ਉੱਚੀ ਵਿਚਾਰ ਨਾਲ ਆਉਂਦੀ ਹੈ ਤੇ ਇਸ ਵਿਚਾਰ ਦਾ ਦਾਤਾ ਗੁਰੂ ਹੈ। ਸੋ ਗੁਰੂ ਦੀ ਸ਼ਰਨ ਲੈਕੇ ਉਪਦੇਸ਼ ਪ੍ਰਾਪਤ ਕਰਕੇ ਉਸ ਤੇ ਅਮਲ ਕੀਤਿਆਂ ਇਨ੍ਹਾਂ ਨੂੰ ਠੱਗ ਲਈਦਾ ਹੈ, ਨਹੀਂ ਤਾਂ ਸ੍ਰਿਸ਼ਟੀ ਇਸ ਤਰ੍ਹਾਂ ਦੇ ਅਮਲ (ਕਰਨੀ ਕਰਤੂਤ) ਤੋਂ ਵਿਹੂਣੀ ਠੱਗੀ ਹੋਈ ਮੁੱਠੀ ਜਾ ਰਹੀ ਹੈ[1]।

ਇਹ ਸੁਣਕੇ ਪਠਾਣ ਦਾ ਮਨ ਦ੍ਰਵ ਗਿਆ, ਨੈਣ ਭਰ ਆਏ ਤੇ ਅਥਰੂਆਂ ਦੇ ਡਿੱਗ ਰਹੇ ਟੇਪਿਆਂ ਵਿਚ ਮਨ ਨੇ ਕਿਹਾ-ਇਹ ਦਾਤਾ ਕੋਈ ਸਾਂਈਂ ਦਾ ਪਜਾਰਾ ਤੇ ਕਲਯਾਨ ਲਈ ਆਇਆ ਹੈ, ਹੁਣ ਲਾਹਾ ਲੈ ਲੈ। ਸੁੱਤੇ ਦੀ ਜਾਗ ਖੁੱਲ੍ਹੀ ਆ, ਸੰਭਲ, ਜੋ ਮਤ ਫੇਰ ਸੌਂ ਜਾਵੇਂ। ਤਾਂ ਉਹ ਸਿਕਦਾਰ ਉਠਿਆ ਤੇ ਸ੍ਰੀ ਬਾਬਾ ਜੀ ਦੇ ਚਰਨਾਂ ਉਪਰ ਆਇ ਪਇਆ ਤੇ ਆਖਿਓਸੁ: ਹੇ ਗ੍ਰੀਬ ਨਿਵਾਜ ਮੇਰੇ ਗੁਨਾਹ ਮਾਫ ਕਰ।

ਸ੍ਰੀ ਗੁਰੂ ਜੀ (ਉਸਦਾ ਸਿਰ ਸੰਭਾਲਕੇ ਤੇ ਸਿਰ ਤੇ ਹੱਥ ਫੇਰਕੇ)-ਦੇਖ ਭਾਈ! ਸੱਚ ਇਹ ਹੈ ਕਿ ਕੀਤੇ ਭੋਗਣੇ ਪੈਂਦੇ ਹਨ, ਮਾਫ ਬੀ ਹੁੰਦੇ ਹਨ, ਪਰ ਜੇ ਫੇਰ ਕਰਨੋ ਰੁਕ ਜਾਈਏ ਤੇ ਰੁਕੇ ਰਹਿਣ ਦੇ ਫਿਕਰ ਵਿਚ ਤੇ ਜਤਨ ਵਿਚ ਲੱਗ ਪਈਏ। ਜਾਹ ਤੂੰ ਬਖਸ਼ਿਆ, ਪਰ ਰਮਤੇ ਟੁਰ ਪਉ। ਸਾਂਈਂ ਨੂੰ ਯਾਦ ਕਰ, ਉਸਦੀ ਕੁਦਰਤ ਵਿਚ ਉਸਦਾ ਜਲਾਲ ਵੇਖ[2]। ਆਪ ਨੂੰ ਉਸਦੀ ਹਜ਼ੂਰੀ ਵਿਚ ਤੋਰ। ਖ਼ਲਕਤ ਨੂੰ ਉਸਦੀ ਸਮਝ ਤੇ ਆਪਣਾ ਧਰਮ ਸੇਵਾ ਸਮਝ: ਫੇਰ ਤੂੰ ਮਾਫ ਤੇ ਤੇਰੀ ਘਾਲ ਥਾਂ ਪਉਸੀ।

ਪਠਾਣ-ਹੇ ਦਾਤਾ! ਚਿਰਾਂ ਦਾ ਮਾੜੇ ਕੰਮਾਂ ਵਿਚ ਲੱਗਾ ਹੋਇਆ ਹਾਂ! ਤੂੰ ਧਨ ਹੈਂ ਤੇਰੀ ਮਿਹਰ ਧੰਨ ਹੈ, ਜੋ ਘਰ ਆ ਕੇ ਤਾਰਿਆ ਹਈ। ਪਰ ਹੇ ਦਾਤਾ! ਮੁੱਢਾਂ ਦੇ ਵਿਗੜੇ ਛੇਤੀ ਨਹੀਂ ਸੁਓਰਦੇ। ਇਥੇ ਜੋ ਰਾਤ ਨੂੰ ਮਸਲੇਬਾਜ਼ੀ ਹੁੰਦੀ ਹੈ, ਉਸ ਤੋਂ ਮੈਨੂੰ ਇਤਨੀ ਸੋਝੀ ਤਾਂ ਹੈ ਕਿ ਸੱਚਮੁਚ ਭਲੇ ਹੋ ਜਾਣਾ, ਭਲਿਆਈ ਸਚਮੁਚ ਕਰਨੀ ਤੇ ਸਚਮੁਚ ਸਾਂਈਂ ਦਾ ਹੋਕੇ ਰਹਿਣਾ ਔਖੀਆਂ ਗੱਲਾਂ ਹਨ। ਕੁਛ ਦਿਨ ਦਾਤਾ! ਮੇਰੇ ਕੋਲ ਰਹਿ ਪਵੇਂ ਤੇ ਮੈਂ ਤੇਰੇ ਵਿਸਮਾਦੀ ਨੈਣਾਂ ਦੀ ਨਿਗਾਹ ਅਗੁਵਾਨੀ ਹੇਠਾਂ ਤੁਰਾਂ, ਤੇਰੇ ਆਖੇ ਤੇ ਅਮਲ ਕਰਾਂ, ਜੇ ਭੁੱਲਾਂ ਤਾਂ ਤੂੰ ਰਾਹ ਪਾਵੇਂ, ਤਾਂ ਤਾਂ ਗਲ ਬਣ ਪਵੇਗੀ, ਨਹੀਂ ਤਾਂ ਮੈਨੂੰ ਆਪਣੇ ਵਿਗੜੇ ਹੋਏ ਮਨ ਉੱਪਰ ਭਰੋਸਾ ਨਹੀਂ। ਜਗਤ ਦੀ ਮਿਠਾਸ ਡਾਢੀ ਹੈ ਤੇ ਪੱਕੇ ਹੋਏ ਸੁਭਾਵ ਬੜੇ ਕੱਸਵੇਂ ਜ਼ੰਜੀਰ ਹਨ, ਨਾਲੇ ਦਾਤਾ! ਮੈਨੂੰ ਮੁਰੀਦ ਕਰ, ਆਪ ਮੁਰਸ਼ਿਦ ਹੋਹੁ[1]। ਮੇਰੇ ਪਹਿਲੇ ਸਤਿਸੰਗ ਦੇ ਸੰਬੰਧ ਦਿਖਾਵੇ ਵਾਲੇ ਹਨ, ਤੇਰੇ ਉਤੇ ਪਤੀਜਿਆ ਹਾਂ, ਤੂੰ ਪਤਿਆਇਆ ਹੈ, ਹੁਣ ਆਪ ਹੀ ਸਹਾਈ ਹੋਹੁ। ਚਰਨੀ ਲਾ, ਕਦਮ ਬੋਸੀ ਦੇਹ ਤੇ ਉਬਾਰ ਲੈ।

ਤਦ ਉਹ ਪਠਾਣ ਇਸ ਪ੍ਰਕਾਰ ਦੀਆਂ ਅਰਜ਼ੋਈਆਂ ਕਹਿ ਕਰਕੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ, ਜਿਥੇ ਆਪ ਕੁਝ ਸਮਾਂ ਟਿਕੇ। ਉਸਦੇ ਨਿਕਟਵਰਤੀ ਤੇ ਹੋਰ ਲੋਕ ਬੀ ਮੁਰੀਦ ਹੋਏ। ਉਥੋਂ ਦੀ ਪਰਜਾ ਦੁਖੀ ਸੀ, ਸਰਦਾਰ ਆਪ ਵਿਕਾਰਾਂ ਵਿਚ ਲਗ ਰਿਹਾ ਸੀ, ਗੁਰੂ ਬਾਬੇ ਦੀ ਮਿਹਰ ਨਾਲ ਇਕ ਸਰਦਾਰ ਸਉਰਿਆ ਤਾਂ ਉਸਦਾ ਭਲਾ ਹੋ ਗਿਆ, ਉਸ ਇਕ ਦੇ ਨਾਲ ਪਰਜਾ ਸੁਖੀ ਹੋ ਗਈ, ਅਨੇਕਾਂ ਤਰੇ। ਇਉਂ ਨੇਕੀਆਂ ਵਿਥਾਰਦਾ ਸੀ ਸ੍ਰੀ ਗੁਰੂ ਨਾਨਕ ਤੇ ਜਗਤ ਜਲੰਦੇ ਨੂੰ ਠੰਢਾਂ ਪਾਉਂਦਾ ਸੀ।

## ਇਤਿਹਾਸਕ ਪਹਿਲੂ

ਜਨਮ ਸਾਖੀ ਵਿਚ ਬਾਬਾ ਜੀ ਦਾ ਏਥੇ ਨੌਂ

---

([1]ਬਾਕੀ ਦਾ ਸਲੋਕ)-ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ । ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥੨॥ {ਮਲਾਰ ਵਾਰ ਮ: ੧}

ਉਪਰਲੀ ਵਾਰਤਾਲਾਪ ਇਸ ਸਾਰੇ ਸਲੋਕ ਦਾ ਖੁੱਲ੍ਹਾ ਅਨੁਵਾਦ ਹੈ।

[2]ਕੁਦਰਤਿ ਕਰਕੈ ਵਸਿਆ ਸੋਇ ॥ {ਵਾਰ ਸਿਰੀ ਰਾਗ ਮ:੧}

[1] ਤਾਂ ਉਹ ਪਠਾਣ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਹੂਆ ਗੁਰੂ ਜੀ ਨੂੰ ਪੀਰ ਕਰਕੇ ਜਾਣਿਆ॥ {ਜਨਮ ਸਾਖੀ ਬਾ: ਵਾ:}

ਮਹੀਨੇ ਰਹਿਣਾ ਕੜਾਹ ਪ੍ਰਸ਼ਾਦ ਕਰਵਾ ਕੇ ਪੰਜਾ ਲਗਣਾ ਲਿਖਿਆ ਹੈ : ਪਰ ਟਿਕਾਣੇ ਦਾ ਪਤਾ ਨਹੀਂ ਦਿੱਤਾ। ਤਵਾ: ਖਾ: ਨੇ ਪਠਾਣਾਂ ਦੇ ਦੇਸ਼ ਵਿਚ ਪਤਾ ਦਿੱਤਾ ਹੈ ਕਿ ਕਾਬਲੋਂ ਨੌਂ ਕੋਹ ਪਰੇ ਲੁੰਡੇ ਤੋਂ ਪਾਰ ਅਸਕਰਾ ਨਾਮ ਦਾ ਪਹਾੜ ਹੈ ਉੱਥੇ ਗੁਰੂ ਕਾ ਕੋਠਾ ਤੇ ਦਸ਼ਮਾ ਹੈ, ਜਿੱਥੇ ਨੌਚੰਦੇ ਐਤਵਾਰ ਨੂੰ ਕੜਾਹ ਪ੍ਰਸ਼ਾਦ ਹੁੰਦਾ ਹੈ, ਆਖਦੇ ਹਨ ਕਿ ਪੰਜਾ ਲਗਦਾ ਹੈ। ਹੋ ਸਕਦਾ ਹੈ ਇਹੋ ਟਿਕਾਣਾ ਇਸ ਸਾਖੀ ਵਰਤਣ ਦਾ ਹੋਵੇ, ਪਰ ਟਿਕਾਣਾ ਲੱਭਣ ਲਈ ਵਿਸ਼ੇਸ਼ ਖੋਜ ਦੀ ਲੋੜ ਹੈ, ਕਿਉਂਕਿ ਤਵਾ: ਖਾ: ਨੇ ਹਜ਼ਾਰੇ ਵਿਚ ਬੀ ਪੰਜਾ ਲੱਗਣ ਦੀ ਵਾਰਤਾ ਦਿੱਤੀ ਹੈ। ਦੇਖੋ ਤ੍ਵਾ: ਖਾ: ਸਫ਼ਾ ੪੬੨ ਤੇ ੪੬੬ । ਈਰਾਨ, ਰੂਮ, ਰੂਸ ਹੋ ਆਏ ਇਕ ਸੱਜਣ ਨੇ ਦੱਸਿਆ ਸੀ ਕਿ ਇਹ ਟਿਕਾਣਾ ਈਰਾਨ ਵਿਚ ਯਾ ਲਾਗੇ ਹੈ ਤੇ ਮੈਂ ਵੇਖ ਆਇਆ ਹਾਂ।

-o-

## ਬ੍ਰਹਮ ਅਗਨਿ

ਜਗਜਾਸੂ :-

ਪੰਡਤ ਤੇ ਪਾਂਧੇ ਏ ਕਾਜ਼ੀ ਤੇ ਮੁੱਲਾਂ
ਕੰਨਾਂ ਦੇ ਖਾ ਗਏ ਕੀੜੇ,
ਪੰਜਵਾਂ ਆਨ ਰਲਸਾ ਵਿਚ ਜ਼ਾਹਿਦ
ਜਿਨ੍ਹ ਪ੍ਰਾਣ ਬੀ ਆਣ ਨਪੀੜੇ,
ਆਖੇ ਤੂੰ ਘੁੰਢ ਚੜ੍ਹਾ ਦੇ ਏ ਛੇਤੀ,
ਕਰ ਦੇ ਤੂੰ ਇਸਤਰੀ ਛੇਤੀ,
ਧੋ ਦੇ ਤੂੰ ਛੇਤੀ ਨੀ ਕੰਧ ਏ ਮੂਰਖੇ !
ਧੋ ਦੇ ਤੂੰ ਛੇਤੀਓਂ ਛੇਤੀ।
ਰੋ ਰੋ ਕੇ ਕਹਾਂ ਮੈਂ ਤਾਂ ਧੋ ਧੋ ਕੇ ਹਾਰੀ
ਖੂਹੇ ਮੈਂ ਪਾਣੀ ਦੇ ਲਾਏ,
ਢੇਰਾਂ ਮੈਂ ਲਾਏ ਨੀ ਸਾਬਣਾਂ ਸੱਜੀ
ਤੇ ਕੁੱਟ ਕੁੱਟ ਬਾਂਹੁ ਥਕਾਏ !
ਕੱਚੀ ਨੂੰ ਧੋਂਦਿਆਂ ਏਹ ਦਿਨ ਆਏ
ਹੈਨੀ ਵਰ੍ਹੇ ਤੇ ਜੁੱਗ ਬਿਲਾਏ ।
ਕੰਧ ਉਸਾਰੀ ਜੁ ਰਾਜ ਨੇ ਕੱਚੀ
ਤਾਂ ਪੇਸ਼ ਕੀ ਬੰਦੀ ਦੀ ਜਾਏ,
ਧੋਤਿਆਂ ਧੋਤੀ ਨ ਜਾਂਦੀ ਏ ਮੈਥੋਂ
ਤੇ ਤੈਥੋਂ ਬੀ ਧੋਤੀ ਨ ਜਾਏ ।

ਗਗਨੀ ਸੱਦ :-

'ਬ੍ਰਹਮ-ਗਿਆਨ' ਬਲ ਪਵੇ ਜੇ
'ਬ੍ਰਹਮ-ਅਗਨਿ ਬਲ ਪਵੇ ਜੇ ਜ਼ਾਹਿਦ ! ਓ ਲਾਂਬੂ ਅਗੰਮ ਦੇ ਲਾਏ,
ਪੱਕ ਪਵੇ ਜੋ ਹੈ ਕੱਚ ਦੇ ਅੰਦਰ ਤਾਂ ਕੱਚੀ ਦੀ ਮੈਲ ਹੈ ਜਾਏ ।
ਸੋਝੀ ਨ ਤੈਨੂੰ ਇਸ ਅੱਗ ਦੀ ਜ਼ਾਹਿਦ ! ਜੋ ਉੱਚਿਆਂ ਚੱਕ ਲਿਜਾਏ।
ਧੰਨ ਗੁਰ ਨਾਨਕ, ਧੰਨ ਗੁਰ ਨਾਨਕ ਜੋ ਅੱਗ ਏ ਬਾਲ ਪਕਾਏ ।

## ਗੀਤ

ਰਿਵੀ[1] ਹੱਥ ਸੁਨੇਹਾ :-

ਰਿਵੀਏ ਤੂੰ ਤੁਰ ਪਈਂ ਨੀ ! ਪਜਾਰੇ ਦੇ ਦੇਸ਼ ਲੈਜਾ,
ਲੈਜਾ ਸੰਦੇਸ਼ ਮੇਰਾ, ਮੇਰਾ ਸੰਦੇਸ਼ ਲੈਜਾ।
ਕਹਿਣਾ ਕਿ: "ਹੇ ਪਿਆਰੇ ! ਹਾਂ ਲੈ ਸੰਦੇਸ਼ ਆਈ
ਇਕ ਬਿਰਹਨੀ ਨੇ ਦਿੱਤਾ ਤੇਰਾ ਜਿਸ ਆਸਰਾ ਈ-
ਜਿੰਦ ਜੀ ਨਹੀਂ ਰਹੀ ਹੈ, ਫਿਰ ਜੀ ਰਹੀ ਹੈ, ਦਾਤਾ!
ਇਕ ਤਾਰ ਆਸ ਤੇਰੀ, ਉਸ ਨਾਲ ਥੀ ਰਹੀ ਹੈ।
ਆਵੇਂ, ਜਿ ਆਪ ਨਾਂਹੀਂ ਤੇਰੀ ਖੁਸ਼ੀ ਗੁਸਾਈਂ!
ਸੱਦੋ ਜਿ ਪਾਸ ਨਾਂਹੀਂ ਮਿੱਟੀ ਰਜ਼ਾ ਤੁਧਾਈ।
ਭੇਜੋ ਸੰਦੇਸ਼ ਜੇ ਨਾ, ਦੂਤੀ ਜੇ ਨਾਹੀਂ ਘੱਲੋ,
ਤੇਰੀ ਖੁਸ਼ੀ, ਹੇ ਦਾਤਾ! ਅਪਣੀ ਰਜ਼ਾ ਤੇ ਚੱਲੋ।
ਐਪਰ ਏ 'ਤਾਰ-ਆਸਾ' ਮਿਲਣੇ ਦੀ ਲਗ ਰਹੀ ਜੋ,
ਇਹ ਤਾਰ ਅਨਕਬੂਤੀ[2] ਜਿੰਦੜੀ ਨੂੰ ਵਗ ਰਹੀ ਜੋ,
ਇਸ ਨੂੰ ਸਲਾਮਤੀ ਦੀ ਦੇਣੀ ਜੇ ਤਾਣ, ਦਾਤਾ!
ਜੀਵਾਂ ਮੈਂ ਇਸ ਸਹਾਰੇ, ਏਹੋ ਹੈ ਮਾਣ, ਦਾਤਾ!
ਮਿਲਨੇ ਦੀ ਆਸ ਉੱਤੇ, ਨਾਨਕ ਗੁਰੂ ਪਿਆਰੇ!
ਜੀਂਦੀ ਹਾਂ ਏਸ ਤਕੀਏ, ਥੀਂਦੀ ਹਾਂ ਇਸ ਸਹਾਰੇ!
ਇਸ ਤਾਰ ਨਾਲ ਪ੍ਰੋਤੀ, ਜਿੰਦ-ਤਾਰ' ਨੂੰ ਰਹਾਣਾ,
ਏਹੋ ਹੈ ਓਟ ਮੇਰੀ, ਏਹੋ ਹੈ ਤੇਰਾ ਮਾਣਾ।"

[1] ਮਿੱਠੀ ਮਿੱਠੀ ਮੱਧਮ ਵੇਗ ਦੀ ਵਗ ਪਈ ਪੌਣ ਨੂੰ 'ਰਿਵੀ' ਕਹਿੰਦੇ ਹਨ।
[2] ਮੱਕੜੀ ਯਾ ਡੌਰੇ ਦੀ ਬਾਰੀਕ ਤਾਰ।

# ੮੮. ਸੈਦਪੁਰ ਬੰਦੀ ਛੋੜ [੧]।

੧.

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ॥ {ਆਸਾ ਮ:੧}

ਸ੍ਰੀ ਗੁਰੂ ਨਾਨਕ ਦੇਵ ਜੀ ਫੇਰ ਏਮਨਾਬਾਦ ਆਏ। ਇਸ ਥਾਂਉਂ ਦਾ ਤਦੋਂ ਨਾਉਂ ਸੈਦ ਪੁਰ ਸੰਡਜਾਲੀ ਸੀ। ਪਠਾਣ ਏਥੋਂ ਦੇ ਹਾਕਮ ਤੇ ਮਾਲਕ ਸਨ । ਵੱਸੋਂ ਬੀ ਉਹਨਾਂ ਦੀ ਚੋਖੀ ਸੀ। ਘੁੱਘ ਵਸਦਾ ਥਾਂਉਂ ਤੇ ਮੰਡੀ ਸੀ। ਇਕ ਕਿਲ੍ਹਾ ਬੀ ਸੀ, ਜਿਸਦੀ ਪਕਿਆਈ ਚੰਗੀ ਸੀ। ਇਥੋਂ ਦੇ ਹਾਕਮ ਦਿੱਲੀ ਵਾਲਿਆਂ, ਲੋਧੀ ਪਠਾਣ ਪਾਤਸ਼ਾਹਾਂ ਦੇ ਤਾਬਿਆ ਸਨ। ਸ਼ਹਿਰ ਵਿਚ ਸੱਯਦ ਤੇ ਹੋਰ ਪੀਰ ਫਕੀਰ ਮੁਸਲਮਾਨਾਂ ਦੇ ਵੱਸਦੇ ਸਨ। ਹਿੰਦੂ ਵਸੋਂ ਬੀ ਸੀ। ਕੋਈ ਦਰਬਾਰੀ ਹੁੰਦੇ ਹਿੰਦੂਆਂ ਪਾਸ ਬੀ ਸਨ। ਮਲਕ ਭਾਗੋ ਏਥੋਂ ਦੇ ਦਰਬਾਰ ਦਾ ਹੀ ਸਰਦਾਰ ਸੀ, ਜਿਸ ਦੇ ਬ੍ਰਹਮ ਭੋਜ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਹੀਂ ਸਨ ਗਏ ਤੇ ਜਦੋਂ ਜ਼ੋਰ ਨਾਲ ਸੱਦੇ ਗਏ ਤਾਂ ਭਾਈ ਲਾਲੋ ਦਾ ਪੱਕਿਆ ਕੋਧ੍ਰਾ ਇਕ ਮੁੱਠੀ ਵਿਚ ਲੈਕੇ ਤੇ ਮਲਕ ਭਾਗੋ ਦੇ ਪਕਵਾਨ ਦੂਈ ਮੁੱਠੀ ਵਿਚ ਲੈਕੇ ਦੁੱਧ ਤੇ ਲਹੂ ਦਿਖਾਕੇ ਦੱਸਿਆ ਸੀ ਕਿ ਉਹ ਕਿਰਤ ਕਮਾਈ ਦਾ ਅੰਨ ਹੈ ਤੇ ਇਹ ਜ਼ੋਰ ਜ਼ੁਲਮ ਤੇ ਵੱਢੀ ਦਾ ਹੈ। ਉਸ ਮਗਰੋਂ ਜਗਤ ਗੁਰੂ ਜੀ ਦੂਰ ਦੂਰ, 'ਜਗਤ ਜਲੰਦੇ' ਦੀ ਰੱਖਯਾ ਹੇਤ ਫਿਰ ਆਏ ਸਨ, ਹੁਣ ਫੇਰ ਉਸੇ ਕਿਰਤੀ, ਰਬ ਦੇ ਰੰਗ ਰੱਤੇ ਲਾਲੋ ਪਿਆਰੇ ਪਾਸ ਆਏ ਸਨ! ਉਹ ਜ਼ੁਲਮ-ਜਿਨ੍ਹਾਂ ਦਾ ਨਕਸ਼ਾ ਖਿੱਚ ਕੇ ਆਪ ਤਦੋਂ ਸਚੇ ਰਾਹ ਦਾ ਉਪਦੇਸ਼ ਕਰ ਗਏ ਸੇ-ਘਟਿਆ ਨਹੀਂ ਸੀ। ਦਿੱਲੀ ਦੇ ਲੋਧੀ ਪਾਤਸ਼ਾਹ ਇੰਨੇ ਬਲਵਾਨ ਨਹੀਂ ਰਹੇ ਸੇ ਕਿ ਸਾਰੇ ਹਿੰਦ ਪਰ ਜ਼ਬਰਦਸਤ ਸਿੱਕਾ ਜਮਾਈ ਰੱਖ ਸਕਦੇ, ਸੋ ਜਗਾ ਜਗਾ ਦੇ ਹਾਕਮ ਤੇ ਸੂਬੇ ਅਸਲ ਵਿਚ ਆਪਣੇ ਆਪ ਵਿਚ ਖੁਦਸਰ ਸੇ ਤੇ ਨਾਮ ਮ੍ਰੀਕ ਤਾਬੇਦਾਰੀ ਕਰਦੇ ਸੇ, ਸਗੋਂ ਉਹਨਾਂ ਨਾਲ ਪਾਤਸ਼ਾਹ ਦੇ ਕਈ ਜੰਗ ਵੀ ਹੋਏ। ਇਸੇ ਕਰਕੇ ਉਹਨਾਂ ਦੇ ਵਰਤਾਉ ਪਰਜਾ ਨਾਲ ਦੁਖਾਵੇਂ ਸੇ। ਉਹਨਾਂ ਦੇ ਮਨਸਬਦਾਰ ਤੇ ਅਹਿਲਕਾਰ ਜ਼ੁਲਮ ਕਰਦੇ, ਵੱਢੀਆਂ ਖਾਂਦੇ ਤੇ ਪਰਜਾ ਦੁਖਾਉਂਦੇ ਸੇ, ਇਹੋ ਹਾਲਤ ਸੀ ਕਿ ਜਿਸ ਪਰ ਹਿੰਦ ਵਿਚ ਘਰ ਘਰ ਰੋਣਾ ਤੇ ਚਰਚਾ ਸੀ ਤੇ ਇਹੋ ਹਾਲਤ ਸੀ ਕਿ ਜੋ ਲਾਗੇ ਦੇ ਪੱਛਮੀ ਦੇਸ਼ਾਂ ਨੂੰ ਪਤਾ ਲਗ ਰਿਹਾ ਸੀ ਤੇ ਦੇਸ਼ ਦੇ ਕਈ ਲੋਕ ਗ਼ਰੀਬ ਅਮੀਰ ਸਤ ਕੇ ਹੋਰਨਾਂ ਪਾਤਸ਼ਾਹਾਂ ਪਾਸ ਫ਼ਰਿਯਾਦਾਂ ਘੱਲ ਰਹੇ ਸਨ।

ਜਦ ਹੁਣ ਗੁਰੂ ਜੀ ਏਮਨਾਬਾਦ (ਯਾ ਸੈਦਪੁਰ) ਆਏ ਤਾਂ ਇਕ ਦਿਨ ਭਾਈ ਲਾਲੋ ਨੇ ਹਿੰਦੁਸਤਾਨ ਦੀ ਦੁਖ ਭਰੀ ਕਹਾਣੀ ਛੇੜੀ ਕਿ ਸਚੇ ਪਾਤਸ਼ਾਹ ! ਬਹੁਤ ਜ਼ੁਲਮ ਹੋ ਰਿਹਾ ਹੈ, ਇਸ ਸੈਦਪੁਰ ਵਿਚ ਵੀ ਬੜੇ ਅਨਰਥ ਹੁੰਦੇ ਹਨ। ਤਦੋਂ ਸਤਿਗੁਰ ਜੀ ਨੇ ਆਪਣੇ ਦੇਸ਼ ਦੇ ਲੋਕਾਂ ਦੇ ਧਰਮ ਭਾਵ ਦੇ ਗਿਰ ਜਾਣ, ਅਗਯਾਨ ਵਿਚ ਰੁੜ੍ਹਨ ਤੇ ਮਨਾਂ ਦੇ ਨੀਵੇਂ ਹੋ ਜਾਣ ਦੀ ਵਿਥਯਾ ਆਖੀ ਤੇ ਇਹ ਬੀ ਦੱਸਿਆ ਕਿ ਅਤਿ ਗਰਮੀ ਪਏ ਤਾਂ ਹਨੇਰੀ ਝੁੱਲਦੀ ਹੈ, ਉਹ ਬੀ ਬ੍ਰਿਛ ਬੂਟੇ ਭੰਨਦੀ ਹੈ, ਫੇਰ ਕਦੇ ਮੀਂਹ ਬੀ ਪੈ ਜਾਂਦਾ ਹੈ।

ਜਦ ਲੌਢਾ ਪਹਿਰ ਹੋਇਆ ਲਾਲੋ ਕਿਰਤ ਤੋਂ ਵਿਹਲਾ ਹੋ ਕੇ ਆਇਆ, ਕੁਛ ਹੋਰ ਸਤਿਸੰਗੀ ਸਰੀਰ ਕੀਰਤਨ ਸੁਣਨ ਆਏ, ਤਾਂ ਸਤਿਗੁਰੂ ਜੀ ਵਿਸਮਾਦ ਵਿਚ ਲੀਨ ਬੈਠੇ ਸੇ! ਕਵਲਾਂ ਨਾਲੋਂ ਸੁਹਣਾ ਚਿਹਰਾ ਜੁੜਿਆ ਹੋਇਆ ਨਿਮਗਨ ਸੀ, ਪਰ ਮੱਥੇ ਤੇ ਅਜ ਰਤਾ ਰਤਾ ਬੇਮਲੂਮੇ ਵੱਟ ਸਨ ਤੇ ਕੁਛ ਤਰਸ ਦੇ ਰੰਗ ਦਮਕਦੇ ਸਨ। ਸਾਰੇ ਸੱਜਣ ਮੱਥਾ ਟੇਕ ਕੇ ਬੈਠ ਗਏ ਕਿ ਇੰਨੇ ਨੂੰ ਆਪ ਦੇ ਨੈਣ ਖੁਲ੍ਹੇ। ਮੁਸਕ੍ਰਾਏ ਤੇ ਫੇਰ ਇਹ ਬਾਣੀ ਆਪ ਬੋਲੇ-

ਤਿਲੰਗ ਮਹਲਾ ੧॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ
ਕਰੀ ਗਿਆਨੁ ਵੇ ਲਾਲੋ ॥ ਪਾਪ ਕੀ
ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ
ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ
ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ

[੧] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ੪੫੪ (੧੯੨੨ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।



www.sikhbookclub.com

ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥

ਇਹ ਸ਼ਬਦ ਸੁਣ ਕੇ ਸਾਰੇ ਕੰਬ ਉਠੇ। ਲਾਲੋ ਦਾ ਦਿਲ ਵੀ ਖਰਰਾਇਆ ਪਰ ਸਤਿਗੁਰੂ ਜੀ ਨੇ ਜੋ ਹੋਣਹਾਰ ਸੀ, ਅਰ ਉਨ੍ਹਾਂ ਨੇ ਅਗੰਮ ਤੋਂ ਜਾਣੀ ਸੀ, ਸੋ ਨਿਰਭੈ ਆਖ ਸੁਣਾਈ, ਅਰ ਸਪਸ਼ਟ ਪਦਾਂ ਵਿਚ ਦੱਸਿਆ ਕਿ ਮੈਨੂੰ ਧੁਰੋਂ ਇਹ ਸੁਨੇਹਾ ਆਇਆ ਹੈ ਅਗੰਮ ਦਾ[1], ਹੇ ਲਾਲੋ ! ਉਹ ਮੈਂ ਸੁਣਾਯਾ ਹੈ ! ਉਹ ਸੁਨੇਹਾ ਹੋਣਹਾਰ ਦਾ ਇਹ ਹੈ, ਕਿ ਬਾਬਰ ਕਾਬਲ ਤੋਂ ਪਾਪਾਂ ਦੀ ਜੰਞ, ਭਾਵ ਜ਼ੋਰ ਜ਼ੁਲਮ ਕਰਨ ਵਾਲੀ ਫੌਜ ਲੈਕੇ ਟੁਰੇਗਾ ਤੇ ਹਿੰਦੁਸਤਾਨ ਤੋਂ ਜ਼ੋਰੀ ਦਾ ਦਾਨ ਮੰਗੇਗਾ। ਦਾਨ ਤੋਂ ਮੁਰਾਦ ਕੰਨਜਾ ਦਾਨ ਹੈ ਤੇ ਉਹ ਜ਼ੋਰ ਨਾਲ ਮੰਗੇਗਾ ! ਤੇ ਕੰਨਜਾ ਦਾਨ ਤੋਂ ਮੁਰਾਦ ਦੌਲਤ ਹੈ, ਜਿਸ ਦੇ ਲੋਭ ਪਿੱਛੇ ਇਸ ਧਨ ਉਪਜਾਊ ਦੇਸ਼ ਉਤੇ ਸਦਾ ਓਪਰੇ ਦੇਸ਼ ਦੇ ਜਰਵਾਣੇ ਹੱਲੇ ਕਰਦੇ ਰਹੇ ਹਨ। ਬਾਹਰ ਦੇ ਹਮਲੇ ਨਾਲ ਜੋ ਰਾਜ-ਗਰਦੀ ਦੇਸ਼ ਵਿਚ ਵਰਤੇਗੀ, ਉਸ ਵੇਲੇ ਕੀ ਹੋਵੇਗਾ? ਸ਼ਰਮ ਤੇ ਧਰਮ ਛੁਪ ਜਾਣਗੇ। ਬਾਹਰ ਦੀਆਂ ਫੌਜਾਂ ਦੇ ਸਿਪਾਹੀ ਤੇ ਗੁੰਡੇ, ਲੁੱਚੇ ਲਫੰਗੇ ਸ਼ਰਮ ਧਰਮ ਛੱਡਕੇ ਪਾਪ ਕਮਾਉਣਗੇ। ਇਸਤ੍ਰੀ ਪੁਰਖ ਦਾ ਵਿਵਾਹ ਜੋ ਬਾਹਮਣ ਤੇ ਕਾਜ਼ੀ ਆਪੋ ਆਪਣੇ ਧਰਮਾਂ ਅਨੁਸਾਰ ਪੜ੍ਹਦੇ ਹਨ, ਉਹ ਗੱਲ ਮੁੱਕ ਜਾਏਗੀ, ਸ਼ੈਤਾਨ ਵਿਆਹ ਪੜ੍ਹੇਗਾ, ਭਾਵ ਇਹ ਕਿ ਇਸਤ੍ਰੀ ਜਾਤੀ ਦੀ ਡਾਢੀ ਬੇਪਤੀ ਹੋਵੇਗੀ। ਪ੍ਰਸ਼ਨ ਹੁੰਦਾ ਹੈ ਕਿ ਬਾਬਰ ਮੁਸਲਮਾਨ ਹੈ ਅਤੇ ਇਥੋਂ ਦੇ ਨਵਾਬ, ਅਮੀਰ ਮੁਸਲਮਾਨ ਬਾਹਲੇ ਹਨ, ਇਨ੍ਹਾਂ ਦੀਆਂ ਇਸਤ੍ਰੀਆਂ ਦਾ ਸਤਿਕਾਰ ਤਾਂ ਰਹੇਗਾ? ਗੁਰੂ ਜੀ ਦੱਸਦੇ ਹਨ- ਨਹੀਂ, ਉਹ ਮੁਸਲਮਾਨੀਆਂ, ਜੋ ਪਰਦਿਆਂ ਵਿਚ ਬੈਠ ਕੁਰਾਨ ਆਦਿ ਪੁਸਤਕਾਂ ਪੜ੍ਹਦੀਆਂ ਹਨ, ਭਾਵ ਨੇਕ ਬੀ ਹਨ, ਉਹਨਾਂ ਤੇ ਬੀ ਇੰਨਾਂ ਕਸ਼ਟ ਟੁੱਟੇਗਾ ਕਿ ਓਹ ਹਾਇ ਖ਼ੁਦਾ ! ਬਹੁੜੀਂ ਖ਼ੁਦਾ !! ਕਰਕੇ ਤੜਫਨਗੀਆਂ, ਪਰ ਕੋਈ ਨਾ ਸੁਣੇਗਾ। ਜੇ ਕਹੋ ਕਿ ਮੁਗਲਾਂ ਨੇ ਪਠਾਣਾਂ ਤੋਂ ਦੇਸ਼ ਖੁਹਣਾ ਹੈ, ਇਸ ਕਰਕੇ ਉਹਨਾਂ ਤੇ ਸਖਤੀ ਤਾਂ ਕਰਨਗੇ, ਹਿੰਦੂ ਤਾਂ ਪਰਜਾ ਬਣਾਉਣੀ ਹੋਵੇਗੀ, ਉਹਨਾਂ ਨੂੰ ਮੁੱਠ ਵਿਚ ਲੈਣਗੇ ਤੇ ਗ਼ਰੀਬ ਜਾਤੀਆਂ, ਜਿਨ੍ਹਾਂ ਨੇ ਸਭ ਦੀ ਗ਼ੁਲਾਮੀ ਹੀ ਕਰਨੀ ਹੈ, ਉਨ੍ਹਾਂ ਨੂੰ ਤਾਂ ਨਹੀਂ ਛੇੜਨਗੇ ? ਗੁਰੂ ਜੀ ਦੱਸਦੇ ਹਨ ਕਿ ਨਹੀਂ ਉੱਚੀ ਜਾਤ ਵਾਲੀਆਂ ਤੇ ਨੀਚ ਜਾਤ ਵਾਲੀਆਂ ਤੇ ਹੋਰ ਹਿੰਦਵਾਣੀਆਂ ਇਹ ਬੀ ਓਸੇ ਲੇਖੇ ਗਿਣ। ਭਾਵ ਜੋ ਹਾਲ ਪਠਾਣੀਆਂ ਦਾ ਹੋਵੇਗਾ, ਸੋਈ ਸਭ ਇਸਤ੍ਰੀਆਂ ਦਾ ਹੋਵੇਗਾ। ਖ਼ੂਨ ਦੇ ਗੀਤ ਗਾਵੇਂ ਜਾਣਗੇ ਤੇ ਰੱਤ ਦਾ ਕੁੰਗੂ ਪਏਗਾ, ਭਾਵ ਵਿਆਹਾਂ

[1] ਮਲਕ ਭਾਗੋ ਦੀ ਸਾਖੀ ਵੇਲੇ ਇਹ ਭਵਿਖਤ ਵਾਕ ਕਹੇ ਗਏ ਦਾ ਆਮ ਖਿਆਲ ਹੈ, ਤਵਾਰੀਖ ਖਾਲਸਾ ਵਾਲੇ ਲਿਖਦੇ ਹਨ ਕਿ ਇਹ ਸ਼ਬਦ ਹੋਣੀ ਤੋਂ ਦਸ ਬਰਸ ਪਹਿਲੇ ਉਚਾਰਿਆ ਗਿਆ, ਕਈ ਲਿਖਦੇ ਹਨ ਕਿ ਬਾਬਰ ਦੇ ਆਉਣ ਤੋਂ ਥੋੜਾ ਕਾਲ ਪਹਿਲੇ ਉਚਾਰੇ ਸੇ । ਸ਼ਬਦ ਦੀ ਇਬਾਰਤ ਤੋਂ ਸਾਰੀਆਂ ਕ੍ਰਿਯਾ ਭਵਿਖਤ ਕਾਲ ਦੀਆਂ ਹੋਣ ਕਰਕੇ ਇਹ ਪ੍ਰਤਖ ਹੈ ਕਿ ਇਹ ਬਾਬਰ ਦੇ ਆਉਣ ਤੋਂ ਪਹਿਲੇ ਦੇ ਵਾਕ ਹਨ ਅਰ ਸਤਿਗੁਰਾਂ ਨੇ ਅਗੰਮ ਵਾਚਕੇ ਭਵਿੱਖਤ ਦੀ ਹੋਣੀ ਦੱਸੀ ਹੈ, ਚਾਹੇ ਦਸ ਬਰਸ ਪਹਿਲੋਂ ਉਚਾਰੇ ਤੇ ਚਾਹੇ ਦੋ ਤ੍ਰੈ ਵਰ੍ਹੇ ਪਹਿਲੋਂ ਉਚਾਰੇ, ਪਰ ਉਚਾਰੇ ਚੋਖਾ ਚਿਰ ਪਹਿਲੋਂ ਤੇ "ਜੈਸੀ ਮੈਂ ਆਵੈ ਖਸਮ ਕੀ ਬਾਣੀ" ਇਸ ਕਹਿਣ ਤੋਂ ਸਪਸ਼ਟ ਹੈ ਕਿ ਇਹ ਅਗੰਮ ਵਾਚਿਆ ਹੈ ਅਰ ਬਾਬਰ ਦੇ ਪਹਿਲੇ ਹਮਲੇ ਤੋਂ ਵੀ ਬਹੁਤ ਪਹਿਲੋਂ ਦਾ ਵਾਕ ਹੈ। ਬਾਬਰ ਦੇ ਪੰਜ ਹਮਲੇ ਹਨ। ਸੈਦਪੁਰ ਵਾਲਾ ੧੫੭੮ ਬਿ: ਵਿਚ ਤੀਸਰਾ ਹਮਲਾ ਹੈ। ਪਹਿਲੇ ਦੋ ਨਿੱਕੇ ਨਿੱਕੇ ਤੇ ਪਰੇ ਪਰੇ ਤੋਂ ਮੁੜ ਗਏ ਸਨ। ੧੫੮੩-੮੪ ਬਿ: ਵਿਚ ਬਾਬਰ ਹਿੰਦ ਦਾ ਪੱਕਾ ਪਾਤਸ਼ਾਹ ਹੋ ਗਿਆ ਸੀ।

ਵਿਚ ਸੋਹਲੇ ਗਾਂਵੀਦੇ ਹਨ ਤੇ ਕੇਸਰ ਤ੍ਰੌਂਕੀਦੇ ਹਨ, ਪਰ ਇਸ ਪਾਪ ਦੀ ਜੰਞ ਦੇ ਆਇਆਂ ਸ਼ੈਤਾਨ ਨਿਕਾਹ ਪੜ੍ਹੇਗਾ, ਸਭ ਤੇ ਕਸ਼ਟ ਪਵੇਗਾ, ਕਤਲਾਮਾਂ ਹੋਣਗੀਆਂ, ਖੂਨ ਦੇ ਰੌ ਚੱਲਣਗੇ ਤੇ ਘਰ ਘਰ ਵਿਚ ਵਿਰਲਾਪ ਹੋਣਗੇ !

ਨਾਨਕ ਪਰਮੇਸ਼ਰ ਦੇ ਗੁਣ ਗਾ ਰਿਹਾ ਹੈ, ਇਸ (ਮਾਸ ਪੁਰੀ[1]) ਸ਼ਰੀਰ ਵਿਚ ਬੈਠਾ ਇਹ ਮਸਲਾ ਦੱਸ ਰਿਹਾ ਹੈ। ਪਰ ਉਹ ਵਾਹਿਗੁਰੂ, ਜਿਸ ਨੇ ਸ੍ਰਿਸ਼ਟੀ ਉਤਪਤ ਕਰਕੇ ਆਪੋ ਆਪਣੇ ਰੰਗੀਂ ਲਾਇਆ ਹੈ, ਓਹ ਸਭ ਤੋਂ ਵੱਖ ਤੇ ਨਿਹਕੇਵਲ ਬੈਠਾ ਦੇਖ ਰਿਹਾ ਹੈ, ਭਾਵ ਦ੍ਰਿਸ਼ਟਾ ਹੋ ਰਿਹਾ ਹੈ। ਉਹ ਪਰਮੇਸ਼ਰ ਸੱਚਾ ਹੈ, ਸੱਚ ਦਾ ਨਿਆਉਂ ਹੈ, ਹਰ ਇਕ ਦੇ ਕਰਮਾਂ ਅਨੁਸਾਰ ਉਹ ਸੱਚਾ ਨਿਆਉਂ ਕਰੇਗਾ ਤੇ ਸੱਚੀ ਵੀਚਾਰ ਕਰੇਗਾ। ਸ਼ਰੀਰ ਕੱਪੜੇ (ਵਾਂਙੂ) ਟੋਟੇ ਟੋਟੇ ਹੋਣਗੇ, ਇਹ ਵਾਕ ਜੋ ਮੈਂ ਕਹੇ ਹਨ ਹਿੰਦੁਸਤਾਨ ਸਮ੍ਹਾਲੇਗਾ (ਵੇਖੇਗਾ) ਕਿ ਬਿਲਕੁਲ ਸੱਚ ਹੋਕੇ ਵਰਤਣਗੇ।

ਇਹ ਪਾਪ ਦੇ ਜਾਂਞੀ ਅਠਤਰੇ ਸੰਮਤ ਵਿਚ ਆਉਣਗੇ ਤੇ ਸਤਾਨਵੇ[2] ਵਿਚ ਜਾਣਗੇ, ਮਰਦ ਦਾ

---

[1] ਮਾਸਪੁਰੀ ਦਾ ਭਾਵ ਸੈਦਪੁਰ ਵੀ ਹੈ ਕਿਉਂਕਿ ਓਥੇ ਮਾਸ ਦਾ ਵਰਤਾਰਾ ਅਤਿ ਦਾ ਸੀ।

[2] ਪੰਦਰਾਂ ਸੌ ਅਠੱਤਰ ਸੰ: (੧੫੨੦ ਯਾ ੨੧ ਈ:) ਵਿਚ ਬਾਬਰ ਨੇ ਹਿੰਦ ਤੇ ਹੱਲਾ ਕੀਤਾ, ਪਰ ਘਰ ਦੇ ਮਾਮਲਿਆਂ ਕਰ ਕੇ ਸੈਦਪੁਰ ਆਦਿਕ ਥਾਂਵਾਂ ਸਰ ਕਰਕੇ ਮੁੜ ਗਿਆ, ਕੁਛ ਸਾਲ ਮਗਰੋਂ ਫੇਰ ਆਯਾ ਤੇ ਰਾਜ ਬੱਧਾ। ੧੫੯੭ ਵਿਚ ਉਸਦਾ ਪੁਤਰ ਹਮਾਯੂੰ ਆਪਣੇ ਪਿਉ ਨਾਲ ਆਈ ਮੁਗਲਾਂ ਦੀ ਪਾਪ ਜੰਞ ਲੈਕੇ ਈਰਾਨ ਨੱਸ ਗਿਆ। ਸ਼ੇਰਸ਼ਾਹ ਪਠਾਣ ਨੇ, ਜੋ ਬੜਾ ਮੁਦੱਬਰ ਤੇ ਲਾਇਕ ਪਾਤਸ਼ਾਹ ਸੀ, ਉਸ ਨੂੰ ਕੱਢਕੇ ਫੇਰ ਚੰਗਾ ਰਾਜ ਕਾਇਮ ਕੀਤਾ।

ਇਸ ਅਠੱਤਰ ਤੇ ਸਤਾਨਵੇਂ ਦੀ ਟੀਕਾ ਵਿਚ ਮਤਭੇਦ ਹਨ।

(ੳ) ਸਦੀ ਨਾ ਕਹਿਣ ਤੇ ਅੱਠਤਰ ਤੇ ਸਤਾਨਵੇਂ ਨਾਲ ਉਹੀ ਹੀ ਸਦੀ ਲਗੇਗੀ ਕਿ ਜਿਸ ਵਿਚ ਪਵਿਤ੍ਰ ਵਕਤਾ ਜੀ ਵਾਕ ਕਹਿ ਰਹੇ ਹਨ। ਅਰ ਇਹੋ ਸਭ ਤੋਂ ਠੀਕ ਅਰਥ ਹੈ। ਵੇਖੋ ਸ੍ਰੀ ਗੁਰੂ ਗ੍ਰੰਥ ਕੋਸ਼ ਖਾ: ਟ੍ਰੈ: ਮੁਸੈਟੀ ਵਾਲਾ।

(ਅ) ਅਠੱਤਰ ਤੋਂ ਮੁਰਾਦ ਪੰਦਰਾਂ ਸੌ ਅਠੱਤਰ ਲੈਂਦੇ ਹਨ, ਜਦੋਂ ਬਾਬਰ ਹਿੰਦ ਦਾ ਸ਼ਾਹ ਹੋਇਆ ਤੇ ਸਤਾਨਵੇਂ ਤੋਂ ਸਤਾਰਾਂ ਸੌ ਸਤਾਨਵੇਂ ਮੁਰਾਦ ਲੈਂਦੇ ਹਨ ਜਦੋਂ ਮੁਗਲ ਰਾਜ ਮੁੱਕਾ। ਸਤਾਰਾਂ ਸੌ ਸਤਾਨਵੇਂ ਵਿਚ ਬਘੇਲ ਸਿੰਘ ਨੇ ਦਿੱਲੀ ਫਤਹ ਕੀਤੀ, ਮਰਦ ਦਾ ਚੇਲਾ ਬਘੇਲ ਸਿੰਘ।

(ੲ) ਮਰਦ ਤੋਂ ਮੁਰਾਦ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਚੇਲਾ ਤੋਂ ਗੁਰੂ ਗੋਬਿੰਦ ਜੀ ਬੀ ਲੈਂਦੇ ਹਨ।

(ਸ) ਮਰਦ ਤੋਂ ਮੁਰਾਦ ਗੁਰੂ ਗੋਬਿੰਦ ਸਿੰਘ ਜੀ ਤੇ ਚੇਲਾ ਖਾਲਸਾ।

(ਹ) ਹੁਣ ਹੋਰ ਹੋਰ ਭਾਵ ਭੀ ਕੱਢਦੇ ਹਨ, ਪਰ ਸਭ ਤੋਂ ਪਹਿਲਾ ਅਰਥ ਯੁਕਤੀ ਸਿੱਧ ਹੈ ।

ਚੇਲਾ ਹੋਰ ਵੀ ਉਠੇਗਾ, ਇਹ ਸੱਚ (ਵਾਹਿਗੁਰੂ) ਦੀ ਬਾਣੀ ਨਾਨਕ ਕਹਿ ਰਿਹਾ ਹੈ ਤੇ ਬਾਕੀ ਸੱਚ ਗਲ ਸੱਚੀ (ਵਰਤਣ) ਵੇਲੇ ਆਪੇ ਸੱਚ ਸੁਣਾ ਦੇਵੇਗਾ।

ਗੁਰੂ ਜੀ ਦੇ ਇਹ ਵਾਕ ਸਿਖਾਂ ਵਿਚ ਤਾਂ ਉਸੇ ਵੇਲੇ ਪ੍ਰਸਿੱਧ ਹੋ ਗਏ, ਪਰ ਹੋਰਨਾਂ ਲੋਕਾਂ ਵਿਚ ਬੀ ਸਹਿਜੇ ਸਹਿਜੇ ਟੁਰ ਪਏ, ਇਸ ਤੋਂ ਬਹੁਤੀ ਹੈਰਾਨੀ ਤੇ ਚਿੰਤਾ ਛਾਈ ! ਇਕ ਬ੍ਰਾਹਮਣ ਕੁਛ ਮੇਵੇ ਦੀ ਚੰਗੇਰ ਲੈ ਕੇ ਆਇਆ ਤੇ ਅੱਗੇ ਧਰਕੇ ਬੋਲਿਆ, ਹੇ ਰਬ ਰੂਪ ਨਾਨਕ ! ਜੋ ਵਾਕ ਆਪ ਨੇ ਉਚਾਰੇ ਹੈਨ, ਓਹ ਕਿਵੇਂ ਦੇਸ਼ ਤੇ ਨਾ ਪੈਣ। ਸਤਿਗੁਰ ਜੀ ਨੇ ਕਿਹਾ: ਮੈਂ ਤਾਂ ਕੁਝ ਨਹੀਂ ਕਿਹਾ ਜੋ ਦਰਗਾਹੇ ਵਰਤਿਆ ਹੈ ਸੋ ਤੁਹਾਨੂੰ ਦੱਸਿਆ ਹੈ ਕਿ ਦੇਸ਼ ਵਿਚ ਜੋ ਪਾਪ ਫੈਲ ਰਿਹਾ ਹੈ, ਉਹ ਪਾਪ ਦਾ ਡੰਡਾ ਆਪਣੀ ਸਜ਼ਾ ਲਈ ਬਾਬਰ ਦੇ ਰੂਪ ਵਿਚ ਲਿਆ ਰਿਹਾ ਹੈ, ਪਾਪ ਆਕੇ ਪਾਪ ਨਾਲ ਟੱਕਰੇਗਾ ਤੇ ਗਰੀਬ ਬੀ ਨਾਲ ਦੁੱਖ ਪਾਉਣਗੇ ਸੋ ਇਹ ਜੀਵਾਂ ਦੇ ਕਰਮ ਤੇ ਕਰਤੇ ਦੇ ਹੁਕਮ ਹਨ, ਅੱਟਲ ਹਨ[1]। ਤੂੰ ਜੇ ਆਪਣਾ ਬਚਾਉ ਲੋੜਨਾ ਹੈ ਤਾਂ ਇਥੋਂ ਕੁਛ ਕੋਹਾਂ ਤੇ ਇਕ ਤਲਾ ਹੈ ਉਥੇ ਜਾ ਵੱਸ ਟੱਬਰ ਸਮੇਤ

---

[1] ਇਹ ਉਪਰ ਕਿਹਾ ਸ਼ਬਦ ਉਠਸੀ, ਸੁਣਾਇਸੀ, ਹੋਸੀ, ਸਮਾਲਸੀ, ਪਰਤੱਖ ਭਵਿੱਖਤ ਕਾਲ ਦੇ ਵਾਚਕ ਹਨ, ਇਸ ਕਰਕੇ ਸਾਰੇ ਸ਼ਬਦ ਵਿਚ ਜੋ ਕ੍ਰਿਯਾ ਪਦ ਹਨ ਸਾਰੇ ਭਵਿੱਖਤ ਦੇ ਵਾਚੀ ਹਨ। ਗੁਰੂ ਜੀ ਭਵਿੱਖਤ ਨੂੰ ਆਪਣੀ ਸਮਾਧੀ ਵਿਚ ਵਰਤ ਰਿਹਾ ਦੇਖਕੇ ਕਹਿੰਦੇ ਹਨ: ਧਾਇਆ, ਮੰਗੇਦੜਾ, ਫਿਰ ਪੜੇ ਆਦਿ।

ਦੂਸਰਾ ਇਹ ਸ਼ਬਦ ਨਿਰਾ ਏਮਨਾਬਾਦ ਦੀ ਕਤਲ ਦੀ ਪੇਸ਼ੀਨਗੋਈ ਨਹੀਂ ਜਾਪਦੀ, ਇਹ ਸਾਰੇ ਹਿੰਦੁਸਤਾਨ ਦੇ ਦੁਖੜਿਆਂ ਦੀ ਜਾਪਦੀ ਹੈ, "ਹਿੰਦੁਸਤਾਨ ਸਮਾਲਸੀ ਬੋਲਾ"। ਲਾਹੌਰ ਦੀ ਕਤਲਾਮ ਤੇ ਪਾਣੀਪਤ ਦਾ ਜੰਗ ਆਦਿ ਸਾਰੇ ਮੁਆਮਲੇ ਇਸ ਦੇ ਅੰਦਰ ਜਾਪ ਰਹੇ ਹਨ।

ਇਹ ਹੁਣ ਤੋਂ ਪਹਿਲੋਂ ਭਵਿੱਖਤ ਹੋਣੀ ਦੱਸੀ ਜਾ ਰਹੀ ਹੈ। ਜੋ ਇਸ ਤੁਕ ਤੋਂ ਮੂਲੋਂ ਸਪਸ਼ਟ ਹੋ ਜਾਂਦੀ ਹੈ, 'ਆਵਨਿ ਅਠਤਰੈ ਜਾਨਿ ਸਤਾਨਵੈ'। ਸਤਾਨਵੇਂ ਵਿਚ ਚਲੇ ਜਾਣਾ ਦੱਸ ਕੇ ਗੁਰੂ ਜੀ ਭਵਿੱਖਤ ਹੀ ਦੱਸ ਰਹੇ ਹਨ! ੭੮ ਵਿਚ ਆਪ ਦੇਹ ਵਿਚ ਹੈਸਨ ਤੇ ੯੭ ਵਿਚ ਤਾਂ ਆਪ ਚੋਲਾ ਛੋੜ ਚੁਕੇ ਸਨ, ਸੋ ਏਹ ਵਾਕ ੯੭ ਬਾਬਤ ਜ਼ਰੂਰ ਭਵਿੱਖਤ ਦੇ ਵਾਕ ਕਹੇ ਅਰਥਾਤ ਪੇਸ਼ੀਨਗੋਈ ਕੀਤੀ। ਫਿਰ ਜੇ ਵਰਤ ਰਿਹਾ ਵਰਤਾਰਾ ਕਹਿ ਰਹੇ ਸਨ ਤਾਂ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" ਆਖਣ ਦੀ ਕੋਈ ਲੋੜ ਨਹੀਂ ਸੀ।

ਤਾਂ ਤਦੋਂ ਬਚ ਰਹੇਂਗਾ।

੨.

ਸਾਰਾ ਉੱਨਾਂ ਸਮਾਂ, ਜੋ ਉੱਪਰ ਕਹੇ ਵਾਕ ਤੇ ਇਸ ਤੇ ਵਰਤਮਾਨ ਹੋਣ ਵਿਚ ਸੀ ਲੰਘ ਗਿਆ, ਬਾਬਰ ਪਾਪ ਦੀ ਜੰਞ ਲੈਕੇ ਆ ਗਿਆ। ਦਿੱਲੀ ਦਾ ਲੋਧੀ ਪਾਤਸ਼ਾਹ ਪਠਾਣ ਉਸਨੂੰ ਰੋਕਣ ਵਾਸਤੇ ਜਮਰੋਦ ਕਿ ਪਿਸ਼ਾਵਰ, ਅਟਕ ਕਿ ਰੁਹਤਾਸ ਕਿ ਜੇਹਲਮ ਕਿਨਾਰੇ ਕਿਤੇ ਬੀ ਅੱਗੇ ਹੋਕੇ ਨਾ ਟੱਕਰਿਆ, ਓਹ ਮੂੰਹ ਚੁੱਕੀ ਟੁਰੀ ਆਇਆ। ਦੇਸ਼ ਵਿਚ ਪਰਜਾ ਅਵਿੱਦਯਾ ਵਿਚ ਤੇ ਸਦੀਆਂ ਦੇ ਜ਼ੁਲਮ ਨਾਲ ਮੁਰਦਾ ਹੋ ਰਹੀ ਸੀ , ਹਾਕਮ ਥਾਂ ਥਾਂ ਅੱਯਾਸ਼ੀਆਂ ਤੇ ਪਰਜਾ ਦੇ ਲਹੂ ਪੀਣ ਤੇ ਹੋ ਰਹੇ ਸਨ। ਜਥੇਬੰਦੀ ਖੇਰੂ ਖੇਰੂ ਸੀ, ਪਠਾਣ ਹੰਕਾਰ ਵਿਚ ਤੇ ਹਿੰਦੂ ਗ਼ੁਲਾਮੀ ਵਿਚ ਰੁੜ੍ਹ ਰਹੇ ਸਨ, ਰੋਕ ਕੌਣ ਕਰਦਾ ? ਬਾਬਰ ਦੇ ਰਸਤੇ ਵਿਚ ਆਉਣ ਵਾਲੇ ਗਿਰਾਵਾਂ ਤੇ ਸ਼ਹਿਰਾਂ ਦੀ ਬੜੀ ਕੰਬਖ਼ਤੀ ਸੀ, ਜੇ ਓਹ ਈਨ ਮੰਨ ਲੈਂਦੇ, ਘਾਣ ਪੱਠਾ ਦੇ ਦੇਂਦੇ ਤਾਂ ਘਬਰਾਉਂਦੇ ਸਨ ਕਿ ਜਦੋਂ ਤੈਮੂਰ ਵਾਂਙੂ ਦੇਸ਼ ਲੁੱਟਕੇ ਇਹ ਬਾਬਰ ਚਲਾ ਗਿਆ, ਮਗਰੋਂ ਦਿੱਲੀ ਦੇ ਪਾਤਸ਼ਾਹ ਸਾਨੂੰ ਮਾਰਨਗੇ। ਜੇ ਨਹੀਂ ਦੇਂਦੇ ਤਾਂ ਬਾਬਰ ਘਾਣ ਬੱਚਾ ਪੀੜਦਾ ਹੈ, ਪਰ ਤਦ ਬੀ ਅਕਸਰ ਹਾਕਮਾਂ ਤੇ ਰਾਜਿਆਂ ਕੰਵਰਾਂ ਨੇ ਤਾਂ ਗਰਦਨ ਝੁਕਾਈ, ਜਿਨ੍ਹਾਂ ਆਕੜ ਦਿਖਾਈ ਉਹਨਾਂ ਸੱਟ ਖਾਧੀ।

ਸੈਦ ਪੁਰ ਬੀ ਇਸੇ ਦੁਬਿਧਾ ਵਿਚ ਸੀ, ਲਾਹੌਰ ਤੇ ਅਟਕ ਦੇ ਵਿਚਕਾਰ ਇਹ ਇਕ ਤਕੜਾ ਕਿਲ੍ਹਾ ਤੇ ਪਠਾਣਾਂ ਦਾ ਭਾਰੀ ਅੱਡਾ ਸੀ। ਇਸ ਸ਼ਹਿਰ ਦੇ ਲੋਕਾਂ ਵਿਚ ਤੇ ਅਹਿਲਕਾਰਾਂ ਵਿਚ ਚਰਚਾ ਰਹਿੰਦੀ ਸੀ ਕਿ ਬਾਬਰ ਦੀ ਹਨੇਰੀ ਅੱਗੇ ਸਿਰ ਝੁਕਾ ਕੇ ਉਸਨੂੰ ਲੰਘ ਜਾਣ ਦੇਈਏ ਕਿ ਉਸ ਨਾਲ ਲੜੀਏ। ਹਿੰਦੂ ਤਾਂ ਆਖਦੇ ਸਨ ਕਿ ਸਿਰ ਝੁਕਾਓ ਤੇ ਬਲਾ ਟਾਲੋ, ਪਰ ਸੱਯਦ ਤੇ ਪੀਰ ਫਕੀਰ, ਜਿਨ੍ਹਾਂ ਦਾ ਭਾਰੀ ਅੱਡਾ ਸੀ, ਉਹ ਕਹਿੰਦੇ ਸਨ ਕਿ ਅਸੀਂ ਬਾਬਰ ਨੂੰ ਆਪਣੀਆਂ ਦੁਆਵਾਂ ਤੇ ਸਿਹਰਾਂ ਮੰਤ੍ਰਾਂ ਨਾਲ ਫੂਕ ਮਾਰਕੇ ਉੜਾ ਦਿਆਂਗੇ ਤੇ ਪਠਾਣ ਸੂਰਮੇ ਕਹਿੰਦੇ ਸਨ ਕਿ ਤੀਰਾਂ ਨਾਲ ਖੇਤ ਕਰ ਦਿਆਂਗੇ। ਇਸ ਤਰ੍ਹਾਂ ਦੇ ਝਗੜੇ ਝਾਂਜੇ ਵਿਚ ਬਾਬਰ ਤੇ ਉਸ ਦੀ ਪਾਪ ਦੀ ਜੰਞ ਆ ਗਈ। ਸ਼ਹਿਰ ਦੇ ਹਾਕਮ ਨੂੰ ਡਰ ਸੀ ਕਿ ਲੋਧੀ ਬਾਦਸ਼ਾਹ ਬਾਬਰ ਦੇ ਜਾਣ ਮਗਰੋਂ ਸਾਨੂੰ ਮਾਰ ਦੇਵੇਗਾ, ਸੋ ਜੇ ਅਸੀਂ ਟਕਰਾ ਜਾਈਏ ਤਾਂ ਅੰਤ ਜਿੱਤ ਵਿਚ ਰਹਾਂਗੇ, ਪਰ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਬਾਬਰ ਇਕ ਨਵੀਂ ਬਲਾ ਲੈਕੇ ਆ ਰਿਹਾ ਸੀ। ਪੱਛੋਂ ਦੇ ਦੇਸ਼ਾਂ ਵਿਚ ਬੰਦੂਕ, ਜਿਸ ਨੂੰ ਤਦੋਂ ਤੁਪਕ[1] ਕਹਿੰਦੇ ਸਨ, ਨਵੀਂ ਨਿਕਲੀ ਸੀ, ਬਾਬਰ ਇਹ ਨਵਾਂ ਜੰਗੀ ਹਥਿਆਰ ਲੈਕੇ ਆ ਰਿਹਾ ਸੀ। ਹਿੰਦ ਦੇ ਪਠਾਣਾਂ ਪਾਸ ਤੀਰ ਸਨ ਯਾ ਸਵਾਰ ਲੜਨ ਵਾਲੇ ਨੇਜ਼ੇ ਬਾਜ਼ ਯਾ ਹਾਥੀ ਯਾਂ ਰਥ ! ਸੋ ਸੈਦ ਪੁਰ ਦੇ ਪਠਾਣਾਂ ਨੇ ਕਿਲ੍ਹੇ ਤੇ ਸ਼ਹਿਰ ਦੇ ਦਰਵਾਜੇ ਬੰਦ ਕਰ ਲਏ ਤੇ ਬਾਬਰ ਨੂੰ ਰਸਦ ਪਾਣੀ ਦੇਣੋਂ ਨਾਂਹ ਕਰ ਦਿੱਤੀ। ਸਿਪਾਹੀ ਤੀਰ ਕਮਾਨਾਂ ਲੈਕੇ ਫਸੀਲਾਂ ਤੇ ਚੜ੍ਹ ਗਏ। ਕਾਜ਼ੀ ਮੁੱਲਾਂ ਅਤੇ ਪੀਰ ਮਸੀਤਾਂ ਵਿਚ ਦੁਆਈਂ ਕਰਨ ਤੇ ਬਦਦੁਆਈਂ ਦੇਣ ਤੇ ਬਹਿ ਗਏ ਤੇ ਹਿੰਦੂ ਪੰਡਤ ਤੰਤ੍ਰਾਂ ਮੰਤ੍ਰਾਂ ਤੇ ਲਾ ਦਿੱਤੇ ਗਏ ਸਾਰੇ ਪਠਾਣਾਂ ਨੂੰ ਨਿਸਚਾ ਸੀ ਕਿ ਸਾਡੇ ਪੀਰ ਕਲਮਾਂ ਪੜ੍ਹ ਪੜ੍ਹਕੇ ਬਾਬਰ ਦੀਆਂ ਤੁਪਕਾਂ ਤੇ ਤੋਪਾਂ ਨੂੰ ਠੰਢਿਆਂ ਕਰ ਦੇਣਗੇ।

ਬਾਬਰ ਨੇ ਅਵਾਣ ਪਿੰਡ ਡੇਰਾ ਪਾਇਆ ਤੇ ਆਪਣੇ ਸਿਪਾਹੀ ਬੀੜਕੇ ਸੈਦ ਪੁਰੇ ਤੇ ਗੋਲੀਆਂ ਦਾ ਮੀਂਹ ਵਰਸਾਇਆ। ਫਿਰ ਉਸਦੀ ਹਿਕਮਤ ਨਾਲ ਕਿਲ੍ਹੇ ਨੂੰ ਛੇਕ ਹੋ ਗਿਆ; ਓਹ ਅੱਗੇ ਵਧਿਆ, ਜੋ ਸੂਰਮੇ ਅੱਗੇ ਵੱਧਕੇ ਲੜੇ, ਮਾਰੇ ਗਏ। ਨਾ ਤੀਰ ਕੰਮ ਆਏ ਨਾ ਨੇਜ਼ੇ, ਹੁਣ ਮੁਗਲਾਂ ਦੀ ਫੌਜ ਹੱਲਾ ਬੋਲਕੇ ਕਿਲ੍ਹੇ ਵਿਚ ਆ ਵੜੀ। ਸਿਪਾਹੀਆਂ ਨਾਲ ਤਾਂ ਸਿਪਾਹੀਆਂ ਜੰਗ ਕਰਨਾ ਹੀ ਸੀ, ਬਾਬਰ ਦੀ ਪਾਪ ਜੰਞ ਸ਼ਹਿਰ ਪਨਾਹ ਤੋੜਕੇ ਸ਼ਹਿਰ ਵਿਚ ਬੀ ਜਾ ਵੜੀ ਅਰ ਓਹ ਕਤਲਾਮ ਕੀਤੀ ਕਿ ਆਪਣੇ ਵਹਿਸ਼ੀਪੁਣੇ, ਜ਼ੁਲਮ ਤੇ ਕਹਿਰ ਦਾ ਸਿੱਕਾ ਬਿਠਾ ਦਿੱਤਾ। ਆਲੇ ਦੁਆਲੇ ਦੇ ਪਿੰਡ ਬੀ ਲੁੱਟੇ ਤੇ ਬਰਬਾਦ ਕੀਤੇ, ਹਿੰਦੂ ਤੇ ਪਠਾਣ, ਮੁਸਲਮਾਨ ਨੀਚ ਊਚ ਸਾਰੇ ਇਕੋ ਰੱਸੇ ਮਾਰੇ। ਹਿੰਦੂ, ਮੁਸਲਮਾਨ ਤ੍ਰੀਮਤਾਂ ਦੇ ਸਤਰ ਪਾੜੇ, ਵਾਲਾਂ ਤੋਂ ਫੜ ਬਜ਼ਾਰਾਂ ਵਿਚ ਧੂਹੀਆਂ ਤੇ ਸੁਆਹਾਂ ਉਨ੍ਹਾਂ ਦੇ ਮੂੰਹਾਂ ਵਿਚ ਭਰ ਭਰ ਤੇ ਮਾਰ ਮਾਰ ਕੁੱਟ ਕੁੱਟਕੇ ਘਰਾਂ

---

[1] ਪਸ਼ਤੋ ਵਿਚ ਹੁਣ ਬੀ ਤੁਪਕ ਬੰਦੂਕ ਨੂੰ ਕਹਿੰਦੇ ਹਨ।

ਵਿਚ ਦੱਖੇ ਤੇ ਦੱਬੇ ਮਾਲ ਪਦਾਰਥ ਗਹਿਣੇ ਰੁੱਪਯੇ ਕਢਵਾਏ; ਕਿਸੇ ਦੀ ਹੁਰਮਤ, ਕਿਸੇ ਦੀ ਪਤ ਅਬਰੋ ਦਾ ਬਚਾ ਨਾ ਰਿਹਾ। ਕਤਲ ਕਰਨ ਵਿਚ, ਮਾਰਨ ਵਿਚ ਨਾ ਬਾਲ, ਨਾ ਬੁੱਢਾ, ਨਾ ਤ੍ਰੀਮਤ ਕਿਸੇ ਤੇ ਤਰਸ ਨਾ ਖਾਧਾ ਗਿਆ। ਅਮੀਰ ਤੇ ਕੰਵਰ, ਨਵਾਬਜ਼ਾਦੇ ਤੇ ਰਈਸ ਸਭ ਰੁਲਾਏ ਗਏ। ਮੁਸਲਮਾਨਾਂ ਦਾ ਦੀਨੀ ਲਿਹਾਜ਼ ਬੀ ਕੱਖ ਨਾ ਹੋਇਆ ਕੋਈ ਭੋਰਿਆਂ ਵਿਚ ਕੋਈ ਤੂੜੀਆਂ ਦੇ ਕੋਠਿਆਂ ਤੇ ਮੂਸਲਾਂ ਵਿਚ ਟਾਂਵੇਂ ਟਾਂਵੇਂ ਬਚੇ ਹੋਣ ਤਾਂ ਖਚੇ ਹੋਣ।

ਹੁਣ ਬਾਬਰ ਦੇ ਪਾਪ-ਜਾਵੀਆਂ ਨੇ ਰੋਟੀ, ਪੱਠੇ ਘਾਹ ਦੀ ਥਾਂ ਲੱਖਾਂ ਹਜ਼ਾਰਾਂ ਦੇ ਗਹਿਣੇ, ਜਵਾਹਰ ਕੱਪੜੇ, ਚਾਂਦੀ ਸੋਨੇ ਉਡਾਏ ਤੇ ਤ੍ਰੀਮਤਾਂ ਨੂੰ ਬੰਨ੍ਹਕੇ ਲੈ ਚਲੇ। ਅਸਬਾਬ ਤੇ ਲੁੱਟ ਦਾ ਮਾਲ ਢੋਣ ਲਈ, ਜੋ ਹੁਣ ਕਤਲੋਂ ਬਚ ਰਹੇ ਸਨ, ਉਨ੍ਹਾਂ ਨੂੰ ਕੈਦੀ ਬਣਾਇਆ, ਜੋ ਆਪਣੇ ਸਿਰਾਂ ਤੇ ਆਪਣੇ ਮਾਲ ਢੋ ਰਹੇ ਜ਼ਾਲਮਾਂ ਦੇ ਡੇਰਿਆਂ ਨੂੰ ਲਿਜਾ ਰਹੇ ਸਨ। ਖਾਨਜ਼ਾਦੀਆਂ ਤੇ ਪ੍ਰਭਾਣੀਆਂ ਕਪੜੇ ਫਟੇ, ਜ਼ਖਮ ਲਗੇ, ਧੂੜਾਂ ਸੁਆਹਾਂ ਨਾਲ ਭਰੀਆਂ ਬੇਹੁਰਮਤ ਹੋਈਆਂ, ਰੱਸੇ ਨਾਲ ਵੀਣੀਆਂ ਬੱਧੀਆਂ, ਫੜੀਆਂ ਲਿਜਾਈਆਂ ਜਾ ਰਹੀਆਂ ਹਨ। ਇਸ ਹਮਲੇ ਵੇਲੇ ਗੁਰੂ ਜੀ ਫੇਰ ਏਮਨਾਬਾਦ ਆਏ ਹੋਏ ਸਨ। ਇਸ ਵੇਲੇ ਗੁਰੂ ਬਾਬਾ ਤੇ ਮਰਦਾਨਾ ਬੀ ਬੰਦ ਵਿਚ ਪੈ ਗਏ। ਮਰਦਾਨੇ ਦੇ ਸਪੁਰਦ ਮੀਰ ਖਾਨ ਇਕ ਸਰਦਾਰ ਦਾ ਘੋੜਾ ਹੋਇਆ ਕਿ ਇਸ ਨੂੰ ਲੈਕੇ ਟੁਰੇ। ਲਿਖਿਆ ਹੈ ਕਿ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਘੋੜਾ ਛੱਡ ਦੇਹ ਤੇ ਤੂੰ ਕੀਰਤਨ ਕਰਦਾ ਟੁਰ, ਤੇ ਆਪ ਬੀ ਸਾਹਿਬ ਕਿਸੇ ਕੌਤਕ ਲਈ ਗ਼ੁਲਾਮੀ ਵਿਚ ਪਏ ਰੱਬੀ ਰੰਗ ਵਿਚ ਮਗਨ ਟੁਰ ਰਹੇ ਸਨ। ਲਿਖਿਆ ਹੈ ਕਿ ਇਕ ਭਾਰ ਗੁਰੂ ਬਾਬੇ ਨੂੰ ਬੀ ਮਿਲਿਆ ਜੋ ਆਪੇ ਚੁਕਿਆ ਉਹਨਾਂ ਦੇ ਨਾਲ ਨਾਲ ਆਉਂਦਾ ਰਿਹਾ। ਸਤਿਗੁਰੂ ਜੀ ਦੁਖ ਭਰੀ ਦਸ਼ਾ ਦੇਖਦੇ ਜਾ ਰਹੇ ਸਨ, ਗ਼ੁਲਾਮੀ ਵਿਚ ਰੁਲਦੀਆਂ ਤ੍ਰੀਮਤਾਂ ਬੱਧੀਆਂ ਜਾ ਰਹੀਆਂ ਸਨ, ਤਬਾਹੀ, ਖ਼ੂਨ ਲੁੱਟ, ਸ਼ਹਿਰ ਦੀ ਢਹਿ ਢੇਰੀ ਚੁਫੇਰੇ ਛਾ ਰਹੀ ਸੀ, ਸੋ, ਆਪ ਨੇ ਅੱਖੀ ਡਿੱਠਾ ਹਾਲ ਉਸ ਵੇਲੇ ਦਾ ਬੜੇ ਵੈਰਾਗ ਦੇ ਰੰਗ ਵਿਚ ਉਚਾਰਿਆ :-

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩

ੴ ਸਤਿਗੁਰ ਪ੍ਰਸਾਦਿ ॥

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥੧॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥ ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥੭॥੧੧॥

ਇਸ ਵੇਲੇ ਮੀਰ ਖਾਨ ਕੁਝ ਪ੍ਰਬੰਧ ਕਰਦਾ ਉਥੇ ਆ ਗਿਆ ਜਿਥੇ ਗੁਰੂ ਬਾਬਾ ਜੀ ਜਾ ਰਹੇ ਸਨ। ਉਸ ਦੀ ਨਜ਼ਰ ਪਈ ਤਾਂ ਕੀ ਦੇਖੇ ਕਿ ਦੋ

ਬੰਦ ਵਿਚ ਪਏ ਹਿੰਦੀਆਂ ਦੀ ਅਜਬ ਹਾਲਤ ਹੈ। ਇਕ ਦੀ ਪੋਟ ਉਸਦੇ ਸਿਰ ਤੋਂ ਹੱਥ ਭਰ ਉੱਚੀ ਆਪੇ ਜਾ ਰਹੀ ਹੈ, ਦੂਜਾ ਰਬਾਬ ਵਜਾਉਂਦਾ ਜਾ ਰਿਹਾ ਹੈ ਤੇ ਉਸ ਦੀ ਸਪੁਰਦੀ ਵਿਚ ਘੋੜਾ ਬਿਨਾਂ ਫੜੇ ਮਗਰੇ ਮਗਰ ਜਾ ਰਿਹਾ ਹੈ ਅਰ ਕੋਈ ਅਚਰਜ ਖੁਸ਼-ਇਲਹਾਨੀ ਦਾ ਰਾਗ ਗਾਂਵਿਆਂ ਜਾ ਰਿਹਾ ਹੈ ।

ਇਧਰ ਸਾਰੇ ਬੰਦੀ ਵਿਚ ਆਏ ਹਿੰਦੁਸਤਾਨੀ ਜਿਨ੍ਹਾਂ ਵਿਚ ਜਗਤ ਦੀ ਸਿਰਤਾਜ ਜੋਤਿ ਬੀ ਜਾ ਰਹੀ ਸੀ, ਬੰਧੂਆਂ ਦੇ ਡੇਰੇ ਵਲ ਚਲੇ ਜਾ ਰਹੇ, ਉਥੇ ਅੱਪੜ ਗਏ। ਅੱਗੇ ਅੱਡ ਅੱਡ ਕੰਮਾਂ ਤੇ ਬੰਦੀ ਜਨ ਲਾਏ ਗਏ ਸਨ। ਗੁਰੂ ਬਾਬੇ ਅੱਗੇ ਤੇ ਮਰਦਾਨੇ ਅੱਗੇ ਬੀ ਚੱਕੀਆਂ ਧਰੀਆਂ ਗਈਆਂ ਜੋ ਦਾਣਾ ਪੀਹ ਦੇਣ। ਉਧਰ ਮੀਰਖਾਨ ਬਾਬਰ ਪਾਸ ਪਹੁੰਚਾ ਤੇ ਦੱਸਿਆ ਕਿ ਦੋ ਫਕੀਰ ਬੰਦੀ ਵਿਚ ਆਏ ਹਨ ਪਰ ਓਹ ਖਿੜੇ ਤੇ ਜੁੜੇ ਚਿਹਰੇ ਜਾ ਰਹੇ ਹਨ, ਪੋਟ ਉਹਨਾਂ ਤੋਂ ਵਿੱਥ ਤੇ ਟੁਰਦੀ ਹੈ ਤੇ ਘੋੜਾ ਆਪੇ ਮਗਰ ਜਾਂਦਾ ਹੈ ਤੇ ਉਹ ਕੋਈ ਰੱਬੀ ਅਲਹਾਨ ਗਾਉਂਦੇ ਜਾਂਦੇ ਹਨ ਬਾਬਰ ਨੇ ਕਿਹਾ:-'ਹੈਫ ਹੈ ! ਕੋਈ ਐਸਾ ਫਕੀਰ ਇਸ ਨਗਰੀ ਵਿਚ ਸੀ ਤਾਂ ਇਹ ਨਗਰੀ ਅਸਾਂ ਕਿਉਂ ਮਾਰੀ ?" ਇਹ ਕਹਿੰਦਾ ਉਨ੍ਹਾਂ ਬੰਦੀਆਂ ਦੇ ਡੇਰੇ ਬਾਬਰ ਆਪ ਆਇਆ, ਡਿਠੋਸੁ ਕਿ ਹਿੰਦੂ ਮੁਸਲਮਾਨ ਪਠਾਣ ਤ੍ਰੀਮਤਾਂ ਚੱਕੀ ਪੀਹ ਰਹੀਆਂ ਹਨ ਤੇ ਬੜੇ ਬੜੇ ਅਮੀਰ ਮੁਸ਼ੱਕਤਾਂ ਕਰ ਰਹੇ ਹਨ, ਅੱਗੇ ਡਿਠੋਸੁ ਕਿ ਉਹ ਦੋਇ ਫਕੀਰ ਬੈਠੇ ਹਨ, ਪਰ ਚੱਕੀਆਂ ਆਪੇ ਫਿਰ ਰਹੀਆਂ ਹਨ।

ਬਾਬਰ ਇਹ ਦੇਖਕੇ ਦੰਗ ਰਹਿ ਗਿਆ, ਗੁਰੂ ਜੀ ਨੂੰ ਬੁਲਾਇਆ ਤਾਂ ਉਹ ਵਿਸਮਾਦ ਦੇ ਘਰ ਸਮਾਧੀ ਵਿਚ ਹੀ ਸਨ, ਥੋੜੇ ਚਿਰ ਮਗਰੋਂ ਨੈਣ ਖੁਲੇ ਤੇ 'ਵਾਹਿਗੁਰੂ' ਦੀ ਉਸਤਤਿ ਦਾ ਇਕ ਸ਼ਬਦ ਉਸ ਇਲਾਹੀ ਗਲੇ ਥੀਂ ਗਾਇਨ ਹੋਇਆ। ਇਸ ਸ਼ਬਦ ਦੀ ਸੱਦ ਤੇ ਸੁਰ ਤੋਂ ਵੈਰਾਗ ਦਾ ਪ੍ਰਭਾਵ ਐਸਾ ਛਾਇਆ ਕਿ ਬਾਬਰ ਤੇ ਅਮੀਰ ਖਾਨ ਅਤੇ ਹੋਰ ਮੁਗਲਾਂ ਤੇ ਅਸਰ ਹੋਇਆ । ਭੋਗ ਪਏ ਤੇ ਬਾਬਰ ਨੇ ਕਿਹਾ ਕਿ ਇਸ ਫਕੀਰ ਦੇ ਮੱਥੇ ਤੇ ਖੁਦਾ ਹੈ ਤੇ ਲਿਖਿਆ ਹੈ ਕਿ ਬਾਬਰ ਨੇ ਬਾਬੇ ਦੇ ਪੈਰ ਚੁੰਮੇ ਤੇ ਸਾਰੇ ਮੁਗਲ ਦਰਬਾਰੀਆਂ ਮੱਥਾ ਟੇਕਿਆ। ਬਾਬਰ ਨੇ ਕਿਹਾ:-ਹੇ ਰੱਬ ਦੇ ਪਿਆਰੇ ! ਖਿਮਾ ਕਰਤੇ ਸਾਡੀ ਵਲੋਂ ਕੁਛ ਨਜ਼ਰ ਕਬੂਲ ਕਰ ! ਜਦੋਂ ਦਇਆ ਤੇ ਤਰਸ ਦੇ ਸਮੁੰਦਰ ਨੇ ਆਖਿਆ:-ਹੇ ਬਾਬਰ ! ਸਾਨੂੰ ਲੋੜ ਕਿਛ ਨਹੀਂ, ਨਜ਼ਰ ਦੇਣੀ ਹਈ ਤਾਂ ਇਹ ਬੰਦ ਖਲਾਸ ਕਰ, ਇਨ੍ਹਾਂ ਦੇ ਮਾਲ ਮੋੜ ਦੇਹ। ਬਾਬਰ ਨੇ ਉਸੇ ਵੇਲੇ ਸਾਰੇ ਬੰਦੀ ਛੋੜ ਦਿਤੇ, ਮਾਲ ਬੀ ਮੁੜਵਾਏ, ਪਰ ਸਾਰੇ ਬੰਦੀਆਂ ਨੇ ਆਖਿਆ ਕਿ ਸਾਡਾ ਬੰਦੀ ਛੋੜ ਸਾਡੇ ਨਾਲ ਚੱਲੇ। ਤਦ ਬਾਬਰ ਨੇ ਬੜੇ ਅਦਬ ਨਾਲ ਗੁਰੂ ਜੀ ਨੂੰ ਸੈਦਪੁਰ ਦੇ ਕੈਦੀਆਂ ਸਮੇਤ ਟੁਰ ਜਾਣ ਦੀ ਆਗਜਾ ਦੇ ਦਿਤੀ। ਸ਼ਹਿਰ ਤੋਂ ਪਹਿਰੇ ਉਠਾ ਲਏ ਤੇ ਸਾਰੀ ਫੌਜ ਨੂੰ ਹੁਕਮ ਦੇ ਦਿਤਾ ਕਿ ਕੋਈ ਹੁਣ ਕਿਸੇ ਨੂੰ ਨਾ ਛੇੜੇ, ਅਸਾਂ ਸਭ ਨੂੰ ਅਮਾਨ ਦਿਤੀ ਹੈ।

ਸੁਤੰਤ੍ਰਤਾ ਦੇ ਦਾਤੇ ਆਪ ਕੈਦ ਪੈਕੇ ਕੈਦੀਆਂ ਨੂੰ ਛੁਡਾਕੇ ਨਾਲ ਲਈ ਸੈਦਪੁਰ ਸ਼ਹਿਰ ਦੇ ਵਿਚ ਹੁਣ ਆਏ ਤਾਂ ਕੀ ਵੇਖਣ ਕਿ ਅੱਗੇ ਸਭ ਕਤਲਾਮ ਹੋਈ ਪਈ ਹੈ, ਉਸ ਵੇਲੇ ਦੀ ਦਰਦਨਾਕ ਦਸ਼ਾ ਉੱਤੇ ਗੁਰੂ ਬਾਬੇ ਨੇ ਸ਼ਬਦ ਆਖਿਆ:-

ਆਸਾ ਮਹਲਾ ੧ ਅਸਟਪਦੀਆ ਘਰੁ ੩॥

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥ ੧ ॥ ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥ ੧ ॥ ਰਹਾਉ ॥ ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥ ੨ ॥ ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ[1] ਸੁਣਿਆ

[1] ਮੁਰਾਦ ਬਾਬਰ ਤੋਂ ਹੈ।

ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨ੍ ਕੀ ਚੀਰੀ ਦਰਗਹ ਫਾਟੀ ਤਿਨ੍ਹਾ ਮਰਣਾ ਭਾਈ ॥ ੫ ॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥ ੬ ॥ ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥

"ਸੈਦਪੁਰ ਦੀ ਬੰਦ ਤੇ ਦਰਬੰਦੀ ਗੁਰੂ ਬਾਬੇ ਨਾਨਕ ਛੁਡਾਈ ਹੈ" ਇਹ ਗਲ ਪਲੋ ਪਲੀ ਵਿਚ ਫੈਲ ਗਈ। ਸੈਦਪੁਰ ਦੇ ਲੋਕੀਂ, ਜੋ ਨੱਠ ਗਏ ਸਨ ਮੁੜ ਆਏ। ਸ਼ਹਿਰ ਵਿਚ ਮਰ ਗਿਆਂ ਦੀ ਕਤਲ ਉਤੇ ਦੁੱਖ, ਕੀਰਨੇ, ਲੁੱਟੇ ਜਾਣ ਦੇ ਸੰਤਾਪ ਘਰ ਮੰਦਰ ਢਹਿਣ ਦੇ ਕਸ਼ਟ ਤੇ ਵਿਰਲਾਪ ਹੋਣ ਲੱਗੇ। ਜੋ ਬੇਹੁਰਮਤੀਆਂ ਤੇ ਕੈਦਾਂ ਕੱਟ ਕੇ ਫੇਰ ਆ ਗਏ ਸੀ, ਵਿਛੁੜ ਵਿਛੁੜ ਮਿਲੇ। ਉਸ ਕਲੇਜਾ ਚੀਰ ਦੇਣ ਵਾਲੇ ਸਮੇਂ ਗੁਰੂ ਬਾਬੇ ਨੇ "ਜੈਸੇ ਗੋਇਲ ਗੋਇਲੀ ਤੈਸੇ ਸੰਸਾਰਾ" ਦਾ ਸ਼ਬਦ ਗਾਂਵਿਆ। ਲੋਕੀਂ ਅਪਣੇ ਅਪਣੇ ਮੋਇਆਂ ਨੂੰ ਸਾੜਨ ਫੂਕਨ ਦਫਨ ਕਰਨ ਲੱਗੇ ਤੇ ਜਿਸ ਜਿਸ ਤਰ੍ਹਾਂ ਬਣ ਪਏ, ਅਪਣੇ ਗੁਜ਼ਾਰੇ ਦੀ ਸੋਚਣ ਲੱਗੇ।

ਹੁਣ ਗੁਰੂ ਬਾਬੇ ਨੂੰ ਪਤਾ ਲਗਾ ਕਿ ਬਾਬਰ ਦੀ ਕੈਦ ਵਿਚ ਅਜੇ ਬਹੁਤ ਲੋਕ ਹਨ । ਰਸਤੇ ਵਿਚ ਜਿਸ ਕਿਸੇ ਤੇ ਸ਼ੱਕ ਪਿਆ, ਉਹ ਪਕੜੇ ਨਾਲ ਜਾ ਰਹੇ ਹਨ, ਸਿਪਾਹੀਆਂ ਨੇ ਸੁੰਦਰ ਤ੍ਰੀਮਤਾਂ ਕੈਦ ਪਾ ਰਖੀਆਂ ਹਨ, ਸੈਦਪੁਰ ਦੇ ਪਿੰਡਾਂ ਦੇ ਬਹੁਤ ਲੋਕੀਂ ਅਜੇ ਕੈਦ ਵਿਚ ਹਨ ਅਰ ਇਹ ਕੈਦ ਦਾ ਡੇਰਾ ਕੁਛ ਦੁਰੇਡੜਾ ਪਿਆ ਹੈ। ਕਈ ਲੋਕ, ਜਿਨ੍ਹਾਂ ਨੂੰ ਘਰਦਿਆਂ ਨੇ ਮਰ ਗਿਆ, ਕਤਲ ਹੋ ਗਿਆ ਸਮਝਿਆ ਹੈ ਅਜੇ ਬੰਦ ਵਿਚ ਹਨ ਤੇ ਉਹਨਾਂ ਤੋਂ ਕਰੜੀ ਮੁਸ਼ੱਕਤ ਲਈ ਜਾਂਦੀ ਹੈ! ਕਰੁਣਾਮਯ ਇਹ ਸੁਣਕੇ ਬਾਬਰ ਦੇ ਡੇਰੇ ਵਲ ਫੇਰ ਜਾ ਫਿਰੇ ਤੇ ਫਿਰ ਸ਼ਬਦ ਗਾਂਵੇਂ :-

ਆਸਾ ਮਹਲਾ ੧ ॥

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ[੧] ॥ ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥੨॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥ ੩ ॥ ੫ ॥ ੩੯ ॥

ਇਸ ਸ਼ਬਦ ਦੀ ਦਰਦਨਾਕ ਧੁਨਿ ਜਦ ਸ਼ਾਮਯਾਨੇ ਹੇਠ ਬੈਠੇ ਬਾਬਰ ਦੇ ਕੰਨੀਂ ਪਈ ਤਦ ਆਖਦੇ ਹਨ ਕਿ ਉਸ ਨੇ ਗੁਰੂ ਜੀ ਨੂੰ ਸੱਦ ਘੱਲਿਆ ਅਰ ਬੜੇ ਅਦਬ ਨਾਲ ਬਿਠਾਕੇ ਪੁੱਛਿਆ ਕਿ ਆਪ ਕੀ ਗਾਇਨ ਕਰ ਰਹੇ ਸੇ? ਉਸ ਸ਼ਬਦ ਦਾ ਭਾਵ ਜਦ ਬਾਬਰ ਨੇ ਸਮਝਿਆ ਤਾਂ ਸ਼ਰਮ ਆਈ ਤੇ ਦਿਲ ਨਿੰਮ੍ਰਤਾ ਵਿਚ ਆਇਆ ਤੇ ਗੁਰੂ ਜੀ ਨੂੰ ਭੰਗ ਦੇਣ ਲੱਗਾ, ਗੁਰੂ ਜੀ ਨੇ ਨਾਂਹ ਕੀਤੀ ਤੇ-

"ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥"

ਇਹ ਸ਼ਬਦ ਸੁਣਾਇਆ, ਇਸ ਪਰ ਪ੍ਰਸੰਨ ਹੋਕੇ ਬਾਬਰ ਨੇ ਆਖਿਆ ਕਿ ਤੁਸੀਂ ਸਾਡੇ ਨਾਲ

---

[੧] ਭਾਵ ਇਹ ਹੈ ਕਿ ਫੌਜੀ ਲੋਕ ਫੌਜੀਆਂ ਨਾਲ ਲੜਨ ਤਾਂ ਗੱਲ ਹੈ, ਫੌਜੀਆਂ ਦਾ ਸ਼ਹਿਰਾਂ ਦੀ ਨਾ ਲੜਨ ਵਾਲੀ ਵਸੋਂ ਨੂੰ ਮਾਰਨਾ ਲੁੱਟਣਾ ਮਹਾਨ ਪਾਪ ਹੈ। ਇਹ ਉਲਾਂਭਾ ਬਾਬਰ ਦੇ ਦਿਲ ਨੂੰ ਪੁੜ ਗਿਆ ਸੀ। ਕਿਉਂਕਿ ਸ਼ਸਤ੍ਰ ਹੀਨਾਂ ਉਤੇ ਸ਼ਸਤ੍ਰ ਧਾਰੀ ਫੌਜ ਦਾ ਹਮਲਾ ਕਰਨਾ ਕਾਇਰਤਾ ਬੀ ਪਰਲੇ ਦਰਜੇ ਦੀ ਹੈ।

ਰਹੋ। ਬਹੁਤ ਜ਼ੋਰ ਦੇਣ ਤੇ ਆਪ ਤ੍ਰੈ ਦਿਨ ਰਹੇ, ਪਰ ਤ੍ਰੈਏ ਦਿਨ ਕੈਦੀਆਂ ਨੂੰ ਵੇਖ ਵੇਖ ਬੜੇ ਤਰਸ ਦੇ ਰੰਗ ਵਿਚ ਜਾਂਦੇ ਰਹੇ। ਤੀਸਰੇ ਦਿਨ ਗੁਰੂ ਜੀ ਕੀਰਤਨ ਕਰਦੇ ਵਿਸਮਾਦ ਦੇ ਘਰ ਮਗਨ ਹੋ ਗਏ। ਬਾਬਰ ਜਾਤਾ ਕਿ ਕਿਤੇ ਸਰੀਰ ਤਿਆਗਨ ਲਗੇ ਹਨ, ਪਰ ਕੁਛ ਚਿਰ ਮਗਰੋਂ ਮਹਾਰਾਜ ਜੀ ਸਾਵਧਾਨ ਹੋਏ, ਇਨ੍ਹਾਂ ਦੇ ਚਿਹਰੇ ਅਰਸ਼ਾਂ ਦਾ ਨੂਰ ਚਮਕਿਆ ਤੇ ਐਸਾ ਜਲਾਲ ਆਇਆ ਕਿ ਬਾਬਰ ਨੇ ਉਹਨਾਂ ਤੋਂ ਦੁਆ ਮੰਗੀ । ਤਦ ਗੁਰੂ ਜੀ ਬੋਲੇ ਜੇ ਮਿਹਰ ਲੋਚਦਾ ਹੈਂ ਤਾਂ ਸਾਰੇ ਕੈਦੀ ਛੋੜ ਦੇਹ। ਬਾਬਰ ਨੇ ਕਿਹਾ: ਜੋ ਹੁਕਮ ਕਰੋ ਕਰਦਾ ਹਾਂ ਪਰ ਦੁਆ ਕਰੋ ਕਿ ਮੇਰਾ ਰਾਜ ਨਾ ਹਿੱਲੇ। ਗੁਰੂ ਜੀ ਬੋਲੇ: "ਤੇਰਾ ਰਾਜ ਰਹੇਗਾ ਤਾਂ, ਜੇ ਤੂੰ ਹਿੰਦ ਵਿਚ ਹਿੰਦੀ ਹੋ ਜਾਏਂ। ਹਿੰਦੂ ਮੁਸਲਮਾਨ ਦੋ ਨੈਣ ਸਮਝੇਂ, ਨਿਰਪੱਖ ਨਿਆਂ ਕਰੇਂ, ਸ਼ਰਾਬ ਜੂਏ ਦਾ ਪੱਖ ਨਾ ਕਰੇਂ, ਸੰਤਾਂ ਫਕੀਰਾਂ ਦਾ ਸਤਿਕਾਰ ਕਰੇਂ, ਹਾਰਿਆਂ ਤੇ ਰਹਿਮ ਕਰੇਂ, ਨਹੀਂ ਤਾਂ ਰਾਜ ਸਦਾ ਕਦੇ ਰਹੇ ਨਹੀਂ। ਨਿਆਂ ਸੂਰਜ ਤੇ ਰਾਜ ਪਰਛਾਵਾਂ ਹੈ, ਨਿਆਂ ਗਿਆ ਤੇ ਰਾਜ ਗਿਆ।" ਬਾਬਰ ਨੇ ਇਸ ਪਰ ਸਭ ਕੈਦੀ ਛੱਡ ਦਿਤੇ ਤੇ ਹੁਣ ਗੁਰੂ ਜੀ ਨੂੰ ਇਸਲਾਮ ਕਬੂਲਣ ਲਈ ਕਿਹਾ ਪਰ ਇਸ ਵਿਚਾਰ ਵਿਚ ਕੋਈ ਮੁਸਲਮਾਨ ਆਲਮ ਉਹਨਾਂ ਨਾਲ ਪੂਰਾ ਨਾ ਢੁੱਕ ਸਕਿਆ। "ਜਿਤੁ ਦਰ ਲਖ ਮੁਹੰਮਦਾ" ਵਾਲਾ ਸ਼ਬਦ ਆਖਦੇ ਹਨ ਕਿ ਏਥੇ ਉਚਾਰ ਹੋਇਆ। ਬਾਬਰ ਤੋਂ ਵਿਦਾ ਹੋਕੇ ਬਾਕੀ ਦੇ ਸਭ ਕੈਦੀ ਉਸ ਤੋਂ ਛੁਡਵਾ ਕੇ ਗੁਰੂ ਜੀ ਪਸਰੂਰ ਵਲ ਤੁਰ ਪਏ। ਬਾਬਰ ਬੀ ਤਦੋਂ ਇਥੋਂ ਹੀ ਪਿਛੇ ਮੁੜ ਗਿਆ ਲਿਖਿਆ ਹੈ।

ਲਿਖਿਆ ਹੈ ਕਿ ਉਪਰ ਲਿਖੇ ਵਾਕਿਆਤ ਸ਼ੁਰੂ ਕਤਕ ਸੰਮਤ ੧੫੭੮ ਬਿ: ਵਿਚ ਹੋਏ ਹਨ[1]। ਸੱਚੇ ਪਾਤਸ਼ਾਹ ਨੇ ਆਪਣੇ ਰੱਬੀ ਰੰਗ ਵਿਚ ਸਾਡੇ ਤੇ ਕਿੰਨੇ ਉਪਕਾਰ ਕੀਤੇ ਹਨ? ਸੈਦਪੁਰ, ਜਿਸ ਦੀ ਥਾਵੇਂ ਹੁਣ ਏਮਨਾਬਾਦ ਨਗਰੀ ਵਸਦੀ ਹੈ, ਕਿਸ ਅਪਦਾ ਵਿਚ ਆਇਆ? ਜ਼ਾਲਮ ਬਾਬਰ ਦੇ ਕਹਿਰ ਨੇ ਉੱਥੇ ਕਿੰਨਾਂ ਜ਼ੁਲਮ ਕਮਾਯਾ, ਪਰ ਗੁਰੂ ਬਾਬੇ ਨੇ ਆਪਣੀ ਦੈਵੀ ਕਲਾ ਵਰਤਾਕੇ ਅਪਣੇ ਪੁਰ ਦੁਖ ਝੱਲਕੇ ਕੀਕੂੰ ਮਿਹਰਾਂ ਕੀਤੀਆਂ ਤੇ ਦੁਖੀਆਂ, ਦੀਨਾਂ, ਬੰਧੂਆਂ ਦੇ ਕਸ਼ਟ ਮੇਟੇ? ਕਿਤਨੇ ਕਸ਼ਟ ਵਿਚ ਆਪ ਗਏ? ਕੇਡੇ ਨਿਰਦਈ ਪਾਤਸ਼ਾਹ ਨਾਲ ਜਾ ਮੱਥਾ ਲਾਇਆ ਤੇ ਕਿਸ ਤਰ੍ਹਾਂ ਉਸ ਤੋਂ ਦੁਖੀਆਂ ਦਾ ਛੁਟਕਾਰਾ ਕਰਾਇਆ । ਏਥੇ ਹੀ ਬੱਸ ਨਹੀਂ, ਗੁਰੂ ਬਾਬੇ ਨੇ ਫੇਰ ਸੈਦਪੁਰ[2] ਦੇ ਲੋਕਾਂ ਨੂੰ ਨਾਮ ਦਾਨ ਬਖਸ਼ਿਆ। ਪੁ: ਜਨਮ ਸਾਖੀ ਵਿਚ ਲਿਖਿਆ ਹੈ:-ਤਬ ਸੈਦਪੁਰ ਦਾ ਬਹੁਤ ਨਾਮਧਰੀਕ ਸਿਖ ਹੋਯਾ। ਗੁਰੂ ਜੀ ਦੇ ਉਥੇ ਉਚਾਰੇ ਸ਼ਬਦ ਝਾੜੂ ਕਲਾਲ ਨੇ ਲਿਖੇ ਜੋ ਕੈਦੀਆਂ ਵਿਚ ਸੀਗਾ।

ਸਤਿਗੁਰ ਦੇ ਇਹ ਪਿਆਰ ਇਹ ਮਿਹਰਾਂ ਸਾਡੇ ਆਤਮਾਂ ਨੂੰ ਸਤਿਗੁਰ ਦੇ ਜਾਤੀ ਪਯਾਰ ਵਿਚ ਬੰਨ੍ਹਦੇ ਹਨ। ਸਾਨੂੰ ਉਹਨਾਂ ਦੇ ਪ੍ਰੇਮ ਦੇ ਰਿਣੀ ਬਣਾਉਂਦੇ ਹਨ। ਅਰ ਇਹ ਕਿਤਨਾਂ ਪਯਾਰ, ਸ਼ੁਕਰ-ਗੁਜ਼ਾਰੀ ਤੇ ਉਹਨਾਂ ਦੇ ਨਾਮ ਤੋਂ ਸਦਕੇ ਹੋਣ ਦਾ ਭਾਵ ਸਾਡੇ ਅੰਦਰ ਭਰਦਾ ਹੈ?

## ੭੯. ਪ੍ਰਸੰਗ ਭਾਈ ਤਾਰਾ ।

ਪਾਸ ਸ਼ਹਿਰ ਲਾਹੌਰ ਦੇ ਪਿੰਡ ਸੀਗਾ, ਵੱਸੋਂ ਵੱਸਦੀ ਓਸ ਥਾਂ ਘੁੱਗ ਦੀ ਸੀ।
ਆਦਿ ਗੁਰੂ ਦਾ ਸਿਖ ਇਕ ਰਹੇ ਓਥੇ ਜਿਦ੍ਹੀ ਭਜਨ ਦੀ ਆਸ ਹੁਣ ਪੁੱਗਦੀ ਸੀ।
ਰਾਜ ਲੋਧੀਆਂ ਦਾ ਤਦੋਂ ਹਿੱਲ ਪਇਆ, ਬਾਬਰ ਸ਼ਾਹ ਦੀ ਅੰਕੁਰੀ ਉੱਗਦੀ ਸੀ।

---

[1] ਬਾਬਰ ਦਾ ਇਹ ਹੱਲਾ ੧੫੭੮ ਬਿ: ਯਾ ੧੫੨੧ ਈ: ਵਿਚ ਸੀ। ਦੂਜਾ ੧੫੨੪ ਈ: ਵਿਚ ਜਦੋਂ ਲਾਹੌਰ ਸੜਿਆ ਤੇ ਤੀਜਾ ੧੫੨੬ ਈ: ਵਿਚ ਸੀ ਜਦੋਂ ਪਾਣੀਪਤ ਦਾ ਜੰਗ ਜਿੱਤਕੇ ਦਿੱਲੀ ਦਾ ਰਾਜ ਸਾਂਭ ਲਿਆ।

[2] ਸੈਦਪੁਰ ਦਾ ਪਹਿਲਾ ਨਾਉਂ ਪੁ: ਜ: ਸਾਖੀ ਵਿਚ 'ਸੈਦਪੁਰ ਸੰਡੇਆਲੀ' ਲਿਖਿਆ ਹੈ! ਬਾਬਰ ਦੀ ਕਤਲ ਦੇ ਬਾਦ ਨਾਮ ਇਹੋ ਰਿਹਾ। ੧੫੯੭ ਸੰਮਤ ਵਿਚ ਹਮਾਯੂੰ ਨੱਸ ਗਿਆ ਤੇ ਸ਼ੇਰ ਸ਼ਾਹ ਹੋਇਆ, ਏਸ ਨੇ ਵੀ ਇਸ ਨਗਰੀ ਨੂੰ ਵਸਾਇਆ ਤੇ ਨਵੀਂ ਤਰ੍ਹਾਂ ਬਣਾ ਕੇ ਸ਼ੇਰਗੜ੍ਹ ਨਾਉਂ ਰਖਿਆ। ਅਕਬਰ ਦੇ ਸਮੇਂ ਇਕ ਹਾਕਮ ਨੇ ਇਸ ਦਾ ਨਾਉਂ ਏਮਨਾਬਾਦ ਰਖਿਆ ਪਰ ਪਰੰਪਰਾ ਇਹ ਹੈ ਕਿ ਬਾਬਰ ਤੋਂ ਅਮਾਨ ਦਿਵਾਉਣ ਕਰਕੇ ਗੁਰੂ ਬਾਬੇ ਦੇ ਸਮੇਂ ਤੋਂ ਨਾਉਂ ਏਮਨਾਬਾਦ ਹੋ ਗਿਆ ਤੇ ਸ਼ੇਰਸ਼ਾਹ ਦੇ ਨਾਉਂ ਬਦਲਣ ਪਰ ਵੀ ਨਾਉਂ ਏਮਨਾਬਾਦ ਹੀ ਰਿਹਾ। ਏਹ ਹੁਣ ਤਕ ਹੈ, ਗੁਜਰਾਂ ਵਾਲੇ ਦਾ ਜ਼ਿਲਾ ਹੈ, ਏਥੇ ਰੋੜੀ ਸਾਹਿਬ ਭਾਈ ਲਾਲੋ ਦੇ ਖੂਹ ਆਦਿ ਕਈ ਗੁਰਧਾਮ ਹਨ।

ਬਾਰਾਂ ਕੋਹਾਂ ਦੇ ਵਿੱਚ ਲਾਹੌਰ ਵੱਸੇ, ਰੌਣਕ ਜੁੜੀ-ਆ ਚੌਹਾਂ ਹੀ ਜੁੱਗ ਦੀ ਸੀ।
ਬਾਬਰ ਕਾਬਲੋਂ ਦਲਾਂ ਨੂੰ ਲਾਇ ਤੁਰਿਆ, ਮਾਰੋ ਮਾਰ ਕਰਦਾ ਚਲਿਆ ਆਂਵਦਾ ਈ।
ਕਿਸੇ ਭੰਨਿਆਂ ਨਾਂਹਿ ਬੁਥਾੜ ਉਸ ਦਾ, ਵਾਂਗ ਸ਼ੇਰ ਦੇ ਭਬਕਦਾ ਧਾਂਵਦਾ ਈ।
ਪਹੁੰਚਾ ਆਣ ਲਾਹੌਰ ਤੇ ਜੰਗ ਕੀਤਾ, ਜੰਗ ਜਿੱਤ ਕੇ ਅੱਗ ਲਗਾਂਵਦਾ ਈ।
ਸ਼ਹਿਰ ਅੱਗ ਦੇ ਨਾਲ ਇਉਂ ਭੜਕ ਬਲਦਾ, ਲੋੜ੍ਹਾ ਕਟਕ ਦਾ ਰੂਪ ਦਿਖਾਂਵਦਾ ਈ।
ਅਗਮ ਵਾਚਿਆਂ ਗੁਰਾਂ ਦਾ ਹੋਯਾ ਪੂਰਾ, 'ਜ਼ਹਿਰ ਕਹਿਰ ਲਹੌਰ' ਜਿਨ ਆਖਿਆ ਸੀ।
'ਸਵਾ ਪਹਿਰ ਦੇ ਵਿੱਚ ਤੂਫਾਨ ਮਚਿਆ, ਹੋਯਾ ਠੀਕ ਜੋ ਗੁਰਾਂ ਨੇ ਭਾਖਿਆ ਸੀ।
ਭਾਈ ਤਾਰੇ ਦੇ ਖ਼ਬਰ ਜਾਂ ਪਈ ਕੰਨੇ, ਦੁੱਖ ਜਗਤ ਹਟਾਉਣ ਨੂੰ ਚੱਲਿਆ ਏ,
ਕੰਬ ਗਿਆ ਕਲੇਜੜਾ ਸੁਣੀ ਪਰਲੋ ਪਰਉਪਕਾਰ ਨੂੰ ਜੀਉ ਉਛੱਲਿਆ ਏ।
ਜਦੋਂ ਜਾਣ ਲੱਗਾ ਘਰੋਂ ਭੈਣ ਵਰਜੇ, ਆਖੇ: "ਜਾਹ ਨਾਂ ਅੰਮੜੀ ਜਾਇਆ ਵੇ!
ਵੀਰਾ? ਛਾਲ ਨਾ ਮਾਰ ਵੇ ਭੱਠ ਬਲਦੇ ਅਸਾਂ ਵਾਸਤਾ ਰੱਬ ਦਾ ਪਾਇਆ ਵੇ!
ਬਾਬਰ ਵਾਣੀ ਆ ਫਿਰੀ ਲਾਹੌਰ ਉਤੇ, ਕਿਵੇਂ ਕਹਿਰ ਨਾ ਜਾਏ ਹਟਾਇਆ ਵੇ!
ਜ੍ਵਾਲਾ ਮੁਖੀ ਨੂੰ ਛੱਟਿਆ ਮਾਰਿਆਂ ਤੇ ਸੋਮਾਂ ਅੱਗ ਦਾ ਕਿਨ੍ਹੇ ਬੁਝਾਇਆ ਵੇ?
ਤਾਰਾ ਆਖਦਾ: ਭੈਣ ਜੀ ! ਛੱਡ ਦੇਵੋ ਬਣੀ ਕਸ਼ਟਣੀ ਰੱਬ ਦੇ ਬੰਦਿਆਂ ਤੇ।
ਰੱਬ ਰੱਖਦਾ ਮਾਰਦਾ ਆਪ ਮਾਲਿਕ ਸਾਡੇ ਹੱਥ ਕੀ ਬੰਦਿਆਂ ਮੰਦਿਆਂ ਦੇ।
ਐਪਰ ਬੈਠਿਆਂ ਜਾਇ ਨਾ ਘਰੀਂ ਸਾਥੋਂ ਜਦੋਂ ਜਗਤ ਤੇ ਦੁਖ ਆ ਝੁੱਲਿਆਂ ਏ।
ਮੱਤਿ ਗੁਰਾਂ ਦੀ ਭਲਾ ਕਮਾਣ ਦੀ ਹੈ, ਅਸਾਂ ਏਸ ਕਰਕੇ ਜੀਉੜਾ ਹੁੱਲਿਆ ਏ।
ਭੈਣ ਆਖਦੀ: "ਵੀਰ ਵੇ ! ਵਾਸਤਾ ਈ, ਗਿਆਂ ਮੁੜੇਂਗਾ ਜੀਂਵਦਾ ਕਦੇ ਨਾਹੀਂ।
ਹਾੜੇ ਤਰਲਿਆਂ ਨਾਲ ਮੈਂ ਅਰਜ਼ ਕਰਦੀ, ਘਰੋਂ ਜਾਣ ਦੇਂਦੀ ਤੈਨੂੰ ਤਦੇ ਨਾਂਹੀ।
ਹੁੰਦਾ ਸੁੰਞੜਾ ਬਾਗ ਹੈ ਪਿਤਾ ਵਾਲਾ, ਹੋਰ ਪੁੱਤ ਹੈ ਵੰਸ ਦੀ ਜਦੇ ਨਾਹੀਂ।
ਦੀਪਕ ਇਕ ਇਕੱਲੜਾ ਵੰਸ਼ ਦਾ ਤੂੰ, ਲੋਂਹਦੀ ਜਿੰਦ ਨੂੰ ਭੈਣ ਇਉਂ ਬਦੇ[1] ਨਾਂਹੀ।
ਵੀਰ ਆਖਿਆ: "ਭੈਣ ਜੀ ! ਜਾਣ ਦੇਵੋ ਵੇਲਾ ਸੇਵ ਤੇ ਟਹਿਲ ਦਾ ਜਾਂਵਦਾ ਏ।
ਮਰਨਾ ਦੇਹ ਨੇ ਅੰਤ ਨੂੰ, ਭੈਣ ਮੇਰੀ!! ਸਫਲ ਹੋਣ ਦਾ ਸਮਾ ਵਿਹਾਂਵਦਾ ਏ।
ਇਕ ਦੋਹੁੰ ਜਾਂ ਚਹੁੰ ਦੀ ਰੱਖਿਆ ਜੇ ਕਰ ਸਕਾਂ ਅਨੰਦ ਤਾਂ ਆਂਵਦਾ ਏ।
ਨਾਨਕ ਗੁਰੂ ਦਾ ਸਿੱਖ ਸਦਾ ਭੈਣੇ! ਦੁੱਖ ਦੇਖਕੇ ਰਿਹਾ ਨਾ ਜਾਂਵਦਾ ਏ।
ਭੈਣ ਆਖਿਆ: "ਮਾਪਿਆਂ ਜਾਇਆ ਵੇ! ਤੇਰੇ ਬਿਨਾਂ ਸੰਸਾਰ ਅੰਧੇਰ ਵੀਰਾ!
ਅੰਮਾਂ ਰੋਂਦੜੀ ਭੈਣ ਕੁਰਲਾਂਵਦੀ ਨੂੰ ਛਡ ਜਾਹ ਨਾ ਸਾਧ ਦਲੇਰ ਵੀਰਾ!
ਸਭੋ ਕੁੱਝ ਹੈ ਲੱਭਦਾ ਜੱਗ ਉੱਤੇ, ਮਾਪੇ ਜਾਇਆ ਵੀਰ ਇਕ ਵੇਰ ਵੀਰਾ!
ਆਸਾ ਤੋੜ ਨਾ ਭੈਣ ਤੇ ਮਾਂਉਂ ਸੰਦੀ, ਪਾਸਾ ਦਿਨਾਂ ਦਾ ਉਲਟ ਨਾ ਫੇਰ ਵੀਰਾ!
ਤਾਰਾ:-
ਕਈ ਰੱਬ ਦੇ ਰਾਹ ਤੇ ਤੁਰੇ ਜਾਂਦੇ ਫਸੇ ਅੱਗ ਦੇ ਵਿਚ ਦੁਖ ਪਾਣ ਭੈਣੇਂ!
ਛੱਡ ਜਾਣ ਦੇਹ, ਸਕਾਂ ਬਚਾਇ ਜੇ ਮੈਂ ਇਕ ਪ੍ਰਾਣੀ ਦੇ ਬਿਨਸਦੇ ਪ੍ਰਾਣ ਭੈਣੇਂ!
ਤੈਨੂੰ ਪੁੰਨ ਹੋਊ, ਮਾਂ ਦਾ ਭਲਾ ਹੋਵੇ, ਮੇਰੀ ਨਾਲ ਹੋਵੇ ਕਲਿਆਣ ਭੈਣੇਂ!
ਜਿਨ੍ਹਾਂ ਸੁਆਸਾਂ ਨੂੰ ਸਾਂਭ ਕੇ ਰੱਖਣਾ ਹੈ, ਅੰਤ ਦੇਹ ਵਿਚੋਂ ਨਿਕਲ ਜਾਣ ਭੈਣੇਂ!
ਭੈਣ ਮਾਉਂ ਤੇ ਮਿੱਤਰਾਂ ਰੋਂਦਿਆਂ ਨੂੰ ਛੱਡ ਧਾਇਕੇ ਸਿਖ ਉਠ ਨੱਸਿਆ ਏ।
ਦੌੜੋ ਦੌੜ ਕਹਦਾ ਜਾ ਲਾਹੌਰ ਪੁੱਜਾ, ਵਿਚ ਬਲਦਿਆਂ ਘਰਾਂ ਦੇ ਧੱਸਿਆਂ ਏ।

---

[1] ਬਦਨਾ=ਜੂਏ ਦੇ ਦਾਉ ਉਤੇ ਲਾ ਦੇਣਾ।

ਓਥੇ ਕਹਿਰ ਘਮਸਾਣ ਸੀ ਅਤਿ ਮਚਿਆ, ਮਾਨੋਂ ਅੱਗ ਦਾ ਮੀਂਹ ਹੀ ਵੱਸਿਆ ਏ।
ਹਾ ਹਾ ਕਾਰ ਧੂੰ ਧਾਰ ਖ਼ੁੱਰ੍ਹਾਮ ਮਚਿਆ, ਦਿਲ ਪੱਥਰਾਂ ਵਾਲਾ ਬੀ ਖੱਸਿਆ ਏ।
ਭਾਈ ਤਾਰੇ ਨੇ ਉੱਠਕੇ ਵਾਹ ਲਾਈ ਕਈ ਘਰਾਂ ਦੇ ਅੰਦਰੇ ਜਾਂਵਦਾ ਏ।
ਬਾਲ ਬੱਚੜੇ ਅੱਗ ਦੇ ਵਿਚ ਘੇਰੇ ਚੁੱਕ ਮੋਢਿਆਂ ਬਾਹਰ ਲਿਆਂਵਦਾ ਏ।
ਕੋਈ ਤੀਵੀਆਂ ਆਪਣੇ ਚੁੱਕ ਕੰਧੇ ਬਲਦੇ ਘਰਾਂ ਤੋਂ ਕੱਢ ਬਚਾਂਵਦਾ ਏ।
ਕਈਆਂ ਭੁੱਲਿਆਂ ਭਟਕਿਆਂ ਧੂ ਲਜਾਵੇ ਬਾਹੋਂ ਪਕੜਕੇ ਰਸਤੜੇ ਪਾਂਵਦਾ ਏ।
ਕਈ ਚੋਬਰਾਂ ਡੱਟਿਆਂ ਦੇਇ ਮਿਹਣੇ, ਹੱਥ ਜੋੜ ਉਪਦੇਸ਼ ਕਰਾਂਵਦਾ ਏ।
ਉਦਮ ਦੇਇਕੇ ਆਪਣੇ ਨਾਲ ਲਾਵੇ, ਸੇਵਾਦਾਰ ਇਉਂ ਜਾਇ ਵਧਾਂਵਦਾ ਏ।
ਜਿੱਥੇ ਆਖਦਾ ਲੱਗ ਕੇ ਕਰਨ ਸੇਵਾ, ਬੰਦੇ ਰੱਬ ਦੇ ਬਹੁਤ ਬਚਾਂਵਦਾ ਏ।
ਸੇਵਾ ਵੇਖਕੇ ਏਸ ਦੀ ਕਟਕ ਵਾਲੀ ਜੋਸ਼ ਬਹੁਤਿਆਂ ਸੇਵ ਦਾ ਆਂਵਦਾ ਏ।
ਆਗੂ ਵੇਖਕੇ ਹੌਂਸਲੇ ਬਹੁਤ ਵਾਲਾ ਪਿੱਛੇ ਲੱਗਵਾਂ ਟੋਲ ਵਧ ਜਾਂਵਦਾ ਏ।
ਕਈ ਘਰਾਂ ਦੇ ਹੇਠ ਦਬਾਏ ਬੰਦੇ ਪੁੱਟ ਪੁੱਟ ਕੇ ਬਾਹਰ ਕਢਾਂਵਦਾ ਏ।
ਜਿੱਥੇ ਦੇਖਦਾ ਅੱਗ ਦਾ ਜ਼ੋਰ ਭਾਰੀ ਧਾਈ ਕਰੇ ਤੇ ਨੱਸਿਆ ਜਾਂਵਦਾ ਏ।
ਬਾਲ ਬਿਰਧ ਤੇ ਤੀਵੀਆਂ ਗੱਭਰੂ ਜੀ ਕੱਢ ਅੱਗ ਥੀਂ ਬਾਹਰ ਲਿਆਂਵਦਾ ਏ।
ਕਈ ਥਾਉਂ ਤੇ ਹੁਕਮ ਏ ਕਰੇ ਸੁਹਣਾ ਪਾਣੀ ਪਾਇ ਕੇ ਅੱਗ ਬੁਝਾਂਵਦਾ ਏ।
ਰੱਖਜਾ ਜਾਨ ਦੀ ਕਰੇ ਸੀ ਮੁੱਖਿ ਹੋਕੇ ਅਗੋਂ ਮਾਲ ਬੀ ਨਾਲ ਬਚਾਂਵਦਾ ਏ।
ਹਿੰਮਤ ਸਿੱਖ ਸੀ ਇਕ ਦੀ ਮਿੱਤਰੋ ਜੀ ! ਜਿਨ੍ਹੇ ਸੁਖ ਦਿੱਤਾ ਕਈ ਸੈਂਕੜਿਆਂ ਨੂੰ।
ਲੱਕ ਟੁੱਟਿਆਂ, ਹਾਰਿਆਂ ਦੇਇ ਹਿੰਮਤ ਸੇਵਾ ਲਾ ਲੀਤਾ ਚੋਬਰ ਹੈਂਕੜਜਾਂ ਨੂੰ।
ਭਾਵੇਂ ਸ਼ਹਿਰ ਸੀ ਖ਼ਾਕ ਦਾ ਢੇਰ ਹੋਇਆ ਐਪਰ ਜਿੰਦੀਆਂ ਬਹੁਤ ਬਚਾਂਵਦੇ ਨੀ।
ਉੱਧਰੋਂ ਦੇਖਕੇ ਦੂਤੀਆਂ ਰੋਹ ਆਇਆ ਬਾਬਰ ਕੋਲ ਜਾ ਲੂਤੀਆਂ ਲਾਂਵਦੇ ਨੀ।
ਮਾਰੋ ਮਾਰ ਕਰਦੇ ਮੁਗ਼ਲ ਆਣ ਪਹੁੰਚੇ ਬੰਨ੍ਹ ਲਿਆ ਸੀ ਸੇਵ ਕਮਾਂਵਦੇ ਨੂੰ।
ਸਾਥੀ ਸਾਰੇ ਹੀ ਏਸ ਦੇ ਪਕੜ ਲੀਤੇ, ਅੱਗੇ ਲਾ ਲੀਤਾ ਠੰਢਾਂ ਪਾਂਵਦੇ ਨੂੰ।
ਬਾਬਰ ਸਾਮ੍ਹਣੇ ਕੈਦੀਆਂ ਵਾਂਗ ਆਂਦੇ "ਪਕੜ ਲਜਾਏ ਹਾਂ ਹੁਕਮ ਉਲਟਾਂਵਦੇ ਨੂੰ।
ਬਾਬਰ ਪੁਛਿਆ: "ਦੱਸ ਕੀ ਡੰਨ ਦੇਵਾਂ ਫੂਕ ਖਾਕ ਕਰਾਂ, ਤੈਨੂੰ ਆਂਵਦੇ ਨੂੰ।
ਸਾਵਧਾਨ ਹੋਕੇ ਤਾਰੇ ਆਖਿਆ ਏ: "ਬਾਬਰ ਸ਼ਾਹ ! ਤੂੰ ਰੱਬ ਦਾ ਘੱਲਿਆਂ ਏਂ।
ਪਾਪ ਪ੍ਰਜਾ ਦੇ ਸੱਦ ਕੇ ਤੁੱਧ ਲਜਾਏ ਝੱਖੜ ਹੁਕਮ ਅੰਦਰ ਸਾਰਾ ਝੁੱਲਿਆ ਏ।
ਤੈਨੂੰ ਭੇਜਿਆ ਜਿਨ੍ਹੇ ਹੈ ਰਬ ਓਸੇ ਅੱਜ ਅੱਗ ਬੁਝਾਣ ਘਲਾਇਆ ਮੈਂ"।
ਹੁਕਮ ਓਸਦਾ ਮੰਨ ਕੇ ਮੀਰ ਬਾਬਰ ਪਾਣੀ ਪਾਣ ਦਾ ਕੰਮ ਕਮਾਇਆ ਮੈਂ।
ਬਾਬਰ ਕੜਕ ਕੇ ਆਖਦਾ: "ਕੁਫਰ ਬੋਲੇਂ ਕਿਸ ਭੇਜਿਆ ਦੱਸ ਖਾਂ ਖੋਲ੍ਹ ਕੇ ਓਇ?
ਤਾਰਾ:-
"ਨਾਨਕ ਗੁਰੂ ਦਾ ਸਿੱਖ ਹਾਂ, ਸੁਣੀਂ ਮੀਰਾ ! ਧੁਰੋਂ ਭੇਜਿਆ ਰੱਬ ਨੇ ਬੋਲਕੇ ਜੋਇ।
ਭਲਾ ਕਰਨ ਦੀ ਮੱਤ ਹੈ ਓਸ ਦਿੱਤੀ, ਰੱਬ ਧਜਾਵਣਾ ਓਸ ਸਿਖਾਇਆ ਏ।
ਓਸ ਰੱਬ ਨੇ ਪ੍ਰੇਰਿਆ ਮੁਝ ਤਾਂਈਂ, ਸੇਵਾ ਕਰਨ ਨੂੰ ਓਸ ਸਿਖਾਇਆ ਏ।
ਮੀਰ ਤ੍ਰਬ੍ਰਕਿਆ ਗੁਰੂ ਦਾ ਨਾਉਂ ਸੁਣ ਕੇ 'ਨਾਨਕ ਨਾਨਕ' ਫਿਰ ਮੂੰਹੋਂ ਅਲਾਂਵਦਾ ਏ।
ਸੈਦ ਪੁਰੇ ਦਾ ਵਾਕਿਆ ਯਾਦ ਆਯਾ, ਕਿਹਾ ਗੁਰੂ ਵਾਲਾ ਚਿਤ ਆਂਵਦਾ ਏ।
ਕਰਨ ਅਦਲ ਦਾ ਉਨ੍ਹਾਂ ਸੀ ਹੁਕਮ ਦਿੱਤਾ, ਦਿਲ ਬਾਬਰ ਦਾ ਅਦਬ ਤੇ ਆਂਵਦਾ ਏ।
ਗੁੱਸਾ ਟਲਿਆ ਤੇ ਖ਼ਲਕ ਤੇ ਰਹਿਮ ਆਯਾ ਕਦਰ ਤਾਰੇ ਦੀ ਬੀ ਦਿਲ ਪਾਂਵਦਾ ਏ।

ਹੁਕਮ ਕੀਤੋ ਸੁ ਤਾਰੇ ਦੇ ਬੰਦ ਖੁੱਲ੍ਹੇ, ਕਤਲ ਅੱਗ ਸਭ ਸ਼ਹਿਰ ਦੀ ਬੰਦ ਹੋਈ,
ਸਾਥੀ ਛੱਡ ਦਿੱਤੇ; "ਜਾਓ ਕਰੋ ਸੇਵਾ, ਕਰੇ ਰੋਕ ਨਾ ਇਨ੍ਹਾਂ ਨੂੰ ਮੁਗਲ ਕੋਈ":
ਸ਼ਹਿਰ ਲੁੱਟਣੋਂ ਫੌਜ ਨੂੰ ਵਰਜਿਆ ਏ ਅੱਗੋਂ ਸਾੜਨੋਂ ਸਭ ਨੂੰ ਹੋੜਿਆ ਏ।
ਤਾਰਾ ਸਾਥੀਆਂ ਸਣੇ ਬੀ ਛੁੱਟਿਆ ਏ ਹੋਰ ਬੱਧਿਆਂ ਨੂੰ ਨਾਲੇ ਛੋੜਿਆ ਏ।
ਸਿੱਖ ਵਿਚ ਨਾਂ ਤਾਣ ਸੀ ਸ਼ਹਿਰ ਰਖੇ ਕਹਿਰ ਟਾਲਣੇ ਨੂੰ ਸਮਰੱਥ ਨਾਹੀਂ,
ਇੱਕ ਵਿਚ ਕੀ ਤਾਣ ਸੀ ਕਰੇ ਜਿਹੜਾ ਬਾਬਰ ਜੇਹੇ ਦੇ ਜ਼ੁਲਮ ਦੀ ਝਾਲ ਭਾਈ।
ਐਪਰ ਹਿੰਮਤ ਉਸ ਇਕ ਦੀ ਦੇਖ ਲੈਣੀ ਬਰਕਤ ਰੱਬ ਨੇ ਓਸ ਵਿਚ ਕਿਹੀ ਪਾਈ,
ਬਾਕੀ ਸ਼ਹਿਰ ਬਚਿਆਂ ਨਾਲੇ ਖਿਮਾ ਹੋਈ ਖਾਉਂ ਕਤਲ ਦੀ ਜਾਨ ਅਮਾਨ ਆਈ।
ਕਹਿਰ ਕਟਕ ਦਾ ਵਰਤਦਾ ਬੰਦ ਹੋਇਆ, ਲੁੱਟ ਮਾਫ ਹੋਈ, ਅੱਗ ਬੰਦ ਹੋਈ,
ਸੱਚੇ ਦਿਲੋਂ ਕੀਤੀ ਘਾਲ ਨਿਕੀ ਜੇਹੀ ਚਾਰ ਚੰਦ ਲੱਗੇ ਚਾਰ ਚੰਦ ਹੋਈ।
ਜਾਨਾਂ ਕਈ ਬਚੀਆ, ਦਿਲ ਸ਼ਾਦ ਹੋਏ, ਕਈ ਨਿਕਲ ਆਏ ਵਿਚੋਂ ਮੌਤ ਫਾਹੀ।
ਧਾਕ ਵੱਜ ਚੁਫੇਰੜੇ ਗਈ ਉਸ ਦੀ ਭਾਈ ਤਾਰੇ ਨੇ ਕਸ਼ਟਾਂ ਦੀ ਪੰਡ ਲਾਹੀ।
ਜੀਵਨ ਪਜਾਰਿਓ ! ਸਿੱਖ ਦਾ ਹੋਇ ਐਸਾ ਕਰੇ ਸੇਵ ਤੇ ਰਹਿਤ ਹੰਕਾਰ ਹੋਵੇ।
ਰੱਖੇ ਕਾਮਨਾ ਕੁਝ ਨ ਪੁੰਨ ਦੀ ਓ, ਗੁਰੂ ਸੇਵ ਜਾਣੇ ਜੇ ਉਪਕਾਰ ਹੋਵੇ।
ਰਾਜ ਜੋਗ ਕਮਾਇਕੇ ਧਰਮ ਪਾਲੇ, ਨਾਮ ਜਪੇ ਤੇ ਸਦਾ ਲਿਵਧਾਰ ਹੋਵੇ।
ਕੰਮ ਓਸ ਦੇ ਕਰਨ ਉਪਦੇਸ਼ ਸੱਚੇ, ਗਯਾਨ ਓਸ ਦਾ ਭਲੇ ਦੀ ਕਾਰ ਹੋਵੇ।

-o-

## ੮੦. ਭਗਤਾਂ ਨਾਲ ਗੋਸ਼ਟ ੧।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ! ਚਾਰ ਪੰਜ ਉਦਾਸੀਆਂ ਕਰਕੇ ਸਤਿਗੁਰੂ ਜੀ ਆਪ ਜਗਤ ਵਿਚ ਫਿਰੇ ਤੇ ਘਰੀਂ ਜਾ ਜਾ ਕੇ 'ਸਤਿਨਾਮ' ਦਾ ਉਪਦੇਸ਼ ਦਿਤਾ। ਪਹਿਲੀ ਉਦਾਸੀ ਦੇ ਮਗਰੋਂ ਘਰ ਆਏ ਤੇ ਏਥੋਂ ਉਠ ਕੇ ਇਕ ਚੱਕਰ ਆਪਣੇ ਦੇਸ਼ ਵਿਚ ਲਾਇਆ ਹੈ ਤੇ ਜਗ੍ਹਾ ਜਗ੍ਹਾ ਦੇ ਫਕੀਰਾਂ, ਸੰਤਾਂ ਤੇ ਵਲੀਆਂ ਨੂੰ ਉਹਨਾਂ ਦੀਆਂ ਉਕਾਈਆਂ ਕੱਢਕੇ, ਰਸਤੇ ਪਾਇਆ ਹੈ। ਦੇਸ਼ ਦਾ ਚੱਕਰ ਲਾਕੇ ਫੇਰ ਘਰ ਆਏ ਤੇ ਕਈ ਦਿਨ ਘਰ ਰਹੇ। ਫੇਰ ਘਰੋਂ ਉਠ ਕੇ ਕਰਤਾਰ ਪੁਰ ਬੱਧਾ ਤੇ ਕੁਛ ਕਾਲ ਟਿਕੇ । ਫੇਰ ਦੂਜੀ ਉਦਾਸੀ ਸੰਗਲਾਦੀਪ-ਦੱਖਣ ਦੀ ਹੋਈ ਹੈ ਤੇ ਤੀਸਰੀ ਉਤ੍ਰਾਖੰਡ ਦੀ। ਜਦੋਂ ਉਦਾਸੀ ਤੋਂ ਵਾਪਸ ਆਉਂਦੇ ਤਾਂ ਕਰਤਾਰ ਪੁਰ ਟਿਕਦੇ ਸੇ। ਇਨ੍ਹਾਂ ਸਮਿਆਂ ਵਿਚ ਤੇ ਜਦੋਂ ਉਦਾਸੀਆਂ ਮੁਕਾ ਤੇ ਟਿਕ ਕੇ ਬੈਠ ਜਾਂਦੇ ਤਦੋਂ ਜਗਯਾਸੂ, ਮੁਤਲਾਸ਼ੀ ਸਾਧੂ ਸੰਤ ਵੀਚਾਰਾਂ ਕਰਨ ਵਾਲੇ, ਅੜਚਨਾ ਹੱਲ ਕਰਾਉਣ ਵਾਲੇ, ਭੇਖਾਂ ਦੇ ਵੱਡੇ ਤੇ ਮੰਡਲੀਆਂ ਵਾਲੇ ਅਨੇਕਾਂ ਆਉਂਦੇ ਤੇ ਲਾਭ ਉਠਾਕੇ ਜਾਂਦੇ । ਇਕੇਰਾਂ ਇਕ ਮੰਡਲੀ ਭਗਤਾਂ ਦੀ, ਜੋ ਠਾਕਰਾਂ ਦੇ ਉਪਾਸਿਕ ਸੇ, ਮਿਲਨ ਵਾਸਤੇ ਆਈ। ਇਹ ਲੋਕ ਠਾਕਰ ਦੀ ਪ੍ਰਿਤਮਾ ਬਣਾਕੇ ਪੂਜਦੇ ਤੇ ਤਰ੍ਹਾਂ ਤਰ੍ਹਾਂ ਦੇ ਉਹਨਾਂ ਅੱਗੇ ਰਾਗ ਰੰਗ ਤੇ ਨਾਚ ਕਰਦੇ ਤੇ ਅਨੇਕ ਤਰ੍ਹਾਂ ਦੀਆਂ ਰਸਮਾਂ ਤੇ ਹੋਰ ਗੱਲਾਂ ਵਿਚ ਲਗਕੇ ਭਗਤੀ ਕਰਦੇ ਸਨ। ਇਹ ਮੰਡਲੀ ਜੋ ਆਈ ਕੁਛਕੁ ਸ਼ੌਕ ਵਾਲੀ ਸੀ ਤੇ ਕੁਛ ਗੱਲਾਂ ਦੇ ਨਿਰਣੇ ਦੀ ਲੋੜ ਰੱਖਦੀ ਸੀ । ਸ੍ਰੀ ਗੁਰੂ ਜੀ ਪਾਸ ਆ ਕੇ ਕੁਛ ਦਿਨ ਟਿਕੇ ਰਹੇ ਤੇ ਆਪਣੇ ਰਾਹੇ ਟੁਰਦੇ ਰਹੇ। ਇਨ੍ਹਾਂ ਦਾ ਖਿਆਲ ਸੀ ਕਿ ਗੁਰੂ ਨਾਨਕ ਬੀ ਉਹਨਾਂ ਵਾਂਙੂ ਸਾਕਾਰ ਮੂਰਤੀ ਰਚਕੇ ਉਸਦੀ ਉਪਾਸਨਾ ਕਰਦਾ ਹੈ, ਪਰ ਡਿੱਠੋ ਨੇ ਕਿ ਗੁਰੂ ਨਾਨਕ

---

੧ ਇਹ ਪ੍ਰਸੰਗ ਗੁਰਪੁਰਬ ਪੂੰਨਮ ਸੰ: ਗੁ: ਨਾ: ਸਾ: ੪੭੧ (੧੯੩੯ ਈ:) ਨੂੰ ਟ੍ਰੈਕਟ ਵਿਖੇ ਪ੍ਰਕਾਸ਼ਤ ਹੋਇਆ ਸੀ।

ਤਾਂ ਨਿਰੰਕਾਰ-ਨਿਰੰਕਾਰ-ਦਾ ਉਪਾਸਕ ਹੈ। ਫੇਰ ਡਿਠੋ ਨੇ ਕਿ ਪਰਮ ਅਤੀਤ ਹੈ ਅਰ ਪਰਮ ਪ੍ਰਸੰਨ ਹੈ ਤਾਂ ਅਚਰਜ ਹੋਏ ਕਿ ਰੂਪ ਰੇਖ ਤੋਂ ਨਿਆਰੇ ਦੀ ਭਗਤੀ ਕੀਕੂੰ ਸਿਰੇ ਚਾੜ੍ਹੀ ਨੇ ਤੇ ਦਿੱਸਦਾ ਹੈ ਕਿ ਪੂਰਨ ਪੁਰਖ ਹੈ, ਤਾਂਤੇ ਸ਼ੰਕਾ ਨਵਿਰਤ ਕਰਨੀਆਂ ਚਾਹੀਏ, ਸੋ ਆਕੇ ਪਾਸ ਬੈਠੇ ਤੇ ਪੁੱਛਣ ਲੱਗੇ-ਹੇ ਸਾਂਈਂ ਦੇ ਭਗਤ ਰਿਖੀ ਜੀ ! ਇਹ ਜੀਵ ਜੋ ਕੁਛ ਕਰਦਾ ਹੈ ਪਾਪ ਕਿ ਪੁੰਨ ਆਪੂੰ ਕਰਦਾ ਹੈ ਕਿ ਕੋਈ ਹੋਰ ਕਰਾਉਂਦਾ ਹੈ? ਇਸ ਦਾ ਪ੍ਰੇਰਕ ਕੌਣ ਹੈ ? ਇਹ ਪ੍ਰਤੱਖ ਹੈ ਕਿ ਮਾਇਆ ਦੇ ਮਗਰ ਲੱਗੇ ਰਹੀਦਾ ਹੈ, ਚਾਹੋ ਪ੍ਰੇਰਕ ਕੋਈ ਹੋਵੇ। ਇਸ ਅਤ੍ਰਿਪਤ ਨੂੰ ਕਿਵੇਂ ਤ੍ਰਿਪਤੀ ਆਵੇ? ਫਿਰ ਇਕ ਜੀਉਂਦਿਆਂ ਅਤ੍ਰਿਪਤ ਰਹਿਣ ਵਾਲਾ ਮਰ ਕੇ ਬੀ ਭਟਕਦਾ ਹੈ, ਇਸ ਦੀ ਮੁਕਤੀ ਇਸ ਭਟਕਣਾ ਤੋਂ ਕਿਵੇਂ ਹੋਵੇ?

ਸ੍ਰੀ ਗੁਰੂ ਜੀ-ਦੇਖੋ ਭਾਈ ਭਗਤ ਜਨੋ ! ਧਨ ਦੌਲਤ ਇਸਤ੍ਰੀ ਆਦਿ ਦੇਖਕੇ ਤਨ ਦੀ ਸੁੰਦਰਤਾ ਤੇ ਬਲਕਾਰ ਤੱਕ ਕੇ ਜੀਵ ਦੇ ਅੰਦਰ ਅਭਿਮਾਨ ਹੁੰਦਾ ਹੈ[੧]! ਅਭਿਮਾਨ ਦੇ ਦੋ ਰੂਪ ਹਨ[੨]: ੧. ਜੋ ਸ਼ੈ ਪ੍ਰਾਪਤ ਹੈ ਉਸ ਦਾ ਮਾਨ ਅਤੇ ਨਾਲ ਹੀ ਇਹ ਇੱਛਾ ਕਿ ਇਹ ਬਣੇ ਰਹਿਣ ਤੇ ੨.ਜਿਨ੍ਹਾਂ ਨੂੰ ਇਹ ਪ੍ਰਾਪਤ ਨਹੀਂ, ਉਹਨਾਂ ਨੂੰ ਅੰਦਰ ਤੋਟਾ ਅਤੇ ਨਾਲ ਇਹ ਇੱਛਾ ਕਿ ਕਿਵੇਂ ਇਹ ਪ੍ਰਾਪਤ ਹੋਣ (ਇਹ ਅਭਿਮਾਨ ਦਾ ਪੁੱਠਾ ਪਾਸਾ ਹੈ)।

ਇਹ ਇੱਛਾ ਇਸ ਸਰੀਰ ਵਿਚ ਬੈਠੇ ਮਨ ਨੂੰ ਹੁੰਦੀ ਹੈ । ਮਨ ਦਾ ਮੂਲ ਹੈ ਹਉਮੈਂ, ਮਨ ਦੇਖਦਾ ਹੈ ਤੇ ਲੁਭਿਤ ਹੁੰਦਾ ਹੈ, ਮਨ ਵਿਚ ਇੱਛਾ ਉਪਜਦੀ ਹੈ, ਮਾਨੋਂ ਮਨ ਇੱਛਾ ਨੂੰ ਪ੍ਰਾਪਤੀ ਵਾਸਤੇ ਆਖਦਾ ਹੈ। ਕਿਵੇਂ ਆਖਦਾ ਹੈ? ਪਾਪ ਤੇ ਪੁੰਨ ਦੋ ਬੋਲੀਆਂ ਵਿਚ। 'ਕਿਵੇਂ ਲੈ ਲਾਂ' ਇਹ ਤਾਂ ਹੁੰਦੀ ਹੈ ਇੱਛਾ। ਪਾਪ ਨਾਲ ਲੈ ਕਿ ਪੁੰਨ ਨਾਲ ਲੈ ਇਹ ਮਨ ਇੱਛਾ ਨੂੰ ਰਾਹ ਦੱਸਦਾ ਹੈ। ਕੋਈ ਮਨ ਪਾਪ ਦਾ ਰਸਤਾ ਦੱਸਦਾ ਹੈ, ਮਾਰ ਕੁੱਟ, ਛਲ ਦਗ਼ਾ ਕਰ ਤੇ ਲੈ ਲੈ, ਕੋਈ ਮਨ ਪੁੰਨ ਦਾ ਰਸਤਾ ਦੱਸਦਾ ਹੈ ਕਿ ਕਿਰਤ ਕਰ, ਪੁੰਨ ਦਾਨ ਕਰ ਜੋ ਇਹ ਚੀਜ਼ਾਂ ਸ਼ੁਭ ਕਰਮਾਂ ਦੇ ਬਦਲੇ ਪ੍ਰਾਪਤ ਹੋਣ।

ਸੋ ਪਾਪ ਪੁੰਨ ਦੀ ਪ੍ਰੇਰਕ (ਮਨਸਾ=) ਇੱਛਾ ਹੈ ਤੇ ਇੱਛਾ ਦਾ ਮੂਲ ਹੈ ਹਉਂ[੧] । ਇਸ ਹਉਂ ਮੂਲਕ ਇੱਛਾ ਨੂੰ ਤਨ ਧਨ ਇਸਤ੍ਰੀ ਆਦਿਕ ਪਦਾਰਥ ਪਾਪ ਪੁੰਨ ਵਿਚ ਅਮਲੀ ਤੌਰ ਤੇ ਲਾ ਲੈਂਦੇ ਹਨ। ਜਿਉਂ ਜਿਉਂ ਪਾਪ ਪੁੰਨ ਦੇ ਕਰਮਾਂ ਵਿਚ ਜੀਵ ਲਗਦਾ ਹੈ ਤੇ ਪ੍ਰਾਪਤੀ ਅਪ੍ਰਾਪਤੀ ਦੇ ਸਮੇਂ ਆਉਂਦੇ ਹਨ ਤਾਂ ਪ੍ਰਾਪਤੀ ਹੋਣ ਤੇ ਮਦ ਚੜ੍ਹਦਾ ਹੈ ਤੇ ਹੋਰ ਲੈਣ ਦਾ ਭਾਵ ਵਧਦਾ ਹੈ, ਲੈ ਕੇ ਬੀ ਤ੍ਰਿਪਤੀ ਨਹੀਂ ਆਉਂਦੀ ਅਤੇ ਅਪ੍ਰਾਪਤੀਆਂ ਦੇ ਸਮੇਂ ਟੋਟ ਪੈਂਦੀ ਤੇ ਹੋਰ ਲੈਣ ਦੀ ਇੱਛਾ ਤ੍ਰਿਖੀ ਹੁੰਦੀ ਹੈ, ਸੋ ਬੀ ਅਤ੍ਰਿਪਤੀ ਦਾ ਵਾਧਾ ਕਰਦੀ ਹੈ! ਐਉਂ ਪ੍ਰਾਪਤ ਹੋਣਹਾਰ ਪਦਾਰਥਾਂ ਤੋਂ, ਜਾਂ ਇਉਂ ਕਹੋ ਕਿ ਮਾਇਆ ਤੋਂ ਮਦ ਚੜਦਾ ਉਤਰਦਾ ਅਤ੍ਰਿਪਤੀ ਵਿਚ ਰੱਖਦਾ ਹੈ, ਉਹੋ 'ਹਉਮੈਂ', 'ਇੱਛਾ', ਬਣਕੇ ਤੇ 'ਅਮਲੀ ਤੌਰ ਤੇ ਪ੍ਰਾਪਤੀ ਲਈ ਕੀਤੇ ਕਰਮ' ਜੀਵ ਨੂੰ ਇਸੇ ਗੇੜ ਵਿਚ ਬੰਨ੍ਹ ਦੇਂਦੇ ਹਨ, ਫੇਰ ਦੁਖ ਸੁਖ ਦਾ ਗੇੜ ਬੰਨ੍ਹ ਦੇਂਦੇ ਹਨ ਅਤੇ ਜਨਮ ਮਰਨ ਦਾ ਗੇੜ ਬੰਨ੍ਹ ਦੇਂਦੇ ਹਨ। ਇਨ੍ਹਾਂ ਗੇੜਾਂ ਤੋਂ ਮੁਕਤੀ ਕਹੋ ਯਾ ਛੁਟਕਾਰਾ ਕਹੋ, ਨਹੀਂ ਲੱਭਦਾ[੨]। ਜੀਵ ਅਤ੍ਰਿਪਤ ਤੇ ਬੱਧਾ ਹੋਯਾ ਅਮੁਕਤ ਹਾਲ ਵਿਚ ਰਹਿੰਦਾ ਹੈ, ਇਸ ਅਤ੍ਰਿਪਤੀ ਤੇ ਅਮੁਕਤੀ ਦਾ ਦਾਰੂ ਹੈ ਨਿਰੰਕਾਰ ਦਾ ਨਾਮ। ਉਸ ਸਦਾ ਥਿਰ ਸੱਚੇ ਕਰਤਾਰ ਦਾ ਮਨ ਨੂੰ ਪਿਆਰੇ ਲਗ ਜਾਣਾ ਤੇ ਪਿਆਰੇ ਲਗਦੇ ਰਹਿਣਾ ਸਦੀਵ, ਇਹ ਹੈ ਉਸ ਦੇ ਨਾਮ ਆਰਾਧਣ ਦਾ ਫਲ, ਅਰਥਾਤ ਨਿਰੰਕਾਰ ਦੇ ਨਾਮ ਸਿਮਰਣ ਨਾਲ ਉਸ ਦਾ ਪਿਆਰ ਅੰਦਰ ਪੁੜ

---

[੧]ਤਨ ਧਨੁ ਕਲਤੁ ਸਭੁ ਦੇਖੁ ਅਭਿਮਾਨਾ। {ਬਿਲਾ: ਮ:੧}
[੨]ਅਭਿਮਾਨ ਪਦ ਦੇ ਕੋਸ਼ ਅਰਥ ਅਹੰਕਾਰ ਤੇ ਇੱਛਾ ਦੋਇ ਹਨ। (ਅਭ+ ਮਨ+ਘਙ))।

---

[੧] ਹਉ ਵਿਚਿ ਪਾਪ ਪੁੰਨ ਵੀਚਾਰੁ॥ {ਆਸਾ ਦੀ ਵਾਰ ਮ:੧}
[੨] ਇਹ ਵਾਰਤਾਲਾਪ ਸਤਿਗੁਰੂ ਦੇ ਉਚਾਰੇ ਇਸ ਸ਼ਬਦ ਦਾ ਖੁਲ੍ਹਾ ਅਨੁਵਾਦ ਹੈ ਜੋ ਇਨ੍ਹਾ ਭਗਤਾਂ ਦੇ ਪਰਥਾਇ ਹੋਇਆ ਲਿਖਿਆ ਹੈ-ਬਿਲਾਵਲ ਮਹਲਾ ੧॥
ਮਨ ਕਾ ਕਹਿਆ ਮਨਸਾ ਕਰੈ॥ ਇਹੁ ਮਨੁ ਪੁੰਨੁ ਪਾਪੁ ਉਚਰੈ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥੧॥ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥ਰਹਾਉ॥

ਜਾਂਦਾ ਹੈ। ਉਹ ਸਦਾ ਥਿਰ ਹੈ, ਸੋ ਇਉਂ ਉਹ ਨਾਲ ਰਹਿੰਦਾ ਹੈ ਸਦਾ। ਜਿਨ੍ਹਾਂ ਪਦਾਰਥਾਂ ਵਿਚ ਖਚਿਤ ਹੋਈਦਾ ਹੈ ਓਹ ਨਾਲ ਨਹੀਂ ਜਾਂਦੇ। ਜਦ ਸਰੀਰ ਨਾਲ ਨਹੀਂ ਜਾਂਦਾ ਤਦ ਪਦਾਰਥਾਂ ਨੇ ਕੀਹ ਜਾਣਾ ਹੋਇਆ। ਜਿਨ੍ਹਾਂ ਪਦਾਰਥਾਂ ਨੂੰ ਪਾਕੇ ਭੋਗ ਬਿਲਾਸ ਵਿਚ ਰਚੀਦਾ ਹੈ ਤੇ ਰਸ ਮਾਣੀਦੇ ਹਨ ਤੇ ਮੰਨ ਲਈਦਾ ਹੈ ਕਿ ਇਹ ਖੁਸ਼ੀਆਂ ਦੇ ਦਾਤੇ ਹਨ, ਓਹ ਮਾਣਨਹਾਰ ਸਰੀਰ ਸਮੇਤ ਏਥੇ ਹੀ ਰਹਿ ਜਾਂਦੇ ਹਨ। ਮਰਨ ਪਿਛੋਂ ਇਸ ਦੇ ਧਨ ਨੂੰ ਤਾਂ ਲੋਕੀਂ ਸਾਂਭ ਲੈਂਦੇ ਹਨ ਤੇ ਸਰੀਰ ਜਿਸ ਵਿਚ ਅਪਣਤ ਮੰਨੀ ਹੋਈ ਹੁੰਦੀ ਹੈ, ਸੁਆਹ ਮਿੱਟੀ ਦੀ ਢੇਰੀ ਹੋ ਜਾਂਦਾ ਹੈ, ਮਾਨੋਂ ਇਸ ਦਾ ਸਾਰਾ ਪਸਾਰਾ ਹੀ ਮਿੱਟੀ ਵਿਚ ਰਲ ਜਾਂਦਾ ਹੈ। ਮਿਤ੍ਰ ਕੁਟੰਬ ਆਦਿ ਸਭ ਅੰਤ ਖ਼ਾਕ ਨਾਲ ਰਲ ਜਾਂਦਾ ਹੈ; ਪਰ ਇਨ੍ਹਾਂ ਪਦਾਰਥਾਂ ਦੇ ਸੰਚਣ ਵਿਚ ਤੇ ਇਨ੍ਹਾਂ ਤੋਂ ਪ੍ਰਾਪਤ ਕੀਤੇ ਭੋਗਾਂ ਵਿਚ ਜੋ ਮੈਲ ਜੀਵ ਨੂੰ ਲਗ ਜਾਂਦੀ ਹੈ, ਉਹ ਨਹੀਂ ਉਤਰਦੀ, ਜਿਵੇਂ ਪਾਣੀ ਵਿਚ ਮੈਲ ਪਰਵੇਸ਼ ਕਰ ਜਾਵੇ ਤਾਂ ਜਿੱਧਰ ਜਿੱਧਰ ਵਗ ਕੇ ਪਾਣੀ ਜਾਂਦਾ ਹੈ, ਮੈਲ ਨਾਲ ਨਾਲ ਜਾਂਦੀ ਹੈ। ਇਹ ਮੈਲ ਜੀਵ ਨੂੰ ਸੁਖੀ ਨਹੀਂ ਹੋਣ ਦੇਂਦੀ। ਇਹ ਮੈਲ ਕਿਸੇ ਹੋਰ ਉਪਾਉ ਨਾਲ ਨਹੀਂ ਉਤਰਦੀ, ਇਸ ਦੇ ਉਤਰਨ ਦਾ ਕਾਰੀ ਉਪਾਉ ਸ਼ਬਦ ਦੀ ਕਮਾਈ ਹੈ, ਇਸ ਨਾਲ ਨਿਰਮਲਤਾ ਆਉਂਦੀ ਹੈ, ਕਿਉਂਕਿ ਇਸ ਨਾਲ ਜੀਵ ਪਰਮ ਪਵਿੱਤ੍ਰ ਪਰਮਾਤਮਾ ਦੇ ਸੰਗ ਵਿਚ ਸਦੀਵ ਕਾਲ ਵੱਸਣ ਲਗ ਜਾਂਦਾ ਹੈ[1]।

ਭਗਤ ਜਨ ਇਹ ਸੁਣਕੇ ਕਿ ਸ਼ਬਦ ਨਾਲ ਮੈਲ ਉਤਰਦੀ ਹੈ, ਪ੍ਰਸੰਨ ਹੋਏ। ਉਹਨਾਂ ਦੇ ਅੰਦਰ ਜਦੋਂ ਉਹਨਾਂ ਨੇ ਆਪਣੇ ਪ੍ਰਸ਼ਨ ਕੀਤੇ ਸਨ, ਕੋਈ 'ਪੁਛ' ਸੀ ਕਿ 'ਸਤਿਗੁਰੂ ਜੀ ਦਾ ਪਰਤਾਵਾ ਲੈਣਾ' ਸੀ , ਇਹ ਗੱਲ ਉਹੀ ਜਾਣਨ, ਕਿਉਂਕਿ ਐਸੇ ਪ੍ਰਸ਼ਨ, ਉਹਨਾਂ ਆਪਣੇ ਗ੍ਰੰਥਾਂ ਵਿਚ ਪੜ੍ਹੇ ਸੁਣੇ ਹੋਏ ਸਨ, ਪਰ ਜੋ ਉੱਤਰ ਮਿਲਿਆ, ਸੋ ਬਹੁਤ ਉੱਚਾ ਸੀ, ਜਿਸ ਵਿਚ ਸਮਝ ਦੇ ਪਹਿਲੂ ਤੋਂ ਉਹਨਾਂ ਦਾ ਘਰ ਪੂਰਾ ਹੋ ਗਿਆ ਸੀ। ਪਰ 'ਸ਼ਬਦ ' ਦਾਰੂ ਹੈ ਅਤ੍ਰਿਪਤੀ ਤੇ ਅਮੁਕਤੀ ਦਾ, ਇਹ ਗਲ ਸੁਣਕੇ ਉਹਨਾਂ ਨੂੰ ਆਪਣੇ ਨਾਚ ਰੰਗ ਦੀ ਵਿਸ਼ੇਸ਼ ਵਿਧੀ ਭਾਸ ਆਈ ਜੋ ਉਹਨਾਂ ਵਿਚ ਇਕ ਖੇਲ ਮਾਤ੍ਰ ਰਹਿ ਗਿਆ ਹੋਇਆ ਸੀ, ਸੋ ਉਹਨਾਂ ਨੇ ਨਿਰਸੰਸੇ ਹੋਣ ਲਈ ਪ੍ਰਸ਼ਨ ਕੀਤਾ: ਹੇ ਗੁਰੂ ਜੀ! ਆਪ ਦਾ ਵਾਕ ਸਤਿ ਹੈ। ਆਪ ਨੇ ਇੱਛਾ ਨੂੰ, ਜੋ ਹਉਂ ਤੋਂ ਉਪਜਦੀ ਦੱਸਿਆ ਹੈ, ਬਹੁਤ ਉੱਚਾ ਵੀਚਾਰ ਹੈ। ਜੋ ਦਾਰੂ ਆਪ ਨੇ ਸ਼ਬਦ ਦੱਸਿਆ ਹੈ, ਸੋ ਤਾਂ ਸਾਡੇ ਵਿਚ ਗੀਤ ਨਾਦ ਤੇ ਨਾਚ ਦੇ ਰੂਪ ਵਿਚ ਪਰਵਿਰਤ ਹੈ ਹੀ। ਇਸ ਤੋਂ ਛੁੱਟ ਕੋਈ ਹੋਰ ਕਰਣੀ ਕ੍ਰਿਤ ਤਾਂ ਆਪ ਦੇ ਮਾਰਗ ਵਿਚ ਪਰਵਾਣ ਨਹੀਂ ਹੈ?

ਇਹ ਸੁਣਕੇ ਰਸਿਕ ਬੈਰਾਗੀ ਗੁਰੂ ਨਾਨਕ ਜੀ ਬੋਲੇ:-

ਸੁਣੋ ਭਾਈ ਭਗਤ ਜਨੋਂ! ਜਿਨ੍ਹਾਂ ਕਰਮਾਂ ਕਰਕੇ ਤ੍ਰੈ ਗੁਣਾਂ ਦੀ ਉਤਪਤੀ ਹੋਵੇ ਉਹ ਕਰਮ ਨਿਰੰਕਾਰ ਕਰਤਾਰ ਪੁਰਖ ਤੋਂ ਦੂਰ ਲੈ ਜਾਂਦੇ ਹਨ, ਸੋ ਤ੍ਰੈ ਗੁਣਾਂ ਕਰਕੇ ਜੀਵ ਉਪਜਦੇ ਬਿਨਸਦੇ ਰਹਿੰਦੇ ਹੋਣੇ ਹੋਏ। ਜਿਨ੍ਹਾਂ ਗੀਤਾਂ ਦੇ ਗਾਇਨ ਦਾ, ਜਿਨ੍ਹਾਂ ਅਲਾਪ ਆਦਿ ਨਾਦਾਂ ਦੇ ਅਲਾਪਣ ਦਾ, ਜਿਨਾਂ ਤਾਲ ਸੰਯੁਕਤ ਨਾਚ ਨ੍ਰਿਤ੍ਯ ਦਾ ਤੁਸੀਂ ਇਸ਼ਾਰਾ ਸ਼ਬਦ ਕਰਕੇ-ਕਰ ਰਹੇ ਹੋ ਉਹ ਜੋ ਤਿੰਨਾ ਗੁਣਾਂ ਵਿਚ ਪਰਵਿਰਤ ਕਰਦੇ ਹਨ ਤਾਂ [illegible] ਕੂੜੇ ਹਨ, ਕਿਉਂ ਜੋ ਦੁਐਤ ਵਿਚ ਹਨ। ਨਿਰੰਕਾਰ ਨਾਲ ਦੁਤੀਆ ਭਾਵ, ਜੋ ਜੀਵ ਦੇ ਅੰਦਰ ਵਿਆਪ ਰਿਹਾ ਹੈ, ਉਹ ਖੋਟੀ ਮਤੀ ਹੈ, ਉਹ ਅਗਜਾਨ ਹੈ। ਅਗਜ਼ਾਨ ਜਿੱਥੇ ਹੈ ਪੀੜਾ ਹੈ। ਸਭ ਦੁੱਖਾਂ ਦਾ, ਸਭ ਪੀੜਾਂ ਦਾ ਮੂਲ ਅਗਜਾਨ ਹੈ, ਜੋ ਸਾਈਂ ਨਾਲ, ਦੁਐਤ ਪਾਈ ਰਖਦਾ ਹੈ। ਦੁਐਤ ਨਾਚ ਮਾਤ੍ਰ ਨਾਲ, ਗਾਇਨ ਗੀਤ ਮਾਤ੍ਰ ਨਾਲ, ਨਾਦ ਮਾਤ੍ਰ ਨਾਲ ਦੂਰ ਨਹੀਂ ਹੁੰਦੀ, ਉਹ ਗਜਾਨ ਨਾਲ ਦੂਰ ਹੁੰਦੀ ਹੈ ਤੇ ਗਜਾਨ ਤੇ ਸਫਲ ਗਜਾਨ ਮਨ ਦੇ ਜਾਣਨ ਮਾਤ੍ਰ ਨਾਲ ਨਹੀਂ ਪਰ ਕਰਤਾਰ ਦੇ ਗੁਣ ਗਾਇਨ ਨਾਲ ਤੇ ਉਸ ਨਾਲ ਸਚਮੁਚ ਜਾ ਮਿਲਣ ਨਾਲ ਪ੍ਰਾਪਤ ਹੁੰਦਾ ਹੈ। ਜੋ ਮੁੱਢ

---

[1] ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾਂ ਤਨੁ ਖਸਮੈ ਢੇਰੀ॥ ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸਬਦੈ ਨਹੀ ਉਤਰੈ ਮੈਲੁ॥੨॥

(ਉਹੋ ਸ਼ਬਦ ਜਾਰੀ ਹੈ)

ਦਾਰੂ ਇਸ ਦੁਰਮਤ ਰੂਪੀ ਰੋਗ ਦਾ ਗੁਣ ਗਾਇਨ ਹੈ, ਪਰ ਉਹ ਗੁਰਮੁਖ ਦੁਆਰਾ ਹੈ, ਜੋ ਇਹ ਗੱਲ ਸਦਾ ਸੁਝਾਈ ਰਖੇ ਕਿ 'ਗਾਇਨ ਤੇ ਨ੍ਰਿਤਜ ਕਰਨੇ' ਦਾਰੂ ਨਹੀਂ ਪਰ 'ਨਿਰੰਕਾਰ ਦੇ ਗੁਣ ਗਾਇਨ' ਦਾਰੂ ਹੈ। ਜਦੋਂ ਜੀਵ ਦੇ ਮਨ ਵਿਚ ਸੋਧ ਨਿਰੰਕਾਰ ਦੀ ਹੋਵੇ, ਸ਼ਰਧਾ ਉਸ ਪਰ ਹੋਵੇ, ਪ੍ਰਾਪਤੀ ਦੀ ਭੁੱਖ ਹੋਵੇ, ਮਿਲਨ ਦੀ ਸਿੱਕ ਹੋਵੇ ਤੇ ਉਸ ਦੇ ਗੁਣ ਗਾਵੇ, ਤਾਂ ਮਨ ਦੀ ਮੈਲ ਉਤਰਦੀ ਹੈ[੧], ਦੁਰਮਤੀ ਦਾ ਖੋਟ ਦੂਰ ਹੁੰਦਾ ਹੈ, ਉਹੋ ਫਿਰ ਸ਼ੁਧ ਹੋਕੇ ਪਤੀ ਪਰਮੇਸ਼ੁਰ ਨੂੰ ਲਖ ਦੇਣ ਵਾਲੀ ਸ਼ੁਧ ਬੁੱਧੀ ਬਣਦੀ ਹੈ, ਉਹ ਗਜਾਨ-ਸਫਲ ਗਜਾਨ-ਬਣਦੀ ਹੈ। ਹੇ ਭਗਤ ਜਨੋਂ ! ਵੀਚਾਰ ਦੀ ਬਾਤ ਹੈ ਕਿ ਜਿਵੇਂ ਜਗਤ ਦੇ ਮਾਯਾਵੀ ਜੀਵ ਨਿਰੇ ਭੋਗਾਂ ਦੀ ਪ੍ਰਵਿਰਤੀ ਵਿਚ ਹੈਨ, ਤਿਵੇਂ ਜੋ ਦੁਰਮਤੀ ਨੂੰ ਉੱਜਲ ਨਹੀਂ ਕਰਦੇ, ਪਰ ਲੱਗੇ ਪਰਮਾਰਥ ਵੱਲ ਹਨ, ਉਹ ਬੀ ਮਾਯਾ ਵਿਚ ਹੀ ਹੈਨ, ਕਿਉਂਕਿ ਉਹ ਤ੍ਰਿਹਾਂ ਗੁਣਾਂ ਵਿਚ ਖੇਲ ਰਹੇ ਹਨ। ਤਿੰਨਾਂ ਗੁਣਾਂ ਤੋਂ ਉਪਰ ਤੁਰੀਆ ਵਿਚ ਓਹ ਬੀ ਨਹੀਂ ਜਾਂਦੇ, ਇਸ ਕਰਕੇ ਉਹ ਬੀ ਪੀੜਾ ਵਿਚ ਹੈਨ[੨]।

ਇਹ ਸੁਣਕੇ ਭਗਤਾਂ ਦੇ ਦਿਲ ਘਾਟ ਪਈ, ਕਿਉਂਕਿ ਧੋਤੀਆਂ, ਤਿਲਕ, ਨ੍ਰਿਤਜ, ਰਾਗ ਆਦਿ ਕਰਤਬ ਐਵੇਂ ਭੇਖ ਮਾਤ੍ਰ ਕਰਦੇ ਕਰਦੇ ਓਹ ਅਜੇ ਕੋਈ ਦਿਲ ਪੀੜਾ ਰਖਦੇ ਸਨ, ਜੋ ਦਾਤਾ ਗੁਰੂ ਜੀ ਪਾਸ ਪੁੱਛਣ ਆਏ ਸਨ। ਗੁਰੂ ਜੀ ਬੀ ਰਸੀਏ ਬੈਰਾਗੀ ਤੇ ਕੌਤਕੀ ਸਨ। ਆਪਣੇ ਵਾਕਾਂ ਦੀ ਲੜੀ ਨੂੰ ਲਈ ਗਏ ਤੇ ਉਹਨਾਂ ਦੇ ਜੀਵਨ ਕਣੀ ਤੋਂ ਖਾਲੀ ਗੀਤ ਰਾਗ ਦਾ ਅਲਾਪ ਦੱਸਦੇ ਹੋਏ ਉਹਨਾਂ ਦੇ ਵੇਸ ਵਲ ਝੁਕ ਪਏ ਤੇ ਆਖਣ ਲੱਗੇ-ਭਾਈ ਭਗਤ ਜਨੋਂ! ਬੁੱਧੀ ਉੱਜਲ ਹੋਵੇ ਤਾਂ ਪੀੜਾ ਕੱਟੀ ਦੀ ਹੈ। ਖੁੰਬ ਵਰਗੀ ਚਿੱਟੀ ਉੱਜਲ ਧੋਤੀ ਪਹਿਨੀ ਹੋਈ ਉੱਜਲ ਬੁੱਧੀ ਦਾ ਕੰਮ ਨਹੀਂ ਦੇ ਸਕਦੀ। ਮਨ ਵਿਚ ਨਾਮ ਦੀ ਕਣੀ ਹੋਵੇ ਤਾਂ ਮੱਥੇ ਤੇ ਉੱਜਲਤਾ ਦਾ ਤਿਲਕ ਨਿਕਲਦਾ ਹੈ[੧]। ਇਹ ਤਿਲਕ ਬਾਹਰੋਂ ਨਹੀਂ ਲਾਈਦਾ ਅੰਦਰੋਂ ਨਿਕਲਦਾ ਹੈ; ਮੱਥੇ ਤੇ ਆਪ ਲਾਇਆ ਚੰਦਨ ਕਿ ਕੇਸਰ ਦਾ ਟਿੱਕਾ ਉਹ ਕੰਮ ਨਹੀਂ ਸਾਰ ਸਕਦਾ। ਸੋ ਮੂਲ ਹੈ ਨਾਮ, ਉਹ ਸਿਮਰਨ ਹੈ ਤੇ ਉਹੀ ਸਿਮਰਨੀ ਹੈ! ਤੁਹਾਡੇ ਗਲ ਵਿਚ ਪਾਈ ਤੁਲਸੀ ਕਿ ਰੁਦ੍ਰਾਖ ਦੀ ਮਾਲਾ, ਸਿਮਰਨ ਰੂਪ ਸਿਮਰਨੀ ਨਹੀਂ ਹੈ, ਕਿਉਂਕਿ ਦੇਖੀਦਾ ਹੈ ਕਿ "ਜਿਨ੍ਹਾਂ ਨੇ ਨਾਮ ਬਿਹੂਨ ਇਹ ਧਾਰਨ ਕੀਤੀਆਂ ਹੋਈਆਂ ਹਨ, ਉਹਨਾਂ ਦੇ ਅੰਦਰ ਚੰਡਾਲ ਕ੍ਰੋਧ ਵਸਦਾ ਹੈ, ਦੱਸੋ ਬਾਹਰ ਦਾ ਸੁੱਚਮ ਉਹਨਾਂ ਦਾ ਕੀ ਸਾਰੇਗੀ? ਜੇ ਕਹੋ ਕਿ ਉਹ ਰਾਮਾਯਣ ਕਿ ਸਹਸ੍ਰਨਾਮਾਂ ਪੜ੍ਹ ਰਹੇ ਹਨ ਤੇ ਸਾਧੂਆਂ ਦੇ ਡੇਰਿਆਂ ਵਿਚ ਵਿਦਜਾ ਪਾ ਰਹੇ ਹਨ[੨], ਤਾਂ ਐਸੇ ਪੜ੍ਹਨੇ ਤੇ ਸਿੱਖਣੇ ਦਾ ਮੁੱਲ ਕੀ ਹੈ ? ਉਹੋ ਜੋ ਨਟਾਂ ਦੀਆਂ ਸ਼ਾਲਾਂ ਵਿਚ ਜਾਕੇ ਨਟ ਵਿਦਜਾ ਸਿੱਖਣ ਦਾ ਮੁੱਲ ਹੈ। ਨਟ ਵਿਦਜਾ ਪਾਕੇ ਮਾਯਾ ਹਿਤ ਖੇਲਾਂ ਪਾਉਂਦੇ ਹਨ, ਸੋ ਉਹ ਬੀ ਇਕ ਤਰ੍ਹਾਂ ਦੀ ਨਟ ਵਿਦਯਾ ਮਾਯਾ ਪ੍ਰਾਪਤੀ ਲਈ ਪਾ ਰਹੇ ਹਨ, ਕਿਉਂਕਿ ਜਦ ਮਾਇਆ ਪਾਉਣਗੇ ਤਾਂ ਮਾਇਆ ਦਾ ਮਦ ਚੜੇਗਾ। ਵਿਸ ਨਾ ਚੜਨੇ ਦਾ ਗਾਰੜੂ ਮੰਤ੍ਰ ਜੋ ਗੁਰੂ ਦੁਆਰੇ ਪ੍ਰਾਪਤ ਹੁੰਦਾ ਹੈ, ਭਗਵੰਤ ਦਾ ਨਾਮ ਹੈ, ਸੋ ਉਹਨਾਂ ਪਾਸ ਹੈ ਨਹੀਂ, ਤਾਂ ਹੁਣ ਉਹਨਾਂ ਨੂੰ ਆਤਮ ਸੁਖ ਕਿੱਥੋਂ ਮਿਲ੍ਹ ਪਾਵੇਗਾ? ਤਾਂ ਤੇ ਭਗਤ ਜਨੋਂ! ਪਰਮੇਸ਼ੁਰ ਦੇ ਥਾਪੇ ਪੂਰਨ ਗੁਰੂ ਦੀ ਭਗਤੀ ਬਿਨਾਂ ਸੁਖ ਨਹੀਂ ਹੋ ਸਕਦਾ, ਕਿਉਂਕਿ ਪੂਰਨ ਗੁਰੂ ਜਗਜਾਸੂ ਨੂੰ ਨਟ ਨਹੀਂ ਬਣਨ ਦੇਂਦਾ। ਉਹ ਸਾਂਗ ਉਤਾਰਨ ਦੀ ਤੇ ਨੱਚਣ ਟੱਪਣ ਦੀ ਜਾਚ ਨਹੀਂ ਦੱਸਦਾ, ਉਹ ਅਸਲੀ ਜੀਵਨ

---

੧ ਪੰਜਵੀਂ ਪਾਤਸ਼ਾਹੀ ਦਾ ਬੀ ਵਾਕ ਹੈ:-
ਗੁਨ ਗਾਵਤ ਤੇਰੀ ਉਤਰਸਿ ਮੈਲੁ॥ {ਸੁਖਮਨੀ}

੨ ਗੀਤ ਰਾਗ ਘਨ ਤਾਲ ਸਿ ਕੂਰੇ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥ਦੂਜੀ ਦੁਰਮਤਿ ਦਰਦੁ ਨ ਜਾਇ ॥ਛੂਟੈ ਗੁਰਮੁਖਿ ਦਾਰੂ ਗੁਣ ਗਾਇ॥੩॥
{ਉਹੋ ਸ਼ਬਦ ਜਾਰੀ ਹੈ}

---

੧ ਤਿਨ ਮੁਖਿ ਟਿਕੇ ਨਿਕਲਹਿ ਜਿਨ੍ ਮਨਿ ਸਚਾ ਨਾਉ॥
{ਸ੍ਰੀ ਰਾਗ ਮ:੧}

੨ਰਾਸਾਂ ਪਾਉਣ ਵਾਲੇ ਆਦਿਕ ਨ੍ਰਿਤਜਕਾਰੀ ਨ੍ਰਿਤਜ ਦੀਆਂ ਸ਼ਾਲਾਂ ਵਿਚ ਸਿਖਦੇ ਹਨ। 'ਨਟ ਸ਼ਾਲਾ' ਪਦ ਦਾ ਇਸ਼ਾਰਾ ਉਧਰ ਬੀ ਹੈ।

ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਟ ਸਾਲਾ॥ ਨਾਮੁ ਵਿਸਾਰਿ ਮਾਇਆ ਮਦ ਪੀਆ ॥
ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
{ਉਹੋ ਸ਼ਬਦ ਚਲਦਾ ਹੈ}

ਵਿਚ ਲੈ ਜਾਂਦਾ ਹੈ, ਕਿਉਂਕਿ ਉਹ ਦਿਲ ਨਾਲ, ਪ੍ਰੇਮ ਨਾਲ ਕਰਤਾਰ ਦੇ ਗੁਣ ਗਾਯਣ ਦੀ ਜਾਚ ਦੱਸਦਾ ਹੈ ਤੇ ਸਾਈਂ ਦੀ ਸੇਧ ਤੋਂ ਉੱਕਣ ਨਹੀਂ ਦੇਂਦਾ।

ਭਗਤ ਜਨਾਂ ਦੇ ਜੋ ਬਾਹਰਲੇ ਚਿੰਨ੍ਹ ਤੇ ਆਤਮ ਭਾਵਨਾ ਤੋਂ 'ਬਿਨਾਂ ਕਰਤਾ ਪੁਰਖ ਦੀ ਮਨ ਵਿਚ ਸੇਧ ਬੰਨ੍ਹੇ' ਦੇ ਕੇਵਲ ਦਿਖਾਵੇ ਮਾਤ੍ਰ ਭੇਖ ਤੇ ਸਾਧਨ ਹੋ ਰਹੇ ਸਨ, ਉਹਨਾਂ ਤੇ ਸਤਿਗੁਰ ਨੇ ਚਾਨਣਾ ਪਾਕੇ ਉਹਨਾਂ ਦੀ ਅਸਲੀ ਕੀਮਤ ਕੂਤ ਦਿਖਾ ਦਿਤੀ; ਤਾਂ ਉਹਨਾਂ ਦੇ ਹਿਰਦੇ ਵਿਚ ਪੁੜੀ ਕਿ ਸੱਚ ਫੁਰਮਾ ਰਹੇ ਹਨ। ਸਾਰੇ ਸਿੱਧਾਂਤ ਦੀ ਗੱਲ, ਜਿਸ ਦੀ ਉਨ੍ਹਾਂ ਨੂੰ ਲੋੜ ਸੀ, ਸੁਣਕੇ ਉਹਨਾਂ ਦੀ ਬ੍ਰਿਤੀ ਵਾਦ ਵਲ ਨਾ ਪਈ ਕਿਉਂ ਜੋ ਉਹ ਉਸ ਰਮਜ਼ ਦੇ ਲੋੜਕੂ ਸਨ, ਜਿਸ ਦੇ ਖੁੱਲ੍ਹੇ ਬਿਨਾਂ ਉਨ੍ਹਾਂ ਦੇ ਸਾਧਨ ਮਨ ਦੀ ਪੀੜਾ ਹਰਨ ਦਾ ਅਸਰ ਉਹਨਾਂ ਤੇ ਪੈਦਾ ਨਹੀਂ ਸਨ ਕਰ ਰਹੇ, ਇਸ ਲਈ ਨਿੰਮ੍ਰਿ ਹੋਕੇ ਉਹਨਾਂ ਨੇ ਕਿਹਾ ਕਿ ਪੜ੍ਹਦੇ ਸੁਣਦੇ, ਗੀਤ ਰਾਗ ਨ੍ਰਿਤ ਕਰਦੇ, ਭੇਖ ਧਾਰਕੇ ਘਰ ਬਾਰ ਤੇ ਸੁਖ ਗੁਵਾਉਂਦੇ ਹੋਏ ਅਸੀਂ ਅੰਦਰੋਂ ਸੁਖੀ ਨਹੀਂ, ਇਸ ਦਾ ਮੂਲ ਕਾਰਨ ਕੀਹ ਹੈ ? ਇਹ ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲਗੇ-ਭਾਈ ਜਨੋਂ ! ਬਾਝ ਗੁਰੂ ਡੁੱਬਾ ਸੰਸਾਰ । ਆਸ਼੍ਰਮ ਵਿਚ ਕਿ ਤੀਰਥਾਂ ਤੇ ਘਰਾਂ ਵਿਚ, ਕਿ ਮੰਡਲੀਆਂ ਵਿਚ ਪਰਮੇਸ਼ੁਰ ਨੂੰ ਜਾਣਨਹਾਰ ਰਸਤੇ ਪਾਉਣ ਵਾਲਾ ਨਹੀਂ ਹੈ । ਗੁਰੂ ਤਾਂ ਹੈਨ, ਖ਼ਬਰੇ ਚੇਲਿਆਂ ਕੋਲੋਂ ਬਹੁਤੇ ਹੈਨ, ਪਰ ਉਹ ਗੀਤ ਰਾਗ ਨ੍ਰਿਤਜ ਪੜ੍ਹਨਾ ਮਾਤ੍ਰ, ਬੁੱਧੀ ਨੂੰ ਸਾਨ ਚਾੜ੍ਹਕੇ ਗ੍ਰਿਹਿਣ ਬ੍ਰਿਤੀ ਵਿਚ ਚਾਤੁਰ ਕਰਨ ਵੱਲ, ਭੇਖ ਮਾਤ੍ਰ ਵੱਲ ਜਿਵੇਂ ਆਪ ਲੱਗ ਰਹੇ ਹਨ-ਚੇਲਿਆਂ ਨੂੰ ਲਾ ਰਹੇ ਹਨ। ਐਉਂ ਜਗਤ ਕੱਚੇ ਗੁਰੂਆਂ ਵਿਚ ਫਸ ਰਿਹਾ ਹੈ। ਬਿਨਾ ਸੱਚੇ ਗੁਰੂ ਸੋਚ ਦੀ ਸੋਝੀ ਨਹੀਂ ਪੈਂਦੀ । ਸੱਚੇ ਗੁਰੂ ਤੋਂ ਮੂੰਹ ਫੇਰਨ ਨਾਲ ਬੰਧਨ ਨਹੀਂ ਟੁੱਟਦੇ, ਬੰਧਨ ਨਾ ਟੁੱਟਣ ਕਰਕੇ ਆਵਾਗਵਨ ਨਹੀਂ ਮਿੱਟਦਾ। ਸੂਰ, ਕੁੱਤੇ, ਗਧੇ, ਬਿੱਲੇ, ਪਸ਼ੂਆਂ, ਮਲੇਛਾਂ, ਨੀਚਾਂ ਤੇ ਚੰਡਾਲਾਂ ਦੀਆਂ ਜੂਨਾਂ ਵਿਚ ਭਟਕਣਾ ਹੁੰਦੀਆਂ ਹਨ[1]। ਜਿਵੇਂ ਸੂਰਜ ਤੋਂ ਲੁਕ ਬੈਠਿਆਂ ਠੇਡੇ ਖਾਈਦੇ ਹਨ, ਪਰ ਸੂਰਜ ਵਰਗੇ ਪ੍ਰਕਾਸ਼ ਵਾਲੇ ਸੂਰੇ ਗੁਰੂ ਦੇ ਨੇੜੇ ਹੋਕੇ ਉਸ ਦੀ ਸੁਹਬਤ ਤੇ ਸੇਵਾ ਨਾਲ ਨਾਮ ਪਦਾਰਥ ਲੱਭਦਾ ਹੈ, ਜੋ ਹਿਰਦੇ ਵਿਚ ਨਿਵਾਸ ਕਰ ਲੈਂਦਾ ਹੈ ਤੇ ਤਾਰਨ ਵਾਲੇ ਨੂੰ ਸਦਾ ਸੁੱਖੀ ਰੱਖਦਾ ਹੈ, ਜੀਵਨ ਵਿਚ ਸੁੱਖੀ ਰੱਖਕੇ ਜਦੋਂ ਉਹ ਜੀਵ ਪ੍ਰਲੋਕ ਨੂੰ ਜਾਂਦਾ ਹੈ ਤਾਂ ਸੱਚੀ ਦਰਗਾਹ ਵਿਚ ਉਸ ਨੂੰ ਪੁੱਛ ਨਹੀਂ ਹੁੰਦੀ, ਉਹ ਆਦਰਿਆ ਜਾਂਦਾ ਹੈ, ਕਿਉਂਕਿ ਉਹ ਗੁਰੂ ਦੇ ਹੁਕਮ ਨੂੰ ਮੰਨਕੇ ਕਮਾਈ ਕਰਕੇ ਜਾਂਦਾ ਹੈ। ਸੋ ਦਰਗਾਹ ਵਿਚ ਜਾਕੇ ਕੈਸੇ ਲੋਕ ਪੂਰਨਤਾ, ਸਫਲਤਾ, ਕਲਜਾਨ ਪਾਉਂਦੇ ਹਨ[2]। ਹੇ ਭਾਈ ਭਗਤ ਜਨੋਂ ! ਜੋ ਸਤਿਗੁਰੂ ਨੂੰ ਮਿਲਦਾ ਹੈ, ਉਹ ਉਸ ਪਰਮੇਸ਼ੁਰ ਨੂੰ ਜਾਣ ਲੈਂਦਾ ਹੈ। ਸਤਿਗੁਰ ਦੀ ਅਗੁਵਾਨੀ ਵਿਚ ਉਹ ਹੁਕਮ ਦੀ ਪਛਾਣ ਸਿਖਦਾ ਹੈ, ਸੋ ਰਜ਼ਾ ਵਿਚ ਸਦਾ ਥਿਰ ਰਹਿਕੇ ਟੁਰਨ ਦੀ ਉਸ ਨੂੰ ਜਾਚ ਆਉਂਦੀ ਹੈ। ਹੁਕਮ ਪਛਾਣ ਲੈਣ ਨਾਲ ਤੇ ਪਛਾਣਕੇ ਰਜ਼ਾ ਵਿਚ ਟੁਰਨ ਨਾਲ ਉਸ ਦਾ ਜੀਉਂਦੇ ਜੀ ਸਾਈਂ ਦਰ ਵਿਚ ਵਾਸਾ ਹੋ ਜਾਂਦਾ ਹੈ, ਅਰਥਾਤ ਉਸ ਦਾ ਹਜ਼ੂਰੀ ਵਾਸਾ ਹੋ ਜਾਂਦਾ ਹੈ । ਜੋ ਜੀਉਂਦੇ ਜੀ ਹਜ਼ੂਰੀ ਵਾਸ ਸਿਖ ਲੈਂਦਾ ਹੈ ਉਹ ਚੋਲਾ ਛੋੜਕੇ ਬੀ ਹਜ਼ੂਰੀ ਵਿਚ ਵੱਸਦਾ ਹੈ। ਐਉਂ ਜਦ ਸਾਈਂ ਦੇ ਦਰ ਵਿਚ ਵਾਸਾ ਪਾ ਜਾਂਦਾ ਹੈ ਤਾਂ ਜਨਮ ਮਰਨ ਮਿਟ ਜਾਂਦਾ ਹੈ। ਜੋ ਅਸਾਂ ਕਿਹਾ ਸੀ ਕਿ ਸ਼ਬਦ ਬਿਨਾ ਮੈਲ ਨਹੀਂ ਉਤਰਦੀ ਸੋ ਐਉਂ ਸ਼ਬਦ ਦੀ ਕਮਾਈ ਨਾਲ ਮੈਲ ਉਤਰਦੀ ਹੈ ਤੇ ਮਰਣ ਜੰਮਣ ਮਿਟ ਜਾਂਦੇ ਹਨ[3]।

---

[1] ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥ ਬੰਧਨਿ ਬਾਧਿਆ ਆਈਐ ਜਾਈਐ ॥੫॥

[2] ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨ ਹੁਕਮੁ ਸੀਝੈ ਦਰਿ ਸੋਇ॥੬॥

[3] ਸਤਿਗੁਰ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥

{ਉਹੋ ਸ਼ਬਦ ਜਾਰੀ ਹੈ} ਕਾਲ=ਮਰਣ। ਬਿਕਾਲ=ਮਰਨ ਦੇ ਉਲਟ, ਅਰਥਾਤ ਜਨਮ।

ਤਦ ਉਨ੍ਹਾਂ ਭਗਤ ਜਨਾਂ ਵਿਚੋਂ ਇਕ ਨੇ, ਜੋ ਗ੍ਰਿਹਸਤੀ ਸੀ, ਪੁੱਛਿਆ: ਗੁਰੂ ਜੀ ! ਆਪ ਨੇ ਸੱਚ ਕਿਹਾ ਹੈ ਤੇ ਸਾਡੀ ਨਿਸ਼ਾ ਹੋਈ ਹੈ। ਆਪ ਸੱਚੇ ਗੁਰੂ ਹੋ; ਆਪ ਦੀ ਓਟ ਤੇ ਤਾਣ ਸਹਾਈ ਹੈ ਪਰ ਹੇ ਦਾਤਾ ਗੁਰੂ ! ਇਹ ਰਹਿਤ ਤਾਂ ਅਤੀਤ ਦੀ ਹੋਈ ਨਾ ਕਿ ਜੋ ਭੇਖਧਾਰੀ ਹੈ; ਸੋ ਨਿਰੰਕਾਰ ਦੀ ਗੁਰ ਸ਼ਬਦ ਦੁਆਰਾ ਅਰਾਧਨਾ ਕਰੇ। ਉਸ ਨੇ ਪਦਾਰਥ ਤਾਂ ਤਿਆਗੇ ਹੋਏ ਹਨ, ਉਹਨਾਂ ਦਾ ਮੋਹ ਤਿਆਗਣਾ ਹੈ। ਸੋ ਉਸ ਦਾ ਕੰਮ ਥੋੜਾ ਸੌਖਾ ਹੈ ਪਰ ਜੋ ਗ੍ਰਿਹਸਤ ਵਿਚ ਹੈ, ਜੇ ਉਹ ਭਗਤੀ ਕਰੇ ਤਾਂ ਪਦਾਰਥਾਂ ਨੂੰ ਕਿਵੇਂ ਸੁੱਟੇ। ਗ੍ਰਿਹਸਤ ਪਦਾਰਥ ਬਿਨਾਂ ਹੋ ਨਹੀਂ ਆਉਂਦਾ ਤੇ ਪਦਾਰਥ ਰੋਕ ਹੋਏ। ਆਪ ਦਾ ਮਾਰਗ ਗ੍ਰਿਹਸਤ ਦਾ ਹੈ, ਸੋ ਕਿਰਪਾ ਕਰਕੇ ਦੱਸੋ ਜੋ ਗ੍ਰਿਹਸਤੀ ਪਰਮੇਸ਼ਰ ਦੇ ਸ਼ੌਕ ਵਾਲਾ ਪਦਾਰਥਾਂ ਨਾਲ 'ਗ੍ਰਹਣ ਤਜਾਗ' ਕਿਸ ਪ੍ਰਕਾਰ ਕਰੇ ?

ਸ੍ਰੀ ਗੁਰੂ ਜੀ-ਭਾਈ ! ਰਾਹ ਇਕੋ ਹੈ ਦੋ ਨਹੀਂ, ਸ਼ਬਦ ਦੀ ਕਮਾਈ ਕਰਨੀ ਹੈ, ਦੁਰਮਤਿ ਨੂੰ ਕੱਟਣਾ ਹੈ, ਹੁਕਮ ਨੂੰ ਪਛਾਣਨਾ ਹੈ, ਰਜ਼ਾ ਤੇ ਟੁਰਨਾ ਹੈ। ਇਹ ਹੈ ਸਿੱਧਾ ਮਾਰਗ, ਨਾ ਦੱਮਦਾ ਭੁੱਲੇ ਨਾ ਟੁਰਦਾ ਭੁੱਲੇ। ਕਰਤਾ ਪੁਰਖ ਦੀ ਸੇਧ ਬੰਨ੍ਹਕੇ ਉਸਦੀ ਭਾਵਨਾ ਧਾਰਕੇ ਨੱਕ ਦੀ ਸੇਧੇ ਟੁਰਿਆ ਜਾਵੇ । ਗ੍ਰਿਹਸਤੀ ਕਿ ਅਤੀਤ ਜੋ ਕਰੇ ਸੋ ਸਿੱਝੇ। ਤੁਸਾਂ ਗ੍ਰਿਹਸਤੀ ਲਈ ਖਾਸ ਪੁੱਛਣਾ ਕੀਤੀ ਹੈ ਸੋ ਤਿਸ ਦਾ ਉਤਰ ਇਹ ਹੈ ਕਿ ਗ੍ਰਿਹਸਤ ਵਿਚ ਰਹੇ। ਗ੍ਰਿਹਸਤ ਵਿਚ ਰਹਿਕੇ ਮਾਇਆ ਮੋਹ ਨਾਲ ਟਾਕਰੇ ਪੈਂਦੇ ਹਨ। ਪਾਪ ਪੁੰਨ ਦੇ ਸਮੇਂ ਗ੍ਰਿਹਸਤੀ ਅੱਗੇ ਵਿਸ਼ੇਸ਼ ਆਉਂਦੇ ਹਨ। ਗ੍ਰਿਹਸਤ ਅਖਾੜਾ ਹੈ, ਜਿਸ ਵਿਚ ਸੁਰਤ ਨੇ ਘੋਲ ਦੀ ਜਾਚ ਸਿੱਖਣੀ ਹੈ ਤੇ ਅੰਤ ਮਾਇਆਵੀ ਅੰਧਕਾਰ ਨੂੰ ਜਿੱਤਕੇ ਆਤਮ ਸੁਖ ਤੇ ਆਤਮ ਚਾਨਣੇ ਵਿਚ ਆਉਣਾ ਹੈ। ਇਸ ਲਈ ਗ੍ਰਿਹਸਤ ਵਿਚ ਉਦਾਸ ਮਾਰਗ ਅਸਾਂ ਟੋਰਿਆ ਹੈ। ਗ੍ਰਿਹਸਤੀ ਪਦਾਰਥਾਂ ਦੀ ਲੋੜ ਬਿਨਾਂ ਟੁਰ ਨਹੀਂ ਸਕਦਾ। ਪਦਾਰਥ ਕੱਠੇ ਕਰੇ, ਪਰ ਧਰਮ ਕਿਰਤ ਨਾਲ, ਹੱਕ ਨਾਹੱਕ ਦੀ ਪਛਾਣ ਸਿੱਖੇ। ਜੋ ਪ੍ਰਾਪਤ ਕਰੇ ਉਸ ਨਾਲ ਨਿਰਬਾਹ ਕਰੇ ਤੇ ਉਸ ਵਿਚੋਂ ਬੀ ਵੰਡ ਖਾਏ[੧]। ਗ੍ਰਿਹਸਤੀ ਹੋਕੇ ਅਤੀਤ ਐਉਂ ਰਹੇਗਾ ਕਿ ਇਸਤ੍ਰੀ, ਪੁਤ੍ਰ, ਪਦਾਰਥ, ਕੁਟੰਬ, ਮਿੱਤ੍ਰ ਜੋ ਕੁਛ ਉਸ ਦਾ ਹੈ ਉਹ ਨਿਰੰਕਾਰ ਦਾ ਸਮਝੇ। ਜਿਸ ਜਿਸ ਚੀਜ਼ ਨੂੰ ਉਹ ਮੇਰੀ ਕਹਿ ਸਕਦਾ ਹੈ ਉਸ ਨੂੰ ਮੇਰੀ ਨਾ ਜਾਣੇ, ਕਰਤਾਰ ਦੀ ਜਾਣੇ। ਐਥੋਂ ਤਾਈਂ ਫਿਰ ਵਿਸ਼ਵਾਸ਼ ਵਧਾਵੇ ਕਿ ਇਹ ਤਨ ਮਨ ਹੀ ਸਾਂਈਂ ਦੀ ਦਾਤ ਹੈਨ, ਤਨ ਮਨ ਦੇ ਸੰਬੰਧ ਵਾਲੇ ਸਾਰੇ ਸਜਣਾਂ ਤੇ ਪਦਾਰਥਾਂ ਵਿਚ ਮੇਰਾ ਕੀਹ ਹੈ ਤੇ ਮੈਂ ਕੌਣ ਹਾਂ, ਸੋ ਉਸ ਦਾ ਉਸੇ ਨੂੰ ਸਮਰਪਣ ਹੈ। ਐਉਂ ਸਮਝਕੇ ਗ੍ਰਿਹਸਤ ਵਿਚ ਰਹਿਣ ਵਾਲਾ ਅਤੀਤ, ਅਰਥਾਤ ਨਿਰਲੇਪ, ਰਹਿੰਦਾ ਹੋਇਆ ਜਨਮ ਨੂੰ ਜਿੱਤ ਜਾਂਦਾ ਹੈ। ਉਹ ਐਸਾ ਪੁਰਖ ਪੂਰਣ ਪਦ ਨੂੰ ਅੱਪੜਦਾ ਹੈ ਕਿ ਸਦਾ ਸੱਚ ਵਿਚ ਸਚੇ ਵਾਹਿਗੁਰੂ ਦੇ ਸਤਜ ਸਰੂਪ-ਵਿਚ ਸਮਾਇਆ ਰਹਿੰਦਾ ਹੈ, ਉਹ ਨਾ ਫਿਰ ਆਉਂਦਾ ਹੈ ਨਾ ਜਾਂਦਾ ਹੈ[੨]। ਇਹ ਜੋ ਸਭ ਕੁਝ ਸਾਂਈਂ ਦਾ ਕਰ ਜਾਨਣਾ ਹੈ ਇਹੀ ਗ੍ਰਿਹਸਤੀ ਦਾ ਤਜਾਗ ਹੈ। ਪਦਾਰਥਾਂ ਦਾ ਤਜਾਗ ਅਤੀਤ ਲੋਕ ਤਨ ਨਾਲ ਕਰਦੇ ਹਨ, ਪਰ ਸੁਖੀ ਨਹੀਂ ਹੁੰਦੇ। ਮਨ ਕਰਕੇ ਤਜਾਗ ਕਰਨ ਨਾਲ ਅਤੀਤ ਹੋਈਦਾ ਹੈ, ਚਾਹੋ ਅਤੀਤ ਹੋਵੇ ਚਾਹੋ ਗ੍ਰਿਹਸਤੀ।

ਭਗਤ ਜੀ-ਇਹ ਜੋ ਆਪਣਾ ਕਰ ਨਹੀਂ ਜਾਣਨਾ ਪਦਾਰਥਾਂ ਨੂੰ ਕਿ ਕੁਟੰਬੀਆਂ ਨੂੰ, ਇਸ ਦਾ ਕੋਈ ਨਮੂਨਾਂ, ਜੋ ਸਮਝ ਪੈ ਜਾਵੇ ?

ਸ੍ਰੀ ਗੁਰੂ ਜੀ-ਤੁਸੀਂ ਸਤਿਸੰਗੀ ਹੋ, ਅਤੀਤਾਂ ਦੇ ਨਾਲ ਫਿਰਦੇ ਹੋ, ਤੁਸਾਨੂੰ ਕਈ ਵੇਰ ਹੱਡ ਬੀਤੀ ਹੋਵੇਗੀ। ਜੇ ਕੋਈ ਅਤੀਤ ਸਾਧੂ ਕਿਸੇ ਨਵੀਂ ਨਗਰੀ ਜਾਵੇ ਤਾਂ ਓਹ ਪਹਿਲੇ ਦਿਨ ਉਸ

---

[੧] ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥ {ਸਾਰੰਗ ਵਾਰ ਮ:੧}

[੨] ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥ {ਬਿ:ਮ:੧}

ਇਹ ਸਾਰੀ ਵਾਰਤਾਲਾਪ ਉਸ ਸ਼ਬਦ ਦਾ ਖੁੱਲ੍ਹਾ ਅਨੁਵਾਦ ਹੈ: ਜੋ ਪਿਛੇ ਵਾਰਤਾਲਾਪ ਵਿਚ ਟੂਕਾਂ ਵਿਚ ਨਾਲੋ ਨਾਲ ਆਉਂਦਾ ਰਿਹਾ ਹੈ। ਇਹ ਹੈ ਬਿਲਾਵਲ ਰਾਗ ਦਾ ਪਹਿਲੀ ਪਾਤਿਸ਼ਾਹੀ ਦਾ ਸ਼ਬਦ, ਜੋ ਇਨ੍ਹਾਂ ਭਗਤਾਂ ਨਾਲ ਵਿਚਾਰ ਪਰਿਥਾਇ ਹੋਇਆ ਜਨਮ ਸਾਖੀ ਵਿਚ ਲਿਖਿਆ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਹੈ, ਜਿਸਦੀ ਪਹਿਲੀ ਤੁਕ ਹੈ:-'ਮਨ ਕਾ ਕਹਿਆ ਮਨਸਾ ਕਰੈ॥'

ਨਗਰੀ ਵਿਚ ਓਪਰਿਆਂਦ ਵਿਚ ਹੁੰਦਾ ਹੈ। ਉਸ ਨੂੰ ਕੁਛ ਅਪਣਾ ਨਹੀਂ ਭਾਸਦਾ । ਜੇ ਓਥੇ ਰਹਿ ਪਵੇ ਤਾਂ ਚਾਹੋ ਉਹ ਅਤੀਤ ਹੈ, ਮਨੇ ਮਨੇ ਕੋਈ ਅਪਣੱਤ ਅੰਦਰ ਪੈਦਾ ਹੋ ਜਾਂਦੀ ਹੈ। ਇਸੀ ਤਰ੍ਹਾਂ ਜਦ ਆਪਣੇ ਪਦਾਰਥਾਂ ਕਿ ਪੁਰਖਾਂ ਨੂੰ ਰੱਬ ਜੀ ਦੇ ਜਾਣ ਲਿਆ ਤਾਂ ਉਹਨਾਂ ਵਿਚ ਇਕ ਬੇਮਲੂਮ ਓਪਰਿਆਂਦ ਪ੍ਰਤੀਤ ਹੋ ਆਉਂਦੀ ਹੈ। ਉਹ ਓਪਰਿਆਂਦ ਜਦ ਓਹ ਸਾਈਂ ਦੇ ਸਮਝੀਦੇ ਹਨ ਤਾਂ ਦਿਲਗੀਰੀ ਦੇ ਰੰਗ ਦੀ ਨਹੀਂ ਹੁੰਦੀ, ਮੈਲ ਵਾਲੀ ਪਕੜ ਤੋਂ ਸਾਫ ਹੋਣ ਕਰਕੇ ਸੁਖਦਾਈ ਲਗਦੀ ਹੈ ਤੇ ਵਰਤਾਰੇ ਵਿਚ ਐਉਂ ਆਉਂਦੀ ਹੈ ਕਿ ਉਹਨਾਂ ਤੋਂ ਸੁਖ ਲੈਣ ਦੀ ਯਾਚਨਾਂ ਘਟ ਘਟਕੇ ਹਟ ਜਾਂਦੀ ਹੈ ਤੇ ਸੁਖ ਦੇਣ ਦਾ ਮੱਧਮ ਚਾਉ ਅੰਦਰ ਪ੍ਰਵੇਸ਼ ਕਰ ਜਾਂਦਾ ਹੈ। ਉਹਨਾਂ ਵਿਚੋਂ ਕੋਈ ਬਿਨਸੇ ਯਾ ਕੋਈ ਸ਼ੈ ਖੁੱਸ ਜਾਵੇ ਤਾਂ ਪੀੜ ਦੀ ਝਰਨਾਟ ਨਹੀਂ ਪੈਂਦੀ ਯਾ ਮੱਧਮ ਜੇਹੀ ਹੋ ਲੰਘਕੇ ਦੂਰ ਹੋ ਜਾਂਦੀ ਹੈ: ਹੇ ਸਾਧ ਜਨੋਂ ! 'ਸਭ ਕੁਝ ਸਾਈਂ ਦਾ ਜਾਣਨ' ਤੋਂ ਸਾਡਾ ਭਾਵ ਦਿਲਗੀਰੀ, ਉਦਾਸੀ, ਨਿਮੋਝਾਣੀ ਨਹੀਂ, ਪਰ ਵੈਰਾਗ ਭਰਿਆ ਚਾਉ ਹੈ, ਜਿਵੇਂ ਹਰ ਜੀਵ ਲੈਕੇ ਖੁਸ਼ ਹੁੰਦਾ ਹੈ, ਪਰ ਧੀ ਪੁਤ ਨੂੰ ਦੇਕੇ ਖ਼ੁਸ਼ੀ ਹੁੰਦਾ ਹੈ ਯਾ ਪਿਤਾ ਨੂੰ ਸਮਰਪਨ ਕਰਕੇ ਖੁਸ਼ ਹੁੰਦਾ ਹੈ । ਇਸ ਤਰ੍ਹਾਂ ਪਰਮ ਉੱਚੇ ਤੇ ਸੁੱਚੇ ਭਾਵ ਵਿਚ ਜਦ ਸਭ ਕੁਝ ਵਾਹਿਗੁਰੂ ਦਾ ਜਾਣਕੇ ਮਨ ਵਿਚ ਉਸ ਦਾ ਸਮਝੀਦਾ ਹੈ ਯਾ ਉਸ ਨੂੰ ਅਰਪਨ ਕਰੀਦਾ ਹੈ ਤਾਂ ਮਨ ਵਿਚ ਦੇਣ ਦਾ ਚਾਉ ਅਪਣੇ ਆਪੇ ਵਿਚ ਇਕ ਨਿਰਮਲ ਚਾਉ ਹੁੰਦਾ ਹੈ। ਨਾਲ ਅੰਦਰ ਨਾਮ ਹੁੰਦਾ ਹੈ, ਨਾਮ ਦਾ ਅਸਰ ਸਾਈਂ ਨਾਲ ਨਿਰੰਤਰ ਮੇਲ ਹੁੰਦਾ ਹੈ। ਸਾਈਂ ਦਾ ਰੂਪ ਆਨੰਦ ਹੈ, ਸੋ ਆਨੰਦ ਸਰੂਪ ਨਾਲ ਮਿਲੇ ਰਿਹਾਂ ਤੇ ਉਸ ਨੂੰ ਸਭ ਕੁਛ ਸਮਰਪਨ ਦੇ ਭਾਵ ਵਿਚ ਰਿਹਾਂ ਜੀਵ ਆਨੰਦ ਵਿਚ ਰਹਿੰਦਾ ਹੈ।

ਪੂਰੇ ਤੇ ਸੂਰੇ ਗੁਰੂ ਨਾਨਕ ਦੇਵ ਜੀ ਦਾ ਇਹ ਉਪਦੇਸ਼ ਸੁਣਕੇ ਓਹ ਸਾਰੇ ਭਗਤ ਗੁਰੂ ਕੇ ਸਿਖ ਹੋਏ। ਜਨਮ ਸਾਖੀ ਵਿਚ ਲਿਖਿਆ ਹੈ:-

> "ਤਾਂ ਏਹ ਸੁਣ ਕਰ ਓਹ ਭਗਤ ਜਨ ਸਭ ਸ੍ਰੀ ਗੁਰੂ ਜੀ ਕੀ ਚਰਣੀ ਆਇ ਲਗੇ ਅਤੇ ਆਖਿਓ ਨੇ: ਹੇ ਗੁਰੂ ਜੀ ਤੁਮ ਧੰਨ ਹੋ ਅਤੇ ਧੰਨ ਆਪ ਦਾ ਦਰਸ਼ਨ ਹੈ। ਹੇ ਭਗਵਾਨ ਜੀ ਸਾਨੂੰ ਵੀ ਆਪਣੀ ਚਰਨੀਂ ਲਾਵੋ ਜੀ, ਆਪ ਮਿਹਰਬਾਨੀ ਕਰਕੇ ਨਾਮ ਦੇਵੋ ਜੀ । ਤਾਂ ਸ੍ਰੀ ਗੁਰੂ ਜੀ ਕਹਿਆ : ਸੁਣੋ ਪਰਮੇਸ਼ੁਰ ਜੀ ਦੇ ਪਿਆਰਿਓ ! ਤੁਸੀਂ ਵੀ ਸ੍ਰੀ ਵਾਹਿਗੁਰੂ ਜੀ ਕਾ ਸਿਮਰਨ ਕਰੋ ਜੀ ਤਾਂ ਤੁਮਾਰਾ ਭਲਾ ਹੋਵੇਗਾ । ਤਾਂ ਓਹ ਭਗਤ ਸ੍ਰੀ ਗੁਰੂ ਜੀ ਕੇ ਸਿਖ ਹੂਏ; ਲਗੇ ਸਤਿਨਾਮ ਕਾ ਜਾਪ ਕਰਨ । ਅੰਤ ਕੋ ਪਰਮਗਤੀ ਕਉ ਪ੍ਰਾਪਤ ਹੋਏ । ਸ੍ਰੀ ਗੁਰੂ ਬਾਬਾ ਜੀ ਓਥੋਂ ਚਲਦੇ ਰਹੇ।"(ਪੰਨਾ ੪੪੩)

## ੧੦. ਅਰਸ਼ੀ ਦਾਤੇ ਦੀ ਪੰਜਵੀਂ ਉਦਾਸੀ ।

ਸੂਚਨਾ-ਪੁਰਾਤਨ ਜਨਮ ਸਾਖੀ ਨੇ ਪੰਜਵੀਂ ਉਦਾਸੀ ਦਾ ਸ਼ਿਰਨਾਵਾਂ ਦੇ ਕੇ ਕਿਸ ਦਿਸ਼ਾ ਦੀ ਇਹ ਹੈ, ਪਤਾ ਨਹੀਂ ਦਿੱਤਾ। ਫਿਰ ਇਸ ਵਿਚ ਬਾਬੇ ਦਾ ਗੋਰਖ ਹਟੜੀ ਜਾਣਾ ਕੇਵਲ ਦੱਸਿਆ ਹੈ, ਹੋਰਥੇ ਜਾਣਾ ਕਿਤੇ ਨਹੀਂ ਦੱਸਿਆ । ਗੋਰਖ ਹਟੜੀ ਤੇ ਸਿੱਧਾਂ ਨਾਲ ਬਹਿਸ ਤੇ ਰਾਮਕਲੀ ਵਾਲੀ ਸਿੱਧ ਗੋਸ਼ਟ ਦੱਸੀ। ਪਰ ਭਾਈ ਗੁਰਦਾਸ ਜੀ ਕਰਤਾਰ ਪੁਰੋਂ ਉਠਕੇ ਅਚਲ ਵਟਾਲੇ ਜਾਣਾ ਦੱਸਦੇ ਹਨ ਤੇ ਅਚਲ ਵਿਚ ਰਾਮਕਲੀ ਵਾਲੀ ਸਿਧ ਗੋਸ਼ਟ ਹੋਈ ਦੱਸਦੇ ਹਨ। ਭਾਈ ਸਾਹਿਬ ਜੀ ਇਸ ਜਨਮ ਸਾਖੀ ਦੇ ਲੇਖਕ ਤੋਂ ਪੁਰਾਣੇ ਲੇਖਕ ਹਨ ਤੇ ਗੁਰੂ ਕੇ ਬਖਸ਼ੇ ਸਿਖ ਤੇ ਵਰ ਪ੍ਰਾਪਤ ਬਾਣੀ ਵਾਲੇ ਹਨ, ਇਸ ਕਰਕੇ ਉਨ੍ਹਾਂ ਦੀ ਲਿਖਤ ਪ੍ਰਮਾਣੀਕ ਹੈ। ਅਚਲ ਦੀ ਸਾਖੀ ਇਸ ਪ੍ਰਕਾਰ ਹੈ:-

# ੮੧. ਗੁਰੂ ਬਾਬਾ ਅਚਲ ਵਟਾਲੇ !

੧.

ਉਠੋ ਲੋਕੋ, ਉਠੋ ਸੁਤਿਓ,
ਕਿ ਚੜ੍ਹਿਆ ਚੰਦ ਅਰਸ਼ਾਂ ਤੇ,
ਹੁਸਨ ਦਾ ਲੈ ਲਓ ਜਲਵਾ,
ਖੜੇ ਹੋ ਜਾਉ ਫਰਸ਼ਾਂ ਤੇ।
ਕਿ ਸੁਤਿਆਂ ਨੂਰ ਦਾ ਜਲਵਾ,
ਨਹੀਂ ਮਿਲਦਾ ਹੈ ਗ਼ਾਫ਼ਲ ਨੂੰ;
ਖ਼ਬਰਦਾਰਾਂ ਨੇ ਲੈ ਲੀਤਾ,
ਨਜ਼ਰ ਲਾ ਲਾਕੇ ਕੁਰਸ਼ਾਂ ਤੇ।
ਅਗੰਮੀ ਮੀਂਹ ਨੂਰਾਂ ਦਾ,
ਹੈ ਛਹਿਬਰ ਲਾ ਰਿਹਾ ਉਤੋਂ,
ਕਟੋਰੇ ਨੈਣ ਕਰ ਉੱਚੇ
ਲਗਾ ਦਿਓ ਨੂਰ-ਦਰਸਾਂ ਤੇ।
ਕਿਵੇਂ ਹੋਇਆ? ਕਿਵੇਂ ਹੋਵੇ?,
ਕਿਵੇਂ ਹੋਸੀ? ਨ ਜਾਣਾ ਮੈਂ,
ਕਿਸੇ ਦਾਨੇ ਪਤਾ ਲੱਗਾ,
ਨ ਖੋਜਾਂ ਖੋਜ ਬਰਸਾਂ ਤੇ।
ਨਦਾਨਾਂ ਪਿਰਮ ਰਸ ਵੱਲੇ
ਨਜ਼ਰ ਲਾਈ, ਤਗਾਦੇ ਛਡ,
ਓ ਖੀਵੇ ਹੋ ਗਏ ਪੀ ਪੀ,
ਕਿ ਤਕੀਏ ਰੱਖ ਤਰਸਾਂ ਤੇ।

ਅੰਮ੍ਰਿਤ ਵੇਲਾ ਹੈ, ਉਹੋ ਪੱਖੋ ਕੀ ਰੰਧਾਵਾ ਪਿੰਡ ਹੈ[੧], ਉਹੋ ਗਲੀ ਹੈ, ਉਹੋ ਚੰਦ ਪਿਛਲੀ ਰਾਤ ਦਾ ਸਰਦ ਚਾਂਦਨੀ ਪਾ ਰਿਹਾ ਹੈ, ਉਹੋ ਨਾਥ ਹੈ, ਜੋ ਪਹਿਲਾਂ ਅਨਾਥ ਸੀ ਤੇ ਹੁਣ ਸਨਾਥ ਹੈ, ਉਸੇ ਗਲੇ ਤੋਂ ਗਾ ਰਿਹਾ ਹੈ ਤੇ ਡਾਢੀ ਸੁਰੀਲੀ ਸੁਰ ਵਿਚ ਗਾ ਰਿਹਾ ਹੈ, ਸੁਣਨ ਵਾਲੇ ਸੁਣ ਰਹੇ ਹਨ। ਅਜਿੱਤਾ ਅੱਜ ਜਾਗ ਰਿਹਾ ਹੈ, ਅਵਾਜ਼ ਆਉਣ ਤੋਂ ਪਹਿਲੋਂ ਦਾ ਜਾਗਦਾ ਹੈ ਤੇ ਅਪਣੇ ਆਪ ਨੂੰ ਰਸ ਰੰਗ ਵਲ ਪਾ ਰਿਹਾ ਹੈ। ਜੁੜਿਆ ਬੈਠਾ ਹੈ ਆਪ ਵਿਚ ਤੇ ਰਸ ਲੈ ਰਿਹਾ ਹੈ ਆਪੇ ਦੇ ਸਾਈਂ ਦਾ, ਮਾਈਂ ਵਲ ਰੁਖ਼ ਕਰਕੇ ਸਾਰੇ ਆਪੇ ਦਾ; ਕਿ ਅਚਾਨਕ ਨਾਥ ਜੀ ਦੀ ਅਵਾਜ਼ ਸੁਣਾਈ ਦਿਤੀ। ਮਿੱਠੀ ਮਿੱਠੀ, ਪਿਆਰੀ ਪਿਆਰੀ ਸੁਰ ਕੰਨੀ ਪਈ, ਸੁਖੀ ਹੋ ਗਿਆ। ਪਰ ਅਜ ਚਉਧਰਾਣੀ ਸੁੱਤੀ ਪਈ ਹੈ। ਨਾਥ ਦੀ ਸੱਦ ਕੰਨੀ ਪਈ ਤਾਂ ਜਾਗੀ: 'ਧੰਨ ਗੁਰੂ ਨਾਨਕ' ਮੂੰਹੋਂ ਨਿਕਲਿਆ: 'ਧੰਨ ਕਰਤਾਰੁ! ਅੰਮ੍ਰਿਤ ਵੇਲਾ ਹੋ ਗਿਆ? ਕਰਤਾਰ! ਮੈਂ ਸੁੱਤੀ ਰਹੀ। ਗ਼ਾਫਲ ਮੈਂ! ਨਾਥ! ਤੇਰਾ ਭਲਾ ਹੋਵੇ, ਤੂੰ ਆਪਣਾ ਸੁਆਦ ਐਸ ਵੇਲੇ ਵੰਡਦਾ ਫਿਰਦਾ ਹੈਂ, ਧੰਨ ਤੇਰਾ ਜਨਮ..। ਉਪਕਾਰ ਇਹ ਹੈ..। ਸਾਈਂ ਜੀਓ! ਜਾਗਦੇ ਹੋ?'

ਅਜਿੱਤਾ-ਹਾਂ ਚਉਧਰਾਣੀ ਜਾਗਦਾ ਹਾਂ ਗੁਰੂ ਮਿਹਰ ਨਾਲ।

ਚਉਧਰਾਣੀ-ਭਲਾ ਸਾਂਈਆਂ ਜੀਓ! ਨਾਥ ਕਿਉਂ ਨਹੀਂ ਐਸ ਵੇਲੇ ਕਿਤੇ ਸਮਾਧੀ ਲਾਕੇ ਬੈਠਦਾ? ਉਪਕਾਰ ਤਾਂ ਬੜਾ ਹੈ, ਪਰ ਆਪ ਬੀ ਇਉਂ ਉਸ ਦਾ ਖਰਚੀਂਦਾ ਹੈ ਨਾਂ।

ਅਜਿੱਤਾ-ਮੈਂ ਪੁੱਛਿਆ ਸੀ । ਆਖਦਾ ਸੀ ਇਸ ਪਿੰਡ ਦਾ ਅੰਨ ਪਾਣੀ ਖਾਧਾ ਹੈ, ਇਸ ਦਾ ਭਲਾ ਕਰਨਾ ਹੈ, ਸਭ ਤੋਂ ਵੱਡਾ ਭਲਾ ਇਹ ਹੈ ਕਿ ਲੋਕੀਂ ਇਹ ਅੰਮ੍ਰਿਤ ਵੇਲਾ ਅਜਾਈਂ ਨਾ ਗੁਆਉਣ। ਹਾਂ ਕਹਿੰਦਾ ਸੀ: ਧਰਮਸਾਲਾ ਜੇ ਬਣ ਜਾਵੇ ਤੇ ਅੰਮ੍ਰਿਤ ਵੇਲੇ ਕੀਰਤਨ ਟੁਰ ਪਵੇ ਤੇ ਕੀਰਤਨ ਦੇ ਵੇਲੇ ਧੌਂਸਾ ਖੜਕ ਜਾਵੇ ਤੇ ਸਭ ਲੋਕੀਂ, ਜੋ ਗ਼ਾਫਲ ਨਹੀ ਰਹਿਣਾ ਚਾਹੁੰਦੇ, ਹਾਂ, ਗੁਰੂ ਕੇ ਸਾਵਧਾਨ ਪਿਆਰੇ, ਆ ਜੁੜਨ ਤਾਂ ਫਿਰ ਭਾਵੇਂ ਮੈਂ ਨਾ ਫਿਰਾਂ। ਟਾਲੇ ਤਾਂ ਕਹਿੰਦਾ ਹੈ, ਸਾਰੇ ਪ੍ਰੇਮੀਆਂ ਨੂੰ ਜਗਾਕੇ, ਪਿਰਮ ਰਸਾਂ ਦੇ ਅੰਮ੍ਰਿਤ ਵੇਲੇ ਦਾ ਢੰਡੋਰਾ ਦੇਕੇ ਫੇਰ ਆਪ ਜਾਕੇ ਰਸ ਮਾਣਨਾਂ ਹੈ। ਆਪ ਕਰਨਾ ਹੈ ਤੇ ਹੋਰਨਾਂ ਥੀਂ ਕਰਾਉਣਾ ਹੈ।

ਚਉਧਰਾਣੀ-ਡਾਢਾ ਭਲਾ ਹੈ, ਪਹਿਲਾਂ ਜਦੋਂ ਜੋਗੀ ਸੀ ਕੋਈ ਨਹੀਂ ਸਾਸੂ ਪਿਆਰ ਕਿ ਦਇਆ ਕਿ ਉਪਕਾਰ, ਵਹੁਹੇਂ ਡਿਗਦੇ ਸਾਸੂ ਨੱਕੋਂ! 'ਧੰਨ ਗੁਰੂ ਨਾਨਕ!' ਕੇਡਾ ਪਿਆਰ ਪਾ ਦੇਂਦਾ ਹੈ ਕਿ

[੧] ਪਹਿਲਾ ਪ੍ਰਸੰਗ ਪਿੱਛੇ ਆ ਚੁਕਾ ਹੈ, ਦੇਖੋ ਪਿਛੇ ਪ੍ਰਸੰਗ 'ਅਜਿੱਤਾ ਰੰਧਾਵਾ' (ਪੰਨਾ: ੧੦੨), ਜਿਸ ਦਾ ਕਿ ਵਿਸ਼ੇਸ਼ ਕਰਕੇ ਇਹ ਦੂਸਰਾ ਭਾਗ ਹੈ।

ਕਰਨੀਆਂ ਵਾਲੇ ਬੀ ਪਏ ਉਪਕਾਰ ਕਰਦੇ ਹਨ[1], ਧੰਨ ਗੁਰੂ ਨਾਨਕ': ਇਸ ਤਰ੍ਹਾਂ ਆਖਦੀ ਚਉਧਰਾਣੀ ਉੱਠੀ, ਇਸ਼ਨਾਨ ਕੀਤਾ ਤੇ ਬਹਿ ਗਈ ਆਪੇ ਦੇ ਦੇਸ਼ ਵਿਚ ਟਿਕਣ ਲਈ।

ਅੰਮ੍ਰਿਤ ਵੇਲਾ ਲੰਘ ਗਿਆ, ਦਿਹੁੰ ਚੜ੍ਹ ਆਇਆ, ਅਜਿੱਤਾ ਖੂਹ ਤੇ ਗਿਆ। ਅੱਗੇ ਨਾਥ ਜੀ ਬੈਠੇ ਸਨ, ਗੱਲਾਂ ਬਾਤਾਂ ਸਤਿਸੰਗ ਦੀਆਂ ਟੁਰ ਪਈਆਂ, ਜਿਨ੍ਹਾਂ ਵਿਚ ਅਜਿੱਤੇ ਨੂੰ ਪਤਾ ਲੱਗਾ ਕਿ ਗੁਰੂ ਬਾਬਾ ਜੀ ਬਾਹਰ ਹੋਕੇ ਥੋੜੇ ਦਿਨ ਫੇਰ ਕਰਤਾਰ ਪੁਰ ਆ ਗਏ ਹਨ, ਇਹ ਸੁਣਕੇ ਚਿੱਤ ਨੂੰ ਚੌਂਪ ਲਗ ਗਈ, ਘਰ ਆਕੇ ਸਲਾਹ ਕੀਤੀ ਤੇ ਅਜਿੱਤਾ ਕਰਤਾਰ ਪੁਰ ਆ ਪਹੁੰਚਾ[2]। ਦਰਸ਼ਨ ਕਰਕੇ ਮਨ ਤ੍ਰਿਪਤਿਆ, ਸੇਵਾ ਕਰਕੇ ਠੰਢ ਪਈ ਤੇ ਅੰਦਰਲੇ ਰੰਗ ਨੇ ਹੋਰ ਹੁਲਾਰਾ ਖਾਧਾ। ਸਾਧ ਸੰਗਤ ਵਿਚ ਅਜਿੱਤਾ ਹੁਣ ਬੜਾ ਪ੍ਰੇਮੀ ਤੇ ਕਰਨੀ ਵਾਲਾ ਸਿਖ ਪ੍ਰਸਿੱਧ ਸੀ। ਸਾਰੇ ਉਸ ਦਾ ਸਨਮਾਨ ਕਰਦੇ ਸਨ, ਪਰ ਅਜਿੱਤਾ ਸਾਧ ਸੰਗਤ ਨੂੰ ਪਿਆਰ ਕਰਕੇ ਤੇ ਸੇਵਾ ਕਰਕੇ ਪ੍ਰਸੰਨ ਹੁੰਦਾ ਸੀ।

## ੨.

ਕਰਤਾਰ ਪੁਰ ਵਿਚ ਸਤਿਸੰਗ ਦਾ ਬਾਗ਼ ਲਹਿ ਲਹਿ ਕਰ ਰਿਹਾ ਸੀ। ਸਤਿਗੁਰ ਜੀ ਹੁਣ ਜਦ ਚੌਥੀ ਉਦਾਸੀ ਮੁਕਾਕੇ ਕਰਤਾਰ ਪੁਰ ਅੱਪੜੇ ਸਨ ਤਦ ਬੜੀਆਂ ਖੁਸ਼ੀਆਂ ਹੋਈਆਂ ਸਨ। ਸੰਗਤਾਂ ਟੁੱਟ ਟੁੱਟਕੇ ਦੂਰ ਦੂਰ ਤੋਂ ਆਈਆਂ ਸਨ। ਸ੍ਰੀ ਗੁਰੂ ਜੀ ਨੇ, ਜੋ ਫਕੀਰੀ ਬਾਣਾਂ ਧਾਰਕੇ ਪੱਛਮ ਨੂੰ ਗਏ ਸਨ, ਲਾਹ ਦਿਤਾ ਸੀ, ਇਸ ਤੋਂ ਮਗਰੋਂ ਫੇਰ ਕੋਈ ਪਹਿਰਾਵਾ ਨਹੀਂ ਧਾਰਿਆ, ਜੋ ਹਿੰਦੂ ਮੁਸਲਮਾਨਾਂ ਨੂੰ ਰਾਹ ਪਾਉਣ ਵਾਸਤੇ ਅਚਰਜ ਕੌਤਕਾਂ ਵਾਲਾ ਧਾਰਿਆ ਕਰਦੇ ਸੇ। ਹੁਣ ਸਤਿਗੁਰ ਜੀ ਨੇ ਸਾਧਾਰਨ ਸਿੱਧੇ ਸੰਸਾਰੀ ਕਪੜੇ ਪਹਿਨੇ ਸੇ। ਇਸ ਕੌਤਕ ਦਾ ਇਹ ਅਰਥ ਸੀ ਕਿ ਫਕੀਰੀ ਭੇਖ ਧਾਰਕੇ ਉਤਾਰ ਦੇਣ ਦਾ ਭਰਮ ਬੀ ਟੁੱਟ ਜਾਵੇ। ਸੁਤੰਤ੍ਰ ਪੁਰਖ ਕੈਦ ਵਿਚ ਨਹੀਂ ਕਿ ਫਕੀਰੀ ਬਾਣੇ ਧਾਰਕੇ ਉਤਾਰ ਨਹੀਂ ਸਕਦਾ। ਭਾਈ ਗੁਰਦਾਸ ਜੀ ਇੰਜ ਲਿਖਦੇ ਹਨ:-

> ਬਾਬਾ ਆਯਾ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ। ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ। ਉਲਟੀ ਗੰਗ ਵਹਾਈਓਨ ਗੁਰ ਅਗੰਦ ਸਿਰਿ ਉਪਰਿ ਧਾਰਾ। ਪੁਤ੍ਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ। ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਿਆਰਾ। ਗਯਾਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ। ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ। ਗੁਰਮੁਖ ਭਾਰ ਅਥਰਬਣ ਤਾਰਾ॥੩੮॥

ਕਵਿ ਸੰਤੋਖ ਸਿੰਘ ਜੀ ਲਿਖਦੇ ਹਨ:-

> ਸਵਾ ਜਾਮ ਨਿਸ ਰਹੇ ਸਦਾਈ॥ ਹੋਤ ਕੀਰਤਨ ਸਭ ਸੁਖਦਾਈ ॥ ਸੱਤਿਨਾਮ ਕੋ ਸਿਮਰਨ ਕਰਨਾ ॥ ਇਹ ਉਪਦੇਸ਼ ਸਰਬ ਪ੍ਰਤਿ ਬਰਨਾ॥ ਨੀਚ ਕੈ ਊਚ ਰਾਇ ਕੈ ਰੰਕਾ॥ ਸਿਮਰਨ ਤੇ ਜਮ ਜਾਇ ਅਤੰਕਾ॥ ਸੁੱਧ ਅਸੁੱਧ ਜਪੈ ਜੇ ਕੋਈ॥ ਮਨ ਬਿਕਾਰ ਤੇ ਨਿਰਮਲ ਹੋਈ ॥ ਪ੍ਰਾਪਤ ਗਯਾਨ ਬੰਧ ਸਭ ਖੋਇ॥ ਇਹ ਸਮ ਨਹਿ ਸੁਖੈਨ ਕਲਿ ਕੋਇ॥ {ਗੁ: ਨਾ: ਪ੍ਰ:}

ਕਰਤਾਰ ਪੁਰ ਵਿਚ ਹੁਣ ਖੇਤੀ ਸ਼ੁਰੂ ਕਰਵਾਈ। ਸਿਖ ਸੰਗਤਾਂ ਆਉਣ, ਕੰਮ ਕਰਨ। ਉਹ ਕਿਰਤ ਦਾ ਉਪਜਿਆ ਅੰਨ ਲੰਗਰ ਵਿਚ ਵਰਤੀਵੇ। ਇਸ ਪ੍ਰਕਾਰ ਸੰਗਤਾਂ ਵਿਚ 'ਹੱਥ ਕਾਰ ਵਲ, ਦਿਲ ਕਰਤਾਰ ਵਲ' ਗ੍ਰਿਹਸਤ ਵਿਚ ਨਿਰਬਾਣ ਤੇ ਉੱਚੇ ਸੁਚੇ ਹੋਣਾ ਪ੍ਰਚਾਰ ਦਿਤਾ।

ਇਨ੍ਹਾਂ ਦਿਨਾਂ ਵਿਚ ਪਤਾ ਲੱਗਾ ਕਿ ਅਚਲ ਵਟਾਲੇ ਸ਼ਿਵਰਾਤ੍ਰੀ ਦਾ ਮੇਲਾ ਆਇਆ ਹੈ। ਜਿਥੇ ਸਿੱਧ ਬਹੁਤ ਕੱਠੇ ਹੁੰਦੇ ਹਨ ਤੇ ਪੂਜਾ ਹੁੰਦੀ ਹੈ, ਪ੍ਰੰਤੂ ਇਕੱਠੇ ਹੋਏ ਯਾਤ੍ਰੂਆਂ ਨੂੰ ਪ੍ਰਬੁੱਧ ਕਰਨ ਦਾ ਅਤੇ ਆਤਮ ਰਸ ਦਾਨ ਦਾ ਕੋਈ ਉਪਰਾਲਾ ਨਹੀਂ ਹੁੰਦਾ। ਮੇਲਾ ਇਕ ਖੇਲ ਤਮਾਸ਼ਾ ਰਹਿ ਗਿਆ ਹੈ। ਗੁਰੂ ਬਾਬੇ ਦਾ ਇਕ ਵਿਸ਼ੇਸ਼ ਤਰੀਕਾ ਇਹ ਵੀ ਸੀ ਕਿ ਦੀਨ ਦੇ ਆਗੂਆਂ ਤੇ ਪੂਜੇ ਜਾ ਰਹੇ ਲੋਕਾਂ ਨੂੰ

---

[1] ਆਪਿ ਤਰੈ ਸੰਗਤਿ ਕੁਲ ਤਾਰੇ॥ {ਆਸਾ ਮਹਲਾ ੧}

[2] ਨਿਜ ਪੁਰ ਸੁਨਿ ਝਟ ਆਤ ਭਾ, ਨਾਮ ਅਜਿੱਤਾ ਜਾਸੁ॥ {ਸ੍ਰੀ ਗੁ: ਨਾ: ਪ੍ਰਕਾਸ਼}

ਸਿੱਧੇ ਰਸਤੇ ਪਾ ਦੇਣਾ, ਜਿਸ ਨਾਲ ਉਹਨਾਂ ਦੇ ਮਗਰ ਲੱਗੇ ਲੋਕਾਂ ਦਾ ਸੁਤੇ ਹੀ ਉਧਾਰ ਹੋ ਜਾਵੇ ਤੇ ਜੇ ਉਹ ਨਾ ਸੁਧਰਨ ਤਾਂ ਮੇਲੇ ਤੇ ਆਏ ਲੋਕਾਂ ਨੂੰ ਸੱਚ ਦੀ ਸੋਝੀ ਪੈ ਜਾਵੇ ਤੇ ਉਹਨਾਂ ਦਾ ਸੁਧਾਰ ਹੋ ਜਾਵੇ! ਇਹੋ ਜਿਹੇ ਅਨੇਕਾਂ ਕਾਰਨਾਂ ਕਰਕੇ ਗੁਰੂ ਬਾਬਾ ਜੀ ਨੇ ਅਚਲ ਜਾਕੇ 'ਸਤਿਨਾਮ' ਦਾ ਛਤਰ ਝੁਲਾਉਣ ਦੀ ਠਾਣੀ ਤੇ ਕਰਤਾਰ ਪੁਰੋਂ ਕੂਚ ਕਰ ਦਿੱਤੀ। ਤਦੋਂ ਅਜਿੱਤਾ ਭੀ ਨਾਲ ਹੀ ਗਿਆ।

੩.

ਜਦੋਂ ਅਚਲ ਪੁੱਜੇ ਤਾਂ ਸੰਝਾਂ ਪੈ ਗਈਆਂ ਸਨ, ਬੜੀ ਹਨੇਰੀ ਚੱਲੀ ਤੇ ਗੜਿਆਂ ਦਾ ਮੀਂਹ ਵਸਿਆ, ਜਿਸ ਨਾਲ ਅਨੇਕਾਂ ਪੰਛੀ ਮਰ ਗਏ। ਸ੍ਰੀ ਗੁਰੂ ਜੀ ਨੇ ਕੁਛ ਪੂਰਬ ਰੁਖ਼ ਵਲ ਉਪਰਲੇ ਪਾਸੇ ਇਕ ਉਚੇਰੇ ਟਿਕਾਣੇ ਤੇ ਡੇਰਾ ਕੀਤਾ[੧]। ਦੂਸਰੇ ਦਿਨ ਮੇਲਾ ਭਰਕੇ ਲੱਗਾ। ਸਿੱਧਾਂ ਦੇ ਆਉਣ ਕਰਕੇ ਬੀ ਲੋਕੀਂ ਬਹੁਤ ਆਏ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਸਿਧੀ ਬੀ ਬਹੁਤ ਹੋ ਰਹੀ ਸੀ। ਜਦੋਂ ਇਹ ਗਲ ਧੁੰਮ ਗਈ ਕਿ ਗੁਰੂ ਜੀ ਮੇਲੇ ਤੇ ਆਏ ਹਨ ਤਾ ਸਾਰੀ ਲੁਕਾਈ ਦਰਸ਼ਨਾਂ ਨੂੰ ਟੁੱਟ ਕੇ ਉਨ੍ਹਾਂ ਪਾਸੇ ਨੂੰ ਆ ਗਈ। ਅਗੇ ਕੀਰਤਨ ਹੋ ਰਿਹਾ ਸੀ, ਸਤਿਗੁਰਾਂ ਦਾ ਦਿੱਬ ਦਰਸ਼ਨ ਹੁੰਦਾ ਸੀ; ਸਤਿਨਾਮ ਦੀ ਦਾਤ ਵਰਤਾਈ ਜਾ ਰਹੀ ਸੀ, ਘਰ ਵਿਚ ਬਹਿਕੇ ਪਰਮ ਪਦ ਨੂੰ ਅੱਪੜਨ ਦਾ ਉਪਦੇਸ਼ ਹੋ ਰਿਹਾ ਸੀ। 'ਗ੍ਰਿਹਸਤ ਵਿਚ ਉਦਾਸ' ਦੇ ਨਵੇਂ ਮਾਰਗ ਦੀ ਰਹੁ ਰੀਤਿ ਚਲਾਈ ਜਾ ਰਹੀ ਸੀ[੨]।

> ਅਤਿਸ਼ੈ ਭੀਰ ਪਈ ਪ੍ਰਭ ਪਾਸੂ। ਫਲ ਕੋ ਬੰਛਿ ਕਰਹਿਂ ਅਰਦਾਸੂ। ਖਰੇ ਹੋਣ ਕੋ ਥਾਇ ਨ ਪਾਵਹਿਂ। ਬਦਨ ਬਿਲੋਕਹਿਂ ਉਰ ਹਰਖਾਵਹਿਂ। ਦਰਸਨ ਕਰਤ ਨ ਤ੍ਰਿਪਤਹਿਂ ਕੈਸੇ। ਬ੍ਰਿੰਦ ਚਕੋਰ ਚੰਦ੍ਰਮਾ ਜੈਸੇ। {ਸ੍ਰੀ ਗੁ: ਨਾ: ਪ੍ਰ:}

ਇਉਂ ਭੀੜ ਸਾਰੀ ਉਥੇ ਹੀ ਜੁੜ ਗਈ ਤੇ ਉੱਧਰ ਸਿੱਧਾਂ ਵਲ ਚਾਂ ਭਾਂ ਹੋ ਗਈ। ਸਿੱਧਾਂ ਨੇ ਆਪਣੀ ਮਾਨਤਾ ਦਾ ਤਰੀਕਾ ਇਹ ਰਖਿਆ ਹੋਇਆ ਸੀ ਕਿ ਲੋਕਾਂ ਦੇ ਦਿਲਾਂ ਤੇ ਆਪਣੀਆਂ ਕਰਾਮਾਤਾਂ ਦਾ ਸਿੱਕਾ ਜਮਾਇਆ ਹੋਇਆ ਸੀ ਤੇ ਇਹ ਡਰ ਹਰ ਦਿਲ ਤੇ ਬੈਠਾ ਰਖਿਆ ਸੀ ਕਿ ਜੇ ਸਿੱਧ ਗੁਸੇ ਹੋ ਜਾਏ ਤੇ ਸਰਾਪ ਦੇ ਬੈਠੇ ਤਾਂ ਘਰ ਘਾਟ ਤਬਾਹ ਹੋ ਜਾਂਦੇ ਹਨ। ਸੋ ਲੋਕਾਂ ਦੇ ਦਿਲਾਂ ਤੇ ਸਿੱਧਾਂ ਦਾ ਭੈ ਬੈਠ ਰਿਹਾ ਸੀ। ਕਿਸੇ ਨੂੰ ਕਿਸੇ ਸਿੱਧ ਨਾਲ ਪ੍ਰੇਮ ਹੁਲਾਸ ਭਰੀ ਭਾਵਨਾਂ ਨਹੀਂ ਸੀ ਹੁੰਦੀ। ਡਰਦੀ ਹਰ ਹਰ ਕਰਦੀ ਵਾਲੀ ਗਲ ਬਣੀ ਹੋਈ ਸੀ। ਸਾਰੇ ਭੈ ਦੇ ਮਾਰੇ ਮਿੰਨਤਾਂ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਪਰੇਮ ਦਾ ਸੋਹਿਲਾ ਸੁਣਾ ਰਹੇ ਸੇ, ਓਹ ਵਾਹਿਗੁਰੂ ਜੀ ਨੂੰ ਪਿਆਰ ਦਾ ਰੂਪ ਦੱਸਦੇ ਸੇ, ਆਪ ਖਿੜਕੇ ਲੋਕਾਂ ਨੂੰ ਮਿਲਦੇ ਸੇ, ਵਰਾਂ ਸ੍ਰਾਪਾਂ ਦਾ ਲਾਲਚ ਤੇ ਭੈ ਹਟਾਉਂਦੇ ਸੇ ਤੇ ਆਖਦੇ ਸੇ: ਨਾਮ ਜਪੋ, ਸਾਈਂ ਨਾਲ ਜੁੜੋ, ਦਿਨ ਰਾਤ ਜਗਤ ਦੇ ਕੰਮਾਂ ਕਾਜਾਂ ਵਿਚ ਅੰਤਰ ਆਤਮੇ ਰੱਬ ਜੀ ਦੇ ਨਾਲ ਰਹੋ। ਨਾ ਡਰੋ, ਨਾਂ ਕਿਸੇ ਨੂੰ ਡਰਾਓ। ਹਾਂ, ਆਪਣੇ ਮਾਲਕ ਦਾ ਨਿਰਮਲ ਭੈ ਰਖੋ: ਇਹ ਭੈ ਦਿਲ ਨੂੰ ਖਾ ਜਾਣ ਵਾਲਾ ਸਹਿਮ ਨਹੀਂ ਹੁੰਦਾ; ਇਹ ਪਾਪਾਂ ਤੋਂ ਪਰੇ ਰੱਖਣ ਵਾਲਾ, ਨੂਰ ਦੇ ਨੇੜੇ ਤੇੜੇ ਲੈ ਜਾਣ ਵਾਲਾ ਪਿਆਰ ਨਾਲ ਤ੍ਰਿਬੁਡ ਭੈ ਹੁੰਦਾ ਹੈ। ਪਰੇਮ ਤਾਂ ਪਿਆਰ ਵਲ ਖਿੱਚਦਾ ਹੈ ਤੇ ਨਿਰਮਲ ਭੈ ਬਦੀਆਂ ਵਲੋਂ ਹੋੜਦਾ ਤੇ ਸਾਈਂ ਵਲ ਨੂੰ ਧਕੇਲਦਾ ਹੈ[੧]। ਇਉਂ 'ਭੈ ਤੇ ਭਾਵ' ਮੇਲਦੇ ਹਨ। ਸਿੱਧਾਂ ਦਾ ਡਰ ਜਿੰਦ ਨੂੰ ਦਬਾਈ ਰਖਣ ਵਾਲਾ ਸਹਿਮ ਸੀ, ਜੋ ਉਹਨਾਂ ਦੀਆਂ ਸਿਧੀਆਂ ਵਿਚ ਨਿਸ਼ਚਾ ਹੋਣ ਕਰਕੇ ਜੀਉ ਨੂੰ ਡੋਲਣੀ ਬੇੜੀ ਚਾੜ੍ਹ ਦੇਂਦਾ ਸੀ। ਇਸ ਤਰ੍ਹਾਂ ਲੋਕੀਂ ਡਰਦੇ ਤਾਂ ਸਨ; ਪਰ ਬੇਮਲੂੰਮੇ ਅੱਕੇ ਬੀ ਪਏ ਸਨ। ਕੁਛ ਏਸੇ ਤਰ੍ਹਾਂ ਦਾ ਰਵੱਯਾ ਪੀਰਾਂ ਨੇ ਬੀ ਜਾਰੀ ਕਰ ਰਖਿਆ ਹੋਇਆ ਸੀ। ਪਰ ਗੁਰੂ ਕੇ ਦੁਆਰੇ ਆਏ ਪੁਰਖ ਨੂੰ ਜਗਤ ਦੀਆਂ ਲੋੜਾਂ ਤੋਂ ਉਚੇ ਉੱਠਣ ਦਾ ਉਪਦੇਸ਼ ਮਿਲਦਾ ਸੀ,

---

[੧] ਏਥੇ ਗੁਰਦੁਆਰਾ ਹੈ।

[੨] ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ॥੭॥ {ਆਸਾ ਮ: ੧ ਕਾਫ਼ੀ}

[੧] ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ ਸਦਹੀ ਸੇਜੈ ਰਵੈ ਭਤਾਰ ॥੪॥ ੨੭॥ {ਆਸਾ ਮ: ੧}

ਪੁਨਾ: ਚੌਥੇ ਸਾਹਿਬਾਂ ਦਾ ਵਾਕ ਹੈ: ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ...॥ {ਸੂਹੀ ਮ: ੪}

ਜੀਵਨ ਦਾ ਉੱਚਾ ਖਿਆਲ ਤੇ ਉੱਚਾ ਜੀਵਨ ਦਾ ਵਰਤਾਉ ਸਿਖਾਇਆ ਜਾਂਦਾ ਸੀ ਅਤੇ ਜਗਜਾਸੂਆਂ ਨੂੰ ਅੰਤਰ ਆਤਮੇ ਕਿਸੇ ਲਿਵ ਵਿਚ ਜੁੜ ਜਾਣ ਦੇ ਰਸਤੇ ਪਾਇਆ ਜਾਂਦਾ ਸੀ। ਇਹ ਮਾਰਗ ਨਿਰਭਉ ਦੇ ਦੇਸ਼ ਅੱਪੜਨ ਦਾ ਸੀ। ਵਾਹਿਗੁਰੂ ਨੂੰ ਨਿਰਭਉ ਦੱਸਕੇ ਉਸ ਦੀ ਲਗਨ ਪਿਆਰ ਵਿਚ ਪਾਕੇ ਨਿਰਭਉ ਪਦ ਤੇ ਅੱਪੜਨ ਦਾ ਆਦਰਸ਼ ਅੱਖਾਂ ਅੱਗੇ ਰਖਿਆ ਜਾਂਦਾ ਸੀ[1], ਨਾਮ ਜਪਦਿਆਂ ਮਨ ਟਿਕਦਾ ਹੈ, ਟਿਕੇ ਮਨ ਵਿਚ ਤਾਕਤ ਆਉਂਦੀ ਹੈ! ਨਾਲ ਸਿਖਾਇਆ ਜਾਂਦਾ ਸੀ ਕਿ ਪੰਜਾਂ ਨੂੰ ਵੱਸ ਕਰਨਾ ਹੈ, ਮੰਦ ਕਰਨ ਲਈ ਸਰੀਰ ਦੀ ਭੀ ਤਾਕਤ ਨਹੀਂ ਵਰਤਣੀ ਪਰ ਮਨ ਦੀ ਤਾਕਤ ਵਰਤਣੀ ਤਾਂ ਬਹੁਤ ਮਾੜੀ ਹੈ[2]। ਤਾਕਤ ਸਦਾ ਭਲੇ ਲਈ ਵਰਤੀ ਦੀ ਹੈ, ਭਲੇ ਲਈ ਵਰਤਣ ਤੇ ਮਾੜੇ ਲਈ ਨਾ ਵਰਤਣ ਲਈ ਪੰਜਾਂ ਮਹਾਂ ਬਲੀਆਂ ਤੇ ਵਸੀਕਾਰ ਚਾਹੀਦਾ ਹੈ। ਏਹ ਵਸੀਕਾਰ ਸਾਈਂ ਦੇ ਭੌ ਤੇ ਭਾਵ ਨਾਲ ਮਿਲਦਾ ਹੈ, ਇਸ ਵਸੀਕਾਰ ਦੇ ਨਾਲ ਜਗਤ ਵਲ ਖਿਮਾਂ ਦੀ ਨਜ਼ਰ ਚਾਹੀਏ! ਹਰ ਕੋਈ ਦੁਖੀ ਹੈ, ਕਿਸੇ ਨਾ ਕਿਸੇ ਪ੍ਰਕਾਰ ਦਾ ਦੁਖ ਘਰ ਘਰ ਹੈ। ਜੀਵਾਂ ਪਰ ਦਇਆ ਕਰਨੀ ਚਾਹੀਏ, ਕ੍ਰੋਧ ਨਹੀਂ ਕਰਨਾ, ਸਾਰੇ ਭੁੱਲਣਹਾਰ ਹਨ, ਸਾਰੇ ਮਿਹਰ ਦੇ ਵਰਤਾਉ ਦੇ ਲੋੜਵੰਦ ਹਨ। ਗੁਰ ਸਿਖ ਗੁਰਮੁਖ ਕਦੇ ਸਰਾਪ ਨਾ ਦੇਵੇ, ਖਿਮਾਂ ਦੇ ਘਰ ਵਿਚ ਵਸੇ, ਆਪਣੀ ਮਾਨਸਕ ਸੱਤਿਆ ਨੂੰ ਨਾਮ ਜਪਣ ਵਿਚ ਲਾਵੇ, ਆਪ ਜਪੇ ਹੋਰਨਾਂ ਨੂੰ ਜਪਾਵੇ, ਇਹ ਮਾਰਗ ਲੋਕਾਂ ਨੂੰ ਪਿਆਰਾ ਲੱਗ ਰਿਹਾ ਸੀ! ਇਕ ਤਰ੍ਹਾਂ ਦੀ ਮਨ ਦੀ ਨਿਤਾਣੀ ਦਸ਼ਾ ਗ਼ੁਲਾਮੀ ਤੋਂ ਛੁਟਕਾਰਾ ਮਿਲਕੇ ਆਪ ਉੱਚੇ ਸੁੱਚੇ ਤੇ ਸਾਈਂ ਦੇ ਨਾਮ ਪ੍ਰੇਮੀ ਬਣਨ ਦਾ ਸ਼ਬਦ ਸੋਹਿਲਾ ਕੰਨੀਂ ਪੈ ਰਿਹਾ ਸੀ, ਸੋ ਸੰਗਤਾਂ ਹੁਮ ਹੁਮਾਕੇ ਗੁਰੂ ਬਾਬੇ ਦੀ ਸ਼ਰਨ ਆਈਆਂ।

੪.

ਸਿੱਧਾਂ ਨੇ ਹੁਣ ਗੁਰੂ ਜੀ ਨਾਲ ਟਾਕਰੇ ਦੀ ਗਲ ਬਾਤ ਸੋਚੀ। ਇਨ੍ਹਾਂ ਨੇ ਮਨ ਨੂੰ ਇਕਾਗਰ ਕਰਕੇ ਨਾਟਕਾਂ ਚੇਟਕਾਂ ਤਾਂ ਸਿੱਖੀਆਂ ਸਨ, ਪਰ ਮਨ ਨੂੰ ਮੈਲਾਂ ਤੋਂ ਧੋਕੇ ਕ੍ਰੋਧ ਆਦਿ ਮਹਾਂ ਬਲੀਆਂ ਤੋਂ ਸੁੱਧ ਨਹੀਂ ਕੀਤਾ ਹੋਇਆ ਸੀ[1]। ਸਾਰੇ ਇਕੋ ਜਿਹੇ ਨਹੀਂ ਹੁੰਦੇ, ਇਨ੍ਹਾਂ ਵਿਚ ਬੀ ਮੰਗਲ ਨਾਥ ਆਦਿ ਵਿਰਲੇ ਵਿਰਲੇ ਭਲੇ ਪੁਰਖ ਸਨ ਜੋ ਸਤਿਗੁਰੂ ਜੀ ਦੀ ਵਡਿਆਈ ਨੂੰ ਸਮਝਦੇ ਸਨ! ਓਹ ਸਿੱਧਾਂ ਨੂੰ ਹੋੜਨ ਲਗੇ ਕਿ ਉਹ ਅਵਤਾਰ ਗੁਰੂ ਹੈ, ਈਰਖਾ ਨਾ ਕਰੋ, ਇਹ ਕੋਈ ਗ੍ਰਿਹਸਤੀ ਸ਼ਹਿਰੀਆ ਨਹੀਂ ਕਿ ਭੈ ਖਾਕੇ ਨਿਉਂ ਜਾਏਗਾ, ਪਰ ਉਹਨਾਂ ਦੀ ਸਿੱਖਿਆ ਕਿਸੇ ਨਾ ਗੌਲੀ। ਆਪਣੀ ਇਕਾਗ੍ਰਤਾ ਨਾਲ ਪ੍ਰਾਪਤ ਹੋਏ ਬਲ ਨੂੰ ਮਨੋਂ ਵਾਸ਼ਨਾ ਦੀ ਪ੍ਰਾਪਤੀ ਵਾਸਤੇ ਵਰਤਣ ਦਾ ਉਹਨਾਂ ਦਾ ਸੁਭਾਉ ਹੋ ਰਿਹਾ ਸੀ; ਹਾਲਾਂ ਕਿ ਮਨ ਟਿਕਾਈਦਾ ਇਸ ਲਈ ਹੈ ਕਿ ਮਨੋਂ ਵਾਸ਼ਨਾਂ ਖੈ ਹੋਣ, ਮੰਦੇ ਸੰਕਲਪ ਦੂਰ ਹੋਣ ਤੇ ਮਨ ਨਿਰਮਲ ਤੇ ਇਕੱਠਾ ਹੋਵੇ ਤੇ ਇਹ ਨਿਰਮਲਤਾਈ ਤੇ ਸੱਤਜਾ ਮਨ ਨੂੰ ਉਚਿਆਂ ਲੈ ਜਾਵੇ, ਐਤਨਾ ਕਿ ਸਰਬ ਵਿਆਪੀ ਅਕਾਲ ਪੁਰਖ ਨਾਲ ਸੰਗਮ ਹੋ ਜਾਵੇ। ਸੋ ਪਹਿਲੀ ਗਲ ਸਿੱਧਾਂ ਨੇ ਇਹ ਕੀਤੀ ਕਿ ਕਿਸੇ ਤਰ੍ਹਾਂ ਹੋਰਨਾਂ ਨੂੰ ਗੁਰੂ ਕੇ ਗਲੇ ਪਾਕੇ ਹਾਸੋ ਹੀਣਾ ਕਰਕੇ ਮਾਨ ਘਟਾ ਦੇਈਏ! ਇਕ ਥਾਂ ਭਗਤੀਏ[2] ਭਗਤ ਪਾ ਰਹੇ ਸਨ, ਲੋਕੀਂ ਦੇਖ ਰਹੇ ਸਨ, ਵਿਚਕਾਰ ਇਕ ਵੱਡਾ ਲੋਟਾ ਪਿਆ ਸੀ, ਜੋ ਕੋਈ ਖੁਸ਼ ਹੋਕੇ ਮਾਇਆ ਦੇਂਦਾ, ਇਸ ਲੋਟੇ ਵਿਚ ਪਾਈ ਜਾਂਦੇ। ਸਿੱਧਾਂ ਨੇ ਇਥੇ ਆਕੇ ਆਪਣੇ ਕਿਸੇ ਬਲ ਨਾਲ ਲੋਟਾ ਛਿਪਾ ਦਿਤਾ। ਭਗਤੀਆਂ ਦੀ ਹੋਸ਼ ਅਪਣੇ ਗਾਉਣ ਵਜਾਉਣ ਤੋਂ ਨਿਕਲਕੇ ਲੋਟੇ ਦੇ ਦੁਖ ਵਿਚ ਪੈ ਗਈ, ਉਹਨਾਂ ਦਾ ਰਸ ਫਿੱਕਾ ਪੈ ਗਿਆ! ਲੋਕੀਂ ਬੀ ਉਦਾਸ ਹੋ ਗਏ, ਤਦ ਸਿੱਧਾਂ ਨੇ ਕਿਹਾ ਕਿ ਜੇ ਗੁਰੂ ਨਾਨਕ ਵਿਚ ਕੋਈ ਸੱਤਿਆ ਹੈ ਤਾਂ ਲੋਟਾ ਲੱਭ ਦੇਵੇ। ਭਾਈ ਗੁਰਦਾਸ, ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਥੋੜਾ ਹੀ ਚਿਰ

---

[1] ਪਰੰਤੂ ਨਿਡਰ ਤੇ ਬੇਬਾਕ ਹੋਣੋ ਬੀ ਗੁਰੂ ਜੀ ਵਰਜਦੇ ਸੇ, ਜੈਸਾ ਕਿ ਤੀਜੇ ਗੁਰੂ ਜੀ ਨੇ ਦੱਸਿਆ ਹੈ-"ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈਂ ਉਠਿ ਜਾਇ ॥੨॥" (ਵਾਰ ਮਾਝ ਮ: ੩)

[2] ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ (ਵਾ: ਆ: ਮ: ੧)

[1] ਕਰਹਿ ਬਿਭੂਤਿ ਲਗਾਵਹਿ ਭਸਮੈ॥ ਅੰਤਰਿ ਕ੍ਰੋਧੁ ਚੰਡਾਲ ਸੁ ਹਉਮੈ॥ ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧॥ (ਮਾਰੂ ਸੋਲਹੇ ਮਹਲਾ ੧)

[2] ਰਾਸ ਧਾਰੀਏ।

ਮਗਰੋਂ ਹੋਏ ਹਨ ਲਿਖਦੇ ਹਨ ਕਿ 'ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ; ਵੇਖ ਚਲਿਤ ਜੋਗੀ ਖੁਣਸਾਈ'। ਅਰਥਾਤ ਸ੍ਰੀ ਗੁਰੂ ਜੀ ਨੇ ਜੋਗੀਆਂ ਦਾ ਲੁਕਾਇਆ ਲੋਟਾ ਪੈਦਾ ਕਰ ਦਿਤਾ। ਜੋਗੀਆਂ ਦੀ ਜਦ ਇਹ ਕਰਾਮਾਤ ਫਿੱਕੀ ਪੈ ਗਈ ਤਾਂ ਉਹਨਾਂ ਨੂੰ ਹੋਰ ਗੁੱਸਾ ਚੜ੍ਹ ਗਿਆ। ਫਿਰ ਭਾਈ ਸਾਹਿਬ ਜੀ ਲਿਖਦੇ ਹਨ: 'ਖਾਧੀ ਖੁਣਸ ਜੁਗੀਸਰਾਂ ਗੋਸਟਿ ਕਰਨ ਸਭੇ ਉਠਿਆਈ'। ਜਿਥੇ ਗੁਰੂ ਜੀ ਬੈਠੇ ਸੇ ਸਿੱਧ ਜੋਗੀ ਖੁਣਸ ਖਾ ਕੇ ਚਰਚਾ ਕਰਨ ਉਥੇ ਆ ਗਏ। ਹੁਣ ਉਨ੍ਹਾਂ ਨੇ ਗੁਰੂ ਜੀ ਨੂੰ ਤਾਅਨੇ ਮਿਹਣਿਆਂ ਨਾਲ ਲੋਕਾਂ ਵਿਚ ਲਜਜਾਵਾਨ ਕਰਨ ਦੀ ਜੁਗਤ ਸੋਚੀ। ਪਹਿਲੋਂ ਆਉਂਦੇ ਸਾਰ ਜਦ ਆਸਣ ਲਾਕੇ ਬੈਠ ਗਏ ਤਾਂ ਪ੍ਰਸ਼ਨ ਕੀਤਾ ਕਿ 'ਅਤੀਤ ਅਵਸਥਾ ਧਾਰਨ ਕਰਕੇ ਫਿਰ ਸੰਸਾਰੀ ਰੀਤੀ ਕਿਉਂ ਟੋਰੀ?' ਗੁਰੂ ਬਾਬੇ ਜੀ ਨੇ ਉੱਤਰ ਦਿਤਾ ਕਿ ਤੁਸੀਂ ਗ੍ਰਿਹਸਤੀਆਂ ਦੇ ਘਰ ਜੰਮਕੇ ਪਲਕੇ ਫਿਰ ਗ੍ਰਿਹਸਤ ਦਾ ਤਿਆਗ ਕਰਕੇ ਮੁੜ ਆਟਾ ਮੰਗਣ ਉਹਨਾਂ ਦੇ ਘਰੀਂ ਕਿਉਂ ਜਾਂਦੇ ਹੋ[1]? ਸਿੱਧੀਆਂ ਤੇ ਪੀਰੀਆਂ ਦੇ ਭੈ ਦੇਕੇ ਉਹਨਾਂ ਤੋਂ ਮੰਨਤਾ ਕਿਉਂ ਕਰਵਾਉਂਦੇ ਹੋ? ਭਾਵ ਇਹ ਸੀ ਕਿ ਤੁਸੀਂ ਅਤੀਤ ਹੋਕੇ ਗ੍ਰਿਹਸਤੀਆਂ ਤੋਂ ਅਤੀਤ ਨਹੀਂ ਹੋਏ। ਕਿਉਂਕਿ ਜੇ ਜ਼ਿਮੀਂਦਾਰ ਹਲ ਵਾਹੇ ਨਾ, ਬੀਜੇ ਵੱਢੇ ਗਾਹੇ ਨਾ, ਜੇ ਖਰਾਸ ਵਾਲਾ ਪੀਹੇ ਨਾ, ਤਾਂ ਅਤੀਤ ਪੇਟ ਭਰ ਆਟਾ ਕਿਥੋਂ ਲਵੇ? ਸਭ ਅਤੀਤ ਗ੍ਰਿਹਸਤ ਮਾਰਗ ਦੇ ਭਾਈਚਾਰਕ ਪ੍ਰਬੰਧ ਦੇ ਮੁਥਾਜ ਹਨ। ਫਿਰ ਗ੍ਰਿਹਸਤੀਆਂ ਤੋਂ ਨਫ਼ਰਤ ਕਰਨੀ, ਉਹਨਾਂ ਨੂੰ ਨੀਵੇਂ ਬਨਾਉਣਾ, ਫਿਰ ਉਹਨਾਂ ਨੂੰ ਵਰਾਂ ਸਰਾਪਾਂ ਦੇ ਭੈ ਦੇਕੇ ਮੁੱਛਣਾ ਤੇ ਖਾਣਾ, ਇਹ ਕਿੱਧਰ ਦੀ ਅਤੀਤਤਾਈ ਹੈ?

ਗੁਰੂ ਬਾਬੇ ਨੇ ਤਾਂ ਕਦੇ ਭੇਖ, ਭੇਖ ਧਾਰਨ ਵਾਲਿਆਂ ਵਾਂਙੂੰ ਨਹੀਂ ਸੀ ਧਾਰਿਆ। ਕਦੇ ਕੋਈ ਭੇਖ, ਕਦੇ ਕੋਈ, ਕਦੇ ਹਿੰਦੂਆਂ, ਸੰਨਯਾਸੀਆਂ ਆਦਿਕਾਂ ਦਾ, ਕਦੇ ਮੁਸਲਮਾਨਾਂ ਕਲੰਦਰਾਂ ਫਕੀਰਾਂ ਆਦਿਕਾਂ ਦਾ ਤੇ ਕਦੇ ਦੁਇ ਰਲਵੇਂ ਜਿਸਦੇ ਅਰਥ ਏਹ ਸਨ ਕਿ ਆਪ ਕਿਸੇ ਹੀ ਫਕੀਰੀ ਭੇਖ ਵਿਚ ਨਹੀਂ ਸਨ, ਸੁਤੰਤ੍ਰ

[1]ਦੇਖੋ ਭਾਈ ਗੁਰਦਾਸ ਵਾਰ ੧, ਪਉੜੀ ੪੦।
ਪੁਨਾ: ਘਰਿ ਘਰਿ ਮਾਗਤ ਲਾਜ ਨ ਲਾਗੈ॥
{ਰਾਮਕਲੀ ਮਹਲਾ ੧}

ਅਗੰਮੀ ਮੌਜ ਵਿਚ ਸਨ। ਸਾਰੇ ਭੇਖ ਧਾਰਨੇ, ਰਲਾਉਣੇ, ਨਿਰਵਾਰਨੇ, ਇਹ ਅਭੇਖ ਹੋਣ ਤੁੱਲ ਹੈ। ਆਪ ਸੁਤੰਤ੍ਰ ਸੇ, ਜੋ ਖੇਡ ਚਾਹੀ ਵਰਤਾ ਲਈ। ਜਦ ਜੋਗੀ ਇਸ ਗੱਲੋਂ ਨਿਰੁੱਤਰ ਹੋ ਗਏ ਤਾਂ ਜੋਗੀ ਰੋਹ ਵਿਚ ਭਰ ਗਏ ਤੇ ਲੱਗੇ ਹੁਣ ਤੀਸਰੀ ਚਾਲ ਚੱਲਣ, ਅਰਥਾਤ ਨਾਟਕਾਂ ਚੇਟਕਾਂ ਨਾਲ ਗੁਰੂ ਜੀ ਨੂੰ ਤੇ ਲੋਕਾਂ ਨੂੰ ਡਰਾਉਣ ਲੱਗੇ। ਭਾਈ ਗੁਰਦਾਸ ਜੀ ਲਿਖਦੇ ਹਨ–

> ਇਹ ਸੁਣ ਬਚਨ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ ਉਠਾਈ ॥ ਖਟ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ ॥ ਸਿਧਿ ਬੋਲਨਿ ਸਭਿ ਅਵਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ॥ ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ ॥ ਇਕਿ ਪਰਿ ਕਰਿਕੇ ਉਡਰਨਿ ਪੰਖੀ ਜਿਵੈਂ ਰਹੈ ਲੀਲਾਈ ॥ ਇਕਨਾ ਨਾਗ ਹੋਇ ਪਉਨ ਛੋੜਿਆ ਇਕਨਾ ਵਰਖਾ ਅਗਨਿ ਵਸਾਈ ॥ ਤਾਰੇ ਤੋੜੇ ਭੰਗਿਰ ਨਾਥ, ਇਕ ਚੜਿ ਮਿਰਗਾਨੀ ਜਲੁ ਤਰਿ ਜਾਈ॥ ਸਿਧਾਂ ਅਗਨਿ ਨ ਬੁਝੈ ਬੁਝਾਈ॥੪੧॥ {ਵਾਰ ੧ ਪੌੜੀ ੪੧}

ਸਿੱਧਾਂ ਦੇ ਇਸ ਵੇਲੇ ਦੇ ਕੌਤਕਾਂ ਦੇ ਵਿਸਥਾਰ ਨਾਲ ਹਾਲ ਸ੍ਰੀ ਗੁ: ਨਾ: ਪ੍ਰ: ਤੇ ਹੋਰਨਾਂ ਗ੍ਰੰਥਾਂ ਵਿਚ ਦਿੱਤੇ ਹਨ[1]। ਜਿਸ ਵੇਲੇ ਇਸ ਤਰ੍ਹਾਂ ਦੇ ਭੈ ਭੀਤ ਕਰਨ ਵਾਲੇ ਸੁਅਬਦੇ ਸਿੱਧਾਂ ਕਰਨੇ ਆਰੰਭੇ ਤਾਂ ਗੁਰੂ ਜੀ ਨੇ ਤਾਂ ਕੀਹ ਭੈ ਖਾਣਾ ਸੀ[2] ਪਰ ਲੋਕੀ

[1] ਦੇਖੋ ਉਤਰਾਰਧ ਧਿਆ ੪੦, ਸਫ਼ਾ ੧੦੯੮-੧੦੯੯।
[2] ਇਕ ਕਿਤਾਬ (Night side of Nature) ਜੋ ਕੈਥੋਰਨ ਕੋਰਵੇ ਦੀ ਲਿਖੀ ਹੋਈ ਹੈ, ਦੇ ਸਫੇ ੨੬੯ ਪਰ ਇਸ ਵਾਕਿਆ ਬਾਬਤ ਇਸ ਤਰ੍ਹਾਂ ਲਿਖਿਆ ਹੈ:-

At one period of his (Guru Nanak's) career when he visited Watalah the Jogiswaras who were recluses, that by means of carporeal mortification were supposed to have acquired a command over the powers of nature were so enraged against him that they strove to terrify him by their enchantments assuming the shapes of tigers and ☞

ਡਰ ਨਾਲ ਕੰਬਣ ਲੱਗ ਪਏ। ਉਸ ਵੇਲੇ ਨਿਰਭੈ ਸਤਿਗੁਰੂ ਨੇ ਗਰਜ ਕੇ ਕਹਿ ਦਿਤਾ ਕਿ ਪਿਆਰਿਓ ਰਤਾ ਨਾ ਡਰੋ, ਧੀਰਜ ਧਾਰੋ, ਇਹ ਸਭ ਮਾਇਆ ਜਾਲ ਹੈ। ਫਿਰ ਗੁਰੂ ਜੀ ਨੇ ਕਿਹਾ: 'ਅਜਿੱਤਿਆ! ਉਠ ਸਭ ਲੋਕਾਂ ਦੇ ਗਿਰਦੇ ਕਾਰ ਕੱਢ ਦੇਹ, ਇਕ ਲੀਕ ਵਾਹ ਦੇਹ, ਇਸ ਲੀਕ ਦੇ ਅੰਦਰ ਸਿੱਧਾਂ ਦੇ ਸਿੰਘ ਬਾਘ ਸੱਪ ਟੁੱਟੇ ਤਾਰੇ ਕੁਛ ਨਹੀਂ ਪਏਗਾ। ਉਠ ਬੱਚਾ, ਵਾਹਿਗੁਰੂ ਮੁਖੋਂ ਉਚਾਰੀ ਜਾਹ ਤੇ ਕਾਰ ਕੱਢੀ ਜਾਹ'। ਯਥਾ-'ਉਠਕੇ ਕਰ ਦੇਹ ਕਾਰ ਤੂੰ ਵਾਹਿਗੁਰੂ ਮੁਖ ਟੇਰ। {ਸ੍ਰੀ ਗੁ: ਨਾ: ਪ੍ਰ:}

ਅਜਿੱਤੇ ਵਿਚ ਸਤਿਗੁਰਾਂ ਨੇ ਪਹਿਲਾਂ ਹੀ ਕਣੀ ਪਾ ਦਿਤੀ ਹੋਈ ਸੀ ਤੇ ਇਸ ਵੇਲੇ ਸਤਿਗੁਰ ਨੇ ਆਪਣੀ ਬਖਸ਼ਿਸ਼ ਨਾਲ ਉਸ ਵਿਚ ਸੱਤਜਾ ਹੋਰ ਭਰੀ ਸੀ। ਅਜਿੱਤਾ ਉਠਿਆ, ਵਾਹਿਗੁਰੂ ਕਹਿੰਦਿਆਂ ਕਾਰ ਕੱਢੀ। ਓਹ ਸਾਰੇ ਨਿਰਭੈ ਹੋ ਗਏ, ਪਰ ਤਾਕਤ ਹੁਣ ਜੋ ਭਰੀ ਗਈ ਸੀ ਅਜਿੱਤੇ ਲਈ ਬਾਵਜੂਦ ਕਰਨੀ ਵਾਲਾ ਹੋਣ ਦੇ ਅਜਰ ਸੀ, ਉਛਲ ਰਿਹਾ ਸੀ ਤੇ ਨਾਲ ਹੀ ਅਪਣੇ ਗੁਰੂ ਵੱਲੇ ਜੋ ਸਿੱਧ ਗੁਸਤਾਖੀ ਕਰ ਰਹੇ ਸੀ, ਅਣਖ ਖਾਧੀਓਸੂ ਕਿ ਲੋਕਾਂ ਦੀ ਪ੍ਰਤੀਤ ਸਤਿਗੁਰਾਂ ਤੋਂ ਨਾ ਹਿੱਲਸੀ ਜੇ ਮੈਂ ਕਰਾਮਾਤ ਦਿਖਾਈ ਤਾਂ। ਸੋ ਤਲਾ ਵਿਚ ਜਾ ਵੜਿਆ; ਚਾਦਰ ਪਾਣੀ ਤੇ ਵਿਛਾਕੇ ਉੱਤੇ ਬਹਿ ਗਿਆ ਜਿਵੇਂ ਕੋਈ ਤਖਤੇ ਤੇ ਬਹਿੰਦਾ ਹੈ। ਪਹਿਲੇ ਦਿਨ ਜੋ ਗੜਿਆਂ ਨਾਲ ਮਰੇ ਪੰਛੀ ਤਲਾ ਵਿਚ ਪੁੱਠੇ ਪਏ ਤਰਦੇ ਸੇ, ਅਜਿੱਤੇ ਨੇ ਇਨ੍ਹਾਂ ਨੂੰ ਫੜ ਫੜਕੇ ਉਡਾਉਣਾ ਸ਼ੁਰੂ ਕਰ ਦਿੱਤਾ। ਲੋਕੀਂ ਇਹ ਕਰਾਮਾਤ ਵੇਖਕੇ ਹੈਰਾਨ ਹੋ ਗਏ ਕਿ ਗੁਰੂ ਕੇ ਸਿਖਾਂ ਵਿਚ ਐਨੀ ਸੱਤਜਾ ਹੈ। ਉਧਰ ਲਿਖਿਆ ਹੈ ਕਿ ਗੁਰੂ ਜੀ ਤੱਤਾਂ ਨਾਲ ਇਕਸੂਰ ਹੋ ਰਹੇ ਸਨ। ਸਿੱਧਾਂ ਨੇ ਬਥੇਰਾ ਜ਼ੋਰ ਲਾਇਆ, ਨਾ ਗੁਰੂ ਜੀ ਡਰੇ ਨਾ ਲੁਕਾਈ ਭੈ ਭੀਤ ਹੋਈ। ਸਿੱਧ ਸਾਰਾ ਬਲ ਲਾ ਚੁਕੇ ਸਨ। ਹੁਣ ਹਾਰੇ ਤੇ ਥੱਕੇ, ਬਹੁਤ ਸ਼ਰਮ ਆਈ, ਵਿਚਾਰਿਓ ਨੇ ਕਿ ਸਾਰੇ ਤਰਲੇ ਬਿਰਥੇ ਗਏ ਹਨ। ਦੇਖੋ, ਪਹਿਲਾਂ ਸਿੱਧਾਂ ਨੇ ਲੋਟਾ ਲੁਕਾਕੇ ਲੋਕਾਂ ਨੂੰ ਗੁਰੂ ਜੀ ਦੇ ਗਲੇ ਪਾਕੇ ਆਪਣੀ ਜਿੱਤ ਕਰਨੀ ਚਾਹੀ ਸੀ, ਉਸ ਵਿਚ ਹਾਰੇ। ਫਿਰ ਆਕੇ ਮਿਹਣੇ ਦੇਕੇ ਸ਼ਰਮਿੰਦਾ ਕਰਕੇ ਜਿੱਤ ਜਾਣ ਦੀ ਠਾਣੀ ਸੀ, ਪਰ ਸਤਿਗੁਰੂ ਜੀ ਦੇ ਜਵਾਬ ਅੱਗੇ ਆਪ ਹੀ ਸ਼ਰਮਿੰਦੇ ਹੋ ਗਏ। ਤੀਸਰੀ ਅਮਲੀ ਖੇਲ ਨਾਟਕਾਂ ਚੇਟਕਾਂ ਦੀ ਦਿਖਾਕੇ ਗੁਰੂ ਜੀ ਤੇ ਲੋਕਾਂ ਨੂੰ ਡਰਾਕੇ ਜਿੱਤ ਪਾਉਣੀ ਚਾਹੀ ਸੀ, ਉਸ ਵਿਚ ਬੀ ਹਾਰ ਹੋਈ, ਹੁਣ ਆ ਬੈਠੇ ਦੋ ਗੱਲਾਂ ਲੈਕੇ: ਇਕ ਤਾਂ ਇਹ ਕਿ ਕਰਾਮਾਤ ਮੰਗਾਂਗੇ; ਦੂਸਰੇ ਇਹ ਕਿ ਸ਼ਾਸਤ੍ਰੀ ਬਹਿਸ ਕਰਾਂਗੇ, ਸੋ ਆਖਣ ਲਗੇ:-

> ਸਿਧ ਬੋਲੇ: 'ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥ ਕੁਝ ਦਿਖਾਇ ਅਸਾਂ ਨੂੰ ਭਿ ਤੂੰ ਕਿਉਂ ਢਿੱਲ ਅਜੇਹੀ ਲਾਈ' ? ਬਾਬਾ ਬੋਲੇ: 'ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ ॥ ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥ ਸ਼ਿਵ ਰੂਪੀ ਕਰਤਾ ਪੁਰਖ ਚੱਲੇ ਨਾਹੀਂ ਧਰਤ ਚਲਾਈ॥'

ਇਹ ਕਹਿਕੇ ਗੁਰੂ ਜੀ ਨੇ ਜੋਗੀਆਂ ਵੱਲ ਡਿੱਠਾ, ਉਹਨਾਂ ਦੀ ਸਾਰੀ ਸੱਤਜਾ ਹਿਰ ਗਈ; ਜੋ ਕਲਾ ਰਖਦੇ ਸਨ ਜਾਂਦੀ ਰਹੀ: ਜੈਸਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ:-

> ਸਿਧ ਤੰਤ੍ਰ ਮੰਤ੍ਰ ਕਰ ਝਰ ਪਏ ਸ਼ਬਦ ਗੁਰੂ ਕੇ ਕਲਾ ਛਪਾਈ॥

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ-

> ਜਿਉਂ ਕੋ ਨਿੰਬੂ ਲੇਹਿ ਨਿਚੋਰੀ॥ ਜੈਸੇ ਊਖ ਦੇਇ ਕਰਿ ਖੋਰੀ॥ ਆਤੁਰ ਹਾਰ ਗਏ ਜਿਸ ਕਾਲਾ ॥ ਬੈਠੇ ਹੁਇਕੈ ਦੀਨ ਬਿਸਾਲਾ ॥ ਲੱਜਤ ਭਏ ਨ ਬੋਲਜੋ ਜਾਈ॥ ਬਾਂਧੇ ਜਿਉਂ ਸ਼ਤ੍ਰੂ ਕਿਸ ਰਾਈ॥
>
> {ਸ੍ਰੀ ਗੁ: ਨਾ: ਪ੍ਰ:}

ਗੁਰੂ ਜੀ ਤੋਂ ਕਰਾਮਾਤ ਮੰਗਦੇ ਸੇ, ਆਪਣੀ ਸ਼ਕਤੀ ਵੀ ਗੁਆ ਬੈਠੇ। ਪਰ ਨਾ ਸਮਝ ਆਈ

☞serpents, but they could not succeed, for Nanak appears to have been a real philosopher who taught a pure theism and inculcated universal peace and toleration.

ਕਿ ਸੱਚੇ ਗੁਰੂ ਨੇ, ਜੀਉਂਦੇ ਗੁਰੂ ਨੇ, ਹਾਸ ਰਸੀਏ ਗੁਰੂ ਨੇ, ਇਹ ਕਰਾਮਾਤ ਕੇਡੀ ਸਿਖਾਈ ਹੈ ਕਿ ਉਹਨਾਂ ਦੀ ਸੱਤਯਾ ਹਿਰ ਲਈ। ਇਸ ਵੇਲੇ ਸਤਿਗੁਰ ਜੀ ਦੀ ਨਜ਼ਰ ਤਲਾ ਵਲ ਪਈ ਤੇ ਮੋਏ ਪੰਛੀ ਉਡਦੇ ਡਿੱਠੇ, ਪੁੱਛਣ ਲੱਗੇ:-

> ਕੋ ਹੈ ਇਹ ਮਿਰਤਕ ਜੀਵਾਰੇ? ਨਉਕਾ ਸਮਸਰ ਚੀਰ ਡਸਾਇਓ ॥ ਤਿਹ ਪਰ ਬੈਠ ਨ ਨੀਰ ਛੁਵਾਇਓ ॥ ਕਰਾਮਾਤ ਕਰਿਕੈ ਦਿਖਲਾਵੈ ॥ ਲੋਕਨ ਮਹਿੰ ਨਿਜ ਮਾਨ ਬਧਾਵੈ (ਗੁ:ਨਾ:ਪ੍ਰ:)

ਸਿੱਧ ਬੋਲੇ:-ਬਾਬਾ! ਇਹ ਤੇਰਾ ਹੀ ਚੇਲਾ ਹੈ, ਤੇ ਕਰਾਮਾਤ ਬੀ ਹੁਣ ਤੇਰੇ ਹੀ ਘਰ ਹੈ! ਇਹ ਸੁਣਕੇ ਸ੍ਰੀ ਗੁਰੂ ਜੀ ਦੇ ਨੈਣ ਬਦਲੇ ਤੇ ਇਕ ਸਿੱਖ ਘੱਲਕੇ ਅਜਿੱਤੇ ਨੂੰ ਸਦਵਾ ਲਿਆ ਤੇ ਨੈਣ ਭਰਕੇ ਉਸ ਵਲ ਤੱਕਿਆ। ਇਹ ਤੱਕਣੀ ਐਸੀ ਸੀ ਕਿ ਅਜਿੱਤੇ ਨੂੰ ਆਪਾ ਸੱਖਣਾ ਲੱਗਣ ਲੱਗ ਪਿਆ ਤੇ ਫੋਕਾ ਹੋਕੇ ਬਹਿ ਗਿਆ।

## ੫.

ਸ੍ਰੀ ਗੁ: ਨਾ: ਪ੍ਰ: ਵਿਚ ਏਥੇ ਇਕ ਹੋਰ ਪ੍ਰਸੰਗ ਹੈ ਜੋ ਇਕ ਦੋ ਅਸੂਲਾਂ ਤੇ ਚੰਗੀ ਰੌਸ਼ਨੀ ਪਾਉਂਦਾ ਹੈ। ਉਹ ਇਹ ਹੈ ਕਿ ਇਕ ਮਾਤਾ ਪਿਤਾ ਆਪਣੇ ਬਾਰਾਂ ਬਰਸ ਦੇ ਬੇਟੇ ਨੂੰ ਗੁਰੂ ਅਰਪਨ ਕਰਨ ਵਾਸਤੇ ਲੈ ਆਏ ਤੇ ਬੇਨਤੀ ਕੀਤੀਓਨੇ ਕਿ ਹੇ ਗੁਰੂ ਜੀ! ਸਾਡੇ ਉਲਾਦ ਨਹੀਂ ਸੀ ਠਹਿਰਦੀ, ਅਸਾਂ ਕਈ ਸਿੱਧ ਪੀਰ ਮਨਾਏ, ਪਰ ਪੇਸ਼ ਨਾ ਗਈ, ਅੰਤ ਆਪ ਦੀ ਅਰਾਧਨਾ ਕੀਤੀ ਤਾਂ ਇਹ ਬਾਲਕ ਜੀਵਿਆ ਹੈ! ਸੋ ਇਹ ਸਾਡੀ ਮੰਨਤ ਮੂਜਬ ਆਪ ਦਾ ਹੈ, ਆਪ ਦੇ ਹਜ਼ੂਰ ਇਸ ਨੂੰ ਸੇਵਾ ਵਿਚ ਲਾ ਲਓ। ਕੌਤਕੀ ਸਤਿਗੁਰ ਜੀ ਨੇ ਪਰਖਣ ਹਿਤ ਇਕ ਖੇਲ ਰਚਾਇਆ ਕਿ ਮਾਪੇ ਸੱਚ ਮੁੱਚ ਅਰਪਦੇ ਹਨ ਕਿ ਜਗਤ ਰੀਤਿ ਦੀਆਂ ਗੱਲਾਂ ਹੀ ਕਹਦੇ ਹਨ, ਅਤੇ ਬਾਲਕਾ ਤਾਉ ਕਸਵੱਟੀ ਸਹਿਕੇ ਦਿਖਾਉਂਦਾ ਹੈ? ਜਾਣਦੇ ਤਾਂ ਸਨ ਕਿ ਬਾਲਕ ਪੂਰਨ ਸੰਤ ਹੈ ਤੇ ਆਪ ਦੀ ਹੀ ਮਿਹਰ ਨਾਲ ਮਾਪਿਆਂ ਦੇ ਘਰ ਆਇਆ ਹੈ ਤੇ ਜੀਵਿਆ ਹੈ, ਪਰ ਜਗਤ ਨੂੰ ਸੋਧਣ ਲਈ ਖੇਲ ਰਚਾਉਂਦੇ ਹਨ, ਜਿਸ ਨਾਲ ਦੂਹਾਂ ਦੀ ਪ੍ਰੀਖਿਆ ਜਗਤ ਦੇਖੇ ਤੇ ਸਿੱਧਾਂ ਨੂੰ ਹੋਰ ਆਪਾ ਹੌਲਾਪਨ ਦਿੱਸੇ ਕਿ ਨਾਟਕ ਚੇਟਕ ਕਲਯਾਨ ਮਾਰਗ ਵਿਚ ਕੁਛ ਕੀਮਤ ਨਹੀਂ ਰਖਦੇ। ਆਪ ਨੇ ਹੁਕਮ ਦੇਕੇ ਅੱਗ ਵਰਤਾਈ ਤੇ ਬੱਚੇ ਨੂੰ ਕਿਹਾ ਕਿ ਉਸ ਅੱਗ ਵਿਚ ਵੜ ਜਾਹ। ਨਾ ਤਾਂ ਬੱਚੇ ਨੇ ਵਿਚ ਜਾਂਦਿਆਂ ਝਿਜਕ ਖਾਧੀ, ਨਾ ਮਾਤਾ ਪਿਤਾ ਦੇ ਮੱਥੇ ਵੱਟ ਪਿਆ ਕਿ ਇਹ ਕੀਹ ਕਰਨ ਲੱਗੇ ਹਨ। ਬੱਚੇ ਜਾਤਾ ਜੋ ਗੁਰੂ ਕੀ ਰਜ਼ਾ ਹੈ ਠੀਕ ਹੈ, ਮਾਪਿਆਂ ਜਾਤਾ ਦੇਣਹਾਰ ਲੈਣਹਾਰ ਇਹ ਆਪ ਹੈ, ਇਹ ਅਭੁੱਲ ਹੈ[੧] ਤੇ ਜੋ ਕਰਦਾ ਹੈ ਉਸ ਵਿਚ ਕੋਈ ਭੇਤ ਹੈ, ਜਿਸ ਦੀ ਸਾਨੂੰ ਸੋਝੀ ਨਹੀਂ ਹੈ। ਸਿੱਧ ਘਬਰਾਏ ਕਿ ਹੈਂ ਸਾਨੂੰ ਕੋਈ ਚੇਲਾ ਅਰਪੇ ਤਾਂ ਵਰਾਂ ਨਾਲ ਉਸ ਦੇ ਕੰਨ ਸਰਵੇ ਕਰ ਦੇਈਏ, ਗੁਰੂ ਜੀ ਐਨੀ ਕੀਮਤੀ ਭੇਟਾ ਨੂੰ ਫੂਕ ਦੇਣ ਲਗੇ ਹਨ। ਨਾਲੇ ਅਜਿੱਤਾ ਤੱਕਦਾ ਸੀ ਕਿ ਮੈਨੂੰ ਹੁਕਮ ਮਿਲਿਆ ਸੀ ਕਿ ਕਾਰ ਕੱਢ ਦੇਹ ਤੇ ਮੈਂ ਸੱਤਯਾਵਾਨ ਹੋ ਗਿਆ ਸੀ, ਉਹ ਤਾਂ ਡਾਢਾ ਸੌਖਾ ਕੰਮ ਸੀ, ਪਰ ਮੈਂ ਸਤਯਾ ਜਰ ਨਾ ਸਕਿਆ, ਇਹ ਧੰਨ ਹੈ ਜਿਸ ਨੂੰ ਸੜਨ ਦਾ ਹੁਕਮ ਹੁੰਦਾ ਹੈ ਤੇ ਇਹ ਤਿਆਰ ਹੋ ਟੁਰ ਪਿਆ ਹੈ। ਲੋਕੀਂ ਦੇਖ ਰਹੇ ਸੇ ਕਿ ਗੁਰੂ ਜੀ ਵਿਚ ਕਿਤਨਾ ਤਿਆਗ ਤੇ ਨਿਰਮੋਹਤਾ ਹੈ, ਪਰ ਕੌਤਕ ਡਾਢਾ ਹੈ ਤੇ ਡਰ ਲਗਦਾ ਹੈ! ਹਾਂ, ਗੁਰੂ ਦਰਿਆ ਦਾ ਸਰੂਪ ਹੈ, ਪਿਆਰ ਦਾ ਪੁੰਜ ਹੈ, ਬਾਲਕਾ ਮਰੇਗਾ ਨਹੀਂ, ਕੋਈ ਕੌਤਕ ਨਿਕਲੇਗਾ। ਤਦ ਬੀ ਬਹੁਤਿਆਂ ਦਾ ਨਿਸ਼ਚਾ ਡੋਲ ਖੜੋਤਾ ਕਿ ਇਹ ਤਾਂ ਸ਼ਰਨ ਆਏ ਸਿਖਾਂ ਨੂੰ ਸਾੜਦਾ ਹੈ, ਖਬਰੇ ਗੁਰੂ ਹੈ ਕਿ ਨਹੀਂ, ਸਿੱਧ ਹੀ ਮਤੇ ਚੰਗੇ ਹੋਣ। ਜਾਂ ਗੁਰੂ ਹੁਕਮ ਵਿਚ ਬੱਚਾ ਸਾਰੇ ਲੋਕਾਂ ਨੇ ਅੱਗ ਵਿਚ ਵੜਦਾ ਡਿੱਠਾ ਤੇ ਕਲੇਜਿਆਂ ਤੇ ਹੱਥ ਧਰ ਦੀਦੇ ਪਾੜ ਪਾੜ, ਮੂੰਹ ਖੁੱਲ੍ਹੇ ਸਾਹ ਰੁਕੇ ਤੱਕ ਰਹੇ ਸਨ ਤਾਂ ਬੱਚਾ ਵਿਚ ਨਾ ਸੜਦਾ, ਨਾ ਤ੍ਰਬ੍ਰਕਦਾ ਨਜ਼ਰੀਂ ਪਿਆ; ਐਉਂ ਬਚੇ ਨੂੰ ਅਡੋਲ ਵੇਖਕੇ ਸਾਰੇ ਦੰਗ ਰਹਿ ਗਏ, ਤਦ ਸ੍ਰੀ ਗੁਰੂ ਜੀ ਬਚਨ ਬੋਲੇ:-

'ਜਨਮ ਮਰਨ ਤੇ ਰਹਿਤ ਭਾ ਟੂਟ ਗਏ

---

[੧] ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (ਸ੍ਰੀ ਰਾਗ ਮ:੧)

ਜਮ ਜਾਲ ॥ ਨਿਕਸਹੁ ਆਵਹੁ ਵਹਿਰ ਕੇ ਅਬ ਤੇ ਸਦਾ ਨਿਹਾਲ। {ਸ੍ਰੀ ਗੁ: ਨਾ: ਪ੍ਰ:}

ਗੁਰੂ ਜੀ ਦਾ ਵਰ ਸੁਣਕੇ ਬੱਚਾ ਜਿਵੇਂ ਅਡੋਲ ਗਿਆ ਸੀ ਤਿਵੇਂ ਬਾਹਰ ਆ ਗਿਆ ਅਤੇ 'ਬੱਚੇ ਦੇ ਕਪਾਟ ਖੁੱਲ੍ਹ ਗਏ ਤੇ ਦਿਬ ਦ੍ਰਿਸ਼ਟੀ ਹੋ ਗਈ। ਤਦ ਗੁਰੂ ਜੀ ਨੇ ਕਿਹਾ: ਮੰਗ ਜੋ ਤੂੰ ਚਾਹੇਂ ਸੋ ਦਿਆਂ! ਬੱਚੇ ਨੇ ਕਿਹਾ, ਹੇ ਦਾਤਾ ਜੀ ! ਜੋ ਆਪ ਨੇ ਦਿਤਾ ਹੈ ਉਸ ਤੋਂ ਉਪਰ ਹੋਰ ਕੋਈ ਮੰਗ ਮੇਰੇ ਅਪਣੇ ਲਈ ਹੈ ਨਹੀਂ। ਹਾਂ, ਬਾਬਾ ਅਜਿੱਤਾ ਤੇ ਸਿੱਧ ਆਪਣੀਆਂ ਸ਼ਕਤੀਆਂ ਗੁਆਕੇ ਦੁਖੀ ਬੈਠੇ ਹਨ ਮਿਹਰ ਕਰੋ ਤੇ ਫੇਰ ਇਹਨਾਂ ਵਿਚ ਸੱਤਜਾ ਭਰ ਦਿਓ ਤੇ ਇਨ੍ਹਾਂ ਦੇ ਛੌੜ ਕੱਟ ਦਿਓ:-

ਸ੍ਰੀ ਗੁਰ ਕਹਜੋ: ਸ਼ਕਤਿ ਦਿਖਰਾਵਤਿ। ਦੰਭ ਕਰੇ ਨਿਜ ਮਾਨ ਬਧਾਵਤਿ। ਦੇਨੀ ਉਚਿਤ ਅਹੈ ਨਹਿ ਇਨਕੋ। ਮਾਨ ਬਿਖੈ ਮਨ ਬੂਡਜੋ ਜਿਨਕੋ। ਤੇਰੋ ਕਹਜੋ ਨ ਮੋਰੈਂ ਕੈਸੇ। ਹੁਤੇ ਅਗਾਹੀ ਹ੍ਵੈਂ ਅਬ ਤੈਸੇ।

{ਸ੍ਰੀ ਗੁ:ਨਾ:ਪ੍ਰ:}

ਇਹ ਕੌਤਕ ਵਰਤਾਕੇ ਸਤਿਗੁਰੂ ਜੀ ਨੇ ਦਿਖਾ ਦਿਤਾ ਕਿ' ਹੁਕਮ ਮੰਨਣਾ' ਸਭ ਤੋਂ ਵੱਡੀ ਸ਼ੈ ਹੈ, ਜਿਸ ਨੇ ਹੁਕਮ ਮੰਨਿਆ ਉਹ ਪ੍ਰਵਾਨ ਹੋਇਆ, ਉਸ ਨੇ ਵਾਹਿਗੁਰੂ ਨੂੰ ਪਾਇਆ ਹੈ। ਜੀਵ ਨੂੰ ਹੁਕਮ ਵਿਚ ਬੜੇ ਬੜੇ ਦੁਖ ਪੈਂਦੇ ਹਨ, ਉਹ ਸਭ ਹੁਕਮ ਸਮਝਕੇ ਰਜ਼ਾ ਪਰ ਟੁਰਨਾ ਲੋੜੀਏ[1]। ਜਿਨ੍ਹਾਂ ਨੇ ਵਾਹਿਗੁਰੂ ਪਾਇਆ ਹੈ ਉਹ ਕਰਾਮਾਤਾਂ ਦੇ ਮਗਰ ਨਹੀਂ ਲਗਦੇ, ਆਪ ਰੰਗ ਵਿਚ ਰਹਿੰਦੇ ਹਨ ਤੇ ਦੂਸਰੇ ਦਾ ਭਲਾ ਕਰਦੇ ਹਨ, ਜੈਸਾ ਕਿ ਬੱਚੇ ਨੇ ਕੀਤਾ। ਫਿਰ ਕਰਾਮਾਤ ਦਾ ਭੇਤ ਇਹ ਖੁਹਲਿਆ ਕਿ ਇਹ ਦੰਭ ਤੇ ਆਪਣਾ ਮਾਨ ਵਧਾਉਣ ਲਈ ਵਰਤੀ ਜਾਣੀ ਮਾੜੀ ਸ਼ੈ ਹੈ, ਤੇ ਇਹ ਗੱਲ ਜਿਹੜੀ ਗੁਰੁ ਜੀ ਨੇ ਸਿੱਧਾਂ ਵਿਚ ਨਾ-ਪਸੰਦ ਕੀਤੀ ਤੇਹੀ ਆਪਣੇ ਪਿਆਰੇ ਸਿਖ ਅਜਿੱਤੇ ਵਿਚ ਨਾ-ਪਸੰਦ ਕੀਤੀ, ਦੁਹਾਂ ਨਾਲ ਇਕੋ ਜਿਹਾ ਵਰਤਾਉ ਕੀਤਾ। ਹੁਣ ਪ੍ਰਸ਼ਨ ਉਠਦਾ ਹੈ ਕਿ ਜਦੋਂ ਅਜਿੱਤੇ ਨੂੰ ਹੁਕਮ ਹੋਇਆ ਸੀ ਕਿ ਕਾਰ ਕੱਢ ਦੇਹ, ਜੋ ਕਾਰ ਦੇ ਅੰਦਰ ਰਹੇਗਾ, ਉਸ ਨੂੰ ਕੋਈ ਭੈ ਨਹੀਂ ਰਹੇਗਾ, ਇਹ ਬੀ ਤਾਂ ਕਰਾਮਾਤ ਸੀ ਤੇ ਅਜਿੱਤੇ ਤੋਂ ਆਪ ਕਰਵਾਈ ਸੀ। ਮਰਮ ਇਹ ਕਿ ਇਹ ਕੰਮ ਨਾ ਅਪਣੇ ਮਾਨ ਵਧਾਉਣ ਦਾ ਸੀ ਨਾ ਦੰਭ ਲਈ ਸੀ, ਨਾ ਸ੍ਵਾਰਥ ਸੀ, ਇਹ ਸ੍ਰਿਸ਼ਟੀ ਨੂੰ ਸਿੱਧਾਂ ਦੇ ਮਾਨਸਿਕ ਜ਼ੁਲਮ ਤੋਂ ਰੱਖਜਾ ਕਰਨੇ ਨਮਿੱਤ ਸੀ ਤੇ ਅਜਿੱਤੇ ਨੂੰ ਇਤਨਾ ਹੀ ਹੁਕਮ ਸੀ। ਉਸ ਦਾ ਪਾਣੀ ਉਤੇ ਤੁਰ ਪੈਣਾ ਤੇ ਪੰਛੀ ਜੀਵਾਉਣੇ ਇਹ ਸਤਿਗੁਰੂ ਦੀ ਨੇ ਅਜਿੱਤੇ ਦੇ ਆਦਰ ਮਾਨ ਦੀ ਲਾਲਸਾ ਨਮਿੱਤ ਹੋਇਆ ਦੇਖਿਆ ਸੀ, ਇਸ ਕਰਕੇ ਉਸ ਦੀ ਸੋਧਨਾ ਕੀਤੀ। ਗੁਰੂ ਘਰ ਵਿਚ ਕਰਾਮਾਤ ਲਗਦੇ ਚਾਰੇ ਨਹੀਂ ਦੱਸਦੇ ਰਹੇ। ਇਹ ਨਹੀਂ ਕਿ ਸ਼ਕਤੀ ਨਹੀਂ ਸਨ ਰੱਖਦੇ; ਸ਼ਕਤੀ ਮਹਾਨ ਪ੍ਰਬਲ ਸੀ ਤੇ ਉਹ ਗੁਰੂ ਅਵਤਾਰ ਹੋਣ ਕਰਕੇ ਸੁਤੇ ਪ੍ਰਾਪਤ ਸੀ ਪਰ ਉਹ ਮਾਨ ਲਈ, ਸ੍ਵਾਰਥ ਲਈ, ਦਿਖਾਵੇ ਲਈ ਨਹੀਂ ਕਦੇ ਵਰਤੀ, ਵਾਹਿਗੁਰੂ ਦੇ ਹੁਕਮ ਵਿਚ ਤੇ ਉਪਕਾਰ ਹਿਤ ਕਈ ਵੇਰ ਸਤਿਗੁਰ ਤੋਂ ਵਰਤੋਂ ਵਿਚ ਆਈ ਦੇ ਪ੍ਰਸੰਗ ਹਨ।

ਜਦ ਸਿੱਧਾਂ ਨੇ ਪ੍ਰਤੀਤ ਕੀਤਾ ਕਿ ਗੁਰੂ ਕੇ ਬਚਨ ਮਾਤ੍ਰ ਨਾਲ ਸਾਡੀ ਸੱਤਿਆ ਵਾਪਸ ਆ ਗਈ ਹੈ ਤੇ ਪ੍ਰਤੱਖ ਡਿੱਠਾ ਕਿ ਗੁਰੂ ਜੀ ਨੇ ਇਕ ਅਨੋਖਾ ਕੌਤਕ ਵਰਤਾਕੇ ਸਾਨੂੰ ਸਿਖ ਮਤ ਦਿੱਤੀ ਹੈ ਕਿ ਕਰਾਮਾਤ ਕੋਈ ਹਕੀਕਤ ਨਹੀਂ ਰਖਦੀ ਅਸਲੀਅਤ ਦੇ ਅੱਗੇ; ਜੋ ਹੈ 'ਰਜ਼ਾਈ ਦੀ ਰਜ਼ਾ ਨਾਲ ਇਕ ਸੁਰ ਹੋ ਜਾਣਾ[1]'; ਤਾਂ ਉਹਨਾਂ ਦੀ ਉਹ ਮਨ ਦੀ ਮੈਲ ਘਟੀ ਤੇ ਸੋਚ ਪਈ ਕਿ ਇਹ ਸਿੱਧੀਆਂ ਨੂੰ ਯਤਨ ਨਾਲ ਪ੍ਰਾਪਤ ਹੋਇਆ ਸਿੱਧ ਪੁਰਖ ਨਹੀਂ ਹੈ; ਇਹ ਧੁਰੋਂ ਕਿਸੇ ਅਗੰਮੀ ਸੋਮੇਂ ਦਾ ਮਾਲਕ ਹੈ ਤੇ ਕਿਸੇ ਉੱਚੀ ਦ੍ਰਿਸ਼ਟੀ ਵਿਚ ਖੇਡਦਾ ਹੈ; ਇਸ ਨਾਲ ਹੁਣ ਕਰਾਮਾਤਾਂ ਤੇ ਸ਼ਕਤੀਆਂ ਛੱਡਕੇ ਕੁਛ ਵੀਚਾਰ ਕਰੋ ਤੇ ਲਾਭ ਲਓ। ਪਰ ਸੁਭਾਵ ਆਦਮੀ ਨੂੰ ਬੜਾ ਤੰਗ ਕਰਦਾ

---

[1] ਜਿਵੇਂ ਪੰਜਵੇਂ ਜਾਮੇ ਵਿਚ ਸਤਿਗੁਰਾਂ ਕਿਹਾ ਹੈ:-

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈਂ ਲੈ ਮਾਨਿਓ॥ {ਮਾਰੂ ਮਹਲਾ ੫}

[1] ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

{ਜਪੁਜੀ}

ਹੈ। ਸ਼ਕਤੀਆਂ ਵੰਨੇ ਇਨ੍ਹਾਂ ਦੇ ਰੁਖ਼ ਵਿਸ਼ੇਸ਼ ਨੇ ਫਿਰ ਇਹੋ ਕਰਾਇਆ ਕਿ ਬੀਚਾਰ ਬੀ ਕਰਨ ਤਾਂ ਐਸੀ ਕਿ ਗੁਰੂ ਜੀ ਦੀ ਆਤਮ ਵਿਦਯਾ ਦਾ ਬੀ ਇਮਤਿਹਾਨ ਹੋ ਜਾਏ, ਭਲਾ ਜੇ ਸਾਡਾ ਨਹੁੰ ਉਥੇ ਹੀ ਅੜੇ। ਸੋ ਪੁੱਛਣ ਲੱਗੇ ਕਿ ਹੇ ਗੁਰੂ ਜੀ ਇਤਨੀ ਗੱਲ ਤਾਂ ਦੱਸੋ ਕਿ ਤੁਸਾਂ ਵਿਚ ਕਿਤਨੀ ਕੁ ਸ਼ਕਤੀ ਹੈ?

ਅਪਰ ਨ ਤੁਮਰੇ ਸਮਸਰ ਦੇਖਾ॥
ਸਭ ਤੇ ਤੁਮ ਹੋ ਪੁਰਖ ਵਿਸ਼ੇਖਾ॥

ਤਦ ਗੁਰੂ ਜੀ ਬੋਲੇ-

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥ ੧ ॥
{ਵਾਰ ਮਾਝ ਮਹਲਾ ੧}

ਇਸ ਸਲੋਕ ਵਿਚ ਸਤਿਗੁਰੂ ਜੀ ਨੇ ਜਣਾਇਆ ਕਿ ਐਤਨੀਆਂ ਅਸੰਭਵ ਗਲਾਂ ਨੂੰ ਕਰ ਲੈਣ ਦੀ ਕਰਾਮਾਤ ਜੇ ਪ੍ਰਾਪਤ ਹੋ ਜਾਵੇ ਤਾਂ ਬੀ ਵਡੀ ਗਲ ਨਹੀਂ ਹੈ, ਕਿਉਂਕਿ ਉਹ ਮਾਇਆ ਜਾਲ ਨਾਲ ਫਸਾਈ ਰਖਦੀ ਹੈ! ਅਸਲ ਕਰਾਮਾਤ ਇਹ ਹੈ ਕਿ ਵਾਹਿਗੁਰੂ ਮਿਹਰ ਕਰੇ ਤੇ ਸੱਚੇ ਨਾਮ ਦੀ ਦਾਤ ਬਖਸ਼ੇ, ਐਸੇ ਸੁਭਾਗ ਪੁਰਖ ਨੂੰ ਅਸੀਂ ਕਰਾਮਾਤੀ ਸਮਝਦੇ ਹਾਂ[੧]।

ਇਸ ਵੇਲੇ ਲਿਖਿਆ ਹੈ ਕਿ ਗੁਰੂ ਜੀ ਨੇ-

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ੧ ॥ {ਆਸਾ ਦੀ ਵਾਰ ਮ: ੧}

ਇਹ ਸਲੋਕ ਉਚਾਰ ਕੇ ਸਿੱਧਾਂ ਨੂੰ ਉਹ ਦਸ਼ਾ ਦਿਖਲਾਈ ਜੋ ਰਾਜ ਕਰਮਚਾਰੀਆਂ ਤੇ ਧਰਮ ਦੇ ਆਗੂਆਂ ਦੇ ਮਾੜੇ ਪਾਸੇ ਪੈ ਜਾਣ ਕਰਕੇ ਪਰਜਾ ਦੀ ਹੋ ਰਹੀ ਸੀ। ਹੁਣ ਸਿੱਧ ਹਰ ਪਾਸਿਓਂ ਰੁਕ ਕੇ ਆਪਣੇ ਛੇਕੜਲੇ ਹਥਿਆਰ, ਗੋਸ਼ਟ ਕਰਨ ਪਰ ਉਤਰ ਆਏ ਤੇ ਪ੍ਰਸ਼ਨ ਉਤਰ ਸ਼ੁਰੂ ਹੋ ਗਏ ! ਸੋ ਸਤਿਗੁਰ ਨੇ ਆਪਣੀ ਸਿੱਧ ਗੋਸ਼ਟ ਦੇ ਅੰਤ ਵਿਚ ਦੱਸਿਆ ਹੈ ਕਿ ਸਿੱਧਾਂ ਨੂੰ ਗੁਰੂ ਉਪਦੇਸ਼ ਤੇ ਸਿਦਕ ਆ ਗਿਆ ਤੇ ਉਹਨਾਂ ਨੇ ਨਾਮ ਦੀ ਮਹਿਮਾਂ ਨੂੰ ਸ੍ਵੀਕਾਰ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ:-

ਬਾਬੇ ਕੀਤੀ ਸਿਧ ਗੋਸਟਿ ਸ਼ਬਦ ਸਾਂਤਿ ਸਿਧੀ ਵਿਚਿ ਆਈ ॥ ਜਿਣਿ ਮੇਲਾ ਸਿਵਰਾਤ ਦਾ ਖਟ ਦਰਸ਼ਨ ਆਦੇਸਿ ਕਰਾਈ ॥ ਸਿਧ ਬੋਲਨਿ ਸੁਭ ਬਚਨ ਧਨੁ ਨਾਨਕ ਤੇਰੀ ਵਡੀ ਕਮਾਈ ॥ ਵਡਾ ਪੁਰਖੁ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ ॥ {ਵਾਰ ਭਾ: ਗੁ:}

ਮੇਲਾ ਸਮਾਪਤ ਹੋ ਗਿਆ, ਉਹ ਬੱਚਾ ਸਤਿਗੁਰਾਂ ਨੇ ਮਾਪਿਆਂ ਦੇ ਹਵਾਲੇ ਕੀਤਾ ਕਿ ਘਰ ਵਿਚ ਤੁਸਾਂ ਪਾਸ ਰਹੇਗਾ, ਭਜਨ ਕਰੇਗਾ ਤੇ ਸਤਿਨਾਮ ਦਾ ਪ੍ਰਚਾਰ ਕਰੇਗਾ। ਇਸ ਹੋਣਹਾਰ ਸਿਖ ਬੱਚੇ ਦਾ ਨਾਮ 'ਸੰਗਤੀਆ' ਲਿਖਿਆ ਹੈ।

[੧] ਭਾਈ ਗੁਰਦਾਸ ਜੀ ਲਿਖਦੇ ਹਨ 'ਸਤਿਨਾਮੁ ਬਿਨ ਬਾਦਰ ਛਾਈ॥' ਜੋ ਕੁਛ ਹੈ ਸਚੇ ਵਾਹਿਗੁਰੂ ਤੇ ਉਸ ਦੇ ਨਾਮ ਤੋਂ ਬਿਨਾਂ ਸੋ ਸਾਰਾ ਬੱਦਲ ਦੀ ਛਾਇਆ ਵਾਂਗ ਬਿਨਸ ਜਾਣ ਵਾਲਾ ਤੇ ਖਿਨ ਭੰਗਰ ਰਹਿਣ ਵਾਲਾ ਹੈ, ਉਸ ਦੀ ਪ੍ਰਾਪਤੀ ਕੁਛ ਪ੍ਰਾਪਤੀ ਨਹੀਂ,' ਸਦਾ ਥਿਰ ਵਸਤੂ ਦੀ ਪ੍ਰਾਪਤੀ ਹੀ ਸੱਚੀ ਕਰਾਮਾਤ ਹੈ।

# ੮੨. ਸਿਧ ਗੋਸ਼ਟ [1]

ਅੱਚਲ ਵਿਚ ਹੋਈ ਸਿਧਾਂ ਨਾਲ ਗੋਸ਼ਟ ਸਤਿਗੁਰੂ ਜੀ ਨੇ ਆਪ ਲਿਖੀ ਹੈ, ਪ੍ਰਸ਼ਨ ਤੇ ਉੱਤਰ ਦੁਇ ਲਿਖੇ ਹਨ। ਇਸ ਬਾਣੀ ਸੰਬੰਧੀ ਖੋਜ ਇਸ ਪ੍ਰਕਾਰ ਹੈ:-

{ਸਿਧ ਗੋਸ਼ਟ ਹੋਣ ਦਾ ਅਸਥਾਨ}

ਇਹ ਗੋਸ਼ਟ ਕਿਥੇ ਹੋਈ ? ਗਿਆਨੀਆਂ ਵਿਚ ਅਕਸਰ ਇਖ਼ਤਲਾਫ਼ ਹੈ, ਕੋਈ ਤਾਂ ਸੁਮੇਰ ਪੁਰ ਆਖਦੇ ਹਨ ਤੇ ਕੋਈ ਅੱਚਲ ਵਟਾਲੇ ਆਖਦੇ ਹਨ, ਪਰ ਇਸ ਇਖ਼ਤਲਾਫ਼ ਦਾ ਫੈਸਲਾ ਬਹੁਤ ਆਸਾਨ ਹੈ, ਜੋ ਭਾਈ ਗੁਰਦਾਸ ਜੀ ਨੇ ਆਪ ਕਰ ਦਿਤਾ ਹੋਇਆ ਹੈ। ਸਭ ਤੋਂ ਪੁਰਾਣੀ ਉਗਾਹੀ ਤੇ ਸਭ ਤੋਂ ਸੁੱਚੇ ਉੱਚੇ ਵਿਦਵਾਨ ਤੇ ਸਮੀਪੀ ਸਿਖ ਦੀ ਉਗਾਹੀ ਸਭ ਤੋਂ ਜ਼ੋਰਦਾਰ ਉਗਾਹੀ ਹੈ। ਆਪ ਨੇ ਇਹ ਸਿਧ ਗੋਸ਼ਟ[2] ਅੱਚਲ ਵਟਾਲੇ ਹੋਈ ਦੱਸੀ ਹੈ, ਜਿੱਥੇ ਫੱਗਣ ਵਦੀ ੧੪ ਨੂੰ ਮੇਲਾ ਲੱਗਦਾ ਹੁੰਦਾ ਸੀ। ਏਥੇ ਸ਼ਿਵ ਸਥਾਨ ਹੈ। ਸਿਧ ਸ਼ਿਵ ਉਪਾਸਕ ਲੋਕ ਸਨ।

ਭਾਈ ਗੁਰਦਾਸ ਜੀ ਨੇ ਸੁਮੇਰ ਅਰ ਅੱਚਲ ਵਟਾਲੇ ਦੋਹੀਂ ਥਾਈਂ ਗੁਰੂ ਜੀ ਦਾ ਸਿੱਧਾਂ ਨਾਲ ਮੇਲ ਤੇ ਟਾਕਰਾ ਹੋਇਆ ਦੱਸਿਆ ਹੈ, ਦੋਹੀਂ ਥਾਈਂ ਗੁਰੂ ਜੀ ਦੀ ਜਿੱਤ ਦੱਸੀ ਹੈ। ਅਸੀਂ ਕਿਸ ਤਰ੍ਹਾਂ ਇਹ ਸਿੱਟਾ ਕੱਢਦੇ ਹਾਂ ਕਿ ਰਾਮਕਲੀ ਰਾਗ ਵਿਚ ਦਿਤੀ 'ਸਿੱਧ ਗੋਸ਼ਟ' ਅੱਚਲ ਵਟਾਲੇ ਹੋਈ ? ਇਸ ਦਾ ਉੱਤਰ ਇਹ ਹੈ ਕਿ ਅੱਚਲ ਵਟਾਲੇ ਮੇਲੇ ਵਿਚ ਭਾਈ ਸਾਹਿਬ ਜੀ ਦੱਸਦੇ ਹਨ ਕਿ ਸਿੱਧਾਂ ਨੇ ਇਕ ਕਰਾਮਾਤ ਦਿਖਾਈ, ਜਿਸ ਵਿਚ ਗੁਰੂ ਜੀ ਨੇ ਸਿਧਾਂ ਨੂੰ ਹਰਾਇਆ, ਫੇਰ ਸਿਧ ਲੋਕ ਉਹਨਾਂ ਨਾਲ ਗੋਸ਼ਟ ਕਰਨ ਆ ਗਏ। ਯਥਾ:-"ਖਾਪੀ ਖੁਣਸ ਜੁਗੀਸਰਾਂ 'ਗੋਸ਼ਟ' ਕਰਨ ਸਭੇ ਉਠਿ ਆਈ॥" ਫਿਰ ਖਾਤਮੇਂ ਪਰ ਭਾਈ ਗੁਰਦਾਸ ਜੀ ਦੱਸਦੇ ਹਨ:-

"ਬਾਬੇ ਕੀਤੀ 'ਸਿਧ ਗੋਸ਼ਟ' ਸ਼ਬਦ ਸ਼ਾਂਤ ਸਿਧਾਂ ਵਿਚ ਆਈ॥" ਇਥੋਂ ਸ਼ਪਸ਼ਟ ਹੋ ਗਿਆ ਕਿ ਸਿਧ ਗੋਸ਼ਟ ਅੱਚਲ ਵਟਾਲੇ ਹੋਈ ਹੈ।

ਸੁਮੇਰ ਵਾਲੀ ਸਿੱਧਾਂ ਨਾਲ ਭੇਟ ਵਿਚ ਗੋਸ਼ਟ ਦਾ ਜ਼ਿਕਰ ਨਹੀਂ, ਉਥੇ ਸ਼ਬਦ ਨਾਲ ਸਿਧ ਮੰਡਲੀ ਜਿੱਤ ਲਈ ਇਤਨੇ ਵਾਕ ਹੀ ਹਨ। ਅਸਲ ਵਿਚ ਸੁਮੇਰ ਦੇ ਸਿਧ ਓਹ ਜੋਗੀ ਹਨ ਜੋ ਅਕਸਰ ਕਰਕੇ ਦੁਨੀਆਂ ਨਾਲ ਨਾਤਾ ਤੋੜ ਪਰਬਤੀਂ ਛਿਪੇ ਬੈਠੇ ਸਨ ਤੇ ਮੈਦਾਨਾਂ ਵਿਚ ਘੱਟ ਆਉਂਦੇ ਸਨ। ਅੱਚਲ ਓਹ ਸਿਧ ਸਨ, ਜੋ ਮੈਦਾਨਾਂ ਵਿਚ ਬੀ ਫਿਰਦੇ ਟੁਰਦੇ ਸਨ। ਪਰ ਇਹ ਵੰਡ ਪੱਕੀ ਨਹੀਂ, ਕਿਉਂਕਿ ਮੇਲਿਆਂ ਪਰ ਪਰਬਤਾਂ ਵਾਲੇ ਤੇ ਦੇਸ਼ ਵਾਲੇ ਸਾਰੇ ਹੀ ਕੱਠੇ ਹੋ ਜਾਂਦੇ ਸਨ। ਗੜਟੋਕ ਤੋਂ ਮਾਨ ਸਰੋਵਰ ਵਲ ਨੂੰ ਸਿੱਧਾਂ ਦੀ ਸੇਵਕੀ ਦਾ ਜ਼ੋਰ ਤਦੋਂ ਬਹੁਤ ਸੀ।

{ਸਿਧ ਗੋਸ਼ਟ ਹੋਣ ਦਾ ਸਮਾਂ}

ਸਿਧ ਗੋਸ਼ਟ ਫੱਗਣ ਵਦੀ ੧੪ ਦੇ ਲਗ ਪਗ ਹੋਈ ਇਹ ਤਾਂ ਸਿੱਧੀ ਗੱਲ ਹੈ, ਪਰ ਸੰਮਤ ਕੀਹ ਸੀ? ਇਹ ਲੱਭਣਾ ਕਠਨ ਹੈ; ਪਰ ਹਾਂ, ਇਹ ਟੋਹ ਅਸੀਂ ਲਗਾ ਸਕਦੇ ਹਾਂ ਕਿ ਗੁਰੂ ਸਾਹਿਬ ਦੀ ਅਵਸਥਾ ਤਦੋਂ ਚੰਗੀ ਵਡੇਰੀ ਸੀ, ਆਪ ਸਾਰੇ ਸੰਸਾਰ ਦੀ ਪੂਰਬ, ਦੱਖਣ, ਪੱਛਮ ਤੇ ਉੱਤਰ ਦੀ ਯਾਤ੍ਰਾ ਕਰ ਆਏ ਸਨ, ਕਰਤਾਰ ਪੁਰ ਵਸਾ ਲਿਆ ਸੀ, ਉਦਾਸੀ ਬਾਣਾ ਲਾਹ ਦਿੱਤਾ ਸੀ, ਆਪਣਾ 'ਗ੍ਰਿਹਮਤ ਉਦਾਸ' ਮਤ ਟੋਰ ਦਿਤਾ ਸੀ। ਕਰਤਾਰ ਪੁਰ ਵਿਚ ਸਵੇਰੇ ਜਪੁ ਦਾ ਉਚਾਰ, ਸੰਝਾਂ ਨੂੰ ਸੋਦਰ ਦੀ ਚੌਕੀ, ਰਾਤ ਆਰਤੀ ਸੋਹਿਲਾ ਆਦਿ ਮਰਿਯਾਦਾ ਜਾਰੀ ਸਨ। ਸੰਗਤਾਂ ਆਉਂਦੀਆਂ ਸਨ ਤੇ ਸਤਿਗੁਰ ਤਾਰਦੇ ਸਨ, ਦੇਸ਼ ਦੇਸ਼ ਵਿਚ ਪ੍ਰਸਿੱਧ ਸਨ, ਪੰਜਾਬ ਵਿਚ ਘਰ ਘਰ ਆਪ ਦਾ ਨਾਮ ਸੀ। ਸੋ ਇਹ ਵਕਤ ਆਪ ਦੇ ਬ੍ਰਿਧ ਅਵ-

---

[1] ਇਹ ਸਮਾਚਾਰ ਸ੍ਵੈ ਕ੍ਰਿਤ ਸਿਧ ਗੋਸ਼ਟ ਟੀਕੇ ਵਿਚੋਂ ਲਏ ਗਏ ਹਨ।

[2] 'ਗੋਸ਼ਟ' ਭੀ ਸੰਸਕ੍ਰਿਤ ਲਫ਼ਜ਼ ਹੈ, ਇਸ ਦੇ ਅਰਥ ਹਨ ਇਕੱਤ੍ਰ ਹੋਣ ਦੀ ਥਾਂ, ਤੇ ਇਸ ਤੋਂ ਅੱਗੇ ਅਰਥ ਬਣਦੇ ਹਨ ਇਕੱਤ੍ਰਤਾ, ਸਮਾਗਮ, ਬਾਤ ਚੀਤ, ਗੁਫਤਗੂ, ਚਰਚਾ ਤੇ ਵੀਚਾਰ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਪਦ ਸੱਚ ਦੇ ਨਿਰਣੈ ਪਰਥਾਇ ਜੋ ਚਰਚਾ ਹੋਵੇ ਉਸ ਅਰਥ ਨੂੰ ਦੱਸਣ ਲਈ ਬੀ ਵਰਤਿਆ ਗਿਆ ਹੈ। ਸੋ ਸਿਧ ਗੋਸ਼ਟ ਦਾ ਅਰਥ ਹੋਇਆ ਸੱਚ ਦੇ ਨਿਰਣੈ ਲਈ ਓਹ ਚਰਚਾ ਜੋ ਸਿੱਧਾਂ ਨਾਲ ਹੋਈ, ਉਸ ਚਰਚਾ, ਵੀਚਾਰ ਤੇ ਖਿਜੈ ਦੀ ਇਹ ਪੋਥੀ।

ਸਥਾ ਦੇ ਲਗਪਗ ਦਾ ਹੋ ਸਕਦਾ ਹੈ, ਤਅੱਜਬ ਨਹੀਂ ਕਿ ਤਦੋਂ ਆਪ ਦੀ ਉਮਰਾ ੫੦ ਤੇ ੬੫ ਦੇ ਵਿਚਕਾਰ ਅੱਪੜੀ ਹੋਈ ਹੋਵੇ, ਕਿਉਂਕਿ ਅੱਚਲ ਵਟਾਲੇ ਤੋਂ ਮਗਰੋਂ ਸਤਿਗੁਰ ਜੀ ਮੁਲਤਾਨ ਗਏ ਹਨ! ਅੱਚਲ ਹਿੰਦੂ ਫਕੀਰਾਂ ਤੇ ਫਤਹ ਪਾਈ, ਉਹਨਾਂ ਨੂੰ ਨਾਮ ਅਭਯਾਸ ਦਾ ਕਾਇਲ ਕੀਤਾ ਤੇ ਸ਼ਬਦ ਸ਼ਾਂਤਿ ਉਹਨਾਂ ਨੂੰ ਦਾਨ ਹੋਈ ਤੇ ਮੁਲਤਾਨ ਮੁਸਲਮਾਨ ਫਕੀਰਾਂ ਦਾ ਮਾਨੋਂ ਘਰ ਸੀ, ਉਹਨਾਂ ਨੂੰ ਜਿੱਤਿਆ। ਫੇਰ ਭਾਈ ਗੁਰਦਾਸ ਜੀ ਆਪ ਦੇ ਹੋਰ ਸਫ਼ਰਾਂ ਦਾ ਜ਼ਿਕਰ ਨਹੀਂ ਕਰਦੇ, ਭਾਵੇਂ ਹਰਿਦੁਆਰ ਜਾਣਾ ਤੇ ਫੇਰ ਅਫ਼ਗਾਨਿਸਤਾਨ ਹਰਾਤ ਤੱਕ ਜਾਣਾ ਤੇ ਵਾਪਸੀ ਪੰਜੇ ਸਾਹਿਬ ਜਾਣ ਦਾ ਕੌਤਕ ਬੀ ਕਈਆਂ ਦੇ ਖਿਆਲ ਵਿਚ ਮਗਰੋਂ ਦਾ ਸਫਰ ਹੈ, ਤਦ ਭੀ ਅਸੀਂ ਇਸ ਨਤੀਜੇ ਤੇ ਪਹੁੰਚ ਸਕਦੇ ਹਾਂ ਕਿ ਸਿਧ ਗੋਸ਼ਟ ਦੇ ਉਚਾਰਨ ਦਾ ਸਮਾਂ ਗੁਰ ਨਾਨਕ ਸੰਮਤ ੫੦ ਤੋਂ ਮਗਰੋਂ ਤੇ ਸੰਮਤ ੭੧ ਤੋਂ ਪਹਿਲਾਂ ਦਾ ਹੈ।

ਸਿੱਧਾਂ ਨਾਲ ਚਰਚਾ ਜ਼ੁਬਾਨੀ ਹੋਈ। ਜਿਸ ਸੂਰਤ ਵਿਚ ਇਹ ਬਾਣੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦੀ ਹੈ, ਇਹ ਜ਼ਰੂਰ ਤਦੋਂ ਤੋਂ ਮਗਰੋਂ ਦੀ ਲਿਖੀ ਹੋਈ ਹੈ। ਚਾਹੇ ਤਾਂ ਗੁਰੂ ਜੀ ਨੇ ਓਦੋਂ ਉਥੇ ਹੀ ਰਚੀ ਤੇ ਚਾਹੇ ਕਰਤਾਰ ਪੁਰ ਆਕੇ ਰਚੀ ਤੇ ਚਾਹੇ ਮੁਲਤਾਨ ਜਾਂਦੇ ਸਫਰ ਵਿਚ ਰਚੀ! ਸਾਡੇ ਪਾਸ ਅਜੇ ਤਕ ਨਿਰਨੇ ਕਰਨ ਵਾਲੀ ਉਗਾਹੀ ਕੋਈ ਨਹੀਂ, ਪਰ ਸੰਭਵ ਇਹੋ ਹੈ ਕਿ ਗੁਰੂ ਜੀ ਮੇਲੇ ਦੇ ਮਗਰੋਂ ਜਦ ਮੁਲਤਾਨ ਗਏ ਹਨ, ਤਦੋਂ ਰਸਤੇ ਵਿਚ ਦੀ ਇਹ ਰਚਨਾ ਹੈ। ਸਫਰ ਪੈਦਲ ਜਾਂ ਘੋੜੀਆਂ ਬਹਿਲਾਂ ਦੇ ਸਨ, ਰਸਤੇ ਵਿਚ ਏਕਾਂਤ ਵਿਹਲ ਬਹੁਤ ਹੁੰਦੀ ਸੀ, ਇਸ ਸਫਰ ਵਿਚ ਓਹ ਸਾਰੇ ਖਿਆਲ-ਜੋ ਪਰਸਪਰ ਸਿੱਧਾਂ ਨਾਲ ਗੋਸ਼ਟ ਵਿਚ ਹੋਏ-ਸਤਿਗੁਰ ਜੀ ਨੇ ਕਵਿਤਾ ਵਿਚ ਗੁੰਦ ਦਿਤੇ। ਇਸ ਦੀ ਲੋੜ ਗ਼ਾਲਬਨ ਇਹ ਸੀ ਕਿ ਆਪ ਸਾਰੀ ਸਿੱਖੀ ਨੂੰ, ਸਾਰੇ ਦੇਸ਼ ਨੂੰ ਜੋਗੀਆਂ ਦੇ ਹਠਾਂ ਤਪਾਂ ਤੇ ਨਾਟਕਾਂ ਚੇਟਕਾਂ ਤੋਂ ਕੱਢਣਾ ਚਾਹੁੰਦੇ ਸੇ ਤੇ ਆਪਣੇ ਖਿਆਲ ਸਭ ਵਿਚ ਪ੍ਰਵਿਰਤ ਕਰਣਾ ਚਾਹੁੰਦੇ ਸਨ। 'ਕੀਤੀ' ਦੇ ਅਰਥ ਰਚੀ ਹੋਵੇ, ਤਾਂ ਇਹ ਅੱਚਲ ਹੀ ਰਚੀ ਗਈ ਖਿਆਲ ਹੋ ਸਕਦੀ ਹੈ ਪਰ ਕੀਤੀ ਦਾ ਭਾਵ ਵਿਸ਼ੇਸ਼ ਗੋਸ਼ਟ ਕਰਨ ਵੱਲ ਹੀ ਜਾਂਦਾ ਹੈ।

{ਸਿਧ ਗੋਸ਼ਟ ਕੈਸੀ ਰਚਨਾ ਹੈ ?}

ਰਸੀਏ ਕਵੀ ਕਈ ਵੇਰ ਇਕ ਰਚਨਾ ਆਪਣੇ ਮਨ ਦੇ ਰਸ ਭਰੇ ਉਛਾਲਿਆਂ ਵਿਚ ਲਿਖਿਆ ਕਰਦੇ ਹਨ, ਪਰਮੇਸ਼ੁਰ ਦੇ ਪਯਾਰੇ ਸਾਈਂ ਆਵੇਸ਼ ਵੇਲੇ ਉਸ ਦੇ ਪਯਾਰ ਤੇ ਸਿਫਤ ਸਲਾਹ ਦੇ ਛੰਦ ਰਚਦੇ ਹਨ, ਕਦੇ ਗਯਾਨ ਉਹਨਾਂ ਦੇ ਰਿਦੇ ਵਿਚ ਸਾਈਂ ਵਲੋਂ ਮਫ਼ੁਰਨ ਹੁੰਦਾ ਹੈ ਤੇ ਉਹ ਲਿਖਿਆ ਜਾਂਦਾ ਹੈ! ਸਿੱਧ ਗੋਸ਼ਟ ਇਸ ਤਰ੍ਹਾਂ ਨਾਲ ਰਚੀ ਗਈ ਬਾਣੀ ਨਹੀਂ ਹੈ, ਇਹ ਪਰਸਪਰ ਚਰਚਾ ਹੋਈ ਤੇ ਉਸ ਪਰ ਕਿਸੇ ਰਸ ਆਰੂੜ੍ਹ ਅਵਸਥਾ ਵਿਚ ਲਿਖੀ ਗਈ ਬਾਣੀ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਨੇ ਉਹ ਗਿਆਨ, ਜੋ ਉਹਨਾਂ ਨੂੰ 'ਪਾਰਬ੍ਰਹਮ' ਵਿਚ ਅਗੰਮ ਦੀ ਗੰਮਤਾ ਹੋਣ ਕਰਕੇ ਪ੍ਰਾਪਤ ਸੀ, ਸਿੱਧਾਂ ਦੀਆਂ ਪ੍ਰਸ਼ਨੋਤ੍ਰੀਆਂ ਵੇਲੇ ਪ੍ਰਕਾਸ਼ਤ ਕੀਤਾ ਸੀ, ਲਿਖਿਆ ਹੈ।

ਇਹ ਸਿੱਧ ਲੋਕ ਗੋਰਖ ਮਤ ਦੇ ਜੋਗੀ ਸਨ, ਕਿਉਂਕਿ ਭਾਈ ਗੁਰਦਾਸ ਜੀ ਇਸ ਸਾਖੀ ਦਾ ਜ਼ਿਕਰ ਕਰਦੇ ਹੋਏ ਇਹਨਾਂ ਸਿੱਧਾਂ ਵਾਸਤੇ ਲਫ਼ਜ਼ 'ਜੋਗੀਸ਼ਰ' ਵਰਤਦੇ ਹਨ ਅਤੇ ਸਾਰੀ ਪਉੜੀ ਵਿਚ ਦੱਸਦੇ ਹਨ ਕਿ ਸਿੱਧਾਂ ਨੇ ਤੰਤ੍ਰ ਮੰਤ੍ਰ ਕਰਕੇ ਕਈ ਚੇਟਕ ਦਿਖਾਏ, ਜਿਸ ਤੋਂ ਸਪਸ਼ਟ ਹੋ ਗਿਆ ਕਿ ਇਹ ਸਿੱਧ ਜੋਗੀ ਸਨ ਤੇ ਜੋਗੀ ਗੋਰਖ ਦੇ ਜੋਗ ਮਤ ਵਾਲੇ ਸਨ। ਸੋ ਇਹਨਾਂ ਲੋਕਾਂ ਨੂੰ, ਜਿਨ੍ਹਾਂ ਦਾ ਆਦਰਸ਼ ਹੁਣ ਰੱਬ-ਪ੍ਰਾਪਤੀ ਦਾ ਨਹੀਂ ਸੀ, ਪਰ ਰਿੱਧੀਆਂ ਸਿੱਧੀਆਂ ਦਾ ਸੀ ਤੇ ਜੋ ਮਜ਼ਹਬ ਨੂੰ ਕੇਵਲ ਤੰਤ੍ਰ ਮੰਤ੍ਰ ਦੀਆਂ ਸ਼ਕਤੀਆਂ ਦੇ ਸ਼ੁਅਬਦਾ-ਬਾਜ਼ੀਆਂ ਦੀ ਕਾਮਯਾਬੀ ਨਾਲ ਮੇਲਦੇ ਸਨ, ਚਰਚਾ ਕਰਨ ਵੇਲੇ ਸਤਿਗੁਰ ਨੇ ਉਹਨਾਂ ਨੂੰ ਅਪਣਾ ਤਤ੍ਵ ਗਯਾਨ ਦਿਤਾ।

ਓਹ ਗਯਾਨ, ਜੋ ਸਤਿਗੁਰ ਨੇ ਦਿਤਾ ਸਾਰੇ ਪੰਜਾਬ ਦੇ ਜੋਗ ਮਤ ਉਪਾਸਕਾਂ ਦੀ ਕਲਯਾਨ ਲਈ ਜ਼ਰੂਰੀ ਸੀ ਇਸ ਕਰਕੇ ਇਹ ਚਰਚਾ ਕਲਮ ਬੰਦ ਕੀਤੀ ਗਈ। ਸਤਿਗੁਰ ਨੇ ਆਪ ਕੀਤੀ ਯਾ ਆਪ ਬੋਲਦੇ ਗਏ ਤੇ 'ਅਜਿੱਤੇ' ਨਾਮੇ ਸਿਖ ਨੇ-ਜੋ ਨਾਲ ਸੀ-ਲਿਖ ਲੀਤੀ ਯਾ ਕਿਸੇ

ਹੋਰ ਨੇ ਲਿਖ ਲੀਤੀ, ਇਸ ਦਾ ਪਤਾ ਨਹੀਂ, ਪਰ ਗੁਰੂ ਅਰਜਨ ਦੇਵ ਜੀ ਨੇ ਇਹ ਗੋਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮਕਲੀ ਰਾਗ ਵਿਚ ਦਰਜ ਕੀਤੀ ਹੈ ਤੇ ਉਤੇ 'ਮਹਲਾ ੧' ਲਿਖਿਆ ਹੈ ਜਿਸ ਤੋਂ ਇਹ ਨਿਰਸੰਸੇ ਹੈ ਕਿ ਇਹ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਹੈ।

{ਗੋਸ਼ਟ ਕਿਵੇਂ ਆਰੰਭ ਹੋਈ ਹੈ ?}

ਟੀਕਾਕਾਰ ਤੇ ਕਥਾ ਕਰਨ ਵਾਲੇ ਇਕ ਜ਼ੁਬਾਨ ਆਖਦੇ ਹਨ ਕਿ ਸਿੱਧਾਂ ਦੀ ਸਭਾ ਲੱਗੀ ਹੋਈ ਸੀ ਤੇ ਗੁਰੂ ਨਾਨਕ ਦੇਵ ਜੀ ਗਏ ਤੇ ਓਹਨਾਂ ਨੇ ਆਦੇਸ ਆਖੀ ਤੇ ਅੱਗੋਂ ਓਹਨਾਂ ਨੇ ਪ੍ਰਸ਼ਨ ਕੀਤਾ ਤੇ ਚਰਚਾ ਸ਼ੁਰੂ ਹੋ ਗਈ; ਪਰ ਏਥੇ ਇਕ ਵਿਚਾਰ ਦੀ ਲੋੜ ਹੈ:-

ਮੱਲੋ ਮੱਲੀ ਚਰਚਾ ਕਰਨ ਦੀ ਯਾ ਧੱਕੋ ਧੱਕੀ ਵਾਅਜ਼ ਸੁਨਾਉਣ ਦੀ ਬਾਣ ਗੁਰੂ ਨਾਨਕ ਸੁਭਾਵ ਦੇ ਉਲਟ ਹੈ। ਗੁਰੂ ਨਾਨਕ ਦੇਵ ਜੀ ਦਾ ਤਰੀਕਾ ਇਹ ਸੀ ਕਿ ਕੋਈ ਐਸਾ ਕ੍ਰਿਸ਼ਮਾ ਵਰਤਾ ਦੇਣਾ ਕਿ ਅਗਲੇ ਨੇ ਕੁਛ ਪੁੱਛਣਾ ਤੇ ਆਪ ਨੇ ਇਕ ਐਸਾ ਸਾਦਾ ਤੇ ਸੱਚਾ ਉੱਤਰ ਦੇਣਾ ਕਿ ਅਗਲੇ ਨੂੰ ਫੌਰਨ ਆਪੇ ਹੀ ਆਪਣੀ ਭੁੱਲ ਅਨੁਭਵ ਹੋ ਜਾਵੇ। ਆਪ ਨੇ ਆਪਣੀ ਵਰਤੋਂ ਮਾਦੀ, ਭੋਲੀ, ਹਾਰ ਵਾਲੀ ਰੱਖਣੀ; ਧੱਕੇ ਨਾਲ, ਜ਼ੋਰ ਨਾਲ ਗਲ ਨਹੀਂ ਪੈ ਜਾਣਾ, 'ਹਾਰ ਚਲੇ ਗੁਰਮੁਖ ਜਗ ਜੀਤਾ' ਦੀ ਰੀਤਿ ਵਰਤਣੀ, ਕਿ ਦਿੱਸਦੀ ਹਾਰ ਵਿਚ ਜਿੱਤ ਨੇ ਪ੍ਰਕਾਸ਼ਤ ਹੋ ਪੈਣਾ। ਦੂਸਰੇ ਭਾਈ ਗੁਰਦਾਸ ਜੀ ਦੀ ਉਗਾਹੀ ਸਪਸ਼ਟ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਚਰਚਾ ਕਰਨ ਨਹੀਂ ਗਏ। ਆਪ ਲਿਖਦੇ ਹਨ:-

"ਖਾਧੀ ਖੁਣਸ ਜੋਗੀਸਰਾਂ
ਗੋਸਿਟ ਕਰਨ ਸਭੈ ਉਠਿ ਆਈ॥"

ਜੋਗੀਆਂ ਦੇ ਈਸ਼੍ਵਰ ਅਰਥਾਤ ਜੋ ਆਚਾਰਯ ਜੋਗੀਆਂ ਦੇ ਸਨ ਉਹਨਾਂ ਨੇ ਖੁਣਸ ਖਾਧੀ ਤੇ ਗੋਸ਼ਟ ਕਰਨ ਆ ਗਏ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਜੀ ਅੱਚਲ ਵਟਾਲੇ ਆਏ, ਉਥੇ ਸ਼ਿਵਰਾਤ ਦਾ ਮੇਲਾ ਸੀ, 'ਗੁਰੂ ਨਾਨਕ ਆਯਾ' ਸੁਣਕੇ ਮੇਲੇ ਦੀ ਖਲਕਤ ਦਰਸ਼ਨ ਨੂੰ ਏਧਰ ਉਲਟ ਪਈ, ਜੋਗੀਆਂ ਦੇ ਪਿੜ ਖਾਲੀ ਰਹਿ ਗਏ, ਇਹ ਵੇਖ ਜੋਗੀ ਰਸ਼ਕ ਵਿਚ ਆਕੇ ਸਿੱਧੀਆਂ ਨਾਲ ਲੋਕਾਂ ਨੂੰ ਖਿੱਚਣ ਲੱਗੇ।

ਰਾਸ ਧਾਰੀਏ ਰਾਸ ਪਾ ਰਹੇ ਸਨ ਤੇ ਜੋ ਪੈਸੇ ਰੁਪਏ ਲੋਕ ਉਹਨਾਂ ਨੂੰ ਦੇਂਦੇ ਸਨ ਓਹ ਇਕ ਲੋਟੇ ਵਿਚ ਪਾਈ ਜਾਂਦੇ ਸਨ, ਜੋਗੀਆਂ ਨੇ ਜੋਗ ਕਲਾ ਨਾਲ ਇਹ ਲੋਟਾ ਛਿਪਾ ਦਿਤਾ। ਰਾਸ ਧਾਰੀਆਂ ਨੂੰ ਰਾਸ ਭੁੱਲ ਗਈ ਤੇ ਰਾਸ ਫਿੱਕੀ ਪੈ ਗਈ, ਦੇਖਣ ਵਾਲੇ ਪਿੱਟੇ। ਤਦ ਸਿੱਧਾਂ ਨੇ ਕਿਹਾ ਕਿ ਤੁਸੀਂ ਸਾਰੇ ਸਾਨੂੰ ਛੱਡਕੇ ਨਾਨਕ ਤਪੇ ਵਲ ਚਲੇ ਗਏ ਹੋ, ਹੁਣ ਜਾਓ ਨਾਨਕ ਕੋਲ ਤੁਹਾਨੂੰ ਲੋਟਾ ਲਭਾ ਦੇਵੇ, ਫੇਰ ਪਤਾ ਲੱਗ ਜਾਊ ਕਿ ਪੂਜ ਅਸੀਂ ਹਾਂ ਕਿ ਗੁਰੂ ਨਾਨਕ। ਗੱਲ ਕੀ ਰਾਸ ਧਾਰੀਏ ਤੇ ਖਲਕਤ ਗੁਰੂ ਨਾਨਕ ਕੋਲ ਟੁਰ ਪਏ ਤੇ ਸਭ ਨੇ ਕਿਹਾ ਇਹਨਾਂ ਦਾ ਜੋਗੀਆਂ ਨੇ ਲੋਟਾ ਕਲਾ ਨਾਲ ਛਿਪਾ ਦਿਤਾ ਹੈ। ਗੁਰੂ ਜੀ ਨੇ ਦੱਸਿਆ ਕਿ ਇਹ ਲੋਟਾ ਛੁਪਾਉਣਾ ਤੇ ਲੱਭਣਾ ਖੇਡਾਂ ਹਨ, ਇਹ ਰੱਬੀ ਪਿਆਰ ਦੀ ਨਿਸ਼ਾਨੀ ਨਹੀਂ ਹਨ, ਇਹ ਤਾਂ ਥੋੜੀ ਇਕਾਗ੍ਰਤਾ ਨਾਲ ਹੋ ਸਕਦਾ ਹੈ, ਪਰ ਵਾਹਿਗੁਰੂ-ਪ੍ਰੇਮ ਕਠਨ ਗੱਲ ਹੈ, ਹੁਣ ਕਿਉਂਕਿ ਤੁਸੀਂ ਦੁਖੀ ਹੋ, ਜਾਓ ਲੋਟਾ ਜੋਗੀਆਂ ਨੇ ਅਮਕੇ ਥਾਂ ਲੁਕਾਇਆ ਹੈ, ਲੱਭ ਲਓ। ਜਦ ਲੋਟਾ ਉਥੋਂ ਹੀ ਲੱਭ ਪਿਆ ਤਾਂ ਸਾਰੇ ਮੇਲੇ ਵਿਚ ਹੁੱਲ ਗਿਆ ਕਿ ਗੁਰ ਨਾਨਕ ਨਾ ਕੇਵਲ ਵਾਹਿਗੁਰੂ ਪ੍ਰੇਮ ਤੇ ਸ਼ਬਦ ਸੋਹਲੇ ਦਾ ਮੰਗਲ ਸੁਣਾ ਰਿਹਾ ਹੈ; ਪਰ ਓਸ ਨੇ ਤਾਂ ਸਿੱਧਾਂ ਨੂੰ ਕਰਾਮਾਤ ਵਿਚ ਭੀ ਜਿੱਤ ਲਿਆ ਹੈ; ਸੋ ਰਹਿੰਦੀ ਖੂਹੰਦੀ ਪ੍ਰਭੁਤਾ ਭੀ ਸਿੱਧਾਂ ਦੀ ਗਈ।

ਇਹ ਦੇਖਕੇ ਜੋਗੀਆਂ ਨੂੰ ਕ੍ਰੋਧ ਚੜ੍ਹ ਗਿਆ ਤੇ ਗੁਰੂ ਨਾਨਕ ਨਾਲ ਬਹਿਸ ਕਰਨ ਵਾਸਤੇ ਉਠ ਕੇ ਆ ਗਏ।

"ਖਾਧੀ ਖੁਣਸ ਜੋਗੀਸਰਾਂ
ਗੋਸਟਿ ਕਰਨਿ ਸਭੈ ਉਠਿਆਈ॥"

ਹੁਣ ਲਓ ਤੀਸਰੀ ਉਗਾਹੀ ਸਿੱਧ ਗੋਸ਼ਟ ਦੀ ਆਪਣੀ। ਪਹਿਲੀ ਤੁਕ ਹੈ, 'ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ'। ਇਸ ਤੁਕ

ਵਿਚ 'ਕਰਿ' ਸ਼ਬਦ 'ਦੇਹੁਰੀ ਦੀਪਕ' ਹੈ ਅਰ ਇਸ ਦਾ ਅਰਥ ਹੈ:-ਕਰਕੇ, ਰਚਕੇ, ਬਣਾਕੇ। ਅਰਥਾਤ-ਸਿਧ ਆਸਣ ਕਰਕੇ ਸਭਾ ਲਾਕੇ ਬੈਠ ਗਏ। ਸਿਧ ਸਭਾ ਲਾਕੇ ਬੈਠੇ ਹੋਏ ਸਨ, ਏਹ ਵਾਕ ਨਹੀਂ ਹਨ, ਸਗੋਂ ਏਹ ਵਾਕ ਹਨ ਕਿ 'ਸਿਧ ਸਭਾ ਬਣਾਕੇ ਬੈਠੇ'। ਜਿਸ ਤੋਂ ਸਪਸ਼ਟ ਹੈ ਕਿ ਗੁਰ ਨਾਨਕ ਦੇਵ ਜੀ ਅੱਗੇ ਹੀ ਬੈਠੇ ਸਨ, ਸਿਧ ਆਏ ਤੇ ਸਭਾ ਲਾਕੇ ਬੈਠੇ।

ਤੁਕ ਦਾ ਵਜਾਕਰਣਕ ਅਰਥ ਇਉਂ ਬਣੇਗਾ: 'ਸਿਧ ਆਸਣ ਲਾਕੇ ਸਭਾ ਬਣਾਕੇ ਬੈਠੇ' ਇਸ ਦੇ ਨਾਲ ਭਾਈ ਗੁਰਦਾਸ ਜੀ ਦੀ ਉਗਾਹੀ ਮੇਲੋ 'ਗੋਸਟਿ ਕਰਨ ਸਭੇ ਉਠਿ ਆਈ' ਸਾਰੇ ਉਠਕੇ ਗੋਸ਼ਟ ਕਰਨ ਆਏ।

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ 'ਗੁਰ ਨਾਨਕ ਨੂੰ ਸਿਧਾਂ ਡਿਠਾ' ਤੇ 'ਸਿਧਾਂ ਨੇ ਪੁੱਛਣਾ ਕੀਤਾ' ਤੇ 'ਤਬ ਚਉਰਾਸੀ ਸਿਧ ਆਸਣ ਕਰ ਬੈਠੇ'।

ਬਾਲੇ ਦੀ ਜਨਮ ਸਾਖੀ ਵਿਚ ਲਿਖਿਆ ਹੈ:-

ਗੁਰੂ ਜੀ ਅੱਚਲ ਵਿਚ ਆ ਬੈਠੇ 'ਸਿਧ ਪਿਛੋਂ ਆਏ' 'ਦੇਖਣ ਤਾਂ ਸ੍ਰੀ ਗੁਰੂ ਨਾਨਕ ਅਗੇ ਬੈਠੇ ਹੈਂ' ਤਾਂ ਗੋਰਖ ਨੇ ਕਿਹਾ : 'ਆਦੇਸ ਤਾਂ ਗੁਰੂ ਨਾਨਕ ਕਹਿਆ: 'ਆਦਿ ਪੁਰਖ ਕੋ ਆਦੇਸ' ਤਾਂ ਫੇਰ ਸਿੱਧ ਬੈਠ ਗਏ, ਅਗੋਂ ਚਰਚਾ ਛਿੜ ਪਈ।

ਗੁਰ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ:-

ਪਿਖ ਅਜ਼ਮਤ ਪੁਨ ਸਿੱਧ ਰਿਸਾਏ।
ਚਰਚਾ ਹੇਤ ਸਕਲ ਚਲਿ ਆਏ।

ਹੁਣ ਇਨ੍ਹਾਂ ਉਗਾਹੀਆਂ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਪਿਆਰਿਆਂ ਸਮੇਤ ਬੈਠੇ ਸਨ, ਸਤਿਸੰਗ ਲਗ ਰਿਹਾ ਸੀ ਕਿ ਸਿੱਧ ਟੁਰਕੇ ਆਏ, ਹਰੇਕ ਨੇ ਆਪੋ ਆਪਣੇ ਦਰਜੇ ਮੁਜਬ ਆਸਣ ਕੀਤੇ ਅਰ ਬੈਠਣ ਦੀ ਵਿਉਂਤ ਪਰ ਬੈਠੇ ਤੇ ਸਭਾ ਲਾ ਲਈ। ਇਕ ਪਾਸੇ ਤਾਂ ਗੁਰੂ ਨਾਨਕ ਦੇਵ ਜੀ ਸਤਿਸੰਗ ਸਮੇਤ ਬੈਠੇ ਸਨ ਤੇ ਸਾਹਮਣੇ ਸਿੱਧ ਆਕੇ ਬੈਠ ਗਏ, ਸਿੱਧ ਸਭਾ ਲਗ ਗਈ।

ਇਕ ਪਾਸੇ 'ਸਿੱਧ ਸਭਾ' ਆਕੇ ਬੈਠੀ ਹੈ ਤੇ ਦੂਜੇ ਪਾਸੇ ਗੁਰ ਨਾਨਕ ਦੀ ਸੰਤ ਸਭਾ ਬੈਠੀ ਹੈ।

ਪਹਿਲੋਂ ਨਮਸਕਾਰ ਉਹ ਕਰਦਾ ਹੈ ਜੋ ਬਾਹਰੋਂ ਆਉਂਦਾ ਹੈ, ਸੋ ਸਿੱਧ ਸਭਾ ਨੇ ਆਕੇ ਆਸਣ ਜਮਾਏ ਤੇ ਗੁਰ ਨਾਨਕ ਤੇ ਉਹਨਾਂ ਦੇ ਸਤਿਸੰਗ ਨੂੰ ਆਖਿਆ 'ਹੇ ਸੰਤ ਸਭਾ' ਸਾਡਾ ਤੁਹਾਨੂੰ ਜੈਕਾਰ ਹੋਵੇ। '

ਹੁਣ ਏਸ ਨਮਸਕਾਰ ਦਾ ਉੱਤਰ ਗੁਰੂ ਨਾਨਕ ਦੇਵ ਜੀ ਦੇਂਦੇ ਹਨ, "ਤਿਸੁ ਆਗੈ ਰਹਰਾਸਿ ਹਮਾਰੀ"। ਅਰਥਾਤ ਰਸਮੀਂ ਮੱਥਾ ਅਸੀਂ ਨਹੀਂ ਟੇਕਦੇ, ਸਾਡੀ ਜੈਕਾਰ ਨਮਸਕਾਰ ਨਹੀਂ, ਸਾਡੀ ਰਹਿਰਾਸ ਹੈ, ਰਹਿਰਾਸ' ਨਮਸਕਾਰ ਨੂੰ ਕਹਿੰਦੇ ਹਨ, ਪਰ ਇਸਦਾ ਪਹਿਲਾ ਅਰਥ ਹੈ ਸੱਚਾ ਰਸਤਾ (ਰਹੇ ਰਾਸਤ)। ਭਾਵ ਇਹ ਹੈ ਕਿ ਅਸੀਂ ਰਹਿਰਾਸ ਕਰਦੇ ਹਾਂ, ਮੱਥਾ ਟੇਕਦੇ ਹਾਂ, ਪਰ ਟੇਕਦੇ ਹਾਂ 'ਸਾਚਾ ਅਪਰ ਅਪਾਰੋ' ਨੂੰ; ਅਰਥਾਤ ਵਾਹਿਗੁਰੂ ਨੂੰ ਸਾਡੀ (ਦਿਲੀ) ਨਮਸਕਾਰ ਹੋਵੇ। ਜਿਥੇ ਜਿਥੇ ਸਿੱਧ ਮਿਲੇ ਹੈਨ ਤਾਂ ਆਪਸ ਵਿਚ ਮਿਲਨ ਦਾ ਬੋਲਾ ਅਕਸਰ ਇਸੇ ਤਰ੍ਹਾਂ ਦਾ ਰਿਹਾ ਹੈ: ਸਿੱਧਾਂ ਕਹਿਣਾ: 'ਆਦੇਸੁ'। ਸਤਿਗੁਰੂ ਜੀ ਨੇ ਅਗੋਂ ਕਹਿਣਾ: 'ਏਕੰਕਾਰ ਕਉ ਆਦੇਸੁ'। ਜੈਸਾ ਕਿ ਸ੍ਰੀ ਜਪੁਜੀ ਵਿਚ ਹੈ-ਆਦੇਸੁ ਤਿਸੈ ਆਦੇਸੁ। ਫੇਰ ਕਿਹਾ:-

ਮਸਤਕੁ ਕਾਟਿ ਧਰੀ ਤਿਸੁ ਆਗੈ
ਤਨੁ ਮਨੁ ਆਗੈ ਦੇਉ ॥
ਨਾਨਕ ਸੰਤ ਮਿਲੈ ਸਚੁ ਪਾਈਐ
ਸਹਜ ਭਾਇ ਜਸੁ ਲੇਉ ॥

ਦੂਸਰੇ ਮੱਥਾ ਟੇਕਣਾ ਤਾਂ ਕੀ, ਮੈਂ ਮੱਥਾ ਕੱਟਕੇ ਉਸ ਦੇ ਅੱਗੇ ਧਰ ਦਿਆਂ, ਤਨ ਮਨ ਭੀ ਨਾਲ ਹੀ ਦੇਵਾਂ ਜੋ ਸੰਤ ਹੋਵੇ। ਸੰਤ ਦਾ ਲੱਛਣ ਇਹ ਹੈ ਕਿ ਉਸ ਦੇ ਮਿਲਿਆ ਸੱਚ ਪ੍ਰਾਪਤ ਹੋ ਜਾਂਦਾ ਤੇ ਬਿਨਾਂ ਪ੍ਰਯਤਨ ਕੀਤੇ ਦੇ (ਸਹਜ ਸੁਭਾਇ) ਜਸ ਮਿਲ ਜਾਂਦਾ ਹੈ[੧]। ਮਤਲਬ ਕੀ ਕਿ ਵਾਹਿਗੁਰੂ ਅਰ ਉਸ ਸੰਤ ਨੂੰ ਜੋ 'ਸੱਚ' ਦੇ ਸਕਦਾ ਹੈ ਮੇਰੀ ਨਮਸਕਾਰ ਹੈ।

ਇਸ ਵਿਚ ਗੁਰੂ ਜੀ ਨਮਸਕਾਰ ਕਰ ਰਹੇ

---

[੧] ਭਾਵ, ਵਾਹਿਗੁਰੂ ਦੀ ਸਿਫਤ ਸਾਲਾਹ ਵਿਚ ਸਹਿਜੇ ਹੀ ਲਗ ਜਾਈਦਾ ਹੈ।

ਹਨ, ਪਰ ਬੜੇ ਹਲੀਮੀ ਦੇ ਰਸਤੇ ਨਾਲ ਕਹਿ ਰਹੇ ਹਨ ਕਿ ਤੁਸਾਂ ਨਾਟਕ ਚੇਟਕ ਦੇ ਜਤਨ ਧਾਰੇ ਹਨ, ਸੱਚ ਦੀ ਥਾਂ ਪਲਾਲ ਵਿਚ ਪੈ ਗਏ ਹੋ, ਤੁਸਾਂ ਵਿਚ ਜੇ ਕੋਈ ਸੱਚ ਦਾ ਦਾਤਾ ਤੇ ਅਸਲ ਪ੍ਰੇਮੀ ਹੈ ਤਾਂ ਸਾਡੀ ਉਸ ਨੂੰ ਨਮਸਕਾਰ ਹੈ; ਕਿਉਂਕਿ ਅਗਲੀ ਤੁਕ ਵਿਚ ਸਾਫ ਦੱਸਦੇ ਹਨ ਕਿ ਨਿਰੇ ਮੱਥੇ ਟੇਕਣ ਲਈ ਭੌਂਦੇ ਫਿਰਨ ਦਾ ਕੀ ਲਾਭ ਹੈ, ਮੁਕਤ ਤਾਂ 'ਸੱਚੇ ਸ਼ਬਦ' ਬਿਨਾਂ ਹੋ ਨਹੀਂ ਸਕਦੀ।

ਸੋ ਇਨ੍ਹਾਂ ਉਪਰਲੀਆਂ ਉਗਾਹੀਆਂ ਤੇ ਅੰਦਰਲੇ ਸਬੂਤਾਂ ਕਰਕੇ ਭਾਈ ਗੁਰਦਾਸ ਜੀ ਤੇ ਸਿੱਧ ਗੋਸ਼ਟ ਦੀ ਆਪਣੀ ਸ਼ਬਦ ਬ੍ਰਿਤੀ ਨੂੰ ਲੈਕੇ ਵਿਚਾਰਿਆਂ ਹੁਣ ਤੱਕ ਦੀ ਦੱਸੀ ਜਾ ਰਹੀ 'ਗੋਸ਼ਟ ਆਰੰਭ' ਦੀ ਵਯਾਖਯਾ ਠੀਕ ਪ੍ਰਤੀਤ ਨਹੀਂ ਦੇਂਦੀ[੧], ਠੀਕ ਗੱਲ ਐਉਂ ਜਾਪਦੀ ਹੈ ਕਿ ਗੁਰੂ ਨਾਨਕ ਦੇਵ ਸਤਿਸੰਗ ਲਾਈ ਬੈਠੇ ਸਨ, ਮੇਲੇ ਦੇ ਲੋਕ ਏਧਰ ਝੁਕ ਆਏ, ਜੋਗੀ ਰਸ਼ਕ ਖਾ ਰਹੇ ਸਨ, ਓਹਨਾਂ ਨੇ ਕਰਾਮਾਤ ਦੀ ਵਡਿਆਈ ਦੱਸਣ ਲਈ ਰਾਮ ਧਾਰੀਆ ਦਾ ਲੋਟਾ ਲੁਕਾਇਆ। ਸਤਿਗੁਰ ਨੇ ਦਿੱਬ ਦ੍ਰਿਸ਼ਟੀ ਨਾਲ ਪਤਾ ਦੱਸ ਦਿੱਤਾ। ਖੁਣਸ ਖਾਕੇ ਜੋਗੀ ਬਹਿਸ ਕਰਨ ਆ ਗਏ ਤੇ ਸਤਿਗੁਰ ਜੀ ਦੇ ਸਾਹਮਣੇ ਦੀਵਾਨ ਦੇ ਵਿਚ ਆਸਣ ਲਾਕੇ ਸਭਾ ਵਾਂਗੂੰ ਜੁੜਕੇ ਬੈਠ ਗਏ, ਗੁਰ ਨਾਨਕ ਤੇ ਉਨ੍ਹਾਂ ਦੇ ਸਤਿਸੰਗ ਨੂੰ 'ਸੰਤ ਸਭਾ' ਕਹਿਕੇ ਨਮਸਕਾਰ ਕੀਤੀ, ਓਹਨਾਂ ਅੱਗੋਂ ਉਸ ਦਾ ਉੱਤਰ ਦਿੱਤਾ ਤੇ ਗੋਸ਼ਟ ਸ਼ੁਰੂ ਹੋ ਪਈ।

ਪਹਿਲੀ ਗੱਲ ਜੋ ਜੋਗੀਆਂ ਨੇ ਕੀਤੀ ਸੋ ਗੁਰੂ ਨਾਨਕ ਦੇਵ ਜੀ ਨੂੰ ਸੰਸਾਰੀ ਹੋਣ ਦਾ ਉਲਾਂਭਾ ਸੀ। ਇਸ ਦਾ ਉੱਤਰ ਤੇ ਸਿੱਧਾਂ ਦੇ ਨਾਟਕ ਚੇਟਕ ਕਰਨੇ ਇਹ ਮਾਮਲੇ ਸਤਿਗੁਰ ਨੇ ਸਿੱਧ ਗੋਸ਼ਟ ਵਿਚ ਨਹੀਂ ਲਿਖੇ, ਭਾਈ ਗੁਰਦਾਸ ਨੇ ਇਹ ਲਿਖੇ ਹਨ ਤੇ ਜਿਥੇ ਏਹ ਮੁਕਦੇ ਹਨ ਓਥੇ ਭਾਈ ਸਾਹਿਬ ਜੀ ਲਿਖਦੇ ਹਨ, 'ਬਾਬੇ ਕੀਤੀ ਸਿਧ ਗੋਸ਼ਟ' ਤੇ ਓਥੋਂ ਹੀ ਸਤਿਗੁਰ ਨੇ ਇਹ ਗੋਸ਼ਟ ਆਰੰਭੀ ਹੈ ਤੇ ਇਸ ਵਿਚ ਨਿਰੋਲ 'ਸਿੱਧਾਂਤ' ਸੰਬੰਧੀ ਬਹਿਸ ਦਿੱਤੀ ਹੈ, ਹੋਰ ਮਾਮਲੇ ਨਹੀਂ ਦਿੱਤੇ। ਭਾਈ ਗੁਰਦਾਸ ਨੇ ਇਸ ਪਹਿਲੀ ਬਾਤ ਚੀਤ ਨੂੰ ਜਿਵੇਂ ਦਿੱਤਾ ਹੈ, ਉਨ੍ਹਾਂ ਦੀ 'ਪਹਿਲੀ ਵਾਰ' ਵਿਚ ਆ ਚੁਕਾ ਹੈ।

{ਗੋਸ਼ਟ ਦਾ ਅੰਤ}

ਕਿਆ ਇਹ ਬਹਿਸ ਅੱਜ ਕਲ ਦੇ ਝਗੜਿਆਂ ਵਾਂਗੂੰ ਪਾਣੀ ਰਿੜਕਵੀਂ ਬਹਿਸ ਸੀ ਤੇ ਫਲ ਕੁਝ ਨਹੀਂ ਸੀ ? ਇਹ ਇਕ ਪ੍ਰਸ਼ਨ ਹੁੰਦਾ ਹੈ। ਇਸ ਦਾ ਜਵਾਬ ਭਾਈ ਗੁਰਦਾਸ ਜੀ ਤੋਂ ਮਿਲ ਜਾਂਦਾ ਹੈ, ਕਿ ਸਿੱਧਾਂ ਨੇ 'ਸ਼ਬਦ ਨਾਮ ਦੇ ਅਭਯਾਸ' ਨੂੰ ਮੁਕਤੀ ਦਾਤਾ ਪ੍ਰਵਾਨ ਕੀਤਾ, ਨਾਂ ਕੇਵਲ ਸਿੱਧਾਂ ਨੇ ਬਲਕਿ ਛਿਆ ਦਰਸ਼ਨਾਂ ਦੇ ਪੰਡਤ ਜੋ ਆਏ ਸਨ, ਨਾਨਕ ਦੀ ਪ੍ਰਬਲਤਾ ਨੂੰ ਸਭ ਨੇ ਤਸਲੀਮ ਕੀਤਾ ਅਰ ਮੱਥਾ ਟੇਕਿਆ ਤੇ ਗੁਰ ਨਾਨਕ ਨੂੰ 'ਜੋਤਿ ਪ੍ਰਗਟੀ' ਤੇ ਕਲਜੁਗ ਦਾ 'ਮਹਾਂ ਪੁਰਖ' ਮੰਨਿਆਂ। ਜੈਸੇ ਭਾਈ ਸਾਹਿਬ ਜੀ ਆਖਦੇ ਹਨ:-

> ਬਾਬੇ ਕੀਤੀ ਸਿਧ ਗੋਸ਼ਟਿ 'ਸ਼ਬਦ ਸ਼ਾਂਤਿ'
> ਸਿਧਾਂ ਵਿਚ ਆਈ। 'ਜਿਣ ਮੇਲਾ ਸ਼ਿਵ-
> ਰਾਤ ਦਾ' ਖਟ ਦਰਸ਼ਨ ਆਦੇਸ਼ ਕਰਾਈ।
> ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ
> ਤੇਰੀ ਵਡੀ ਕਮਾਈ। ਵਡਾ ਪੁਰਖ
> ਪਰਗਟਿਆ ਕਲਿਜੁਗ ਅੰਦਰ ਜੋਤਿ
> ਜਗਾਈ।

ਦੂਸਰੇ, ਗੁਰੂ ਨਾਨਕ ਜੀ ਦੀ ਰਚੀ ਸਿੱਧ ਗੋਸ਼ਟ ਜਿਥੇ ਸਮਾਪਤ ਹੁੰਦੀ ਹੈ ਅਖ਼ੀਰਲੀ ਪੌੜੀ ਵਿਚ ਸਤਿਗੁਰ ਨੇ ਆਪਣੇ 'ਹਲੀਮੀ ਰਾਜ' ਦੇ ਹਲੀਮੀ ਤ੍ਰੀਕੇ' ਵਿਚ ਸਿੱਧਾਂ ਦੇ ਨਾਮ' ਨੂੰ ਤਸਲੀਮ ਕਰ ਲੈਣ ਦੀ ਘਟਨਾਂ ਦਾ ਜ਼ਿਕਰ ਐਉਂ ਕੀਤਾ ਹੈ:-

> ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ
> ਆਖਿ ਵਖਾਣੈ ॥ ਤੂ ਆਪੇ ਗੁਪਤਾ ਆਪੇ
> ਪਰਗਟੁ ਆਪੇ ਸਭਿ ਰੰਗ ਮਾਣੈ ॥
> ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ
> ਫਿਰਹਿ ਫੁਰਮਾਣੈ ॥ ਮਾਗਹਿ ਨਾਮੁ ਪਾਇ
> ਇਹ ਭਿਖਿਆ ਤੇਰੇ ਦਰਸਨ ਕਉ
> ਕੁਰਬਾਣੈ ॥ ਅਬਿਨਾਸੀ ਪ੍ਰਭਿ ਖੇਲੁ
> ਰਚਾਇਆ ਗੁਰਮੁਖਿ ਸੋਝੀ ਹੋਈ॥ ਨਾਨਕ
> ਸਭਿ ਜੁਗ ਆਪੇ ਵਰਤੈ ਦੂਜਾ ਅਵਰੁ

[੧] ਉਹ ਇਹਲ ਸੀ ਕਿ ਗੁਰ ਨਾਨਕ ਦੇਵ ਸਿੱਧਾਂ ਪਾਸ ਚਰਚਾ ਕਰਨ ਵਾਸਤੇ ਗਏ। ਸਭ ਗਯਾਨੀ ਅਰਥ ਕਰਨ ਵੇਲੇ ਇਹੋ ਵਖਯਾਨ ਕਰਦੇ ਹੁੰਦੇ ਸਨ।

ਨ ਕੋਈ [1] ॥

ਇਸ ਵਿਚ ਗੁਰੂ ਜੀ ਪਹਿਲਾਂ ਵਾਹਿਗੁਰੂ ਦਾ ਸ਼ੁਕਰ ਕਰਦੇ ਹਨ; ਫੇਰ ਦੱਸਦੇ ਹਨ ਕਿ ਸਾਧਨਾ ਕਰਨ ਵਾਲੇ ਸਿੱਧ, ਗੁਰੂ ਚੇਲੇ ਆਦਿ ਕਹਿਲਾਉਣ ਵਾਲੇ ਅਨੇਕਾਂ ਤੇਰੇ ਹੁਕਮ (ਫੁਰਮਾਣ) ਨੂੰ ਖੋਜਦੇ ਫ਼ਿਰੇ, ਹੁਣ ਏਹ ਤੇਰਾ 'ਨਾਮ' ਮੰਗਦੇ ਹਨ, ਕਹਿੰਦੇ ਹਨ ਸਾਨੂੰ ਕਿਵੇਂ ਇਹ ਭਿੱਖਿਆ ਪ੍ਰਾਪਤ ਹੋਵੇ, ਹੇ ਵਾਹਿਗੁਰੂ ! ਤੇਰੇ ਦਰਸ਼ਨ (ਮਤ, ਫਿਲਸਫਾ, ਰੂਹਾਨੀ ਆਦਰਸ਼) ਤੋਂ ਹੁਣ ਇਹ ਸਦਕੇ ਹੋ ਰਹੇ ਹਨ।

ਫੇਰ ਦੱਸਦੇ ਹਨ ਕਿ ਅਬਿਨਾਸ਼ੀ ਪ੍ਰਭੂ ਨੇ ਖੇਲ ਰਚਾਇਆ ਹੈ; (ਭਾਵ ਮੇਰਾ ਵਿਚ ਕੁਛ ਨਹੀਂ ਹੈ) ਇਹਨਾਂ ਸਾਧਿਕਾਂ, ਸਿੱਧਾਂ, ਗੁਰੂ ਚੇਲਿਆਂ ਨੂੰ ਸੋਝੀ ਹੋ ਗਈ ਹੈ ਤੇ ਗੁਰਮੁਖ ਹੋਏ ਹਨ, ਫੇਰ ਉਸ ਰੱਬ ਨੂੰ ਕਰਤਾ ਦੱਸਕੇ ਆਪਣੀ ਹਲੀਮੀ ਪ੍ਰਗਟ ਕਰਦੇ ਹਨ।

ਸੋ ਸਿੱਧ ਹੋਇਆ ਕਿ ਸਿੱਧ ਗੋਸ਼ਟ ਨਾਲ 'ਸ਼ਬਦ ਸੋਹਲੇ' ਨੂੰ ਮੇਲੇ ਪਰ ਆਏ ਸਿੱਧਾਂ ਤੇ ਗੁਰੂਆਂ ਅਰਥਾਤ 'ਆਗੂਆਂ' ਨੇ ਤੇ ਚੇਲੇ ਤੇ ਸਾਧਿਕਾਂ' ਆਰਥਤ ਮਗਰ ਲੱਗਣ ਵਾਲਿਆਂ ਸਭਨਾਂ ਨੇ ਪਰਵਾਨ ਕੀਤਾ।

ਇਤਿਹਾਸਕ ਪੜਤਾਲ ਵਿਚ ਉਗਾਹੀ ਮਿਲਦੀ ਹੈ ਕਿ ਇਸ ਦਿਨ ਤੋਂ ਮਗਰੋਂ ਦੇਸ਼ ਵਿਚ ਹਠ ਜੋਗ ਦਾ ਅਸਰ ਡੁਬਦੇ ਸੂਰਜ ਵਾਂਗੂੰ ਅਸਤ ਹੁੰਦਾ ਗਿਆ ਤੇ ਸ਼ਬਦ ਸੋਹਿਲੇ ਦਾ ਮੰਗਲ ਪਿਆਰ ਜ਼ੋਰਾਂ ਨਾਲ ਵਧਦਾ ਗਿਆ; ਮਾਨੋਂ ਇਹ ਘਟਨਾਂ ਇਕ ਇਤਿਹਾਸਿਕ ਅਤਿ ਜ਼ਰੂਰੀ ਨੁਕਤਾ ਹੈ ਕਿ ਸਿੱਖੀ ਪ੍ਰਚਾਰ ਅਗਲੇ ਪਰਵਿਰਤ ਖਿਆਲਾਂ ਪਰ ਫਤਹ ਪਾਕੇ ਆਪਣੇ 'ਹਲੀਮੀ ਰਾਜ' ਦੇ ਸਿੱਕੇ ਨੂੰ ਟੋਰਕੇ ਕਾਮਯਾਬ ਹੋ ਗਿਆ।

ਸ਼ਿਵਰਾਤ੍ਰੀ ਦਾ ਮੇਲਾ ੧੪ ਵਦੀ ਫੱਗਣ ਨੂੰ ਹੁੰਦਾ ਹੈ। ਹਰ ਥਾਂ ਤੇ ਪੁਰਾਤਨ ਸਮੇਂ ਤੋਂ ਜੋਗੀਆਂ ਦੇ ਟਿੱਲੇ ਜ਼ਿਲੇ ਜੇਹਲਮ ਪੰਜਾਬ ਵਿਚ ਬੀ ਏਸੇ ਤ੍ਰੀਕ ਨੂੰ ਹੁੰਦਾ ਰਿਹਾ ਹੈ। ਮਹੰਤ ਸ਼ੰਕਰ ਨਾਥ ਜੀ ਝੂਲਣੇ ਮਹਲ ਗੁਰਦਾਸ ਪੁਰ ਵਾਲੇ ਜੀ ਨੇ ਸਾਡੀ ਪੁੱਛ ਦੇ ਉੱਤਰ ਵਿਚ ਲਿਖਿਆ ਸੀ ਕਿ ਕਿਸੇ ਫਾਰਸੀ ਦਸਖਤੀ ਡਾਇਰੀ ਵਿਚ, ਜੋ ਉਹਨਾਂ ਪਾਸ ਹੈ, ਗੁਰੂ ਜੀ ਦਾ ਅੱਚਲ ਜਾਣਾ ਸ਼ਿਵਰਾਤ੍ਰੀ ਦੇ ਮੇਲੇ ਪਰ ਹੀ ਲਿਖਿਆ ਹੈ ਤੇ ਭਾਈ ਗੁਰਦਾਸ ਜੀ ਬੀ ਸ਼ਿਵਰਾਤ ਦੇ ਮੇਲੇ ਤੇ ਹੀ ਜਾਣਾ ਲਿਖਦੇ ਹਨ। ਆਈਨ ਅਕਬਰੀ ਵਿਚ ਬੀ ਲਿਖਿਆ ਹੈ ਕਿ ਅਕਬਰ ਬੀ ਇਸੇ ਮੇਲੇ ਪਰ ਸ਼ਾਮਲ ਹੋਇਆ ਕਰਦਾ ਸੀ। ਸੋ ਇਹ ਮੇਲਾ ੧੪ ਵਦੀ ਫ਼ੱਗਣ ਨੂੰ ਹੀ ਹੁੰਦਾ ਹੈਸੀ, ਪਰ ਹੁਣ ਅੱਚਲ ਵਿਚ ਸ਼ਿਵਰਾਤ ਦਾ ਮੇਲਾ ੧੪ ਵਦੀ ਫੱਗਣ ਨੂੰ ਨਹੀਂ ਲਗਦਾ, ਜਿਸ ਤੋਂ ਸਾਫ ਹੈ ਕਿ ਸਿੱਧਾਂ ਨੂੰ ਉਸ ਮੇਲੇ ਪਰ-ਜਿਸ ਵਿਚ ਉਹਨਾਂ ਨੇ ਸ਼ਬਦ ਸੋਹਿਲੇ ਅੱਗੇ ਗਰਦਨ ਝੁਕਾਈ-ਐਸੀ ਹਾਰ ਆਈ ਕਿ ਮੇਲਾ ਹੀ ਟੁੱਟ ਗਿਆ, ਜੋ ਪੂਰਨ ਹਾਰ ਦੀ ਨਿਸ਼ਾਨੀ ਸੀ। ਜੋ ਮੇਲਾ ਹੁਣ ਅੱਚਲ ਵਿਚ ਹੁੰਦਾ ਹੈ ਇਹ ਸ਼ਿਵਰਾਤ੍ਰੀ ਨੂੰ ਨਹੀਂ ਹੁੰਦਾ, ਇਹ ਕੱਤਕ ਸੁਦੀ ਨੋਮੀ ਦਸਮੀ ਨੂੰ ਹੁੰਦਾ ਹੈ।

{ਅੱਚਲ ਦੀ ਯਾਤ੍ਰਾ ਤੋਂ ਕੀ ਪਤਾ ਮਿਲਦਾ ਹੈ ?}

ਬਟਾਲੇ[1] ਸਟੇਸ਼ਨ ਦੇ ਕੋਲੋਂ ਕਾਦੀਆਂ ਵੱਲ ਨੂੰ ਜੋ ਸੜਕ ਗਿਰਜੇ ਦੇ ਕੋਲੋਂ ਦੀ ਜਾਂਦੀ ਹੈ ਦੋ ਮੀਲ ਤੱਕ ਪੱਕੀ ਹੈ ਤੇ ਅੱਗੇ ਕੱਚੀ ਤੇ ਅਖੀਰ ਇਹ ਪੱਤਣ ਤੇ ਜਾ ਮੁੱਕਦੀ ਹੈ। ਪੱਕੀ ਦੇ ਮੁੱਕਣ ਤੋਂ ਸਵਾ ਮੀਲ ਜਾ ਕੇ ਖੱਬੇ ਪਹਿਆ ਆਉਂਦਾ ਹੈ; ਜੋ ਕੁਛ ਅੰਦਰ ਨੂੰ ਜਾਕੇ ਫੇਰ ਸੜਕ ਦੀ ਸੇਧ ਤੋਂ ਕੁਛ ਤਿਰਛਾ ਅੱਧਾ ਕੁ ਮੀਲ ਜਾਂਦਾ ਹੈ। ਦੂਰੋਂ ਹੀ ਚਿੱਟਾ ਮੰਦਰ ਦਿੱਸਦਾ ਹੈ, ਪਾਸ ਇਕ ਪੁਰਾਣਾ ਥੇਹ ਹੈ। ਥੇਹ ਸੱਜੇ ਹੱਥ ਆਉਂਦਾ ਹੈ, ਇਹ ਥੇਹ ਉਸ ਨਗਰ ਦਾ ਹੈ ਜੋ 'ਬਟੂਆ ਬਨਾਰਸ' ਨਾਮੇ ਏਥੇ ਵਸਾਇਆ ਗਿਆ ਦੱਸਦੇ ਹਨ। ਖੱਬੇ ਹੱਥ ਤਲਾਉ ਹੈ, ਥੇਹ ਤੇ ਤਲਾ ਦੇ ਵਿਚਕਾਰ ਰਾਹ ਹੈ। ਥੇਹ ਦੇ ਮੁੱਢ ਵਿਚ ਹੀ ਇਕ ਤੇ ਅਖੀਰ ਪਰ ਬੀ ਇਕ ਪੁਰਾਣਾ ਖੂਹ ਹੈ। ਇਧਰ ਤਲਾ ਵਿਚਕਾਰ ਸ਼ਿਵਾਲਾ ਹੈ; ਪਰ ਅੱਚਲੇਸ੍ਵਰ ਮਹਾਰਾਜ ਦਾ ਮੰਦਰ ਤਲਾ ਦੇ ਕਿਨਾਰੇ ਪਰ ਹੈ, ਜਿਸ ਤੋਂ ਅੱਚਲ ਨਾਮ ਪਿਆ ਹੈ। ਇਕ ਰਵਾਇਤ ਹੈ ਕਿ ਇਹ ਅੱਚਲ ਟਿਕਾਣਾ

---

[1] ਸਾਰੇ ਅਰਥਾਂ ਦੇ ਸਮਝਣ ਲਈ ਪੜ੍ਹੋ 'ਸਿੱਧ ਗੋਸ਼ਟਿ ਸਟੀਕ' ਖਾਲਸਾ ਟ੍ਰੈਕਟ ਸੁਸਾਇਟੀ ਸ੍ਰੀ ਅੰਮ੍ਰਿਤਸਰ ਵਾਲੀ।

[1] ਬਟਾਲਾ ਰਾਮ ਦੇਉ ਭੱਟੀ ਰਾਜਪੂਤ ਨੇ ੧੪੬੫ ਈ: ਦੇ ਲਗ ਪਗ ਤਾਤਾਰ ਖਾਂ ਸੂਬਾ 'ਲਾਹੌਰ ਤੋਂ ਥਾਂ ਪ੍ਰਾਪਤ ਕਰਕੇ ਵਸਾਇਆ ਸੀ।


ਸ੍ਵਾਮਿ ਕਾਰਤਿਕ, ਸ਼ਿਵਾਂ ਦੇ ਪੁੱਤ੍ਰ, ਦਾ ਹੈ, ਜੋ ਪ੍ਰਿਥਵੀ ਦੀ ਪ੍ਰਕਰਮਾਂ ਕਰਕੇ ਏਥੇ ਆ ਟਿਕਿਆ ਸੀ। ਦੂਸਰੇ ਇਹ ਕਿ ਅਚਲੇਸ਼੍ਵਰ ਮਹਾਰਾਜ (ਸ਼ਿਵ) ਦਾ ਮੰਦਰ ਹੈ। ਕੁਛ ਕੱਚਾ ਜਿਹਾ ਖ਼ਾਕਾ ਉਸ ਟਿਕਾਣੇ ਦਾ ਇਸ ਪ੍ਰਕਾਰ ਹੋ ਸਕਦਾ ਹੈ:-

## ਅੱਚਲ ਵਟਾਲੇ ਦਾ ਕੱਚਾ ਖ਼ਾਕਾ

ਵੇਰਵਾ

ਟਿਕਾਣੇ ਸਮਝਣ ਲਈ ਖ਼ਾਕੇ ਵਿਚ ਜੋ ਅੰਕ ਦਿੱਤੇ ਹਨ ਉਹਨਾਂ ਦਾ ਤਰਤੀਬ ਵਾਰ ਵੇਰਵਾ ਇਹ ਹੈ:-

੧. ਗੁਰਦੁਆਰੇ ਦੀ ਡੇਉਢੀ।
੨. ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦਾ।
੩. ਥੜਾ ਤੇ ਬੇਰ, ਜਿੱਥੇ ਬੈਠਕੇ ਸਿੱਧ ਗੋਸ਼ਟਿ ਹੋਈ।
੪. ਦਾਲਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਦਾ।
੫. ਲੰਗਰ ਤੇ ਮਕਾਨ ਰਿਹੈਸ਼ੀ ਪੁਜਾਰੀਆਂ ਗੁਰਦੁਆਰਾ।
੬. ਸ਼ਿਵਾਲਾ।
੭. ਅਚਲੇਸ਼੍ਵਰ ਦਾ ਸਨਾਤਨ ਮੰਦਰ।
੮. ਰਾਮ ਦਿਆਲ ਦਾ ੧੦੧ ਸ਼ਿਵਾਲਾ।
੯. ਦੋ ਗਊ ਘਾਟ।
੧੦. ਡੇਉਢੀ ਤੇ ਰਸਤਾ।
੧੧. ਤਲਾਉ।
੧੨. ਬਾਉਲੀ। ਹੋਰ ਗੋਲ ਚੱਕਰ ਵਾਲੇ ਹਨ ਖ਼ੂਹ।
੧੩. ਰਸਤਾ ਵਟਾਲਾ ਸੜਕ ਤੋਂ ਅੱਚਲ ਜਾਣ ਦਾ।
੧੪. ਵਟਾਲੇ ਦੀ ਸੜਕ।
... ਪੁਰਾਣੇ ਥੇਹ। ਕੰਡਰ।




-o-

(੧) ਤਾਲਾਬ ਤੇ ਇਸ ਦੇ ਵਿਚਕਾਰ ਦਾ ਮੰਦਰ ਵੇਖਕੇ ਖਿਆਲ ਆਉਂਦਾ ਹੈ ਕਿ ਸ਼ਾਇਦ ਸਨਾਤਨ ਟਿਕਾਣਾ ਅਚਲੇਸ਼੍ਵਰ ਦਾ ਇਹ ਹੈ, ਪਰ ਇਹ ਨਵਾਂ ਮੰਦਰ ਹੈ, ਜੋ ਕਿਸੇ ਪੁਰਾਣੇ ਮੰਦਰ ਦੀ ਨੀਂਹ ਪਰ ਨਹੀਂ ਸਾਜਿਆ ਗਿਆ, ਪਰ ਸਾਰਾ ਹੀ ਨਵਾਂ ਉਸਾਰਿਆ ਹੈ, ਜਿਸ ਨੂੰ ਬਣਿਆਂ ੬੪ ਬਰਸ ਹੋਏ[੧] ਹਨ। ਇਸ ਪਰ ਇਸ ਵੇਲੇ ਤਕ ਇਕ ਪੱਥਰ ਲੱਗਾ ਹੋਇਆ ਹੈ, ਜਿਸ ਪਰ ਲਿਖਿਆ ਹੈ ਕਿ ਇਹ ਸ਼ਿਵਾਲਾ ਤਾਲਾਬ ਤੇ ਬਾਗ ਰਾਮ

[੧] ਇਹ ਖੋਜ ੧੯੭੫ ਬਿ:(੧੯੧੯ ਈ) ਵਿਚ ਕੀਤੀ ਗਈ ਸੀ।

ਦਿਆਲ ਭੰਡਾਰੀ ਨੇ ੧੯੧੧ ਬਿ: ਵਿਚ ਬਣਾਇਆ। ਤਾਲਾਬ ਦੀਆਂ ਪੌੜੀਆਂ ਤੇ ਪੌੜ ਇਸ ਤੋਂ ਮਗਰੋਂ ਢਹਿਕੇ ਫੇਰ ਪੱਕੀਆਂ ਬਣੀਆਂ ਹਨ, ਜੋ ਲਾਗੇ ਦੇ ਪਿੰਡਾਂ ਦੇ ਚੰਦੇ ਤੋਂ ਬਣੀਆਂ ਹਨ। ਗਊ ਘਾਟ ਅਜੇ ਪੱਕੇ ਨਹੀਂ ਹੋਏ।

ਇਸ ਤਾਲ ਦੇ ਅੰਦਰ ੧੦੧ ਸ਼ਿਵਲਿੰਗ ਰਖੇ ਹਨ ਤੇ ਕੰਧਾਂ ਨਾਲ ਕੁਛ ਸੰਗ ਮਰਮਰ ਦੇ ਬੁਤ ਧਰੇ ਹਨ ਤੇ ਕੁਛ ਚੂਨੇ ਦੇ ਕੰਮ ਦੀਆਂ ਮੂਰਤੀਆਂ ਹਨ। ਪਰਕਰਮਾਂ ਵਿਚ ਕੰਧਾਂ ਪਰ ਰੰਗਾ ਰੰਗੀ ਤਸਵੀਰਾਂ ਵਾਹੀਆਂ ਹਨ, ਜਿਨ੍ਹਾਂ ਵਿਚੋਂ ਇਕ ਗੁਰੂ ਜੀ ਦੀ ਹੈ। ਪੱਕੇ ਤਲਾ ਦੀ ਪੱਛੋਂ ਉੱਤਰ ਦੀ ਦਿਸ਼ਾ ਵਲ ਦੂਰ ਤਾਈਂ ਨਸ਼ੇਬ ਹੈ, ਜਿਸ ਤੋਂ ਮਲੂਮ ਹੁੰਦਾ ਹੈ ਕਿ ਤਲਾ ੧੯੧੧ ਤੋਂ ਪੁਰਾਣਾ ਹੈ ਤੇ ਆਸੇ ਪਾਸੇ ਦੇ ਪਾਣੀ ਦੇ ਢਲਕੇ ਕੱਠੇ ਹੋਣ ਦੀ ਥਾਂ ਹੈ। ਤਲਾ ਦੇ ਕਿਨਾਰੇ ਪਰ ਛੋਟਾ ਜਿਹਾ ਅਚਲੇਸ਼੍ਵਰ ਮੰਦਰ ਹੈ। ਜਿਸ ਵਿਚ ਸ਼ਿਵਲਿੰਗ ਗੱਡੇ ਹਨ ਤੇ ਕੁਛ ਪੱਥਰ ਦੀਆਂ ਛੋਟੀਆਂ ਵਡੀਆਂ ਮੂਰਤੀਆਂ ਧਰੀਆਂ ਹਨ। ਇਸ ਮੰਦਰ ਦੇ ਪਿੱਛੇ ਦੋ ਹੋਰ ਮੱਠ ਹਨ, ਇਨ੍ਹਾਂ ਤ੍ਰੈਆਂ ਦੀ ਇਮਾਰਤ ਦਾ ਰੰਗ ਪੁਰਾਤਨ ਨਹੀਂ ਜਾਪਦਾ, ਪਰ ਢੰਗ ਪੁਰਾਣਾ ਹੈ। ਰਵਾਇਤ ਹੈ ਕਿ ਪੁਰਾਣਾ ਮੰਦਰ ਔਰੰਗਜ਼ੇਬ ਨੇ ਗਿਰਵਾ ਦਿੱਤਾ ਸੀ ਤੇ ਸ਼ਿਵਲਿੰਗ ਕੁਹਾੜੇ ਨਾਲ ਤੁੜਵਾਇਆ ਸੀ। ਹੁਣ ਦੇ ਏਹ ਗੁੰਬਦ ਮਗਰੋਂ ਮਿਸਲਾਂ ਵੇਲੇ ਬਣੇ ਜਾਪਦੇ ਹਨ। ਇਥੋਂ ਅੱਗੇ ਤਲਾ ਦੇ ਕਿਨਾਰੇ ਤੋਂ ਥੋੜੇ ਜਿਹੇ ਕਦਮਾਂ ਤੇ ਕੁਛ ਉਚਿਆਈ ਪਰ ਗੁਰਦੁਆਰਾ ਹੈ, ਜਿਸ ਦੀ ਡਿਓਡੀ ਲੰਘਕੇ ਅੰਦਰ ਵਿਹੜੇ ਵਿਚ ਪੱਕਾ ਥੜਾ ਹੈ, ਜਿਸ ਦੀ ਪੂਰਬੋਤਰ ਦਿਸ਼ਾ ਵਲ ਕੰਧ ਦੇ ਨਾਲ ਬੇਰ ਹੈ, ਜੋ ਪੁਜਾਰੀ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਹੱਥਾਂ ਦੀ ਲਾਈ ਹੋਈ ਹੈ। ਅੱਗੇ ਇਕ ਦਾਲਾਨ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਦੱਖਣ ਪੱਛੋਂ ਦੀ ਖਾਹੀ ਵਲ ਪੁਜਾਰੀ ਸਿੰਘਾਂ ਦੇ ਘਰ ਹਨ, ਜਿਥੇ ਗੁਰਦੁਆਰੇ ਦਾ ਲੰਗਰ ਬੀ ਹੈ ਜੋ ਗਿਰ ਰਿਹਾ ਹੈ। ਪਰੇ ਵਾਰ ਇਕ ਬੂਹਾ ਖੁਲ੍ਹਦਾ ਹੈ, ਜਿਸ ਦੇ ਬਾਹਰ ਇਕ ਦੁਹਰਟਾ ਖੂਹ ਚਲਦਾ ਹੈ, ਜੋ ਕਦੇ ਬਾਉਲੀ ਸੀ। ਬਾਉਲੀ ਦੀਆਂ ਪਉੜੀਆਂ ਤੇ ਛੱਤ ਢਹਿ ਕੇ ਦਬ ਚੁਕੀ ਹੈ, ਖੰਡਰ ਮੌਜੂਦ ਹੈ ਤੇ ਹੋਰ ਨਿਸ਼ਾਨ ਬੀ ਹਨ ਕਿ ਬਾਉਲੀ ਕਦੇ ਵਲਗਣ ਵਿਚ ਸੀ ਤੇ ਗੁਰਦੁਆਰੇ ਦਾ ਹਿੱਸਾ ਸੀ। ਬਾਉਲੀ ਜਿਥੇ ਪਾਣੀ ਦੇ ਡਲ ਤੇ ਖੁਲ੍ਹਦੀ ਹੈ, ਉਹ ਬਾਰੀ ਸਲਾਮਤ ਹੈ ਤੇ ਖੂਹ ਤੋਂ ਨਜ਼ਰ ਆਉਂਦੀ ਹੈ। ਗੁਰੂ ਬਾਬੇ ਦੇ ਅਸਥਾਨਾਂ ਤੇ ਹੋਰ ਥਾਈਂ ਬੀ ਅਕਸਰ ਬਾਉਲੀਆਂ ਹਨ, ਤੇ ਇਹ ਓਸੇ ਤਰ੍ਹਾਂ ਦੀ ਇਕ ਹੈ ਜੋ ਹੁਣ ਬਾਉਲੀ ਨਹੀਂ ਰਹੀ, ਪਰ ਉੱਦਮ ਨਾਲ ਫੇਰ ਹੋ ਸਕਦੀ ਹੈ।

ਗੁਰਦੁਆਰੇ ਦੇ ਅੰਦਰ ਵਿਹੜੇ ਵਿਚ ਜੋ ਥੜਾ ਬੇਰ ਹੇਠ ਹੈ ਇਹ ਹੈ ਥਾਂ ਜਿਥੇ ਗੁਰੂ ਬਾਬਾ ਜੀ ਬੈਠੇ ਸਨ ਤੇ ਸਿੱਧਾਂ ਆਕੇ ਇਹ ਚਰਚਾ ਕੀਤੀ ਸੀ। ਇਹ ਗੱਲ ਉਥੋਂ ਪੁੱਛਿਆਂ ਗਿੱਛਿਆਂ ਸਭ ਤੋਂ ਹੁਣ ਤਕ ਸਾਖ ਮਿਲਦੀ ਹੈ। ਦੂਜੀ ਗੱਲ ਤ੍ਰੈਆਂ ਥਾਂਵਾਂ ਦੇ ਪੁਜਾਰੀਆਂ ਤੋਂ ਪਤਾ ਕਰਨ ਤੋਂ ਇਹ ਮਿਲੀ ਹੈ ਕਿ ਸ਼ਿਵਰਾਤ੍ਰੀ ਦਾ ਮੇਲਾ ਗੁਰੂ ਜੀ ਦੇ ਸਿੱਧਾਂ ਪਰ ਫਤਹ ਪਾਉਣ ਤੋਂ ਬਾਦ ਨਹੀਂ ਲੱਗਾ, ਗੁਰੂ ਨਾਨਕ ਦੇਵ ਆਪ ਉਹ ਬੰਦ ਕਰ ਗਏ। ਨਾਵੀਂ ਦਸਵੀਂ ਕੱਤਕ ਦਾ ਮੇਲਾ ਮਗਰੋਂ ਚੱਲਿਆ ਹੈ। ਇਕ ਪੁਰਾਤਣ ਬਿਰਧ ਨੇ ਦੱਸਿਆ ਕਿ ਨਾਂਵੀਂ ਦਸਵੀਂ ਦਾ ਮੇਲਾ ਗੁਰਦੁਆਰੇ ਦਾ ਮੇਲਾ ਹੈ ਤੇ ਸਿਖਾਂ ਨੇ ਸਤਿਗੁਰ ਦੇ ਪਿਆਰ ਵਿਚ ਲਾਇਆ ਸੀ ਤੇ ਮੰਦਰ ਨਾਲੋਂ ਨਾਲ ਹੋਣ ਕਰਕੇ ਮੇਲਾ ਸਾਂਝਾ ਹੋ ਗਿਆ। ਹਰ ਮੱਸਿਆ ਨੂੰ ਬੀ ਨਿੱਕਾ ਜਿਹਾ ਮੇਲਾ ਲਗਦਾ ਹੈ। ਇਕ ਗੱਲ ਵਿਚਾਰ ਵਾਲੀ ਇਹ ਹੈ ਕਿ ਤਲਾ ਅੰਦਰਲੇ ਸ਼ਿਵਾਲੇ ਦੀਆਂ ਪਰਕਰਮਾਂ ਦੀ ਕੰਧ ਪਰ ਇਕ ਰੰਗਦਾਰ ਤਸਵੀਰ ਖਿੱਚੀ ਹੈ, ਗੁਰੂ ਨਾਨਕ ਜੀ ਅਪਣੇ ਆਸਣ ਤੇ ਬੈਠੇ ਹਨ ਤੇ ਸਾਹਮਣੇ ਤੇ ਆਸੇ ਪਾਸੇ ਸਿੱਧ ਬੜੇ ਅਦਬ ਨਾਲ ਬੈਠ ਰਹੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਜੀ ਦੀ ਬਿਜੈ ਅਰ ਸਿੱਧਾਂ ਦਾ ਉਹਨਾਂ ਦੀ ਬਜ਼ੁਰਗੀ ਦੇ ਕਾਇਲ ਤੇ ਸ਼ਰਨ ਲੈਣ ਦਾ ਵਾਕਯਾ ੧੯੧੧ ਬਿ: ਤੱਕ ਇਸ ਤਰ੍ਹਾਂ ਲੋਕਾਂ ਦੇ ਦਿਲਾਂ ਤੇ ਨਕਸ਼ ਸੀ ਕਿ ਸ਼ਿਵ ਉਪਾਸਕ ਰਾਮ ਦਿਆਲ, ਜੋ ਸ਼ਿਵ ਮਤ ਦਾ ਆਦਰ ਕਰਦਾ ਹੈ, ਉਹ ਆਪਣੇ ਇਸ਼ਟ ਦੇਵ ਦੇ ਮੰਦਰ ਦੀ ਕੰਧ ਪਰ ਗੁਰੂ ਸਾਹਿਬ ਦੀ ਫਤਹ ਦ੍ਰਿਸ਼ਟਾਉਣ ਵਾਲੀ ਤਸਵੀਰ ਬਣਾਉਂਦਾ ਹੈ।

ਇਕ ਬਸਤੀ ਰਾਮ ਬ੍ਰਾਹਮਨ ਨੇ ੧੯੧੭ ਈ: ਵਿਚ 'ਅਚਲੇਸ਼੍ਵਰ ਮਹਾਤਮ' ਗੀਤ ਛਾਪਿਆ ਹੈ, ਏਸ ਵਿਚ ਬੀ ਓਹ ਸਿੱਧਾਂ ਪਰ ਗੁਰੂ ਨਾਨਕ ਦੇਵ ਜੀ ਦੀ ਫਤਹ ਪਾਉਣ ਨੂੰ ਇਸਤਰ੍ਹਾਂ ਲਿਖਦਾ ਹੈ:-

ਸਿਧਾਂ ਨੇ ਅੱਚਲ ਬ੍ਰਹਮ ਰੂਪ ਦੇਖਿਆ।
ਗੁਰੂ ਨਾਨਕ ਦੇ ਤਾਈਂ ਮੱਥਾ ਟੇਕਿਆ।

ਇਸੇ ਤਰ੍ਹਾਂ ਓਥੇ ਮਿਲੇ ਲੋਕ ਦੱਸਦੇ ਹਨ, ਜਿਸ ਤੋਂ ਸਪਸ਼ਟ ਹੈ ਕਿ ਚਾਰ ਸੌ ਬਰਸ ਦਾ ਵਾਕਿਆ ਅੱਜ ਤੱਕ ਸਿਖਾਂ ਤੋਂ ਸਿਵਾ ਬ੍ਰਾਹਮਣਾ, ਜੋਗੀਆਂ ਤੇ ਸ਼ਿਵ ਉਪਾਸਕਾਂ ਵਿਚ ਬੀ ਯਾਦ ਚਲਾ ਆਉਂਦਾ ਹੈ ਕਿ ਗੁਰੂ ਜੀ ਨੇ ਸਿੱਧਾਂ ਨੂੰ ਇਥੇ ਆਤਮ ਸ਼ਕਤਿਆ ਵਿਚ ਜਿੱਤ ਲਿਆ ਸੀ, ਜੋ ਭਾਈ ਗੁਰਦਾਸ ਜੀ ਦੀ ਤੇ ਸਿੱਧ ਗੋਸ਼ਟ ਦੀ ਤੇ ਜਨਮ ਸਾਖੀਆਂ ਦੀ ਦਿੱਤੀ ਉਗਾਹੀ ਦੀ ਇਕ ਭਾਰੀ ਪੁਸ਼ਟੀ ਹੈ। ਸਿੱਧ ਗੋਸ਼ਟ ਨੂੰ ਇਹ ਮਾਣ ਪ੍ਰਾਪਤ ਹੈ ਕਿ ਜਿੱਥੇ ਇਹ ਹੋਈ ਉਹ ਟਿਕਾਣਾ ਹੁਣ ਤੱਕ ਅੰਕਿਤ ਹੈ।

-o-

## ੮੩. ਮੁਲਤਾਨ।[੧]

ਇਸ ਅੱਚਲ ਵਟਾਲੇ ਦੇ ਮੇਲੇ ਵਿਚ ਪੰਜਾਬ ਨੂੰ ਸਿੱਧਾਂ ਦੇ ਅਸਰ ਤੋਂ ਸਦਾ ਲਈ ਜਿੱਤ ਕੇ ਸ੍ਰੀ ਗੁਰੂ ਜੀ ਮੁਲਤਾਨ ਵਲ ਟੁਰੇ।

ਅੱਗੇ ਮੁਲਤਾਨ ਵਿਚ ਸੁਣਾਦਿਆਂ ਸਾਰੇ ਪੀਰਾ ਫਕੀਰਾਂ ਨੂੰ ਘਬਰਾ ਪੈ ਗਿਆ।

'ਪੀਰੀ ਪੁਰ ਮੁਲਤਾਨ, ਡੌਂਡੀ ਸਾਰੇ ਫਿਰ ਗਈ:-
'ਸਾਰੇ ਪੀਰ ਸੁਜਾਨ ਆਓ, ਮਤਾ ਪਕਾਵਨਾ।
'ਗੁਰ ਨਾਨਕ ਮਹਾਂਰਾਜ ਤੁਰਿਆ ਏਥੇ ਆ ਗਿਆ।
'ਬਣਿਆ ਸਾਜ ਸਮਾਜ ਸਾਡਾ ਉਸਨੇ ਖੁਹਵਣਾ।
'ਸੋਚੋ ਕੁਈ ਉਪਾਉ ਪੂਜਾ ਸਾਡੀ ਜੇ ਬਚੇ।
'ਪੀਰੁ ਫਕੀਰੋ ਆਉ, ਸ਼ਾਮਾਂ ਵੇਲੇ ਆ ਜੁੜੋ'।
ਸੋਚਾਂ ਕਈ ਦੁੜਾਨ ਸਾਰੇ ਕੱਠੇ ਜਦ ਹੁਏ। "ਸਹਜੂ'
ਭਗਤ ਸੁਜਾਨ ਸੋਚ ਸੋਚ ਕੇ ਆਖਦਾ।
'ਦੁੱਧ ਕਟੋਰਾ ਆਨ ਭਰ ਲਬ ਤਾਈਂ ਘੱਲੀਏ।
'ਤਜਾਗੀ ਪੁਰਖ ਮਹਾਨ ਸਤਿਗੁਰ ਨਾਨਕ ਸੁਣੀਂਦਾ।
'ਮਤਲਬ ਲਊ ਸਿਆਣ, ਆਪੇ ਹੀ ਟੁਰ ਜਾਇਗਾ।
'ਜੇ ਲਾਲਚ ਵਿਚ ਆਨ ਏਥੇ ਰਹਿ ਗਿਆ,
'ਫਿਰ ਹੋਕੇ ਇਕ ਜਾਨ ਵਖਤ ਓਸ ਨੂੰ ਪਾਵੀਏ'।
ਸੋ ਏ ਮਤਾ ਪਕਾਨ ਛੰਨਾ ਭਰ ਕੇ ਦੁੱਧ ਦਾ
ਸਤਿਗੁਰ ਪਾਸ ਲਿਜਾਨ ਚੁਣਵੇਂ ਪੀਰ ਫਕੀਰ ਓ।
ਅੱਗੇ ਜਾਇ ਟਿਕਾਣ ਦੁੱਧ ਕਟੋਰਾ ਮਲਕੜੇ।
ਦੁੱਧ ਦਾ ਕਟੋਰਾ ਆਯਾ ਪੀਰਾਂਦੀ ਸੁਗਾਤ ਭਾਰੀ,
ਵੇਖ ਗੁਰੂ ਨਾਨਕ ਉਸ ਦੁੱਧ ਤਾਈਂ ਹੱਸਿਆ।
ਫੁੱਲ ਲੈ ਚੰਬੇਲੀ ਸੰਦਾ ਮਲਕੜੇ ਟਿਕਾਂਵਦਾ ਨੀ,
ਦੁੱਧ ਉਤੇ ਫੁੱਲ ਸੁਹਣਾ ਬੈਨਕੇ ਮਰੱਸਿਆ।
ਫੁੱਲਾਂ ਵਾਲਾ ਮੇਲ ਸਾਡਾ ਦੁੱਖਣਾ ਦੁਖਾਵਣਾ ਨਾ,
ਪੀਰਾਂ ਤਾਈਂ ਗੁਰੂ ਜੀ ਨੇ ਭਾਵ ਐਉਂ ਦੱਸਿਆ।
ਰੱਬ ਨਿਰਵੈਰ, ਸੰਤ ਵੈਰ ਰਹਿਤ ਲੋੜੀਏ ਜੀ, ਜੀਵ
ਜੀਵ ਵਿਚ ਪਜਾਰ ਚਾਹੀਦਾ ਹੈ ਰੱਸਿਆ।
ਦੇਖ ਚੰਬੇਲੀ ਦੁੱਧ ਪੀਰ ਸਾਧ ਸਭ ਨਿਉਂ ਗਏ[੨]।
ਜਾਗ ਪਈ ਸਭ ਸੁੱਧ ਨਾਨਕ ਤਾਂ ਨਿਰਵੈਰ ਹੈ-।
ਪੀਰ ਬਹਾਵਲ ਹਕ ਸ਼ਾਹ ਸ਼ਰਫ ਵੀ ਨਾਲ ਹੀ,
ਅਬਦੁਲਕਾਦਰ ਤੱਕ ਨਾਲ ਸੁਹਾਗਣ ਪੀਰ ਹੈ,
ਰਤਨ ਨਾਥ ਜੋਗੇਸ਼-ਸਹਿਜੂ ਭਗਤ ਸਿਆਨੜਾ,
ਪੈਰੀਂ ਪਏ ਅਦੇਸ ਕਿੰਨੇ ਹਨਗੇ ਆਖਦੇ।
ਪੀਰ ਫਕੀਰ ਅਮੀਰ ਓਥੇ ਹੀ ਫਿਰ ਆ ਜੁੜੇ,
ਸਤਿਗੁਰ ਧਰਮ ਸੁਧੀਰ-ਮਿਲਦੇ ਆਦਰ ਪਜਾਰਦੇ।
ਮਿੱਠੀ ਸੁਰ ਦੀ ਚਾਲ ਗੁਰ ਨਾਨਕ ਤਦ ਗਾਂਵਿਆਂ।
ਵਾਕ ਪਜ਼ਾਰ ਦੇ ਨਾਲ, ਸੁਣੋ ਤਾਂ ਭੌਜਲ ਕੱਟੀਏ:-

"ਜੈਸੇ ਜਲ ਮਹਿ ਕਮਲ ਨਿਰਾਲਮੁ
ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ
ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥"

ਸੁਣਕੇ ਸਾਰੇ ਪੀਰ ਮਤਲਬ ਗੁਰ ਦਾ ਲਖ ਗਏ:
ਵਾਂਗ ਚੰਬੇਲੀ ਸ਼ੀਰ ਏ ਗੁਰ ਬੜਾ ਅਲੇਪ ਹੈ।

---

[੧] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੯ ਦੇ ਗੁਰਪੁਰਬ ਪੁੰਨਮ (੧੯੧੭ ਈ) ਨੂੰ ਖਾ: ਸਮਾਚਾਰ ਵਿਚ ਪ੍ਰਕਾਸ਼ਿਆ ਸੀ।

[੨] ਯਥਾ-ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜਾਰਿਤ ਜਾਈ। ਅੱਗੇ ਪੀਰ ਮੁਲਤਾਨ ਦੇ ਦੁੱਧਿ ਕਟੋਰਾ ਭਰ ਲੈ ਆਈ। ਬਾਬੇ ਕੱਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ। ਜਿਉਂ ਸਾਗਰ ਵਿਚ ਗੰਗ ਸਮਾਈ ॥੪੪॥ {ਵਾ: ਭਾ: ਗੁ:੧}

ਛਿੜਿਆ ਫੇਰ ਰਬਾਬ ਸੁਹਣਾ ਮਿੱਠਾ ਵੱਜਣਾ, ਅਰਸ਼ੀ ਹੋਇਆ ਨਾਦ ਸੁਹਣੇ ਗੁਰ ਦੇ ਗਲੇ ਤੋਂ।

"ਅੰਤਰਿ ਵਸੈ ਨ ਬਾਹਰਿ ਜਾਇ ॥
ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥
ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ
ਚਾਕਰ ਸਾਚੇ ਕੇਰੇ ॥੧॥ ਰਹਾਉ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥
ਸੇਵਾ ਕਰੇ ਸੁ ਚਾਕਰ ਹੋਇ ॥ ਜਲਿ ਥਲਿ
ਮਹੀਅਲਿ ਰਵਿ ਰਹਿਆ ਸੋਇ ॥੩
ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ॥੪॥੧॥੨॥

{ਸੂਹੀ ਮ: ੧}

ਠੰਢ ਪਈ ਦਿਲਸ਼ਾਦ ਹੋਸ਼ ਸਾਰਿਆਂ ਆ ਗਈ। ਬਖਸ਼ੀ ਹੱਬੀ ਯਾਦ ਸਤਿਗੁਰ ਯਾਦ ਕਰਾਂਵਦਾ। ਮਨ ਅੰਦਰ ਜੋ ਮਾਨ ਹਉਂ ਤੋਂ ਬਾਹਰ ਕੱਢਕੇ, ਸਭ ਨੇ ਲੀਤਾ ਜਾਣ-ਨਾਨਕ ਧੁਰ ਤੋਂ ਹੈ ਗੁਰੂ, ਦੇਂਦਾ ਹੈ ਜੀਅ-ਦਾਨ ਸਭ ਨੂੰ ਆਪ ਅਮੁੱਲਵਾਂ। ਇਉਂ ਵੰਡਕੇ ਕਲਜਾਨ ਸਤਿਗੁਰ ਓਥੋਂ ਟੁਰ ਪਏ।

ਅਸਲ ਬਾਤ ਇਹ ਸੀ ਕਿ ਮੁਲਤਾਨ ਵਿਚ ਵੀ ਅੱਚਲ ਵਟਾਲੇ ਵਾਂਙ ਪੀਰਾਂ ਫਕੀਰਾਂ ਦਾ ਇਕੱਠ ਹੋਇਆ ਕਰਦਾ ਸੀ ਤੇ ਗੁਰ ਨਾਨਕ ਦੇਵ ਜੀ ਦੇ ਨਵੇਂ ਚਲਾਏ ਸੱਚ ਤੇ ਸੁੱਚ ਦੀ ਟੇਕ ਤੇ ਖੜੇ ਹੋਏ ਰੱਬੀ ਪਿਆਰ ਵਾਲੇ ਤਰੀਕੇ ਅੱਗੇ ਆਪਣੇ ਮੁਰੀਦਾਂ ਦੇ ਹੱਥੋਂ ਨਿਕਲਣ ਤੋਂ ਠੱਲ੍ਹ ਪਾਉਣ ਦਾ ਉਹਨਾਂ ਵਲੋਂ ਆਖਰੀ ਉਪਰਾਲਾ ਵੀਚਾਰਿਆ ਜਾ ਰਿਹਾ ਸੀ, ਜਿਸ ਵਿਚ ਸਤਿਗੁਰ ਦੇ ਪਿਆਰ, ਸੱਚੇ ਵਾਹਿਗੁਰੂ ਪ੍ਰੇਮ ਤੇ ਉੱਚੇ ਰੂਹਾਨੀ ਅਸਰ ਨੇ ਸਭ ਨੂੰ ਨਿਵਾ ਲਿਆ ਤੇ ਸਭਨਾਂ ਨੇ ਉਹਨਾਂ ਨੂੰ ਰੱਬ ਵਲੋਂ ਸਮਝਕੇ ਸਿਰ ਝੁਕਾਇਆ। ਕਿਉਂਕਿ ਇਥੇ ਉੱਚ ਵਾਲੇ ਤੇ ਸ਼ੇਖ ਬ੍ਰਾਹਮ ਤੇ ਵਲੀ ਕੰਧਾਰੀ, ਪਾਣੀਪਤ, ਸਰਸੇ ਤੋਂ ਤੇ ਹੋਰ ਸਤਿਗੁਰ ਤੋਂ ਰੂਹਾਨੀਅਤ ਦੀ ਜੀਵਣ ਕਣੀ ਪਾ ਚੁਕੇ ਫਕੀਰ, ਬੀ ਆਏ ਹੋਏ ਸਨ, ਇਸ ਲਈ ਗੁਰ ਨਾਨਕ ਜੀ ਦਾ ਸੱਚ ਤੇ ਸ਼ਬਦ ਦਾ ਆਦਰਸ਼ ਸਭ ਨੇ ਤਸਲੀਮ ਕੀਤਾ। ਉਸ ਵੇਲੇ ਦਾ ਜੋ ਫਕੀਰਾਂ ਵਿਚ ਗੁਰ ਨਾਨਕ ਦਾ ਸਿੱਕਾ ਬੈਠਾ ਹੈ; ਉਹ ਅੱਜ ਤੱਕ ਜਾਰੀ ਰਿਹਾ ਹੈ। ਉਸ ਸਮੇਂ ਤੋਂ ਅੱਜ ਤੱਕ ਦੇ ਸਭ ਸੂਫੀ ਤੇ ਹੋਰ ਬੰਦਗੀ ਦੇ ਮਾਰਗ ਵਾਲੇ ਮੁਸਲਮਾਨ ਫਕੀਰ ਗੁਰੂ ਨਾਨਕ ਨੂੰ ਮਹਾਨ ਉੱਚਾ; ਕਰਨੀ ਵਾਲਾ, ਵਲੀ ਤੇ ਮੁਲਹਕੁੱਲ ਦਾ ਰੂਪ ਮੰਨਦੇ ਚਲੇ ਆਏ ਹਨ।

ਇਸ ਸਿੱਕੇ ਮਾਰਨ ਪਰ ਭਾਈ ਗੁਰਦਾਸ ਜੀ ਮੁਲਤਾਨ ਦੀ ਸਾਖੀ ਮਗਰੋਂ ਇਹ ਆਖਦੇ ਹਨ:-

ਮਾਰਿਆ ਸਿੱਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਇਆ॥

## ਹੁਣ ਰੁਤ ਤ੍ਰੇਲ ਪੈਣ ਦੀ ਆਈ [1]

ਟੇਕ-ਹੁਣ ਰੁਤ ਤ੍ਰੇਲ ਪੈਣ ਦੀ ਆਈ।

ਮੋਰ ਪਪੀਹੇ ਸ਼ੋਰ ਛੱਡਿਆ, ਦਾਦਰ ਚੁੱਪ ਕਰਾਈ,
ਰੋਲਾ ਬੰਦ ਬੱਦਲਾਂ ਕੀਤਾ, ਬਿਜਲੀ ਚਮਕ ਛਿਪਾਈ,
ਹੜ੍ਹ ਆਈਆਂ ਨਦੀਆਂ ਲਹਿ ਤੁਰੀਆਂ, ਪੌਣ ਸਹਿਜ ਘਰ ਆਈ,
ਮਿਠੜੀ ਮਿਠੜੀ ਭਿੰਨੜੀ ਭਿੰਨੜੀ ਤ੍ਰੇਲ ਪਵੇ ਰਸਦਾਈ।
ਭਿੰਨੀ ਰੈਣ ਚੰਦ ਤੇ ਤਾਰੇ ਭਿੰਨੀ ਪਉਣ ਸੁਖਾਈ,
ਮਿਠੜੀ ਠੰਢ ਸੁਹਾਵੀ ਧਰਤੀ ਟਿਕਵੀਂ ਟੇਕ ਟਿਕਾਈ,
ਕਰਦੇ ਮਿਹਰ, ਮਿਹਰ ਦੇ ਮਾਲਿਕ ਤ੍ਰੇਲ ਪੈਣ ਰੁਤ ਆਈ,
ਤ੍ਰੇਲ ਵਾਂਗ ਆ ਸਹਿਜ ਸਹਿਜ ਗੁਰ ਅੱਖੀਂ ਵਿਚ ਸਮਾਈਂ;

[1] ਇਹ ਗੀਤ ਕੱਤਕ ਪੂਰਨਮਾਸ਼ੀ ਸੰ: ਗੁ: ਨਾ: ਸਾ:੪੪੮ (੧੯੧੭ ਈ:) ਨੂੰ ਖਾ: ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਚਿਰੀ ਵਿੱਛੁਨੀ ਦੇ ਉਰ ਆਕੇ ਮਿਠੜੀ ਠੰਢਕ ਪਾਈਂ।
ਸੇਲ੍ਹੀਆਂ ਵਾਲੇ ਅਰਸ਼ੀਂ ਦਾਤੇ ਨੂਰੋਂ ਨੂਰ ਗੁਸਾਈਂ!
ਚੰਦ ਸੂਰ ਸਿੰਘਾਸਣ ਤੇਰੇ ਮੋੜ ਮੁਹਾਣਾਂ ਸਾਈਂ!
ਹੁਣ ਰੁਤ ਤ੍ਰੇਲ ਪੈਣ ਦੀ ਆਈ ਹੁਣ ਨਹੀਂ ਭਲੀ ਜੁਦਾਈ!
ਹੁਣ ਵਿਚ ਬਿਰਹੋਂ ਰੱਖ ਨਸਾਈਂ! ਹੁਣ ਵਿਥ ਮੇਟ ਗੁਸਾਈਂ !
ਹੁਣ ਪਰਦੇਸ਼ ਵਸੋ ਨਾਂ ਪਜਾਰੇ ਹੁਣ ਅੰਙਣ ਰੰਗ ਲਾਈ।
ਹੁਣ ਘਰ ਵਸੋ ਬਹਾਰ ਨਹੀਂ ਜਾਵੋ, ਨੈਣੀਂ ਰਹੋ ਸਮਾਈ।
ਭਿੰਨੀ ਅੱਖ ਅੰਝੂਆਂ ਵਾਲੀ ਦਰਸ਼ਨ ਨਾਲ ਭਿਨਾਈਂ।
ਰਿਮਝਿਮ ਕਰਦੀ ਝਿਮ ਝਿਮ ਵਜਦੀ ਅਪਣਾ ਤਖਤ ਬਨਾਈ।
ਹੁਣ ਰੁਤ ਤ੍ਰੇਲ ਪੈਣ ਦੀ ਆਈ ਹੁਣ ਰੁਤ ਮੇਲ ਸਹਾਈ,
ਹੁਣ ਰੁਤ ਦਰਸ਼ਨ ਵਾਲੀ ਆਈ, ਸਿਕ ਪੂਰਨ ਰੁਤ ਆਈ।
ਤਾਰੇ ਚੰਦ ਨੀਲ ਹਨ ਭਿੰਨੇ ਤ੍ਰੇਲ ਪਵੇ ਸੁਖਦਾਈ
ਤ੍ਰੇਲ ਮੇਲ ਦੀ ਪਵੇ ਨੈਣ ਆ ਨੈਣ, ਰਹਿਣ ਰੰਗ ਲਾਈ,
ਹੁਣ ਰੁਤ ਤ੍ਰੇਲ ਪੈਣ ਦੀ ਆਈ, ਮੇਲ ਲੈਣ ਰੁਤ ਆਈ।
ਮਿਲਕੇ ਕਦੇ ਨ ਵਿਛੁੜਨ ਵਾਲੀ ਮਿਲੇ ਰਹਿਣ ਰੁਤ ਆਈ!
ਮਿਲੋ ਆਣ, ਆ ਮੇਲ ਲਓ ਹੁਣ, ਤ੍ਰੇਲ ਪਏ ਰੰਗ ਲਾਈ,
ਹੁਣ ਰੁਤ ਤ੍ਰੇਲ ਪੈਣ ਦੀ ਆਈ ਤ੍ਰੇਲ ਅਰਸ਼ ਤੋਂ ਆਈ!
ਸ੍ਵਾਦ ਠੰਢ ਠਹਿਰਾਉ ਲਿਆਈ ਰਸ ਭਿੰਨੜੀ ਛਬਿ ਲਜਾਈ,
ਪੈਂਦੀ ਦਿਸਦੀ ਨਾਂਹੀ ਲੋਕੋ! ਤ੍ਰੇਲ ਪਵੇ ਸੁਖਦਾਈ।
ਜਿਉਂ ਜਿਉਂ ਪਵੇ ਸਿੰਜਰੇ ਅੰਦਰ ਰਸ ਠੰਢਾਂ ਵਰਤਾਈ,
ਤ੍ਰੇਲ ਅਰਸ਼ ਤੋਂ ਆਈ ਲੋਕੋ ਅੱਖੀਂ ਲਵੋ ਸਮਾਈ;
ਸਤਿਗੁਰ ਨਾਨਕ ਘੱਲੀ ਆਪੇ ਅਰਸ਼ੋਂ ਟੁਰਕੇ ਆਈ।
ਹੁਣ ਰੁਤ ਤ੍ਰੇਲ ਪੈਣ ਦੀ ਆਈ, ਪੈਂਦੀ ਤਰੇਲ ਸਵਾਈ,
ਪ੍ਰੇਮ ਰੰਗ ਰੰਗੀ ਤੇ ਭਿੰਨੀ! ਪੈਂਦੀ ਤ੍ਰੇਲ ਇਲਾਹੀ।

ਸੂਚਨਾ-ਮੁਲਤਾਨ ਤੋਂ ਟੁਰਕੇ ਗੁਰੂ ਜੀ ਦੇ ਟਿਕਾਣਾ ਕਰਨ ਦਾ ਜੋ ਪ੍ਰਸੰਗ ਮਿਲਦਾ ਹੈ ਸੋ ਜਿਹਲਮ ਦੇ ਜ਼ਿਲੇ ਬਾਲਗੁੰਦਾਈ ਦੇ ਟਿੱਲੇ ਉਤੇ ਹੈ। ਇਹ ਪ੍ਰਸੰਗ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਬਾਲੇ ਵਾਲੀ ਜਨਮਸਾਖੀ ਵਿਚ ਏਸੇ ਟਿਕਾਣੇ ਆਯਾ ਹੈ

## ੮੪. ਬਾਲਗੁੰਦਾਈ[1]।

ਜਿਹਲਮ ਤੋਂ ਟੁਰ ਪਈਏ ਤਾਂ ਪਹਾੜ ਦਾ ਇਕ ਉੱਚਾ ਟਿੱਲਾ ਆਉਂਦਾ ਹੈ, ਕੋਈ ਬਾਰਾਂ ਤੇਹਾਂ ਕੋਹ ਦੀ ਪੰਧ ਹੈ, ਇਸ ਨੂੰ ਆਖਦੇ ਹਨ 'ਬਾਲਗੁੰਦਾਈ[2] ਦਾ ਟਿੱਲਾ'। ਜੋਗੀਆਂ ਦੀ ਸੰਪ੍ਰਦਾਇ ਵਿਚ ਇਕ ਹੋਇਆ ਹੈ ਚੰਗਾ ਮੁਹਣਾ ਜੋਗੀ ਜੋ ਇਸ ਟਿੱਲੇ ਪਰ ਰਿਹਾ ਹੈ! ਇਸੇ ਦੇ ਨਾਮ ਤੇ ਟਿੱਲੇ ਦਾ ਨਾਮ ਪਿਆ ਹੈ। ਇਹ ਸਾਧੂ ਸੀ ਤਾਂ ਜੋਗੀ, ਸੀ ਬੀ ਇਕਾਂਤੀ, ਪਰ ਇਸ ਦਾ ਰੁਖ਼ ਸਿੱਧੀਆਂ ਕਰਾਮਾਤਾਂ ਵਲ ਘੱਟ ਸੀ। ਪਰਉਪਕਾਰ ਇਸ ਨੂੰ ਬਹੁਤ ਭਾਉਂਦਾ ਸੀ, ਆਪਣੇ ਮਾਰਗ ਦਾ ਜਾਣੂ ਸੀ

[1] ਇਹ ਪ੍ਰਸੰਗ ਗੁਰਪੁਰਬ ਪੂੰਨਮ ਸੰ: ਗੁ: ਸਾ: ੪੭੧ (੧੯੪੦ ਈ:) ਨੂੰ ਖਾ: ਸਮਾਚਾਰ ਵਿਖੇ ਪ੍ਰਕਾਸ਼ਤ ਹੋਯਾ ਸੀ।

[2] ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪੰਜਵੀਂ ਰੁਤ ਅੰਸੂ ੩੦ ਵਿਚ ਤੇ ਗੁ: ਨਾ: ਪ੍ਰ: ਵਿਚ ਤੇ ਬਾ: ਵਾ: ਜ: ਸਾਖੀ ਵਿਚ 'ਬਾਲਗੁੰਦਾਈ' ਲਿਖਿਆ ਹੈ। ਆਪ ਬੋਲ ਚਾਲ ਵਿਚ 'ਬਾਲਗੁਦਾਈ' ਬੀ ਕਹਿੰਦੇ ਹਨ।

Page 246
www.sikhbookclub.com

ਪਰ ਹਠ ਨਾਲੋਂ ਰਾਜ ਵਲ ਰੁਖ਼ ਵਧੇਰੇ ਰੱਖਦਾ ਸੀ। ਤਤਿੱਖਜ਼ਾ ਦਾ ਸ਼ੁਕੀਨ ਸੀ, ਆਪ ਭੁੱਖ ਤ੍ਰੇਹ, ਦੁਖ ਸੁਖ ਸਹਿ ਸਕਦਾ ਸੀ, ਪਰ ਪਰਾਈ ਪੀੜਾ ਲਈ ਇਕ ਕੂਲਾ ਦਿਲ ਰੱਖਦਾ ਸੀ। ਲੋਕ ਤਾਂ ਸਿੱਧ[1] ਤੇ ਕਰਾਮਾਤੀ ਸਮਝਦੇ ਸਨ, ਪਰ ਉਹ ਦੂਜੇ ਨੂੰ ਸੁਖ ਦੇਣ ਵਿਚ ਵਧੀਕ ਖੁਸ਼ੀ ਮੰਨਦਾ ਸੀ। ਜਦੋਂ ਇਸ ਭਲੇ ਪੁਰਸ਼ ਦੇ ਪਹਿਲੇ ਤਪ ਹਠ ਦਾ ਸਮਾਂ ਲੰਘ ਗਿਆ ਤੇ ਪ੍ਰਸਿੱਧੀ ਹੋ ਗਈ ਤਾਂ ਮਾਇਆ ਆਉਣ ਲਗ ਪਈ। ਇਸ ਨੇ ਉਸ ਮਾਇਆ ਦਾ ਰੁਖ਼ ਪਰਾਏ ਦੁਖਾਂ ਦੇ ਦੂਰ ਕਰਨ ਵਲ ਮੋੜਿਆ। ਇਸ ਦੀ ਇਹ ਪ੍ਰਸਿੱਧੀ ਸੁਣਕੇ ਇਸ ਟਿੱਲੇ ਤੇ ਆ ਗਏ ਇਕ ਦਿਨ ਘਾਲੀਆਂ ਗਈਆਂ ਘਾਲਾਂ ਨੂੰ ਥਾਂ ਪਾਉਣ ਵਾਲੇ ਤੇ ਅਟਕਾਂ ਕੱਢਣ ਵਾਲੇ ਸਦਾ ਜਾਗਦੇ ਸ੍ਰੀ ਸਤਿਗੁਰ ਨਾਨਕ ਦੇਵ ਜੀ। ਆਪ ਇਸ ਅਤੀਤ ਸਾਧੂ ਦੇ ਆਸ਼੍ਰਮ ਨਹੀਂ ਗਏ, ਕੁਛ ਦੂਰ ਇਕਾਂਤ ਵਿਚ ਬਿਰਾਜ ਰਹੇ। ਹਾਂ, ਬਿਰਾਜ ਰਹੇ ਇਕਾਂਤ ਇਲਾਹੀ ਰੰਗ ਰੱਤੇ ਆਪਣੇ ਮਾਲਕ ਦੇ ਰੰਗ ਵਿਚ ਮਗਨ। ਨੂਰ ਫੁਹਾਰ ਚਿਹਰੇ ਤੋਂ ਝਰ ਰਹੀ ਹੈ ਤੇ ਆਤਮ ਪ੍ਰਭਾਉ ਚੁਫੇਰੇ ਰਸਾਨੰਦ ਦੀ ਬਹਾਰ ਲਾ ਰਿਹਾ ਹੈ ਤੇ ਸਾਈਂ ਮਿਹਰ ਦੀ ਖੁਸ਼ਬੂ ਖਿਲਾਰ ਰਿਹਾ ਹੈ।

ਬਾਲਗੁੰਦਾਈ ਨੂੰ ਕਿਸੇ ਜਾ ਦੱਸਿਆ ਕਿ ਦੋ ਅਤੀਤ ਬਾਹਰ ਉਦਜਾਨ ਵਿਚ ਨਿਜਾਨੰਦ ਵਿਚ ਟਿਕੇ ਬੈਠੇ ਹੋਏ ਹਨ, ਤਪਸ੍ਵੀ ਤੇ ਜੋਗੀ ਜਾਪਦੇ ਹਨ, ਪਰ ਚਿਹਰਿਆਂ ਪਰ ਇਕ ਆਭਾ ਹੈ, ਡਾਢੇ ਸੁਹਾਂ ਵਾਲੀ, ਜੋ ਕਦੇ ਦੇਖਣ ਵਿਚ ਨਹੀਂ ਆਈ। ਸ਼ਾਮਾਂ ਆ ਰਹੀਆਂ ਹਨ, ਬੱਦਲਵਾਈ ਹੈ, ਆਪ ਆਗਯਾ ਦਿਆ ਕਰਦੇ ਹੋ ਕਿ ਮੇਰੇ ਨੇੜੇ ਤੇੜੇ ਕੋਈ ਦੁਖੀ ਨਾ ਹੋਵੇ, ਸੋ ਆਪ ਜੋਗ ਖਬਰ ਦੇਂਦਾ ਹਾਂ ਕਿ ਆਪ ਜੇ ਉਹਨਾਂ ਦੇ ਸੁਖ ਦਾ ਕੋਈ ਉਪਰਾਲਾ ਕਰਨਾ ਚਾਹੋ ਤਾਂ ਸਮਾਂ ਹੈ!

ਬਾਲਗੁੰਦਾਈ ਨੂੰ ਕੀ ਪਤਾ ਸੀ ਕਿ ਅਜ ਕੌਣ ਉਸ ਦੇ ਪਰਉਪਕਾਰ ਦੀ ਸੋਝੀ ਖੋਹਲਣ ਵਾਲਾ ਦਾਤਾ ਆਪ ਆ ਗਿਆ ਹੈ। ਉਸ ਜਾਤਾ ਕਿ ਕੋਈ ਅਤੀਤ ਤੇ ਤਿਆਗੀ ਸਾਧੂ ਹਨ, ਸੋ ਉਸ ਨੇ ਆਪਣੇ ਆਦਮੀਆਂ ਨੂੰ ਘੱਲਿਆ ਕਿ ਜਾਓ ਉਹਨਾਂ ਅਤੀਤ ਸਾਧੂਆਂ ਨੂੰ ਆਦਰ ਨਾਲ ਆਸ਼੍ਰਮ ਵਿਚ ਲੈ ਆਓ। ਜਾਂ ਉਸ ਦੇ ਆਦਮੀ ਪਹੁੰਚੇ ਤਾਂ ਸ੍ਰੀ ਗੁਰੂ ਜੀ ਨੀਲੇ ਨੀਲੇ ਅਕਾਸ਼ ਤੇ ਕਾਲੀਆਂ ਘਟਾਂ ਦੀ ਚਾਲ ਨੂੰ ਵੇਖ ਵੇਖਕੇ ਬਿਹਸ ਰਹੇ ਸਨ! ਸੇਵਕਾਂ ਨੇ ਹੱਥ ਬੰਨ੍ਹਕੇ ਅਰਜ਼ ਗੁਜ਼ਾਰੀ:-"ਸਾਧੂ ਸੱਜਣੋ ! ਬਾਹਰ ਜੰਗਲ ਹੈ, ਠੰਢ ਹੈ, ਬਰਖਾ ਦਾ ਰੰਗ ਹੈ, ਕ੍ਰਿਪਾ ਕਰਕੇ ਉਠੋ ਬਾਲਗੁੰਦਾਈ ਸਿੱਧ ਦੇ ਅਸਥਾਨ ਤੇ ਚੱਲੋ; ਰੈਣ ਬਸੇਰਾ ਸੁਖਾਂ ਨਾਲ ਕਰੋ, ਅੰਨ ਪਾਣੀ ਪਾਓ, ਅਸਥਾਨ ਦੇ ਸ੍ਵਾਮੀ ਸਿੱਧ ਬਾਲਗੁੰਦਾਈ ਜੀ ਨੇ ਤੁਸਾਨੂੰ ਸੱਦ ਘੱਲਿਆ ਹੈ। ਓਹ ਆਦਰ ਨਾਲ ਸੁਆਗਤ ਕਰਨਗੇ ਤੇ ਆਪ ਨੂੰ ਸੁਖੀ ਕਰਕੇ ਸੁਖੀ ਹੋਣਗੇ। " ਆਪ ਬਾਲਗੁੰਦਾਈ ਦੇ ਖਿਆਲ ਵਿਚ ਸੁਖ ਦੇਣ ਦੀ ਚਾਹਨਾ ਵਾਲੀ ਗਲ ਸੁਣਕੇ ਪ੍ਰਸੰਨ ਹੋਏ, ਖਿੜੇ ਚਿਹਰੇ ਤੇ ਸੁਹਣੇ ਮੁਖੜੇ ਨਾਲ ਮੁਸਕ੍ਰਾਏ:-

ਸ੍ਰੀ ਪ੍ਰਭ ਕਹਜੋ ਨ ਹਮ ਚਲ ਜਾਵਹਿ,
ਜਹਿਂ ਬੈਠਹਿਂ ਤਹਿਂ ਰੈਨ ਬਿਤਾਵਹਿਂ।
ਚਹੀਏ ਨਿਤ ਅਤੀਤ ਕੋ ਐਸੀ,
ਆਇ ਜੁ ਬਨਹਿ ਬਿਤਾਵਹਿ ਤੈਸੀ।
(ਸ੍ਰੀ ਗੁ: ਨਾ: ਪ੍ਰ:)

ਸੇਵਕਾਂ ਨੇ ਇਹੋ ਸੰਦੇਸ਼ਾ ਜਾ ਬਾਲਗੁੰਦਾਈ ਨੂੰ ਸੁਣਾਇਆ ਤਦ ਉਸ ਨੂੰ ਡੂੰਘੀ ਸੋਚ ਪਈ ਕਿ ਜਦ ਬਦਲ ਗੱਜ ਰਹੇ ਹਨ, ਫਿਰ ਜੋ ਮੰਦਰ ਦੇ ਨਿਉਤੇ ਉੱਤੇ ਆਪਣੇ ਆਸਣ ਤੋਂ ਨਹੀਂ ਉਠਦਾ, ਸੋ ਕੋਈ ਮਾਮੂਲੀ ਸਾਧੂ ਨਹੀਂ, ਕੋਈ ਜ਼ਰੂਰੀ ਬਲ ਤੇ ਸੱਤਜਾ ਵਾਲਾ ਹੈ, ਉਸ ਦਾ ਆਦਰ ਕਰਨਾ ਮੈਨੂੰ ਬਣਦਾ ਹੈ। ਇਉਂ ਵਿਚਾਰਕੇ ਆਪ ਆਇਆ। ਨੂਰੀ-ਮਸਤਕ ਦੇਖਕੇ ਠਰਿਆ, ਰਸੀਏ ਨੈਣਾਂ ਦੀ 'ਨੈਣ-ਛੁਹ' ਨਾਲ ਖਿੜਿਆ ਤੇ ਬਿਨੈ ਕਰਨ ਲੱਗਾ:-

ਹੇ ਅਤੀਤੋ ! ਬੱਦਲ ਚੜ੍ਹ ਰਹੇ ਹਨ, ਬਰਖਾ ਪੈਣ ਵਾਲੀ ਹੈ, ਠੰਢ ਹੈ, ਰਾਤ ਇਸ ਨੰਗੇ ਥਾਂ ਸੁਖ ਨਾਲ ਬੀਤਣੀ ਉਖੇਰੀ ਹੈ, ਆਓ ਚੱਲੋ ਅੰਦਰ ਤੇ ਸੁਖ ਨਾਲ ਮੰਦਰ ਵਿਚ ਰਾਤ ਗੁਜ਼ਾਰੋ। ਸਤਿਕਾਰ ਪੂਰਬਕ ਬਿਨੈ ਕਰਨ ਆਇਆ ਹਾਂ ਕਿ

---

੧ ਗੁਰ ਪ੍ਰਤਾਪ ਸੂਰਜ ਰੁਤ ੫ ਅੰਸੂ ੩੦ਵਿਚ ਬਾਲਗੁਦਾਈ ਜੀ ਨੂੰ 'ਸਿੱਧ' ਲਿਖਿਆ ਹੈ।


www.sikhbookclub.com

ਅੰਦਰ ਚੱਲੋ।

ਸ੍ਰੀ ਗੁਰੂ ਜੀ-"ਸਾਧ ਰਾਮ! ਤੁਸੀਂ ਬਹੁਤ ਚੰਗੇ ਹੋ, ਜੋ ਇਤਨਾ ਆਦਰ ਅਤਿੱਥੀ ਦਾ ਕਰਦੇ ਹੋ, ਪਰ ਸਾਨੂੰ ਜਿਥੇ ਬੈਠੇ ਹਾਂ ਬੈਠੇ ਰਹਿਣ ਦਿਓ। ਸੁਹਣੀ ਬੀਤ ਰਹੀ ਹੈ, ਸੁਹਣੀ ਬੀਤ ਜਾਏਗੀ, ਜਿਥੇ ਜੈਸੀ ਗੁਜ਼ਰੇ ਗੁਜ਼ਾਰ ਲੈਣ ਤੇ ਭਲੀ ਕਹ ਮੰਨਣੀ ਫਕੀਰੀ ਧਰਮ ਹੈ। ਹਾਂ, ਬੀਤੀ ਹੈ ਸਾਡੀ ਬਹੁਤ ਸਾਰੀ ਬਿਦੇਸ਼ਾਂ ਪਰਦੇਸ਼ਾਂ ਤੇ ਦੇਸਾਂ ਵਿਚ ਵਿਚਰਦਿਆਂ ਤੇ ਲੰਘਦੀ ਰਹੀ ਹੈ ਇਵੇਂ ਹੀ ਸਦਾ; ਸੋ ਜਿਵੇਂ ਸਦਾ ਲੰਘਦੀ ਰਹੀ ਹੈ ਲੰਘ ਜਾਏਗੀ ਅੱਜ ਭੀ। ਅਸੀਂ ਬਨਾਂ ਖੰਡਾਂ ਵਿਚ ਵਿਚਰਨ ਵਾਲੇ ਕਿੱਥੇ ਮੰਦਰ ਟੋਲਦੇ ਫਿਰੀਏ। ਸਾਡਾ ਮਤਾ ਸਦਾ ਇਉਂ ਦਾ ਰਿਹਾ ਹੈ ਕਿ ਜਿਵੇਂ ਜਿੱਥੇ ਜਿਸ ਤਰ੍ਹਾਂ ਦੀ ਆਈ ਲੰਘ ਗਈ ਉਵੇਂ ਉਥੇ ਉਸੇ ਤਰ੍ਹਾਂ ਦੀ। "

ਬਾਲਗੁੰਦਾਈ ਨੇ ਫੇਰ ਨੀਝ ਲਾਕੇ ਤੱਕਿਆ; ਇਕ ਤੇਜ ਤੇ ਐਸ਼੍ਵਰਯ ਦਾ ਪ੍ਰਭਾਉ ਨੈਣਾਂ ਤੋਂ ਵਰਸਦਾ ਭਾਸਿਆ। ਇਕ ਝੁਣਝੁਣੀ ਜਿਹੀ ਉਸ ਦੇ ਸਰੀਰ ਵਿਚੋਂ ਲੰਘੀ; ਨਾਲ ਕੁਛ ਪਿਆਰ ਤੇ ਸ਼ਰਧਾ ਦੀ ਝਰਨਾਟ ਛਿੜੀ, ਹੱਥ ਭੀ ਜੁੜ ਗਏ ਤੇ ਬੋਲਿਆ; "ਸੱਚ ਆਖਿਆ ਨੇ, ਫਕੀਰ ਨੂੰ 'ਜੇਹੀ ਆਵੇ ਤੇਹੀ ਗੁਜ਼ਾਰੇ' ਉਪਰ ਅਮਲ ਕਰਨ ਨਾਲ ਹੀ ਸੁਖ ਹੁੰਦਾ ਹੈ, ਪਰ ਅਤੀਤਤਾਈ ਦੇ ਸ਼ਾਹ ਜੀਓ! ਜੇ ਸਾਈਂ ਕਿਤੇ ਮੰਦਰ, ਛਾਯਾ, ਛੱਪਰ, ਸੁਖ ਗੁਜ਼ਰਾਨ ਦੀ ਨਿਸਾ ਲੈ ਆਵੇ ਤਾਂ ਉਹ ਬੀ ਉਸ ਵਲੋਂ ਸਮਝਕੇ ਉਵੇਂ ਹੀ ਗੁਜ਼ਾਰ ਲਈ। ਪਦਾਰਥ ਬੀ ਉਸੇ ਦੇ ਹਨ, ਸਾਡਾ ਫਕੀਰਾਂ ਦਾ ਕੀਹ ਹੈ। "

ਗੁਰੂ ਜੀ-ਜੇ ਗ੍ਰਿਹਸਤ ਕਰੇ ਤਾਂ ਧਰਮ ਦੀ ਕਿਰਤ ਕਰੇ, ਸੱਚ ਪਰ ਟੁਰੇ, ਹੱਥੋਂ ਦੇਵੇ ਤੇ ਭਲਾ ਮਨਾਵੇ ਲੈਣ ਵਾਲੇ ਦਾ। ਜੇ ਅਤੀਤ ਹੋਵੇ ਤਾਂ ਜੇਹੀ ਆਵੇ ਤੇਹੀ ਗੁਜ਼ਰੇ, ਪਰ ਜਦ ਸੁਖਾਂ ਦੀ ਆਵੇ ਤਾਂ ਸੁਖਾਂ ਵਿਚ ਨਾ ਵੜੇ। ਸੁਖਾਂ ਦੀ ਛੋਹ ਅਤੀਤ ਨੂੰ ਫਸਾ ਲੈਂਦੀ ਹੈ। ਸਰੀਰ ਤੇ ਸਰੀਰ ਦੀਆਂ ਲੋੜਾਂ ਕੁਦਰਤੀ ਹੋਣ ਕਰਕੇ ਬਲਵਾਨ ਖੈਂਚ ਮਾਰਦੀਆਂ ਹਨ, ਜਿਨ੍ਹਾਂ ਅੱਗੇ ਅਤੀਤ ਬੀ ਦਮ ਹਾਰ ਬਹਿੰਦੇ ਹਨ। ਸੋ ਜੋ ਅਤੀਤ ਹੋਵੇ(ਚਾਹੋ ਮਨ ਦਾ ਚਾਹੋ ਸਰੀਰ ਤੇ ਮਨ ਦੋਹਾਂ ਦਾ) ਉਸਨੂੰ ਚਾਹੀਏ ਕਿ ਉਹ ਲੰਘ ਜਾਏ ਹਰ ਹਾਲ ਵਿਚੋਂ, ਪਰ ਕਿਤੇ ਅਟਕ ਨਾ ਖਲੋਵੇ। ਚਲਦੇ ਜਲ ਸੱਜਰੇ ਰਹਿੰਦੇ ਹਨ, ਆਪਣੇ ਹਾਲ ਟੁਰੇ ਰਹਿਣ ਵਾਲੇ ਫਕੀਰ ਤਰੋ-ਤਾਜ਼ਾ ਰਹਿੰਦੇ ਹਨ, ਜਿੱਥੇ ਰੱਬ ਦਾ ਪਿਆਰਾ ਅਟਕਿਆ ਉਥੇ ਤਰੋਤਾਜ਼ਗੀ ਗਈ। ਅਟਕਾਉਣ ਵਾਲੇ ਇਹੋ ਸੁਖ ਹਨ ਜੋ ਪਹਿਲਾਂ ਤਾਂ ਨਿਰਵਾਸ ਮਿਲਦੇ ਹਨ ਪਰ ਫੇਰ ਵਾਸ਼ਨਾ ਉਤਪਤ ਕਰ ਦਿੰਦੇ ਹਨ ਸੁਖ ਦੀ ਫੇਰ ਅਟਕਾ ਲੈਂਦੇ ਹਨ ਸੁਖਾਂ ਦੇ ਭੋਗ ਵਿਚ। ਭੋਗਾਂ ਵਿਚ ਅਟਕਿਆ ਸੋ ਫਟਕਿਆ। ਬਾਲਗੁੰਦਾਈ ! ਅਤੀਤ ਨੂੰ ਤਤਿੱਖਜਾ ਵਿਚ ਰਹਿਣ ਦੇਣਾ ਪੁੰਨ ਹੈ।

ਬਾਲਗੁੰਦਾਈ ਨੇ ਸਮਝਿਆ ਕਿ ਪਰਮਾਰਥ ਵਾਲਿਆਂ ਲਈ ਕਿਸੇ ਟਿਕਾਣੇ ਅਟਕ ਖਲੋਣਾਂ ਗਿਰਾਉ ਹੈ ਅਤੇ ਹਰ ਹਾਲੋਂ ਲੰਘਦੇ ਜਾਣਾ ਤਰੋਤਾਜ਼ਗੀ ਨਹੀਂ ਘਟਣ ਦੇਂਦਾ, ਏਹ ਖਿਆਲ ਮਾਮੂਲੀ ਨਹੀਂ ਹਨ! ਇਹ ਜੀਵਨ ਦਾ ਇਕ ਭਾਰੀ ਅਸੂਲ ਦੱਸਦੇ ਹਨ ਜੋ ਅਸਲੀ ਵਰਤੋਂ ਤੋਂ ਉਪਜਿਆ ਹੈ। ਹਾਂ ਠੀਕ ਕਿਹਾ ਨੇ ਕਿ ਸੁਖ ਦੀ ਛੁਹ, ਸਹਿ ਸੁਭਾ ਦੀ ਬੀ, ਆਪਣਾ ਅਸਰ 'ਸੁਖ ਦੀ ਵਾਸ਼ਨਾ' ਉਤਪਤ ਕਰਨ ਦਾ ਪਾ ਜਾਂਦੀ ਹੈ। ਇਹ ਬੀ ਬੜਾ ਬਰੀਕ ਖਿਆਲ ਹੈ। ਅੱਜ ਤਾਂ ਮਨਾਂ ! ਤੇਰਾ ਕਿਸੇ ਵਿਸ਼ਾਲ ਬੁੱਧੀ ਵਾਲੇ ਦਾਨੇ ਨਾਲ ਵਾਹ ਪਿਆ ਹੈ, ਸਾਧਾਰਨ ਖੇਲ ਤਾਂ ਨਹੀਂ ਦਿੱਸਦੀ। ਫਿਰ ਪੁੱਛਣ ਲੱਗਾ ਕਿ ਆਪ ਕੌਣ ਹੋ, ਪਰ ਫਿਰ ਹੀਯਾ ਨਾ ਪਿਆ ਤੇ ਖਿਆਲ ਉਨ੍ਹਾਂ ਨੂੰ ਬਰਖਾ-ਖੇਦ ਤੋਂ ਬਚਾਉਣ ਵਲ ਤੀਬਰ ਹੋ ਪਿਆ ਕਿ ਐਸੇ ਮਹਾਨ ਆਤਮਾਂ ਨੂੰ ਜ਼ਰੂਰ ਸੁਖ ਦੇਣਾ ਚਾਹੀਏ। ਐਉਂ ਵਿਚਾਰ ਵਿਚਾਰ ਕੇ ਬੋਲਿਆ: ਸਾਈਂ ਜੀਵਨ ਵਾਲਿਓ ! ਸੱਚ ਫੁਰਮਾਯਾ ਨੇ ਕਿ ਸਾਧ ਕਿਸੇ ਹਾਲ ਨਾ ਚਾਹੇ ਅਟਕਨਾ, ਕਿਤੇ ਨਾ ਲੋਚੇ ਮੈਂ ਇਸ ਹਾਲ ਵਿਚ ਅਟਕ ਖਲੋਵਾਂ, ਪਰ ਇਹ ਮੇਰੀ ਬੇਨਤੀ ਤਾਂ ਅੱਜ ਦੀ ਰਾਤ ਲਈ ਹੈ, ਲੰਘ ਚੱਲੋ ਇਕ ਰਾਤ ਮੰਦਰ ਦੀ ਓਟ ਵਿਚਦਿਓਂ, ਜਿਵੇਂ ਲੰਘਦੇ ਹੋ ਰੋਜ਼ ਬ੍ਰਿਛਾਂ ਦੀ ਛਾਂ ਹੇਠੋਂ ਤੇ ਸੂਰਜ ਦੀ ਤਪਤ ਵਿਚੋਂ ਤੇ ਘਟਾ ਘਨਘੋਰ ਦੀਆਂ ਛਹਿਬਰਾਂ ਵਿਚੋਂ। ਗ਼ਨੀ ਹੋ, ਬੇਲੋੜ ਹੋ,

ਆਪਣੀ ਲੋੜ ਤੋਂ ਉੱਚੇ ਹੋ, ਤੁਸਾਂ ਲੋੜਾਂ ਬੇਲੋੜ ਕੀਤੀਆਂ ਹਨ, ਪਰ ਮੈਂ ਲੋੜਵੰਦ ਹਾਂ ਸੇਵਾ ਦਾ, ਮੇਰੀ ਲੋੜ ਖ਼ਾਤਰ ਅਜ ਅੰਦਰ ਚਲ ਬਸੋ, ਕੱਲ ਆਪ ਦੀ ਸੁਹਣੀ ਸੁਹਣੀ ਮਸਤ ਨੈਂ ਟੁਰੀ ਰਹੇਗੀ ਆਪਣੀ ਮਸਤ ਚਾਲੇ ਆਪਣੇ ਰਾਹੇ। ਅਟਕਦੇ ਹਨ ਛੱਪੜ, ਸ਼ਹੁ ਦਰਯਾ ਕਿਸ ਨੇ ਅਟਕਾਏ ਹਨ? ਪਰਬਤ ਨਾ ਠੱਲ੍ਹ ਸਕੇ ਜਿਨ੍ਹਾਂ ਨੂੰ ਤੇ ਸੁਮੰਦਰ ਨਹੀਂ ਸਮ੍ਹਾਲ ਸਕਦਾ ਜਿਨ੍ਹਾਂ ਨੂੰ, ਉਹ ਸਦਾ ਤਾਜ਼ੇ, ਸਦਾ ਚਲਦੇ ਕਦ ਅਟਕਦੇ ਹਨ! ਵਗਦੀ ਨੈਂ ਵਾਂਙੂ ਸ਼ਾਦਾਬ ਕਰ ਚਲੋ, ਹਾਂ ਭਾਗ ਲਾ ਚਲੋ, ਸਰਵਿਆਂ ਕਰ ਚਲੋ: ਇਸ ਜ਼ਿਮੀਂ ਨੂੰ, ਜੋ ਹੱਥ ਬੱਧੀ ਖੜੀ ਹੈ ਸਾਹਮਣੇ।

ਇਹ ਨਿਮੰਤ੍ਰਾ ਤੇ ਪਿਆਰ ਤੱਕ ਕੇ ਗੁਰੂ ਜੀ ਦ੍ਰਵੇ, ਟੁਰ ਪਏ ਤੇ ਘਨਘੋਰ ਗਰਜ ਰਹੀਆਂ ਘਟਾਂ ਦੇ ਵਿਸਮਾਦੀ ਰੰਗ ਨੂੰ ਛੱਡ ਕੇ ਆਪਣੇ ਆਤਮ ਵਿਸਮਾਦ ਦੇ ਸਦਾ ਚਲਦੇ ਚਸ਼ਮੇ ਵਿਚ ਗ਼ੋਤੇ ਮਾਰਨਹਾਰ ਦਾਤਾ ਜੀ ਮੰਦਰ ਦੇ ਅੰਦਰ ਜਾ ਵੜੇ। ਬਾਲਗੁੰਦਾਈ ਨੇ ਆਏ ਦਾ ਸ੍ਵਾਗਤ[1] ਨਿਜ ਧਰਮ ਜਾਣਕੇ ਜਲ ਮੰਗਾਇਆ, ਚਰਨ ਧੋਤੇ, ਪੂੰਝੇ ਤੇ ਆਰਾਮ ਨਾਲ ਬਿਠਾਇਆ। ਹੋਰ ਆਦਰ ਭਾਵ ਕਰਕੇ ਕਹਿਣ ਲੱਗਾ ਕਿ ਜੇ ਇਸ ਅਸਥਾਨ ਦੇ ਪਦਾਰਥਾਂ ਪਰ ਆਪਣੀ ਅਤੀਤ ਨਜ਼ਰ ਪਾ ਦਿਓ ਤਾਂ ਸੁਹਾਵਾ ਹੋ ਜਾਏ ਸਮਾਜ ਤੇ ਸਾਮਾਨ ਸਾਰਾ।

ਆਪ ਇਕ ਗੰਭੀਰ ਧੁਨਿ ਵਿਚ, ਪਰ ਖਿੜੇ ਮੱਥੇ ਬੋਲੇ:-ਹੇ ਜੋਗੀਰਾਜ ਲੀਲ੍ਹਾ ਦੇ ਰੰਗ ਹਨ, ਦਿਸ ਰਹੇ ਹਨ; ਇਨ੍ਹਾਂ ਨੂੰ ਹੋਰ ਕੀਹ ਦੇਖੀਏ। ਰਾਜਸੀ ਰੰਗ ਤੇ ਮਾਇਆ ਦੇ ਪਸਾਰੇ ਮਿੱਠੇ ਹਨ ਮੱਖੀਆਂ ਲਈ, ਜੋ ਫਸੀਆਂ, ਉੱਡਣ ਤਾਣੋਂ ਰਹਿ ਜਾਂਦੀਆਂ ਹਨ, ਹਾਂ, ਏਹ ਸਾਧਾਰਨ ਹਨ ਮਧੁਮਾਖੀ ਲਈ ਜੋ ਸ਼ਹਤ ਜੋੜਦੀ ਹੈ, ਪਰ ਛੁੱਟਣ ਵੇਲੇ ਉਡ ਖਲੋਂਦੀ ਹੈ। ਹਾਂ ਸਾਧ ਰਾਮ! ਪਦਾਰਥ ਪਕੜ ਨਹੀਂ ਹਨ ਅਨਲ ਪੰਖੀ ਲਈ ਜੋ ਉੱਡਦਾ ਹੈ ਅਕਾਸ਼ਾਂ ਦੀਆਂ ਨੀਲੀਆਂ ਡੂੰਘਾਣਾਂ ਵਿਚ।

ਬਾਲ ਗੁੰਦਾਈ ਹੋਰ ਘਬਰਾਇਆ, ਸੋਚਣ ਲੱਗਾ ਕਿ ਆਪ ਗੱਲ ਕਰਦੇ ਹਨ ਕਿ ਅਗੰਮ ਦੇ ਕੜ ਤੋੜਦੇ ਹਨ। ਜਿਉਂ ਜਿਉਂ ਵਾਕ ਸੁਣੇ ਤਿਉਂ ਤਿਉਂ ਵਧੇਰੇ ਸ਼ੌਕ ਵਧੇ ਸੁ ਕਿ ਆਪਣਾ ਸਾਰਾ ਸਮਾਜ ਦਿਖਾਵਾਂ ਤੇ ਫੇਰ ਆਪਣੀ ਬਿਰਤੀ ਦਾ ਟਿਕਾਉ ਤੇ ਤਿਆਗ ਬੀ ਦਿਖਾਵਾਂ ਕਿ ਕਿਥੇ ਕੁ ਹੈ ਤੇ ਫੇਰ ਐਸੇ ਤਿਆਗ ਮੂਰਤੀ ਦੀ ਰਾਏ ਤੇ ਅਸ਼ੀਰਬਾਦ ਮਿਲ ਸਕੇ ਤਾਂ ਲਵਾਂ। ਆਖਣ ਲੱਗਾ "ਹੰਸ ਹੋ ਵੱਸਦੇ ਹੋ ਮਾਨ ਸਰੋਵਰ, ਪਰ ਉਡਾਰੀਆਂ ਵਿਚ ਕਈ ਸਰਾਂ, ਝੀਲਾਂ ਤਲਾਵਾਂ ਛੰਭਾਂ ਤੋਂ ਲੰਘ ਜਾਂਦੇ ਹੋ, ਐਉਂ ਹੀ ਉਡਾਰ ਨਜ਼ਰ ਨਾਲ ਲੰਘ ਚੱਲੋ ਮੇਰੇ ਕੱਠੇ ਕੀਤੇ ਪਦਾਰਥਾਂ ਦੇ ਉੱਪਰ ਉੱਪਰ ਦੀ, ਸੰਨਿਆਸ ਦੇ ਸਾਂਈਂ ਜੀਓ!"

ਗੁਰੂ ਜੀ-ਭਲਾ ਬਾਲਗੁੰਦਾਈ ਭਲਾ, ਦਿਖਾਓ ਸਾਧੂ ਦੇ ਘਰ ਦਾ ਰਾਜ ਸਮਾਜ।

ਤਦ ਜੋਗੀ ਨੇ ਖਜ਼ਾਨਾ ਦਿਖਾਲਿਆ। ਕਪੜਿਆਂ ਦਾ ਭੰਡਾਰ ਖੋਹਲਿਆ ਤੇ ਗੁਰੂ ਦ੍ਰਿਸ਼ਟੀ ਉਪਰ ਦੀ ਤਰ ਗਈ। ਫਿਰ ਗੁਰੂ ਜੀ ਬੋਲੇ:-"ਹਾਂ, ਜੋਗੀ ਰਾਜ! ਸਮਾਜ ਭਲਾ ਡਿੱਠਾ। "

ਫੇਰ ਸੁਹਣੇ ਸੁਹਣੇ ਘੋੜੇ ਦਿਖਾਏ ਤਾਂ ਆਪ ਬੋਲੇ ਠੀਕ। ਰਾਜ ਤਬੇਲੇ ਠੀਕ ਹਨ, ਦੇਖੇ ਹਨ। ਇਸ ਤਰ੍ਹਾਂ ਦੇ ਕਟਾਖਸ਼ ਸਿੱਟਦੇ ਆਪ ਸਭ ਕੁਛ ਦੇਖਦੇ ਗਏ।

ਇਨ੍ਹਾਂ ਸੈਨਤਾਂ ਦਾ ਭਾਵ ਗੁਰੂ ਜੀ ਦਾ ਉਸ ਨੂੰ ਕਿਸੇ ਟਿਕਾਣੇ ਤੋਂ ਚੁੱਕਣ ਦਾ ਸੀ।

ਬਾਲਗੁੰਦਾਈ-ਏਹ ਸਮਾਜ ਸੁਤੇ ਸਿੱਧ ਆਏ ਹਨ, ਮੈਂ ਕੱਠੇ ਨਹੀਂ ਕੀਤੇ।

ਗੁਰੂ ਜੀ-ਠੀਕ ਹੈ, ਜਦ ਆਏ ਤਾਂ ਵਰਤੇ, ਪਰ ਐਉਂ ਵਰਤਦਿਆਂ ਫਿਰ ਚਾਹ ਉਪਜਦੀ ਹੈ ਕਿ ਏਹ ਆਉਂਦੇ ਰਹਿਣ ਤੇ ਕੰਮ ਟੁਰਿਆ ਰਹੇ। ਉਹ ਚਾਹ ਅਤੀਤ ਦੇ ਮਨ ਨੂੰ ਐਉਂ ਹੈ ਜਿਉਂ ਮਾਨ ਸਰੋਵਰ ਦੇ ਹੰਸਾਂ ਵਿਚ ਕੋਈ ਘਸਮੈਲੀ ਚਿੜੀ।

ਬਾਲਗੁੰਦਾਈ ਨੇ ਏਹ ਬਾਰੀਕੀ ਸਮਝੀ, ਅਪਣੇ ਅੰਦਰ ਕੰਘੀ ਮਾਰੀ, ਜਿਥੇ ਉਸ ਨੂੰ ਸਦਾ ਅਚਾਹਤਾ ਤੇ ਬੇਪਰਵਾਹੀ ਦਿੱਸਦੀ ਸੀ ਉੱਥੇ ਉਸ ਨੂੰ ਦਿੱਸਿਆ ਕਿ 'ਆਈ ਚਲਾਈ ਬਣੀ ਰਹੇ', ਇਹ ਚਾਹ ਮੇਰੇ ਅੰਦਰ ਬੀ ਹੈ। ਪਦਾਰਥ ਮੁਕਦੇ ਹਨ ਤਾਂ ਲੋੜਵੰਦਾਂ ਦੀ ਲੋੜ ਸਾਹਮਣੇ ਆ ਖਲੋਂਦੀ ਹੈ ਤਦੋਂ ਅੰਦਰ ਚਾਹ ਉਠਦੀ ਹੈ ਕਿ ਹੋਰ ਆਵੇ ਤਾਂ ਇਨ੍ਹਾਂ ਦਾ ਨਿਰਬਾਹ ਟੋਰ ਸਕਾਂ। ਮਨ

[1] ਆਗਤੇ ਸ੍ਵਾਗਤੰ ਸਾਰੰ।


www.sikhbookclub.com

ਨੂੰ ਕਹਿਣ ਲੱਗਾ: ਕਿ ਏਹ ਸੁਹਣੇ ਦਾਤਾ ਜੀ ਕਿਥੋਂ ਪਕੜਦੇ ਹਨ। ਇਸ ਵੇਰੀ ਦੇ ਅਸਚਰਜ ਵਿਚ ਜੋਗੀ ਦੇ ਮੂੰਹੋਂ ਨਿਕਲ ਗਿਆ ਕਿ ਆਪ ਆਪਣਾ ਨਾਮ ਦੱਸਣ ਦੀ ਕ੍ਰਿਪਾਲਤਾ ਇਸ ਦਾਸ ਪਰ ਕਰੋ। ਤਾਂ ਆਪ ਨੇ ਆਪਣਾ ਨਾਮ ਦੱਸਿਆ, ਨਾਮ ਸੁਣਕੇ ਫਿਰ ਇਕ ਝਰਨਾਟ ਛਿੜੀ। ਨਾਮ ਸੁਣਿਆਂ ਹੋਇਆ ਸੀ, ਆਪ ਦੇ ਕਰ ਤੱਬਜ ਤੇ ਕਰਨੀ ਕੀਰਤੀ ਵੀ ਸੁਣੀ ਹੋਈ ਸੀ, ਚਿਤ ਵਿਚ ਸਤਿਕਾਰ ਤੇ ਮਿਲਨ ਦੀ ਚਾਹਨਾ ਬੀ ਸੀ। ਅੰਦਰ ਸਮਝਿਓ ਸੁ, ਕਿ 'ਧੰਨ ਭਾਗ, ਅੱਜ ਭਾਗ ਜਾਗੇ'; ਚਰਨ ਪਰਸਿਓ ਸੁ[1] ਤੇ ਸੁਖ ਦਾ ਸੁਖ ਮਾਣਿਓ ਸੁ !

ਕੁਛ ਚਿਰ ਇਹ ਸੁਖ ਮਾਣਕੇ ਸੋਚਣ ਲੱਗਾ ਕਿ ਗੁਰੂ ਨਾਨਕ ਦੇਵ ਜੀ ਦੇ ਸੱਚ ਦੀ ਧਾਂਕ ਪਈ ਹੋਈ ਹੈ, ਇਕ ਗੱਲ ਪੁੱਛੀਏ, ਹੈ ਤਾਂ ਜ਼ਰਾ ਕੁ ਸ਼ੇਖੀ ਦੀ, ਪਰ ਰਤਾ ਪਰਤਾਵਾ ਬੀ ਹੋ ਜਾਏਗਾ। ਤਾਂ ਆਖਣ ਲੱਗਾ: "ਸਤਿਗੁਰੂ ਜੀ ਮੇਰਾ ਇਕ ਸੰਸਾ ਹੈ, ਉਹ ਇਹ ਹੈ ਕਿ ਹੁਣ ਮੀਂਹ ਲੱਥਾ ਹੈ, ਠੱਕੇ ਦੀ ਪੌਣ ਠਹਿਕ ਰਹੀ ਹੈ, ਆਪ ਜੇ ਬਾਹਰ ਰਹਿੰਦੇ ਤਾਂ ਸੁਖ ਨਾਲ ਬੀਤਦੀ ਕਿ ਹੁਣ ਅੰਦਰ ਸੁਖ ਨਾਲ ਬੀਤ ਰਹੀ ਹੈ? ਖਿਮਾ ਕਰਨੀ ਮੇਰੀ ਇਸ ਦਲੇਰੀ ਦੀ ਪੁੱਛ ਤੇ। "

ਗੁਰੂ ਜੀ-ਭਾਈ ਸਰੀਰ ਦਾ ਸੁਭਾਵ ਸੁਖ ਨੂੰ ਸੁਖ, ਦੁਖ ਨੂੰ ਦੁਖ ਅਨੁਭਵ ਕਰਨਾ ਹੈ, ਬਾਹਰ ਕੁਛ ਦੁਖ ਨਾਲ ਬੀਤਦੀ, ਅੰਦਰ ਸੁਖ ਨਾਲ ਬੀਤ ਰਹੀ ਹੈ, ਇਸ ਵਿਚ ਸੰਸਾ ਹੀ ਕੀਹ ਹੈ? ਪਰ ਦੁਖ ਸੁਖ ਨੂੰ ਸਮ ਕਰ ਜਾਣਨਾ ਇਹ ਹਰਿਜਨਾਂ ਦਾ ਧਰਮ ਹੈ।

ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ॥ {ਰਾਮ ਮ:੧}

ਦੁਖ ਸੁਖ ਨੂੰ ਸਮ ਕਰਦਿਆਂ ਦੁਖ ਦਾ ਸੰਤਾਪ ਤੇ ਸੁਖ ਦੀ ਗ਼ਾਫ਼ਲੀ ਦੁਇ ਦੂਰ ਹੋ ਜਾਂਦੇ ਹਨ। ਹਾਂ, ਜੋ ਉਮਲ ਰਿਹਾ ਤੇ ਉਲਾਰ ਰਿਹਾ ਹੈ ਬਾਹੀਂ ਨਿਰੰਕਾਰ ਵਲ ਉਸ ਨੂੰ ਦੁਖ ਦਾਰੂ ਹੋ ਜਾਂਦੇ ਹਨ। ਤੇ ਸੁਖ ਕਈ ਵੇਰ ਰੋਗ ਦਾ ਕੰਮ ਕਰ ਜਾਂਦੇ ਹਨ, ਇਸ ਲਈ ਦੁਖ ਝੱਲਣੇ ਤੇ ਸੁਖ ਦੁਖ ਸਮ ਕਰਨੇ ਹੀ ਸਾਰ ਹਨ।

ਜੋਗੀ ਇਹ ਸੁਣਕੇ ਹੋਰ ਹੈਰਾਨਿਆਂ ਕਿ ਜੈਸਾ ਸੱਚ ਆਖਦੇ ਹਨ ਤੇ ਫੇਰ ਮਰਮ ਦੀ ਗੱਲ ਕੈਸੀ ਟਿਕਾਣੇ ਦੀ ਆਖਦੇ ਹਨ ਕਿ ਦੁਖ ਸੁਖ ਨੂੰ ਸਮ ਕਰਨਾ ਇਹ ਤੱਤ ਦ੍ਰਿਸ਼ਟੀ ਹੈ।

ਤਦ ਜੋਗੀ ਨੇ ਸਾਗ ਮੰਗਾਇਆ ਤੇ ਭੱਖੜੇ ਦੀ ਰੋਟੀ ਹੱਥ ਵਿਚ ਲਈ ਤੇ ਆਪ ਜੀ ਦੇ ਅੱਗੇ ਕਰਕੇ ਕਹਿਣ ਲਗਾ ਕਿ "ਦਾਤਾ ਜੀਓ ਮੇਰਾ ਅਹਾਰ ਤਾਂ ਇਹ ਹੈ। ਜੋ ਪਕਵਾਨ ਆਪ ਨੇ ਲੰਗਰ ਵਿਚ ਤੱਕੇ ਹਨ ਸੋ ਮੇਰੇ ਖਾਣ ਵਿਚ ਨਹੀ ਆਉਂਦੇ ਮੈਂ ਤਾਂ ਇਹ ਕੁਛ ਖਾਂਦਾ ਹਾਂ। ਉਹ ਸਭ ਕੁਛ ਆਏ ਗਏ ਅਤਿੱਥੀ ਲਈ ਹੈ। ਮੇਰੀ ਪਹਿਨਾਵਣੀ ਇਹ ਖੱਦਰ ਹੈ, ਜੋ ਖਜ਼ਾਨੇ ਕਪੜੇ ਦੇ ਭਰੇ ਪਏ ਤੱਕੇ ਨੇ ਸੋ ਸਭ ਲੋੜਵੰਦਾਂ ਲਈ ਹਨ, ਜੋ ਨੰਗੇ ਆਉਂਦੇ ਹਨ ਉਹਨਾਂ ਨੂੰ ਦੇਂਦਾ ਹਾਂ। ਜੋ ਤਬੇਲੇ ਆਪ ਨੇ ਤੱਕੇ ਹਨ ਉਹ ਪੈਦਲ ਤੁਰਦੇ ਥੱਕੇ ਟੁੱਟੇ ਮੁਸਾਫਰਾਂ ਪਾਂਧੀਆਂ ਦੇ ਕੰਮਾਂ ਲਈ ਹਨ। ਮੈਂ ਘੋੜਿਆਂ ਦੀ ਸੈਲ ਨਹੀਂ ਕਰਦਾ। ਜੀਉ, ਮੈਂ ਕੁਛ ਬੀ ਅੰਗੀਕਾਰ ਨਹੀਂ ਕਰਦਾ, ਸਭ ਕੁਛ ਉਪਕਾਰ ਹਿੱਤ ਹੈ। "

ਕਬ ਹੌਂ ਕਰੌਂ ਨ ਅੰਗੀਕਾਰ। ਸਭ ਰਾਖੇ
ਹਿਤ ਪਰਉਪਕਾਰ। {ਗੁ: ਨਾ: ਪ੍ਰ:}

ਤਦ ਸ੍ਰੀ ਗੁਰੂ ਜੀ ਹੱਸੇ ਤੇ ਥਾਪੜਾ ਦੇਕੇ ਬੋਲੇ ਹੇ ਬਾਲ ਗੁੰਦਾਈ ਤੂੰ ਜੋਗੀਆਂ ਵਿਚੋਂ ਉੱਤਮ ਜੋਗੀ ਹੈਂ, ਜਿਸ ਨੇ ਸ੍ਵਾਰਥ ਨੂੰ ਜਿੱਤਿਆ ਹੈ ਅਤੇ ਪਰ ਪੀੜਾ ਨੂੰ ਪਛਾਤਾ ਹੈ ਤੇ ਪਰ-ਪੀੜਾ ਹਰਨ ਲਈ ਆਪੇ ਨੂੰ ਮਾਰਿਆ ਹੈ। ਪਰ....

'ਪਰ' ਕਹਿਕੇ ਆਪ ਚੁੱਪ ਹੋ ਗਏ ਤੇ ਜੋਗੀ ਉਡੀਕ ਵਿਚ ਗੋਡੇ ਟੇਕਕੇ ਬੈਠ ਗਿਆ ਕਿ ਹੁਣ ਕੁਛ ਉੱਤਮ ਉਚਾਰ ਮੇਰੀ ਕਲਜਾਣ ਦਾ ਸਹਾਈ ਕੰਨੀ ਪਏਗਾ! ਜੋਗੀ ਆਪਣਾ ਉਚਾ ਆਦਰਸ਼ ਤੇ ਉੱਚਾ ਉੱਚਾ ਤਿਆਗ ਕਹਿ ਚੁਕਾ ਸੀ ਤੇ ਹੁਣ ਇਸ ਲਾਲਸਾ ਵਿਚ ਸੀ ਕਿ ਜਿਨ੍ਹਾਂ ਨੇ 'ਪਰ' ਆਖਿਆ ਹੈ ਓਹ ਹੁਣ ਅਗੋਂ ਕੁਛ ਹੋਰ ਆਖਣਗੇ ਕਿ ਜਿਸ ਨਾਲ ਮੈਨੂੰ ਕੋਈ ਘੁੰਡੀ ਖੁਹਲਕੇ ਦਿਖਾਉਣਗੇ।

ਪਰ ਗੁਰੂ ਜੀ ਚੁੱਪ ਹੀ ਰਹੇ। ਫਿਰ ਬਾਲ

---

[1] ਬਾਲਗੁੰਦਾਈ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਮੱਥਾ ਟੇਕਿਆ। {ਜ: ਸਾ: ਬਾ: ਵਾਲੀ}

ਗੁੰਦਾਈ ਨੇ ਆਖਿਆ ਮਿਹਰ ਕਰੋ, ਚਾ ਦੱਸੋ ਗਲ ਜੋ ਮੇਰੇ ਲਈ ਕਲਜ਼ਾਣਕਾਰੀ ਹੋਵੇ। ਤਾਂ ਗੁਰੂ ਜੀ ਬੋਲੇ:-

ਬਾਲਗੁੰਦਾਈ ਤੂੰ ਭਲਾ ਹੈਂ, ਭਲਜਾਈ ਨੂੰ ਕੀਹ ਕਰੀਏ; ਪਰ ਦੇਖੋ ਵਗਦੇ ਖੂਹ ਦੀਆਂ ਟਿੰਡਾਂ ਪਾਣੀ ਲਿਆਕੇ ਪਾੜਛੇ ਨੂੰ ਦੇਂਦੀਆਂ ਹਨ, ਪਾੜਛਾ ਨਿਸਾਰ ਨੂੰ ਦੇਂਦਾ ਹੈ, ਨਿਸਾਰ ਝਟ ਆਡ ਵਿਚ ਸੱਟ ਦੇਂਦੀ ਹੈ। ਪਾੜਛਾ ਤੇ ਨਿਸਾਰ ਇਕ ਬੂੰਦ ਆਪਣੇ ਪਾਸ ਨਹੀਂ ਰਖਦੇ। ਉਨ੍ਹਾਂ ਦਾ ਰੁਖ਼ ਤੇ ਬਨਾਵਟ ਹੀ ਦੇਣ ਵਾਲੀ ਹੈ ਤੇ ਤਿਆਗ ਵਾਲੀ ਹੈ, ਪਰ ਦੇਖੋ ਉਨ੍ਹਾਂ ਨੂੰ ਬੀ ਸਿਵਾਲ ਲਗਦੀ ਹੈ।

ਬਾਲਗੁੰਦਾਈ ਦੇ ਅੰਦਰ ਲਹਿ ਗਿਆ ਇਹ ਦ੍ਰਿਸ਼ਟਾਂਤ ਕਿ ਮੈਂ ਜੋ ਆਏ ਪਦਾਰਥਾਂ ਨੂੰ ਨਿਜ ਤੇ ਨਹੀਂ ਲਾਉਂਦਾ, ਪਰ ਦੇ ਦੇਂਦਾ ਹਾਂ ਹੋਰਨਾਂ ਨੂੰ ਇਹ ਬੀ ਛੋੜਦਾ ਹੈ ਕੋਈ ਕਾਈ ਮੇਰੇ ਅੰਦਰ। ਪਹਿਲਾਂ ਦਰਸਾ ਚੁਕੇ ਹਨ ਕਿ 'ਚਲਦਾ ਪ੍ਰਵਾਹ ਦਾਨ ਦਾ ਚਲਦਾ ਰਹੇ' ਇਹ ਚਾਹ ਅੰਦਰ ਹੋ ਆਉਂਦੀ ਹੈ। ਇਸ ਤਰ੍ਹਾਂ ਇਹਚਾਹ ਹਉਂ ਦੀ ਸਿਵਾਲ ਲਾਉਂਦੀ ਹੈ। ਗੱਲ ਸਮਝਕੇ ਸਿਧ ਦਾ ਦਿਲ ਟੁੱਟਾ ਤੇ ਦਿੱਸਿਆ ਕਿ ਜਗਤ ਵਿਚ ਨਿਰਵਾਸ ਹੋਣਾ ਅਸੰਭਵ ਹੈ, ਅਰ ਡਾਢੇ ਦੁਖ ਦੀ ਗੱਲ ਹੈ ਕਿ ਕੋਈ ਦਾਰੂ ਕਿਤੇ ਨਹੀਂ। ਫਿਰ ਆਪਾ ਸੰਭਾਲਕੇ ਬੋਲਿਆ:-ਕਾਈ ਜੁਗਤ ਕਿ ਪਾੜਛਾ ਤੇ ਨਿਸਾਰ ਸਿਵਾਲ ਤੋਂ ਬਚੇ?

ਗੁਰੂ ਜੀ-ਮਨ ਤੇ ਸਰੀਰ ਇਕ ਚਰਖੀ ਦੀ ਨਿਆਈਂ ਚੱਲ ਰਹੇ ਹਨ, ਅਸੀਂ ਇਸ ਵਿਚ ਪਏ ਇਸ ਦੇ ਅਧੀਨ ਹੋ ਰਹੇ ਹਾਂ, ਸ਼ੁਭ ਅਸ਼ੁਭ ਕਰਮ ਸਾਨੂੰ ਇਸੇ ਦੇ ਵਿਚ ਹੀ ਰਖਦੇ ਹਨ। ਹਾਂ ਸ਼ੁਭ ਤੇ ਚੰਗੇ ਕਰਮ ਬੀ ਸਾਨੂੰ ਇਸ ਦੇ ਅਧੀਨ ਰਖਦੇ ਹਨ ਤਦ ਤਾਈਂ ਕਿ ਜਦ ਤਾਈਂ ਅਸੀਂ ਚਰਖੀ ਦੀ ਅਧੀਨਤਾ ਤੋਂ ਨਿਕਲਕੇ ਇਸ ਦੀ ਹੱਥੀ ਉਤੇ ਕਾਬੂ ਨਾਂ ਪਾ ਲਈਏ। ਤੇ ਉਹ ਕਾਬੂ ਨਿਰਾ ਆਪੇ ਦੇ ਤਾਣ ਨਾਲ ਨਹੀਂ ਪੈਂਦਾ। ਆਪੇ ਨੂੰ ਪਰਮ ਆਪੇ ਨਾਲ ਜੋੜ ਲਵੀਏ ਤਾਂ ਆਪੇ ਦਾ ਤਾਣ ਅਮਿੱਤ ਹੋ ਜਾਂਦਾ ਹੈ ਤੇ ਉਸ ਤਾਣ ਨਾਲ ਇਹਦਾ ਕਾਬੂ ਹੱਥੀ ਤੇ ਪਿਆ ਰਹਿੰਦਾ ਹੈ। ਫਿਰ ਸਿਵਾਲ ਕਾਈ ਨਹੀਂ ਲਗਦੀ[੧]।

ਬਾਲਗੁੰਦਾਈ-ਓਹ ਕੀਕੂੰ ਹੋਵੇ ? ਹਠ ਤਪ ਕਰ ਚੁਕਾ ਹਾਂ। ਰੋਕ ਰੋਕ ਕੇ ਬੰਨ੍ਹਣਾ ਬੀ ਕੀਤਾ-ਨਿਗ੍ਰਹੁ ਕੀਤਾ ਹੈ। ਬ੍ਰਤ ਤੇ ਤਪ ਬੀ ਧਾਰਨ ਕੀਤੇ, ਫੇਰ ਦਸੋ ਕੁਛ ਬਣਿਆ ਹੈ ਕਿ ਨਹੀਂ ਮੇਰਾ?

ਗੁਰੂ ਜੀ-ਜੋ ਸਾਧਨ ਕਰੀਦੇ ਹਨ ਤੇ ਨੀਯਤ ਨੇਕ ਨਾਲ ਕਰੀਦੇ ਹਨ, ਉਨ੍ਹਾਂ ਨੂੰ ਗਰਬ ਖ਼ਰਾਬ ਕਰਦਾ ਹੈ, ਪਰ ਚੰਗੀ ਗਲ ਨੂੰ ਮਾੜਾ ਕਿਉਂ ਕਿਹਾ ਜਾਵੇ। ਨੇਕੀਆਂ ਨੇਕੀਆਂ ਹਨ, ਜਿਵੇਂ ਬੀਜਿਆ ਬੀਉ ਬ੍ਰਿਛ ਬਣ ਗਿਆ, ਪੱਤੇ ਨਿਕਲ ਪਏ। ਬ੍ਰਿਛ ਤਾਂ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਉਸ ਨੂੰ ਫੁੱਲ ਪੈਣ, ਉਹ ਮੁਸ਼ਕੇ, ਉਸ ਨੂੰ ਫਲ ਪੈਣ, ਉਹ ਸਫ਼ਲ ਹੋਵੇ, ਉਸ ਵਿਚ ਗੋਂਦਾਂ ਦੇ ਰਸ ਪੈਣ, ਓਹ ਆਪੇ ਵਿਚੋਂ ਅੰਮ੍ਰਿਤ ਚੁਆਵੇ, ਹਾਂ ਐਉਂ ਉੱਗੇ, ਵਧੇ, ਸਪੱਤ੍ਰ ਹੋਵੇ, ਸਫੁੱਲ ਤੇ ਖੁਸ਼ਬੋ ਵਾਲਾ ਹੋਵੇ ਹਾਂ ਸਫੱਲ ਹੋਵੇ ਤੇ ਅੰਮ੍ਰਿਤ ਰਸ ਵਾਲਾ ਹੋਵੇ ਤੇ ਰਸ ਉਸ ਦੀਆਂ ਸੰਨ੍ਹਾਂ ਵਿਚੋਂ ਚੋ ਚੋ ਪੈਣ। ਫੋਕਾ ਬ੍ਰਿਛ ਕਿਸ ਕੰਮ? ਇਹ ਕਹਿਕੇ ਆਪ ਝੂੰਮੇ, ਤੇ ਗਾਵੇਂ:-

> ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ
> ਨਾਉ॥ ਜਿਨ ਪੀਆ ਤੇ ਤ੍ਰਿਪਤ ਭਏ ਹਉ
> ਤਿਨ ਬਲਿਹਾਰੈ ਜਾਉ॥
>
> {ਵਡਹੰਸ ਮ: ੧}

ਜੋਗੀ-ਪਰ ਹਠ ਬਿਨਾ ਸਾਧਨ ਕੀਕੂੰ ਕਰੇ? ਨਿਗ੍ਰਹੁ ਬਿਨਾਂ ਕੀਕੂੰ ਬਲ ਭਰੇ?

ਗੁਰੂ ਜੀ-ਹਠ ਨਿਗ੍ਰਹ ਕਰਨ ਨਾਲ-ਹਠ ਕਰਕੇ ਸ਼ਰੀਰ ਨੂੰ ਕੁਹਣ ਨਾਲ ਤੇ ਕੁਹ ਕੁਹ ਕੇ ਬੰਨ੍ਹਣ ਨਾਲ-ਸਰੀਰ ਕਈ ਵੇਰ ਰੋਗੀ ਬੀ ਹੁੰਦਾ ਤੇ ਕਮਜ਼ੋਰੀਆਂ ਬੀ ਖਾਂਦਾ ਹੈ; ਨਿਰੇ ਬ੍ਰਤ ਆਦਿ ਨਾਲ ਮਨ ਕਠੋਰ ਬੀ ਹੁੰਦਾ ਜਾਂਦਾ ਹੈ।

ਜੋਗੀ-ਸ਼ਾਸਤਰ ਪੁਰਾਣ ਪੜ੍ਹਨ ਨਾਲ ਕਾਬੂ ਲੱਭਦਾ ਹੈ?

ਗੁਰੂ ਜੀ-ਵਿਦਜਾ ਸ਼ਾਸਤਰ ਆਦਿ ਪੜ੍ਹਕੇ ਵਾਦ ਵਿਵਾਦ ਵਿਚ ਬੀ ਪੈ ਜਾਂਦਾ ਹੈ। ਕਥਾ

---

੧ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ॥
{ਸਿਰੀ ਰਾ: ਮਹਲਾ ੧}

ਵਾਰਤਾ ਕਰਦਾ ਹੈ ਤਾਂ ਆਪਣਾ ਰਾਗ ਵਧਦਾ ਹੈ, ਚਾਹੇ ਸੁਣਕੇ ਜਗਤ ਖੁਸ਼ੀ ਹੋ ਜਾਏ, ਪਰ ਆਪ ਨੂੰ ਲੱਗੀ ਹਉਂ-ਤ੍ਰੈਗੁਣ ਮਾਯਾ-ਵਿਹੁ ਹੋਕੇ ਲੱਗੀ ਰਹਿੰਦੀ ਹੈ ਤੇ ਜਨਮ ਮਰਨ ਨਹੀਂ ਮਿਟਦਾ।

ਜੋਗੀ-ਨਿਉਲੀ ਆਦਿ ਕਰਮਾਂ ਨਾਲ ਦਸਮ ਦੁਆਰ ਭੇਦਿਆਂ, ਖਟ ਕਰਮ ਕਮਾਇਆਂ ਨਿਰਮੈਲ ਅਵਸਥਾ ਆ ਜਾਂਦੀ ਹੈ?

ਗੁਰੂ ਜੀ-ਇਨ੍ਹਾਂ ਕਰਮਾਂ ਨਾਲ ਅੰਦਰ ਜੋ ਪੰਜ ਅਗਨੀਆਂ ਹਨ ਦੂਰ ਨਹੀਂ ਹੁੰਦੀਆਂ। ਮਨ ਵਾਸ਼ਨਾਂ ਸਮੇਤ ਦਬ ਜਾਂਦਾ ਹੈ, ਪਰ ਉਸ ਚੋਰ ਵਾਂਗੂ ਜੋ ਖੜਕਾਰ ਸੁਣਕੇ ਛਹਿ ਜਾਂਦਾ ਹੈ। ਜਦੋਂ ਕਿ ਇਸ ਹਠ-ਸਮਾਧੀ ਤੋਂ ਉਠੇ ਤਦੋਂ ਹੀ ਮਨ ਫੇਰ ਬਾਹਰ ਮੁਖੀ ਹੋ ਜਾਂਦਾ ਹੈ, ਕਿਉਂਕਿ ਵਾਸ਼ਨਾ ਨੂੰ ਜੋ ਨਹੀਂ ਸੀ ਕੱਢਿਆ। ਫਿਰ ਇਹ ਸਮਾਧੀ ਕੋਈ ਘੜੀ ਪਹਿਰ ਸੀ, ਬਾਕੀ ਦੇ ਦਿਨ ਰਾਤ ਦੇ ਸੁਆਸ ਤਾਂ ਧੌਂ ਰਹੀਆਂ ਖੱਲਾਂ ਵਾਂਙੂ ਖਾਲੀ ਹੀ ਲੰਘਦੇ ਰਹੇ। ਉਸ ਸੱਖਣੇ ਸਮੇਂ ਮਨ ਨੇ, ਆਪਣਾ ਪਰਵਾਹ ਫੁਰਨੇ ਦਾ ਭੋਗਾਂ ਦੀ ਵਾਸ਼ਨਾਂ ਵਾਲਾ ਜਾਰੀ ਰੱਖਿਆ।

ਜੋਗੀ-ਤੀਰਥ ਯਾਤ੍ਰਾ?

ਗੁਰੂ ਜੀ-ਭ੍ਰਮੇ, ਫ਼ਿਰੇ, ਦੇਖੇ, ਪਰ ਜੇ ਮਨ ਦੇ ਗਲ ਕੋਈ ਡਹਿਆ ਨਹੀਂ ਹੈ ਤਾਂ ਤੀਰਥਾਂ ਦੇ ਇਸ਼ਨਾਨ ਨੇ (ਸੌਚ=) ਪਵਿਤ੍ਰਤਾ ਕੋਈ ਨਹੀਂ ਲਾਉਣੀ, ਕਿਉਂਕਿ ਉਧਰ ਡੁਬਦੀ ਲਗ ਰਹੀ ਹੈ ਇਧਰ ਮਨ ਦਾ ਪਰਵਾਹ ਬਾਹਰ ਮੁਖੀ ਟੁਰ ਰਿਹਾ ਹੈ, ਸੰਕਲਪ ਵਿਕਲਪ ਤੇ ਤ੍ਰਿਸ਼ਨਾਂ ਦੀ ਮੈਲ ਵਾਲੀ ਨੈਂ ਵਿਚ ਮਨ ਰੁੜ੍ਹ ਰਿਹਾ ਹੈ। ਜੇ ਕਹੋ ਤੀਰਥਾਂ ਤੇ ਜਾਕੇ ਫ਼ਾਕੇ ਕਰੇ ਤਾਂ ਫਾਕਿਆਂ ਨਾਲ ਦੇਹ ਕ੍ਰਿਸ਼ ਹੋਵੇਗੀ, ਮਨ ਦਾ ਵੇਗ ਤਾਂ ਬਾਹਰ ਦੇ ਸੁਖਾਂ ਤੇ ਭੋਗਾਂ ਵਲ ਜਾਂਦਾ ਰਹੇਗਾ।

ਜੋਗੀ-ਫਿਰ ਕ੍ਰਿਪਾ ਕਰੋ ਦੱਸੋ ਕਿ ਕਰੇ ਕੀਹ?

ਗੁਰੂ ਜੀ-ਜੋਗੀ ਜੀ! ਮਨ ਇਕ ਸੰਦ ਹੈ ਬਾਹਰ ਮੁਖੀ ਸੁਖਾਂ ਦੀ ਪ੍ਰਾਪਤੀ ਲਈ ਤੇ ਸਰੀਰ ਦੀ ਰੱਖਿਆ ਵਾਸਤੇ। ਸੋ ਮਨ ਅਰੁਕ ਪਰਵਾਹ ਵਿਚ ਵਹਿੰਦਾ ਰਹਿਣ ਕਰਕੇ ਸਰੀਰ ਨੂੰ ਸੁਖੀ ਰੱਖਣ ਮਾਤ੍ਰ ਦੀਆਂ ਲੋੜਾ ਤੋਂ ਅੱਗੇ ਲੰਘਕੇ ਭੋਗਾਂ ਦੀ ਤ੍ਰਿਸ਼ਨਾਂ ਵਿਚ ਹੋਰ ਰੁੜ੍ਹ ਰਿਹਾ ਹੈ। ਇਸ ਦੇ ਅੱਗੇ ਕੋਈ ਰੋਕ ਪਵੇ ਤਾਂ ਇਹ ਕਦੇ ਧਾਵਣਾ ਛੱਡਕੇ ਅੰਦਰ ਟਿਕੇ। ਇਸ ਦੇ ਟਿਕਾਉ ਵਿਚ ਫਿਰ ਇਸ ਨੂੰ ਬਾਹਰਲੇ ਵੇਗ ਦੇ ਉਲਟ ਕੁਛ ਹੋਰ ਉਚਿਆਈ ਯਾ ਡੂੰਘਿਆਈ ਅੰਦਰ ਭਾਸਣ ਲਗ ਜਾਂਦੀ ਹੈ। ਫਿਰ ਇਸ ਦਾ ਪ੍ਰਵਾਹ ਉੱਛਲਕੇ ਉਲਟਦਾ ਹੈ, ਤਾਂ ਪਿਛਲੇ ਪਾਸੇ[1] ਹੋਕੇ ਨਿਰੰਕਾਰ ਨਾਲ ਜਾ ਲਗਦਾ ਹੈ, ਤਦੋਂ ਇਸ ਵਿਚ ਉਸ ਨਿਰੰਕਾਰ ਦਾ ਬਲ ਭਰਦਾ ਹੈ। ਫਿਰ ਲਗਾਤਾਰ ਇਹ ਮੇਲ ਅੰਤਰ ਆਤਮੇ ਟੁਰਿਆ ਰਹਿੰਦਾ ਹੈ। ਤਦੋਂ ਫਿਰ ਇਹ ਜੀਵ ਅੰਦਰੋਂ ਜੁੜਿਆ ਬਾਹਰ ਮੁਖੀ ਕੰਮਾਂ ਵਿਚ ਕੰਮ ਕਰਦਾ ਹੋਇਆ ਚਰਖੀ ਦੀ ਅਧੀਨਤਾਈ ਤੋਂ ਸੁਤੰਤਰ ਰਹਿੰਦਾ ਹੈ।

ਜੋਗੀ-ਮੈਂ ਸਾਰੇ ਸਾਧਨ ਇਸੇ ਹੀ ਗਲ ਦੇ ਕਹੇ ਹਨ, ਓਹ ਕੀ ਨਿਸ਼ਫਲ ਹਨ?

ਗੁਰੂ ਜੀ-ਨਿਸ਼ਫਲ ਤਾਂ ਕੁਛ ਨਹੀਂ ਤੇ ਹੈ ਬੀ, ਪਰ ਜਦ ਤਕ ਮਨ ਹਰੀ ਵਿਚ ਰਚਦਾ ਨਹੀਂ ਪਰਮ ਆਨੰਦ ਨਹੀਂ ਮਿਲ ਸਕਦਾ! ਜੋ ਜੋ ਕਰਮ ਤੁਸਾਂ ਕਹੇ ਹਨ, ਆਪੇ ਨੂੰ ਏਕਾਗ੍ਰ ਕਰਨ ਦੇ ਹਨ ਅਤੇ ਹਠ ਨਾਲ ਕਰਨ ਦੇ ਹਨ। ਹਠ ਨਾਲ ਕੀਤੇ ਤਾਂ 'ਹਉਂ' ਦੇ ਕਰਮ ਹੋਏ ਤੇ 'ਹਉ' ਹੈ ਬੰਧਨ; ਆਪ, ਬੰਧਨ ਦੇ ਕਰਮ ਤਾਂ ਬੰਧਨ ਹੀ ਫਲ ਦੇਣਗੇ ਤੇ ਮਨ ਜੋ ਇੰਦਰਿਆਂ ਨੂੰ ਸਿਥਲ ਕਰਕੇ ਇਕਾਗ੍ਰ ਕਰੀਦਾ ਹੈ, ਸਰੀਰ ਉਸ ਨਾਲ ਛਿਜਦਾ ਹੈ। ਨਿਤਾਣੇ ਸਰੀਰ ਵਿਚਲਾ ਮਨ ਬੀ ਸਰੀਰ ਦੀ ਕਮਜ਼ੋਰੀ ਖਾਂਦਾ ਹੈ। ਸਿਥਲ ਹੋਕੇ ਹਉਂ ਦਾ ਬਲ ਦਬਕਿਆ ਤਾਂ ਜਾਂਦਾ ਹੈ, ਪਰ ਬਣਿਆ ਰਹਿੰਦਾ ਹੈ। ਮਨ ਦੀ ਦਬਕ ਸਰੀਰ ਤੇ ਮਨ ਲਈ ਰੋਗ ਰੂਪ ਹੈ। ਹਠ-ਸਮਾਧੀ ਕੁਛ ਸਮੇਂ ਲਈ ਹੁੰਦੀ ਹੈ ਅਤੇ ਮਨ ਦਾ ਪ੍ਰਵਾਹ ਸੰਕਲਪ ਵਿਕਲਪ ਦਾ ਅੱਠ ਪਹਿਰ ਟੁਰਦਾ ਹੈ ਵਾਸ਼ਨਾਂ ਦਬਕਦੀਆਂ ਹਨ, ਫੇਰ ਜਾਗਦੀਆਂ ਹਨ। ਇਸੇ ਕਰਕੇ ਦੇਖ ਲਓ ਕਿ ਜੋਗੀ ਨਾਟਕਾਂ ਚੇਟਕਾਂ ਦਾਰੂਆਂ ਵਿਚ ਲਗ ਪਏ ਹਨ। ਗ੍ਰਿਹਸਤੀ ਜੋਗੀ ਅੱਖਾਂ ਕੰਨ ਨੂਟਦੇ, ਨਾਦ ਸੁਣੀਂਦਾ ਦੱਸਦੇ, ਵੱਢੀਆਂ ਖਾਂਦੇ, ਊਰਾ ਤੋਲਦੇ ਤੇ ਵਿਕਾਰਾਂ ਵਿਚ ਮਗਨ ਵੇਖੇ ਜਾਂਦੇ ਹਨ ਪਰ ਜੇ ਸਮਝੋ ਕਿ ਅੰਤ੍ਰੀਵ ਸੁਖ ਲਈ ਕੀਹ

[1] ਦ੍ਰਿਸ਼ਟਾ ਪੱਖ ਵਿਚ।

ਚਾਹੀਏ, ਤਾਂ ਸਾਫ ਹੈ ਕਿ ਉਠ ਰਹੀਆਂ ਵਾਸ਼ਨਾਂ ਤੇ ਮਨ ਦੀਆਂ ਰੁਚੀਆਂ ਤੇ ਕਾਬੂ ਪਾਉਣ ਦੀ ਲੋੜ ਹੈ। ਉਟ ਨਿਰੇ ਹਠ ਨਾਲ ਪਾਇਆ ਰਹਿੰਦਾ ਨਹੀਂ ਤੇ ਦੇਹ ਦੁਖੀ ਹੁੰਦੀ ਹੈ। ਹਾਂ, ਕਾਬੂ ਪਾਉਣਾ ਹੈ, ਹਠ ਬੀ ਕੁਛ ਕਰਨਾ ਹੈ ਪਰ ਕਿਸੇ ਅਛੂਤੇ ਢੰਗ ਨਾਲ, ਜਿਵੇਂ ਮਨ ਦਾ ਬਾਹਰ ਮੁਖੀ ਪ੍ਰਵਾਹ ਹੈ ਅੱਠ ਪਹਿਰੀ, ਤਿਵੇਂ ਕੋਈ ਮਨ ਨੂੰ ਲਗਨ ਲਾਉਣੀ ਹੈ ਅਠ ਪਹਿਰੀ ਜੋ ਸਹਿਜ ਨਾਲ ਅੰਤਰ ਮੁਖ ਕਰੀ ਰਖੇ। ਸੋ ਲਗਦੀ ਹੈ ਨਿਰੰਕਾਰ ਦੇ ਨਾਮ ਜਪਣ ਨਾਲ, ਜੋ ਸਿਮਰਨ ਹੋਕੇ ਅਠ ਪਹਿਰੀ ਰੌ ਬਣਕੇ ਟੁਰ ਪੈਂਦੀ ਹੈ ਰੌ ਵਾਂਙੂ ਤੇ ਤੁਰੀ ਹੋਈ ਜਾਰੀ ਰਹਿੰਦੀ ਹੈ ! ਉਹ ਮਨ ਨੂੰ ਇਸ ਦੇ ਬਾਹਰ ਮੁਖੀ ਪ੍ਰਵਾਹ ਵਾਂਙੂ ਇਕ ਅੰਤਰ ਮੁਖੀ 'ਲਿਵ' ਦਾ ਰੌ ਬੰਨ੍ਹ ਦੇਂਦੀ ਹੈ! ਇਸ ਲਿਵ ਦੇ ਪ੍ਰਵਾਹ ਵਿਚ ਕਦੇ ਛੁਹ ਮਿਲ ਜਾਂਦੀ ਹੈ ਜੀਵ ਤੱਤ ਨੂੰ ਪਰਮਾਤਮ ਤੱਤ ਦੀ[1]। ਫਿਰ ਹੋ ਜਾਂਦਾ ਹੈ ਮੇਲ ਦੋਹਾਂ ਦਾ, ਦੁਏ ਮਿਲਕੇ ਇਕ ਤਰ੍ਹਾਂ ਨਾਲ ਇਕ ਰੂਪ ਹੋ ਜਾਂਦੇ ਹਨ! ਇਹ ਹਾਲਤ ਹੈ 'ਆਪੇ' ਦੇ ਚਰਖੀ ਤੋਂ ਉਚੇ ਰਹਿਕੇ 'ਚਰਖੀ ਉਤੇ ਕਾਬੂ ਪਾ ਲੈਣ ਵਾਲੇ ਰੰਗ' ਦੀ। ਇਸ ਰੰਗ ਵਿਚ ਰਹਿਕੇ ਜਦੋਂ ਕੋਈ ਸਾਧਕ ਸੇਵਾ ਉਪਕਾਰ ਕਰਦਾ ਹੈ ਤਾਂ ਕੋਈ ਕਾਈ ਨਹੀਂ ਪੈਂਦੀ, ਕਿਉਂ ? ਮਨ ਹਰੀ ਵਿਚ ਰਚ ਜਾਂਦਾ ਹੈ, ਉਹ ਹਰੀ ਵਿਚ ਰਚਿਆ ਮਨ ਜਦ ਬਾਹਰ ਮੁਖ ਭਲੇ ਕੰਮ ਕਰਦਾ ਹੈ ਤਾਂ ਉਹਨਾਂ ਨਾਲ ਬੱਝਦਾ ਨਹੀਂ।

ਜੋਗੀ-ਆਪ ਹਰੀ ਸਿਮਰਨ ਦਾ ਦਾਰੂ ਦੱਸ ਰਹੇ ਹੋ, ਕਿਉਂ ਇਹ ਸਾਧਨ ਵਿਸ਼ੇਸ਼ ਹੈ ਹੋਰਨਾਂ ਜੋਗ ਆਦਿਕਾਂ ਤੋਂ ?

ਗੁਰੂ ਜੀ-ਸਭ ਸਾਧਨ ਕਾਲ ਦੇ ਕਿਸੇ ਭਾਵ ਵਿਚ ਕਰੀਦੇ ਹਨ। ਨਾਮ ਸਰਬ ਕਾਲ ਵਿਚ ਜਾਰੀ ਹੋ ਜਾਂਦਾ ਹੈ। ਇਸ ਦਾ ਲਗਾਤਾਰ ਪ੍ਰਵਾਹ ਮਨ ਨੂੰ ਅੰਤਰ ਮੁਖ ਆਪੇ ਵਿਚ ਟਿਕਣ ਦਾ ਤੇ ਪਰਮਾਤਮਾਂ ਦੀ ਛੁਹ ਵਿਚ ਰਹਿਣ ਦਾ ਲਗਾਤਾਰੀ ਰੁਖ਼ ਪਾ ਦੇਂਦਾ ਹੈ। ਪਰਮਾਤਮਾਂ ਦੀ ਲਗਾਤਾਰੀ ਛੁਹ ਅੰਦਰਲੇ ਨੂੰ ਉੱਚਾ ਤੇ ਅਸੰਗ ਰੱਖਦੀ ਹੈ। ਗ਼ਾਫ਼ਲ ਹੋ ਹੋ ਕੇ ਜੋ ਮਨ ਦਾ ਪ੍ਰਵਾਹ ਮੁੜ ਮੁੜਕੇ ਬਾਹਰ ਮੁਖ ਭੋਗਾਂ ਵਿਚ ਜਾ ਪੈਂਦਾ ਤੇ ਵਾਸ਼ਨਾ ਦੇ ਪ੍ਰਵਾਹ ਵਿਚ ਰੁੜ੍ਹਦਾ ਹੈ ਉਸ ਤੋਂ ਉਲਟ ਲਗਾਤਾਰੀ ਝੁਕਾਉ ਅੰਦਰ ਨੂੰ ਬਣ ਜਾਂਦਾ ਹੈ। ਇਹ ਪ੍ਰਵਾਹ ਨਿਰੰਤਰ ਮੇਲ ਵਿਚ ਰੱਖਦਾ ਹੈ ਨਿਰੰਕਾਰ ਨਾਲ, ਇਹ ਪ੍ਰਵਾਹ ਹਉਮੈਂ ਤੋਂ ਬੇ-ਮਲੂਮ ਵਿੱਥ ਦੇਈ ਰੱਖਦਾ ਹੈ। ਜੇ ਹਉਂ ਜ਼ੋਰ ਮਾਰੇ ਤਾਂ ਇਹ 'ਨਿੱਤ ਜਾਰੀ ਪਰਵਾਹ' ਪਤਾ ਦੇ ਦੇਂਦਾ ਹੈ, ਹਉਂ ਨੂੰ ਮਾਰ ਕੱਢਦਾ ਹੈ ਤੇ ਫੇਰ ਸੁੱਛਤਾ ਲੈ ਆਉਂਦਾ ਹੈ, ਜਿਵੇਂ ਵਗਦਾ ਜਲ ਕਿਸੇ ਸ਼ੈ ਨੂੰ ਆਪਣੇ ਅੱਗੇ ਟਿਕਣ ਨਹੀਂ ਦੇਂਦਾ ਤੇ ਕਿਸੇ ਮੈਲ ਨੂੰ ਜਮ੍ਹਾ ਨਹੀਂ ਹੋਣ ਦੇਂਦਾ।

ਜੋਗੀ-ਠੀਕ, ਜੋਗੀ ਸਾਧਨਾਂ ਵਿਚ ਵੀ 'ਸ੍ਵਾਧ੍ਯਾਇ' ਲਿਖਿਆ ਹੈ। ਪਹਿਲਾ ਕਰਮ ਏਹ ਹੈ[1]; ਪਰ ਹੁਣ ਸ੍ਵਾਧ੍ਯਾਯ ਦਾ ਅਰਥ ਕਰਦੇ ਹਨ ਸ਼ਾਸਤ੍ਰ ਘੋਖਣੇ। ਮੈਨੂੰ ਹੁਣ ਆਪ ਦੇ ਉਚੇ ਉਪਦੇਸ਼ ਤੋਂ ਖਿਆਲ ਆਇਆ ਹੈ ਕਿ ਇਸ ਦਾ ਅਰਥ ਤਾਂ ਨਾਮ ਹੋਣਾ ਚਾਹੀਦਾ ਹੈ। ਆਪਣੇ ਆਪ ਅਧ੍ਯਯਨ ਕਰਨਾ ਯਾ ਆਪਣੇ ਆਪ ਨੂੰ ਉਚਾਰਕੇ ਸੁਨਾਉਣਾ ਤਾਂ ਹੋਇਆ ਜਪਣਾ। (ਠੰਢਾ ਸਾਹ ਭਰਕੇ) ਪਰ ਹਾਇ ! ਕਾਹਨੂੰ ਸੋਝੀ ਪੈਂਦੀ ਹੈ ਅਵਤਾਰ ਆਏ ਬਿਨਾ। ਆਪ ਸੱਚ ਮੁੱਚ ਧੁਰ ਤੋਂ ਹੋ, ਕਰੋ ਨਾ ਕ੍ਰਿਪਾ।

ਗੁਰੂ ਜੀ-ਹਰ ਸ਼ੈ ਲਈ ਉਸ ਦੇ ਅਨੁਕੂਲ ਸਾਮਾਨ ਬੀ ਚਾਹੀਦਾ ਹੈ। ਜਿਵੇਂ ਕਣਕ ਦੇ ਉਗਣ ਲਈ ਠੰਢ ਤੇ ਪੱਕਣ ਲਈ ਗਰਮੀ; ਤਿਵੇਂ ਨਾਮ ਦੀ ਪ੍ਰਾਪਤੀ ਲਈ ਦਾਤੇ ਦਾ ਸੰਗ ਤੇ ਕਮਾਈ ਲਈ ਹਰਿਜਨ ਦਾ ਸੰਗ ਕਰੀਦਾ ਹੈ[2]। ਨਾਮ ਸਿਮਰਨ ਤੋਂ ਹਰੀ ਰਸ ਮਿਲਦਾ ਹੈ: ਇਹ ਪਰਮ ਆਨੰਦ ਹੈ, ਇਹ ਅੰਮ੍ਰਿਤ ਹੈ, ਫੇਰ ਮਾਇਆ ਯਾ ਹਉਮੈਂ ਦੀ ਸਰਪਨੀ ਦਾ ਡੰਗ ਨਹੀਂ ਚਲ ਸਕਦਾ ਤੇ ਕਾਇਆਂ ਛੱਡਿਆਂ ਜਮ ਉਸ ਵੱਲ ਤੱਕ ਨਹੀਂ

---

[1] ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥ {ਸੋਰਠਿ ਮਹਲਾ ੧}

[1] ਦੇਖੋ ਯੋਗ ਦਰਸ਼ਨ ਪਾਦ ੩, ਸਲੋਕ ੧

[2] ਖਾਲਸੇ ਵਿਚ ਨਾਮ ਦੀ ਦਾਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਅੰਮ੍ਰਿਤ ਦੀ ਮਰਯਾਦਾ ਨਾਲ ਗੁਰੂ ਰੂਪ ਪੰਜ ਪਿਆਰੇ ਦੇਂਦੇ ਹਨ ਤੇ ਹਰੀ ਨਾਮ ਦੀ ਕਮਾਈ ਆਪ ਕਰੀਦੀ ਹੈ ਤੇ ਸਹਾਇਤਾ ਲਈ ਗੁਰਮੁਖ ਦਾ ਮੇਲ ਸਾਧ ਦਾ ਸੰਗ ਨਾਮ ਦਿਤ ਆਉਣ ਵਾਲੇ ਪਿਆਰੇ ਦੀ ਸੰਗਤ ਲਿਖੀ ਹੈ।

ਸਕਦੇ।

ਜੋਗੀ-ਸ੍ਵਾਦ ਆ ਗਿਆ ਹੈ। ਆਪ ਦਾ ਮਤਾ ਹੈ ਕਿ ਨਾਮ ਤੁੱਲ ਕੁਛ ਨਹੀਂ !

ਗੁਰੂ ਜੀ-

ਰਾਮ ਨਾਮ ਸਰਿ ਅਵਰੁ ਨ ਪੂਜੈ[1]।

{ਰਾਮ ਮ: ੧ ਅਸਟ:}

ਕੋਈ ਸਾਧਨ ਏਸ ਤੁੱਲ ਨਹੀਂ ਹੈ। ਧੁਰ ਦੀ ਸੇਵਾ ਨਿਰੰਕਾਰ ਦਾ ਨਾਮ ਰਵਣਾ ਹੀ ਹੈ। ਇਸ ਤੋਂ ਬਿਨਾਂ ਹੋਰ ਹਠ ਕਰਮਾਂ ਦੀ ਲੋੜ ਨਹੀਂ, ਸਹਿਜ ਵਿਚ ਰਹੇ, ਸ਼ੁਭ ਕਰਮ ਕਰੇ। ਸ਼ੁਭ ਕਰਮਾਂ ਦੀ ਹਉਂ ਨਾ ਧਾਰੇ, ਪਰ ਹਉਂ ਬੀ ਨਿਵਰਤੇਗੀ ਨਾਮ ਅੱਭਜਾਸ ਨਾਲ।

ਜੋਗੀ ਜੀ ! ਜੋ ਉਪਕਾਰ ਕਰਦੇ ਹੋ ਕਰੋ, ਜੋ ਨਿਰੇ ਹਠ ਦੇ ਸਾਧਨ ਥੋੜਾ ਕਾਲ ਕਰਦੇ ਹੋ ਛੋੜ ਦਿਓ, ਅੱਠ ਪਹਿਰ ਲਗਾਤਾਰ ਨਿਰੰਕਾਰ ਦਾ ਸਿਮਰਨ ਅੰਦਰ ਵਸਾਓ। ਜੁੜ ਜਾਓ ਤੇ ਸਦਾ ਜੁੜੇ ਹੋਏ ਸਭ ਕੁਛ ਕਰੋ। ਤੁਸੀਂ ਭਲੇ ਪੁਰਖ ਹੋ, ਆਪ ਸਾਧੂ ਹੋ, ਪਰ ਹੁਣ ਸਾਈਂ ਚਰਨਾਂ ਨਾਲ ਲਿਵ ਦੀ ਡੋਰ ਲਗਾ ਲਓ। ਲੱਗੀ ਲੱਗੀ ਰਹੇ, ਕਦੇ ਫਿਰ ਤ੍ਰੁਟੇ ਨਹੀਂ, ਇਉਂ ਜੁੜੇ ਹੋਏ ਰਹੋ ਤੇ ਵਿਚਰੋ। ਇਹੋ ਉਪਦੇਸ਼ ਕਰਨਾ ਆਪਣੇ ਮਗਰ ਲੱਗਣ ਵਾਲਿਆਂ ਨੂੰ। ਸਭ ਨੇਕੀਆਂ ਚੰਗੀਆਂ ਹਨ ਪਰ ਨਿਰੰਕਾਰ ਅੰਦਰ ਵਸਾਕੇ ਨੇਕੀ ਐਸੀ ਸ਼ੈ ਹੈ ਜੈਸੇ ਏਕੇ ਦੇ ਅੱਗੇ ਬਿੰਦੀ ਦਸ ਗੁਣਾਂ ਕੀਮਤ ਵਧਾ ਦੇਂਦੀ ਹੈ[2]। ਸਾਈਂ ਸਿਰਜਣਹਾਰ ਨਾਲੋਂ ਟੁਟੇ ਰਹਿਕੇ ਜੋ ਨੇਕੀ ਕਰੀਦੀ ਹੈ ਬਦੀ ਤੋਂ ਬਹੁਤ ਚੰਗੀ ਹੈ, ਪਰ ਕਲਜਾਨਕਾਰੀ ਨਹੀਂ। ਨੇਕੀ ਕਰਨੀ ਹੈ, ਪਰ ਸਾਂਈਂ ਨਾਲ ਜੁੜੇ ਰਹਿਕੇ। ਕਿਉਂਕਿ ਅੰਦਰੋਂ ਸਾਂਈਂ ਨਾਲ ਲੱਗਣ ਤੋਂ ਬਿਨਾਂ ਜੋ ਨੇਕੀ ਕਰਦੇ ਹਨ ਅਕਸਰ ਦੇਖਿਆ ਗਿਆ ਹੈ ਕਿ ਓਹ ਅੰਤ ਨੇਕੀ ਤੋਂ ਥੱਕ ਤੇ ਅੱਕ ਜਾਂਦੇ ਹਨ।

ਇਸ ਤਰ੍ਹਾਂ ਦੇ ਵਾਰਤਾਲਾਪ ਮਗਰੋਂ ਸ੍ਰੀ ਗੁਰੂ ਜੀ ਉਥੋਂ ਰਵਦੇ ਰਹੇ। ਜੋ ਗੱਲ ਬਾਤ ਉਪਰ ਵਿਸਥਾਰ ਨਾਲ ਆਈ ਹੈ ਸੋ ਸ੍ਰੀ ਗੁਰੂ ਜੀ ਦੇ ਨਿਜ ਕ੍ਰਿਤ ਇਕ ਸ਼ਬਦ ਵਿਚ ਹੈ ਜਿਸ ਵਿਚ ਸੰਖੇਪ ਰੂਪ ਵਿਚ, ਪਰ ਉਂਞ ਖੋਹਲਕੇ, ਸਤਿਗੁਰੂ ਜੀ ਨੇ ਸਾਰੀ ਵਜਾਖਜਾ ਦੱਸੀ ਹੈ:-

ਰਾਮਕਲੀ ਮਹਲਾ ੧ ॥ ਅਸਟਪਦੀਆ ॥
ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥
ਰਾਮ ਨਾਮ ਸਰਿ ਅਵਰੁ ਨ ਪੂਜੈ ॥ ੧ ॥
ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ
ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥ ੧ ॥
ਰਹਾਉ ॥ ਵਾਦੁ ਪੜੈ ਰਾਗੀ ਜਗੁ ਭੀਜੈ ॥
ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ
ਨਾਮ ਬਿਨੁ ਦੂਖੁ ਸਹੀਜੈ ॥ ੨ ॥ ਚਾੜਸਿ
ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ
ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ
ਬਿਰਥਾ ਸਾਸੁ ਲੀਜੈ ॥ ੩ ॥ ਅੰਤਰਿ ਪੰਚ
ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ
ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ
ਹੋਇ ਕਾਇਆ ਗੜੁ ਲੀਜੈ ॥ ੪ ॥
ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ
ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ
ਪਇਆ ਦੋਸੁ ਕਾ ਕਉ ਦੀਜੈ ॥ ੫ ॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ
ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥
ਮਨਮੁਖਿ ਜਨਮੈ ਜਨਮਿ ਮਰੀਜੈ ॥ ੬ ॥
ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨੁ
ਹਰਿ ਰਾਚੈ ਨਹੀ ਜਨਮਿ ਮਰੀਜੈ ॥ ਰਾਮ
ਨਾਮ ਬਿਨੁ ਕਿਆ ਕਰਮੁ ਕੀਜੈ ॥ ੭ ॥
ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ
ਸੇਵਾ ਰਾਮੁ ਰਵੀਜੈ ॥ ਨਾਨਕ ਨਾਮੁ ਮਿਲੈ
ਕਿਰਪਾ ਪ੍ਰਭ ਕੀਜੈ ॥ ੮ ॥ ੫ ॥

ਅਰਥ ਭਾਵ-ਸਰੀਰ ਦੀਆਂ ਇੰਦਰੀਆਂ ਦੇ ਵੇਗ ਕੇਵਲ ਹਠ ਧਾਰਕੇ ਰੋਕਣ ਨਾਲੇ ਦੇਹੀ ਕਮਜ਼ੋਰ ਹੁੰਦੀ ਹੈ। ਬਰਤ ਤਪਾਂ ਨਾਲ ਮਨ ਭਿੱਜਦਾ ਨਹੀਂ, ਕਠੋਰ ਹੁੰਦਾ ਹੈ। ਵਾਹਿਗੁਰੂ ਜੀ ਦੇ ਨਾਮ

---

[1] ਮਹਾਤਮਾਂ ਦੇ ਇਹੀ ਲਛਣ ਹੈਨ, ਜੋ ਮਨ ਨੂੰ ਪਰਮਾਤਮਾ ਨਾਲ ਜੋੜਦਾ ਹੈ {ਜ: ਸਾ ਬਾ:}

[2] ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ। ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥

{ਸ੍ਰੀ ਰਾ: ਮ: ੧}

ਬਰੋਬਰ ਕੋਈ ਨੇਕੀ ਨਹੀਂ ਹੈ ॥੧॥ ਹੇ ਮਨਾਂ ਸਤਿਗੁਰੂ ਜੀ ਦੀ ਸੇਵਾ ਕਰ ਕੇ ਹਰਿ ਨਾਮ ਰਸ ਨੂੰ ਪੀ ਤੇ ਵਾਹਿਗੁਰੂ ਜੀ ਦੇ ਪਿਆਰਿਆਂ ਦਾ ਸਤਿਸੰਗ ਕਰ, ਤਾਂ ਇਥੇ ਹਉਮੈਂ ਤੇ ਮਾਇਆ ਰੂਪੀ ਸਪਣੀ ਡੰਗੇਗੀ ਨਹੀਂ, ਪਰਲੋਕ ਵਿਚ ਡੰਡਾ ਫੜਕੇ ਤਾੜਨ ਵਾਲਾ ਜਮ ਤੇਰੀ ਵਲ ਕੌੜੀ ਨਜ਼ਰ ਪਾਕੇ ਤੱਕ ਭੀ ਨਾ ਸਕੇਗਾ, ਭਾਵ ਲੋਕ ਸੁਖੀ ਤੇ ਪਰਲੋਕ ਭੀ ਸੁਖੀ ਹੋਸੇਂ ॥੧॥

ਸ਼ਾਸਤ੍ਰ ਪੜ੍ਹਕੇ ਵਾਦ (ਸ਼ਾਸਤ੍ਰਾਰਥ) ਜ਼ੁਬਾਨੀ ਤਾਂ ਕਰਦਾ ਹੈ, ਪਰ ਚਿਤ ਵਿਚ ਪਦਾਰਥਾਂ ਦਾ ਨੇਹੁੰ ਲੱਗਾ ਰਹਿੰਦਾ ਹੈ। ਭਾਵ ਕਥਨੀ ਸੁਣਕੇ ਜਗਤ ਤਾਂ ਖੁਸ਼ ਹੁੰਦਾ ਹੈ ਪਰ ਜਦ ਤਕ ਆਪ ਤ੍ਰੈ-ਗੁਣੀ ਮਾਇਆ ਵਿਚ ਜਕੜਿਆ ਪਿਆ ਹੈ ਤਦ ਤਕ ਜੰਮਦਾ ਮਰਦਾ ਰਹਿੰਦਾ ਹੈ ॥੨॥

ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਇਥੇ ਉਥੇ ਦੁਖ ਹੀ ਸਹਿੰਦਾ ਹੈ। ਭਾਵੇਂ ਮੂਲ ਬੰਧ ਕਰਕੇ ਪ੍ਰਾਣਾਯਾਮ ਦੁਆਰਾ ਪ੍ਰਾਣ ਦਸਵੇਂ ਦੁਆਰ ਵਲ ਚੜ੍ਹਾਉਂਦਾ ਹੈ ਤੇ ਨਿਊਲੀ, ਬਸਤੀ, ਗਜ ਕਰਨੀ, ਤ੍ਰਾਟਕ, ਧੋਤੀ, ਨੇਤੀ, ਇਹ ਹਠ ਯੋਗ ਦੇ ਛੀ ਕਰਮ ਭੀ ਕਰਦਾ ਹੈ, ਪਰ ਵਾਹਿਗੁਰੂ ਜੀ ਦੇ ਨਾਮ ਤੋਂ ਖਿਨਾਂ ਸਵਾਸ ਬਿਰਥੇ ਲੈ ਰਿਹਾ ਹੈ ॥੩॥

ਮਨ ਦੇ ਅੰਦਰ ਪੰਜ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਇਹ ਅੱਗਾਂ ਲਗ ਰਹੀਆਂ ਹਨ। ਇਨ੍ਹਾਂ ਅੱਗਾਂ ਦੇ ਬੁਝੇ ਬਿਨਾਂ ਮਨ ਵਿਚ ਟਿਕਾਉ ਕਿਵੇਂ ਆਵੇ?

ਅੰਦਰ ਸਾਂਈਂ ਸਿਮਰਨ ਦਾ ਅੰਮ੍ਰਿਤ ਰਸ ਚੋਰ ਲੁਟ ਰਹੇ ਹਨ, ਉਸ ਅੰਮ੍ਰਿਤ ਦਾ ਸਵਾਦ ਕਿਵੇਂ ਲੈ ਸਕੇ ? ਇਕੋ ਹੀ ਉਪਾਉ ਹੈ; ਸਤਿਗੁਰੂ ਦੇ ਸਨਮੁਖ ਹੋਕੇ (ਨਾਮ ਜਪੇ) ਤਾਂ ਇਹ ਕਾਇਆਂ ਦਾ ਕਿਲ੍ਹਾ ਫਤਹ ਕਰਕੇ ਆਪਣੇ ਵੱਸ ਕਰ ਲਵੇਗਾ ॥੪॥

ਮੈਲ ਹੈ ਮਨ ਦੇ ਅੰਦਰ ਤੇ ਇਹ ਭਟਕਦਾ ਹੈ ਤੀਰਥਾਂ ਤੇ, ਜਦ ਤਕ ਮਨ ਸੁੱਚਾ ਨਹੀਂ ਬਾਹਰ ਦੀ ਸੁੱਚਤਾ ਨੇ ਕੀ ਸਾਰਨਾ ਹੈ। ਪਰ ਕਰਮਾਂ ਦੇ ਚੱਕਰ ਬਾਹਰ ਮੁਖੀ ਫੋਕਟ ਕਰਮਾਂ ਵਿਚ ਇਸ ਨੂੰ ਭਟਕਾ ਰਹੇ ਹਨ, ਦੋਸ਼ ਕਿਸ ਨੂੰ ਦੇਈਏ ॥੫॥

ਅੰਨ ਨਾ ਖਾਧਾ 'ਦੇਹੀ' ਨੂੰ ਦਿੱਤਾ ਦੁੱਖ, ਪਰ ਸਤਿਗੁਰਾਂ ਦੇ ਗਿਆਨ ਬਿਨਾਂ ਤ੍ਰਿਸ਼ਨਾ ਆਸ਼ਾ ਨਾਲ ਭੁੱਖਾ 'ਮਨ' ਤਾਂ ਤ੍ਰਿਪਤ ਨਾਂ ਹੋਇਆ। ਭਾਵ ਪ੍ਰਾਣਾਂ ਦੀ ਰੋਕੀ ਦੇਹੀ ਦੀ ਭੁੱਖ, ਮਨ ਦੀ ਭੁੱਖ ਉਤਾਰਨ ਦਾ ਸਾਧਨ ਨਹੀਂ, ਸਗੋਂ ਦੁਖ਼ਦਾਈ ਹੋਈ, ਇਸ ਤਰ੍ਹਾਂ ਮਨਮੁਖਤਾ ਦੇ ਕੀਤੇ ਕਰਮ ਬਾਰ ਬਾਰ ਜਨਮ ਮਰਣ ਦਾ ਕਾਰਣ ਹਨ ॥੬॥

(ਕਲਿਆਨ ਦਾ ਉਪਾਉ ਇਹ ਹੈ) ਸਤਿਗੁਰ ਤੋਂ ਨਾਮ ਉਪਦੇਸ਼ ਪੁੱਛਕੇ ਪਈਏ ਲੱਗ ਤੇ ਉਸ ਦੀ ਦ੍ਰਿੜ੍ਹਤਾ ਲਈ ਕਰੀਏ ਗੁਰਮੁਖਾਂ ਦਾ ਸਤਿਸੰਗ। ਜਦੋਂ ਮਨ 'ਹਰਿ ਨਾਮ' ਵਿਚ ਗਿਆ ਰਚ, ਤਾਂ ਫਿਰ ਜਨਮ ਮਰਨ ਨਹੀਂ ਹੁੰਦਾ। ਇਸ ਨਾਮ ਸਿਮਰਨ ਤੋਂ ਬਿਨਾਂ ਹੋਰ ਕਰਮ ਕੀ ਕਰਨੇ ਹਨ ? ਏਹੋ ਸਰਵ ਸ਼ਿਰੋਮਣ ਕਰਮ ਹਨ। ਉਦਰ ਪੂਰਨਾ ਲਈ ਭੇਖ ਬਨਾਉਣੇ ਜਾਂ ਅੰਦਰ ਰੌਲਾ ਪਾਉਣ ਵਾਲੇ ਰਾਗ; ਦ੍ਵੈਖ, ਈਰਖਾ, ਇਨ੍ਹਾਂ ਬਨਾਵਟੀ ਗਲਾਂ ਨੂੰ ਰੱਖੋ ਲਾਂਭੇ ਤੇ ਸਾਂਈ ਦੇ ਦਰ ਦੀ ਸੇਵਾ ਨਾਮ ਦਾ ਕਰੋ ਜਾਪ, ਵਾਹਿਗੁਰੂ ਜੀ ਤੋਂ ਇਹ ਮੰਗੋ: ਹੇ ਪ੍ਰਭੂ ਕਿਰਪਾ ਕਰੋ ਬਖਸ਼ੋ ਆਪਣਾ ਪਿਆਰਾ ਨਾਮ-

'ਵਾਹਿਗੁਰੂ'

ਸੂਚਨਾ-ਟਿੱਲੇ ਤੇ ਜਿਥੇ ਗੁਰੂ ਜੀ ਬੈਠੇ ਸੇ, ਉਹ ਥਾਂ ਜੋਗੀਆਂ ਦੇ ਥਾਉਂ ਤੋਂ ਅੱਧ ਮੀਲ ਤੇ ਹੈ ਓਥੇ ਯਾਦਗਾਰੀ ਥੜਾ ਹੈ, ਪਾਸ ਟਿਕਾਣੇ ਵਿਚ ਆਪ ਦੀਆਂ ਚਰਨ ਪਾਦਕਾਂ ਹਨ। ਛੇ ਸਤ ਮੀਲ ਤੇ ਗੁਰੂ ਜੀ ਦਾ ਹੋਰ ਯਾਦਗਾਰੀ ਸਥਾਨ ਚੋਹਾ ਰੁਹਤਾਸ ਹੈ।

ਬਾਲਗੁੰਦਾਈ ਦਾ ਨਾਮ ਲਛਮਣ ਸੀ, ਜਤਿ ਦੀ ਕਿਸੇ ਪ੍ਰੀਖਜ਼ਾ ਵੇਲੇ ਆਪ ਇਕ ਦਿਬ ਇਸਤ੍ਰੀ ਦੇ ਬਾਲ ਗੁੰਦਦੇ ਡੋਲੇ ਨਹੀਂ ਸੇ। ਤਿਥੋਂ ਟਿੱਲੇ ਦਾ ਨਾਮ ਬਾਲ ਗੁੰਦਾਈ ਪਿਆ ਦੱਸੀਦਾ ਹੈ, ਪਰ ਬਚਪਨ ਤੋਂ ਗਦਾਈ (ਫਕੀਰੀ) ਵਲ ਰੁਚੀ ਹੋਣ ਤੋਂ ਖ਼ਾਲ ਗੁਦਾਈ ਨਾਉਂ ਆਰੰਭ ਹੋ ਪੈਣਾ ਵੀ ਸੰਭਵ ਹੈ।

ਗੀਤ–

## ਦੁਹਾਈ ਬਾਬੇ ਨਾਨਕ ਦੀ ੧।

ਗੁਰੂ ਨਾਨਕ ! ਗੁਰੂ ਨਾਨਕ! ਦਿਆਂ ਤੇਰੀ ਦੁਹਾਈ ਮੈਂ !
ਦੁਹਾਈ ਹੈ ਗੁਰੂ ਨਾਨਕ ! ਦੁਹਾਈ ਦਰ ਤੇ ਪਾਈ ਮੈਂ !
ਬਚਾ ਮੈਨੂੰ ਬਿਆਧਾਂ ਤੋਂ, ਛੁਡਾ ਦੁੱਖਾਂ ਦੀ ਖਾਈ ਤੋਂ !
ਤੁਹੀਂ ਰੱਖਕ ਹੈਂ ਦੁਖੀਆਂ ਦਾ, ਤੇਰੀ ਆਸਾ ਤਕਾਈ ਮੈਂ!
ਵਿਛੋੜਨ ਨਾਮ ਤੇਰੇ ਤੋਂ, ਲਿਜਾਵਨ ਖਿੱਚ ਗ਼ਮ ਅੰਦਰ,
ਅਜਿਹ ਮਿੱਤ੍ਰਾਂ ਤੋਂ ਰੱਖਯਾਕਰ, ਦਿਆਂ ਤੇਰੀ ਦੁਹਾਈ ਮੈਂ !
ਇ ਦਿਲ ਮੇਰਾ ਬਣੇ ਮੰਦਰ, ਨ ਕੁਛ ਵੱਸੇ ਇਦ੍ਹੇ ਅੰਦਰ,
ਇ ਸੇਜਾ ਆਪ ਦੀ ਹੋਵੇ, ਦਿਓ ਐਸੀ ਸਫਾਈ ਮੈਂ !
ਤੁਸੀਂ ਮਾਲਕ ਬਣੋ ਘਰ ਦੇ, ਰਹਿਣ ਸਭ ਓਪਰੇ ਡਰਦੇ,
ਤੁਸੀਂ ਹੋਵੇ, ਚਰਨ ਤੁਹਾਡੇ, ਰਹਾਂ ਚਰਨੀ ਸਮਾਈ ਮੈਂ !
ਅਜੇਹਾ ਕਰ ਦਿਓ ਦਿਲ ਨੂੰ, ਬਨੇ ਆਰਾਮਗਾਹ ਤੁਹਾਡੀ,
ਨ ਮੈਂ ਹੋਵਾਂ ਨ ਮੇਰੀ ਹੋ, ਰਹੇ ਕੋਈ ਨਾ ਕਾਈ ਮੈਂ !
ਮਿਰੇ ਦਿਲ ਵੜਦਿਆਂਸਾਈਆਂ! ਤੁਸੀਂ ਝਿਜਕੋ ਕਦੇ ਨਾਹੀਂ
ਇ ਨਿਜ ਮੰਦਰ ਤੁਹਾਡਾ ਹੋ, ਤੁਹਾਡਾ ਹੋ, ਹੇ ਸਾਂਈਂ ਮੈਂ!

# ੧੧. ਕਰਤਾਰਪੁਰ ਵਿਚ ਇਲਾਹੀ ਦਰਬਾਰ।

ਸੂਚਨਾ–ਦਾਤਾ ਸਤਿਗੁਰੂ, ਅਰਸ਼ਾਂ ਦਾ ਨੂਰ ਸਤਿਗੁਰੂ ਹੁਣ ਕਰਤਾਰ ਪੁਰੇ ਵਿਚ ਜੋਤਿ ਜਗਾ ਰਿਹਾ ਹੈ। ਹੁਣ ਬਦੇਸ਼ੀਂ ਨਹੀਂ ਜਾਂਦਾ। ਦੂਰ ਦੂਰ ਥਾਂਈ ਤਪੱਸਜ਼ਾ ਕਰ ਰਹੀਆਂ ਅਨਪੁੱਗੀਆਂ ਰੂਹਾਂ ਪੁਗਾ ਆਇਆ ਹੈ, ਨਵੀਂਆਂ ਪਨੀਰੀਆਂ ਲਾ ਆਇਆ ਹੈ, ਕੁਮਾਰਗ ਪਏ ਸੁਮਾਰਗ ਲਾ ਆਇਆ ਹੈ, ਰੱਬ ਦੇ ਕਹਾਕੇ ਪਾਪਾਂ ਤੇ ਸ਼ੈਤਾਨ ਦੇ ਰਾਹੇ ਟੁਰ ਰਹੇ ਵਡਕਿਆਂ ਨੂੰ ਸੁਧਾਰ ਆਇਆ ਹੈ, ਪਾਪ ਦੇ ਬੜੇ ਬੜੇ ਕੁਫਰਗੜ੍ਹ ਤੋੜ ਆਇਆ ਹੈ, ਜ਼ਮਾਨੇ ਦੇ ਰਹਿਬਰਾਂ ਤੇ ਫਕੀਰਾਂ ਵਿਚ ਆਪਣੇ ਸੁਲਹਕੁੱਲ ਹੋਣ ਦਾ ਪ੍ਰੇਮ ਦਾ ਅਵਤਾਰ ਹੋਣ ਦਾ, ਸੱਚ ਦਾ ਪੁਤਰ ਤੇ ਸੱਚੇ ਦਾ ਟਿੱਕਾ ਜੀ ਹੋਣ ਦਾ ਨਾਮ ਰਸੂਲ ਤੇ ਰੱਬ ਨਾਲ ਜੋੜ ਦੇਣ ਵਾਲਾ ਅਵਤਾਰ ਹੋਣ ਦਾ, ਇਲਾਹੀ ਰੰਗ ਵਿਚ ਰੰਗਕੇ ਮੋਏ ਜੀਵਾਲਣ ਦਾ ਤੇ ਜੀਅ ਦਾਤਾ ਹੋਣ ਵਾਲਾ ਗੁਰ ਅਵਤਾਰ ਹੋਣ ਦਾ ਸਿੱਕਾ ਬਿਠਾ ਆਇਆ ਹੈ। ਹੁਣ ਪੀਰ ਫਕੀਰ, ਸਿੱਧ ਸਾਧੂ, ਵਡੇ ਛੋਟੇ ਜਗਜਾਸੂ ਤੇ ਨਾਮ ਵਿਚ ਲਗ ਰਹੀਆਂ ਸੰਗਤਾਂ, ਸਭ ਇਥੇ ਆਕੇ ਅੰਮ੍ਰਿਤ ਪੀਂਦੀਆਂ ਹਨ। ਗੁਰਸਿਖੀ ਪਸਰ ਗਈ ਹੈ, ੩੦ ਤੋਂ ਵਧੀਕ ਮੰਜੀਆਂ ਅਰਥਾਤ ਗੁਰਮੁਖ ਨਾਮ ਜਪਣ ਜਪਾਉਣ ਵਾਲੇ ਜਗਤ ਤੇ ਥਾਪ ਆਇਆ ਹੈ। ਸ਼ੋਕ ਹੈ ਕਿ ਇਨ੍ਹਾਂ ਸਭਨਾਂ ਦੇ ਨਾਮ, ਸਾਡੇ ਤਕ ਨਹੀਂ ਆਏ। ਗੁਰ ਸਿਖੀ ਰੂਪੀ ਅਕਾਸ਼ ਵਿਚ ਚੋਟੀ ਦੇ ਚਮਕਦਿਆਂ ਸਿਤਾਰਿਆਂ ਦੇਂ ਕੁਛਕੁ ਨਾਮ, ਜੋ ਭਾਈ ਗੁਰਦਾਸ ਜੀ ਨੇ ਲਿਖੇ ਹਨ, ਇਹ ਹਨ–ਭਾਈ ਬੁੱਢਾ, ਮਰਦਾਨਾ, ਭਗੀਰਥ, ਮਨਸੁਖ, ਤਿਲੋਕਾ, ਉਬਾਰੇ ਖਾਨ, ਅਬਦੁਲ ਰਹਿਮਾਨ, ਮੂਲੋ, ਮੂਲਾ ਕੀੜ, ਪ੍ਰਿਥਾ, ਖੇਡਾ, ਪ੍ਰਿਥੀ ਮਲ, ਸਹਗਲ, ਰਾਮਾ, ਡਿਡੀ, ਮਾਂਗੋ, ਕਾਲੂ (ਇਕ ਹੋਰ ਖੱਤ੍ਰੀ ਸਿਖ ਸੀ), ਭਗਤਾ, ਓਹਰੀ ਜਾਪੂ ਵੰਸੀ, ਸੀਹਾਂ, ਸੀਹੋਂ ਸੈਦੋ, ਘੇਹੋ ਗੱਜਣ, ਫਿਰਣਾ, ਜੋਧ, ਸਧਾਰਣਾ; ਅਜਿੱਤਾ ਰੰਧਾਵਾ ਆਦਿ।

ਇਹਨਾਂ ਦੇ ਜੀਵਨ ਆਪ ਜਪਣ ਤੇ ਹੋਰਨਾਂ ਨੂੰ ਜਪਾਉਣ ਦੇ ਹਨ, ਨਮੂਨੇਂ ਲਈ ਪ੍ਰਸੰਗ ਅਜਿੱਤੇ ਦਾ ਦੇ ਕੇ ਫੇਰ ਉਬਾਰੇ ਖਾਂ ਆਦਿ ਦਾ ਹਾਲ ਅਗਲੇ ਪ੍ਰਸੰਗ ਵਿਚ ਦੇਂਦੇ ਹਾਂ ਕਿ ਕੀਕੂੰ ਦੁਨੀਆਂ ਤਰਦੀ ਸੀ।

---

੧ ਇਹ ਗੀਤ ਗੁਰਪੁਰਬ ਸੰ: ਗੁ: ਨਾ: ਸਾ: ੪੬੬(੧੯੩੫ ਈ:) ਨੂੰ ਖਾ: ਸ:ਮਾ: ਵਿਖੇ ਪ੍ਰਕਾਸ਼ਿਆ ਸੀ।

## ੮੫. ਅਜਿੱਤਾ-ਸੰਸਾਰਕ ਮੁਸ਼ਕਲ ਹੱਲ [1]।

ਅਜਿੱਤਾ ਅਚਲ ਵਟਾਲੇ ਸਿਧ ਗੋਸ਼ਟ ਵੇਲੇ ਗੁਰੂ ਬਾਬੇ ਦੇ ਨਾਲ ਸੀ ਤੇ ਨਾਲ ਹੀ ਮੁਲਤਾਨ ਤੇ ਟਿੱਲੇ ਆਦਿ ਥਾਂਵਾਂ ਦੇ ਸਫ਼ਰ ਵਿਚ ਰਿਹਾ ਤੇ ਨਾਲ ਹੀ ਕਰਤਾਰ ਪੁਰੇ ਵਾਪਸ ਆਇਆ। ਢੇਰ ਚਿਰ ਬਾਹਰ ਰਹਿਣ ਕਰਕੇ ਘਰ ਆਇਆਂ ਪਤਾ ਲਗਾ ਕਿ ਸਿਰ ਤੇ ਕੁਛ ਸ਼ਾਹ ਦਾ ਕਰਜ਼ਾ ਚੜ੍ਹ ਗਿਆ ਹੈ। ਉਸ ਦੇ ਚਿਰ ਤਾਈਂ ਪਰਦੇਸ਼ ਰਹਿਣ ਕਰਕੇ ਅਰ ਮੁੱਦਤਾਂ ਤੋਂ ਸੇਵਾ ਵਿਚ ਰਹਿਣ ਕਰਕੇ ਖੇਤੀ ਬਾੜੀ ਦਾ ਕੰਮ ਪਰਾਏ ਹੱਥੀਂ ਪੈ ਗਿਆ ਜਾਪਦਾ ਹੈ। ਸੋ ਅਜਿੱਤਾ ਪਹਿਲਾਂ ਤਾਂ ਮਨ ਵਿਚ ਸੋਚਾਂ ਸੋਚਦਾ ਰਿਹਾ ਕਿ ਕਿਵੇਂ ਕਰਾਂ ? ਬਿਰਤੀ ਉਸ ਦੀ ਹੁਣ ਉਚੇ ਰੰਗ ਵਿਚ ਰਹਿੰਦੀ ਸੀ, ਪਰਮਪਦ ਦੀ ਲੱਖਤਾ ਸੀ, ਸ਼ਕਤੀ ਬੀ ਹੈਸੀ। ਸ੍ਵਾਰਥ ਲਈ ਕਰਾਮਾਤ ਵਰਤਣੀ ਮਾੜੀ ਹੈ। ਇਹ ਅਸੂਲ ਬੀ ਸਿਖ ਚੁਕਾ ਸੀ ਕਿ ਗੁਰੂ ਬਾਬੇ ਦੇ ਘਰ ਵਿਚ ਆਚਰਣ ਦੀ ਸ਼ੁੱਧੀ ਬੜੀ ਉੱਚੀ ਵਸਤੂ ਹੈ। ਇਸ ਕਰਕੇ ਕਰਜ਼ਾ ਦੇਣਾ ਜ਼ਰੂਰੀ ਅੰਗ ਆਪਣੀ ਗੁਰਮੁਖਤਾਈ ਦਾ ਸਮਝਦਾ ਸੀ। ਜੇ ਪਿੰਡ ਜਾਕੇ ਜ਼ਿਮੀ ਵੇਚ ਵੱਟਕੇ ਕਰਜ਼ਾ ਦੇਂਦਾ ਹੈ ਤਾਂ ਇਸਤ੍ਰੀ ਤੇ ਪਰਿਵਾਰ ਦੁਖ ਮੰਨੇਗਾ, ਪਰਵਾਰ ਨੂੰ ਬੀ ਉਦਾਸ ਨਹੀਂ ਕਰਨਾ ਚਾਹੁੰਦਾ। ਸ੍ਰੀ ਮਿਹਰਵਾਨ ਸਤਿਗੁਰੂ ਨੇ ਇਕ ਦਿਨ ਅਜਿੱਤੇ ਦੇ ਚਿਹਰਿਓਂ ਟਿਕਾਉ ਹਿੱਲੇ ਦੇ ਲੱਛਣ ਪਛਾਣੇ ਤੇ ਦਿਲ ਦੀ ਗਲ ਸਮਝਕੇ ਆਖਿਆ-ਭਾਈ! ਗੇਣਤੀਆਂ ਵਿਚ ਕਿਉਂ ਹੈਂ ! ਤਾਂ ਅਜਿੱਤੇ ਕਿਹਾ: ਪਾਤਸ਼ਾਹ ਆਪ ਜਾਣੀ ਜਾਣ ਹੋ, ਜੀਵ ਕਿਤਨਾ ਉੱਚਾ ਹੋ ਜਾਏ ਜੇ ਉਸ ਠੀਕ ਰਾਹੇ ਟੁਰਨਾ ਹੈ ਤਾਂ ਕਠਨਾਈਆਂ ਜਗਤ ਵਿਵਹਾਰ ਦੀਆਂ ਆਉਂਦੀਆਂ ਹੀ ਰਹਿੰਦੀਆਂ ਹਨ, ਉਸੇ ਤਰ੍ਹਾਂ ਦੀ ਇਕ ਕਠਨਾਈ ਆਈ ਹੋਈ ਹੈ, ਆਪ ਦੀ ਮੇਹਰ ਨਾਲ ਨਵਿਰਤ ਹੋ ਜਾਏਗੀ। ਤਾਂ ਗੁਰੂ ਜੀ ਨੇ ਆਖਿਆ-ਅਜਿੱਤਿਆ! ਜਾਹੁ ਅਮੁਕੇ ਥਾਉਂ ਮਿੱਟੀ ਦੇ ਵਡੇ ਸਾਰੇ ਢੇਰ ਹੇਠਾਂ ਰੁਪਏ ਪਏ ਹਨ ਉਥੋਂ ਜਿਤਨੇ ਦੇਣੇ ਹੈਨੀ ਲੈ ਲੈ ਤੇ ਅਰਿਣੀ ਹੋ ਜਾਹ। ਅਜਿੱਤੇ ਨੇ ਜਾਕੇ ਰੁਪੱਯੇ ਡਿੱਠੇ ਜਿੰਨੇ ਸਿਰ ਚੜੇ ਸਨ ਚਾ ਲਏ। ਆਪਣੀ ਜਾਚੇ ਤਾਂ ਕੁਛ ਵਧੇਰੇ ਹੀ ਚਾਏ, ਪਰ ਜਾਂ ਗੁਰੂ ਕੇ ਹਜ਼ੂਰ ਜਾਕੇ ਗਿਣੇ ਤਾਂ ਦੋ ਘਟ ਨਿਕਲੇ। ਤਦ ਅਸਚਰਜ ਹੋਕੇ ਕਹਿਣ ਲੱਗਾ-ਪਾਤਸ਼ਾਹ ! ਮੈਂ ਤਾਂ ਕੁਛ ਵਧੇਰੇ ਲਏ ਸਨ ਤੇ ਇਥੇ ਆਕੇ ਘਟ ਗਏ। ਤਾਂ ਗੁਰੂ ਜੀ ਨੇ ਕਿਹਾ ਉਥੇ ਹੀ ਜਾਹੁ। ਜਾਂ ਜਾਕੇ ਦੇਖੇ ਤਾਂ ਜਿੰਨੇ ਘਟੇ ਸਨ ਉਥੇ ਹੀ ਪਏ ਸਨ। ਸੋ ਅਜਿੱਤੇ ਨੇ ਜਾਕੇ ਚਾ ਲਏ, ਕਰਜ਼ਾ ਉਤਾਰਿਆ ਤੇ ਸੁਖੀ ਹੋ ਗਿਆ[2]।

{ਇਤਿਹਾਸਕ ਪਹਿਲੂ}

ਪੁਰਾਤਨ ਜਨਮ ਸਾਖੀ ਵਿਚ ਭਾਈ ਅਜਿੱਤੇ ਦਾ ਪ੍ਰਸੰਗ ਨਹੀਂ ਹੈ, ਇਸ ਤੋਂ ਇਹ ਨਹੀਂ ਸਮਝਣਾ ਚਾਹੀਏ ਕਿ ਅਜਿੱਤਾ ਕੋਈ ਨਹੀਂ ਹੋਇਆ। ਸਭ ਤੋਂ ਪੁਰਾਣੀ ਵਸਤੂ ਭਾਈ ਗੁਰਦਾਸ ਜੀ ਦੀਆਂ ਵਾਰਾਂ ਹਨ ਤੇ ਸਭ ਤੋਂ ਵੱਧ ਪ੍ਰਮਾਣੀਕ ਬੀ ਉਹੀ ਹਨ। ਗੁਰੂ ਨਾਨਕ ਦੇਵ ਜੀ ਦੇ ਚੋਣਵੇਂ ਸਿੱਖਾਂ ਵਿਚ ਭਾਈ ਜੀ ਨੇ ਅਜਿੱਤੇ ਰੰਧਾਵੇ ਦਾ ਨਾਮ ਦਿਤਾ ਹੈ ਜੋ ਇਸ ਪ੍ਰਕਾਰ ਹੈ "ਜਿੱਤਾ ਰੰਧਾਵਾ ਭਲਾ ਬੂੜਾ ਬੁੱਢਾ ਇਕ ਮਨ ਧਜਾਵੈ॥"

ਭਾਈ ਮਨੀ ਸਿੰਘ ਜੀ ਕ੍ਰਿਤ ਭਗਤ ਰਤਨਾ-

---

[1] ਇਹ ਲੇਖ ਪਿਛੇ ਆਏ 'ਅਜਿੱਤਾ ਉਧਾਰ' ਪ੍ਰਸੰਗ ਦਾ ਅੰਤਲਾ ਹਿੱਸਾ ਹੈ।

[2] ਇਹ ਸਾਖੀ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਲਿਖੀ ਹੈ। ਇਸ ਵਿਚ ਇਹ ਉਪਦੇਸ਼ ਦ੍ਰਿੜ੍ਹਇਆ ਹੈ ਕਿ ਗ੍ਰਿਹਸਤ ਵਿਚ ਜੋ ਗੁਰੂ ਕੇ ਪਿਆਰੇ ਕਦੇ ਔਖੇ ਹੋਏ ਹਨ ਉਹਨਾਂ ਨੇ ਆਪਣੀ ਇਖਲਾਕੀ ਉੱਚਤਾ ਅਰਥਾਤ ਸ਼ੁਭ ਆਚਾਰਣ ਨੂੰ ਹੱਥੋਂ ਨਹੀਂ ਦਿਤਾ ਅਤੇ ਸਤਿਗੁਰ ਨੇ ਆਪ ਸਿਖਾਂ ਨਾਲ ਦੁਖ ਸੁਖ ਵਿਚ ਜਗਤ ਤਿੰਨ ਕਾਲ ਮਿਥਿਆ ਕਹਿਕੇ ਇਖਲਾਕੀ ਜ਼ਿੰਮੇਵਾਰੀਆਂ ਤੋਂ ਕੰਨੀਂ ਕਤਰਾਉਣੀ ਨਹੀਂ ਸਿਖਾਈ, ਪਿਆਰ ਕੀਤਾ ਹੈ, ਹਮਦਰਦੀ ਕੀਤੀ ਹੈ ਤੇ ਹਰ ਤਰ੍ਹਾਂ ਨਾਲ ਸਹਾਇਤਾ ਦਿਤੀ ਹੈ।

ਅਜਿੱਤਾ ਇਸ ਤਰ੍ਹਾਂ ਸਤਿਗੁਰ ਦਾ ਨਿਕਟਵਰਤੀ ਤੇ ਪਰਮਪਦ ਨੂੰ ਪ੍ਰਾਪਤ ਸਿਖ ਹੋਇਆ ਹੈ। ਪੱਖੋਂ ਕੀ ਕਰਤਾਰ ਪੁਰੇ ਦੇ ਨੇੜੇ ਹੋਣ ਕਰਕੇ ਇਸ ਦਾ ਸਤਿਗੁਰ ਦੇ ਚਰਨਾਂ ਵਿਚ ਮਹਾਰਾਜ ਜੀ ਦੇ ਬਿਰਧਾਪਨ ਦੇ ਦਿਨਾਂ ਵਿਚ ਬਹੁਤ ਨਿਵਾਸ ਰਿਹਾ ਹੈ, ਪਿੰਡ ਵੀ ਆ ਜਾਂਦਾ ਸੀ ਤੇ ਕਰਤਾਰ ਪੁਰ ਬੀ ਬਹੁਤ ਕਾਲ ਰਹਿੰਦੀ ਸੀ।

ਵਲੀ ਵਿਚ ਭਾਈ ਅਜਿੱਤੇ ਦਾ ਨਾਮ ਆਇਆ ਹੈ। ਹਠ ਯੋਗ ਤੇ ਭਗਤਿ ਜੋਗ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ ਉਸ ਪ੍ਰਤੀ ਹੋਇਆ ਹੈ। ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿਚ ਕਰਜ਼ੇ ਵਾਲੀ ਸਾਖੀ ਆਈ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਸ੍ਰੀ ਗੁਰੂ ਜੀ ਪੱਖੋ ਕੀ ਆਗਮਨ ਦੀ ਅਜਿੱਤੇ ਨੂੰ ਉਧਾਰਨ ਦੀ, ਸਸ ਸਹੁਰੇ ਨੂੰ ਨਿਸਤਾਰਨ ਦੀ ਅਤੇ ਅਚਲ ਵਾਲੀ ਅਜਿਤੇ ਦੀ ਕਾਰ ਕੱਢਣ ਤੇ ਪਾਣੀ ਉਤੇ ਬੈਠਣ ਵਾਲੀਆਂ ਸਾਖੀਆਂ ਆਈਆਂ ਹੈਨ। ਬਾਲੇ ਵਾਲੀ ਜਨਮ ਸਾਖੀ ਵਿਚ ਅਜਿੱਤੇ ਦੇ ਪਿਤਾ ਦਾ ਨਾਮ 'ਹਿੱਤਾ' ਦਿਤਾ ਹੈ। ਤੇ ਸ੍ਰੀ ਗੁਰੂ ਜੀ ਦੀ ਜੰਵ ਜਾਣ ਵੇਲੇ ਅਜਿੱਤਾ, ਪ੍ਰਾਹੁਣਚਾਰੀ ਵਿਚ ਹੁੰਦਾ ਹੈ। ਫਿਰ ਇਸ ਵਿਚ ਅਜਿੱਤੇ ਦੇ ਗੁਰੂ ਜੀ ਦੀ ਸ਼ਰਨ ਪ੍ਰਾਪਤ ਹੋਣ ਵਾਲੀ ਸਾਖੀ ਬੀ ਆਖੀ ਹੈ। ਬਾਲੇ ਵਾਲੀ ਛਾਪੇ ਦੀ ਸਾਖੀ ਵਿਚ ਅਜਿੱਤੇ ਰੰਧਾਵੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਗੋਸ਼ਟ ਵੀ ਆਈ ਹੈ। ਇਹ ਪੁਰਾਤਾਨ ਲਿਖਤ ਭਾਈ ਬਾਲੇ ਦੇ ਨਾਮ ਵਾਲੀ ਜਨਮ ਸਾਖੀ ਵਿਚ ਨਹੀਂ ਮਿਲੀ, ਸੰਮਤ ੧੯੨੫ ਤੇ ਸੰਮਤ ੧੯੦੫ ਦੀਆਂ ਲਿਖਤ ਪੋਥੀਆਂ ਵਿਚ ਗੋਸ਼ਟ ਨਹੀਂ ਹੈ। ੧੯੪੭ ਵਿਚ ਗੁਰ ਪ੍ਰਕਾਸ਼ ਪ੍ਰੈਸ ਵਿਚ ਸ਼ਾਮ ਦਾਸ ਦੀ ਛਪੀ ਜਨਮ ਸਾਖੀ ਵਿਚ ਵੀ ਗੋਸ਼ਟ ਨਹੀਂ ਹੈ, ਪਰ ਇਸੇ ਸਾਲ ਇਕ ਪੱਥਰ ਦੇ ਛਾਪੇ ਵਿਚ ਗੋਸ਼ਟ ਆਈ ਹੈ ਤੇ ਛਾਪਣ ਵਾਲਾ ਇਕ ਮੁਸਲਮਾਨ ਪ੍ਰੈਸ ਦਾ ਪ੍ਰਬੰਧਕ ਲਿਖਦਾ ਹੈ ਕਿ ਮੈਂ ਇਹ ਗੋਸ਼ਟ ਵਧਾਈ ਹੈ ਤੇ ਪਿੰਡੀ ਭਟੀਆਂ ਦੀ ਇਕ ਲਿਖਤੀ ਲਿਖਤ ਤੋਂ ਲਈ ਹੈ। ਇਸ ਤੋਂ ਮਗਰੋਂ ਫਿਰ ਇਹ ਘੱਟ ਵੱਧ ਛਪਦੀ ਹੀ ਰਹੀ।

ਸੋ ਅਜਿੱਤੇ ਰੰਧਾਵੇ ਦੀ ਗੋਸ਼ਟ ਨਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਨਾਂ ਭਾਈ ਗੁਰਦਾਸ ਵਿਚ ਤੇ ਨਾ ਪੁਰਾਤਨ ਜਨਮ ਸਾਖੀ ਵਿਚ। ਐਉਂ ਜਾਪਦਾ ਹੈ ਕਿ ਦਸਵੇਂ ਸਤਿਗੁਰਾਂ ਤੋਂ ਮਗਰੋਂ ਕਿਸੇ ਨੂੰ ਯਾਰ੍ਹਵਾਂ ਗੁਰੂ ਬਣਨ ਦਾ ਸ਼ੌਂਕ ਆਯਾ ਹੈ, ਪਰ ਉਸ ਦਾ ਇਖ਼ਲਾਕੀ ਜੀਵਨ ਦਸਾਂ ਪਾਤਸ਼ਾਹੀਆਂ ਦੀ ਪਵਿਤ੍ਰਤਾ ਨੂੰ ਅੱਪੜਨੋਂ ਆਰੀ ਸੀ ਤੇ ਉਸ ਦਾ ਸੰਬੰਧ ਕਿਸੇ ਗਨਕਾ ਨਾਲ ਰਿਹਾ ਹੈ, ਸੋ ਇਸ ਕਰਮ ਨੂੰ ਵਿਹਤ ਦੱਸਣ ਵਾਸਤੇ ਤੇ ਉਸ ਦੀ ਗੁਰਿਆਈ ਵਾਸਤੇ ਇਸ ਗੋਸ਼ਟ ਵਿਚ ਜਤਨ ਕੀਤਾ ਗਿਆ ਹੈ ' ਇਹ ਗੋਸ਼ਟ ਗੁਰੂ ਕ੍ਰਿਤ ਕਿਵੇਂ ਬੀ ਨਹੀਂ ਹੈ, ਕਿਸੇ ਨੇ ਆਪਣੇ ਲਾਭ ਹਿਤ ਲਿਖਵਾਈ ਹੈ। ੧੯੦੪ ਦੀ ਇਕ ਲਿਖਤੀ ਪੋਥੀ ਜਿਸ ਵਿਚ ਕਿਤਨੀਆਂ ਬਾਣੀਆਂ ਤੇ ਮੱਕੇ ਦੀ ਗੋਸ਼ਟ ਆਦਿ ਹੈਨ, ਉਨ੍ਹਾਂ ਵਿਚ ਸਫੇ ੪੭ ਤੋਂ ੯੫ ਪਰ ਅਜਿੱਤੇ ਦੀ ਇਹ ਗੋਸ਼ਟ ਬੀ ਹੈ ਜਿਸ ਦੀ ਇਬਾਰਤ ਅਜ ਕਲ ਦੀ ਛਾਪੇ ਵਾਲੀ ਤੋਂ ਕਈ ਭਿੰਨ ਭੇਤ ਰਖਦੀ ਹੈ, ਫੇਰ ਬੀ ਹੈ ਇਹੋ ਕੁਛ। ਇਸ ਪੋਥੀ ਦਾ ਉਤਾਰਾ ਕਰਨ ਵਾਲਾ ਲਿਖਾਰੀ ਲਿਖਦਾ ਹੈ "ਜੈਸੀ ਪ੍ਰੀਤਿ ਤੈਸੀ ਲਿਖੀ ਹਮ ਕਉ ਪਾਪ ਪੁੰਨ ਕਿਛੁ ਨਾਹਿ ॥" ਅਜਿੱਤੇ ਦੀ ਗੋਸ਼ਟ ਮੁਕਾ ਕੇ ਫੇਰ ਲਿਖਦਾ ਹੈ "ਜਿਸ ਤਰ੍ਹਾਂ ਲਿਖੀ ਆਹੀ ਅਸਾਂ ਉਸੇ ਤਰ੍ਹਾਂ ਉਤਾਰੁ ਕੀਤਾ ਹੈ॥" ਇਸ ਇਬਾਰਤ ਤੋਂ ਵੀ ਇਹੋ ਥਹੁ ਪਿਆ ਕਿ ਲਿਖਾਰੀ ਆਪਣੀ ਕਿਰਤ ਕਮਾਈ ਲਿਖਤ ਦੀ ਹੋਣ ਕਰਕੇ ਪੋਥੀ ਉਤਾਰ ਰਿਹਾ ਹੈ, ਵੈਸੇ ਉਸ ਨੂੰ ਪੋਥੀ ਦੇ ਸਹੀ ਗੋਸ਼ਟ ਹੋ ਬੀਤੀ ਦੇ ਹੋਣ ਦਾ ਤੇ ਇਸ ਵਿਚ ਗਨਕਾ ਆਦਿ ਪ੍ਰਸੰਗਾਂ ਦਾ ਹੋਣ: ਇਖ਼ਲਾਕ ਗਿਰਾਉ ਤੇ ਇਸ ਦੇ ਸੱਚੇ ਹੋਣ ਤੋਂ ਡਰ ਰਿਹਾ ਹੈ ਤੇ ਪਾਪ ਪੁੰਨ ਤੋਂ ਹੱਥ ਧੋ ਰਿਹਾ ਹੈ, ਨਹੀਂ ਤਾਂ ਪਰਮਾਰਥੀ ਪੋਥੀਆਂ ਦਾ ਲਿਖਣਾ, ਮੁਫਤ ਚਾਹੋ ਮਜ਼ੂਰੀ ਲੈਕੇ ਲਿਖਾਰੀ ਪੁੰਨ ਰੂਪ ਕਰਮ ਸਮਝਦੇ ਹੁੰਦੇ ਸਨ।

ਅਜਿੱਤੇ ਬਾਬਤ ਹੋਰ ਖੋਜ ਤੋਂ ਪਤਾ ਲੱਗਾ ਹੈ ਕਿ ਪੱਖੋ ਕੇ ਪਿੰਡ 'ਪੱਖੋ' ਰੰਧਾਵੇ ਨੇ ਬੱਧਾ ਸੀ, ਇਸ ਦਾ ਪੁਤਰ 'ਹਿੱਤਾ' ਸੀ ਤੇ 'ਹਿੱਤੇ' ਦਾ ਪੁਤਰ 'ਅਜਿੱਤਾ' ਸੀ।

ਪਤਾ ਚਲਦਾ ਹੈ ਕਿ ਸੰ: ੧੯੪੫ ਬਿ: ਵਿਚ ਅਸਲੀ ਪੱਖੋ ਕੀ ਪਿੰਡ, ਜੋ ਡੇਰਾ ਬਾਬਾ ਨਾਨਕ ਤੋਂ ਉੱਤਰ ਵਲ ਨੂੰ ਇਕ ਦੋ ਮੀਲ ਤੇ ਸੀ, ਦਰਜਾ ਨੇ ਢਾਹ ਘੱਤਿਆ ਸੀ। ਹੁਣ ਪੱਖੋ ਕੀ ਦੋ ਤ੍ਰੈ ਟਿਕਾਣੇ ਹਨ। ਇਕ ਪੱਖੋ ਕੀ (ਚੂਹੜ ਸਿੰਘ ਵਾਲੀ ਹੈ) ਜੋ ਡੇਰਾ ਬਾਬਾ ਨਾਨਕ ਤੋਂ ਅੱਧ ਕੁ ਕੋਹ ਪਹਾੜ ਵਲ ਨੂੰ ਹੈ। ਦੂਜੀ ਚੜ੍ਹਦੇ ਪਾਸੇ ਨੂੰ (ਟਾਹਲੀ ਸਾਹਿਬ ਵਾਲੀ ਹੈ) ਡੇਰਾ ਬਾਬਾ ਨਾਨਕ ਤੋਂ ਬਹੁਤ ਨੇੜੇ ਵਾਰ ਹੈ। ਤੀਸਰੇ ਪੱਖੋਕੇ ਕੇ ਡੇਰੇ ਤੋਂ

ਦੱਖਣ ਵਲ ਨੂੰ ਥੋੜੀ ਵਿੱਥ ਤੇ ਹੈ। ਡੇਰਾ ਬਾਬਾ ਨਾਨਕ ਨੂੰ ਬੀ ਮਾਲ ਦੇ ਕਾਗਜ਼ਾਂ ਵਿਚ 'ਪੱਖੋ ਕੇ ਡੇਰਾ ਬਾਬਾ ਨਾਨਕ' ਲਿਖਿਆ ਜਾਂਦਾ ਹੈ। ਅਸਲ ਵਿਚ 'ਡੇਰਾ ਬਾਬਾ ਨਾਨਕ' ਪੱਖੋ ਕੀ ਦੀ ਜ਼ਿਮੀਂ ਵਿਚ ਹੀ ਆਬਾਦ ਹੋਇਆ ਸੀ। ਇਹ ਬੀ ਰਵਾਯਤ ਮਿਲਦੀ ਹੈ ਕਿ ਅਜਿੱਤੇ ਨੂੰ ਉਪਦੇਸ਼ ਜਿਥੇ ਹੋਇਆ ਸੀ ਉਥੇ ਹੀ ਸ੍ਰੀ ਦਰਬਾਰ ਸਾਹਿਬ (ਡੇਰਾ ਬਾ: ਨਾ: ਵਾਲਾ) ਹੈ। ਕਰਤਾਰ ਪੁਰ ਡੇਰਾ ਬਾਬਾ ਨਾਨਕ ਤੋਂ ਢਾਈ ਤ੍ਰੈ ਮੀਲ ਦਰਿਯਾਓਂ ਪਾਰ ਹੈ।

ਕਿਸੇ ਵੇਲੇ ਟਪਲਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਦਾ ਵਿਆਹ ਏਸੇ ਉਪਰਲੇ ਪੱਖੋ ਕੇ ਹੋਇਆ ਸੀ, ਪਰ ਇਹ ਠੀਕ ਨਹੀਂ, ਵਿਆਹ ਵਟਾਲੇ ਹੋਇਆ ਸੀ। ਇਸੇ ਟਿਕਾਣੇ ਵਿਆਹ ਦਾ ਪ੍ਰਸਿੱਧ ਗੁਰਦੁਆਰਾ ਹੈ, ਤੇ ਉਸ ਵੇਲੇ ਦੀ ਵਰੀ ਹੋਈ ਕੰਧ ਬੀ ਬਟਾਲੇ ਖੜੀ ਹੈ। ਭੁਲੇਵਾ ਸਾਇਦ ਏਥੋਂ ਪੈਂਦਾ ਹੈ ਕਿ ਮੂਲੇ ਚੋਣੇ ਦਾ ਜਿਕਰ ਪੱਖੋ ਕੀ ਨਾਲ ਆਉਂਦਾ ਹੈ। ਗਲ ਇਹ ਹੈ ਕਿ ਮੂਲਾ ਵਟਾਲੇ ਦੇ ਰਹਿਣ ਵਾਲਾ ਸੀ, ਤੇ ਪੱਖੋ ਕੀ ਤੇ ਨਾਲ ਦੇ ਪਿੰਡਾਂ ਦਾ ਪਟਵਾਰੀ ਸੀ, ਇਸ ਕਰਕੇ ਉਸ ਦਾ ਸੰਬੰਧ ਪੱਖੋ ਕੀ ਤੇ ਵਟਾਲੇ ਦੋਂਹਾ ਥਾਵਾਂ ਨਾਲ ਸੀ। ਘਰ ਵਟਾਲੇ ਹੋਣ ਕਰਕੇ ਵਿਆਹ ਓਥੇ ਹੀ ਹੋਣਾ ਸੀ ਤੇ ਪੱਖੋ ਕੀ ਵਿਚ ਰਿਹਾਇਸ਼ ਹੋਣ ਕਰਕੇ ਗੁਰੂ ਜੀ ਦੇ ਮੇਲੇ ਓਥੇ ਹੀ ਹੋਏ ਸੇ, ਜਿੱਥੇ ਕਿ ਉਸ ਦਾ ਨਿਸਤਾਰਾ ਹੋਇਆ ਸੀ।

# ੮੬. ਉਬਾਰੇ ਖਾਨ [੧]।

ਉਬਾਰਾ ਖਾਂ-ਆਓ ਸ਼ੇਖ ਜੀ; ਦਿਓ ਕੋਈ ਦਿਲ ਦੀਆਂ ਗੱਲਾਂ, ਚਿਹਰਿਓਂ ਤਾਂ ਓਹ ਤੌਰ ਬਦਲੇ ਹੋਏ ਦਿੱਸਦੇ ਹਨ ਕਿ ਕੋਈ ਜਾਣੇ ਨੁਹਾਰ ਹੀ ਵਟੀਜ ਗਈ ਹੈ-

ਸ਼ੇਖ ਮਾਲੋ-ਹਾਂ, ਫਿਰ ਦਿਓ ਨਾ ਮੁਮਾਰਖਾਂ, ਖਾਂਨ ਜੀ ! ਪਾਓ ਨ ਮੇਰੇ ਗਲ ਸਿਹਰਾ, ਕੋਈ ਮੌਲੀ ਦਾ ਅੱਟਾ, ਚੜ੍ਹਾਓ ਨ ਕੋਈ ਕੇਸਰ ਕੁੰਕਮ ਮੈਂ ਸੁਹਾਗਵੰਤੀ ਹੋਈ ਨੂੰ ਕੋਈ ਪਾਓ ਨ ਸ਼ਗਨ ਝੋਲੀ ਵਿਚ।

ਉਬਾਰੇ ਖਾਂ-ਸ਼ੁਕਰ, ਅਲਹਮਦੁਲਿੱਲਾ, ਹੋ ਗਈ ਏਂ ਸਹੀਏ ! ਸੁਹਾਗਵੰਤੀ ? ਸ਼ੁਕਰ ਅੱਲਾ ਪਾਕ ਦਾ, ਫਿਰ ਦੇਹ ਨਾ ਗੱਲਾਂ ਦਿਲ ਦੀਆਂ !

ਮਾਲੋ-ਦਿਲ ਨੂੰ ਜੀਭ ਨਹੀਂ ਜੋ ਬੋਲੇ; ਜੀਭ ਨੂੰ ਦਿਲ ਨਹੀਂ ਜਿਸ ਸਮਝਿਆ ਹੋਵੇ ਤੇ ਦੱਸੇ।

ਉਬਾਰੇ ਖਾਂ-ਆਖ਼ਰ ਚੱਖਣਹਾਰ ਨੇ ਚੱਖਣ ਦੀ ਮੌਜ ਮਾਣੀਂ; ਸਮਝਣਹਾਰ ਨੇ ਸਮਝਣ ਦੀ ਮੌਜ ਮਾਣੀਂ ਸਾਰਿਆਂ ਦੀ ਮੌਜ ਮਾਣਨ ਦੇ ਡੂੰਗ ਚਿਹਰੇ ਉਤੇ ਆ 'ਨੂਰੀ-ਰੇਖਾ' ਹੋ ਚਮਕੇ, ਸ਼ੁਕਰ ਹੈ ਕਿ ਅਸਾਂ ਇਨ੍ਹਾਂ ਸੁਹਣੇ ਨਕਸ਼ਾਂ ਦੇ ਦਰਸ਼ਨ ਹੀ ਮਾਣ ਲਏ। ਸ਼ੁਕਰ ਅੱਲਾ ਦਾ ! ਸ਼ੁਕਰ ਪਾਕ ਪਰਵਰ ਦਗਾਰ ਦਾ !!

ਮਾਲੋ-ਬੱਸ, ਸਿਵਾਏ ਸ਼ੁਕਰ ਦੇ ਹੋਰ ਕੋਈ ਜਾਹਗਾ ਨਹੀਓਂ ਸੱਜਣਾਂ ! ਜੀਭ ਸ਼ੁਕਰ ਕਰੇ, ਲੂੰ ਲੂੰ ਭਰ ਜਾਏ ਸ਼ੁਕਰ ਨਾਲ, ਦਿਲ ਰਸ ਜਾਏ ਨਾਲ ਸ਼ੁਕਰ ਦੇ; ਬੱਸ ਹੋ ਜਾਏ ਮਿਸਰੀ ਦੀ ਡਲੀ ਵਾਂਗੂੰ ਸਾਰਾ ਸ਼ੁਕਰ।

ਉਬਾਰਾ-ਠੀਕ ਸੱਚ; ਸਹੀ, ਪਰ ਸ਼ੁਕਰ ਕਰਨਾ ਕਿਹੜਾ ਆਪਣੇ ਵੱਸ ਹੈ? ਇਹ ਮਨ ਹੀਰੇ ਮਿਰਗ ਦਾ ਹਰਨੋਟਾ, ਟੱਪਦਾ, ਛਾਲਾਂ ਮਾਰਦਾ, ਚੌਂਕੜੀਆਂ ਭਰਦਾ, ਹਰੀਆਂ ਹਰੀਆਂ ਅੰਗੂਰੀਆਂ ਦੇ ਮਗਰ ਅੱਠੇ ਪਹਿਰ ਭੱਜਾ ਫਿਰਦਾ ਹੈ, ਸ਼ੁਕਰ ਲਈ ਕਿਹੜਾ ਵੇਲਾ ਸੂ ? ਦੇਹ ਨਾ ਯਾਰਾ ਸੁਹਾਗਵੰਤੀ ਝੋਲੀ ਵਿਚੋਂ ਝੋਲੀ ਪਈਆਂ ਦਾਤਾਂ ਦਾ ਕੋਈ ਹਿੱਸਾ, ਬਖ਼ਰਾ, ਜੋ ਕੁਆਰੀਆਂ, ਵਰ ਪ੍ਰਾਪਤੀ ਦੀਆਂ ਉਮੰਗਾਂ ਵਾਲੀਆਂ ਮੁਟਿਆਰਾਂ ਬੀ ਮੂੰਹ ਲਾਉਣ ਤੇ ਕਿਸੇ ਦੇ ਸਦਕੇ ਕਦੇ ਸੁਹਾਗ ਭਾਗ ਜੋਗੀਆਂ ਹੋ ਜਾਣ।

ਮਾਲੋ-ਗੁੰਗੇ ਦਾ ਗੁੜ, ਖਾਵੇ ਸੁਆਦ ਮਾਣੇ, ਮੁਸਕ੍ਰਾਵੇ, ਪਰ ਦੱਸੇ ਕਿੱਵ ?

---

[੧] ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੯ ਦੇ ਗੁਰਪੁਰਬ ਪੁੰਨਮ (੧੯੨੭ ਈ:) ਨੂੰ ਟ੍ਰੈਕਟ ਦੀ ਸੂਰਤ ਵਿਖੇ ਪ੍ਰਕਾਸ਼ਿਆ ਸੀ।

ਉਬਾਰਾ-ਨਾ ਚਾ ਦੱਸੋ, ਪਰ ਸੁਹਣਿਆਂ, ਹੱਥਾਂ ਨਾਲ ਕੋਈ ਬੁਰਕੀ ਭੋਰਾ ਕਿਣਕਾ ਖ਼ੈਰ ਤਾਂ ਚ ਪਾਵੋ।

ਮਾਲੋ (ਠੰਢਾ ਸਾਹ ਭਰਕੇ)-ਮੰਗਤਾ ਮੰਗੀ ਦਾਤ ਵਿਚੋਂ ਕੀਹ ਦੇਵੇ, ਹਾਂ ਦਾਤਾ (ਨੈਣਾਂ ਵਿਚ ਅੱਥਰੂ ਭਰਕੇ) ਦਾਤਾ, ਬੋਲਣਹਾਰ ਦਾਤਾ, ਦੇਵਣਹਾਰ ਦਾਤਾ, ਓਹੋ ਦੇਵੇ ਤਾਂ ਦੇਵੇ, 'ਦਰ ਝੋਲੀ ਅੱਡੇ' ਕੀਹ ਦੇਣ ?

ਉਬਾਰਾ-ਨਾ ਦੇਣ, ਪਰ ਇੰਨੀਂ ਦਾਤ ਦੇਣੋਂ ਸ਼ੂਮ ਕਿਉਂ ਹੋ ਜਾਣ ਕਿ ਆਪਣੇ ਭਾਗੇ ਭਰੇ ਸੁਹਣੇ ਦਾਤੇ ਦੇ 'ਦਰ ਦਾ ਥਹੁ' ਖੈਰ ਪਾ ਦੇਣੋਂ ਬੀ ਹਥ ਸੰਕੋਚ ਲੈਣ। ਹੈਂ, ਜੀਭ ਹੀ ਚੰਗੀ ਹੋ ਜਾਏ। ਚੁਪ..., ਯਾਰਾਂ ਮਿੱਤਰਾਂ ਸੱਜਣਾਂ ਨਾਲ ਚੁੱਪਾਂ ?

ਮਾਲੋ-ਚੰਦ ਸੂਰਜ ਨੂੰ ਕਿਨ੍ਹ ਲੁਕਾਯਾ ਹੈ ਕਦੇ? ਹਵਾ ਨੂੰ ਕਿਨ੍ਹ ਕੁੱਜਿਆਂ ਵਿਚ ਬੰਦ ਕੀਤਾ ਹੈ ਕਦੇ ? ਹਾਂ, ਠੰਢੀਆਂ ਛਹਿਬਰਾਂ ਲਾਉਣ ਵਾਲੇ ਬੱਦਲਾਂ ਨੂੰ ਕਦੇ ਕੋਈ ਮੁੱਠ ਵਿਚ ਲੁਕਾ ਸਕਿਆ ਹੈ? ਸਤਾਰਿਆਂ ਦੀ ਕਹਕਸ਼ਾਂ[1] ਕਦੇ ਕਿਸੇ ਦੀ ਝੋਲੀ ਵਿਚ ਛਪ ਬੈਠੀ ਹੈ? ਕੋਣ ਹੈ ਜੋ ਕਦੇ ਅੱਲਾ ਦੇ ਨੂਰ ਨੂੰ, ਉਸ ਦੀ ਸੁਹਣੀ ਜੋਤਿ ਨੂੰ, ਪਰਦਿਆਂ ਵਿਚ ਬਿਠਾ ਸਕਿਆ ਹੈ?

ਉਬਾਰਾ-ਫਿਰ

ਤੂੰ ਡਿੱਠਾ ਅਸਾਂ ਦਿਖਾਲ ਕੁੜੇ !
ਕਰ ਦਰਸ਼ਨ ਨਾਲ ਨਿਹਾਲ ਕੁੜੇ।

ਮਾਲੋ-ਜੇ ਕੋਈ ਦੇਖਦਿਆਂ ਨਾ ਦੇਖੇ ਤਾਂ ਕੀ ਇਲਾਜ? ਜੇ ਨੈਣਾਂ ਹੁੰਦਿਆਂ ਦਰਸ਼ਨਾਂ ਦੇ ਅੱਗੇ ਨੈਣ ਹਾਜ਼ਰ ਨਾ ਕਰੇ ਤਾਂ ਕੀਹ ਚਾਰਾ?

ਉਬਾਰਾ-ਮਿੱਤ੍ਰਾਈ, ਸਜਨਾਈ, ਦੋਸਤੀ, ਯਾਰੀ, ਪਜਾਰ, ਹੁੱਬ, ਮੁਹੱਬਤ, ਹਿਤ, ਤੇਹ ਬੱਸ ਇਹੋ ਹੈ ਕਿ ਨੈਣਾਂ ਦੇ ਹੁੰਦਿਆਂ ਸੁੰਦਿਆਂ ਨਾ ਦੇਖ ਸੱਕਣ ਵਾਲੇ 'ਸੁਜਾਖੇ ਅੰਧ' ਮਿੱਤਰਾਂ ਨੂੰ ਰਮਜ਼ਾਂ ਦੇਣੀਆਂ ਤੇ ਸੈਨਤਾਂ ਮਾਰਨੀਆਂ, ਡੰਗੋਰੀ ਫੜ੍ਹਕੇ ਦਰ ਤਾਈਂ ਨਾਲ ਨਾਲ ਨਾ ਲੈ ਟੁਰਨਾ।

ਮਾਲੋ-ਔਖੀਆਂ ਹੈਨੀ ਸਜਣਾਂ ਘਾਟਾਂ ਪ੍ਰੇਮ ਦੀਆਂ, ਕਠਨ ਹੈਨੀ ਰਾਹਾਂ ਪਜਾਰੇ ਦੀਆਂ। ਮੰਗਦੀਆਂ ਨੀ ਤੇਰੇ ਆਪੇ ਦੀ ਸਾਰੀ ਭੇਟਾ, ਸਾਰਾ 'ਆਪਾਵਾਰ' ਤਾਬੇ ਦਾਰੀ, ਬ੍ਰਿਛੋਂ ਤਰੁੱਟੇ ਸੁੱਕੇ ਹੋਏ ਪੱਤਰ ਦੀ ਧੌਣ ਅਗੇ ਸਾਰੀ 'ਆਪਾ-ਵਿਛਾ ਫਿਰੋਤਨੀ[1]'-ਆਜਜ਼ੀ। ਤੂੰ ਹੈਂ ਖਾਨ ਪਟੇਬਾਜ਼, ਧੌਣ ਹੈ ਆਕੜਦਾਰ, ਫਿਰ ਮੁਸਲਮਾਨ ਹੈਂ ਅੱਲਾ ਤੋਂ ਅਨਜਾਣ, ਪਰ ਮੋਮਨੀ ਦੇ ਹੰਕਾਰ ਵਾਲਾ ਤੇ ਬਈ..., ਹਾਂ, ਇਸ ਰਸਤੇ, ਇਸ ਰਸਤੇ ਸੂਲਾਂ ਤੇ ਟੁਰਨਾ ਤੇ ਸੂਲੀ ਤੇ ਨੱਚਣਾ ਪੈਂਦਾ ਹੈ।

ਉਬਾਰਾ-ਹੋਰ ਨਾ ਪਾ ਬੁਝਾਰਤਾਂ, ਤੂੰ ਟੁਰ ਆਇਆ ਹੈਂ, ਸੂਲੀ ਤੇ ਖੇਡ ਆਇਆਂ ਹੈਂ, ਤੇਰੇ ਤੌਰ ਅਸਾਂ ਸਿਞਾਤੇ ਹਨ, ਇਹੋ ਜਿਹੀ ਸੂਲੀ ਦਾ ਰਾਹ ਸਾਨੂੰ ਵੀ ਦੱਸ ਦੇਹ? ਬਾਕੀ ਰਹੀ ਪਠਾਣੀ, ਮੁਗਲਾਂ ਨੇ ਪਠਾਣਾਂ ਦੀ ਧੌਣ ਹੁਣ ਕੋਤਲ ਨਲ[2] ਨਹੀਂ ਰਹਿਣ ਦਿੱਤੀ। ਉਹ ਗ਼ਰੀਬ ਤਾਂ ਅੱਗੇ ਹੀ ਹਾਥੀ ਦੀ ਸੁੰਡ ਵਾਂਙੂ ਥੱਲੇ ਨੂੰ ਲਮਕ ਰਹੀ ਏ, ਤੂੰ ਇਸ ਨੂੰ ਹੋਰ ਲਮਕਾ ਦੇਹ, ਹਾਂ, ਵਿਛਾ ਦੇਹ ਕਿਸੇ ਸ਼ਹੁ ਦੇ ਕਦਮਾਂ ਵਿਚ। (ਸਿਰ ਫੇਰਕੇ)... ਹਾਂ ਸਚੀਂ, ਤੂੰ ਕਿਹੜਾ ਘੱਟ ਹੈਂ ਯਾਰਾ! ਹੁੱਜਤੀ ਤੇ ਖੁੱਜਤੀ! ਮੈਂ ਤਾਂ ਪੜ੍ਹਿਆ ਨਹੀਂ ਤੇ ਤੂੰ ਤਾਂ ਇਲਮ ਦੀ ਆਕੜ ਤੇ ਦਲੀਲ ਦੀ ਪਟੇਬਾਜ਼ੀ ਨਾਲ ਕਈ ਗਿੱਚੀਆਂ ਦੂਹਰੀਆਂ ਕੀਤੀਆਂ। ਕਿਵੇਂ ਤੂੰ ਬੀ ਤਾਂ ਆਪਣਾ ਗਰਦਨਫਰਾਜ਼ ਸਿਰ[3] ਕਿਸੇ ਅੱਗੇ ਨਿਵਾ ਆਇਆਂ ਤੇ ਰੂਪ ਦੀ ਹੱਟੀ ਦੇ ਚਾਰ ਚੰਨ ਚਿਹਰੇ ਨੂੰ ਲਾ ਲਿਆਯਾ ਹੈਂ ਨਾਂ।

ਮਾਲੋ-ਨਾ-ਮੁਸਲਿਮ ਅੱਗੇ ਨਿਵੇਂਗਾ ?

ਉਬਾਰੇ ਖਾਂ (ਸੋਚ ਕੇ)-ਹਿੰਦੂ ਅੱਗੇ ਨਿਵੇਂਗਾ।

ਮਾਲੋ-ਨਾ-ਹਿੰਦੂ' ਅੱਗੇ ਬੀ ਨਿਵਾਂਗਾ ?

ਉਬਾਰਾ-'ਨਾ ਸਭ ਕਿਛ' ਅੱਗੇ ਬੀ ਨਿਵਾਂਗਾ ਜੋ ਹੋਵੇਗਾ ਕੋਈ ਮਰਦ, ਕੋਈ ਮੈਨੂੰ 'ਸ਼ਹੁ ਅੱਲਾ' ਨਾਲ ਨੇਹੁੰ ਲੁਆ ਦੇਨ ਵਾਲਾ-ਹਾਂ ਮੈਨੂੰ ਸੁਹਾਗਣ ਬਣਾ ਦੇਣ ਵਾਲਾ, ਕੋਈ ਮੈਨੂੰ 'ਅਨਵਿਆਹੀ ਛੁੱਟੜ' ਨੂੰ।

ਮਾਲੋ-ਤਾਂ ਸੱਜਣਾਂ ਕੰਮ ਬਣ ਪਏਗਾ। ਪਾਲਾਂ ਢਹਿ ਪੈਣ ਤਾਂ ਸ਼ਹੁ ਦਰਿਯਾਵਾਂ ਦੇ ਉਛਾਲ ਭਰ ਘੱਤਦੇ ਹਨ।

---

[1] ਅਕਾਸ਼ ਗੰਗਾ।

[1] ਨਿੰਮ੍ਰਤਾ। [2] ਕਬੂਤਰ ਦੀ ਗਿੱਚੀ ਵਾਂਙੂ ਆਕੜਦਾਰ। ਕੋਤਲ-ਕਬੂਤਰ। ਨਲ-ਧੌਣ।

[3] ਆਕੜੀ ਧੌਣ ਵਾਲਾ।

ਉਬਾਰਾ-ਤੇ ਹਾਂ ਸ਼ਹੁ ਦਰਿਯਾਵਾਂ ਦੇ ਉਛਾਲ ਸਭ ਪਾਲਾਂ ਆਪੇ ਬੀ ਭੰਨ ਸਿੱਟਦੇ ਹਨ।

ਮਾਲੋ-ਠੀਕ ! ਤੇਰੀਆਂ ਸਮਝਾਂ ਤਾਂ ਓਸ ਦਰ ਦੇ ਲਾਇਕ ਹਨ।

ਉਬਾਰਾ-ਲਾਇਕ ਹਨ ਤਾਂ ਲੈ ਚਲ, ਨਲਾਇਕ ਹਨ ਤਾਂ ਬੀ ਲੈ ਚਲ, ਓਹ ਜੇ ਦਰ ਹੈ ਤਾਂ ਨਲਾਇਕ ਨੂੰ ਲਾਇਕ ਕਰਨਾ ਉਸੇ ਦੀ ਲਾਇਕੀ ਵਿਚ ਹੈ।

ਮਾਲੋ-ਨੈਣ ਭਰਕੇ! ਸੱਚ ਓਸੇ ਸੱਚੇ ਦਰ ਦੇ ਮਾਲਕ ਨੇ ਮੇਰੇ ਜਿਹੇ ਵੱਢੀ ਟੁੱਕੀ ਜ਼ਾਤ ਵਾਲੇ, ਸ਼ੇਖ਼ਪਨੇ ਦੀ ਸ਼ੇਖੀ ਵਾਲੇ, ਇਲਮ ਦਲੀਲ ਦੇ ਗੁਮਾਨੀ ਨੂੰ ਤ੍ਰੋੜ ਮਰੋੜਕੇ ਉਲਝਾਵਾਂ ਵਿਚੋਂ ਕੱਢਕੇ ਆਪਣੇ ਦੁਆਰੇ 'ਦਰ-ਢੱਠਣੀ' ਬਖਸ਼ਕੇ ਸਿੱਧਾ ਕਰ ਲਿਆ ਹੈ।

ਉਬਾਰਾ-ਸੁਬਹਾਨ ਅੱਲਾ! ਫੇਰ ਦੇਹ ਨਾ ਕੋਈ ਗੱਲਾਂ, ਪਾ ਨਾ ਰਸਤੇ।

ਮਾਲੋ-ਲੈ ਬਈ ਸੱਜਣਾ ! ਸੁਣ ਲੈ ਸਿੱਧੀਆਂ ਜੇ ਸੁਖਾ ਗਈਓਂ ਨੀ ਤਾਂ ਸਮਝਾਂਗਾ ਮੈਂ ਕਿ ਤੇਰੇ ਜਾਗ ਪਏ ਹਨ ਭਾਗ, ਸੁੱਤੇ ਹੋਏ ਭਾਗ, ਜਾਂ ਲੱਗ ਪਏ ਹਨ ਤੈਨੂੰ ਅਨਹੋਏ ਭਾਗ।

ਅੱਧੀ ਸਦੀ ਕਿ ਇਸ ਤੋਂ ਘੱਟ ਕਿ ਵਧੀਕ ਹੋ ਗਿਆ ਈ ਅੱਲਾ ਦੇ ਨੂਰ ਨੂੰ ਅਰੂਪ ਦੇ ਬੁਰਕੇ ਲਾਹਕੇ ਰੂਪ ਵਿਚ ਜੋਤਾਂ ਜਗਾਉਂਦਿਆਂ। ਹਾਂ ਉਸ ਨੂਰ ਦੇ ਬੁੱਕੇ, ਉਸ ਜਲਾਲ ਦੇ ਬਲਦੇ ਅਲਾਂਬੇ ਨੂੰ ਠੰਢੇ ਠੰਢੇ, ਤੇਰੇ ਮੇਰੇ ਨੈਣਾਂ ਨੂੰ ਦਿੱਸ ਪੈਣ ਤੇ ਦਿੱਸ ਕੇ ਸੁਖਾ ਜਾਣ ਵਾਲੇ ਠੰਢੇ ਠੰਢੇ, ਖ਼ਾਕੀ ਜਾਮੇ ਪਹਿਨਕੇ ਫਿਰਦਿਆਂ ਉਤੇ ਇਸ ਜ਼ਮੀਨ ਦੇ। ਹਾਂ, ਏਸੇ ਖ਼ਾਕ ਪਾਕ ਹਿੰਦੁਸਤਾਨ ਵਿਚ, ਤੇ ਹਾਂ, ਇਸ ਪੰਜ ਪਾਣੀ ਪੀਣ ਵਾਲੇ ਖ਼ੱਤਾਏ ਪੰਜਾਬ ਵਿਚ। ਤੇ ਵੀਰਾ ! ਇਸੇ ਸਾਡੀ ਸੁਹਣੀ ਮਿੱਠੇ ਪਾਣੀਆਂ ਦੀ ਰਾਵੀ ਕਿਨਾਰੇ ਡੇਰਾ ਪਾਕੇ, ਨੂਰ ਲਾਂਦਿਆਂ ਬੀ ਕਿੰਨਾ ਚਿਰ ਹੋ ਗਿਆ ਈ, ਤੇ ਹਾਂ ਅਜ ਸਾਡੇ ਏਸੇ ਕਉੜੀਆਂ ਮਿਰਚਾਂ ਲਈ ਪ੍ਰਸਿੱਧ ਕੁੜਾਂਗੀ ਧਰਤੀ 'ਸਉੜੀਆਂ[1]' ਦੀਆਂ ਜੂਹਾਂ ਵਿਚ ਨਾਦ ਵਜਾਂਉਂਦਿਆਂ ਤੇ ਕੀਰਤਨ ਗਾਂਉਂਦਿਆਂ ਬੀ ਸਤਵਾਰਾ ਹੋ ਚੱਲਿਆ ਈ, ਭਾਗਾਂ ਵਾਲਿਆ ਕੀਤਾ ਈ ਦਰਸ਼ਨ ?

ਉਬਾਰਾ-ਉਸ ਹਿੰਦੂ ਫਕੀਰ ਦਾ ?

ਮਾਲੋ-ਬਸ ਉਹੋ ਕਦੇ ਨ ਲਹਿਣ ਵਾਲਾ ਮੇਰਾ ਤਾਪ ਤੇ ਹਰ ਮੁਸਲਮਾਨ ਦਾ ਤਾਪ।

ਉਬਾਰਾ-ਨਹੀਂ, ਮੈਂ ਤਾਂ ਪੁੱਛਿਆ ਹੈ।

ਮਾਲੋ-ਜੇ ਨਿਰਾ ਪੁਛਿਆ ਈ ਤਾਂ ਗਿਆ ਕਿਉਂ ਨਹੀਂ ਏਂ ?

ਉਬਾਰਾ-ਤੂੰ ਸੱਚਾ ਹੈਂ, ਹੈ ਦਿਲ ਵਿਚ ਮੁਸਲਮਾਨੀ ਦੇ ਹੰਕਾਰ ਦਾ ਕੂੜਾ ਪਾਜ।

ਮਾਲੋ-ਮੇਰੇ ਬੀ ਸੀ, ਪਰ ਦਿਲ ਦੀ ਪੀੜ ਮੈਨੂੰ ਲੈ ਗਈ ਹਿੰਦੂ ਵੈਦ ਦੇ ਤਬੀਬਖਾਨੇ ਤੇ ਦਵਾ ਮੰਗਣ ਦੀ ਥਾਂ ਮੈਂ ਮੂਰਖ ਰੋਗੀ ਨੇ ਪਹਿਲੀ ਪੁੱਛ ਹੀ ਇਹੋ ਕੀਤੀ "ਹੇ ਸਾਂਈਂ ਦੇ ਲੋਕ ! ਦੱਸ ਵੱਡਾ ਹੈ ਹਿੰਦੂ ਕਿ ਮੁਸਲਮਾਨ ਹੈ ਵਡੇਰਾ"। ਤਦ ਬੋਲੇ ਓਹ ਦੋਹਾਂ ਤੋਂ ਵਡੇਰੇ ਦਾਤਾ ਜੀ:-"ਇਸ ਪ੍ਰਸ਼ਨ ਦੇ ਕਰਨ ਵਾਲਾ ਛੁਟੇਰੇ ਦਿਲ ਵਾਲਾ ਹੈ' ਸਭ ਨਿੱਕਿਆਂ ਤੋਂ ਨਿੱਕਾ ਹੈ। ਬਾਕੀ ਰਹੇ ਹਿੰਦੂ, ਮੁਸਲਮਾਨ, ਨਾ ਕੋਈ ਹਿੰਦੂ ਹੈ ਨਾ ਮੁਸਲਮਾਨ "? ਇਹ ਸੁਣਕੇ ਮੈਂ ਧੁਖ ਉਠਿਆ-ਹੈਂ, ਮੈਂ ਨਿੱਕਾ ? ਇਕ ਮੁਸਲਮਾਨ, ਦੂਏ ਸ਼ੇਖ, ਤੀਏ ਸ਼ਰਅ਼ ਫਿਕ਼ਹ਼ ਦਾ ਉਸਤਾਦ, ਦਲੀਲ ਵਿਚ ਪੂਰਾ, ਮੈਂ ਨਿੱਕਾ? ਪਰ ਉਸ ਨੂਰੀ ਚਿਹਰੇ ਵਿਚੋਂ ਕੁਛ ਐਸਾ ਝਰਦਾ ਹੈ ਪਿਆਰਾ ਪਿਆਰਾ; ਪਰ ਢਾਹ ਲੈਣ ਵਾਲਾ ਨੂਰ ਕਿ ਮੈਂ ਗੁੱਸਾ ਕੱਢ ਨ ਸੱਕਿਆ, ਤੇ ਦੱਬੀ ਅਵਾਜ਼ ਵਿਚ ਬੋਲਿਆ:-

ਹਿੰਦੂ ਤੁਰਕ ਨਹੀਂ ਜੇ ਕੋਈ,
ਕਿਉਂ ਖੁਦਾਇ ਸਿਰਜੇ ਇਹ ਦੋਈ ?

{ਗੁ:ਨਾ: ਪ੍ਰ:}

ਤਦ ਉਸ ਜਲਾਲ ਨੇ ਸਹਿਜ ਨਾਲ ਆਖਿਆ: ਸਾਰੇ ਸਰੀਰ ਇਕ ਮਿੱਟੀ ਤੋਂ ਬਣੇ ਹਨ, ਇਕ ਰੱਬ ਨੇ ਬਣਾਏ ਹਨ, ਇਕ ਜੋਤਿ ਸਭ ਵਿਚ ਪਾਈ ਹੈ, ਨਾ ਜੋਤਿ ਦਾ ਨਾਮ, ਨਾ ਸਰੀਰ ਦਾ ਨਾਮ ਹਿੰਦੂ ਕਿ ਮੁਸਲਮਾਨ ਹੈ। ਕਿਸੇ ਬਨ ਵਿਚ ਦੋ ਮਾਵਾਂ ਇਕ ਹਿੰਦੂ ਇਕ ਮੁਸਲਮਾਨ ਆਪਣੇ ਬੱਚੇ ਜਣਕੇ ਸਿੱਟ ਆਈਆਂ ਹੋਣ ਤਾਂ ਕਿਸ ਨੂੰ

[1] ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਇਹ ਸਾਖੀ ਕਰਤਾਰ ਪੁਰ ਹੋਈ ਲਿਖੀ ਹੈ, ਪਰ ਜਨਮ ਸਾਖੀ ਸਉੜੀਆਂ ਪਿੰਡ ਹੋਈ ਦੱਸਦੀ ਹੈ।

ਹਿੰਦੂ ਤੇ ਕਿਸ ਨੂੰ ਮੁਸਲਮਾਨ ਕਹੇਂਗਾ ? ਜਿਸ ਸ਼ੈ ਦਾ ਅਸਲ ਵਿਚ ਫਰਕ ਹੀ ਕੋਈ ਨਹੀਂ ਉਸ ਦੀ ਕੀ ਵਡਿਆਈ ਤੇ ਕੀ ਛੁਟਿਆਈ। ਨੱਕ, ਕੰਨ, ਮੂੰਹ, ਦੋਹਾਂ ਦਾ ਇਕੋ ਜਿਹਾ ਹੈ। ਹਾਂ, ਜਦ ਮਾਂ ਪਿਉ ਦਾ ਪਤਾ ਲਾ ਲਏਂਗਾ ਤਾਂ ਕਹੇਂਗਾ ਕਿ ਇਹ ਹਿੰਦੂ ਹੈ ਤੇ ਇਹ ਮੁਸਲਮਾਨ ਹੈ, ਤਾਂ ਵੇਖ ! ਹਿੰਦੂ ਮੁਸਲਿਮ ਮਨੌਤ ਹੈ ਦੋਹਾਂ ਦੀ ਮਨੌਤ ਹੈ ਤੇਰੀ। ਮਨੌਤ ਮਾਤ੍ਰ ਦੀ ਕੀ ਵਡਿੱਤ ਤੇ ਕੀ ਛੁਟਿੱਤ ? ਫਿਰ ਇਕ ਮੁਸਲਿਮ ਕਹਾਉਂਦਾ ਹੈ ਪਰ ਹੈ ਹੰਕਾਰੀ ਪੱਥਰ ਦਿਲ, ਜ਼ਾਲਮ, ਦੁਖ ਦਾਤਾ, ਝੂਠਾ ਬੇਈਮਾਨ। ਕੀਹ ਮੁਸਲਮਾਨ ਨਾਮ ਘੜਨ ਵਾਲਾ ਉਸ ਨੂੰ ਮੁਸਲਮਾਨ ਕਹੇਗਾ ? ਕੀਹ ਹਿੰਦੂ ਨਾਮ ਦੇਣ ਵਾਲਾ ਕਿਸੇ ਨਿਰਦਈ, ਛਲੀਏ, ਖੁਦਗਰਜ਼ ਧਰਮ ਹੀਨ ਨੂੰ ਹਿੰਦੂ ਕਹੇਗਾ ? ਕੀ ਤੂੰ ਕਹੇਂਗਾ ?

ਮੈਂ ਕਿਹਾ–ਜੀ ਨਹੀਂ ! ਫਿਰ ਕਹਿਣ ਲੱਗੇ ਵਡੇ ਛੋਟੇ ਦਾ ਵੇਰਵਾ ਕਰਨ ਦੀ ਲੋੜ ਹੀ ਉੱਠ ਗਈ। ਕੀ ਤੂੰ ਅਮਲਾਂ ਤੋਂ ਸੱਖਣੇ ਮੁਸਲਮਾਨ ਦੀ ਸਿਪਾਰਸ਼ ਕਰਨ ਨੂੰ ਤਿਆਰ ਹੈਂ ? ਮੈਂ ਕਿਹਾ: ਹਜ਼ੂਰ ! ਨਹੀਂ। ਫਿਰ ਕਹਿਣ ਲਗੇ ਕੀ ਤੂੰ ਅਮਲਾਂ ਵਾਲੇ ਕਰਨੀ ਵਾਲੇ ਹਿੰਦੂ ਨੂੰ ਪਾਪੀ ਕਹਿ ਸਕਦਾ ਹੈਂ? ਮੈਂ ਕਿਹਾ: ਜੀਉ ਜੀ! ਕਦੇ ਨਹੀਂ। ਤਾਂ ਕਹਿਣ ਲਗੇ: ਤੂੰ ਸਾਥੋਂ ਪੁੱਛਿਆ ਹੀ ਕੀਹ ਹੈ?

ਇਹ ਉਹਨਾਂ ਦਾ ਪ੍ਰਸ਼ਨ ਸੀ ਕਿ ਮੇਰੀ ਜਾਗ ਖੁੱਲ੍ਹਣੀ ਸੀ। ਮੇਰੇ ਅੰਦਰ ਇਕ ਚਮਤਕਾਰ ਵੱਜਾ ਕਿ ਮੈਂ ਕਿੱਥੇ ਭੁੱਲਾ ਰਿਹਾ, ਕਿਸ ਮੁਸਲਮਾਨੀ ਹੰਕਾਰ ਨੇ ਮੇਰਾ ਅੰਦਰ ਖਾ ਛੱਡਿਆ। ਨਾ ਅਸਲ ਵਿਚ ਕੋਈ ਫਰਕ, ਨਾ ਕਰਮ ਵਿਚ ਕੋਈ ਫਰਕ, ਨਾਂ ਅਮਲਾਂ ਦੇ ਫਲ ਵਿਚ ਕੋਈ ਫਰਕ, ਫਰਕ ਸਮਝ ਵਿਚ, ਵਡਿੱਤ ਛੁਟਿੱਤ ਦੇ ਹੰਕਾਰ ਵਿਚ।

ਮੈਂ ਆਪੇ ਵਿਚ ਦੀ ਸ਼ਰਮ ਨਾਲ ਦਿਲ ਦੀ ਮੈਲ ਤੋਂ ਨਿਖਰਕੇ ਸਾਫ ਹੋ ਰਿਹਾ ਸਾਂ ਕਿ ਆਪ ਨੇ ਇਕ ਅਜੀਬ ਨਜ਼ਰ ਨਾਲ ਮੇਰੇ ਵਲ ਤੱਕਿਆ। ਮੈਨੂੰ ਇਕ ਝਰਨਾਟ ਛਿੜੀ, ਇਕ ਕੰਬਣੀ ਆਈ ਤੇ ਉਹ ਖ਼ਾਕ ਦੀ ਖ਼ਫਨੀ ਪਾਈ ਬੈਠੇ ਮੈਨੂੰ ਮੇਰੇ ਜਿਹੇ ਲੱਗਣ ਵਾਲੇ ਦਾਤੇ ਨੂਰ ਦਾ ਬੁੱਕਾ ਤੇ ਅੱਗ ਦਾ ਅਲਾਂਬਾ ਹੋ ਦਿੱਸੇ। ਕੁਛ ਉਹਨਾਂ ਵਲੋਂ ਕਿਰਨਾਂ ਵਰਗੇ ਸੁਹਾਵੇ ਤੀਰ ਆਏ ਜੋ ਵਿਨ੍ਹ ਗਏ ਨਜ਼ਰਾਂ ਮੇਰੀਆਂ ਤੇ ਖੁੱਭ ਗਏ ਮੇਰੇ ਦਿਲ, ਮੈਂ ਢਹਿ ਪਿਆ ਚਰਨਾਂ ਉਤੇ ਤੇ ਮੁਸਲਮਾਨੀ, ਸ਼ੇਖ਼ੂਖੀਅਤ, ਇਲਮ ਦਾ ਮਾਨ ਤੇ ਦਲੀਲ ਦਾ ਹੰਕਾਰ ਵਿਛਾ ਦਿਤਾ ਸੁਹਣੀ ਸੁਹਣੀ ਧੂੜੀ ਉਤੇ। ਦੇਖ ਸੋਹਣਿਆਂ ! ਕੀਹ ਵਰਤੀ: ਉਹਨਾਂ ਯੁਮਨ ਵਾਲੇ ਕਦਮਾਂ ਨਾਲ, ਮੇਰਾ ਮੱਥਾ ਛੁੰਹਿਦਿਆਂ ਸਾਰ ਮੇਰੀ ਜ਼ੁਬਾਨ ਫਰਕ ਪਈ: 'ਵਾਹਿਗੁਰੂ ਵਾਹਿਗੁਰੂ' ਦੀ ਰਵਾਨੀ ਹੋ ਪਈ, ਮੇਰੇ ਲੂੰ ਭਰ ਗਏ ਕਿਸੇ ਲਫਜ਼ ਦੀ ਗੂੰਜ ਨਾਲ, ਮੇਰੇ ਆਪੇ ਵਿਚ ਭਰ ਗਿਆ ਇਕ ਸਰੂਰ, ਰਸ, ਸੁਆਦ, ਸਿਰ ਉੱਜਲਤਾ ਦਾ ਹੋ ਗਿਆ ਕਚਕੌਲ। ਮੇਰਾ ਅੰਦਰਲਾ ਮੈਨੂੰ ਆਖੇ–ਇਹੋ ਹੈ ਰੂਹਾਨੀ ਜ਼ਿੰਦਗੀ। ਮੈਨੂੰ ਭਾਸੇ ਮੈਂ ਜੀਉ ਪਿਆ ਹਾਂ। ਮੇਰਾ ਅੰਦਰਲਾ ਕਹੇ: ਮਾਲੋ ! ਹੁਣ ਤੂੰ ਜੀਉ ਪਿਆ !!

ਮੈਂ ਸਿਰ ਚਾਯਾ, ਚਿਹਰਾ ਤੱਕਾਂ ਚਿਹਰੇ ਤੋਂ ਨੂਰ ਝਰੇ, ਅੱਖਾਂ ਤਾਬ ਨਾ ਲਿਆਉਣ। ਮੈਂ ਆਖਾਂ: ਇਹ ਫਕੀਰ ਹੈ, ਦਿਲ ਕਹੇ: 'ਨਹੀਂ, ਓਇ ਕਾਫਰਾ!' ਮੈਂ ਕਹਾਂ: ਮਨਾ ! ਇਹ ਪਿਗੰਬਰ ਹੈ। ਦਿਲ ਕਹੇ 'ਨਹੀਂ ਓਇ ਮੁਸ਼ਰਿਕਾ। ' ਮੈਂ ਕਹਾਂ; ਇਹ ਨੂਰ ਹੈ ਅੱਲਾ ਦਾ, ਦਿਲ ਕਹੇ: 'ਕਿਉਂ ਤੂੰ ਮੁਲਹਿਦ ਹੋ ਰਿਹਾ ਹੈਂ ?' ਮੈਂ ਕਹਾਂ ਇਹ ਕੌਣ ਹੈ, ਕੌਣ ਹੈ, ਕੌਣ ਹੈ ?

ਮੇਰੇ ਕੰਨਾਂ ਵਿਚ ਇਲਾਹੀ ਨਾਦ ਆਇਆ:– ਮਾਲੋ! ਇਹ ਆਪ ਹੈ !

ਸੋ ਸੱਜਣਾਂ ! ਮੈਂ 'ਆਪ' ਦਾ ਦਰਸ਼ਨ ਪਾਯਾ ਮੈਂ ਹਜ਼ੂਰੀ ਦੀ ਹਾਜ਼ਰੀ ਪਾਈ, ਮੈਂ ਜੀਉ ਪਿਆ। ਤੂੰ ਮੁਸਲਮਾਨ ਹੈਂ, ਮੈਨੂੰ ਕਾਫਰ ਕਹੇਂਗਾ। ਜੀ ਸਦਕੇ ਆਖ, ਮੈਂ ਸੁਣਾਂਗਾ, ਖੁਸ਼ ਹੋਵਾਂਗਾ।

ਉਬਾਰਾ ਇਸ ਵੇਲੇ ਅੱਖਾਂ ਮੀਟਕੇ ਸੁਣ ਰਿਹਾ ਸੀ, ਬੰਦ ਨੈਣਾਂ ਵਿਚੋਂ ਮੋਤੀਆਂ ਦੇ ਵਾਂਙੂ ਡਲ੍ਹਕਦੇ ਟੇਪੇ ਕਿਸੇ ਪਿਆਰ ਦੇ ਸੋਮਿਆਂ ਤੋਂ ਨਿਖਰਕੇ ਆਏ ਤਿਲਕ ਤਿਲਕ ਡਿੱਗ ਰਹੇ ਸਨ, ਜੁਵਾਬ ਕੌਣ ਦੇਂਦਾ।

ਮਾਲੋ–ਅੱਲਾ ਦੇ ਦਰ ਕਬੂਲ ਹੋਣ ਵਾਲੀ ਮੁਟਿਆਰੇ! ਮੇਰੇ ਵਿਗੜਕੇ ਸੌਰੇ ਮਨ ਵਿਚ ਫੇਰ ਇਕ ਹੁੱਜਤ ਫੁਰੀ ਕਿ ਸਾਈਂ ਦੇ ਦਰ ਮਾਨ ਕਿੱਕੂੰ ਮਿਲਦਾ ਹੈ? ਮੈਨੂੰ ਉਥੇ ਆਦਰ ਕੀਕੂੰ ਮਿਲੇਗਾ ?


www.sikhbookclub.com

ਤਦ ਉਸ ਦਾਊਦੀ ਇਲਹਾਨ[1], ਨਹੀਂ ਨਹੀਂ, ਲੱਖਾਂ ਦਾਊਦਾਂ ਤੋਂ ਸੋਹਣੇ ਸੁਰੀਲੇ ਮੋਹ ਲੈਣ ਵਾਲੇ ਰੱਬੀ ਗਲੇ ਚੋਂ ਨਾਦ ਹੋਇਆ:-

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥ ੧ ॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥ ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥ ੩ ॥ ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥ ੪ ॥ ੨੦ ॥[2]

ਉਬਾਰਾ-ਵਾਹ ਵਾਹ, ਠੰਢ ਪਾ ਦਿਤੀ ਆ।

ਮਾਲੋ(ਨੈਣ ਭਰਕੇ)-ਵਾਹ ਵਾਹ ਗੁਰ ਨਾਨਕ ਵਾਹਿ ਗੁਰ ਨਾਨਕ !! ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ!!!

ਉਬਾਰਾ-ਹੈ ਤਾਂ ਗੁਸਤਾਖੀ ਐਸ ਵੇਲੇ ਕੁਛ ਕਹਿਣਾ, ਪਰ ਜੇ ਖੇਚਲ ਨਾ ਹੋਵੇ ਤਾਂ ਜੋ ਸੁਣਾਇਆ ਜੇ ਕੁਛ ਮਾਇਨੇ ਬੀ ਦਿਓ, ਮੈਂ ਸਾਰ ਨਹੀਂ ਸਮਝਿਆ।

ਮਾਲੋ ਨੇ ਸ਼ਬਦ ਦੇ ਅਰਥ ਕਰ ਸੁਣਾਵੇ।

ਉਬਾਰਾ-ਵਾਹ ਵਾਹ ਸੱਜਣਾ, ਕਿਹੜੇ ਬਰਫਾਨੀ ਦੇਸ਼ ਦੇ ਪਤੇ ਲਾ ਰਿਹਾ ਹੈਂ ? ਠੰਢ ਹੀ ਠੰਢ!

ਮਾਲੋ-'ਖੁਨਕ ਨਾਮੁ ਖੁਦਾਇਆ', ਠੰਢ ਹੀ ਠੰਢ।

ਉਬਾਰਾ-ਅਪੜਾ ਨਾ ਸਾਨੂੰ ਬੀ ਬਰਫਾਨੀ ਚੋਟੀਆਂ ਦੇ ਕਦਮਾਂ ਵਿਚ।

ਮਾਲੋ-ਪੁੱਛਿਆਂ ਰਾਹ ਲੱਭਦਾ ਹੈ, ਟੁਰੀਦਾ ਆਪਣੇ ਹੀ ਪੈਰੀਂ ਹੈ, ਅੱਪੜੀਦਾ ਆਪ ਹੀ ਹੈ। ਨੈਣਾਂ ਅਪਣਿਆਂ ਨਾਲ ਹੀ ਰੱਜਦਾ ਤੇ ਤ੍ਰਿਪਤਦਾ ਹੈ, ਆਪਾ ਹੀ ਰਸ ਵਿਚ ਮਗਨ ਹੁੰਦਾ। ਪਿਆਰ ਮਿੱਤ੍ਰਤਾ ਆਪੇ ਵਿਚ ਮੇਲ ਹੈ, ਪਰ ਹਰ ਵਜੂਦ ਇਸ ਵਿਤਕਰੇ ਦੇ ਦੇਸ਼-ਇਸ ਦੁਨੀਆਂ ਵਿਚ-ਅਪਣੇ ਅਪਣੇ ਟਿਕਾਣੇ, ਅਪਣੇ ਆਪ ਵਿਚ ਸੁਖ ਦੁਖ ਦਾ ਭਾਗੀ ਆਪ ਹੀ ਹੁੰਦਾ ਹੈ। ਸ਼ੁਭ ਖਿਆਲ ਭਲੀ ਚਿਤਵਨੀ ਤਾਂ ਪਿਆਰ ਦਾਨ ਕਰਦਾ ਹੈ ਅਤੇ ਆਪ ਖੇਚਲ ਝੱਲਕੇ ਪਿਆਰੇ ਨੂੰ ਸੁਖ ਦਾ ਸਮਜਾਨ ਬੀ ਕਰ ਦੇਂਦਾ ਹੈ, ਰਾਹ ਦੱਸ ਦੇਂਦਾ ਹੈ, ਸਹਾਇਤਾ ਕਰ ਦੇਂਦਾ ਹੈ, ਪਰ ਟੁਰਨਾ ਆਪ ਹੀ ਪੈਂਦਾ ਹੈ। ਸੱਜਣਾ ! ਸੋਚਕੇ ਵੇਖ, ਜਿਸ ਨੂੰ ਪੀੜ ਹੈ, ਉਸੇ ਨੂੰ ਹੈ। ਦਵਾ, ਦਾਰੂ, ਸੇਵਾ, ਹਿਤ ਸੱਜਣ ਕਰਦੇ ਹਨ ਪਰ ਪੀੜ ਵਾਲੇ ਥਾਂ, ਦਰਦ ਵਾਲੇ ਮੁਕਾਮ ਕੋਈ ਨਹੀਂ ਅੱਪੜਦਾ, ਉਥੇ ਜੀਉੜਾ ਆਪ ਇੱਕਲਾ ਹੀ ਦੁਖ ਭੋਗਦਾ ਹੈ, ਤਿਵੇਂ ਸੁਖ ਦਾ ਅਹਿਸਾਸ (ਪ੍ਰਤੀਤੀ) ਬੀ ਆਪਣਾ ਆਪਾ ਹੀ ਕਰਦਾ ਹੈ, ਨਿਰਾ ਅਪਣਾ ਆਪਾ।

ਉਬਾਰਾ-(ਉਫ) ਠੀਕ ਕਿਹਾ ਨੇ, ਫੇਰ ਨਾਲ ਹੀ ਚੱਲ, ਦਰ ਤਕ ਅਪੜਾ ਦੇ, ਇਹ ਗੁਮਾਨੀ ਸਿਰ ਆਪਣੇ ਮਹਿੰਦੀ ਰੰਗੇ ਹੱਥਾਂ ਨਾਲ ਫੜਕੇ ਕਦਮਾਂ ਨਾਲ ਛੁਹਾ ਦੇ।

ਮਾਲੋ-ਸੁਣ ਮਿੱਤਰਾ ! ਇਕ ਗੱਲ ਰਾਜ਼ (ਭੇਦ) ਦੀ, ਇਕੱਲਾ ਆਇਆ ਹੈ ਜੀਉੜਾ ਉਸ ਦੇ ਦੇਸੋਂ, ਜਾਏਗਾ ਇਕੱਲਾ ਉਸ ਦੇ ਦੇਸ਼ ਨੂੰ, ਠੀਕ ਹੈ ਨਾਂ? ਸੋ ਅੱਲਾ ਵਾਲਿਆਂ ਦੇ ਦੇਸ਼ ਬੀ ਇਕੱਲਿਆਂ ਹੀ ਜਾਈਦਾ ਹੈ। ਹਾਂ, ਅੱਲਾ ਵਾਲਿਆਂ ਨੂੰ ਮਿਲਨ ਲੱਗਿਆਂ ਨਾਲ ਨਹੀਂ ਖੜੀਦਾ ਕਿਸੇ ਨੂੰ।

ਉਬਾਰਾ-ਠੀਕ, ਪਰ ਮੈਂ ਕੁਛ ਸੰਗਦਾ ਹਾਂ।

ਮਾਲੋ-ਇਸ ਸਾਡੇ ਅੰਦਰਲੇ ਵਿਚ ਕਈ ਕਸਰਾਂ ਹਨ, ਪਰ ਭੋਲਿਆ ! ਕਦੇ ਵੈਦ ਦੇ ਜਾਂਦਿਆਂ ਬੀ ਸੰਗੀਦਾ ਹੈ, ਪੀੜ ਸਾਰੀਆਂ ਸੰਗਾਂ

---

[1] ਇਕ ਇਬਰਾਨੀ ਪਿਕੰਬਰ ਦਾ ਨਾਮ ਹੈ-ਦਾਊਦ, ਜੋ ਸੋਹਣਾ ਗਾਉਣ ਲਈ ਪ੍ਰਸਿਧ ਸਨ।

[2] ਇਹ ਸ਼ਬਦ ਸਿਰੀ ਰਾਗ ਮ: ੧ ਦਾ ਹੈ।

ਦੇ ਘੁੰਡ ਲਾਹ ਦੇਂਦੀ ਹੈ। ਹਾਂ ਜਾਵੀਂ, ਤਾਂ ਇਕੱਲਿਆਂ ਜਾਵੀਂ, ਪਰ ਮਰੀਜ਼ (ਰੋਗੀ) ਵਾਙੂ ਜਾਵੀਂ। ਸਿਆਣਾ ਮਰੀਜ਼ ਤਬੀਬ ਪਾਸ ਇਕਾਂਤ ਵੇਖਕੇ ਜਾਂਦਾ ਹੈ ਤੇ ਲਗਦੇ ਚਾਰੇ ਇਕੱਲਾ ਜਾਂਦਾ ਹੈ, ਦੁਖ ਸੁਖ ਜੁ ਸਾਰਾ ਦੱਸਣਾ ਹੋਇਆ।

ਉਬਾਰਾ-ਹੱਛਾ ਸੱਜਣਾ ! (ਠੰਢਾ ਸਾਹ ਲੈਕੇ)- ..... ਅਜੀਬ ਉਦਾਸੀ ਹੈ। ਅਲੋਕਾਰ ਦਾ ਉਦਰੇਵਾਂ ਹੈ ਇਹ ਜਗ ਉਦਰੇਵਾਂ ਹੀ ਉਦਰੇਵਾਂ। ਸਾਰੇ ਮਿਲੇ ਬੈਠੇ ਹਨ, ਮਾਂ ਪੁੱਤ, ਭੈਣ ਭਾਈ, ਵਹੁਟੀ ਗੱਭਰੂ, ਮਿੱਤ੍ਰ ਮਿੱਤ੍ਰ, ਸਾਰੇ ਸਮਝਦੇ ਹਨ ਇਕ ਹੋਏ ਹੋਏ ਹਾਂ, ਪਰ ਹਨ ਸਾਰੇ ਵੱਖੋ ਵੱਖ, ਆਪਣੇ ਆਪ ਵਿਚ ਸਭ ਕੋਈ ਬੰਦ ਹੈ, ਜਿਵੇਂ ਅੰਡਾ ਛਿੱਲੜ ਵਿਚ। ਦਸ ਇੱਕਠੇ ਪਏ ਅੰਡਿਆਂ ਵਾਂਙ ਸਾਰੇ ਕੱਠੇ, ਪਰ ਸਾਰੇ ਵੇਕੀ ਵੇਕੀ, ਵੱਖ ਵੱਖ ਹਾਂ, ਕੋਈ ਕਿਸੇ ਦਾ ਨਹੀਂ। ਸਭ ਕੋਈ ਸਭ ਕਿਸੇ ਦਾ ਅਪਣਾ ਬਣਦਾ ਹੈ; ਪਰ ਅਪਣੱਤ ਦੇ ਮਰਕਜ਼ ਤੇ ਕੋਈ ਪਰਦੇ ਪਾੜਕੇ ਅੱਪੜ ਨਹੀਂ ਸਕਦਾ। ...ਉਹ ਹੋ! ਜਗਤ ਕੀਹ ਹੈ? ਉਦਾਸੀਨਤਾ, ਉਪਰਾਮਤਾ, ਉਦਰੇਵਾਂ ਹੈ ਇਸ ਦੇ ਹਰ ਰੰਗ ਵਿਚ, ਪਰ ਕਦੇ ਵਿਚਾਰ ਨਹੀਂ ਉਪਜਦੀ !

ਮਾਲੋ-ਸੱਚ ਹੈ।

੨.

ਕੁਛ ਦਿਨ ਬੀਤ ਗਏ, ਫੇਰ ਮਾਲੋ ਤੇ ਉਬਾਰਾ ਵਗਦੇ ਖੂਹ ਤੇ ਮਿਲੇ, ਖੂਹ ਬੰਦ ਸੀ, ਇਸ ਕਰਕੇ ਇਕੱਲ ਸੀ, ਇਕਾਂਤ ਸੀ, ਬਹਿ ਗਏ ਚੁਬੱਚੇ ਦੀ ਥੜੀ ਤੇ ਦੋਵੇਂ ਯਾਰ।

ਮਾਲੋ-ਅਜ ਤਾਂ ਸੱਜਣਾ ! ਤੇਰੇ ਤੌਰ ਬੀ ਬਦਲੇ ਦੀਹਦੇ ਹਨ, ਲੈ ਆਯਾ ਹੈਂ ਦਰ ਦੇ ਦੀਦਾਰੇ ?

ਉਬਾਰਾ-ਤੇਰੀ ਮਿਹਰ।

ਮਾਲੋ-ਮੇਰੀ ਮਿਹਰ ਪਤਿਆਂ ਦੱਸਣ, ਸਾਖੀਆਂ ਭਰਨ ਤੇ ਅਸੀਸਾਂ ਦੇਣ ਤੱਕ ਹੀ ਸੀ, ਉਹ ਮਿਹਰ ਜੋ ਅੰਦਰ ਭੇਦ ਦੇ-ਪੀੜਾਂ ਤੇ ਮਰਮਾਂ ਦੇ-ਥਾਵੇਂ ਅਪੜਦੀ ਹੈ, ਉਹ ਉਥੇ ਹੀ ਹੈ, ਬੱਸ ਉਥੇ ਹੀ ਹੈ।

ਉਬਾਰਾ-ਸੱਚ? ਜਿਸ ਨੂੰ ਲਗੀ ਹੋਵੇ ਪੀੜ ਤੇ ਮਿਲੀ ਹੋਵੇ ਪੀੜ-ਨਿਵਾਰੂ ਮਿਹਰ, ਓਹੋ ਹੀ ਸਮਝਦਾ ਹੈ।

ਮਾਲੋ-ਸੁਣਾ ਕਿਵ ਗਿਓਂ? ਕਿਵ ਹੋਈ? ਕਿਵੇਂ ਬੀਤੀ ?

ਉਬਾਰਾ-ਗਿਆ ਇਕਲਾ, ਜਿਵੇਂ ਰਾਹੇ ਪਾਇਆ ਸਾਈ, ਤੁਰਿਆ ਜਾਵਾਂ ਤੇ ਆਖਾਂ ਕੋਈ ਉਥੇ ਜਾਣੂ ਨਹੀਂ, ਤੇਰੀ ਉਥੇ ਕੀਹ ਪੁੱਛ। ਫੇਰ ਮਨ ਕਹੇ: ਪੁਛਾਂ ਕਰਾਉਂਦਿਆਂ ਤਾਂ ਆਹ ਦਿਨ ਆ ਗਏ ਪਰ ਪੁੱਛਾਂ ਨਾ ਰੱਜੀਆਂ। ਹੁਣ ਪੁੱਛਾਂ ਨਾ ਕਰਾਂ। ਹਾਇ, ਦਿਲਾ! ਇਹ ਬੀ ਤੇਰੀ ਮੈਲ, ਜਾਣਾਂ ਦਰਸ਼ਨ ਨੂੰ ਤੇ ਇਛਾ ਇਹ ਕਿ ਮੇਰੀ ਉਥੇ ਜਾਕੇ ਬੀ ਹੋਵੇ ਕਦਰ ਤੇ ਪੁੱਛ, ਇਹ ਮੈਲ, ਇਹ ਬੀ ਮੈਲ।

ਫਿਰ ਦਿਲ ਪਾਪੀ ਨੇ ਕਿਹਾ: ਜੇ ਉਥੇ ਕਿਸੇ ਤੇਰੀ ਖ਼ਬਰ ਹੀ ਨਾ ਕੀਤੀ, ਬਾਹਰੇ ਬਾਹਰੇ ਹੀ ਘੁੰਮਦਾ ਰਿਹੋਂ ਫਿਰ ਕੀਹ? ਹਾਇ ਮਨਾਂ ! ਮੈਂ ਕਿਹਾ ਇਹ ਬੀ ਤੇਰੀ ਮੈਲ। ਤੂੰ ਸਫਲ ਹੋਣ ਚਲਿਆ ਹੈਂ ਕਿ ਮੁਲਾਕਾਤ ਕਰਨ ਚਲਿਆ ਹੈਂ? ਅਜੇ ਬੀ ਖੋਟਿਆ ! ਤੇਰੇ ਅੰਦਰਲੇ ਗੁਮਾਨ ਨਹੀਂ ਮਿਟਦੇ। ਨਾ ਸਹੀ ਮੇਲ, ਭੋਲਿਆ ! ਜੇ ਤੈਨੂੰ ਦਰ ਦੀਆਂ ਦਲ੍ਹੀਜਾਂ ਹੀ ਦਿਸ ਪਈਆਂ ਤਾਂ ਬੀ ਸ਼ੁਕਰ ਕਰੀਂ ਤੇ ਮੁਹਾਠ ਉਤੇ ਹੀ ਸਿਰ ਸਿਜਦੇ ਵਿਚ ਸਿਟ ਦੇਈਂ।

ਫਿਰ ਦਿਲ ਨੇ ਕਿਹਾ: ਮੈਂ ਮਲੇਛ ਮੁਸਲਮਾਨ; ਉਥੇ ਦਰਗਾਹ ਪਵਿਤ੍ਰਾਂ ਦੀ, ਜੇ ਕਿਸੇ ਨੇੜੇ ਹੀ ਨਾ ਫਟਕਣ ਦਿਤਾ, ਫਟਕਿਓਂ ਤਾਂ ਵੱਜੇ ਧੱਕੇ, ਫਿਰ ਕਿੰਨੀ ਕੁ ਕਿਰਕਿਰੀ ਹੋਊ ? ..... ਵਾਹ ਵੇ ਮਨਾਂ, ਮੈਂ ਕਿਹਾ, ਇਹ ਬੀ ਤੇਰੀ ਮੈਲ, ਮੈਲ।

ਜੁਗਾਂ ਜੀਵੇਂ ! ਮੈਲ ਮੈਲ ਤੱਕਦਾ ਮੈਂ ਜਾ ਹੀ ਅਪੜਿਆ। ਦੇਖੇ ਦਰਸ਼ਨ...(ਕਹਿੰਦੇ ਦੇ ਨੈਣ ਮੁੰਦ ਗਏ)।

ਹਾਂ, ਮੈਂ ਦੇਖੇ ਦਰਸ਼ਨ, ਮਿੱਠਤ ਤੇ ਪਿਆਰ। ਹਾਂ ਮਿਠੇ ਲਗੇ ਓਹ ਦਰਸ਼ਨ। ਫੇਰ ਚਾਹ ਉਠੀ ਅੰਦਰੋਂ ਕਿ ਕਿਵੇਂ ਕੋਲ ਜਾ ਬੈਠਾਂ ਤੇ ਦੋ ਕਰਾਂ ਗਲਾਂ, ਪਰ ਇਕਲਿਆਂ, ਪਾਸ ਨਾ ਹੋਵੇ ਕੋਈ। ਫਿਰ ਮੈਂ ਕਿਹਾ ਓਏ ਮੈਲੇ ਮਨਾਂ ! ਦਰਸ਼ਨ ਹੋ ਗਏ, ਕਾਫੀ ਸਮਝ, ਜੇ ਚਾਰ ਸਰੀਰ ਪਾਸ ਬੈਠੇ ਹਨ ਤਾਂ ਤੇਰੇ ਵਰਗੇ, ਤੈਥੋਂ ਚੰਗੇ ਚੰਗੇਰੇ, ਪਜਾਰਾਂ ਦੇ ਕੁੱਠੇ ਹਨ ਸਾਰੇ, ਤੂੰ ਬੂਮਸ਼ੂਮ[1] ਹੈਂ, ਇਕੱਲ

[1] ਭੈੜਾ ਉੱਲੂ, ਜੋ ਇਕੱਲ ਮਗਦਾ ਹੈ।


www.sikhbookclub.com

ਕਿਉਂ ਮੰਗਦਾ ਹੈ ? ਹਾਇ ਗੁਮਾਨੀਆਂ, ਤਕੱਬਰੀਆ (ਹੰਕਾਰੀਆ) ! ਆ ਹੇਠਾਂ, ਫਿਰੋਤਨੀ ਵਿਚ ਖੜੋ; ਨੈਣਾਂ ਨੂੰ ਬੁੱਕ ਬਣਾ; ਭਰ ਭਰ ਪੀ ਜਾਮ ਦਰਸ਼ਨਾਂ ਦੇ ਤੇ ਕਹੁ 'ਅਲਹਮਦੁਲਿੱਲਾ[1]!

ਇਉਂ ਮੇਰੇ ਨੈਣ ਭਰ ਆਏ, ਮੁੰਦ ਗਏ, ਪਤਾ ਨਹੀਂ ਫਿਰ ਕੀਹ ਹੋਇਆ। ਜਦ ਮੈਂ ਨੈਣ ਖੋਹਲੇ ਤਾਂ ਮੈਂ ਕਦਮਾਂ ਵਿਚ ਬੈਠਾ ਸਾਂ ਤੇ ਆਪ ਇਕੱਲੇ ਸਨ। ਮੈਂ ਨੈਣ ਚਾਏ ਕਿ ਦਰਸ਼ਨ ਰੱਜ ਕੇ ਕਰਾਂ, ਪਰ ਨੈਣ ਭਰ ਆਏ, ਲੂੰਆਂ ਵਿਚੋਂ ਝਰਨਾਟ ਲੰਘੀ ਤੇ ਜੀ ਨੇ ਹੁਣ ਸਿਧੇ ਹੋਕੇ ਕਿਹਾ: ਭਲਾ ਜੇ ਚਾਦਰੇ ਦੀ ਬੁੱਕਲ ਵਿਚੋਂ ਚਰਨ ਦਿਸ ਪੈਣ ਤੇ ਮੈਂ ਚੰਬੜ ਜਾਵਾਂ ਤਾਂ ਕੀਹ ਬਣੇ? ਹਾਂ, ਬੱਸ 'ਚਰਨ ਛੁਹ' ਕਾਫੀ ਹੈ। ਫਿਰ ਮਨ ਨੂੰ ਤੁਸਾਡੀ ਮੱਤ ਯਾਦ ਆਈ ਕਿ ਰਜ਼ਾ ਵਿਚ ਰਾਜ਼ੀ ਰਹਿਣਾ ਹੈ ਫਰਜ਼ ਮੁਤਲਾਸ਼ੀ ਦਾ। ਜਿਵੇਂ ਇਹ ਖੁਸ਼ ਹੋਣ, ਮੈਂ ਉਸ ਖੁਸ਼ੀ ਵਿਚ ਹੋਵਾਂ ਖੁਸ਼। ਪਰ ਮਨ ਨਾ ਮੰਨੇ ਤੇ ਰੀਝ, ਸਿੱਕੇ, ਸੱਧਰੇ: ਕਿਵੇਂ ਲਿਪਟ ਜਾਵਾਂ ਮੁਕੱਦਸ ਕਦਮਾਂ ਨੂੰ ਜਿਵੇਂ ਲਿਪਟ ਜਾਂਦੀ ਹੈ ਆਪਣੇ ਗਲੇ ਦੀ ਸੁਰ ਸਾਜ਼ ਵਿਚੋਂ ਨਿਕਲਦੀ ਸੁਰ ਨੂੰ, । ਤਿਵੇਂ ਜਾਵਾਂ ਮੈਂ ਲਿਪਟ ਏਹਨਾਂ ਸੁਹਣੇ ਸੁਹਣੇ ਚਾਦਰੇ ਵਿਚ ਲੁਕੇ ਬੈਠੇ ਮਿੱਠੇ ਮਿੱਠੇ ਚਰਨਾਂ ਨੂੰ। ਪਤਾ ਨਹੀਂ ਕੀਹ ਹੋਇਆ? ਕਿਹੜੇ ਵੇਲੇ ਕਮਲਾਂ ਵਰਗੇ ਸੁਹਣੇ ਚਰਨ ਚਾਦਰੇ ਤੋਂ ਬਾਹਰ ਆਏ ਕਿ ਮੇਰਾ ਬੇਅਦਬ ਸਿਰ ਹੀ ਚਾਦਰੇ ਦੇ ਅੰਦਰ ਲੰਘ ਗਿਆ, ਪਤਾ ਨਹੀਂ ਕਿੰਞ ਹੋਈ, ਪਰ ਮੈਨੂੰ ਜਦ ਹੋਸ਼ ਆਈ ਹੈ ਤਾਂ ਮੇਰਾ ਸਿਰ ਕਦਮਾਂ ਨਾਲ ਲਗ ਰਿਹਾ ਸੀ, 'ਝਰਨ ਝਰਨ' ਇਸ ਛੁਹ ਨਾਲ, ਮੇਰੇ ਤਨ ਬਦਨ ਵਿਚ ਲਹਿਰ ਰਹੀ ਸੀ, ਹਿਲਦੀਆਂ ਤਾਰਾਂ ਦੀ ਥੱਰਾਟ ਵਾਂਗੂੰ ਮੇਰੇ ਕਲੇਜੇ ਵਿਚ 'ਥਰਰ ਥਰਰ' ਹੋ ਰਹੀ ਸੀ ਤੇ ਨੈਣ ਫੁਹਾਰੇ ਬਣਕੇ ਚਰਨਾਂ ਨੂੰ ਚੁੰਮ ਰਹੇ ਸਨ, ਇਉਂ ਹੀ ਹੋਸ਼ ਆ ਕੇ ਮੈਨੂੰ ਫੇਰ ਕੋਈ ਮਗਨਤਾ ਛਾਈ। ਪਤਾ ਨਹੀਂ ਲੱਗਾ ਕਿੰਨਾ ਚਿਰ ਲੰਘ ਗਿਆ, ਜਦ ਫੇਰ ਆਪਾ ਜਾਗਿਆ ਤਾਂ ਭਾਗਾਂ ਵਾਲਿਆ ! ਇਸ ਮਗ਼ਰੂਰ ਸਿਰ, ਇਸ ਗੁਨਾਹ ਦੇ ਖਿਆਲਾਂ ਨਾਲ ਆਲੂਦਾ (ਲਿਬੜੇ) ਸਿਰ ਤੇ ਉਹ ਪਿਆਰਾਂ ਵਾਲਾ ਹੱਥ ਧਰਿਆ ਹੋਇਆ ਸੀ, ਠੰਢ ਵਰਤ ਰਹੀ ਸੀ ਤੇ ਆਵਾਜ਼ ਆ ਰਹੀ ਸੀ:-

'ਵਾਹਿਗੁਰੂ ! ਵਾਹਿਗੁਰੂ। ਵਾਹਿਗੁਰੂ। '

ਤੇ ਮੇਰਾ ਲੂੰ ਲੂੰ ਸਰਸ਼ਾਰ ਹੋ ਹੋ ਕੇ ਕਹਿ ਰਿਹਾ ਸੀ-

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ। '

ਮੇਰੇ ਕਲੇਜੇ ਤੋਂ ਕੋਈ ਠੰਢ ਉਠਦੀ ਸੀ, ਉਹ ਮੇਰੇ ਸਿਰ ਵਿਚ ਜਾਕੇ ਠੰਢ ਵਰਤਾਉਂਦੀ ਸੀ, ਮੇਰੇ ਨੈਣਾਂ ਨੂੰ ਅੰਦਰੋ ਕੋਈ ਉਪਰ ਨੂੰ ਖਿੱਚ ਵੱਜਦੀ ਸੀ ਤੇ ਆਪਾ ਆਪੇ ਵਿਚ ਡੁਬਦਾ ਜਾਪਦਾ ਸੀ, ਨੈਣ ਨਹੀਂ ਸਨ ਖੁੱਲ੍ਹਦੇ, ਜ਼ੁਬਾਨ ਨਹੀਂ ਸੀ ਹਿੱਲਦੀ, ਦੰਦ ਸਨ ਜੁੜਦੇ ਤੇ ਬੁੱਲ੍ਹ ਸਨ ਮਿਟ ਰਹੇ ਪਰ ਸੁਆਦ ਸੁਆਦ, ਸਰੂਰ ਸਰੂਰ ਕੁਛ ਅੰਦਰ ਨੂੰ ਗੁੰਮ ਗੁੰਮ ਰਖਦਾ ਜਾਪਦਾ ਸੀ।

ਮਾਲੋ ਸੁਣਦਾ ਸੁਣਦਾ ਮਗਨ ਹੋ ਰਿਹਾ ਸੀ। ਇਥੇ ਆਕੇ ਉਬਾਰਾ ਵੀ ਬੋਲਣੋਂ ਰਹਿ ਗਿਆ ਤੇ ਅਡੋਲ ਟਿਕ ਗਿਆ। ਕਿੰਨੇ ਚਿਰ ਮਗਰੋਂ ਦੋਹਾਂ ਦੇ ਨੈਣ ਖੁੱਲ੍ਹੇ। ਮਾਲੋ ਮਿੱਤਰ ਦੇ ਗਲੇ ਲਿਪਟ ਗਿਆ। ਲਪੇਟ ਖਾਕੇ ਫੇਰ ਦੋਵੇਂ ਸਿਰ ਸਿਰਾਂ ਨਾਲ ਲੱਗੇ ਹੋਏ ਅਡੋਲ ਟਿਕ ਗਏ। ਫਿਰ ਨੈਣ ਖੁੱਲ੍ਹੇ, ਲੰਮੇਂ, ਲੰਮੇਂ ਸੁਖਾਂ ਦੇ ਸਾਹ ਆਏ ਤੇ ਮਾਲੋ ਨੇ ਕਿਹਾ: ਸ਼ੁਕਰ ਹੈ ਉਸ ਮਾਲਕ ਦਾ, ਜਿਸ ਨੇ ਆਪਣੀ ਜਾਨ ਪਾਉਣ ਵਾਲੀ ਛੁਹ ਬਖਸ਼ੀ। ਹੁਣ ਦੱਸ ਖਾਂ ਸੱਜਣਾਂ। ਇਹ ਫੋਕੇ ਹੰਕਾਰ ਬੁਤਸ਼ਿਕਨੀ ਤੇ ਮੋਮਨੀਅਤ ਦੇ-ਜੋ ਸਾਡੇ ਦਿਲਾਂ ਵਿਚ ਡੇਰੇ ਲਾਈ ਬੈਠੇ ਹਨ-ਕਿੰਨੇ ਫਜ਼ੂਲ (ਬਿਰਥੇ) ਹਨ। ਅੱਲਾ ਇਕ ਹੈ; ਪਾਕ ਹੈ, ਸਭ ਦਾ ਹੈ, ਹਰ ਮੁਲਕ ਨੂੰ, ਹਰ ਜ਼ਮਾਨੇ ਨੂੰ ਆਪਣਾ ਨਬੀ ਦੇਂਦਾ ਹੈ, ਇਹ ਸਾਡੇ ਆਪਣੇ ਦੇਸ ਦਾ ਅੱਲਾ ਵਲੋਂ ਆਯਾ ਨਬੀ ਹੈ, ਇਹ ਜ਼ਾਤ ਖਾਸ ਵਿਚੋਂ ਹੈ, ਇਹ ਜ਼ਾਤ ਹੈ ਇਹ ਜ਼ਾਤ ਪਾਕ ਹੈ।

ਉਬਾਰਾ-ਕੁਛ ਪੁੱਛ ਨਾ ਤੇ ਦੱਸੀ ਜਾਹ, ਮੈਂ ਤਾਂ ਹੁਣ ਪਰਵਾਨਾ ਹਾਂ ਉਸ ਸ਼ਮਾਂ (ਦੀਪਕ) ਦਾ, ਹੋਰ ਮੈਨੂੰ ਕਾਈ ਸਮਝ ਬਾਕੀ ਨਹੀਓਂ ਰਹੀ।

ਮਾਲੋ-ਸ਼ੁਕਰ ! ਸ਼ੁਕਰ ! ਪਰ ਦੱਸ ਇਹ ਮੁਸਲਮਾਨੀ ਗੁਮਾਨ ਉਥੇ ਜਾ ਕੇ ਮਿਟ ਗਿਆ ਸੀ ?

[1] ਭਾਵ, ਸ਼ੁਕਰ ਹੈ ਪਰਮੇਸ਼ੁਰ ਦਾ ਹੈ।

ਉਬਾਰਾ-ਅਚਾਨਕ ਫੁਰ ਪਿਆ ਸੀ ਕਿ ਮੈਂ ਮੁਸਲਮਾਨ ਹਾਂ, ਮੁਸਲਮਾਨ ਵੱਡੇ ਹਨ ਹਿੰਦੂ ਨੀਵੇਂ ਹਨ, ਬੁੱਤ ਪ੍ਰਸਤ ਹਨ ਕਿ ਆਪ ਨੇ ਮੇਰੇ ਵੱਲ ਮੁਸਕ੍ਰਾ ਕੇ ਤੱਕਿਆ ਤੇ ਫੁਰਮਾਇਆ: 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ, ਜੇ ਹੈ ਤਾਂ ਦੋਇ ਖਰੂਦੀ ਬਾਲ ਹਨ ਜੋ ਹੰਕਾਰ ਦੇ ਕੁੱਛੜ ਚੜੇ ਇਕ ਦੂਜੇ ਨੂੰ ਘੂਰ ਰਹੇ ਹਨ। ਜੇ ਕੋਈ ਬਣਨਾ ਚਾਹੇ ਤਾਂ ਕਰਨੀ ਪਰਵਾਨ ਹੈ, ਚਾਹੇ ਹਿੰਦੂ ਹੈ ਚਾਹੇ ਮੁਸਲਮਾਨ। ਦਰਗਾਹੇ ਮਾਨ ਉਹਨਾਂ ਦਾ ਹੈ ਜਿਨ੍ਹਾਂ ਦੇ ਮਨ ਦਾ ਮਾਨ ਏਥੇ ਸਾਂਈਂ ਦੀ ਯਾਦ ਦੇ ਚਰਨਾਂ ਵਿਚ ਵਿਛ ਗਿਆ ਹੈ। ਕਬੂਲ ਉਹ ਹੈ ਜਿਸ ਨੇ ਹਿੰਦੂ-ਮਨ ਮੁਸਲਮਾਨ-ਮਨ ਤੋਂ ਉਚੇਰਾ ਉੱਠ ਕੇ ਸਾਂਈਂ ਵਿਚ ਲਿਵ ਲਾਈ ਹੈ, ਜਾਂ ਜਿਸ ਨੇ ਸਾਂਈਂ ਵਿਚ ਲਿਵ ਲਾਕੇ ਕਿਹਾ ਹੈ ਕਿ ਇਹ ਹੈ ਹਿੰਦੂ-ਮਨ, ਇਹ ਹੈ ਮੁਸਲਿਮ-ਮਨ। ਲਿਵ ਬਿਨਾਂ ਦੋਨੋਂ ਨਾਰੀਆਂ ਹਨ ਉਸੇ ਸ਼ਹੁ ਦੀਆਂ, ਪਰ ਛੁੱਟੜਾਂ। ਰੱਬ ਦੇ ਚਰਨਾਂ ਨਾਲ ਲਿਵ ਲੱਗੀ ਬਾਝੋਂ ਜੋ ਦੀਨ ਧਰਮ ਦੇ ਦਾਅਵੇ ਹਨ ਓਹ ਸ਼ੈਤਾਨ ਦੇ ਜਾਦੂ ਹਨ ਜੋ ਇਨਸਾਨ ਦੇ ਸਿਰ ਤੇ ਉਹ ਦੀਨ ਧਰਮ ਦੇ ਧੂੜੇ ਵਿਚ ਰਲਾਕੇ ਧੂੜਦਾ ਹੈ।

'ਫਿਰ ਦੀਨ ਯਾ ਧਰਮ ਮੁਹੱਬਤ ਦਾ ਵਰਤਾਉ ਹੈ। ਜੋ ਲਿਵ ਵਿਚ ਹੈ ਉਸ ਦੀ ਵਰਤੋਂ ਪਿਆਰ ਹੈ। ਜਿਸ ਦਾ ਵਰਤਾਉ ਮੁਹੱਬਤ ਨਹੀਂ, ਨਫ਼ਰਤ ਹੈ, ਓਹ ਸਾਂਈਂ ਦਾ ਨਹੀਂ, ਪਰ ਸ਼ੈਤਾਨੀ ਬੰਦਾ ਹੈ। ਸਾਂਈਂ ਮਰਕਜ਼ ਮੁਹੱਬਤ ਦਾ ਹੈ, ਨਫਰਤ ਇਕ ਮਰਕਜ਼ ਹੈ ਉਸ ਦੇ ਠੀਕ ਉਲਟ, ਇਸ ਮਰਕਜ਼ ਦਾ ਨਾਮ ਧਰ ਲਓ ਸ਼ੈਤਾਨ। ਜਿਥੇ ਨਫਰਤ ਦਾ ਵਰਤਾਉ ਹੈ, ਜ਼ੋਰ ਹੈ, ਜ਼ੁਲਮ ਹੈ ਉਥੇ ਰੱਬ ਨਹੀਂ। ਜਿਥੇ ਰੱਬ ਨਹੀਂ ਉਥੇ ਨਾ ਦੀਨ ਹੈ ਨਾ ਧਰਮ, ਉਥੇ ਦੀਨ ਧਰਮ ਦੇ ਨਾਮ ਹੇਠਾਂ ਨਫ਼ਰਤ ਕੰਮ ਕਰਦੀ ਹੈ। ਨਫ਼ਰਤ ਸ਼ੈਤਾਨੀ ਵਸਫ ਹੈ। ਨਫ਼ਰਤ ਹੀ ਸ਼ੈਤਾਨ ਹੈ।

'ਹੋਸ਼ ਕਰੋ, ਨਾ ਆਪ ਤਬਾਹ ਹੋਵੋ ਨਾ ਹਮਸਾਏ ਨੂੰ ਤਬਾਹ ਕਰੋ, ਨਾ ਦੇਸ਼ ਵੈਰਾਨ ਕਰੋ, ਲਿਵ ਵਿਚ ਜਾਗੋ, ਮੁਹੱਬਤ ਵਿਚ ਵਰਤੋ। ਸਾਂਈਂ ਨਾਲ ਜੁੜੇ ਰਹੋ। ਸਾਂਈਂ ਦੇ ਬੰਦਿਆਂ ਨਾਲ ਵਰਤੋ ਮਿਹਰ ਮੁਹੱਬਤ। ਨਫਰਤ ਨੂੰ ਸਾਂਈਂ ਦਾ ਵਸਫ (ਦੈਵੀ ਗੁਣ) ਸਮਝਕੇ ਆਪਣੇ ਆਪ ਨਾਲ ਧੋਖਾ ਨਾ ਕਰੋ। ਸਾਂਈਂ ਨੂੰ Page 266 ਪਛਾਣੋ, ਬੰਦਿਆਂ ਨੂੰ ਉਸ ਦੇ ਬਾਲਕ ਸਮਝਕੇ ਆਪਣੇ ਭਰਾ ਜਾਣੋ।'

ਮਾਲੋ-ਫੇਰ ਹੋਈ ਤੇਰੀ ਨਿਸ਼ਾ ਖ਼ਾਤਰ ?

ਉਬਾਰਾ-ਮੇਰੀ ਨਿਸ਼ਾ ? ਮੇਰੀ ਨਿਸ਼ਾ ਅਜਿਹੀ ਹੋਈ ਹੈ ਕਿ ਮੈਂ ਸਮਝਦਾ ਹਾਂ ਕਿ ਮੈਨੂੰ ਮਿਲ ਪਏ ਹਨ 'ਆਪ ਜੀ'। ਮੇਰਾ ਤਾਂ ਉਸ ਵੇਲੇ ਦਾ ਲੂੰ ਲੂੰ ਸ਼ੁਕਰ ਕਰ ਰਿਹਾ ਹੈ ਤੇ ਗਾਉਂ ਰਿਹਾ ਹੈ:-ਮਿਲ ਗਿਆ ਸਾਂਈਂ ਨਿਜਾਤ ਵਾਲਾ[੧]।

ਮਾਲੋ-ਵਾਹ! ਵਾਹ!

ਉਬਾਰਾ-ਇਕ ਮੈਥੋਂ ਬੜੀ ਭੁੱਲ ਹੋਈ, ਫਕੀਰਾਂ ਦੇ ਦਰਸ਼ਨ ਨੂੰ ਖਾਲੀ ਹੱਥ ਨਹੀਂ ਜਾਈਦਾ ਤੇ ਮੈਂ ਆਪਣੇ ਮਨ ਦੇ ਵਧੇ ਹੋਏ ਸ਼ੌਂਕ ਵਿਚ ਬੇ ਖ਼ਿਆਲ ਚਲਾ ਗਿਆ ਖਾਲੀ ਹੱਥ, ਜਦੋਂ ਮਿਹਰ ਹੋ ਗਈ ਤਾਂ ਆਪ ਜੀ ਨੇ ਮੈਨੂੰ ਖਾਣਾ ਖਾਣ ਲਈ ਕਿਹਾ। ਉਸ ਵੇਲੇ ਮੈਨੂੰ ਚੇਤਾ ਆਇਆ ਕਿ ਖਾਲੀ ਹੱਥ ਦੀਦਾਰ ਨੂੰ ਆਇਆ ਮੈਂ ਕੇਡਾ ਅਭਾਗ ਹਾਂ, ਪਰ ਅੰਦਰਲੇ ਸੁਖ ਵੱਲ ਤੱਕ ਕੇ ਮੈਂ ਕੰਬਿਆ ਕਿ ਮੈਂ ਕਿਉਂ ਅਭਾਗ ਹਾਂ, ਜਿਸ ਨੂੰ 'ਆਪ ਜੀ' ਨੇ ਭਾਗ ਲਾ ਦਿਤੇ ਹਨ, ਮੈਂ ਸੁਭਾਗ ਹਾਂ। ਫਿਰ ਮੈਨੂੰ ਘਰ ਪਏ ਇਕ ਬਾਫਤੇ (ਜ਼ਰੀ ਦੇ ਕਪੜੇ) ਦਾ ਚੇਤਾ ਆਇਆ ਜੋ ਮੈਂ ਬੜੀ ਰੀਝ ਨਾਲ ਕਦੇ ਬਣਵਾਇਆ ਸੀ, ਚਿੱਤ ਕਰੇ ਕਿ ਰੇਤਿਆਂ ਉਪਰ ਖੁਸ਼ੀਆਂ ਨਾਲ ਬੈਠਣ ਵਾਲੇ ਇਨ੍ਹਾਂ ਨਿਰਮਾਣ ਕਦਮਾਂ ਦੇ ਹੇਠਾਂ ਉਹ ਬਾਫਤਾ ਵਿਛਾਵਾਂ, ਦੇਖਾਂ ਤੇ ਠਰਾਂ। ਸੋ ਮੈਂ ਆਪ ਜੀ ਤੋਂ ਆਗਿਆ ਲੈਕੇ 'ਆ ਗਿਆ ਸਾਂ; ਹੁਣ ਫੇਰ ਜਾਵਾਂਗਾ।

ਮਾਲੋ-ਉਬਾਰਿਆ ਮ੍ਰਿਤਾ ! ਇਹ ਵਸਤੂ ਜੋ ਲਈ ਆ ਬੜੀ ਅਮੋਲਕ ਹੈ, ਸੰਭਾਲਕੇ ਰੱਖੀਂ ਜਿਵੇਂ ਸੂਮ ਜ਼ਵਾਹਰਾਤ ਨੂੰ ਸਾਂਭਕੇ ਰੱਖਦਾ ਹੈ। ਤੇਰਾ ਸੁਭਾਵ ਹੱਸਣ ਖੇਡਣ ਤੇ ਰਾਹ ਜਾਂਦੇ ਨੂੰ ਛੇੜਨ ਦਾ ਹੈ, ਹੁਣ ਤੂੰ ਗਿੱਧੇ ਪਾਉਣ ਵਾਲੀ ਕੁੜੀ ਨਹੀਂ ਤੂੰ ਹੁਣ ਅੱਲਾ ਪਾਕ ਨੂੰ ਮਿਲੀ, ਉਸ ਦੇ ਨਾਮ ਨਾਲ ਜੁੜੀ ਸੁਹਾਗਵੰਤੀ ਹੈਂ। ਹੁਣ ਸਾਂਈਂ ਲਿਵ ਵਿਚ ਰਹਿਣਾ ਤੇਰਾ ਸੁਹਾਗ ਨਾਲ ਸਨਮੁਖ ਰਹਿਣਾ ਹੈ।

---

[੧] 'ਭਇਓ ਆਜ ਮੋਕੋ ਮੁਕੰਦੁ www.sikhbookclub.com

ਲੋਕਾਂ ਨਾਲ ਚਹੇੜਾਂ, ਨਾ-ਅਹਿਲਾਂ[1] ਨਾਲ ਗੱਪਾਂ, ਨਾ-ਮਹਿਰਮਾਂ ਪਾਸ ਰਤਨਾਂ ਦੇ ਡੱਬੇ ਖੋਹਲਣੇ ਲਿਵ ਵਿਚ ਸੱਟਾਂ ਮਾਰਦੇ ਹਨ! ਤਕੜਾ ਰਹੀਂ ਤੇ ਮਨ ਤੇ ਪਹਿਰਾ ਬਿਠਾਈਂ, ਇਹ ਮਨ ਬੜਾ ਖੋਟਾ ਹੈ ਤੇ ਉਧਰ ਜਗਤ ਬੜਾ ਨਿਰਦਈ ਹੈ।

ਉਬਾਰਾ-ਜਿਵੇਂ ਆਖਸੋ ਕਰਸਾਂ, ਤੇਰੀ ਮਿਹਰ ਨਾਲ ਲਿਵ ਦੀ ਨਰਦ ਹਥ ਆਈ ਹੈ, ਤੇਰੀਓ ਮਿਹਰ ਨਾਲ ਪੁੱਗੇਗੀ।

੩.

ਅਵਾਜ਼-ਉਬਾਰੇ ਖਾਨਾਂ! ਖਾਨਾ, ਖਾਨਾ ਹੋਤ!

ਉਬਾਰਾ (ਤੱਕ ਕੇ)-ਕੌਣ ਹੈ?

ਅਵਾਜ਼-ਆ ਬਈ ਦਿਦਾਰ ਦੇ ?

ਉਬਾਰਾ(ਮੁੜ ਮੁੜ ਭਉਂ ਕੇ ਤੇ ਅਵਾਜ਼ ਵਾਲੇ ਨੂੰ ਸਿਆਣਕੇ)-ਹਛਾਂ ਪੀਰ ਜੀ ਹਨ? ਮੈਂ ਕਿਹਾ ਕੌਣ ਹੈ ਸਵੇਰੇ ਸਵੇਰੇ ਐਡੀ ਦੂਰੋਂ ਹਾਕਰਾਂ ਮਾਰਨ ਵਾਲਾ!

ਪੀਰ-ਸੁਣਾ ਬਈ, ਅਸਾਂ ਲੋਕਾਂ ਤੋਂ ਕੁਛ ਸੁਣਿਆਂ ਹੈ?

ਉਬਾਰਾ-ਸੁਣਿਆਂ ਮੁਬਾਰਕ, ਸੁਣਿਆਂ ਹੀ ਸੋਝੀ ਦਾ ਦਰ ਖੁੱਲ੍ਹਦਾ ਹੈ।

ਪੀਰ-ਹੈਂ ! ਅਸਾਂ ਤਾਂ ਬਈ ਲੋਕਾਂ ਤੋਂ ਸੁਣਿਆਂ ਹੈ, ਤੂੰ ਆਪ ਸੁਣਾ ਨਾ।

ਉਬਾਰਾ-ਆਖਦੇ ਹਨ ਖ਼ਲਕਤ ਦੀਆਂ ਜ਼ੁਬਾਨਾਂ ਖ਼ੁਦਾ ਦਾ ਨੱਕਾਰਾ ਹੁੰਦੀਆਂ ਹੈਨ। ਖ਼ੁਦਾ ਦੇ ਨੱਕਾਰ ਖਾਨੇ ਦਾ ਅਵਾਜ਼ਾ ਸੁਣਕੇ ਮੇਰੀ ਤੂਤੀ ਅਵਾਜ਼ ਸੁਣਨ ਦੀ ਕੀ ਲੋੜ ?

ਪੀਰ-ਹੱਛਾ ! ਹਾਂ, ਪਰ ਬਈ ਗਲ ਲੋਕਾਂ ਦੀ ਜ਼ੁਬਾਨ ਤੇ ਚੜ੍ਹਦੀ ਚੜ੍ਹਦੀ ਅੱਗੇ ਅੱਗੇ ਟੁਰਦੀ ਸੱਚ ਤੋਂ ਦੁਰੇਡੀ ਹੁੰਦੀ ਜਾਂਦੀ ਹੈ।

ਉਬਾਰਾ-ਫੇਰ ਅਜਿਹੀ ਸੁਣੀ ਅਨਸੁਣੀ ਕਰ ਛਡਣੀ ਚਾਹੀਏ।

ਪੀਰ-ਹੂੰ! ਪਰ ਸੱਚ ਜਾਨਣ ਲਈ ਤਾਂ ਪਹਿਲੇ ਬੁੱਲ੍ਹਾਂ ਦੀ ਮੁਸਕ੍ਰਾਹਟ ਦੇ ਪਿੱਛੇ ਬੈਠੀ ਜ਼ੁਬਾਨ ਦੀ ਹਿਲ-ਹਿਲਾਹਟ ਦੀ ਲੋੜ ਪੈਂਦੀ ਹੈ।

ਉਬਾਰਾ-ਜ਼ੁਬਾਨ ਤੇ ਬੁੱਲ੍ਹਾਂ ਨੂੰ ਖੇਚਲ ਤਾਂ ਦੇਵੇ ਕੋਈ! ਜੇ ਸੱਚ ਨੂੰ ਝੱਲ ਜਾਣੇ। ਜੇ ਚਾਹੇ ਮਨ ਦੀ ਹਰਜਾਨੀ ਨੂੰ ਸੁਆਦ ਚਖਾਉਣ ਲਈ ਸੁਣਨਾ, ਤਾਂ ਨਾ ਸੁਣਨਾ ਸੁਹਣਾ ਹੈ ਸੁਣਨ ਕੋਲੋਂ।

ਪੀਰ-ਹੱਛਾ ! ਬੁਝਾਰਤੀਆ। ਸੁਣੇ ਬਿਨ ਸੱਚ ਕਿਵੇਂ ਜਾਣ ਪਵੇ?

ਉਬਾਰਾ-ਨੈਣਾਂ ਨਾਲ।

ਪੀਰ-ਜੋ ਹੋ ਚੁਕੀ, ਬੀਤ ਚੁਕੀ ਉਸ ਨੂੰ ਮਾਜ਼ੀ[1] ਦੇ ਪੜਦੇ ਪਾੜਕੇ ਨੈਣ ਕਿਵੇਂ ਤੱਕਣ?

ਉਬਾਰਾ-ਜਿਵੇਂ ਮਾਜ਼ੀ[1] ਵਿਚ ਬੀਜੇ ਜਾ ਚੁਕੇ ਬੀਜ ਨੂੰ ਫਲ ਲੱਗਿਆਂ ਤੱਕ ਲਈਦਾ ਹੈ।

ਪੀਰ(ਮੂੰਹ ਵਟ ਕੇ)-ਟਾਲੇ ! ਸਿੱਧੀ ਤਰ੍ਹਾਂ ਦੱਸਣਾਂ ਹਈ ਕਿ ਨਾਂ ?

ਉਬਾਰਾ-ਸੂਰਜ ਨੂੰ ਘੁੰਡ ਦੀ ਲੋੜ ਨਹੀਂ, ਚੰਦ ਨੇ ਕਦੇ ਬੁਰਕੇ ਨਹੀਂ ਮੰਗੇ, ਸੱਚ ਨੂੰ ਲੁਕੋ ਨਾਲ ਕੀ ਪਰੋਜਨ।

ਪੀਰ-ਵਾਹ, ਫੇਰ ਦੱਸਦਾ ਕਿਉਂ ਨਹੀਂ?

ਉਬਾਰਾ-ਚਾਨਣੇ, ਨੰਗੇ ਚਾਨਣੇ ਤ੍ਰਿੱਖੇ ਚਾਨਣੇ ਲਈ ਨੈਣਾਂ ਅੱਗੇ ਧੁਆਂਖੀ ਐਨਕ ਚਾਹੀਏ, ਯਾ ਨੈਣ ਝੱਲਣਹਾਰ ਲੋੜੀਏ। ਸੱਚ 'ਬਿਜਲੀ-ਲਿਸ਼ਕਾਰ' ਵਾਂਙੂ ਚੁੰਧਯਾਉਂਦਾ ਹੈ ਤੇ ਭਾਂਬੜ ਬਾਲਦਾ ਹੈ।

ਪੀਰ-ਬੜਾ ਬੇਅਦਬ ਹੋ ਗਿਆ ਹੈਂ !

ਉਬਾਰਾ-ਭੁੱਲ ਗਿਆ ਜੀ, ਮਾਫ ਕਰਨਾ ਮੈਂ ਸਮਝਿਆ ਸੀ ਤੁਸੀਂ ਸੱਚ ਦੀ ਮੰਡੀ ਵਿਚ ਆ ਖੜੋਤੇ ਹੋ।

ਪੀਰ-ਸੱਚ ਸੁਣਾਵੇਂ ਬੀ, ਤੂੰ ਤਾਂ ਪਰਦੇ ਪਾਉਂਦਾ ਹੈਂ।

ਉਬਾਰਾ-ਪੁੱਛੋ ਨਾ। ਮੈਂ ਤੇ ਸੱਚ, ਮੇਰੇ ਪੱਲੇ ਸੱਚ! 'ਸਚ ਸਭਨਾ ਦਾ ਦਾਰੂ' (ਨੈਣ ਮੁੰਦ ਕੇ) (ਗਾਉਂ ਕੇ), 'ਸਚੁ ਸਭਨਾ ਹੋਇ ਦਾਰੂ ਪਾਪੁ ਕਢੈ ਧੋਇ। '

'ਕਢੈ ਧੋਇ, ਕਢੈ ਧੋਇ, ਕਢੈ ਧੋਇ'।

ਪੀਰ-ਮਖ਼ੌਲੀਆ ਬੀ, ਸ਼ਾਇਰ ਬੀ, ਗਵੱਯਾ ਬੀ। ਅੱਛਾ-ਸਾਫ ਦੱਸ ਖਾਂ ਸੁਣਿਆ ਹੈ ਤੂੰ ਬੈਤ ਲਈ ਹੈ।

ਉਬਾਰਾ-ਮੈਂ ਤਾਂ ਕਦੇ ਛੜੀ ਬੀ ਨਹੀਂ ਫੜੀ,

---

[1] ਅਨ ਅਧਿਕਾਰੀ, ਰੱਬ ਦੇ ਸਿਮਰਨ ਤੋਂ ਵਿਰਵੇ ਲੋਕ।

[1] ਬੀਤ ਚੁਕਾ ਸਮਾ।

ਬੈਂਤ ਮੈਂ ਕਾਹਨੂੰ ਖ਼ਰੀਦਣਾ ਸੀ ?

ਪੀਰ-ਮਸਖ਼ਰਾ ਸਹੁਰਾ, ਮੈਂ ਕਹਿਨਾ ਹਾਂ ਤੂੰ ਕਿਸੇ ਫਕੀਰ ਪਾਸੋਂ ਬੇਅੁਤ ਲਈ ਹੈ, ਓਇ ਜਿਸ ਨੂੰ ਹਿੰਦੂ ਮੰਤਰ ਲੈਣਾ ਕਹਿੰਦੇ ਹਨ।

ਉਬਾਰਾ-ਮੈਂ ਕਿਸੇ ਫਕੀਰ ਪਾਸੋਂ ਕੁਛ ਨਹੀਂ ਲਿਆ। ਝੂਠ ਸੱਚ ਦਾ ਬਹੁਰੂਪੀਆ ਬਣਕੇ ਤੁਹਾਡੇ ਕੰਨਾਂ ਦੇ ਵਿਹੜੇ ਜਾ ਖਲੋਤਾ ਜੇ, ਭਈ ਵੇਖੀਏ ਪੀਰ ਜੀ ਪਛਾਣਦੇ ਹਨ ਕਿ ਨਾ।

ਪੀਰ-ਭਲਾ ਫਕੀਰ ਤੋਂ ਨਾ ਕਿਸੇ ਵਲੀ ਪਿਕੰਬਰ ਪਾਸੋਂ (ਅੱਲਾ ਮੈਨੂੰ ਮਾਫ ਕਰੇ)।

ਉਬਾਰਾ-ਮੇਰਾ ਵਲੀਆਂ ਪਿਕੰਬਰਾਂ ਨਾਲ ਕੀ ਕੰਮ ?

ਪੀਰ-ਓਇ ਕਿਸੇ ਫਕੀਰ ਅਕੇ ਕਿਸੇ ਤਪੇ ਕੋਲੋਂ ?

ਉਬਾਰਾ-ਸ਼ਾਹ, ਫਕੀਰ, ਤਪੇ ਹੁੰਦੇ ਹੋਣਗੇ, ਅਸਾਂ ਤਾਂ ਨੈਣਾਂ ਦੇ ਵਿਹੜੇ ਕਦੇ ਵੜਨ ਨਹੀਂ ਦਿੱਤੇ।

ਪੀਰ-ਲੋਕ ਝਖ ਮਾਰਦੇ ਹਨ?

ਉਬਾਰਾ-ਤੇ ਤੁਸੀਂ ਹੀ ਕਹਿੰਦੇ ਹੋ, 'ਜ਼ੁਬਾਨੇ ਖ਼ਲਕ ਨੱਕਾਰਾ ਏ ਖ਼ੁਦਾ'[1]।

ਪੀਰ-ਉਹ ਹੋਰ ਗੱਲ ਹੈ। ਇਕ ਗੱਲ ਹੋਰ ਭੀ ਹੈ ਨਾ, ਲੋਕੀਂ ਖੰਭਾਂ ਦੀ ਡਾਰ ਬਣਾਉਂਦੇ ਹਨ ਤੇ ਇਥੇ ਤਾਂ ਖੰਭਾਂ ਬਿਨਾਂ ਹੀ ਡਾਰ ਬਣ ਗਈ। (ਸੋਚ ਕੇ) ਅਸਾਂ ਉਬਾਰਿਆ ! ਅੱਗੇ ਹੀ ਕਿਹਾ ਸੀ ਕਿ ਉਬਾਰਾ ਦੀਨਦਾਰ ਹੈ, ਹੰਸੋੜ ਹੈ, ਪਰ ਹੈ ਮੋਮਨ, ਉਹ ਭਲਾ ਕਦ ਕਿਸੇ ਬੁਤਪ੍ਰਸਤ, ਹਿੰਦੂ ਕਾਫਰ ਪਾਸੋਂ ਬੈਅੁਤ ਲੈਂਦਾ ਹੈ।

ਉਬਾਰਾ-ਤੁਸੀਂ ਸੱਚੇ ਹੋ। ਬੁਤਪ੍ਰਸਤ ਹਿੰਦੂ ਮੁਸਲਮਾਨ ਖੁਦਾਪ੍ਰਸਤ, ਕਾਫ਼ਰ ਮਲੇਛ, ਉਬਾਰਾ ਕਿਸੇ ਦੇ ਕਦਮਾਂ ਨੂੰ ਨੈਣਾਂ ਨਾਲ ਨਹੀਂ ਛੁਹਾ ਸਕਦਾ, ਉਂਵ ਸਭ ਦੇ ਕਦਮਾਂ ਦੀ ਖ਼ਾਕ ਹੈ।

ਪੀਰ-ਮੁਸਲਮਾਨ ਖ਼ੁਦਾ ਪ੍ਰਸਤਾਂ ਤੋਂ ਬੀ ਉਬਾਰਾ ਉਪਰਾਮ ਹੈ?

ਉਬਾਰਾ-ਜੀਕੂੰ ਉਪਰਾਮ ਹੁੰਦੇ ਹੋ ਤੁਸੀਂ ਕੌਡੀਆਂ ਤੋਂ ਜਦੋਂ ਕੋਈ ਆ ਨਿਆਜ਼ ਧਰਦਾ ਹੈ ਅਸ਼ਰਫੀ ਤੁਹਾਡੇ ਅੱਗੇ।

ਪੀਰ-(ਘਬਰਾ ਕੇ)-ਬੁਝਾਰਤਾਂ ਕਿਉਂ ਪਾਉਂਦਾ ਹੈਂ, ਸਿੱਧੀ ਤਰ੍ਹਾਂ ਦੱਸ ਖਾਂ ਤੂੰ ਬੈਤ ਲਈ ਹੈ ਕਿ ਨਹੀਂ?

ਉਬਾਰਾ-ਬੈਤ, ਉਹ ਸੋਟੀ ਵਾਲਾ ਬੈਤ ਮੈਂ ਨਹੀਂ ਲਿਆ। ਮੰਤਰ, ਓਹ ਮਾਂਦਰੀ ਵਾਲਾ ਮੰਤਰ ਮੈਂ ਨਹੀਂ ਲਿਆ। ਓਹ ਕਿਸੇ ਮੁਰਦੇ ਪਾਸ ਬੈਠਕੇ ਕੰਨਾਂ ਵਿਚ ਜੀਉਂਦੇ ਦੇ ਨਾਮ ਦੀ ਬਲੇਲ ਮੈਂ ਨਹੀਂ ਕੰਨੀ ਪੈਣ ਦਿੱਤੀ।

ਪੀਰ(ਸੋਚਕੇ)-ਫੇਰ ਜੋ ਲਿਆ ਈ ਉਹ ਦੱਸ, ਜਿਸ ਤੋਂ ਲਿਆ ਈ ਉਸ ਦਾ ਨਾਂ ਦੱਸ, ਜੇ ਨਹੀਂ ਲਿਆ ਈ ਤਾਂ ਕਹੁ ਸੱਖਣਾ ਹਾਂ।

ਉਬਾਰਾ-ਸੱਖਣੇ ਹਨ ਖੂਹ ਜੋ ਲੋਕਾਂ ਦੇ ਘੜੇ ਭਰਦੇ ਆਪ ਮੂੰਹ ਸੱਖਣਾ ਪਾੜ ਪਾੜ ਦੱਸਦੇ ਹਨ। ਸੱਖਣੇ ਹਨ ਢੋਲ ਜੋ ਕੰਨਾ ਦੇ ਪਰਦੇ ਥਰਰਾ ਦੇਂਦੇ ਹਨ। ਸੱਖਣੇ ਹਨ ਘੋਗਿਆਂ ਨਾਲ ਭਰਨ ਵਾਲੇ ਝੋਲੇ ! ਸੱਖਣੇ ਹਨ ਸ਼ਬਨਮ ਤ੍ਰੇਲ ਦੇ ਮੋਤੀਆਂ ਦੇ ਜੌਹਰੀ। ਸੁੰਞੇ ਹਨ ਓਹ ਝਲਕਾਰੇ ਜੋ ਪੈਂਦੇ ਹਨ ਓਪਰੀਆਂ ਰੌਸ਼ਨੀਆਂ ਤੋਂ, ਜਿਵੇਂ ਸੂਰਜ ਦੀ ਰੌਸ਼ਨੀ ਦਾ ਝਲਕਾਰਾ ਦੇਂਦਾ ਹੈ ਚੰਦ। ਕਿਉਂ ਸੱਖਣਾ ਹੈ ਆਪਣੇ ਤੇਲ ਵੱਟੀ ਨਾਲ ਨਿੱਕੀ ਜਿਹੀ ਪਰ ਆਪਣੀ ਰੌਸ਼ਨੀ ਨਾਲ ਟਿਮ ਟਿਮ ਕਰਦਾ ਦੀਵਾ। ਉਬਾਰਾ ਕਿਉਂ ਸੱਖਣਾ ਹੈ ਜਿਸ ਦਾ ਜਗ ਪਿਆ ਹੈ ਘਟਦੀਪ 'ਆਪ ਜੀ' ਦੇ ਚਾਨਣੇ ਨਾਲ ਛੁਹਕੇ ? ਹਾਂ, ਕਿਉਂ ਸੱਖਣਾ ਹੈ ਭਾਗੇ ਭਰਿਆ ਪਰ ਨੀਵਾਂ ਉਬਾਰਾ, ਜਿਸ ਨੇ ਭਰ ਲਏ ਹਨ ਝੋਲੇ ਸ੍ਰੀ ਆਪ ਜੀ ਦੇ ਦੀਦਾਰਾਂ ਨਾਲ......

ਕਹਿੰਦਿਆਂ ਕਹਿੰਦਿਆਂ ਉਬਾਰੇ ਦੇ ਨੈਣ ਬੰਦ ਹੋ ਟੋ ਗਏ ਬੁੱਲ੍ਹ ਮਿਟ ਗਏ, ਚਿਹਰੇ ਤੇ ਇਕ ਲਾਲੀ ਦੀ ਭਾਹ ਪ੍ਰੇਮਾਂ ਵਾਲੀ ਫਿਰ ਗਈ ਤੇ ਸ਼ੁਕਰ ਦਾ ਪ੍ਰਭਾਉ ਛਾ ਗਿਆ।

ਪੀਰ(ਅਚਰਜ ਹੋ ਕੇ)-ਸ਼ੁਕਰ ਹੈ ! ਖੁੱਲ੍ਹਿਆ ਤਾਂ ਹੈ, ਬੁਝਾਰਤਾਂ ਹੀ ਸਹੀ। ਪਾਇਆ ਹਈ, ਏਨਾਂ ਹੀ ਸਹੀ, ਕੁਛ ਤਾਂ ਪਤਾਂ ਲੱਗਾ। ਹੁਣ ਦੱਸ ਖਾਂ-ਨਾਨਕ ਤੋਂ ਪਾਇਆ ਹਈ?

ਉਬਾਰਾ-ਇਹ ਜੋ ਲਫਜ਼ ਤੁਸਾਂ ਆਖਿਆ ਹੈ ਕੀ ਇਹ ਉਸ ਦਾ ਮੁਤਰਾਦਫ (ਦੂਸਰਾ ਨਾਮ) ਹੈ ਜਿਸ ਨੂੰ 'ਅੱਲ੍ਹਾ' ਆਖਦੇ ਹਨ ?

ਪੀਰ-ਓਹ ਕਾਫਰ !

ਉਬਾਰਾ-ਤੇਰੀ ਰਸਨਾਂ ਦੇ ਸਦਕੇ। ਮੈਂ

[1] ਲੋਕਾਂ ਦੀ ਜੀਭ ਖ਼ੁਦਾ ਦਾ ਨਗਾਰਾ।


www.sikhbookclub.com

ਕਾ....ਫ....ਰ; ਕਾਫ, ਫੇ, ਰੇ। ਫਕੀਰ ਨੂੰ ਬੀ ਲਗਦੇ ਹਨ ਕਾਫ, ਫੇ, ਰੇ, ਸੋ ਹਰਫਾਂ ਦਾ ਅਗਾੜ ਪਿਛਾੜ ਹੈ ਨਾ, ਹਨ ਤਾਂ ਓਹੋ ਹਰਫ ਸਗੋਂ ਕਾਫ ਵਡਾ ਹੈ ਫਕੀਰ ਦਾ ਤੇ ਛੋਟਾ ਹੈ ਕਾਫ ਕਾਫਰ ਦਾ ਨਿਮ੍ਰਤਾ ਵਾਲਾ। ਵਾਹ ਪੀਰ ਜੀ ਜੀਂਦੇ ਰਹੋ, ਬੁੱਢ ਸੁਹਾਗਣ ਹੋਵੋ!

ਪੀਰ-ਗੱਪੀਆ ਤੇ ਗਲਾਧੜੀਆ, ਸਿੱਧੀ ਤਰ੍ਹਾਂ ਕਿਉਂ ਨਹੀਂ ਦੱਸਦਾ ਮਰਦਾ ?

ਉਬਾਰਾ-ਪੁੱਛੋ ਜੀ !

ਪੀਰ-ਕੀ ਤੂੰ-ਨਾਨਕ-ਦਾ ਸਿਖ ਹੋ ਗਿਆ ਹੈਂ?

ਉਬਾਰਾ-ਤੁਸੀਂ ਜਿਹੜਾ ਲਫਜ਼ ਆਖਦੇ ਹੋ ਇਸ ਦਾ ਕੀ ਅਰਥ ਹੈ, ਮਾਇਨੇ ਸਮਝਾਕੇ ਦੱਸੋ ?

ਪੀਰ-ਇਕ ਤਪਾ, ਹਿੰਦੂ, ਬੁਤਪ੍ਰਸਤ !

ਉਬਾਰਾ-ਨਹੀਂ ਜੀ।

ਪੀਰ-ਤੂੰ ਕੀ ਪਾਇਆ ਹੈ?

ਉਬਾਰਾ-ਦੀਦਾਰ, 'ਆਪ' ਜੀ ਦਾ ਦੀਦਾਰ!

ਪੀਰ-ਉਸ ਦਾ ਨਾਮ ਕੀ ਹੈ ?

ਉਬਾਰਾ-ਆਪ ਜੀ।

ਉਬਾਰਾ-ਇਹ ਨਾਮ ਨਹੀਂ, ਇਹ ਜ਼ਮੀਰ[1] ਹੈ !

ਉਬਾਰਾ-ਇਹੋ ਨਾਮ ਹੈ ਜੋ ਕਲੇਜੇ ਪਾੜਕੇ ਅੰਦਰੋਂ, ਧੁਰ ਅੰਦਰੋਂ ਪਿਆ ਨਿਕਲਦਾ ਜਿਵੇਂ ਚਸ਼ਮੇਂ ਦੇ ਅੰਦਰੋਂ ਨਿਕਲਦੀ ਹੈ ਸ਼ਫ਼ਾਫ਼ ਧਾਰਾ। ਬਾਹਰੋਂ ਅੰਦਰ ਵਾੜੇ ਹੋਏ ਨਾਵਾਂ ਦੇ ਲੀਤਿਆਂ ਓਪਰਾਪਨ ਪੈਂਦਾ ਹੈ। ਜ਼ਮੀਰ ਵਿਚੋ ਤਾਂ ਜ਼ਮੀਰ ਹੀ ਨਿਕਲਨੀ ਹੋਈ ਨਾਂ।

ਪੀਰ(ਸੋਚ ਸੋਚ ਕੇ ਤੇ ਝੁੰਜਲਾ ਕੇ)-ਚਲ ਜਾਹ ਕਾਫਰ ਦੇ ਚੇਲੇ !

ਇਹ ਸਣਦਿਆਂ ਉਬਾਰੇ ਦਾ ਹਥ ਤਲਵਾਰ ਤੇ ਗਿਆ ਤੇ ਬੋਲਿਆ: ਸੁਣੋ ਪੀਰ ਜੀ ! ਮੈਂ ਪਠਾਣ ਹਾਂ, ਜੁਲਾਹਿਆ ਨਹੀਂ, ਮੈਂ 'ਆਪ ਜੀ' ਦਾ ਚੇਲਾ ਹਾਂ, ਖ਼ਬਰਦਾਰ ਜੇ ਬੇਅਦਬੀ ਕੀਤੀ ਤਾਂ।

ਪੀਰ-ਤੈਨੂੰ ਅੱਜ ਸ਼ਰਅ ਦਾ ਫਤਵਾ ਦੇਕੇ ਸੂਲੀ ਦਿਆਂਗਾ, ਹਿੰਦੂ ਬੁਤਪ੍ਰਸਤ ਦੇ ਮਗਰ ਲਗੋਂ ਤੂੰ ! ਮੈਂ ਤੇਰੇ 'ਨਾਨਕ ' ਨੂੰ ਬੀ ਉਠਾ ਦਿਆਂਗਾ, ਹਾਂ, ਉਠਾ ਦੂਰ ਕਰਾਂਗਾ, ਸਮਝਿਆ ਈ?

ਉਬਾਰਾ(ਤਲਵਾਰ ਤੋਂ ਹੱਥ ਚੁੱਕ ਕੇ ਤੇ ਤਾੜੀ ਮਾਰ ਕੇ)-ਤੁਸੀਂ ਤਾਂ ਕਹਿੰਦੇ ਸਾਓ, ਲੋਕਾਂ ਦਾ ਕਿਹਾ ਝੂਠ ਹੈ ਤੇ ਸੱਚ ਜਾਣਨ ਲਈ ਤੈਥੋਂ ਪੁੱਛਦਾ ਹਾਂ ਤੇ ਸੱਚ ਝੂਠ ਨੂੰ ਸੁਣ ਕੇ ਜਰ ਬੀ ਜਾਂਦਾ ਹਾਂ ਤੇ ਮੈਂ ਤਾਂ ਅਜੇ ਆਪਣੇ ਮੂੰਹੋਂ ਕਿਹਾ ਹੀ ਨਹੀਂ ਤੇ ਆਪ ਹੀ ਤੁਸੀਂ ਧਮਕਾਂ ਨਾਲ ਧੁਖ ਉੱਠੇ ਹੋ! ਪੀਰ ਜੀ! ਬਰੱਬਰ ਦੇ ਨਾਲ ਹਸਦ (ਈਰਖਾ) ਫਬਦਾ ਹੈ, ਆਪ ਤੋਂ ਵਡਿਆਂ ਅਗੇ ਗ਼ਰੀਬੀ, ਇਜਜ਼।

ਪੀਰ-ਜਿਸ ਵੇਲੇ ਉਠਾ ਕੇ ਦੂਰ ਕਰ ਲਵਾਂਗਾ ਫੇਰ ਦੱਸਾਂਗਾ ਕਿ ਵੱਡਾ ਦੀਨਦਾਰ ਹੁੰਦਾ ਹੈ ਕਿ ਬੁਤਪ੍ਰਸਤ।

ਉਬਾਰਾ-ਲਓ ਫੇਰ ਅਸੀਂ ਬੀ ਤਲਵਾਰ ਮਿਆਨੇ ਰਹਿਣ ਦੇਂਦੇ ਹਾਂ, ਪਹਿਲੇ ਸਾਨੂੰ ਦਿਓ ਖਾਂ ਸੂਲੀ ਤੇ ਫੇਰ ਦੇਖਾਂਗੇ ਉਠਾਉਂਦਿਆਂ 'ਆਪ ਜੀ' ਨੂੰ; ਇਹ ਰੰਗ ਬੀ ਤੱਕ ਲਈਏ, ਉਠਾ ਦੂਰ ਕਰਦੇ ਹੋ ਕਿ ਅਣਡਿੱਠੇ ਦੀਵੇ ਤੇ ਜਿਵੇਂ ਪਤੰਗੇ ਤ੍ਰਪਦੇ ਹਨ ਇਵੇਂ ਤ੍ਰਪ ਰਹੇ ਹੋ। ਪੀਰ ਜੀਓ ! ਜਾਓ ਮਾਫ ਕੀਤਾ, ਉਠਾਉਣ ਜੁ ਚੱਲੇ ਹੋ, ਜਾਓ ਨਾਂ ਜਾਓ ਸਹੀ ਚੰਦਨ ਦੇ ਚਰਨਾਂ ਕੋਲ, ਲੱਗੋ ਜਾਕੇ ਕੁਹਾੜੇ ਵਾਙੂੰ। ਜਦੋਂ ਖੁਸ਼ਬੋ ਦੀ ਲਗੇਗੀ ਛੁਹ, ਆਖ਼ਰ ਇਨਸਾਨ ਹੋ, ਤੱਕਾਂਗੇ ਓਦੋਂ ਤੁਹਾਡੇ ਸਰੂਰਾਂ ਨਾਲ ਭਰ ਰਹੇ, ਝੁਕ ਰਹੇ ਸਿਰ ਤੇ ਫਰਕਦੇ ਬੁੱਲ੍ਹ ਚੁੰਮ ਰਹੇ ਮੁਕੱਦਸ ਕਦਮ !

ਕਿਚਕਿਚਾਉਂਦਾ ਤੇ 'ਉਠਾ ਦੂਰ ਕਰਾਂਗੇ' ਕਹਿੰਦਾ ਅਭਿਮਾਨੀ ਪੀਰ ਸ਼ੇਖ ਅਬੁਦਲ ਰਹਿਮਾਨ ਘੋੜੇ ਨੂੰ ਅੱਡੀ ਲਾ ਟੁਰ ਗਿਆ ਤੇ ਆਪਣੇ ਆਪ ਜੀ ਦੇ ਅੰਤਰ ਆਤਮੇ ਦਰਸ਼ਨ ਕਰਨ ਵਾਲਾ ਤੇ ਅੰਦਰੇ ਝੁਕ ਝੁਕ ਸਲਾਮਾਂ ਕਰਦੇ ਰਹਿਣ ਵਾਲਾ ਉਮਰਾਖਾਂਨ-ਜਿਸ ਨੂੰ ਲੋਕੀਂ ਉਬਾਰਾਖਾਨ ਤੇ ਉਬਾਰਾ ਕਰਕੇ ਸੱਦਦੇ ਸਨ-ਘਰ ਚਲਾ ਗਿਆ। ਅੱਗੇ ਬੂਹੇ ਤੇ ਰਾਹ ਉਡੀਕ ਰਹੀ ਸੀ ਖੜੀ ਜ਼ਬੀਦਾ ਖ਼ਾਨਮ-ਵਹੁਟੀ ਉਬਾਰੇ ਖਾਂ ਦੀ-ਜ਼ਮੁੱਰਦੀ ਰੰਗ ਦਾ ਦੁੱਪਟਾ ਕੀਤੀ ਤੇ ਗਲ ਲੰਮਾ ਸੋਹਣਾ ਪੈਰਾਹਨ ਪਹਿਨੀ, ਜੋ ਹਲਕੇ ਕਾਲੇ ਰੰਗ ਦਾ ਸੀ; ਜਿਸ ਨੂੰ ਵਖੀਆਂ ਕੋਲ ਪਈਆਂ ਸਨ ਸੁਹਣੀਆਂ ਚੋਣਾਂ ਤੇ ਜਿਸ ਦਾ ਹੈਠਲਾ ਘੇਰਾ ਗਿੱਟਿਆਂ ਤੱਕ ਸੀ ਲੰਮਾ, ਜੋ ਕੱਜ ਰਿਹਾ ਸੀ ਸੁਹਣੇ ਚਿੱਟੇ ਰੰਗ ਦੇ ਅੰਦਰ

---

[1] ਵਜਾਕਰਣ ਵਿਚ ਜ਼ਮੀਰ =ਸਰਬ ਨਾਮ, ਪੜਨਾਉਂ ਨੂੰ ਕਹਿੰਦੇ ਹਨ ਤੇ ਜ਼ਮੀਰ-ਅੰਤਹਕਰਣ ਦਾ ਭੀ ਨਾਮ ਹੈ।

ਪਏ ਪਜਾਮੇ ਨੂੰ ਬੀ। ਸੁਹਣੇ ਸਜੀਲੇ ਕਿਸੇ ਨਵੀਂ ਸੁੰਦਰਤਾ ਦੇ ਡੋਬੇ ਨਾਲ ਰੰਗੇ ਪਤੀ ਨੂੰ ਤੱਕ ਤੱਕ ਕੇ ਆਪ ਸੁਹਣੀ ਤੇ ਫਬਨਾਂ ਵਾਲੀ ਮੁਟਿਆਰ ਸਦੱਕੜੇ ਹੋ ਰਹੀ ਸੀ ਤੇ ਆਉਂਦੇ ਨੂੰ ਕਹਿ ਰਹੀ ਸੀ: ਸਦਕੇ ਜਾਵਾਂ, ਇਹ ਨੂਰੀ ਚਿਹਰਾ ਹੁਣ ਮੇਰੇ ਨੈਣਾਂ ਬਿਨਾਂ ਹੋਰਨਾਂ ਅੱਖੀਆਂ ਦੀਆਂ ਪੁਤਲੀਆਂ ਵਿਚ ਨਾਂ ਜਾਣ ਦਿਆ ਕਰੋ, ਸਿਰਤਾਜ ਜੀਓ ! ਨਾ ਮਹਿਰਮ ਪੁਤਲੀਆਂ ਦੇ ਅੰਦਰ ਵੱਸਦੇ ਹਨ ਜਾਦੂ, ਅਫਸੂਨ, ਸਿਹਰ, ਜ਼ਹਿਰਾਂ ਵਾਲੇ ਜੋ ਲਾ ਦੇਂਦੇ ਹਨ ਨਜ਼ਰਾਂ ਭੈੜੀਆਂ।

ਉਬਾਰਾ-ਸਾਂਈਂ ਸੁਆਰੀਏ। ਸਾਂਈਂ ਬਖਸ਼ਿਸ਼ ਨੂੰ ਤੱਕ ਕੇ ਖਿੜ ਪੈਣ ਵਾਲੀਏ ਭਾਗੇ ਭਰੀਏ ! ਇਨ੍ਹਾਂ ਮੇਰੇ ਕਬੂਤਰਾਂ ਵਾਂਙੂ ਉਡਾਰ ਨੈਣਾਂ ਤੇ ਪੈ ਗਈਆਂ ਨੀ ਮਿਹਰ ਦੀਆਂ ਨਜ਼ਰਾਂ, ਕੌਣ ਜੰਮਿਆਂ ਹੈ ਇਨ੍ਹਾਂ ਨੂੰ ਲਾਉਣ ਵਾਲਾ ਨਜ਼ਰਾਂ।

ਜ਼ਬੀਦਾ-ਸੱਚ, ਸੱਚ, ਮੈਂ ਮੂਰਖ ਜੋ ਹੋਈ। ਸਦਕੜੇ ਤੇਰੇ 'ਨਾਨਕ-ਨੂਰ ਨਾਲ ਨੂਰੀ ਹੋ ਗਏ ਨੈਣਾਂ ਤੋਂ ਜਿਨ੍ਹਾਂ ਮੇਰੇ ਬੇ-ਨੂਰੇ ਨੈਣਾਂ ਨੂੰ ਆਪਣੀ ਛੁਹ ਨਾਲ ਨੂਰਾਨੀ ਕਰ ਲਿਆ ਹੈ। ਸਿਰਤਾਜ ਜੀਓ ! ਮੇਰੇ ਨੈਣਾਂ ਵਿਚ ਅਪਣੇ ਰੂਪ ਨੂੰ ਦਰਸਾਯਾ ਕਰੋ, ਮੈ ਤ੍ਰੀਮਤ ਜੁ ਹੋਈ ਖਾਰ ਖਾਂਦੀ ਹਾਂ ਜੇ ਤੁਹਾਡਾ ਰੂਪ ਜਾਂਦਾ ਹੈ ਬੇਕਦਰਾਂ ਦੇ 'ਨੈਣ ਵਿਹੜੇ'[1]।

ਉਬਾਰਾ-ਸੱਚ ਕਿਹਾ ਈ, ਅੱਜ ਪੀਰ ਅਬਦੁਲ ਰਹਿਮਾਨ ਨਾਲ ਹੋ ਪਈ। ਆਖਣ ਲੱਗਾ (ਨੈਣ ਭਰਕੇ)' ਆਪ ਜੀ' ਦੀ ਸ਼ਾਨ ਵਿਚ ਕੁਛ ਬੇਅਦਬੀ ਦੇ ਵਾਕ...।

ਜ਼ਬੀਦਾ ਖਾਨਮ(ਕਾਹਲੀ ਨਾਲ)-ਕਿਉਂ ਨਾ ਕਰ ਦਿੱਤੀ ਉਸਦੀ ਜ਼ੁਬਾਨ ਕਲਮ ਉਸੇ ਵੇਲੇ ਕਿਉਂ ਨਾ ਲਾ ਦਿੱਤਾ ਕੱਤ, ਉਹ ਕਲਮ ਬੀ ਹੋ ਜਾਂਦੀ ਦੋ ਟੁਕ, ਫੇਰ ਲਿਖਦੀ ਹਮਦੋਸਨਾਂ[2] ਸੁਹਣੀ ਸੁਹਣੀ, ਸਾਡੇ ਪਿਆਰੇ ਪਿਆਰੇ ਸੀਨਿਆਂ ਦੀਆਂ ਮਖ਼ਮਲਾਂ ਵਿਚ ਲੁਕਾ ਲੁਕਾ ਬਹਾਏ 'ਆਪ ਜੀ' ਦੀ। ਕਿਲਕ[3] ਕਾਲੀ ਕਰੜੀ ਕੰਮ ਨਹੀ ਦੇਂਦੀ, ਮੇਰੇ ਸਿਰਤਾਜ ! ਜਦ ਤਕ ਨਾ ਚੱਖੇ ਲੋਹੇ ਦੀ ਧਾਰ ਤੇ ਨਾ ਚੁੰਮੇ ਨੋਕ ਦਾ ਮੂੰਹ

ਉਬਾਰਾ-ਹੱਥ ਤਾਂ ਪਠਾਣ ਬੱਚੇ ਦਾ ਸ਼ਮਸ਼ੇਰ ਤੇ ਗਿਆ ਸੀ ਪਰ ਫੇਰ ਅੱਖਾਂ ਅੱਗੇ ਆ ਗਏ 'ਆਪ ਜੀ' ਤੇ ਮਿਸਰੀ ਬੁੱਲ੍ਹਾਂ ਤੋਂ ਇਹ ਅੰਮ੍ਰਿਤ ਟਪਕਦਾ ਦਿੱਸੇ' ਉਬਾਰਿਆ! ਸਾਰੀ ਉਮਰ ਅਸਾਂ ਅਪਣੇ ਤੇ ਵਾਰ ਕਰਨ ਵਾਲਿਆਂ ਦੇ ਨੈਣ ਬਾਣ' ਤੇ 'ਜ਼ੁਬਾਨ ਤੀਰ ਲੀਤੇ ਹਨ, ਅਪਣੀ ਸਦਾ ਖਿਮਾਂ ਦੀ ਢਾਲ ਉੱਤੇ, ਲਾਕੇ ਮਮੀਰਾ ਰੱਬ ਦੇ ਨਾਮ ਦਾ ਖੋਲਦੇ ਰਹੇ ਹਾਂ ਉਨ੍ਹਾਂ ਦੇ ਬੰਦ ਨੈਣ। ਵਿੰਗੇ ਨੈਣ, ਪਨਰੇਹੇ ਨੈਣ, ਦੇਖਦੇ ਹੋਏ ਨਾ ਦੇਖਦੇ ਨੈਣ। 'ਇਸ ਕਰਕੇ ਸੁਣ ਹੇ ਮੇਰੀ ਰਾਜ਼ਦਾਨ ਤੇ ਦਿਲ ਦੀ ਮਹਿਰਮ ਸੁਹਣੀਏਂ! ਮੈਂ ਚਾ ਲਿਆ ਹੱਥ ਲੋਹੇ ਦੀ ਜ਼ੁਬਾਨ ਤੋਂ ਇਸ ਲਈ ਕਿ ਇਹ ਜੇ ਜੀਉਂਦਾ ਰਹਿ ਗਿਆ ਤਾਂ ਜ਼ਰੂਰ ਬਣੇਗਾ ਮੇਰੇ 'ਆਪ ਜੀ' ਦੇ ਚਰਨਾਂ ਅੱਗੇ ਵਿਛਣ ਵਾਲੀ ਚਮਕਦੇ ਸਿਤਾਰਿਆਂ ਦੀ ਅਫ਼ਸ਼ਾਂ[1] ਹਾਂ, ਆਸਮਾਨੀ ਤਾਰਿਆਂ ਦੀ ਚਮਕਦੀ ਧੂੜ।

ਖਾਨਮ-ਗੱਲ ਕਿਵੇ ਛਿੜ ਪਈ?

ਉਬਾਰਾ-ਉਸ ਨੇ ਰਾਹ ਜਾਂਦਿਆਂ ਮੋੜ ਤੋਂ ਵਾਜ ਦੇਕੇ ਸੱਦਿਆ ਤੇ ਬੇਅਦਬੀ ਨਾਲ ਮੇਰੇ ਸੁਹਾਗ ਭਾਗ ਹਾਸਲ ਹੋਣ ਦੇ ਹਾਲ ਪੁੱਛਣ ਲੱਗਾ, ਇਸ ਲਈ ਮੈਂ ਡਾਹੀ ਨਾ ਦਿੱਤੀ। ਉਹ ਆਖੇ ਨੀਵੇਂ ਨੀਵੇਂ ਨਾਮ ਮੇਰੇ ਦਾਤਾ ਜੀ ਦੇ, ਕਦੇ ਤਪਾ ਕਦੇ ਫਕੀਰ, ਕਦੇ ਵਲੀ, ਤੇ ਸੈਨਤਾਂ ਸੱਟੇ 'ਆਪ ਜੀ' ਵਲ। ਮੈਂ ਉਨ੍ਹਾਂ ਦਿਆਂ ਕਦਮਾਂ ਵਿਚ ਖੜੇ ਵੇਖੇ ਹਨ ਤੱਪੇ, ਸਾਧੂ, ਪੀਰ, ਫਕੀਰ, ਪਿਗੰਬਰ ਤੇ ਔਤਾਰ; ਮੈਂ ਕਿਵੇਂ ਝਲਾਂ। ਫੇਰ ਅਖੀਰ ਉਹ ਮਨ ਦੇ ਬੰਦ ਨੈਣਾਂ ਵਾਲਾ ਸਿੱਧੀਆ ਬੇਅਦਬੀਆਂ ਤੇ ਉੱਤਰ ਪਿਆ। ਪਹਿਲੇ ਤਾਂ ਮੈਨੂੰ ਆਈ ਅਣਖ, ਫੇਰ ਦਿੱਸਿਆ ਮੈਨੂੰ ਇਹ ਦੀਦਾਰ ਕਿ ਪੀਰ ਝੁਕ ਰਿਹਾ ਹੈ ਮੇਰੇ 'ਆਪ ਜੀ ' ਦੇ ਕਦਮਾਂ ਤੇ। ਮੈਂ ਕਿਹਾ: ਉਬਾਰਿਆ ! ਕਈ ਪਰਵਾਨੇ ਮਖ਼ੌਲ ਤੇ ਬੇਅਦਬੀਆਂ ਕਰਕੇ ਬੀ ਸ਼ਮਾ ਤੇ ਆਉਂਦੇ ਹਨ, ਪਰ ਕਿਵੇਂ ਕੋਈ ਆਵੇ, ਜੋ ਆਉਂਦਾ ਹੈ ਆਪਣੀ ਚਤੁਰਾਈ ਤੇ ਅਕਲ ਦੇ ਖੰਭ ਸੜਵਾਕੇ ਸ਼ਹਾਦਤ ਦਾ ਸ਼ਰਬਤ ਪੀਂਦਾ ਹੈ। ਸੋ ਇਹ ਬੀ ਵਰ-ਪ੍ਰਾਪਤੀ

---

[1] ਭਾਵ ਹੈ ਕਿ ਜੋ ਤੁਸਾਂ ਦੇ ਰੂਹਾਨੀ ਜਲਵੇ ਦੀ ਕਦਰ ਨਹੀਂ ਪਾ ਸਕਦੇ। [2] ਕੀਰਤੀ।

[3] ਕਾਹੀ, ਜਿਸ ਦੀਆਂ ਲਿੱਖਣਾਂ ਘੜਦੇ ਹਨ।

[1] ਫੁਹਾਰ।


www.sikhbookclub.com

ਦੇ ਲੈਕ ਦੀ ਮੁਟਿਆਰ ਨਾ ਹੋਵੇ ਕਿਤੇ, ਜਿਸ ਨੇ ਸ਼ਹੁ ਪਾਉਣਾ ਹੈ ਤੇ ਇਹੋ ਬੇਅਦਬੀ ਇਸ ਨੂੰ ਕਦਮਾਂ ਨਾਲ ਜਾਕੇ ਟਕਰਾਉਣ ਵਾਲੀ ਤਾਕਤ ਦਾ ਕੰਮ ਦੇ ਰਹੀ ਹੈ।

ਖਾਨਮ-ਹਾਇ! ਨਾ ਕਰੋ ਗੱਲਾਂ, ਮੈਂ ਨਹੀਂ ਝੱਲ ਸਕਦੀ 'ਆਪ ਜੀ' ਦੀ ਸ਼ਾਨ ਵਿਚ ਕੋਈ ਗਲ ਸੁਣਨੀ, ਜੋ ਤਿੱਲੇ ਦੀਆਂ ਤਾਰਾਂ ਵਾਂਙੂੰ ਚਮਕਦੀ ਤੇ ਕੁੰਦਨ ਵਾਂਙੂੰ ਦਮਕਦੀ ਨਾ ਹੋਵੇ ! ਨਾ ਆਖੋ ਨਾ, (ਰੋ ਕੇ ਤੇ ਬੁੱਲ੍ਹਾਂ ਤੇ ਹੱਥ ਧਰਕੇ) ਨਾਂ ਆਖੋ ਨਾ। ਹਾਂ, ਆਖੋ ਨਾ ਨੂਰੀ ਚਿਹਰੇ ਦੀ ਹਮਦ, ਮਹਿਮਾ ਸੁਨਾਓ, ਸਿਫ਼ਤ ਗਾਓ ਪਿਆਰੇ ਪਿਆਰੇ ਦਾਤਾ ਜੀ ਦੀ!

ਉਬਾਰਾ(ਬੜੀ ਮਿੱਠੀ ਸੁਰ ਵਿਚ)-

ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ: ਧੰਨ ਗੁਰੂ ਨਾਨਕ!

ਖਾਨਮ(ਨੈਣ ਮੁੰਦਕੇ ਤੇ ਸੁਹਣੇ ਸੁਹਣੇ ਹੰਝੂ ਕਿਰਦਿਆਂ)-ਧੰਨ ਰੱਬ ਨਾਨਕ! ਧੰਨ ਰੱਬ ਨਾਨਕ!! ਧੰਨ ਧੰਨ ਆਪ, ਧੰਨ ਧੰਨ ਆਪ, ਆਪ, ਆਪ....। (ਨੈਣ ਖੋਹਲਕੇ)-ਹਾਂ ਜੀਓ ! ਵਿਛਾਓ ਨਾ ਜਾਕੇ ਬਾਫਤਾ 'ਆਪ ਜੀ' ਦੇ ਸੁਨਹਿਰੀ ਚਰਨਾਂ ਵਿਚ, ਹਾਇ! ਸਿਰਤਾਜ ਜੀਓ ! ਕੋਈ ਉਣਨਹਾਰ ਲੱਭੇ ਨਾ, ਇਹ ਬਾਫਤਾ (ਨੈਣ ਮੀਟ ਕੇ) ਮੈਲਾ ਹੈ ਚਰਨਾਂ ਨਾਲੋਂ ਹਾਇ!, ਹੋਰ ਕੋਈ ਹੋਵੇ ਨਾ ਜ਼ਰਬਫ਼ਤ, ਲਿਆਓ ਨਾ ਲੱਭਕੇ ਕਿਤੋਂ ਉਣਨਹਾਰ ਕੋਈ; ਤੁਹਾਡੇ ਨੈਣਾਂ ਦੀਆਂ ਤਾਰਾਂ ਦਾ ਤਾਣਾਂ ਤਣੇ, ਮੇਰੇ ਨੈਣਾਂ ਦੀਆਂ ਤਾਰਾਂ ਦਾ ਪੇਟਾ ਬਣਾਵੇ ਤੇ ਹਾਇ ! ਉਹ ਉਣਨਹਾਰਾ 'ਧੰਨ ਧੰਨ' ਦੀ ਨਲੀ ਨਾਲ 'ਤੂੰ ਤੂੰ' ਦੀ ਠੱਕ ਠੱਕ ਨਾਲ ਉਣੇ ਬਾਫਤਾ। ਸੁਹਣੇ ਜੀਓ !ਓਹ ਫਿਰ ਤੁਸੀਂ ਲਿਜਾਕੇ ਪੇਸ਼ ਕਰਨਾ ਸੁਹਣੇ ਅੱਗੇ, ਰੇਤ ਕਿਣਕਿਆਂ ਨੂੰ ਸੋਨੇ ਦੇ ਜ਼ੱਰੇ ਬਣਾ ਦੇਣ ਵਾਲੇ ਸੁਹਣੇ ਦੇ ਅੱਗੇ, ਫਿਰ ਸੁਆਦ ਆ ਜਾਵੇ ! ਹਾਂ, ਨਜ਼ਰਾਂ ਵਾਲੇ ਦੀ ਨਜ਼ਰ ਕਰੋ ਇਹ ਸਦਕੜੇ ਹੋਣ ਵਾਲੀਆਂ ਨਜ਼ਰਾਂ ਦਾ ਬਾਫਤਾ......(ਇਉਂ ਕਹਿੰਦੀ ਬੇਸੁਧ ਹੋ ਗਈ)।

ਉਬਾਰੇ ਖਾਂ ਨੇ ਮਲਕੜੇ ਕੋਲ ਬੈਠਕੇ ਸਿਰ ਆਪਣੇ ਮੋਢੇ ਨਾਲ ਲਾ ਲਿਆ ਤੇ ਮੋਢੇ ਤੇ ਹੱਥ ਦਾ ਆਸਰਾ ਦਿੱਤਾ ਤੇ 'ਆਪ ਜੀ' ਦੇ ਧਿਆਨ ਵਿਚ ਆਪ ਬੀ ਮਗਨ ਹੋ ਗਿਆ।

ਕੁਝ ਚਿਰ ਮਗਰੋਂ ਖਾਨਮ ਦੀ ਅੱਖ ਖੁੱਲ੍ਹੀ, ਡਾਢੀ ਤਰਸ ਭਰੀ ਅਵਾਜ਼ ਵਿਚ ਬੋਲੀ: "ਮੇਰੇ ਸਿਰਤਾਜ ਜੀਓ! ਕਦੇ ਨਾ ਕੋਈ ਨਾਸੁਹਾਉਣੀ ਗਲ ਕਰਿਆ ਕਰੋ 'ਆਪ ਜੀ' ਦੀ ! ਚਲੋ ਏਸ ਥਾਉਂ ਤੋਂ ਕਿਤੇ ਚੱਲ ਵਸੀਏ ਦੂਰ, ਜਿੱਥੇ ਵਗਦੇ ਹੋਣ ਠੰਢੇ ਪਾਣੀ ਵਿਪਲ ਵਿਪਲ ਨਾਦ ਕਰਦੇ, ਹਾਂ, ਸੋਆਂ ਕੰਨੀ ਪੈਣ ਅੰਮ੍ਰਿਤ ਅੰਮ੍ਰਿਤ ਝਿੰਮ ਝਿੰਮ ਅੰਮ੍ਰਿਤ ਵਸਦੇ ਦੀਆਂ। ਕਿਉਂ ਨੈਣ ਬੰਦ ਹਨ ਜਗਤ ਦੇ ? ਕਿਉਂ ਨਹੀਂ ਪਛਾਣਦੇ ਕਿ ਇਹ ਖਾਕਾਂ ਤੇ ਟੁਰਨ ਵਾਲੇ ਕੌਣ ਹਨ ? ਨੂਰ ਕਿਉਂ ਨੂਰ ਹੋਕੇ ਨਹੀਂ ਦਿੱਸਦਾ ਲੋਕਾਂ ਨੂੰ ?"

ਉਬਾਰਾ-ਜੀਓ ! ਨੈਣ ਉਹ ਆਪ ਖੋਹਲਣ ਤਾਂ ਖੁਲ੍ਹਦੇ ਹਨ, ਮੇਰੇ ਬੰਦ ਸਨ; ਤੇਰੇ ਖੁੱਲ੍ਹੇ ਸਨ ? ਮਾਲੋ ਦੇ ਖੁੱਲ੍ਹੇ ਸਨ ? ਉਹ ਬੀ ਉਹਨਾਂ ਖੋਹਲੇ ਸਨ, ਮੇਰੇ ਬੀ ਹੁਣ ਮਿਹਰਾਂ ਨਾਲ ਖੁੱਲ੍ਹੇ ਹਨ। ਓਦਰੋ ਨਾਂ, ਸੁੰਦਰਤਾਈਆਂ ਅਕਸਰ ਪੀੜਾਂ ਦੇ ਪੇਟੋਂ ਜੰਮਦੀਆਂ ਹਨ, ਕਸ਼ਟ ਕਈ ਵੇਰ ਸੁਖਾਂ ਦੇ ਪਿਤਾ ਹੋਏ ਹਨ, ਈਰਖਾ ਨੇ ਕਈ ਵੇਰ ਪਿਆਰ ਨੂੰ ਜਨਮ ਦਿੱਤਾ ਹੈ। ਪੀਰ ਜੀ ਜ਼ਰੂਰ ਜਦ ਸਾਹਮਣੇ ਗਏ ਪਲਟ ਜਾਣਗੇ। ਈਰਖਾ ਕੀਹ ਹੈ? ਪਿਆਰ ਦਾ ਪੁੱਠਾ ਪਾਸਾ, ਇਸ ਨੂੰ ਸਿੱਧਿਆਂ ਕਰ ਲੈਣਾ 'ਆਪ ਜੀ' ਦਾ ਕੰਮ ਹੈ।

ਖਾਨਮ-ਚੰਗਾ ਜੀਓ, ਮੇਰੇ ਚੰਗੇ ਚੰਗੇ ਜੀਓ। ਤੱਕੋ ਖਾਂ ! ਹੁਣ ਅਸੀਂ ਕਿਸ ਤਰ੍ਹਾਂ ਅੰਮ੍ਰਿਤ ਵਿਚ ਖੇਡਦੇ ਹਾਂ? ਕਿਸ ਤਰ੍ਹਾਂ ਹਯਾਤੀ ਦਾ ਪਾਣੀ ਪਏ ਚੱਖਦੇ ਹਾਂ? ਹਾਇ! ਕਿੱਡਾ ਮਿੱਠਾ ਹੈ! ਯਾਦ ਦੀ ਤਾਰ ਕਿਸ ਕੌਸਰ ਦੇ ਤਲਾ ਨਾਲ ਜਾ ਛੋਹੀ ਹੈ ਕਿ ਉਸ ਤਾਰ ਤੇ ਚੜ੍ਹਕੇ ਤ੍ਰਪ ਤ੍ਰਪ ਤਰੇਪੇ ਅੰਮ੍ਰਿਤ ਦੇ ਕਦੇ ਨੈਣਾਂ ਵਿਚ, ਕਦੇ ਸਿਰ ਦੇ ਅੰਦਰ, ਕਦੇ ਛਾਤੀ ਤੇ, ਕਦੇ ਲੂੰ ਲੂੰ ਵਿਚ, ਕਦੇ ਸਾਰੇ ਅੰਦਰ ਬਾਹਰ ਕਿਰਦੇ ਰਹਿੰਦੇ ਹਨ! ਆਹਾ, ਕੇਹੀ ਫੁਹਾਰ ਪੈ ਰਹੀ ਹੈ, ਵਾਹਿਗੁਰੂ !

ਸਿਰਤਾਜ ਜਾਓ ! ਫੇਰ ਜਾਓ ਨਾ, ਕਰੋ ਨਾ ਦਰਸ਼ਨ, ਲਓ ਦੀਦਾਰੇ, ਵਿਛਾਓ ਨਾ ਬਾਫਤਾ ਕਦਮਾਂ ਵਿਚ। ਜਿਸ ਰੇਤੇ ਤੇ ਬੈਠੇ ਹਨ ਆਪ ਜੀ

ਲਿਆਉਣੀ ਨਾ ਉਥੋਂ ਥੋੜੀ ਜੇਹੀ ਧੁਮਨਾਂ ਵਾਲੀ[1] ਧੂੜੀ ਮੇਰੇ ਜੋਗੀ। ਹਾਇ! ਮੈਲਾ ਮੈਲਾ ਨਿਰਜਿੰਦ ਸੋਨੇ ਤੇ ਰੇਸ਼ਮ ਦਾ ਬਾਫਤਾ ਛੁਹੇਗਾ ਅਜ਼ਲੀ ਜਿੰਦੜੀ ਨਾਲ ਜਾਕੇ। ਸਿਰਤਾਜ ਜੀਓ ! ਜਿਸ ਵੇਲੇ ਵਿਛਾਓ ਨਾ ਇਹ ਚਰਨਾਂ ਵਿਚ, ਉਸ ਵੇਲੇ ਪਿਆਰ ਨਾਲ ਵਿਛਾ ਦੇਣਾ ਆਪਣੀਆਂ ਤੇ ਮੇਰੀਆਂ ਨਜ਼ਰਾਂ ਦਾ ਬਾਫਤਾ ਸੁਹਣੇ ਚਰਨਾਂ ਵਿਚ, ਇਹ ਰੇਸ਼ਮ ਦਾ ਬਾਫਤਾ ਤਾਂ ਵਿਛੇ ਐਵੇਂ ਨਿਸ਼ਾਨੀ ਵਾਂਙੂ, ਪਰ ਅਸਲ ਵਿਚ ਵਿਛ ਜਾਏ ਸਾਡਾ ਆਪਾ ਸੁਹਣੇ 'ਆਪ' ਸਾਹਿਬਾਂ ਦੇ ਧੁਮਨ ਵਾਲੇ ਕਦਮਾਂ ਵਿਚ।

੪.

ਸ੍ਰੀ 'ਆਪ ਜੀ' ਹਾਂ, ਮਾਤਾ ਪਿਤਾ ਦੇ ਰੱਖੇ ਨਾਨਕ ਨਾਮ ਵਾਲੇ ਸ੍ਰੀ ਗੁਰੂ ਜੀ ਇਕ ਰੇਤੇ ਦੇ ਬਣੇ ਥੜੇ ਤੇ ਨਿਮਗਨ ਬੈਠੇ ਹਨ ਕਿ ਉਬਾਰੇ ਖਾਂ ਆ ਪਹੁੰਚਾ ਤੇ ਧਰ ਦਿਤਾ ਚਰਨਾਂ ਅਗੇ ਬਾਫਤਾ, ਚਰਨ ਪਰਸੇ, ਧੂੜੀ ਮੱਥੇ ਲਾਈ ਤੇ ਬੈਠ ਗਿਆ ਨੈਣ ਚਕੋਰਾਂ ਨੂੰ ਚੰਦ ਮੁਖ ਤੇ ਲਾਕੇ[2]।

ਗੁਰੂ ਜੀ-ਉਬਾਰੇ ਖਾਂ ! ਇਕ ਕਪੜਾ ਤੁਸੀਂ ਲਿਆਏ ਹੋ, ਤੁਹਾਡਾ ਭਾਵ ਦਰ ਪਰਵਾਨ! ਨਾਮ ਦਾਨ ਬਖਸ਼ਿਸ਼ ਵਾਹਿਗੁਰੂ ਦੀ ਸਦਾ ਅਤੁੱਟ। ਹਾਂ, ਦਰ ਪਰਵਾਨ ! ਪਰ ਬਈ ਸਜਣਾਂ ! ਇਸ ਤਰ੍ਹਾਂ ਦੇ ਕੀਮਤੀ ਕਪੜੇ ਸਾਡੇ ਮਤਲਬ ਦੇ ਨਹੀਂ, ਸਾਨੂੰ ਤਨ ਕੱਜਣ ਦੀ ਲੋੜ ਹੈ, ਜ਼ਰੀ ਬਾਦਲੇ ਦੀ ਲੋੜ ਨਹੀਂ। ਸੁਰਤਿ ਸੋਨੇ ਦੀਆਂ ਤਾਰਾਂ ਹੋਕੇ ਸਾਈਂ ਯਾਦ ਦੇ ਬਾਫਤੇ ਉਣਦੀ, ਹਰਦਮ ਸੁੰਦਰਤਾ ਦੇ ਰੰਗ ਵਿਚ ਰੰਗੀ ਰਹੇ, ਫਕੀਰਾਂ ਦੇ ਘਰ ਨਿਤ ਪਤਿ ਦੇ ਕਪੜੇ ਉਣੀਦੇ ਰਹਿੰਦੇ ਹਨ।

ਉਬਾਰਾ (ਨੈਣ ਭਰ ਕੇ)-ਪਾਤਸ਼ਾਹ ! ਇਹ ਪਹਿਨਣੇ ਲਈ ....? ਇਹ ਤਾਂ ਕਦਮਾਂ ਹੇਠ ਸਿੱਟਣ ਲਈ ਆਂਦਾ ਹੈ। ਜ਼ਬੀਦਾ ਰੋ ਰੋ ਕੇ ਕਹਿੰਦੀ ਸੀ: ਇਹ ਸ਼ੈ ਮੈਲੀ ਹੈ. ਕਦਮ ਸੁਹਣੇ ਹਨ ਜਿਨ੍ਹਾਂ ਦੀ ਛੁਹ ਨਾਲ ਰੇਤ ਦੇ ਜ਼ਰਰੇ ਹੀਰਾ ਕਣੀਆਂ ਹੋ ਰਹੇ ਹਨ, ਸਾਡੀਆਂ ਨਜ਼ਰਾਂ ਕਿਵੇਂ ਉਹਨਾਂ ਕਦਮਾਂ ਹੇਠ ਵਿਛ ਜਾਣ। ਪਾਤਸ਼ਾਹ! ਅਸੀਂ ਮੈਲੇ ਹਾਂ, ਸਾਡੇ ਪਿਆਰ ਧੁੰਦਲੇ ਹਨ, ਨਜ਼ਰਾਂ ਉਠਦੀਆਂ ਨਹੀਂ ਰੂਹ ਦੇ ਦੇਸ਼-ਜੀਅ ਦੇ ਦੇਸ਼! ਜਗਤ ਦੇ ਸਮਾਨਾਂ ਨਾਲ ਹੀ ਅਸੀਂ ਪਿਆਰ ਦਾ ਪ੍ਰਕਾਸ਼ ਕਰਦੇ ਹਾਂ। 'ਦੇਣ ਲੈਣ ਚੀਜ਼ਾਂ ਦਾ' ਅਸੀਂ ਪਿਆਰ ਦਾ ਜ਼ਰੂਰ ਜਾਣਦੇ ਹਾਂ,-ਪਿਆਰ ਦੀ ਨਿਸ਼ਾਨੀ ਸਮਝਦੇ ਹਾਂ। ਬਖ਼ਸ਼ ਲਵੋ ! ਤੁਸੀਂ ਆਪ ਨੂੰ ਫਕੀਰ ਨਾ ਆਖੋ, ਮੇਰੇ ਕੰਨ ਦੇ ਪੜਦੇ ਇਹ ਸੁਣਕੇ ਫਟਦੇ ਹਨ। ਆਪ ਨੂੰ ਪਾਤਸ਼ਾਹ ਕਹਿਕੇ ਮੈਂ ਸ਼ਰਮਦਾ ਹਾਂ ਕੀਹ ਆਖਾਂ ? ਕੀਹ ਨਾਉਂ ਧਰਾਂ? ਨਾਉ ਲੈਣਾ ਬਿਅਦਬੀ ਹੈ। ਨਾਉਂ ਧਰਨਾਂ ਭੁੱਲ ਹੈ। ਤੁਸੀਂ ਹੋ ਜੀ ਹੋ, ਹੋ, ਹੋ, ਹਾਂ ਜੀ, ਤੁਸਾਡੀ ਧਰਤੀ ਹੈ, ਧਰਤੀ ਵਿਚ ਪਿਆ ਸੋਨਾ ਤੁਹਾਡਾ ਹੈ। ਧਰਤੀ ਤੇ ਤੁਰਦੇ ਤੁਸੀਂ ਸੋਨੇ ਤੋਂ ਕਦਮ ਚੁਕਦੇ ਹੋ, ਜਵਾਹਰਾਤ ਤੇ ਧਰਦੇ ਹੋ, ਬੇਪਰਵਾਹ, ਬਨਿਆਜ਼ ਤਿਵੇਂ ਬੇਪਰਵਾਹ ਬੇਨਿਆਜ਼ ਉਸੇ ਧਰਤੀ ਵਿਚ ਦਬੇ ਹੋਏ ਸੋਨੇ ਵਾਂਙੂ ਇਕ ਕਦਮ ਇਸ ਬਾਫਤੇ ਉਤੇ ਬੀ ਧਰਕੇ ਲੰਘ ਜਾਓ; ਤੁਸੀਂ ਉੱਚੇ ਹੋ, ਪਰ ਇਹ ਤੱਕ ਕੇ ਸਾਡੇ ਨੀਵੇਂ ਮਨ, 'ਮੈਂ ਮੈਂ ਦੇ ਆਲ੍ਹਣੇ ਮਨ, ਜਗਮਗ ਕਰ ਉਠਣਗੇ।

ਜੀਓ ਜੀ ! ਕੀ ਆਖਾਂ? (ਫੇਰ ਉਬਾਰਾ ਨੈਣ ਭਰਕੇ ਹੇਠਾਂ ਤੱਕਣ ਲਗ ਗਿਆ)।

ਭਾਈ ਬੁੱਢਾ ਜੀ-ਹੇ ਅਚਾਹ ਤੇ ਬੇਲੋੜ ਦਾਤੇ ! ਹੇ ਰੇਤ ਦੀ ਸਿਹਜਾ ਤੇ ਅੱਕਾਂ ਦੇ ਭੋਜਨ ਤੇ ਖੁਸ਼ ਹੋਣ ਵਾਲੇ ਸਦਾ ਰੱਜੇ ਮਾਲਕ ! ਨੀਂਦ, ਭੁੱਖ ਤੇ ਕੱਜਣ ਤੋਂ ਬੀ ਉਪਰਾਮ ਉਪਰਲੇ ਦੇਸ਼ਾਂ ਦੇ ਵਾਸੀ ਜੀਓ ! ਆਪ ਨੂੰ ਕੰਚਨ ਤੇ ਮਿੱਟੀ ਇਕ ਸਮਾਨ ਹੈ। ਆਪ ਨੂੰ ਕਿਸੇ ਸ਼ੈ ਦੀ, ਕਿਸੇ ਸੇਵਾ ਦੀ ਲੋੜ ਨਹੀਂ ਤੇ ਇਕਲੇ ਅਪਣੇ ਰੰਗ ਖੇਢਦੇ ਹੋ। ਤੁਸੀਂ ਦਾਤਾ ਹੋ, ਲੈਣ ਵਾਲੇ ਨਹੀਂ। ਲੈਣਾ ਸਾਡੀ ਝੋਲੀ ਹੈ, ਦੇਣਾ ਆਪ ਦਾ ਦਾਤਾ ਹੱਥ ਹੈ। ਇਹ ' ਕਿਸੇ

---

[1]ਮੁਬਾਰਕਾਂ ਵਾਲੀ, ਬਰਕਤਾਂ ਵਾਲੀ।

[2]ਅਹੈ ਬਾਫਤਾ ਜੋ ਬਹੁ ਮੇਲਾ।
ਗਮਨਯੋਂ ਗੁਰ ਢਿਗ ਰਿਦੇ ਅਮੋਲਾ।
ਜਾਇ ਅਗਾਰੀ ਧਰਿਕੈ ਸੋਊ,
ਹਾਥਨ ਬਿਖੈ ਗਹੇ ਪਦ ਦੋਊ।
ਦੀਨ ਹੋਇ ਕਰ ਗ੍ਰੀਵ ਨਿਵਾਈ।
ਪਦ ਕੀ ਰਜ ਨਿਜ ਮਸਤਕ ਲਾਈ।
ਸਰਬ ਬਦਨ ਪਰ ਪੁਨ ਕਰ ਫੇਰਤ।
ਸਨਮੁਖ ਬੈਠ ਦਰਸ ਕੋ ਹੇਰਤ।{ਨਾ:ਪ੍ਰਕਾਸ਼}

ਦਾ ਦੇਣ ਤੇ ਆਪ ਦਾ ਲੈਣ ਨਹੀਂ, ਇਹ ਖ਼ਾਕ ਵਿਚ ਰਹਿਣ ਵਾਲਿਆਂ ਦਾ ਇਕ ਖ਼ਾਕੀ ਪਿਆਰ ਹੈ, ਇਹ ਕੁਛ ਨਹੀਂ, ਪਿਆਰ ਨਹੀਂ, ਬਾਲਾਂ ਦੀ ਖੇਡ ਹੈ। ਖੱਦਰਾਂ ਤੇ ਭੁੱਜੇ ਦਾਣਿਆਂ ਤੇ ਚੜ੍ਹਕੇ ਆਇਆ ਪਿਆਰ ਜਿਸ ਦਰ ਪ੍ਰਵਾਨ ਹੈ, ਉਸੇ ਦਰ ਅਜ ਪਿਆਰ ਭੁੱਲ ਕੇ ਸੋਨੇ ਤੇ ਰੇਸ਼ਮ ਦੀਆਂ ਤਾਰਾਂ ਤੇ ਚੜ੍ਹਕੇ ਆ ਗਿਆ ਹੈ ਤਾਂ ਸਾਡੀ ਨੀਵੀਂ ਦੇਸ਼ ਚਾਲ ਤੇ ਖ਼ਿਮਾ ਕਰਕੇ ਕਬੂਲ ਲਓ। ਪਿਆਰ ਰੂਪ, ਪਿਆਰ ਦੇ ਦਾਤੇ; ਪਿਆਰ ਕਰਨ ਵਾਲੇ, ਪਿਆਰ ਕਰਾਉਣ ਵਾਲੇ, ਪਿਆਰ ਦੀ ਜਾਚ ਦੱਸਣ ਵਾਲੇ ਜੀਓ ! ਇਸ ਅੱਲ ਵਲੱਲੇ ਪਿਆਰ ਨੂੰ ਪਰਵਾਨ ਕਰ ਲਓ। ਉਬਾਰੇ ਦਾ ਪਿਆਰ ਇਸ ਸੇਵਾ ਵਿਚ ਹੀ ਅੜ ਗਿਆ ਹੈ ਤਾਂ ਕਬੂਲ ਕਰਕੇ ਉਹਿਆਓ, ਮੋੜਿਆਂ ਇਸਦੇ ਪ੍ਰਾਣਾਂ ਦੀ ਵਿਆਕੁਲਤਾ ਹੈ।

ਉਬਾਰੇ ਦਾ ਚਿਹਰਾ ਸਾਰਾ ਅਰਜ਼ ਤੇ ਅਰਦਾਸ ਹੋ ਰਿਹਾ ਸੀ। ਉਬਾਰੇ ਦੇ ਪਿੱਛੇ ਜ਼ਬੀਦਾ ਦਾ ਦਿਲ ਉੱਚੇ ਉੱਚੇ ਵਲਵਲੇ ਦੀਆਂ ਨਾਜ਼ਕ ਤਾਰਾਂ ਨਾਲ ਪਲਮ ਰਿਹਾ ਸੀ, ਇਸ ਲਈ ਇਹ ਇਨਕਾਰ ਤਿੱਲੇ ਦੀਆਂ ਤਾਰਾਂ ਨੂੰ ਇਨਕਾਰ ਕਰਨਾ ਨਹੀਂ ਸੀ ਪਰ ਇਸ ਤੁੱਛ ਭੇਟਾ ਦੀ ਨਾਂ ਸ੍ਵੀਕਾਰਤਾ ਇਸ ਗੱਲ ਦੀ ਸੱਟ ਮਾਰਨ ਵਾਲੀ ਸੀ ਕਿ ਅਸੀਂ ਬੜੇ ਨਿਕਾਰੇ ਤੇ ਪਾਪੀ ਹਾਂ ਕਿ ਸਾਡੀ ਤੁੱਛ ਭੇਟਾ ਉਨ੍ਹਾਂ ਪਾਵਨ ਚਰਨਾਂ ਦੀ ਛੁਹ ਦੇ ਬੀ ਅਯੋਗ ਹੈ। '

ਮੁਹੱਬਤਾਂ ਤੇ ਆਪਾਵਾਰ ਮੁਹੱਬਤਾਂ ਦੇ ਮਹਿਰਮ ਤਿਆਰ ਮੂਰਤੀ, ਵੈਰਾਗ ਮੂਰਤੀ ਦੇ ਚਿਹਰੇ ਤੇ ਕੋਈ ਇਲਾਹੀ ਪਿਆਰ ਦਾ ਰੰਗ ਵਰਤਿਆ। ਉਹ ਰਸਿਕ ਵੈਰਾਗੀ ਸਰੂਪ ਮਿਹਰਾਂ ਵਿਚ ਆਇਆ, ਸੋਨੇ ਚਾਂਦੀ ਨੂੰ ਲੁਕਾ ਦੇਣ ਵਾਲਾ ਵਜੂਦ ਪਿਆਰ ਅਗੇ ਦੂਵਿਆ ਓਹ ਖ਼ਾਫ਼ਤਾ ਕਦਮਾਂ ਵਿਚ ਵਿਛੇ ਜਾਣ ਦੀ ਥਾਂ ਚਾਦਰ ਹੋਕੇ ਸੁਹਣੇ ਸਰੀਰ ਦੇ ਬੁੱਕਲੇ ਦੀ ਇੱਜ਼ਤ ਨੂੰ ਅੱਪੜਿਆ:

ਉਬਾਰਾ ਵੇਖਕੇ ਖਿੜ ਗਿਆ, ਪਿਆਰ ਪੂਰਨ ਹੋਇਆ ਵੇਖਕੇ ਦਿਲ ਉਛਾਲੇ ਵਿਚ ਆਇਆ। ਪ੍ਰੇਮ ਵਾਲਾ ਦਿਲ ਨਿੱਕੀ ਜਿਹੀ ਅਰਦਾਸ ਦੀ ਕਬੂਲੀਅਤ ਤੱਕਕੇ ਉਮਾਹ ਗਿਆ। ਵਾਹ ਵਾਹ ਦਾਤਾ ਤੂੰ ਧੰਨ ! ਤੂੰ ਧੰਨ[1] !

ਸਤਿਗੁਰ ਦੀ ਇਸ ਗ਼ਰੀਬ ਨਿਵਾਜਤਾ ਤੇ ਸੰਗਤ ਵਿਚ ਅਸਚਰਜ ਪਿਆਰ ਦਾ ਉਛਾਲ ਆਇਆ। ਗ਼ਰੀਬੀ ਤੇ ਗ਼ਰੀਬੀ ਦੇ ਸਾਮਨਾਂ ਉਤੇ ਤਾਂ ਚੰਗੇ ਤਜਾਗੀ ਸੰਨਜਾਸੀ ਸਦਾ ਰੀਝੇ ਹਨ ਤੇ ਦਿਖਾਵੇ ਦੇ ਤਜਾਗੀ ਸਦਾ ਕੀਮਤੀ ਚੀਜ਼ਾਂ ਤੇ ਰੀਝੇ ਹਨ, ਪਰ ਹਰਖ਼ ਸ਼ੋਕ ਵਿਚ ਇਕ ਰਸ, ਤਿਆਗ ਗ੍ਰਹਣ ਵਿਚ ਇਕ ਰੰਗ, ਗ੍ਰਿਹਸਤ ਵਿਚ ਉਦਾਸ ਟੁਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਗ਼ਰੀਬ ਨਿਵਾਜਤਾ ਪਿਆਰ ਨੂੰ ਥਾਂ ਪਾਉਣ ਵਾਲੀ ਸੀ। ਜੇ ਕਦੇ ਅਮੀਰੀ ਠਾਠ ਦੀ ਸ਼ੈ ਪਿਆਰ ਵਿਚ ਡੁੱਬਕੇ ਭੀ ਆਈ ਹੈ ਤਾਂ ਜਗਤ ਦੇ ਝੂਠੇ ਭੈ ਤੋਂ ਡਰਦਿਆਂ ਨਿਰੇ ਸੰਨਜਾਸੀ ਨੇ ਕਿ ਸਾਨੂੰ ਲੋਕੀਂ ਲਾਲਚੀ ਸਮਝ ਲੈਣਗੇ, ਕਈ ਵੇਰਾਂ ਨਾਂਹਾਂ ਕੀਤੀਆਂ ਹਨ। ਹਾਂ, ਤਿਆਗੀਆਂ ਵਿਚ ਤਿਆਗ ਵਸਦਾ ਹੈ ਪਰ ਗੁਰੂ ਨਾਨਕ ਵਿਚ ਤਿਆਗ ਦਾ ਬੀ ਤਿਆਗ ਵਸਦਾ ਹੈ ! ਬਾਫ਼ਤੇ ਦਾ ਤਿਆਗ ਤਾਂ ਆਪ ਵਿਚ ਸੁਤੇ ਹੀ ਹੈ, ਇਸ ਤਿਆਗ ਦੇ ਅਭਿਮਾਨ ਦਾ ਭੀ ਤਿਆਗ ਉਥੇ ਹੈ। ਇਹ ਹਿਰਦੇ ਦੀਆਂ ਨਾਜ਼ਕ ਤਾਰਾਂ ਨਾਲ ਬੱਝੀ ਪ੍ਰੇਮ ਦੀ ਸ਼ੈ ਦਾ ਅੰਗੀਕਾਰ ਕਰਨਾ ਗ੍ਰਹਿਣ ਨਹੀਂ, ਤਿਆਗ ਹੈ ਬਾਫਤੇ ਦੇ ਤਿਆਗ ਦਾ। ਗ੍ਰਹਿਣ ਹੈ ਇਸ ਵਿਚ ਫਸ ਰਹੀਆਂ ਰੂਹਾਨੀ ਪ੍ਰੇਮ ਦੀਆਂ ਨਾਜ਼ਕ ਤਾਰਾਂ ਦਾ।

ਜਿਨ੍ਹਾਂ ਦੇ ਕੂਚੇ ਦੀ ਧੂੜੀ ਦੇ ਕਿਣਕਿਆਂ ਤੋਂ ਪਾਤਸ਼ਾਹੀਆਂ ਉਪਜ ਸਕਦੀਆਂ ਹਨ, ਓਹ ਰੇਤੇ ਵਿਚ ਬੈਠੇ ਸਚ ਦੇ ਪਾਤਸ਼ਾਹ, ਪਿਆਰ ਦੀਆਂ ਤਾਰਾਂ ਨਾਲ ਉਚੇ ਬਾਫ਼ਤੇ ਵਿਚ ਕਿਡੇ ਮਿਠੇ ਪਿਆਰੇ ਲਗ ਰਹੇ ਹਨ। ਨੂਰੀ ਚਿਹਰਾ ਤੇ ਕੰਚਨ ਕਾਇਆਂ ਕਿਵੇਂ ਲਸ ਲਸ ਕਰ ਰਹੀ ਹੈ ! ਕੰਚਨ ਮਾਟੀ ਇਕ ਮੰਨਣ ਵਾਲੇ ਕਿਵੇਂ ਅਡੋਲ ਬੈਠੇ ਹਨ। ਇਸ ਦਾਸਾਂ ਦੇ ਰਿਦੇ ਟਿਕਾਉਣ ਵਾਲੇ ਦਰਸ਼ਨ ਦੇ ਸਦਕੇ ! ਸਦਾ ਟਿਕੇ, ਸਦਾ ਟਿਕੇ ਪ੍ਰੇਮ ਭਰੇ ਦਿਲਾਂ ਦੀਆਂ

[1] ਸਰਬ ਜਗਤ ਪਤਿ ਮਹਤ ਉਦਾਰਾ।
ਜੋ ਜੜ ਜੰਗਮ ਕੇਰ ਦਤਾਰਾ।
ਤਾਂਕੀ ਸੇਵ ਭਈ ਮੁਝ ਹਾਥਾ।
ਕ੍ਰਿਤ ਕ੍ਰਿਤ ਮੈਂ ਭਯੋ ਸਨਾਥਾ। {ਗੁ: ਨਾ: ਪ੍ਰ:}

ਸੰਗ ਮਰਮਰੀ ਕੰਦ੍ਰਾਂ ਵਿਚ।

ਕੁਛ ਦੇਰ ਚਾਦਰਾ ਸੁਭਾਇਮਾਨ ਹੋਕੇ ਸਹਿਜੇ ਸਹਿਜੇ ਤਿਲਕ ਕੇ ਧਰਤੀ ਤੇ ਜਾ ਲਗਾ; ਦਾਤਾ ਜੀ ਨੂਰੀ ਰੰਗ ਵਿਚ ਸਜੇ ਟਿਕੇ ਰਹੇ।

੫.

ਸਤਿਗੁਰ ਨਾਨਕ ਜੀ-ਉਬਾਰੇ ਖਾਂ ! ਦੇਹ ਗਲਾਂ ਅਬਦੁਲ ਰਹਿਮਾਨ ਦੀਆਂ, ਕੀਹ ਟਾਕਰਾ ਹੋ ਪਿਆ ਤੇਰਾ ਉਸ ਨਾਲ ?

ਉਬਾਰੇ ਖਾਂ ਘਬਰਾ ਗਿਆ ਕਿ ਮੇਰੀ ਉਸ ਦੀ ਭੇਟ ਕੀਕੂੰ ਏਥੇ ਪਤਾ ਲਗੀ ? ਪਰ ਖਿੜ ਪਿਆ ਕਿ 'ਆਪ ਜੁ ਹੋਏ, ਸਭ ਕੁਛ ਜਾਣਦੇ ਹਨ!' ਨੈਣ ਝੁਕਾ ਕੇ ਬੋਲਿਆਂ:- ਹੇ ਮਾਲਕ ਜੀ ! ਤੁਸੀਂ ਸਭ ਕਿਛ ਜਾਣਦੇ ਹੋ, ਮੈਂ ਕੀ ਕਹਾਂ ? ਤੇ ਹੇ ਪਾਤਸ਼ਾਹ ! ਜੋ ਜੋ ਵਾਕ ਉਸ ਨੇ ਕਹੇ ਉਹ ਮੇਰੀ ਜੀਭ ਕਹਿ ਨਹੀਂ ਸਕਦੀ।

ਗੁਰੂ ਜੀ-ਤੈਨੂੰ ਦੋਸ਼ ਨਹੀਂ, ਕੁਛ ਤਾਂ ਕਹੁ ?

ਉਬਾਰਾ-ਹਿੰਦੂ ਨੂੰ ਫੂਕਣੀ ਚੜ੍ਹੀ ਹੁੰਦੀ ਹੈ ਆਪਣੀ ਸੁੱਚਮ ਦੀ, ਫਿਲਸਫੇ ਦੀ, ਜੰਗ ਦੀ, ਗਜਾਨ ਦੀ, ਉਵੇਂ ਹੀ ਫੂਕਣੀ ਚੜ੍ਹੀ ਹੈ ਉਸ ਮੁਸਲਮਾਨ ਨੂੰ ਜੋ ਹਠ ਨਾ-ਬੁਤਪ੍ਰਸਤ-ਦੇ ਦਿਲ ਵਿਚ ਚੜ੍ਹੀ ਹੈ ਕਿ ਬੁਤਪ੍ਰਸਤ ਬੁਧ ਹੀਨ ਹੈ ਤੇ ਮੈਂ ਅਕਲਮੰਦ ਤੇ ਵੱਡਾ ਹਾਂ, ਕਿਉਂਕਿ ਬੁਤ ਅੱਗੇ ਨਹੀਂ ਝੁਕਦਾ। ਹਾਇ ! ਪਰ ਉਹ ਨਹੀਂ ਸਮਝਦਾ ਕਿ ਇਹ ਕਿਬਰ ਤੇ ਗੁਮਾਨ ਬੀ ਬੁਤਪ੍ਰਸਤੀ ਹੈ। ਅਚਰਜ ਹੈ, ਖੁਦਾਪ੍ਰਸਤੀ ਦੇ ਹੰਕਾਰ ਵਾਲੇ ਨੂੰ, ਧਨ ਪ੍ਰਸਤੀ, ਖ਼ੁਦਾ ਪ੍ਰਸਤੀ, ਜ਼ਨ ਪ੍ਰਸਤੀ, ਇਜ਼ਤ ਪ੍ਰਸਤੀ, ਨਫ਼ਸ ਪ੍ਰਸਤੀ ਦੀ ਕੋਈ ਸਜ਼ਾ ਨਹੀਂ ਦੇਂਦਾ: ਨਾ ਕਾਜ਼ੀ ਨਾ ਮੁਫ਼ਤੀ; ਹਾਲਾਂ ਕਿ ਏਹ ਸਭ ਪ੍ਰਸਤਸ਼ਾਂ ਬੁਤ ਪ੍ਰਸਤੀਆਂ ਹਨ, ਪਰ ਪੱਥਰ ਦੇ ਬੁਤ ਦੀ 'ਨਾ ਪ੍ਰਸਤੀ' ਦਾ ਹੰਕਾਰ ਸਭ ਦੇ ਅੰਦਰ ਹੈ। ਫਿਰ ਜਿਸ ਖ਼ੁਦਾ ਦੇ ਅੱਗੇ ਝੁਕਦੇ ਹਨ ਉਹ ਕਿਸੇ ਡਿੱਠਾ ਨਹੀਂ, ਅਨੁਭਵ ਨਹੀਂ, ਕੀਤਾ, ਉਸ ਲਈ ਪਿਆਰ ਦੀ ਝਰਨਾਟ ਨਹੀਂ ਕਿਸੇ ਨੂੰ ਕਦੇ ਆਈ, ਝੁਕਦੇ ਹਨ ਪਤਾ ਨਹੀਂ ਕਿਸਦੇ ਅੱਗੇ ਤੇ ਦਿਲ ਉਲਝ ਰਿਹਾ ਹੁੰਦਾ ਹੈ ਜਗਤ ਜੰਜਾਲਾਂ ਵਿਚ ਤੇ ਜੀਭ ਪੜ੍ਹੀ ਜਾਂਦੀ ਹੈ ਰਵਾਨੀ ਨਾਲ ਨਿਮਾਜ਼, ਇਹ ਗ਼ੈਰ ਪ੍ਰਸਤੀ ਕਿਸੇ ਨੂੰ ਗੁਨਾਹ ਨਹੀਂ ਜਾਪਦੀ। ਇਵੇਂ ਹੀ ਪੀਰ ਹੈ ਅਬਦੁਲ ਰਹਿਮਾਨ ਈਰਖਾ ਉਸ ਦੇ ਅੰਦਰ ਹੈ ਘਣੀ, ਹਜ਼ੂਰ ਦੇ ਪ੍ਰਤਾਪ ਨੂੰ ਦੇਖਕੇ ਜਰ ਨਹੀਂ ਸਕਦਾ, ਵਾਹ ਦੂ ਵਾਹ ਮੂੰਹੋਂ ਕੱਢੀ ਜਾਂਦਾ ਹੈ, ਪਰ ਆਪ ਦੇ ਦਰ ਸਦਾ ਮਿਹਰ ਹੈ। ਏਥੇ ਬੁਤਪ੍ਰਸਤੀ ਨਹੀਂ, ਨਫਸ ਪ੍ਰਸਤੀ ਨਹੀਂ; ਏਥੇ ਤਾਂ 'ਮੈਂ ਮੇਰੀ ਦੀ ਪ੍ਰਸਤਸ਼' ਹੈ ਹੀ ਨਹੀਂ, ਖ਼ੁਦਾ ਪ੍ਰਸਤੀ, ਖ਼ੁਦਾ ਪ੍ਰਸਤੀ ਦਾ ਰਾਜ ਹੈ।

ਗੁਰੂ ਜੀ-ਵਾਹ ਵਾਹ ! ਉਬਾਰਿਆ ! ਮਜ਼ਹਬ ਤਾਂ ਹੈ ਹੀ ਪ੍ਰੇਮ। ਪ੍ਰੇਮ ਦੇ ਰਥਵਾਹੀ ਕਿਉਂ ਘ੍ਰਿਣਾਂ ਦੇ ਚਾਬਕ-ਸ੍ਵਾਰ ਬਣ ਜਾਂਦੇ ਹਨ ? ਪੀਰਾਂ ਸਾਧਾਂ ਨੂੰ ਪਿਆਰ ਵਿਚ ਵਾਧਾ ਲੋੜੀਦਾ ਸੀ। ਚੰਗਾ......। ਚੱਲ ਬਈ ਉਬਾਰੇ ਖਾਂ ! ਸ਼ੇਖ ਦੀ ਫੂਕਣੀ ਉਤਾਰੀਏ ਤੇ ਪ੍ਰੇਮ ਦੇ ਦੀਦਾਰ ਕਰਾਈਏ, ਕਿਉਂ ਸਾਹਿਬ ਤੋਂ ਵਿਛੋੜਿਆਂ ਵਾਲੇ ਮਨਤੂੰਗਾਂ ਵਿਚ ਰੁੜ੍ਹ ਰਿਹਾ ਹੈਂ? ਉਬਾਰਿਆ ! ਤੂੰ ਚੱਲ ਤੇ ਅਸੀਂ ਆਉਂਦੇ ਹਾਂ।

ਉਬਾਰਾ ਤਾਂ ਅੱਗੇ ਅੱਗੇ ਗਿਆ। ਕੁਛ ਸਮੇਂ ਮਗਰੋਂ ਸ੍ਰੀ ਗੁਰੂ ਜੀ ਦੋ ਇਕ ਸਿਖਾਂ ਸਣੇ ਤੁਰ ਪਏ। ਕਰਨਾ ਸਾਂਈਂ ਦਾ: ਅਗੋਂ ਉਹ ਪੀਰ ਬੀ ਕਿਸੇ ਕਾਰਜ ਪਾਲਕੀ ਤੇ ਚੜ੍ਹਿਆ ਮੁਰੀਦਾਂ ਦੀ ਇਕ ਭੀੜ ਵਿਚ ਆ ਰਿਹਾ ਸੀ। ਦੂਰੋਂ ਤੱਕ ਕੇ ਉਸ ਨੂੰ ਲੋਕਾਂ ਦੱਸਿਆ ਕਿ ਨਾਨਕ ਤਪਾ ਆ ਰਿਹਾ ਹੈ। ਇਹ ਸੁਣਕੇ ਉਹ ਪਾਲਕੀ ਤੋਂ ਉੱਤਰ ਖੜੋਤਾ ਤੇ ਆਦਰ ਦੇਣ ਲਈ ਅਗੇ ਵਧਿਆ। ਜਦੋਂ ਨੇੜੇ ਆਏ ਤਾਂ ਝੁਕ ਕੇ ਦਸਤ ਪੇਸ਼ੀ ਲੀਤੀਓਸੁ, ਪੁੱਛਣ ਲਗਾ: ਸੁਣਾਓ ਤਪਾ ਜੀ ! ਆਪ ਦੇ ਸਭ ਖ਼ੈਰ ਹੈ?'

ਗੁਰੂ ਜੀ-ਖ਼ੈਰ ਹੈ, ਪਰ ਖੈਰ ਨਹੀਂ।
ਸ਼ੇਖ-ਕਿਉਂ, ਆਪ ਦੇ ਖ਼ੈਰ ਤਾਂ ਹੈ?
ਗੁਰੂ ਜੀ-ਖ਼ੈਰ ਹੈ, ਪਰ ਖ਼ੈਰ ਨਹੀਂ।
ਸ਼ੇਖ-ਕਿਵੇਂ ਖ਼ੈਰ ਹੈ ਤੇ ਕਿਵੇਂ ਨਹੀਂ।
ਗੁਰੂ ਜੀ-ਖ਼ੈਰ ਤਾਂ ਹੈ ਪਰ ਖ਼ੈਰ ਨਹੀਂ।
ਸ਼ੇਖ-ਮੈਂ ਨਹੀਂ ਸਮਝਿਆ, ਜਦ ਖ਼ੈਰ ਹੈ ਤਾਂ ਫਿਰ ਖ਼ੈਰ ਕਿਉਂ ਨਹੀਂ ਹੈ?

ਗੁਰੂ ਜੀ-ਉਂਵ ਸਭ ਖ਼ੈਰ ਹੈ, ਰੱਬ ਵਲੋਂ ਸੱਤੇ ਖੈਰੀਂ ਹਨ, ਪਰ ਮਨੁੱਖ ਵਲੋਂ ਖ਼ੈਰ ਨਹੀਂ, ਰੱਬ ਦੇ ਕਹਿਲਾਉਣ ਵਾਲੇ ਰੱਬੀ ਬੰਦੇ

ਵੱਲੋਂ ਖ਼ੈਰ ਨਹੀਂ।

ਸ਼ੇਖ-ਉਹ ਕਿਵੇਂ ?

ਗੁਰੂ ਜੀ-ਸਾਂਈ ਅੰਦਰ ਬਾਹਰ ਰਵ ਰਿਹਾ, ਮਿਲ ਰਿਹਾ, ਰਸ ਰਿਹਾ ਹੈ, ਇਹ ਖ਼ੈਰਾਂ ਦਾ ਮੂਲ ਖ਼ੈਰ ਹੈ, ਪਰ ਤੁਸੀਂ ਜੋ ਉਸ ਰਬ ਦੇ ਆਬਿਦ[1] ਤੇ ਆਸ਼ਿਕ ਕਹਿਲਾਉਂਦੇ ਹੋ, ਤੁਸਾਂ ਆਖਿਆ ਹੈ ਕਿ ਇਸ ਤਪੇ ਨੂੰ ਉਠਾ ਦੂਰ ਕਰਾਂਗੇ; ਸੋ ਤੁਸਾਡਾ ਸੁਨੇਹਾ ਨਾ ਖ਼ੈਰ ਦਾ ਹੈ। ਉਠਾ ਦੂਰ ਕਰੋਗੇ ਕਿਥੋਂ ? ਇਸ ਗਿਰਾਂ ਤੋਂ ਕਿ ਕਰਤਾਰ ਪੁਰੋਂ, ਕਿ ਪੰਜ ਨੀਰੀ ਧਰਤੀ[2] ਤੋਂ, ਕਿ ਹਿੰਦੂਸਤਾਨ ਤੋਂ, ਕਿ ਧਰਤੀ ਦੇ ਤਖਤੇ ਤੋਂ, ਕਿ ਰਬ ਸਾਂਈਂ ਦੀ ਗੋਦ ਵਿਚੋਂ ? ਇਹ ਤੁਸੀਂ ਦੱਸ ਦਿਓ ?

ਸ਼ੇਖ ਸ਼ਰਮ ਨਾਲ ਮੁੜ੍ਹਕਾ ਮੁੜ੍ਹਕਾ ਹੋ ਗਿਆ, ਫਿਰ ਕਮਜ਼ੋਰ ਦਿਲ ਵਾਲੀ ਅਕਲ ਨਾਲ ਸੱਚ ਤੋਂ ਪਰਛਾਵੇਂ ਵਿਚ ਜਾਕੇ ਉਥੇ ਆਪਣੀ ਸਲਾਮਤੀ ਸਮਝੀਓਸੁ ਬੋਲਿਆ-

ਤੁਹਾਨੂੰ ਇਹ ਗਲ ਕਿਸ ਨੇ ਆਖੀ ਹੈ, ਮੈਂ ਤਾਂ ਨਹੀਂ ਕਹੀ? ਭਲਾ ਸੰਤਾਂ ਫਕੀਰਾਂ ਦੀ ਮੈਂ ਬੇਅਦਬੀ ਕਰ ਸਕਦਾ ਹਾਂ। ਜਿਸ ਤੁਹਾਨੂੰ ਕਿਹਾ ਹੈ ਝੂਠਾ ਕਿਹਾ ਹੈ।

ਉਬਾਰਾ ਬੀ ਪਾਸ ਖੜੋਤਾ ਸੁਣ ਰਿਹਾ ਸੀ, ਤਮਕ ਕੇ ਬੋਲਿਆ:-

ਉਬਾਰਾ-ਵਾਹ ਵਾਹ, ਪੀਰ ਜੀਓ! ਸੱਚ ਦੇ ਠੇਕੇਦਾਰ ਤੇ ਇਸਲਾਮ ਦੇ ਦਾਵੇਦਾਰ ਜੀਓ ! ਮੈਂ ਜਾਤਾ ਸੀ ਤੁਹਾਨੂੰ ਨਿਰਾ ਕੋਈ ਰੰਜ ਹੈ, ਪਰ ਏਥੇ ਤਾਂ ਸੱਚ ਬੀ ਲੁਕਣਮੀਟੀ ਵਿਚ ਹੈ। ਵਾਹ ਵਾਹ ! ਪੀਰ ਸਲਾਮਤ! ਆਪ ਨੇ ਇਸ ਨਾਚੀਜ਼ ਦੇ ਸਾਹਮਣੇ ਏਹ ਵਾਕ ਬੀ ਕਹੇ ਤੇ ਇਸ ਤੋਂ ਵਧੇਰੇ ਬੀ ਕਹੇ। ਨਿਤਰੋ... ਸੱਚ ਬੋਲੋ... ਸੱਚ ਖਾਂਦਾ ਤਾਂ ਨਹੀਂ।

ਗੁਰੂ ਜੀ-ਉਬਾਰੇ ਖਾਂ !

ਪੀਰ-ਉਬਾਰਿਆ, ਤੂੰ ਮੁਰੀਦ ਹੈਂ, ਮੇਰੀ ਤੇਰੀ ਬਰੱਬਰੀ ਨਹੀਂ, ਅਲੱਗ ਰਹੋ ਤੇ ਚੁਪ ਰਹੋ, ਮੈਂ ਜਾਣਾ ਤੇ ਤਪਾ। ਅਸੀਂ ਪੀਰ ਫਕੀਰ ਸੰਤ ਸਾਧੂ ਹਾਂ ਆਪੇ ਆਪੋ ਵਿਚ ਬਰ ਮੇਚ ਲਵਾਂਗੇ, ਤੂੰ ਮੁਰੀਦ ਹੈਂ, ਦਮ ਬਖੁਦ ਹੋ [3]।

[1] ਪੂਜਾ ਕਰਨ ਵਾਲੇ। [2] ਪੰਜਾਬ ਤੋਂ।
[3] ਚੁਪ ਰਹੁ।

ਉਬਾਰਾ-ਸੱਚ ਤੋਂ ਤਿੰਨ ਤਲਾਕ ਲੈ ਚੁਕੇ ਪੀਰ ਸਾਹਿਬ ! ਬੇਅਦਬੀ ਦੇ ਵਾਕ ਨਾ ਉਚਾਰੋ ! ਇਹ ਆਪ ਹਨ ਮੈਂ ਕਦਮਾਂ ਦਾ ਦਾਸ ਹਾਂ, ਇਥੇ ਹੀ ਮੇਰਾ ਹੁਣ ਡੇਰਾ ਹੈ।

ਗੁਰੂ ਜੀ-ਉਬਾਰੇ ਖਾਂ! ਕੌੜੇ ਵਾਕ ਮੂੰਹੋਂ ਨਹੀਂ ਕੱਢੀਦੇ, ਅਦਬ ਨੂੰ ਹਥੋਂ ਨਹੀਂ ਜਾਣ ਦੇਈਦਾ।

ਪੀਰ(ਉਬਾਰੇ ਵਲ ਪਿੱਠ ਫੇਰਕੇ ਤੇ ਗੁਰੂ ਜੀ ਵਲ ਤਕੱਕੇ)-ਹਾਂ ਜੀ, ਗੁਰੂ ਜੀ, ਗੁਰੂ ਨਾਨਕ ਜੀ ! ਆਪ ਆਪਣਾ ਪਤਾ ਤਾਂ ਦਸੋ ਹਿੰਦੂ ਹੋ ਕੇ ਮੁਸਲਮਾਨ? ਵਡਾ ਕੌਣ ਹੈ ਦੋਹਾਂ ਵਿਚੋਂ?

ਗੁਰੂ ਜੀ-ਨਾਂ ਕੋਈ ਹਿੰਦੂ ਹੈ ਨਾਂ ਮੁਸਲਮਾਨ, ਜੇ ਹਨ ਤਾਂ ਦੋਵੇਂ ਨਿੱਕੇ ਹਨ, ਦੋਹਾਂ ਵਿਚ ਵਡਾ ਸੱਚ ਹੈ। ਸੱਚ ਜਿਸ ਦੇ ਪੱਲੇ ਹੈ, ਜੇ ਹੈ ਤਾਂ ਉਹੋ ਹਿੰਦੂ ਹੈ ਉਹੋ ਮੁਸਲਮਾਨ ਹੈ। ਸੱਚ ਬਿਨਾਂ ਦੋਵੇਂ ਰੋਵਣਹਾਰ ਨਾਰੀਆਂ ਹਨ। (ਕੁਛ ਚਿਰ ਚੁਪ ਰਹਿਕੇ) ਸੱਚ-ਸੱਚ ਬੋਲਣਾ ਹੈ, ਸੱਚ-ਸੱਚ ਦੀ ਧਾਰਨਾ ਹੈ। ਸੱਚ ਸੱਚ ਸੁਣਕੇ ਖਿੜਨਾ ਹੈ। ਸੱਚ ਅੰਤਰ ਆਤਮੇ ਸਾਂਈਂ ਦਾ ਨਿਵਾਸ ਸੱਚ ਹੈ। ਸੱਚ-ਯਾਦ, ਨਿਰੰਤਰ ਯਾਦ ਵਿਚ ਵੱਸਣਾ ਸੱਚ ਦਾ ਰਸਤਾ(ਰਾਹੇ ਬਰਹੱਕ) ਹੈ, ਸੱਚ ਦਾਰੂ ਹੈ ਜੋ ਪਾਪ ਧੋ ਕੱਢਦਾ ਹੈ। ਸੱਚ-ਉਹ ਅਜ਼ਲੀ ਹਸਤੀ ਹੈ ਜੋ ਪਸਾਰੇ ਦਾ ਮੂਲ ਤੇ ਮਾਲਕ ਹੈ। ਸੱਚ ਉਹ ਸੱਚ ਹੈ ਜੋ ਇਸ ਸਾਰੀ ਬਦਲੀ ਵਿਚ ਅਬਦਲ ਹੈ[1]। ਇਸ ਸੱਚ ਨਾਲ ਮੇਲ, ਇਸ ਵਿਚ ਲਿਵ, ਇਸ ਵਲ ਅੰਦਰਲੇ ਦਾ ਰੁਖ਼ ਤੇ ਝੁਕਾਉ ਦੀਨ ਹੈ, ਧਰਮ ਹੈ। ਮਜ਼ਹਬ ਇਸਲਾਮ ਤੇ ਹਿੰਦੂ

[1] ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰ ॥ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ। ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਸਚ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੈ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥

{ਵਾਰ ਆਸਾ ਮ:੧}

ਧਰਮ ਇਹ ਹੈ। ਇਹ ਨਹੀਂ ਤਾਂ ਕੀਹ ਹੈ? ਪਾਜ, ਮੁਲੰਮਾ, ਦਿਖਾਵਾ ਜਗਤ ਹੈ, ਹਾਂ, ਧੋਖਾ ਆਪਣੇ ਆਪ ਨਾਲ, ਆਪਾ ਮੁਹਾਉਣ ਲੁਟਾਉਣ ਦਾ 'ਪੈਰ ਕੁਹਾੜਾ'।

ਪੀਰ(ਸ਼ਰਮ ਖਾ ਕੇ ਤੇ ਸੋਚੀਂ ਪੈਕੇ)-ਤੇਰੀ ਨਜ਼ਰ ਵਿਚ ਕੋਈ ਨਹੀਂ ਰਿਹਾ ? ਤੇ ਪਰਤਖ ਦਿੱਸਦੇ ਹਨ ਦੋਵੇਂ; ਹਨ ਦੋਵੇਂ ਇਕ ਕੱਚਾ ਤਾਗਾ ਹੈ: ਇਕ ਪੱਕਾ।

ਗੁਰੂ ਜੀ-ਵੱਟਾਂ ਹਨ ਹਠ ਧਰਮੀ ਦੀਆਂ, ਗੰਢਾਂ ਹਨ ਦਿਲ ਦੀਆਂ। ਧਰਮ ਉਹ ਜੋ ਪ੍ਰੇਮ ਦੀ ਲੀਹ ਹੋਵੇ, ਦੀਨ ਓਹ ਜੋ ਪਿਆਰ ਦੀ ਲੀਹ ਹੋਵੇ। ਈਰਖਾ ਸ਼ੈਤਾਨੀ ਵਸਫ਼ ਹੈ। ਵੈਰ ਆਸੁਰੀ ਗੁਣ ਹੈ। ਦੋਵੇਂ ਰੱਬ ਪਰਮੇਸ਼ੁਰ ਦੇ ਦੇਸ਼ ਅਪ੍ਰਵਾਨ ਹਨ; ਨਾ-ਮਨਜ਼ੂਰ ਹਨ।

ਪੀਰ-ਬੁਤਪ੍ਰਸਤੀ ਮਾੜੀ ਨਹੀਂ ?

ਗੁਰੂ ਜੀ-ਹੈ; ਪਰ ਨਫਸ ਪ੍ਰਸਤੀ ਬਹੁਤ ਹੀ ਬੁਰੀ ਹੈ। ਸੁਾਬ ਹੈ ਤਾਂ ਸੱਚ ਪ੍ਰਸਤੀ।

ਪੀਰ-ਹਿੰਦੂ ਮੁਸਲਮਾਨ ਨਾ ਰਹਿਣ ਫਿਰ; ਇਹੋ ਮਤਾ ਹੋਇਆ ਨਾ, ਕੋਈ ਨਾ ਰਹੇ?

ਗੁਰੂ ਜੀ-ਜੀਉ ਸਦਕੇ ਰਹਿਣ ਜੇ ਸੱਚ ਪਲੇ ਹੋਵੇ ਤਾਂ। ਸਚ ਤੋਂ ਹਥ ਝਾੜਕੇ ਦੋਵੇਂ ਨਾ ਰਹਿਣ ਤਾਂ ਧਰਤੀ ਦਾ ਭਾਰ ਹੌਲਾ ਹੋ ਜਾਵੇ ਸ਼ਾਇਦ।

ਪੀਰ-ਤੁਸੀਂ ਕੀਹ ਹੋ ?

ਗੁਰੂ ਜੀ-ਦੇਖ ਲੌ ਸਾਹਮਣੇ ਖੜੇ ਹਾਂ!

ਪੀਰ(ਗੱਲ ਵਟਾ ਕੇ)-ਭਲਾ ਦੱਸੋ ਖਾਂ ਬੁਤਪ੍ਰਸਤ ਮੁਸ਼ਰਿਕ ਅੱਲਾ ਦੇ ਬੇਅਦਬ ਹਨ, ਕੀ ਉਨ੍ਹਾਂ ਨਾਲ ਬੀ ਨਫਰਤ ਨਹੀਂ ਕਰਨੀ ਚਾਹੀਦੀ?

ਗੁਰੂ ਜੀ-ਕਿਸੇ ਬੀ ਬੀਮਾਰ ਤੋਂ ਨਫ਼ਰਤ ਨਹੀਂ ਚਾਹੀਦੀ। ਪੀਰ ਜੀ ! ਜਗਤ ਰੋਗੀ ਹੈ ਨਾਮ ਬਿਨਾਂ, ਮੈਲਾ ਹੈ ਸੱਚ ਬਿਨਾ। ਹਕੀਮੀ ਹੈ-ਪਿਆਰ, ਦਇਆ। ਜੋ ਜੋ ਵਸਫ ਵਾਹਿਗੁਰੂ ਤੋਂ ਵਿਛੋੜੇ, ਚਾਹੋ ਬੁਤਪ੍ਰਸਤੀ ਚਾਹੋ ਨਸਫ ਪ੍ਰਸਤੀ, ਸਭ ਮਾੜੇ ਹਨ, ਸਭ ਬੁਰੇ ਹਨ, ਮੰਦੇ ਹਨ। ਪਰ ਜੋ ਜੋ ਬੀ ਰੋਗੀ ਹੈ, ਜਿਸ ਜਿਸ ਬੀ ਬੀਮਾਰੀ ਦਾ ਉਹ ਹੈ, ਉਹ ਨਫਰਤ ਜੋਗ ਨਹੀ ਪਰ ਤਰਸ ਜੋਗ ਹੈ। ਪਾਪ ਬੁਰਾ ਹੈ, ਪਰ ਪਾਪੀ ਤਰਸ ਯੋਗ ਹੈ। ਸੋ ਪੀਰਾਂ ਫਕੀਰਾਂ ਨੂੰ ਸਭ ਤੇ ਦਇਆ ਚਾਹੀਏ; ਵੈਦ ਬਣਕੇ ਦਾਰੂ ਦੇਣਾ ਚਾਹੀਏ, ਬੀਮਾਰਾਂ ਨਾਲ ਨਫਰਤ ਏਹ ਵੈਦਾਂ ਹਕੀਮਾਂ ਨੂੰ ਨਹੀਂ ਸੋਹੰਦਾ। ਵੈਦ ਰੋਗੀਆਂ ਤੋਂ ਘ੍ਰਿਣਾ ਨਹੀਂ ਕਰਦਾ, ਰੋਗੀਆਂ ਤੇ ਮਿਹਰ ਕਰਦਾ ਹੈ। ਵੈਰ ਨੂੰ ਪਿਆਰ ਨਾਲ ਜਿੱਤੋ, ਨਫਸ ਪ੍ਰਸਤੀ ਬੁਤਪ੍ਰਸਤੀ ਨੂੰ ਖੁਦਾਪ੍ਰਸਤੀ ਦੇ ਉੱਚੇ ਨਮੂਨੇ ਨਾਲ ਜਿੱਤੋ। ਡੰਡੇ ਸੋਟੇ ਤੇ ਨਫਰਤਾਂ ਦਾ ਵੈਦਾਂ ਦੇ ਘਰ ਕੀ ਕੰਮ ?

ਪੀਰ(ਨਰਮ ਅਵਾਜ਼ ਵਿਚ)-ਤਾਂ ਸਹੀ ਹੋਇਆ ਕਿ ਤੁਸੀਂ ਬੁਤਪ੍ਰਸਤ ਨਹੀਂ, 'ਖੁਦਾ ਪ੍ਰਸਤ' ਦਿੱਸ ਆਂਵਦੇ ਹੋ; ਤਾਂ ਮੇਰਾ ਤੁਸਾਂ ਨਾਲ ਕੋਈ ਅਜੋੜ ਨਹੀਂ।

ਗੁਰੂ ਜੀ-ਸਾਡਾ ਕਿਸੇ ਨਾਲ ਅਜੋੜ ਨਹੀਂ, ਜੋੜਨਹਾਰ ਨੇ ਸਾਨੂੰ ਜੋੜਨ ਵਾਲਾ ਹੱਥ ਬਨਾਯਾ ਹੈ। ਹੁਕਮ ਦਿੱਤਾ ਹੈ ਜੋੜੋ, ਵਿਛੋੜੋ ਨਾ; ਜੋੜੋ, ਵਿਛੋੜੋ ਨਾ।

ਪੀਰ(ਨੈਣ ਖਿਮਜ਼ਾਕੇ)-ਈਰਖਾ ਕਿਉਂ ਰਹਿ ਜਾਂਦੀ ਹੈ; ਹਸਦ ਦਾ ਦਾਰੂ ਕੀਹ ਹੈ?

ਗੁਰੂ ਜੀ-ਜਗਜਾਸੂ ਦੀ ਤਪੱਸਯਾ ਵਿਚ ਕਸਰ ਰਹਿ ਜਾਵੇ ਤਾਂ ਕੱਚੇ ਆਗੂ ਦੇ ਸੰਗ ਵਿਚ ਰੱਬ ਦਾ ਰਸਤਾ ਸਿੱਖੇ ਤਾਂ ਈਰਖਾ ਦਾ ਰੋਗ ਅੰਦਰ ਰਹਿ ਜਾਂਦਾ ਹੈ। ਜਿਵੇਂ ਕੱਚਾ ਹਕੀਮ ਉਤੋਂ ਜ਼ਖਮ ਮੇਲ ਦੇਂਦਾ ਹੈ, ਅੰਦਰ ਖੋਟ ਰਹਿ ਜਾਂਦਾ ਹੈ, ਉਹ ਫੇਰ ਨਾਸੂਰ ਬਣਕੇ ਫਟਦਾ ਤੇ ਸਦਾ ਵਗਦਾ ਰਹਿੰਦਾ ਹੈ, ਸਦਾ ਦੁੱਖ ਦੇਂਦਾ ਹੈ। ਦਾਰੂ ਇਸ ਦਾ 'ਨਾਮ' ਹੈ, ਅੱਲਾ ਦਾ ਜ਼ਿਕਰ ਤੇ ਫਿਕਰ ਹੈ; ਰੱਬ ਦੇ ਪਿਆਰ ਦਾ ਵੇਖਣਾ ਹੈ, ਸੱਚ ਧਾਰਨਾ ਹੈ। ਨਾਮ ਜਪਣ ਨਾਲ ਮਾਇਆ ਦੀ ਕਾਈ-ਨਫਸ ਦੀ ਮੈਲ-ਦੂਰ ਹੁੰਦੀ ਹੈ, ਸੱਚ ਤੇ ਖੜੋ ਜਾਣ ਨਾਲ ਸਾਰੇ ਐਬ ਤੇ, ਖੋਟ ਛੁੱਟਦੇ ਹਨ।

ਪੀਰ-ਸੱਚ ਵੇਖਕੇ ਬੀ, ਸਮਝਕੇ ਬੀ ਫਿਰ ਦਿਲ ਹਠ ਕਿਉਂ ਧਾਰਦਾ ਹੈ?

ਗੁਰੂ ਜੀ-ਆਪਣੇ ਜੀਵਨ ਦੀ ਨੀਂਹ ਹਰ ਕਿਸੇ ਨੇ ਬਚਪਨ ਤੋਂ ਕੂੜ ਤੇ ਰੱਖੀ ਹੈ। ਦਿਖਾਵਾ, ਦਿਖਾਵਾ, ਦਿਖਾਵਾ; ਦਿਖਾਵਾ ਦੀ ਖ਼ਾਤਰ ਕੂੜ ਕੁਸੱਤ ਸਭ ਰਵਾ। ਜਦੋਂ ਹੀ ਕਿ ਬੰਦਾ ਇਸ ਕੱਲਰ ਦੀ ਕੰਧ ਤੋਂ ਪੈਰ ਚਾਣ ਦਾ ਹੌਂਸਲਾ ਕਰੇ

ਲਵੇ ਤੇ ਸੱਤ ਤੇ ਆ ਖਲੋਵੇ, ਰੱਬ ਉਸ ਦਾ ਸਹਾਈ ਹੋ ਜਾਂਦਾ ਹੈ। ਇਹ ਕਹਿਕੇ ਸਤਿਗੁਰ ਜੀ ਨੇ ਇਕ ਅਜੀਬ ਨਜ਼ਰ ਨਾਲ ਪੀਰ ਵਲ ਤੱਕਿਆ। ਉਹਦੇ ਨੈਣ ਨਿਵੇਂ ਝੁਕੇ, ਕੜੱਕ ਕਰਕੇ ਪੀਰ ਦੇ ਕਲੇਜੇ ਨੂੰ ਕੁਛ ਹੋਇਆ, ਪਾਜ ਦਾ ਪੜਦਾ, ਕੂੜ ਦੇ ਪਿਆਰ ਦਾ ਕਪਾਟ ਟੁੱਟਾ, ਬੇਵਸਾ ਚਰਨਾਂ ਤੇ ਢੱਠਾ:-

"ਹਮਾਰੇ ਗੁਨਾਹ ਬਖ਼ਸ਼ੀਏ, ਆਪ ਤਾਂ ਹਿੰਦੂ ਨਹੀਂ, ਬੁਤਪ੍ਰਸਤ ਨਹੀਂ, ਆਪ ਤਪਾ ਨਹੀਂ, ਆਪ ਫਕੀਰ, ਨਬੀ, ਵਲੀ ਨਹੀਂ, ਆਪ ਸੱਚ ਮੁਚ ਉੱਚ ਉਚੇਰੇ ਤੋਂ ਉਚੇਰੇ ਹੋ, ਜੋ ਉਬਾਰੇ ਕਿਹਾ ਸੀ ਸੱਚ ਹੈ, ਮੈਨੂੰ ਕੂੜੇ ਮਾਨ ਨੇ ਠੱਗ ਲਿਆ, ਇਸ ਤੋਂ ਰਖ੍ਯਾ ਕਰੋ, ਮੈਂ ਸ਼ਰਨ ਹਾਂ। "

ਉਬਾਰਾ-ਸ਼ੁਕਰ ਹੈ, ਉਠਾ ਕੇ ਦੂਰ ਕਰਦੇ ਸਾਓ ਪੀਰ ਜੀ 'ਲਾ ਮਕਾਂ' ਤੇ 'ਮਕੀਂ ਕੁਲ'[1] ਨੂੰ, ਹੁਣ ਦੇਖੋ ਉੱਠ ਕੇ ਦੂਰ ਹੋ ਰਹੇ ਹੋ ਆਪ ਦਰੋਗ਼ ਦੇ ਮਕਾਨ ਤੋਂ ਕਿ ਨਹੀਂ? ਸ਼ੁਕਰ ਹੈ, (ਗੁਰੂ ਜੀ ਵਲ ਤੱਕਕੇ) ਵਾਹ ਵਾਹ ਤੇਰੀ ਮਿਹਰ।

ਗੁਰੂ ਜੀ (ਉਬਾਰੇ ਵਲ ਤੱਕ ਕੇ)-ਉਬਾਰਿਆ! ਵੀਰਾ ਚੋਭਵੇਂ ਲਫ਼ਜ਼ ਨਹੀਂ ਵਰਤੀਦੇ। (ਫਿਰ ਪੀਰ ਵਲ ਤੱਕਕੇ) ਪੀਰ ਜੀ ! ਤਕੜੇ ਹੋਵੋ। ਦੇਖੋ ਨਾਮ ਨੂੰ ਪੱਕਾ ਕਰਕੇ ਫੜੋ, ਨਾਮ ਬੇ ਮਲੂੰਮ ਛੁਟ ਜਾਂਦਾ ਹੈ। ਸਾਰੀਆਂ ਕਸਰਾਂ ਦਾ ਮੂਲ ਇਹ ਹੈ। ਅੱਲਾ ਦੇ ਨਾਮ ਤੋਂ ਇਕ ਦਮ ਬੀ ਗ਼ਾਫ਼ਲ ਨਾ ਹੋਇਆ ਕਰੋ, ਦਮ ਦਮ ਦਾ ਪਹਿਰਾ ਦਿਓ; ਦਮ ਦਮ ਦੀ ਗ਼ਫ਼ਲਤ ਨੂੰ ਦੇਖੋ, ਸਾਹਿਬ ਦੇ ਨਾਮ ਤੋਂ ਸਦਾ ਸਦਕੇ ਹੋਵੋ, ਭੁੱਲ ਨਾ ਪਵੇ, ਚੁੱਕ ਨਾ ਪਵੇ। ਮੈਲ ਇਸੇ ਰੱਬ ਦੇ ਨਾਮ ਨੇ ਧੋਣੀ ਹੈ, ਨਿਰਮਲ ਇਸੇ ਨੇ ਕਰਨਾ ਹੈ, ਸੱਚ ਦਾ ਦਾਰੂ ਇਸੇ ਲਿਆ ਲਾਣਾ ਹੈ, ਅਰੋਗ ਇਸੇ ਨੇ ਕਰਨਾ ਹੈ। ਅੱਲਾ ਦੀ ਹਜ਼ੂਰੀ ਵਿਚ ਸਦਾ ਦਾ ਨਿਵਾਸ ਐਉਂ ਹੋ ਜਾਣਾ ਹੈ।

ਪੀਰ-ਸੱਚ ਫੁਰਮਾਯਾ ਜੇ। ਕਿਆ ਹੈ ਦੁਨੀਆਂ ਤੇ ਕਿਆ ਹਨ ਇਸ ਦੇ ਫ਼ਰੇਬ। ਸੱਚ ਤੇ ਸੱਚੇ ਨਾਮ ਬਿਨ ਸਭ ਤੁੱਛ ਹੈ।

---

[1] ਜਿਸ ਦਾ ਟਿਕਾਣਾ ਕੋਈ ਨਾ ਹੋਵੇ ਤੇ ਜੋ ਸਭ ਟਿਕਾਣਿਆਂ ਵਿਚ ਵਸਦਾ ਹੋਵੇ।

ਅਬਦੁਲ ਰਹਿਮਾਨ ਦੀ ਆਜਜ਼ੀ ਤੇ ਗੁਰੂ ਜੀ ਦੀ ਉਸ ਤੇ ਮਿਹਰ ਵੇਖਕੇ ਉਸ ਦੇ ਮੁਰੀਦ ਤੇ ਚੇਲੇ ਬੀ ਸਤਿਗੁਰ ਦੀ ਚਰਨੀ ਪਏ। ਤਦੋਂ:-

ਸ੍ਰੀ ਗੁਰ ਭਨਯੋ: ਖੁਦਾਇ ਜਿ ਪਯਾਰੇ,
ਖੌਫ ਖੁਦਾਇ ਸੁ ਉਰ ਮਹਿਂ ਧਾਰੇ।
ਕਬਹਿ ਗ਼ਾਫ਼ਲੀ ਭੂਲ ਨ ਕਰਿ ਹੈਂ,
ਨਿਸ ਦਿਨ ਉਰ ਮੈਂ ਜਰ ਕੋ ਧਰਿ ਹੈਂ।
ਸਿਮਰਨ ਪ੍ਰੇਮ ਭਗਤ ਮੇਂ ਰਾਤੇ,
ਉਚਿਤਾ ਪਾਇ ਨੀਚ ਹ੍ਵੈ ਜਾਤੇ।

{ਸ੍ਰੀ ਗੁਰੂ ਨਾਨਕ ਪ੍ਰਕਾਸ਼}

ਇਸ ਤਰ੍ਹਾਂ ਖੁਸ਼ ਹੋ ਕੇ, ਤਰਕੇ, ਫਕੀਰੀ ਵਿਚ ਪੈ ਗਈ ਕਸਰ ਦੂਰ ਕਰਾਕੇ, ਗੁਰ ਨਾਨਕ ਦਾ ਭਵਰਾ ਹੋ ਕੇ ਅਬਦੁਲ ਰਹਿਮਾਨ ਮੁਰੀਦਾਂ ਸਣੇ ਨਿਉਂਦਾ ਨਿਉਂਦਾ ਵਿਦਾ ਹੋਇਆ।

ਇਹ ਪੀਰ ਬੀ ਘਾਲੀ ਸੀ, ਪਰ ਮਾਨੀ ਸੀ, ਇਸ ਦੀ ਕਸਰ ਸਤਿਗੁਰੂ ਜੀ ਨੇ ਦੂਰ ਕੀਤੀ। ਹਰ ਮਤਿ ਦੇ ਆਦਮੀ ਨੂੰ, ਜਿਥੇ ਕੁ ਉਹ ਕਸਰ ਵਿਚ ਸੀ, ਓਥੋਂ ਹੀ ਠੀਕ ਕਰਕੇ ਸਤਿਗੁਰੂ ਜੀ ਉਸ ਨੂੰ ਪ੍ਰੇਮ ਦੇ ਘਰ ਵਿਚ ਵਸਾ ਦੇਂਦੇ ਸਨ।

੬.

ਇਹ ਵੇਲਾ ਸੰਝਾਂ ਦਾ ਸੀ, ਉਬਾਰੇ ਖਾਂ ਨੇ ਇਕ ਉਛਾਲਾ ਖਾਧਾ, ਫੇਰ ਰਜ਼ਾ ਤੱਕੀ, ਪਰ ਮਨ ਦਾ ਉੱਮਲਵਾ ਪ੍ਰੇਮ ਨਾ ਰਹਿ ਸਕਿਆ, ਪਰ ਨਾ ਰਹਿ ਸਕਿਆ। ਮਨ ਨੂੰ ਹੋੜਦਿਆਂ ਬੇਨਤੀ ਮੂੰਹੋਂ ਨਿਕਲ ਹੀ ਗਈ:- 'ਹੇ ਲਾਮਕਾਂ ਦੇ ਮਕੀਂ ! ਹੇ ਸਾਰੇ ਮਕਾਨਾਂ ਦੇ ਮਾਲਕਾ! ਜੇ ਮਿਹਰ ਹੋ ਜਾਏ ਤਾਂ ਆਪ ਦਾ ਘਰ ਨੇੜੇ ਹੈ। ਹੇ ਨੇੜੇ ਦੂਰ ਦੇ ਖ਼ੁਦਾਵੰਦ ! ਹੇ ਦਿਲਾਂ ਦੇ ਖ਼ੁਦਾਵੰਦਗਾਰ! ਹੇ ਰਾਤ ਦਿਨ ਦੇ ਸਾਈਂ !ਮਿਹਰ ਹੋ ਜਾਏ ਰੈਣ ਬਸੇਰੇ ਗ਼ਰੀਬ ਖਾਨੇ ਵਿਚ ਹੋ ਜਾਣ। ਸਤਿਗੁਰੂ ਜੀ ਸੁਣਕੇ ਮੁਸਕ੍ਰਾਏ, ਫਿਰ ਹੱਸੇ ਤੇ ਅਰਸ਼ਾਂ ਵਲ ਤੱਕ ਕੇ ਬੋਲੇ: 'ਧੰਨ ਕਰਤਾਰ, ਧੰਨ ਨਿਰੰਕਾਰ, ਧੰਨ ਤੇਰੇ ਰੰਗ, ਵਾਹ-ਵਾ ਰੰਗ, ਤੂੰ ਸਾਹਿਬ ਤੂੰ ਸਾਹਿਬ ਹਉ ਸਾਂਗੀ, ਹਉ ਸਾਂਗੀ, ਹਉਂ ਸਾਂਗੀ ਤੇਰਾ, ਤੂੰ ਸਾਹਿਬ ਹਉਂ ਸਾਂਗੀ ਤੇਰਾ। ਕੌਣ ਫਕੀਰ, ਕਿਹਾ ਵੇਸ, ਕੋਣ ਪੀਰ, ਕੌਣ ਵਲੀ, ਕੌਣ ਅਵਤਾਰ, ਇਕ ਤੂੰ, ਇਕ ਤੂੰ, ਤੂੰ ਸਾਹਿਬ ਹਉਂ ਸਾਂਗੀ ਤੇਰਾ

ਪ੍ਰਣਵੈ ਨਾਨਕੁ ਜਾਤਿ ਕੈਸੀ'-ਇਹ ਕਹਿੰਦੇ ਇਕ ਥਰ੍ਰਾਟਵੀਂ ਸੁਰ ਵਿਚ ਗਾਵੇਂ-

ਪਿਆਰੇ ਸਦੜਾ ਸੁਣੀਜੈ
'ਤੇਰਾ ਸਦੜਾ ਸੁਣੀਜੈ
ਭਾਈ ਜੋ ਕੋ ਬਹੈ ਅਲਾਇ॥'

ਮੱਧਮ ਸੁਰ ਵਿਚ ਗਾਉਂਦੇ ਗਾਉਂਦੇ ਤੁਰੀ ਗਏ ਤੇ ਅਗੇ ਆ ਗਿਆ ਉਬਾਰੇ ਦਾ ਘਰ।

ਜ਼ਬੀਦਾ ਖਾਨਮ ਰੰਗਰਤੜੀ-ਪਤੀ ਦੇ ਸਾਂਈਂ ਦੀਆਂ ਯਾਦਾਂ ਨਾਲ ਮਖ਼ਮੂਰ ਨੈਣਾਂ ਦੇ ਰੰਗ ਵਿਚ ਰੱਤੜੀ-ਰਾਹ ਤੱਕ ਰਹੀ ਸੀ ਕਿ ਮੇਰਾ ਨਾਮ ਦਾ ਨਸ਼ਈ ਮਾਲਕ ਕਦੋਂ ਝੂਮਦਾ ਝਾਮਦਾ ਸੁਖ ਸੁਨੇਹੁੜੇ ਲੈਕੇ ਆਉਂਦਾ ਹੈ ਕਿ 'ਆਪ' ਜੀ ਦੇ ਕਦਮਾਂ ਦੀ ਮੇਰੇ ਵਟੇ ਤਿੱਲੇ ਤੇ ਫੇਰ ਰੇਸ਼ਮ ਦੇ ਨਿਰਜਿੰਦ ਬਾਫਤੇ ਨੂੰ 'ਚਰਨ-ਛੁਹ' ਪ੍ਰਾਪਤ ਹੋਈ ਕਿ ਨਾ। ਐਉਂ ਉਡੀਕਦੀ ਜ਼ਬੀਦਾ ਕੀਹ ਦੇਖਦੀ ਹੈ ਕਿ ਮੇਰੇ ਮਾਲਕ ਦੇ ਮਾਲਕ, ਮੇਰੇ ਸੁਹਣੇ ਦੇ ਸੁਹਣੇ, ਨੂਰਾਂ ਦੇ ਨੂਰ ਉਸ ਵਿਛਾਵਣਾ ਹੋਣ ਦੀ ਤ੍ਰਿਸ਼ਨਾ ਨਾਲ ਘੱਲੇ ਬਾਫਤੇ ਦਾ ਚਾਦਰਾ ਪਹਿਨੀ ਉਸ ਦੀ ਨਿਮਾਣੀ ਢੋਕ ਵਿਚ ਆ ਵੜੇ ਹਨ। ਚੜ੍ਹ ਪਿਆ ਹੈ ਚੰਦਾਂ ਦਾ ਚੰਦ, ਸੂਰਾਂ ਦਾ ਸੂਰ, ਸੈਂਕੜੇ ਹਜ਼ਾਰਾਂ ਚੰਦ ਦੇ ਚਾਨਣੇ ਨੂੰ ਘੋਰ ਅੰਧਾਰ ਵੇਖਕੇ ਚਾਨਣ ਦੇਣ ਵਾਲਾ ਨੂਰ ਦਾ ਚੰਦ। ਹਾਂ, ਚੜ੍ਹ ਪਿਆ ਹੈ ਚੰਦ ! ਹਾਂ, ਮੇਰੇ ਵੇਹੜੇ ਆ ਵੜ੍ਹਿਆ ਹੈ ਚੰਦਾਂ ਦਾ ਚੰਦ।

ਉਹ ਪਤੀ ਦੇ ਦਰਸ਼ਨ ਤੇ ਪਤੀ ਦੀ ਪਿਆਰ ਛੁਹ ਨਾਲ ਜੀਉ ਉਠੀ ਨੇਕ ਬੀਬੀ: ਨਾਮ ਵਾਲੀ ਬੀਬੀ, ਜਿਸ ਦੇ ਬੁਲ੍ਹਾਂ ਤੇ ਹੁਣ ਯਾਦ ਦੀ ਮੁਸਕ੍ਰਾਹਟ ਦੇ ਡੇਰੇ ਲਗ ਰਹੇ ਸਨ, ਜਿਸ ਦੇ ਹਿਰਦੇ ਵਿਚ ਨਾਮ ਦਾ ਰਸ ਭਰ ਰਿਹਾ ਸੀ, ਜਿਸਦਾ ਸਿਰ ਪਿਆਰੇ ਦੇ ਪਿਆਰੇ ਦੀ ਹਸਤੀ ਤੇ ਹੋਂਦ ਦੇ ਮਾਣ ਨਾਲ ਸਰੂਰ ਵਿਚ ਰਹਿੰਦਾ ਸੀ, ਹਾਂ ਉਸ ਉਡੀਕ ਵੰਦ ਬੀਬੀ ਦੇ ਨੈਣਾਂ ਦੀ ਝੋਲੀ ਵਿਚ ਅਣਮੰਗੇ ਦਰਸ਼ਨਾਂ ਦੇ ਦਾਨ ਆ ਪਏ। ਚਰਨਾਂ ਤੇ ਢੱਠੀ, ਸਲਾਮਾਲੇਕੀ ਤੋਂ ਅੱਗੇ ਨਾ ਸਿਖੇ ਹੱਥ ਚਰਣਾਂ ਤੇ ਜਾ ਲਗੇ। ਛੁਹੰਦਿਆਂ ਝਰਨਾਟ ਪਈ ਆਤਮ ਰਸ ਦੀ ਆਪੇ ਵਿਚ ਨਿਮਗਨਤਾ ਹੋ ਗਈ, ਗੁੰਮ ਹੋ ਗਈ। ਹਾਂ ਰਸ ਵਿਚ ਗੁੰਮ ਹੋ, ਆਪੇ ਵਿਚ ਗੁੰਮ ਹੈ: ਪਰ ਗੁਆਚੀ ਨਹੀਂ, ਕਿਸੇ ਹੋਰ ਹੋਸ਼ਾਂ ਦੇ ਦੇਸ਼ ਵਿਚ ਵੇਖ ਰਹੀ ਹੈ ਨਜ਼ਾਰਾ ਅਸਲੀ 'ਹੋਂਦ' ਦਾ ਤੇ ਡੁੱਬ ਰਹੀ ਹੈ ਕਿਸੇ ਰੰਗ ਰਸ ਓਸ ਵਲੈਤ ਦੇ। ਹਾਂ, ਸਤਿਗੁਰ ਨੇ ਸਿਰ ਚਾਯਾ। ਬਾਹਰ ਦਰਸ਼ਨ ਹਨ, ਪਰ ਸਿਰ ਵਿਚ ਉੱਜਲਤਾ ਹੈ; ਕਿਹੋ ਜੇਹੀ? ਚੰਦ ਸੂਰਜ ਮੈਲੇ ਦਿਸਦੇ ਹਨ। ਸਚ ਮੁਚ ਅੰਦਰਲੀ ਉੱਜਲਤਾ ਸੂਰਜ ਚੰਦ ਨੂੰ ਮੈਲਿਆਂ ਦਿਖਾ ਰਹੀ ਹੈ[1]।

ਜ਼ਬੀਦਾ ਨੂੰ ਕੀ ਪਤਾ ਸੀ ਕਿ ਇਹ ਮਿਹਰ ਹੋ ਜਾਣੀ ਹੈ। ਤੇ ਅਣਮੰਗੀ, ਉਹ ਤਾਂ ਉਡੀਕ ਰਹੀ ਸੀ ਆਪਣੀ ਨਿਮਾਣੀ ਭੇਟਾ ਦੇ ਸੁਖ ਸੁਨੇਹੇ। ਜੇ ਉਹਨੂੰ ਕੋਈ ਦਿਲ ਉਦਰੇਵੇਂ ਦਾ ਤ੍ਰੁੰਗ ਲੰਘਦਾ ਸੀ ਤਾਂ ਅਬਦੁਲ ਰਹਿਮਾਨ ਦੀ ਗੁਸਤਾਖ਼ੀ ਦੀ ਸੁਣੀ ਗੱਲ ਦਾ। ਚਾਹੁੰਦੀ ਸੀ ਕਾਸ਼:! ਮੈਂ ਕਦੇ ਨਾਂ ਸੁਣਦੀ ਉਹ ਗਲ, ਪਰ ਉਸਦੇ ਭਾਗ ਜਾਗੇ. ਤੱਕੋ ਕਿ ਹੁਣ ਉਸਦੇ ਕੰਨੀਂ ਖ਼ਬਰ ਪਈ ਕਿ ਪੀਰ ਜੀ ਬੀ ਪੀਰੀ ਦੀ ਅੰਦਰਲੀ ਕਸਰ ਤੋਂ ਛੁਟਕੇ ਸੱਚੀ ਮੁਰੀਦੀ ਦੀ ਅਰੋਗਤਾ ਵਿਚ ਆਕੇ 'ਆਪ' ਜੀ ਦੀ ਮਿਹਰ ਦੇ ਪਾਤ੍ਰ ਹੋ ਗਏ ਹਨ ਤੇ ਤਰ ਗਏ ਹਨ। ਹਾਂ, ਪੀਰ ਜੀ ਤਾਰਨਗੇ ਹੁਣ ਉਹਨਾਂ ਨੂੰ ਜੋ ਉਨ੍ਹਾਂ ਦੇ ਮੁਰੀਦ ਹਨ ਤੇ ਕਸਰ ਵਿਚ ਹਨ। ਖਾਨਮ ਦੀ ਖੁਸ਼ੀ ਦੀ ਹੱਦ ਨਾ ਰਹੀ, ਸਦਕੇ ਸਦਕੇ ਪਈ ਹੋਵੇ। ਮਲਕੜੇ ਮਲਕੜੇ ਧਰਤੀ ਤੇ ਪੈ ਰਹੇ ਬਰਫ ਦੇ 'ਰੂੰ-ਗੁਹੜਿਆਂ' ਵਾਂਕੂ ਕਦਮ ਧਰਦੀ ਹੈ, ਕੰਮ ਕਾਜ ਕਰਦੀ ਹੈ; 'ਆਪ' ਜੀ ਦੇ ਸੁਖ ਦੇ ਸਾਰੇ ਸਾਮਾਨ ਕਰਦੀ ਹੈ। ਸੋਚਦੀ ਹੈ ਅਜ ਅਸਾਂ ਗ਼ਰੀਬਾਂ ਦੇ ਘਰ ਆਪ ਜੀ ਪ੍ਰਾਹੁਣੇ ਹਨ, ਦੁਨੀਆਂ ਨੂੰ ਪਾਲਣਹਾਰ ਦਾਤੇ ਅੱਜ ਸਾਡੇ ਘਰ ਆਏ ਹਨ, ਸਾਨੂੰ ਮਾਣ ਦੇਣ ਅਪਣੀ ਸੇਵਾ ਦਾ। ਬੇਲੋੜ ਤੇ ਬੇਚਾਹ ਜੀ ਆਏ ਹਨ ਜਿਕੂੰ ਕਿਸੇ ਸੇਵਾ ਦੀ ਚਾਹ ਹੈ, ਨਹੀਂ, ਸਭ ਖ਼ਿਦਮਤਾਂ ਤੋਂ ਬੇਨਿਆਜ਼ ਬੇਪਰਵਾਹ ਆਏ ਹਨ ਮਾਣ ਬਖਸ਼ਣ ਟਹਿਲੇ ਦਾ।

ਇਕ ਰਾਤ ਲਈ ਰੈਣ ਬਸੇਰਾ ਕਰਨ ਆਏ ਸਨ, ਪਰ ਦੰਪਤੀ ਦੇ ਪ੍ਰੇਮ ਨੇ ਦੋ ਦਿਨ ਰੱਖ ਲਏ। ਦੇਖੋ ਜੀ, ਆਪ ਪ੍ਰਾਹੁਣੇ ਹਨ ਅਜ ਜਨਮ ਦੇ ਮੁਸਲਮਾਨਾਂ ਦੇ, ਹਾਂ ਜਨਮ ਤੋਂ ਪਠਾਣਾਂ ਦੇ। ਜੋ

---

[1] ਜੈਸਾ ਕਬੀਰ ਜੀ ਦਾ ਵਾਕ ਹੈ:-
ਰਵਿ ਮੈਲਾ ਮੈਲਾ ਹੈ, ਚੰਦ। {ਭੈਰ:ਕ:}


www.sikhbookclub.com

ਸਤਿਗੁਰੂ ਜੀ ਕਹਿੰਦੇ ਹਨ ਕਿ-

ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥

ਓਹ ਕਹਿਕੇ ਕਰਨ ਵਾਲੇ, ਕਰਨੀ ਤੇ ਰਹਿਣੀ ਦੇ ਸੂਰੇ; ਜ਼ਾਤ, ਜਨਮ; ਕੁਲ, ਮਤ, ਸਭ ਵਿਚ ਸਭ ਤੋਂ ਬਾਹਰ; ਇਕ ਨਾਮ ਦੇ ਗ੍ਰਾਹਕ; ਇਕ ਪ੍ਰੇਮ ਦੇ ਭੁੱਖੇ, ਇਕ ਸੱਚ ਦੇ ਕਦਰਦਾਨ ਤੇ ਸਾਰੇ ਦਾਨਾਂ ਦੇ ਦਾਤੇ, ਵਰਤ ਕੇ, ਕਰਕੇ ਦੱਸ ਰਹੇ ਹਨ ਕਿ ਨਾਮ ਵਿਚ ਜੀ ਉਠਿਆਂ ਦਾ ਪ੍ਰੇਮ ਉਹਨਾਂ ਦਾ ਪ੍ਰੇਮ ਹੈ ਤੇ ਕੋਈ ਵਿਖੇਵਾਂ ਉਹਨਾਂ ਦੇ ਅੰਦਰ ਕਿਸੇ ਨਾਲ ਨਹੀਂ। ਜੋ ਗੁਰੂ ਨਾਨਕ ਗੋਦੀ ਵਿਚ ਆਇਆ, ਨਾਮ ਜਪਕੇ ਜੀਵਿਆ; ਉਹ ਮਾਨੋ ਗੁਰੂ ਡਾਲ ਨਾਲ ਪੈਵੰਦ ਹੋ ਗਿਆ, ਗੁਰੂ ਵਾਹਿਗੁਰੂ ਨਾਲ ਲਗਾ ਹੈ, ਸੋ ਉਹ ਇਥੇ ਵਾਹਿਗੁਰੂ ਰੂਪੀ ਰੁੱਖ ਨਾਲ ਲੱਗਕੇ ਉਸ ਦੀ ਜੀਉਂਦੀ ਜਾਗਦੀ ਸਾਵੀ ਸਾਵੀ ਹਰੀ ਹਰੀ ਟਾਹਣੀ ਹੋ ਝੂਲਿਆ।

ਹਾਂ, ਰਹੇ ਦਾਤਾ ਜੀ ਦੋ ਦਿਨ ਇਨ੍ਹਾਂ ਜੀ ਉੱਠੇ ਸੱਜਣਾਂ ਦੇ ਘਰ, ਭਾਗ ਲਾਏ ਨਾਮ ਰੱਤਿਆਂ ਨੂੰ। ਮਾਲੋ ਆਇਆ ਅਪਣੇ ਮਿੱਤ੍ਰ ਦੇ ਘਰ, ਜਿਸ ਨੂੰ ਮਾਲੋਨੇ ਸ਼ਹੁ ਦਾ ਪਤਾ ਦੱਸਿਆ ਸੀ; ਜਿਸ ਮਾਲੋ ਨੇ ਪਿਆਰੇ ਦੇ ਦੁਆਰੇ ਘੱਲਿਆ ਸੀ, ਉਸ ਅਪਣੇ ਮਿੱਤ੍ਰ ਉਖਾਰੇ ਦੇ ਘਰ ਪ੍ਰੀਤਮ ਜੀ ਦੇ ਦਰਸ਼ਨ ਦਾ ਉਹ ਨਜ਼ਾਰਾ ਤੱਕਿਆ ਜੋ ਮਾਲੋ ਨੂੰ ਮੌਲਾ ਗਿਆ, ਮਾਲੋ ਦੀਆਂ ਖੁਸ਼ੀਆ ਦਾ ਆਰ ਪਾਰ ਨਾ ਰਿਹਾ। ਇਹੋ ਆਤਮ ਪਿਆਰ ਹੈ। ਖਿੜਨਾ ਖਿੜਾਉਣਾ, ਪਿਆਰਿਆਂ ਦੇ ਸੁਖਾਂ ਨਾਲ ਸੁਖੀ ਹੋਣਾ, ਪਿਆਰਿਆਂ ਦੇ ਰਸ ਨਾਲ ਰਸ ਮਾਣਨਾ।

ਦੋ ਦਿਨ ਰਹੇ ਮਾਲਕ ਜੀ ਉਮਰਾ ਖਾਂ ਦੇ ਘਰ, ਤਿੱਲੇ ਦੀਆਂ ਤਾਰਾਂ ਦਾ ਬਾਫਤਾ ਪਵਿੱਤ੍ਰ ਹੋਇਆ। ਹੁਣ ਸ੍ਰੀ ਗੁਰੂ ਜੀ ਨੇ ਬਾਫਤਾ ਸਿਰੋਪਾ ਵਜੋਂ ਬਖਸ਼ਿਆ ਉਸੇ ਸੁਭਾਗ ਜੋੜੀ ਨੂੰ। ਫਿਰ ਕਰਤਾਰ ਪੁਰੇ ਗਏ ਪਜਾਰੇ ਮਿੱਠੀ ਮਿੱਠੀ ਸਮੀਰ ਵਾਂਙੂ:-

ਦ੍ਵੈ ਦਿਉਸਨ ਲੌ ਰਹੇ ਮਦਨ ਤਿਹ।
ਜਾਗੇ ਮਸਤਕ ਭਾਗ ਬਡੇ ਜਿਹ।
ਪੁਨ ਕਰਤਾਰ ਪੁਰੇ ਚਲਿ ਆਏ।
ਜਿਨ ਹੰਕਾਰੀ ਪੈਰੀਂ ਪਾਏ।

(ਗੁ: ਨਾ: ਪ੍ਰ:)

ਸੂਚਨਾ-ਕਰਤਾਰ ਪੁਰ ਵਿਚ ਹੋਏ ਕੁਛਕੁ ਪ੍ਰਸੰਗ ਏਹ ਹਨ:-

## ੮੭. ਸ੍ਰੀ ਸੀਹਾਂ ਉੱਪਲ [੧]

੧.

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥ ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥ ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥ ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥ ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥ ੪੨॥ (ਸਵਈਏ ਮ: ੪ ਕੇ)

ਦੋਏ ਹੱਥ ਜੋੜ ਲਓ, ਨੈਣ ਮੁੰਦ ਲਓ, ਦਿਲ ਵਿਚੋਂ ਸਭ ਸੋਚਾਂ ਇਕ ਛਿਨ ਲਈ ਹੱਕ ਕੇ ਬਾਹਰ ਕਰ ਦਿਓ। ਧਿਆਨ ਕਰੋ ਸ੍ਰੀ ਗੁਰੂ ਸਚੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਕਮਲਾਂ ਦਾ ਤੇ ਪਯਾਰ ਨਾਲ ਤੱਕਕੇ: ਸ਼ੁਕਰ ਵਿਚ ਆਖੋ,-"ਧੰਨ ਸ੍ਰੀ ਗੁਰੂ ਨਾਨਕ ਦੇਵ। " ਤੇ ਮੁੜ ਆਖੋ: "ਧੰਨ ਸ੍ਰੀ ਗੁਰੂ ਨਾਨਕ ਦੇਵ। " ਤੇ ਫਿਰ ਆਖੋ: "ਧੰਨ ਸ੍ਰੀ ਗੁਰੂ ਨਾਨਕ ਦੇਵ। " ਜਿੰਨਾਂ ਚਿਰ ਚਿੱਤ ਸੁਆਦ ਨਾਲ ਆਖੀ ਜਾਵੇ "ਧੰਨ ਸ੍ਰੀ ਗੁਰੂ ਨਾਨਕ ਦੇਵ" ਉੱਨਾਂ ਚਿਰ ਆਖੀ ਜਾਓ[੨] ਤੇ ਰਸ ਮਾਣੀ ਜਾਓ ਆਪਣੇ ਮਨ ਦੇ ਆਪਣੇ ਸਤਿਗੁਰ ਜੀ ਦੇ ਨਾਲ ਜੁੜਨ ਦਾ। ਜਦੋਂ ਮਨ ਉੱਠੇ ਤਾਂ ਖਿਆਲ ਕਰੋ ਕਿ ਤੁਸੀਂ ਅੱਜ ਤੋਂ ਸੈਂਕੜੇ ਵਰ੍ਹੇ ਪਿੱਛੇ ਚਲੇ ਗਏ ਹੋ। ਦੇਖੋ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ

---

[੧] ਇਹ ਪ੍ਰਸੰਗ ਗੁਰਪੁਰਬ ਪੂਨਮ ਸੰ: ਗੁ: ਨਾ: ਸਾ: ੪੬੬(੧੯੩੪ ਈ:) ਨੂੰ ਖਾ: ਸਮਾ: ਵਿਖੇ ਪ੍ਰਕਾਸ਼ਤ ਹੋਯਾ ਸੀ।
[੨] ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥ (ਭੈਰਉ ਮ:੫)

ਪੁਰ ਵਿਚ ਜੋਤਿ ਜਗਾਈ ਬੈਠੇ ਹਨ, ਆਸਾ ਦੀ ਵਾਰ ਦਾ ਭੋਗ ਪੈ ਚੁੱਕਾ ਹੈ, ਕੜਾਹ ਪ੍ਰਸ਼ਾਦ ਵਰਤ ਚੁਕਾ ਹੈ, ਸੰਗਤ ਵਿਦਾ ਹੋ ਰਹੀ ਹੈ ਤੇ ਆਪਣੇ ਆਪਣੇ ਡੇਰੇ ਜਾ ਰਹੀ ਹੈ, ਜੋ ਸਜਣ ਰਾਤ ਨਵੇਂ ਆਏ ਸਨ, ਓਹ ਚਰਨਾਂ ਕਮਲਾਂ ਵਿਚ ਹਾਜ਼ਰ ਹੋ ਰਹੇ ਹਨ, ਆਪਣੀ ਮਨੋਕਾਮਨਾਂ ਕਹਿ ਰਹੇ ਤੇ ਪਾ ਰਹੇ ਹਨ। ਬਹੁਤੇ ਲੋਕੀਂ ਇਉਂ ਵਿਦਾ ਹੋ ਗਏ ਹਨ ਤਾਂ ਦੋ ਸੁਹਣੇ ਖੱਤ੍ਰੀ ਜ਼ਾਤ ਦੇ ਹੋਣਹਾਰ ਨੌ-ਜੁਆਨ, ਜੋ ਚਾਚੇ ਤਾਏ ਦੇ ਪੁਤ੍ਰ ਭਰਾ ਹਨ, ਅੱਖਾਂ ਨੀਵੀਆਂ ਪਾਈ ਹਾਜ਼ਰ ਹੁੰਦੇ ਹਨ, ਦੇਖੋ ਚਰਨਾਂ ਤੇ ਸੀਸ ਧਰਕੇ ਚੁਕਦੇ ਨਹੀਂ। ਸੁਹਣੇ ਸਲੋਨੇ ਨੈਣਾਂ ਵਾਲਾ, ਕਿਸੇ ਅਰਸ਼ੀ ਰੰਗ ਰੱਤੜੇ ਨੈਣਾਂ ਵਾਲਾ ਗੁਰੂ ਨਾਨਕ ਕ੍ਰਿਪਾਲੂ ਦ੍ਰਿਸ਼ਟੀ ਨਾਲ ਵੇਖਦਾ ਹੈ, ਮਿੱਠੇ ਮਿੱਠੇ ਵਾਕਾਂ ਨਾਲ ਆਖਦਾ ਹੈ-(ਹਾਂ, ਤੁਸੀਂ ਬੀ ਸੁਣੋਂ, ਪਿਆਰ ਨਾਲ ਸੁਣੋਂ ਗੁਰੂ ਬਾਬਾ ਆਖਦਾ ਹੈ:) 'ਕਰਤਾਰ ਭਲਾ ਕਰੇ। ਦੋਵੇਂ ਸਿਰ ਚਰਨਾਂ ਤੇ ਧਰੇ ਸੁਣਦੇ ਹਨ, ਤੇ ਰਸ ਵਿਚ ਆ ਰਹੇ ਹਨ, ਕੁਛ ਚਿਰ ਸਿਰ ਨਹੀਂ ਚੁੱਕਦੇ ਤਾਂ ਕ੍ਰਿਪਾਲੂ ਹੱਥ, ਸੁਹਣੇ ਕਮਲਾਂ ਵਰਗੇ ਕੂਲੇ ਹੱਥ, ਮਿਹਰਾ ਦੀ ਸੁਗੰਧਿ ਨਾਲ ਸੁਗੰਧੇ ਹੱਥ ਦੋਹਾਂ ਦੇ ਸਿਰਾਂ ਤੇ ਜਾ ਆਪਣੀ ਛੁਹ ਦੇਂਦੇ ਹਨ; ਹਾਂ ਉਹਨਾਂ ਸੁਖ ਦੇਣਹਾਰੇ ਹੱਥਾਂ ਨੇ ਸਿਰ ਚਾਕੇ ਕਿਹਾ: ਕਰਤਾਰ ਭਲਾ ਕਰੇ, ਸਾਵਧਾਨ ਹੋ ਜਾਓ।

ਦੁਏ ਸਿਰ ਉਠ ਰਹੇ ਹਨ, ਦਾਤੇ ਦਾ ਮਿਹਰਾਂ ਵਾਲਾ ਦਰਸ਼ਨ ਮਿਲ ਰਿਹਾ ਹੈ; ਫਿਰ ਸਿਰ ਝੁਕ ਰਹੇ ਹਨ। ਅਰਸ਼ੀ ਮਿਹਰਾਂ ਵਾਲਾ ਪੁੱਛਦਾ ਹੈ, 'ਕਹੋ ਭਾਈ ਕੌਣ ਹੋ ਤੇ ਕੀਹ ਚਾਹੁੰਦੇ ਹੋ ?' ਦੋਹਾਂ ਵਿਚੋਂ ਵੱਡਾ ਹੱਥ ਜੋੜ ਕੇ ਬੋਲਿਆ:-'ਦਾਤਾ ਗੁਰੂ ! ਦੋਏ ਚਾਚੇ ਤਾਇਓਂ ਭਰਾ ਹਾਂ, ਦਰਸ਼ਨ ਆਪ ਦਾ ਲੋਚਦੇ ਸਾਂ, ਅਜ ਮਿਹਰ ਹੋਈ ਹੈ। ਹੇ ਬਖਸ਼ਿੰਦ ਗੁਰੂ ਖ਼ੈਰ ਮੰਗਣ ਆਏ ਹਾਂ, ਦਰ ਦੇ ਸਵਾਲੀ ਹਾਂ, ਕੋਈ ਟੁੱਕ ਖ਼ੈਰ ਦਾ ਪੈ ਜਾਏ। ਦਾਤਾ ਜਓਿ! ਮੇਰਾ ਨਾਂ ਸ਼ੀਹਾਂ ਹੈ ਤੇ ਇਸ ਦਾ ਨਾਉਂ ਗੱਜਣ ਹੈ, ਦੋਏ ਅਸੀਂ 'ਉਪਲ' ਜ਼ਾਤ ਦੇ ਖੱਤ੍ਰੀ ਹਾਂ, ਪਰ ਕਾਹਦੀ ਜ਼ਾਤ ਤੇ ਕਾਹਦਾ ਨਾਉਂ, ਲੋਭੀ ਹਾਂ ਤੇ ਮੰਗਤੇ ਹਾਂ।

ਸ੍ਰੀ ਗੁਰੂ ਜੀ ਮੁਸਕ੍ਰਾਏ ਹਨ ਤੇ ਪੁੱਛਦੇ ਹਨ-'ਆਪਣਾ ਲੋਭ ਤੇ ਆਪਣੀ ਮੰਗ ਤਾਂ ਦੱਸੋ' ? ਤਦ ਸ਼ੀਹਾਂ ਬੋਲਿਆ:-

"ਚਤਰੁ ਪਦਾਰਥ ਦੇਹੁ ਪ੍ਰਭੂ ਜਨਮ ਮਰਨ ਕਟ ਫਾਸਿ ॥"

ਧਰਮ ਬੀ ਦਿਓ, ਪਦਾਰਥ ਬੀ ਦਿਓ, ਮਨੋ ਕਾਮਨਾਂ ਬੀ ਪੂਰਨ ਕਰੋ ਮੋਖ ਬੀ ਦਾਨ ਕਰੋ।

ਸ਼ਾਂਤੀ ਦੇ ਸਰੋਵਰ, ਪਰ ਹਾਸ ਰਸ ਦੇ ਬੀ ਆਸਰੇ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਬੋਲੇ: 'ਭਾਈ ਲੋਭੀ ਤਾਂ ਖਰੇ ਹੋ; ਇਕੋ ਮੰਗ ਵਿਚ ਚਾਰੇ ਗੱਲਾਂ ਮੰਗ ਲਈਆਂ ਨੇ, ਵਾਹ ਵਾਹ ! ਸੁਣੋਂ, ਕਰਤਾਰ ਭਲਾ ਕਰੇ ਨੇ। ਜੋ ਮਿਲਦਾ ਹੈ ਕਰਮਾਂ ਦੇ ਅਨੁਸਾਰ ਮਿਲਦਾ ਹੈ, ਜਿਹਾ ਕਿਸੇ ਕੀਤਾ ਤਿਹਾ ਪਾਇਆ ਹੈ, ਪਰ ਕਰਮ ਅਟਲ ਨਹੀਂ, ਅਸੀਂ ਹੀ ਇਸ ਦੇ ਕਰਨਹਾਰ ਹਾਂ, ਅਸੀਂ ਹੀ ਇਸ ਦਾ ਫਲ ਭੋਗਦੇ ਹਾਂ। ਜੋ ਅਸਾਂ ਕੀਤਾ ਹੈ ਉਸ ਨੂੰ ਮੁੜ ਫੇਰਨਾਂ ਬੀ ਸਾਡੇ ਵੱਸ ਹੈ, ਪਰ ਹੈ ਕਠਨ। ਹੱਥਾਂ ਦੀਆਂ ਦਿੱਤੀਆਂ ਖੁਲ੍ਹਦੀਆਂ ਤਾਂ ਹਨ, ਪਰ ਦੰਦਾਂ ਨਾਲ। ਨਹੀਂ ਤਾਂ ਕਰਮ ਬਲੀ ਹੈ, ਸਭ ਇਸ ਦੇ ਅਧੀਨ ਹਨ।

ਸੀਹਾਂ-ਦਾਤਾ! ਮਿਹਰ ਦੇ ਜਾਚਕ ਹਾਂ, ਰੇਖਾਂ ਤਾਂ ਵਹਿ ਚੁਕੀਆਂ ਤੇ ਸਾਡੇ ਕੀਤੇ ਅਨੁਸਾਰ ਵਹਿ ਚੁੱਕੀਆਂ। ਪੰਡਤ ਦਾਨੇ ਕਹਿੰਦੇ ਹਨ ਕਿ ਟਲਣਗੀਆਂ ਨਹੀਂ, ਇਕ, ਹੇ ਦਾਤਾ! ਤੂੰ ਨਿਰਆਸਿਆਂ ਵਿਚ ਆਸਾ ਬੰਨ੍ਹਣ ਵਾਲਾ ਹੈਂ ਜੋ ਫੁਰਮਾਉਂਦਾ ਹੈਂ ਕਿ ਰੇਖਾਂ ਮਿਟ ਸਕਦੀਆਂ ਹਨ ਪਰ ਕਠਿਨਤਾ ਨਾਲ। ਪਰ ਦਾਤਾ ਜੀ ਅਸੀਂ ਨਿਤਾਣੇ ਹਾਂ, ਤੂੰਹੋਂ ਕੋਈ ਮੇਖ ਮਾਰ ਜੋ ਰੇਖਾਂ ਮਿਟ ਜਾਣ ਤੇ ਮਨ ਵਾਂਛਿਤ ਫਲ ਮਿਲ ਪਵੇ।

ਸ੍ਰੀ ਗੁਰੂ ਜੀ-ਮੇਖ ਮੇਰੇ ਮਾਹਿਆਂ ਜੇ ਇਕ ਵੇਰ ਰੇਖਾਂ ਮਿੱਟ ਬੀ ਗਈਆਂ ਤਾਂ ਤੁਸਾਡੇ ਸੁਭਾਵ ਫਿਰ ਉਹੋ ਰੇਖਾਂ ਪਾਉਣ ਲਗ ਜਾਣਗੇ! ਮਨੋਂ ਵਾਂਛਿਤ ਜੇ ਮਿਲ ਗਿਆ ਤਾਂ ਸੁਭਾਵ ਉਸ ਮਿਲੇ ਨੂੰ ਉਸੇ ਪਾਸੇ, ਮਨ ਦੇ ਰਸਾਂ ਵਿਚ, ਵਰਤੇਗਾ। ਹਾਥੀ ਦੇ ਹੱਥ ਪੈਰ ਮੋਕਲੇ ਹੋ ਜਾਣ ਤੇ ਖੁੱਲ੍ਹਾ ਜਲ ਮਿਲ ਜਾਏ ਤਾਂ ਨ੍ਹਾ ਧੋ ਸੁੱਛ ਹੋ ਜਾਏਗਾ ਪਰ ਮੁੜ ਛਾਰ ਹੀ ਉਡਾਏਗਾ। ਇਸ ਪਰ ਇਕ ਦ੍ਰਿਸ਼ਟਾਂਤ ਸੁਣੋ: ਇਕੇਰਾਂ ਇਕ ਏਕਾਂਤ ਵਾਸੀ ਤਪੱਸ੍ਵੀ ਨਗਰੀ ਵਿਚ ਆਇਆ, ਇਕ ਦੁਖੀਏ ਕੰਗਾਲ ਰੋਗੀ ਤੇ ਤਰਸ ਕਰਕੇ ਉਸ ਨੂੰ ਰਾਜ਼ੀ ਕਰ ਦਿੱਤੋਸੁ,

ਵਰ ਦੇਕੇ ਪਦਾਰਥ ਵਾਲਾ ਬੀ ਕਰ ਦਿੱਤੋਸੁ, ਪਰ ਦੇਖੋ ਕਿ ਉਹ ਆਦਮੀ ਉਨ੍ਹਾਂ ਹੀ ਮਾੜੇ ਕਰਮਾਂ ਵਿਚ, ਉਨ੍ਹਾਂ ਹੀ ਭੋਗਾਂ ਵਿਚ ਮਗਨ ਹੋ ਗਿਆ, ਜਿਨ੍ਹਾਂ ਕਰਕੇ ਉਹ ਪਹਿਲੋਂ ਰੋਗੀ, ਕੰਗਾਲ ਤੇ ਦੁਖੀ ਹੋਇਆ ਸੀ। ਉਸ ਤਪੀ ਨੂੰ ਹੈਰਾਨੀ ਹੋਈ ਕਿ ਇਸ ਦੁਖੀਏ ਰੋਗੀ ਨੂੰ ਮੈਂ ਰਾਜ਼ੀ ਕੀਤਾ ਸੀ, ਚਾਹੀਦਾ ਸੀ ਕਿ ਉਸ ਵਿਚ ਸ਼ੁਕਰਾਨਾ ਆਉਂਦਾ, ਜਿਨ੍ਹਾਂ ਕਰਮਾਂ ਦੇ ਮਾੜੇ ਫ਼ਲਾਂ ਦਾ ਉਹ ਜਾਣੂ ਸੀ, ਜਿਨ੍ਹਾਂ ਤੋਂ ਦੁਖ ਪਾ ਰਿਹਾ ਸੀ ਉਨ੍ਹਾਂ ਕਰਮਾਂ ਵਿਚ ਮੁੜ ਨਾ ਪੈਂਦਾ, ਇਹ ਕੀਹ ਹੋਇਆ ਜੋ ਦੁੱਖ ਪਾਕੇ ਬੀ ਫੇਰ ਉਹ ਉਹਨਾਂ ਹੀ ਮਾੜੇ ਕਰਮਾਂ ਵਿਚ ਲਗ ਗਿਆ ? ਸੋ ਹੇ ਸ਼ੀਹਾਂ! ਗੱਜਣ ! ਭਾਈ ਤੁਸੀਂ ਦੱਸੋ ਕਿ ਉਸ ਤਪੱਸ੍ਰੀ ਨੇ ਕੀਹ ਭੁੱਲ ਕੀਤੀ ਸੀ?

ਦੋਏ ਬੋਲੇ: ਦਾਤਾ! ਆਪ ਮਿਹਰ ਕਰੋ, ਸਾਡੀ ਸਮਝੇ ਤਾਂ ਉਸ ਦਾ ਉਪਕਾਰ ਹੀ ਪੈਂਦਾ ਹੈ, ਭੁੱਲ ਨਹੀਂ ਪੈਂਦੀ।

ਸ੍ਰੀ ਗੁਰੂ ਜੀ-ਭਾਈ ! ਉਸ ਦੁਖੀਏ ਦਾ ਸੁਭਾਵ ਜੋ ਉਹੋ ਸੀ, ਉਸ ਨੇ ਰਾਜ਼ੀ ਹੋ ਕੇ ਹੋਰ ਕੀਹ ਕਰਨਾ ਸੀ? ਉਹੋ ਕੁਛ ਕਿ ਜੋ ਉਸ ਦਾ ਸੁਭਾਵ ਸੀ। ਤਪੀ ਨੂੰ ਚਾਹੀਦਾ ਸੀ ਕਿ ਉਸ ਦੇ ਸੁਭਾਵ ਨੂੰ ਠੀਕ ਕਰਨ ਦਾ ਉਪਰਾਲਾ ਦੱਸਦਾ, ਤਾਂ ਜੋ ਕਰਮ ਪਰ ਉਸ ਦੁਖੀਏ ਨੂੰ ਕੁਦਰਤ ਪ੍ਰਾਪਤ ਹੁੰਦੀ, ਜਦ ਸੁਭਾਵ ਸੌਰਦਾ ਤਾਂ ਮੁੜ ਉਸ ਕਰਮ ਵਿਚ ਨਾ ਪੈਂਦਾ[1]। ਤੁਸਾਨੂੰ ਪਤਾ ਹੈ ਕਿ ਸੁਭਾਵ ਕੀਕੂੰ ਬਣਦਾ ਹੈ? ਇਕੋ ਕਰਮ ਨੂੰ ਬਾਰ ਬਾਰ ਕਰਨੇ ਨਾਲ ਉਸ ਕਰਮ ਦੇ ਕਰਨ ਦਾ ਸੁਭਾਵ ਬਣ ਜਾਂਦਾ ਹੈ। ਸੁਭਾਵ ਫੇਰ ਸੁਖਾਂ ਦੁਖਾਂ ਦਾ ਦਾਤਾ ਹੋ ਜਾਂਦਾ ਹੈ। ਫੇਰ ਭੈੜੇ ਕਰਮਾਂ ਦਾ ਦੂਸਰਾ ਫਲ 'ਦੁੱਖ' ਆਉਂਦਾ ਹੈ: ਦੁੱਖਾਂ ਦੇ ਭਾਰ ਹੇਠ ਲੱਦਿਆ ਜੀਵ ਕੁਛ ਸੂਤ ਹੋਕੇ ਟੁਰਦਾ ਹੈ। ਜੇ ਦੁਖ ਦੂਰ ਹੋ ਜਾਏ ਤੇ ਸੁਭਾਵ ਨਾ ਬਦਲੇ ਤਾਂ ਮੁੜ ਸੁਭਾਵ ਵਸ ਮਾੜੇ ਕਰਮ ਕਰਦਾ ਹੈ। ਜੇ ਸੁਭਾਵ ਬਦਲ ਜਾਵੇ ਤਾਂ 'ਦੇਵ ਸੁਭਾਵ' ਕਰ ਲੈਣ ਨਾਲ ਅਰੋਗ ਹੋਕੇ ਉਨ੍ਹਾਂ ਕਰਮਾਂ ਤੋਂ ਬਚਕੇ ਸੁਖੀ ਹੁੰਦਾ ਹੈ। ਸੋ ਅਸੀਂ ਤੁਹਾਨੂੰ ਉਹ ਕੁਛ ਦਿਤਾ ਚਾਹੁੰਦੇ ਹਾਂ ਜਿਸ ਨਾਲ ਤੁਹਾਡਾ ਸੁਭਾਉ ਬੀ ਪਲਟੇ ਤੇ ਜਿਸ ਦੇ ਮਗਰ ਮਗਰ ਸਾਰੇ ਪਦਾਰਥ ਫਿਰਦੇ ਹੋਣ। ਸੁਭਾਵ ਬਦਲੇ ਤੇ ਪਦਾਰਥਾਂ ਦਾ ਤੁਸੀਂ ਯੋਗ ਵਰਤਾਉ ਕਰੋਗੇ ਤੇ ਫੇਰ ਖੋਟੇ ਕਰਮ ਕਰਕੇ ਮੁੜ ਦੁਖਾਂ ਦੇ ਜਾਲ ਵਿਚ ਨਹੀਂ ਫਸੋਗੇ।

ਸ਼ੀਹਾਂ-ਪਾਤਸ਼ਾਹ ! ਅਸੀਂ ਹਿੰਮਤੋਂ ਹੀਣੇ ਹਾਂ, ਆਪ ਹੀ ਕੋਈ ਮਿਹਰ ਕਰੋ[1]:-

ਸ੍ਰੀ ਗੁਰੂ ਜੀ ਨੇ ਇਹ ਸੁਣਕੇ ਜੋ ਉਤਰ ਦਿੱਤਾ ਉਹ ਇਸ ਪ੍ਰਕਾਰ ਦਾ ਸੀ।

ਉਹ ਵਸਤੂ 'ਨਾਮ' ਹੈ। ਤੁਸੀਂ ਭਾਈ ਸਤਿਸੰਗ ਕਰਿਆ ਕਰੋ ਤੇ 'ਵਾਹਿਗੁਰੂ' ਦਾ ਨਾਮ ਜਪਿਆ ਕਰੋ। ਇਹ ਜਾਪ ਸਿਮਰਨ ਹੋ ਜਾਏਗਾ, ਸਿਮਰਨ ਤੁਹਾਡੇ ਮਨ ਦੇ ਅੱਗੇ 'ਨਾਮੀ' ਦੀ ਯਾਦ-ਜਿਸ ਦਾ ਕਿ ਇਹ ਨਾਮ ਹੈ-ਬਣਾਈ ਰੱਖੇਗਾ। ਸੋ ਇਸ ਨਾਲ ਸੁਭਾਉ ਬਦਲਨਾ ਆਰੰਭ ਹੋਵੇਗਾ। ਉਹ ਐਉਂ ਕਿ ਅੰਦਰੋਂ ਮੰਦੇ ਸੰਕਲਪ ਘਟਣਗੇ, ਉਹ ਇਸ ਤਰ੍ਹਾਂ ਘਟਣਗੇ ਕਿ ਜਦ ਤੁਸਾਨੂੰ ਹਰ ਵੇਲੇ ਪ੍ਰਮੇਸ਼ਰ ਯਾਦ ਰਹੇਗਾ ਤਾਂ ਮੰਦੇ ਸੰਕਲਪ ਅੰਦਰੋਂ ਆਪੇ ਘਟਦੇ ਘਟਦੇ ਦੂਰ ਹੋ ਜਾਣਗੇ। ਸਭ ਤੋਂ ਚੰਗਾ ਵਾਹਿਗੁਰੂ ਹੈ, ਉਸ ਚੰਗੇ ਦੀ ਯਾਦ ਅੰਦਰ ਚੰਗਿਆਈ ਭਰੇਗੀ ਤੇ ਮੰਦਿਆਈ ਤੋਂ ਵਰਜੇਗੀ। ਫੇਰ, ਤੁਸੀਂ ਪ੍ਰਤੀਤ ਕਰੋਗੇ ਕਿ ਵਾਹਿਗੁਰੂ ਸਾਨੂੰ ਯਾਦ ਹੈ; ਉਹ ਸਾਡੇ ਨਾਲ ਹੈ, ਉਹ ਸਾਡੇ ਮਨ ਨੂੰ ਤੇ ਕਰਮਾਂ ਨੂੰ ਦੇਖਦਾ ਹੈ[2] ਐਉਂ ਤੁਸੀਂ ਪ੍ਰਤੀਤ ਕਰਦੇ ਕਰਦੇ ਇਸ ਪ੍ਰਤੀਤੀ ਵਿਚ ਆ ਜਾਓਗੇ ਕਿ ਅਸੀਂ ਉਸ ਦੀ ਹਜ਼ੂਰੀ ਵਿਚ ਵੱਸਦੇ ਹਾਂ। ਜੀਕੂੰ ਹੁਣ ਤੁਸੀਂ ਮੇਰੇ ਸਾਹਮਣੇ ਮੇਰੀ ਹਜ਼ੂਰੀ ਵਿਚ ਮਾੜਾ ਕਰਮ ਨਹੀਂ ਕਰੋਗੇ, ਤਿਵੇਂ ਤੁਸੀਂ ਕਰਤਾ ਪੁਰਖ ਦੀ ਹਜ਼ੂਰੀ ਦੀ ਪ੍ਰਤੀਤੀ ਵਿਚ ਆਕੇ ਫੇਰ ਕਰਮ ਕਰਨ ਲਗੇ

---

[2] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ:-
ਖਰ ਕਾ ਪੈਖਰ ਤਉ ਛੁਟੈ ਜਉ ਊਪਰਿ ਲਾਦਾ॥
{ਬਿ:ਮਹਲਾ ੫}

[1] ਅਗਲੀ ਇਬਾਰਤ ਵਿਚ ਜੋ ਭਾਵ ਹਨ ਸੋ ਗੁਰਬਾਣੀ ਦਾ ਤੱਤਸਾਰ ਹਨ ਪਰ ਸੁਗਮ ਕਰਕੇ ਵਿਸਥਾਰ ਨਾਲ ਲਿਖੇ ਗਏ ਹਨ ਜੋ ਜਗਯਾਸੂਆਂ ਨੂੰ ਸਮਝੇ ਪੈ ਜਾਣ।

[2] ਜੋ ਕਛੁ ਕਰੀ ਸੁ ਤੇਰੈ ਹਦੂਰਿ ॥ {ਸਿਰੀ ਰਾਗ ਮ:੧}

ਮੰਦੇ ਕਰਮ ਵਲੋਂ ਰੁਕ ਜਾਇਆ ਕਰੋਗੇ। ਤੁਹਾਡਾ ਅੰਦਰਲਾ ਮਾੜਾ ਕਰਮ ਕਰਨ ਵੇਲੇ ਅਵਾਜ਼ ਦੇਵੇਗਾ ਕਿ ਭਾਈ ਤੈਨੂੰ ਕਰਤਾਰ ਵੇਖਦਾ ਹੈ, ਤੂੰ ਹਜ਼ੂਰੀ ਵਿਚ ਵਸਦਾ ਹੈਂ, ਤੂੰ ਨਹੀ ਮਾੜਾ ਕਰਮ ਕਰਨਾ, ਇਉਂ ਤੁਹਾਡਾ ਸੁਭਾਵ ਸੁਧਰਦਾ ਜਾਏਗਾ। ਇਹ ਤੁਸੀਂ ਜਾਣਦੇ ਹੀ ਹੋ ਕਿ ਸਾਰੇ ਗੁਣਾਂ ਦਾ ਸਮੂਹ ਕਰਤਾਰ ਹੈ, ਉਸ ਦਾ ਚਿੰਤਨ ਸਾਡੇ ਅੰਦਰ ਨੂੰ ਉਸ ਦੇ ਗੁਣਾਂ ਦੀ ਪਾਹ ਲਾਕੇ ਸ੍ਵਛ ਕਰ ਦੇਵੇਗਾ[੧]।

ਸੀਹਾਂ ਗੱਜਣ ! ਭਾਈ, ਮਨੁੱਖ ਜੋ ਕੁਛ ਸੋਚਦਾ ਰਹੇ ਉਹੋ ਕੁਛ ਬਣ ਜਾਂਦਾ ਹੈ। ਜੋ ਕੁਛ ਤੁਸੀਂ ਵਿਚਾਰਦੇ ਸੋਚਦੇ ਰਹੋਗੇ ਉਸੇ ਦਾ ਰੂਪ ਹੋ ਜਾਓਗੇ। ਚੋਰ ਦਿਨ ਰਾਤ 'ਹਿਰਨੇ' ਦਾ ਸੰਕਲਪ ਸੋਚਦਾ ਹੈ, ਉਹ ਚੋਰ ਹੋ ਜਾਂਦਾ ਹੈ, ਇਸੀ ਤਰ੍ਹਾਂ ਜੋ ਸਾਰੇ ਗੁਣਾਂ ਦੇ ਸਰੂਪ ਮਹਾਨ ਸ੍ਵਛ ਨਿਰਮਲ ਪਿਆਰ ਪੁੰਜ ਕਰਤਾਰ ਦੀ ਸੋਚ ਵਿਚ ਰਹੇਗਾ ਉਸ ਵਿਚ ਕਰਤਾਰ ਦੇ ਗੁਣਾਂ ਦਾ ਵਾਸਾ ਹੋ ਜਾਏਗਾ। ਅੱਠ ਪਹਿਰ ਕਰਤਾਰ ਦੀ ਵਿਚਾਰ ਵਿਚ ਰਹਿਣ ਵਾਲਾ ਕਰਤਾਰ ਵਾਂਙੂ ਸ਼ੁਭ ਗੁਣਾਂ ਵਾਲਾ ਹੋ ਜਾਂਦਾ ਹੈ। ਐਉਂ ਕਰਦਿਆਂ, ਐਉਂ ਮਨ ਵਟੀਂਦਿਆਂ ਸੁਭਾਵ ਵੱਟ ਜਾਏਗਾ[੨]। ਸੁਭਾਵ ਬਦਲੇ ਤੇ ਕਰਮ ਆਪੇ ਬਦਲ ਜਾਣੇ ਹੋਏ। ਜਦ ਕਰਤਾਰ ਦੇ ਚਿੰਤਨ[੩] ਨਾਲ ਸੁਭਾਵ ਤੇ ਕਰਮ ਬਦਲ ਗਏ ਤਦ ਧਰਮ ਆਪੇ ਮਿਲ ਗਿਆ। ਮਾੜੇ ਕਰਮਾਂ ਦਾ ਬਦਲਨਾ ਤੇ ਮਾੜੇ ਸੁਭਾਵ ਦਾ ਵਟੀਜਣਾ ਧਰਮ ਹੀ ਤਾਂ ਹੈ: ਇਉਂ ਮੋਖ ਬੀ ਮਿਲ ਗਈ; ਕਿਉਂਕਿ ਜੋ ਨਿਰਭੌ ਨੂੰ ਭਜਦਾ ਹੈ, ਉਹ ਨਿਰਭੌ ਹੋ ਜਾਂਦਾ ਹੈ। ਜੋ ਸਦਾ ਮੁਕਤਿ ਵਾਹਿਗੁਰੂ ਨੂੰ ਸਿਮਰਦਾ ਹੈ ਉਹ ਮੁਕਤਿ ਹੋ ਜਾਂਦਾ ਹੈ[੪]। ਫਿਰ ਭਾਈ ਜਿਸ ਨੂੰ ਧਰਮ ਮਿਲ ਜਾਂਦਾ ਹੈ ਤੇ ਮੋਖ ਪਦ ਦਿੱਸ ਪੈਂਦਾ ਹੈ, ਉਸ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ[੪]। ਜਿਸ ਦੀ ਤ੍ਰਿਸ਼ਨਾ ਦੂਰ ਹੋ ਗਈ, ਉਸ ਨੂੰ ਕਾਮਨਾਂ ਦੁਖ ਨਹੀਂ ਦੇਂਦੀਆਂ ਤੇ ਪਦਾਰਥਾਂ ਦੀ ਲੋੜ ਤੇ ਵਾਂਛਾ ਬੇਚੈਨ ਨਹੀਂ ਕਰਦੀਆਂ ਹਨ। ਐਸੇ ਪੁਰਖ, ਜੋ ਕਰਤਾਰ ਉਹਨਾਂ ਨੂੰ ਦੇਵੇ ਉਸ ਵਿਚ ਸੁਖੀ ਰਹਿੰਦੇ ਹਨ, ਅਰਥਾਤ ਸੰਤੋਖ ਰੂਪੀ ਧਨ ਉਹਨਾਂ ਨੂੰ ਕਦੇ ਥੁੜਨ ਨਹੀਂ ਦੇਂਦਾ। ਇਹ ਤਾਂ ਅੰਤਰ-ਆਤਮੇ ਅਰਥ ਤੇ ਕਾਮਨਾ ਦੀ ਪ੍ਰਾਪਤੀ ਹੋ ਜਾਂਦੀ ਹੈ। ਕੀਹ ? ਕਿ ਤ੍ਰਿਸ਼ਨਾ ਰਹਿਤ ਹੋ ਜਾਣਾ ਤੇ ਜੋ ਧਰਮ ਦੀ ਕਮਾਈ ਨਾਲ ਆਵੇ ਉਸ ਵਿਚ ਰਾਜ਼ੀ ਰਹਿਣਾ। ਦੂਸਰਾ ਵਰਤਾਰਾ ਇਸ ਪਾਸੇ ਟੁਰਿਆਂ ਇਹ ਦਿੱਸਦਾ ਹੈ ਕਿ ਜੋ ਤ੍ਰਿਸ਼ਨਾ ਤੋਂ ਭੱਜਦਾ ਹੈ, ਮਾਇਆ ਉਸ ਦੇ ਮਗਰ ਮਗਰ ਫਿਰਦੀ ਹੈ, ਸੋ ਨਾਮ ਵਾਲਿਆਂ ਦੇ ਮਾਇਆ ਮਗਰ ਹੁੰਦੀ ਹੈ। ਨਿਸ਼ਚੇ ਜਾਣੋ, ਗ਼ਰੀਬੀ ਅਮੀਰੀ ਵੱਖਰੀ ਗੱਲ ਹੈ, ਪਰ ਨਾਮੀ ਪੁਰਖ ਥੁੜਕੇ ਕਦੇ ਨਹੀਂ ਬਹਿੰਦਾ। ਉਸ ਦੇ ਹਾਨ ਲਾਭ ਦਾ ਰਾਖਾ ਕਰਤਾਰ ਆਪ ਹੁੰਦਾ ਹੈ। ਕਰਤਾਰ ਚਾਹੁੰਦਾ ਹੈ ਤਾਂ ਅਮੀਰੀ ਦੇਂਦਾ ਹੈ, ਚਾਹੁੰਦਾ ਹੈ ਤਾਂ ਮਿਤ ਵਿਚ ਰਖਦਾ ਹੈ, ਪਰ ਥੁੜਕੇ ਕਦੇ ਨਹੀਂ ਬਹਿਣ ਦੇਂਦਾ, ਮਾਇਆ ਤਾਂ ਕੀਹ ਰਿਧੀਆਂ ਸਿੱਧੀਆਂ ਬੀ ਨਾਮ ਰਸ ਦੇ ਮਗਰੇ ਮਗਰ ਹਨ [੫]।

ਸ਼ੀਹਾਂ-ਪਾਤਸ਼ਾਹ! ਨਾਮ ਆਪ ਨੇ ਆਗਜਾ ਕੀਤੀ ਹੈ 'ਵਾਹਿਗੁਰੂ' ਜਪਣਾ ਹੈ, ਕੁਛ ਸਮਝਕੇ ਕਿ ਉਵੇਂ ਹੀ ?

ਗੁਰੂ ਜੀ-ਜਿਸ ਨੂੰ ਇਹ ਪਦ ਜਣਾਉਂਦਾ ਹੈ ਉਸ ਦਾ ਖਿਆਲ ਅੰਦਰ ਲੈਕੇ ਉਸ ਦੇ ਗੁਣਾਂ ਦਾ, ਉਸ ਦੇ ਵਜੂਦ ਦਾ ਸਰੂਪ ਭਾਵ ਲੈਕੇ ਜਪਣਾ ਹੈ। ਇਕ ਪਦ ਹੁੰਦਾ ਹੈ ਇਕ ਉਸ ਦਾ ਅਰਥ ਯਾ ਨਿਸ਼ਾਨਾ ਹੁੰਦਾ ਹੈ। ਸੋ ਜਿਸ ਨੂੰ ਪਦ ਜਣਾਵੇ ਉਹ ਨਿਸ਼ਾਨਾ ਹੈ। ਉਸ ਵਿਚ ਖਿਆਲ ਲਾਕੇ ਨਾਮ ਜਪੀਦਾ ਹੈ। ਜਿਵੇਂ ਵਾਹਿਗੁਰੂ ਅਗੰਮ ਪਰਮੇਸ਼ੁਰ ਦਾ ਨਾਮ ਹੈ। ਜਦ ਅਸੀਂ ਜਪਾਂਗੇ ਤਾਂ ਵਾਹਿਗੁਰੂ ਪਦ ਦਾ ਇਹ ਭਾਵ ਖਿਆਲ ਵਿਚ ਵਸੇਗਾ।

---

[੧] ਅਨਦਿਨੁ ਸੂਚੇ ਹਰਿ ਗੁਣ ਸੰਗਾ ॥{ਆਸਾ ਮ:੧}
[੨] ਲਾਗੀ ਮੈਲੁ ਮਿਟੈ ਸਚ ਨਾਇ ॥ {ਆਸਾ ਮ: ੧}
[੩] ਕਰਮ ਧਰਮ ਸਚੁ ਸਾਚਾ ਨਾਉ ॥ {ਆਸਾ ਮ:੧}
[੪] ਮ:੧॥ ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ॥ ਅੰਦਰ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥੨॥ {ਮਾਰੂ ਵਾਰ ਮ:੧}
[੫] ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥ ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ ॥ {ਰਾਮ ਮ: ੧}

ਕਿਉਂਕਿ ਨਾਮ ਕਿਸੇ ਨਿਰਜਿੰਦ ਨੇ ਨਹੀਂ ਜਪਣਾ ਜਿੰਦ ਵਾਲਾ ਜਦ ਕੋਈ ਨਾਉਂ ਲੈਂਦਾ ਹੈ ਤਾਂ ਭਾਵ ਉਸ ਦੇ ਅੰਦਰ ਨਾਲ ਜਾਂਦਾ ਹੈ, ਅੰਦਰ ਸੁਰਤ ਸਮਝ ਜੁ ਹੋਈ ਜੋ ਚੇਤਨਾ ਵਾਲੀ ਹੈ।

ਇਹ ਨਾਮ ਤਾਂ ਪਰਮੇਸ਼ੁਰ ਦਾ ਨਿਜ ਨਾਮ ਹੈ[1]। ਸੋ ਜਪਿਆਂ ਮਨ ਅੱਗੇ ਨਾਮੀ ਦਾ ਖਿਆਲ ਬੱਝੇਗਾ। ਵਾਹਿਗੁਰੂ ਦਾ ਵਰਣਨ ਤਾਂ ਕੋਈ ਕਰ ਨਹੀਂ ਸਕਦਾ, ਕਿਉਂਕਿ ਉਹ ਮਨ ਬਾਣੀ ਤੋਂ ਪਰੇ ਹੈ; ਪਰ ਜਦੋਂ ਯਾਦ ਨਾਲ ਉਸ ਦੇ ਨੇੜੇ ਨੇੜੇ ਜਾਈਏ ਤਾਂ ਸ੍ਵਾਦ ਆਉਂਦਾ ਹੈ ਤੇ ਜੇ ਕਦੇ ਕੋਈ ਛਿਨ ਰਸ ਮਗਨਤਾ ਦੀ ਆ ਜਾਵੇ ਤਾਂ ਮਾਨੋਂ ਉਸ ਛਿਨ ਮਨ ਨਹੀਂ ਰਹਿੰਦਾ, ਜਾਂ ਇਉ ਸਮਝੋ ਕਿ ਮਨ ਉਸ ਰਸ ਵਿਚ ਲੀਨ ਹੁੰਦਾ ਹੈ। ਜਦੋਂ ਮਨ ਫੇਰ ਕੰਮ ਕਰਨ ਲੱਗ ਜਾਂਦਾ ਹੈ ਤਾਂ ਉਸ ਵੇਲੇ ਮਨ ਨੂੰ ਪਤਾ ਤਾਂ ਕੁਛ ਨਹੀਂ ਹੁੰਦਾ ਕਿ ਕੀਹ ਵਰਤਿਆ ਸੀ, ਕਿਉਂਕਿ ਮਨ ਤਾਂ ਉਸ ਰਸ ਦੇ ਗ਼ੋਤੇ ਵਿਚ ਸੀ, ਅੱਗੇ ਨਹੀਂ ਸੀ ਗਿਆ। ਪਰ ਉਸ ਰਸ ਵਿਚੋਂ ਰੂਹ ਦੇ ਪਰਤਣ ਤੇ ਜੋ ਰਸ ਦਾ ਅਕਸ ਮਨ ਤੇ ਪੈਂਦਾ ਹੈ ਮਨ ਉਸ ਵੇਲੇ ਵਾਹ ਵਾਹ ਦੇ ਭਾਵ ਵਿਚ ਉਠਦਾ ਹੈ ਤੇ ਰਸਨਾ ਵਾਹ ਵਾਹ ਉਚਾਰ ਉਠਦੀ ਹੈ, ਉਹ ਅਵਸਥਾ ਸਾਡੇ ਆਤਮਾ ਤੇ ਪਰਮਾਤਮਾ ਨਾਲ ਮੇਲ ਦੀ ਹੁੰਦੀ ਹੈ, ਜੀਵ ਤੱਤ ਪਰਮ ਤੱਤ ਨਾਲ ਮਿਲਦਾ ਹੈ। ਜਦ ਉਹ ਛੁਹ ਦੀ ਛਿਨ ਮੁਕਦੀ ਹੈ ਤੇ ਮਨ ਮੁੜ ਸੁਰਤ ਪਕੜਦਾ ਹੈ ਤਾਂ ਉਸ ਵਿਚ ਪ੍ਰਤੀਤੀ ਹੁੰਦੀ ਹੈ, ਸੁਰਤ ਦੀ ਜਾਗ੍ਰਤ ਤੇ ਉਚਿਆਈ ਤੇ ਹਲਕਾਪਨ ਦੀ ਤੇ ਕਿਸੇ ਰਸ ਭਾਵ ਦੀ, ਤਦ ਬੇਵਸੇ ਕਹੀਦਾ ਹੈ: ਵਾਹ ਵਾਹ ! ਜਿਥੇ ਸਾਡਾ ਮਨ ਤੇ ਬਾਣੀ ਨਹੀਂ ਸਨ ਗਏ, ਓਹ 'ਵਾਹ' ਸੀ। ਉਸ ਵਾਹ ਤੋਂ ਸਾਰਾ ਜਗਤ ਹੋਇਆ ਹੈ, ਉਹ ਸਭ ਨੂੰ ਜਾਣਦਾ ਹੈ, ਦੇਖਦਾ ਹੈ, ਉਸਨੂੰ ਕੋਈ ਨਹੀਂ ਦੇਖਦਾ ਜਾਣਦਾ, ਹੋਇਆ ਜੁ ਅਚਰਜ: ਉਹ ਫਿਰ ਅਚਰਜ ਸਾਡੇ ਮਨ ਗੋਚਰਾ ਅਚਰਜ ਨਹੀਂ। ਉਹ ਮਨ ਦੇ ਦ੍ਵੰਦਾਂ ਦੇ ਅਧੀਨ ਹੋਣ ਵਾਲਾ ਅਚਰਜ ਨਹੀਂ ਹੈ, ਉਹ ਤਾਂ ਪ੍ਰਕਾਸ਼ ਸਰੂਪ ਹੈ; ਇਹ ਹੈ 'ਵਾਹ ਦਾ' ਭਾਵ। ਗੁਰੂ ਦਾ ਅਰਥ ਹੈ ਜਿਥੇ ਜਾਕੇ ਅਗਿਆਨ, ਜੜ੍ਹਤਾ ਆਦਿ ਸਾਰੇ ਅੰਧਕਾਰ ਦੂਰ ਹੋ ਜਾਣ। ਵਾਹਿਗੁਰੂ ਸ਼ੁੱਧ ਪ੍ਰਕਾਸ਼ ਸਰੂਪ ਅਚਰਜ-ਵਾਹ ਵਾਹ। ਸੋ ਜਦੋਂ ਕਰਤਾਰ ਨੂੰ ਯਾਦ ਕਰੀਏ: ਉਸ ਦੇ ਗੁਣਾਂ ਦੇ ਸਰੂਪ ਦਾ ਖਿਆਲ ਕਰੀਏ ਕਿ ਉਹ ਅਜੋਨੀ ਤੇ ਅਕਾਲ ਹੈ ਪਰ ਉਹ ਹੈ, ਸੱਤਿ ਹੈ, ਵਜੂਦ ਹੈ, ਹੋਂਦ ਹੈ, ਉਹ ਫੇਰ ਨੇਕੀ ਕੁੱਲ ਹੈ, ਨਿਰਗੁਣ ਹੁੰਦਾ ਹੋਇਆ ਸਾਰੇ ਗੁਣਾਂ ਦਾ ਨਿਧਾਨ ਹੈ; ਫਿਰ ਉਹ ਸਾਰੇ ਗੁਣਾਂ ਤੋਂ ਉਪਰ ਬੀ ਹੈ, ਨਿਰਗੁਣ ਬੀ ਹੈ; ਤਾਂਤੇ ਉਸ ਦਾ ਸਰੂਪ ਕੀਹ ਹੈ-ਹੋਂਦ, ਪ੍ਰਕਾਸ਼, ਇਸ ਲਈ ਵਾਹਿਗੁਰੂ ਸਭ ਤੋਂ ਸਰੇਸ਼ਟ ਨਾਮ ਹੈ ਤੇ ਅਸਲੀ ਅਗੰਮ ਸਰੂਪ ਤਕ ਲੈ ਜਾਂਦਾ ਹੈ, ਅਗੰਮ ਦਾ ਲਖਾਯਕ ਹੋਣ ਕਰਕੇ ਰੱਬ ਜੀ ਦੇ ਦਰ ਅਪੜਾ ਦੇਣ ਵਾਲਾ ਅਸਲੀ ਪਰਾ ਪੂਰਬਲਾ ਸੱਚਾ ਨਾਮ ਹੈ-ਵਾਹਿਗੁਰੂ[1]। ਇਸ ਨਾਮ ਦੇ ਜਪਣ ਨਾਲ ਨਾਮ ਆਰੰਭ ਕਰਦੇ ਹੀ ਹੁਲਾਰਾ ਮਿਲਦਾ ਹੈ, 'ਵਾਹ' ਕਹੋ ਤਾਂ ਚਿੱਤ ਉਤਸ਼ਾਹ ਵਿਚ ਆਉਂਦਾ ਹੈ। ਇਸ ਉਚਾਰਨ ਬ੍ਰਿਤੀ ਨੂੰ ਹੁਲਾਰਾ ਦੇਕੇ, ਜਿਸ ਦਾ ਨਾਮ ਹੈ: ਉਸ ਵਿਚ ਲੈ ਜਾਂਦਾ ਹੈ! ਜਪਣ ਵਾਲਾ ਹੁਲਾਸ ਵਿਚ, ਖੇੜੇ ਵਿਚ ਤੇ ਪ੍ਰਕਾਸ਼ ਦੇ ਭਾਵ ਵਿਚ, ਵਸਦਾ ਹੈ, ਫਿਰ ਇਹ ਮੁੱਢ ਤੋਂ ਹੀ ਪਰਮੇਸ਼ੁਰ ਦਾ, ਜੋ ਸਭ ਤੋਂ ਉਪਰ ਹੈ ਤੇ ਰੂਪ ਰੇਖ ਰੰਗ ਤੋਂ ਨਿਆਰਾ ਅਗੰਮ ਤੇ ਅਗਾਧ ਹੈ, ਉਸ ਵਲ ਧ੍ਰੂਵਾ ਬੰਨ੍ਹ ਦੇਂਦਾ ਹੈ। ਅਭ੍ਯਾਸ ਕਰਦਿਆਂ ਜਿੱਥੇ ਮਨਬਾਣੀ ਨੇ ਮੁੱਕਣਾ ਹੈ ਉਥੇ ਜਗ੍ਯਾਸੂ ਨੂੰ ਜੋ ਪ੍ਰਾਪਤੀ ਹੋਣੀ ਹੈ, ਉਸ ਬਾਬਤ ਜੋ ਬਾਣੀ ਨੇ ਅਵਾਜ਼ਾ ਦੇਣਾ ਹੈ ਤਾਂ 'ਵਾਹ' ਤੇ ਜੇ ਉਸ ਅਗੰਮੀ ਰਸ ਵਿਚੋਂ ਪਰਤ ਕੇ ਮਨ ਬਾਣੀ ਨੇ ਕੁਛ ਕਹਿ ਸਕਣਾ ਹੈ ਤਾਂ 'ਵਾਹ'। ਤਾਂਤੇ ਭਾਈ ਇਹ ਨਾਮ ਜਪੋ: ਜੋ ਜਪਦਿਆਂ ਮਨ ਉੱਚਾ ਹੋਵੇ ਜਿਸਦੇ ਅਰਥ ਭਾਵ ਵਿਚ ਮਨ ਦਾ ਉੱਚਾ ਹੋਣਾ, ਉਨਮਨ ਹੋਣਾ-ਮੌਜੂਦ ਹੈ, ਜਿਸ ਦੇ ਅਰਥ ਭਾਵ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਦਾ ਅਸਰ ਮਨ ਤੇ ਪਵੇ ਤੇ ਜਿਸ ਨੂੰ ਤੁਸੀਂ

---

[1] ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰੁ ਸਬਦ ਸੁਣਾਯਾ॥
ਪੁਨਾ-ਭਾਈ ਗੁਰਦਾਸ ਜੀ ਦੱਸਦੇ ਹਨ ਕਿ ਵਾਹਿਗੁਰੂ ਨਾਮ ਗੁਰੂ ਨਾਨਕ ਦੇਵ ਜੀ ਨੇਂ ਦੱਸਿਆ ਹੈ, ਯਥਾ-ਵਾਹਿਗੁਰੂ ਗੁਰ ਮੰਤ੍ਰੁ ਹੈ ਜਪਿ ਹਉਮੈ ਖੋਈ ॥ {ਭਾਈ ਗੁਰਦਾਸ}

ਸਮਝੋ ਕਿ ਉਸ ਦਾ ਨਾਮ ਹੈ ਜੋ ਕਰਤਾਰ ਹੈ, ਪਾਲਣਹਾਰ ਹੈ, ਬਖਸ਼ਿੰਦ ਹੈ ਤੇ ਸਭ ਤੋਂ ਵੱਡਾ ਹੈ। ਸੋ ਭਾਈ ! ਜੇ ਤੁਸੀਂ ਇਸ ਦਾ ਨਾਮ ਜਪ ਕਰੋਗੇ ਤਾਂ ਜਪ ਸਿਮਰਣ ਬਣ ਜਾਏਗਾ। ਸਿਮਰਣ ਕਿਸ ਦਾ ਹੋਵੇਗਾ? ਅਕਾਲ ਪੁਰਖ ਦਾ। ਇਸ ਤਰ੍ਹਾਂ ਦੇ ਸਿਮਰਣ ਦਾ ਫਲ ਕੀਹ ਹੋਊ? ਕਰਤਾਰ, ਜੋ ਮਨ ਬਾਣੀ ਤੋਂ ਪਰੇ ਹੈ, ਜੋ ਅਚਰਜ ਤੋਂ ਅਚਰਜ ਹੈ, ਜੋ ਪ੍ਰਕਾਸ਼ ਸਰੂਪ ਹੈ, ਜੋ ਫੇਰ ਸਾਰੇ ਗੁਣਾਂ ਦਾ ਸਾਗਰ ਹੈ, ਤੁਹਾਡੇ ਮਨ ਨੂੰ ਅਪਣੇ ਗੁਣਾਂ ਨਾਲ ਅਚਰਜ ਤੇ ਪ੍ਰਕਾਸ਼ ਸਰੂਪ ਨਿਰਗੁਣਤਾ ਦੇ ਭਾਵ ਨਾਲ ਭਰਦਾ ਜਾਏਗਾ[੧]। ਉਸ ਨੂੰ ਚਿੰਤਨ ਕਰਦਿਆਂ ਉਸ ਦੇ ਗੁਣਾਂ ਦੇ ਰੂਪ ਵਾਲੇ ਹੋ ਜਾਓਗੇ। ਕਿਸੇ ਹਨੇਰੇ ਵਿਚ ਨਹੀਂ, ਸ਼ੁੱਧ ਪ੍ਰਕਾਸ਼ ਵਿਚ। ਐਉਂ ਤੁਸੀਂ ਦੈਵੀ ਰੰਗ ਵਾਲੇ ਹੋਕੇ ਮੋਖ ਨੂੰ ਪ੍ਰਾਪਤ ਹੋਵੋਗੇ [੨]। ਹੁਣ ਅਰਥ ਤੇ ਕਾਮ ਐਉਂ ਮਿਲੂ ਕਿ ਸਰਬ ਕਾ ਦਾਤਾ ਤੁਹਾਡਾ ਮਿੱਤ੍ਰ ਹੋ ਕੇ ਤੁਹਾਨੂੰ ਕਦੇ ਖੁੜਾਵੇਗਾ ਨਹੀਂ[੩]। ਜੋ ਸਾਈਂ ਦੀ ਸ਼ਰਨ ਪਏ ਹਨ ਜਗਤ ਤੇ ਜਗਤ ਦੇ ਪਦਾਰਥ ਉਨ੍ਹਾਂ ਦੇ ਮਗਰ ਫਿਰਦੇ ਹਨ[੪]।

ਸ਼ੀਹੇਂ ਤੇ ਗੱਜਣ ਨੂੰ ਸੋਝੀ ਆ ਗਈ ਕਿ ਸਾਡੀ ਮੰਗ ਕੇਹੀ ਹਨੇਰੇ ਵਾਲੀ ਸੀ। ਅਸਾਂ ਫਹੁ ਮਾਰਿਆ ਸੀ ਕਿ ਧਰਮ ਅਰਥ ਕਾਮ ਮੋਖ ਦਿਓ, ਪਰ ਲੈਕੇ ਅਸੀਂ ਕੀਹ ਕਰਦੇ ? ਅਰਥ ਦੀ ਪ੍ਰਾਪਤੀ ਤੇ ਮਨੋਕਾਮਨਾ ਦੇ ਪੂਰੇ ਹੋ ਜਾਣ ਦੇ ਵਰ ਨੇ ਸਾਨੂੰ ਅਪਣੇ ਸੁਭਾਵ ਅਨੁਸਾਰ ਐਸੇ ਕਰਮਾਂ ਵਿਚ ਪਾ ਦੇਣਾ ਸੀ ਕਿ ਨਾਂ ਮੁੜਕੇ ਸਾਥੋਂ ਧਰਮ ਹੋ ਸਕਣਾ ਸੀ ਨਾ ਮੋਖ ਮਿਲਣੀ ਸੀ। ਹੁਣ ਦਾਤੇ ਨੇ ਕਿਸ ਰਸਤੇ ਪਾਇਆ ਹੈ ਕਿ ਸਾਰੇ ਦੁੱਖਾਂ ਦਾ ਮੂਲ ਜੋ ਸੁਭਾਵ ਹੈ ਸੋ ਸਾਡਾ ਬਦਲ ਜਾਏ ਤੇ ਆਪਣੇ ਹਠ ਨਾਲ ਨਿਰਾ ਸੁਭਾਵ ਬਦਲਣਾਂ ਹੀ ਨਹੀਂ ਸਿਖਾਇਆ, ਸਗੋਂ ਉਸ ਰਸਤੇ ਪਾ ਦਿਤਾ ਹੈ ਕਿ ਸਾਡੀ ਭੂਤਬ੍ਰਿਤੀ, ਸਾਡਾ ਮਨੁਖ ਸੁਭਾਵ, ਵਾਹਿਗੁਰੂ ਦੇ ਨੇੜੇ ਹੋ ਹੋਕੇ ਆਪੇ ਹੀ ਦੇਵ ਸੁਭਾਵ ਹੋ ਜਾਵੇ। ਫੇਰ ਸਾਨੂੰ ਅਰਥ ਤੇ ਕਾਮ ਦੀ ਇੱਛਾ ਹੀ ਚੁੱਕ ਜਾਵੇ। ਅਸੀਂ ਇਸ ਲੋੜ ਤੋਂ ਬੇ ਲੋੜ ਹੋਕੇ ਸਚੇ ਸ਼ਾਹ ਹੋ ਜਾਈਏ। ਫੇਰ ਕੇਵਲ ਏਥੇ ਹੀ ਨਹੀਂ ਟਿਕਾਇਆ, ਨਾਲ ਪਰਮੇਸ਼ੁਰ ਜੀ ਦੇ ਇਸ ਬਿਰਦ ਦਾ ਲੜ ਬੀ ਫੜਾ ਦਿੱਤਾ ਹੈ ਕਿ ਉਹ ਆਪਣੇ ਪਿਆਰਿਆਂ ਦੇ, ਨਾਮ ਵਾਲਿਆਂ ਦੇ ਕਾਰਜ ਆਪ ਸੁਆਰਦਾ ਹੈ ਉਨ੍ਹਾਂ ਨੂੰ ਕਦੇ ਖੁੜਾਉਂਦਾ ਨਹੀਂ, ਭਗਤਾਂ ਦਾ ਕਿਹਾ ਮੰਨਦਾ ਹੈ ਤੇ ਬਿਰਦ ਪਾਲਦਾ ਹੈ।

ਗੱਜਣ ਬੋਲਿਆ: ਭਰਾਵਾ ! ਬਹੁਤੇ ਪਦਾਰਥ ਪਾਕੇ ਆਦਮੀ ਨੂੰ ਸੁਤੇ ਹੀ ਹੰਕਾਰ ਚੜ੍ਹਦਾ ਹੈ, ਕੌਣ ਹੈ ਜੋ ਏਸ ਅਸਰ ਤੋਂ ਬਚਦਾ ਹੈ? ਫੇਰ ਖਬਰੇ ਬੰਦਾ ਉਸ ਵੇਲੇ ਕੀਹ ਕਰ ਬਹੇ। ਸੂਰੇ ਗੁਰੂ ਨੇ ਸਾਨੂੰ ਕੇਹੇ ਸੁਹਣੇ ਰਸਤੇ ਟੋਰਿਆ ਹੈ, ਅਸੀਂ ਸਾਈਂ ਦੇ ਨੇੜੇ ਹੋਈਏ, ਉਸ ਦੇ ਸਿਮਰਨ ਵਿਚ ਆਈਏ, ਸਿਮਰਨ ਨਾਲ ਹਜ਼ੂਰੀ ਵਾਸ ਹੋ ਜਾਏਗਾ। ਹਜ਼ੂਰੀ ਵਿਚ ਹਜ਼ੂਰੀ ਦੀ ਪ੍ਰਾਪਤੀ ਹੋਣ ਦਾ ਸੁਆਦ ਆਵੇਗਾ। ਸੀਂਹੇ ਕਿਹਾ: ਠੀਕ ਹੈ ਭਾਈ ਜੇ ਅਗ ਦੇ ਨੇੜੇ ਜਾਈਏ ਤਾਂ ਨਿੱਘ ਮਿਲਦੀ ਹੈ, ਦੂਰ ਜਾਈਏ ਤਾਂ ਪਾਲਾ, ਸੋ ਠੀਕ ਹੈ ਜੇ ਅਸੀਂ ਸਾਂਈਂ ਦੀ ਹਜ਼ੂਰੀ ਵਿਚ ਵੱਸਾਂਗੇਤਾਂ ਧਰਮ ਆਪੇ ਸਾਢੇ ਪਾਸ ਰਹੇਗਾ, ਕਿਉਂ ਕਿ ਜਦ ਹਜ਼ੂਰੀ ਵਿਚ ਵਸਾਂਗੇ ਤਦੋਂ ਨਾ ਮੰਦਾ ਸੋਚਾਂਗੇ ਨਾ ਮੰਦਾ ਕਰਾਂਗੇ, ਐਉਂ ਜਦ ਹਜ਼ੂਰੀ ਵਿਚ ਵਸਦਿਆਂ ਧਰਮ ਸਾਡੇ ਪਾਸ ਰਿਹਾ ਤਾਂ ਮੋਖ ਮਾਰਗ ਬੀ ਤੈ ਹੁੰਦਾ ਜਾਏਗਾ ! ਬਾਕੀ ਰਿਹਾ ਮੋਖ ਦਾ ਸੁਖ, ਸੋ ਦਿਨੇ ਰਾਤ ਜਦ ਰੱਬ ਦੀ ਹਜ਼ੂਰੀ ਵਿਚ ਵਸੇ ਤਾਂ ਇਹੋ ਮੋਖ ਦਾ ਸੁਖ ਹੋਊ। ਸਾਈਂ ਦੇ ਨਾਲ ਹਰ ਵੇਲੇ ਰਹਿਣਾ ਇਸ ਤੋਂ ਉਪਰ ਹੋਰ ਕੀਹ ਸੁਖ ਹੋ ਸਕਦਾ ਹੈ? ਜਦ ਅਸੀਂ ਹਜ਼ੂਰੀ ਵਿਚ ਨਾਮ ਨਾਲ ਵਸਾਂਗੇ ਉਹ ਫਿਰ ਆਪੇ ਬਿਰਦ ਪਾਲ ਹੈ, ਸਾਨੂੰ ਆਪ ਖਿੱਚ ਕੇ ਹਜ਼ੂਰੀ ਵਿਚ ਰੱਖੇਗਾ। ਜਦ ਸਾਡੇ ਤੇ ਉਸ ਵਿਚ ਵਿੱਥ ਨਾ ਪਏਗੀ ਤਾਂ ਵਿੱਥ ਮਿਟ ਜਾਣਾ ਹੀ ਤਾਂ ਮੋਖ ਹੋਈ ਤੇ ਵਿੱਥ ਮਿਟਣ ਨਾਲ ਜੋ ਮੇਲ ਹੋ ਗਿਆ ਉਹ ਹੀ ਮੋਖ ਦਾ ਰਸ ਹੈ, ਓਹੀ ਸੁਖ ਹੈ, ਉਹੀ ਪ੍ਰਯੋਜਨ ਹੈ।

---

[੧] ਪੰਚਮ ਸਤਿਗੁਰੂ ਜੀ ਫੁਰਮਾਉਂਦੇ ਹਨ ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖ ਧਿਆਉ॥ {ਰਾਮ ਮ: ੫}

ਮਹਾਂ ਮੰਤ੍ਰ ਗੁਰ ਹਿਰਦੈ ਬਸਿਓ ਅਚਰਜੁ ਨਾਮੁ ਸੁਨਿਓ ਰੀ ॥ {ਆਸਾ ਮਹਲਾ ੫}

[੨] ਜੀਵਨ ਮੁਕਤੁ ਮਨਿ ਨਾਮੁ ਵਸਾਏ॥ {ਆਸਾ ਮ:੧ ਅਸ:}

[੩] ਜਬਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ॥ {ਮਾਰੂ ਮ:੧}

[੪] ਕੂੜੁ ਛੋਡਿ ਸਾਚੇ ਕਉ ਧਾਵਹੁ ॥ ਜੋ ਇਛਹੁ ਸੋਈ ਫਲੁ ਪਾਵਹੁ ॥ {ਮਾਰੁ ਸੋ: ਮ: ੧}

ਠੀਕ ਹੈ ! ਧੰਨ ਹੈ ਗੁਰੂ ! ਧੰਨ ਹੈ ਗੁਰੂ !

ਸ੍ਰੀ ਗੁਰੂ ਜੀ ਤਾਂ ਉਪਦੇਸ਼ ਦੇਕੇ ਟੁਰ ਪਏ ਹਨ, ਪਰ ਏਹ ਦੇਖੋ ਉਸੇ ਸੁਆਦ ਵਿਚ ਮਗਨ ਆਪੋ ਵਿਚ ਧੰਨ ਧੰਨ ਕਰ ਰਹੇ ਹਨ ਤੇ ਸਦਕੇ ਹੋ ਰਹੇ ਹਨ ਤੇ ਸਿੱਖੀ ਸੰਥਿਆ ਆਪੋ ਵਿਚ ਘੋਖ ਰਹੇ ਹਨ ਤੇ ਖੁਸ਼ ਹੋ ਹੋਕੇ ਕਹਿ ਰਹੇ ਹਨ ਕਿ ਅਸਾਂ ਮੰਗਿਆ ਸੀ ਸੋਨਾ ਮਿਲ ਗਈ ਸੋਨੇ ਦੀ ਖਾਣ, ਮੰਗਿਆ ਸੀ ਜਲ ਦਾ ਛੰਨਾ ਮਿਲ ਗਿਆ ਜਲ ਦਾ ਸੋਮਾ। 'ਧੰਨ ਗੁਰੂ ਨਾਨਕ। ਕਹਿ ਰਹੇ ਹਨ, ਨਮਸਕਾਰਾਂ ਕਰ ਰਹੇ ਹਨ। ਜਿੱਥੇ ਬਾਬਾ ਬੈਠਾ ਸੀ, ਉਥੇ ਹੱਥ ਲਾ ਲਾਕੇ ਮੱਥੇ ਤੇ ਲਾਉਂਦੇ ਹਨ ਤੇ ਕਹਿੰਦੇ ਹਨ ਧੰਨ ਗੁਰੂ ਨਾਨਕ। ਪਾਠਕ ਜੀ! ਤੁਸਾਂ ਵੀ ਡਿੱਠਾ ਹੈ ਇਹ ਦਰਸ਼ਨ ਸਤਿਗੁਰੂ ਦਾ ਤੇ ਗੁਰ ਸਿਖਾਂ ਦਾ। ਪਾਠਕ ਜੀ ! ਆਖੋ 'ਧੰਨ ਗੁਰੂ ਨਾਨਕ' ! ਸੂਰੇ ਗੁਰੂ ਜੀ ਨੇ ਜੋ ਸੋਨੇ ਦੀ ਖਾਣ ਸੀਂਹੇ ਗੱਜਣ ਨੂੰ ਬਖਸ਼ੀ; ਤੁਹਾਨੂੰ ਬੀ ਬਖਸ਼ਦਾ ਹੈ, ਮਾਰ ਲਓ ਤੁਸੀਂ ਬੀ ਜੱਫਾ।

"ਚਤੁਰ ਪਦਾਰਥ ਨਾਮ ਅਧੀਨਾ ॥
ਸਿਮਰਨ ਕਰਹੁ ਹੋਇ ਦੁਖ ਛੀਨਾ॥

{ਸ੍ਰੀ ਗੁ: ਨਾ: ਪ੍ਰ:}

## ੨.

ਦੁਏ ਭਰਾ ਕੁਛ ਦਿਨ ਕਰਤਾਰਪੁਰ ਰਹਿਕੇ ਨਾਮ ਜਪ ਦਾ ਅਭਯਾਸ ਕਰਦੇ ਰਹੇ; ਫਿਰ ਆਪਣੇ ਟਿਕਾਣੇ ਚਲੇ ਗਏ। ਹੁਣ ਉਨ੍ਹਾਂ ਨੇ ਆਪਣੀ ਨਿੱਤ ਦੀ ਕਾਰ ਐਉਂ ਆਰੰਭੀ-ਅੰਮ੍ਰਿਤ ਵੇਲੇ ਉਠਕੇ ਗੁਰੂ ਜੀ ਦੀ ਬਾਣੀ ਦਾ ਕੀਰਤਨ ਕਰਨਾ। ਬਾਣੀ ਅਜੇ ਕੱਠੀ ਕਰਕੇ ਇਕ ਬੀੜ ਵਿਚ ਨਹੀਂ ਸੀ ਲਿਖੀ ਗਈ, ਪਰ ਦੁਏ ਜਣੇ ਕਰਤਾਰ ਪੁਰ ਰਹਿਕੇ ਕੁਛ ਗੁਰੂ ਕੇ ਸ਼ਬਦ ਲਿਖਕੇ ਨਾਲ ਲੈ ਆਏ ਸਨ, ਸੋ ਚਾਰ ਪੰਜ ਸ਼ਬਦਾਂ ਦਾ ਕੀਰਤਨ ਕਰਕੇ ਫੇਰ ਨਾਮ ਦਾ ਅਭਯਾਸ ਕਰਨ, ਦਿਨ ਚੜ੍ਹੇ ਫੇਰ ਬਾਣੀ ਦਾ ਪਾਠ ਕਰਨ। ਪਹਿਲਾਂ ਕੀਰਤਨ ਇਸ ਲਈ ਆਪ ਕਰਨ ਜੋ ਉਥੇ ਉਨ੍ਹਾਂ ਦੇ ਟਿਕਾਣੇ ਆਸਾ ਦੀ ਵਾਰ ਦੇ ਕੀਰਤਨ ਦਾ ਅਜੇ ਕੋਈ ਟਿਕਾਣਾ ਪੱਕਾ ਨਹੀਂ ਸੀ ਟੁਰਿਆ। ਕੀਰਤਨ ਨਾਲ ਮਨ ਛੇਤੀ ਜੁੜਦਾ ਹੈ, ਸੋ ਉਹ ਕੀਰਤਨ ਕਰਿਆ ਕਰਨ। ਫੇਰ ਜਦ ਮਨ ਦਾ ਰੁਖ਼ ਕੀਰਤਨ ਨਾਲ ਸੁਖ ਵਾਲਾ ਹੋ ਜਾਵੇ ਤਾਂ ਨਾਮ ਜਪਣ, ਜਦ ਦਿਹੁੰ ਚੜ੍ਹੇ ਤਾਂ ਦੇਖਣ ਜੋ ਮਨ ਨਰਮ ਹੋ ਰਿਹਾ ਹੈ। ਮੁੜ 'ਚੜ੍ਹੇ ਦਿਵਸ ਗੁਰਬਾਣੀ ਦਾ ਪਾਠ ਕਰਨ, ਕੁਛ ਵਿਚਾਰ ਕਰਨ ਤਾਂ ਜੋ ਮਨ ਜ਼ਰਾ ਮਜ਼ਬੂਤ ਹੋ ਜਾਵੇ ਦਿਨ ਦੇ ਕਾਰਾਂ ਵਿਹਾਰਾਂ ਲਈ ਤੇ ਐਉਂ ਲਗੇ ਜਿਵੇਂ ਆਪਾ ਉੱਚਾ ਉੱਚਾ ਤੇ ਸੋਹਣਾ ਸੋਹਣਾ ਹੈ। ਇਸ ਉਚਿਆਈ ਦੇ ਭਾਵ ਵਿਚ ਜੇ ਅਭਯਾਸੀ ਵਿਹਾਰਾਂ ਵਿਚ ਜਾਵੇ ਤਾਂ ਜਗਤ ਦੀ ਮੈਲ ਮਨ ਤੇ ਘੱਟ ਪੈਂਦੀ ਹੈ। ਇਸ ਤਰ੍ਹਾਂ ਤਿਆਰ ਹੋਕੇ ਫੇਰ ਕੁਛ ਖਾ ਪੀਕੇ ਆਪਣੇ ਆਹਰ ਲੱਗ ਜਾਣ। ਆਹਰ ਵਿਚ ਇਉਂ ਲਗਣ ਕਿ ਜਿਸ ਵੇਲੇ ਹੱਟੀ ਤੇ ਗਾਹਕ ਆ ਗਿਆ ਉਸ ਨੂੰ ਮਾਲ ਦੇ ਦੇਣ ਤੇ ਰੁਪਏ ਲੈ ਲੈਣ। ਜਦ ਉਹ ਟੁਰ ਜਾਵੇ ਤਾਂ ਫੇਰ ਨਾਮ ਵਿਚ ਲੱਗ ਪੈਣ। ਜਦ ਫੇਰ ਗਾਹਕ ਆਵੇ ਤਾਂ ਵਣਜ ਕਰ ਲੈਣ, ਉਹ ਟੁਰ ਜਾਵੇ ਤਾਂ ਨਾਮ ਵਿਚ ਲਗ ਪੈਣ। ਇਉਂ ਕਰਦਿਆਂ ਉਨ੍ਹਾਂ ਦਾ ਅਭਯਾਸ ਬਹਿੰਦਿਆਂ ਉਠਦਿਆਂ ਤੇ ਸਾਸ ਗਿਰਾਸ ਨਾਮ ਜਪਣ ਦਾ ਟੁਰ ਪਿਆ। ਪਰ ਸਹਿਜ ਭਾ ਵਿਚ, ਹਠ ਕੋਈ ਨਾ, ਜ਼ੋਰ ਕੋਈ ਨਾ। ਹੁਣ ਇਸ ਅਭਯਾਸ ਦਾ ਅਸਰ ਹੋਣਾ ਸ਼ੁਰੂ ਹੋਇਆ। ਪਹਿਲਾਂ ਤਾਂ ਅਸਰ ਹੋਇਆ ਕਿ ਵਿਹਾਰ ਸਾਫ ਹੋ ਗਿਆ, ਸੌਦਾ ਕਰਨ ਤੇ ਵਕਤ ਗੁਆਉਣ ਦੀ ਬਾਣ ਘਟਦੀ ਘਟਦੀ ਘਟ ਗਈ, ਐਉਂ ਜਾਪੇ ਕਿ ਲੋਕਾਂ ਨਾਲ ਸਿਰ ਖਪਾਉਂਦਿਆਂ ਸਮਾਂ ਬਿਰਥਾ ਜਾ ਰਿਹਾ ਹੈ। ਰਿਜ਼ਕ ਤਾਂ ਸਾਈਂ ਨੇ ਦੇਣਾ ਹੈ, ਆਪਣੇ ਝੂਠ ਕੁਸੱਤ ਦਾ ਤੇ ਝਗੜੇ ਦਾ ਕੀਹ ਲਾਭ ਹੈ, ਸੋ ਹੌਲੇ ਹੌਲੇ ਇਥੇ ਅੱਪੜ ਗਏ ਕਿ ਹਰ ਸ਼ੈ ਦਾ ਇਕ ਮੁੱਲ ਥਾਪ ਦਿਤਾ, ਨਫਾ ਘਟਾ ਲਿਆ। ਬਸ ਇਕ ਗੱਲ ਕਰਨੀ, ਨਾ ਆਪਣਾ ਸਿਰ ਖਪੇ ਨਾ ਗਾਹਕ ਦਾ। ਪਹਿਲਾਂ ਤਾਂ ਗਾਹਕੀ ਘਟ ਗਈ ਸੀ, ਲੋਕੀਂ ਨਵੀਂ ਰੌਂਸ ਨੂੰ ਮਾੜਾ ਸਮਝਣ ਲਗ ਪਏ ਸਨ, ਪਰ ਫੇਰ ਸਮਝ ਆਉਣ ਲਗ ਪਈਓ ਨੇ ਕਿ ਇਥੋਂ ਚੀਜ਼ ਸੁਵੱਲੀ ਮਿਲਦੀ ਹੈ ਤੇ ਸਿਰ ਮੂਲੋਂ ਨਹੀਂ ਖਪਦਾ, ਐਉਂ ਕੁਛ ਸਮਾਂ ਉਖੇਰਾ ਲੰਘਕੇ ਵਿਸਾਹ ਬਣ ਗਿਆ ਤੇ ਵਿਹਾਰ ਸੁੱਧ ਹੋ ਗਿਆ। ਨਫਾ ਘੱਟ ਸੀ, ਪਰ ਵਿਕਰੀ ਵਧ ਗਈ ਤੇ ਐਉਂ ਉਹ ਘਾਟ ਬੀ ਪੂਰੀ ਹੋ ਗਈ। ਉਧਰ ਪਰਮਾਰਥ

ਦੀ ਇਕ ਮੰਜ਼ਲ ਤੈ ਹੋ ਗਈ ਜੋ ਝੂਠ ਤੋਂ ਖਹਿੜਾ ਛੁੱਟ ਗਿਆ! ਹੁਣ ਮਨ ਹੋਰ ਸਾਫ ਹੋਣ ਲਗ ਪਿਆ ਤੇ ਮਤਿ ਹੋਰ ਉੱਜਲੀ ਹੋਣ ਲਗ ਪਈ[1], ਦਿਲ ਹਲਕਾ ਹਲਕਾ ਰਹਿਣ ਲਗ ਪਿਆ ਤੇ ਇਸ ਸੁਆਦ ਦੀ ਕਦਰ ਬੀ ਪੈਣ ਲੱਗ ਪਈ। ਹੁਣ ਜਦ ਝੂਠ ਨਾ ਰਿਹਾ ਤਾਂ ਛਲ ਕਪਟ ਬੀ ਦੂਰ ਹੋ ਗਏ[2]।

ਅਸਲ ਗਲ ਇਹ ਹੈ ਕਿ ਅਭਜਾਸੀ ਨੂੰ ਨਾਮ ਪਹਿਲਾਂ ਸੱਚ ਵਿਚ ਲੈ ਜਾਂਦਾ ਹੈ ਤੇ ਸੱਚ ਦੀ ਬਾਬਤ ਸ੍ਰੀ ਗੁਰੂ ਜੀ ਨੇ ਦੱਸਿਆ ਹੈ:-'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਹੋਰ ਸਾਰੀਆਂ ਰੁਚੀਆਂ, ਜੋ ਜੀਵ ਨੂੰ ਮਾੜੇ ਕਰਮਾਂ ਵਲ, ਪਾਪਾਂ ਵਲ ਲੈ ਜਾਂਦੀਆਂ ਹਨ ਸੱਚ ਸਾਫ ਕਰ ਦੇਂਦਾ ਹੈ। ਜਦ ਸੱਚ ਦੀ ਤਾਸੀਰ ਇਹ ਹੁੰਦੀ ਹੈ ਕਿ ਸਾਰੇ ਪਾਪਾਂ ਨੂੰ ਕੱਢ ਦੇਂਦਾ ਹੈ ਤਾਂ ਇਹ ਸਭ ਤੋਂ ਵੱਡਾ ਸ਼ੁਭ ਆਚਰਣ ਹੈ ਜੋ ਉਚ ਜੀਵਨ ਦੇ ਜਗਜਾਸੂ ਨੂੰ ਧਾਰਨ ਕਰਨਾਂ ਚਾਹੀਏ। ਇਸੇ ਕਰਕੇ ਦਾਤਾ ਜੀ ਨੇ ਫਰਮਾਇਆ ਸੀ: 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥' ਸਾਰੇ ਹੋਰ ਆਚਾਰ ਸੱਚ ਤੋਂ ਉਰੇ ਹਨ, ਸਾਰੇ ਆਚਾਰਾਂ ਦੇ ਸਿਰ ਆਚਾਰ ਸੱਚ ਹੈ, ਪਰ ਸੱਚ ਕੀਕੂੰ ਆਉਂਦਾ ਹੈ? ਨਾਮ ਅਭਜਾਸ ਨਾਲ, ਬਾਣੀ ਦੇ ਵੀਚਾਰ ਨਾਲ, ਸਤਿਸੰਗ ਨਾਲ। ਜੋ ਲੋਕ ਆਖਣ ਅਸੀਂ ਨਾਮ ਜਪਦੇ ਹਾਂ, ਗਲੇ ਮਾਲਾ ਵੀ ਪਈਆਂ ਹੋਣ ਤੇ ਨਾਲ ਝੂਠ ਦੇ ਪ੍ਰੇਮੀ ਬੀ ਹੋਣ ਤਾਂ ਸਮਝ ਲਓ ਕਿ ਯਾ ਤਾਂ ਏਹ ਜਪਦੇ ਨਹੀਂ ਐਵੇਂ ਗੱਲਾਂ ਮਾਰਦੇ ਹਨ, ਯਾ ਅਜੇ ਨਾਮ ਇਨ੍ਹਾਂ ਨੂੰ ਪੋਹਿਆ ਨਹੀਂ, ਮੈਲ ਦੇ ਕੱਟ ਇਨ੍ਹਾਂ ਦੇ ਮਨ ਤੇ ਅਜੇ ਬੜੇ ਹਨ।

ਕਈ ਦਾਨੇ ਆਖਦੇ ਹਨ ਕਿ ਪਹਿਲਾਂ ਆਚਰਨ ਸ਼ੁੱਧ ਕਰੋ ਤਾਂ ਨਾਮ ਜਪੋ। ਓਹ ਸੱਚ ਆਖਦੇ ਹਨ, ਪਾਪ ਕਰੀ ਜਾਣਾ, ਢੀਠ ਹੋਈ ਜਾਣਾ ਤੇ ਨਾਮ ਰਟਣਾ ਕੋਈ ਸ਼ੋਭਾ ਵਾਲੀ ਗੱਲ ਨਹੀਂ। ਪਰ ਇਕ

---

[1] ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ। {ਜਪੁਜੀ}

[2] ਇਸ ਪ੍ਰਕਰਣ ਵਿਚ ਇਿਹਨਾਂ ਮਹਾਂ ਵਾਕਾਂ ਦਾ ਭਾਵ ਆ ਰਿਹਾ ਹੈ 'ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ॥ ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤ ਇਹੁ ਨਿਸਤਾਰਾ ਹੇ ॥ {ਮਾਰੂ ਸੋਲਹੇ ਮ: ੧}

ਵੀਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ੀ ਹੈ, ਉਹ ਸਮਝ ਲੈਣੀ ਬੀ ਸੱਚੇ ਜਗਜਾਸੂ ਲਈ ਜ਼ਰੂਰੀ ਹੈ; ਉਹ ਇਹ ਹੈ ਕਿ ਨਾਮ ਰੰਗ ਬੀ ਹੈ ਤੇ ਸਾਬਣ ਬੀ ਹੈ। ਇਸ ਦਾ ਭਾਵ ਇਉਂ ਸਮਝੇ ਪੈਂਦਾ ਹੈ ਕਿ ਇਕ ਸਾਡਾ ਮਨ ਹੈ ਇਕ ਸਾਡੀ ਮਤਿ ਹੈ। ਜੇ ਮਨ ਮੈਲਾ ਹੋਇਆ ਹੈ ਤਾਂ ਮਤ ਉਸ ਨੂੰ ਧੋ ਲੈਂਦੀ ਹੈ, ਪਰ ਜਦ ਸਾਡਾ ਮਨ ਇੰਨਾਂ ਮੈਲਾ ਹੋਵੇ ਕਿ ਮਤਿ ਦਾ ਰੁਖ਼ ਹੀ ਪਾਪ ਮਈ ਹੋ ਜਾਵੇ ਤਾਂ ਔਖ ਵਧ ਜਾਂਦਾ ਹੈ, ਕਿਉਂਕਿ ਮਤਿ ਨੇ ਤਾਂ ਮਨ ਨੂੰ ਅਕਲ ਦੇਣੀ ਤੇ ਸਿੱਧੇ ਰਾਹ ਟੋਰਨਾ ਸੀ, ਪਰ ਜਦ ਮਤਿ ਹੀ ਪਾਪਾਂ ਨਾਲ ਭਰ ਜਾਵੇ ਤਾਂ ਕੀਹ ਕਰੇ? ਤਾਂ ਦਾਤਾ ਜੀ ਨੇ ਫੁਰਮਾਇਆ ਕਿ ਜੀਕੂੰ ਮਾਮੂਲੀ ਮੈਲ ਪਾਣੀ ਨਾਲ ਲਹਿ ਜਾਂਦੀ ਹੈ, ਪਰ ਕਪੜਿਆਂ ਨੂੰ ਲੱਗੀ ਕਰੜੀ ਮੈਲ ਸਾਬਣ ਨਾਲ ਲਹਿੰਦੀ ਹੈ, ਤਿਵੇਂ ਮਤਿ ਵਿਚੋਂ ਪਾਪਾਂ ਦੀ ਮੈਲ ਨਾਮ ਨਾਲ ਉੱਤਰਦੀ ਹੈ[1]। ਮਾਮੂਲੀ ਮੈਲ ਪਾਣੀ ਲਾਹ ਦੇਂਦਾ ਹੈ, ਕਰੜੀ ਮੈਲ ਸਾਬਣ। ਤਿਵੇਂ ਮਾਮੂਲੀ ਮੈਲ ਮਤਿ ਦੀ ਵਿਚਾਰ ਨਾਲ ਲਹਿ ਸਕਦੀ ਹੈ, ਪਰ ਮਤਿ ਦੀ ਮੈਲ ਨਾਮ ਲਾਹੁੰਦਾ ਹੈ। ਮੈਲ ਲਾਹਕੇ ਨਾਮ ਹੀ ਮਨ ਤੇ ਮਤਿ ਨੂੰ ਦੱਬੀ ਰੰਗ ਚਾੜ੍ਹਦਾ ਹੈ[2]। ਜਦੋਂ ਨਾਮ ਨਾਲ ਕੂੜੇ ਦੀ ਮੈਲ ਲਹਿੰਦੀ ਹੈ ਸਚ ਓਥੇ ਆ ਜਾਂਦਾ ਹੈ। ਨਾਮ ਨਾਲ ਹੀ ਸੱਚ ਆਉਂਦਾ ਹੈ। ਸੱਚ ਨਾਲ ਮਨ ਨਿਰਮਲ ਹੁੰਦਾ ਹੈ, ਫਿਰ ਨਾਮ ਨਾਲ ਹੀ ਮਨ ਸਾਂਈਂ ਨਾਲ ਜੁੜਦਾ ਹੈ, ਨਾਮ ਨਾਲ ਹੀ ਪਰਮ-ਪਦ ਮਿਲਦਾ ਹੈ, ਸੋ ਨਾਮ ਹੀ ਮੈਲ ਲਾਹੁੰਦਾ ਹੈ, ਨਾਮ ਹੀ ਰੰਗ ਰਸ ਦੇਂਦਾ ਹੈ। ਗੁਰੂ ਬਾਬਾ ਜੀ ਨੇ ਆਪ ਐਉਂ ਫੁਰਮਾਇਆ ਹੈ:-

> ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ ਸਚਿ ਰਹੇ ਸਮਾਇ ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥ ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ

---

[1] ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ॥ {ਜਪੁਜੀ}

[2] ਪੰਚਮ ਸਤਿਗੁਰੂ ਜੀ ਦਾ ਫੁਰਮਾਨ ਹੈ:-ਪ੍ਰਭਕੈ 'ਸਿਮਰਨਿ ਮਨ ਕੀ ਮਲੁ ਜਾਇ' ॥ ਨਾਲ ਹੀ ਦੱਸਦੇ ਹਨ ਕਿ ਜਦ ਮੈਲ ਲਹਿ ਗਈ ਨਾਮ ਫ਼ਿਰ ਅੰਮ੍ਰਿਤ ਵਾਂਞੂ ਰਸ ਦਾਤਾ ਹੋ ਜਾਂਦਾ ਹੈ, ਸੋ ਦੂਸਰੀ ਤੁਕ ਵਿਚ ਦੱਸਦੇ ਹਨ:-ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ {ਸੁਖਮਨੀ ਗਉ:ਮ:੫}

ਸੁਖੁ ਹੋਇ ॥ ੩੨ ॥ {ਸਿਧ ਗੋਸਟਿ}

ਅਰਥਾਤ ਜਦ ਮੈਲ ਲੱਥੀ, ਅੰਦਰ ਹੈ ਦਾ ਭਾਵ ਟਿਕ ਗਿਆ, ਮਨ ਜੁੜ ਗਿਆ ਤੇ ਸਾਂਈਂ ਨਾਲ ਜੁੜ ਗਿਆ ਤਾਂ ਮੋਖ ਹੋ ਗਈ, ਫਿਰ ਉਸ ਬੁੱਧੀ ਦਾ ਮਾਲਕ ਹੋ ਗਿਆ ਜੋ ਪਰਮੇਸ਼ੁਰ ਨੂੰ ਲਖਦੀ ਹੈ ਜਾਂ ਕਹੋ ਕਿ ਦਿੱਬ ਦ੍ਰਿਸ਼ਟੀ ਹੋ ਗਈ। ਇਸ ਤਰ੍ਹਾਂ ਨਾਮ ਸਾਰੇ ਕਾਰਜ ਸੁਆਰਦਾ ਹੈ, ਪਰ ਨਾਮ ਦਾ ਉਪਾਸਕ ਜਦੋਂ ਪਹਿਲੇ ਦਰਜੇ ਵਿਚ ਹੈ; ਅਰਥਾਤ ਜਦ ਮਤਿ ਵਿਚੋਂ ਮੈਲ ਧੋ ਰਿਹਾ ਹੈ ਤਾਂ ਮੈਲ ਵਾਲੇ ਦਿਲ ਨਾਲ ਹੀ ਨਾਮ ਜਪਦਾ ਹੈ ਜੋ ਮੈਲ ਨੂੰ ਕੱਟਦਾ ਹੈ। ਉਸ ਦਾ ਤੇ ਪਾਪਾਂ ਵਿਚ ਕਠੋਰ ਹੋ ਗਏ ਆਦਮੀ ਦਾ ਇਹ ਫਰਕ ਹੈ ਕਿ ਕਠੋਰ ਪੁਰਖ ਪਾਪ ਕਰਦਾ ਹੈ ਤੇ ਖੁਸ਼ ਹੁੰਦਾ ਤੇ ਹੋਰ ਕਰਦਾ ਹੈ ਤੇ ਕਹਿ ਛਡਦਾ ਹੈ ਕੋਈ ਡਰ ਨਹੀਂ। ਨਾਮ ਅਭਿਆਸੀ ਬਾਣੀ ਦੇ ਵੀਚਾਰ ਤੇ ਸਤਿਸੰਗ ਦੇ ਉੱਤਮ ਨਮੂਨੇ ਤੇ ਟੁਰਦਾ ਹੈ, ਉਹ ਜਦ ਮੈਲੀ ਮਤਿ ਦੀ ਪ੍ਰੇਰਨਾ ਨਾਲ ਭੁੱਲ ਕਰ ਬੈਠਦਾ ਹੈ ਤਾਂ ਉਦਾਸ ਹੁੰਦਾ ਹੈ; ਤੇ ਝਟ ਪ੍ਰਣ ਕਰਦਾ ਹੈ ਕਿ ਫੇਰ ਐਸਾ ਨਹੀਂ ਕਰਨਾ। ਦੂਜੇ ਪਾਸੇ ਅਰਦਾਸ ਕਰਦਾ ਹੈ ਕਿ ਹੇ ਵਾਹਿਗੁਰੂ ! ਮੇਰੇ ਦਿਲ ਵਿਚ ਬਲ ਭਰ ਜੋ ਮੈਂ ਫੇਰ ਨਾ ਡਿੱਗਾਂ। ਤੀਜੇ ਪਾਸੇ ਸਤਿਸੰਗ ਦਾ ਭੈ ਮੰਨਦਾ ਹੈ, ਗੁਰਮੁਖ ਦਾ ਲਿਹਾਜ਼ ਖਾਂਦਾ ਹੈ ਕਿ ਐਸੇ ਕੰਮ ਕਰਕੇ ਮੈਂ ਸਤਿਸੰਗ ਨੂੰ ਕੀਹ ਮੂੰਹ ਦਿਆਂਗਾ। ਚੌਥੇ ਜੋ ਨਾਮ ਜਪਿਆ ਜਾ ਰਿਹਾ ਹੁੰਦਾ ਹੈ ਉਹ ਮਨ ਵਿਚੋਂ ਮੈਲ ਨਾਲੋ ਨਾਲ ਕੱਟ ਰਿਹਾ ਹੁੰਦਾ ਹੈ[1], ਜਿਸ ਕਰਕੇ ਦਿਨੋਂ ਦਿਨ ਮਨ ਦੀ ਪਾਪਾਂ ਵਾਲੀ ਰੁਚੀ ਦੁਰਬਲ ਪੈਂਦੀ ਜਾਂਦੀ ਹੈ ਤੇ ਉਥੇ ਝੂਠ, ਕੁਸੱਤ, ਛਲ ਤੇ ਬਨਾਵਟ ਦੀ ਥਾਂ ਸੱਚ ਤੇ ਅਸਲੀਅਤ ਮੱਲੀ ਜਾਂਦੇ ਹਨ[2]। ਸੱਚ ਜੋ ਨਾਮ ਨਾਲ ਅੰਦਰ ਪਰਵੇਸ਼ ਕਰਦਾ ਹੈ ਉਹ ਪਹਿਲਾਂ ਆਪਣੇ ਆਪ ਨੂੰ ਝੂਠ ਨਾ ਬੋਲਣ ਵਿਚ ਪ੍ਰਗਟ ਕਰਦਾ ਹੈ। ਮਨ ਝੂਠ ਬੋਲਣੋਂ ਸੰਕੋਚ ਕਰਨ ਲਗ ਜਾਂਦਾ ਹੈ, ਫੇਰ ਮਨ ਸੱਚ ਕਹਿਣੀ ਵਿਚ ਆ ਜਾਂਦਾ ਹੈ, ਫੇਰ ਸੱਚ 'ਕਹਿਣੀ' ਤੋਂ ਅਗੇਰੇ ਪ੍ਰਵੇਸ਼ ਕਰਦਾ ਹੈ, ਅਭਿਆਸੀ ਦਾ ਦਿਲ ਸੱਚਾ ਹੋ ਜਾਂਦਾ ਹੈ, 'ਸਚ ਤਾਂ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥' ਜਦ ਰਿਦਾ ਸੱਚਾ ਹੋ ਗਿਆ ਤਾਂ ਸੱਚ ਨਾਲ ਪਿਆਰ ਪੈ ਜਾਂਦਾ ਹੈ। ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥' ਫੇਹ ਅੰਤਰ ਆਤਮੇ ਸੱਚ ਤਜਰਬੇ ਵਿਚ ਆਉਂਦਾ ਹੈ। ਉਹ ਕੀਕੂੰ ? ਕਿ ਨਾਮ ਅੰਦਰ 'ਹੈ' ਦਾ ਭਾਵ ਦ੍ਰਿੜ੍ਹਾਉਂਦਾ ਹੈ। ਹਾਂ, ਨਾਮ ਦੇ ਅਭਜਾਸੀ ਨੂੰ ਨਾਮ ਦਾ ਫਲ ਇਹ ਲਗਦਾ ਹੈ ਕਿ ਇਕ 'ਹੈ' ਦਾ ਭਾਵ ਅਰਥਾਤ 'ਸਤਜ' ਦੀ ਪ੍ਰਤੀਤੀ ਅੰਦਰ ਬੱਝ ਜਾਂਦੀ ਹੈ, ਜਿਸ ਨੂੰ ਦਾਤਾ ਜੀ ਨੇ ਐਉਂ ਦੱਸਿਆ ਹੈ:-'ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥ ਧਰਤਿ ਕਾਇਆ ਸਾਧਿਕੈ ਵਿਚਿ ਦੇਇ ਕਰਤਾ ਬੀਉ॥' ਇਸ ਤਰ੍ਹਾਂ ਅੰਤਰ ਆਤਮੇ ਜਦ ਨਾਮ ਟਿਕ ਜਾਏਗਾ, ਜੀਵ ਦੇ ਪਰਮਾਤਮਾਂ ਜੀ ਦੇ ਨਾਲ ਜੁੜਨ ਦੀ ਹਾਲਤ ਪੈਦਾ ਹੋ ਜਾਏਗੀ ਤੇ ਮਨ ਵਿਚ ਸੁਖ ਉਪਜੇਗਾ ਫਿਰ ਉਸ ਨੂੰ ਬਾਹਰ ਮੁਖ ਭਾਗ ਕੀਹ ਲਗੇਗਾ? ਕਿ ਸੱਚੀ ਮੱਤ ਸਤਿਗੁਰੂ ਦੀ ਉੱਤਮ ਲਗੇਗੀ ਤੇ ਉਸ ਦੇ ਅਮਲ ਸੱਚ ਵਾਲੇ ਹੋਣਗੇ ਅਰ ਓਹ ਅਮਲ ਆਪਣੇ ਆਪ ਨੂੰ ਕਰਨੀ ਵਿਚ ਪ੍ਰਗਟ ਕਰਨਗੇ; ਜੈਸਾ ਕਿ ਵਾਕ ਹੈ:' ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥' ਅਰਥਾਤ ਸੱਚ ਦੀ ਤਾਸੀਰ ਮਨ ਨੂੰ ਨਿਰਮਲ ਕਰਕੇ ਟਿਕਾਉ ਵਿਚ ਰੱਖ ਕੇ ਉਸਦੇ ਅਮਲਾਂ ਵਿਚ ਦਇਆ ਦਾ ਵਾਸਾ ਕਰਾ ਦੇਵੇਗੀ। ਸਭ ਤੋਂ ਅਖੀਰ ਸੱਚ ਦਾ ਅਸਰ ਆਤਮਾਂ ਵਿਚ ਨਿਵਾਸ ਹੈ-'ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥' ਆਤਮ ਰੂਪੀ ਤੀਰਥ ਤੇ ਟਿਕ ਜਾਣਾ ਸੱਚ ਹੈ। ਹੁਣ ਦੇਖੋ 'ਆਤਮ ਵਸਤੂ' ਦੀ ਪ੍ਰਾਪਤੀ ਦਾ ਨਾਮ ਹੋ ਗਿਆ ਸੱਚ। ਸੋ ਝੂਠ ਬੋਲਣ ਦੇ ਬਚਾਉ ਤੋਂ ਟੁਰਕੇ ਆਤਮ ਤੀਰਥ ਦੇ ਨਿਵਾਸ ਤਕ ਸਾਰਾ ਸੱਚ ਹੈ। ਅੰਤ ਵਿਚ ਸਤਿਗੁਰੂ ਨੇ ਪਰਮਾਤਮਾ ਦਾ ਸਰੂਪ ਵੀ ਸੱਚ ਹੀ ਕਿਹਾ ਹੈ[1]।

---

[1] 'ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ' ॥ {ਆਸਾ ਸ੍ਰੀ ਨਾਮਦੇਵ ਜੀ}

[2] ਅਨਦਿਨੁ ਸੂਚੇ ਹਰਿ ਗੁਰ ਸੰਗ {ਆਸਾ ਮ:੧}

[1] ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ {ਜਪੁ ਜੀ}। ਪੁਨਾ-ਸਤਿਗੁਰਿ ਮਿਲਿਐ ਸਚੁ ਪਾਇਆ..॥ {ਵਾਰ ਆਸਾ ਮ:੧}

ਸੋ ਨਾਮ ਦਾ ਅਸਰ ਹੈ ਪਹਿਲਾਂ ਮਤ ਨੂੰ ਪਾਪਾਂ ਤੋਂ ਉੱਜਲ ਕਰਨਾ ਤੇ ਫੇਰ ਨਾਮੀ ਵਿਚ ਲੈ ਜਾਣਾ ਤੇ ਨਾਮ ਦੇ ਕੰਮ ਕਰਨ ਦਾ ਅਰਥਾਤ ਅੰਦਰ ਅਸਰ ਕਰਨ ਦਾ ਤਰੀਕਾ ਉੱਪਰ ਦੱਸਿਆ ਹੈ। ਕਈ ਨਾ ਜਾਣਨਹਾਰ ਲੋਕੀ ਨਾਮ ਨੂੰ ਆਖਦੇ ਹਨ: ਘੜੀ ਮੁੜੀ ਰਟਨ ਕਰਨ ਦਾ ਕੀ ਲਾਭ ਹੈ? ਓਹ ਨਾਮ ਨੂੰ ਰਟਨ ਮਾਤ੍ਰ ਸਮਝਦੇ ਹਨ। ' ਨਾਮ ਰਟਨ ਤੋਂ ਲੈ ਕੇ ਸਾਈਂ ਪੁਜਣ ਤਕ ਸਾਰਾ ਅੰਤਰ ਆਤਮੇ ਉੱਚ ਜੀਵਨ ਦੀ ਪ੍ਰਾਪਤੀ ਦਾ ਨਾਮ ਹੈ ਤੇ ਬਾਹਰ ਉੱਚ ਵਰਤਾਉ ਦਾ ਅਮਲ ਵਿਚ ਆਉਣਾ ਹੈ, ਅਰਥਾਤ ਅੰਦਰ ਉੱਚ ਜੀਵਨ ਦੀ ਪ੍ਰਤੀਤੀ, ਅਨੁਭਵ ਅਤੇ ਬਾਹਰ ਉੱਚ ਜੀਵਨ ਦੇ ਅਮਲ। ਪਹਿਲਾਂ ਤਾਂ ਰਟਨ ਹੀ ਹੈ, ਸਾਰੇ ਵਿਦਵਾਨਾਂ ਨੇ ਵਿਦਯਾ ਰਟਨ ਨਾਲ ਹੀ ਪਾਈ ਹੈ। ਰਟਨ ਨਾਲ ਰਟੇ ਜਾਣ ਵਾਲੇ ਪਦਾਂ ਦਾ ਅਸਰ ਮਨ ਤੇ ਪੈਂਦਾ ਤੇ ਅੰਦਰ ਸਿੰਜਰਦਾ ਹੈ, ਕਿਉਂਕਿ ਰਟਨ ਕਰਨ ਵਾਲਾ ਮਨੁੱਖ ਹੁੰਦਾ ਹੈ, ਮੁਰਦਾ ਮਸ਼ੀਨ ਨਹੀਂ ਹੁੰਦਾ ਕਿ ਉਸ ਤੇ ਅਸਰ ਨਾ ਪਵੇ। ਮਨ ਵਾਲਾ, ਜਦ ਰਟਦਾ ਹੈ ਤਾਂ ਰਟਨ ਦਾ ਭਾਵ ਮਨ ਪਰ ਸੁਤੇ ਹੀ ਪੈਂਦਾ ਹੈ, ਉਸ ਨੂੰ ਉਪਦੇਸ਼ ਮਿਲਦਾ ਹੈ ਕਿ ਇਹ ਨਾਮ ਕਿਸਦਾ ਹੈ ਤੇ ਕਿਉਂ ਜਪਣਾ ਹੈ, ਤਾਂਤੇ ਉਹ ਸਮਝਕੇ ਇਹ ਪ੍ਰਯੋਜਨ ਅੰਦਰ ਲੈਕੇ ਨਾਮ ਜਪਦਾ ਹੈ, ਉਸ ਨੂੰ ਆਗਯਾ ਹੁੰਦੀ ਹੈ ਸਤਿਸੰਗ ਦੀ ਕਿ ਖਿਆਲ ਨੂੰ ਧਾਵਨ ਤੋਂ ਵਰਜਣਾ ਹੈ ਤੇ ਜਿਸ ਦਾ ਨਾਮ ਲੈ ਰਹੇ ਹੋ ਉਸ ਵਲ ਮੋੜ ਮੋੜ ਕੇ ਮਨ ਨੂੰ ਲਾਉਣਾ ਹੈ। ਸੋ ਇਉਂ ਇਹ ਰਟਨ ਮਨ ਦੀ ਖਿਆਲ ਸ਼ਕਤੀ ਨੂੰ ਹੋਰਥੋਂ ਵਰਜਦਾ ਤੇ ਆਪਣੇ ਵਿਚ ਜੋੜਦਾ ਰਹਿੰਦਾ ਹੈ, ਐਉਂ ਰਟਨ ਕਹੋ ਯਾ ਜਪ ਕਹੋ: ਉਹ ਸਿਮਰਨ ਹੋ ਜਾਂਦਾ ਹੈ ਅਰਥਾਤ ਨਾਮ ਸਿਮ੍ਰਤੀ ਵਿਚ ਪਰਵੇਸ਼ ਕਰ ਜਾਂਦਾ ਹੈ। ਫਿਰ 'ਸਾਂਈਂ ਹੈ', ਇਹ ਭਾਵ ਸਾਡੀ ਯਾਦ ਵਿਚ ਪਰਵੇਸ਼ ਕਰ ਜਾਂਦਾ ਹੈ। ਸਿਮਰਨ ਦਾ ਅਰਥ ਹੈ' ਯਾਦ' ਪਰ 'ਸਿਮਰਨ' ਦਾ ਅਰਥ ਪਿਆਰ ਵਾਲੀ ਯਾਦ ਹੈ, ਕਿਉਂਕਿ ਇਸ ਪਦ ਦੇ ਧਾਤੂ 'ਸਮ੍ਰੀ' ਦੇ ਅਰਥ ਹੈਨ ਪਿਆਰ ਕਰਨਾ ਤੇ ਯਾਦ ਕਰਨਾਂ। ਪਿਆਰ ਦਾ ਤੇ ਯਾਦ ਦਾ ਬੜਾ ਨੇੜੇ ਦਾ ਸੰਬੰਧ ਹੈ। ਪਿਆਰੇ ਦਾ ਪਿਆਰ ਸਦਾ ਸਾਡੇ ਅੰਦਰ 'ਯਾਦ' ਦਾ ਰੂਪ ਲੈ ਕੇ ਵੱਸਦਾ ਹੈ। ਪਿਆਰ ਕਰਨ ਵਾਲਾ ਓਹ ਹੈ ਜੋ ਵੱਧ ਤੋਂ ਵਧ ਪ੍ਰੀਤਮ ਦੀ ਯਾਦ ਵਿਚ ਵੱਸਦਾ ਹੈ। ਇਸ ਤਰ੍ਹਾਂ ਜਦ ਸਤਿਕਾਰ ਦਾ, ਉੱਚਤਾ ਦਾ ਭਾਵ ਲੈਕੇ ਗੁਣਾਂ ਦੇ ਸਮੂਹ ਦਾ ਭਾਵ ਅੰਦਰ ਰੱਖਕੇ ਉਸ ਨੂੰ ਯਾਦ ਕਰੀਦਾ ਹੈ ਤਾਂ ਓਹ ਪਿਆਰ ਹੀ ਤਾਂ ਹੁੰਦਾ ਹੈ। ਸੋ ਯਾਦ ਕਰਨੇ ਨਾਲ ਜੀਵ ਪਿਆਰ ਵਿਚ ਪਰਵੇਸ਼ ਕਰਦਾ ਹੈ। ਐਉਂ ਸਿਮਰਣ ਕਰਦਿਆਂ ਨਾਮ ਪਹਿਲਾਂ ਨਾਮੀ ਦੇ 'ਹੈ' ਭਾਵ ਵਿਚ ਲੈ ਜਾਂਦਾ ਹੈ, ਫੇਰ ਪ੍ਰੇਮ ਵਿਚ ਲੈ ਜਾਂਦਾ ਹੈ[੧]। ਦੇਖੋ ਵੀਚਾਰ ਕਰੋ, ਹਰ ਕੋਈ ਕਹਿ ਛਡਦਾ ਹੈ 'ਰੱਬ ਹੈ', ਪਰ ਇਹ 'ਹੈ' ਕਥਨੀ ਮਾਤ੍ਰ ਹੈ। ਪਰ ਨਾਮੀ ਪੁਰਖ ਦੇ ਅੰਦਰ ਰੱਬ ਹੈ ਇਕ ਲਗਾਤਾਰੀ ਭਾਵ ਦ੍ਰਿੜ੍ਹ ਹੋ ਜਾਂਦਾ ਹੈ ਤੇ ਫਿਰ ਇਸ ਵਿਚ ਉਸ ਨੂੰ ਰਾਗ ਯਾ ਪ੍ਰੇਮ ਹੋ ਜਾਂਦਾ ਹੈ। ਰਾਗ ਯਾ ਪ੍ਰੇਮ ਹੀ (ਸਜੀਵਾਂ) ਜਿੰਦ ਵਾਲਿਆਂ ਲੋਕਾਂ ਨੂੰ ਮਿਲਾਉਂਦਾ ਹੈ। ਐਉਂ ਨਾਮ ਨਾਮੀ ਨਾਲ ਮੇਲ ਦੇਂਦਾ ਹੈ। ਨਾਮ ਰਟਨ ਤੋਂ ਟੁਰਕੇ ਨਾਮੀ ਦੇ ਮਿਲਾਪ ਤਕ ਨਾਮ ਹੀ ਲੈ ਜਾਂਦਾ ਹੈ[੨]। ਫਿਰ ਜਗਤ ਕਹਿੰਦਾ ਸੁਣੀਂਦਾ ਹੈ ਕਿ ਹਰ ਛਿਨ ਸਾਂਈਂ ਦਾ ਚਿੰਤਨ ਦਾ ਗਲਾਵਾਂ ਕੌਣ ਗਲੇ ਪਾ ਲਏ। ਪਰ ਵੀਚਾਰਕੇ ਦੇਖੋ ਕਿ ਚਿੰਤਨ ਦਾ ਗਲਾਵਾਂ ਤਾਂ ਹਰ ਛਿਨ ਸਭ ਦੇ ਗਲੇ ਪਿਆ ਹੋਇਆ ਹੈ, ਕੌਣ ਹੈ ਜੋ ਹਰ ਛਿਨ ਕੁਛ ਨਾ ਕੁਛ ਨਹੀਂ ਸੋਚ ਰਿਹਾ ਤੇ ਨਹੀਂ ਚਿੰਤਨ ਕਰ ਰਿਹਾ? ਇਥੋਂ ਤਾਈਂ ਕਿ ਨੀਂਦ ਵਿਚ ਬੀ ਚਿੰਤਨ ਤੋਂ ਛੁਟਕਾਰਾ ਨਹੀਂ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ-'ਚਿੰਤਤ ਹੀ ਦੀਸੈ ਸਭੁ ਕੋਇ' ਅਰਥਾਤ ਚਿੰਤਨ ਵਿਚ ਸਭ ਕੋਈ ਹੈ, ਪਰ ਦੇਖੋ ਸਭ ਕੋਈ ਦੁਖੀ ਹੈ, ਕਿਉਂਕਿ ਹਰ ਕੋਈ ਚਿੰਤਨ ਵਿਚ ਹੈ। ਹਰ ਕਿਸੇ ਦਾ ਚਿੰਤਨ ਕੈਸਾ ਹੈ? ਉਹ ਅਨੇਕ ਚਿੰਤਨ ਹੈ ਅਰ ਉਸ ਚਿੰਤਨ ਨਾਲ ਮਨ ਦੀ ਰਗੜ ਹਰਖ, ਸ਼ੋਕ, ਦੁਖ ਸੁਖ, ਈਰਖਾ, ਵਾਦ, ਸ੍ਵਾਰਥ, ਵੈਰ ਡਰ ਆਦਿ ਭਾਵਾਂ ਨਾਲ ਪੈਂਦੀ ਹੈ, ਅਰਥਾਤ ਮਨ ਨੀਵੇਂ ਤੇ

---

[੧] ਬਿਨ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥ {ਗਉੜੀ ਪੂ: ਛੰਤ ਮ: ੧}

[੨] ਨਾਨਕ ਨਾਮੁ ਨ ਛੋਡੈ ਸਾਧਨ ਨਾਮਿ ਸਹਜਿ ਸਮਾਣਿਆ ॥ {ਗਉੜੀ ਮ:। ੧ ਛੰਤ}

ਪਹਿਲੇ ਨਾਮੁ ਦਾ ਅਰਥ ਵਾਹਿਗੁਰੂ ਨਾਮ ਹੈ ਤੇ ਦੂਜੇ 'ਨਾਮਿ' ਦਾ ਅਰਥ ਨਾਮੀ ਸ੍ਰੀ ਅਕਾਲ ਪੁਰਖ ਜੀ ਹੈ।

ਮਾਮੂਲੀ ਸ੍ਵਾਰਥ ਵਾਲੇ ਭਾਵਾਂ ਨਾਲ ਰਗੜਾਂ ਖਾਂਦਾ ਹੈ, ਇਸ ਕਰਕੇ ਸੁਖੀ ਨਹੀਂ ਹੁੰਦਾ, ਤਾਂਤੇ ਸਤਿਗੁਰੂ ਜੀ ਨੇ ਫੁਰਮਾਇਆ, 'ਚੇਤਹਿ ਏਕੁ ਤਹੀ ਸੁਖੁ ਹੋਇ। ਅਰਥਾਤ ਜੇ ਇਕ ਵਾਹਿਗੁਰੂ ਦਾ ਚਿੰਤਨ ਕਰੇ ਤਾਂ ਸੁਖੀ ਹੋ ਜਾਏਗਾ, ਕਿਉਂਕਿ ਇਕ ਜੋ ਵਾਹਿਗੁਰੂ ਹੈ ਉਹ ਸੁਖ ਸਰੂਪ ਹੈ, ਉਹ ਰਸ ਸਰੂਪ ਹੈ, ਉਹ ਪ੍ਰੇਮ ਸਰੂਪ ਹੈ, ਉਹ ਦਾਤਾ ਹੈ, ਪਾਲਣਹਾਰ ਹੈ, ਸਦਾ ਥਿਰ ਹੈ, ਸਦਾ ਮੁਕਤਿ ਹੈ, ਸਦਾ ਅਨੰਦ ਹੈ। ਜਦ ਐਸੇ ਸ਼ੁਭ 'ਏਕੇ' ਦਾ ਚਿੰਤਨ ਕਰੇਗਾ, ਤਾਂ ਅੰਦਰੋਂ ਇਨ੍ਹਾਂ ਭਾਵਾਂ ਨਾਲ ਮਨ ਦੀ ਰਗੜ ਹੋਵੇਗੀ। ਮੈਲ ਨਾਲ ਰਗੜਿਆਂ ਮੈਲ ਲਗਦੀ ਹੈ, ਰੰਗ ਨਾਲ ਰਗੜਿਆਂ ਰੰਗ ਚੜ੍ਹਦਾ ਹੈ। ਸੋ ਸਾਦਾ ਮਨ 'ਏਕ ਚਿੰਤਨ ' ਨਾਲ ਸ਼ੁਭ ਗੁਣਾਂ, ਸ਼ੁਭ ਭਾਵਾਂ; ਸ਼ੁਭ ਸਰੂਪ ਵਾਹਿਗੁਰੂ ਨਾਲ ਲਗਕੇ, ਸੁਖ ਦੀ ਛੋਹ ਲੈ ਲੈਕੇ ਸੁਖ ਸਰੂਪ ਹੋ ਜਾਏਗਾ, ਏਸੇ ਕਰਕੇ ਦਾਤਾ ਜੀ ਨੇ ਫੁਰਮਾਇਆ-ਚੇਤਹਿ ਏਕੁ ਤਹੀ ਸੁਖੁ ਹੋਇ'। ਇਹ ਸੁਖ ਸਰੂਪਤਾ ਫੇਰ ਮੁਕਤੀ ਤਕ ਲੈ ਜਾਏਗੀ। ਸੋ ਇਸ ਤੁਕ ਦੇ ਅੱਗੋਂ ਦਾਤਾ ਜੀ ਨੇ ਫੁਰਮਾਇਆ:-ਚਿਤਿ ਵਸੈ ਰਾਚੈ ਹਰਿ ਨਾਇ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ॥' ਅਰਥਾਤ ਏਸ ਸੁਭਾਗ ਏਕੇ ਦਾ ਏਕ ਚਿੰਤਨ' ਕੀਕੂੰ ਅੰਦਰ ਵੱਸੇ? ਜੇ ਇਹ ਗਲ ਪੁੱਛੋ ਤਾਂ ਦੱਸਦੇ ਹਨ ਕਿ ਹਰਿ ਕੇ ਨਾਮ ਦੇ ਜਪਣ ਨਾਲ, ਇਸ ਵਾਹਿਗੁਰੂ ਦੇ ਨਾਮ ਦੇ ਅੰਦਰ ਵੱਸਣ ਨਾਲ ਏਕ ਚਿੰਤਨ ਪ੍ਰਾਪਤ ਹੋ ਕੇ ਸੁਖ ਸਰੂਪ ਬਣਕੇ ਫੇਰ ਕੀ ਹੋਵੇਗਾ? ਮੁਕਤਿ ਹੋ ਜਾਏਗਾ ਅਤੇ ਆਪਣੇ ਘਰ ਪਤ ਨਾਲ ਜਾਏਗਾ[੧]। ਸੋ ਇਹ ਵਸਤੂ ਹੈ ਨਾਮ, ਇਸ ਦੀ ਮਹਿਮਾਂ, ਇਸ ਦੀ ਵਿਦਯਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਤੇ ਤੁਕ ਤੁਕ ਵਿਚ ਦੱਸੀ ਹੈ।

### ੩.

ਇਹ ਸੀ ਨਾਮ ਜੋ ਸੀਂਹੇ ਸੱਜਣ ਜਪਿਆ ਸੀ।

---

[੧] ਇਸ ਕਥਨ ਵਿਚ ਇਹਨਾਂ ਤੁਕਾਂ ਦਾ ਭਾਵ ਅਰਥ ਆਯਾ ਹੈ-ਚਿੰਤਤ ਹੀ ਦੀਸੈ ਸਭੁ ਕੋਈ ॥ ਚੇਤਹਿ ਏਕੁ ਤਹੀ ਸੁਖੁ ਹੋਇ॥ ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥

{ਰਾਮ ਮ:੧ ਦ. ਓਅੰਕਾਰ}

ਪਹਿਲਾਂ ਉਨ੍ਹਾਂ ਦਾ ਵਿਹਾਰ ਸ਼ੁੱਧ ਹੋ ਗਿਆ, ਮਨ ਨਿਰਮਲ ਹੋ ਗਿਆ, ਫਿਰ ਅੰਦਰ 'ਹੈ' ਦਾ ਭਾਵ ਕਿ 'ਵਾਹਿਗੁਰੂ ਹੈ' ਬੱਝ ਗਿਆ, ਹੁਣ ਇਸ ਹੋਂਦ ਵਿਚ ਭਰੋਸਾ, ਸਿਦਕ ਤੇ ਪਿਆਰ ਫੇਰੇ ਪਾਉਣ ਲਗ ਪਿਆ। ਇਸ ਰੰਗ ਵਿਚ ਰਹਿੰਦੇ ਹਨ, ਬਾਣੀ ਦਾ ਪਾਠ, ਵੀਚਾਰ ਤੇ ਕੀਰਤਨ ਕਰਦੇ ਹਨ। ਕਦੇ ਕਦੇ ਜਾਕੇ ਦਾਤਾ ਜੀ ਦਾ ਦਰਸ਼ਨ ਸਤਿਸੰਗ ਕਰ ਆਉਂਦੇ ਹਨ। 'ਹੁਣ ਪਰਮੇਸ਼ਰ ਦੀ ਹੋਂਦ ਤੇ ਪਿਆਰ ਦਾ ਭਾਵ ਜੋ ਉਨ੍ਹਾਂ ਦੇ ਅੰਦਰ ਵਸ ਗਿਆ ਸੀ, ਉਨ੍ਹਾਂ ਦੀ ਵਰਤੋਂ ਵਿਚ ਪਰਵੇਸ਼ ਕਰਨ ਲੱਗ ਪਿਆ ਹੈ। ਸੁਭਾਵ ਵਿਚ ਖਿਮਾਂ ਤੇ ਦਾਨ ਆ ਗਏ ਹਨ, ਅਤਿੱਥੀ ਅਭਿਆਗਤ ਨੂੰ ਦੇਂਦੇ ਹਨ: ਸੰਗਰਾਂਦ ਮੱਸਿਆ ਨੂੰ ਕੜਾਹ ਪ੍ਰਸ਼ਾਦ ਕਰਦੇ ਹਨ। ਸਿੱਖਾਂ ਦਾ ਆਦਰ ਸਤਿਕਾਰ ਕਰਦੇ ਤੇ ਪ੍ਰਸ਼ਾਦ ਛਕਾਉਂਦੇ ਹਨ। ਦਾਨ ਦੇਕੇ ਖੁਸ਼ ਹੁੰਦੇ ਹਨ। ਇਹ ਅਮਲੀ ਵਰਤਣ ਦਾ ਪਿਆਰ ਆ ਗਿਆ। ਪਰ ਹੁਣ ਇਕ ਅੰਦਰ ਜਗੀ ਜੋਤ ਦੀ ਪ੍ਰੀਖਯਾ ਦਾ ਜ਼ਰਾ ਕਰੜਾ ਵੇਲਾ ਆ ਗਿਆ, ਉਹ ਸਮਾਂ ਇਹ ਆਇਆ ਕਿ ਸੀਂਹੇ ਦੀ ਧੀ ਦਾ ਵਿਆਹ ਆ ਗਿਆ। ਜੰਞ ਵਾਸਤੇ ਮੱਠੀ ਮਠਿਆਈ ਭੋਜਨ ਹਰ ਪ੍ਰਕਾਰ ਦੇ ਤਿਆਰ ਹੋਏ ਤੇ ਕੀਤੇ ਜਾ ਰਹੇ ਸੇ, ਅਗਲੇ ਦਿਨ ਜੰਞ ਨੇ ਆਉਣਾ ਸੀ ਕਿ ਇੰਨੇ ਨੂੰ ਗੁਰੂ ਸਿਖਾਂ ਦਾ ਇਕ ਸੰਗ ਆ ਗਿਆ। ਇਹ ਸ੍ਰੀ ਗੁਰੂ ਜੀ ਦੇ ਦਰਸ਼ਨਾਂ ਨੂੰ ਕਰਤਾਰ ਪੁਰ ਜਾ ਰਹੇ ਸੇ। ਗਿਣਤੀ ਵਿਚ ਇਹ ਸੰਗ ਚੋਖਾ ਸੀ। ਸੀਂਹੇ ਦੀ ਮਹਿਮਾ ਗੁਰ ਸਿੱਖਾਂ ਵਿਚ ਪਸਰ ਰਹੀ ਸੀ, ਸੋ ਆਪਣਾ ਘਰ ਜਾਣਕੇ ਇਹ ਸਾਰਾ ਸੰਗ ਸੀਂਹੇ ਦੇ ਘਰ ਆ ਉਤਰਿਆ। ਸੀਂਹੇ ਦੇ ਮਨ ਗੁਰ ਸਿੱਖਾਂ ਦੇ ਦਰਸ਼ਨ ਕਰਕੇ ਚਾਉ ਉਪਜਿਆ, ਜਾਤੋਸੂ ਸ਼ੁਕਰ ਹੈ ਕਿ ਸਤਿਸੰਗ ਦਾ ਅਵਸਰ ਬਣਿਆਂ; ਰਾਤ ਕੀਰਤਨ ਹੋਵੇਗਾ ਤੇ ਸਵੇਰੇ ਆਸਾ ਦੀ ਵਾਰ ਲਗੇਗੀ, ਬੜੇ ਪਿਆਰ ਨਾਲ ਉਤਾਰਾ ਦਿੱਤੋਸੁ। ਸੀਂਹੇ ਨੇ ਸਾਰੇ ਸੰਗ ਦੀ ਜਲ ਪਾਣੀ ਦੀ ਸੇਵਾ ਕੀਤੀ, ਰਾਤ ਸੌਣ ਦਾ ਸਾਰਾ ਬੰਦੋਬਸਤ ਕਰ ਦਿੱਤਾ, ਪ੍ਰਸ਼ਾਦ ਦਾ ਵੇਲ ਆਇਆ ਤਾਂ ਜੰਞ ਲਈ ਤਿਆਰ ਕੀਤੇ ਪਕਵਾਨ ਵਿਚੋਂ ਗੁਰਸਿੱਖਾਂ ਅੱਗੇ ਪ੍ਰੋਸ ਦਿੱਤਾ। ਮਨ ਦੇ ਮੇਲੀ, ਸਤਿਗੁਰ ਦੇ ਪਿਆਰੇ, ਨਾਮ ਬਾਣੀ ਦੇ ਰੰਗ ਰੱਤੇ, ਗੁਰ ਸਿੱਖ ਸੀਂਹੇ ਦੇ ਘਰ

ਪਕਵਾਨ ਖਾਣ ਤਾਂ ਇਸਤੋਂ ਵਧ ਸੀਂਹੇ ਨੂੰ ਕੀ ਖੁਸ਼ੀ ਹੋ ਸਕਦੀ ਸੀ। ਕੱਲ ਕੀਹ ਬਣੇਗਾ? ਜੰਞ ਲਈ ਮਠਿਆਈ ਇਡੀ ਛੇਤੀ ਕਿਥੋਂ ਬਣੇਗੀ? ਪਤਿ ਰਹੇਗੀ ਕਿ ਜਾਏਗੀ? ਇਹ ਗੱਲਾਂ ਸੀਂਹੇ ਦੇ ਸੀਨੇ ਖਲਬਲੀ ਨਹੀਂ ਪਾ ਰਹੀਆਂ, ਉਹ ਸੁਖੀ ਹੈ, ਅੰਦਰੋਂ ਕਿਸੀ ਜਾਗਦੀ ਜੋਤ ਸਰਬ ਵਜਾਪੀ ਹੋਂਦ ਨਾਲ ਪ੍ਰੋਤਾ ਪਿਆ ਹੈ। 'ਹੈ' ਦਾ ਭਾਵ ਹੁਣ ਜੀਉਂਦੀ ਸੱਤਾ ਹੈ, ਉਸ ਵਿਚ ਟੋਟਾ ਨਹੀਂ ਪੈ ਰਿਹਾ। 'ਵਾਹਿਗੁਰੂ ਹੈ ਪਿਆਰਾ ਹੈ, ਉਸ ਦੇ ਪਿਆਰੇ ਉਸ ਦੇ ਬੱਚੇ ਹੈਨ', ਇਹ ਭਾਵ ਸੀਂਹੇ ਦੇ ਅੰਦਰ ਹੈ। ਸਾਡਾ ਜੀਉ ਸੰਸਿਆਂ ਨਾਲ ਮਲੀਨ ਹੁੰਦਾ ਹੈ[1]। ਸੀਂਹੇਂ ਨੇ ਸੰਸੇ ਧੋ ਕੱਢੇ ਹਨ[2], ਉਹ ਵਿਸ਼ਵਾਸ ਦੇ ਘਰ ਹੈ। ਵਿਸ਼ਵਾਸ ਤੇ ਤੱਤ ਗਜਾਨ ਨਾਲੋ ਨਾਲ ਵਸਦੇ ਹਨ ਵਿਸ਼ਵਾਸ ਤੱਤ ਗਿਆਨ ਦਾ ਡੰਡਾ ਹੈ[3] ਵਿਸ਼ਵਾਸ ਆਯਾ ਤਾਂ ਗਿਆਨ ਆਯਾ।

ਸੀਂਹੇਂ ਨੇ ਸਿਖਾਂ ਨੂੰ ਡਾਢੇ ਪਿਆਰ ਵਿਚ ਪ੍ਰਸ਼ਾਦਿ ਛਕਾਇਆ। ਸੰਗਤ ਵਿਚ ਗੁਰੂ ਡਿੱਠਾ[4], ਗੁਰੂ ਨੂੰ ਭੋਜਨ ਛਕਾਇਆ। ਚਾਉ ਰੰਗ ਰਸ ਬੱਝਾ ਰਿਹਾ। ਜਦੋਂ ਵਿਹਲਾ ਹੋਕੇ ਅੰਦਰ ਵਹੁਟੀ ਪਾਸ ਗਿਆ ਤਾਂ ਉਹ ਕਹਿਣ ਲੱਗੀ:"ਸਾਂਈਂ ਜੀਓ ! ਜੰਞ ਦਾ ਪਕਵਾਨ ਗੁਰ ਸਿੱਖਾਂ ਨੂੰ ਖੁਆਇਆ ਸ਼ੁਭ ਹੋਇਆ, ਪਰ ਕੱਲ ਜੰਞ ਆ ਰਹੀ ਹੈ, ਉਸ ਵੇਲੇ ਕੀਹ ਕਰਾਂਗੇ?" ਤਦ ਸੀਂਹੇ ਨੂੰ ਪਹਿਲੀ ਵੇਰ ਸੰਸਾ ਫੁਰਿਆ, ਪਰ ਇਹ ਓਪਰੀ ਜਿਹੀ ਛੋਹ ਦੇ ਕੇ ਟੁਰ ਗਿਆ ਤੇ ਉੱਚੇ ਤੇ ਸਾਂਈਂ ਰੰਗ ਰੱਤੇ ਸੀਂਹੇ ਦੇ ਵਾਹਿਗੁਰੂ ਦੀ ਹੋਂਦ ਪਿਆਰ ਨਾਲ ਭਰ ਰਹੇ ਦਿਲ ਵਿਚੋਂ ਆਵਾਜ਼ਾਂ ਨਿਕਲਿਆਂ:-

ਰਿਜਕੁ ਦਸਤ ਆ ਕਸੇ ਹਮਾਰਾ ਏਕੁ ਆਸ ਵਸੇ ॥ ਅਸਤਿ ਏਕੁ ਦਿਗਰ ਕੁਈ॥
ਏਕ ਤੁਈ ਏਕ ਤੁਈ॥ {ਵਾਰ ਮਾਝ ਮ: ੧}

ਹਾਂ, ਸੀਂਹੇ ਨੇ ਦੋ ਤ੍ਰੈ ਵਾਰ ਇਹੋ ਤੁਕ ਪੜ੍ਹੀ ਤੇ ਨਿਸ਼ਚਿੰਤ ਹੋਕੇ ਸੌਂ ਗਿਆ ਤੇ ਦੋ ਪਹਿਰ ਨਿਸਾ ਬੀਤ ਗਈ। ਤ੍ਰਿਪਹਿਰੇ ਵਜੇ ਉਠਿਆ। ਹੋ ਰਹੇ ਕੀਰਤਨ ਵਿਚ; ਆਪਣੇ ਭਜਨ ਵਿਚ-ਏਕ ਚਿੰਤਨ ਵਿਚ ਲੀਨ ਹੋ ਗਿਆ। ਦਿਨ ਚੜ੍ਹ ਪਿਆ। ਸੀਂਹਾਂ ਉਠਿਆ ਤੇ ਵਿਆਹ ਕਾਰਜ ਵਿਚ ਲਗ ਪਿਆ! ਇਸਤ੍ਰੀ ਨੇ ਫੇਰ ਚੇਤਾਉਣੀ ਕਰਾਈ। ਸਾਂਈਂ ਜੀਓ ! ਅਜ ਕੀਹ ਬਣੇਗਾ? ਸੀਂਹਾ ਮੁਸਕਰਾਇਆ ਤੇ ਕਹਿਣ ਲੱਗਾ :-

"ਸਤਿਗੁਰ ਆਸ ਧਰੋ ਮਨ ਮਾਂਹੀ॥ ਅਪਰ ਬਿਚਾਰ ਕਰੋ ਕੋ ਨਹੀ॥ ਰਾਖਹਿੰਗੇ ਪ੍ਰਭੁ ਪੈਜ ਹਮਾਰੀ ॥ ਦਾਸ ਜਾਨ ਹ੍ਵੈ ਹੈਂ ਹਿਤਕਾਰੀ ॥" {ਸ੍ਰੀ ਗੁਰ ਨਾ: ਪ੍ਰ:}

ਜਾਂ ਫੇਰ ਇਸਤ੍ਰੀ ਨੇ ਕਿਸੇ ਵੇਲੇ ਤੌਖਲਾ ਕੀਤਾ ਤਾਂ ਸੀਂਹੇ ਨੇ ਉਤਰ ਦਿੱਤਾ। "ਅਸਾਡੀ ਪੈਜ ਬਾਬਾ ਰਖੇਗਾ। " {ਭ: ਰਤਨਾਵਲੀ}

ਜਦ ਜੰਞ ਆਈ ਤਾਂ ਪਕਵਾਨ ਵਾਲੇ ਕੋਠੇ ਦੇ ਮੂਹਰੇ ਜਾਕੇ ਸੀਂਹੇ ਨੇ ਅਰਦਾਸ ਕੀਤੀ:-ਹੇ ਗੁਰੂ ਬਾਬਾ! ਤੂੰ ਸਿੱਖਾਂ ਦਾ ਹੈਂ, ਸਿਖ ਤੇਰੇ ਹਨ, ਓਤ ਪੋਤ ਤੇਰਾ ਪਸਾਰਾ ਹੈ। ਜੰਞ ਆਈ ਹੈ, ਅਪਣੇ ਸਿਖ ਦੀ ਪੈਜ ਰਖੋ, ਸਿਖਾਂ ਦੀ ਪੈਜ ਮੇਰੇ ਸੁਹਣੇ ਸਤਿਗੁਰੂ ਨਾਨਕਾ! ਤੇਰੀ ਪੈਜ ਹੈ: ਆਪਣੀ ਪੈਜ ਦਾ ਆਪ ਰਖਵਾਲਾ ਹੋਹੁ। ਦਾਤਾ! ਸਿੱਖ ਭੁੱਲਣਹਾਰ ਹਨ, ਤੂੰ ਬਖਸ਼ਿੰਦ ਹੈਂ, ਆਪਣੇ ਬਿਰਦ ਨੂੰ ਆਪ ਸੰਭਾਲ। ਇਸ ਤਰ੍ਹਾਂ ਪਿਆਰ ਭਰੇ ਨੇ ਅਰਦਾਸ ਕੀਤੀ; ਬੂਹਾ ਖੁੱਲ੍ਹਿਆ, ਗਜਣ ਨੂੰ ਕਿਹਾ-ਹੇ ਗੁਰੂ ਕੇ ਸਿਖ ਬਹਿਜਾ ਅੰਦਰ ਤੇ ਗੁਰੂ ਕੇ ਖ਼ਜ਼ਾਨੇ ਵਿਚੋਂ ਦੇਈ ਜਾਹ। ਬ੍ਰਾਤ ਦੀ ਪੰਗਤ ਲਗ ਪਈ; _ ਪ੍ਰੋਸਣਹਾਰ ਪ੍ਰੋਸਣ ਲਗ ਪਏ, ਵਰਤਾਵਣਹਾਰ ਵਰਤਾਵਣ ਲਗ ਪਏ। ਜੰਞ ਤ੍ਰਿਪਤ ਹੋ ਗਈ, ਸੀਂਹੇ ਦੇ ਭੰਡਾਰ ਵਿਚ ਤੋਟ ਨਾ ਆਈ। ਜੰਞ ਉਸ ਸਮੇਂ ਦੇ ਰਿਵਾਜ ਮੂਜਬ ਪੰਜ ਦਿਨ ਰਹੀ, ਪੰਜੇ ਦਿਨ ਜੰਞ ਤ੍ਰਿਪਤਦੀ ਰਹੀ, ਦਾਜ ਦਉਣ ਬੀ ਚੰਗਾ ਦਿੱਤਾ, ਸੁਖਾਂ ਨਾਲ, ਖੁਸ਼ੀਆਂ ਨਾਲ ਕਾਕੀ ਡੋਲੇ ਪਾ ਵਿਦਾ ਕੀਤੀ। ਜਿਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਸੀਂਹੇ ਕੀ ਕੁਛ ਕੀਤਾ ਸੀ, ਓਹ ਅਸਚਰਜ

---

[1] ਸਹਸੈ ਜੀਉ ਮਲੀਨ ਹੈ।

[2] ਤੀਜੇ ਸਤਿਗੁਰਾਂ ਦਾ ਵਾਕ ਹੈ: ਮੰਨੁ ਧੋਵਹੁ ਸਬਦ ਲਾਗਹੁ ਹਰਿ ਰਹਹੁ ਸਿਉ ਚਿਤੁ ਲਾਇ ॥ ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹ ਸਹਸਾ ਇਵ ਜਾਇ ॥ {ਰਾ: ਮ: ੩}

[3] ਪੰਜਵੇਂ ਸਤਿਗੁਰਾਂ ਦਾ ਵਾਕ ਹੈ:-
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
{ਗਉੜੀ ਸੁਖਮਨੀ ਮਹਲਾ ੫}

[4] ਗੁਰ ਮੂਰਤਿ ਗੁਰ ਸਬਦ 'ਸਾਧ ਸੰਗਤਿ' ਸਮਸਰਿ ਪਰਵਾਨਾ। {ਭਾ: ਗੁ: ਵਾਰ}

ਸਨ, ਘਰ ਦੀ ਨਾਰ ਹੈਰਾਨ ਸੀ, ਪਰ ਜਦ ਪੈਜ ਰਹਿ ਆਈ ਤੇ ਸਾਰੇ ਵਿਹਲੇ ਹੋ ਕੇ ਬੈਠੇ ਤੇ ਸੀਂਹੇ ਨੂੰ ਵਧਾਈਆਂ ਦੇਣ ਲਗੇ ਤਾਂ ਸਭ ਨੇ ਆਪ ਮੁਹਾਰੇ ਆਖਿਆ: 'ਸਤਿਗੁਰੂ ਨੇ, ਸੁਹਣੇ ਸਤਿਗੁਰੂ ਨਾਨਕ ਨੇ ਆਪਣੇ ਸਿਖ ਦੀ ਪੈਜ ਆਪ ਰੱਖੀ ਹੈ। 'ਗੁਰੂ ਪੈਜ ਨਿਜ ਸਿਖਨ ਰਾਖੀ।' {ਸ੍ਰੀ ਗੁ: ਨਾ: ਪ੍ਰ}

੪.

ਸੀਂਹਾਂ ਆਪਣੀ ਘਾਲ ਵਿਚ ਟੁਰਿਆ ਰਿਹਾ। ਇਹ ਮਨ ਜਨਮ ਜਨਮ ਦਾ ਭੁੱਲਾ ਹੋਇਆ ਹੈ, ਇਸ ਨੂੰ ਮੈਲ ਡਾਢੀ ਲਗੀ ਹੈ ਸਨੇ ਸਨੇ ਲਹਿੰਦੀ ਹੈ। ਉਵੇ ਜੇ ਇਸੇ ਜਨਮ ਨੂੰ ਹੀ ਲਓ ਤਾਂ ਸਾਰੇ ਕਰਮ ਸੁਆਰਥ ਦੇ ਹੀ ਕਰੀਦੇ ਹਨ ਸੋ ਮਨ ਦੀ ਰੁਚੀ ਖ਼ੁਦਗ਼ਰਜ਼ੀ ਵਲ ਹੀ ਰਹਿੰਦੀ ਹੈ ਇਸ ਮਨ ਦਾ ਰੁਖ਼ ਬਾਹਰ-ਮੁਖ਼ ਰਹਿੰਦਾ ਹੈ। ਇਹ ਆਪਾ ਲੋਚਦਾ ਹੈ, ਇਸ ਲਈ ਦੇਰ ਲਗਦੀ ਹੈ ਕਈ ਵੇਰ ਮਨ ਨੂੰ ਦੇਵ ਰੂਪ ਕਰਦਿਆਂ। ਜੇ ਤਾਂ ਹਠ ਨਾਲ ਮਨ ਨੂੰ ਬਦੀਆਂ ਤੋਂ ਰੋਕ ਤੇ ਬੰਨ੍ਹ ਬੰਨ੍ਹ ਕੇ ਸਰੀਰਕ ਭੋਗਾਂ ਤੋਂ ਹਟਾਓ ਤਾਂ ਮਨ ਗਮਰੁੱਠ ਤੇ ਜਿਰਡ਼ ਜਿਹਾ ਹੋ ਜਾਂਦਾ ਹੈ ਤੇ ਕਈ ਵੇਰ ਸਰੀਰ ਵੀ ਨਾਲ ਅਹੁਰਿਆ ਜਾਂਦਾ ਹੈ। ਜੇ ਖੁੱਲ੍ਹੀ ਛੁਟੀ ਦੇ ਦਿਓ ਤਾਂ ਦਿਲ ਉਸ ਛਿਨ ਤਾਂ ਤ੍ਰੁੱਪਦਾ ਹੈ, ਸਰੀਰ ਵੀ ਕੁਛ ਉੱਛਲਦਾ ਹੈ, ਪਰ ਥੋੜਾ ਹੀ ਚਿਰ ਮਗਰੋਂ ਬੁਰੇ ਫਲ ਨਿਕਲ ਪੈਂਦੇ ਹਨ ਤੇ ਕਈ ਤਰ੍ਹਾਂ ਦੇ ਰੋਗ ਸ਼ਰੀਰ ਨੂੰ ਆ ਗ੍ਰਸਦੇ ਹਨ ਤੇ ਉਦਾਸੀ ਪੱਲੇ ਪੈਂਦੀ ਹੈ। ਸਰੀਰਕ ਨਿਰਖਲਤਾਈ ਤਾਂ ਛੇਤੀ ਹੀ ਆ ਜਾਂਦੀ ਹੈ[1]। ਫਿਰ ਪਦਾਰਥ ਬੀ ਹਾਰ ਦੇ ਜਾਂਦੇ ਹਨ। ਕਈ ਵੇਰ ਅਵੈੜੇ ਮਨ ਐਸੇ ਕਰਮ ਕਰ ਬੈਠਦੇ ਹਨ ਕਿ ਰਾਜਸੀ ਦੰਡ ਸਿਰ ਆ ਚੜ੍ਹਦੇ ਹਨ। ਸੋ ਮਨ ਨੂੰ ਖੁੱਲ੍ਹਾ ਛੁਟ-ਪੱਤ੍ਰ ਦਿੱਤਿਆਂ ਬੀ ਸੁਖ ਨਹੀਂ ਨਿਕਲਦਾ, ਸਗੋਂ ਦੁਖਾਂ ਦਾ ਵਿਸੇਸ਼ ਕਾਰਣ ਹੀ ਇਹੋ ਬਣਦਾ ਹੈ। ਹੁਣ ਲੱਭਣੀ ਹੈ ਉਹ ਜੁਗਤ ਕਿ ਜਿਸ ਤਰ੍ਹਾਂ ਮਨ ਨੂੰ ਉੱਚਾ ਸੁੱਚਾ ਬੀ ਕਰ ਲੈਣਾ ਤੇ ਖੇੜੇ ਵਿਚ ਵੀ ਰਖਣਾ, ਹੋ ਸਕੇ ਇਸ ਲਈ ਸਤਿਗੁਰ ਦਾ ਮਾਰਗ ਹੈ:-ਬਾਣੀ ਦਾ ਵੀਚਾਰ, ਨਾਮ, ਸੇਵਾ ਤੇ ਸਤਿਸੰਗ।

ਸੇਵਾ ਨਾਲ ਮਨ ਸਾਫ ਹੁੰਦਾ ਹੈ ਤੇ ਆਹਰੇ ਲਗਦਾ ਹੈ ਤੇ ਇਸ ਨੂੰ ਬਿਨਾ ਖੇਦ ਦੇ ਸੁਖ ਲੈਣ ਦੀ ਥਾਂ ਸੁਖ ਦੇਣ ਦਾ ਸੁਭਾਵ ਪੈ ਜਾਂਦਾ ਹੈ। ਸੁਖ ਦੇਕੇ ਬੀ ਜੀ ਖੁਸ਼ ਹੁੰਦਾ ਹੈ, ਐਉਂ ਖ਼ੁਦਗ਼ਰਜ਼ੀ, ਜੋ ਮਨ ਦੀ ਪਸ਼ੂ ਬ੍ਰਿਤੀ ਦਾ ਵੇਗ ਸੀ, ਮੋੜਾ ਖਾ ਗਈ ਤੇ ਦਿਲ ਨੂੰ ਦੂਸਰੇ ਨੂੰ ਸੁਖੀ ਕਰਕੇ ਚਾਉ ਬੀ ਚੜ੍ਹਦਾ ਰਿਹਾ, ਸੋ ਮਨ ਖੇੜੇ ਵਾਲਾ ਬੀ ਰਿਹਾ ਤੇ ਮਾੜੀਆ ਰੁਚੀਆਂ ਤੋਂ ਰੁਕਕੇ ਉੱਚੇ ਪਾਸੇ ਬੀ ਪੈ ਗਿਆ। ਗਮਰੁੱਠਤਾਈ ਵਲ ਸਹਿਮ ਖਾਕੇ ਬੱਝ ਜਾਣ ਵਾਲੇ ਪਾਸੇ ਮਨ ਨਾ ਗਿਆ। ਜਦ ਮਨ ਖੁਸ਼ ਰਿਹਾ, ਸਰੀਰ ਆਪੇ ਰਾਜ਼ੀ ਰਿਹਾ।

ਇਸ ਤਰ੍ਹਾਂ ਬਾਣੀ ਦੀ ਵੀਚਾਰ ਉੱਚੇ ਜੀਵਨ ਦਾ ਉਪਦੇਸ਼ ਦੇਂਦੀ ਰਹੀ। ਜਦ ਜਦ ਮਨ ਨੀਵੇਂ ਪਾਸੇ ਗਿਆ ਤਦ ਤਦ ਹੀ ਬਾਣੀ ਨੇ ਪੁਕਾਰ ਕੇ ਆਖਿਆ: 'ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ॥' {ਗੂਜਰੀ ਮ:੧ ਅਸਟਪਦੀ ੧}
ਹੇ ਮਨ ! ਤੂੰ ਪਸ਼ੂ ਨਹੀਂ, ਪਸ਼ੂ ਬ੍ਰਿਤੀ-ਤਾਂ ਤੇਰੇ ਵਿਚ ਇਸ ਦੇਹੀ ਨੇ ਪਾਈ ਹੈ। ਤੇਰਾ ਅਸਲਾ ਤਾਂ ਤੱਤ ਸਰੂਪ ਹੈ[1], ਉਸ ਵਿਚ ਬ੍ਰਿਤੀਆਂ ਦਾ ਪਰਛਾਵਾਂ ਪੈ ਰਿਹਾ ਹੈ। ਜਿਹੜੀ ਤੇਰੇ ਵਿਚ ਪਸੂ ਬ੍ਰਿਤੀ ਹੈ ਇਹ ਅਸਲਾ ਨਹੀਂ, ਇਹ ਤਾਂ ਸੁਪਨ ਕਾਲ ਵਾਲਾ ਤੇਰਾ ਮਨ ਹੈ, ਇਸ ਦੇ ਪਿੱਛੇ ਹੈ ਤੇਰਾ ਨਿਰੋਲ ਆਪਾ, ਉਸ ਆਪੇ ਦੇ ਵਿਚ ਹੈ: 'ਨਾਸ਼ ਰਹਤ ਤੱਤ'। ਫਿਰ ਜਦ ਕੋਈ ਮਾੜਾ ਕੰਮ ਵਕਤ ਲੈਣ ਲਗੇ ਤਾਂ ਬਾਣੀ ਕਹੇਗੀ:- 'ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥੧॥ਪ੍ਰਾਣੀ ਏਕੋ ਨਾਮੁ ਧਿਆਵਹੁ॥ ਅਪਨੀ ਪਤਿ ਸੇਤੀ ਘਰਿ ਜਾਵਹੁ {ਮਲਾਰ ਮ:੧-੧} ਤਦ ਮਨ ਨੂੰ ਹੋਸ਼ ਆਵੇਗੀ ਕਿ ਮੇਰਾ ਪ੍ਰਯੋਜਨ ਜੀਵਨ ਦਾ ਪਸ਼ੂ ਭੋਗ ਨਹੀਂ ਸੀ, ਮੈਂ ਕਿਸੇ ਉੱਚੇ ਕੰਮ ਲਈ ਆਇਆ ਸਾਂ। ਮੈਂ ਕਿਉਂ ਇਸ ਪਾਸੇ ਪਵਾਂ। ਜਦ ਐਸੇ ਉਪਦੇਸ਼ ਸੁਣਕੇ ਆਪੇ ਨੂੰ ਰੋਕੇਗਾ ਤਾਂ ਰੋਕ

[1] ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ {ਮਲਾਰ ਮ: ੧}
ਤਥਾ-ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥ {ਵਾਰ ਮਲਾਰ ਮ:੧-੨੧}

[1] ਜੈਸਾ ਕਿ ਤੀਸਰੇ ਸਤਿਗੁਰਾਂ ਨੇ ਫੁਰਮਾਇਆ ਹੈ-
ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ {ਆਸਾ ਮਹਲਾ ੩, ਛੰਤ-੭}

ਤਾਂ ਉਦਾਸੀ ਪੈਦਾ ਕਰੇਗੀ, ਵੈਰਾਗ ਵੀ ਦੇਵੇਗੀ, ਵੈਰਾਗ ਦਾ ਅਸਰ ਤਨ ਨੂੰ ਖੀਨ ਕਰਨ ਵਾਲਾ ਬੀ ਪਏਗਾ, ਪਰ ਨਾਲ ਹੀ ਦਿੱਸੇਗਾ ਕਿ ਸਤਿਸੰਗ ਵਿਚ ਲਗੇ ਲੋਕ ਜੋ ਮੈਥੋਂ ਅੱਗੇ ਹਨ ਖੁਸ਼ ਹਨ। 'ਨਾਨਕ ਭਗਤਾ ਸਦਾ ਵਿਗਾਸੁ'[੧]। ਤਦ ਦਿਲ ਦਿਲਬਰੀ ਫੜੇਗਾ ਤੇ ਸੋਚੇਗਾ ਕਿ ਨਾਮ ਦੀ ਘਾਲ ਅੰਤ ਅਨੰਦ ਦੇ ਘਰ ਲੈ ਜਾਏਗੀ। ਏਹ ਜੋ ਸੰਤ ਜਨ ਅਨੰਦ ਹਨ ਤੇ ਬਾਣੀ ਬੀ ਦੱਸਦੀ ਹੈ ਕਿ ਅਭ੍ਯਾਸ ਦਾ ਅੰਤ ਅਨੰਦ ਹੈ ਤਾਂ ਤੇ ਮੈਂ ਮਨ ਨੂੰ ਮੈਲਾਂ ਤੋਂ ਧੋਵਾਂ ਤੇ ਉੱਚਾ ਹੋਵਾਂ ਜੋ ਅਨੰਦ ਪਾਵਾਂ। ਇਉਂ ਅਨੰਦ ਦੀ ਆਸ ਮਨ ਨੂੰ ਅਰੁਚੀ ਤੇ ਬੱਝ ਵਿਚ ਕੁਰਖਤ ਨਹੀਂ ਹੋਣ ਦੇਂਦੀ, ਫੇਰ ਅਭਿਆਸ ਨਾਮ ਦਾ ਹੈ, ਨਾਮ ਹੈ ਵਾਹਿਗੁਰੂ। 'ਵਾਹ' ਵਿਚ ਚਾਉ ਹੁਲਾਰਾ ਹੈ। ਸਿਫਤ ਸਲਾਹ ਦਾ ਉਮਾਹ ਹੈ। ਵਾਹ ਵਿਚ ਅਚਰਜ ਦਾ ਖੇੜਾ[੨] ਹੈ। ਉਹ ਮਨ ਨੂੰ ਅਭ੍ਯਾਸ ਕਰਦਿਆਂ ਉਮਰੱਗੀ ਦਾ ਅਸਰ ਦੇਂਦਾ ਹੈ, ਰੋਗੀਆਂ ਵਾਂਙੂ ਮਨ ਤੇ ਮੁਰਦਿਹਾਨ ਦਾ ਅਸਰ ਨਹੀਂ ਪਾਉਂਦਾ। ਐਉਂ ਮਨ ਸੇਵਾ ਬਾਣੀ ਸਤਿਸੰਗ ਤੇ ਨਾਮ ਨਾਲ ਦੇਵ ਸੁਭਾਵ ਬੀ ਹੁੰਦਾ ਜਾਂਦਾ ਹੈ, ਪਸ਼ੂ ਸੁਭਾਵ ਵੀ ਛੁਟਦਾ ਜਾਂਦਾ ਹੈ ਤੇ ਸਰੀਰ ਬੀ ਮਰਿਯਾਦਾ ਵਿਚ ਆਕੇ ਅਰੋਗ ਰਹਿੰਦਾ ਹੈ। ਪਰ ਸਾਰੀ ਘਾਲ ਹੈ, ਸੁਹਣੀ ਘਾਲ ਹੈ ਤੇ ਸਮਾਂ ਲਗਦਾ ਹੈ।

੫.

ਸੀਹਾਂ ਉਪਲ ਇਸ ਤਰ੍ਹਾਂ ਘਾਲ ਕਰਦਾ ਰਿਹਾ, ਸਦਾ ਮੈਲ ਘਟਦੀ ਗਈ, ਅੰਦਰ ਸੁਖ ਦਾ ਵਾਧਾ ਪੈਂਦਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣਾ ਨੂਰ ਜਗਤ ਨੂੰ ਲਾ ਕੇ ਆਪਣੇ ਜਯੋਤੀ ਮੰਡਲਾਂ ਨੂੰ ਚਲੇ ਗਏ ਹਨ। ਸੀਹਾਂ ਉਹੋ ਜਗਤ ਗੁਰੂ ਅੰਗਦ ਦੇਵ ਜੀ ਵਿਚ ਵੇਖਦਾ ਕ੍ਰਿਤ ਕ੍ਰਿਤ ਹੁੰਦਾ ਰਿਹਾ। ਖਡੂਰ ਸਾਹਿਬ ਦਰਸ਼ਨਾਂ ਨੂੰ ਜਾਂਦਾ ਹੈ ਤੇ ਲਾਭ ਲੈਂਦਾ ਹੈ। ਇਸ ਸਮੇਂ ਉਸ ਦੇ ਘਰ ਪੁੱਤ੍ਰ ਹੋਇਆ, ਬਿਰਾਦਰੀ ਦੀ ਰਸਮ ਮੂਜਬ ਉਸ ਨੇ ਘਰ ਸਮਾਗਮ ਕਰਨਾ ਸੀ, ਉਸ ਸਮੇ ਬਕਰਿਆਂ ਦੇ ਮਾਸ ਤੇ ਹੋਰ ਸਮਾਗਮ ਹੋਣੇ ਸਨ, ਉਸ ਦੀ ਤ੍ਰੀਮਤ ਨੇ ਸਾਰੀ ਤਿਆਰੀ ਕਰ ਲਈ, ਪਰ ਸੀਂਹੇ ਨੇ ਗੁਰੂ ਰਜ਼ਾ ਰਹਿਬਰ ਰਖੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਦਿਤਾ ਕਿ ਇਸ ਸਮੇਂ ਪਲਾਲ ਕਰਨੇ ਤੇ ਬੱਕਰੇ ਮਾਰਨੇ ਛੋੜਕੇ ਬੱਚੇ ਨੂੰ ਸਾਡੇ ਪਾਸ ਲੈ ਆਓ, ਅਸੀਂ ਉਸ ਨੂੰ ਸਿਖ ਬਣਾਵਾਂਗੇ। ਸੀਂਹੇ ਨੇ ਸਾਰੇ ਪਲਾਲ ਛੋੜ ਦਿਤੇ ਤੇ ਪੁੱਤ੍ਰ ਨੂੰ ਗੁਰੂ ਕੇ ਦੁਆਰੇ ਖਡੂਰ ਸਾਹਿਬ ਲਿਜਾਕੇ ਗੁਰੂ ਕਾ ਸਿਖ ਬਣਾਇਆਂ[੧], ਜੈਸਾ ਕਿ ਮਹਿਮਾਂ ਪ੍ਰਕਾਸ਼ ਵਿਚ ਲਿਖਿਆ ਹੈ-"ਸਤਿਗੁਰੂ ਦੁਆਰ ਸਿਖ ਕੋ ਕੀਓ ਕਾਰਜ ਹੋਏ ਰਾਸ। " ਇਹ ਦੂਸਰੀ ਵੇਰ ਲੋਕ ਲਾਜ ਦਾ ਸਮਾ ਆਇਆ ਸੀ, ਜਿਸ ਨੂੰ ਸੀਂਹਾ ਜੀ ਜਿੱਤ ਗਏ ਤੇ ਆਪਣੇ ਰਾਹੇ ਟੁਰੇ ਰਹੇ। ਅਨੁਮਾਨ ਹੁੰਦਾ ਹੈ ਕਿ ਇਨ੍ਹੀਂ ਦਿਨੀਂ ਸੀਂਹਾਂ ਜੀ ਗੋਇੰਦਵਾਲ ਆ ਰਹੇ ਸੇ। ਗੋਇੰਦਵਾਲ ਦੂਸਰੇ ਸਾਹਿਬਾਂ ਦੀ ਆਗਯਾ ਵਿਚ ਤੀਸਰੇ ਸਾਹਿਬਾਂ ਦਾ ਵਸਾਇਆ ਨੱਗਰ ਸੀ। ਆਗਯਾ ਪਾਕੇ ਓਥੇ ਅਨੇਕਾਂ ਸਿਖ ਜਾ ਵੱਸੇ ਸੀ, ਸੋ ਸੀਹਾ ਜੀ ਦੇ ਬੀ ਓਥੇ ਜਾ ਰਹਿਣ ਦਾ ਥਹੁ ਪੈਂਦਾ ਹੈ। ਸੀਹਾਂ ਜੀ ਦੀ ਘਰ ਵਾਲੀ ਜ਼ਰਾ ਕਰੜੇ ਸੁਭਾਵ ਦੀ ਲਿਖੀ ਹੈ, ਪਰ ਉਂਞ ਪਤੀ ਦੇ ਨਾਲ ਸਤਿਸੰਗ ਵਿਚ ਜਾਂਦੀ ਤੇ ਸੇਵਾ ਕਰਦੀ ਤੇ ਉਚ ਜੀਵਨ ਦਾ ਸਾਧਨ ਬੀ ਕਰਦੀ ਸੀ।

ਅਕਾਲ ਪੁਰਖ ਦਾ ਭਾਣਾ ਹੁਣ ਦੂਸਰੇ ਸਤਿਗੁਰਾਂ ਨੂੰ ਬੀ ਆਪਣੀ ਜਯੋਤੀ ਸਰੂਪਤਾ ਵਿਚ ਲੈ ਗਿਆ। ਸੀਂਹੇ ਦਾ ਸਿਦਕ ਤੀਸਰੇ ਸਾਹਿਬਾਂ ਵਿਚ ਅਡੋਲ ਟੁਰਿਆ ਰਿਹਾ। ਸੀਂਹੇ ਦਾ ਭਜਨ ਉਸ ਦੀ ਭਾਉ ਭਗਤੀ ਤੀਸਰੇ ਸਾਹਿਬਾਂ ਵਿਚ ਗੁਰੂ ਨਾਨਕ ਨੂੰ ਵੇਖਦੀ ਰਹੀ ਤੇ ਆਪਣੇ ਪਿਆਰ ਦੇ ਆਹਰੇ ਲਗੀ ਰਹੀ।

ਹੁਣ ਸੀਂਹੇ ਦੇ ਅੰਦਰ ਜੋ ਨਾਮ ਦੀ ਸਤਯਾ ਤੇ ਉੱਚ ਪਦ ਪ੍ਰਾਪਤ ਸੀ ਉਸ ਦੀ ਸੁਤੇ ਪ੍ਰੀਖਯਾ ਦਾ ਫੇਰ ਸਮਾ ਆ ਗਿਆ। ਗੋਇੰਦਵਾਲ ਵਿਚ ਤੀਸਰੇ ਸ੍ਰੀ ਗੁਰੂ ਨਾਨਕ ਦੇਵ ਦੇ ਨਾਮ ਦਾ ਉਹ ਛਾਂਦਾ ਵਰਤਾਇਆ ਕਿ ਇਕ ਜਗਤ ਤਰ ਗਿਆ। ਬਾਈ ਮੰਜੀਆਂ ਤਾਂ ਨਾਮ ਪ੍ਰਚਾਰਨ ਵਾਲੇ ਗੁਰਮੁਖਾਂ ਨੂੰ

---

੧ ਜੈਸਾ ਕਿ ਤੀਜੇ ਸਾਹਿਬਾਂ ਨੇ ਬੀ ਫੁਰਮਾਇਆ ਹੈ:-
ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
(ਰਾਮਕਲੀ ਅਨੰਦੁ-੧)

੨ ਪੰਚਮ ਸਤਿਗੁਰ ਦਾ ਵਾਕ ਹੈ-ਹਲਤੁ ਪਲਤੁ ਹੋਇ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ। '(ਰਾਮਕਲੀ ਮਹਲਾ ੫)

੧ ਗੁਰ ਪ੍ਰਤਾਪ ਸੂਰਜ ਵਿਚ ਝੰਡ ਦਾ ਸਮਾਗਮ ਲਿਖਿਆ ਹੈ, ਪਰ ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬੱਚੇ ਨੂੰ ਖਡੂਰ ਵਿਚ ਗੁਰੂ ਦੁਆਰੇ ਲਿਜਾਕੇ ਸਿਖ ਬਨਾਉਣ ਦੀ ਮਰਿਯਾਦਾ ਕੀਤੀ।

ਦੇਕੇ ਦੇਸ਼ ਪਰਦੇਸ਼ ਟੋਰ ਦਿਤਾ ਸੀ। ਇਨ੍ਹਾਂ ਤੋਂ ਛੁਟ ਕਈ ਹੋਰ ਮਾਈਆਂ ਤੇ ਮਨੁਖ ਪ੍ਰਬੁੱਧ ਕਰਕੇ ਆਪ ਜਪਣ ਤੇ ਹੋਰਨਾਂ ਨੂੰ ਜਪਾਉਣ ਦੇ ਕੰਮ ਤੇ ਲਾਏ ਸਨ। ਇਨ੍ਹਾਂ ਹੀ ਦਿਨਾਂ ਵਿਚ ਭਾਈ ਪ੍ਰੇਮੇ ਨੂੰ ਗੁਰਾਂ ਨੇ ਤਾਰਿਆ ਸੀ। ਇਹ ਸੱਜਣ ਵਡੇ ਰੋਗ ਦਾ ਰੋਗੀ ਸੀ ਤੇ ਅਤਿ ਦੁਖੀ ਸੀ, ਪਰ ਗੁਰੂ ਕੇ ਪ੍ਰੇਮ ਵਿਚ ਮਗਨ ਸੀ। ਇਹ ਸਜਣ ਪ੍ਰੇਮ ਦੀ ਬੇੜੀ ਤੇ ਚੜ੍ਹਕੇ ਨਾਮ ਦੀ ਘਾਲ ਨਾਲ ਪਾਰਗਿਰਾਮੀ ਹੋਇਆ ਤੇ ਸਰੀਰ ਦੇ ਰੋਗ ਤੋਂ ਬੀ ਰਾਜ਼ੀ ਹੋ ਗਿਆ।

ਅਜ ਉਹ ਦਿਨ ਹੈ ਕਿ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਦੇ ਦਰਬਾਰ ਵਿਚ 'ਪ੍ਰੇਮਾ' ਆਯਾ ਬੈਠਾ ਹੈ; ਸਤਿਗੁਰ ਨੇ ਆਪ ਸੱਦਿਆ ਹੈ। ਇਸ ਮਿਹਰਾਂ ਨਾਲ, ਨਾਮ ਦੀ ਘਾਲ ਨਾਲ ਤੇ ਸੂਰੇ ਸਤਿਗੁਰੂ ਦੀ ਕਰੁਣਾ ਦ੍ਰਿਸ਼ਟੀ ਨਾਲ ਗੁਰਮੁਖ ਅਰੋਗ ਹੋਏ ਨੂੰ ਸਤਿਗੁਰ ਨੇ ਹੁਣ ਮੰਜੀ ਬਖਸ਼ੀ ਹੈ, ਫੁਰਮਾਇਆ ਹੈ ਤੂੰ ਮੁਕਤ ਹੋਇਆ, ਤੂੰ ਹੁਣ ਜਗਤ ਨੂੰ ਮੁਕਤੀ ਦਾਨ ਦੇਹ। ਇਧਰ ਸਤਿਗੁਰੂ ਜੀ ਨੇ ਸੰਗਤ ਵਿਚ ਆਵਾਜ਼ਾ ਦਿਤਾ: "ਅਸਾਂ ਇਸਨੂੰ ਅਰੋਗ ਕਰਕੇ ਨਾਮ ਦੀ ਦਾਤ ਦੇਕੇ ਬੋਹਿਥਾ ਬਣਾ ਦਿਤਾ ਹੈ। ਇਸ ਦਾ ਨਾਮ 'ਮੁਰਾਰੀ' ਕਰ ਦਿਤਾ ਹੈ। ਇਹ ਹੁਣ (ਕ੍ਰਿਸ਼ਨ ਜੀ) ਮੁਰਾਰੀ ਵਾਂਙੂ ਸੁੰਦਰ ਹੋ ਗਿਆ ਹੈ। ਇਹ ਜਗਤ ਨੂੰ ਤਾਰੇਗਾ। ਪਰ ਅਸਾਂ ਇਸ ਨੂੰ ਪੂਰਾ ਕਰਕੇ ਜਗਤ ਵਿਚ ਟੋਰਨਾ ਹੈ। ਕੋਈ ਸਿਖ ਗੁਰੂ ਕਾ ਪਿਆਰਾ ਇਸ ਨੂੰ ਕੰਨਜਾ ਦਾਨ ਦੇਵੇ, ਜੋ ਮੈਂ ਇਸ ਦਾ ਵਿਆਹ ਕਰਕੇ ਜੋੜੀ ਨੂੰ ਜਗਤ ਦੀ ਪੀੜਾ ਹਰਨ ਵਾਸਤੇ ਟੋਰਾਂ।" ਇਸ ਵੇਲੇ ਸੀਹਾਂ ਉੱਪਲ ਬੈਠਾ ਸੀ। ਮਹਾਰਾਜ ਦੇ ਵਾਕ ਸੁਣੇ, ਦਿਲ ਜੋ ਆਤਮ ਅਵਸਥਾ ਵਿਚ ਉੱਚਾ ਹੋ ਚੁਕਾ ਸੀ ਹੁਣ ਜਗਤ ਪੀੜਾ ਨੂੰ ਬੀ ਅਨੁਭਵ ਕਰਦਾ ਹੁੰਦਾ ਸੀ ਕਿ ਇਸ ਨੂੰ ਦੂਰ ਕਰਨਾ ਬੀ ਨਾਮੀ ਪੁਰਖਾਂ ਦਾ ਧਰਮ ਹੈ। ਸੀਂਹੇ ਨੂੰ ਦੂਜੀ ਵਿਚਾਰ ਇਹ ਫੁਰੀ ਕਿ ਇਸ ਸਿਖ ਨੂੰ ਵਡੇ ਰੋਗ ਤੋਂ ਰਾਜ਼ੀ ਕਰਕੇ ਗੁਰੂ ਜੀ ਨੇ ਨਿਰੋਆ ਕੀਤਾ ਹੈ, ਇਸ ਜੈਸਾ ਵਡਭਾਗਾ ਕੌਣ ਹੈ ਇਸ ਨੂੰ ਦਾਤੇ ਨੇ ਜਗਤ ਤਾਰਕ ਬਣਾਇਆ ਹੈ, ਇਸ ਨੂੰ ਜੋ ਕੰਨਜਾ ਦੇਵੇ ਉਹ ਆਪਣੀ ਕੰਨਜਾ ਦਾ ਜੀਵਨ ਸਫਲ ਕਰਦਾ ਹੈ, ਜੋ ਇਕ ਮਹਾਨ ਨਾਮੀ ਦੇ ਸੰਗ ਲਗਕੇ ਤਰੇਗੀ ਤੇ ਜਗਤ ਨੂੰ ਤਾਰੇਗੀ। ਸ਼ੀਹਾ ਹੁਣ ਹੱਥ ਜੋੜਕੇ ਉਠ ਖੜੋਤਾ-ਪਾਤਸ਼ਾਹ ! ਆਪਦੀ ਬਖਸ਼ੀ ਕੰਨਜਾ ਵਰ-ਪ੍ਰਾਪਤੀ ਦੀ ਵਰੇਸ ਦੀ ਦਾਸ ਦੇ ਗ੍ਰਿਹ ਵਿਖੇ ਹੈ ਮੈਂ ਹਾਜ਼ਰ ਕਰਦਾ ਹਾਂ। ਸ਼ੀਂਹਾ ਇਹ ਕਹਿਕੇ ਘਰ ਗਿਆ, ਵਹੁਟੀ ਦੇ ਸੁਭਾਵ ਦਾ ਜਾਣੂ ਸੀ; ਸੋ ਉਸ ਨੂੰ ਲੰਗਰ ਦੀ ਟਹਿਲ ਵਿਚ ਘੱਲਕੇ ਬੀਬੀ ਨੂੰ ਨਾਲ ਲੈ ਕੇ ਦੀਵਾਨ ਵਿਚ ਆ ਹਾਜ਼ਰ ਹੋਇਆ। ਸ੍ਰੀ ਗੁਰੂ ਜੀ ਨੇ ਜੋ ਅਨੰਦ ਦੀ ਬਿਵਾਹ ਰੀਤਿ ਆਰੰਭੀ ਹੋਈ ਸੀ ਉਸ ਅਨੁਸਾਰ ਬੀਬੀ ਦਾ ਬਿਵਾਹ ਕਾਰਜ (ਅਨੰਦ) ਭਾਈਂ ਮੁਰਾਰੀ ਨਾਲ ਕਰ ਦਿਤਾ ਤੇ ਦੋਹਾਂ ਨੂੰ ਵਰ ਦੇਕੇ ਮੰਜੀ ਬਖਸ਼ ਦਿਤੀ। ਕਿਸੇ ਨੇ ਲੰਗਰ ਵਿਚ ਜਾ ਸੀਹੇਂ ਦੀ ਵਹੁਟੀ ਨੂੰ ਡਰਾਇਆ ਕਿ ਤੂੰ ਕੀ ਕਰ ਰਹੀ ਹੈਂ, ਗੁਰੂ ਜੀ ਨੇ ਤਾਂ ਤੇਰੀ ਧੀ ਵਡੇ ਰੋਗ ਵਾਲੇ ਪ੍ਰੇਮੇ ਨੂੰ ਵਿਆਹ ਦਿਤੀ ਹੈ। ਸੀਹੇਂ ਦੀ ਵਹੁਟੀ ਨੂੰ ਪ੍ਰੇਮੇ ਦਾ ਪਤਾ ਸੀ ਜੋ ਗੁਰੂ ਦੁਆਰੇ ਪਿਆ ਰਹਿੰਦਾ ਤੇ ਗੁਰੂ ਸਤੁਤੀ ਗਾਉਂਦਾ ਰਹਿੰਦਾ ਸੀ, ਘਬਰਾਈ, ਡਰੀ, ਗੁੱਸੇ ਵਿਚ ਆਈ ਤੇ ਭੱਜੀ ਗਈ ਸ੍ਰੀ ਸਤਿਗੁਰੂ ਦੇ ਦਰਬਾਰ ਤੇ ਜਾ ਕੇ ਰੋ ਕੇ ਬੋਲੀ:-

'ਇਹ ਕਿਆ ਕੀਨਸਿ ? ਹੇ ਪ੍ਰਭੁ ਧੀਰ!
ਕੁਸਟੀ, ਮਾਤ ਪਿਤਾ ਕੁਲ ਹੀਨ। ਸੁਤਾ
ਨਿਨਾਵੇ ਕੋ ਮੁਰ ਦੀਨ।' (ਸੂ: ਪ੍ਰ:)

ਸ੍ਰੀ ਗੁਰੂ ਜੀ ਤੱਕਕੇ ਹੱਸੇ ਤੇ ਕਹਿਣ ਲਗੇ: 'ਬੀਬੀ ! ਦੇਖ ਤਾਂ ਸਹੀ'॥ ਜਾਂ ਬੀਬੀ ਨੇ ਨਜ਼ਰ ਪਾਈ ਤਾਂ ਪ੍ਰੇਮਾ ਤਾਂ ਅਰੋਗ ਤੇ ਤੰਦਰੁਸਤ ਬੈਠਾ ਹੈ। ਹੈਂ, ਇਹ ਕਿਵੇਂ ਰਾਜ਼ੀ ਹੋ ਗਿਆ ? ਫਿਰ ਭੈ ਛਾਇਆ ਕਿ ਗੁਰੂ ਕਿਤਨਾ ਸ਼ਕਤੀਮਾਨ ਹੈ। ਕੁਸ਼ਟੀ ਨੂੰ ਰਾਜ਼ੀ ਕਰ ਦਿੰਦਾ ਹੈ। ਅਜੇ ਉਹ ਇਸ ਅਚਰਜ ਦੇ ਭਾਵ ਵਿਚ ਹੀ ਸੀ ਕਿ ਮਿਹਰਾਂ ਦੇ ਦਾਤੇ ਨੇ ਵਰ ਦੇਣੇ ਆਰੰਭ ਦਿਤੇ, ਹੇ ਬੀਬੀ:-

ਜਾਨਹੁ ਮਮ ਸੁਤ ਇਹ ਜੋ ਮੁਰਾਰੀ।
ਬਜਾਹਜੋ ਤਨੁਜਾ ਸੰਗ ਤੁਮਾਰੀ॥ ਤਵ
ਤਨੁਜਾ ਕੋ ਨਾਮੁ ਮਥੋ ਹੈ॥ ਨਾਮ ਮੁਰਾਰੀ
ਯਾਹਿ ਕਥੋ ਹੈ॥ ਮਥੋ ਮੁਰਾਰੀ ਸਿਮਰੈਂ
ਨਾਮ॥ ਪੂਰਨ ਹੋਹਿੰ ਨਰਨ ਕੇ ਕਾਮ॥ ਮਥੋ
ਨਾਮ ਆਗੇ ਕਹਿੰ ਆਛੇ ॥ ਨਾਮ ਮੁਰਾਰੀ
ਭਾਖਹਿੰ ਪਾਛੇ ॥ ਨਰ ਪੂਜਹਿੰਗੇ ਮਥੋ

ਮੁਰਾਰੀ॥ ਚਿਤ ਚਿੰਤਾ ਦਿਹੁ ਸ਼ੋਕ ਬਿਦਾਰੀ॥
ਇਹ ਦੋਨਹੁ ਹੁਇ ਹੈਂ ਬਡਭਾਗੇ ॥ ਮੇਰੀ ਪ੍ਰੇਮ
ਭਗਤਿ ਮਹਿਂ ਪਾਗੇ ॥ {ਸੂ: ਪ੍ਰ:}

ਇਹ ਸੁਣਕੇ ਬੀਬੀ ਨੂੰ ਵੀ ਠੰਢ ਪੈ ਗਈ, ਅੱਖੀਂ ਦੇਖ ਲਿਆ ਕਿ ਪ੍ਰੇਮਾ ਅਰੋਗ ਹੋ ਕੇ ਨਵਾਂ ਨਿਰੋਆ ਮੁਰਾਰੀ ਹੋ ਗਿਆ ਹੈ। ਕੰਨੀ ਸੁਣ ਲਿਆ ਕਿ ਸਤਿਗੁਰਾਂ ਨੇ ਮਿਹਰਾਂ ਨਾਲ ਨਾਮ ਦਾਨ ਦੇ ਕੇ ਉੱਚਾ ਕਰ ਦਿੱਤਾ ਹੈ। ਠੰਢ ਪੈ ਗਈ ਤੇ ਖੁਸ਼ੀ ਖੁਸ਼ੀ ਪਤੀ ਨਾਲ ਘਰ ਗਈ ਤੇ ਧੀ ਜੁਆਈ ਨੂੰ ਸਤਿਕਾਰਿਆ। ਫੇਰ ਸਤਿਗੁਰ ਵਲੋਂ ਉਹਨਾਂ ਨੂੰ ਵਿਦੈਗੀ ਵੇਲੇ ਦੇ ਵਰਵਾਕ ਮਿਲਦੇ ਦੂਜੀ ਵੇਰ ਸੁਣੇ ਜੋ ਏਹ ਸਨ:-

ਮਥੋ ਮੁਰਾਰੀ ਅਬ ਤੁਮ ਜਾਵਹੁ॥
ਸਤਿਨਾਮ ਉਪਦੇਸ਼ ਦ੍ਰਿੜਾਵਹੁ ॥ ਗੁਰ
ਸਿਖੀ ਜਗ ਅਧਿਕ ਬ੍ਰਿਧਾਵਹੁ ॥ ਨਿਜ
ਗ੍ਰਿਹਿ ਬਸਹੁ ਸਦਾ ਸੁਖ ਪਾਵਹੁ ॥ ਤੇਰੋ
ਬਾਕ ਫੁਰੈ ਜਿਮ ਕਹੈਂ ॥ ਬਰ ਕੈ ਸ੍ਰਾਪ
ਦੇਇਂ ਜਿਸ ਚਹੈਂ॥ ਤੇਰੀ ਭਗਤਿ ਪਰੀ
ਅਬ ਪੂਰੀ ॥ ਪ੍ਰਾਪਤੀ ਭਈ ਮਹਾਂ ਗਤਿ
ਰੂਰੀ ॥ ਤੁਝ ਸੋਂ ਮਿਲੈ ਸੁ ਭਵਜਲ ਤਰੈ ॥
ਹੈ ਕਹਿਬੋ ਇਸ ਤੇ ਕਹਾ ਪਰੈ॥ {ਸੂ: ਪ੍ਰ:}

ਸੀਂਹੇ ਦੀ ਸਿੱਖੀ ਨਿਭ ਗਈ, ਗੁਰੂ ਪੂਰੇ ਨਾਲ ਤ੍ਰੈ ਪੁਸ਼ਤਾਂ ਤਕ ਰਹਿ ਬਣ ਆਈ! ਅੰਤਰ ਆਤਮੇ ਨਾਮ ਰੰਗ ਰੱਤਾ ਪਰਮਪਦ ਨੂੰ ਪਹੁੰਚਾ। ਬਾਹਰ ਜਗਤ ਵਰਤੋਂ ਵਿਚ ਉਸ ਦਾ ਉਪਕਾਰ ਨਿਭ ਗਿਆ। ਦੁਖੀ ਜਗਤ ਵਿਖੇ ਨਾਮ ਦੀ ਠੰਢ ਵਰਤਾਉਣ ਵਾਲੇ ਮਹਾਨ ਉਪਕਾਰ ਦੇ ਕਾਰਜ ਵਿਚ ਕੰਨਜਾ ਦਾ ਜੀਵਨ ਸਫਲ ਹੋਇਆ।

ਇਸ ਤੋਂ ਅਗੇ ਅਨੁਮਾਨ ਹੁੰਦਾ ਹੈ ਕਿ ਸੀਂਹੇ ਉਪਲ ਨੇ ਚਉਥੇ ਸਤਿਗੁਰਾਂ ਦੇ ਸਮੇਂ ਤਕ ਜਗਤ ਯਾਤ੍ਰਾ ਕੀਤੀ ਹੈ। ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਾਹਿਬਾਂ ਦੇ ਹੁਕਮ ਵਿਚ ਚਕ ਰਾਮਦਾਸ ਵਸਾਇਆ ਹੈ ਤੇ ਆਪਣੇ ਰਹਿਣ ਦਾ ਟਿਕਾਣਾ[1] ਬਣਾਕੇ ਬਜ਼ਾਰ ਸਾਜਿਆ ਹੈ, ਗੁਰੂ ਕਾ ਬਜ਼ਾਰ ਤੇ ਪਾਸੀਆਂ ਦੇ ਚੌਂਕ ਤੋਂ ਅਗੇ। ਇਹ ਬਜ਼ਾਰ ਹੁਣ ਵਾਲੇ ਸਬੂਣੀਆਂ ਵਾਲੇ ਬਜ਼ਾਰ (ਵਿਚ ਸ਼ਾਮਲ ਹੋਕੇ ਅਗੇ) ਤਕ ਗਿਆ ਹੈ। ਸੀਂਹੇ ਜੀ ਬੀ ਗੁਰੂ ਕੀ ਆਗਜ਼ਾ ਵਿਚ ਏਥੇ ਆ ਵਸੇ ਹਨ। ਗੁਰੂ ਦੇ ਇਸ ਬਜ਼ਾਰ ਵਿਚ ਉਨ੍ਹਾਂ ਗਲੀ ਵਿਉਂਤਕੇ ਘਰ ਬਣਾਇਆ। ਗਜ਼ਣ ਭਿਰਾ ਤੇ ਹੋਰ ਉਪਲ ਸਜਣ ਨਾਲ ਇਥੇ ਆ ਵਸੇ। ਸੀਂਹੇ ਉਪਲ ਦੇ ਵਸਣ ਤੋਂ ਗਲੀ ਦਾ ਨਾਮ ਉਪਲਾਂ ਵਾਲੀ ਗਲੀ ਪਿਆ ਜੋ ਹੁਣ ਤਕ ਵਿਦਿਤ ਹੈ। ਇਸ ਦੇ ਨੇੜੇ ਉਸ ਸਮੇਂ ਦੁਗਲ ਸਿਖਾਂ ਦੇ ਘਰ ਵਸਣ ਤੋਂ ਦੁਗਲਾਂ ਵਾਲੀ ਤੇ ਨਯੜ ਖਤ੍ਰੀਆਂ ਗੁਰ ਸਿਖਾਂ ਦੇ ਵਸੇਬੇ ਤੋਂ ਨਯੜਾਂ ਦੀ ਗਲੀ ਵਸੀ। ਇਨ੍ਹਾਂ ਨਯੜ ਖਤ੍ਰੀਆਂ ਦੇ ਪਰਵਾਰ ਵਿਚੋਂ ਹੀ ਸ੍ਰੀ ਪਰਮਪਾਵਨ ਮਾਤਾ ਗੁਜਰੀ ਜੀ ਸਨ।

ਸੋ ਅਸਾਂ ਤੁਸਾਂ ਅਜ ਦਰਸ਼ਨ ਕੀਤੇ ਹਨ ਪਿਆਰ ਦੇ ਨੈਣਾਂ ਨਾਲ, ਸ਼ਰਧਾ ਦੇ ਨੈਣਾਂ ਨਾਲ, ਕਥਾ ਦੇ ਚਾਨਣ ਨਾਲ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੇ ਦੂਸਰੇ ਤੀਸਰੇ ਚੌਥੇ ਸਾਹਿਬਾਂ ਦੇ, ਉਹਨਾਂ ਦੇ ਤਾਰੇ ਸਿਖ ਸੀਂਹੇਂ ਉਪਲ ਦੇ ਤੇ ਇਸ ਸਿਖ ਦੇ ਚਾਰ ਪਾਤਸ਼ਾਹੀਆਂ ਤਕ ਸਿਖੀ ਸਿਦਕ ਦੇ ਨਿਬਾਹ ਤੇ ਨਾਮ ਦੀ ਕਰਨੀ ਨਾਲ ਉੱਚ ਜੀਵਨ ਪ੍ਰਾਪਤ ਕਰਕੇ ਪਰਮਪਦ ਨੂੰ ਅੱਪੜਨ ਦੇ। ਹਾਂ, ਸੀਂਹਾਂ ਉਪਲ ਜੀਉ! ਜੀਕੂੰ ਤਰੇ ਸਾਓ ਭੈਜਲ ਨੂੰ ਜੀਕੂੰ ਜਿਤਿਆ ਸਾਜੇ ਅਸਾਧ ਮਨ ਨੂੰ. ਜੀਕੂੰ ਮਨ ਨੂੰ ਮਾਰਕੇ ਕੁਚਲਕੇ ਵੈਰਾਨ ਨਹੀਂ ਸਾਜੇ ਕੀਤਾ[1], ਪਰ ਮਨ ਨੂੰ ਜਯੋਤਿ ਸਰੂਪ ਕਰਕੇ ਲਖ ਲਿਆ ਸਾਜੇ ਤੇ ਇਸ ਨੂੰ ਪਰਮਤੱਤ ਨਾਲ ਮਿਲਾਕੇ ਸੁਖ ਪਾਇਆ ਸਾਜੇ, ਤਿਵੇਂ ਮਿਹਰ ਦੀ ਕਣੀ ਪਾਓ ਆਪਣੀ ਤੇ ਪੁਆਓ ਆਪਣੀ ਗੁਰੂ ਜਯੋਤੀ ਤੋਂ ਅਸਾਂ ਤੇ, ਸਾਰੇ ਸਿਖਾਂ ਤੇ, ਨਾਮ ਦੇ ਤਰਲਾ ਲੈਣ ਵਾਲੇ ਜਗਿਆਸੂਆਂ ਤੇ, ਕਿ ਓਹ ਬੀ ਇਸ ਨਾਮ ਦੀ ਟੇਕ ਲੈਕੇ ਤਰ ਜਾਣ ਤੇ ਉੱਚੇ ਜੀਵਨ ਨੂੰ ਪ੍ਰਾਪਤ ਹੋਣ। ਧੰਨ ਗੁਰੂ ਨਾਨਕ!

{ਇਤਿਹਾਸਿਕ ਪਹਿਲੂ}

ਉਪਰਲੇ ਪ੍ਰਸੰਗ ਸ੍ਰੀ ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਮਹਿਮਾਂ ਪ੍ਰਕਾਸ਼, ਭਗਤ ਰਤਨਾਵਲੀ, ਵਾਰਾਂ ਭਾਈ ਗੁਰਦਾਸ ਆਦਿ ਥਾਵਾਂ ਤੋਂ ਹਨ। ਪਰ ਸੀਂਹੇ ਦੇ ਪੁਤ੍ਰ ਦੇ ਉਤਸਵ ਦਾ ਪ੍ਰਸੰਗ ਸੂ: ਪ੍ਰ: ਵਿਚ ਠੀਕ ਨਹੀਂ। ਓਥੇ ਲਿਖਿਆ ਹੈ ਐਉਂ ਜਿਵੇਂ ਸੀਂਹਾਂ ਓਪਰਾ ਆਦਮੀ ਸੀ ਤੇ ਦੂਸਰੇ ਗੁਰਾਂ ਨੇ

[1] ਇਸ ਨੂੰ ਹੁਣ ਗੁਰੂ ਕੇ ਮਹਿਲ ਕਹਿੰਦੇ ਹਨ।

[1] ਮਨਹਠਿ ਕੀਚੈ ਅੰਤਿ ਵਿਗੋਵੈ॥ {ਆਸਾ ਮ: ੧}

ਉਸ ਨੂੰ ਰਸਤੇ ਪਾਇਆ ਹੈ ਤੇ ਸਿਖ ਬਣਾਇਆ ਹੈ, ਪਰ। ਭਾਈ ਗੁਰਦਾਸ ਜੀ ਸੀਂਹੇਂ ਉੱਪਲ ਦਾ ਸਿਖ ਹੋਣਾ ਪਹਿਲੀ ਪਾਤਸ਼ਾਹੀ ਦੇ ਹਥੋਂ ਲਿਖਦੇ ਹਨ ਤੇ ਭਾਈ ਮਨੀ ਸਿੰਘ ਜੀ ਬੀ ਆਦਿ ਪਾਤਿਸ਼ਾਹੀ ਦੇ ਹਥੋਂ ਸਿਖੀ ਪ੍ਰਾਪਤ ਹੋਣ ਦਾ ਪ੍ਰਸੰਗ ਦੇਂਦੇ ਹਨ ਤੇ ਕਵੀ। ਸੰਤੋਖ ਸਿੰਘ ਜੀ ਆਪ ਬੀ ਇਹੋ ਗਲ ਸ੍ਰੀ ਗੁ: ਨਾ: ਪ੍ਰਕਾਸ਼ ਵਿਚ ਲਿਖ ਆਏ ਹਨ। ਇਥੇ ਮਹਿਮਾ ਪ੍ਰਕਾਸ਼ ਤੋਂ ਆਪ ਨੂੰ ਟਪਲਾ, ਲੱਗਾ ਹੈ। ਮਹਿਮਾਂ ਪ੍ਰਕਾਸ਼ ਵਾਲੇ ਲੇਖਕ ਜੀ ਨੇ ਦੂਸਰਾ ਪ੍ਰਸੰਗ ਗ਼ਾਲਬਨ ਗੋਂਦਵਾਲੋਂ ਸੁਣਿਆਂ ਤੇ ਪਹਿਲੀ ਵਾਰਤਾ ਪੜਤਾਲ ਕੀਤੇ ਬਿਨਾਂ ਲਿਖ ਦਿਤੀ ਹੈ! ਜ਼ੁਬਾਨੀ ਚੱਲੀ ਵਾਰਤਾ ਅਕਸਰ ਬਦਲ ਜਾਦੀ ਹੈ ਤੇ ਹੋਰਵੇਂ ਹੋ ਜਾਂਦੀ ਹੈ। ਦੂਸਰੇ ਸਤਿਗੁਰਾਂ ਦੇ ਵੇਲੇ ਦਾ ਪ੍ਰਸੰਗ ਇੰਨਾਂ ਹੀ ਠੀਕ ਸਹੀ ਹੁੰਦਾ ਹੈ ਕਿ ਉਸ ਨੇ ਬੱਚੇ ਦਾ ਜ਼ਨਮ ਸੰਸਕਾਰ ਗੁਰੂ ਕੇ ਦੁਆਰੇ ਜਾਕੇ ਸਿਖੀ ਮੰਡਲ ਵਿਚ ਪ੍ਰਵੇਸ਼ ਦਾ ਕੀਤਾ ਹੈ ਤੇ ਗੁਰੂ ਜੀ ਦੀ ਆਗਜਾ ਨਾਲ ਕੀਤਾ ਹੈ ਤੇ ਲੋਕਿਕ ਰੀਤਿ ਨਹੀਂ ਕੀਤੀ।

ਗੀਤ

## ਸਿਕਦੀ ਰੂਹ[੧]!

ਵਿਖਮ ਪਦ–

ਗੁਰ ਨਾਨਕ ਮਹਾਰਾਜ !
ਜਨਮ ਜਨਮ ਤੋਂ ਸਿਕਦੀ ਆਈ, ਆਸ ਪੂਰ ਦੇ ਆਜ !
ਆ ਜਾਓ ਸਿਕ ਪੂਰਨ ਹਾਰੇ, ਹੇ ਮੇਰੇ ਸਿਰਤਾਜ !
ਪਤਿਤ ਪਾਵਨ ਹੈ ਬਿਰਦ ਤੁਧੇ ਦਾ, ਪਾਲ ਬਿਰਦਦੀ ਲਾਜ !
ਹੁਣ ਨਾ ਰੱਖ ਵਿਛੋੜੇ ਅੰਦਰ, ਅਪਨਾ ਲੈ ਮਹਾਰਾਜ !

## ੮੮. ਭਾਈ ਮਾਲੋ ਤੇ ਭਾਈ ਮਾਂਗਾ[੨]।

ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹੇਲੜੀਆਹ ॥

੧.

ਆ ਵੀਣਾ ! ਸੁਰ ਛੇੜ ਸੁਹਾਵੀ ਦਿਲ ਨੂੰ ਜੋ ਧੋ ਦੇਵੇ, ਪ੍ਰੇਮ ਮੀਂਡ ਦੀਆਂ ਖਿੱਚਾਂ ਮਾਰੇ ਝਰਨਾਟਾਂ ਝਰਣੇਵੇ, ਫਰਸ਼ਾ ਤੇ ਰੁਲਰਹੀਆਂ ਸੁਰਤਾਂ ਚਾ ਅਪਨੇ ਲੜ ਲਾਵੇ ਲੈ ਉਡੇ ਅਰਸ਼ਾਂ ਨੂੰ ਨਾਲੇ ਚਰਨ ਸ਼ਰਨ ਵਿਚ ਮੇਵੇ!

ਭਾਈ ਗੁਰਦਾਸ ਜੀ ਲਿਖਦੇ ਹਨ:–

ਮਾਲੋ ਮਾਂਗਾ ਸਿਖ ਦੁਇ
ਗੁਰਬਾਣੀ ਰਸ ਰਸਿਕ ਬਿਲਾਸੀ।

ਇਨ੍ਹਾਂ ਦੇ ਕੀਰਤਨ ਕਥਨ ਦਾ ਅਸਰ ਭਾਈ ਮਨੀ ਸਿੰਘ ਜੀ ਐਉਂ ਲਿਖਦੇ ਹਨ:–"ਭਾਈ ਮਾਲੋ ਪੋਥੀ ਗੁਰੂ ਕੀ ਬਾਣੀ, ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁਖ ਬੈਠਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚਕੇ ਸੁਣੇ ਤੇ ਦੋਨੋਂ ਮਿਲਕੇ ਫੇਰ ਕੀਰਤਨ ਕਰਨ। ਤਾਂ ਉਹਨਾਂ ਦੀ ਰਸਨਾਂ ਥੀਂ ਐਸਾ ਸਭ ਸਿਖਾਂ ਨੂੰ ਰਸ ਆਵੇ ਤਾਂ ਜਿ ਕੋਈ ਸੁਣੇ ਸਭਿ ਪਾਪਾਂ ਦਾ ਤਿਆਗ ਕਰਨ ਤੇ ਧਰਮ ਦੀ ਕਿਰਤ ਕਰਕੇ ਵੰਡ ਖਾਵਨ ਤੇ ਆਏ ਗਏ ਸਾਧਾਂ ਸੰਤਾਂ ਦੀ ਟਹਿਲ ਕਰਨ। ਸਾਰੇ ਦੇਸ਼ ਦਾ ਕਲਿਆਣ ਹੋਇਆ। " ਇਹ ਸੀ ਫਲ ਜੋ ਮਾਲੋ ਮਾਂਗੋ ਦੀ ਕਥਾ ਤੇ ਕੀਰਤਨ ਨੂੰ ਪੈਂਦਾ ਸੀ। ਸੋ ਕਥਾ ਕੀਰਤਨ ਵਾਲੇ ਐਸੇ ਚਾਹੀਏ। ਇਹ ਦੋਏ ਸਜਣ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਏ ਸਨ; ਆਕੇ–

ਹਾਥ ਬੰਦਿ ਅਰਦਾਸ ਬਖਾਨੀ
'ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਗੁਨਖਾਨੀ !
ਨਿਜ ਮੁਖ ਸੋਂ ਉਪਦੇਸ਼ ਕਰੀਜੈ,

---

[੧] ਇਹ ਗੀਤ ਸੰ:ਗੁ:ਨਾ:ਸਾ: ੪੬੬ (੧੯੩੪ ਈ:) ਦੇ ਗੁ: ਪੁ: ਪੁਨੰਮ ਪਰ ਖਾ: ਸਮਾ: ਵਿਖੇ ਪ੍ਰਕਾਸ਼ਿਤ ਹੋਇਆ ਸੀ। [੨] ਇਹ ਪ੍ਰਸੰਗ ਗੁਰਪੁਰਬ ਪੁਨੰਮ, ਜੋ {੧੦ ਨਵੰਬਰ ੧੯੩੫} ਕੱਤਕ ਦੀ ੨੫ ਸੰ: ਗੁ: ਨਾ: ਸਾ: ੪੬੭ ਤੇ ਬਿ: ੧੯੯੨ ਐਤਵਾਰ ਨੂੰ ਸੀ, ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਜਿਹ ਤੇ ਜਨਮ ਮਰਨ ਕਟਿ ਦੀਜੈ। {ਗੁ:ਨਾ:ਪ੍ਰ:}

ਇਹ ਬੇਨਤੀ ਸੁਣਕੇ ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ:-ਭਾਈ ! ਤਪ ਕਰੋ, ਤਪ ਬਿਨਾਂ ਮੈਲ ਨਹੀਂ ਲਹਿੰਦੀ। ਉਹਨਾਂ ਅਦਬ ਨਾਲ ਪੁੱਛਿਆ ਕਿ ਹੇ ਜਗਤ ਦੇ ਨਿਸਤਾਰਾ ਕਰਨ ਵਾਲੇ ਦਾਤੇ ! ਤਪ ਦੀ ਜਾਚ ਦੱਸੋ ਕਿ ਕੀਕੁਣ ਕਰੀਦਾ ਹੈ? ਸ੍ਰੀ ਗੁਰੂ ਜੀ ਬੋਲੇ: ਭਈ! ਤਪ ਕਈ ਪ੍ਰਕਾਰ ਦਾ ਹੈ, ਤੁਸੀਂ ਸੁਣ ਲਓ ਤੇ ਫੇਰ ਚੁਣੋ। ਉਹ ਬੋਲੇ ਕਿਰਪਾ ਕਰੋ। ਤਾਂ ਬਾਬਾ ਜੀ ਬੋਲੇ-ਜਲ ਹੇਵਨਾ, ਅਗਨ ਤਪਣੀ, ਬ੍ਰਤ ਰੱਖਣੇ, ਠੰਢ ਗਰਮੀ ਸਹਾਰਨੀ, ਪੁੱਠੇ ਲਟਕਣਾ; ਖੜੇ ਰਹਿਣਾ, ਖਾਨ ਪਾਨ ਕੰਦ ਮੂਲ ਦਾ ਕਰਨਾ, ਬਨਾਂ ਵਿਚ ਰਹਿਣਾ ਤੇ ਤੀਰਥਾਂ ਤੇ ਭ੍ਰਮਣਾ ਏਹ ਹਨ ਕਠਨ ਤਪ, ਇਨ੍ਹਾਂ ਨਾਲ ਮਨ ਨੂੰ ਤੇ ਦੇਹ ਨੂੰ ਮਾਰੀਦਾ ਹੈ। ਦੂਸਰਾ ਹੋਰ ਤੱਪ ਹੈ ਇੰਦ੍ਰੀਆਂ ਨੂੰ ਇਕਾਗ੍ਰਤਾ ਦੇ ਸਾਧਨਾਂ ਨਾਲ ਸਿਥਲ ਕਰ ਦੇਣਾ, ਇਸ ਲਈ ਜੋਗ ਦੇ ਕਰਮ-ਨੇਤੀ, ਧੋਤੀ, ਨੌਲੀ ਫੇਰ ਪ੍ਰਾਣਾਯਾਮ ਆਦਿਕ ਕਰੀਦੇ ਹਨ; ਇਨ੍ਹਾਂ ਲਈ ਸੰਸਾਰ ਤੋਂ ਕੁਛ ਵਖਰੇ ਰਹਿਣ ਦੀ ਵੀ ਲੋੜ ਹੈ। ਤੀਸਰੇ ਹੈ ਕਥਾ ਕੀਰਤਨ ਵਿਚ ਰਹਿਣਾ, ਬਾਣੀ ਪੜ੍ਹਨੀ, ਵੀਚਾਰਨੀ, ਬਾਣੀ ਦਾ ਕੀਰਤਨ ਕਰਨਾ, ਸੁਣਨਾ ਬਾਣੀ ਵਿਚ ਆਏ ਹੁਕਮਾਂ ਤੇ ਟੁਰਨਾਂ। ਸੋ ਪਹਿਲਾ ਤਪ ਬਹੁਤ ਕਠਨ ਹੈ, ਦੂਸਰਾ ਕਠਨ ਹੈ ਤੀਸਰਾ ਸੁਗਮ ਹੈ। ਸੋ ਪਹਿਲਾ ਤਪ ਜੋ ਬਹੁਤ ਕਠਨ ਹੋ ਉਸ ਦਾ ਫਲ ਥੋੜਾ ਹੈ, ਦੂਜਾ ਜੋ ਕਠਨ ਹੈ ਉਸ ਦਾ ਫਲ ਉਸ ਤੋਂ ਵਧੇਰਾ ਹੈ, ਤੀਸਰਾ ਜੋ ਤਪ ਸੁਗਮ ਹੈ। ਉਸ ਦਾ ਫਲ ਸਭ ਤੋਂ ਹੀ ਵਧੇਰਾ ਹੈ। ਤਾਂ ਮਾਲੋ ਨੇ ਅਦਬ ਨਾਲ ਆਖਿਆ: ਸ੍ਰੀ ਮਹਾਰਾਜ ਜੀਓ ! ਲੋਕੀ ਤਾਂ ਆਖਦੇ ਹਨ ਕਿ ਜੇਹੀ ਮਿਹਨਤ ਤੇਹਾ ਫਲ, ਜੇਹੀ ਵਡੀ ਮਜੂਰੀ ਤੇਹੀ ਵਡੀ ਉਸ ਦੀ ਉਜਰਤ। ਤੁਸਾਂ ਬਚਨ ਕੀਤਾ ਹੈ ਕਿ ਵੱਡੀ ਮਿਹਨਤ ਦਾ ਮੁੱਲ ਥੋੜਾ ਤੇ ਥੋੜੀ ਮਿਹਨਤ ਦਾ ਮੁੱਲ ਬਹੁਤਾ ਇਹ ਗਲ ਨਹੀਂ ਸਮਝ ਪਈ, ਕ੍ਰਿਪਾ ਕਰਕੇ ਸਮਝਾ ਦਿਓ। ਤਾਂ ਬਚਨ ਹੋਇਆ ਭਾਈ ਦੇਖੋ ਲਕੜਹਾਰੇ ਲਕੜਾਂ ਲਿਆਂਵਦੇ ਤੇ ਪਾਂਡੀ ਪੰਡਾਂ ਢੋਂਵਦੇ ਹਨ, ਮਿਹਨਤ ਬਹੁਤੀ ਕਰਦੇ ਹਨ, ਮਜੂਰੀ ਘੱਟ ਪਾਉਂਦੇ ਹਨ। ਜੋ ਲੂਣ ਤੇਲ ਦੀ ਹੱਟੀ ਪਾਉਂਦੇ ਹਨ ਉਹਨਾਂ ਦੀ ਮਿਹਨਤ ਉਹਨਾਂ ਤੋਂ ਘੱਟ ਹੈ, ਪਰ ਖੱਟੀ ਵਧੇਰੇ ਮਿਲਦੀ ਹੈ। ਇਸੀ ਤਰ੍ਹਾਂ ਬਜ਼ਾਜ਼ ਤੇ ਸਰਾਫ ਮਜੂਰੀ ਘੱਟ ਕਰਦੇ ਹਨ, ਨਫਾ ਵਧੇਰੇ ਪਾਉਂਦੇ ਹਨ ਤੇ ਜਵਾਹਰੀ ਤਾਂ ਅਤਿ ਘੱਟ ਮਿਹਨਤ ਕਰਦੇ ਹਨ ਪਰ ਨਫੇ ਦੀ ਪ੍ਰਾਪਤੀ ਬਹੁਤੀ ਹੁੰਦੀ ਹੈ। ਤਿਵੇਂ ਉਪਰਲੇ ਤਪ ਸਮਝ ਲਓ। ਇਕ ਤਪ ਦਾ ਅਸਰ ਦੇਹੀ ਤੇ ਹੁੰਦਾ ਹੈ, ਪਰ ਇਸ ਦਾ ਅਸਰ ਮਨ ਤੇ ਬੁਧਿ ਉਤੇ ਹੁੰਦਾ ਹੈ। ਦੇਹ ਸਿਥਲ ਕਰਨੀ, ਇੰਦਰੇ ਸਿਥਲ ਕਰਨੇ ਬੜੇ ਕਠਨ ਕੰਮ ਹਨ, ਪਰ ਜੇ ਕੋਈ ਵਾਸ਼ਨਾਂ ਨੂੰ ਰੋਕੇ ਤੇ ਦੇਹ ਇੰਦਰੇ ਇਸ ਦੇ ਮਗਰ ਲਾ ਲਵੇ ਤਾਂ ਨਫਾ ਬਹੁਤਾ ਹੁੰਦਾ ਹੈ। ਸਭ ਤੋਂ ਉੱਤਮ ਮਨ ਦਾ ਵਸੀਕਾਰ ਹੈ, ਤਿਸ ਪਰ ਨਿਰੰਕਾਰ ਦੀ ਭਗਤੀ ਉਪਾਸਨਾਂ ਦ੍ਰਿੜ੍ਹ ਕਰਨੀ ਹੈ। ਇਸੇ ਕਰਕੇ ਤੁਸੀਂ ਬਾਣੀ ਪੜ੍ਹੋ: ਬਾਣੀ ਵੀਚਾਰੋ, ਬਾਣੀ ਦਾ ਕੀਰਤਨ ਕਰੋ ਅਤੇ ਜੋ ਬਾਣੀ ਆਖੇ ਕਮਾਓ। ਤੁਹਾਡੇ ਮਨ ਤੋਂ ਮੈਲ ਛੇਤੀ ਉਤਰੇਗੀ, ਤੁਸੀਂ ਭਲੇ ਹੋ ਜਾਓਗੇ ਤੇ ਭਲਿਆਈ ਕਰੋਗੇ; ਫੇਰ ਸਿਰ ਭਲਿਆਈਆਂ ਦੇ ਭਲਿਆਈ ਪ੍ਰੇਮਾ ਭਗਤੀ ਉਪਜੇਗੀ, ਉਹ ਮੇਲ ਲਏਗੀ ਸੁਗਮ ਹੀ ਸੰਸਾਰ ਦੇ ਮਾਲਕ ਨਾਲ। ਇਸ ਤਰ੍ਹਾਂ ਸਤਿਗੁਰ ਦਾ ਉਪਦੇਸ਼ ਸੁਣਕੇ ਮਾਲੋ ਤੇ ਮਾਂਗੋ ਲਗ ਪਏ ਤੇ ਇਥੇ ਅੱਪੜੇ ਕਿ ਉਹਨਾਂ ਦਾ ਆਪਣਾ ਭੀ ਉਧਾਰ ਹੋਇਆ ਤੇ ਉਨ੍ਹਾਂ ਨੇ ਦੂਸਰਿਆਂ ਦਾ ਭੀ ਕਲਿਆਣ ਕੀਤਾ[1]।

ਇਕ ਤਾਂ ਗੁਰੂ ਨਾਨਕ ਦੀ ਮਿਹਰ ਇਨ੍ਹਾਂ ਤੇ ਹੋ ਗਈ, ਦੂਜੇ ਉਹਨਾਂ ਨੇ ਬਚਨ ਮੰਨਕੇ ਅਮਲ ਕੀਤਾ। ਅਮਲ ਕੀਹ ਸੀ, ਬਾਣੀ ਦਾ ਅਭ੍ਯਾਸ ਨਿਤ ਪ੍ਰਤਿ ਬਾਣੀ ਪੜ੍ਹਨੀ ਤੇ ਵੀਚਾਰਨੀ [2]।

ਹੁਣ ਤੇ ਪਾਠਕ ਜੀ ਤੁਸੀਂ ਭੀ ਏਕਾਂਤ ਬੈਠਕੇ ਪਾਠ ਕਰਿਆ ਤੇ ਵੀਚਾਰਿਆ ਕਰੋ। ਫੇਰ ਬਾਣੀ ਜੋ ਕਹਿੰਦੀ ਹੈ; ਉਸ ਤੇ ਅਮਲ ਕਰਿਆ ਕਰੋ। ਬਾਣੀ ਕਹਿੰਦੀ ਹੈ: ਦੇਹ ਨੂੰ ਮਾੜਿਆਂ ਕਰਮਾਂ ਤੋਂ ਬੰਨ੍ਹਕੇ ਰਖੋ[3]। ਬਾਣੀ ਕਹਿੰਦੀ ਹੈ ਮਨ ਜੇ ਧਾਵੇ

---

[1] ਤਿਨਕੇ ਸਦਨ ਦੇਸ ਜਿਯ ਮਾਂਹੀ। ਭਾ ਉਪਾਰ ਬਹੁ ਨਰਨਿ ਤਹਾਂ ਹੀ। {ਸ੍ਰੀ ਗੁ:ਨਾ:ਪ੍ਰ:}

[2] ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ। {ਦ: ਓਅੰ:}

[3] ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ {ਵਾਰ ਆਸਾ ਮ: ੧}

ਤਾਂ ਵਰਜੋ [1]; ਪੁਨਾ ਧਾਵੇ ਤਾਂ ਪੁਨਾ ਵਰਜ ਕੇ ਰਖੋ। ਵਰਜਦਿਆਂ ਵਰਜਦਿਆਂ ਤੁਹਾਡੇ ਵਰਜਨ ਦੀ ਤਾਕਤ ਵਧ ਜਾਏਗੀ ਤੇ ਵਰਜੀਣ ਵਾਲਾ ਮਨ ਵੱਸ ਹੋ ਜਾਏਗਾ। ਮਨ ਜਦ ਵੱਸ ਹੋ ਟੁਰਿਆ ਇੰਦਰੇ ਆਪੇ ਧਾਕੇ ਆਪਣੇ ਭੋਗਾਂ ਕੋਲ ਨਹੀਂ ਜਾਵਣਗੇ। ਜਦ ਇੰਦਰੇ ਵੱਸ ਹੋ ਗਏ, ਸਰੀਰ ਵੱਸ ਹੋ ਗਿਆ, ਫੇਰ ਇਸ ਸਰੀਰ ਨੂੰ ਦੁੱਖ ਦੇਣ ਦੀ ਕੀ ਲੋੜ ਹੈ।

ਮਾਨੁਖ ਦਾ ਵਡਾ ਦੁਖ ਇਹ ਹੈ ਕਿ ਮਨ ਧਾਂਵਦਾ ਹੈ ਤੇ ਖਿੰਡਦਾ ਹੈ। ਹੁਣ ਜਦ ਬਾਣੀ ਦਾ ਦੂਸਰਾ ਹੁਕਮ ਮੰਨੋ-ਨਾਮ ਜਪੋ, ਤਾਂ ਇਹ ਦੁਖ ਭੀ ਦੂਰ ਹੁੰਦਾ ਹੈ। ਇਸ ਦੇ ਦੋ ਪੱਖ ਹਨ:-ਇਕ ਤਾਂ ਬਾਣੀ ਦਾ ਪਾਠ ਆਪਣੇ ਕਲਿਆਣ ਲਈ ਕਰਨਾ। ਬਾਣੀ ਵਾਸ਼ਨਾ ਨੂੰ ਰੋਕਣ ਵਲ ਤੇ ਵੱਸ ਵਿਚ ਕਰਨ ਵਲ ਲਾਵੇਗੀ[2]। ਬਾਣੀ ਸਿਫਤ ਤੇ ਸਲਾਹ ਨਾਲ[3] ਤੁਹਾਡੇ ਅੰਦਰ ਵਾਹਿਗੁਰੂ ਦਾ ਪ੍ਰੇਮ ਪੈਦਾ ਕਰੇਗੀ [4] ਪਰਮੇਸ਼੍ਵਰ ਨਾਲ ਪ੍ਰੇਮ ਦੀ ਰੰਗਣ ਉਪਜਾਵੇਗੀ। ਦੂਸਰੇ, ਵਾਹਿਗੁਰੂ ਨਾਮ ਦਾ ਜਪਣਾ, ਪਰ ਇਹ ਮਨੋਰਥ ਧਾਰ ਕੇ ਜਪਣਾ ਕਿ ਇਹ ਨਾਮ ਸਾਂਈਂ ਮਾਲਕ ਦਾ ਲਖਾਯਕ ਹੈ, ਇਸ ਨਾਲ ਸਾਡੇ ਅੰਦਰ ਮਾਲਕ ਦੀ ਯਾਦ ਨੇ ਵਸਣਾ ਹੈ। ਜਦੋਂ ਯਾਦ ਪੱਕ ਜਾਏਗੀ। ਤਦੋਂ ਸਾਈਂ ਤੇ ਸਾਡੇ ਵਿਚੋਂ ਭੁਲ ਦੀ ਵਿੱਥ ਕਟ ਜਾਏਗੀ। ਫਿਰ ਵਾਹਿਗੁਰੂ ਦੀ ਪਵਿਤ੍ਰਤਾ ਤੇ ਉਸ ਦੇ ਉੱਚ ਗੁਣ ਪ੍ਰੇਮ ਆਦਿ ਸਾਡੇ ਵਿਚ ਪ੍ਰਵੇਸ਼ ਕਰਨਗੇ। ਇਥੋਂ ਤਾਂਈਂ ਕਿ ਸਾਂਈਂ ਸਾਡੇ ਵਿਚ ਪ੍ਰਤਿਬਿੰਬਤ ਹੋਵੇਗਾ। ਦੇਖੋ, ਜੋ ਕੁਛ ਕੋਈ ਚਿਤਵੇ ਉਹੋ ਕੁਛ ਹੋ ਜਾਂਦਾ ਹੈ। ਚੋਰ ਪਹਿਲਾਂ ਚੋਰੀ ਚਿਤਵਦਾ ਹੈ ਤਾਂ ਚੋਰੀ ਦਾ ਅਮਲ ਕਰਦਾ ਹੈ, ਅਮਲ ਕਰ ਕਰਕੇ ਚੋਰ ਰੂਪ ਹੋ ਜਾਂਦਾ ਹੈ। ਤਿਵੇਂ ਗੁਣ ਦੇ ਸਾਗਰ ਪ੍ਰੇਮ ਸਮੁੰਦਰ ਵਾਹਿਗੁਰੂ ਜੀ ਦਾ ਚਿੰਤਨ ਆਪਣਾ ਉਤਮ ਅਸਰ ਕਰਦਾ ਹੈ। ਪਹਿਲਾਂ ਬਾਣੀ ਨਾਲ ਪ੍ਰੇਮ ਪਾਇਆ ਤਾਂ ਬਾਣੀ ਨੇ ਮਨ ਵਿਚ ਪਿਆਰ ਪੈਦਾ ਕੀਤਾ। ਇਸ ਚਾਹ ਤੋਂ ਬਾਣੀ ਨੇ ਨਾਮ ਦਾ ਰਸਤਾ ਦਿੱਤਾ। ਨਾਮ ਯਾਦ ਬਣ ਗਿਆ: ਯਾਦ ਪ੍ਰੇਮ ਦਾ ਇਕ ਰੂਪ ਹੈ; ਪ੍ਰੇਮ ਹੀ ਮੇਲਣਹਾਰ ਹੈ, ਇੱਟਾਂ ਨੂੰ ਚੂਨ ਜੋੜਦਾ ਹੈ, ਲਕੜੀ ਨੂੰ ਸਰੇਸ਼ ਜੋੜਦੀ ਹੈ, ਰੂਹ ਨੂੰ ਰੂਹ ਨਾਲ ਜੋੜਨ ਵਾਲਾ ਮਸਾਲਾ ਪ੍ਰੇਮ ਹੈ। ਹਾਂ ਪ੍ਰੇਮ ਹੈ ਉਹ ਜੋੜਨਹਾਰ ਸਤਜਾ ਜੋ ਜੀਵ ਰੂਪੀ ਰੂਹ ਨੂੰ ਪਰਮਾਤਮਾ ਰੂਪੀ ਮਹਾਨ ਰੂਹ ਨਾਲ ਜੋੜਦਾ ਹੈ।

ਸਾਡੇ ਸਤਿਗੁਰਾਂ ਨੇ ਸਭ ਤੋਂ ਉੱਤਮ ਮਾਰਗ ਰੱਖਿਆ ਹੈ ਵਿਸਮਾਦ ਦਾ। ਜਪੁਜੀ ਵਿਚ ਸਤਿਗੁਰ ਨੇ ਸਾਰੇ ਤਰੀਕੇ ਸਚਿਆਰ ਹੋਣ ਦੇ ਖੰਡਕੇ ਆਪਣਾ ਤਰੀਕਾ ਦੱਸਿਆ ਸੀ 'ਹੁਕਮਿ ਰਜਾਈ ਚਲਣਾ' ਤੇ ਹੁਕਮਿ ਰਜਾਈ ਚਲਣ ਦਾ ਗੁਰਬਾਣੀ ਵਿਚ ਇਹ ਤਰੀਕਾ ਦੱਸਿਆ ਹੈ:-'ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ'। ਤੇ ਸਿਫਤ ਸਲਾਹ ਲੈ ਜਾਂਦਾ ਹੈ ਵਿਸਮਾਦ ਵਿਚ ਤੇ ਵਿਸਮਾਦ ਰਜਾਈ ਵਿਚ, ਇਹ ਹੈ ਪ੍ਰੇਮ ਦੀ ਅਵਧੀ। ਵਿਸਮਾਦ ਦਾ ਸਾਧਨ ਹੈ ਸਿਫਤ ਸਲਾਹ:-"ਵਿਸਮਾਦ ਸਿਫਤਿ ਵਿਸਮਾਦੁ ਸਾਲਾਹ॥" ਸਾਡੇ ਸ੍ਰੀ ਗੁਰੂ ਜੀ ਫੁਰਮਾਉਂਦੇ ਹਨ-'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥' ਫਿਰ ਹੁਕਮ ਹੈ:-"ਨਾਨਕ ਸਿਫਤਿ ਸਲਾਹ ਕਰਿ ਪ੍ਰਭੁ ਕਾ ਜੈਕਾਰੁ" ॥ ਵਾਹਿਗੁਰੂ ਜੀ ਦੀ ਸਿਫਤਿ ਸਲਾਹ ਨਾਲ ਮੈਲ ਦੂਰ ਹੋ ਜਾਂਦੀ ਹੈ:-"ਗੁਨ ਗਾਵਤਿ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥"

ਸਿਫਤ ਸਾਲਾਹ ਨਾਲ ਹੀ ਮਨ ਤੇ ਸਰੀਰ ਸੁਖੀ ਤੇ ਰਸਮਯ ਹੁੰਦੇ ਹਨ। "ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥" ਪਰ ਇਹ ਮਾਰਗ ਹਰ ਕਿਸੇ ਨੂੰ ਪ੍ਰਾਪਤ ਨਹੀਂ:-"ਸਿਫਤਿ ਸਾਲਾਹਣੁ ਭਗਤਿ ਵਿਰਲੇ ਦਿਤੀਅਨੁ ॥"

ਸਿਫਤ ਸਾਲਾਹ ਦਾ ਮਾਰਗ ਕਿਵੇਂ ਹੈ। ਅਰਦਾਸ ਕਰਨੀ, ਵਾਹਿਗੁਰੂ ਦਾ ਜਸ ਕਰਨਾ ਆਪਣੀ ਆਤਮ ਮੰਗ ਮੰਗਣੀ, ਇਹ ਪਹਿਲਾ ਕਦਮ ਹੈ। ਗੁਰਬਾਣੀ ਸਿਫਤ ਸਲਾਹ ਨਾਲ ਭਰੀ ਪਈ ਹੈ ਤੇ ਸਿਫਤ ਸਲਾਹ ਦੇ ਭੰਡਾਰ ਭਰੇ ਪਏ

---

[1] ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥ ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥ {ਮਾਰੂ ਸੋਲਹੇ ਮ: ੧}

[2] ਗੁਰਬਾਣੀ ਸੁਣਿ ਮੈਲੁ ਗਵਾਏ ॥ {ਧਨਾ: ਮ: ੩}

[3] ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ {ਜਪੁਜੀ}

[4] ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥ {ਸਾਰੰਗ ਵਾਰ ਮਹਲਾ ੧}

ਹਨ:-'ਸਿਫਤੀ ਭਰੇ ਤੇਰੇ ਭੰਡਾਰਾ॥' ਗੁਰਬਾਣੀ ਪ੍ਰੇਮ ਨਾਲ ਪੜ੍ਹਨੀ ਸਿਫਤ ਸਲਾਹ ਹੈ। 'ਕੀਰਤਨੁ ਨਿਰਮੋਲਕ ਹੀਰਾ ॥ 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥' ਪੁਨਾ:-'ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ। '

ਨਾਮ ਜੋ ਸਤਿਗੁਰਾਂ ਨੇ ਸਾਨੂੰ ਬਖਸ਼ਿਆ ਹੈ ਮੰਤ੍ਰਾਂ ਦਾ ਸਿਰ ਮੰਤ੍ਰ--'ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ' ਸਿਫਤ ਸਲਾਹ ਹੈ। ਵਾਹ ਵਾਹ ਅਕਾਲ ਪੁਰਖ ਦੀ ਸਿਫਤ ਕਰਨੀ ਹੈ, ਸਲਾਹ ਕਰਨੀ ਹੈ, ਧੰਨ ਹੈ ਧੰਨ ਹੈ। ਕੌਣ ਧੰਨ ਹੈ? ਜੋ ਸਾਡੇ ਅੰਧਕਾਰ ਨੂੰ ਦੂਰ ਕਰਨੇ ਵਾਲਾ ਗੁਰੂ ਹੈ-ਵਾਹਿਗੁਰੂ। ਲਿਖਿਆ ਹੈ:- 'ਵਾਹੁ ਵਾਹੁ ਸਿਫਤ ਸਲਾਹ ਹੈ'। ਸੋ ਵਾਹਿਗੁਰੂ ਮੰਤ੍ਰ ਜਪਣਾ ਸਿਫਤ ਸਾਲਾਹ ਕਰਨਾ ਹੈ। ਵਾਹ ਉਸ ਵੇਲੇ ਕਰੀਦਾ ਹੈ ਜਦੋਂ ਵਿਸਮਾਦ ਤੋਂ ਹੇਠਾਂ ਮਨ ਵਿਚ ਮੁੜੀਦਾ ਹੈ, ਯਾ ਮਨ ਤੋਂ ਵਿਸਮਾਦ ਵਲ ਨੂੰ ਚੜ੍ਹੀਦਾ ਹੈ। ਸੋ ਇਹ ਮੰਤ੍ਰ ਵਾਹਿਗੁਰੂ ਵਿਸਮਾਦ ਵਿਚ ਚੜ੍ਹਨ ਦਾ ਸਾਧਨ ਬਣਾਇਆ ਗਿਆ ਹੈ। ਵਾਹਿਗੁਰੂ ਜਪੀਦਾ ਹੈ, ਤਾਕਿ ਸਿਫਤ ਸਲਾਹ ਦਾ ਮਨ ਨੂੰ ਚਾਉ ਚੜ੍ਹਦਾ ਰਹੇ ਜੋ ਵਧ ਵਧ ਕੇ ਵਿਸਮਾਦ ਬਣ ਜਾਵੇ ਤੇ ਬੇਮਲੂਮ ਸੁਰਤ ਵਿਚ ਹਉਮੈ ਕਟੀਂਦੀ ਰਹੇ। 'ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ। '

ਐਉਂ ਹਸੰਦਿਆਂ ਖਿਡੰਦਿਆਂ ਜਾ ਮਿਲੀਦਾ ਹੈ ਬਾਲ ਸੁਭਾਇ ਨਾਲ ਹੀ ਅਕਾਲ ਪੁਰਖ ਜੀ ਨੂੰ, ਸੁਖੀ ਹੋ ਜਾਈਦਾ ਹੈ ਜੀਉਂਦੇ ਜੀ ਆਪੇ ਵਿਚ ਤੇ ਸਰਬਤ ਦਾ ਹੋਣ ਲੱਗ ਜਾਂਦਾ ਹੈ ਭਲਾ ਸਾਥੋਂ।

ਹੁਕਮ ਹੈ 'ਸੁਨਤ ਕਮਾਵਤ ਹੋਤ ਉਧਾਰ॥' ਪਰ ਜੇ ਸੁਣਿਆ ਤੇ ਕਮਾਇਆ ਨਾ, ਪੜ੍ਹਿਆ ਤੇ ਕਮਾਇਆ ਨਾ[1]। ਸਮਝਿਆ ਤੇ ਕਮਾਇਆ ਨਾਂ ਤਾਂ ਕੀ ਬਣੇ[2]। ਬਾਬਾ ਜੀ ਦਾ ਹੁਕਮ ਹੈ "ਸੁਣਿਆਂ ਮੰਨਿਆ ਮਨਿ ਕੀਤਾ ਭਾਉ ॥ ਅੰਤਰ ਗਤਿ ਤੀਰਥਿ ਮਲਿ ਨਾਉ॥"

[1] ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥ {ਰਾਮਕਲੀ ਰਵਿ: ਜੀ}

[2] ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੈ॥ ਸਤਸੰਗਤ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ॥ {ਨਟ ਮ: ੪}

ਪੁਨਾ-ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨ ਬਿਸ੍ਵਾਸ ਕਿਆ ਸੇਖਾਂ॥ {ਸਾਰੰਗ ਮ: ੫}

ਭਾਈ ਮਾਲੋ ਮਾਂਗੋ ਦਾ ਜੋ ਰਤਾ ਭੋਰਾ ਜੀਵਨਾ ਦਾ ਪਤਾ ਸਾਨੂੰ ਇਤਿਹਾਸਾਂ ਵਿਚੋਂ ਲਿਖਿਆ ਮਿਲਦਾ ਹੈ ਉਥੋਂ ਪਤਾ ਲੱਗਾ ਹੈ ਕਿ ਸਤਿਗੁਰ ਨੇ ਉਨ੍ਹਾਂ ਨੂੰ ਕਠਨ ਮਾਰਗ ਹਠ ਜੋਗ ਦੇ ਤੇ ਹੋਰ ਤਰ੍ਹਾਂ ਦੇ ਜੋਗਾਂ ਦੇ ਸਾਰੇ ਸੁਣਾਏ ਤੇ ਸੁਗਮ ਰਾਹ ਦੱਸਿਆ ਸਿਫਤ ਸਲਾਹ ਦਾ। ਇਹ ਦੱਸਕੇ ਉਨ੍ਹਾਂ ਨੂੰ ਅਮਲੀ ਤੌਰਤੇ ਹਉਮੈਂ ਜਿੱਤਣ ਦਾ ਰਾਹ ਦੱਸਿਆ। ਹਉਮੈ ਅਮਲੀ ਰੂਪ ਅਰਥਾਤ ਸਾਡੇ ਕਰਤੱਵਾਂ ਵਿਚ ਆਪਣੇ ਆਪ ਨੂੰ 'ਦੁਜਾਇਗੀ (ਖੁਦਗਰਜ਼ੀ) ਵਿਚ ਪ੍ਰਗਟ ਕਰਦੀ ਹੈ। ਜਗਤ ਵਿਚ ਵਰਤੋਂ ਹੋਣੀ ਦੁਜਾਇਗੀ ਦੀ, ਆਪਾ ਲੋਚਨਾ ਤੇ ਦੂਸਰਿਆਂ ਨਾਲ ਵਿਤਕਰਾ ਕਰਨਾ ਇਹ ਹਉਮੈ ਵਰਤੋਂ ਵਿਚ ਪ੍ਰਗਟਦੀ ਹੈ। ਮਾਲੋ ਮਾਂਗੋ ਬਾਬਤ ਲਿਖਿਆ ਹੈ ਕਿ ਸਤਿਗੁਰ ਦੇ ਫੁਰਮਾਉਣ ਮੁਜਬ ਓਹ ਮਾਲੋ ਤੇ ਮਾਂਗੋ ਧਰਮ ਦੀ ਕਿਰਤ ਕਰਕੇ ਵੰਡ ਖਾਵਣ; ਇਸ ਨਾਲ ਵਰਤੋਂ ਵਿਚ ਵਰਤ ਰਹੀ ਹਉਮੈਂ ਦੀ ਨਵਿਰਤੀ ਹੋ ਗਈ, ਭਾਵ ਦੁਜੈਗੀ ਘਟ ਗਈ। ਫੇਰ ਜੋ ਨਾਮ ਜਪੀਦਾ ਹੈ, ਉਸ ਨਾਲ ਅੰਦਰ ਦੀ ਹਉਮੈਂ ਕਟੀਦੀ ਹੈ ਜੋ ਇਸ ਦੀ ਮੂਲ ਹੈ। ਦੂਜੀ ਗੱਲ ਜੋ ਸਤਿਗੁਰ ਨੇ ਉਨ੍ਹਾਂ ਨੂੰ ਸਿਖਾਈ ਸੀ ਉਹ ਇਹ ਸਾਫ ਸਹੀ ਪਈ ਹੁੰਦੀ ਹੈ ਕਿ ਹਠ ਜੋਗ ਤੇ ਕਰੜੇ ਤਪ ਕਰਕੇ ਤੁਸੀਂ ਸਰੀਰ ਨੂੰ ਸਾਧੋਗੇ। ਫੇਰ ਕੀ ਕਰੋਗੇ? ਫੇਰ ਟੋਲੋਗੇ ਪਰਮੇਸ਼ੁਰ ਜੀ ਦਾ ਮਿਲਾਪ। ਸਤਿਗੁਰ ਨੇ ਸਾਂਈਂ ਦੀ ਸਿਫਤ ਸਲਾਹ ਸਿਖਾਈ ਉਨ੍ਹਾਂ ਨੂੰ ਕਿ ਮਾਰਗ ਸੁਗਮ ਹੈ ਤੇ ਫਲ ਬਹੁਤਾ ਹੈ। ਇਹ ਸਿੱਧਾ ਸਾਂਈਂ ਮਿਲਾਪ ਵਲ ਲੈ ਜਾਂਦਾ ਹੈ। ਹਉਮੈ ਨੂੰ ਕੁਛ ਤਾਂ ਖਾ ਜਾਏਗਾ ਦਾਨ ਤੇ ਨਾਮ ਤੇ ਜਦ ਨਾਮ ਤੇ ਬਾਣੀ ਨੂੰ ਬਣਾਓਗੇ ਸਿਫਤ ਸਲਾਹ ਤਾਂ ਨਾਲੇ ਵਾਹਿਗੁਰੂ ਮਿਲ ਪਊ ਨਾਲੇ ਹਉਂ ਤੋਂ ਖਹਿੜਾ ਛੁਟ ਜਾਊ। ਜੋ ਪੁਰਖ ਵਾਹਿਗੁਰੂ ਦੀ ਸਿਫਤ ਸਲਾਹ ਵਿਚ ਲਗਕੇ ਰੰਗ ਵਿਚ ਆ ਗਿਆ, ਉਸ ਦੀ ਹਉਂ ਕਿਥੇ ਰਹੀ, ਤੇ ਜੋ ਪ੍ਰੇਮ ਵਿਚ ਆਕੇ ਸਦਾ ਉਸ ਦੇ ਰੰਗ ਵਿਚ ਰਹਿੰਦਾ ਹੈ, ਉਹ ਮਿਲ ਪਿਆ ਉਸ ਨੂੰ।


www.sikhbookclub.com

ਗੀਤ

## ਦਰਸ਼ਨ ਤਰਸਨ [1]।

ਜਗਜਾਸੂ ਪੁਕਾਰ:-

ਥਕ ਗਏ ਤਰਸ ਤਰਸ ਕੇ ਨੈਨ;
ਤਰਸ ਕਰੋ ਹੁਣ ਤਰਸ ਰਹੀ ਤੇ, ਤਰਸ ਭਰੇ ਤਕ ਨੈਨ।
ਉਮਰ ਬਿਤੀ ਦਰਸ਼ਨ-ਤਰਸਨਵਿਚ, ਗੁਰ ਨਾਨਕ ਸੁਖ ਐਨ!
ਦਰਸ਼ਨ ਮਿਲੇ ਨ ਮਿਟਦੀ ਤਰਸਨ, ਦਰਸ ਬਿਨਾ ਕਿੰਵ ਚੈਨ?
ਦਿਨ ਨਾ ਬਿਤੇ ਚਿੰਤ ਚਿਤ ਚੁਭਦੀ, ਸੋਚੀਂ ਬਿਤੇ ਨ ਰੈਨ।
ਕਦ ਆਸਣ ਕਦ ਦਰਸ ਦਿਖਾਸਣ? ਮਿਠ ਬੋਲੇ ਮਿਠ ਬੈਨ!
ਕਿਉਂ ਆਵਣ ? ਮੈਂ ਚੱਜ ਨ ਕਾਈ, ਗੁਣ ਪੱਲੇ ਨਹੀਂ ਹੈਨ!
ਝੋਲੀ ਲਵੇ ਨਿਰਾਸਾ ਪਾ ਹੁਣ, ਗ਼ਮ ਗੋਦੀ ਵਿਚ ਲੈਨ !
ਕਿਨ੍ਹ ਆਨਾ ਹੇ ਦਰਸ ਪਿਆਸੀ, ਤੇਰੇ ਠਾਰਨ ਨੈਨ!

## ਦਰਸ਼ਨ ਦਾਤ [1]।

ਗੁਰਮੁਖ ਵਾਕ:-

ਬੁਲਬੁਲ ! ਨਾਂ ਕਰ ਵੈਣ।
ਗੁਰ ਨਾਨਕ ਖਿੜਿਆ ਗੁਲ ਚਹੁੰਦਿਸ਼, ਖੁਹਲ ਦਿਲੇ ਦੇ ਨੈਣ।
ਕਰ ਦਰਸ਼ਨ ਦਿਲ ਖਿੜ ਪਈ ਸਾਰਾ, ਕਦੀ ਨਾ ਉਹਲੇ ਇਹ ਦੀਦਾਹਾ,
ਇਸ਼ਕ-ਨਰਦ ਆ ਪੁਗਦੀ ਇਸ ਥਾਂ, ਇਹ ਮੰਜ਼ਲ ਸੁਖ ਚੈਨ।

# ੮੯. ਸ੍ਰੀ ਪਾਵਨ ਲਹਿਣਾ ਜੀ [2]।

### ੧. ਮਿਲਾਪ

ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥ ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥ {ਸਾਰਗ ਮ: ੧}

ਬਰਖਾ ਰੁਤ ਦੀ ਨਿਖਰੀ ਹੋਈ ਭਿੰਨੜੀ ਰਾਤ ਹੈ, ਇਕ ਸੁਹਣੇ ਜਿਹੇ ਮੈਦਾਨ ਵਿਚ ਦਰੀ ਵਿਛੀ ਹੋਈ ਹੈ, ਵਿਚਕਾਰ ਇਕ ਚੌਂਕੀ ਹੈ ਤੇ ਇਸ ਪਰ ਇਕ ਥਾਲੀ ਹੈ, ਥਾਲੀ ਦੇ ਵਿਚਕਾਰ ਆਟੇ ਦੀ ਜੋਤ ਘਿਉ ਨਾਲ ਭਰੀ ਲਟ ਲਟ ਬਲ ਰਹੀ ਹੈ, ਆਲੇ ਦੁਆਲੇ ਫੁਲ ਬੀੜੇ ਹੋਏ ਹਨ। ਇਸ ਚੌਂਕੀ ਤੋਂ ' ਥੋੜੀ ਥੋੜੀ ਵਿੱਥ ਤੇ ਅਨੇਕਾਂ ਪ੍ਰੇਮੀ ਪਿੜ ਲਾਈ ਬੈਠੇ ਹਨ, ਕਿਸੇ ਪਾਸ ਛੈਣੇ ਹਨ ਤੇ ਕਿਸੇ ਪਾਸ ਢੋਲਕ, ਕਿਸੇ ਪਾਸ ਖਟਤਾਰ ਹੈ ਤੇ ਕਿਸੇ ਪਾਸ ਮ੍ਰਿਦੰਗ; ਸਾਰੇ ਦੇਵਾ ਰਾਣੀ ਦੀਆਂ ਭੇਟਾਂ ਗਾਉਂ ਰਹੇ ਹਨ। ਇਨ੍ਹਾਂ ਸਾਰਿਆਂ ਵਿਚ ਇਕ ਗ਼ਰੀਬੀ ਸੂਰਤ ਦਾ ਮਿੱਠਾ, ਰਸਭਿੰਨੜਾ, ਪ੍ਰੇਮ ਦੀ ਦਮਕ ਵਾਲਾ ਸੱਜਨ ਪੈਰੀਂ ਘੁੰਗਰੂ ਬੰਨ੍ਹੀ ਬੈਠਾ ਹੈ ਤੇ ਕਈ ਵੇਰ ਮੌਜ ਵਿਚ ਆਕੇ ਉੱਠਦਾ ਤੇ ਐਸੀ ਨਿਰਤਕਾਰੀ ਕਰਦਾ ਹੈ ਕਿ ਸਭ ਦੀ ਅੱਖ ਜੁੜ ਜਾਂਦੀ ਹੈ ਤੇ ਢੋਲਕ ਛੈਣੇ ਧਰੇ ਰਹਿ ਜਾਂਦੇ ਹਨ। ਰਾਤ ਟੁਰਦੀ ਗਈ, ਲੰਘਦੀ ਗਈ, ਤ੍ਰੈ-ਪਹਿਰਾ

---

[1] ਇਹ ਦੋਵੇਂ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ ੪੬੭ {੧੯੩੬ ਈ:} ਨੂੰ ਖਾ: ਸਮਾਚਾਰ ਵਿਚ ਪ੍ਰਕਾਸ਼ਤ ਹੋਏ ਸਨ। [2] ਇਹ ਪ੍ਰਸੰਗ 'ਰਸਭਿੰਨੜਾ ਗੁਰਪੁਰਬ' ਦੇ ਨਾਮ ਹੇਠਾਂ {ਨੰ: ੫੦੮} ਸੰ: ਗੁ: ਨਾ: ਸਾ: ੪੪੭ {੧੯੧੫ ਈ:} ਨੂੰ ਟ੍ਰੈਕਟ ਦੀ ਸੂਰਤ ਵਿਖੇ ਪ੍ਰਕਾਸ਼ਿਆ ਸੀ।

ਵਜ ਪਿਆ, ਹੁਣ ਢੋਲਕ ਛੈਣੇ ਬੰਦ ਹੋਏ ਤੇ ਆਪੋ ਵਿਚ ਸਲਾਹਾਂ ਟੁਰੀਆਂ। ਢੇਰ ਚਿਰ ਮਗਰੋਂ ਫੈਸਲਾ ਹੋਇਆ ਕਿ ਅਗਲੇ ਮਹੀਨੇ ਸਾਰਾ ਸੰਗ ਪਹਾੜਾਂ ਵਾਲੀ ਵੰਨੇ ਟੁਰੇ। ਅਜੇ ਪਹਿਲੀ ਘੜੀ ਹੀ ਵਜੀ ਸੀ ਕਿ ਸਾਰੇ ਜਣੇ ਘਰੋ ਘਰੀ ਟੁਰ ਗਏ। ਪਰ ਉਹ ਜੋ ਪੈਰੀਂ ਘੁੰਗਰੂ ਬੰਨ੍ਹਕੇ ਨਿਰਤ ਕਰਨ ਹਾਰੇ ਸੁਹਣੇ ਰੂਪ ਵਾਲੇ ਸਨ, ਇਕ ਛੰਭ ਨੂੰ ਨ੍ਹਾਉਣ ਚਲੇ ਗਏ। ਇਥੇ ਅਗੇ ਇਕ ਆਦਮੀ ਨ੍ਹਾਕੇ ਬੈਠਾ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ, ਭੋਗ ਪਾਕੇ ਇਸ ਨੇ ਆਸਾ ਰਾਗ ਵਿਚ ਇਕ ਦੋ ਸ਼ਬਦ ਗਾਵੇਂ।

ਘੁੰਗਰੂਆਂ ਵਾਲਾ ਸੱਜਣ, ਜਿਸ ਦਾ ਨਾਉਂ 'ਲਹਿਣਾ' ਸੀ ਇਸ ਦੇ ਪਾਠ ਸੁਣ ਸੁਣਕੇ ਮਗਨ ਹੁੰਦਾ ਗਿਆ। ਉਸ ਨੂੰ ਉਹ ਸੁਆਦ ਆਇਆ ਜੋ ਕਦੇ ਦੇਵੀ ਦੀਆਂ ਭੇਟਾਂ ਗਾਉਂਦਿਆਂ ਨਹੀਂ ਸੀ ਆਇਆ। ਕਦੇ ਆਪਣੀ ਨਿਰਤਕਾਰੀ ਵਿਚ ਨਹੀਂ ਸੀ ਪਿਆ। ਲਹਿਣਾ ਜੀ ਅੰਦਰੋਂ ਬਹਾਰੋਂ ਸੁੰਦਰ ਹਨ, ਕਸਤੂਰੇ ਮ੍ਰਿਗ ਵਾਂਙ ਖੁਸ਼ਬੂ ਦੇ ਨਾਪੇ ਹਨ, ਪਰ ਰੱਬ ਨੇ ਖ਼ਬਰ ਨਹੀਂ ਕੀ ਕੰਮ ਲੈਣਾ ਹੈ ਕਿ ਲਹਿਣਾ ਜੀ ਨੂੰ ਅਜੇ ਉਸ ਦਾ ਕੁਛ ਪਤਾ ਨਹੀਂ। ਉਹ ਘਿਉ ਦੀ ਬਲਦੀ ਲਾਟ ਤੇ ਲੱਟੂ ਹਨ, ਹਰ ਸਾਲ ਦੇਵੀ ਦੇ ਦੁਆਰੇ ਪਹਾੜ ਜਾਂਦੇ ਤੇ ਉਥੇ ਬਲਣਹਾਰ ਲਾਟਾਂ[1] ਨੂੰ ਵੇਖਕੇ ਅਚਰਜ ਹੋ ਹੋ ਜਾਂਦੇ ਹਨ। ਨੇਕੀ ਦਾ ਪੁੰਜ ਹਨ, ਭਲਿਆਈ ਦਾ ਰੂਪ ਹਨ, ਗ਼ਰੀਬੀ ਦੀ ਹਦ ਹਨ, ਸੁੰਦਰਤਾ ਦੀ ਅਵਧੀ ਹਨ, ਪਰ ਦੇਖੋ ਅਜੇ ਆਪਣੀ ਖੁਸ਼ਬੋ ਤੇ ਨਾਪੇ ਨੂੰ ਆਪ ਨਹੀਂ ਸੁੰਘ ਰਹੇ। ਰਬ ਦੇ ਕਿਸੇ ਦਾਨੇ ਹੱਥ ਨੇ 'ਤਾਣ ਹੋਂਦੇ ਹੋਇ ਨਿਤਾਣਾ ਕਰ ਰਖਿਆ ਹੈ।

ਜਦੋਂ ਸਿਖ ਉੱਠ ਟੁਰਿਆ ਤਾਂ ਲਹਿਣਾ ਜੀ ਨੇ ਉਸ ਨੂੰ ਬੁਲਾਕੇ ਪੁਛਿਆ:-'ਸੱਜਣਾਂ, ਤੂੰ ਕਿਸਦੀ ਬਾਣੀ ਪੜ੍ਹੀ ਹੈ?'

ਸਿਖ-ਜੀਉਂਦੇ ਸਤਿਗੁਰ ਦੀ।

ਲਹਿਣਾ ਜੀ-ਜੀਉਂਦਾ ਸਤਿਗੁਰ ਕੌਣ ਹੈ?

ਸਿਖ-ਜੋ ਵਾਹਿਗੁਰੂ ਵਿਚੋਂ ਆਇਆ ਹੈ !

ਲਹਿਣਾ ਜੀ-ਓਹ ਕਿਥੇ ਹੈ?

ਸਿਖ-'ਏਥੇ' ਹੈ, 'ਓਥੇ' ਹੈ, 'ਸਾਰੇ' ਹੈ।

ਲਹਿਣਾ ਜੀ-ਕਦ ਤੋਂ ?

ਸਿਕ-ਅਜ਼ਲਾਂ ਤੋਂ ਹਨ, ਆਦਿ ਜੁਗਾਦਿ ਤੋਂ ਹਨ।

ਲਹਿਣਾ ਜੀ (ਹਰਿਆਨ ਹੋਕੇ)-ਦੇਹ ਵਿਚ ਹਨ ?

ਸਿਖ-ਅੱਜ ਕੱਲ ਏਸ ਮਾਤਲੋਕ ਵਿਚ ਦੇਹ ਧਾਰ ਕੇ ਪ੍ਰਗਟੇ ਹੋਏ ਹਨ।

ਲਹਿਣਾ ਜੀ-ਹੱਛਾ ?

ਸਿਖ-ਸੰਸਾਰ ਵਿਚ ਪ੍ਰੇਮ ਨਹੀਂ ਰਿਹਾ, ਜੀਵਨ ਕਣੀ ਨਹੀਂ ਰਹੀ, ਪਿਰਮ ਰਸ ਨਹੀਂ ਰਿਹਾ, ਅੰਧਕਾਰ ਛਾ ਗਿਆ ਹੈ, ਸੂਗ ਹੀ ਸੂਗ[1] ਹੈ, ਇਸ ਕਰਕੇ ਗੁਰੂ ਨੇ ਐਤਕੀ ਆਪਣਾ ਕੋਈ ਕਾਇਮ ਮੁਕਾਮ ਅਵਤਾਰ ਯਾ ਭਗਤ ਨਹੀਂ ਪ੍ਰਗਟਾਇਆ, ਆਪ ਹੀ ਆ ਗਿਆ ਹੈ।

ਲਹਿਣਾ-ਅਜ ਕਲ ਮੁਕਾਮ ਕਿਥੇ ਹੈ?

ਸਿਖ-ਰਾਵੀ ਕਿਨਾਰੇ, ਕਰਤਾਰ ਪੁਰ।

ਲਹਿਣਾ ਜੀ-ਨਾਮ ਦੀ ਕ੍ਰਿਪਾ ਕਰ ਸਕਦੇ ਹੋ?

ਸਿਖ(ਸੀਸ ਨਿਵਾ ਕੇ)-"ਸ੍ਰੀ ਗੁਰੂ ਨਾਨਕ ਦੇਵ ਜੀ"।

ਨਾਮ ਸੁਣਦੇ ਸਾਰ ਲਹਿਣਾ ਜੀ ਦੇ ਲੂੰ ਕੰਡੇ ਹੋ ਗਏ, ਇਕ ਥਰਰਾਟ ਆਈ ਤੇ ਨੈਣ ਬੰਦ ਹੋ ਗਏ। ਕਿੰਨਾ ਚਿਰ ਲੰਘਿਆ ? ਪਤਾ ਨਹੀਂ।

ਫਿਰ ਲਹਿਣਾ ਜੀ ਦੇ ਨੇਤ੍ਰ ਖੁੱਲ੍ਹੇ, ਸੋਚਦੇ ਹਨ ਕਿ ਇਹ ਕੌਣ ਹੈ ? ਇਸ ਨੇ ਮੈਨੂੰ ਕੀਹ ਸੁਣਾਇਆ ਹੈ! ਮੈਂ ਕਿਸ ਰਸ ਸਾਗਰ ਵਿਚ ਗ਼ੋਤਾ ਲਾ ਆਇਆ ਹਾਂ। 'ਗੁਰੂ ਨਾਨਕ' !!! ਹੇ ਦੇਵਾ ! ਇਹ ਕਿਹੀ ਅਪੱਣਤ ਹੈ, ਕੇਹੀ ਖਿੱਚ ਤੇ ਧੂਹ ਹੈ !(ਸਿਖ ਵਲ) ਪਜਾਰਿਆ! ਇਹ ਗੁਰੂ ਨਾਨਕ ਤੇਰਾ ਗੁਰੂ ਹੈ?(ਮਨ ਵਿਚ) ਹੇ ਦੇਵਾ! ਮੇਰੀ ਤਾਂ ਤੂੰ ਸੈਂ, ਇਹ ਗੁਰੂ ਨਾਨਕ ਮੈਨੂੰ ਕਿਉਂ ਮੇਰਾ ਹੋ ਲਗਾ ਹੈ। ਇਹ ਤੇਹਾ ਹੈ ਕਿ ਤੂੰ ਇਸ ਦੀ ਹੈਂ?

(ਸਿਖ ਵਲ ਤਕਕੇ) ਹੇ ਸੁਹਣੇ ਸੱਜਣਾਂ ! ਗੁਰੂ ਨਾਨਕ ਧੁਰੋਂ ਹੈ, ਸੱਚ ?

---

[1] ਜਵਾਲਾ ਜੀ ਲਾਟਾਂ ਜ਼ਿਮੀਂ ਵਿਚੋਂ ਨਿਕਲ ਰਹੀਆਂ ਬਲਣਹਾਰ ਗੈਸਾਂ ਤੋਂ ਬਲਦੀਆਂ ਹਨ। ਵੈਸ਼ਨੋਂ ਦੇਵੀ ਲਾਟਾਂ ਆਪ ਬਾਲ੍ਹਦੇ ਹਨ।

[1] ਸੂਗ ਗਿਲਾਨੀ, ਨਫ਼ਰਤ।

ਸਿੱਖ-ਹਾਂ ਭਾਈ ! ਧੁਰੋਂ ਆਪ।

ਲਹਿਣਾ ਜੀ-ਹੁਣ ਬੀ ਦਰਗਾਹ ਤਕ ਪਹੁੰਚਾ ਹੈ?

ਸਿਖ-ਓਹ ਬ੍ਰਹਮੰਡ ਦਾ ਹੈ, ਓਹ ਨੌ ਖੰਡ ਪ੍ਰਿਥਮੀ ਦਾ ਹੈ, ਉਹ ਸਭ ਕਿਸੇ ਦਾ ਹੈ!

ਇਕ ਵੇਰ ਗੁਰੂ ਨਾਨਕ ਜੀ ਨੂੰ ਵੇਈਂ ਨ੍ਹਾਉਂ-ਦਿਆਂ ਨੂੰ ਰੱਬ ਦੇ ਅਰੂਪ ਸੇਵਕ ਦਰਗਾਹ ਲੈ ਗਏ-

ਤਦ ਸੇਵਕਾਂ ਜਾਇ ਹਾਜ਼ਰ ਕੀਤਾ "ਜੀ, ਨਾਨਕ ਹਾਜ਼ਰ ਹੈ" ਤਬ ਸੱਚੀ ਦਰਗਾਹ ਦਾ ਦਰਸ਼ਨ ਹੋਇਆ, ਸਾਹਿਬ ਮਿਹਰਵਾਨ ਹੋਇਆ। ਆਗਿਆ ਪਰਮੇਸ਼ੁਰ ਕੀ ਹੋਈ ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਗੁਰ ਨਾਨਕ ਨੂੰ ਮਿਲਿਆ, ਹੁਕਮ ਹੋਇਆ "ਨਾਨਕ! ਇਹ ਅੰਮ੍ਰਿਤ ਨਾਹੀਂ, ਮੇਰੇ ਨਾਮ ਦਾ ਪਿਆਲਾ ਹੈ ਤੂੰ ਪੀਉ! " ਤਬ ਗੁਰ ਨਾਨਕ ਤਸਲੀਮ ਕੀਤਾ, ਪਿਆਲਾ ਪੀਤਾ, ਸਾਹਿਬ ਮਿਹਰਵਾਨ ਹੋਇਆ। "ਨਾਨਕ ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਂਈਂ ਨਿਹਾਲ ਕੀਤਾ ਅਰ ਜੋ ਤੇਰਾ ਨਾਮ ਲਵੇਗਾ ਸੋ ਭੀ ਨਿਹਾਲ ਕੀਤਾ, ਤੂੰ ਜਾਇ ਕਰ ਮੇਰਾ ਨਾਮ ਜਪ ਅਰ ਲੋਕਾਂ ਤੇ ਜਪਾਇ ਅਰ ਸੰਸਾਰ ਤੇ ਬੀ ਨਿਰਲੇਪ ਕਾ ਨਿਰਲੇਪ ਰਹੁ, ਨਾਮ ਦਾਨ ਇਸ਼ਨਾਨ ਸੇਵਾ ਸਿਮਰਣ ਵਿਚ ਰਹੁ। ਮੈਂ ਤੇਰੇ ਤਾਂਈਂ ਆਪਣਾ ਨਾਮ ਦੀਆ ਹੈ ਤੂੰ ਇਹ ਕਿਰਤ ਕਰ'। ਤਬ ਗੁਰ ਨਾਨਕ ਤਸਲੀਮ ਕੀਤਾ, ਖੜਾ ਹੋਇਆ, ਤਬ ਹੁਕਮ ਆਇਆ: "ਨਾਨਕ ਮੇਰੇ ਨਾਮ ਕੀ ਵਡਿਆਈ ਕੈਸੀ ਹੈ"? ਤਬ ਗੁਰ ਨਾਨਕ ਸ਼ਬਦ ਬੋਲਿਆ ਰਾਗ "ਸਿਰੀ ਰਾਗੁ ਵਿਚਿ ਮਹਲਾ ੧॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉਂ....."॥ ਤਬ ਫੇਰ ਅਵਾਜਾ ਹੋਇਆ: "ਨਾਨਕ ਮੇਰਾ ਹੁਕਮ ਤੇਰੀ ਨਦਰ ਆਇਆ ਹੈ, ਤੂੰ ਮੇਰੇ ਹੁਕਮ ਦੀ ਸਿਫਤ ਕਰ...। " ਤਬ ਬਾਬਾ ਬੋਲਿਆ: ਰਾਗ ਆਸਾ ਵਿਚਿ ਜਪੁ ਕੀਤਾ ਮਹਲਾ ੧ ਸਲੋਕ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਜਾਂ ਜਪ ਬਾਬੇ ਕੀਤਾ ਤਬ ਫਿਰ ਆਗਜਾ ਆਈ, ਹੁਕਮ ਹੋਇਆ: ਨਾਨਕ! ਜਿਸ ਉਪਰ ਮੇਰੀ ਨਦਰ ਤਿਸ ਉਪਰ ਤੇਰਾ ਕਰਮ, ਤਿਸਹੀ ਉਪਰ ਮੇਰਾ ਬੀ ਕਰਮ, ਮੇਰਾ ਨਾਉ ਪਾਰਬ੍ਰਹਮ ਪਰਮੇਸੁਰ, ਤੇਰਾ ਨਾਉਂ ਗੁਰੂ ਪਰਮੇਸਰ॥" ਤਬ ਗੁਰੂ ਨਾਨਕ ਪੈਰੀਂ ਪਿਆ, ਤਬ ਸਿਰੋਪਾਉ ਦਰਗਾਹੋਂ ਬਾਬੇ ਨੋ ਮਿਲਿਆ[1]।

ਲਹਿਣਾ ਜੀ ਨੇ ਜਦ ਇਹ ਸਾਖੀ ਸੁਣੀ ਤਾਂ ਹੋਰ ਪ੍ਰੇਮ ਵਿਚ ਆਕੇ ਬੋਲੇ:- ਭਾਈ, ਗੁਰ ਨਾਨਕ ਦੀ ਬਾਣੀ ਤੇ ਗੁਰ ਨਾਨਕ ਦਾ ਨਾਉਂ ਏਸੇ ਕਰਕੇ ਏਡਾ ਮਿੱਠਾ ਹੈ ਜੋ ਭਗਵੰਤ ਨੇ ਘੱਲੇ ਹਨ, 'ਗੁਰ ਪਰਮੇਸ਼ੁਰ ਹੈਨ। ਪਰਮੇਸ਼ੁਰ ਰੂਪ ਹੋਏ ਨਾ ਆਪ?

ਇਹ ਸੁਣਕੇ ਆਪ ਨੇ ਉਸ ਗੁਰਸਿੱਖ ਤੋਂ ਓਸਦਾ ਪੜ੍ਹਿਆ ਸ਼ਬਦ ਕੰਠ ਕਰ ਲਿਆ ਤੇ ਅਗਲੇਰੇ ਦਿਨ ਆਪ ਜੀ ਮਾਈ ਵਿਰਾਈ ਨੂੰ ਮਿਲੇ। ਉਹਨਾਂ ਨਾਲ ਵਾਰਤਾਲਾਪ ਦੇ ਮਗਰੋਂ ਆਪ ਨੇ ਪੱਕ ਧਾਰ ਲਈ ਕਿ ਦੇਵੀ ਵਲ ਜਾਂਦਿਆਂ ਕਰਤਾਰ ਪੁਰ ਹੋਕੇ ਦਰਸ਼ਨ ਕਰਕੇ ਜਾਣਾ ਹੈ।

ਸਨੇ ਸਨੇ ਓਹ ਦਿਨ ਆ ਗਏ। ਸਾਰਾ ਸੰਗ ਦੇਵੀ ਦੇ ਦਰਸ਼ਨਾਂ ਨੂੰ ਤੁਰਿਆ, ਪਰ ਪਹਿਲੇ ਕਰਤਾਰ ਪੁਰ ਹੋਕੇ ਜਾਣ ਦੀ ਸਲਾਹ ਲਹਿਣਾ ਜੀ ਨੇ ਪੱਕੀ ਕਰਾ ਲਈ ਸੀ, ਸੋ ਪਹਿਲੋਂ ਸਾਰੇ ਕਰਤਾਰ ਪੁਰ ਅੱਪੜੇ। ਸੰਗ ਦਾ ਡੇਰਾ ਵਸੋਂ ਤੋਂ ਬਾਹਰ ਹੋਇਆ ਤੇ ਸ੍ਰੀ ਲਹਿਣਾ ਜੀ ਹੁਣ ਵਸੋਂ ਵਿਚ ਗਏ।

ਸਰੀਰ ਵਿਚ ਇਕ ਕਪਕਪੀ ਜੇਹੀ ਹੈ, ਅੰਦਰ ਵਿਚ ਅਕਹਿ ਖਿੱਚ ਹੈ, ਅੱਖਾਂ ਵਿਚ ਲਲਨਾ ਹੈ; ਛਾਤੀ ਧੜਕਦੀ ਹੈ, ਉਮਗਦੀ ਹੈ ਤੇ ਫੇਰ ਸੀਤਲ ਹੋ ਹੋ ਜਾਂਦੀ ਹੈ। ਸ੍ਰੀ ਲਹਿਣਾ ਜੀ ਦੇ ਪਿੰਡ ਪ੍ਰਵੇਸ

[1] ਇਹ ਕਥਾ ਪੁਰਾਤਨ ਜਨਮਸਾਖੀ ਵਿਚੋਂ ਬੋਲੀ ਬੜੀ ਮਿੱਠੀ ਸਿੱਧੀ ਤੇ ਪਿਆਰੀ ਹੋਣ ਕਰਕੇ ਜਿਉਂ ਦੀ ਤਿਉਂ ਹੀ ਦਿੱਤੀ ਗਈ ਹੈ।

ਕਰਦੇ ਹੀ ਗੁਰਾਂ ਦੇ ਗੁਰੂ ਗੁਰ ਨਾਨਕ ਆਪਣੇ ਪਜਾਰੇ ਆਪੇ ਦੇ ਆਗਮ ਨੂੰ ਸਮਝ ਕੇ ਖਿੱਚੇ ਗਏ, ਆਪਣੇ ਆਸਣ ਤੋਂ ਉਠੇ ਤੇ ਗਲੀ ਵਿਚ ਅੱਗੋਂ ਲੈਣ ਆ ਗਏ। ਦੇਖੋ ਅਚਰਜ; ਗੁਰੂ ਸਿਖ ਨੂੰ ਲੈਣ ਆ ਰਿਹਾ ਹੈ[੧]। ਲਹਿਣਾ ਜੀ ਦੇ ਨੈਣ ਤਹਬਤਰ, ਸੁਰਤ ਆਪਣੇ ਗੁਰੂ ਨਾਨਕ ਦੇ ਮਿਲਣ ਦੇ ਚਾ ਵਿਚ ਮਦਹੋਸ਼ ਆ ਰਹੇ ਹਨ। ਗੁਰੂ ਨਾਨਕ ਨੂੰ ਵੇਖਕੇ ਕੇਵਲ ਇੰਨਾ ਭਾਸਿਆ ਕਿ ਕੋਈ ਠੰਢਾ ਸੱਜਣ ਖੜਾ ਹੈ। ਉਨ੍ਹਾਂ ਤੋਂ ਨਿੰਮ੍ਰਤਾ ਨਾਲ 'ਗੁਰ ਨਾਨਕ' ਦਾ ਟਿਕਾਣਾ ਪੁੱਛਿਆ। ਬੜੇ ਹਿਤ ਤੇ ਪਿਆਰ ਨਾਲ ਸ੍ਰੀ ਨਾਨਕ ਦੇਵ ਜੀ ਨੇ ਆਖਿਆ: 'ਆ ਪੁਰਖਾ ! ਮੇਰੇ ਪਿਛੇ ਘੋੜੀ ਲੈ ਆਓ'। ਇਹ ਕਹਿਕੇ ਗੁਰੂ ਜੀ ਨੇ ਉਸ ਨੂੰ ਧਰਮਸਾਲ ਪਾਸ ਪੁਚਾਇਆ ਤੇ ਆਪ ਦੂਜੇ ਰਸਤਿਓਂ ਅੰਦਰ ਜਾ ਕੇ ਬੈਠ ਗਏ। ਲਹਿਣਾ ਜੀ ਘੋੜੀ ਤੋ ਉਤਰੇ ਘੋੜੀ ਖੂਟੇ ਨਾਲ ਬੱਧੀ ਤੇ ਆਪ ਧਰਮਸਾਲਦੇ ਅੰਦਰ ਲੰਘ ਗਏ ਤੇ ਗੁਰ ਨਾਨਕ ਦੇਵ ਜੀ ਦੇ ਚਰਨੀ ਜਾ ਪਏ। ਸਮੁੰਦ ਦੀ ਸ਼ਰਨ ਸਿੰਧ ਆ ਪਿਆ ਹੈ, ਸੂਰਜ ਦੀ ਸ਼ਰਨ ਚਾਨਣ ਨੇ ਆ ਲਈ ਹੈ।

"ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ
ਸੇਤੀ ਮਿਕਿਓਨੁ॥" {ਰਾਮ: ਵਾਰ ਸਤਾ ਬਲ}

ਜਿੰਨਾਂ ਚਿਰ ਚਰਨੀ ਪਏ ਰਹੇ, ਮਿਲਾਪ ਰਸ ਵਿਚ ਮਗਨ, ਸਜਲ ਨੇਤ੍ਰ ਪਏ ਰਹੇ, ਉਹ ਆਤਮਾਂ ਨੂੰ ਠੰਢ ਵਰਤੀ ਜੋ ਕਦੇ ਅੱਗੇ ਡਿੱਠੀ ਨਹੀਂ ਸੀ।

ਅਸਲ ਵਿਚ ਸ੍ਰੀ ਪਾਵਨ ਲਹਿਣਾ ਜੀ ਬੀ ਧੁਰੋਂ ਆਏ ਸਨ, ਆਪ ਬੀ ਗੁਰੂ ਜਜੋਤੀ ਹੀ ਸਨ; ਪਰ ਉਹਨਾਂ ਨੂੰ ਵਾਹਿਗੁਰੂ ਨੇ ਜਾਣਕੇ ਇਸ ਰੰਗ ਵਿਚ ਰਖਿਆ ਹੋਇਆ ਸੀ ਕਿ 'ਸਿਖੀ ਦਾ ਆਦਰਸ਼' ਦਿਖਾਉਣ। ਜਿਕੂੰ ਗੁਰੂ ਦਾ ਪੂਰਨ ਆਦਰਸ਼ ਗੁਰੂ ਨਾਨਕ ਨੇ ਦਿਖਾਉਣਾ ਸੀ, ਤਿਵੇਂ ਸਿਖਾਂ ਦੀ ਕਲਿਆਣ ਲਈ ਸਿੱਖੀ ਦਾ ਪੂਰਾ ਆਦਰਸ਼ ਲਹਿਣਾ ਜੀ ਨੇ ਦਿਖਾਉਣਾ ਸੀ ਇਸ ਲਈ ਲਹਿਣਾ ਜੀ ਉਸ ਦਸ਼ਾ ਵਿਚ ਰਖੇ ਗਏ ਸੇ ਕਿ ਜਿਸ ਵਿਚੋਂ ਓਹ ਸੁਤੇ-ਸਿਧ ਸਿਖੀ ਵੱਲ ਆਉਣ, ਸਿਖੀ ਕਮਾਉਣ ਤੇ ਸਿਖੀ ਦਾ 'ਚਾਨਣ ਮੁਨਾਰਾ' ਬਣਨ। ਇਸ ਲਈ ਗੁਰ ਨਾਨਕ ਦੇਵ ਜੀ ਨੂੰ ਮਿਲਨ ਤੇ ਉਹਨਾਂ ਦੇ ਚਰਨੀਂ ਲਗਕੇ ਉਹਨਾਂ ਨੂੰ ਐਉਂ ਰਸ ਆ ਰਿਹਾ ਸੀ ਕਿ ਜਿਕੂੰ ਆਪੇ ਨੂੰ ਆਪਾ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਅਨੁਸਾਰ "ਜੋਤਿ ਓਹਾ ਜੁਗਤਿ ਸਾਇ" ਹੋਣ ਕਰਕੇ ਓਹ ਮਿਲ ਤਾਂ ਆਪੇ ਨੂੰ ਰਹੇ ਹਨ, ਪਰ ਇਸ ਵੇਲੇ ਸਿਖ ਭਾਵਨਾ ਵਿਚ ਤ੍ਰਿਬੁਡ ਗੁਰ ਰਸ ਵਿਚ ਲੀਨ ਹੋ ਰਹੇ ਸਨ। ਜਦੋਂ ਚਿਰ ਪਿਛੋਂ ਸਿਰ ਚਾਇਆ ਤੇ ਸਤਿਗੁਰ ਦੇ ਚਿਹਰੇ ਵਲ ਗਹੁ ਕਰ ਤੱਕਿਆ ਤਾਂ ਹਾਹੁਕਾ ਖਾਕੇ ਤ੍ਰਬੁਕ ਉਠੇ, ਕਿ ਹੈਂ! ਇਹ ਤਾਂ ਓਹੀ ਨੂਰ ਦਾ ਫੁਹਾਰਾ ਹੈ ਜੋ ਗਲੀ ਵਿਚੋਂ ਘਰ ਤਾਂਈਂ ਮੈਨੂੰ ਨਾਲ ਲਿਆਇਆ ਸੀ, ਆਪ ਟੁਰਦਾ ਆਯਾ ਹੈ ਤੇ ਮੈਂ ਘੋੜੀ ਤੇ ਚੜ੍ਹਿਆ ਨਾਲ ਆਇਆ ਹਾਂ। ਆਪ ਨੇ ਆਪਣੀ ਬੇਅਦਬੀ ਦਾ ਹਾਹੁਕਾ ਖਾਧਾ ਪਰ ਸ੍ਰੀ ਗੁਰੂ ਨਾਨਕ ਜੀ ਨੇ ਦਿਲ ਦੀ ਜਾਣਕੇ ਦਿਲਾਸਾ ਦਿਤਾ, ਸਿਰ ਚਾਇਆ ਤੇ ਸੁਖ ਸਾਂਦ ਪੁੱਛੀ। ਪਿੰਡ, ਘਰ ਬਾਹਰ ਦਾ ਪਤਾ ਤੇ ਅੰਤ ਨਾਮ ਪੁਛਿਆ। ਜਦ ਲਹਿਣਾ ਜੀ ਨੇ ਆਪਣਾ ਨਾਮ ਦੱਸਿਆ ਤਾਂ ਸ੍ਰੀ ਗੁਰੂ ਨਾਨਕ ਜੀ ਬੋਲੇ: 'ਆ ਭਾਈ ਲਹਿਣਾ ! ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ' ਜੈਸਾ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ:-

ਸ੍ਰੀ ਗੁਰ ਕਹਿ 'ਲਹਿਣੇ ਤੈਂ ਲਹਿਣਾ।
ਸੁਨ ਪੁਰਖਾ। ਹਮ ਨੇ ਹੈ ਦੇਣਾ। '

ਗਲ ਕੀ ਸ੍ਰੀ ਲਹਿਣਾ ਜੀ ਤਾਂ ਐਸੇ ਮੋਹਿਤ ਹੋਏ ਕਿ ਉਥੋਂ ਉੱਠਣਾ ਭੁੱਲ ਗਏ। ਸੰਗ ਕਾਹਲਾ ਸੀ ਟੁਰਨੇ ਨੂੰ। ਸੋ ਆਪ ਉਨ੍ਹਾਂ ਨੂੰ ਕਹਿਣ ਲਗੇ ਕਿ ਮੈਂ ਹੁਣ ਏਥੇ ਹੀ ਟਿਕ ਗਿਆ ਹਾਂ, ਤੁਸੀਂ ਜੇ ਚਿਤ ਜਾਣ ਨੂੰ ਕਰਦਾ ਹੈ ਤਾਂ ਜਾਓ, ਆਪਣੀ ਯਾਤ੍ਰਾ ਪੂਰੀ ਕਰੋ, ਜੇ ਨਹੀਂ ਕਰਦਾ ਤਾਂ ਰਹਿ ਜਾਓ। ਪਰ ਜੇ ਜਾਓ ਤਾਂ ਮੁੜਦੇ ਹੋਏ ਫੇਰ ਏਥੇ ਆਓ, ਸਤਿਗੁਰ ਦੇ ਦਰਸ਼ਨ ਪਾਓ ਜਿਸ ਜਿਸਦੀ ਦਿਲ ਦੀ ਕਿੰਗਰੀ ਅਟਕ ਖਾਵੇ ਏਸ ਜੋਤਿ ਦੇ ਭੌਰੇ ਹੋ ਜਾਓ, ਜਿਸ ਦੀ ਅਟਕ ਨਾ ਖਾਵੇ; ਮਨ ਮੰਨੀ ਲਾਟ ਦੇ ਉਦਾਲੇ ਹੋਰ ਭਵੌਂ, ਜਦੋਂ ਇਸ ਲਾਟ ਦੀ ਲਟ ਜਾਗੇ ਓਦੋਂ ਇਸ ਦੇ ਪਤੰਗੇ ਹੋ ਜਾਓ।

ਕੁਛ ਦਿਨਾਂ ਪਿਛੋਂ ਸਤਿਗੁਰ ਜੀ ਨੇ ਸ੍ਰੀ

---

੧ ਮਹਿਮਾ ਪ੍ਰਕਾਸ਼ ਵਾਰਤਕ ਵਿਚ ਲਿਖਿਆ ਹੈ-'ਜੋ ਚਲਾਂ ਮੇਰੇ ਰਾਜ ਕਾ ਧਨੀ ਆਇਆ ਹੈ ਲੈ ਆਵਾਂ। ਇਹ ਕਹਿਕੇ ਉਠ ਚਲੇ ਰਸਤੇ ਮੈਂ ਆਣਕੇ ਖੜੇ ਹੋਏ। {ਪੰਨਾ ੧੧}

ਲਹਿਣਾ ਜੀ ਨੂੰ ਘਰ ਜਾਣੇ ਦੀ ਆਗਿਆ ਕੀਤੀ। ਪ੍ਰੇਮ-ਖਿੱਚ ਵਿਚ ਪ੍ਰੋਤੇ ਆਪ ਖਡੂਰ ਪਹੁੰਚੇ। ਲੋਕ ਅਚੰਭਾ ਹੋਏ, ਦੰਦ ਕਥਾ ਛਿੜੀ, ਜੈਸੀ ਸਦਾ ਛਿੜਿਆ ਕਰਦੀ ਹੈ, ਪਰ ਪ੍ਰੇਮ ਮਗਨਾਰਾਂ ਨੂੰ ਕੀ ਪਰਵਾਹ। ਘਰ ਪਹੁੰਚੇ, ਪਰ ਹਾਂ ਹੁਣ ਘਰ ਕੌਣ ਰਹੇ, ਇਕ ਇਕ ਰਾਤ ਪੰਜ ਪਹਾੜਾਂ ਦੀ ਹੋ ਬੀਤੇ। ਕਰਤਾਰ ਪੁਰ, ਕਰਤਾਰ ਪੁਰ ਵਲ ਖਿੱਚ, ਖਿੱਚ ਦੀ ਕਟਕ ਦੀ ਤੜਫਨੀ ਲੱਗ ਰਹੀ ਹੈ। ਥੋੜੇ ਹੀ ਚਿਰ ਬਾਦ ਲੂਣ ਦੀ ਇਕ ਪੰਡ ਸਿਰ ਤੇ ਚਾਈ ਤੇ ਕਰਤਾਰ ਪੁਰ ਨੂੰ ਪੈਰੀਂ ਤੁਰ ਪਏ।

ਲਹਿਣਾ ਜੀ ਅਸਲ ਵਿਚ ਫੀਰੋਜ਼ਪੁਰ ਦੇ ਇਲਾਕੇ ਮੱਤੇ ਦੀ ਸਰਾਇ ਦੇ ਰਹਿਣ ਵਾਲੇ ਬੜੇ ਰੱਜੇ ਖਤ੍ਰੀ ਖਾਨਦਾਨ ਦੇ ਪੁਤ੍ਰ ਸੇ ਤੇ ਖਡੂਰ ਦੇ ਲਾਗੇ ਸੰਘਰ ਪਿੰਡ ਵਿਚ ਇਕ ਭਾਰੇ ਸ਼ਾਹਾਂ ਦੇ ਘਰ ਵਿਆਹੇ ਹੋਏ ਸੇ।[1] ਮੱਤੇ ਦੀ ਸਰਾਂ ਜਦ ਤੋਂ ਬਾਬਰਵਾਣੀ ਫਿਰੀ ਤੇ ਪਚਾਧੇ ਬਲੋਚਾਂ ਆਦਿ ਲੁਟੇਰਿਆਂ ਨੇ ਲੁਟੀ[2] ਤੇ ਢਹਿ ਢੇਰੀ ਕਰ ਦਿਤੀ ਸੀ, ਉਸ ਤੋਂ ਪਹਿਲੋਂ ਹੀ ਆਪ ਸੰਘਰ ਆ ਰਹੇ ਸੇ [3]। ਤਦ ਤੋਂ ਆਪ ਖਡੂਰ ਆ ਰਹੇ ਸੇ। ਦੁਹੀਂ ਵਲੀਂ ਸੁਖੀ ਹੋਣ ਕਰਕੇ ਸੁਤੇ ਹੀ ਰੇਸ਼ਮ ਹੰਢਾਂਦੇ ਤੇ ਸੁਖੀ ਜੀਵਨ ਰਹਿੰਦੇ ਸੇ। ਅਜ ਪਹਿਲਾ ਦਿਨ ਸੀ ਕਿ ਇਸ ਪ੍ਰੇਮ ਨੇ ਲੂਣ ਦੀ ਪੰਡ ਸਿਰ ਤੇ ਚੁਵਾਈ ਤੇ ਪੈਦਲ ਲੈ ਚਲਿਆ। ਸਾਕ ਅੰਗ ਮਨ੍ਹਾਂ ਕਰ ਰਹੇ ਸਨ, ਕਹਿ ਰਹੇ ਹਨ ਕਿ ਨੌਕਰ ਜਾਂ ਘੋੜੀ ਲੈ ਜਾਓ, ਪਰ ਆਪ ਇਕ ਨਹੀਂ ਮੁਣਦੇ, ਸੱਚੇ ਸਤਿਗੁਰ ਦਾ ਪਯਾਰ ਧੂਈ ਲਿਜਾਂਦਾ ਹੈ। ਅਮੀਰੀ ਗ਼ਰੀਬੀ ਦਾ ਪ੍ਰੇਮ ਵਿਚ ਕਿਸ ਨੂੰ ਚੇਤਾ ਹੈ।

ਸਨੇ ਸਨੇ ਕਰਤਾਰ ਪੁਰ ਪਹੁੰਚੇ, ਘਰ ਗਏ, ਮਾਤਾ ਜੀ ਨੇ ਪ੍ਰੇਮ ਦੀ ਮੂਰਤ ਨੂੰ ਵੇਖਕੇ ਛੇਤੀ ਨਾਲ ਪੰਡ ਉਤਰਵਾਈ; ਮੂੜ੍ਹਾ ਪੱਖਾ ਦਿਤਾ, ਆਦਰ ਨਾਲ ਬਿਠਾਇਆ। ਅਗੇ ਸ੍ਰੀ ਗੁਰੂ ਜੀ ਖੇਤੀ ਕਾਰਨ ਖੇਤਾਂ ਵਿਚ ਗਏ ਹੋਏ ਸੇ, ਲਹਿਣਾ ਜੀ ਤੋਂ ਬੈਠਾ ਕਿਵੇਂ ਜਾਵੇ? ਸ੍ਰੀ ਗੁਰੂ ਜੀ ਦਾ ਪਤਾ ਪੁੱਛਕੇ ਝਟ ਖੇਤਾਂ ਨੂੰ ਉਠ ਤੁਰੇ। ਖੇਤਾਂ ਵਿਚ ਜਾ ਜੋਤਿ ਨਿਰੰਜਨੀ ਦੇ ਦਰਸ਼ਨ ਪਾਏ।

ਪਰਮ ਪ੍ਰੇਮ ਕਰਿਕੈ ਤਤਕਾਲਾ। ਪਰਜੋ ਪਾਇ
ਪੰਕਜ ਧਰਿ ਭਾਲਾ। {ਗੁ: ਨ: ਪ੍ਰ:}

ਇਸ ਨਮਸਕਾਰ ਵਿਚ ਲਿਖਦੇ ਹਨ ਕਿ ਲਹਿਣਾ ਜੀ ਨੇ ਆਪਣਾ ਸਭ ਕੁਛ ਗੁਰ ਨਾਨਕ ਨੂੰ ਅਰਪ ਦਿਤਾ:-

ਜੋ ਅਪਨੋ ਤਨ ਮਨ ਹੁਤੋ ਅਰਪਨ ਗੁਰ ਆਗੈ॥
ਸਰਬਸ ਤਜਿ ਕੀਨੋ ਤਬੈ ਚਰਨਨ ਅਨੁਰਾਗੈ॥
{ਗੁਰ ਨਾਨਕ ਸੂਰਯੋਦਯ}

ਇਸ ਵੇਲੇ ਸੇਵਕ ਖੇਤਾਂ ਵਿਚ ਧਾਨਾਂ ਦਾ ਨਦੀਣਾਂ ਕਰ ਰਹੇ ਸਨ, ਅਰਥਾਤ ਘਾਹ ਬੂਟੀ ਕੱਢ ਰਹੇ ਸਨ, ਲਹਿਣਾ ਜੀ ਬੀ ਨਦੀਣਾਂ ਕਰਨ ਲਗ ਪਏ। ਆਪ ਨੇ ਇਹ ਕੰਮ ਕਦੇ ਕੀਤਾ ਨਹੀਂ ਸੀ, ਧਾਨ ਬੀ ਨਾਲ ਪੁੱਟੀ ਜਾਣ। ਗੁਰੂ ਜੀ ਦੇਖਕੇ ਬੋਲੇ:-'ਪੁਰਖਾ ਇਹ ਕੰਮ ਤੇਰੇ ਕਰਨ ਦਾ ਨਹੀਂ, ਤੂੰ ਲਾਉਣੇ ਹਨ, ਪੁੱਟਣੇ ਨਹੀਂ, ਇਹ ਛੋੜ ਦੇਹ ਤੇ ਘਾਹ ਬੂਟ ਜੋ ਕੱਠਾ ਹੋ ਗਿਆ ਹੈ ਭਾਰ ਬੰਨ੍ਹਤੇ ਘਰ ਲੈ ਜਾਓ ਤੇ ਡੰਗਰਾਂ ਨੂੰ ਪਾ ਦਿਓ। ' ਆਗਿਆ ਪਾ ਕੇ ਲਹਿਣਾ ਜੀ ਨੇ ਤੁਰਤ ਪਾਣੀ ਦਾ ਭਿੱਜਾ ਚਿਕੜ ਚੋਂਦਾ ਘਾਹ ਬੂਟ ਪੰਡ ਬੰਨ੍ਹਕੇ ਸਿਰ ਧਰ ਲਿਆ ਤੇ ਘਰ ਨੂੰ ਟੁਰ ਪਏ। ਚਿੱਕੜ ਦੀਆਂ ਛਿੱਟਾਂ ਡਿੱਗਣ ਨਾਲ ਰੇਸ਼ਮੀ ਜਾਮਾਂ ਸਾਰਾ ਥਾਂ ਥਾਂ ਤੋਂ ਭਿੱਜ ਗਿਆ। ਯਥਾ:-

ਜਾਮਾ ਗਲ ਬਹੁ ਮੋਲਾ ਪਹਿਰਜੋ। ਪੰਕ ਸੰਗ
ਸਗਰੋ ਤਹਿੰ ਭਰਿਓ। {ਗੁ: ਨਾ: ਪ੍ਰ:}

ਇਹ ਕੌਤਕ ਮਾਤਾ ਜੀ ਦੇਖ ਰਹੇ ਸੇ ਹੈਰਾਨ ਹੋਏ ਕਿ ਇਕ ਤਾਂ ਲੂਣ ਦਾ ਭਾਰ ਚੁੱਕੀ ਐਡੀ ਦੂਰੋਂ ਆਯਾ, ਦੂਜੀ ਵੇਰ ਫਿਰ ਇਤਨਾ ਭਾਰ ਚਾਕੇ ਖੇਤਾਂ ਤੋਂ ਆਇਆ, ਫੇਰ ਇਸ ਦੇ ਗਲ ਕੀਮਤੀ ਕਪੜੇ ਚਿਕੜ ਨਾਲ ਲਿਬੜ ਗਏ ਹਨ।

ਤਾਂ ਮਾਤਾ ਜੀ ਨੇ ਦਰਦ ਨਾਲ ਗੁਰੂ ਜੀ ਨੂੰ

---

[1] ਪਤਾ ਚਲਦਾ ਹੈ ਕਿ ਸਹੁਰਾ ਪਿੰਡ ਸੰਘਰ ਸੀ ਜੋ ਹੁਣ ਖਡੂਰ ਦੇ ਲਾਗੇ ਥੇਹ ਹੋਇਆ ਪਿਆ ਹੈ।

[2] ਮਤੇ ਦੀ ਸਰਾਇਂ ਦੇ ਥੇਹ ਉਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਦਵਾਰਾ ਜਨਮ ਅਸਥਾਨ ਹੈ, ਇਸ ਤੋਂ ਥੋੜੀ ਜੇਹੀ ਵਿੱਥ ਤੇ ਪੱਛਮ ਵਲ ਇਕ 'ਨਾਗੇ ਕੀ ਸਰਾਇ' ਨਾਮੇ ਪਿੰਡ ਹੈ ਜੋ 'ਮਤੇ ਦੀ ਸਰਾਇ' ਉਜੜਨ ਪਿਛੋਂ ਇਕ' ਨਾਂਗੇ ਨੇ ਵਸਾਇਆ ਸੀ। ਇਕ ਗੁਰਦਵਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬੀ ਏਥੇ ਹੈ। ਨਾਂਗੇ ਕੀ ਸਰਾਇ ਮੁਕਤਸਰ ਤੋਂ ਅੱਠ ਨੌਂ ਮੀਲ ਦੀ ਵਿੱਥ ਤੇ ਹੈ।

[3] ਏਹ ਹਾਲ ਗੁਰੂ ਅੰਗਦ ਦੇਵ ਜੀ ਦੇ 'ਅਸ਼ਟ ਗੁਰ ਚਮਤ੍ਕਾਰ' ਵਿਚ ਵਿਸਥਾਰ ਵਿਚ ਦਿਤੇ ਗਏ ਹਨ।

ਆਖਿਆ ਕਿ ਇਸ ਭਲੇ ਪੁਰਖ ਨੇ ਕਿੰਨੀ ਭਾਰੀ ਪੰਡ ਦੋ ਵੇਰ ਚਾਈ ਹੈ ਤੇ ਹੁਣ ਤਾਂ ਇਸ ਦੇ ਅਮੋਲਕ ਬਸਤ੍ਰ ਬੀ ਚਿਕੜਾਲੇ ਹੋ ਗਏ ਹਨ।

ਤਦ ਗੁਣਾਂ ਦੇ ਕਦਰਦਾਨ ਗੁਰ ਨਾਨਕ ਮੁਸਕ੍ਰਾਏ ਤੇ ਬੋਲੇ:-

ਭੋਲੀਏ ! ਦੋ ਪੰਡਾਂ ਦਾ ਭਾਰ ਤਾਂ ਏਸ ਨਹੀਂ ਸੀ ਚਾਯਾ, ਓਹ ਤਾਂ ਦੋਹੂੰ ਜਗਤਾਂ ਦਾ ਭਾਰ ਇਸ ਦੇ ਸਿਰ ਤੇ ਸੀ; ਨਦੀਣਾਂ ਦਾ ਘਾਹ ਤਾਂ ਇਸ ਦੇ ਸਿਰ ਤੇ ਨਹੀਂ ਸੀਂ, ਉਹ ਤਾਂ ਦੀਨ ਦੁਨੀ ਦਾ ਛਤ੍ਰ ਝੁਲਦਾ ਸੀ, ਜਾਮੇ ਉਤੇ ਚਿਕੜ ਤਾਂ ਨਹੀਂ ਪਿਆ, ਉਹ ਤਾਂ ਕੇਸਰ ਦੇ ਛੱਟੇ ਪਏ ਹਨ[1]। ਇਹ ਮੇਰਾ ਰਾਜ ਜੋਗ ਦਾ ਧਨੀ ਹੈ।

### ੨.ਘਾਲ

> ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ॥ਤਿਸੁ ਸੇਵਕ ਕੇ ਕਾਰਜ ਰਾਸਿ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ {ਗਉ:ਸੁਖ}

ਦੁਨੀਆਂ ਹੁਸ਼ਿਆਰ ਤੇ ਅਕਲਮੰਦ ਹੈ, ਇਸ ਕਰਕੇ ਆਪਣੀ ਮੰਨੀ ਦਰੁਸਤੀ ਤੇ ਚਲਦੀ ਹੈ। ਪ੍ਰੇਮ ਦੀਵਾਨਾਂ ਤੇ ਮਸਤਾਨਾ ਜਾਪਦਾ ਹੈ, ਹੈ ਅਸਲ ਹੁਸ਼ਿਆਰ ਪ੍ਰੇਮ, ਪਰ ਦੁਨੀਆਂ ਦੀ ਨਜ਼ਰੇ ਪ੍ਰੇਮ ਬਾਉਲਾ ਹੈ ਤੇ ਸਾਡੇ ਸਤਿਗੁਰਾਂ ਬੀ ਫੁਰਮਾਇਆ ਹੈ-

> ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ {ਵਾਰ ਮਾਝ ਮ:੧}

ਦੇਖੋ ਗੁਰ ਨਾਨਕ ਪੂਰਨ ਗੁਰੂ ਜਗਤ ਲਈ ਪ੍ਰੇਮ ਲੈਕੇ ਆਯਾ, ਲੋਕਾਂ ਦੀਵਾਨਾਂ, ਬੇਤਾਲਾ, ਕੁਰਾਹੀਆ ਨਾਉਂ ਧਰੇ। ਪੂਰਨ ਗੁਰ ਅਵਤਾਰ ਨਾ ਪਛਾਤਾ, ਪਿਆਰ ਕਰਨ ਦੀ ਥਾਂ ਤ੍ਰਿਸਕਾਰ ਕੀਤਾ। ਕਿਉਂ ਤ੍ਰਿਸਕਾਰ ਕੀਤਾ? ਪ੍ਰੇਮ ਰੰਗ ਅਨੋਖਾ ਹੁੰਦਾ ਹੈ, ਦੁਨੀਆਂ ਡਿੱਠਾ ਨਹੀਂ ਹੁੰਦਾ, ਉਹ ਉਸ ਨੂੰ ਓਪਰਾ ਜਾਣਕੇ ਤ੍ਰਿਸਕਾਰਦੇ ਹਨ। ਭਲਾ ਸਾਡੀ ਅਜ ਵਾਲੀ ਕਥਾ ਵਿਚ ਹੀ ਦੇਖੋ ਲਹਿਣਾ ਜੀ ਭਲੇ ਘਰ ਜੰਮੇ; ਭਲੇ ਘਰ ਵਿਆਹੇ; ਸੁਖਾਂ ਨਾਲ ਪਲੇ, ਨੌਕਰਾਂ ਤੇ ਹੁਕਮ ਹਾਸਲ ਵਾਲੇ, ਰੇਸ਼ਮ, ਸੋਨਾ ਦੇਕੇ ਗੁਰ ਨਾਨਕ ਨੂੰ ਨਹੀਂ ਰਿਝਾਉਂਦੇ ਪਰ ਨਿਮਾਣੇ ਹੋਕੇ ਕੋਹਾਂ ਬੱਧੀ ਲੂਣ ਦੀ ਪੰਡ ਚਾ ਕੇ ਆਉਂਦੇ ਹਨ। ਨਦੀਣੇ ਕਰਦੇ ਹਨ, ਚਿਕੜਾਂ ਭਰੀਆਂ ਪੰਡਾਂ ਢੋਂਦੇ ਹਨ, ਚਰਨ ਪਖਾਲਦੇ ਹਨ, ਕਪੜੇ ਧੋਂਦੇ ਹਨ, ਹਾਂ ਉਹ ਕਿਹੜੀ ਸੇਵਾ ਹੈ ਜੋ ਆਪਣੇ ਪ੍ਰੀਤਮ ਜੀ ਦੀ ਨਹੀਂ ਕਰਦੇ। ਪਰ ਇਹ ਕੌਣ ਕਰਾ ਰਿਹਾ ਹੈ? ਰਿਦੇ ਵਿਚੋਂ ਉਮਗਿਆ ਪ੍ਰੇਮ। ਉਹਨਾਂ ਦੇ ਅੰਦਰ ਨੀਵੇਂ ਕਾਮੇ ਵਾਲੀ ਢੱਠੀ ਹੋਈ ਸੁਰਤ ਇਹ ਕੰਮ ਨਹੀਂ ਕਰਾ ਰਹੀ, ਮਜ਼ਦੂਰ ਦੀ ਉਦਾਸ ਚਿਤ ਬ੍ਰਿਤੀ ਵਾਂਗੂੰ ਇਹ ਟਹਿਲ ਨਹੀਂ ਹੋ ਰਹੀ, ਇਹ ਉਤਸਾਹ ਪਜਾਰ ਦੇ ਰਸ ਭਰੇ ਕੰਮ ਹਨ, ਇਹ ਉਹ ਸੇਵਾ ਨਹੀਂ ਜਿਸ ਨੂੰ ਬੇਖ਼ਬਰ ਤੇ ਨਾ-ਮਹਿਰਮ 'ਮੀਨੀਅਲ ਸਰਵਿਸ' 'ਨੀਵੀਂ ਸੇਵਾ' ਆਖ ਦੇਂਦੇ ਹਨ। ਓਹ ਕੀ ਜਾਣਨ ਕਿ ਇਹ ਸੇਵਾ ਸੀ ਯਾ ਪਾਤਸ਼ਾਹੀ ਤੋਂ ਵਧੀਕ ਉੱਚਾ ਦਿਲ ਕਰਨ ਵਾਲੀ ਸ਼ਹਿਨਸ਼ਾਹੀ ਸੀ? ਪਾਤਸ਼ਾਹ ਤਖਤ ਤੇ ਦਿਲਗੀਰ ਹੈ, ਪਰ ਲਹਿਣਾ ਜੀ ਗੁਰ ਨਾਨਕ ਦੀ ਸੇਵਾ ਵਿਚ ਏਕਾਗ੍ਰ ਚਿਤ ਹਨ, ਰਸ-ਲੀਨ ਹਨ, ਲਿਵਧਾਰੀ ਹਨ, ਉੱਚੇ ਹਨ, ਉਤਸਾਹ ਭਰੇ ਹਨ, ਚੜ੍ਹਦੀਆਂ ਕਲਾਂ ਵਿਚ ਹਨ।

> ਦੁਨੀਆਂ ਨਹੀਂ ਸਮਝ ਸਕਦੀ,
> ਦੁਨੀਆਂ ਹੁਸ਼ਿਆਰ ਹੈ।

ਆਖਦੀ ਹੈ ਦੇਖੋ ਲਹਿਣੇ ਨੂੰ ਕੀ ਹੋ ਗਿਆ ਹੈ, ਘਰ-ਬਾਰ ਛਡ ਕੇ ਨਾਨਕ ਤਪੇ ਦੇ ਦੁਆਰੇ ਜਾ ਕੇ ਸੇਵਾ ਕਰ ਰਿਹਾ ਹੈ। ਪਰ੍ਹੇ ਲਾ ਲਾਕੇ ਲੋਕੀਂ ਬੈਠਦੇ ਹਨ ਤੇ ਸਾਰੀ ਅਕਲ ਦੁੜਾਉਂਦੇ ਹਨ। ਲਹਿਣਾ ਜੀ ਦੇ ਦਿਲ ਦੀ ਗਤੀ ਨੂੰ ਕੌਣ ਜਾਣ ਸਕੇ। ਅਕਲ ਅੰਤ ਉਨ੍ਹਾਂ ਨੂੰ ਏਥੇ ਹੀ ਲੈ ਜਾਂਦੀ ਹੈ ਕਿ ਲਹਿਣਾ ਜੀ ਦੇ ਮਗ਼ਜ਼ ਵਿਚ ਕੋਈ ਫਰਕ ਹੋ ਗਿਆ ਹੈ ਜੋ ਪਰਮੇਸ਼ੁਰ ਦੇ ਦਿਤੇ ਸੁਖ ਆਰਾਮ, ਦੇਵੀ ਦੇ ਸੰਗ ਦੀ ਅਗੁਵਾਨੀ ਤੇ ਆਪਣੇ ਪਰਾਏ ਨੂੰ ਤਿਆਗ ਕੇ ਇਕ ਤਪੇ ਦੇ ਬੂਹੇ ਜਾ ਬੈਠੇ ਹਨ। ਹਾਂ, ਕਈ ਵਧੀਕ ਦਾਨੇ ਹਨ, ਓਹ ਸਮਝਦੇ ਹੋਣਗੇ ਕਿ ਨਾਨਕ ਤਪਾ ਚੇਟਕੀ ਹੈ, ਲਹਿਣੇ ਦੇ ਸਿਰ ਕੁਝ ਧੂੜ ਲਿਆ ਤੇ ਨਿਕਟ ਵਰਤੀ ਕਈ ਸੋਚਦੇ ਹੋਣਗੇ ਕਿ ਲਹਿਣਾ

[1] ਕੇਸਰ ਕੋ ਹਮ ਨੇ ਛਿਰਕਾਵਾ।


www.sikhbookclub.com

ਕਿਸੇ ਲੋਭ ਪਿਛੇ ਇਹ ਕੁਛ ਕਰ ਰਿਹਾ ਹੈ। ਸ਼ਾਬਾਸ਼! ਹੁਸ਼ਿਆਰ ਦੁਨੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਤਦੇ ਕਿਹਾ ਹੈ:-

ਦੁਨੀਆਂ ਹੁਸੀਆਰ ਬੇਦਾਰ
ਜਾਗਤ ਮੁਸੀਅਤ ਹਉ ਰੇ ਭਾਈ ॥
{ਰਾਮਕਲੀ ਕਬੀਰ ਜੀ}

ਅਰਥਾਤ ਦੁਨੀਆਂ ਆਪਣੇ ਭਾਣੇ ਜਾਗਦੀ ਹੈ, ਹੁਸ਼ਿਆਰ ਹੈ, ਪਰ ਸੱਚ ਇਹ ਹੈ ਕਿ ਜਾਗਦੀ ਲੁਟੀਜ ਰਹੀ ਹੈ। ਅਮੋਲਕ ਸਮਾਂ ਜ਼ਾਯਾ ਜਾ ਰਿਹਾ ਹੈ, ਪਰਮੇਸ਼ੁਰ ਦੇ ਪ੍ਰੇਮ ਦੀ ਖੇਪ ਨਹੀਂ ਲੱਦੀ ਜਾ ਰਹੀ, ਨੇਕੀ ਨਹੀਂ ਕੀਤੀ ਜਾ ਰਹੀ, ਉਸਤੁਤਿ ਨਿੰਦਾ ਵਿਚ ਇਹ ਲੱਖਾਂ ਤੋਂ ਅਮੋਲਕ ਉਮਰਾ ਵਿਹਾ ਰਹੀ ਹੈ! ਜੈਸੇ ਕਿ ਕਵੀ ਜੀ ਨੇ ਸ੍ਰੀ ਕਲਗੀਧਰ ਜੀ ਦੇ ਹਜ਼ੂਰ ਲਖੀ ਜੰਗਲ ਉਚਾਰ ਕੀਤਾ ਸੀ:-

ਉਸਤਤ ਨਿੰਦਾ ਕਰਕਰ ਬੀਤੀ ਬੇਈਮਾਨ ਲੁਕਾਈ।

ਦੁਨੀਆਂ ਦਾ ਤੇ ਭਗਤਾਂ ਦਾ ਜੋੜ ਇਸੇ ਕਰਕੇ ਨਹੀਂ ਹੁੰਦਾ, ਦੁਨੀਆਂ ਅਕਲਮੰਦ ਹੈ, ਪਰ ਖ਼ੁਦਗ਼ਰਜ਼ੀ ਲਈ। ਅਪਣੀ ਹਉਂ ਤੋਂ ਅਗੇਰੇ ਤੱਕ ਨਹੀਂ ਸਕਦੀ। ਇਸ ਕਰਕੇ ਹਰ ਭਲੀ ਗੱਲ ਨਾਲ ਪੁੱਠੀ ਹੋ ਟੁਰਦੀ ਹੈ। ਗੁਰੂ ਬਾਬੇ ਨੇ ਸੰਸਾਰ ਦੀ ਇਹ ਰੀਤੀ ਵੇਖ ਕੇ ਹੀ ਕਿਹਾ ਹੈ:-

ਨਾਨਕ ਦੁਨੀਆ ਕੈਸੀ ਹੋਈ ॥
ਸਾਲਕੁ[1] ਮਿਤੁ[2] ਨ ਰਹਿਓ ਕੋਈ ॥
ਭਾਈ ਬੰਧੀ[3] ਹੇਤੁ ਚੁਕਾਇਆ ॥
ਦੁਨੀਆ ਕਾਰਣਿ ਦੀਨੁ ਗਵਾਇਆ ॥੫॥
{ਵਾ: ਤੇ ਵਾ: ਮ: ੧}

ਦੁਨੀਆਂ ਦੀ ਇਸੇ ਅੰਧਦਸ਼ਾ ਕਰਕੇ ਭਗਤਾਂ ਦੇ ਬੀ ਨਿੰਦਾ ਬਖੀਲੀ ਹਡ ਪਈ ਤੇ ਸਾਵਧਾਨ ਰਹਿਣ ਵਾਸਤੇ ਸਤਿਗੁਰ ਨੇ ਕਿਹਾ ਸੀ:-

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ[4]
ਕਲਿ ਕੇ ਲਖਣ ਏਈ॥ {ਰਾ: ਮ: ੧}

ਸੋ ਕਿਸੇ ਜੁਗ ਕਿਸੇ ਸਮੇਂ ਪਰਮੇਸ਼ੁਰ ਜੀ ਨੂੰ ਪਿਆਰ ਕਰਨ ਵਾਲੇ ਚਾਹੇ ਅਵਤਾਰ ਹੋਣ, ਚਾਹੇ ਜੀਵ ਹੋਣ ਦੁਨੀਆਂ ਤੋਂ ਪਿਆਰ ਦੀ ਆਸ ਨਾ ਰੱਖਣ। ਕਦਰ ਵਾਲੇ ਦੁੱਖ ਨਹੀਂ ਦੇਣਗੇ, ਬਾਕੀ ਦੁਨੀਆਂ ਭਗਤਾਂ ਨੂੰ ਦੁਖ ਦੇਂਦੀ ਆਈ ਹੈ ਤੇ ਦੇਵੇਗੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਇਸੇ ਕਰਕੇ ਬੱਧੀ ਸੀ ਤੇ ਕਲਗੀਧਰ ਜੀ ਨੇ ਗੁਰਿਆਈ ਦਿੱਤੀ ਸੀ ਕਿ ਸਭ ਸਿਖ ਇਸ ਵਿਚ ਲਿਖੇ ਅਸੂਲਾਂ ਤੇ ਜੇ ਟੁਰਨ, ਤਦ ਭਗਤ ਨੂੰ ਦੁਖ ਨਾ ਦੇਣਗੇ, ਪਰ ਸਿਖਾਂ ਨੇ ਡੋਗਰਾ-ਗਰਦੀ ਦੇ ਤਾਬੇ ਦੁਨੀਆਂ ਵਾਲੀ ਰੀਸ ਫੜ ਲਈ ਤੇ ਫਲ ਕੀ ਹੋਇਆ? ਜਿਕੂੰ ਤੁਰਕਾਂ ਨੇ ਸਰਮਦ ਵਰਗੇ ਅਪਣੇ ਮਤ ਦੇ ਉੱਚੇ ਫਕੀਰ ਮਾਰ ਘੱਤੇ, ਉਸੇ ਤਰ੍ਹਾਂ ਗੁਰਬਾਣੀ ਤੋਂ ਨਾਵਾਕਫ ਸਿਖ ਫੌਜ ਨੇ ਬਾਬਾ ਬੀਰ ਸਿੰਘ ਵਰਗੇ ਦੂਲੇ ਸਿੰਘ ਤੇ ਪੂਰੇ ਭਾਂਡੇ, ਕਣੀ ਵਾਲੇ, ਗੁਰ ਨਾਨਕ ਦੇ ਪਿਆਰੇ ਭਗਤ ਬੰਦੂਕਾਂ ਨਾਲ ਉਡਾ ਦਿਤੇ।

ਜਿਸ ਨੇ ਇਸ ਭੁੱਲ ਤੋਂ ਬਚਣਾ ਹੋਵੇ ਓਹ ਗੁਰੂ ਦਾ ਖਾਲਸਾ ਸਜੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਣੇ ਅਰ ਗੁਰੂ ਨਾਨਕ ਦੇ ਉਪਦੇਸ਼ ਨੂੰ ਸਮਝੇ ਤੇ ਅਮਲ ਕਰੇ, ਗੁਰਮੁਖ ਦਾ ਮੇਲ ਕਰੇ ਸਾਧ ਸੰਗਤ ਤੇ ਨਾਮ ਰਸੀਏ ਦਾ ਸੰਗ ਕਰੇ, ਤਾਂ ਜੋ ਨਾਮ ਚਿਤ ਰਹੇ ਤਦ ਪਰਮੇਸ਼ੁਰ ਜੀ ਦੇ ਪ੍ਰੇਮੀਆਂ ਨਾਲ ਉਸ ਦਾ ਅਜੋੜ ਨਾ ਪਵੇ! ਪਰ ਜੋ ਮਨ ਦੀ ਅਕਲ ਦੇ ਮਗਰ ਟੁਰੇਗਾ, ਜੋ ਹਉਂ ਦੇ ਉਦਾਲੇ ਘੁੰਮਦੀ ਹੈ; ਜੋ ਗੁਰਬਾਣੀ ਨਾਲ ਪ੍ਰੇਮ ਨਹੀਂ ਕਰੇਗਾ, ਓਹ ਉਹੋ ਭੁੱਲਾਂ ਕਰੇਗਾ, ਜੋ ਤੈਮੂਰ, ਬਾਬਰ, ਮਹਿਮੂਦ, ਔਰੰਗਜ਼ੇਬ ਤੋਂ ਹੋਈਆਂ! ਸਿਖਾਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਪ੍ਰੇਮ ਹੈ ਤੇ ਜੋ ਸਿਖ ਅਖਵਾਕੇ ਪ੍ਰੇਮ ਨਹੀਂ ਵਰਤਦਾ, ਉਹ ਸੰਸਾਰੀ ਹੈ ਤੇ ਸੰਸਾਰੀ ਭੁੱਲਾਂ ਵਿਚ ਦੁਖ ਬੀਜੇਗਾ, ਦੁੱਖ ਵੱਢੇਗਾ; ਪਰ ਜੋ ਗੁਰ ਨਾਨਕ ਦੇ ਸਰਬ ਪ੍ਰੇਮ ਨੂੰ ਸਮਝਦਾ ਹੈ ਓਹ-

ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ
ਘਰਿ ਜਾਵਉ॥ {ਗਉੜੀ ਵਾ:ਮ:੧}

ਦਾ ਹੁਕਮ ਮੰਨਕੇ ਸੁਖੀ ਹੋਵੇਗਾ। ਉਹ ਕਲਗੀਆਂ ਵਾਲੇ ਦੇ ਅਟੱਲ ਨੇਮ:-

[1] ਸਚਾ ਫਕੀਰ ਰੱਬ ਏ ਰਸਤੇ ਦਾ ਸਹਾਈ।
[2] ਸੱਚਾ ਮਿੱਤ੍ਰ। ੨. ਖੁਦਾ ਦੋਸਤ ਤੇ ਮਿੱਤ੍ਰ।
[3] ਭਰਾਵਾਂ ਤੇ ਸਾਕਾਂ ਨੇ।
[4] ਨਾਮ ਜਪਣ ਵਾਲੇ ਦੀ ਬਦਨਾਮੀ ਹੋਵੇਗੀ, ਏਹ ਕਲਜੁਗ ਦੇ ਲੱਛਣ ਹਨ।

ਸਾਚ ਕਹਉਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ....। (ਸਯੈ ਪਾਤਸ਼ਾਹੀ ੧੦)

ਤੇ ਟੁਰੇਗਾ, ਉਹ 'ਲੋਕ ਸੁਖੀ ਪ੍ਰਲੋਕ ਸੁਹੇਲੇ ਹੋਵੇਗਾ' ਜੋ ਅਪ੍ਰੇਮ ਕਰ ਰਿਹਾ ਹੈ, ਉਹ ਸਤਿਗੁਰ ਦਾ ਨਹੀਂ, ਉਹ "ਗੁਰੂ" ਵਲ "ਮੁਖ" ਨਹੀਂ ਰਖਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲੀ ਵਿਚ ਉਹ ਮਨ ਵਲ ਮੁਖ ਰੱਖਣ ਕਰਕੇ ਮਨਮੁਖ ਹੈ।

ਪਰ ਆਓ ਸ੍ਰੀ ਲਹਿਣਾ ਜੀ ਦੀ ਅੱਗੇ ਦੀ ਵਿਥਯਾ ਸੁਣੋਂ। ਓਹ ਸੇਵਾ ਵਿਚ ਮਗਨ ਹਨ, ਪ੍ਰੇਮ ਵਿਚ ਤਾਰੀਆਂ ਲਾ ਰਹੇ ਹਨ, ਉਹਨਾਂ ਨੂੰ ਕੋਈ ਪਰਵਾਹ ਨਹੀਂ। ਪ੍ਰੇਮ ਐਸਾ ਹੀ ਹੈ ਪਾਤਸ਼ਾਹਾਂ ਦੇ ਪੁਤ੍ਰਾਂ ਨੂੰ ਫਕੀਰੀਆਂ ਦੇਂਦਾ ਹੈ, ਪਰ ਜੋ ਸੁਆਦ ਗੁਰ ਨਾਨਕ ਜੀ ਦੀ ਫਕੀਰ ਵਿਚ ਹੈ ਸੰਸਾਰ ਦੀ ਪਾਤਸ਼ਾਹੀ ਵਿਚ ਨਹੀਂ, ਲਹਿਣਾਂ ਜੀ ਦੇ ਪ੍ਰੇਮ ਦੀ ਦਸ਼ਾ ਕਵੀ ਸੰਤੋਖ ਸਿੰਘ ਜੀ ਇੰਵ ਫੁਰਮਾਉਂਦੇ ਹਨ:-

ਭਈ ਪ੍ਰੀਤ ਨਹਿੰ ਜਾਇ ਬਖਾਨੀ।
ਕੋ ਉਪਮਾ ਕਛੁ ਦਿਉਂ ਨ ਸਮਾਨੀ।
ਅਲਪ ਪਤੰਗ ਮਿਰਗ ਕੀ ਜਾਨੀ।
ਤਿਨ ਤੇ ਤੂਰਨਤਾ ਪਹਿਚਾਨੀ।
ਸੀਸ ਦੇਨ ਕੀ ਹੁਇ ਜਿ ਰਜ਼ਾਈ।
ਪਲਕਮਾਤ੍ਰ ਕਬਹਿ ਨ ਬਿਲਮਾਈਂ। (ਗੁ:ਨਾ:ਪ੍ਰ:)

ਜਦੋਂ ਜੁਆਲਾ ਜੀ ਦਾ ਗਿਆ ਸੰਗ ਮੁੜ ਆਇਆ[1]। ਲਹਿਣਾ ਜੀ ਨੇ ਸਭ ਨੂੰ ਗੁਰੂ ਜੀ ਦਾ ਦਰਸ਼ਨ ਕਰਵਾਇਆ। ਅਨੇਕਾਂ ਦੇ ਦਿਲਾਂ ਵਿਚ ਦੇਵੀ-ਪ੍ਰੇਮ ਦੀ ਥਾਂ ਸੱਚੇ ਸਤਿਗੁਰ ਦਾ ਪ੍ਰੇਮ ਉਮਗ ਪਿਆ ਤੇ ਸਿੱਖੀ ਧਾਰਨ ਕੀਤੀ। ਦੋ ਕੁ ਦਿਨ ਰਹਿਕੇ ਸਾਹਾ ਸੰਗ ਪਿੰਡ ਗਿਆ, ਪਰ ਲਹਿਣਾ ਜੀ-

ਗਈ ਪੂਤਰੀ ਲੂਣ ਕੀ ਥਾਹ ਸਿੰਧ ਕੀ ਲੈਨ।

ਵਾਂਗੂੰ ਗੁਰ ਚਰਨਾਂ ਵਿਚ ਹੀ ਭੌਰੇ ਹੋਏ ਸੇਵਾ ਵਿਚ ਨਿਮਗਨ ਟਿਕੇ ਰਹੇ।

ਸ੍ਰੀ ਲਹਿਣਾ ਜੀ ਇਕ ਦਿਨ ਪਿਛਲੀ ਰਾਤ ਜਾਗੇ ਤਾਂ ਬੜੀ ਗਰਮੀ ਸੀ, ਆਪ ਪੱਖਾ ਲੈਕੇ ਸ੍ਰੀ ਗੁਰੂ ਜੀ ਨੂੰ ਝੱਲਣ ਵਾਸਤੇ ਆਏ ਤਾਂ ਪੱਖਾ ਝੱਲਦਿਆਂ ਆਪ ਦੀ ਅੱਖ ਲੱਗ ਗਈ, ਤਦ ਕੀ ਦੇਖਦੇ ਹਨ ਕਿ ਸੂਹੇ ਬਸਤ੍ਰਾਂ ਵਿਚ ਇਕ ਦਿਬ ਜਯੋਤੀ ਕੰਨਜਾਂ-ਜੋ ਸਰੀਰ ਵਾਲੀ ਨਹੀਂ, ਪਰ ਆਕਾਰ ਵਾਲੀ ਹੈ-ਦੁਆਰ ਬੁਹਾਰ ਰਹੀ ਹੈ[1]। ਜਦ ਜਾਗੇ ਤਾਂ ਗੁਰੂ ਬਾਬੇ ਨੂੰ ਪੁੱਛਣ ਲਗੇ: "ਸਚੇ ਪਾਤਸਾਹ! ਆਪ ਦੇ ਦੁਆਰੇ ਸੁਪਨੇ ਵਿਚ ਇਕ ਸੂਹੇ ਬਸਤ੍ਰੀ ਕੰਨਜਾ ਝਾੜੂ ਦਿੰਦੀ ਤੱਕੀ ਹੈ, ਇਹ ਕੌਣ ਆਹੀ?" ਤਾਂ ਗੁਰੂ ਬਾਬੇ ਦਸਿਆ, 'ਪੁਰਖਾ! ਇਹ ਤੇਰੀ ਪੁਰਾਣੀ ਸੇਂਵੀਂ ਦੇਵੀ ਸੀ, ਜਿਸ ਨੂੰ ਐਸ਼੍ਵਰਜ ਦੇ ਲਈ ਸੇਂਵਿਆਂ ਜਾਂਦਾ ਹੈ, ਜੋ ਮੁਕਤ ਦੀ ਦਾਤੀ ਨਹੀਂ ਹੈ[2]। ਦੇਵੀ ਯਾ ਦੁਰਗਾ ਭਗਤਾਂ ਦੇ ਖਯਾਲ ਵਿਚ ਸੇਵਕ ਦਾ ਦਰਜਾ ਰਖਦੀ ਹੈ[3]। ਪਰਮੇਸ਼ਰ ਦੇ ਪਿਆਰਿਆਂ ਨੂੰ ਇਸਦੀ ਪੂਜਾ ਦੀ ਲੋੜ ਨਹੀਂ। "

ਲਹਿਣਾ ਜੀ ਬੜੇ ਅਨੰਦ ਹੋਏ ਕਿ ਜਿਸ ਤੋਂ ਮੈਂ ਮੁਕਤੀ ਦਾ ਚਾਹਵਾਨ ਸਾਂ, ਉਹ ਮੁਕਤਿ ਦੀ ਦਾਤੀ ਨਹੀਂ।

ਸਾਡੇ ਸਿਰਤਾਜ ਪਾਵਨ ਲਹਿਣਾ ਜੀਓ ! ਜੇ ਤੁਹਾਡਾ ਵਾਹਿਗੁਰੂ ਤੁਹਾਨੂੰ ਏਸ ਨਿਸ਼ਕਾਮ ਭਗਤੀ ਵਿਚ ਨਾ ਪਾਉਂਦਾ ਤਾਂ ਸਾਨੂੰ ਸਿਖੀ ਦਾ ਉਹ ਮੁਕੰਮਲ ਨਮੂਨਾ ਤੇ ਆਦਰਸ਼ ਕਿਥੋਂ ਪ੍ਰਾਪਤ ਹੁੰਦਾ ਜੋ ਤੁਸਾਂ ਕਰ ਵਿਖਾਯਾ? ਤੁਹਾਡੀ ਸਿੱਖੀ ਦੀ ਖਿੱਚੀ ਤਸਵੀਰ (ਤੁਸੀਂ, ਜੋ ਕਾਰਕ ਸੇ) ਤੁਸੀਂ ਹੀ ਖਿੱਚ ਸਕਦੇ ਸੇ, ਸਾਡੀ ਜੀਵ ਸ਼ਰੇਣੀ ਦੇ ਵਡੇ ਵਡੇਰੇ ਤਾਂ ਉਹੋ ਉੱਚੀ ਤੋਂ ਉੱਚੀ ਤਸਵੀਰ ਗੁਰ ਸਿਖੀ ਦੀ ਖਿੱਚ ਸਕਦੇ ਸੀ ਜੋ ਪਜਾਰੇ ਭਾਈ ਬੁੱਢਾ ਜੀ ਨੇ ਖਿੱਚੀ ਹੈ, ਪਰ ਤੁਹਾਡੀ ਬੇਨੁਕਸ ਖਿੱਚੀ ਤਸਵੀਰ ਤੁਹਾਡਾ ਹੀ ਕੰਮ ਸੀ। ਜਿਕੁਰ ਸਿਨੇਮਾਂ ਦੀਆਂ ਮੂਰਤਾਂ ਵੇਖਣ ਲਈ ਹਨੇਰੇ ਦੀ ਲੋੜ ਹੁੰਦੀ ਹੈ, ਜਿਕੂੰ 'ਕਾਰਕ ਜਜੋਤੀ' ਤੋਂ ਸਿਖੀ ਦੀ ਪੂਰਨ ਤਸਵੀਰ ਪ੍ਰਕਾਸ਼ ਪਾਉਣ ਲਈ ਕੁਛ ਚਿਰ ਮਾਇਆ ਦੇ ਹਨੇਰੇ ਦੀ ਲੋੜ ਰਖਦੀ ਹੈ। 'ਮਾਯਾ' ਵਿਚੋਂ ਨਿਕਲਕੇ 'ਦੈਵ' ਵਿਚ ਅਡੋਲ ਭਾਵਨਾ ਨਾਲ ਆਉਣ ਦਾ ਨਾਮ ਹੀ ਤਾਂ ਸਿਖੀ ਹੈ। ਸੋ ਸ੍ਰੀ ਲਹਿਣਾ ਜੀ, ਪਜਾਰੇ ਲਹਿਣਾ ਜੀ ਨੇ ਬੇਕਾਂਪ ਆਕੇ ਪੂਰਨ ਰੂਪ ਵਿਚ ਦਿਖਾਈ। ਵਾਹਿਗੁਰੂ ਨੇ ਇਸੇ ਲਈ ਤਾਂ ਪਜਾਰੇ ਲਹਿਣਾ ਜੀ! ਤੁਹਾਨੂੰ ਮਾਯਾ ਧਾਰੀਆਂ ਦੇ ਘਰ

---

[1] ਸ੍ਰੀ ਗੁਰੂ ਨਾਨਕ ਪ੍ਰਕਾਸ਼।

[1] ਤਵਾ: ਖਾ: ਵਿਚ ਲਿਖਿਆ ਹੈ ਕਿ ਦੇਵੀ ਸੰਗ ਨੂੰ ਝਾੜੂ ਦੇਂਦੀ ਦਿੱਸੀ।

[2] ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛੁਪਾਨੀ ॥ (ਗੋਂਡ ਨਾਮ)

[3] 'ਦੁਰਗਾ ਕੋਟਿ ਜਾਕੈ ਮਰਦਨੁ ਕਰੈ ॥' (ਭੈ: ਕ:)

ਅਵਤਾਰ ਦਿਤਾ, ਮਾਯਾ ਵਿਚ ਨਿਵਾਸ ਦਿਤਾ ਤੇ ਪੂਜਾ ਲਈ ਬੀ ਦੇਵੀ ਦੀ ਮੂਰਤੀ ਹੀ ਅਗੇ ਕੀਤੀ। ਇਸ ਸਥੂਲ ਸੂਖਮ ਮਾਯਾ ਵਿਚੋਂ ਤੁਸੀਂ ਕਿਸ ਸੁੰਦਰਤਾ ਨਾਲ ਨਿਕਲੇ? ਇਹ ਤੁਹਾਡਾ ਨਮੂਨਾ ਜਗਤ ਲਈ ਰੌਸ਼ਨੀ ਘਰ ਹੈ ਇਹ ਭਵਸਾਗਰ ਵਿਚ ਆਪ ਨੇ 'ਚਾਨਣ-ਮੁਨਾਰਾ' ਖੜਾ ਕੀਤਾ ਹੈ। ਹਜ਼ਾਰਹਾ ਸਿੱਖੀ ਦੇ ਜਹਾਜ਼ ਇਸ ਚਾਨਣੇ ਨਾਲ ਬਚੇ ਹਨ ਤੇ ਰਹਿੰਦੀ ਦੁਨੀਆਂ ਤਕ ਬਚਣਗੇ। ਜੇ ਤੁਸੀਂ ਬੀ ਗੁਰ ਨਾਨਕ ਵਾਂਙ ਪ੍ਰਗਟ ਕੇ ਹੀ ਗੁਰੂ ਮੂਰਤੀ ਖਿਚਕੇ ਵਿਖਾਉਂਦੇ ਤਾਂ ਸਾਨੂੰ ਗੁਰੂ ਦੀ ਪਛਾਣ ਤਾਂ ਮਿਲਦੀ ਪਰ ਸਿੱਖੀ ਦੇ ਪੂਰਨੇ ਅਸੀਂ ਕਿਥੋਂ ਸਿੱਖਦੇ? ਕਿਸ ਦੇ ਨਮੂਨੇ ਪਰ ਅਸੀਂ ਸਿਖੀ ਤੇ ਟੁਰਦੇ? ਵਾਹ ਪਰਮ ਪਾਵਨ ਲਹਿਣਾ ਜੀਓ! ਧੰਨ ਹੋ ਆਪ ! ਸਿਖਾਂ ਦੀ ਆਪ ਦੇ ਜੀਵਨ ਦੇ ਇਸ ਹਿੱਸੇ ਨਾਲ ਇੰਨੀ ਦਿਲਚਸਪੀ ਹੈ ਜਿਸ ਦਾ ਵਰਣਨ ਨਹੀਂ ਹੋ ਸਕਦਾ।

ਧੰਨ ਪੂਰਨ ਗੁਰੂ ਗੁਰ ਨਾਨਕ ਦੇਵ।
ਧੰਨ ਪੂਰਨ ਸਿਖ ਸ੍ਰੀ ਲਹਿਣਾ ਜੀ!
ਕਲਜੁਗ ਦੇ ਜੀਵਾਂ ਦੇ ਤੁਸੀਂ ਦੋਵੇਂ,
'ਗੁਰ +ਸਿੱਖ' ਆਦਰਸ਼ ਹੋ!ਆਪ ਧੰਨ ਹੋ!

ਇਕ ਦਿਨ ਗੁਰੂ ਨਾਨਕ ਦੇਵ ਜੀ ਟਿਕੇ ਹੋਏ ਸਨ, ਪਰ ਚਰਨ ਹਿਲਦੇ ਸਨ, ਲਹਿਣਾ ਜੀ ਜਿਉਂ ਜਿਉਂ ਤੱਕਣ ਅਚਰਜ ਹੁੰਦੇ ਜਾਣ, ਇਸੇ ਰੰਗ ਵਿਚ ਆਪ ਦੀ ਸੁਰਤ ਉਚੇਰੀ ਹੋ ਬਿਸਮਾਦ ਦੇ ਘਰ ਟਿਕ ਗਈ, ਕੀ ਦੇਖਦੇ ਹਨ ਕਿ ਗੁਪਤ ਸੰਸਾਰ ਦੇ ਦਿੱਵਲੋਕ ਆਕੇ ਚਰਨ ਪਰਸ ਪਰਸ ਕੇ ਜਾ ਰਹੇ ਹਨ, ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ:-

[੧]"ਜਬ...(ਲਹਿਣਾ ਜੀ) ਦੇਖੇ ਤਾਂ ਕਈ ਜੀਅ ਪੈਰਾਂ ਨਾਲ ਵਿਦਾ ਹੁੰਦੇ ਹਨ। '

ਗੁਰੂ ਨਾਨਕ ਸੂਰਯੋਦੈ ਵਿਚ ਲਿਖਿਆ ਹੈ... ਸੁਰ ਪਗ ਦ੍ਵੈ ਬੰਦਨ ਕਰੈਂ ਪੁਨ ਸਦਨ ਸਿਧਾਰੈਂ।

ਇਸ ਤਰ੍ਹਾਂ ਸਤਿਗੁਰ ਦੇ ਰੰਗ ਦੇਖਕੇ ਪ੍ਰੇਮ ਕਰਦੇ ਲਹਿਣਾ ਜੀ ਸੇਵਾ ਵਿਚ ਮਗਨ ਰਹੇ। ਚਿਤ ਦੀ ਅਵਸਥਾ ਹੁਣ ਦੂਵੇ ਹੋਏ ਵਲਵਲਿਆਂ ਦੀ ਸੁਖ ਰੂਪ, ਰਸ ਰੂਪ ਹੋ ਰਹੀ ਹੈ-

ਪਰਮ ਪ੍ਰੇਮ ਜਾਗਯੋ ਮਨ ਮਾਂਹੀ।
ਰੰਗਯੋ ਰੰਗ ਭਗਤਿ ਮਨ ਜਾਹੀ।
ਇਕ ਮਨ ਹ੍ਵੈ ਪਢਿਹੈਂ ਗੁਰਬਾਣੀ।
ਸੁਨਹੁ; ਗੁਨਹ ਕੀਰਤ ਚਿਤ ਮਾਨੀ।
ਵਾਹਿਗੁਰੂ ਕੋ ਸਿਮਰਨ ਕਰਿਹੀ।
ਉਮਗ਼ਿ ਉਮਗਿ ਮੁਖ ਸੁਜਸ ਉਚਰਿਹੀ।
ਚੀਤ ਪ੍ਰੀਤ ਕੀ ਰੀਤਿ ਨਿਆਰੀ।
ਲਿਵਲਾਗੀ ਨਿਸਦਿਨ ਸੁਖਕਾਰੀ। {ਗੁ:ਨਾ:ਪ੍ਰ:}

ਇਹ ਲਹਿਣਾ ਜੀ ਦੇ ਮਨ ਦੀ ਅਵਸਥਾ ਸੀ ਤੇ ਸਰੀਰ ਦੀ ਅਵਸਥਾ ਇਹ ਸੀ:-

ਕਰਤਯੋ ਸੇਵਾ ਸਮਾ ਬਿਤਾਵਹਿ। ਜਗ
ਕਾਰਜ ਕੋ ਹਿਦੇ ਨ ਆਵਹਿ।{ਗੁ: ਨਾ: ਪ੍ਰ:}

ਇਸ ਤਰ੍ਹਾਂ ਸਰੀਰ ਨਾਲ ਨਿਸ਼ਕਾਮ ਸੇਵਾ ਤੇ ਮਨ ਨਾਲ ਉੱਚੇ ਭਾਵ ਤੇ ਲਿਵ ਵਿਚ ਉਮਗੇ ਤੇ ਉਤਸਾਹੇ ਰਸ ਭਿੰਨੇ ਰਹਿਕੇ ਲਹਿਣਾ ਜੀ ਦਾ ਸਿਖੀ ਚਮਨ ਦਿਨੋਂ ਦਿਨ ਖਿੜ ਰਿਹਾ ਹੈ। ਨਾਮ ਲਿਵ ਹੋ ਚੁਕਾ ਹੈ, ਰਸ ਮਗਨਤਾ ਰਹਿੰਦੀ ਹੈ, ਉਚਜਾਣ ਤੇ ਠੰਢ ਸਦਾ ਰੰਗ ਲਾਈ ਰਖਦੀ ਹੈ, ਵਾਹਿਗੁਰੂ ਪ੍ਰੇਮ ਵਾਹਿਗੁਰੂ ਰਸ ਉਛਾਲੇ ਲੈਂਦਾ ਹੈ।

ਇਕ ਦਿਨ ਸਤਿਗੁਰ ਬਿਰਾਜ ਰਹੇ ਸਨ ਤੇ ਲਹਿਣਾ ਜੀ ਚਰਨ ਦਬਾ ਰਹੇ ਸਨ; ਕੀ ਦੇਖਦੇ ਹਨ ਕਿ ਚਰਨਾਂ ਤੇ ਆ ਮੁਹਾਰੀਆਂ ਕੰਡੇ ਚੁਭਣ ਵਰਗੀਆਂ ਝਰੀਟਾਂ ਆ ਰਹੀਆਂ ਹਨ। ਲਹਿਣਾ ਜੀ ਬਿਸਮ ਰਹੇ ਹਨ ਕਿ ਇਹ ਕੀ ਕੌਤਕ ਹੋ ਰਿਹਾ ਹੈ? ਪੁੱਛਣ ਲਗੇ ਪਾਤਸ਼ਾਹ !ਇਹ ਕੀ ਹੁੰਦਾ ਜਾਂਦਾ ਹੈ। ਤਦ ਗੁਰੂ ਜੀ ਨੇ ਉਤਰ ਦਿਤਾ:-

'ਏਕ ਅਯਾਲੀ ਅਜਾ ਚਰਾਈ ॥ ੩੬ ॥
ਦੋਹਰਾ॥ ਮਨ ਇਕਾਂਤ ਹ੍ਵੈ ਪ੍ਰੀਤ ਜੁਤ
ਪਢਹਿ ਸੋਹਿਲਾ ਸੋਇ ॥ ਕੰਟਕ ਝਾਰ
ਅਪਾਰ ਜਹਿਂ ਫਿਰਤ ਪ੍ਰੇਮ ਮਹਿ ਹੋਇ॥
੩੭ ॥ ਚੌਪਈ॥ ਹ੍ਵੈ ਸਮੀਪ ਬਿਚਰੋਂ ਤਿਹ
ਸੰਗਾ॥ ਲਗਨੇ ਦੇਉਂ ਨ ਕੰਟਕ ਅੰਗਾ॥
ਤਹਾਂ ਝਰੀਟ ਲਗੀ ਇਹ ਜਾਨਹੁ ॥
ਲਹਿਣੇ ! ਸਾਚ ਬਚਨ ਮਮ ਮਾਨਹੁ
॥੩੮॥ ਪਢਹਿ ਸੋਹਿਲਾ ਜੋ ਕਿਤ ਕੋਊ ॥
ਤਿਹ ਸਮੀਪ ਨਿਸਚੇ ਮੈਂ ਹੋਊਂ ॥
{ਗੁ: ਨਾ:ਪ੍ਰ: ਉ: ੪੯}

ਤਦ ਸ੍ਰੀ ਗੁਰੂ ਜੀ ਨੇ ਉਸ ਨੂੰ ਬੁਲਾ ਘੱਲਿਆ: ਜਦੋਂ ਉਹ ਆਇਆ ਤਾਂ ਗੁਰੂ ਜੀ ਨੇ ਆਗਯਾ

[੧]ਪੁ:ਜ: ਸਾ: ਨੇ ਕੇਸਰ ਦੇ ਛੱਟਿਆਂ ਵਾਲੀ ਸਾਖੀ ਏਥੇ ਦਿਤੀ ਹੈ।


www.sikhbookclub.com

ਕੀਤੀ ਕਿ ਸੋਹਿਲਾ ਰਾਤ ਨੂੰ ਸੌਣ, ਲਗਿਆਂ ਪੜ੍ਹਿਆ ਕਰੋ। ਉਸ ਨੇ 'ਸਤਿ ਬਚਨ' ਕਹਿਕੇ ਖੁਸ਼ੀ ਲਈ, ਤਦ ਗੁਰੂ ਜੀ ਨੇ ਉਸਨੂੰ ਪੂਰਨ ਭਗਤੀ ਦਾਨ ਕੀਤੀ।

ਆਖਦੇ ਹਨ ਕਿ ਇਸ ਦਿਨ ਤੋਂ ਲਹਿਣਾ ਜੀ ਦੇ ਕੋਮਲ ਪ੍ਰੇਮ ਦੇ ਕਾਰਨ ਇਹ ਰਹੁ ਰੀਤਿ ਟੁਰੀ ਕਿ ਕੀਰਤਨ ਸੋਹਿਲਾ ਰਾਤ ਸੌਣ ਵੇਲੇ ਪੜ੍ਹਿਆ ਜਾਵੇ। ਉਨ੍ਹਾਂ ਦਾ ਵਰ ਹੈ ਕਿ ਜੋ ਪ੍ਰੇਮੀ ਗੁਰੂ ਨਾਨਕ ਦੇ ਪ੍ਰੇਮ ਵਿਚ ਚਿਤ ਜੋੜਕੇ ਪਾਠ ਕਰੇਗਾ ਰਾਤ ਸੁਖ ਦੀ ਬਿਤੀਤ ਹੋਏਗੀ।

ਤ੍ਰੈ ਬਰਸ ਸਿੱਖੀ ਦੇ ਆਦਰਸ਼ ਸ੍ਰੀ ਲਹਿਣਾ ਜੀ ਨੂੰ ਗੁਰੂ ਦੀ ਸੇਵਾ ਵਿਚ ਇਸ ਤਰ੍ਹਾਂ ਬਿਤੀਤ ਹੋਏ। ਉਨ੍ਹਾਂ ਦੀਆਂ ਇਸ ਵੇਲੇ ਦੀਆਂ ਕਰਨੀਆਂ ਸਿਖੀ ਦੀਆਂ ਕਰਨੀਆਂ ਹਨ, ਅਰ ਐਸੀਆਂ ਸਿਖੀ ਦੀਆਂ ਕਰਨੀਆਂ ਹਨ, ਜਿਨ੍ਹਾਂ ਤੋਂ ਸੁੰਦਰ ਤੇ ਚੰਗੇਰੀਆਂ ਹੋ ਨਹੀਂ ਸਕਦੀਆਂ, ਇਸ ਕਰਕੇ ਇਨ੍ਹਾਂ ਦੇ ਵਾਹੇ ਪੂਰਨੇ ਸਾਡੇ ਲਈ ਸਚੇ ਸਿਖੀ ਦੇ ਪੂਰਨੇ ਹਨ। ਸ੍ਰੀ ਲਹਿਣਾ ਜੀ ਦੀਆਂ ਕਰਨੀਆਂ ਨਾਲ ਸਾਨੂੰ ਖਾਸ ਪ੍ਰੇਮ ਹੈ। ਉਨ੍ਹਾਂ ਨੇ ਸਿਖੀ ਧਾਰੀ ਸਾਡੇ ਲਈ ਸੀ, ਕਿ ਓਹ ਸਿੱਖ ਬਣਕੇ ਦਿਖਾਉਣ ਤਾਂ ਸਾਨੂੰ ਸਿਖੀ ਦਾ ਜੀਵਨ ਨਜ਼ਰ ਪਵੇ ਤੇ ਅਸੀਂ ਧੀਰਜ ਪਾਕੇ ਉਸ ਰਾਹੇ ਟੁਰੀਏ।

ਧੰਨ ਸ੍ਰੀ ਪਾਵਨ ਲਹਿਣਾ ਜੀ, ਕਾਰਕ ਹੋਕੇ: ਗੁਰੂ ਹੋਕੇ, ਸਿੱਖਾਂ ਵਿਚ ਸਿੱਖ ਹੋਕੇ ਵਰਤੇ, ਜਿਨ੍ਹਾਂ ਸਿਖਾਂ ਵਾਲੀਆਂ ਕਰਨੀਆਂ, ਘਾਲਾਂ ਤੇ ਟਹਿਲਾਂ ਕੀਤੀਆਂ। ਸਿਖੀ ਭਾਵਨਾ ਵਿਚ 'ਗੁਰ ਨਾਨਕ' ਸੇਵਿਆ ਤੇ ਸਾਨੂੰ ਜਾਚ ਸਿਖਾਈ ਕਿ ਸਤਿਗੁਰ ਨਾਨਕ ਐਉਂ ਸੇਵੀਂਦਾ ਹੈ ਤੇ ਉਸ ਤੋਂ ਐਉਂ 'ਸਚ' ਪ੍ਰਾਪਤ ਕਰੀਦਾ ਹੈ। ਧੰਨ ਸ੍ਰੀ ਲਹਿਣਾ ਜੀ ! ਜਿਨ੍ਹਾਂ ਨੇ ਐਉਂ ਕੀਤਾ, ਜਿਦਾਂ ਪਾਤਸ਼ਾਹ ਦਾ ਪੁਤਰ ਪਾਂਧੇ ਦੇ ਆਮ ਬਾਲਕਾਂ ਵਿਚ ਬੈਠਕੇ ਪੜ੍ਹਦਾ ਤੇ ਸ਼ਾਹਜ਼ਾਦਗੀ ਨਹੀਂ ਜਤਾਉਂਦਾ ਪਰ ਸਾਰੇ ਬਾਲਕਾਂ ਨੂੰ ਸ਼ਾਗਿਰਦੀ ਦਾ ਨਮੂਨਾ ਦਿਖਾਉਂਦਾ ਹੈ। ਇਕ ਦਿਨ ਗੁਰੂ ਬਾਬੇ ਨੇ ਆਗਯਾ ਕੀਤੀ "ਆਪਣੇ ਪਿੰਡ ਜਾਓ, ਪਰਿਵਾਰ ਨੂੰ ਮਿਲੋ" ਆਗਯਾ ਸਿਰ ਧਰਕੇ ਪ੍ਰੇਮ ਪ੍ਰਵੇਧੇ ਗੁਰ ਸਿਖੀ ਦੇ ਪੂਰੇ ਪੂਰਨੇ ਵਾਹੁਣ ਵਾਲੇ ਪਰਮ ਪਾਵਨ ਸ੍ਰੀ ਲਹਿਣਾ ਜੀ ਟੁਰ ਪਏ।

ਹੁਕਮ ਪਾਕੇ ਜਦ ਸ੍ਰੀ ਪਾਵਨ ਲਹਿਣਾ ਜੀ ਪਿੰਡ ਆਏ, ਸਾਰੇ ਗ੍ਰਾਮ ਨੇ ਸਤਿਕਾਰ ਕੀਤਾ: ਚੌਧਰੀ ਤਖਤ ਮੱਲ ਜੀ ਪਿੰਡ ਦੇ ਸਿਰ ਕਢਵਿਆਂ ਸਣੇ ਮਿਲਣ ਆਏ, ਬੇਨਤੀ ਕੀਤੀ: "ਹੇ ਸਾਡੇ ਸਿਰਤਾਜ ਸ੍ਰੀ ਲਹਿਣਾ ਜੀ, ਆਪ ਧੰਨ ਹੋ ! ਸਾਡਾ ਗ੍ਰਾਮ ਪਵਿਤ੍ਰ ਹੋ ਗਿਆ, ਜਿਥੋਂ ਦੇ ਹੋਕੇ ਆਪ ਨੇ ਗੁਰ ਨਾਨਕ ਵਰਗੇ ਮਹਾਂ ਬਲੀ ਮਹਾਂ ਪੁਰਖ ਨੂੰ ਰਿਝਾ ਲਿਆ ਹੈ। "

ਗੱਲ ਕੀ ਅਪਣੇ ਘਰ, ਸਹੁਰੇ ਘਰ ਚਉਧਰੀਆਂ ਦੇ ਘਰ ਤੇ ਸਾਰੇ ਨਗਰ ਵਾਸੀਆਂ ਦੇ ਘਰ ਲਹਿਣਾ ਜੀ ਦੀ ਉੱਜਲ ਕੀਰਤੀ ਸਰਦ ਰੁਤ ਦੀ ਚਾਂਦਨੀ ਵਾਂਙ ਪਸਰ ਗਈ ਤੇ ਆਪ ਦਾ ਸਤਿਕਾਰ ਇਤਨਾ ਹੋਇਆ ਕਿ ਕਥਨ ਨਹੀਂ ਕੀਤਾ ਜਾ ਸਕਦਾ ਪਰੰਤੂ ਕਿਆ ਸਿਖੀ ਦਾ ਸੱਚਾ ਨਮੂਨਾ ਸ੍ਰੀ ਲਹਿਣਾ ਜੀ ਇਸ ਕੀਰਤੀ ਵਿਚ ਮਗਨ ਹੋ ਗਏ ? ਨਹੀਂ। ਹਾਂ, ਕੀਰਤੀ ਵਾਲਿਆਂ ਨੂੰ ਆਤਮ ਸੁਖ ਤਾਂ ਦਿੱਤਾ, ਅਸੀਸਾਂ ਤੇ ਵਰ ਬੀ ਸੁਤੇ ਸਿਧ ਬਖਸ਼ੇ, ਪਰ ਕੀ ਓਹ ਹੁਣ ਪਿੰਡ ਵਿਚ ਨਿਮਗਨ ਹੋ ਗਏ ਹਨ? ਨਹੀਂ ਕਦਾਚਿਤ ਨਹੀਂ, ਉਨ੍ਹਾਂ ਦੀ ਓਹੀ ਦਸ਼ਾ ਹੈ:-

> ਜਿਨ੍ਹਾਂ ਪਿਰੀ ਪਿਆਰੁ ਕਿਉ ਜੀਵਨਿ ਪਿਰ
> ਬਾਹਰੇ॥ ਜਾ ਸਹੁ ਦੇਖਨਿ ਆਪਣਾ ਨਾਨਕ
> ਥੀਵਨਿ ਭੀ ਹਰੇ ॥ {ਸ: ਵਾ: ਤੇ ਵ: ਮ: ੪}

ਲਹਿਣਾ ਜੀ ਦੇ ਮਨ ਦੀ ਜੋ ਦਸ਼ਾ ਇਥੇ ਹੋਈ, ਕਵੀ ਸੰਤੋਖ ਸਿੰਘ ਜੀ ਨੇ ਬੜੀ ਸੁੰਦਰਤਾ ਨਾਲ ਵਰਣਨ ਕੀਤੀ ਹੈ:-

> ਕਬ ਇਕ ਛਿਨ ਚਿਤ ਪਰਚਤ ਨਾਹੀਂ।
> ਕਬ ਆਙਨ ਕਬ ਬਾਹਰ ਜਾਹੀਂ।
> ਗੁਰ ਪਦ ਪੰਕਜ ਢਿਗ ਮਨ ਛੋਰਾ।
> ਤਨ ਆਇਓ ਥੋ ਘਰ ਕੀ ਓਰਾ।
> ਕੈਸੇ ਹੋਇ ਚੈਨ ਮਨ ਮਾਂਹੀ।
> ਚੰਦ ਚਕੋਰ ਹੀਤ ਚਿਤ ਚਾਹੀ।
> ਲੋਚਨ ਕਮਲ ਰਹੇ ਅਲਸਾਏ।
> ਬਿਨ ਅਪਨੇ ਪ੍ਰੀਤਮ ਰਵਿ ਪਾਏ।
> ਕਿਸ ਸੋਂ ਕਹੈਂ ਨ ਰਹੈਂ ਉਦਾਸਾ।
> ਕਰਤ ਨ ਸੁਧ ਉਰ ਕਾਜ ਅਵਾਸਾ।
> ਰਹੇ ਅਲਪ ਦਿਨ ਬੀਚ ਖਡੂਰੇ।
> ਮਨਿ ਚਾਹਿ ਚਲਜੋ ਨਿਕਟ ਗੁਰਪੂਰੇ {ਗੁ:ਨਾ:ਪ੍ਰ:}

ਹਾਂ ਜੀ: ਸਾਡੇ ਸਿੱਖੀ ਦੇ ਵਿਚ ਸਿਰਤਾਜ ਤੇ ਆਗੂ ਲਹਿਣਾ ਜੀ ਦੀ ਕੀਰਤੀ ਇਸ ਪ੍ਰੇਮ ਦਸ਼ਾ ਵਿਚ, ਆਓ ਸਾਰੇ ਜਣੇ ਗਾਵੀਏ:-

ਵਿਖਮ ਪਦ-

ਗੁਰੂ ਨਾਨਕ ਚਰਨੀ ਲੱਗੀਆਂ।
ਚੈਨ ਨ ਆਵੇ ਇਸ ਮਨ ਮੇਰੇ,
ਰਾਤੀਂ ਹੋਈਆਂ ਵੱਡੀਆਂ।
ਵਤਨ ਬਿਦੇਸ਼ ਓਪਰਾ ਅੰਙਣ
ਤਾਂਘਾਂ ਗੁਰ ਦਿਸ ਗੱਡੀਆਂ।
ਦਰਸ਼ਨ ਖ਼ੈਰ ਮਿਲੇ ਹਰ ਵੇਲੇ,
ਹੋਰ ਮੰਗਾਂ ਸਭ ਛੱਡੀਆਂ।
ਬਾਂਹ ਹੁਲਾਰਾਂ ਹਕਲਾਂ ਮਾਰਾਂ,
ਤੱਕਾਂ ਚਾ ਚਾ ਅੱਡੀਆਂ।
ਜਿਤ ਵਲ ਪ੍ਰੀਤਮ ਵਸੇ ਪਿਆਰਾ,
ਅਖੀਂ ਉਸ ਵਲ ਤੱਡੀਆਂ।
ਜਿਤ ਧਰਤੀ ਗੁਰ ਨਾਨਕ ਵਸਦਾ
ਸੁਰਤਾਂ ਉਸ ਦਿਸ ਗੱਡੀਆਂ।
ਚਲੋ ਸਹੀਓ ਹੁਣ ਛੇਤੀ ਚਲੀਏ,
ਮਾਰ ਉਲਾਂਘਾਂ ਵੱਡੀਆਂ।
ਜਾਨ ਜਾਨ ਵਿਚ ਤਦੋਂ ਆਵਸੀ,
ਚਰਨੀਂ ਜਾ ਜਦ ਲਗੀਆਂ।

ਹਾਂ ਜੀ, ਮਿਤ੍ਰ ਪਜਾਰਿਓ ! ਗੁਰ ਨਾਨਕ ਜੀ ਦੀ ਸ਼ਰਨ ਆਓ, ਉਸ ਸੂਰੇ ਸਤਿਗੁਰ ਜੀ ਦੀ, ਜਿਸ ਦੀ ਅਸਲ ਪਛਾਣ ਸ੍ਰੀ ਲਹਿਣਾ ਜੀ ਨੇ ਕੀਤੀ, ਸ਼ਰਨ ਆਓ ! ਜੇ ਸ੍ਰੀ ਲਹਿਣਾ ਜੀ ਨਾ ਆਉਂਦੇ ਤਾਂ ਗੁਰ ਨਾਨਕ ਦੀ ਸਾਰੀ ਪਛਾਣ ਕੌਣ ਕਰਦਾ; ਕਿਉਂਕਿ ਪੂਰੀ ਪਛਾਣ ਓਹੀ ਕਰ ਸਕਦਾ ਹੈ; ਜਿਸ ਦੀ ਨਜ਼ਰ ਉਸੇ ਉਚਿਆਈ ਤਕ ਉੱਚੀ ਉੱਠ ਸਕੇ, ਲਹਿਣਾ ਜੀ ਦੀ ਨਜ਼ਰ ਓਡੀ ਉੱਚੀ ਉਠੀ ਜਿਡਾ ਸਤਿਗੁਰ ਆਪ ਸੀ, ਤਦੇ ਤਾਂ ਸ੍ਰੀ ਲਹਿਣਾ ਜੀ ਇਕ ਦਿਨ ਓਡਾ ਵਡਾ ਆਪ ਹੋ ਗਿਆ। ਤਾਂ ਮਿੱਤ੍ਰੋ ! ਉਸ ਸੂਰੇ ਲਹਿਣਾ ਜੀ ਨੇ ਸਾਨੂੰ ਦੱਸਿਆ ਕਿ ਗੁਰੂ ਜਿਹਾ ਕੋਈ ਨਹੀਂ ਜੇ, ਤਾਂਤੇ ਆਓ ਸਜਣੋ ਗੁਰ ਨਾਨਕ ਦੀ ਕੀਰਤੀ ਕਰੀਏ:-

ਗੁਰ ਨਹੀਂ ਨਾਨਕ ਜਿਹਾ ਵੇ; ਹੋਰ ਲਭਣਾ ਹੁਣ ਰਿਹਾ ਵੇ। ਜਦ ਖੜਾ ਸਿਰੇ ਤੇ ਸੂਰਮਾ, ਨਾਨਕ ਗੁਰੂ ਹੈ ਪੂਰਮਾ। ਬਾਂਹ ਅੱਡੀਆਂ ਗਲ ਲਾਣ ਨੂੰ; ਤੇ ਚਾਹੇ ਗੋਦੀ ਪਾਣ ਨੂੰ, ਅਰ ਲਿਵ ਪ੍ਰਭੂ ਪਗ ਲਾਣ ਨੂੰ, ਜੀਅ ਦਾਨ ਫੇਰ ਦਿਵ੍ਹਾਣ ਨੂੰ। ਤੂੰ ਕਿਉਂ ਕਰੇਂ ਥੜ-ਮਸਤੀਆਂ? ਵੇ ਕਿਉਂ ਕਰੇਂ ਅਲ ਮਸਤੀਆਂ? ਆ ਸ਼ਰਨ ਸੂਰੇ ਗੁਰੂ ਦੀ, ਆ ਸ਼ਰਨ ਆਸਾ ਪੂਰੂ ਦੀ। ਭਜ ਨਾਮ 'ਨਾਨਕ' 'ਨਾਨਕੰ'। ਕਹੁ 'ਧੰਨ ਸਤਿਗੁਰ ਨਾਨਕ !' ਕਹੁ 'ਧੰਨ ਪਜਾਰਾ ਨਾਨਕੰ !' ਕਹੁ 'ਧੰਨ ਬਾਬਾ ਨਾਨਕੰ !' ਕਹੁ 'ਧੰਨ ਕਰਤਾ ਨਾਨਕੰ !' 'ਸਭ ਪਾਪ ਹਰਤਾ ਨਾਨਕੰ !' ਕਹੁ 'ਪ੍ਰੀਤਮੰ ਗੁਰ ਨਾਨਕੰ !' 'ਗੁਰ ਕੀਤਮੰ ਗੁਰ ਨਾਨਕੰ!' ਕਹੁ ਦੂਲਿਆ 'ਗੁਰ ਨਾਨਕੰ! 'ਦਿਲ ਕੂਲਿਆ 'ਗੁਰ ਨਾਨਕੰ !' ਕਹੁ ਮਿੱਠਿਆ 'ਗੁਰ ਨਾਨਕੰ !' ਕਹੁ 'ਰੱਖ ਬਾਬਾ ਨਾਨਕਾ!' 'ਕਰ ਵੱਖ ਨ ਬਾਬਾ ਨਾਨਕਾ!' 'ਕਹੁ ਤਾਰ ਬਾਖਾ ਨਾਨਕਾ!' 'ਕਰ ਪਾਰ ਬਾਬਾ ਨਾਨਕਾ !' ਕਹੁ 'ਤੈਂਡੜਾ ਗੁਰ ਨਾਨਕਾ !' 'ਹਾਂ ਤੈਂਡੜਾ ਗੁਰ ਨਾਨਕਾ !' 'ਹਾਂ ਪਾਪੀਆ ਪਰ ਤੈਂਡੜਾ, 'ਹਾਂ ਸ੍ਰਾਪੀਆ ਪਰ ਤੈਂਡੜਾ, 'ਹਾਂ ਭੁੱਲਿਆ ਪਰ ਤੈਂਡੜਾ, 'ਹਾਂ ਰੁੱਲਿਆ ਪਰ ਤੈਂਡੜਾ। 'ਹਾਂ ਫਾਥਿਆ ਪਰ ਤੈਂਡੜਾ, 'ਘੁਸ ਸਾਥਿਆ ਪਰ ਤੈਂਡੜਾ, 'ਓ ਤਾਰ ਮੈਨੂੰ ਨਾਨਕਾ! ਓ ਤਾਰ ਬਾਬਾ ਨਾਨਕਾ ! 'ਹਾਂ ਤਾਰ; ਸਤਿਗੁਰ ਨਾਨਕਾ! 'ਵੇ ਤਾਰ ਗੁਰ ਗੁਰ ਨਾਨਕਾ ! 'ਜੀਉ ਤਾਰ ਰੱਬਾ ਨਾਨਕਾ! 'ਕਰ ਪਾਰ ਅੱਬਾ ਨਾਨਕਾ, 'ਮੈਂ ਭੁੱਲਿਆ ਤੂੰ ਬਖਸ਼ ਲੈ, 'ਰੁਲ ਚੱਲਿਆ ਤੂੰ ਬਖਸ਼ ਲੈ, 'ਤੂੰ ਬਖਸ਼ ਲੈ, 'ਤੂੰ ਬਖਸ਼ ਲੈ, ਤੂੰ ਬਖਸ਼ ਲੈ, ਤੂੰ ਬਖਸ਼ ਲੈ ! 'ਹੇ ਕ੍ਰਿਪਾ ਸਿੰਧੁ ਆ ਵੱਸ ਜਾ, 'ਇਸ ਡੁਲੇ ਹਿਰਦੇ ਧੱਸ ਜਾ, 'ਆ ਵੱਸ ਜਾ; ਗੁਰ ਵੱਸ ਜਾ, 'ਆ ਰਿਦੇ ਮੇਰੇ ਵੱਸ ਜਾ 'ਆ ਵੱਸ ਜਾ ਨਿਤ ਵੱਸ ਜਾ, 'ਕੋਈ ਮੱਤ ਐਸੀ ਦੱਸ ਜਾ; 'ਕੋਈ ਬੁੱਧਿ ਐਸੀ ਰੱਸ ਜ਼ਾ, 'ਜਿਤਿ ਪ੍ਰੀਤਿ ਤੇਰੀ ਧੱਸ ਜਾ, 'ਹਾਂ ਪ੍ਰੀਤ

ਡੂੰਘੀ ਧੱਸ ਜਾ, 'ਜਿਸ ਵਿਚ ਸਾਰਾ ਫੱਸ ਜਾ। 'ਤੂੰ ਲਗੇਂ ਪਜਾਰਾ ਪਜਾਰੂਆ। 'ਹੋ ਓਪਰਾ ਸੰਸਾਰੂਆ। 'ਦੇ ਪਜਾਰ ਅਪਨਾ ਪਜਾਰਿਆ, 'ਦੇ ਪਜਾਰ ਰੱਬ ਸੁਆਰਿਆ ! 'ਕਰ ਦਾਤ ਮੈਨੂੰ ਪ੍ਰੇਮ ਦੀ, 'ਦੇ ਝਾਤ ਮੈਨੂੰ ਪ੍ਰੇਮ ਦੀ। 'ਦੇ ਪ੍ਰੇਮ ਵਿਚ ਸੁਆਰਿਆ ! 'ਦੇ ਪ੍ਰੇਮ ਪ੍ਰੀਤਮ ਪਜਾਰਿਆ ! 'ਦੇ ਪਜਾਰ ਪਜਾਰਨ ਹਾਰਿਆ ! 'ਦੇ ਹੁਬ ਹੁਬ ਮਿਤਾਰਿਆ! 'ਪਾ ਖਿੱਚ ਕੋਈ ਕਟਕ ਦੀ, 'ਏ ਜਿੰਦ ਜਾਏ ਫਟਕਦੀ। 'ਕੋਈ ਧੂਹ ਅਗੰਮੋਂ ਲਾਵਣੀ, 'ਧੂਹ ਲਏ ਧੂਹ ਲਗਾ-ਵਣੀ। 'ਕੋਈ ਛਿੱਕ ਲਾਦੇ ਕਾਲਜੇ, 'ਜਾਇ ਛਿੱਕਜਾ ਦਿਲ ਨਾਲ ਜੇ। ਆਕਰਖ ਪਾ ਆਕਰਖ ਲੈ, 'ਕੋਈ ਪਾ ਤਣਾਵਾਂ ਰੱਖ ਲੈ, 'ਪਾ ਡੋਰ ਪੱਕੀ ਖਿੱਚ ਲੈ, 'ਲਾ ਤਣੀ ਕਸਵੀਂ ਛਿੱਕ ਲੈ। 'ਮੈਂ ਸਦਾ ਡਿੱਗਣਹਾਰ ਹਾਂ, 'ਮੈ ਸਦਾ ਟੁੱਟਣਹਾਰ ਹਾਂ, 'ਮੈਂ ਹੇਠ ਜਾਵਣਹਾਰ ਹਾਂ, 'ਗਤਿ ਰੱਖਦਾ ਹਿਠਵਾਰ ਹਾਂ, 'ਮੈਂ ਬੜਾ ਭਾਰਾ ਭਾਰ ਹਾਂ, 'ਨਿਤ ਜਾਂਵਦਾ ਡੂੰਘਾਰ ਹਾਂ। 'ਕੁਈ ਨੋਕ ਹਿਰਦੇ ਚੋਭ ਦੇ, 'ਕੁੰਡੀ ਕਲੇਜੇ ਖੋਭ ਦੇ, ਕੋਈ ਔਂਕੜਾ ਚਿਤ ਵਾੜਦੇ, 'ਕੁਈ ਮੇਖ ਦਿਲ ਵਿਚ ਚਾੜ੍ਹਦੇ, 'ਫਿਰ ਤਾਰ ਪੱਕੀ ਪਾਇਕੇ, 'ਕੋਈ ਡੋਰ ਡਾਢੀ ਲਾਇਕੇ, 'ਕੋਈ ਫੇਰ ਰੱਸਾ ਕੱਸਕੇ, 'ਸੰਗਲ ਕੋਈ ਯਾ ਠੱਸਕੇ, 'ਫਿਰ ਖਿੱਚ ਐਸੀ ਲਾ ਦਿਓ, 'ਕੱਸ ਕਹਿਰ ਵਾਲੀ ਪਾ ਦਿਓ। 'ਤੁੱਟੇ ਨ ਤੋੜੀ ਉਹਤਣੀ, 'ਦੇਖਾਂ ਪਰੀਤੀ ਮੈਂ ਬਣੀ, 'ਪ੍ਰੀਤਮ ਪਰੀਤੀ, ਹਾਂ, ਬਣੀ, 'ਪਜ਼ਾਰੇ ਪਰੀਤੀ ਜੀ ਬਣੀ, 'ਪ੍ਰੀਤੀ ਤੁਸਾਂ ਦੀ ਜੀ ਤਣੀ, 'ਖਿੱਚੇ ਗੁਰੂ ਜੀ ਏ ਤਣੀ। 'ਖਿੱਚ ਲਾ ਖਿਚੇਂਦੇ ਜਾਵਣਾ, 'ਖਿੱਚ ਪਾ ਖਿਚੇਦੇਂ ਜਾਵਣਾ, 'ਵਿਚ ਖਿੱਚ ਹੀ ਦੇ ਸਮਾਵਣਾ, 'ਏ ਖਿੱਚ ਹੋਵੇ ਆਵਣਾ, 'ਏ ਖਿੱਚ ਹੋਵੈ ਜਾਵਣਾ, 'ਵਿਚ ਖਿੱਚ ਦੇ ਹਿ ਰਹਾਵਣਾ, 'ਪਾ ਖਿੱਚ ਖਿੱਚੀ ਜਾਵਣਾ ! 'ਤੂੰ, ਖਿੱਚ ਤੇਰੀ, ਖਿੱਚਣਾ, 'ਏ ਡੋਲ ਡੁੱਬਾ ਖਿਚਣਾ। '

ਗਲ ਕੀ, ਲਹਿਣਾ ਜੀ ਇਥੇ ਬੜੇ ਉਪਰਾਮ ਤੇ ਸ੍ਰੀ ਗੁਰੂ ਜੀ ਦੀ ਇਸ ਪ੍ਰਕਾਰ ਦੀ ਅਜਰ ਖਿੱਚ ਵਿਚ ਰਹੇ। ਅੰਤ ਨਾ ਰਹਿ ਸਕੇ, ਟੁਰ ਹੀ ਪਏ ਤੇ ਕਰਤਾਰ ਪੁਰ ਆ ਫੇਰ ਸ੍ਰੀ ਗੁਰੂ ਜੀ ਦੇ ਇਲਾਹੀ ਦਰਸ਼ਨ ਪਾਏ।

### ੩. ਸੋਧ

ਸਾਹਿਬ ਹੋਇ ਦਇਆਲੁ ਕਿਰਪਾ ਕਰੇ
ਤਾ ਸਾਈ ਕਾਰ ਕਰਾਇਸੀ ॥ ਸੋ ਸੇਵਕੁ
ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ
ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ
ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾ ਦਰਗਹ ਪੈਧਾ ਜਾਇਸੀ॥ {ਵਾ:ਆ:ਮ: ੧}

ਸਤਿਗੁਰ ਨਾਨਕ ਦੇਵ ਜੀ ਨੇ ਸੰਸਾਰ ਨੂੰ ਜਨਮ ਜਨਮ ਦੀਆਂ ਭੁੱਲਾਂ ਤੋਂ ਕੱਢਿਆ ਹੈ। ਲੋਕੀਂ ਘਰਾਂ ਨੂੰ ਛੱਡਕੇ ਜੰਗਲ ਵਿਚ ਜਾ ਕੇ ਰੱਬ ਮਿਲਣ ਦੇ ਖਿਆਲ ਵਿਚ ਉਮਰਾਂ ਗਾਲਦੇ ਸਨ, ਪਰ ਘਬਰਾਹਟ ਪੱਲੇ ਪੈਂਦੀ ਸੀ. ਯਾ ਨਾਟਕ ਚੇਟਕ ਸਿਧੀਆਂ ਆਦਿਕ ਤੇ ਵਸੀਕਾਰ ਪਾਉਂਦੇ ਸਨ ਤੇ ਆਪਣੇ ਐਸ਼੍ਵਰਯ ਬਣਾਕੇ ਮਾਨ ਵਡਾਈ ਈਰਖਾ ਵਿਚ ਹੀ ਫਸੇ ਰਹਿੰਦੇ ਸੇ। ਮਨ ਤੇ ਮਨ ਦਾ ਰੰਗ ਤੇ ਆਤਮ ਹੁਲਾਰਾ ਕਿਸੇ ਵਿਰਲੇ ਨੂੰ ਮੋਖ ਵਲ ਲਿਜਾਂਦਾ ਸੀ। ਸਤਿਗੁਰ ਨੇ ਦੱਸਿਆ ਕਿ ਘਰ ਵਿਚ ਹੀ ਪਰਮੇਸ਼੍ਵਰ ਮਿਲ ਸਕਦਾ ਹੈ ਜੇ ਨੀਜ਼ਤ ਰਾਸ ਹੋਵੇ, ਕਰਮ ਸ਼ੁਭ ਹੋਣ, ਮਨ ਪ੍ਰੇਮ ਕਿਣਕੇ ਨਾਲ ਜਾਗੇ ਤੇ ਭਗਤੀ ਵਿਚ ਜੀਵੇ। ਗ੍ਰਿਹਸਤ ਵਿਚ ਅਤੀਤ ਰਹਿਣ ਦਾ ਨਿਰਾ ਉਪਦੇਸ਼ ਹੀ ਨਹੀਂ ਦਿਤਾ, ਕਰਕੇ ਦੱਸਿਆ। ਗੁਰੂ ਬਾਬੇ ਜੀ ਨੇ ਸਾਰਾ ਸੰਸਾਰ ਫਿਰਕੇ ਨੌ ਖੰਡ ਚਾਰ ਚੱਕ ਤਾਰ ਕੇ ਕਰਤਾਰਪੁਰ ਡੇਰਾ ਲਾਇਆ, ਪਰ ਪਰਵਾਰ ਨੂੰ ਪਾਸ ਸੱਦਕੇ ਗ੍ਰਿਹਸਤੀ ਬਣਕੇ ਦਿਖਾਇਆ। ਖੇਤੀ ਆਪ ਕਰਵਾਈ, ਸਿਰ ਤੇ ਖੇਤਾਂ ਵਿਚ ਖੜੋਕੇ ਸਿਖਾਂ ਨੂੰ ਕਿਰਤ ਕਰਕੇ ਖਾਣ ਦੀ ਜਾਚ ਸਿਖਾਈ, ਕਰਤਾਰ ਪੁਰ ਸਤਿਗੁਰ ਨੇ ਆਪ ਵਸਾਇਆ। ਏਹ ਸਾਰੇ ਚੋਜ ਕੀਤੇ ਕਿ ਮਤੇ ਘਰ ਉਸਾਰਨ, ਧਰਮ ਸਾਲਾ ਬਨਾਉਣ, ਪਿੰਡ ਬੰਨ੍ਹਣ ਵਿਚ ਸਿਖਾਂ ਨੂੰ ਇਹ ਭੁਲੇਖਾ ਨਾ ਪਵੇ ਕਿ ਐਉਂ ਪਰਮਾਰਥਕ ਜੀਵਨ

ਦੀ ਕੋਈ ਹਾਨੀ ਹੋ ਜਾਂਦੀ ਹੈ ! ਫੇਰ ਆਪ ਖੇਤੀ ਕਰਵਾਕੇ ਸਿਖਾਇਆ ਕਿ ਏਹ ਭੁਲੇਖਾ ਨਾ ਖਾਓ ਕਿ ਧਰਮ ਦੀ ਕਿਰਤ ਕਰਨ ਨਾਲ ਸਿਖੀ ਦੀ ਅੰਦਰਲੀ ਨੇਹੁੰ ਭਰੀ ਯਾਦ ਨਹੀਂ ਰਹਿ ਸਕਦੀ। ਆਪ ਕੰਮ ਕਰਾਕੇ ਸਿਖਾਇਆ ਕਿ ਗ੍ਰਿਹਸਤੀ ਧਰਮੀ ਤੇ ਕਿਰਤੀ ਹੋਵੇ, ਫਿਰ ਨਾਮ ਜਪੇ, ਰਸ ਮਾਣੇਂ, ਲੋਕ ਪ੍ਰਲੋਕ ਸੁਹੇਲਾ ਹੋਵੇ। ਗ੍ਰਿਹਸਤ ਮਾਰਗ ਨੂੰ 'ਪ੍ਰਵਾਣ ਗ੍ਰਿਹਸਤ ਉਦਾਸ' ਮਾਰਗ ਬਣਾਕੇ ਦਿਖਾ ਦਿਤਾ। ਸਤਿਗੁਰ ਨਾਨਕ ਦੇ ਦੁਆਰੇ ਇਸ ਤਰ੍ਹਾਂ ਕਿਰਤ ਘਾਲ ਹੁੰਦੀ ਸੀ। ਪਰ ਇਹ ਕਿਰਤੀ ਗ਼ਾਫ਼ਲ ਕਿਰਤੀ, ਨਾਮ ਬਾਣੀ ਤੋਂ ਸੱਖਣੇ ਕਿਰਤੀ, ਅਭਿਮਾਨੀ ਕਿਰਤੀ, ਹਠੀਏ ਤੇ ਸਾਕਤ ਕਿਰਤੀ, ਨਹੀਂ ਸਨ। ਏਹ ਸਭ ਰਸਭਿੰਨੜੇ ਨਾਮ ਪਿਆਰੇ ਸਨ, ਜੋ 'ਪਰਵਾਣ ਗ੍ਰਿਹਸਤ ਉਦਾਸ' ਦਾ ਨਮੂਨਾ ਸੇ। ਸ੍ਰੀ ਲਹਿਣਾ ਜੀ ਬੀ ਗੁਰੂ ਜੀ ਨੇ ਘਰ ਇਸ ਲਈ ਘੱਲੇ ਸੇ ਕਿ ਓਹ ਗ੍ਰਿਹਸਤ ਤੋਂ ਜੁਦਾ ਕਰਕੇ ਬਾਹਰ ਮੁਖੀ ਤਿਆਗ ਵਿਚ ਨਹੀਂ ਪਾ ਦਿਤੇ ਗਏ। ਸਿੱਖੀ ਵਿਚ ਤਿਆਗ ਸੁਰਤ ਵਿਚ ਵਸਾਇਆ ਜਾਂਦਾ ਹੈ। ਮੁਬਾਰਕ ਹਨ ਓਹ ਜੋ ਵਸਦੇ ਗ੍ਰਿਹਸਤ ਵਿਚ ਹਨ, ਪਰ ਜਿਨ੍ਹਾਂ ਦੀ ਸੁਰਤ ਵਿਚ ਤਜਾਗ ਵਸਦਾ ਹੈ, ਪਰ ਸ਼ੋਕ ਹੈ ਉਹਨਾਂ ਉਤੇ, ਹਾਇ ! ਹਾਇ! ਹੈ ਉਹਨਾਂ ਉਪਰ ਜੋ ਲੰਪਟ ਗ੍ਰਿਹਸਤ ਹਨ ਤੇ ਫੇਰ ਕਹਿੰਦੇ ਹਨ ਕਿ ਬਾਬੇ ਨਾਨਕ ਦੇ ਸਾਨੂੰ ਆਖੋ! ਜੋ ਗ਼ਾਫ਼ਲ ਹਨ ਭਗਵੰਤ ਤੋਂ ਤੇ ਗ੍ਰਿਹਸਤ ਦੀ ਉਪਮਾ ਕਰਦੇ ਹਨ, ਜੋ ਗੁਰ ਨਾਨਕ ਦੇ ਬਖਸ਼ੇ ਪ੍ਰੇਮ ਤੇ ਭਗਤੀ ਵਿਚ ਨਹੀਂ ਆਏ ਤੇ ਤਜਾਗ ਦੀ ਨਿੰਦਾ ਕਰਦੇ ਹਨ। ਸਤਿਗੁਰ ਨਾਨਕ ਨੇ 'ਪਰਵਾਣ ਗ੍ਰਿਹਸਤ ਉਦਾਸ' ਮਤ ਟੋਰਿਆ। ਸਤਿਗੁਰ ਦੇ ਆਪਣੇ ਦੁਆਰੇ ਜੋ ਅੰਨ ਧਰਤੀ ਤੋਂ ਉਪਜਦਾ ਸੀ ਉਸ ਤੋਂ ਦੇਗ ਟੁਰੀ, ਲੰਗਰ ਚਲਿਆ, ਭੁੱਖਾ ਅੰਨ ਖਾਵੇ, ਚਾਹੇ ਕਿਸੇ ਮਤ ਦਾ ਹੋਵੇ; ਭੁੱਖਾ ਹੋਵੇ ਸਹੀ, ਇਹੋ ਪਛਾਣ ਸੀ। ਇਹ ਮਰਿਯਾਦਾ ਕੇਵਲ ਗੁਰੂ ਘਰ ਦੀ ਹੈ ਕਿਉਂਕਿ ਅੰਨ ਪਾਣੀ ਗੁਰੂ ਨੇ ਦੱਸਿਆ ਕਿ 'ਪਰਮੇਸ਼ੁਰ ਦੀ ਦਾਤ ਹੈ। ' ਬੰਦੇ ਦੀ ਮੈਂ ਮੇਰੀ ਦੀ ਸ਼ੈ ਨਹੀਂ, ਇਹ ਮੱਤ ਦੇਕੇ ਗੁਰੂ ਨਾਨਕ ਨੇ ਏਹੋ ਕਰ ਵਿਖਾਇਆ। ਲੰਗਰ ਟੋਰਿਆ, ਜੋ ਜੀਅ ਆਵੇ ਸੋ ਲਾਹੇਵੰਦ। ਸਿਖ ਇਨ੍ਹਾਂ ਹੁਕਮਾਂ ਤੇ ਟੁਰਦੇ ਲੋਕ ਸੁਖੀ ਪਰਲੋਕ ਸੁਹੇਲੇ ਹੋਏ, ਬਹੁਤ ਸੰਗਤਾਂ ਆਉਣ ਤੇ ਸਤਿਸੰਗ ਦਾ ਰੰਗ ਟੁਰਿਆ ਰਹੇ।

ਗੁਰੂ ਆਗਿਆ ਮੰਨਣ ਦੀ ਇਕ ਸਾਖੀ ਐਉਂ ਲਿਖੀ ਮਿਲੀ ਹੈ।

ਇਕੇਰਾਂ ਬੜੀ ਝੜੀ ਲੱਗੀ, ਮੀਂਹ ਪਿਆ ਲਗਾਤਾਰ, ਨਾ ਲੱਕੜ ਲੱਭੇ ਨਾ ਹੋਰ ਕੁਛ ਲੱਭੇ ! ਸੰਗਤ ਅਪਾਰ ਆਈ ਹੋਈ ਸੀ। ਦੋ ਕੜਾਕੇ ਲੰਘੇ ਤਾਂ ਸਤਿਗੁਰ ਆਖਿਆ-"ਪੁੱਤ੍ਰ ਸ੍ਰੀ ਚੰਦ ! ਬਰਖਾ ਥੰਮ੍ਹੀ ਹੈ, ਬਾਹਰ ਜਾਓ ਬਿਰਛਾਂ ਨੂੰ ਝੰਜੂਣੋਂ ਜੋ ਸਾਂਈਂ ਆਪਣੇ ਬੱਚਿਆਂ ਲਈ ਭੋਜਨ ਵਰਸਾਵੇ ਤੇ ਸੰਗਤਾਂ ਤ੍ਰਿਪਤ ਹੋਣ। " ਤਾਂ ਸ੍ਰੀ ਚੰਦ ਜੀ ਬੋਲੇ-"ਬ੍ਰਿਛਾਂ ਨਾਲ ਭੋਜਨ ਨਹੀਂ ਲਟਕਦੇ॥" ਤਾਂ ਗੁਰ ਨਾਨਕ ਜੀ ਮੁਸਕ੍ਰਾਏ ਲਖਮੀ ਚੰਦ ਜੀ ਨੂੰ ਬੋਲੇ- "ਜਾਓ ਬੇਟਾ! ਬ੍ਰਿਛ ਝੰਜੂਣੋਂ ਜੋ ਭੋਜਨ ਬਰਸੇ।" ਤਾਂ ਉਹਨਾਂ ਨੇ ਬੀ ਕਿਹਾ "ਮੀਂਹ ਬਹੁਤ ਹੈ ਤੇ ਬ੍ਰਿਛਾਂ ਨਾਲ ਤਾਂ ਫੁੱਲ ਭੀ ਨਹੀਂ ਰਹੇ, ਭੋਜਨ ਕਿਥੋਂ ਬਰਸਨਗੇ ?"। ਤਾਂ ਗੁਰੂ ਬਾਬੇ ਲਹਿਣੇ ਨੂੰ ਕਿਹਾ: ਪੁਰਖਾ ! ਜਾਓ ਬਿਰਖ ਝੂਣੋ; ਦੇਖੋ! ਜਿਸ ਨੇ ਸੰਗਤ ਸਾਜੀ ਤੇ ਏਥੇ ਭੇਜੀ ਹੈ ਉਹ ਰਾਜ਼ਕ ਰਿਜ਼ਕ ਦੇਵੇਗਾ॥" ਲਹਿਣਾ ਜੀ ਦੀ ਨਜ਼ਰ ਵਿਚ ਗੁਰ ਨਾਨਕ ਮਨੁੱਖ ਮਾਤ੍ਰ ਨਹੀਂ ਸੇ, ਉਹਨਾਂ ਦੀ ਦ੍ਰਿਸ਼ਟੀ ਚੰਦ ਦੇ ਪਿੰਡ ਉਤੇ ਨਹੀਂ ਸੀ ਟਿਕਦੀ। ਚੰਦ ਦੇ ਚਾਨਣ ਤੇ ਟਿਕਦੀ ਸੀ। ਜਿਕੂੰ ਅਤਾਰ ਦੀ ਨਜ਼ਰ ਨਿਰੇ ਫੁੱਲ ਦੇ ਪਿੰਡ ਉਤੇ ਨਹੀਂ ਟਿਕਦੀ, ਫੁੱਲ ਦੀ ਖ਼ੁਸ਼ਬੋ ਪਰ ਟਿਕਦੀ ਹੈ। ਜਾਂ ਗੁਰੂ ਜੀ ਨੇ ਬਚਨ ਕੀਤਾ ਤਾਂ ਲਹਿਣਾ ਜੀ ਨੂੰ ਐਉਂ ਲਗਾ ਕਿ ਰੱਬੀ ਨੂਰ ਬੋਲਿਆ ਹੈ। ਨਾ ਗੁਰ ਨਾਨਕ ਦੇ ਜੀ ਵਿਚ ਆਪਣੇ ਪਰਮੇਸ਼ੁਰ ਦੇ ਰਾਜ਼ਕ ਹੋਣ ਪਰ ਸ਼ੁਬਹ ਸੀ ਤੇ ਨਾ ਲਹਿਣਾ ਜੀ ਦੇ ਦਿਲ ਵਿਚ ਗੁਰ ਨਾਨਕ ਦੇ ਵਾਕ ਨੂੰ ਰੱਬੀ ਤਾਕਤ (ਪ੍ਰਭੁ ਜੀ ਖਸਹਿ ਸਾਧ ਕੀ ਰਸਨਾ) ਤੋਂ ਛੁੱਟ ਕੁਛ ਹੋਰ ਹੋਣ ਦਾ ਸੰਸਾ ਸੀ। ਗੁਰ ਸਿਖ ਵਿਸ਼ਵਾਸ ਰੂਪ ਸਨ ਤੇ ਵਿਸ਼ਵਾਸ ਪੂਰਨ-ਗਜਾਨ ਪੂਰਨ-ਸ਼ਕਤੀ ਹੈ। ਲਹਿਣਾ ਜੀ-ਹਾਂ ਜੀ, ਸੰਸੇ ਰਹਿਤ ਸਿੱਖੀ ਯਕੀਨ ਵਿਚ ਕਾਮਲ ਸਿਖ-ਸੀਸ ਨਿਵਾਕੇ ਟੁਰੇ, ਰੁੱਖ ਤੇ ਚੜ੍ਹ ਗਏ, ਝੰਜੂਣਿਆਂ,

ਦੇਖੋ ਬ੍ਰਿਛਾਂ ਤੋਂ ਜੋ ਢੱਠਾ ਸੰਗਤਾਂ ਖਾ ਕੇ ਰਜ ਗਈਆਂ। ਐਹ ਦੇਖੋ ਰੁੱਖ ਦੇ ਉਤੇ ਸਿਦਕ ਤੇ ਯਕੀਨ ਦੀ ਮੂਰਤ ਬ੍ਰਿਛ ਝੰਜੂਣ ਰਹੀ ਹੈ[1], ਤੇ ਨੀਝ ਲਾ ਕੇ ਦੁਰਾਡੇ ਤੱਕਣਾਂ, ਚੋਜੀ ਸਤਿਗੁਰ ਨਾਨਕ ਖੜੇ ਕਿਸ ਪਿਆਰ ਤੇ ਕੋਮਲਤਾ ਭਰੀ ਦ੍ਰਿਸ਼ਟੀ ਨਾਲ, ਹਾਂ ਜੀ ਸਾਡੇ ਨੈਣਾਂ ਵਾਲੇ ਗੁਰ ਨਾਨਕ, ਲਹਿਣਾ ਜੀ ਵਲ ਟੱਕ ਬੰਨੀ ਦੇਖ ਰਹੇ ਹਨ, ਅਤੇ ਅਕਲਾਂ ਵਿਚ, ਸੋਚਾਂ ਵਿਚ, ਵਹਿਮਾਂ ਵਿਚ, ਲਿਵ ਤੋਂ ਛੁਟਕੀ ਤ੍ਰਿਸ਼ਨਾ ਵਿਚ ਬਲ ਹੀਨ ਹੋਈ ਸ੍ਰਿਸ਼ਟੀ ਨੂੰ ਦਿਖਾ ਰਹੇ ਹਨ ਕਿ ਪਰਮੇਸ਼ੁਰ ਵਿਸ੍ਵੰਭਰ ਹੈ [2]।

'ਵਾਹਿਗੁਰੂ ਰਾਜ਼ਕ ਹੈ' ਯਕੀਨ ਲਿਆਓ ਬੰਦਿਓ ! ਕਿ 'ਰੱਬ ਰਾਜ਼ਕ ਹੈ' ਗੁਰ ਨਾਨਕ ਦਾ ਰਬ, ਰੋਜ਼ੀ ਦਿਹੰਦ ਹੈ' ! ਹਾਂ ਬੰਦਿਓ ਯਕੀਨ ਲਿਆਓ ਏਸ ਰੱਬ ਉਤੇ। ਇਸ ਗੱਲ ਦਾ ਪਰਤੱਖ ਸਬੂਤ ਦੇਣ ਲਈ 'ਗੁਰੂ ਚੇਲਾ' ਪ੍ਰਤੱਖ ਕਰਕੇ ਦਿਖਾ ਰਹੇ ਹਨ। ਗੁਰੂ ਨਾਨਕ ਨੇ ਜੋ ਕਿਹਾ ਸੋ ਕਰਕੇ ਦਿਖਾਇਆ: ਇਹ ਗੁਰ ਨਾਨਕ ਦੀ ਸਭ ਤੋਂ ਉੱਚੀ ਵਡਿਆਈ ਹੈ।

> ਨ ਰਿਜਕੁ ਦਸਤ ਆ ਕਸੇ ॥ ਹਮਾ ਰਾ ਏਕੁ ਆਸ ਵਸੇ ॥ ਅਸਤਿ ਏਕੁ ਦਿਗਰ ਕੁਈ॥ ਏਕ ਤੁਈ ਏਕੁ ਤੁਈ ॥੫॥ ਮਃ ੧ ॥ ਪਰੰਦਏ ਨ ਗਿਰਾਹ ਜਰ ॥ ਦਰਖਤ ਆਬ ਆਸ ਕਰ ॥ ਦਿਹੰਦ ਸੁਈ॥ ਏਕ ਤੁਈ ਏਕੁ ਤੁਈ ॥੬॥ ਮਃ੧॥ ਨਾਨਕ ਲਿਲਾਰਿ ਲਿਖਿਆ ਸੋਇ ॥ ਮੇਟਿ ਨ ਸਾਕੈ ਕੋਇ ॥ ਕਲਾ ਧਰੈ ਹਿਰੈ ਸੁਈ ॥ ਏਕੁ ਤੁਈ ਏਕੁ ਤੁਈ ॥੭॥
>
> {ਵਾਰ ਮਾਝ ਮ: ੧}

ਏਹ ਧੁਨਿ ਗੁਰ ਨਾਨਕ ਦੇ ਹਿਰਦੇ ਤੋਂ ਉਠੀ ਤੇ ਲਹਿਣਾ ਜੀ ਇਸ਼ਾਰਾ ਸਮਝਕੇ ਹੇਠਾਂ ਉਤਰੇ। ਅਜ ਲਹਿਣਾ ਜੀ ਨੇ ਆਪਣੇ ਵਿਚ ਉਸ ਸ਼ਕਤੀ ਦਾ ਪ੍ਰਵੇਸ਼ ਅਨੁਭਵ ਕੀਤਾ ਜੋ ਕਿ ਸਾਂਈ ਵਲੋਂ ਗੁਰੂ ਵਿਚ ਹੁਕਮ ਵਾਂਙੂ ਵਸਦੀ ਹੈ। ਗੁਰੂ ਨਾਨਕ ਜੀ ਨੇ ਜਪੁ ਨੀਸਾਣ ਵਿਚ ਲਿਖਿਆ ਹੈ:-"ਕਰਮ ਖੰਡ ਕੀ ਬਾਣੀ ਜੋਰੁ॥"

ਜਦੋਂ ਸੁਰਤ ਰੱਬ ਦੇ ਫਜ਼ਲ ਦੇ ਮੰਡਲ ਵਿਚ ਆਉਂਦੀ ਹੈ ਤਾਂ ਆਤਮ ਬਲ ਉਦੈ ਹੁੰਦਾ ਹੈ। ਇਹ ਦਰਜਾ ਢਹਿਣ, ਨਿਤਾਣੇ ਹੋਣ ਤੇ ਨਿਕੰਮੇ ਹੋ ਜਾਣ ਦਾ ਨਹੀਂ। ਜਦ ਸਾਂਈਂ ਨੇ ਫਜ਼ਲ ਵਿਚ ਲੈ ਲਿਆ ਤਾਂ 'ਜ਼ੋਰ' ਬਲ ਹੋ ਆਇਆ। ਫਜ਼ਲ ਵਿਚ ਆਏ ਲੋਕ ਆਤਮ ਸੂਰਮੇ ਹੁੰਦੇ ਹਨ। ਸੋ ਅਜ ਲਹਿਣਾ ਜੀ ਸਿੱਖੀ ਰਸਤੇ ਟੁਰਦੇ ਫਜ਼ਲ (ਮਿਹਰ) ਕਰਮ ਦੇ ਖੰਡ ਵਿਚ ਆਏ, ਅਜ ਜੋਧ ਮਹਾਂਬਲੀ ਸੂਰ ਹੋ ਗਏ, ਉਹਨਾਂ ਵਿਚ ਉਹ ਵਾਹਿਗੁਰੂ ਜਿਸ ਨੇ ਫਜ਼ਲ ਕੀਤਾ ਹੈ; ਮੰਦਰ ਬਣਾਕੇ ਵਸਦਾ ਹੈ, ਉਨਾਂ ਵਿਚ ਅਪਾਰ ਸੁੰਦਰਤਾ ਵਸਦੀ ਹੈ। ਅਜ ਸੁੰਦਰ, ਰਾਮ ਨਿਵਾਸੀ ਜੋਧ ਮਹਾ ਬਲ ਸੂਰੇ ਲਹਿਣਾ ਜੀ ਸਿਖੀ ਦੀਆਂ ਮੰਜ਼ਲਾਂ ਤੈ ਕਰਕੇ ਉਚੀ ਅਟਾਰੀ ਵਿਚ ਪੁੱਜ ਗਏ ਹਨ। ਸਿਪਾਹੀ ਆਪਣੇ ਸੈਨਾ ਪਤੀ ਦਾ ਹੁਕਮ ਮੰਨਦਾ ਮੰਨਦਾ ਸੈਨਾ ਪਤੀ ਵਲੋਂ ਮਿਹਰ ਨਾਲ ਡਿੱਠਾ ਗਿਆ ਹੈ ਤੇ ਜਿਸ ਦਿਨ ਸੈਨਾ ਪਤੀ ਨੇ ਆਪਣੇ ਘਾਲੀ ਸਿਪਾਹੀ ਵਲ ਮਿਹਰਾਮਤ ਦੀ ਨਜ਼ਰ ਡਿੱਠੀ ਉਹ ਸਾਰੀ ਸੈਨਾ ਵਿਚ ਬਲਵਾਨ ਹੋ ਗਿਆ, ਸਾਰੇ ਉਸ ਦਾ ਸਨਮਾਨ ਕਰਦੇ ਹਨ।

ਸਤਿਗੁਰ ਨਾਨਕ ਨੇ ਕੋਈ ਗਲ ਨਹੀਂ ਆਖੀ ਜੋ ਆਪ ਕਰਕੇ ਪਹਿਲਾਂ ਪਰਖੀ ਨਹੀਂ। ਜੇ ਸਿਖਾਂ ਨੂੰ ਹਠ ਯੋਗ ਦੇ ਔਗੁਣ ਦੱਸੇ, ਤਾਂ ਆਪ ਹਠ ਯੋਗ ਕਰਕੇ ਦੱਸੇ। ਕਰੜੇ ਤਪੀਆਂ ਨੂੰ ਤਪ ਦੇ ਤਮੋਂ ਗੁਣੀ ਦੋਸ਼ ਦਿਖਾਏ ਤਾਂ ਆਪ ਤਪ ਕਮਾਕੇ। ਜੇ ਕਦੇ ਉਪਰਲੀ ਸਾਖੀ ਵਾਂਙੂ ਕੋਈ ਕ੍ਰਿਸ਼ਮਾ ਦੱਸਿਆ ਤਾਂ ਹੁਕਮ ਵਿਚ ਤੇ ਪਰਉਪਕਾਰ ਵਿਚ।

ਇਕ ਸਾਖੀ ਇਸ ਸਮੇਂ ਦੀ ਹੋਰ ਹੈ ਜੋ ਦੱਸਦੀ ਹੈ ਕਿ ਗੁਰੂ ਬਾਬੇ ਨੇ ਸਭ ਘਾਲਾਂ ਸਿਖਾਂ ਨਮਿਤ ਕੀਤੀਆਂ ਹਨ:-

ਇਕ ਦਿਨ ਗੁਰੂ ਨਾਨਕ ਦਰਿਯਾ ਵਿਚ ਵੜੇ, ਉਥੇ ਖੜੇ ਬਿਸਮਾਦ ਦੇ ਘਰ ਆਏ, ਫੇਰ ਉਥੇ ਅੱਪੜੇ ਜਿਸ ਬਾਬਤ ਕਿਹਾ ਹੈ:-

> ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥ {ਸ: ਵਾ: ਤੇ ਵ: ਮ:੩}

ਲਹਿਣਾ ਜੀ ਬਸਤ੍ਰ ਲੈ ਕੇ ਕੰਢੇ ਬੈਠੇ ਸਨ,

[1] ਨਾਨਕ ਪ੍ਰਕਾਸ਼ ਉਤ: ਧਿਆ: ੪੯ ਅੰਕ ੨੬-੨੭।

[2] ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥ {ਸੂਹੀ ਰਵਿ:}


www.sikhbookclub.com

ਸਿਆਲ ਦੀ, ਬਦਲਵਾਈ ਸੀ, ਮੀਂਹ ਲਹਿ ਪਿਆ। ਬੈਠੇ ਬੈਠੇ ਲਹਿਣਾ ਜੀ ਦੇ ਕਪੜੇ ਭਿੱਜ ਗਏ ਠੰਢ ਦੌੜ ਗਈ, ਨੀਲੇ ਹੋਕੇ ਡਿੱਗ ਪਏ। ਕੋਮਲ ਬਦਨ, ਸੁਖ ਵਿਚ ਉਮਰ ਲੰਘੀ ਸੀ, ਸਰੀਰ ਨੇ ਸਰਦੀ ਖਾ ਲਈ, ਤਤਛਿਨ ਗੁਰੂ ਬਾਬੇ ਨੇ ਬਾਹਰ ਆਕੇ ਚਰਨ ਨਾਲ ਉਠਾਇਆ ਤਾਂ ਗਰਮੀ ਤੇ ਸੁਧ ਫਿਰ ਆਈ। ਇਸ ਵੇਲੇ ਲਹਿਣਾ ਜੀ ਦੇ ਪੁੱਛਣ ਪਰ ਬਾਬੇ ਨੇ ਦੱਸਿਆ,-

ਸੁਨ ਬੋਲੇ ਸ੍ਰੀ ਪ੍ਰਭੂ ਕ੍ਰਿਪਾਲਾ ।
ਹਉਂ ਘਾਲਤ ਜੋ ਘਾਲ ਬਿਸਾਲਾ।
ਅਨਿਕ ਪ੍ਰਕਾਰਨ ਜੋ ਤਪ ਕਰਨਾ।
ਸਭ ਸਿੱਖਨ ਹਿਤ ਲਖਹੁ ਅਚਰਨਾ।
ਜੋ ਮੇਰੇ ਮਹਿਂ ਸ਼ਰਧਾ ਧਰਿਹੀਂ।
ਮਨ ਕਰ ਸ਼ਬਦ ਕਮਾਵਨ ਕਰਿਹੀਂ।
ਨਾਨਕ ਪੰਥੀ ਜਿਨ ਕੈ ਨਾਮ।
ਵਾਹਿਗੁਰੂ ਜਪ, ਰਹਤ ਅਕਾਮ।
ਸੋ ਜਮ ਕੋ ਨਹਿਂ ਦੇਖਨ ਪੈਹੈਂ।
ਸੁੱਖ ਸੋਂ ਗਤਿ ਪ੍ਰਾਪਤ ਤਿਨ ਹ੍ਵੈਹੈ।

{ਗੁ:ਨ: ਪ੍ਰ:}

ਇਨ੍ਹੀਂ ਦਿਨੀਂ ਗੁਰੂ ਨਾਨਕ ਜੀ ਸਭ ਕਾਰ ਕਰਵਾਉਂਦੇ ਫਿਰ ਉਦਾਸੀ ਦੇ ਉਹ ਰੂਪ ਵਰਤਾਉਂਦੇ ਸਨ ਕਿ ਪੂਰਨ ਤਜਾਗ ਦਾ ਨਕਸ਼ਾ ਬੰਨ੍ਹ ਦੇਂਦੇ ਸੇ। ਕਈ ਵੇਰ ਅੰਨ ਨਹੀਂ ਖਾਣਾ। ਕਈ ਵੇਰ ਸਾਰੀ ਸਾਰੀ ਰਾਤ ਜੰਗਲ ਵਿਚ ਬੈਠੇ ਯਾ ਫਿਰਦੇ ਰਹਿਣਾ, ਜਾਂ ਰੋੜਾਂ ਰੇਤਿਆਂ ਤੇ ਪੈ ਰਹਿਣਾ, ਸੀਤ ਉਸ਼ਨ ਦੀ ਪਰਵਾਹ ਨਾ ਕਰਨੀ। ਡੇਰੇ ਦੀ ਨਿੱਤ ਕ੍ਰਿਯਾ ਏਹ ਸੀ: ਅੰਮ੍ਰਿਤ ਵੇਲੇ ਪ੍ਰੇਮੀ ਆਸਾ ਦੀ ਵਾਰ ਲਾਉਂਦੇ ਸੇ। ਸੰਝ ਨੂੰ ਆਸਾ ਰਾਗ ਵਿਚ ਸੋਦਰ ਦਾ ਉਚਾਰ ਹੁੰਦਾ ਸੀ, ਦੋਨੋਂ ਵੇਲੇ ਪ੍ਰਸ਼ਾਦ ਸਾਰੇ ਲੰਗਰ ਵਿਚ ਛਕਦੇ ਸੇ ਤੇ ਕਈ ਸਿਖ ਲੰਗਰ ਦੀ ਸੇਵਾ ਕਰਦੇ ਸੇ, ਕਈ ਖੇਤਾਂ ਵਿਚ। ਹਜ਼ਾਰਹਾ ਲੋਕੀਂ ਨਿਤਾਪ੍ਰਤੀ ਆਉਂਦੇ ਦਰਸ਼ਨ ਕਰਦੇ ਤੇ ਪ੍ਰੇਮ ਕਣੀ ਲੈ ਕੇ ਜਾਂਦੇ ਸੇ। ਸਤਿਗੁਰ ਦੇ ਲੰਗਰ, ਦੀਵਾਨ, ਤਜ਼ਾਗ, ਤਪ, ਫੇਰ ਗ੍ਰਿਹਸਤ ਆਦਿ ਇਕ ਓਹ ਨਮੂਨਾ ਸੇ ਕਿ ਰੀਸ ਨਾ ਹੋ ਸਕੀ ਹੈ ਤੇ ਨਾ ਹੋ ਸਕੇਗੀ। ਦੇਸ਼ ਦੇਸ਼ਾਂਤ੍ਰਾਂ ਵਿਚ ਮਹਿੰਮਾਂ ਹੋ ਰਹੀ ਸੀ, ਇਧਰ ਸੰਗਲਾਦੀਪ ਤੇ ਉਧਰ ਪੂਰਬੀ ਟਾਪੂਆਂ: ਮਨੀਪੁਰ ਅਸਾਮ; ਇਧਰ ਚੀਨ, ਤਿੱਬਤ ਤੇ ਕਸ਼ਮੀਰ ਤੇ ਉਧਰ ਕੁਰਮ, ਅਫ਼ਗਾਨਿਸਤਾਨ, ਬ਼ਗਦਾਦ, ਰੂਮ ਤਕ ਤੋਂ ਲੋਕੀਂ ਤੇ ਫਕੀਰ ਤੇ ਸਾਧੂ ਗਰੀਬ ਅਮੀਰ ਸਤਿਸੰਗ ਪ੍ਰਾਪਤੀ ਲਈ ਆਉਂਦੇ ਸੇ ਜੋ ਸਭ ਸੁਖੀ ਹੋ ਕੇ ਜਾਂਦੇ ਸੇ।

ਇਕ ਦਿਨ ਖੇਤੀ ਦੀ ਸੇਵਾ ਕਰਨ ਵਾਲੇ ਸਿਖਾਂ ਵਿਚ ਇਹ ਖਿਆਲ ਉਠਿਆ ਕਿ ਜੋ ਕਿਰਤ ਕਰਕੇ ਨਹੀਂ ਖਾਂਦੇ ਸਿਖ ਨਹੀਂ ਹਨ, ਇਹ ਅਹੰਕਾਰ ਦੀ ਸੁਰਤ ਗੁਰੂ ਜੀ ਨੂੰ ਨਾ ਭਾਈ। ਵਾਢੀਆਂ ਦੇ ਦਿਨ ਸਨ, ਜਿਸ ਵੇਲੇ ਅੰਨ ਦੇ ਅੰਬਾਰ ਲਗੇ ਸਤਿਗੁਰ ਨੇ ਹੁਕਮ ਦਿਤਾ ਫੂਕ ਦਿਓ। ਬਹੁਤੇ ਸੇਵਕ ਹੈਰਾਨ ਹੋਏ ਪਰ ਭਰੋਸੇ ਵਾਲਿਆਂ ਨੇ ਆਗਿਆ ਮੰਨ ਲਈ। ਸਤਿਗੁਰ ਨੇ ਸਬਕ ਸਿਖਾਯਾ: ਮਨ ਨੀਵਾਂ ਮਤਿ ਉੱਚੀ ਰਖੋਂ, ਜੇ ਦਾਤੇ ਨੂੰ ਦਾਤ ਦਾ ਹੰਕਾਰ ਹੈ ਤੇ ਭਿਖਾਰੀ ਨੂੰ ਮੰਗਣ ਨਾਲ ਢਹਿੰਦੀਆਂ ਕਲਾਂ ਵਿਚ ਵਾਸ ਹੈ ਤਦ ਦੋਵੇਂ ਮਾੜੇ ਹਨ। ਵਾਹਿਗੁਰੂ ਵਿਚ ਇਕ ਸੁਰਤੇ ਹੋਕੇ ਜੁੜੋ, ਕਿਸੇ ਗਲ ਨਾਲ ਰੁੜ੍ਹੋ ਨਹੀਂ ਇਕ ਰਸ ਉਚੇ ਤੇ ਇਕ ਰੰਗੇ ਯਾਦ ਵਿਚ ਵਸੋ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ
ਰਾਹੁ ਪਛਾਣਹਿ ਸੇਇ ॥ {ਸਾ: ਵਾ: ਮ: ੧}

ਪਰ ਇਹ ਕਰਕੇ ਨਿਜ ਨੂੰ ਚੰਗਾ ਤੇ ਲੈਣ ਹਾਰਿਆਂ ਨੂੰ ਮਾੜਾ ਨਾ ਜਾਣੋਂ। ਉਸ ਵੇਲੇ ਜੋ ਹੁਕਮ ਹੋਇਆ ਉਸ ਦਾ ਭਾਵ ਚੌਥੀ ਪਾਤਸ਼ਾਹੀ ਜੀ ਨੇ ਇਹ ਦੱਸਿਆ ਹੈ:--

ਇਕਿ ਦਾਤੇ ਇਕਿ ਭੇਖਾਰੀ ਜੀ
ਸਭਿ ਤੇਰੇ ਚੋਜ ਵਿਡਾਣਾ ॥ {ਆਸਾ ਮ: ੪}

ਕਈ ਸਿਖਾਂ ਵਿਚ ਇਹ ਖਿਆਲ ਆਇਆ:-

ਜੋਰੁ ਨ ਸੁਰਤੀ ਗਿਆਨਿ ਵੀਚਾਰ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥ {ਜਪੁਜੀ}

ਫਿਰ ਅਸਾਂ ਦੇ ਕੀਤੇ ਕੀ ਬਣਦਾ ਹੈ? ਸੋ ਘਾਲ ਵਲੋਂ ਢਿੱਲ ਪੈਣ ਲੱਗੀ। ਸਤਿਗੁਰ ਦੇ ਵਾਕ ਦਾ ਭਾਵ ਤਾਂ ਇਹ ਸੀ ਕਿ ਜੋ ਜ਼ੋਰ ਨਾਲ, ਹਉਂ ਭਰੇ ਧੱਕੇ ਨਾਲ ਪ੍ਰਾਪਤ ਕਰਨਾਂ ਚਾਹੁੰਦੇ ਹਨ, ਭੁੱਲ ਪਰ ਹਨ, ਇਹ ਜ਼ੋਰ ਤੇ ਧੱਕੇ ਦੀ ਵਸਤੂ ਨਹੀਂ ਪਰ ਲੋਕਾਂ ਜਾਤਾ ਕਿ ਸਤਿਗੁਰ 'ਉੱਦਮ ਤੇ ਸਾਵਧਾਨਤਾ' ਤੋਂ ਹੋੜਦੇ ਹਨ, ਇਹ ਭੁੱਲ ਠੀਕ ਕਰਨ ਲਈ ਸਤਿਗੁਰ ਨੇ ਭਯਾਨਕ ਜੇਹਾ

ਰੂਪ ਬਣਾ ਲਿਆ। ਸਤਿਗੁਰ ਦੀ ਕ੍ਰਿਪਾਲਤਾ ਨਾਲ ਜੋ ਨਾਮ ਰੰਗ ਵਿਚ ਰਹਿੰਦੇ ਸਨ, ਜਿਨ੍ਹਾਂ ਨੂੰ ਦਇਆ ਤੇ ਗੁਰ ਦੇ ਜਮਾਲ ਨੇ ਸੁਖੀ ਕਰ ਰਖਿਆ ਸੀ, ਪਰ ਘਾਲ ਕਰਕੇ ਸਾਵਧਾਨਤਾ ਤੇ ਉੱਦਮ ਨਾਲ ਜਿਨ੍ਹਾਂ ਉਚਿਆਈ; ਪੱਕੀ ਉਚਿਆਈ ਨਹੀਂ ਸੀ ਪਾਈ, ਘਬਰਾ ਗਏ। ਲਗੇ ਕਾਂਬੇ ਖਾਣ। ਸਤਿਗੁਰ ਨੇ 'ਅੱਜ ਘਾਲ ਤੇ ਮਿਹਰ' ਦੀ ਨਿਸਬਤ, ਇਹ ਕਿਵੇਂ ਤੇ ਕਿੱਥੇ ਮਿਲਦੀਆਂ ਹਨ ? ਸੁਝਾਉਣਾ ਹੈ ?

ਸਤਿਗੁਰ ਧਾਣਕ[1] ਸੂਰਤ ਬਣਾ ਕੇ ਬਨ ਵਿੱਚ ਫਿਰਨ। ਸਭ ਸਿਖ ਉਦਾਸ ਤੇ ਦੁਖੀ ਡੇਰੇ ਆ ਬੈਠੇ। ਵਡੇ ਵਡੇਰਿਆਂ ਇਕ ਦੋ ਦਿਨ ਨਾਲ ਕੱਟੇ, ਪਰ ਹੁਣ ਓਹ ਬੀ ਮੁੜ ਆਏ। ਜਦ ਤਾਂਈਂ ਗੁਰੂ ਦਾ ਜਮਾਲ[2] ਪ੍ਰਕਾਸ਼ ਕਰ ਰਿਹਾ ਸੀ ਮੋਹਿਤ ਸੇ, ਜਦੋਂ ਜਮਾਲ ਨੇ ਰੂਪ ਵਟਾਕੇ ਤੇਜ ਵਿਖਾਯਾ, ਤਾਂ ਇਕ ਲਹਿਣਾ ਜੀ ਨੂੰ ਹੀ ਚਾਂਦਨੀ ਦਿੱਸਦੀ ਰਹੀ।

ਸਾਨੂੰ ਬੁਲਬੁਲ ਦੀ ਆਵਾਜ਼ ਸੁਹਣੀ ਲਗਦੀ ਹੈ, ਕੋਇਲ ਦੀ ਬਾਣੀ ਮਿੱਠੀ ਭਾਸਦੀ ਹੈ ਅਰ ਪਾਣੀ ਝਰਨੇ ਦੀ ਝੁਨਕਾਰ ਪਿਆਰੀ ਲਗਦੀ ਹੈ, ਪਰ ਸ਼ੇਰ ਦੀ ਗੱਜ ਭੈ ਪੈਦਾ ਕਰਦੀ ਹੈ, ਉਕਾਬ ਦੀ ਆਵਾਜ਼ ਡਰਾ ਦੇਂਦੀ ਹੈ ਅਤੇ ਬਿਜਲੀ ਦੀ ਗੜਗਜ ਸਾਡੀ ਜਾਨ ਖਾਂਦੀ ਹੈ। ਅਸਲ ਵਿਚ ਸਭੇ ਸੁੰਦਰ ਹਨ, ਸਾਡੇ ਕੰਨ, ਸਾਡੇ ਤ੍ਰਿਸ਼ਨਾ ਕਰਕੇ ਭੈ ਭਰਮ ਦੇ ਸੁਭਾਵ ਇਨ੍ਹਾਂ ਵਿਚ ਫਰਕ ਪਾਉਂਦੇ ਹਨ। ਤਿਵੇਂ ਗੁਰੂ ਨਾਨਕ ਹਰ ਹਾਲ ਸੁੰਦਰ ਹੈ, ਪਰ ਜਦੋਂ ਉਹ ਸੁੰਦਰਤਾ ਪ੍ਰਕਾਸ਼ਦਾ ਹੈ, ਜਿਸ ਦੀ ਪਛਾਣ ਸਾਨੂੰ ਹੈ, ਜੇਹਾ ਕੁ ਦਇਆ, ਦਾਨ, ਮਿੱਠਾ ਬੋਲਣਾ, ਅੰਨ ਖੁਆਉਣਾ, ਆਤਮ ਰਸ ਦਾਨ ਦੇਣਾ ਤਦ ਸਾਨੂੰ ਸੁਹਣਾ ਲਗਦਾ ਹੈ; ਪਰ ਜਦੋਂ ਭੈ ਵਾਲੀ ਸੂਰਤ ਧਾਰੀ ਸੋਧਣੇ ਲਈ, ਤਦੋਂ 'ਨਾਨਕ ਦੀ ਰੱਬੀ ਸੁੰਦਰਤਾ' ਇਸ ਨਵੇਂ 'ਰੂਪ ਮਾਤ੍ਰ' ਦੇ ਉਹਲੇ ਛਿਪ ਗਈ ਭਾਸਣ ਲੱਗ ਪਈ। ਲਹਿਣਾ ਜੀ ਦੀ ਨਜ਼ਰ ਮਿਹਰ ਤੇ ਘਾਲ ਨਾਲ 'ਨਾਨਕੀਯ ਸੁੰਦਰਤਾ' ਤੇ ਟਿਕ ਗਈ ਹੋਈ ਸੀ, ਉਨ੍ਹਾਂ ਨੂੰ ਗੁਰੂ ਨਾਨਕ ਦੇ ਹਰ ਰੂਪ ਤੇ ਰੰਗ ਵਿਚ 'ਰੱਬੀ ਸੁੰਦਰਤਾ' ਝਲਕਾ ਮਾਰਦੀ ਸੀ, ਉਨ੍ਹਾਂ ਨੂੰ ਕੁਤਕਾ ਤੇ ਧਾਣਕ ਵੇਸ ਵਿਚ ਬੀ ਉਹੋ 'ਗੁਰ ਨਾਨਕ ਪ੍ਰਕਾਸ਼' ਦਿੱਸਦਾ ਸੀ, ਉਸੇ ਤਰ੍ਹਾਂ ਮੋਹੇ ਖੜੇ ਰਹੇ। ਜਿਕੂੰ ਇਕ ਅਦਮੀ ਨੂੰ ਪਾਣੀ ਠੰਢਾ, ਤੱਤਾ; ਭਾਂਡੇ ਦੀ ਸ਼ਕਲ ਮੁਜਬ ਗੋਲ, ਲੰਮਾ; ਸੁਆਦ ਵਲੋਂ ਮਿੱਠਾ ਖੱਟਾ ਕਈ ਇਕ ਫਰਕਾਂ ਵਾਲਾ ਦਿੱਸਦਾ ਹੈ, ਪਰ ਰਸਾਇਣ ਵਿਦਿਆ ਵਾਲੇ ਦੀ ਨਜ਼ਰ ਪਾਣੀ ਵੇਖਕੇ 'ਹਾਈਡਰੋਜਨ ਦੋ ਤੇ ਆਕਸੀਜਨ ਇਕ' ($H_2O_1$) ਇਸ ਗਲ ਤੇ ਰਹਿੰਦੀ ਹੈ, ਉਹ ਜਲਦੇ ਅਸਲੇ ਨੂੰ ਜਾਣਦਾ ਹੈ, ਰੂਪ ਦਾ ਭੁਲੇਖਾ ਨਹੀਂ ਖਾਂਦਾ, ਤਿਵੇਂ ਲਹਿਣਾ ਜੀ ਨੇ 'ਧਾਣਕ ਰੂਪ' ਤੇ 'ਮੋਹਨ ਰੂਪ' ਦੋਹਾਂ ਵਿਚ 'ਗੁਰੂ ਨਾਨਕ ਸੁੰਦਰਤਾ ਨੂੰ ਹੀ ਸਦਾ ਡਿੱਠਾ ਤੇ ਸਦਾ ਪਛਾਣਿਆ। ਸਤਿਗੁਰ ਨੇ ਹੁਣ ਲਹਿਣੇ ਨੂੰ ਬੀ ਜਲਾਲ ਨਾਲ ਕਿਹਾ; 'ਜਾਹੁ, ਹੁਕਮ ਹੈ ਜਾਹੁ, ਪਿੱਛੇ ਨਹੀਂ ਤੱਕਣਾ'। ਪਹਿਲੇ ਤਾਂ ਲਹਿਣਾ ਜੀ ਠਹਿਰੇ ਪਰ ਹੁਕਮ ਸੁਣਦੇ ਸਾਰ, ਹੁਕਮ ਮੰਨਕੇ ਆਪ ਧਰਮਸਾਲ ਆ ਗਏ; ਅਗੋਂ ਸੰਗਤਾਂ ਨੇ ਹਾਲ ਪੁੱਛਿਆ, ਤਦ ਆਪ ਨੇ ਕਿਹਾ:-ਸਤਿਗੁਰ ਜੀ ਦੀ ਮਿਹਰ ਬੜੀ ਮਿਹਰ ਹੈ, ਪਰ ਉਸ ਤੋਂ ਬੜੀ ਮਿਹਰ ਸਤਿਗੁਰ ਦਾ ਹੁਕਮ ਹੈ। ਜਦ ਉਹ ਹੁਕਮ ਦੇਂਦਾ ਹੈ ਤਦੋਂ ਹੁਕਮ ਦੀ ਕਮਾਈ ਕਰਨੀ ਮਿਹਰ ਨੂੰ ਹੋਰ ਮੰਗਣਾ ਹੈ। ਅਸੀਂ ਕਰਤਾਰ ਤੋਂ ਮੰਗੀਏ ਕਿ ਗੁਰੂ ਹੁਕਮ ਸਾਥੋਂ ਮੰਨ ਹੋ ਜਾਵੇ। ਹੁਣ ਘਬਰਾਉਣ ਦਾ ਸਮਾਂ ਨਹੀਂ, ਸਤਿਗੁਰ ਦਾ ਹੁਕਮ ਹੈ ਨਾਮ ਜਪੋ? ਸੋ ਨਾਮ ਜਪੋ ! ਸਤਿਗੁਰ ਦੇ ਚੋਜਾਂ ਨਾਲ ਸਾਨੂੰ ਕੀ ? ਆਓ ਨਾਮ ਜਪੀਏ, ਹੁਕਮ ਮੰਨੀਏ, ਪਰਵਾਨ ਹੋਈਏ ਤਾਂ ਸਤਿਗੁਰੂ ਦਾ ਮਹਿਲ ਪ੍ਰਾਪਤ ਹੋਸੀ।

ਕੁਛ ਚਿਰ ਮਗਰੋਂ ਸਤਿਗੁਰ ਆ ਗਏ। ਚਾਹੇ ਲਹਿਣਾ ਜੀ ਦੀ ਮਤਿ ਨਾਲ ਸਿਖ ਉਦਾਸੀ ਤੋਂ ਨਿਕਲ ਨਾਮ ਜਪ ਰਹੇ ਸੇ ਪਰ ਗੁਰੂ ਜੀ ਨੇ ਆਕੇ ਜੋ ਮੱਥਾ ਟੇਕੇ, ਥਾਪੜੇ ਦੀ ਥਾਂ ਇਕ ਕੁਤਕਾ ਲਾਉਣਾ ਸ਼ੁਰੂ ਕਰ ਦਿਤਾ। ਜਿਨ੍ਹਾਂ ਦੀ ਮੁਰਤ ਥਾਪੜੇ ਦੇ ਰਸ

---

[1] ਆਖਦੇ ਹਨ 'ਧਾਣਕ ਰੂਪਿ ਰਹਾ ਕਰਤਾਰ' ਸ਼ਬਦ ਤਦੋਂ ਹੀ ਉਚਾਰਿਆ ਸੀ।

[2] ਜਮਾਲ= ਮਿੱਠੀ ਸੁੰਦਰਤਾ। ਜਲਾਲ = ਤੇਜ, ਪ੍ਰਤਾਪ ਵਾਲੀ ਸਬਲ ਸੁੰਦਰਤਾ।

ਵਿਚ ਗਿੱਝ ਚੁਕੀ ਸੀ, ਹੁਣ ਕੁਤਕੇ ਦੇ ਰਸ ਨੂੰ ਕੁਰੱਸ ਜਾਣਕੇ ਭੱਜ ਉਠੀ, ਹਾਲਾਂ ਕਿ ਇਹ ਬੀ ਮਿਹਰ ਸੀ। ਜਿਹਾ ਥਾਪੜਾ ਤਿਹਾ ਕੁਤਕਾ। ਦੋਹਾਂ ਵਿਚ ਦਾਤਾ ਜੋ ਸਦਾ 'ਚੰਗਜਾਈ' ਹੈ; ਆਤਮ ਸੱਤਾ ਦਾਨ ਕਰਦਾ ਸੀ, ਪਰ ਕੌਣ ਝੱਲੇ ? ਜਿਸ ਦੀ ਦ੍ਰਿਸ਼ਟੀ ਦੁਸਾਰ ਪਾਰ ਟਿਕ ਗਈ ਹੋਵੇ। ਪਰ ਐਤਕੀ ਲਹਿਣਾ ਜੀ ਦੇ ਆਸਰੇ ਕਰਕੇ ਕਈ ਸਿਖ ਬੈਠੇ ਰਹੇ ਅਰ ਕੁਤਕਾ ਝੱਲ ਕੇ ਨਾਮ ਵਿਚ ਲਗੇ ਰਹੇ।

ਹੁਣ ਚੋਜੀ ਪਿਆਰੇ ਸਿੱਖੀ ਦਾ ਅੰਤਲਾ ਉੱਚਾ ਰੂਪ ਸਫੁੱਟ ਕਰਨ ਲਈ ਫੇਰ ਟੁਰ ਪਏ, ਸਿੱਖੀ ਪੂਰੀ ਉਸ ਵੇਲੇ ਜਦ ਹਉਂ ਗੁੰਮ। ਜੈਸਾ ਭਾਈ ਗੁਰਦਾਸ ਜੀ ਨੇ ਕਿਹਾ ਹੈ:-

ਮੁਰਦਾ ਹੋਇ ਮੁਰੀਦ ਤਉ ਗੁਰ ਗੋਰ
ਸਮਾਵੈ ॥ {ਵਾਰ ਭਾਈ ਗੁਰਦਾਸ}

ਗੁਰੂ ਨੂੰ ਲੋੜ ਨਹੀਂ ਕਿ ਸਿਖ ਮੇਰਾ ਹੁਕਮ ਮੰਨੇ ਤੇ ਮੈਂ ਦੁਨੀਆਂ ਦੇ ਪਾਤਸ਼ਾਹਾਂ ਵਾਂਗੂੰ ਹਾਕਮ ਬਣ ਜਾਵਾਂ। ਗੁਰੂ ਨੂੰ ਮਾਨਸ ਵਸ ਕਰਨ ਦਾ ਚਾਉ ਨਹੀਂ, ਗੁਰੂ ਕਿਸੇ ਨੂੰ ਗ਼ੁਲਾਮ ਬਨਾਉਣ ਲਈ ਮਗਰ ਨਹੀਂ ਲਾਉਂਦਾ। ਗੁਰੂ ਨੇ ਸਿਖਾਂ ਦੀ ਮੈਲ ਕੱਢਣ ਲਈ, ਸਿਖਾਂ ਨੂੰ ਹਉਂ ਅਤੀਤ ਕਰਨ ਲਈ ਇਹ ਕੌਤਕ ਰਚਾਏ ਸਨ। ਸਿਖ ਸੋ ਜੋ ਅਵਿਦਜਾ ਤੋਂ ਪਾਰ। ਜੋ ਟਪਲਾ ਖਾਵੇ ਉਸ ਵਿਚ ਅਜੇ ਕੁਛ ਕਸਰ ਹੈ। ਕਸਰਾਂ ਕੱਢਣ ਲਈ, ਸੋਨੇ ਨੂੰ ਸੁੱਚਾ ਸੋਨਾ, ਕੁੰਦਨ ਕਰਨ ਲਈ, ਸੋਨੇ ਦੇ ਭਲੇ ਲਈ ਤਾ ਦਰ ਤਾ ਦਿੱਤੇ ਜਾਂਦੇ ਹਨ। ਗੁਰੂ ਨੂੰ ਗ਼ਰਜ਼ ਜਾਂ ਲੋੜ ਨਹੀਂ ਕਿ ਮੈਂ ਸੇਵਾ ਲੈਣ ਲਈ ਤਾਬਿਆਦਾਰ ਸੇਵਕ ਲੱਭਾਂ। ਗੁਰੂ ਮੁਕੰਮਲ ਹੈ ਤੇ ਇਸ ਕਰਕੇ ਬੇਲੋੜ, ਅਚਾਹ, ਬੇਪਰਵਾਹ ਹੈ, ਪਰ ਤਾਉ ਦੇਕੇ ਜੀਵਾਂ ਦੀਆਂ ਮੈਲਾਂ ਕੱਢਦਾ ਹੈ।

ਹੁਣ ਗੁਰੂ ਨਾਨਕ ਇਕ ਉਜਾੜ ਜੇਹੀ ਵਲ ਟੁਰ ਪਏ ! ਅਗੇ ਗਏ ਤਾਂ ਇਕ ਲਕੜੀਆਂ ਦੀ ਚਿਖਾ ਸੀ ਉਪਰ ਮੁਰਦਾ ਪਿਆ ਜਾਪਦਾ ਸੀ, ਜਿਸ ਉਪਰ ਚਿੱਟੀ ਚਾਦਰ ਸੀ, ਬਚਨ ਹੋਇਆ: ਸਭ ਜਾਓ, ਜੇ ਨਾਲ ਰਹਿਣਾ ਹੈ ਤਾਂ ਚਾਦਰ ਚਾ ਕੇ ਜੋ ਪਿਆ ਹੈ ਉਸ ਨੂੰ ਖਾਓ। ਜੋ ਪਿਆ ਸੀ ਸੋ ਚਾਦਰੇ ਹੇਠ ਮੁਰਦਾ ਜਾਪਦਾ ਸੀ। ਸਾਰੇ ਕੰਬ ਉਠੇ, ਫੇਰ ਬਾਹਰਲੇ ਰੂਪ ਵਲ ਧਿਆਨ ਜਾ ਪਿਆ, ਅਸਲ ਤੋਂ ਉਠ ਗਿਆ। ਗੁਰ ਨਾਨਕ ਜੋ ਨਿਰਾ ਪਿਆਰ, ਨਿਰੀ ਚੰਗਿਆਈ, ਨਿਰੀ ਸੁੰਦਰਤਾ ਹੈ, ਉਸ ਦਾ ਹੁਕਮ ਬੀ ਸੁੰਦਰਤਾ ਵਾਲਾ ਹੋਸੀ, ਇਹ ਖਿਆਲ ਨਾ ਆਵੇ। (ਵਾਹਿਗੁਰੂ ਬਖਸ਼ੇ ਅਸੀਂ ਇਨ੍ਹਾ ਸਿਖਾਂ ਦੀ ਚਰਨ ਧੂੜ ਜਿਹੇ ਬੀ ਨਹੀਂ ਹਾਂ, ਪਰ) ਸਾਰੇ ਵਿਚਾਰੇ ਕੰਬੇ, ਘਬਰਾਏ, ਕਈ ਉਠ ਟੁਰੇ, ਕਈ ਰਹੇ। ਇਨ੍ਹਾਂ ਨੂੰ ਗੁਰੂ ਜੀ ਨੇ ਕਿਹਾ ਹੁਕਮ ਮੰਨੋ ਜਾਂ ਜਾਓ। ਸੋ ਅਨੇਕਾਂ ਸਿਖ ਟੁਰ ਪਏ। ਜਾਣਾ ਨਹੀਂ ਚਾਹੁੰਦੇ, ਸ਼ਰਧਾ ਵਿਚ ਹੈਨ, ਪਰ ਪਰਤਾਵਾ ਤਾਕਤ ਤੋਂ ਵਡੇਰਾ ਹੈ ਜਾ ਰਹੇ ਹਨ, ਪਰ ਰੋਂਦੇ ਹਨ, ਖਿੱਚ ਖਾ ਰਹੇ ਹਨ ਤੇ ਘਬਰਾ ਰਹੇ ਹਨ, ਗੁਰੂ ਨਾਲ ਤਿਣਕਾ ਤੋੜਕੇ ਨਹੀਂ ਜਾ ਰਹੇ।

ਹੁਣ ਲਹਿਣਾ ਜੀ ਬਾਕੀ ਰਹਿ ਗਏ। ਹੁਕਮ ਹੋਇਆ, "ਖਾਓ, ਨਹੀਂ ਤਾਂ ਜਾਓ"। ਲਹਿਣਾ ਜੀ ਨੇ ਪੁਛਿਆ: "ਕਿਸ ਪਾਸੇ ਤੋਂ ਚੱਦਰ ਉਤਾਰਾਂ ?" ਹੁਕਮ ਹੋਇਆ: "ਦੱਖਣ ਪਾਸੇ ਵਲੋਂ"। ਜਾਂ ਸ੍ਰੀ ਲਹਿਣੇ ਚੱਦਰ ਉਤਾਰੀ ਤਾਂ ਕੜਾਹ ਪ੍ਰਸ਼ਾਦ ਪਿਆ ਸੀ। ਪ੍ਰੰਤੂ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ:-

"ਜਾਂ ਗੁਰ ਅੰਗਦ ਚਾਦਰ ਉਠਾਵੈ
ਤਾਂ ਗੁਰ ਨਾਨਕ ਸੁੱਤਾ ਪਿਆ ਹੈ। "

ਇਸ ਸਾਖੀ ਵਿਚ ਹੀ ਲਿਖਿਆ ਹੈ ਕਿ ਗੋਰਖ ਆਇਆ ਸੀ ਤੇ ਉਸ ਨੂੰ ਗੁਰੂ ਜੀ ਨੇ ਪੂਰਨ ਸਿਖੀ ਦਾ ਰੂਪ ਵਿਖਾਇਆ। ਸਿਖੀ ਦਾ ਇਹ ਸੰਪੂਰਨ ਰੂਪਸੀ ਜੋ ਦੇਖਕੇ ਗੋਰਖ ਨੇ ਕਿਹਾ:-

"ਨਾਨਕ ! ਤੇਰਾ ਗੁਰੂ ਉਹ ਜੋ ਤੇਰੇ ਅੰਗ ਤੇ ਪੈਦਾ ਹੋਵੇਗਾ, ਤਬ ਲਹਿਣੇ ਤੇ ਗੁਰੂ ਅੰਗਦ ਨਾਉਂ ਹੋਇਆ"। ਅਰਥਾਤ ਜੈਸਾ ਤੂੰ ਵਾਹਿਗੁਰੂ ਦਾ ਅਨਿੰਨ ਤੇ ਪੂਰਨ ਸਿਖ ਹੈਂ, ਇਸੀਂ ਤਰ੍ਹਾਂ ਤੇਰਾ ਜੋ ਅਨਿੰਨ ਸਿਖ ਹੋਵੇਗਾ, ਉਹ ਨਿਰਾ ਸਿਖ ਨਹੀਂ ਹੋਵੇਗਾ, ਕਾਰਕ ਅਤੇ ਗੁਰੂ ਹੀ ਹੋਵੇਗਾ, ਉਸ ਨੂੰ ਤੂੰ ਗੁਰਿਆਈ ਯੋਗ ਮੰਨੇਂਗਾ ਅਰ ਜਗਤ ਦਾ ਗੁਰੂ ਥਾਪੇਂਗਾ।

ਸਤਿਗੁਰ ਨਾਨਕ ਦੇਵ ਜੀ ਹੁਣ ਲਹਿਣਾ ਜੀ ਪਰ ਅਤਿ ਕ੍ਰਿਪਾਲ ਹੋਏ, ਜੋ ਆਪ ਦੇ ਚਰਨੀ ਢੱਠੇ

ਕੀਰਤੀ ਕਰ ਰਹੇ ਸੇ:-

ਸੁਨਿਕੈ ਪਰਮ ਪ੍ਰਸੀਦੇ ਦਯਾਲਾ।
ਦੇਖੀ ਕਰੁਨਾ ਦ੍ਰਿਸ਼ਟਿ ਬਿਸਾਲਾ।
ਕਹਯੋ ਜੁ ਮੇਰੋ ਅਹੈ ਸਰੂਪਾ।
ਸੋ ਤੁਮ ਹ੍ਵੈ ਹੈ ਪਰਮ ਅਨੂਪਾ।

{ਗੁ:ਨਾ:ਪ੍ਰ:}

ਲਹਿਣਾ ਜੀ ਉਪਰ ਉਹ ਕ੍ਰਿਪਾਲਤਾ ਹੋਈ ਕਿ ਸਤਿਗੁਰ ਨੇ ਹੁਣ ਉਨ੍ਹਾਂ ਨੂੰ ਅਕਾਲ ਪੁਰਖ ਦੇ ਨਿਜ ਸਰੂਪ ਵਿਚ ਨਿਵਾਸ ਦਿਤਾ। ਪੂਰਨ ਨਦਰ ਹੋਈ। ਸਿੱਖੀ ਵਿਚ ਲਹਿਣਾ ਜੀ ਪੂਰਨ ਨਿਕਲੇ, ਹਉਮੈ ਅਤੀਤ ਨਿਕਲੇ; ਪ੍ਰੇਮ ਵਿਚ ਪੂਰੇ ਨਿਕਲੇ, ਸਾਬਤ ਨਿਕਲੇ, ਹੁਣ ਬਾਕੀ ਇਕੋ ਅਗੰਮੀ ਝਲਕੇ ਦੀ ਲੋੜ ਸੀ ਕਿ ਓਹ ਸਚਖੰਡ ਵਿਚ ਅਕਾਲ ਪੁਰਖ ਵਿਚ; ਪਰਮ ਪਦ ਤੇ ਇਕ ਰੰਗ ਹੋ ਜਾਣ। ਸੋ ਨਦਰੀ ਗੁਰੂ ਨਾਨਕ ਨੇ ਨਦਰ ਨਾਲ ਨਿਹਾਲ ਕਰ ਦਿਤਾ। ਹੁਣ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਪਣੇ ਮਿੱਠੇ ਸੁਹਾਵੇ ਰੂਪ ਵਿਚ ਧਰਮਸਾਲ ਵਾਪਸ ਆਏ, ਸੰਗਤਾਂ ਨੂੰ ਸੋਹਣੇ ਦਰਸ਼ਨ ਕਰਕੇ ਠੰਡ ਪਈ। ਸਾਰੇ ਪਿਆਰੇ ਚਰਨੀ ਢੈ ਢੈ ਕੇ ਮਿਲੇ। ਹੁਣ ਘਾਲ ਤੇ ਵਿਸ਼ਵਾਸ ਨੇ ਅਤਜੰਤ ਤ੍ਰੱਕੀ ਕੀਤੀ। ਲਹਿਣਾ ਜੀ ਨੇ ਸਿਖੀ ਦਾ ਜੋ ਅਹਿੱਲ ਨਮੂਨਾ ਦੱਸਿਆ, ਸਾਰਿਆਂ ਦਾ ਧਿਜਾ ਬੱਝ ਗਿਆ, ਹੌਸਲਾ ਵਧ ਗਿਆ, ਪਰਤੱਖ ਨਮੂਨਾ ਦੇਖਕੇ ਦ੍ਰਿੜ੍ਹਤਾ ਵਧ ਗਈ[1]। ਆ ਚਰਨੀ ਲਗੇ ! ਧੰਨ ਸ੍ਰੀ ਲਹਿਣਾ ਜੀ, ਜਿਨ੍ਹਾਂ ਸਭ ਦੀ ਟੇਕ ਰੱਖੀ ਤੇ ਉਧਰ ਆਪਣੀ ਇਹ ਟੇਕ ਰਹੀ ਕਿ ਗੁਰੂ ਨਾਨਕ ਨੇ ਉਨ੍ਹਾਂ ਨੂੰ ਫ਼ਜ਼ਲ ਵਿਚ- ਕਰਮ ਖੰਡ ਵਿਚ-ਆਂਦਾ ਤੇ ਉਸ ਦਾਤੇ ਤੋਂ ਉੱਚਾ ਕਰਕੇ ਸਚਖੰਡ ਵਾਲੇ ਵਿਚ ਮੇਲ ਦਿਤਾ, ਜਿਸ ਦੀ ਕਥਾ ਕਰਨੀ ਕਠਨ ਹੈ। ਹਾਂ, ਸ੍ਰੀ ਲਹਿਣਾ ਜੀ ਉੱਪਰ ਉਨ੍ਹਾਂ ਦਾ ਅਸਲੀ 'ਕਾਰਕ ਸਰੂਪ' ਪ੍ਰਕਾਸ਼ ਕਰਾ ਦਿਤਾ। ਆਨੰਦ ਭਇਆ, ਪੂਰਨ ਆਨੰਦ ਭਇਆ। ਲਹਿਣਾ ਜੀ ਬ੍ਰਹਮ ਰਸ ਵਿਚ ਹਨ, ਗਜਾਨੀ, ਸਫਲ ਗਜਾਨੀ ਅਨੁਭਵ ਵਾਲੇ ਗਜਾਨੀ ਹਨ, ਪੂਰਨ ਤਤਵੇਤਾ ਹਨ, ਪੂਰਨ ਪਦ ਇਸਥਿਤ ਹਨ, ਪੂਰਨ ਰੂਪ ਆਪ ਹਨ। ਹਾਂ ਆਪਣਾ ਅਸਲੀ ਕਾਰਕ ਤੇ ਗੁਰੂ ਦਾ ਅਵਤਾਰ ਰੂਪ ਅਪਣੇ ਤੇ ਪ੍ਰਕਾਸ਼ ਪਾ ਗਿਆ ਪ੍ਰਤੀਤ ਕਰਦੇ ਤੇ ਬਿਗਸਦੇ ਹਨ। ਪਰ ਸਿੱਖੀ ਮੰਡਲ ਵਿਚ ਅਜੇ ਵੀ ਸਿੱਖ ਹਨ ਤੇ ਆਪਣੇ ਗੁਰਾਂ ਗੁਰੂ ਨਾਨਕ ਦੇ ਵਧੀਕ ਪ੍ਰੇਮ ਵਿਚ ਤੇ ਸਤਿਕਾਰ ਵਿਚ ਹਨ ਤੇ ਤਿਉਂ ਤਿਉਂ ਗੁਰ ਨਾਨਕ ਦੀ ਮਿਹਰ ਬੀ ਘਨੇਰੀ ਹੈ:-

ਜਿਉਂ ਤਰੁ ਸਾਖ ਨਿਵੈਂ ਫਲ ਪਾਈ।
ਤੈਸੀ ਗਤਿ ਲਹਿਣੇ ਠਹਿਰਾਈ।
ਦੇਖ ਨਿੰਮ੍ਰਤਾ ਪਰਮ ਘਨੇਰੀ।
ਦਿਨ ਪ੍ਰਤਿ ਕ੍ਰਿਪਾ ਸਵਾਇ ਬਧੇਰੀ।

{ਗੁ: ਨਾ: ਪ੍ਰ:}

## ੪. ਟਿੱਕਾ।

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥ {ਰਾਮਕਲੀ ਕੀ ਵਾਰ ਰ:ਬ:}

ਸੋਧ ਵਾਲੇ ਤਾਉ ਮੁੱਕ ਗਏ। ਲਹਿਣਾ ਜੀ ਦਾ ਗੁਰ ਨਾਨਕ ਦੇ ਹੁਕਮ ਮੰਨਣ ਵਲ ਜੋ ਅਨੰਤ ਪਿਆਰ ਦਾ ਰੁਖ਼ ਸੀ, ਗੁਰੂ ਨਾਨਕ ਵਿਚ ਰੱਬੀ ਨੂਰ ਵਲ ਜੋ ਉਨ੍ਹਾਂ ਦਾ ਲਗਾਉ ਸੀ, ਉਸ ਦੀ ਪਰਖ ਚਾਦਰ ਚੁਕਦੇ ਸਾਰ ਹੋ ਗਈ ਤੇ ਗੁਰੂ ਨਾਨਕ ਨੇ ਤਤ ਛਿਨ ਗਲ ਲਾ ਲਿਆ। ਜਨਮ ਸਾਖੀ ਕਹਿੰਦੀ ਹੈ ਉਹ ਗੁਰੂ ਨਾਨਕ ਸੁਤਾ ਪਿਆ ਸੀ। ਮਤਲਬ ਇਹ ਕਿ ਲਹਿਣੇ ਦਾ ਜੀਵਨ 'ਨਾਨਕ ਪ੍ਰੇਮ' ਸੀ। ਜਦੋਂ ਗੁਰੂ ਨਾਨਕ ਨੇ ਲਹਿਣੇ ਸਿਖ ਵਿਚ ਪੂਰਨ ਸੇਵਕੀ ਦੇਖੀ; ਸਿਖੀ ਕਮਾਉਂਦਿਆਂ ਅਖ਼ੀਰ ਲੇਸ ਮਾਤ੍ਰ ਹਉਂ ਦਾ ਅਭਾਵ ਬੀ ਤੱਕ ਲਿਆ, ਜੋ ਇਸ ਸੋਧ ਨੇ ਦੱਸਿਆ, ਤਾਂ ਹੁਣ ਸਿਖ ਪੂਰਨ ਸਿਖ ਹੋ ਗਿਆ, ਸਿਖ ਨਹੀਂ ਤਦ-ਰੂਪ ਹੋ ਗਿਆ। ਹਾਂ ਦੁਨੀਆਂ ਦੇ ਹਿਸਾਬ ਤੱਕੋ, ਮਾਲਕ ਦਾ ਪੂਰਨ ਨੌਕਰ ਮੁਨੀਬ ਤੇ ਕਈ ਵੇਰ ਮਾਲਕ ਹੋ ਜਾਂਦਾ ਹੈ। ਪੂਰਾ ਸਿਪਾਹੀ ਜਦ ਸੈਨਾਪਤ ਨੂੰ ਪੂਰਨ ਰਿਝਾ ਲਵੇ ਤਦ ਸੈਨਾ ਦਾ ਹੁਕਮ ਕਰਨ ਵਾਲਾ ਥਾਪਿਆ ਜਾਂਦਾ ਹੈ। ਪਰ ਓਹ ਤਾਂ ਹਿਸਾਬ ਹਨ ਦੁਨੀਆਂ ਦੇ, ਏਥੇ ਤਾਂ ਰੂਹਾਨੀ ਖੇਡ ਵਰਤ

[1] ਪੁ: ਜ: ਸਾਖੀ ਵਿਚ ਲਿਖਿਆ ਹੈ ਕਿ ਜੋ ਸਿਖ ਪਰਤਾਵਿਆਂ ਵੇਲੇਂ ਬੇਮੁਖ ਹੋ ਗਏ ਸਨ ਗੁਰੂ ਅੰਗਦ ਜੀ ਨੇ ਉਨ੍ਹਾਂ ਦੇ ਬਖਸ਼ੇ ਜਾਣ ਲਈ ਅਰਦਾਸ ਕੀਤੀ ਤਾਂ ਲਿਖਿਆ ਹੈ ਗੁਰ ਬਾਬੇ ਨੇ ਫੁਰਮਾਇਆ: 'ਤੇਰਾ ਸਦਕਾ ਸਭ ਬਖਸ਼ੀ। '

ਰਹੀ ਹੈ। ਜਦੋਂ ਲਹਿਣੇ ਸਿਖ ਵਿਚ 'ਆਰਜ਼ੀ ਤੌਰ' ਤੇ ਸਿਖੀ ਦੇ ਪਰੋਜਨ ਲਈ ਰੱਖੀ 'ਸਿਖੀ ਭਾਵ ਵਾਲੀ' ਹਉਂ ਦਾ ਪੂਰਨ ਅਭਾਵ ਹੋ ਗਿਆ ਤਾਂ ਉਹਨਾ ਵਿਚ ਗੁਰੂ ਰੂਪਤਾ ਪੂਰਨ ਪਰਵੇਸ਼ ਕਰ ਗਈ। ਗੁਰੂ ਨਾਨਕ ਵਾਂਙੂ ਉਹਨਾਂ ਵਿਚ ਪੂਰਨ ਬ੍ਰਹਮ ਨੇ ਨਿਵਾਸ ਲੀਤਾ! ਐਉਂ ਗੋਬਿੰਦ ਰੂਪ, ਬ੍ਰਹਮ ਰੂਪ ਹੋ ਗਏ। ਗੁਰੂ ਉਹ ਹੈ ਜਿਸ ਜਿਸ ਵਿਚ ਹਉਂ ਦਾ ਪੂਰਨ ਅਭਾਵ ਹੈ, ਉਹ ਗੁਰੂ ਹੈ ਜਿਸ ਨੂੰ ਪਰਮਾਤਮਾ ਨੇ ਗੁਰੂ ਥਾਪਿਆ ਹੈ। ਹਉਂ ਦੇ ਨੁਕਤੇ ਤੋਂ ਪੂਰਨ ਸਿਖ ਸ੍ਰੀ ਲਹਿਣਾ ਜੀ ਵਿਚ ਹਉਂ ਦਾ ਪੂਰਨ ਅਭਾਵ ਹੈ[੧]। ਪੂਰਨ ਗੁਰੂ ਨਾਨਕ ਜੀ ਦੀ ਮਿਹਰ ਨਾਲ ਉਨ੍ਹਾਂ ਵਿਚ ਪੂਰਨ ਬ੍ਰਹਮ ਨੇ ਨਿਵਾਸ ਲੀਤਾ ਹੈ। ਹੁਣ ਥਾਪਣਾ ਹੈ। ਹੁਣ ਲਹਿਣੇ ਤੇ ਗੁਰੂ ਨਾਨਕ ਵਿਚ ਕੀ ਫਰਕ ਰਹਿ ਗਿਆ ? ਗੁਰ ਨਾਨਕ ਵਿਚ ਗੁਰਜਾਈ ਵਾਹਿਗੁਰੂ ਜੀ ਦੀ ਜੋਤ ਦੀ ਸੀ, ਉਹ ਜੋਤਿ ਲਹਿਣੇ ਵਿਚ ਹੁਣ ਲਾਸਾਂ ਮਾਰ ਉਠੀ। ਇਸ ਕਰਕੇ 'ਨਾਨਕ' ਨੇ ਉਹਨਾਂ ਨੂੰ "ਅਗੰਦ" ਨਾਮ ਦਿੱਤਾ ਤੇ ਆਪਣਾ ਨਾਮ ਨਾਨਕ ਨਾਲ ਬਖਸ਼ਿਆ। ਹੁਣ ਫੇਰੂ ਦਾ ਪੁਤ ਲਹਿਣਾ ਆਤਮ ਮੰਡਲ ਵਿਚ ਲਹਿਣਾ ਮਾਤ੍ਰ ਨਹੀਂ, ਉਹ ਗੁਰ ਨਾਨਕ ਦਾ ਅੰਗ+ਦ (ਆਤਮਜ) ਹੋ ਗਿਆ ਹੈ। ਉਹ ਗੁਰੂ ਗੋਰ ਸਮਾਗਿਆ ਹੈ ਤੇ ਹੁਣ ਉਸ ਗੋਰ ਵਿਚੋਂ ਗੁਰੂ ਦਾ ਆਤਮਜ, ਗੁਰੂ ਦੇ ਨਿਜ ਸਰੂਪ ਤੋਂ ਉਤਪਤ ਨਵੇਂ ਜਨਮ ਜਨਮਿਆ ਹੈ, ਉਹ ਉਹੋ ਦਾ ਉਹੋ ਹੈ-ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

ਸ੍ਰੀ ਲਹਿਣਾ ਜੀ ਵਿਚ ਨਿਮਰੀ, ਮਿਠਤ, ਗ਼ਰੀਬੀ, ਸਹਿਨ ਸ਼ੀਲਤਾ, ਅਜਰ ਜਰਨ ਦੀਆਂ ਸ਼ਕਤੀਆਂ ਪੂਰਨ ਸਨ, ਉਹਨਾਂ ਦਾ ਪ੍ਰੇਮ ਅਪਾਰ ਸੀ ਤੇ ਹਉਂ ਦਾ ਅਭਾਵ ਸੀ। ਰਸ, ਸੁਆਦ, ਪਿਰਮ ਰੰਗ ਦੇ ਹੁਲਾਰੇ ਅਕਹਿ ਸਨ। ਸਰੀਰ ਵਿਚੋਂ ਅੰਮ੍ਰਿਤ ਦੇ ਫੁਹਾਰੇ ਛੁਟਦੇ ਸਨ; ਰੂਹਾਨੀ ਔਜ, ਅਰਥਾਤ ਆਤਮਿਕ ਸ਼ਿਖਰ ਉੱਨਤੀ ਉਹਨਾਂ ਵਿਚੋਂ ਭੜਕਾਂ ਮਾਰ ਮਾਰ ਲਸ ਰਹੀ ਸੀ। ਏਹ ਸਾਰੇ ਰੰਗ ਦੇਖ ਦੇਖ ਸੰਗਤਾਂ ਅਨੁਮਾਨ ਕਰ ਰਹੀਆਂ ਸਨ ਕਿ ਇਹ ਜੋ ਸਾਡੇ ਵਿਚ ਸਾਡੇ ਵਰਗਾ ਸਿਖ ਸੀ ਤੇ ਹੈ, ਇਹ, ਜਿਨ ਸਭ ਤੋਂ ਨੀਵਾਂ ਜਾ, ਆਪਣੇ ਆਪ ਦੀ ਹਉਂ ਦਾ ਅਤਜੰਤਾਭਾਵ ਦਿਖਾਯਾ ਹੈ, ਇਹ ਜੋ ਹੁਕਮ ਮੰਨਣ ਵਿਚ ਹੁਕਮ ਨਾਲ ਤਦਰੂਪ ਹੋਇਆ ਹੈ; ਇਹ ਜੋ ਚਕਮਾਕ ਮਗਰ ਆਪਾ ਛੱਡ ਖਿੱਚੀਂਦਾ ਹੈ, ਆਪ ਚਕਮਾਕ ਹੋ ਗਿਆ ਹੈ! ਹੋਵੇ ਨਾ ਤਾਂ ਇਹ ਇਕ ਸ਼ਾਹਜ਼ਾਦਾ ਹੀ ਤਾਂ ਸਾਡੇ ਗਰੀਬਾਂ ਵਿਚ ਨਹੀਂ ਸੀ, ਜਿਸ ਨੂੰ ਅਸੀਂ ਆਪਣੇ ਜਿਹਾ ਸਮਝਦੇ ਰਹੇ ਹਾਂ ? ਜਿਸ ਨੇ ਮਲਕੜੇ ਜਿਹੇ ਤਖਤ ਤੇ ਜਾ ਬੈਠਣਾ ਹੈ ਤੇ ਅਸਾਂ ਨੇ, ਸਿੱਖੀ ਪਰਜਾ ਨੇ, ਸ਼ਰਨ ਸਮਾਕੇ ਸੁਖ ਪਾਉਣੇ ਹਨ! ਇਹ ਖਯਾਲ ਪ੍ਰਸੰਨਤਾ ਦਾਇਕ ਸੀ, ਸੰਗਤਾਂ ਖੁਸ਼ ਸਨ, ਜੋ ਉਨ੍ਹਾਂ ਦਾ ਇਹ ਅਨੁਮਾਨ ਗੁਰੂ ਸਚਾ ਕਰੇ। ਇਹ ਖਯਾਲ ਤੇ ਇਸ ਪਰ ਇਹ ਖੁਸ਼ੀ ਦਿਲਾਂ ਵਿਚ ਹੀ ਨਹੀਂ ਲੁਕੀ ਰਹੀ, ਸੰਗਤ ਵਿਚ ਇਹ ਕੰਨੋ ਕੰਨੀ ਗਲਾਂ ਭੀ ਹੋਣ ਲਗ ਪਈਆਂ ਤੇ ਮਾਤਾ ਸੁਲੱਖਣੀ ਜੀ ਨੇ ਭੀ ਸੁਣ ਪਾਈਆਂ। ਮਾਂ ਦਾ ਪਿਆਰ ਅਪਾਰ ਕੋਮਲ ਸ਼ੈ ਹੈ, ਉਹ ਸੁਣਕੇ ਧਰਮਸਾਲ ਆਈ ਤੇ ਸਤਿਗੁਰ ਦੇ ਚਰਨਾਂ ਵਿਚ ਸਿਧੀ ਬੇਨਤੀ ਕਰ ਦਿਤੀ ਕਿ ਸੰਗਤਾਂ ਇਸਤਰ੍ਹਾਂ ਆਖਦੀਆਂ ਹਨ ਤੇ ਇਹ ਮੈਨੂੰ ਭਲਾ ਪ੍ਰਤੀਤ ਨਹੀਂ ਦੇਂਦਾ। ਆਪਣੇ ਪੁਤਰ ਬੀ ਚੰਗੇ ਹਨ। ਵਡੇ ਤਾਂ ਹਨ ਹੀ ਉਦਾਸ ਬ੍ਰਿਤੀ ਵਾਲੇ ਅਰ ਅਤੀਤ, ਅਤੇ ਛੋਟੇ ਲਾਲ ਜੀ ਸਤਿਸੰਗੀ ਹਨ। ਪੁਤ੍ਰਾਂ ਨੂੰ ਦਾਤ ਦਾਨ ਕਰੋ! ਏਹ ਲੋਕ ਪ੍ਰਲੋਕ ਦਾ ਆਪ ਦਾ ਐਸ਼੍ਵਰਜ ਕੁਲ ਵਿਚ ਰਹਿਣਾ ਹੀ ਸੰਸਾਰ ਦੀ ਉੱਤਮ ਮਰਿਯਾਦਾ ਹੈ। ਸਤਿਗੁਰ ਸੁਣਕੇ ਚੁਪ ਰਹੇ।

ਇਸ ਵੇਲੇ ਗੁਰੂ ਜੀ ਧਰਮਸਾਲ ਵਿਚ ਬੈਠੇ ਸੇ, ਇਕ ਬਿੱਲੀ ਭੱਜੀ ਜਾਂਦੀ ਘਬਰਾਈ ਹੋਈ ਲੰਘੀ, ਇਕ ਮੋਇਆ ਚੂਹਾ ਇਸ ਦੇ ਮੂੰਹ ਵਿਚ ਸੀ ਜੋ ਡਿਗ ਪਿਆ। ਸਤਿਗੁਰ ਜੀ ਨੇ ਸ੍ਰੀ ਚੰਦ ਨੂੰ, ਜੋ ਪਾਸ ਆਕੇ ਹੁਣੇ ਹੀ ਬੈਠਾ ਸੀ, ਕਿਹਾ:-"ਬਚਾ! ਇਹ ਬਾਹਰ ਸੁੱਟ ਆ"। ਸ੍ਰੀ ਚੰਦ ਜੀ ਦੇ ਚਿਹਰੇ ਤੇ ਗਿਲਾਨੀ ਨਜ਼ਰ ਆਈ, ਆਪਣੀ ਵਡਿਆਈ

---

੧ ਗੁਰ ਨਾਨਕ ਦਾ ਆਪਣਾਵਾਕ ਹੈ:-
"ਹੋਂਦਾ ਫੜੀਅਗੁ ਨਾਨਕ ਜਾਣੁ ॥
ਨਾ ਹਉ ਨਾ ਮੈਂ ਜੂਨੀ ਪਾਣੁ ॥"
ਅਰਥਾਤ ਗੁਰੂ ਪੂਰਨ ਹਉਂ ਰਹਿਤ ਹੈ।

ਫੁਰੀ ਤੇ ਲਗੇ ਦੇਖਣ ਕਿ ਕੋਈ ਦਾਸ ਨੇੜੇ ਹੈ ਜੋ ਚੱਕ ਕੇ ਸਿੱਟ ਆਵੇ। ਇਨ੍ਹਾਂ ਦੀ ਇਹ ਹਾਲਤ ਸਮਝਕੇ ਸ੍ਰੀ ਸਤਿਗੁਰ ਨੇ ਲਖਮੀ ਚੰਦ ਜੀ ਨੂੰ ਸੈਨਤ ਕੀਤੀ, ਓਹ ਛੇਤੀ ਨਾਲ ਬਾਹਰ ਭੱਜੇ ਕਿ ਕਿਸੇ ਸਿੱਖ ਨੂੰ ਸੱਦੀਦੇ ਜੋ ਇਹ ਕਾਰਜ ਆਕੇ ਕਰੇ।

ਇੰਨੇ ਨੂੰ ਸ੍ਰੀ ਲਹਿਣਾ ਜੀ ਅੰਦਰ ਆਏ ਤਾਂ ਸ੍ਰੀ ਗੁਰੂ ਜੀ ਨੇ ਉਹਨਾਂ ਨੂੰ ਆਗਿਆ ਕੀਤੀ, ਓਹ ਜਗਤ ਦੇ ਚੰਦ ਉਸੇ ਵੇਲੇ ਆਗਯਾ ਪਾਲਨ ਕਰ ਆਏ। ਤਦੋਂ ਸੱਚੀਆਂ ਪ੍ਰੀਤਾਂ-ਪ੍ਰੀਤ ਵਿਚ ਮਰ ਮੁੱਕਿਆਂ ਦੀਆਂ ਪ੍ਰੀਤਾਂ, ਪ੍ਰੀਤ ਵਿਚ ਆਪਾ ਵਾਰ ਚੁਕਿਆਂ ਗੋਰ ਸਮਾਇਆਂ, ਦੀਆਂ ਪ੍ਰੀਤਾਂ-ਦੇ ਮਿਹਰਮ ਸਤਿਗੁਰੂ ਜੀ ਨੇ ਆਖਿਆ :-

ਮੂਲੇ ਸੁਤਾ! ਪਿਖਹੁ ਮਨ ਗੁਨੀਏ !
ਏ ਨਿਜ ਸੁਤ ਕੈ ਪਰ ਸੁਤ ਜਨੀਏ? (ਗੁ:ਨਾ: ਪ੍ਰ:)

ਹੇ ਮੂਲੇ ਦੀ ਪੁਤ੍ਰੀ ! ਦੇਖੋ ਤੇ ਮਨ ਵਿਚ ਵਿਚਾਰ ਕਰੋ ਕਿ ਇਸ ਲਹਿਣਾ ਜੀ ਨੂੰ ਆਪਣਾ ਪੁਤਰ ਸਮਝੀਏ ਕਿ ਪਰਾਇਆ ਪੁਤਰ ਸਮਝੀਏ ?

ਇਹ ਕਹਿਕੇ ਆਪ ਨੇ ਮਾਤਾ ਜੀ ਨੂੰ ਸਮਝਾਯਾ ਕਿ ਪਾਣੀ ਨੀਵੇਂ ਥਾਈ ਟਿਕਦੇ ਹਨ, ਸੱਚੀ ਨਿਮ੍ਰਤਾ ਜਿੱਥੇ ਹੈ ਉਥੇ ਹਉਂ ਨਹੀਂ ਹੁੰਦੀ, ਜਿਥੇ ਹਉਂ ਉਥੇ ਉਚਜਾਈ, ਉਥੇ ਦਾਤ ਨੀਰ ਦੇ ਟਿਕਣ ਦਾ ਟਿਕਾਣਾ ਨਹੀਂ। ਉਪਰਲਾ ਦ੍ਰਿਸ਼ਟਾਂਤ ਤਾਂ ਇਕ ਕੌਤਕ ਮਾਤ੍ਰ ਸੀ; ਉਸ ਦਾ ਭਾਵ ਇਹ ਦੱਸਣਾ ਸੀ ਕਿ ਪੁਤ੍ਰਾਂ ਵਿਚ ਹਉਂ ਹੈ, ਹੁਕਮ ਨਾਲ ਜੋੜ ਨਹੀਂ ਤੇ ਵਾਹਿਗੁਰੂ ਰੂਪ ਪਰਵਾਹ ਨੇ ਉਥੇ ਨਿਵਾਸ ਪਾਉਣਾ ਹੈ ਜਿਥੇ ਹਉਂ ਨਹੀਂ ਤੇ ਹੁਕਮ ਨਾਲ ਅਜੋੜ ਨਹੀਂ, ਇਕ-ਮੁਰਤਾ ਹੈ। ਹਾਂ, ਜਿਸ ਤਰਬ ਨੇ ਬਾਜ਼ ਦੀ ਤਾਰ ਨਾਲ ਸੁਰ ਹੋ ਜਾਣਾ ਹੈ, ਉਸੇ ਨੇ ਬਾਜ਼ ਵਿਚੋਂ ਪ੍ਰਕਾਸ਼ ਪਾਉਂਦੀ ਸੁਰ ਨਾਲ ਉਹੋ ਆਂਸ਼ ਦੇਣੀ ਹੈ, ਹੋਰਨਾਂ ਬੇਸੁਰੀਆਂ ਤਰਬਾਂ ਨੇ ਉਹ ਸੁਰ ਨਹੀਂ ਦੇਣੀ।

ਸਤਿਗੁਰ ਜੀ ਨੇ ਸਾਰਾ ਕੁਛ ਦੱਸਕੇ ਫੇਰ ਗੁਹਜ ਰੂਹਾਨੀ ਭੇਤ ਦੱਸਿਆ:-

ਨਹਿ ਕਿਸਹੂੰ ਕੇ ਕਰ ਬਿਖੈ ਸਭ ਕਰਤਾਰ
ਅਧੀਨ ॥ ਜਿਸ ਪਰ ਕਰੁਨਾ ਦ੍ਰਿਸ਼ਟਿ ਹੈ
ਤਿਨਹਿ ਬਸਤੁ ਇਹ ਲੀਨ ॥ (ਗੁ: ਨਾ: ਪ੍ਰ:)

ਮੂਲੇ ਸੁਤਾ ਅਰਥਾਤ 'ਮਾਤਾ' ਸੁਲੱਖਣੀ ਜੀ ਸੱਚ ਪ੍ਰਤੱਖ ਦੇਖ ਕੇ ਮੰਨ ਕੇ, ਮੱਥਾ ਟੇਕਕੇ ਘਰ ਟੁਰ ਗਏ। ਭਾਵੇਂ ਉਦਾਸ ਤੇ ਨਿਰਾਸ ਗਏ, ਕਿਉਂਕਿ ਪੁੱਤ੍ਰ-ਪ੍ਰੇਮ ਨੇ ਉਦਾਸੀ ਨਹੀਂ ਹਟਣ ਦਿੱਤੀ ਪਰ ਸੱਚ ਨੂੰ ਵੇਖਦੇ ਤੇ ਵੀਚਾਰਦੇ ਹੋਏ ਗਏ। ਸ੍ਰੀ ਸਤਿਗੁਰੂ ਜੀ ਨੇ ਇਸ ਤੋਂ ਮਗਰੋਂ ਦੋ ਤ੍ਰੈ ਸਮਿਆਂ ਪਰ ਫੇਰ ਮਾਤਾ ਜੀ ਦੇ ਸਾਹਮਣੇ ਪੁਤ੍ਰਾਂ ਤੇ ਸ੍ਰੀ ਲਹਿਣਾ ਜੀ ਦੇ ਪਰਤਾਵੇ ਲਏ, ਜਿਨ੍ਹਾਂ ਤੋਂ ਮਾਤਾ ਜੀ ਨੂੰ ਹੋਰ ਸਪਸ਼ਟ ਹੋ ਗਿਆ ਕਿ ਪੁਤਰਾਂ ਦੇ ਅੰਦਰ ਅਭਿਮਾਨ ਹੈ ਤੇ ਲਹਿਣਾ ਜੀ ਦਾ ਅੰਦਰ ਇਸ ਤੋਂ ਖਾਲੀ ਹੈ ਤੇ ਬ੍ਰਹਮ ਨਾਲ ਪਰੀ ਪੂਰਨ ਹੈ, ਗੁਰੂ ਨਾਨਕ ਦੀ ਪ੍ਰੀਤ ਵਿਚ 'ਚਿਤਹਿ ਸਮਾਇਆ ਚਿਤ' ਹੈ। ਅਤੇ ਆਤਮ ਰਸੱਗਤਾ ਵਿਚ ਸ੍ਰੀ ਪਾਵਨ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਙੂ ਹੀ ਹੋ ਰਹੇ ਹਨ !

ਜਦ ਸਿਖਾਂ ਵਿਚ ਗੁਰੂ ਨਾਨਕ ਦਾ ਇਹ ਪਰਮ ਗੁਣ ਸਪਸ਼ਟ ਹੋ ਗਿਆ ਕਿ ਗੁਰੂ ਨਾਨਕ ਸੱਚਾ ਨਿਆਉਂ ਕਰਨ ਵਾਲਾ ਹੈ, ਸੱਚਾ ਜੋਖ ਜੋਖਦਾ ਤੇ ਸੱਚ ਪੱਲੇ ਪਾਉਂਦਾ ਹੈ; ਪੁਤ੍ਰ ਨੂੰ, ਪੁਤ੍ਰ ਹੋਣ ਕਰਕੇ ਨਹੀਂ, ਪਰ ਗੁਣਾਂ ਕਰਕੇ ਕਦਰ ਦੇਣ ਨੂੰ ਤਿਆਰ ਤੇ ਨਾ ਹੋਣ ਕਰਕੇ ਪੁਤ੍ਰਤਾਈ ਦੀ ਮੋਹ ਦੀ ਨੈਂ ਬੀ ਸੁੱਕੇ ਪੈਰੀਂ ਤੁਰਕੇ ਲੰਘ ਜਾ ਸਕਦਾ ਹੈ, ਤਾਂ ਖਿਆਲ ਫੁਰ ਆਇਆ ਕਿ ਦੇਖੀਏ ਸ੍ਰੀ ਲਹਿਣਾ ਜੀ ਤੇ ਭਾਈ ਬੁੱਢਾ ਜੀ ਵਿਚੋਂ ਕਿਸ ਪਰ ਮਿਹਰ ਹੁੰਦੀ ਹੈ।

ਬੂੜਾ ਜਾਂ ਬੁੱਢਾ ਜੀ ਜੀਵ ਸ਼ਰੇਣੀ ਵਿਚੋਂ ਉਚੇ ਉਠਕੇ ਉਚੇ ਗਏ ਪਰਮ ਉਚੇ ਦਰਜੇ ਦੇ ਸਿਖ ਮੰਨੇ ਜਾਂਦੇ ਸਨ, ਇਸ ਲਈ ਇਨ੍ਹਾਂ ਵਲ ਨਜ਼ਰ ਪੈਂਦੀ ਸੀ। ਲਹਿਣਾ ਜੀ ਪ੍ਰੇਮ ਤਾਰ ਵਿਚ ਪਰੋਤੇ ਸਿਖ ਸਨ, ਬੂੜਾ ਜੀ ਵਿਚ ਸੇਵਾ ਅਤੁੱਟ ਸੀ। ਬੁੱਢਾ ਜੀ ਬੜੇ ਉਚੇ ਸਿੱਖ ਸੇ ਪਰ ਲਹਿਣਾ ਜੀ ਦੀ ਉਚਾਈ ਉਹਨਾਂ ਨਾਲੋਂ ਬੀ ਉੱਚੀ ਸੀ।

ਇਕ ਰਾਤ ਤ੍ਰੈ ਕੁ ਵਜੇ ਗੁਰੂ ਜੀ ਜਾਗੇ ਬੈਠੇ ਸੇ ਸਿਖ ਬੀ ਧਰਮਸਾਲ ਆ ਬਿਰਾਜੇ। ਸ੍ਰੀ ਗੁਰੂ ਜੀ ਨੇ ਕਿਹਾ: "ਬੂੜਿਆ ! ਕਿੰਨੀ ਰਾਤ ਹੈ " ਤਾਂ ਉਸ ਉੱਤਰ ਦਿੱਤਾ: "ਸਵਾ ਪਹਿਰ ਬਾਕੀ ਹੈ "। ਸ੍ਰੀ ਗੁਰੂ ਜੀ ਨੇ ਕਿਹਾ, "ਨਹੀਂ ਪਹਿਰ ਬਾਕੀ ਹੈ, ਹੱਛੀ ਤਰ੍ਹਾਂ ਵੇਖ, ਤਾਰੇ ਪਰਖ ਤੇ ਫੇਰ ਆਕੇ ਦੱਸ।"

ਬੂੜਾ ਜੀ ਨੇ ਤਿਵੇਂ ਹੀ ਕੀਤਾ ਤੇ ਆਖਿਆ: "ਪਾਤਸ਼ਾਹ। ਸਵਾ ਪਹਿਰ ਹੈ"। ਤ੍ਰੈ ਵੇਰ ਸਤਿਗੁਰਾਂ ਨੇ ਕਿਹਾ, ਤ੍ਰੈ ਵੇਰ ਉਹੋ ਉੱਤਰ ਆਪ ਨੇ ਦਿੱਤਾ। ਫੇਰ ਲਹਿਣਾ ਜੀ ਨੂੰ ਹੁਕਮ ਹੋਇਆ। ਓਹ ਬੋਲੇ: "ਜਗਤ ਗੁਰ ਸੁਆਮੀ ! ਕਾਲ ਤੇਰਾ ਕੀਤਾ ਤੇ ਤੇਰੇ ਭਾਣੇ ਵਿਚ ਹੈ, ਰਾਤ ਜਿੰਨੀ ਆਪ ਨੇ ਬਿਤਾਈ ਬੀਤੀ ਹੈ, ਤੇ ਜਿੰਨੀ ਆਪ ਦੀ ਰਜ਼ਾ ਹੈ, ਬਾਕੀ ਹੈ"। ਭਾਈ ਬੂੜੇ ਦੀ ਦ੍ਰਿਸ਼ਟੀ ਕਿ ਗੁਰ ਨਾਨਕ ਪੂਰਨ ਮਹਾਂ ਪੁਰਖ ਸਾਈਂ ਦਾ ਅਵਤਾਰ ਹਨ, ਪਰ ਲਹਿਣਾ ਜੀ ਦੀ ਦ੍ਰਿਸ਼ਟੀ ਉਨਾਂ ਦੀ (ਅਲੂਹੀਅਤ) ਰੱਬੀ ਰੰਗ ਤੇ ਟਿਕੀ ਰਹਿੰਦੀ ਪਿਆਰ ਨਾਲ ਪ੍ਰੋਤੀ ਲਿਵ ਵਿਚ ਰਹਿੰਦੀ ਸੀ ਤੇ ਇਕ ਖਿਨ ਵਿਛੁੜਦੀ ਨਹੀਂ ਸੀ। ਉਸ ਵੇਲੇ ਰਾਤ ਪਹਿਰ ਹੀ ਸੀ, ਬੁੱਢਾ ਜੀ ਨੇ ਆਪਣੇ ਹਿਸਾਬ ਤੇ ਧ੍ਰੂਵਾ ਬੱਧਾ, ਸ੍ਰੀ ਲਹਿਣਾ ਜੀ ਨੇ ਕਾਲ ਨੂੰ ਕੀਤਾ ਜਾਣਕੇ ਗੁਰੂ ਨੂੰ ਕਰਤਾ ਜਾਣਨ ਕਰਕੇ ਹਉਂ ਨੂੰ ਵਿਚ ਨਹੀਂ ਆਉਣ ਦਿੱਤਾ। ਇਸ ਤਰ੍ਹਾਂ ਦੇ ਪਰਤਾਵਿਆਂ ਤੋਂ ਬੀ ਸਪਸ਼ਟ ਹੋ ਗਿਆ ਕਿ ਗੁਰ ਨਾਨਕ ਦੀ ਗੱਦੀ ਦੁਨੀਆਂ ਦੀ ਕੋਈ ਗੱਦੀ ਨਹੀਂ, ਇਹ ਧੁਰ ਦੀ ਸ਼ੈ ਹੈ ਤੇ ਮਾਲਕ ਨੇ ਹੀ ਲੈਣੀ ਹੈ ਤੇ ਉਹ ਲੈਣਹਾਰ ਸ੍ਰੀ ਪਾਵਨ 'ਲਹਿਣਾ' ਹੀ ਹੈ।

ਇਕ ਦਿਨ ਸਤਿਗੁਰ ਇਸ਼ਨਾਨ ਕਰਨ ਦਰਯਾ ਵਿਚ ਵੜੇ, ਲਹਿਣਾ ਜੀ ਕਿਨਾਰੇ ਬੈਠੇ ਗੁਰੂ ਨਾਨਕ ਸਰੂਪ ਦੇ ਧਿਆਨ ਵਿਚ ਐਸੇ ਮਗਨ ਹੋਏ ਕਿ ਸਰੀਰ ਤੋਂ ਮਾਨੋਂ ਵਿਦੇਹ ਹੋ ਗਏ। ਗੁਰ ਨਾਨਕ ਜੀ ਇਸ਼ਨਾਨ ਕਰ ਆਏ। ਸ੍ਰੀ ਲਹਿਣਾ ਜੀ ਨੂੰ ਸੁਧ ਹੀ ਨਹੀਂ। ਉਨ੍ਹਾਂ ਦੀ ਗੋਦ ਵਿਚੋਂ ਜਗਤ ਗੁਰੂ ਨੇ ਆਪੇ ਬਸਤ੍ਰ ਚਾਏ ਤੇ ਪਹਿਰ ਲਏ, ਪਰ ਲਹਿਣਾ ਜੀ ਨੂੰ ਪਤਾ ਨਹੀਂ ਲਗਾ। ਸ੍ਰੀ ਗੁਰੂ ਜੀ ਕਿਤਨਾ ਚਿਰ ਖੜੇ ਉਡੀਕਦੇ ਤੱਕਦੇ ਤੇ ਖੁਸ਼ ਹੋ ਬਿਸਮਦੇ ਰਹੇ, ਪਰ ਲਹਿਣਾ ਜੀ ਮਗਨ ਟਿਕੇ ਰਹੇ। ਹੁਣ ਸ੍ਰੀ ਗੁਰੂ ਜੀ ਨੇ ਸ੍ਰੀ ਪਾਵਨ ਲਹਿਣਾ ਜੀ ਨੂੰ ਉਨ੍ਹਾਂ ਦੀ ਲਿਵਲੀਨਤਾ ਦੇ ਟਿਕਾਣੇ ਵਿਚ ਅੰਤ੍ਰਾਤਮੇ ਵਲੋਂ ਹੋਕੇ ਟੁੰਬਿਆ, ਤਦੋਂ ਵਜਾਕਲ ਹੋਕੇ ਆਪ ਜੀ ਦੇ

ਬੁਲਾਇਆ। ਆਪਣੀ ਜਗ੍ਹਾ ਤੇ ਸ੍ਰੀ ਲਹਿਣਾ ਜੀ ਨੂੰ ਬੈਠ ਜਾਣ ਦਾ ਹੁਕਮ ਦੇਕੇ ਸ੍ਰੀ ਗੁਰੂ ਜੀ ਨੇ ਪੰਜ ਪੈਸੇ ਇਕ ਨਾਰੀਯਲ ਅੱਗੇ ਰੱਖਕੇ ਤੇ ਪ੍ਰਕਰਮਾਂ ਕ੍ਰਕੇ ਮੱਥਾ ਟੇਕਿਆ। ਫੇਰ-

ਹਾਂ ਜੀ, ਜਗਤ ਗੁਰੂ ਨੇ ਆਪਣੇ ਸਾਜੇ ਨਿਵਾਜੇ ਪੂਰਨ ਸਿਖ ਅੱਗੇ ਆਪ ਜਗਤ ਗੁਰੂ ਹੋ ਕੇ ਮੱਥਾ ਟੇਕਿਆ, ਸਿਖ ਨੂੰ ਗੁਰੂ ਕੀਤਾ। ਸਿੱਖ ਅੱਗੇ ਗੁਰੂ ਨਿਵਿਆਂ, ਟਿਕੇ ਦੀ ਵਾਰ ਵਿਚ ਇਸਨੂੰ ਲਿਖਿਆ ਹੈ ਕਿ ਗੁਰੂ ਨੇ ਉਲਟੀ ਗੰਗਾ ਵਹਾਈ[1]। ਇਹ ਉਲਟੀ ਗੰਗਾ ਲਹਿਣੇ ਜੀ ਨੇ ਕੀਕੂੰ ਸਹਾਰੀ ? ਹੁਕਮ ਬੱਧੇ ਬੈਠੇ ਤਾਂ ਰਹੇ, ਪਰ ਆਪਣੇ ਪ੍ਰੀਤਮ ਜਗਤ ਗੁਰਸਵਾਮੀ ਦਾ ਸੀਸ ਨਿੰਵਦਾ ਵੇਖਕੇ ਤੜਫ ਕੇ ਬੋਲੇ:-

ਤੁਮ ਕਰਤਾਰ ਸਰਬ ਸਿਰਤਾਜਾ। ਪਰਮ
ਪ੍ਰਮੇਸ਼ਰ ਸ੍ਰੀ ਮਹਾਰਾਜਾ। ਜਿਸ ਤਨੁ ਕਉ
ਤੁਮਨੇ ਸਿਰ ਨਪਾਇਓ। ਉਚਿਤ ਬਡੋ
ਦੁਖ ਮੈਂ ਲਖਿ ਪਾਇਓ[2]। {ਗੁ:ਨਾ:ਪ੍ਰ:}

---

[1]ਹੋਰਿਓ ਗੰਗ ਵਹਾਈਐ। {ਟਿਕੇ ਦੀ ਵਾਰ, ਪਉ: ੪}

[2] ਇਹ ਗਲ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਅੰਗੂਠੇ ਵਿਚ ਕੋਈ ਫੋੜਾ ਸੀ, ਉਨ੍ਹਾਂ ਦੀ ਗੱਦੀ ਪਰ ਬੈਠਣ ਦੇ ਵਿਰੋਧੀ ਨਿੰਦਕਾ ਦੀ ਟੋਰੀ ਹੋਈ ਨਿੰਦਾ ਹੈ, ਜਿਸ ਨੂੰ ਨਾਵਾਕਫ ਪਰ ਪ੍ਰੇਮਾਧੀਨ ਸਿਖਾਂ ਨੇ ਸੁਹਣੇ ਅਰਥਾਂ ਵਿਚ ਲਾਉਣ ਦਾ ਯਤਨ ਕੀਤਾ ਹੈ। ਮਹਿਮਾ ਪ੍ਰਕਾਸ਼ (ਛੰਦਾਬੰਦੀ) ਵਿਚ ਜੋ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਤੀਹ ਬਰਸ ਤੋਂ ਵਧੀਕ ਪਹਿਲੋਂ ਦਾ ਗ੍ਰੰਥ ਹੈ ਇਹ ਵਾਰਤਾ ਨਹੀਂ ਦਿਤੀ, ਮਹਿਮਾਂ ਪ੍ਰਕਾਸ਼ ਵਾਰਤਕ ਵਿਚ, ਜੋ ਮਹਿਮਾ ਪ੍ਰਕਾਸ਼ ਛੰਦਾ ਬੰਦੀ ਤੋਂ ਬੀ ਪੁਰਾਣਾ ਹੈ, ਇਹ ਗੱਲ ਨਹੀਂ ਦਿਤੀ ਤੇ ਨਾ ਹੀ ਭੱਟਾਂ ਦੇ ਸਵਈਆਂ ਵਿਚ ਜ਼ਿਕਰ ਕੀਤਾ ਹੈ, ਬਲਕਿ ਇਹ ਗੱਲ ਪ੍ਰਸਿੱਧ ਹੈ ਕਿ ਸਵੇਰੇ ਜਿਸ ਰੋਗੀ ਤੇ ਉਹਨਾਂ ਦੀ ਪਹਿਲੀ ਨਜ਼ਰ ਪੈਂਦੀ ਸੀ ਉਹ ਅਰੋਗ ਹੋ ਜਾਂਦਾ ਸੀ। ਭੱਟ ਬੀ ਕਹਿੰਦੇ ਹਨ, ਯਥਾ:-

"ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲਖ ਖਨਿ ਉਤਾਰ.....'॥

ਗੁ: ਪ੍ਰ: ਸੂਰਜ ਰਾਸ ੧ ਅੰਸੂ ੧੦ ਦੇ ਅੰਕ ੪ ਤੇ ੫ ਵਿਚ ਇਹੋ ਗੱਲ ਕਵਿ ਜੀ ਆਪ ਦੱਸ ਆਏ ਹਨ। ਫਿਰ ਟਿਕੇ ਦੀ ਵਾਰ ਵਿਚ ਲਿਖਿਆ ਹੈ ਕਿ-'ਜੋਤਿ ਸਮਾਣੀ ਜੋਤਿ ਮਾਹਿ..'।

ਪੁਨਾ:-ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ

ਸ੍ਰੀ ਗੁਰੂ ਜੀ ਨੇ ਉਹਨਾਂ ਦੇ ਮੂੰਹ ਅਗੇ ਹੱਥ ਰੱਖ ਕੇ ਕਿਹਾ:-ਬੱਸ ਪੁਰਖਾ! ਕੁਛ ਮੂੰਹੋਂ ਨਾ ਕੱਢ।

ਜੋ ਉਚਰਹੁ ਸੋ ਹੋਵਹਿ ਸਾਚੀ।
ਪੁਨ ਅਸ ਕਰਹੁ ਨ ਗਿਰਾ ਉਬਾਚੀ।
ਆਇਸੁ ਮੰਨਹੁ, ਅਸ ਮਤ ਮੇਰੋ।
ਤੂੰ ਸਭ ਕੋ ਗੁਰ, ਹ੍ਵੈ ਜਗ ਚੇਰੋ।
ਅੰਗਦ ਨਾਮ ਆਜ ਤੇ ਹੋਹੀ।
ਨਿਜ ਅੰਗਨ ਤੇ ਕੀਨੋ ਤੋਹੀ। ਸਿਮਰਨ
ਸਤਿਨਾਮ ਪ੍ਰਗਟਾਵੋ। ਜਹਿੰ ਤਹਿ
ਸਿੱਖੀ ਰਾਹ ਚਲਾਵੋ। {ਗ:ਨਾ:ਪ੍ਰ:}

ਇਹ ਵਰ ਦੇਕੇ ਲਹਿਣੇ ਤੋਂ 'ਗੁਰੂ ਅੰਗਦ' ਨਾਮ ਬਖਸ਼ਿਆ। ਫੇਰ ਸਤਿਗੁਰ ਨੇ ਭਾਈ ਬੁੱਢੇ ਨੂੰ ਕਿਹਾ ਮੇਰੇ ਪਿਆਰੇ ਤੂੰ ਸਿਖੀ ਵਿਚ ਸ਼ਿਰੋਮਣੀ ਹੈਂ, ਤੂੰ ਗੁਰੂ ਅੰਗਦ ਦੇ ਮਸਤਕ ਤੇ ਗੁਰਿਆਈ ਦਾ ਤਿਲਕ ਦੇਹਿ। ਬੁੱਢੇ ਨੇ ਬੜੇ ਪ੍ਰੇਮ ਨਾਲ ਉਠਕੇ ਤਿਲਕ ਦਿੱਤਾ। ਫੇਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਸੀਸ ਧਰ ਦਿੱਤਾ। ਫੇਰ ਗੁਰੂ ਨਾਨਕ ਦੇਵ ਜੀ ਨੇ ਸਾਰੀ ਸਿਖੀ ਤੇ ਪਰਵਾਰ ਨੂੰ ਮੱਥਾ ਟੇਕਣ ਲਈ ਕਿਹਾ, ਤੇ ਸਭ ਨੇ ਮੱਥਾ ਟੇਕਿਆ, ਪਰ-

ਪੁਤ੍ਰੀ ਕਉਲ ਨ ਪਾਲਿਓ ਕਰਿ ਪੀਰਹੁ
ਕੰਨ੍ ਮੁਰਟੀਐ। {ਗ: ਵਾ: ਸਤਾ ਬਲ}

---

☞ {ਪਿਛਲੇ ਸਫੇ ਦੇ ਫੁਟ ਨੋਟ ਦੀ ਬਾਕੀ}
ਗੁਰ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ ॥ {ਵਾਰ ੨੪ ਪਉੜੀ ੮}। ਏਹ ਸਾਰੇ ਪ੍ਰਮਾਣ ਆਪ ਦੇ ਸਰੀਰ ਨੂੰ ਗੁਰ ਨਾਨਕ ਵਰਗਾ ਅਰੋਗ ਤੇ ਕੰਚਨ ਵੰਨਾ ਪ੍ਰਗਟ ਕਰਦੇ ਹਨ। ਸਤਿਗੁਰ ਨੇ ਫੁਰਮਾਇਆ ਹੈ:-"ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗ ਸੁਪਨੈ ਨਹੀਂ ਆਵੈ ॥" ਤੇ ਗੁਰ ਅੰਗਦ ਜੀ ਤਾਂ ਨਾਮ ਹਿਤਉਣ ਤੋਂ ਵਧਕੇ ਨਾਮੀ ਨਾਲ ਸਦਾ ਅਭੇਦ ਸੇ ਜੇ ਕਿਹਾ ਜਾਏ ਕਿ ਉਹਨਾਂ ਨੇ ਇੰਨਾ ਕਸ਼ਟਆਪਣੇ ਲਈ ਰਖ ਲਿਆ ਸੀ ਤਾਂ ਗੁਰ ਨਾਨਕ ਦੇਵ ਜੀ ਹੁਕਮ ਦੀ ਬੇਅਦਬੀ ਹੁੰਦੀ ਹੈ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਤ੍ਰਿੰਨ ਕਾਲਹੋ ਨਹੀਂ ਸਕਦੀ। ਕਿਉਂਕਿ ਗੁਰੂ ਨਾਨਕ ਦੇਵ ਜੀ ਤਾਂ ਦੇ ਮੂੰਹ ਅਗੇ ਹਥ ਰਖ ਰਹੇ ਹਨ, ਮਨਾਂ ਕਰ ਰਹੇ ਹੈਨ ਕਿ ਕੋਈ ਵਾਕ ਆਪਣੇ ਆਪ ਦੇ ਵਿਰੁਧ ਨਾ ਕਰੋ। ਇਸ ਹੁਕਮ ਦੇ ਹੁੰਦਿਆਂ ਜਿਸਦਾ ਸਾਫ ਭਾਵ ਹੈ ਕਿ ਓਹ ਗੁਰੂ ਅੰਗਦ ਜੀ ਵਿਚ ਕੋਈ ਕਸ਼ਟ ਨਹੀਂ ਵੇਖਣਾ ਚਾਹੁੰਦੇ। ਸ੍ਰੀ ਗੁਰੂ ਅੰਗਦ ਦੇਵ ਜੀ ਕੀਕੂੰ ਆਪਣੇ ਲਈ ਦੁਖ ਰਖ ਲੈਂਦੇ ਜੋ ਦੁਖ ਰਖਣਾ ਗੁਰੂ ਨਾਨਕ ਦੇ ਵਿਰੁਧ ਸੀ? ਸੋ ਐਸੀਆਂ ਸਾਖੀਆਂ ਮੰਨਣੇ ਜੋਗ ਨਹੀਂ !

## ੫. ਖਡੂਰ

ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ
ਪਾਈ ॥ ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ
ਮਿਲੈ ਗੁਸਾਈ॥ {ਜੇਤਸਰੀ ਵਾਰ ਮ: ੧}

ਕੁਛ ਦਿਨ ਮਗਰੋਂ ਸ੍ਰੀ ਗੁਰੂ ਜੀ ਨੇ ਗੁਰੂ ਅੰਗਦ ਜੀ ਨੂੰ ਆਗਿਆ ਕੀਤੀ ਕਿ ਤੁਸੀਂ ਹੁਣ ਖਡੂਰ[1] ਜਾ ਰਹੋ। ਗੁਰੂ ਜੀ ਤੋਂ ਵਿਛੁੜਨਾ 'ਪ੍ਰੀਤ ਪ੍ਰੇਮ ਤਨ ਖਚ ਰਿਹਾ' ਗੁਰੂ ਅੰਗਦ ਜੀ ਲਈ ਅਸਹਿ ਕੰਮ ਸੀ, ਪਰ ਹੁਕਮ ਮੰਨ ਕੇ ਟੁਰ ਪਏ, ਟੁਰਦਿਆਂ ਮੁੜ ਦਰਸ਼ਨ ਦੀ ਆਗਿਆ ਮੰਗੀ, ਤਾਂ ਹੁਕਮ ਹੋਇਆ ਕਿ ਅਸੀਂ ਤੇਰੇ ਪਾਸ ਆਵਾਂਗੇ ਤੂੰ ਨਹੀਂ ਆਉਣਾ।

ਸ੍ਰੀ ਗੁਰੂ ਅੰਗਦ ਜੀ ਹੁਕਮ ਪਾ ਕੇ ਚਲੇ ਗਏ, ਖਡੂਰ ਆਏ। ਬਿਰਹ ਵਿਯੋਗ ਵਿਚ ਭਿਜੇ ਗੁਰੂ ਅਗੰਦ ਜੀ ਦਾ ਐਉਂ ਸਮਾਂ ਬੀਤਣ ਲੱਗਾ, ਸਾਰਾ ਦਿਨ ਲਿਵਲੀਨ ਬੈਠੇ ਰਹਿਣ। ਸੰਝ ਮਗਰੋਂ ਥੋੜਾ ਕੁਛ ਛਕ ਕੇ ਸ਼ਹਿਰੋਂ ਬਾਹਰ ਚਲੇ ਜਾਣ ਤੇ (ਜਿਥੇ ਹੁਣ ਤਪਜਾਣਾ ਹੈ) ਬੈਠਕੇ ਵਾਹਿਗੁਰੂ ਵਿਚ ਲਿਵਲੀਨ ਸਹਿਜ ਸਮਾਧੀ ਲਾਏ ਟਿਕੇ ਰਹਿਣ। ਤੜਕੇ ਇਸ਼ਨਾਨ ਕਰਕੇ ਫੇਰ ਪਿੰਡ ਅੰਦਰ ਮਾਈ ਦੇ ਘਰ ਕੋਠੇ ਵਿਚ ਆ ਬੈਠਣਾ ਅੱਠ ਮਹੀਨੇ ਕਹਿਰਾਂ ਵਾਲੀਆਂ ਜੁਦਾਈਆਂ ਦੇ ਗੁਰੂ ਅੰਦਰ ਨੇ ਪਿਆਰੇ ਸਤਿਗੁਰ ਦੇ ਧਿਆਨ ਵਿਚ ਮਗਨ ਰਹਿਕੇ ਗੁਜ਼ਾਰੇ। ਹੁਣ ਖਿੱਚ ਬੜੀ ਵਧੀ, ਐਨੀ ਕਿ ਸਤਿਗੁਰ ਨਾਨਕ ਦੇਵ ਜੀ ਪ੍ਰੇਮ ਦੇ ਬਿਰਦ ਵਾਲੇ ਰੁਕ ਨਾ ਸਕੇ। ਧੀਰੂ ਤੇ ਸਧਾਰਨੇ ਸਿਖ ਨੂੰ ਨਾਲ ਲੈਕੇ ਗੁਰੂ ਨਾਨਕ ਦੇਵ ਜੀ ਆਪ ਖਡੂਰ ਆਏ। ਗੁਰੂ ਅੰਗਦ ਜੀ ਇਸ ਵੇਲੇ ਗੁਰੂ ਨਾਨਕ ਪ੍ਰੇਮ ਵਿਚ ਜੁੜੇ ਬੈਠੇ ਸੇ, ਗੁਰੂ ਨਾਨਕ ਦੇਵ ਜੀ ਨੇ ਉਹ ਅੰਤਰ ਮੁਖ ਲਿਵ ਬਾਹਰ ਨੂੰ ਮੋੜੀ ਤਾਂ ਆਪ ਦੇ ਨੈਣ ਖੁੱਲ੍ਹੇ। ਗੁਰੂ ਅੰਗਦ ਜੀ ਦੇ ਨੇਤਰ ਖੁੱਲੇ ਤਾਂ ਉਹੋ ਆਪੇ ਦਾ ਆਪਾ ਸਤਿਗੁਰੂ ਸਾਹਮਣੇ ਦੇਖੇ। ਦੇਖਦਿਆਂ ਲੂੰ ਕੰਡੇ ਹੋ ਗਏ, ਸਰੀਰ ਕੰਬ ਗਿਆ, ਨੈਣ ਸਜਲ ਹੋ ਗਏ ਤੇ ਬਿਹਬਲ ਹੋ ਚਰਨਾਂ ਤੇ ਢਹਿ ਪਏ। ਸਤਿਗੁਰ ਜੀ ਨੇ ਪਿਆਰ ਦਿੱਤਾ, ਗਲ ਲਾਇਆ। ਕਿਤਨਾ ਕਾਲ ਦੋਵੇਂ ਜਜੋਤਾਂ ਇਕ

---

[1] ਖਡੂਰ ਵਿਚ ਚੌਧਰੀ ਮਹਿਮਾ ਤੇ ਮਾਈ ਵਿਰਾਈ ਉਸ ਦੀ ਘਰ ਵਾਲੀ ਗੁਰੂ ਨਾਨਕ ਦੇਵ ਦੇ ਪਰਮ ਪ੍ਰੇਮੀ ਸਿਖ ਵਸਦੇ ਸੇ। ਇਨ੍ਹਾਂ ਦੇ ਪਾਸ ਗੁਰੂ ਅੰਗਦ ਜੀ ਘੱਲੇ ਗਏ ਸੇ।

ਰੂਪ ਹੋਈਆਂ ਆਨੰਦ ਮਗਨ
ਰਹੀਆਂ। ਧੰਨ ਗੁਰੂ ਨਾਨਕ ਦੇਵ ਜੀ !
ਧੰਨ ਗੁਰੂ ਅੰਗਦ ਦੇਵ ਜੀ !

ਦੋ ਮਹੀਨੇ ਗੁਰੂ ਨਾਨਕ ਦੇਵ ਜੀ ਉਥੇ ਰਹੇ। ਸਾਰਾ ਦਿਨ ਸਤਿਸੰਗ ਵਾਰਤਾਲਾਪ ਹੋਇਆ ਕਰਨ। ਗੁਰੂ ਅੰਗਦ ਦੇਵ ਜੀ ਦੇ ਕਠਨ ਤਪ ਪਰ ਸ੍ਰੀ ਗੁਰੂ ਜੀ ਨੇ ਆਖਿਆ : ਸਾਰੀ ਕਮਾਈ ਅਸਾਂ ਤੈਨੂੰ ਦਿੱਤੀ ਹੈ, ਤੂੰ ਤਪ ਕਾਸ ਨੂੰ ਕਰੇਂ। ਪਰ ਗੁਰੂ ਅੰਗਦ ਜੀ ਤਾਂ ਗੁਰੂ ਨਾਨਕ ਦੇ ਪ੍ਰੇਮ ਵਿਚ ਨਿਮਗਨ ਬੈਠਦੇ ਸੇ ਇਸ ਰਸ ਭਰੀ ਪ੍ਰੇਮ ਲਿਵ ਵਿਚੋਂ ਕੀਕੂੰ ਨਿਕਲਿਆ ਜਾਵੇ ? ਗੁਰੂ ਨਾਨਕ ਦੇਵ ਗੋਬਿੰਦ ਰੂਪ ਹੈਨ, ਸ੍ਰੀ ਲਹਿਣਾ ਜੀ ਐਉਂ ਗੋਬਿੰਦ ਮਗਨ ਸਹਿਜ ਸਮਾਧੀ ਵਿਚ ਰਹਿੰਦੇ ਹਨ। ਇਹੀ ਲਿਵ ਤਾਂ ਪ੍ਰਾਣ ਆਧਾਰ ਹੈ। ਗੁਰੂ ਨਾਨਕ ਦੇਵ ਜੀ ਦੋ ਮਹੀਨੇ ਮਗਰੋਂ ਕਰਤਾਰ ਪੁਰ ਨੂੰ ਵਿਦਾ ਹੋਏ। ਲਹਿਣਾ ਜੀ ਨਾਲ ਜਾਣਾ ਚਾਹੁੰਦੇ ਸਨ, ਪਰ ਗੁਰੂ ਜੀ ਆਗਿਆ ਦੇਕੇ ਉਥੇ ਹੀ ਬੈਠਾਲ ਗਏ। ਫਿਰ ਗੁਰੂ ਅੰਗਦ ਦੇਵ ਜੀ ਦਾ ਹਾਲ ਉਹੋ ਸੱਧਰਾਂ, ਉਹੋ ਸਿੱਕਾਂ, ਉਹੋ ਲਿਵ, ਉਹੋ ਮਗਨਤਾ।

ਚਾਰ ਮਹੀਨੇ ਪਹਿਲੇ ਫੇਰੇ ਨੂੰ ਬੀਤਣੇ ਵਾਲੇ ਸਨ, ਗੁਰੂ ਅੰਗਦ ਦੇਵ ਜੀ ਦਾ ਸਿਦਕ ਵਿਚ ਜੜ੍ਹਾਂ ਲਾਈ ਖੜਾ ਪ੍ਰੇਮ-ਪ੍ਰਵਾਣ ਹੋ ਚੁਕਾ ਪ੍ਰੇਮ, ਹਾਂ, ਪੂਰਨ ਪੁਰਖ ਦਾ ਪ੍ਰੇਮ-ਸਿੱਕ ਵਿਚ ਸੀ ਕਿ ਗੁਰੂ ਨਾਨਕ ਦੇਵ ਜੀ ਨੂੰ ਫੇਰ ਤ੍ਰਿੱਖੀ ਖਿੱਚ ਪਈ। ਪ੍ਰੇਮ ਬੜੀ ਸ਼ਕਤਿ ਹੈ ਜੋ ਵਾਹਿਗੁਰੂ ਜੀ ਨੂੰ ਬੀ ਵੱਸ ਕਰ ਲੈਂਦੀ ਹੈ:-

"ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ
ਬਧਨਿ ਤੁਧ ਬਾਧੇ ॥" {ਸੋਰਠਿ ਰਵਿਦਾਸ ਜੀ}

ਸਾਧਾਰਨੇ ਸਿਖ ਦੇ ਘਰ ਬੈਠਿਆਂ ਗੁਰੂ ਬਾਬੇ ਨੇ ਖਿੱਚ ਖਾਧੀ। ਇਕੱਲੇ ਹੀ ਬਿਰਧ ਬਾਬਾ ਜੀ ਉਠ ਟੁਰੇ ਤੇ ਸਨੇ ਸਨੇ ਖਡੂਰ ਆ ਨਿਕਲੇ। ਅੰਮ੍ਰਿਤ ਵੇਲਾ ਸੀ ਪ੍ਰੇਮ ਭਰੇ, ਪ੍ਰੇਮ ਪ੍ਰਵੇਧੇ ਤਪਿਆਣੇ ਵਾਲੇ ਥਾਂ ਗੁਰੂ ਅੰਗਦ ਦੇਵ ਜੀ ਲੋ ਲਾਈ ਬੈਠੇ ਸਨ ਕਿ ਜਗਤ ਰੱਖਕ ਜੀ ਨੇ ਆ ਸੀਸ ਤੇ ਹੱਥ ਧਰਿਆ। ਆਪ ਬਿਹਬਲ ਹੋ ਪੈਰਾਂ ਤੇ ਢੱਠੇ ਪਰ ਪਿਆਰਾਂ ਵਾਲੇ ਨੇ ਛੇਤੀ ਨਾਲ ਚਾਕੇ ਛਾਤੀ ਨਾਲ ਲਾਇਆ ਤੇ ਡਾਢਾ ਕੋਮਲ ਦੈਵੀ ਪਿਆਰ ਸਿਰ ਤੇ ਦਿਤਾ ! ਸ੍ਰੀ ਗੁਰੂ ਨਾਨਕ ਦੇਵ ਜੀ ਪਿਆਰ ਦੇਂਦੇ ਹਨ। ਅਚਰਜ ਤਸਵੀਰ ਖਿੱਚ ਰਹੀ ਹੈ, ਮਿਹਰ ਅਦਬ ਤੇ ਦੁਵੱਲੀ ਪ੍ਰੇਮ ਦੀ।

ਫੇਰ ਉਸ ਟਿਕਾਣਿਓਂ ਖਡੂਰ ਵਿਚ ਮਾਈ ਦੇ ਘਰ ਆਏ, ਉਥੇ ਟਿਕੇ। ਕਈ ਦਿਨ ਓਥੇ ਹੀ ਰਹੇ। ਸ੍ਰੀ ਗੁਰੂ ਜੀ ਨੇ ਡਿੱਠਾ ਕਿ ਗੁਰੂ ਅੰਗਦ ਜੀ ਦਾ ਸਰੀਰ ਲਿੱਸਾ ਹੋ ਰਿਹਾ ਹੈ, ਚਿਹਰੇ ਦੀ ਜੋਤਿ ਤੇ ਤੇਜ ਤਾਂ ਝੱਲਿਆ ਨਹੀਂ ਜਾਂਦਾ ਪਰ ਵਿਛੋੜੇ ਦਾ ਅਸਰ ਤੇ ਉਗਰ ਤਪਾਂ ਦਾ ਪ੍ਰਭਾਵ ਸਰੀਰ ਨੂੰ ਕੁਛ ਕੁ ਲਿੱਸੇਰਾ ਕਰ ਗਿਆ ਹੈ। ਇਸੇ ਕਰਕੇ ਪੰਦਰਾਂ[1] ਦਿਨ ਸ੍ਰੀ ਗੁਰੂ ਜੀ ਫੇਰ ਉਥੇ ਟਿਕ ਗਏ। ਹੁਣ ਨਿਤਾ ਪ੍ਰਤੀ ਸ੍ਰੀ ਗੁਰੂ ਅੰਗਦ ਜੀ ਨੂੰ ਆਪ ਐਸੇ ਉਪਦੇਸ਼ ਕੀਤਾ ਕਰਨ ਜਿਸ ਕਰਕੇ ਉਹ ਸਦਾ ਉਤਸ਼ਾਹ ਵਿਚ ਰਹਿਣ ਪ੍ਰੰਤੂ ਜਿਸ ਦਿਨ ਸਤਿਗੁਰ ਜੀ ਤਿਆਰ ਹੋਣ ਗੁਰੂ ਅੰਗਦ ਜੀ ਦੀ ਬਿਹਬਲਤਾ ਉਹਨਾਂ ਨੂੰ ਜਾਣੋ ਡੱਕ ਲਵੇ। ਗੁਰੂ ਹਨ ਦੋਵੇਂ, ਗੁਰ ਅਵਤਾਰ ਹਨ ਦੋਵੇਂ, ਪੂਰਨ ਬ੍ਰਹਮ ਗਿਆਨੀ ਹਨ ਦੋਵੇਂ, ਪੈਗ਼ੰਬਰ, ਆਰਿਫ਼ ਕਾਮਲ ਹਨ ਦੋਵੇਂ, ਫਿਰ ਵੇਖੋ ਪ੍ਰੇਮ ਕਿਤਨਾ ਹੈ।

ਇਸ ਪ੍ਰਕਾਰ ਇਕ ਦਿਨ ਗੁਰੂ ਨਾਨਕ ਜੀ ਟੁਰ ਪਏ, ਅਰ ਬੜੇ ਹੀ ਪ੍ਰਸੰਨ ਟੁਰੇ ਕਿਉਂਕਿ ਅੱਜ ਉਹਨਾਂ ਨੇ ਸ੍ਰੀ ਅੰਗਦ ਜੀ ਨੂੰ ਤੁਰਨ ਵੇਲੇ ਪ੍ਰਸੰਨ ਤੇ ਉਤਸ਼ਾਹ ਵਿਚ ਡਿੱਠਾ। ਆਪਣੀ ਸਾਰੀ ਸ਼ਕਤੀ, ਸਾਰੀ ਖੁਸ਼ੀ ਇਸ ਵੇਲੇ ਜੋ ਅੱਗੇ ਦੇ ਚੁਕੇ ਸੇ ਹੋਰ ਦਾਨ ਕੀਤੀ ਤੇ ਫੇਰ ਪੱਖੋ ਕਿ ਪਿੰਡ ਸਧਾਰਨੇ ਸਿਖ ਦੇ ਘਰ ਆ ਰਹੇ ਤੇ ਏਥੋਂ ਫੇਰ ਕਰਤਾਰ ਪੁਰ ਨੂੰ ਚਲੇ ਗਏ।

[1] ਤਵਾਰੀਖ ਖਾਲਸਾ।

# ੯੦. ਮਖ਼ਦੂਮ ਬਹਾਉੱਦੀਨ [1]

ਪੀਰ ਮਖਦੂਮ ਆਪਣੇ ਆਪ ਵਿਚ ਰੋਂਦਾ ਹੈ:-

ਰੋਂਦਾ ਫਕੀਰ ਸਾਂਈਂ ਰੋਂਦਾ ਹੈ ਮਾਰ ਧਾਈਂ: 'ਸਾਲਾ ! ਕੀ ਫੇਰ ਆਯਾ ਉਲਟੀ ਹੈ ਕਿਉਂ ਖ਼ੁਦਾਈ। ਮੰਜ਼ਲ ਸੀ ਮੁੱਕ ਚੁੱਕੀ, ਪੁੱਜੀ ਸੀ ਨਰਦ ਮੇਰੀ, ਦਰਸ਼ਨ ਨ ਹੋਇ ਮੈਨੂੰ ਮੁਰਸ਼ਦ ਜੋ ਆਖਿਆ ਈ। ਦੇਖਾਂ ਮੈਂ ਨੂਰ ਪਜਾਰਾ, ਸੂਰਤ ਹੈ ਹੋਰ ਕੋਈ, ਜਿਸ ਦੇ ਹੈ ਚਾਨਣੇ ਮੈਂ ਟੁਰਨਾ ਤੂੰ ਆਖਿਆਈ। ਹਾਂ ਹਾਂ ਨ ਉਹ ਹੈ ਮੋਮਨ, ਮੁਸਲਮ ਨੁਹਾਰ ਨਾਹੀਂ, ਗ਼ੈਬੀ ਆਵਾਜ਼ ਆਵੇ, 'ਮਾਲਿਕ ਏ ਸ੍ਰਿਸ਼ਟਿ ਦਾ' ਈ। 'ਨੂਰੋਂ ਏ ਨੂਰ ਆਇਆ, ਕਹਦਾ ਹੈ ਦਾਨ ਨੂਰੀ, ਭੁੱਲੇ ਹੈ ਰਾਹ ਪਾਵੇ ਇਸ ਦਾ ਏ ਨੂਰ ਸਾਈਂ!'

ਮੁਰੀਦ-

ਰੋਂਦੇ ਹੋ ਪੀਰ ਜੀ ਕਿਉਂ? ਨੈਣਾਂ ਤੋਂ ਨੀਰ ਝਰਦਾ; ਤਾਰਕ ਜਗਤ ਦੇ ਹੋਕੇ ਹਿਰਦਾ ਹਜ਼ੂਰ ਡਰਦਾ ? ਕੋਈ ਜੇ ਖੇਦ ਆਇਆ, ਸਾਡੀ ਜਿ ਲੋੜ ਕੋਈ, ਹਾਜ਼ਰ ਸਰੀਰ ਸਿਰ ਹੈ, ਹਰ ਦਾਸ ਦਮ ਹੈ ਭਰਦਾ।

ਪੀਰ-

ਕੋਈ ਨ ਖੇਦ ਆਇਆ, ਖੇਚਲ ਪਈ ਨ ਕਾਈ, ਅਰਸ਼ਾਂ ਤੇ ਜਾਇ ਡਿੱਠਾ ਰੰਗ ਹੋਰ ਹੋ ਗਿਆ ਈ। ਕੋਈ ਅਜਬ ਹੈ ਸੂਰਤ, ਮੂਰਤ ਬੜੀ ਪਿਆਰੀ, ਅਰਸ਼ਾਂ ਤੇ ਲੋਇ ਉਸ ਦੀ ਫੈਲੀ ਹੈ ਹੋ ਸਵਾਈ। ਉਸ ਦੇ ਹੈ ਚਾਨਣੇ ਤੇ ਮਖ਼ਦੂਮ ਪਾਰ ਜਾਣਾ, ਹਾਂ ਹਾਂ ਓ ਹਿੰਦੁਵਾਨੀ ਸੂਰਤ ਹੈ ਲਖ ਸਵਾਈ। ਮੁਸਲਮ ਨਹੀਂ ਹੈ ਮੂਰਤ ਫਿਕਹ ਸ਼ਰਹ ਦੇ ਵਾਲੀ, ਐਪਰ ਹੈ ਪ੍ਰੇਮ ਸਾਰੀ ਖਿਚਦੀ ਹੈ ਜੋਰ ਪਾਈ।

ਮੁਰੀਦ-

ਜਾਵੇ ਬਹਿਸ਼ਤ ਅੰਦਰ ਮੁਸਲਮ ਬਿਨਾਂ ਨ ਕੋਈ, ਮੁਸਲਿਮ ਜੁ ਹੈ ਨਹੀਂ ਹੈ ਅਰਸ਼ੀ ਕਿਵੇਂ ਓ ਹੋਈ ?

ਮਖ਼ਦੂਮ-

ਹੈ ਤਾਂ ਏ ਗਲ ਇਉਂ ਹੀ ਐਪਰ ਹੈ ਨਾਲ ਅੱਖਾਂ, ਡਿਠਾ ਜੋ ਹੈ ਸੋ ਕਹਿਆ ਜਾਂਦੀ ਨ ਪੇਸ਼ ਕਾਈ। ਮੈਨੂੰ ਤੁਸਾਂ ਹੈ ਕਹਿਣਾ ਕਾਫਰ ਹੈ ਪੀਰ ਹੋਯਾ, ਈਮਾਨ ਅਜ ਤੁਸਾਡਾ ਮੈਥੋਂ ਏ ਨੱਠਣਾ ਈਂ।

ਮੁਰੀਦ-

ਮੁਫਤੀ ਬੁਲਾਇ ਮੁੱਲਾਂ ਕਾਜ਼ੀ ਕੁਈ ਸਿਆਣਾ, ਕਰ ਲੌ ਵਿਚਾਰ ਚੰਗੀ, ਸੰਸਾ ਕਿਵੇਂ ਮਿਟਾਈ।

ਮਖ਼ਦੂਮ:-

ਆਈ ਹੈ ਮੌਤ ਮੇਰੀ ਥੋੜੇ ਦਿਹਾੜ ਬਾਕੀ, ਮਸਲੇ ਵਿਚਾਰ ਕਰਨੇ ਵੇਲਾ ਰਿਹਾ ਨ ਰਾਈ। ਹਰਦਮ ਮਗਨ ਮੈਂ ਸੂਰਤ ਉਸੇ ਰਹਾਂ ਤੇ ਤਰਸਾਂ, ਉਸ ਦੇ ਮੈਂ ਚਾਨਣੇ ਤੇ ਭਉਜਲ ਤੋਂ ਪਾਰ ਪਾਈਂ। ਹੱਛਾ ਕੁਈ ਸਿਆਣਾ ਲਜਾਓ ਕਰੇ ਟਿਕਾਣਾ, ਰੁੱਕਾ ਮੈਂ ਲਿਖਕੇ ਦੇਵਾਂ ਦੇਵੇ ਉਹ ਜਾ ਪੁਚਾਈ। ਲਜਾਵੇ ਜੁਵਾਬ ਉਸ ਤੋਂ ਦੇਖੇ ਓ ਰੰਗ ਓਥੇ, ਦੱਸੇ ਓ ਆ ਤੁਸਾਨੂੰ, ਤੁਹਾਡੀ ਨਿਸ਼ਾ ਹੋ ਜਾਈ।

ਮੁਰੀਦ {ਇਕ ਆਲਮ ਲਿਆਕੇ}:-

ਪੜ੍ਹਿਆ ਸਿਆਨੜਾ ਏ ਲਜਾਏ ਹਾਂ ਟੋਲ ਸਾਂਈਂ ! ਇਸ ਨੂੰ ਦਿਓ ਸੁਨੇਹਾ ਲਿਖਕੇ ਜੋ ਭਾਂਵਦਾ ਈ। ਜਾਵੇ ਸ਼ਿਤਾਬ ਜਾਵੇ, ਲਜਾਵੇ ਸ਼ਿਤਾਬ ਉੱਤਰ, ਮਿਟ ਜਾਇ ਸ਼ੱਕ ਜੀ ਦਾ ਸਾਨੂੰ ਸੁਖੀ ਕਰਾਈਂ।

ਮਖ਼ਦੂਮ:-

ਲੈ ਓ ਸਿਆਣੇ ਆਲਮ ! ਰੁੱਕਾ ਏ ਲੈਕੇ ਜਾਂਈਂ, ਨਾਨਕ ਗੁਰੂ ਨੂੰ ਟੋਲੀਂ ਰਾਵੀ ਕਿਨਾਰੜਾ ਈ। ਰੁੱਕਾ ਚਾ ਹੱਥ ਦੇਵੀਂ ਆਖਣ ਤਾਂ ਚਾ ਸੁਣਾਈਂ, ਤੁਕ ਇਕ ਕੰਠ ਕਰ ਲੈ ਕੰਠੋਂ ਏ ਚਾ ਸੁਣਾਈਂ :-

"ਅਸਾਂ ਜੁ ਲੱਦਣ ਲੱਦਿਆ

---

[1] ਇਹ ਪ੍ਰਸੰਗ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ; ੪੪੮ (੧੯੧੭ ਈ:) ਨੂੰ ਪਜਾਰੇ ਜੀ ਦੀਆਂ ਪ੍ਰੇਮ ਜਿੱਤਾਂ ਟ੍ਰੈਕਟ ਨੰਬਰ ੫੩੦ ਰਾਹੀਂ ਪ੍ਰਕਾਸ਼ਿਆ ਸੀ।

ਅਸਾਡੀ ਬੀ ਕਰਿ ਕਾਇ। "

ਏਲਚੀ {ਗੁਰੂ ਟਿਕਾਣੇ ਲਾਗੇ ਪਹੁੰਚਕੇ ਆਪਣੇ ਆਪ ਨਾਲ}-

ਮੁਲਤਾਨ ਤੋਂ ਮੈਂ ਟੁਰਿਆ ਕਰਤਾਰ ਪੁਰ ਹਾਂ ਆਯਾ, ਰੁੱਕਾ ਅਜੀਬ ਲਿਖਿਆ ਤੁਕ ਇਕ ਹੈ ਸੁਣਾਈ। ਲੱਭਾ ਮੈਂ ਹੈ ਟਿਕਾਣਾ ਨਾਨਕ ਗੁਰੂ ਲਭਾਣਾ, ਮੰਨਦੀ ਸਰਿਸ਼ਟਿ ਉਸਨੂੰ ਮੰਨਦੀ ਹੈ ਸਭ ਲੁਕਾਈ। ਹਿੰਦੂ ਤਾਂ ਮੰਨਦੇ ਹੈ ਐਪਰ ਗੁਰੂ ਦੇ ਇਸਦੇ, ਮੁਸਲਮ ਮੁਰੀਦ ਦੇਖਾਂ, ਮੋਮਨ ਝੁਕੀ ਲੁਕਾਈ। ' ਐਪਰ ਮੈਂ ਦੇਖ ਲੇਵਾਂ 'ਐਵੇਂ ਕਿ ਕਸ਼ਫ ਵਾਲਾ ? ਪਰਤਾਵੜਾ ਚਾ ਲਈਏ ਦੂਰੇ ਤੇ ਫੇਰ ਜਾਈਂ। ਸਾਹਿਬ ਕਸ਼ਫ ਜੇ ਹੈ ਓ ਸਾਂਈਂ ਦਾ ਨੂਰ ਜੇ ਕਰ, ਜਿਸ ਦਾ ਹੈ ਨੂਰ ਛਾਇਆ ਅਰਸ਼ਾਂ ਤੋਂ ਫਰਸ਼ ਤਾਈਂ। ਤਾਂ ਤਾਂ ਮੈਂ ਏਸ ਥਾਂ ਤੇ ਬੈਠਾ ਦੁ ਕੋਹ ਦੁਰਾਡਾ, ਘੱਲੇ ਓ ਦਾਸ ਕੋਈ ਮੈਨੂੰ ਜੋ ਲੈਣ ਆਈ। ਆਖੇ ਓ ਦਾਸ ਆ ਕੇ 'ਮੁਲਤਾਨ ਤੋਂ ਤੂੰ ਆਇਆ, ਨਾਨਕ ਗੁਰੂ ਦੁਆਰੇ? ਨਾਨਕ ਨੇ ਸੱਦਿਆ ਈ। ' ਬੈਠਾ ਮੈਂ ਸ਼ਾਮ ਤਾਈਂ ਏਥੇ ਉਡੀਕ ਕਰਸਾਂ, ਅਜ਼ਮਤ ਏ ਦੇਖਕੇ ਤਾਂ ਮੈਂ ਓਸ ਦੂਰ ਜਾਈਂ

ਦਾਸ {ਗੁਰੂ ਨਾਨਕ ਜੀ ਦਾ ਆਇਆ}:

ਮਖ਼ਦੂਮ ਦੇ ਹੇ ਖ਼ਾਦਮ ! ਆਲਮ ਓ ਸੋਚ ਵਾਲੇ ! 'ਮੁਲਤਾਨ ਤੋਂ ਤੂੰ ਆਯਾ ਲੈ ਕੇ ਸੁਨੇਹੁੜਾ ਈ? ਤੈਨੂੰ ਗੁਰ ਬੁਲਾਵੇ ਦੁਨੀਆਂ ਤੇ ਦੀਨ ਵਾਲੀ, ਤੇਰੇ ਹੋ ਭਾਗ ਜਾਗੇ, ਗੁਰ ਨੇ ਹੈ ਸਦਿਆ ਈ।

ਏਲਚੀ {ਦਾਸ ਨਾਲ}-

ਭਾਗਾਂ ਦਾ ਹੀਣ ਸਾਂ ਮੈਂ ਜਾਗੇ ਨੀ ਭਾਗ ਹੁਣ ਆ, ਨਾਨਕ ਗੁਰੂ ਹੈ ਪੂਰਾ ਦਿਲ ਦੀ ਜੁ ਜਾਣਦਾ ਈ।

{ਗੁਰੂ ਹਜ਼ੂਰ ਆਕੇ}

ਅਰਸ਼ਾਂ ਤੇ ਨੂਰ ਤੇਰਾ ਕੁਰਸ਼ਾਂ ਤੇ ਜੋਤਿ ਤੇਰੀ, ਧਰਤੀ ਪ੍ਰਕਾਸ਼ ਕੀਤੀ ਨਾਨਕ ਗੁਰੂ ਗੁਸਾਈਂ: ਸੂਰਜ ਨੂੰ ਤੇਜ ਦੇਵੇਂ ਚਾਨਣ ਤੂੰ ਚੰਦ ਤਾਈਂ, ਰੌਸ਼ਨ ਸਤਾਰੜੇ ਨੀ ਤੈਥੋਂ ਲੈ ਰੌਸ਼ਨਾਈ। ਆਯਾ ਹਾਂ ਦੂਰ ਦੇਸ਼ੋਂ ਤੇਰੀ ਮੈਂ ਭਾਲ ਕਰਦਾ, ਔਗੁਣ ਭਰੀ ਮੜ੍ਹੋਲੀ ਗੁਣ ਹੀਨ ਤੇ ਸ਼ੁਦਾਈ। ਲਾਇਕ ਨ ਦੁਆਰ ਦੇ ਹਾਂ, ਦਰਸ਼ਨ ਦੇ ਜੋਗ ਮੈਂ ਨਾ, ਹੋਵਾਂ ਹਜ਼ੂਰੀ ਹਾਜ਼ਰ ਮੇਰੀ ਨਾ ਤਾਬ ਕਾਈ। ਦਯਾ ਦੇ ਹੇ ਸਮੁੰਦਰ ! ਕਿਰਪਾ ਦੇ ਹੇ ਖ਼ਜ਼ਾਨੇ ! ਮਿਹਰਾਂ ਦੇ ਪੁੰਜ ਦਾਤੇ ਰਹਿਮਤ ਦੇ ਹੇ ਗੁਸਾਈਂ ! ਤਾਰਨ ਹੈ ਬਿਰਦ ਤੇਰਾ, ਰਖਜਕ ਹੈ ਆਨ ਤੇਰੀ ਪਾਵਨ ਸੁਭਾਵ ਤੇਰਾ ਦਾਸਾਂ ਨਿਵਾਜਣਾ ਈਂ। ਸ਼ਰਨਾਗਤਾਂ ਦਾ ਪਾਲੀ, ਮਾਲੀ ਨਿਤਾਣਿਆਂ ਦਾ, ਭਟਕੇ ਦੀ ਠੌਰ ਤੂੰ ਹੈਂ, ਭੁੱਲਜਾਂ ਦੀ ਰਹਨੁਮਾਈ। ਦਰਸ਼ਨ ਨੂੰ ਦੀਨ ਆਇਆ, ਫੋਲੀਂ ਨਾ ਐਬ ਮੇਰੇ, ਸੱਤਾਰ ਬਿਰਦ ਤੇਰਾ ਕੱਜਣ ਹੇ ਵਾਲਿਆ ਈ! ਤੋਲੀਂ ਨਾ ਤੋਲ ਮੇਰਾ, ਹਾੜੀਂ ਰਿਦਾ ਨ ਮੇਰਾ, ਔਗੁਣ ਨ ਜਾਚ ਮੇਰੇ, ਪਾਪਾਂ ਨੂੰ ਨਾਂ ਤਕਾਈਂ। ਪਾਪੀ ਅਨੇਕ ਤਾਰੇ ਚਰਨੀ ਅਸੰਖ ਲਾਏ, ਜਿਥੇ ਜਗਤ ਸਮਾਏ ਮੇਰੀ ਬੀ ਕਰ ਸਮਾਈ ! ਢੋਈ ਨ ਕੋਈ ਮੈਨੂੰ ਕਰਮੀਂ ਕਰੇਂ ਨਿਬੇੜਾ, ਠਾਹਰ ਨ ਫੇਰ ਕਾਈ ਔਗੁਣ ਜੇ ਦੇਖਣਾ ਈ। ਅਪਣੇ ਬਿਰਦ ਦੇ ਸਦਕੇ, ਅਪਣੀ ਮਿਹਰ ਦੀ ਖ਼ਾਤਰ ਲੜ ਲਾ ਗੁਰੂ ਜੀ ਤਾਰੋ ਚਰਨੀ ਲਵੋ ਲਗਾਈ। ਤਾਰੋ ਹੇ ਤ੍ਰਾਣ ਕਰਤਾ ! ਰਖੋ ਜਗਤ ਦੇ ਰਾਖੇ ! ਮੇਰੀ ਹੈ ਇਹ ਦੁਹਾਈ:-ਚਰਨੀ ਕਰੋ ਸਮਾਈ। ਚਰਨੀਂ ਸਮਾ ਲਵੋ ਜੀ, ਚਰਨੀਂ ਲਗਾ ਲਵੋ ਜੀ, ਚਰਨੀਂ ਵਸਾ ਲਵੋ ਜੀ, ਚਰਨੀਂ ਕਰੋ ਸਮਾਈ।

(ਗੁਰੂ ਨਾਨਕ ਦੇਵ}:-

ਸੇ ਦੁਖ ਆਗੈ ਜਿ ਭੋਗ ਬਿਲਾਸੇ ॥ ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ ॥

{ਮਲਾਰ ਮ: ੧}

ਏਲਚੀ:-

ਰੱਖੀਂ ਗੁਰੂ ਗੁਸਾਈਂ ! ਭੋਗਾਂ ਦੇ ਦਾਗ਼ ਮੇਟੀਂ, ਬਖਸ਼ੀਂ ਜਗਤ ਦੇ ਸਾਂਈਂ! ਮੇਟੀਂ 'ਬਿਲਾਸ-ਕਾਈ'। ਦੁਖਾਂ ਤੋਂ ਮੁਕਤ ਦੇਵੀਂ ਅਪਣੇ ਬਿਰਦ ਦੇ ਸਦਕੇ, ਅਪਣੀ ਸ਼ਰਨ ਸਮਾਈਂ । ਅਪਣੀ ਸ਼ਰਨ ਸਮਾਈਂ।

ਗੁਰੂ ਜੀ:-

ਹੋ ਜਾ ਨਿਹਾਲ ਭਾਈ, ਹੋ ਜਾ ਨਿਹਾਲ ਭਾਈ:-ਚਿੱਠੀ ਅਸਾਂ ਦਿਖਾਈਂ ਮਖ਼ਦੂਮ ਜੋ ਪਠਾਈ।

{ਚਿੱਠੀ ਲੈਕੇ ਵਾਚਕੇ ਤੇ ਆਪ ਉਪਰ ਲਿਖਕੇ}:-

ਵਾਚੀ ਅਸਾਂ ਹੈ ਚਿਠੀ ਉੱਤੇ ਜਵਾਬ ਪਾਯਾ, ਹੁਣ ਲੈ ਨਿਹਾਲ ਹੋਏ ਧੁਰ ਤੋਂ ਜੁਵਾਬ ਆਯਾ:-

"ਜੋ ਭਰਿਆ ਸੋ ਲਦਸੀ ਸਭਨਾ ਹੁਕਮ ਰਜਾਇ ॥ ਨਾਨਕ ਤੇ ਮੁਖ ਉਜਲੇ ਚਲੇ ਹੁਕਮ ਰਜਾਇ[1]।

ਮੁਕਤੁ ਮੁਕਤੁ ॥"

ਰੁੱਕਾ ਏ ਜਾਇ ਦੇਵੋ ਆਖੋ ਕਰੋ ਤਿਆਰੀ, ਚੱਲੋ ਅਸੀਂ ਭੀ ਆਸਾਂ ਚਾਲੀ ਦਿਨਾਂ ਦੇ ਤਾਈਂ। ਹੋਇਆ ਸ਼ਬਦ ਪਿਆਰਾ ਲਗੀ ਧੁਨੀ ਇਲਾਹੀ, ਨਾਨਕ ਗੁਰੂ ਪਿਆਰੇ ਕੀਤੀ ਉਚਾਰ ਸਾਂਈਂ:-

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣ ਹਾਰ ॥

{ਸਿਰੀ ਰਾਗੁ ਮ: ੧}

{ਏਲਚੀ ਚਿੱਠੀ ਲੈਕੇ ਆਯਾ ਤੇ ਚਿੱਠੀ ਦਿੱਤੀ}

ਮਖ਼ਦੂਮ ਬੋਲਿਆ:-

ਦੇਖੋ ਸੁਣੋਂ ਹੇ ਲੋਕੋ ! ਪੁੱਛੋ ਸਿਆਨੜੇ ਨੂੰ, ਆਯਾ ਹੈ ਦੇਖ ਅੱਖੀਂ ਦੇਂਦਾ ਹੈ ਕੀ ਉਗਾਹੀ। ਹਾ ਹਾ ਕਰਾਂ, ਕੀ ਲੋਕੋ ਛਾਈ ਹੈ ਆ ਉਦਾਸੀ, ਹਾਏ ! ਬੁਰੀ ਜੁਦਾਈ, ਹਾਏ ਏ ਕਿਉਂ ਜੁਦਾਈ ?

ਮੁਰੀਦ ਬੋਲੇ:-

ਸਾਡੇ ਹੇ ਪੂਜ ਪੀਰਾ! ਸੱਚੀ ਹੈ ਗਲ ਤੁਧੇ ਦੀ, ਡਿੱਠਾ ਜੋ ਸੀਗ ਪਜਾਰੇ ਸੱਚੀ ਹੈ ਉਹ ਉਗਾਹੀ। ਅਖੀਂ ਏ ਦੇਖ ਆਯਾ ਆਲਮ ਏ ਆਪ ਸਜਾਣਾ, ਆਖੇ ਗੁਰੂ ਹੈ ਪੂਰਾ ਦੇਂਦਾ ਹਾਂ ਮੈਂ ਉਗਾਹੀ। ਨੂਰੋ ਹੈ ਨੂਰ ਨਾਨਕ ਨਾਨਕ ਹੈ ਨੂਰ ਸਾਰਾ, ਹੈਵੇ ਓ ਨੂਰ ਰੱਬੀ, ਓ ਨੂਰ ਹੈ ਇਲਾਹੀ। ਹਿੰਦੂ ਮੁਸਲਮਾਂ ਸਾਰੇ ਜਾਂਦੇ ਨੇ ਓਸ ਦੁਆਰੇ, ਸਾਂਈਂ ਦੇ ਨਾਲ ਸਭ ਦੀ ਲਿਵ ਦੇਂਵਦਾ ਓ ਲਾਈ। ਈਮਾਨ ਹਾਂ ਲਿਆਏ, ਫਿਰ ਆਪ ਰੋਂਵਦੇ ਹੋ, ਹੁਣ ਕੀ ਕਰਨ ਹੈ ਬਾਕੀ, ਛਹਿਬਰ ਤੁਸਾਂ ਨੇ ਲਾਈ-

ਮਖ਼ਦੂਮ:-

ਮੇਰੀ ਸੀ ਸਿੱਕ ਏਹੋ ਜਾਵਾਂ ਨਾ ਹਾਇ ਪਹਿਲੋਂ, ਚਰਨੀ ਰਹਾਂ ਇਥਾਈਂ ਚਰਨਾਂ ਦੇ ਨਾਲ ਜਾਈਂ, ਜਾਵਾਂ ਜੇ ਨਾਲ ਉਸ ਦੇ ਚਾਨਣ ਦੇ ਵਿਚ ਜਾਂਈਂ, ਜਾਵਾਂ ਇਕੱਲੜਾ ਜੇ ਰਸਤਾ ਹਨੇਰੜਾ ਈ। ਐਪਰ ਹੁਕਮ ਏ ਆਯਾ ਜਾਵਾਂ ਮੈਂ ਪਹਿਲੋਂ ਟੁਰਕੇ, ਰਹਿਮਾਂ ਹਨੇਰੜੇ ਮੈਂ ਆਵਣ ਗੁਰੂ ਦੇ ਤਾਈਂ।

ਫਿਰ ਸੋਚਕੇ ਮੁਸਕ੍ਰਾਕੇ:-

ਆਹਾ ਗਿਆ ਹਨੇਰਾ ਆਯਾ ਰਜ਼ਾ ਦਾ ਚਾਨਣ, ਨੂਰੋ ਹੈ ਨੂਰ ਪਜਾਰਾ ਸੱਚੀ ਹੈ ਰੋਸ਼ਨਾਈ। ਦਿਨ ਰਾਤ ਦਾ ਹੈ ਸੂਰਜ, ਚੜ੍ਹਿਆ ਸਦਾ ਹੀ ਰਹਿੰਦਾ, ਨਾਨਕ ਹਜ਼ਾਰ ਸੂਰਜ ਲਖ ਚੰਦ ਤੋਂ ਵਧਾਈ। ਚਾਨਣ ਬ੍ਰਹਮੰਡ ਉਸ ਦਾ ਚਾਨਣ ਰਿਦੇ ਦਾ ਪਜਾਰਾ, ਅੰਗ ਸੰਗ ਹੈ ਸਦਾ ਹੀ ਵਿਛੁੜੇ ਨਹੀਂ ਕਦਾਈਂ। ਉਸ ਦੀ ਰਜ਼ਾ ਹੈ ਜਾਵਾਂ, ਜਾਂਸਾਂ ਖੁਸੀਂ ਮੈਂ ਪਹਿਲੇ, ਪਹਿਲੇ ਹੈ ਜਾਣਾ ਸੌਖਾ ਪਿਛੋਂ ਰਹਿਣ ਉਖਾਈ। ਪਜਾਰੇ ਨੇ ਤਾਰ ਲੀਤਾ, ਪਜਾਰੇ ਨਿਵਾਜ ਲੀਤਾ, ਪਜਾਰੇ ਨੇ ਟੋਰਿਆ ਹੈ ਪਜਾਰੇ ਨੇ ਟੋਰਿਆ ਈ: ਮਖ਼ਦੂਮ ਮੈਂ ਬਹਾਵੀ, ਖ਼ਾਦਮ ਹਾਂ ਨਾਨਕੇ ਦਾ, ਨਾਨਕ ਗੁਰੂ ਦਾ ਖ਼ਾਦਮ ਨਾਨਕ ਹੈ ਮੇਰਾ ਸਾਈਂ। ਸਾਈਂ! ਸਦਾ ਰਹਾਈਂ, ਅੰਗ ਸੰਗ ਮੈਂ ਵਸਾਈਂ, ਚਰਨਾਂ ਵਿਖੇ ਸਮਾਈ ਦੇਵੀਂ ਸਦਾ ਗੁਸਾਈਂ[1]।

-o-

[1] ਇਹ ਗੁਰਬਾਣੀ ਪੁਰਤਾਨ ਜਨਮਸਾਖੀ, ਵਿਚੋਂ ਹੈ।

[1] ਮਖਦੂਮ ਦੀ ਇਹ ਸਾਖੀ ਪੁ: ਜਨਮ ਸਾਖੀ ਵਿਚ ਹੈ।

# ੬੧. ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

ਕੁਛ ਸਮਾਂ ਪਾ ਕੇ ਸਮਾਂ ਆਇਆ ਜੋਤਿ ਨਿਰੰਜਨੀ ਦੇ ਮਾਨੁਖੀ ਚੋਲੇ ਨੂੰ ਛਡ ਕੇ ਜੋਤਿ ਨਿਰੰਜਨੀ ਵਿਚ ਜਾਣ ਦਾ:-"ਤਦਹੁੰ ਗੁਰੂ ਬਾਬਾ ਸਰੀਹ ਤਲੇ ਜਾਇ ਬੈਠਾ। ਸਰੀਹ ਸੁੱਕਾ ਖੜਾ ਥਾ, ਸੋ ਹਰਿਆ ਹੋਆ, ਪਾਤ ਫੁਲ ਪਏ। ਤਬ ਗੁਰੂ ਅੰਗਦ ਪੈਰੀਂ ਪਇਆ। ਤਬ ਮਾਤਾ ਜੀ ਬੈਰਾਗੁ ਲਗੀ ਕਰਣਿ। ਤਿਤ ਮਹਲਿ ਸਬਦੁ ਹੋਇਆ, ਭਾਈ ਬੰਧੁ ਪਰਵਾਰੁ ਸਭ ਲਗੇ ਰੋਵਣਿ। ਤਦਹੁ ਰਾਗ ਵਡਹੰਸੁ[1] ਵਿਚ ਸਬਦੁ ਹੋਇਆ। ਤਬ ਸੰਗਤ ਲਗੀ ਸਬਦ ਗਾਵਣ ਅਲਾਹਣੀਆਂ।

ਤਬ ਬਾਬਾ ਬਿਸਮਾਦ ਦੇ ਘਰਿ ਆਇਆ। ਤਿਤ ਮਹਲਿ ਹੁਕਮੁ ਹੋਇਆ, ਰਾਗੁ ਤੁਖਾਰੀ ਕੀਤਾ, ਬਾਬਾ ਬੋਲਿਆ ਬਾਰਹ ਮਾਹਾ। ਰਾਤਿ, ਅੰਮ੍ਰਿਤ ਵੇਲਾ ਹੋਆ, ਚਲਾਣੈ ਕੈ ਵਖਤ[2]।

ਤਿਤ ਮਹਿਲ ਜੋ ਸਬਦ ਹੋਇਆ, ਸੋ ਪੋਥੀ ਗੁਰੂ ਅੰਗਦ ਜੋਗ ਮਿਲੀ। ਤਦਹੁੰ ਪੁੱਤ੍ਰਾਂ ਆਖਿਆ 'ਅਸਾਡਾ ਕਿਆ ਹਾਲ ਹੋਵੇਗਾ ?' ਤਬ ਗੁਰੂ ਬੋਲਿਆ: ਪੁਤ੍ਰਾਂ ਜੋਗ ਆਖਿਆ ਜੋ 'ਬੇਟਾ ! ਗੁਰੂ ਕਿਆਂ ਕੁਤਿਆਂ ਨੂੰ ਭੀ ਕਮੀ ਨਾਹੀ, ਰੋਟੀਆਂ ਕਪੜੇ ਬਹੁਤ ਹੋਵਣਗੇ ਅਤੇ ਗੁਰੂ ਗੁਰੂ ਜਪਹੁਗੇ ਤਾਂ ਜਨਮ ਸਵਰੇਗਾ। 'ਤਬ ਹਿੰਦੂ ਮੁਸਲਮਾਨ ਨਾਉਂ ਧਰੀਕ ਲਗੇ ਆਖਣਿ: ਮੁਸਲਮਾਨ ਲਗੇ ਆਖਣਿ, 'ਅਸੀਂ ਦਬਹਿੰਗੇ,' ਅਤੇ ਹਿੰਦੂ ਲਾਗੇ ਆਖਣਿ, ਜੋ ਅਸੀਂ ਜਲਾਹਾਂਗੇ'। ਤਬ ਬਾਬੇ ਆਖਿਆ; 'ਜੋ ਤੁਸਾਂ ਦੋਹਾਂ ਵੱਲੀ ਫੁਲ ਰਖਹੁ, ਦਾਹਣੀ ਵਲ ਹਿੰਦੂਆਂ ਕੇ ਰਖਹੁ, ਅਤੇ ਬਾਵੀਂ ਵਲਿ ਮੁਸਲਮਾਨਾ ਕੇ ਰਖਹੁ, ਜਿਸਦੇ ਭਲਕੇ ਹਰੇ ਰਹਿਣਗੇ: ਜੇ ਹਿੰਦੂਆਂ ਕੇ ਹਰੇ ਰਹਿਨਿ ਤਾਂ ਜਾਲਹਿੰਗੇ, ਅਤੇ ਜੇ ਮੁਸਲਮਾਨਾਂ ਕੇ ਹਰੇ ਰਹਿਨਗੇ ਤਾਂ ਦਬਹਿੰਗੇ।' ਤਬ ਬਾਬੇ ਸੰਗਤ ਨੂੰ ਹੁਕਮ ਕੀਤਾ, 'ਕੀਰਤਨੁ ਪੜਣਿ' ਤਬ ਸੰਗਤ ਲਗੀ ਕੀਰਤਨਿ ਪੜਣਿ[3]।

ਧਨਾਸਰੀ ਰਾਗ ਹੋਇਆ, ਆਰਤੀ ਗਾਵੀਂ। ਤਿਤ ਮਹਿਲ ਕੀਰਤਨਿ ਹੋਆ, ਸਬਦ, ਤਬ ਸਲੋਕ ਪੜਿਆ:-

> ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ {ਜਪੁਜੀ}

ਜਬ ਸਲੋਕ ਪੜ੍ਹਿਆ, ਗੁਰੂ ਬਾਬੇ ਚਾਦਰ ਉਪਰਿ ਲੈ ਕਰਿ ਮੂਹੋਂ ਵਾਹਿਗੁਰੂ ਕਹਿ ਮੱਥਾ ਟੇਕਿਆ। ਜਬ ਚਾਦਰਿ ਉਠਾਵਨਿ, ਕਛੁ ਨਾਂਹੀ। ਤਦਹੁੰ ਫੁਲ ਦੋਹਾਂ ਕੇ ਹਰੇ ਰਹੇ। ਹਿੰਦੂ ਆਪਣੇ ਲੈ ਗਏ ਅਤੇ ਮੁਸਲਮਾਨ ਆਪਣੇ ਲੈ ਗਏ। ਸਰਬਤ ਸੰਗਤਿ ਪੈਰੀਂ ਪਈ ॥ ਬੋਲਹੁ ਵਾਹਿਗੁਰੂ ॥੧॥ ਸੰਮਤ ੧੫੯੫ [4] ਮਿਤੀ ਅੱਸੂ ਸੁਦੀ ੧੦॥ ਬਾਬਾ ਨਾਨਕ ਜੀ ਸਮਾਣੇ ਕਰਤਾਰਿ ਪੁਰਿ ॥"

{ਪੁਰਾਤਨ ਜਨਮ ਸਾਖੀ}

---

[1] ਇਥੇ 'ਧੰਨ ਸਿਰੰਦਾ ਸਚਾ ਪਾਤਿਸਾਹੁ' ਵਾਲਾ ਸ਼ਬਦ ਹੈ।

[2] ਬਾਰਾਂ ਮਾਹਾ ਤੁਖਾਰੀ ਵਾਲਾ ਸ਼ਬਦ 'ਤੂ ਸੁਣਿ ਕਿਰਤਿ ਕਰੰਮਾ' ਇਥੇ ਹੈ।

[3] ਏਥੇ 'ਜੈ ਘਰਿ ਕੀਰਤਿ' ਵਾਲਾ ਸੋਹਿਲਾ ਰਾਗੁ ਗਉੜੀ ਦੀਪਕੀ ਮ: ੧ ਹੈ।

[4] ਹੋਰ ਸਾਰੇ ਹੀ ਇਤਿਹਾਸਾਂ ਵਿਚ ਸੰਮਤ ੧੫੯੬ ਵਿਚ ਪਰਲੋਕ ਗਵਨ ਲਿਖਿਆ ਹੈ। ਜਾਪਦਾ ਹੈ ੧੫੯੫ ਸੰਮਤ ਗੱਦੀ ਦੇਣ ਦਾ ਹੈ ਤੇ ਸਚਖੰਡ ਪਯਾਨੇ ਦਾ ਸੰਮਤ ੧੫੯੬ ਹੈ।

# ੧੨. ਪ੍ਰਭਾਵਸ਼ਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਗੁਰ ਅਵਤਾਰ ਤੇ ਕਾਰਕ।

## ਕੀਰਤਿ ਕਰਨੀਆਂ, ਕਮਾਲ ਅਤੇ ਆਦਰਸ਼।

### ਸੱਦ ਸੁਣੇਂਦੀਆਂ ਮਾਏ [1]।

ਅੱਧੀ ਰਾਤ ਸਤਾਰਿਆਂ ਵਾਲੀ, ਸਾਨੂੰ ਸੁਤਿਆਂ ਕਿਸਨੇ ਜਗਾਇਆ ?
ਕੋਈ ਨ ਜਾਗੇ, ਕੋਈ ਨ ਦਿੱਸੇ, ਏ ਕਿਸ ਨੇ ਆ ਨਾਦ ਵਜਾਇਆ?
ਅੰਮੀ ਨੀ ! ਇਹ ਵਾਜ ਉਹੋ ਨੀ, ਜੋ ਧੁਰ ਅਸਮਾਨੋਂ ਆਵੇ,
ਚੀਰ ਅਕਾਸ਼ਾਂ ਤੇ ਮੰਡਲਾਂ ਨੂੰ ਛੁਹਛੁਹ ਸਾਡੇ ਸੀਨੇ ਨੂੰ ਆਨ ਵਿੰਨ੍ਹਾਵੇ,
ਖਾ ਮਿਜ਼ਰਾਬ ਸਿਤਾਰਿਆਂ ਵਾਲੀ ਏ ਮੀਂਡ ਨਛੱਤਰੋਂ ਲੈਂਦੀ,
ਥਰਰਾਂਦੀ, ਰਸ ਭਿੰਨੜੀ ਆਂਦੀ ਸਾਨੂੰ ਸੁਤਿਆਂ ਨੂੰ ਆਣ ਜਗਾਂਦੀ।
ਆਪਾ ਤਾਂ ਕੰਬ ਸਰੋਦ ਹੋ ਜਾਂਦਾ ਤੇ ਲੂੰ ਲੂੰ ਲਹਿਰ ਛਿੜਾਂਦੀ

---

[1] ਇਹ ਗੀਤ ਗੁਰਪੁਰਬ ਪੁੰਨਮ ਸੰ:ਗੁ:ਨਾ:ਸਾ: ੪੫੫ (੧੯੨੩ ਈ:) ਨੂੰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਹੋਇਆ ਸੀ।

ਸਾਜ਼ ਛਿੜੇ ਜਿਉਂ ਲਰਜ਼ ਛਿੜੇਂਦੀ ਤੇ ਰੂਪ ਰਾਗ ਬਨ ਜਾਂਦੀ।
ਓਹੋ ਸਦ ਮਾਹੀ ਦੀ ਸਈਓ! ਜੋ ਮੁੜ ਮੁੜ ਫੇਰਾ ਪਾਵੇ,
ਓਹੋ ਲਹਿਰ ਸੰਗੀਤ ਸੁਹਣੇ ਦੀ ਜੋ ਟੁੰਬ ਟੁੰਬ ਪੀੜ ਛਿੜਾਵੇਂ;
ਓਹੋ ਸੱਦ ਅਰਸ਼ ਤੋਂ ਆਵੇ ਨੀ ਉਹੋ ਤਣੀ ਖਿਚਾਵੇ,
ਓਹੋ 'ਪਯਾਰ-ਕਣੀ ਉਸ ਸਦ ਦੀ ਜੋ ਖੁੱਭ ਕਲੇਜੇ ਜਾਵੇ।
ਓਸੇ 'ਪਯਾਰ-ਧੁਨੀ' ਅਨੀ ਸਹੀਓ! ਸਾਨੂੰ ਫੇਰ ਆ ਟੁੰਬ ਜਗਾਇਆ,
ਗ਼ਾਫ਼ਲ ਸੁਤਿਆਂ ਵਿੱਚ ਕਲਾਈ ਸੋਹਣੇ ਦੀ ਚੁਕ ਪਾਇਆ।
ਅਸੀਂ ਜਾਤਾ ਸੀ' ਅਸੀਂ ਪਯਾਰ ਕਰੇਂਦੇ ਤੇ ਸ਼ਹੁ ਤੋਂ ਸਦਕੇ ਜਾਈਏ"
"ਅਗੇ ਬੇਪਰਵਾਹ ਉਹ ਸੁਹਣਾ ਅਸੀਂ ਆਪਾ ਘੋਲ ਘੁਮਾਈਏ। '
ਝੂਠ ਨੀ ਸਹੀਓ ! ਝੂਠ ਭੁਲੇਂਵਾਂ, ਸਾਨੂੰ ਮਾਰ ਨ ਪਯਾਰ ਕਰਨ ਦੀ,
ਪਯਾਰ ਕਰੇ ਸਾਨੂੰ ਪ੍ਰੇਮੀ ਬਨਾਵੇ ਉਹਨੂੰ ਜਾਚ ਹੈ ਪਯਾਰ ਭਰਨ ਦੀ।
ਆਪੇ ਓ ਸਾਨੂੰ ਟੁੰਬ ਜਗਾਵੇ ਤੇ ਸੁਤਿਆਂ ਨੂੰ ਨਾਦ ਸੁਣਾਵੇ;
ਸੱਦ ਅਰਸ਼ ਤੋਂ ਵੰਝਲੀ ਦੀ ਆਪੇ ਸਾਡੇ ਸੀਨੇ ਦੇ ਵਿੱਚ ਖੁਭਾਵੇ!
ਆਪੇ ਪਯਾਰ ਪੰਘੂੜੇ ਪਾਏ ਅਸੀਂ ਉਸ ਦੇ ਚੜ੍ਹੇ ਹੁਲਾਰੇ।
ਅਸੀਂ ਕਹੀਏ ਅਸੀਂ ਪਯਾਰਾਂ ਵਾਲੇ ਸਾਡੇ ਸ਼ਹੁ ਜੀ ਰਹਿਨ ਨਿਆਰੇ।
ਅੰਮਾਂ ਨੀ, ! ਅਜ ਫੇਰ ਸਜਨ ਨੇ ਸਾਨੂੰ ਫੇਰ ਨੀ ਟੁੰਬ ਜਗਾਇਆ;
ਅਰਸ਼ਾਂ ਅਕਾਸ਼ਾਂ ਤੋਂ ਵਿੰਨ੍ਹ ਵਿੰਨ੍ਹੇਂਦਾ ਉਹਦਾ ਪ੍ਰੇਮ ਸੰਦੇਸੜਾ ਆਇਆ।
ਕਰ ਸ਼ਿੰਗਾਰ ਸਿਰ ਗੁੰਦ ਦੇ ਮੇਰਾ ਮੇਰੇ ਹਥਾਂ ਨੂੰ ਮਹਿੰਦੀ ਲਾਈਂ।
ਰੂਪ ਦੀ ਰੱਤੀ ਚਾੜ੍ਹਦੇ ਮੈਨੂੰ ਮੈਨੂੰ ਸੁਹਣਾ ਲਵੇ ਗਲ ਲਾਈ।
ਛੋੜ ਨੀ ਅੰਮੀਏ ! ਮੋਹ ਮੁਹਾਬੇ ਹੁਣ ਸ਼ਹੁ ਦੀ ਸ਼ਹੁ ਦੀ ਹੋਵਾਂ।
ਨਿਰੀ ਨਿਰੀ ਉਸ ਮਾਹੀ ਦੀ ਹੋਵਾਂ ਮੈਂ ਓਸੇ ਦੇ ਪਯਾਰ ਪੁਰੋਵਾਂ।
ਹਾਇ! ਸਵਾਂ ਨ ਮੈਂ ਗ਼ਾਫ਼ਲ ਹੋ ਕੇ, ਸਾਨੂੰ ਲੋਰੀ ਦਈਂ ਨ ਤੂੰ ਮਾਏ !
ਸਦਾ ਜਗੇਂਦੇ ਦੇ ਸਦ-ਰੰਗ-ਰੱਤੀ ਰਹਾਂ ਸੁਹਣੇ ਦੇ ਅੰਕ ਸਮਾਏ !
ਟੁੰਬ ਕਲੇਜਾ ਵਲੂੰਧ੍ਰਨ ਵਾਲੀ ਸਾਨੂੰ ਸੱਦ ਸੁਣੇਂਦੀਆਂ ਮਾਏ !
ਕੰਨ ਸੁਣੀਵਣ ਵਾਲੀ ਨ ਸੱਦ ਏ ਇਹ ਤਾਂ ਪ੍ਰੇਮ ਸੰਦੇਸੜਾ ਮਾਏ !
ਸੈਨਤ ਏ ਖਿਚਣ ਕਲੇਜਿਆਂ ਵਾਲੀ ਉਸ ਪਿਆਰ ਦੇ ਅੰਕ ਮਿਲਾਏ
ਫਰਸ਼ਾਂ ਤੇ ਬੈਠਿਆਂ ਅਰਸ਼ਾਂ ਦੇ ਝੂਟੇ ਇਹ ਸੱਦ ਝੂਟਾਂਦੀ ਆ ਮਾਏ !
ਅਰਸ਼ਾਂ ਤੋਂ ਕੁੰਡੀਆਂ ਲਾਇ ਟੁੰਬੇਂਦੀ ਤੇ ਫਰਸ਼ਾਂ ਤੋਂ ਖਿੱਚ ਉਠਾਏ !
ਪਯਾਰੇ ਦੇ ਅੰਕ ਮਿਲਾਏ, ਨੀ ਮਾਏ ! ਏ ਸੁਹਣੇ ਦੇ ਅੰਕ ਸਮਾਏ !

ਸੂਚਨਾ-ਸ੍ਰੀ ਗੁਰੂ ਜੀ ਦੇ ਕਈ ਭਵਰਿਆਂ ਦੇ ਜੀਵਨ ਝਾਕੇ ਜੋ ਗੁਰੂ ਜੀ ਦੇ ਸਮੇਂ ਹੋਏ ਤੇ ਕਿਵੇਂ ਉਨ੍ਹਾਂ ਦੇ ਦਵਾਰੇ ਆ ਗੁੰਜਾਰੇ, ਪਿਛਲੇ ਵਰਿਹਾਂ ਵਿਚ ਅੱਡ ਅੱਡ ਸਮਿਆਂ ਤੇ ਅੰਕਿਤ ਹੁੰਦੇ, ਛਪਦੇ, ਪ੍ਰਚਾਰ ਪਾਉਂਦੇ ਰਹੇ ਹਨ ਯਾ ਨਵੇਂ ਲਿਖੇ ਗਏ, ਓਹ ਲਗ ਪਗ ਸਾਰੇ ਇਸ ਸੰਚਯ ਵਿਚ ਪਿੱਛੇ ਆ ਗਏ ਹਨ। ਹੁਣ ਇਸ ਥਾਵੇਂ ਸ੍ਰੀ ਗੁਰੂ ਜੀ ਦੇ ਸ੍ਰਤ, ਸ੍ਵੈ ਤੇਜ ਤੇ ਸ੍ਵਤੇ ਪ੍ਰਕਾਸ਼ ਪ੍ਰਭਾਵ ਸ਼ੁਭ ਗੁਣ, ਕੀਰਤ ਕਰਨੀਆਂ, ਕਮਾਲਾਂ ਤੇ ਖੂਬੀਆਂ ਸੰਬੰਧੀ ਜੋ ਖਿਆਲ ਕਦੀ ਕਦੀ ਲਿਖੀਂਦੇ ਰਹੇਂ ਅਗਲੇ ਪੰਨਿਆਂ ਵਿਚ ਆਉਣਗੇ ॥ ਪਹਿਲਾਂ ਤੇ ਖੂਬੀਆਂ ਸੰਬੰਧੀ ਜੋ ਖਿਆਲ ਕਦੀ ਕਦੀ ਲਿਖੀਂਦੇ ਰਹੇਂ ਅਗਲੇ ਪੰਨਿਆਂ ਵਿਚ ਆਉਣਗੇ। ਪਹਿਲਾਂ ਕੁਛ ਇਤਿਹਾਸਿਕ ਗੱਲਾਂ ਦਾ ਸੰਚਯ ਆਵੇਗਾ ਜੋ ਕਿ ਸ੍ਰੀ ਗੁਰੂ ਜੀ ਦੇ ਜੀਵਨ ਸੰਬੰਧੀ ਗੁਰਬਾਣੀ ਤੋਂ ਚੁਣੀਆਂ ਗਈਆਂ ਹਨ।

# ੯੨. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸੰਕਲਤ [1]।

ਹੁਨਾਲੇ ਦੀ ਘਬਰਾਵੀਂ ਬਹਾਰ ਟੁਰ ਗਈ, ਬਰਸਾਤ ਦਾ ਜੀ ਮਿਚਕਾਵਾਂ ਮੌਸਮ ਮੁੱਕ ਗਿਆ, ਠੰਢੀ ਠੰਢੀ ਸੁਹਾਵੀ, ਸੁਹਣੀ ਗੁਲਾਬੀ ਰੁੱਤ ਆ ਗਈ: ਰਾਤ ਦਾ ਸਮਾਂ ਹੈ, ਚਾਂਦਨੀ ਖਿੜ ਰਹੀ ਹੈ। ਭਾਵੇਂ ਪੁੰਨਿਆ ਦਾ ਪੂਰਨ ਚੰਦ ਅਜੇ ਕਲ ਨੂੰ ਚੜ੍ਹੇਗਾ, ਪਰ ਅਜ ਭੀ ਚਾਂਦਨੀ ਦੇ ਨਿਖਾਰ ਵਿਚ ਕਸਰ ਨਹੀਂ ਜਾਪਦੀ।

ਇਕ ਘਰ ਦੀ ਧੁਰ ਛੱਤ ਉਤੇ ਸਾਰਾ ਪਰਿਵਾਰ ਬੈਠਾ ਹੈ, ਵਡੇ ਸਰਦਾਰ ਜੀ ਹੁਣੇਂ ਕਿਤੋਂ ਬਾਹਰੋਂ ਆਏ ਹਨ ਤੇ ਪ੍ਰਸ਼ਾਦ ਛਕ ਰਹੇ ਹਨ। ਪ੍ਰਸ਼ਾਦ ਤੋਂ ਵਿਹਲੇ ਹੋ ਕੇ ਆਪ ਬੋਲੇ: 'ਪੰਜਾਬ ਦੇ ਸਾਹੇ ਪਿਆਰੇ ਪੁਰਾਣੇ ਰੰਗ ਟੁਰੇ ਜਾਂਦੇ ਹਨ ਤੇ ਨਵੇਂ ਰੰਗਾਂ ਨੇ ਸੁਹਣੇ ਸੁਆਦਾਂ, ਅਦੋਸ਼ ਰਸਾਂ ਤੇ ਸੁਹਾਵੇ ਚਾਵਾਂ ਨੂੰ ਭੀ ਗੁਆ ਦਿੱਤਾ ਹੈ, ਵਿਸਮਾਦੀ ਰੰਗਾਂ ਰਸਾਂ ਵਲੋਂ ਤਾਂ ਪਿੱਠ ਹੀ ਫਿਰੀ ਜਾ ਰਹੀ ਹੈ, ਗਿਣਤੀ, ਲੇਖਾ, ਦਿਖਾਵਾ, ਬਨਾਵਾ, ਅਕੜਫੂੰ ਵਿੱਥ ਵਿੱਥ, ਪਰੇ ਪਰੇ, ਮੈਂ ਮੈਂ ਦਾ ਤੋਰਾ ਤੋਰ ਦਿਤਾ ਹੈ। ਜੇ ਕਿਤੇ ਕੁਛ ਡੂੰਘੀ ਵਿਦਆ ਹੈ ਤਾਂ ਨਿਰੀ ਖੁਸ਼ਕ ਅਕਲ ਵਲ ਜਾ ਰਹੀ ਹੈ ਤੇ ਜੀਵਨ ਦੇ ਦੂਸਰੇ ਹਿੱਸਿਆਂ ਨੂੰ ਭੁਲਾ ਰਹੀ ਹੈ।

ਇਸ ਵਿਸ਼ੇ ਤੇ ਕਿੰਨਾਂ ਚਿਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਇੰਨੇ ਨੂੰ ਨਿੱਕੀ ਕਾਕੀ, ਜੋ ਨਾਲ ਦੇ ਘਰ ਕੁੜੀਆਂ ਨਾਲ ਖੇਡਦੀ ਬੁਝਾਰਤਾਂ ਪਾਉਂਦੀ ਪਈ ਸੀ, ਘਰ ਆ ਗਈ ਤੇ ਵਡੇ ਵੀਰ ਦੇ ਗਲ ਲਿਪਟ ਕੇ ਆਖਣ ਲੱਗੀ, "ਵੀਰ ਜੀ ! ਬੁਝਾਰਤਾਂ ਪਾਓ"। ਵੀਰ ਜੀ ਹੱਸ ਪਏ ਤੇ ਭੈਣ ਨੂੰ ਗੋਦੀ ਬਿਠਾ ਲਿਆ। ਸਰਦਾਰ ਜੀ ਮੁਸਕ੍ਰਾਏ; ਪਰ ਵੱਡੀ ਭੈਣ ਬੋਲੀ, 'ਵੀਰ ਜੀ ! ਉਹੋ ਗਲ ਹੋਈ ਨਾ ਜੋ ਹੁਣੇ ਪਿਤਾ ਜੀ ਕਹਿ ਰਹੇ ਸਨ। ਕਿਹੇ ਸੁਆਦਲੇ ਦਿਨ ਹੁੰਦੇ ਸਨ ਜਦੋਂ ਰਾਤਾਂ ਨੂੰ ਬੈਠ ਬੁਝਾਰਤਾਂ ਪਾਈਦੀਆਂ ਸਨ ਤੇ ਸਾਰਾ ਜੱਗ ਭੁੱਲ ਜਾਂਦਾ ਸੀ, ਇਕ ਬੁਝਾਰਤ ਬੁੱਝੀ ਜਾਵੇ ਤਾਂ ਸੁਆਦ ਦਾ ਅੰਤ ਨਹੀਂ ਸੀ ਰਹਿੰਦਾ।

ਮਾਤਾ ਬੋਲੀ: ਲਾਲ ਜੀ! ਜੇ ਤੁਸੀਂ ਪੱਛਮੀ ਵਿਦਯਾ ਪਾ ਗਏ ਹੋ, ਤਾਂ ਸੁਆਦਲੀਆਂ ਗਲਾਂ ਤਾਂ ਨਾ ਨਾ ਛਡੋ, ਰੁੱਖੇ ਰੁੱਖੇ ਨਾ ਹੁੰਦੇ ਜਾਓ। ਭੈਣਾਂ ਭਰਾਵਾਂ ਦੇ ਪਯਾਰ ਤੇ ਮਿਠੇ ਭਾਂਵਾ ਤੋਂ ਆਪਣੇ ਆਪ ਨੂੰ ਸੱਖਣਾ ਨਾ ਕਰ ਲਓ। ਨਿਰੀ ਅਕਲ ਤੇ ਓਪਰੀ ਵਿਦਯਾ ਤਾਂ ਮੈਂ ਬੀ ਪਈ ਵੇਖਦੀ ਹਾਂ ਕਿ ਖਰ੍ਹਵਾ ਝਾਂਵਾਂ ਬਣਾ ਦੇਂਦੀ ਹੈ। ਧਰਮ ਭਾਵ ਤੇ ਸੁੱਚਾ ਪਿਆਰ ਤੇ ਮਨ ਵਿਚ ਦ੍ਰਵਣ ਦਾ ਗੁਣ ਤੇ ਅਦੋਸ਼ ਰਸ ਏਹ ਘਟਦੇ ਜਾਂਦੇ ਹਨ।

ਇਹ ਬਰਖੁਰਦਾਰ ਜੀ ਇਕ ਹੋਣਹਾਰ ਨੌਜਵਾਨ ਸਨ ਜੋ ਐਮ. ਏ. ਪਾਸ ਕਰ ਚੁੱਕੇ ਸਨ ਤੇ ਵਕਾਲਤ ਪੜ੍ਹ ਰਹੇ ਸਨ। ਪਰ ਇਨ੍ਹਾਂ ਦੀ ਵਿਦਯਾ ਵਿਚ ਲਾਇਕ ਪਿਤਾ ਨੇ ਕੁਛਕੁ ਰਹਿਨੁਮਾਈ ਆਪਣੇ ਹੱਥ ਰਖੀ ਹੋਈ ਸੀ। ਪੁਤ੍ਰਾਂ ਨੂੰ ਸਦਾ ਵਿਦਯਾ ਦੇ ਤੱਤਸਾਰ ਵਲ ਝੁਕਾਉਂਦੇ ਉੱਚੇ ਆਦਰਸ਼ ਸਮਝਾਉਂਦੇ ਤੇ ਆਤਮ ਸੁਖ ਦੀ ਰਹਿਨੁਮਾਈ ਕਰਦੇ ਰਹਿੰਦੇ ਸਨ। ਆਪਣੀ ਪ੍ਰਾਗਲਭ ਬੁੱਧੀ ਤੇ ਸੱਚੀ ਕਰਨੀ ਤੇ ਕਰਮ ਦੀ ਰਸੱਗਯਤਾ ਕਰਕੇ ਓਹ ਬੇਟੇ ਨੂੰ ਆਪਣੇ ਅੰਤ੍ਰੀਵ ਤੇ ਬਾਹਰਲੇ ਤਜਰਬੇ ਦੀਆਂ ਮਰਮੀ ਗੱਲਾਂ ਦੱਸਣ ਦੀ ਐਸੀ ਯੋਗਤਾ ਰਖਦੇ ਸੇ ਕਿ ਆਪਣੀ ਡੂੰਘੀ ਵੀਚਾਰ ਬੇਟੇ ਨੂੰ ਉਹਨਾਂ ਦੇ ਅੱਗੇ ਝੁਕਾ ਦੇਂਦੀ ਤੇ ਸਫਲ ਵਿਦਵਾਨ ਤੇ ਕਰਨੀ ਵਾਲਾ ਵਿਦਵਾਨ ਬਨਾਉਣ ਵਲ ਪ੍ਰੇਰਦੀ ਰਹਿੰਦੀ ਸੀ। ਅੱਜ ਬੀ ਜਦ ਆਪਣੇ ਕਾਕੇ ਦੀ ਮਾਂ ਵਲੋਂ ਇਕ ਐਸਾ ਵਾਕ ਸੁਣਿਆ, ਜੋ ਸੀ ਤਾਂ ਸਾਧਾਰਨ, ਪਰ ਸੀ ਠੀਕ ਤੇ ਬੜੇ ਵਿਸਥਾਰ ਹੋ ਸਕਣ ਵਾਲੀ ਅਕਲਮੰਦੀ ਦਾ, ਤਾਂ ਸਰਦਾਰ ਜੀ ਲਾਲ ਜੀ ਵਲ ਪਿਤ੍ਰੀ ਪ੍ਰੇਮ ਨਾਲ ਤੱਕੇ ਤੇ ਬੋਲੇ:--

ਲਾਲ ਜੀ ! ਤੁਸਾਡੀ ਮਾਤਾ ਜੀ ਨੇ ਇਕੋ ਟੱਪਾ

---

[1] ਇਹ ਲੇਖ ਸੰ: ਗੁ: ਨਾ: ਸਾ: ੪੪੯ {੧੯੧੭ ਈ:} ਦੇ ਗੁਰਪੁਰਬ ਪੁੰਨਮ ਪਰ ਖਾਲਸਾ ਸ਼ਮਾਚਾਰ ਦਾ ਸਿਰਲੇਖ ਹੋਕੇ ਪ੍ਰਕਾਸ਼ਿਆ ਸੀ।


www.sikhbookclub.com

ਕਿਹਾ ਹੈ, ਪਰ ਉਹ ਸੰਗੀਤਕ ਹੈ। ਉਸ ਵਿਚ ਅਕਲ ਬੀ ਹੈ ਤੇ ਰਸ ਬੀ, ਤਯਾਗ ਬੀ ਹੈ ਤੇ ਸੁਆਦ ਬੀ।

ਬੇਟਾ-ਕਿਵੇਂ ਪਿਤਾ ਜੀਓ !

ਪਿਤਾ-ਲਾਲ! ਇਨਸਾਨ ਇਕ ਮਿਸ਼੍ਰਤ ਸ਼ੈ ਹੈ। ਕਿਸੇ ਇਕ ਆਸ਼ੇ ਭਾਵ ਯਾ ਵਸਤੂ ਦਾ ਬਣਿਆ ਨਹੀਂ। ਇਸ ਦੇ ਅੰਦਰ ਵਲਵਲੇ ਹਨ, ਮਨ ਹੈ ਮਨ ਦੇ ਉਛਾਲ ਹਨ, ਫੇਰ ਬੁੱਧੀ ਦੀ ਰਹਨੁਮਾਈ ਸੇਧ ਬੱਝਵੀਂ ਤੇ ਰੁੱਖੀ ਰੁੱਖੀ ਹੁੰਦੀ ਹੈ। ਫੇਰ ਸਾਡੇ ਅੰਦਰ ਦਇਆ ਹੈ, ਤਯਾਗ ਹੈ, ਪ੍ਰੇਮ ਹੈ ਉਤਸਾਹ ਹੈ! ਸੁੰਦਰਤਾ ਦੇ ਝਲਕੇ ਤੇ ਕੋਈ ਮਨ ਪਰ ਪ੍ਰਤੀਤ ਦੇਣ ਵਾਲਾ ਰਸ-ਅਨੁਭਵ ਹੈ, ਆਪੇ ਵਿਚ ਟਿਕਾਉ ਦੀ ਕੋਈ ਹਾਲਤ ਹੈ, ਉਸ ਵਿਚ ਠੰਢ, ਸੁਆਂ ਤੇ ਮਗਨਤਾ ਹੈ। ਸੋ ਕਈ ਗਲਾਂ ਦਾ ਸੰਗਮ ਹੈ ਇਨਸਾਨ।

ਪੁਤ੍ਰ-ਜ਼ਰਾ ਖੋਹਲਕੇ ਦੱਸੋ ਨਾ ਜੀ?

ਪਿਤਾ-ਸਾਡੇ ਅੰਦਰ ਇਕ ਤਾਂ ਵਲਵਲੇ ਓਹ ਹਨ ਜੋ ਪਸ਼ੂਆਂ ਨਾਲ ਸਾਂਝੇ ਹਨ, ਇਨ੍ਹਾਂ ਨੂੰ ਹਦਬੰਦੀ ਵਿਚ ਰੱਖਣ ਵਾਸਤੇ ਤੇ ਦਰੁਸਤ ਵਰਤਾਉ ਵਿਚ ਵਰਤਣ ਵਾਸਤੇ ਹੈ ਅਕਲ ਯਾ ਬੁੱਧੀ। ਅਕਲ ਮਾਂਜੀ ਦੀ ਹੈ ਵਿਦਯਾ ਨਾਲ ਤੇ ਨਿਜ ਤਜਰਬੇ ਨਾਲ ਪਰ ਅਕਲ ਨਾਲ ਮਨ ਦੇ ਵਲਵਲੇ ਨੂੰ ਰੋਕਾਂ ਪਾਉਂਦਿਆਂ ਇਕ ਰੁੱਖਾ ਪਨ ਤੇ ਗਮਰੁੱਠਤਾ ਜੇਹੀ ਆ ਜਾਂਦੀ ਹੈ। ਇਹ ਗਮਰੁੱਠਤਾ ਵਧੇ ਤਾਂ ਸਰੀਰ ਤੇ ਮਨ ਰੋਗੀ ਕਰ ਦੇਣ ਦਾ ਅਸਰ ਬੀ ਰਖਦੀ ਹੈ। ਇਸ ਦੇ ਖਰ੍ਹਵਾਪਨ ਤੇ ਕੋਰਾਪਨ ਨੂੰ ਨਰਮ ਕਰਨ ਲਈ ਤੇ ਉੱਚੇ ਰਸਾਂ ਵਿਚ ਪ੍ਰਵੇਸ਼ ਕਰਨ ਲਈ ਫਿਰ ਉਥੇ ਵਲਵਲਿਆਂ ਨਾਲ ਅਕਲ ਨੂੰ ਰੰਗੀਦਾ ਹੈ। ਇਸ ਰੰਗਣ ਨਾਲ ਮਨ ਸੁਹਣੀ ਰੋਕ ਵਿਚ ਬੀ ਆ ਜਾਂਦਾ ਹੈ, ਅਰੋਗ ਬੀ ਰਹਿੰਦਾ ਹੈ ਤੇ ਜੀਵਨ ਦਾ ਰਸ ਬੀ ਮਾਣੀਂਦਾ ਹੈ। ਹਾਂ, ਆਪਾ ਉੱਚਾ ਹੋਕੇ ਉੱਚੇ ਰਸਾਂ ਨੂੰ ਮਾਣਦਾ ਹੈ। ਜਿਸ ਤੋਂ ਅਗੇ ਫਿਰ ਆਤਮ ਸੁਖ ਦੱਸੀਦਾ ਹੈ। ਪੱਛਮੀ ਵਿਦਯਾ ਦੀ-ਜਿਥੋਂ ਤਾਂਈਂ ਇਹ ਹੁਣ ਤਾਂਈਂ ਅੱਪੜੀ ਹੈ, ਜਾਂ ਸਾਡੇ ਲੋਕਾਂ ਪੜ੍ਹੀ ਹੈ-ਵਡੀ ਕਮੀ ਇਹ ਹੈ ਕਿ ਇਹ ਅਕਲ ਯਾ ਦਲੀਲ ਤੇ ਜਾ ਕੇ ਬੱਸ ਕਹਿਕੇ ਅੱਗੇ ਦਾ ਦਰ ਖਟਖਟਾਉਣੋਂ ਰੁਕ ਖੜੋਂਦੀ ਹੈ ਤੇ ਖਰ੍ਹਵੀ ਹੋਕੇ ਹੋਰ ਉਚੇਰੀ ਗਲ ਨੂੰ ਟਿਚਕਰਾਂ ਕਰਨ ਵਲ ਲੈ ਜਾਂਦੀ ਹੈ। ਯਾ ਜੇ ਇਹ ਠੀਕ ਟੁਰੇ ਤਾਂ ਆਦਮੀ ਨੂੰ ਕੁਛ ਵੱਖਰਾ, ਅੱਡਰਾ ਰਹਿਣੇ ਵਾਲਾ, ਰੁੱਖਾ ਰੁੱਖਾ ਜਿਹਾ ਬਣਾ ਕੱਢਦੀ ਹੈ। ਆਮ ਤੌਰ ਤੇ ਇਸ ਨਾਲ ਖ਼ੁਦੀ ਤੇ ਖ਼ੁਦਗਰਜ਼ੀ ਵਧ ਰਹੀ ਦਿੱਸ ਰਹੀ ਹੈ। ਯਾ ਸ਼ਾਇਦ ਇਉਂ ਆਖਣਾ ਵਧੇਰੇ ਠੀਕ ਹੈ ਕਿ ਲੋਕੀਂ ਪੱਛਮੀ ਵਿਦਯਾ ਇੰਨੀ ਥੋੜੀ ਪਾਉਂਦੇ ਹਨ ਕਿ ਅਪਣੀ ਇਸ ਤੋਂ ਸਿਖਯਤ ਹੋਈ ਅਕਲ ਨੂੰ 'ਸੰਪੂਰਨ ਜੀਵਨ' ਸਮਝਕੇ ਅਟਕ ਖੜੋਂਦੇ ਹਨ, ਪਰ ਲਾਲ ਜੀਓ! ਅਸੀਂ ਨਿਰੀ ਬੁੱਧੀ ਨਹੀਂ, ਨਾ ਨਿਰਾ ਮਨ ਹਾਂ। ਅਸੀਂ ਮਨ ਬੀ ਹਾਂ ਤੇ ਬੁੱਧੀ ਬੀ ਹਾਂ ਤੇ ਹੋਰ ਉਚੇਰੇ ਬੀ ਹਾਂ, ਸੋ ਸਾਨੂੰ 'ਉਚੇਰਾ ਜੀਵਨ' ਜ਼ਰੂਰ ਲੱਭਣਾ ਚਾਹੀਏ। ਸਾਡਾ ਪਹਿਲਾ ਆਪਾ ਸਾਧਾਰਣ ਵਲਵਲਿਆਂ ਵਾਲਾ ਸਾਨੂੰ ਪਸ਼ੂ ਸ਼੍ਰੇਣੀ ਤੋਂ ਉਚਾ ਨਹੀਂ ਬਣਾਉਂਦਾ, ਉਸ ਨਾਲ ਅਸੀਂ ਸ਼ਰੀਰਕ ਸੁਆਦਾਂ ਦੇ ਮਾਣਨ ਤਕ ਅੱਪੜਦੇ ਹਾਂ। ਅਕਲ ਸਾਨੂੰ ਉਹਨਾਂ ਤੋਂ ਉੱਚਾ ਬਣਾਉਂਦੀ ਹੈ ਤੇ ਆਪੇ ਨੂੰ ਸਮਝਣ, ਉਸ ਤੇ ਕਾਬੂ ਪਾਉਣ ਤੇ ਉਸ ਨੂੰ ਅਦਲ ਤੇ ਤੋਲ ਵਿਚ ਤੁਰਨ ਦੀ ਜਾਚ ਦੱਸਦੀ ਹੈ। ਅਕਲ (ਬੁੱਧੀ) ਬੜੀ ਸ਼ੈ ਹੈ, ਪਰ ਅਕਲ ਸਾਡੀ ਸਰਬਗਯ ਨਹੀਂ, ਨਾ ਸਾਡਾ ਸਾਰਾ ਜੀਵਨ ਨਿਰਾ 'ਬੁੱਧੀ' ਮਾਤ੍ਰ ਹੈ, ਬੁੱਧੀ ਸਾਨੂੰ ਸਾਡੇ ਜੀਵ ਸ਼੍ਰੇਣੀ ਵਾਲੇ ਵਲਵਲਿਆਂ ਤੇ ਕਾਬੂ ਸਿਖਾਲਦੀ ਹੈ। ਉਹ ਕਾਬੂ ਕਈ ਵੇਰ ਇੰਨਾਂ ਕਰੜਾ ਤੇ ਜੜ੍ਹ ਹੋਕੇ ਪੈਂਦਾ ਹੈ ਕਿ ਅੰਦਰ ਕਈ ਪ੍ਰਕਾਰ ਦੀਆਂ ਬੱਝਾਂ ਪੈਕੇ ਮਨ ਦੀ ਅਰੋਗਤਾ ਨਾਸ਼ ਹੋ ਜਾਂਦੀ ਹੈ ਤੇ ਕਈ ਵੇਰ ਓਹ ਸਰੀਰ ਰੋਗੀ ਕਰ ਦੇਂਦੀ ਹੈ। ਇਸ ਲਈ ਸਤਿਗੁਰਾਂ ਨੇ ਉੱਚੇ ਭਾਵਾਂ ਵਿਚ ਜਾਣਾ ਦੱਸਿਆ ਹੈ।

ਏਹ ਸਾਡੇ ਵਲਵਲਿਆਂ ਨੂੰ ਬੁਝਾਕੇ ਮੁਰਦਾ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਅਕਲ ਦੇ ਬਾਰੇ ਵਿਚੋਂ ਖਿੱਚਕੇ ਤੇ ਫੇਰ ਕੋਮਲ ਤੇ ਉੱਚਿਆਂ ਕਰਕੇ ਸਾਨੂੰ ਕਿਸੇ ਰਸ ਵਿਚ ਰਖਦੇ ਹਨ ਤੇ ਆਪਾ 'ਸ਼ਰੀਰਕ ਰਸ ਮਾਣਨ' ਅਤੇ ਬੁੱਧੀ ਦੇ ਸਿਖਾਏ 'ਤਯਾਗਾਂ' ਤੋਂ ਉਚਾ ਉੱਠਕੇ ਆਪੇ ਦੇ ਅਨੁਭਵ ਵਿਚ ਰਸ ਲੈਂਦਾ ਹੈ ਤੇ ਇਸ ਸ੍ਵੈ ਅਨੁਭਵ ਤੋਂ ਅਗੇਰੇ ਪਰਮਾਤਮਾ ਦੀ ਸ਼ਰਨ ਯਾ ਮੇਲ ਦੇ ਰਸ ਵਿਚ ਜਾਂਦਾ ਹੈ। ਮੇਰਾ ਮਤਲਬ ਇਹ ਹੈ ਕਿ ਇਨਸਾਨ ਜੋ ਆਪਣੀ ਤ੍ਰੁੱਕੀ ਸਰਬ ਅੰਗਾਂ ਵਿਚ

ਕਰਦਾ ਹੈ ਉਹ ਫੇਰ ਇਕ ਸ਼ਖਸੀਅਤ ਬਣ ਜਾਂਦਾ ਹੈ। ਨਿਰੀ ਇਕ ਪੱਖ ਦੀ ਤੁੱਕੀ ਇਸ ਨੂੰ ਇਕਵਾਸੀ ਤੁੱਕੀ ਦੇਂਦੀ ਹੈ। ਇਹ ਇਕ ਵਜਕਤੀ ਮਾਤ੍ਰ ਬਣਾਉਂਦੀ ਹੈ, ਪਰ ਇਨਸਾਨ ਵਿਚ ਸਾਰੀਆਂ ਤਾਕਤਾਂ ਹੋਣ ਕਰਕੇ ਸਾਰਿਆਂ ਦੇ ਪਰਸਪਰ ਯੋਗ ਮਿਲਾਪ ਤੇ ਯੋਗ ਉੱਨਤੀ ਨਾਲ ਹੀ ਇਨਸਾਨ ਪੂਰੀ ਤੁੱਕੀ ਕਰ ਸਕਦਾ ਹੈ। ਸਾਰੀਆਂ ਤਾਕਤਾਂ ਦੇ ਮੁਨਾਸਬ ਉੱਨਤ ਹੋਣ ਨਾਲ ਇਨਸਾਨ ਦਾ ਪੁਰਖੱਤ੍ਵ-ਸ਼ਖਸੀਅਤ-ਬਣਦੀ ਹੈ; ਜੋ ਇਕ ਜੀਉਂਦੀ ਜਾਗਦੀ, ਅਰੋਗ ਸਰਬ ਗੁਣਾਂ ਵਿਚ ਉੱਨਤ ਇਨਸਾਨੀ ਕਮਾਲ ਦੀ ਹਾਲਤ ਹੈ। ਐਸੇ ਉੱਨਤ ਪੁਰਖ ਨੂੰ ਦਸਮੇ ਪਾਤਸ਼ਾਹ ਨੇ 'ਖਾਲਸਾ' ਆਖਿਆ। ਖਾਲਸਾ ਇਕ ਆਦਰਸ਼ਕ-ਹਰ ਪਹਿਲੂ ਵਿਚ ਉੱਨਤ-ਸ਼ਖਸੀਅਤ ਦਾ ਨਾਮ ਹੈ। ਲਾਲ ਜੀ! ਇਹ ਜ਼ਰਾ ਲੰਮੇ ਵੇਰਵੇ ਵਾਲਾ ਹਾਲ ਹੈ, ਕਦੇ ਫੇਰ ਸਹੀ। ਸੰਖੇਪ ਗਲ ਇਹ ਹੈ ਕਿ ਬੁੱਧੀ ਦੀ ਮਾਂਜ ਨਾਲ ਸਾਧਾਰਣ ਵਲਵਲੇ ਤੇ ਭਾਵਾਂ ਨੂੰ ਉੱਚਿਆਂ ਕਰਨਾ ਚਾਹੀਏ ਤੇ ਬੁੱਧੀ ਨੂੰ ਮਾਂਜਦਿਆਂ ਸਾਨੂੰ ਅਦੋਸ਼ ਰਸਾਂ; ਮਾਸੂਮ ਸੁਆਦਾਂ ਨੂੰ ਨਾਲ ਰਖਣਾ ਚਾਹੀਏ ਤੇ ਉਚੇ ਭਾਵਾਂ ਵਲ ਮਨ ਦੀ ਗਤੀ ਨੂੰ ਲੈ ਜਾਣਾ ਚਾਹੀਏ ਤੇ 'ਵਿਸਮਾਦ ਰਸ' ਦੀ ਛੁਹ ਪ੍ਰਾਪਤ ਕਰਨੀ ਚਾਹੀਏ। ਇਧਰ ਆਪਣੇ ਭਾਵਾਂ ਨੂੰ ਗਮਰੁੱਠ ਕਰਨਾ, ਕੱਟਣਾ, ਮਾਰ ਦੇਣਾ ਆਪੇ ਨੂੰ ਐਉਂ ਕੱਟਣਾ ਹੈ ਜਿਵੇਂ ਪਿਉਂਦੀ ਬੂਟੇ ਦੇ ਹੇਠਲੇ (ਕਾਠੇ) ਪੇੜ ਨੂੰ ਕੱਟਣਾ ਹੈ। ਬੁੱਧੀ ਨੂੰ ਨਾ ਵਰਤਣਾ ਤੇ ਹੇਠਲੇ ਵਲਵਲਿਆਂ ਨੂੰ ਖੁੱਲ੍ਹ ਦੇਕੇ ਮੁੜਕੇ ਪਸ਼ੂ ਬਣਨਾ ਹੈ ਤੇ ਆਪੇ ਨੂੰ ਪਸ਼ੂ ਰਖਣਾ ਹੈ, ਦੁਹਾਂ ਨੂੰ ਇਕ ਦੂਜੇ ਨਾਲ ਕਿਸੇ ਟਿਕਾਣੇ ਤੇ ਲਿਆਕੇ ਦੁਹਾਂ ਤੋਂ ਉਚੇਰੇ ਉਠਕੇ ਆਪੇ ਦੇ ਰਸ ਵਿਚ ਨਾ ਜਾਣਾ ਅਪਣੇ ਆਪ ਨੂੰ ਧੋਖੇ ਵਿਚ ਰਖਣਾ ਹੈ। ਆਪੇ ਵਿਚ ਆਪ ਨੂੰ ਅਨੁਭਵ ਕਰਕੇ ਪਰਮ ਆਪੇ ਵਿਚ ਹੋਰ ਉੱਚੇ ਨਾ ਉੱਠ ਸਕਣਾਂ ਸਦਾ ਦੇ ਅਨੰਦ ਵਿਚ ਨਾ ਅੱਪੜ ਸਕਣਾ ਹੈ!

ਵਡੀ ਭੈਣ ਬੋਲੀ-"ਵੀਰ ਜੀ ! ਬਾਪੂ ਜੀ ਨੇ ਡਾਢੀ ਸੁਹਣੀ ਗਲ ਆਖੀ ਹੈ ਤੇ ਡਾਢੀ ਉੱਚੀ ਆਖੀ ਹੈ, ਚਾਹੋ ਸਾਰੀ ਤਾਂ ਸਾਡੀ ਸਮਝ ਤੋਂ ਉਚੇਰੀ ਹੈ; ਪਰ ਮੇਰੀ ਨਿਕੀ ਜਿਹੀ ਗਲ ਇਸ ਵਿਚੋਂ ਬੀ ਨਿਕਲੀ ਹੈ ਕਿ ਅਦੋਸ਼ ਚਾਵਾਂ ਤੇ ਸੁਆਦਾਂ ਦਾ ਤਯਾਗ ਕਰਨਾ ਕੋਈ ਤੁੱਕੀ ਵਾਲੀ ਗੱਲ ਨਹੀਂ, ਸੋ ਮੈਂ ਇਕ ਇਹੋ ਜਿਹੀ ਗਲ, ਪਰ ਔਭੜਾਂ ਵਾਲੀ ਗਲ ਕਰਦੀ ਹਾਂ। ਗਲ ਚੱਲੀ ਸੀ ਬੁਝਾਰਤਾਂ ਦੀ, ਸੋ ਮੈਂ ਇਕ ਬੁਝਾਰਤ ਉੱਚੀ ਕਿਸਮ ਦੀ ਪਾਉਂਦੀ ਹਾਂ, ਤੁਸੀਂ ਉਸ ਨੂੰ ਖੁਹਲੋ, ਜਿਸ ਵਿਚ ਅਕਲ ਬੀ ਖਰਚ ਹੋਵੇ ਤੇ ਸੁਆਦ ਬੀ ਆਵੇ। ਮਨ ਦਾਤਾਂ ਖਯਾਲ ਜਾਵੇ ਸਤਿਗੁਰਾਂ ਦੇ ਪਯਾਰ ਵਲ, ਉਨ੍ਹਾਂ ਦੀ ਕਰਨੀ ਮਿਹਰ ਵਲ ਤੇ ਖੁਲ੍ਹੇ ਬੁਝਾਰਤ। " ਵਡੇ ਸਰਦਾਰ ਜੀ ਬੋਲੇ; "ਚੰਗੀ ਗਲ ਹੈ, ਪਾਓ, ਅਸੀਂ ਬੀ ਸੁਣੀਏਂ। " ਵਡੇ ਵੀਰ ਜੀ ਬੋਲੇ: "ਪਿਤਾ ਜੀ ਨੇ ਬੜੀ ਅਮੋਲਕ ਸੁਮੱਤਿ ਦਿਤੀ ਹੈ ਤੇ ਭੈਣ ਜੀ ਨੇ ਸੁਹਣੀ ਡੌਲ ਫੜੀ ਹੈ; ਆਓ ਫਿਰ ਪਾਓ ਬੁਝਾਰਤ। "

ਭੈਣ-ਵੀਰ ਜੀ ਮਿਥ ਲਓ (ਫ਼ਰਜ਼ ਕਰੋ) ਕਿ ਸੂਰਜ ਪ੍ਰਕਾਸ਼ ਸੂਰਜ ਲੋਕ ਦੀ ਸੈਰ ਨੂੰ ਚੜ੍ਹ ਗਿਆ, ਜਨਮ ਸਾਖੀਆਂ ਕਲਪ ਬ੍ਰਿਛਾਂ ਦੀਆਂ ਸ਼ਾਖਾ ਵਿਚ ਲੁਕ ਬੈਠੀਆ ਗੁਰ ਬਿਲਾਸ ਗੁਰਪੁਰੀ ਦੀ ਯਾਤ੍ਰਾ ਨੂੰ ਚਲੇ ਗਏ, ਪੰਥ ਪ੍ਰਕਾਸ਼ ਧ੍ਰੂ-ਚਾਨਣੇ ਵਿਚ ਉਸ ਦੀਆਂ ਰਿਸ਼ਮਾਂ ਦੇ ਓਹਲੇ ਜਾ ਲੁਕੇ, ਪਰਚੀਆਂ ਪ੍ਰਸੰਗ ਸਾਰੇ ਅਨਲੱਭ ਬਾਗ਼ ਵਿਚ ਲੁਕ ਗਏ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਪੋਥੀਆਂ ਅਰਸ਼ੀਂ ਚਲੀਆਂ ਗਈਆਂ। ਅੰਨਜ ਦੇਸ਼ੀ ਤੇ ਅੰਨ ਭਾਸ਼ਾ ਦੇ ਲੇਖ ਸਾਰੇ ਲੋਪ ਹੋ ਗਏ, ਫੇਰ ਬੀ ਤੁਸੀਂ ਸਤਿਗੁਰ ਨਾਨਕ ਦੇਵ ਜੀ ਦੇ ਜੀਵਨ ਬਾਬਤ ਸਾਨੂੰ ਕੁਛ ਦੱਸ ਸਕੋਗੇ ਕਿ ਨਹੀਂ?

ਵੀਰ-ਕਿਉਂ ਨਹੀਂ, ਮੈਨੂੰ ਸਾਰਾ ਜੀਵਨ ਯਾਦ ਹੈ ?

ਭੈਣ-ਇਉਂ ਨਹੀਂ, ਮਿਥ ਲਓ ਕਿ ਆਕਾਸ਼ ਤੋਂ ਕੋਈ ਅਪੱਛਰਾਂ ਆਕੇ ਕੋਈ ਪਾਨੀ ਸਾਬਣ ਲਾ ਕੇ ਤੁਸਾਡੇ ਦਿਮਾਗ ਦੇ ਤਖਤੇ ਤੋਂ ਇਹ ਸਾਰੀ ਯਾਦ ਭੀ ਧੋ ਲੈ ਜਾਵੇ !

ਵੀਰ-ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਜੁਗੋ ਜੁਗ ਅਟਲ ਸਾਡੇ ਪਾਸ ਹੋਣਗੇ ਨਾ ?

ਭੈਣ-ਹਾਂ ਵੀਰ ਜਾਂ !

ਵੀਰ-ਫੇਰ ਤਾਂ ਕਈ ਗੱਲਾਂ ਮੈਂ ਦੱਸ ਸਕਾਂਗਾ।

ਭੈਣ-ਕੀਕੂੰ ? ਸ੍ਰੀ ਗ੍ਰੰਥ ਸਾਹਿਬ ਜੀ ਵਿਚ ਤਾਂ ਮਹਾਰਾਜ ਦੀ ਬਾਣੀ ਹੈ, ਜੀਵਨ ਤਾਂ ਨਹੀਂ ਹੈ?

ਵੀਰ-ਠੀਕ ਹੈ, ਤੁਸਾਂ ਨੂੰ ਯਾਦ ਹੋਊ ਕਈ ਵਰ੍ਹੇ


www.sikhbookclub.com

ਹੋਏ ਤਾਂ ਅਸਾਂ ਖਾਲਸਾ ਸਮਾਚਾਰ ਵਿਚ ਕਿਸੇ ਮੁਖ ਲੇਖ ਵਿਚ ਪੜ੍ਹਿਆ ਸੀ ਕਿ ਸਿਖ ਮਜ਼੍ਹਬ ਦਾ ਕੇਂਦ੍ਰੀ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਅਰਥਾਤ ਇਸ ਧਰਮ ਦੀ ਟੇਕ ਨਿਰੀ ਇਸ ਦੇ ਬਾਨੀਆਂ ਦੇ ਇਤਿਹਾਸ ਪਰ ਨਹੀਂ, ਸਗੋਂ ਉਸ ਬਾਣੀ ਪਰ ਹੈ ਜੋ ਵਾਹਿਗੁਰੂ ਤੋਂ ਗੁਰਾਂ ਨੂੰ ਅਨੁਭਵ ਹੋਈ ਤੇ ਗੁਰਾਂ ਨੇ ਸੰਸਾਰ ਨੂੰ ਦਿੱਤੀ। ਸੋ ਭਾਵੇਂ ਸੱਚਾ ਇਤਿਹਾਸ ਸਾਡੇ ਮਜ਼ਹਬ ਦੀ ਤੂੱਕੀ ਦਾ ਅਰ ਗਯਾਨ ਖੋਜ ਦਾ ਜ਼ਰੂਰੀ ਅੰਗ ਤਾਂ ਹੈ, ਪਰ ਕੇਂਦ੍ਰੀਯ ਆਧਾਰ ਧੁਰ ਕੀ ਬਾਣੀ' ਹੈ।

ਭੈਣ ਜੀ-ਅਸੀਂ ਹੋਰ ਪਾਸੇ ਟੁਰੇ ਪਏ।

ਵੀਰ-ਨਹੀਂ ਜੀ, ਮੈਂ ਇਹੋ ਦੱਸਣ ਲੱਗਾ ਹਾਂ ਕਿ ਇਸ ਧੁਰ ਦੀ ਬਾਣੀ ਵਿਚ ਲਗਦੇ ਹੱਥ ਕਈ ਐਸੇ ਜ਼ਿਕਰ ਆ ਗਏ ਹਨ, ਜਿਨ੍ਹਾਂ ਵਿਚੋਂ ਸਤਿਗੁਰਾਂ ਦੇ ਜੀਵਨ ਪਰ ਚਾਨਣਾ ਪੈਂਦਾ ਹੈ, ਸਗੋਂ ਇਸ ਵਿਸ਼ੇ ਤੇ ਅੰਦਰਲੀ ਉਗਾਹੀ ਮਿਲਦੀ ਹੈ।

ਭੈਣ ਜੀ-ਇਹੋ ਬੁਝਾਰਤ ਤਾਂ ਮੈਂ ਪਾਈ ਹੈ; ਤੁਸੀਂ ਬੁੱਝੋ, ਨਾ!

ਵੀਰ-ਸਤਿ ਬਚਨ !

ਪਹਿਲੀ ਗਲ ਤਾਂ ਇਹ ਹੈ ਗੁਰੂ ਜੀ ਦਾ ਅਸਲੀ ਅੰਦਰਲਾ ਜੀਵਨ-ਓਹਨਾਂ ਦਾ ਮਨ-ਇਹ ਗੁਰਬਾਣੀ ਹੈ। ਜੋ ਕਿਸੇ ਸਚੇ ਪੁਰਖ ਦਾ ਹਿਰਦਾ ਹੁੰਦਾ ਹੈ, ਉਹੀ ਉਸ ਦੇ ਵਾਕ ਤੇ ਕੰਮ ਹੁੰਦੇ ਹਨ। ਜਿਵੇਂ ਸਾਨੂੰ ਪਿਤਾ ਜੀ ਨੇ ਸਮਝਾਇਆ ਸੀ ਤੇ ਮੈਨੂੰ ਬਾਣੀ ਪੜ੍ਹਕੇ ਆਪ ਬੀ ਥਹੁ ਪਿਆ ਹੈ ਉਹ ਇਹ ਹੈ ਕਿ ਇਹ ਬਾਣੀ ਸਤਿਗੁਰ ਦਾ ਹਿਰਦਾ ਹੈ ਤੇ ਇਸ ਅਨੁਸਾਰ ਉਹਨਾਂ ਦੇ ਜੀਵਨ ਕਰਤੱਵ ਹਨ। ਸਾਡਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਲਗਾਤਾਰ ਚਾਲ, ਇਕ ਲਗਾਤਾਰ ਰੂਪ, ਇਕ ਲਗਾਤਾਰ ਧੁਨਿ, ਇਕ ਲਗਾਤਾਰ ਅਮੂਰਤ ਮੂਰਤੀ ਹੈ, ਜਿਸ ਵਿਚ ਬੇਨਤੀ, ਬਿਰਹੋਂ, ਨਿਰਮਲ ਭੈ, ਗਯਾਨ, ਸੇਵਾ, ਸ਼ਰਧਾ, ਪਿਆਰ, ਪ੍ਰੇਮ, ਭਗਤੀ ਦੇ ਅਨਿਕ ਅਰੰਗ-ਰੰਗ ਹਨ। ਹਾਂ ਇਸ ਵਿਚ ਇਕ ਲਗਾਤਾਰ ਸੰਗੀਤ, ਇਕ ਲਗਾਤਾਰ ਕਾਵਜਰਸ, ਇਕ ਲਗਾਤਾਰ ਚਾਨਣ, ਇਕ ਲਗਾਤਾਰ ਰਸ-ਮਸਤੀ, ਰਸ-ਝੂਮ, ਰਸ-ਸਰੂਰ, ਰਸ-ਲੀਨਤਾ ਦਾ ਦਰਸ਼ਨ ਹੈ, ਏਹੋ ਗੁਰੂ ਨਾਨਕ ਹਿਰਦਾ ਹੈ, ਇਹੀ ਉਹਨਾਂ ਦਾ ਇਤਿਹਾਸ ਤੇ ਇਹੀ ਇਲਾਹੀ ਗਯਾਨ ਹੈ। ਇਹੀ ਰੱਬੀ ਨਾਦ ਤੇ ਸਰੋਦ ਹੈ। ਇਹ ਗੁਰੂ ਹਿਰਦੇ ਉਪਰ ਸਾਂਈਂ ਵਲੋਂ ਪ੍ਰਕਾਸ਼ਿਆ ਗਯਾਨ ਹੈ। ਗੁਰਾਂ ਦਾ ਹਿਰਦਾ ਹਉਂ ਰਹਿਤ ਤੇ ਨਿਰੋਲ ਨਿਰਮਲ ਹੋਣ ਕਰਕੇ ਇਹ ਗਯਾਨ ਓਥੇ ਐਉਂ ਪ੍ਰਕਾਸ਼ਿਆ ਕਿ ਹੂਬਹੂ ਜਿਉਂ ਕਾ ਤਿਉਂ, ਜਿਵੇਂ ਸ਼ੀਸ਼ੇ ਵਿਚੋਂ ਮੂਰਤ ਪ੍ਰਕਾਸ਼ਦੀ ਹੈ, ਜਿਉਂ ਕੀ ਤਿਉਂ ਬਾਣੀ ਗੁਰੂ ਹਿਰਦੇ ਰੂਪੀ ਸ਼ੀਸ਼ੇ ਵਿਚ ਜੜੀ ਗਯਾਨ ਦੀ ਮੂਰਤੀ ਹੈ। ਹਾਂ, ਇਹ ਵਾਹਿਗੁਰੂ ਦਾ ਗਯਾਨ ਹੈ, ਗੁਰੂ ਦਾ ਹਿਰਦਾ ਹੈ ਤੇ ਐਉਂ ਉਹਨਾਂ ਦਾ ਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਏ ਰੱਬੀ ਗਯਾਨ ਤੇ ਗੁਰੂ ਹਿਰਦੇ ਦਾ ਇਕ ਪ੍ਰਤੱਖ ਦਰਸ਼ਨ, ਸੋ ਇਸ ਗੁਰੂ ਹਿਰਦੇ ਵਿਚ ਚਿਤ ਸਮਾਇਆਂ: ਅਸੀਂ ਗੁਰੂ ਹਿਰਦੇ ਦਾ ਰੰਗ ਆਪਣੇ ਪਰ ਲਵਾਂਗੇ। ਚਿਤ ਵਿਚ ਚਿਤ ਸਮਾਇਆਂ ਸਾਡੀ ਸੁਰਤ ਦੀ ਉੱਚਤਾ ਹੋਣੀ ਹੈ। ਚਿਤਹ ਚਿਤ ਸਮਾਇਆਂ ਰੰਗ ਚੜ੍ਹਦਾ ਹੈ[੧]। ਹੁਣ ਵਿਚਾਰ ਲਓ ਕਿ 'ਗੁਰੂ ਹਿਰਦਾ ਰੂਪੀ ਇਤਿਹਾਸ' ਤਾਂ ਜੀਵਾਂ ਦੇ ਰਚੇ ਇਤਿਹਾਸਾਂ ਵਿਚ ਨਹੀਂ, ਓਹ ਇਤਿਹਾਸ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈਨ ਜੋ ਸਦਾ 'ਗੁਰ-ਉਰ ਸ਼ੀਸ਼ਾ' ਹੈਨ ਤੇ ਸਾਨੂੰ ਵਧੇਰੇ ਲੋੜ ਭੀ 'ਗੁਰ-ਉਰ ਇਤਿਹਾਸ' ਦੀ ਹੀ ਹੈ।

ਭੈਣ-ਠੀਕ ਹੈ, ਸੁਆਦ ਆ ਗਿਆ, ਪਰ ਸਤਿਗੁਰਾਂ ਦੀ ਜੀਵਨ ਕ੍ਰਿਆ ਬਾਬਤ ਬੀ ਤੁਸੀ ਵੇਰਵੇ ਤੇ ਪਤੇ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਦੇ ਸਕਦੇ ਹੋ?

ਵੀਰ-ਮੈਨੂੰ ਬਾਣੀ ਦੀ ਬਹੁੰ ਗੰਮਤਾ ਨਹੀਂ ਪਰ ਅਨੇਕਾਂ ਗਲਾਂ ਪਰ ਰੌਸ਼ਨੀ ਬਾਣੀ ਤੋਂ ਪੈਂਦੀ ਹੈ।

{ਸਤਿਗੁਰ ਦਾ ਸਮਾ}

ਭੈਣ-ਭੱਲਾ ਦੱਸੋ, ਸਤਿਗੁਰ ਦੀ ਸੰਸਾਰ ਯਾਤਰਾ ਦਾ ਸਮਾਂ ਤੁਸੀਂ ਕੀਕੂੰ ਦੱਸ ਸਕੋਗੇ, ਮੈਂ ਕਹਿੰਦੀ ਹਾਂ ਓਹਨਾਂ ਨੂੰ ਦਸ ਹਜ਼ਾਰ ਬਰਸ ਬੀਤ ਗਿਆ ਹੈ?

ਵੀਰ(ਮੁਸਕ੍ਰਾ ਕੇ)-ਉਂਞ ਤਾਂ ਸਤਿਗੁਰ ਆਦਿ ਜੁਗਾਦਿ ਤੋਂ ਹਨ, ਪਰ ਇਸ ਵੇਰ ਦੇ ਸਰੀਰ ਨਾਟ ਵਿਚ ਆਇਆਂ ਨੂੰ ਸਾਢੇ ਚਾਰ ਕੁ ਸੌ ਸਾਲ ਹੀ ਬੀਤਿਆ ਹੈ।[੨]--

ਭੈਣ-ਕਿਵੇਂ ?

---

[੧] ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥ {ਫੁਨਹੇ ਮਹਲਾ ੫}

[੨] ਇਹ ਲੇਖ ੧੯੧੭ ਈ ਵਿਚ ਲਿਖਿਆ ਗਿਆ ਸੀ। ਸਮੇਂ ਦਾ ਹਿਸਾਬ ਉਸ ਸਾਲ ਤੋਂ ਲਾਣਾ ਚਾਹੀਏ।


www.sikhbookclub.com

ਵੀਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਿ ਪਾਤਸ਼ਾਹੀ ਦੇ ਸ਼ਬਦ ਹਨ, ਜਿਨ੍ਹਾਂ ਵਿਚ ਗੁਰੂ ਬਾਬੇ ਨੇ ਬਾਬਰ ਦੇ ਹੱਲੇ ਲਈ ਪੇਸ਼ੀਨਗੋਈ ਕੀਤੀ ਹੈ ਤੇ ਫੇਰ ਓਸ ਦੀ ਲੁੱਟ ਕੁੱਟ ਦਾ ਹਾਲ ਵਰਤੀਂਦਾ ਅੱਖੀਂ ਡਿੱਠਾ ਦੱਸਿਆ ਹੈ। ਪਹਿਲੋਂ ਭਵਿੱਖਤ ਵਾਕ ਐਉਂ ਬੀ ਕਹੇ ਹੋਏ ਹਨ:-

"ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥'

ਇਸ ਤੋਂ ਸਾਫ ਹੈ ਕਿ ਅਗੰਮ ਦੀ ਗੱਲ ਕਹਿਣ ਲਗੇ ਹਨ।

ਫੇਰ ਜੋ ਹੋਣੀ ਹੈ ਦੱਸਦੇ ਦੱਸਦੇ ਆਖਦੇ ਹਨ:-

"ਕਾਇਆ ਕਪੜੁ ਟੁਕੁ ਟੁਕੁ ਹੋਸੀ
ਹਿੰਦੁਸਤਾਨੁ ਸਮਾਲਸੀ ਬੋਲਾ॥" {ਤਿਲੰਗ ਮ:੧}

ਇਨ੍ਹਾਂ ਤੁਕਾਂ ਤੋਂ ਬੀ ਪਤਾ ਲਗ ਗਿਆ ਕਿ ਗੁਰੂ ਸਾਹਿਬ ਜੀ ਬਾਬਰ ਦੇ ਆਉਣ ਤੋਂ ਪਹਿਲਾਂ ਵਾਕ ਕਹਿ ਰਹੇ ਹਨ, ਜਿਸ ਤੋਂ ਸਿਧ ਹੋਇਆ ਕਿ ਆਪ ਇਸ ਤੋਂ ਪਹਿਲੇ ਅਵਤਾਰ ਧਾਰ ਚੁਕੇ ਸੇ। ਨਾਲੇ ਆਪ ਗੁਰਜਾਈ ਦਾ ਕੰਮ ਆਰੰਭ ਕਰ ਚੁਕੇ ਸੇ ਅਰ ਇਲਹਾਮ ਵਾਲੇ ਅਗੰਮ ਵਾਚਣ ਵਾਲੇ-ਮਹਾਂ ਪੁਰਖ ਸੇ। ਇਸ ਤੋਂ ਅਨੁਮਾਨ ਹੁੰਦਾ ਹੈ ਕਿ ਇਹ ਵਾਕ ਕਹਿਣ ਵੇਲੇ ਉਹਨਾਂ ਦੀ ਅਵਸਥਾ ਬਾਲ ਯਾ ਯੁਵਾ ਤੋਂ ਵਡੇਰੀ ਸੀ। ਬਾਬਰ ੭੮ ਸੰਮਤ ਵਿਚ ਆਵੇਗਾ, ਇਹ ਗਲ ਸਤਿਗੁਰ ਨੇ ਪਹਿਲੋਂ ਦੱਸੀ ਸੀ, ਯਥਾ: 'ਆਉਣ ਅਠਤਰੈ' ਸੋ ਸੰਮਤ ੧੫੭੮[੧] ਬਿ: ਤੋਂ ਪਹਿਲੋਂ ਸਤਿਗੁਰ ਸੰਸਾਰ ਵਿਚ ਵਿਚਰ ਰਹੇ ਸਨ, ਸੋ ਨੀਯਤ ਹੋ ਗਿਆ ਕਿ ਗੁਰੂ ਬਾਬਾ ਜੀ ਦਾ ਸਮਾਂ ੧੫੭੮ ਬਿ: ਤੋਂ ਪਹਿਲੋਂ ਸ਼ੁਰੂ ਹੋ ਗਿਆ ਸੀ, ਤੁਹਾਡੀ ਦਸ, ਹਜ਼ਾਰ ਵਾਲੀ ਗਲ ਰਹਿ ਗਈ।

ਪਿਤਾ-ਸ਼ਾਬਾਸ਼ ਬੇਟਾ! ਬਹੁਤ ਅੱਛੀ ਖੋਜ ਕੀਤੀ।

ਭੈਣ-ਭਲਾ ਬਾਬਰ ਕੌਣ ਸੀ ਤੇ ਕਿਥੋਂ ਆਇਆ ਸੀ?

ਭਰਾ-ਬਾਬਰ ਮੁਗ਼ਲ ਸੀ ਤੇ ਤਦੋਂ ਖ਼ੁਰਾਸਾਨ ਸੰਮ੍ਹਾਲ ਕੇ ਆ ਰਿਹਾ ਸੀ, ਯਥਾ:-

ਖੁਰਾਸਨ ਖਸਮਾਨਾ ਕੀਆ ਹਿੰਦੁਸਤਾਨੁ
ਡਰਾਇਆ॥ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥ {ਆਸਾ ਮ:੧}

ਫੇਰ ਗੁਰੂ ਜੀ ਨੇ ਬਾਬਰ ਦੀ ਪਠਾਣਾਂ ਨਾਲ ਲੜਾਈ ਤੇ ਕਤਲਆਮ ਦੇ ਹਾਲ ਅਖੀਂ ਡਿਠੇ ਲਿਖੇ ਹਨ:-

"ਬਾਬਾਰਵਾਣੀ ਫਿਰਿ ਗਈ ਕੁਇਰੁ ਨ
ਰੋਟੀ ਖਾਇ ॥"
ਪੁਨਾ: ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥
{ਬੰਦੂਕਾਂ}

ਬਾਬਰ ਜਦੋਂ ਸੈਦਪੁਰ ਦੀ ਕਤਲਆਮ ਕਰਕੇ ਟੁਰ ਗਿਆ ਤਦੋਂ ਦਾ ਹਾਲ ਭੀ ਸਤਿਗੁਰ ਨੇ:-"ਕਹਾਂ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ" ਵਾਲੇ ਸ਼ਬਦ ਵਿਚ ਦੱਸਿਆ ਹੈ।

ਸਗੋਂ ਸ਼ਬਦਾਂ ਤੋਂ ਇਕ ਹੋਰ ਪਤਾ ਬੀ ਲਗਦਾ ਹੈ ਕਿ ਪਠਾਣਾਂ ਪਾਸ, ਜੋ ਹਿੰਦ ਦੇ ਰਾਜੇ ਸਨ, ਬੰਦੂਕਾਂ ਨਹੀਂ ਸਨ, ਓਹਨਾਂ ਹਾਥੀਆਂ ਦੀ ਫ਼ੌਜ ਚੜ੍ਹਾਈ ਸੀ, ਉਹਨਾਂ ਪਾਸ ਕੇਵਲ ਤੀਰ ਸਨ। ਪਰ ਮੁਗਲਾ ਪਾਸ ਬੰਦੂਕਾਂ ਸਨ ਤੇ ਉਹਨਾਂ ਬੰਦੂਕਾਂ ਨਾਲ ਫਤਹ ਪਾਈ।

"ਮੁਗਲ ਪਠਾਣਾ ਭਈ ਲੜਾਈ
ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ
ਓਨ੍ਹੀ ਹਸਤਿ ਚਿੜਾਈ॥" {ਆਸਾ ਮ: ੧}

ਸੋ ਬਾਬਰ ਦੇ ਆਉਣ ਤੋਂ ਪਹਿਲੇ ਓਸ ਦੇ ਹਮਲੇ ਵੇਲੇ ਤੇ ਮਗਰੋਂ ਸਤਿਗੁਰ ਜੀ ਮਨੁਖ ਜਾਮੇ ਵਿਚ ਪੰਜਾਬ ਵਿਚ ਵਿਚਰ ਰਹੇ ਸਨ।

ਭੈਣ-ਤੇ ਸਤਿਗੁਰ ਨੇ ਇਹ ਹਾਲ ਤਵਾਰੀਖੀ ਕਿਉਂ ਲਿਖੇ ?

ਵੀਰ-ਇਨ੍ਹਾਂ ਸ਼ਬਦਾਂ ਤੋਂ ਮਾਲੂਮ ਹੁੰਦਾ ਹੈ ਕਿ ਦੇਸ਼ ਵਿਚ ਪਾਪ ਸੀ, ਪਠਾਣ ਅਯਾਸ਼ ਤੇ ਦੰਡ ਯੋਗ ਸਨ, ਪਰਜਾ ਮੂਰਖ ਤੇ ਗਿਰੀ ਹੋਈ ਸੀ। ਸਤਿਗੁਰ ਨੇ ਦੱਸਿਆ ਹੈ ਕਿ ਪਾਪਾਂ ਦਾ ਫਲ ਦੇਣ ਲਈ 'ਜਮ ਰੂਪ ਮੁਗਲ' ਆਇਆ, ਸਤਿਗੁਰ ਜੀ ਨੇ ਰਜ਼ਾ ਤੇ ਪਾਪ ਦੰਡ ਦਾ ਜ਼ਿਕਰ ਕਰਦੇ ਇਹ

---

[੧] ਸਦੀ ਪੰਦ੍ਰਵੀਂ ਦਾ ਪਤਾ ਬਾਬਰ ਦੇ ਸਮਕਾਲੀ ਹੋਣ ਤੋਂ ਲਗ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਵਿਚ ਸੰਮਤ ੧੬੬੧ ਸੰਕਲਤ ਹੋਣ ਦਾ ਦਿਤਾ ਹੈ, ਇਸਤੋਂ ਵੀ ਇਸ ਸਦੀ ਤੋਂ ਪਹਿਲੋਂ ਦਾ ਪਤਾ ਲਗ ਜਾਂਦਾ ਹੈ।

ਵਾਕਯਾਤ ਦੱਸੇ ਹਨ ਤੇ ਬਾਬਰ ਦੇ ਕਤਲਆਮ ਜ਼ੁਲਮਾਂ ਪਰ ਉਸ ਨੂੰ ਕੋਸਿਆ ਹੈ ਤੇ ਆਪਣੇ ਦਰਦਮੰਦ ਦਿਲ ਦਾ ਦਰਦ-ਅਨੁਭਵ ਹਮਦਰਦੀ ਪਜਾਰ ਵਿਚ ਵਰਣਨ ਕੀਤਾ ਹੈ।

{ਗੁਰ ਅਵਤਾਰ}

ਭੈਣ-ਕੀ ਤੁਸੀਂ ਦੱਸ ਸਕਦੇ ਹੋ ਕਿ ਗੁਰੂ ਨਾਨਕ ਦੇਵ ਜੀ ਇਕ ਸੁਧਾਰਕ ਮਾਤ੍ਰ ਸਨ, ਯਾ ਵਾਹਿਗੁਰੂ ਜੀ ਦੇ ਗਿਆਨ ਨੂੰ ਧੁਰੋਂ ਪ੍ਰਾਪਤ 'ਗੁਰ ਅਵਤਾਰ' ਸਨ ?

ਵੀਰ-ਆਪ ਵਾਹਿਗੁਰੂ ਨਾਲ ਅੱਠੇ ਪਹਿਰ ਜੁੜੇ, ਕਦੇ ਨਾ ਵਿਛੁੜੇ, ਸਦਾ ਉਸ ਦੇ ਉੱਚੇ ਗਯਾਨ ਨੂੰ ਪ੍ਰਾਪਤ ਕਰਨ ਵਾਲੇ, ਧੁਰ ਤੋਂ ਆਏ ਗੁਰ ਅਵਤਾਰ ਸੇ, ਓਹ ਆਪ ਸਾਨੂੰ ਦੱਸਦੇ ਹਨ:-

"ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥"[1]

{ਗੁਰੂ ਜੀ ਦਾ ਗੁਰੂ}

ਭੈਣ-ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ?

ਵੀਰ-ਸਤਿਗੁਰ ਆਪ ਦੱਸਦੇ ਹਨ:-

"ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ
ਗੁਰੁ ਮਿਲਿਆ ਸੋਈ ਜੀਉ॥"{ਸੋਰਠ ਮਹਲਾ ੧}

ਅਰਥਾਤ ਓਹਨਾਂ ਦਾ ਗੁਰੂ ਵਾਹਿਗੁਰੂ ਸੀ।

ਭੈਣ-ਕੀ ਜਾਣੀਏ ਕੋਈ ਮਨੁਖ ਭੀ ਓਹਨਾਂ ਦਾ ਗੁਰੂ ਹੋਵੇ?

ਵੀਰ-ਬੀਬੀ ! ਸਤਿਗੁਰ ਦੱਸਦੇ ਹਨ ਕਿ ਮੇਰੇ ਸਾਹਮਣੇ ਗਲੀਚਾ ਵਿਛਾਕੇ ਬੈਠਣ ਵਾਲਾ ਕੋਈ ਨਹੀਂ ਭਾਵ ਕੋਈ ਆਦਮੀ ਐਸਾ ਨਹੀਂ, ਜਿਸ ਦੇ ਅਗੇ ਮੈਂ ਸਿਖੀ ਕਮਾਈ ਹੋਵੇ। ਇਹ ਮੁਹਾਵਰਾ ਹੈ ਕਿ ਜੋ ਕਿਸੇ ਦੇ ਸਾਹਮਣੇ ਦੁਲੀਚਾ ਵਿਛਾਕੇ ਬੈਠੇ ਓਹ ਪੂਜਯ ਯਾ ਗੁਰੂ ਹੁੰਦਾ ਹੈ ਦੇਖੋ:-

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ
ਪਾਇ॥ ਨਰਕ ਨਿਵਾਰਣ ਨਰਹ ਨਰੁ
ਸਾਚਉ ਸਾਚੈ ਨਾਇ ॥ {ਰਾਮਕਲੀ ਮ: ੧

---

[1] ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ੍ਵਰੂਪ ਪੰਚਮ ਪਾਤਸ਼ਾਹ ਜੀ ਨੇ ਬੀ ਇਸ ਵਿਸ਼ੇ ਤੇ ਐਉਂ ਫੁਰਮਾਇਆ ਹੈ-

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ {ਸੂਹੀ ਮਹਲਾ ੫}

ਗੁਰੂ ਨਾਨਕ ਸਾਹਿਬ ਬਾਬਤ ਉਹਨਾਂ ਨੇ ਫੁਰਮਾਯਾ ਹੈ।
ਗੁਰੁ ਨਾਨਕ ਦੇਵ ਗੋਵਿੰਦ ਰੂਪ॥ {ਬਸੰਤ ਮ: ੫}

ਪੁਨਾ:-ਜਾਕਉ ਮਹਲੁ ਹਜੂਰਿ ਦੂਜੇ ਨਿਵੈ
ਕਿਸੁ ॥ {ਸੂਹੀ ਮ:੧}

{ਸਫਰ}

ਭੈਣ-ਸਤਿਗੁਰ ਜੀ ਸਾਰੀ ਉਮਰ ਅਪਣੇ ਦੇਸ਼ ਬੈਠੇ ਰਹੇ ਕਿ ਜਗਤ ਵਿਚ ਫ਼ਿਰਦੇ ਰਹੇ ?

ਵੀਰ-ਗੁਰਬਾਣੀ ਤੋਂ ਪਤਾ ਲਗਦਾ ਹੈ ਕਿ ਆਪ ਬਹੁਤ ਫਿਰੇ ਤੇ ਜਗਤ ਉਧਾਰਿਆ। ਜੈਸੇ ਮਹਾਂਰਾਜ ਜੀ ਦੱਸਦੇ ਹਨ;-

"ਤਟ ਤੀਰਥ ਹਮ ਨਵ ਖੰਡ ਦੇਖੇ ਹਟ
ਪਟਣ ਬਾਜਾਰਾ ॥" {ਗਉੜੀ ਮ: ੧}

{ਗੁਰਿਆਈ}

ਭੈਣ-ਸਤਿਗੁਰ ਜੀ ਆਪਣੇ ਆਪ ਨੂੰ ਦਾਸ ਤੇ ਨੀਵਾਂ ਕਹਿੰਦੇ ਰਹੇ ਹਨ, ਗੁਰੂ ਕਿਕੂੰ ਹੋਏ ?

ਵੀਰ-ਪਰਮੇਸ਼ੁਰ ਨੇ ਗੁਰੂ ਥਾਪ ਕੇ ਘੱਲਿਆ ਸੀ ਤੇ ਸਾਰੇ ਲੋਕ ਉਹਨਾਂ ਨੂੰ ਗੁਰੂ ਤਦੋਂ ਹੀ ਆਖਦੇ ਸੇ। ਦੇਖੋ-'ਕਲ ਨਾਮੇ ਕਵੀ' ਓਹਨਾਂ ਨੂੰ ਆਪਣੇ ਸਵਈਆਂ ਵਿਚ ਪਰਮ ਗੁਰੂ' ਤੇ '.....'ਪ੍ਰਮਾਣ ਨਾਨਕ ਗੁਰੂ' ਲਿਖਦੇ ਹਨ।

ਫੇਰ ਬਾਕੀ ਪਾਤਸ਼ਾਹੀਆਂ ਨੇ ਜਦ ਸ਼ਬਦ ਤੇ ਸ਼ਲੋਕ ਦੇ ਅਖੀਰ 'ਨਾਨਕ' ਲਿਖਿਆਂ ਹੈ. ਤਾਂ ਆਪਣੀ ਛਾਪ ਦਿਤੀ ਹੈ, ਪਰ ਜਿਥੇ ਕਿਤੇ 'ਗੁਰ ਨਾਨਕ' ਪਦ ਲਿਖਿਆ ਹੈ ਉਥੇ ਸਤਿਗੁਰ ਨਾਨਕ ਨੂੰ 'ਗੁਰੂ' ਆਖਿਆ ਹੈ। ਯਥਾ:-

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ
ਸਮੇਉ ॥ ਤਿਨ ਕਉ ਕਿਆ ਉਪਦੇਸੀਐ
ਜਿਨ ਗੁਰੁ ਨਾਨਕ ਦੇਉ ॥੧॥ {ਵਾਰ ਮਾਝ ਮ:੨}

ਪੁਨਾ-ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ
ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ
ਸਗਲ ਤਰਾਧੋ ॥ {ਕਾਨੜਾ ਮਹਲਾ ੪}

"ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ
ਨਾਰਾਇਣਹ ॥ ਗੁਰ ਦਇਆਲ ਸਮਰਥ
ਗੁਰ ਗੁਰ ਨਾਨਕ ਪਤਿਤ ਉਧਾਰਣਹ ॥"
{ਜੈਤ ਵਾ: ਮਹਲਾ ੫}

ਅੱਜ ਮੈਂ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਦੇਣੇ ਹਨ, ਸੁਣੋਂ ! ਉਥੇ ਲਿਖਿਆ ਹੈ:_

'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ
ਰਾਖੀ ਮੇਰੀ ॥੪॥" {ਸੂਹੀ ਮ: ੫}

ਸਤਿਗੁਰ ਨਾਨਕ ਦੇਵ ਜੀ ਸਭ ਤੋਂ ਵਡੇ ਹਨ ਜਿੰਨੇ ਸੰਸਾਰ ਵਿਚ ਜਨ ਯਾ ਹਰੀਜਨ, ਪੈਗੰਬਰ, ਅਵਤਾਰ ਹੋਏ ਹਨ ਓਹ ਸਭਨਾਂ ਤੋਂ ਵਡੇ ਹੋਏ ਹਨ। ਪਰ ਸਾਲ ਤੁਸਾਂ ਤੇ ਮੈਂ ਖਾਲਸਾ ਸਮਾਚਾਰ ਦਾ ਸਿਰੇ ਦਾ ਲੇਖ ਪੜ੍ਹਿਆ ਸੀ, ਜਿਸ ਵਿਚ ਇਹ ਗਲ ਸਾਬਤ ਕੀਤੀ ਗਈ ਸੀ ਕਿ ਗੁਰ ਨਾਨਕ ਸਭ ਤੋਂ ਵਡੇ ਹਨ, ਉਹ ਏਸੇ ਤੁਕ ਦੀ ਵਜਾਖਿਆ ਸੀ। ਫੇਰ ਪੰਜਵੇਂ ਸਤਿਗੁਰਾਂ ਨੇ ਸਾਰੇ ਭਗਤਾਂ ਨੂੰ ਗਿਣਕੇ ਗੁਰੂ ਨਾਨਕ ਦੇਵ ਜੀ ਨੂੰ 'ਗੁਰੂ ਨਾਨਕ ਦੇਵ ਗੋਵਿੰਦ ਰੂਪ' ਕਿਹਾ ਹੈ।

{ਬਾਬਾ}

ਭੈਣ-ਵੀਰ ਜੀ ! ਗੁਰੂ ਨਾਨਕ ਨੂੰ ਬਾਬਾ ਨਾਨਕ ਬੀ ਕਹਿੰਦੇ ਹਨ, ਇਹ ਬਾਬਾ ਅੱਲ ਪਿਛੋਂ ਮੁਸਲਮਾਨਾਂ ਨੇ ਪਾਈ ਹੈ?

ਵੀਰ-ਨਹੀਂ ਭੈਣ ਜੀ, ਸਤਿਗੁਰ ਦੇ ਸਮੇਂ ਲੋਕੀ ਉਹਨਾਂ ਨੂੰ ਗੁਰੂ ਜੀ ਤੇ ਬਾਬਾ ਜੀ ਆਖਦੇ ਸਨ। ਤੁਰਕੀ ਜ਼ੁਬਾਨ ਵਿਚ ਬਾਬਾ ਪਿਤਾ ਨੂੰ, ਸਤਿਕਾਰ ਯੋਗ ਨੂੰ, ਬਜ਼ੁਰਗ ਨੂੰ ਆਖਦੇ ਹਨ। ਗੁਰ ਨਾਨਕ ਨੂੰ ਬਾਬਾ ਪਹਿਲੀ ਵੇਰ ਬਾਬਰ ਪਾਤਸ਼ਾਹ ਨੇ ਸੱਦਿਆ ਸੀ ਜੋ ਓਹਨਾਂ ਦੀ ਅਲੂਹੀਅਤ (ਰੱਬੀ ਜਲਾਲ) ਦਾ ਕਾਇਲ ਹੋਇਆ ਤੇ ਓਹਨਾਂ ਦੀ ਸਿਪਾਰਸ਼ ਪਰ ਸੈਦਪੁਰ ਦੀ ਕਤਲ ਤੇ ਕੈਦ ਬੰਦ ਕੀਤੀ 'ਸਾਸੂ। ਪਰ ਬਾਹਰ ਦੀ ਗਲ ਤੁਸਾਂ ਸੁਣਨੀ ਨਹੀਂ, ਸੋ ਗੁਰਬਾਣੀ ਦੀ ਅੰਦਰਲੀ ਉਗਾਹੀ ਸਾਨੂੰ ਏਨੀ ਮਿਲਦੀ ਹੈ ਕਿ ਸਤਿਗੁਰ ਨੂੰ ਲੋਕੀਂ ਬਾਬਾ ਤਦੋਂ ਕਹਿੰਦੇ ਹੁੰਦੇ ਸਨ, ਯਥਾ-

"ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ॥" {ਗਉੜੀ ਚੇਤੀ ਮ:੧}

ਇਹ ਤੁਕ ਗਉੜੀ ਵਿਚ ਸਤਿਗੁਰ ਜੀ ਦੀ ਆਪਣੀ ਹੈ ਤੇ ਸਾਫ ਹੈ ਕਿ ਲੋਕੀਂ ਓਹਨਾਂ ਨੂੰ 'ਬਾਬਾ' ਅਰਥਾਤ ਬਜ਼ੁਰਗ, ਪਿਤਾ, ਸਤਿਕਾਰ ਯੋਗ ਓਦੋਂ ਸੱਦਦੇ ਸਨ। ਅਜ ਕਲ ਬਾਬਾ ਦਾਦੇ ਨੂੰ ਕਹਿੰਦੇ ਹਨ, ਪਰ ਤਦੋਂ ਨਵੇਂ ਨਵੇਂ ਤੁਰਕ ਆਏ ਸਨ ਤੇ ਓਹਨਾਂ ਦਾ ਇਹ ਲਫ਼ਜ਼ ਡਾਢੇ ਹੀ ਸਤਿਕਾਰ ਨਾਲ ਬੜੇ ਬਜ਼ੁਰਗ ਲਈ ਤੱਕ ਕੇ ਤੁਰਕਾਂ ਨੇ ਗੁਰੂ ਜੀ ਲਈ ਵਰਤਿਆ ਸੀ।

{ਦਰਗਾਹ ਜਾਣਾ}

ਭੈਣ-ਤੁਸੀਂ ਕਹਿੰਦੇ ਹੋ ਗੁਰ ਨਾਨਕ ਦਾ ਗੁਰੂ ਰੱਬ ਹੈ, ਭਲਾ ਕਦੇ ਰੱਬ ਨੇ ਗੁਰ ਨਾਨਕ ਨੂੰ ਪਾਸ ਖਹਾਲ ਕੇ ਨਾਮ ਦਾਨ ਦਿੱਤਾ ਤੇ ਕਦੇ ਆਖਿਆ-ਤੂੰ ਇਸ ਦਾ ਪਸਾਉ (ਪ੍ਰਚਾਰ) ਕਰ ਤੇ ਸ੍ਰਿਸ਼ਟੀ ਨੂੰ ਤਾਰ?

ਵੀਰ-ਸਤਿਗੁਰ ਆਏ ਹੀ ਸੱਚੇ ਲੋਕ ਤੋਂ ਤੇ ਵਾਹਿਗੁਰੂ ਦੀ ਜੋਤਿ ਵਿਚੋਂ ਸਨ, ਪਰ ਏਸ ਦੇਹੀ ਵਿਚ ਆਕੇ ਭੀ ਦਰਗਾਹੇ ਗਏ ਹਨ ਤੇ ਵਾਹਿਗੁਰੂ ਨੇ ਨਾਮ ਦਾਨ ਦਿੱਤਾ ਤੇ ਗੁਰੂ ਪਦ ਤੇ ਥਾਪਿਆ ਸੀ।

ਭੈਣ-ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਦੱਸੋ ਜਨਮ ਸਾਖੀ ਵਿਚੋਂ ਨਾਂ ਦੱਸਣਾਂ, ਅਜ ਇਹੋ ਨੇਮ ਰਖੋ।

ਵੀਰ-ਲਓ ਸੁਣੋਂ; ਜੈਸਾ ਕਿ ਓਹ ਆਪ ਦੱਸਦੇ ਹਨ:-

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥

{ਵਾਰ ਮਾਝ ਮ: ੧}

ਇਸ ਵਿਚ ਸਾਫ ਦੱਸਿਆ ਹੈ ਕਿ ਮੈਨੂੰ ਢਾਢੀ (ਜਸ ਕਰਨ ਵਾਲੇ ਨੂੰ) ਮਾਲਕ (ਰਬ) ਨੇ ਆਪਣੇ ਸਚੇ ਮਹਲ ਵਿਚ ਬੁਲਾਇਆ। ਆਪਣੇ ਸਚੇ ਅੰਮ੍ਰਿਤ ਨਾਮ ਦਾ ਤੇ ਸਿਫਤ ਸਲਾਹ (ਕੀਰਤਨ) ਦਾ ਸਚਾ ਸਿਰੋਪਾਉ ਮੈਨੂੰ ਦਿੱਤਾ, ਧੁਰੋਂ ਫੁਰਮਾਨ ਕੀਤਾ ਕਿ ਦਿਨੇ ਰਾਤ ਰੋਜ਼ ਜਪੁ। ਹੁਣ ਮੈਂ ਉਸ ਦਾ (ਨਾਮ ਕੀਰਤਨ) ਪ੍ਰਚਾਰ ਕਰਦਾ ਹਾਂ।

ਵਾਹਿਗੁਰੂ ਨਾਲ ਮੇਲ ਹੋਣ ਦਾ, ਹਜ਼ੂਰੀ ਦੇ ਪ੍ਰਤੱਖ ਹੋਣ ਦਾ ਤੇ ਬਖਸ਼ਿਸ਼ ਪ੍ਰਾਪਤੀ ਦੀ ਅਕਹਿ ਅਵਸਥਾ ਨੂੰ ਸਾਡੀ ਸਮਝ ਲਈ ਕੈਸਾ ਸਪਸ਼ਟ ਦੱਸਿਆ ਹੈ।

ਪਿਤਾ-ਸ਼ਾਬਾਸ਼ ਬੇਟਾ ਜੀਓ !

{ਅੰਮ੍ਰਿਤ ਵੇਲਾ}

ਭੈਣ–ਸਤਿਗੁਰ ਜੀ ਤੜਕੇ ਜਾਗਦੇ ਸਨ ਕਿ ਦਿਨ ਚੜ੍ਹੇ ?

ਵੀਰ–ਪਹਿਰ ਰਾਤ ਰਹਿੰਦੀ ਦੇ ਲਗ ਪਗ। ਅੰਮ੍ਰਿਤ ਵੇਲਾ ਇਸ ਸਮੇਂ ਦਾ ਨਾਉਂ ਹੀ ਗੁਰ ਨਾਨਕ ਦੇਵ ਜੀ ਨੇ ਰੱਖਿਆ ਹੈ ਉਂਵ ਅੱਠੇ ਪਹਿਰ ਸਤਿਗੁਰ ਨੇ ਸਾਈਂ ਅਰਾਧਿਆ ਹੈ; ਜੈਸਾ ਪੰਜਵੇਂ ਗੁਰਾਂ ਨੇ ਦੱਸਿਆ ਹੈ:-

"ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥'{ਮਾਰੂ ਮ: ੧}

ਤੇ ਆਦਿ ਪਾਤਸ਼ਾਹੀ ਨੇ ਆਪੇ ਕਿਹਾ ਹੈ। ਯਥਾ:-

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ {ਵਾਰ ਮਾਝ ਮ: ੧}

ਅਰਥਾਤ ਹਰ ਵੇਲੇ ਅਠੇ ਪਹਿਰ ਰਬ ਦੇ ਭਉ ਵਿਚ ਰਹੋ।

ਪਰ ਅੰਮ੍ਰਿਤ ਵੇਲੇ ਨੂੰ ਸਤਿਗੁਰ ਨੇ ਖਾਸ ਲਿਵਲੀਨਤਾ ਲਈ ਰਖਿਆ।

ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥' {ਪ੍ਰਭਾਤੀ ਮ: ੧}

ਸਬਾਹੀ[1] ਸਾਲਾਹ ਜਿਨੀ ਧਿਆਇਆ ਇਕ ਮਨਿ ॥ ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥ {ਵਾਰ ਮਾਝ ਮ: ੧}

ਪੁਨਾ:-ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ {ਜਪੁਜੀ}

ਇਹ ਵਰਤਨ ਗੁਰੂ ਅੰਗਦ ਜੀ ਨੇ ਗੁਰ ਨਾਨਕ ਦੇਵ ਜੀ ਤੋਂ ਸਿੱਖੀ ਤੇ ਸਾਨੂੰ ਦੱਸੀ ਹੈ।

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ ਮਨ ਮੁਖਿ ਸਚਾ ਨਾਉ॥ {ਵਾਰ: ਮਾਝ ਮ:੨}

{ਬਾਕੀ ਸਤ ਪਹਿਰ}

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ[2] ॥ {ਵਾਰ ਮਾਝ ਮ: ੨}

ਭੈਣ–ਹੋਰ ਭੀ ਕਿਵੇਂ ਪਤਾ ਲਗਦਾ ਹੈ ਕਿ ਸਤਿਗੁਰ ਅੰਮ੍ਰਿਤ ਵੇਲੇ ਦੇ ਪ੍ਰੇਮੀ ਸਨ ?

ਵੀਰ–ਗੁਰ ਨਾਨਕ ਦੇਵ ਜੀ ਦੀ ਬਾਣੀ ਸਭ ਤੋਂ ਵਧੀਕ ਆਸਾ ਰਾਗ ਵਿਚ ਹੈ, ਜਿਸ ਤੋਂ ਪਤਾ ਲਗਾ ਕਿ ਆਸਾ ਰਾਗ ਓਹਨਾਂ ਨੂੰ ਬਹੁਤ ਸੁਹਾਉਂਦਾ ਸੀ ਤੇ ਆਸਾ ਰਾਗ ਆਪਨਾ ਪੂਰਾ ਸੁਹਾਉ ਅੰਮ੍ਰਿਤ ਵੇਲੇ ਦੇਂਦਾ ਹੈ, ਸੋ ਇਸ ਦੇ ਗਾਉਣ ਯਾ ਸੁਣਨ ਲਈ ਅੰਮ੍ਰਿਤ ਵੇਲੇ ਜਾਗਣਾ ਜ਼ਰੂਰੀ ਹੈ। ਇਸ ਕਰਕੇ ਸਤਿਗੁਰੂ ਜੀ ਅੰਮ੍ਰਿਤ ਵੇਲੇ ਜਾਗਦੇ ਤੇ ਸੰਗਤਾਂ ਸਿਖਾਂ ਨੂੰ ਇਹ ਵੇਲਾ ਵਾਹਿਗੁਰੂ ਵਿਚ ਲੀਨ ਹੋਣ ਲਈ ਦੱਸਦੇ ਸੇ। ਮੇਰੀ ਜਾਚੇ ਤਾਂ ਆਸਾ ਰਾਗ ਬਣਾਇਆ ਹੀ ਗੁਰੂ ਜੀ ਨੇ ਸੀ। ਮੈਂ ਇਕ ਗਵਯੇ ਤੋਂ ਪਤਾ ਕੀਤਾ ਸੀ ਉਹ ਦੱਸਦਾ ਸੀ ਕਿ ਇਹ ਰਾਗ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਦੇ ਸੰਗੀਤ ਗ੍ਰੰਥਾਂ ਵਿਚ ਮੈਂ ਨਹੀਂ ਵੇਖਿਆ।

{ਕਵੀ}

ਭੈਣ–ਸਤਿਗੁਰ ਜੀ ਵਾਹਿਗੁਰੂ ਦੇ ਘੱਲੇ ਪੂਰਨ ਗੁਰੂ ਅਵਤਾਰ ਤੇ ਭਗਤ ਸਨ; ਪਰ ਬਾਣੀ ਰਚਨ ਕਰਕੇ ਅਸੀਂ ਓਹਨਾਂ ਨੂੰ ਕਵੀ ਭੀ ਕਹਿ ਸਕਦੇ ਹਾਂ ?

ਵੀਰ–ਜੀ, ਗੁਰੂ ਜੀ ਨੇ ਆਪ ਆਪਣੇ ਆਪ ਨੂੰ ਸ਼ਾਇਰ ਕਿਹਾ ਹੈ. "ਨਾਨਕ ਸਾਇਰ ਏਵ ਕਹਤੁ ਹੈ ਸਚੇ ਪਰਵਦਗਾਰਾ[1]; "

ਜਿਸ ਦਾ ਮਸਤਕ ਵਾਹਿਗੁਰੂ ਦੇ ਦਰ ਠਹਿਕਦਾ ਹੈ ਤੇ ਓਥੋਂ ਇਲਾਹੀ ਝਰਨਾਟ ਨਾਲ ਅਕਹਿ ਭਾਵਾਂ ਵਿਚ ਥਰਰਾ ਉਠਦਾ ਹੈ ਤੇ ਫੇਰ ਉਹਨਾਂ ਭਾਵਾਂ ਨੂੰ ਰੰਗ ਰੱਤੀ ਬੋਲੀ ਵਿਚ ਗਾਉਂਦਾ ਹੈ, ਉਹ ਅਸਲ ਸ਼ਾਇਰ ਹੈ, ਉਹ ਸੰਪੂਰਨ ਕਵੀ ਹੈ। ਅਸਲ ਕਵੀ ਹੀ ਉਹੋ ਹੈ, ਜੋ ਦਿੱਸਦੇ ਸੰਸਾਰ ਨੂੰ ਅਣਦਿਸੱਦੇ ਨਾਲ ਜੋੜੀ ਰਖਦਾ ਹੈ। ਅਣਦਿੱਸਦੇ ਰਸਾਂ ਦਾ ਵਿਕਾਸ਼ ਕਰਦਾ ਰਹਿੰਦਾ ਹੈ। ਸਤਿਗੁਰ ਤਾਂ ਪੂਰਨ ਪਰਮੇਸ਼ੁਰ ਦੇ ਪਿਆਰੇ ਸਨ, ਉਚੀ

---

[1] ਸਬਾਹੀ= ਸੁਬਹ, ਸਵੇਰੇ ਹੀ, ।

[2] ਚੌਥੇ ਪਹਿਰ ਅਰਥਾਤ ਸਵੇਰ ਵੇਲੇ ਨਾਮ ਜਪਣਾ ਚਾਹੀਏ ਤੇ ਬਾਕੀ ਸਤਾਂ ਪਹਿਰਾਂ ਵਿਚ ਸਤ ਵਿਚ ਰਹਿਣਾ ਭਾਵ ਵਾਹਿਗੁਰੂ ਦੀ ਹੋਂਦ-ਪ੍ਰਤੀਤੀ (ਸਿਮਰਨ) ਵਿਚ ਰਹਿਣਾ ਚਾਹੀਏ ਤੇ ਵਿਦਵਾਨਾਂ ਦੀ ਸੰਗਤ ਕਰਨੀ ਭਲੀ ਹੈ (ਕਿਉਂ ਜੋ) ਉਥੇ ☞ ☜ਪਾਪਾਂ ਪੁੰਨਾਂ ਦਾ ਵੀਚਾਰ ਹੁੰਦਾ ਹੈ (ਕਿ ਕਿਹੜੇ ਕਰਮ ਕਰਨ ਤੇ ਪੁਨ ਹੁੰਦਾ ਹੈ ਤੇ ਕਿਹੜੇ ਤੇ ਪਾਪ) ਜਿਸ ਨੂੰ ਸੁਣਕੇ ਝੂਠੇ ਕਰਮ (ਜੋ ਪਾਪਾਂ ਦੀ ਪੂੰਜੀ ਹਨ) ਵਿਚ ਸ਼ਰਧਾ ਘਟ ਜਾਂਦੀ ਹੈ, ਅਥਵਾ ਕੂੜੇ ਕਰਮਾ ਦੇ ਸਮੂਹ ਘਟ ਜਾਂਦੇ ਹਨ।

[1] ਧਨਾਸਰੀ ਮਹਲਾ ੧

ਕਵਿਤਾ ਉਨ੍ਹਾਂ ਦਾ ਸੁਭਾਉ ਸੀ। ਸੰਸਾਰ ਦੇ ਕਵੀ 'ਹਸਰਤ' ਭਰੇ ਵਲਵਲੇ ਲਿਖਦੇ ਹਨ, ਝੀਣੀ ਬਾਣ ਤੇ ਉਦਾਸੀ ਰਚਨਾਂ ਰਚਦੇ ਹਨ। ਸਤਿਗੁਰ ਨੇ ਬਿਰਹੇ ਵਿਯੋਗ ਪਿਆਰ ਰਚ ਰਚਕੇ ਬੀ ਸਭ ਥਾਂ ਪੱਕੀ ਸੁਖ ਸੁਆਦ ਚੜ੍ਹਦੀ ਕਲਾ ਦੀ ਰੰਗਣ ਭਰੀ ਹੈ। ਇਹ ਕਵਿਤਾ ਦਾ ਰੰਗ ਕੇਵਲ ਗੁਰੂ ਨਾਨਕ ਵਿਚ ਹੈ, ਜਗਤ ਦੇ ਸਭ ਕਵੀ ਇਥੇ ਮਾਤ ਹਨ[1]। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਸਾਹਿਬਾਂ ਦੀ ਬਾਣੀ ਤੋਂ ਇਹ ਗਲ ਸਪਸ਼ਟ ਹੈ।

{ਬਾਣੀ ਦੇ ਰੰਗ}

ਸ੍ਰੀ ਗੁਰੂ ਜੀ ਕੁਦਰਤ ਦੇ ਬੜੇ ਪਿਆਰੇ ਸਨ, ਕੁਦਰਤੀ ਜਲਵਿਆਂ ਨੂੰ ਵਰਣਨ ਕਰਦੇ ਹਨ: ਉਹਨਾਂ ਦੇ ਅਸਰ ਤੋਂ ਅਸਚਰਜ ਵਿਚੋਂ ਲੰਘਕੇ ਵਿਸਮਾਦ ਵਿਚ ਜਾਂਦੇ ਹਨ ਉਸਦੀ ਸਿਫਤ ਸਲਾਹ ਵਿਚ ਰਚਕੇ ਕਰਤਾਰ ਵਿਚ ਲੀਨ ਹੋ ਜਾਂਦੇ ਹਨ। ਬਾਣੀ ਸਪਸ਼ਟ ਇਹ ਗੱਲ ਦੱਸ ਰਹੀ ਹੈ। ਜੈਸੇ ਆਸਾ ਦੀ ਵਾਰ ਵਿਚ ਵਿਸਮਾਦ ਦੀ ਪੌੜੀ ਤੇ ਹੋਰ ਥਾਂ ਥਾਂ ਪਾਠ ਹਨ। ਉਂਵ ਅੰਤਰ ਆਤਮੇ ਤਾਂ ਉਹ ਹਰ ਛਿਨ ਸਾਂਈਂ ਨਾਲ ਅਵਿਹਲ ਮਿਲੇ ਰਹਿੰਦੇ ਸੇ। ਨਾਮ, ਲਿਵ, ਰਜ਼ਾ ਸਤਿਗੁਰ ਦੇ ਉਪਦੇਸ਼ਾਂ ਦਾ ਸਾਰ ਹੈ ਅਰ ਇਹ ਸਾਰੀ ਬ੍ਰਹਮ ਵਿਦ੍ਯਾ ਦੀ ਅਮਲੀ ਪ੍ਰਾਪਤੀ ਦਾ ਤਰੀਕਾ ਹੈ।

ਨਿਰੋਲ ਵਾਹਿਗੁਰੂ ਨਾਲ ਜੁੜਨ ਦੀ ਇਕੋ ਅਮੋਲਕ ਗੱਲ ਸੰਪੂਰਨ ਹੈ ਤੇ ਹੋਰ ਸਾਧਨ ਤਰਲੇ ਤ੍ਰੀਕੇ ਕਸਰਾਂ ਵਾਲੇ ਹਨ, ਉਹ ਪ੍ਰੇਮ ਨਾਲ, ਭਗਤੀ ਨਾਲ ਸਿਰੇ ਚੜ੍ਹਦੀ ਹੈ। ਪ੍ਰੇਮ ਸਿਮਰਨ ਨਾਲ ਮੌਲਦਾ ਹੈ। ਸਿਮਰਨ ਜਪੁ ਨਾਲ ਤੁਰਦਾ ਹੈ। ਨਿਰਮਲ ਭੈ, ਪ੍ਰੇਮ, ਅਨਿੰਨ ਭਗਤੀ ਏਹ ਉਹਨਾਂ ਦੀ ਬਾਣੀ ਦੇ ਮੁੱਖ ਲੱਛਣ ਹਨ।

ਦਿੱਸ ਰਹੇ ਪਦਾਰਥਾਂ ਬਾਬਤ ਉਹਨਾਂ ਦੇ ਦੱਸੇ ਖਿਆਲ ਠੀਕ ਸੇ, ਜਿਕੂੰ ਲੋਕੀਂ ਕਹਿੰਦੇ ਸੀ ਧਰਤੀ ਹੇਠ ਧੌਲ ਹੈ: ਸਤਿਗੁਰ ਨੇ ਕਿਹਾ: ਇਹ ਗਲਤ ਹੈ। ਲੋਕਾਂ ਕਿਹਾ ਸੱਤ ਅਕਾਸ਼ ਪਤਾਲ ਯਾ ਚੌਦਾਂ ਤਬਕ ਹਨ, ਸਤਿਗੁਰ ਨੇ ਕਿਹਾ ਲੱਖਾਂ ਪਤਾਲ ਆਕਾਸ਼ ਹਨ। ਲੋਕਾਂ ਕਿਹਾ ਸੂਰਜ ਖੜਾ ਹੈ, ਕਿਸੇ ਕਿਹਾ ਧਰਤੀ ਖੜੀ ਹੈ, ਓਹ ਕਹਿੰਦੇ ਸਨ "ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ[1] ॥'

{ਵਾਰ ਆਸਾ ਮ: ੧

ਤੁਹਾਨੂੰ ਉਸ ਦਿਨ ਮੈਂ ਸੁਣਾਇਆ ਸੀ ਕਿ ਪੱਛੋਂ ਵਿਚ 'ਕੋਮਲ ਉਨਰ' ਤੇ 'ਸੁੰਦਰਤਾ' ਬਾਬਤ ਕੈਸੇ ਸੁਹਣੇ ਖਿਆਲ ਹੁਣ ਮਿਲੇ ਹਨ ਤੇ ਉਹਨਾਂ ਨੇ ਜੋ ਅਸਚਰਜ ਦਾ ਪੱਖ ਲੱਭਿਆ ਹੈ, ਮੈਂ ਤੁਹਾਨੂੰ ਓਸਦੀ ਵਯਾਖਯਾ ਦੱਸੀ ਸੀ, ਪਰ ਇਨ੍ਹਾਂ ਦਾਨਿਆਂ ਦੇ ਜੰਮਣ ਤੋਂ ਪਹਿਲੋਂ ਅਜ[2] ਤੋਂ ਲਗ ਪਗ ੪੦੦ ਵਰਹਾ ਅਗੋਂ ਗੁਰੂ ਜੀ ਨੇ ਅਸਚਰਜ ਤੇ ਫੇਰ 'ਵਿਸਮਾਦ' ਦੀ ਵਯਾਖਯਾ ਦੱਸੀ। ਆਸਾ ਦੀ ਵਾਰ ਵਿਚ ਇਕ ਪਉੜੀ ਵਿਸਮਾਦ ਪਰ ਹੈ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਗਾ ਜਗਾ ਜ਼ਿਕਰ ਹੈ। 'ਸਿਫਤ ਸਲਾਹ' ਜੋ ਇਸੇ ਦੀ ਭੈਣ ਹੈ ਤੇ ਖੁਸ਼ੀ, ਅਨੰਦ, ਚੜ੍ਹਦੀਆਂ ਕਲਾਂ, ਸੁਰਤ ਦਾ ਰੰਗ ਰਤੇ ਰਹਿਣਾਂ ਜੋ ਇਸੇ ਪਰਿਵਾਰ ਦੇ ਹੀਰੇ ਹਨ, ਸਤਿਗੁਰ ਨੇ ਕੀਕੂੰ ਦੱਸੇ ਹਨ। ਇਸੇ ਤਰ੍ਹਾਂ ਮੈਂ ਤੁਹਾਨੂੰ ਸਤਿਗੁਰ ਦੀ 'ਕੁਦਰਤ ਤੇ ਹਉਂ' ਬਾਬਤ ਫਿਲਾਸਫੀ ਦੱਸਾਂ, ਪਰ ਅਜ ਅਸੀ ਮਹਾਰਾਜ ਦੀ ਤਾਲੀਮ ਦੀ ਖੋਜ ਨਹੀਂ ਕਰਨੀ ਅਰ ਗੁਰੂ ਬਾਣੀ ਵਿਚੋਂ ਐਸੇ ਕਿਣਕੇ ਚੁਣਨੇ ਹਨ, ਜਿਨ੍ਹਾਂ ਤੋਂ ਮਹਾਰਾਜ ਜੀ ਦੇ ਜੀਵਨ ਪਰ ਰੌਸ਼ਨੀ ਪੈ ਸਕੇ।

{ਨਿੰਦਿਆ}

ਭੈਣ-ਵੀਰ ਜੀ ! ਸਤਿਗੁਰਾਂ ਨੂੰ ਸਭ ਜਗ ਪਿਆਰ ਕਰਦਾ ਹੋਸੀ, ਜੇ ਕਿਤੇ ਅੱਜ ਜਗ ਵਿਚ ਓਦਾਂ ਆਉਣ ਤਾਂ ਅਸੀਂ ਸਦਕੇ ਹੋ ਹੋ ਜਾਈਏ!

ਵੀਰ-ਭੋਲੀ ਭੈਣ ! ਉਹ ਅਖਾਂ ਹੋਰ ਹਨ, ਜੋ ਸੱਚ ਪਰ ਪਤੀਜਦੀਆਂ ਹਨ, ਕਾਣ ਵਾਲੀਆਂ ਅੱਖਾਂ ਸਤਿਗੁਰਾਂ ਦੀ ਨਿੰਦਾਂ ਬੀ ਕਰਦੀਆਂ ਰਹੀਆਂ: ਆਪ ਸਤਿਗੁਰ ਦੱਸਦੇ ਹਨ;-

ਮਸਟਿ ਕਰਉ ਮੂਰਖੁ ਜਗਿ ਕਹੀਆ ॥
ਅਧਿਕ ਬਕਉ ਤੇਰੀ ਲਿਵ ਰਹੀਆ ॥
... ... ... ...
ਐਸੇ ਝੂਠਿ ਮੁਠੇ ਸੰਸਾਰਾ ॥ ਨਿੰਦਕੁ ਨਿੰਦੈ
ਮੁਝੈ ਪਿਆਰਾ॥ {ਪ੍ਰਭਾਤੀ ਮ: ੧}

---

[1] ਵਿਸ਼ੇਸ਼ ਲਈ ਦੇਖੋ ਇਸੇ ਗ੍ਰੰਥ ਦਾ ਲੇਖ ਨ: ੬੫-ਪੰਨਾ ੩੭੩"ਸਭ ਤੇ ਵਡਾ ਸਤਿਗੁਰੁ ਨਾਨਕੁ" ਜੋ ਅੱਗੇ ਆ ਰਿਹਾ ਹੈ।

[1] ਇਹਨਾਂ ਸਾਰੀਆਂ ਗਲਾਂ ਦੇ ਵਿਸਥਾਰ ਲਈ ਪੜੋ 'ਸਭ ਤੇ ਵਡਾ ਸਤਿਗੁਰੁ ਨਾਨਕੁ' ਜੋ ਲੇਖ ਇਸੇ ਪੋਥੀ ਵਿਚ ਅਗੇ ਪੰਨਾ ੩੭੩ ਤੇ ਆ ਰਿਹਾ ਹੈ।

[2] ਇਹ ਲੇਖ ੧੯੧੭ ਈ ਵਿਚ ਲਿਖਿਆ ਗਿਆ ਹੈ


www.sikhbookclub.com

ਸਾਫ ਹੈ ਕਿ ਸੰਸਾਰੀ ਲੋਕ ਝੂਠ ਵਿਚ ਪੈਕੇ ਝੂਠ ਬੋਲਦੇ ਉਨ੍ਹਾਂ ਦੀ ਨਿੰਦਾ ਕਰਦੇ ਸਨ, ਪਰ ਓਹ ਜਗਦਾਤੇ ਉਸਨੂੰ ਇਸ ਕਰਕੇ ਚੰਗਾ ਜਾਣਦੇ ਸਨ ਕਿ ਓਹ ਪਾਪਾਂ ਦੀ ਮੈਲ ਧੋਂਦੇ ਹਨ, ਸੋ ਭੈਣ ! ਨਿੰਦਾ ਨਹੀਂ ਕਰਨੀ, ਨਿੰਦਕ ਆਪਣੇ ਜਾਣੇ ਸੱਟ ਮਾਰਦਾ ਹੈ ਪਰ ਅਸਲ ਵਿਚ ਜਿਸ ਦੀ ਨਿੰਦਾ ਕਰਦਾ ਹੈ ਉਸ ਦੇ ਪਾਪ ਧੋਂਦਾ ਹੈ ਤੇ ਆਪਣੇ ਮਨ ਨੂੰ ਮੈਲਾ ਕਰਦਾ ਹੈ।

{ਦੀਵਾਨਾ}

ਭੈਣ-ਜਨਮ ਸਾਖੀਆਂ ਵਿਚ ਲਿਖਤ ਹੈ ਕਿ ਗੁਰੂ ਜੀ ਦੀ ਵਾਹਿਗੁਰੂ ਪ੍ਰੇਮ ਵਿਚ ਲੀਨਤਾ ਤੋਂ ਲੋਕੀਂ ਉਨ੍ਹਾਂ ਨੂੰ ਦੀਵਾਨਾ ਕਹਿਣ ਲਗ ਪਏ ਸਨ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਭੀ ਸਬੂਤ ਮਿਲਦਾ ਹੈ ?

ਵੀਰ-ਜੀ ਹਾਂ, ਆਪੇ ਸਤਿਗੁਰੂ ਜੀ ਦੱਸਦੇ ਹਨ;-

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ
॥੧॥ ਭਇਆ ਦਿਵਾਨਾ ਸਾਹ ਕਾ ਨਾਨਕੁ
ਬਉਰਾਨਾ ॥ {ਮਾਰੂ ਮ: ੧}

ਸੋ ਸਾਫ਼ ਹੈ ਕਿ ਕੋਈ ਗੁਰੂ ਜੀ ਨੂੰ ਆਦਮੀ ਕਹਿੰਦਾ ਹੈ, ਕੋਈ ਭੂਤਨਾ, ਕੋਈ ਦੀਵਾਨਾ ਤੇ ਓਹ ਕਹਿੰਦੇ ਹਨ ਮੈਂ ਹਾਂ 'ਨਾਨਕ ਵਿਚਾਰਾ' ਤੇ ਅਗਲੀਆਂ ਤੁਕਾਂ ਦੱਸਦੀਆਂ ਹਨ ਕਿ 'ਨਾਨਕ ਵਿਚਾਰਾ' ਵਾਹਿਗੁਰੂ ਪ੍ਰੇਮ ਨਾਲ ਲਾਲੋ ਨਾਲ ਹੋ ਰਿਹਾ ਹੈ। ਇਸ ਪ੍ਰੇਮ ਨੂੰ ਲੋਕੀਂ ਦਿਵਾਨਾਪਨ ਸਮਝਦੇ ਸਨ।

{ਵੈਦ}

ਵੀਰ-ਮਲੂਮ ਹੁੰਦਾ ਹੈ ਕਿ ਸ੍ਰੀ ਗੁਰੂ ਜੀ ਨੂੰ ਪਰਮੇਸ਼ੁਰ ਦੇ ਪਾਸੇ ਖਚਿਤ ਵੇਖਕੇ, ਬੀਮਾਰ ਸਮਝਕੇ ਕਦੇ ਵੈਦ ਭੀ ਸੱਦਿਆ ਗਿਆ ਸੀ, ਉਸ ਵੈਦ ਨੂੰ ਗੁਰੂ ਜੀ ਨੇ ਕਿਹਾ ਸੀ:-

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ
ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ
ਕਲੇਜੇ ਮਾਹਿ ॥ {ਮਲਾਰ ਵਾਰ ਮ: ੧}

ਇਨ੍ਹਾਂ ਤੁਕਾਂ ਵਿਚ ਸਾਫ਼ ਦਿੱਸ ਰਿਹਾ ਹੈ ਕਿ ਵੈਦ ਸੱਦਿਆ ਗਿਆ ਹੈ ਉਹ ਗੁਰੂ ਜੀ ਦੀ ਨਾੜ ਵੇਖਦਾ ਹੈ ਤੇ ਸਤਿਗੁਰ ਜੀ ਓਸ ਨੂੰ ਸਮਝਾ ਰਹੇ ਹਨ। ਸੋ ਇਹ ਸਤਿਗੁਰ ਨਾਲ ਬੀਤੀ ਸਾਖੀ ਹੈ। ਵੈਦਾਂ ਪਰਿਥਾਇ ਆਮ ਉਪਦੇਸ਼ ਵੀ ਇਹ ਹੈ, ਪਰ ਇਹ ਇਤਿਹਾਸਕ ਨੁਕਤਾ ਵੀ ਹੈ। ਮਲਾਰ ਵਾਰ ਦਾ ਇਹ ਸ਼ਲੋਕ ਹੈ ਮਲਾਰ ਰਾਗ ਵਿਚ ਹੀ ਇਕ ਹੋਰ ਸ਼ਬਦ ਹੈ ਜਿਥੇ ਗੁਰੂ ਜੀ ਸਾਹਮਣੇ ਬੈਠੇ ਵੈਦ ਨੂੰ ਕਹਿੰਦੇ ਹਨ:-

'ਵੈਦ ਨ ਭੋਲੇ ਦਾਰੂ ਲਾਇ ॥'{ਮਲਾਰ ਮ: ੧}

ਤਾਂ ਤੇ ਇਹ ਉਨ੍ਹਾਂ ਦੇ ਹੋ ਵਰਤੀ ਸਾਖੀ ਹੈ।

ਭੈਣ-ਭਲਾ ਖੇਤ ਹਰਾ ਕਰਨ ਦੀ ਤੇ ਬ੍ਰਿਛ ਦੀ ਛਾਯਾ ਨ ਹਟਣ ਦੀ ਸਾਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲ ਸਕਦੀ ਹੈ?

ਭਰਾ-ਮੈਂ ਤੁਹਾਨੂੰ ਦੱਸਣ ਹੀ ਲੱਗਾ ਸਾਂ ਕਿ 'ਸਤਹੁ ਖੇਤ ਜਮਾਇਓਨ ਸਤਹੁ ਛਾਵਾਣੁ' ਵਾਲੀ ਤੁਕ ਵਿਚ ਖੇਤ ਜਮਾਇਓਨ ਸਤਹੁ ਛਾਵਾਣੁ' ਵਾਲੀ ਤੁਕ ਵਿਚ ਖੇਤ ਹਰੇ ਕਰਨ ਤੇ ਛਾਯਾ ਵਾਲੀ ਸਾਖੀ ਹੈ[੧]।

{ਹਿੰਦ ਦਾ ਤਦੋਂ ਦਾ ਇਖਲਾਕ}

ਭੈਣ-ਬਾਬਰ ਦੇ ਜ਼ੁਲਮਾਂ ਦੀ ਪੀੜ ਹਿੰਦੀਆਂ ਨੂੰ ਕਿਉਂ ਝੱਲਣੀ ਪਈ?

ਵੀਰ-ਹਿੰਦੀ ਇਖਲਾਕ ਗੁਆ ਬੈਠੇ ਸੇ, ਅੰਦਰ ਆਪਣੇ ਚੜ੍ਹਦੀਆਂ ਕਲਾਂ ਦੇ ਤੇਜ ਹਿਰ ਬੈਠੇ ਸਨ। ਭੈਣ ਜੀ ! ਜਿਨ੍ਹਾਂ ਦਾ ਆਚਾਰ ਬਿਉਹਾਰ ਚੰਗਾ ਹੋਵੇ ਉਹਨਾਂ ਦੇ ਅੰਦਰ ਤੌਖਲਾ ਤੋਟਾ ਨਹੀਂ ਹੁੰਦਾ, ਫੇਰ ਉਨ੍ਹਾਂ ਵਿਚ ਤੇਜ ਆ ਵਸਦਾ ਹੈ, ਤੇਜ ਵਾਲੇ ਨੂੰ ਕੌਣ ਮਾਰ ਸਕਦਾ ਹੈ, ਦੇਖੋ ਗੁਰ ਨਾਨਕ ਜੀ ਲੋਕਾਂ ਦੇ ਇਖਲਾਕ (ਆਚਰਣ) ਦਾ ਕੀ ਹਾਲ ਦੱਸਦੇ ਹਨ:-

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ
ਮੁਰਦਾਰੁ ॥ ਕੂੜੁ ਬੋਲਿ ਬੋਲਿ ਭਉਕਣਾ
ਚੂਕਾ ਧਰਮੁ ਬੀਚਾਰੁ ॥ {ਵਾਰ ਸਾਰੰਗ ਮ: ੧}

---

੧ ਇਸ ਸਾਖੀ ਦੀ ਸਾਖ ਭਰਨ ਵਾਲੇ ਉਸ ਸਮੇਂ ਦੇ ਲੇਖਕ ਮਤਾ ਬਲਵੰਡ ਰਬਾਬੀ ਜੀ ਤੀਸਰੀ ਪਾਤਸ਼ਾਹੀ ਜੀ ਨੂੰ ਕਹਿ ਰਹੇ ਸਨ ਕਿ ਤੁਸੀਂ ਉਹੀ ਗੁਰ ਨਾਨਕ ਹੋ ਜਿਨ੍ਹਾਂ ਨੇ ਆਪਣੀ ਸਤਤਜਾ ਨਾਲ ਮਹੀਆਂ ਦਾ ਚਰਿਆ ਖੇਤ ਹਰਿਆ ਕੀਤਾ ਤੇ ਆਪਣੀ ਸਤਜਾ ਨਾਲ ਬ੍ਰਿਛ ਦੀ ਛਾਇਆ ਆਪਣੇ ਤੇ ਟਿਕਾ ਰਖੀ ਸੀ।

ਪੁਨਾ;-ਰੰਨਾ ਹੋਈਆ ਬੋਧੀਆ[1] ਪੁਰਸ ਹੋਏ ਸਈਆਦ[2] ॥ਸੀਲੁ- ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥ ਸਰਮੁ ਗਇਆ ਘਰਿ ਆਪਣੇ ਪਤਿ ਉਠਿ ਚਲੀ ਨਾਲਿ ॥

{ਵਾਰਾਂ ਸਾਰੰਗ ਮ: ੧}

ਪੁਨਾ:-ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ[3] ਮਿਤੁ[4] ਨ ਰਹਿਓ ਕੋਈ ॥ ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥

{ਸਲੋਕ ਵਾ ਤੇ ਵਧੀ: ਮ: ੧}

ਪੁਨਾ:-ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ {ਸ: ਵਾਰ: ਤੇ: ਵ: ਮ: ੧}

ਅਰਥਾਤ ਲਾਹੌਰ ਜੋ ਰਾਜਧਾਨੀ ਹੈ ਐਸਾ ਪਾਪ ਵਿਚ ਗ਼ਰਕ ਹੈ ਕਿ ਸਵਾ ਪਹਿਰ ਦਿਨ ਚੜ੍ਹੇ ਤਕ ਇਥੇ ਜ਼ਹਿਰ (ਪਾਪ ਕਰਮ) ਤੇ ਕਹਰ (ਕਸ਼ਟ ਦੇਣ ਵਾਲੇ ਕਰਮ) ਹੁੰਦੇ ਰਹਿੰਦੇ ਹਨ। ਜੇ ਉਦੋਂ ਰਾਜਧਾਨੀ ਦਾ ਇਹ ਹਾਲ ਸੀ ਤਾਂ ਬਾਕੀ ਦੇਸ਼ ਇਹੋ ਮਤਿ ਹੀ ਸਿਖਦਾ ਹੋਊ।

ਰਾਜਾ ਪਰਜਾ ਦਾ ਓਦੋਂ ਇਹ ਹਾਲ ਸੀ :-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥

{ਵਾਰ ਮਾਝ ਮ: ੧}

ਪੁਨਾ:-ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥ {ਆਸਾ ਮ: ੧}

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥ {ਧਨਾਸਰੀ ਮ: ੧}

ਸੋ ਪਤਾ ਲਗਾ ਹੈ ਕਿ ਸਤਿਗੁਰ ਜਿਸ ਸਮੇਂ ਹੋਏ ਓਦੋਂ ਰਾਜਾ ਪਰਜਾ ਤੇ ਦੇਸ਼ ਦੇ ਇਖ਼ਲਾਕ ਦਾ ਬੜਾ ਹੀ ਮੰਦਾ ਹਾਲ ਸੀ।

{ਬੋਲੀਆਂ}

ਭੈਣ-ਸਤਿਗੁਰ ਦੇ ਵੇਲੇ ਪੰਜਾਬ ਵਿਚ ਬੋਲੀਆਂ ਕੀ ਸਨ ?

ਵੀਰ-ਇਕ ਤਾਂ ਪੰਜਾਬ ਬੋਲੀ ਸੀ, ਇਹ ਸਿਧ ਇਥੋਂ ਹੁੰਦਾ ਹੈ ਕਿ ਸਤਿਗੁਰ ਨੇ ਰਚਨਾ ਆਪਣੀ ਪੰਜਾਬੀ ਵਿਚ ਕੀਤੀ ਹੈ ਅਰ ਲਹਿੰਦਾ, ਪੱਛੋਂ, ਦੱਖਣ, ਪੂਰਬ ਦੀਆਂ ਦੇਸ਼ ਭਾਸ਼ਾਂ ਦੀਆਂ ਫਰਕਵੀਆਂ ਬੋਲੀਆਂ ਵਿਚ ਭੀ ਸ਼ਬਦ ਰਚੇ ਹਨ। ਸਿੰਧੀ, ਬਹਾਵਲਪੁਰੀ, ਡੇਰਾ ਜਾਤ ਦੀ, ਮੁਲਤਾਨੀ, ਸਾਹੀ ਵਾਲੀ, ਪਸ਼ੌਰੀ, ਪੋਠੋਹਾਰੀ, ਮਾਝੇ ਦੀ, ਦੁਆਬੇ ਦੀ, ਮੈਨਦਾਬ ਦੀ ਬੋਲੀ ਬੀ ਵਰਤੀ ਹੈ। ਸੋ ਇਨ੍ਹਾਂ ਪੰਜਾਬੀ ਬੋਲੀਆਂ ਤੋਂ ਛੁਟ ਆਪ ਨੇ ਪ੍ਰਾਕ੍ਰਿਤ ਅਰਥਾਤ ਸਹਸਕ੍ਰਿਤ, ਹਿੰਦੀ ਕਈ ਪ੍ਰਕਾਰ ਦੀ ਪੂਰਬੀ ਤੇ ਦਖਣੀ ਬੋਲੀ ਬੀ ਵਰਤੀ ਹੈ।

ਦੂਸਰੇ ਫਾਰਸੀ, ਇਸ ਦਾ ਸਬੂਤ ਇਹ ਹੈ ਕਿ ਸਤਿਗੁਰ ਨੇ 'ਯਕ ਅਰਜ ਗੁਫਤਮ' ਫਾਰਸੀ ਲਫਜ਼ਾਂ ਵਾਲੇ ਸ਼ਬਦ ਕਹੇ।

ਇਸ ਵੇਲੇ ਉਸ ਬੋਲੀ ਦਾ ਮੁੱਢ-ਜੋ ਮਗਰੋਂ ਜਾਕੇ ਉਰਦੂ ਬਣ ਗਈ, ਹੋ ਰਿਹਾ ਸੀ, ਜਿਸ ਵਿਚ ਫਾਰਸੀ ਤੇ ਦੇਸੀ ਬੋਲੀ ਰਲ ਗਈ, ਜਿਕੁਰ:-

ਹਮ ਆਦਮੀ ਹਾਂ ਇਕ ਦਮੀ ॥ {ਧਨਾਸਰੀ ਮ:੧}

ਅਸਤਿ ਏਕ ਦਿਗਰਿ ਕੁਈ ॥ {ਵਾਰ ਮਾਝ ਮ:੧}

ਪੁਨਾ-ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ ॥ {ਤਿਲੰਗ ਮ: ੫}

ਚਿਲਮਿਲਿ ਬਿਸੀਆਰ ਦੁਨੀਆ ਫਾਨੀ ॥
ਕਾਲੂਬਿ ਅਕਲ ਮਨ ਗੋਰ ਨ ਮਾਨੀ ॥
ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ ॥ ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ॥ {ਮਲਾਰ ਵਾਰ ਮ:੧}

'ਅਸਤ' 'ਦਿਗਰ' ਇਹ ਫਾਰਸੀ ਹੈ, ਬਾਕੀ 'ਜਬ ਤਬ' ਹਿੰਦੁਸਤਾਨੀ ਹਨ। ਜਿਕੂੰ ਅਜ ਕਲ ਪੰਜਾਬੀ ਲੋਕ ਪੰਜਾਬੀ ਵਿਚ ਗੱਲਾਂ ਕਰਦੇ ਸਹਿ ਸੁਭਾ ਵਿਚ ਅੰਗਰੇਜ਼ੀ ਦੇ ਲਫਜ਼ ਤੇ ਫਿਕਰੇ ਬੋਲ ਜਾਂਦੇ ਹਨ ਤੇ ਕੁਛ ਓਪਰਾਪਨ ਨਹੀਂ ਲਗਦਾ, ਤਿਵੇਂ ਤਦੋਂ ਆਮ ਬੋਲ ਚਾਲ ਦੀ ਇਹ ਸੂਰਤ ਹੋ ਰਹੀ ਸੀ।

---

[1] ਚੁੰਚ ਗਜਾਨਣਾ, ਕੁਚੀਲ, ਮੂਰਖ।

[2] ਸ਼ਿਕਾਰੀ, ਦਗ਼ੇਬਾਜ਼, ਜਰਵਾਣੇ।

[3] ਮਰਿਯਾਦਾ ਪੁਰਸ਼ੋਤਮ ਸਾਧੂ ਰੱਬ ਦੇ ਰਸਤੇ ਪਾ ਦੇਣ ਵਾਲਾ ਤੇ ਆਪ ਟੁਰਨ ਵਾਲਾ। [4] ਮਿੱਤ੍ਰ, ਦੋਸਤ।

ਚੌਥੀ ਬੋਲੀ ਉਹ ਸੀ ਜੋ ਪੁਰਾਤਨ ਗਾਥਾ[1] ਬੋਲੀ ਸੀ, ਜਿਸ ਵਿਚ ਕਈ ਮਤਾਂ ਦੇ ਗੀਤ ਆਦਿ ਰਚੇ ਜਾਂਦੇ ਸਨ। ਪੰਜਵੇਂ ਸਤਿਗੁਰ ਨੇ ਗਾਥਾ ਸਹਸਕ੍ਰਿਤ ਆਦਿ ਨਾਮ ਦਿੱਤੇ ਹਨ। ਜੈ ਦੇਵ ਜੀ ਦੇ ਸ਼ਬਦ ਇਸ ਬੋਲੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ ਆਦਿ ਪਾਤਸ਼ਾਹੀ ਜੀ ਦਾ 'ਪੜ ਪੁਸਤਕ ਸੰਧਜਾ ਬਾਦੰ' ਆਦਿ ਵਾਕ ਹਨ।

ਉਂਵ ਦੇਸ਼ ਵਿਚ ਬੋਲੀਦੀ ਪੰਜਾਬੀ ਜ਼ੁਬਾਨ ਸੀ; ਜਿਸ ਵਿਚ ਪ੍ਰਾਕ੍ਰਿਤ ਸੰਸਕ੍ਰਿਤ ਦੇ ਲਫਜ਼ ਸਨ ਹੀ, ਫਿਰ ਅਰਬੀ ਫਾਰਸੀ ਦੇ ਲਫਜ਼ ਰਲ ਗਏ ਸਨ ਤੇ ਹੁਣ ਤੁਰਕੀ ਬੋਲੀ ਦੇ ਲਫਜ਼ ਰਲਨੇ ਸ਼ੁਰੂ ਹੋ ਗਏ ਸਨ।

ਜਿਂਕੂੰ ਰੱਬ, ਅੱਲਾ, ਮਹਜ਼ਰ, ਕਾਸਾ, ਬਾਬਾ, ਤਰਕਸ਼, ਤੁਪਕ, ਆਲਮ, ਦੁਨੀਆਂ, ਖਾਕ, ਨੂਰ, ਭਿਸਤ, ਦੋਜ਼ਖ ਆਦਿ ਲਫਜ਼ਾਂ ਤੋਂ ਅਰਬੀ ਫਾਰਸੀ ਤੁਰਕੀ ਦਾ ਪਤਾ ਲਗਦਾ ਹੈ।

{ਵਰਤਾਰਾ}

ਭੈਣ–ਲੋਕਾਂ ਦੇ ਖਾਣ ਪਾਣ ਪਹਿਰਾਨ ਬਾਬਤ ਭੀ ਉਸ ਸਮੇਂ ਦਾ ਕੁਛ ਪਤਾ ਲਗਦਾ ਹੈ, ਜਿਸ ਸਮੇਂ ਸਤਿਗੁਰ ਪੰਜਾਬ ਨੂੰ ਭਾਗ ਲਾ ਰਹੇ ਸਨ ?

ਵੀਰ–ਸਤਿਗੁਰ ਦੀ ਬਾਣੀ ਵਿਚ ਮਜੀਠ ਦਾ ਰੰਗ ਚੰਗਾ ਤੇ ਸੁਹਾਗ ਦੀ ਨਿਸ਼ਾਨੀ ਦੱਸਿਆ ਹੈ, ਸੂਹਾ ਤੇ ਕਸੁੰਭੇ ਦਾ ਰੰਗ ਕੱਚਾ ਲਿਖਿਆ ਹੈ, ਚੋਲੀ ਦਸਤਾਰ ਦਾ ਜ਼ਿਕਰ ਬੀ ਹੈ, ਧੋਤੀ, ਕਬਾ, ਚੋਲੇ ਪੈਰਾਹਨ ਦਾ ਨਾਉਂ ਭੀ ਆਉਂਦਾ ਹੈ। ਸ਼ੱਕਰ ਖੰਡ, ਕੂਜਾ, ਦੁਧ, ਭੁਸਰੀ, ਗਰੀ, ਛੁਹਾਰੇ ਇਹ ਪੰਜਾਬ ਦੇ ਖਾਣ ਦੇ ਪਦਾਰਥਾਂ ਦਾ ਜ਼ਿਕਰ ਬੀ ਹੈ, ਕਸਤੂਰੀ, ਕੁੰਗੂ, ਕੇਸਰ, ਫੁਲ ਆਦਿ ਖੁਸ਼ਬੂਆਂ ਦਾ ਨਾਉਂ ਭੀ ਹੈ। ਕੋਇਲ, ਬੰਬੀਹੇ, ਮੋਰ ਆਦਿ ਪੰਛੀਆਂ ਤੇ ਹਾਥੀ, ਘੋੜੇ, ਰਥ ਆਦਿ ਸਵਾਰੀਆਂ ਦਾ ਨਾਉਂ ਭੀ ਹੈ। ਚੂੜੀਆਂ, ਬਾਹੀਂ ਚੂੜਾ ਸੁਹਾਗਣਾਂ ਦੇ ਜ਼ਿਕਰ ਵਿਚ ਆਏ ਹਨ।

ਇਹੋ ਪਿੰਡ, ਗਿਰਾਂ, ਸ਼ਹਿਰ, ਦਰਿਯਾ ਸਨ, ਅਨਾਜ ਹੁੰਦੇ ਸਨ, ਲੋਕੀਂ ਗਊਆਂ ਦਾ ਦੁੱਧ ਪੀਂਦੇ, ਘਿਉ ਖਾਂਦੇ ਸਨ ਕਮਾਦ ਉਗਦੇ, ਗੁੜ ਸ਼ੱਕਰਾਂ ਬਨਾਉਂਦੇ ਸਨ[1]। ਭੈਣਾਂ ਦੇ ਪਿਆਰ, ਮਾਪਿਆਂ ਦੇ ਮੋਹ, ਬਰਾਦਰੀਆਂ ਦੇ ਆਪੋ ਵਿਚ ਕੁਟੰਬ ਵਰਗੇ ਵਰਤਣ ਸਨ। ਇਹੋ ਰੁੱਤਾਂ ਰੰਗ ਸਨ ਹਾਂ ਜ਼ੁਲਮ ਸੀ, ਆਚਰਣ ਅਵਿਦਯਾ ਗ਼ਰੀਬੀ ਕਰਕੇ ਨੀਵੇਂ ਸਨ, ਜੋ ਗੁਰੂ ਬਾਬੇ ਨੇ ਸੁਧਾਰ ਦਿਤੇ ਤੇ ਦੇਸ਼ ਸੁੱਤਾ ਜਗਾ ਦਿੱਤਾ ਅਰ ਉੱਚੇ ਆਚਰਨ ਤੇ ਰੱਬੀ ਪ੍ਰੇਮ ਦੀ ਨੈਂ ਵਗਾ ਦਿੱਤੀ ਤੇ ਪੰਜਾਬ ਨੂੰ ਤੰਦਰੁਸਤ ਤੇ ਤਕੜਾ ਪੰਜਾਬ ਕਰ ਦਿਤਾ, ਜੋ ਸਾਮਾਨ ਉਨ੍ਹਾਂ ਦੇ ਵੇਲੇ ਸਨ, ਹੁਣ ਤਕ ਪੰਜਾਬ ਵਿਚ ਚਲੇ ਆਂਦੇ ਹਨ ਪਰ ਹੁਣ ਰਵਸ਼ਾਂ ਬਦਲ ਰਹੀਆਂ ਹਨ।

{ਸਾਖੀਆਂ}

ਭੈਣ–ਕੋਈ ਸਾਖੀਆਂ ?

ਵੀਰ–ਬੀਬੀ! ਕਈ ਸ਼ਬਦ ਲਗਪਗ ਸਾਖੀਆਂ ਹਨ। ਸਤਿਗੁਰ ਜੀ ਨੇ ਕਿਸੇ ਨਾਂ ਕਿਸੇ ਦੇ ਪਰਥਾਇ ਬਹੁਤ ਸ਼ਬਦ ਉਚਾਰੇ ਹਨ। ਕੋਈ ਅਗਲੇ ਨੂੰ ਸਾਹਮਣੇ ਕਰਕੇ (ਮੁਖਾਤਬ ਕਰਕੇ) ਕਿਹਾ ਹੈ, ਕਦੇ ਤੂਜਾਕੁਲ ਹੋਕੇ ਤੇ ਕਦੇ ਆਪਣੇ ਮਨ ਨੂੰ ਸੰਬੋਧਨ ਕਰਕੇ 'ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ'। ਕਦੇ ਹੋ ਚੁਕੀਆਂ ਗੋਸ਼ਟਾਂ ਦੇ ਮਗਰੋਂ ਉਸ ਦੇ ਸਾਰ ਕਥਨ ਵਿਚ ਬਾਣੀ ਰਚੀ ਹੈ। ਅਕਾਲ ਪੁਰਖ ਦੇ ਪ੍ਰੇਮ ਤੇ ਲਿਵਲੀਨਤਾ ਵਿਚ ਈਸ਼੍ਵਰੀਯ ਗਯਾਨ ਦੀ ਪ੍ਰਾਪਤੀ ਬਾਣੀ ਵਿਚ ਕਹੀ ਹੈ, ਉਹੋ ਪਰਿਥਾਇ ਉਪਦੇਸ਼ ਹੋਈ ਹੈ। ਐਉਂ ਬਾਣੀ ਰਬੀ ਗਯਾਨ ਹੈ ਤੇ ਅਨੁਭਵੀ ਪ੍ਰੇਮ ਤਰੰਗ ਹਨ। ਉਹੋ ਰਬੀ ਗਯਾਨ ਲੋਕਾਂ ਨੂੰ ਉਪਦੇਸ਼ ਹੋਇਆ ਤੇ ਗੋਸ਼ਟਾਂ ਵਿਚ ਦੱਸਿਆ ਬੀ ਰਬੀ ਗਯਾਨ ਹੀ ਹੈ।

੧.{ਬਗਲ ਸਮਾਧੀ}

ਜੀਕੂੰ ਆਸਾ ਦੀ ਵਾਰ ਵਿਚ ਇਕ ਬਗਲ ਸਮਾਧੀ ਪੰਡਤ ਨੂੰ ਸਮਝਾ ਰਹੇ ਆਖਦੇ ਹਨ, 'ਤ੍ਰੈਪਾਲ ਤਿਹਾਲ ਬਿਚਾਰੰ ॥" ਤ੍ਰੈਪਾਲ (ਵਾਹਿਗੁਰੂ) ਤੇਰਾ ਹਾਲ ਵਿਚਾਰ ਰਿਹਾ ਹੈ। 'ਤੇਰਾ' ਕਹਿਣ ਤੋਂ ਸਪਸ਼ਟ ਪਤਾ ਲਗ ਗਿਆ ਕਿ ਇਹ ਕਿਸੇ ਪੰਡਤ ਨੂੰ

---

[1] ਗਾਥਾ ਨਾਮ ਗੀਤ ਦਾ ਬੀ ਹੈ ਤੇ ਵਿਲਸਨ ਨੇ ਗਾਥਾ ਦੇ ਅਰਥ ਪ੍ਰਾਕ੍ਰਿਤ ਬੋਲੀ ਬੀ ਕੀਤੇ ਹਨ। ਇਹ ਬੋਲੀ ਉਸ ਸਮੇਂ ਦੀ ਬੋਲੀ ਜਾਣਵਾਲੀ ਬੋਲੀ ਸੀ। ਸਹਸਕ੍ਰਿਤ=ਜੋਸਹਜੇ ਰਚੀ ਜਾਵੇ: ਇਹ ਸਹਸਕ੍ਰਿਤ ਇਕ ਪ੍ਰਕਾਰ ਦੀ ਪ੍ਰਾਕ੍ਰਿਤ ਵਰਗੀ ਸਾਧੂ ਭਾਸ਼ਾ ਸੀ। ਸੰਸਕ੍ਰਿਤ= ਜੋ ਯਤਨ ਨਾਲ ਰਚੀ ਗਈ। ਇਹ ਮੰਜੀ ਹੋਈ ਕਿਤਾਬੀ ਬੋਲੀ ਦਾ ਨਾਉਂ ਸੀ।

[1] ਆਦਿ ਗੁਰਾਂ ਦੀ ਬਾਣੀ ਵਿਚ ਸਭਨਾਂ ਗਲਾਂ ਦਾ ਜ਼ਿਕਰ ਆਉਂਦਾ ਹੈ।

ਸਾਹਮਣੇ ਸਮਝਾ ਰਹੇ ਹਨ।

ਪਰ ਤ੍ਰਯਾਕੁਲ ਹੋਕੇ ਯਾ ਆਪਣੇ ਆਪ ਨੂੰ ਸਾਹਮਣੇ ਕਰਕੇ ਜਦ ਕਹਿੰਦੇ ਹਨ, ਤਦ ਹੁੰਦਾ ਤਾਂ ਕਦੇ ਕਦੇ ਸਾਖੀ ਪਰਿਥਾਇ ਹੈ, ਪਰ ਸਪਸ਼ਟ ਅਸੀਂ ਆਖ ਨਹੀਂ ਸਕਦੇ। ਹੋ ਸਕਦਾ ਹੈ ਕਿ ਆਪਣੇ ਰੰਗ ਵਿਚ ਹੀ ਉਚਾਰ ਰਹੇ ਹੋਣ।

{ਰਾਜ ਪੁਤ੍ਰੀਆਂ ਦੀ ਸਾਖੀ}

ਜਨਮ ਸਾਖੀਆਂ, ਪ੍ਰਸੰਗਾਂ ਦੀ ਮਦਦ ਨਾਲ ਤਾਂ ਅਸੀਂ ਕਿਤਨੇ ਹੀ ਸ਼ਬਦਾਂ ਬਾਬਤ ਦੱਸ ਸਕਦੇ ਹਾਂ ਕਿ ਫਲਾਣੇ ਪਰਿਥਾਇ ਫਲਾਣਾ ਸ਼ਬਦ ਉਚਾਰਿਆ ਹੈ, ਪਰ ਨਿਰੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਦਰਲੀ ਉਗਾਹੀ ਤੋਂ ਭੀ ਬਹੁਤ ਪਤੇ ਲਗਦੇ ਹਨ, ਜਿਹਾ ਕੁ-

ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ
ਭਣਹੁ ਸਚੁ ਦੋਤੁ ਸਵਾਰਿ ॥ {ਬਸੰਤ ਮ: ੧}

ਇਹ ਸ਼ਿਵਨਾਭ ਦੀ ਪੁਤ੍ਰੀ ਨੂੰ ਉਪਦੇਸ਼ ਕੀਤਾ ਸੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਕੇਵਲ ਏਨੀ ਉਗਾਹੀ ਹੀ ਮਿਲਦੀ ਹੈ ਕਿ ਇਹ ਕਿਸੇ ਰਾਜ ਕੰਨਯਾਂ ਨੂੰ ਸਤਿਗੁਰ ਨੇ ਕਿਹਾ ਹੈ : ਜਾਓ ਬੇਟਾ ਨਾਮ ਜਪੋ, ਇਹੋ ਸੱਚੀ ਸੁੰਦਰਤਾ ਹੈ।

੩. {ਸ਼ਿਵਨਾਭ ਦੀ ਨੂੰਹ}

ਫੇਰ ਸ਼ਿਵਨਾਭ ਦੀ ਵਹੁਟੀ ਨੂੰਹ ਨੂੰ ਕਹਿੰਦੀ ਹੈ, ਮਹਾਰਾਜ ਨੂੰ ਮੱਥਾ ਟੇਕ ਤੇ ਓਹ ਕਹਿੰਦੀ ਹੈ ਮੇਰੇ ਤੋਂ ਨਿਵਿਆਂ ਨਹੀਂ ਜਾਂਦਾ; ਤਾਂ ਸੱਸ ਕਹਿੰਦੀ ਹੈ ਦੇਹ ਦਾ ਅਭਿਮਾਨ ਨਾ ਕਰ, ਵਡੇ ਵਡੇ ਪੱਕੇ ਮੰਦਰ ਢਹਿ ਗਏ, ਇਸ ਦੇਹ ਨੇ ਕਦ ਰਹਿਣਾ ਹੈ? ਤਦੋਂ ਸਤਿਗੁਰ ਉਸ ਸੁੰਦਰੀ ਨੂੰ ਕਹਿੰਦੇ ਹਨ, ਨਹੀਂ ਬੇਟਾ! ਕਿਸੇ ਦੇ ਕਹੇ ਮੱਥਾ ਨਹੀਂ ਟੇਕਣਾ:-

"ਪਹਿਲਾ ਵਰਤੁ ਸਿਞਾਣਕੈ ਤਾਂ ਕੀਚੈ ਵਾਪਾਰੁ ॥"

ਤੂੰ ਪਛਾਣ ਆਪਣੇ ਲਈ ਕਿ ਜਿਸ ਨੂੰ ਤੂੰ ਵਾਹਿਗੁਰੂ ਦਾਤ ਦਾ ਦਾਤਾ ਮੰਨਣਾ ਹੈ; ਉਹ ਠੀਕ ਦਾਤਾ ਹੈ ਕਿ ਨਹੀਂ ? ਸਤਿਗੁਰ ਨੇ ਰਸਮ ਪ੍ਰਸਤੀ ਦੂਰ ਕਰਕੇ ਸੁਤੰਤ੍ਰ ਚੋਣ ਦਾ ਉਪਦੇਸ਼ ਦਿੱਤਾ ਤੇ ਦੱਸਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਸਾਖੀ ਤਾਂ ਨਹੀਂ ਲਿਖੀ; ਪਰ ਇਹ ਨੂੰਹ ਸੱਸ ਤੇ ਗੁਰੂ ਜੀ ਦੀ ਬਾਤ ਲਿਖੀ ਹੈ, ਜਿਸ ਤੋਂ ਇਹ ਤਾਂ ਸਿਧ ਹੈ ਕਿ ਕਿਸੇ ਸੱਸ ਨੇ ਕਿਸੇ ਨੂੰਹ ਨੂੰ ਮੱਥਾ ਟੇਕਣ ਲਈ ਕਿਹਾ ਤੇ ਸਤਿਗੁਰ ਨੇ ਆਪਣੀ ਅਰੋਗ, ਤੰਦਰੁਸਤ, ਤਕੜੀ ਤੇ ਅਭੈ ਰੂਹਾਨੀ ਜ਼ਿੰਦਗੀ ਪੈਦਾ ਕਰਨ ਦਾ ਸੱਚ ਉਪਦੇਸ਼, ਸੁਤੰਤ੍ਰ ਚੋਣ ਵਾਲਾ; ਉਸ ਨੂੰ ਦਿਤਾ।

੪. {ਜਨੇਊ}

ਆਸਾ ਦੀ ਵਾਰ ਵਿਚ ਸਤਿਗੁਰ ਨੇ ਉਪਦੇਸ਼ ਦਿੱਤਾ ਹੈ ਕਿ ਤਾਗੇ ਦਾ ਜਨੇਊ ਮੁਕਤ ਨਹੀਂ ਕਰ ਸਕਦਾ, ਮੁਕਤ ਕਰਨੇ ਵਾਲਾ ਜਨੇਊ ਦਇਆ, ਸੰਤੋਖ, ਜਤ, ਸਤ, ਆਦਿ ਸ਼ੁਭ ਗੁਣਾਂ ਦਾ ਚਾਹੀਏ। ਹੈ ਤਾਂ ਇਹ ਸ਼ਲੋਕ ਉਪਦੇਸ਼ ਰੂਪ, ਇਸ ਵਿਚ ਇਕ ਤੁਕ ਹੈ- 'ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ'; ਹੁਣ 'ਹਈ ਤੇ ਪਾਡੇ ਘਤੁ' ਸਨਮੁਖ ਸੰਬੋਧਨ ਹੈ, ਕਿਸੇ ਨੂੰ ਕਹਿ ਰਹੇ ਹਨ ਕਿ ਜੇ ਜਨੇਊ ਹਈ ਤਾਂ ਲਿਆ ਪਾ, ਇਹ ਪਾਂਡੇ ਨਾਲ ਗੱਲਾਂ ਕਰ ਰਹੇ ਜਾਪਦੇ ਹਨ।

ਸਤਿਗੁਰ ਏਕਾਂਤ ਵਾਸੀ ਬਚਪਨ ਤੋਂ ਸਨ, ਸੋ ਕਿਸੇ ਦੇ ਜਨੇਊ ਦੇ ਭੀੜ ਭੜੱਕੇ ਪਰ ਜਾਣਾ ਘੱਟ ਸੰਭਵ ਹੈ, ਆਪਣੇ ਬੱਚਿਆਂ ਲਈ ਪਾਂਡੇ ਨੂੰ ਸੱਦਣਾ ਸੰਭਵ ਹੀ ਨਹੀਂ, ਕਿਉਂਕਿ ਇਨ੍ਹਾ ਖਿਆਲਾਂ ਵਾਲੇ ਦਾ ਰਸਮ ਕਰਨ ਲਈ ਪਾਂਡੇ ਨੂੰ ਸੱਦਕੇ ਫੇਰ ਸਮਝੌਤੀ ਕਰਨੀ ਆਪਣੇ ਆਪ ਵਿਚ ਅਸੰਭਵ ਹੈ। ਬਾਕੀ ਇਹੋ ਗੱਲ ਸਪਸ਼ਟ ਹੈ ਕਿ ਆਪਣੇ ਜਨੇਊ ਪਹਿਰਨ ਵੇਲੇ ਪਾਂਡਾ ਆਇਆ ਹੈ ਤੇ ਉਸ ਨੂੰ ਮੱਤ ਦੇ ਰਹੇ ਹਨ ਤੇ ਸੱਚੇ ਜਨੇਊ ਦੀ ਜੋ ਮੁਕਤ ਕਰੇ ਵਯਾਖਯਾ ਕਹਿ ਰਹੇ ਹਨ। ਜੋ ਗੱਲ ਬਾਤ ਪੰਡਤ ਨਾਲ ਹੋਈ, ਜੋ ਈਸ਼੍ਵਰੀਯ ਗਯਾਨ ਉਸ ਨੂੰ ਦੱਸਿਆ, ਸੋ ਗੁਰੂ ਜੀ ਨੇ ਰਚ ਦਿੱਤਾ।

੫.{ਪਿੰਡ ਪੱਤਲ ਆਦਿ}

ਪਿੰਡ ਪਤਲ ਗੰਗਾ ਆਦਿ ਲਈ ਵੇਰਵਾ ਇਸ ਸ਼ਬਦ ਤੋਂ ਸਪਸ਼ਟ ਪ੍ਰਤੀਤ ਹੁੰਦਾ ਹੈ।

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ
ਪਾਇਆ ਤੇਲੁ ॥ ਉਨਿ ਚਾਨਣਿ ਓਹੁ
ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥
ਲੋਕਾ ਮਤ ਕੋ ਫਕੜਿ ਪਾਇ ॥ ਲਖ
ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ

 www.sikhbookclub.com

॥੧॥ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥

(ਆਸਾ ਮ: ੧)

ਸਾਫ ਹੈ ਕਿ ਕਿਸੇ ਪਿੰਡ ਭਰਾਉਣ ਲਈ ਪਾਂਡੇ ਜਾਂ ਹੋਰ ਕਿਸੇ ਨੇ ਕਿਹਾ ਹੈ ਤਾਂ ਆਪ ਜੀ ਨੇ ਬਚਨ ਕੀਤਾ ਹੈ: 'ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥' 'ਮੇਰੀ ਪਦ ਤੋਂ ਆਪਣੀ ਬਾਬਤ ਸਾਫ ਕਹਿ ਰਹੇ ਹਨ। ਇਸ ਤੋਂ ਸਹੀ ਹੁੰਦਾ ਹੈ ਕਿ ਪ੍ਰਲੋਕ ਸਮੇਂ ਆਪ ਨੇ ਇਹ ਉਪਦੇਸ਼ ਆਪਣੇ ਅੰਤਲੇ ਸੰਸਕਾਰ ਬਾਬਤ ਦਿੱਤਾ ਹੈ। ਜੇ ਕਿਸੇ ਹੋਰਸ ਦੇ ਪਰਿਥਾਇ ਇਹ ਉਪਦੇਸ਼ ਬੀ ਮੰਨ ਲਈਏ ਤਦ ਬੀ ਇਸ ਵਿਚ ਪਾਂਡੇ ਲਈ ਹਿਦਾਯਤ ਹੈ ਕਿ ਅੰਤਮ ਸੰਸਕਾਰ ਅਸਾਂ ਬ੍ਰਾਹਮਣੀ ਮਤ ਅਨੁਸਾਰ ਨਹੀਂ ਕਰਨਾ, ਪਰ ਗੁਰਮਤਿ ਅਨੁਸਾਰ। ਫਿਰ ਦੇਖੋ ਕਿ ਸਾਰੀਆਂ ਜਗਤ ਰੀਤਾਂ ਬਾਬਤ ਭੀ ਆਪ ਫੁਰਮਾਉਂਦੇ ਹੈਨ:-

"ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥" (ਵਾ:ਵਡ:ਮ:੧)

੬. (ਮਰਦਾਨਾ)

ਇਸੀ ਤਰ੍ਹਾਂ ਮਰਦਾਨੇ ਦਾ ਪਤਾ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਚਲਦਾ ਹੈ। ਮਰਦਾਨੇ ਪਰਿਥਾਇ ਗੁਰੂ ਜੀ ਨੇ ਇਕ ਸਲੋਕ ਕਿਹਾ ਹੈ, ਦੇਖੋ ਵਾਰ ਬਿਹਾਗੜਾ।

੭. (ਮੂਲਾ)

ਇਸੇ ਤਰ੍ਹਾਂ ਵਾਰਾਂ ਤੇ ਵਧੀਕ ਵਿਚ-

"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥" (ਸਲੋਕ ਵਾਰਾਂ ਤੇ ਵਧੀਕ ਮ:੧)

ਇਸ ਸਲੋਕ ਤੋਂ ਬੀ ਪਤਾ ਚਲਦਾ ਹੈ ਕਿ ਮੂਲੇ ਕਿਰਾੜ ਪਰਿਥਾਇ ਇਹ ਵਾਕ ਹੋਏ ਹਨ।

੮. (ਮਜ਼ਹਬ)

ਭੈਣ-ਓਸ ਸਮੇਂ ਪੰਜਾਬ ਦਾ ਮਜ਼ਹਬ, ਧਰਮ ਯਾ ਮਤ ਕੀਹ ਸੀ ?

ਵੀਰ-ਕਾਂਵਾਂ ਰੌਲੀ। ਵੇਦ ਮਤ ਨੂੰ ਬੁਧ ਮਤ ਖਾ ਚੁਕਾ ਸੀ, ਬੁਧ ਮਤ ਨੂੰ ਬ੍ਰਾਹਮਣੀ ਮਤ ਫੇਰ ਸਮਾਪਤ ਕਰ ਚੁਕਾ ਸੀ, ਬ੍ਰਾਹਮਣੀ ਮਤ ਨੂੰ ਮੁਸਲਮਾਨੀ ਮਤ ਗ੍ਰਹਿਣ ਲਾ ਰਿਹਾ ਸੀ ਤੇ ਉਸ ਪਰ ਵੈਸ਼ਨੌਂ ਮਤ ਦੀ ਹਲਕੀ ਰੰਗਣ ਚੜ੍ਹਕੇ ਫਿੱਕੀ ਪੈ ਰਹੀ ਸੀ। ਪਰ ਕੰਨ ਪਾਟੇ ਜੋਗੀ ਮਤ ਦੀ ਪੇਵੰਦ ਕੁਛ ਹਰੀ ਸੀ। ਪਰ ਇਹ ਹਰਯਾਵਲੀ 'ਧਾਰਨਾ' ਧਿਆਨ, ਸਮਾਧੀ ਦੀ ਨਹੀਂ ਸੀ, ਇਹ ਨਾਟਕਾਂ, ਚੇਟਕਾਂ, ਤੰਤ੍ਰਾਂ, ਮੰਤ੍ਰਾਂ, ਸਿੱਧੀਆਂ ਤੇ ਭਾਠੀਆਂ ਚੋਣ, ਸ਼ਰਾਬਾਂ ਪੀਣ, ਕੰਨ ਪਾੜਨ ਤੇ ਰਾਜਿਆਂ ਦੇ ਗੀਤ ਗਾਂਦੇ ਫਿਰਨ ਤੱਕ ਆ ਗਈ ਸੀ, ਪਰ ਤਦ ਬੀ ਬ੍ਰਾਹਮਣੀ ਮਤ ਦੇ ਟਾਂਵੇ ਟਾਂਵੇਂ ਪੰਡਤ ਮੌਜੂਦ ਸਨ। ਦੂਏ ਪਾਸੇ ਮੁਸਲਮਾਨ ਸਨ, ਜਿਨ੍ਹਾਂ ਦੇ ਸੂਫੀ ਫਕੀਰ ਹਿੰਦੂ ਵੇਦਾਂਤ ਦੀ ਰੰਗਤ ਹੇਠ ਆਕੇ ਆਪਣੇ ਮਤ ਦੇ ਪ੍ਰਚਾਰ ਦਾ ਕੰਮ ਕਰ ਰਹੇ ਸਨ, ਪਰ ਤੇਜ ਵਿਚ ਸ਼ਰਹ ਵਾਲੇ ਕਾਜ਼ੀ ਮੁੱਲਾਂ ਸਨ।

ਹੁਣ ਅਸੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਨ੍ਹਾਂ ਸਿੱਧਾਂਤਾਂ ਤੇ ਕੀਕੂੰ ਪਹੁੰਚਦੇ ਹਾਂ ? ਸੁਣੋਂ ਸਭ ਤੋਂ ਵਧੇਰੇ ਸਤਿਗੁਰੂ ਜੀ ਨੂੰ ਸਿੱਧ ਮਿਲਦੇ ਹਨ ਤੇ ਜਗਾ ਜਗਾ ਆਪ ਜੋਗੀਆਂ ਨਾਲ ਚਰਚਾ ਕਰਦੇ ਹਨ। ਸਿੱਧ ਗੋਸ਼ਟ ਤੇ ਹੋਰ ਅਨੇਕ ਸ਼ਬਦ ਸ਼ਲੋਕ ਇਨ੍ਹਾਂ ਪਰਥਾਇ ਲਿਖੇ ਹਨ। ਸਤਿਗੁਰ ਉਨ੍ਹਾਂ ਨੂੰ ਸ਼ਰਾਬ ਪੀਣੋਂ ਹੋੜਦੇ ਹਨ ਤੇ 'ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ' ਦੀ ਰੂਹਾਨੀ ਸ਼ਰਾਬ ਦੱਸਦੇ ਹਨ। ਇਸੇ ਤਰ੍ਹਾਂ ਕਾਜ਼ੀ ਮੁਲਾਣਿਆਂ ਨੂੰ ਓਹਨਾਂ ਦੀਆਂ ਸ਼ਰਈ ਬਨਾਵਟਾਂ ਤੇ ਫੋਕੀ ਰਸਮ ਪ੍ਰਸਤੀ ਤੋਂ ਕੱਢਣ ਲਈ ਅਨੇਕ ਸ਼ਬਦ ਆਖਦੇ ਹਨ[1] ਤੇ ਫੇਰ ਬ੍ਰਾਹਮਣੀ ਮਤ ਤੇ ਪਾਂਡਿਆਂ, ਪੰਡਤਾਂ ਪਰਿਥਾਇ ਤੇ ਪਟੀਆਂ ਤੇ ਓਅੰਕਾਰ ਉਚਾਰਦੇ ਹਨ, ਸੋ ਜੋ ਮੈਂ ਕਿਹਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਿਧ ਹੈ। ਫੇਰ ਦੇਖੋ ਸਿਰੀ ਰਾਗ ਵਿਚ

---

[1]ਕਾਦੀ ਕੂੜੁ ਬੋਲਿ ਮਲੁ ਖਾਇ॥ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ (ਧਨਾਸਰੀ ਮ: ੧)

ਇਕ ਸ਼ਬਦ ਹੈ ਜਿਸ ਵਿਚ ਗੁਰੂ ਜੀ ਕਹਿੰਦੇ ਹਨ:-

ਮਰਣਾ ਮੁਲਾ ਮਰਣਾ ॥ ਭੀ ਕਰਤਾਰਹੁ ਡਰਣਾ ॥੧॥ ਰਹਾਉ ॥ ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥

{ਸਿਰੀ: ਮ:੧}

ਇਸ ਤੋਂ ਸਪਸ਼ਟ ਹੈ ਕਿ ਕਿਸੇ ਮੁੱਲਾਂ ਨਾਲ ਸਾਖੀ ਹੋਈ ਹੈ ਤੇ ਸਤਿਗੁਰ ਨੇ ਅਮਲੀ ਜੀਵਨ ਤੇ ਨਾਮ ਦਾ ਉਪਦੇਸ਼ ਦਿਤਾ ਹੈ। ਉਸ ਦੀਆਂ ਬਨਾਵਟੀ ਸ਼ਰਹ ਦੀਆਂ ਜ਼ਿਦਾਂ ਨੂੰ ਗ਼ਲਤ ਦੱਸਕੇ 'ਵਾਹਿਗੁਰੂ' ਨਾਮ ਦਾ ਉਪਦੇਸ਼ ਦਿਤਾ ਹੈ। ਇਸ ਤਰ੍ਹਾਂ 'ਮੁਸਲਮਾਣੂ ਕਹਾਵਣੁ ਮੁਸਕਲੁ' ਤੇ ਹੋਰ ਕਈ ਸ਼ਬਦ, ਜੋ ਸਨਮੁਖ ਗੁਫਤਗੂ ਦੇ ਹਨ, ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਹ ਨਹੀਂ ਕਹਿ ਸਕਦੇ ਕਿ ਲੋਧੀ ਦੇ ਕਾਜ਼ੀ ਨਾਲ ਹੋਏ ਕਿ ਮੱਕੇ ਦੇ ਸ਼ਰੀਫ ਨਾਲ ਹੋਏ, ਪਰ ਕਿਸੇ ਵੇਲੇ ਕਿਸੇ ਮੁਸਲਮਾਨ ਨਾਲ ਇਹ ਵੀਚਾਰ ਤੇ ਉਸ ਨੂੰ ਉਪਦੇਸ਼ ਜ਼ਰੂਰ ਹੋਇਆ ਹੈ, ਜਿਸ ਨੂੰ ਸਤਿਗੁਰ ਨੇ ਆਪ ਮਿੱਠੀ ਪਿਆਰੀ ਪੰਜਾਬੀ ਵਿਚ ਸਾਡੇ ਤਕ ਪਹੁੰਚਣ ਲਈ ਰਚਿਆ ਤੇ ਪੰਚਮ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਿਖ ਦਿੱਤਾ।

ਇਸੇ ਤਰ੍ਹਾਂ ਆਸਾ ਦੀ ਵਾਰ ਦਾ ਕੁਛ ਹਿੱਸਾ, ਖਾਸ ਕਰ ਪਉੜੀਆਂ ਦਾ, ਵਾਹਿਗੁਰੂ ਜੀ ਦੇ ਸੰਬੰਧ ਵਿਚ ਹੈ। ਕਿਸੇ ਫਿਲਾਸਫਰ ਨਾਲ ਬਹਿਸ ਦਾ ਹੈ, ਕੁਛ ਪੰਡਤਾਂ ਨਾਲ ਹੈ, ਕੁਛ ਬ੍ਰਹਮਚਾਰੀਆਂ ਨਾਲ ਹੈ, ਕੁਛ ਮੁਸਲਮਾਨਾਂ ਨਾਲ ਤੇ ਕੁਛ ਆਮ ਕੁਰੀਤੀਆਂ ਬਾਬਤ ਹੈ ਤੇ ਸਿਧਾਂਤ ਓਹੋ 'ਵਾਹਿਗੁਰੂ ਪ੍ਰੇਮ, ਨਾਮ, ਲਿਵ ਤੇ ਰਜ਼ਾ'[1] ਦਾ ਸਿਖਾਯਾ ਹੈ। ਜਦੋਂ ਜੈਨ ਮਤ ਬੀ ਸੀ, ਬੋਧੀ ਤੇ ਬੁਧ ਦਾ ਲਫਜ਼ ਤਾਂ ਸਤਿਗੁਰ ਨੇ ਥੋੜੀ ਵੇਰ ਹੀ ਵਰਤਿਆ ਹੈ, ਜਿਸ ਤੋਂ ਜਾਪਦਾ ਹੈ ਕਿ ਇਸ ਮਤ ਵਾਲੇ ਮੁੱਕ ਚੁਕੇ ਸਨ, ਪਰ ਗੁਰੂ ਜੀ ਨੂੰ ਉਹਨਾ ਦਾ ਪਤਾ ਪੂਰਾ ਪੂਰਾ ਹੈਸੀ।

੯.{ਸ੍ਰੇਵੜਾ}

ਭੈਣ-ਸਤਿਗੁਰ ਜੀ ਨੂੰ ਕਦੇ ਸਰੇਵੜਾ ਭੀ ਕੋਈ ਮਿਲਿਆ ਹੈ ?

ਵੀਰ-ਹਾਂ ਭੈਣ ਜੀ, ਮਾਝ ਦੀ ਵਾਰ ਵਿਚ ਪਉੜੀ ਹੈ ਜਿਸ ਵਿਚ ਸਤਿਗੁਰੂ ਜੀ ਨੇ ਸਰੇਵੜਿਆਂ ਦੀਆਂ ਭੁੱਲਾਂ ਦੱਸੀਆਂ ਹਨ।

'ਸਿਰੁ ਖੋਹਾਇ ਪੀਅਹਿ ਮਲਵਾਣੀ ॥"{ਮਾਝ ਵਾ:ਮ:੧}

ਇਸ ਤੋਂ ਪਤਾ ਲਗਦਾ ਹੈ ਕਿ ਯਾ ਕਿਸੇ ਨਾਲ ਗੋਸ਼ਟ ਹੋਈ ਹੈ, ਯਾ ਓਹਨਾਂ ਦੀ ਕ੍ਰਿਯਾ ਨੂੰ ਮਾੜਾ ਕਹਿਕੇ ਲੋਕਾਂ ਨੂੰ ਸਮਝਾਇਆ ਹੈ। ਹਰ ਹਾਲ ਵਿਚ ਓਹਨਾਂ ਨੇ ਇਸ ਮਤਿ ਦੀ ਕ੍ਰਿਯਾ ਨੂੰ ਪਸੰਦ ਨਹੀਂ ਕੀਤਾ, ਸੋ ਪਤਾ ਲਗਾ ਕਿ ਸਰੇਵੜੇ ਭੀ ਤਦੋਂ ਸਨ।

ਇਸ ਤੋਂ ਛੁਟ 'ਇਕਿ ਜੈਨੀ ਉਝੜ ਪਾਇ' ਦੀ ਰਚਨਾ ਭੀ ਹੈ, ਭਾਵੇਂ ਪਤਾ ਨਹੀਂ ਕਿ ਸੂਰਤ ਕਿ ਧਮਾਨਰੀ ਦੇਸ਼, ਕਿ ਇਥੇ ਕੋਈ ਗਲ ਹੋਈ, ਪਰ ਜੈਨੀਆਂ ਦੀ ਕ੍ਰਿਯਾ ਬਾਬਤ ਆਪ ਨੇ ਆਪਣਾ ਅਜੋੜ ਦੱਸਿਆ ਹੈ।

੧੦. {ਆਰਤੀ}

ਇਸੇ ਤਰ੍ਹਾਂ ਸਤਿਗੁਰ ਜੀ ਨੇ ਧਨਾਸਰੀ ਰਾਗ ਵਿਚ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ' ਨਿਰਾਕਾਰ ਦੀ ਆਰਤੀ ਕੁਦਰਤ ਦੇ ਸਾਮਾਨ ਨਾਲ ਕੀਤੀ ਹੈ। ਭਾਵ ਇਹ ਹੈ ਕਿ ਓਹਨਾਂ ਨੇ ਮਨ ਨੂੰ ਬਨਾਵਟ ਤੋਂ ਉੱਚਾ ਕਰਕੇ ਕੁਦਰਤ ਨਾਲ ਇਕਸੂਰ ਕਰਕੇ ਵਾਹਿਗੁਰੂ ਦੀ ਸਿਫਤ ਸਲਾਹ ਵਿਚ ਲਿਵ ਲਾਉਣ ਦੀ ਜਾਚ ਦੱਸੀ ਹੈ। ਮਾਲੂਮ ਹੁੰਦਾ ਹੈ ਕਿ ਕਿਤੇ ਕਿਸੇ ਮੂਰਤੀ ਅਗੇ ਆਰਤੀ ਹੁੰਦੀ ਵੇਖਕੇ ਸਤਿਗੁਰ ਨੇ ਉਹਨਾਂ ਨੂੰ ਇਹ ਮਿੱਠਾ ਉਪਦੇਸ਼ ਕੀਤਾ ਹੈ। ਅਸੀਂ ਸਮਝ ਸਕਦੇ ਹਾਂ; ਪੂਰਬ, ਬਿਹਾਰ, ਬੰਗਾਲ, ਉੜੀਸਾ ਵਿਚ ਵੈਸ਼ਨੋ ਮਤ ਪ੍ਰਧਾਨ ਸੀ, ਓਹਨਾਂ ਵਿਚ ਆਰਤੀ ਜ਼ਰੂਰੀ ਅੰਗ ਸੀ, ਜਗਨ ਨਾਥ ਸ਼ਿਰੋਮਣੀ ਮੰਦਰ ਸੀ। ਸੋ ਅਸੀਂ ਖਿਆਲ ਕਰ ਸਕਦੇ ਹਾਂ ਕਿ ਉਥੋਂ ਲੋਕਾਂ ਨੂੰ ਫੋਕੀ ਤੇ ਨਿਰੀ ਰਸਮ ਪ੍ਰਸਤੀ ਤੋਂ ਉਧਾਰਣ ਨਮਿਤ ਤੇ ਜੀਉਂਦੀ, ਪ੍ਰੇਮ ਦੀਆਂ ਝਰਨਾਟਾਂ ਵਾਲੀ, ਰੋਗ ਰਹਿਤ ਹੱਬੀ ਜ਼ਿੰਦਗੀ ਦਾਨ ਕਰਨ ਲਈ ਇਹ ਕੁਦਰਤ ਨਾਲ ਇਕ-ਸੂਰ ਹੋਕੇ ਕਾਦਰ ਅੱਗੇ ਕਰਨ ਦੀ ਆਰਤੀ ਸਿਖਾਈ ਹੋਵੇ।

੧੧. {ਅਹਿੰਸਾਹਿ ਪਰਮੋ ਧਰਮ:}

ਮਾਲੂਮ ਹੁੰਦਾ ਹੈ ਕਿ ਇਕ ਕਿਸੇ 'ਅਹਿੰਸਾਹਿ ਪਰਮੋ ਧਰਮ:' ਮੰਨਣ ਵਾਲੇ ਪਾਂਡੇ ਨਾਲ ਸਤਿਗੁਰ ਦੀ ਗੋਸ਼ਟ ਹੋਈ, ਉਹ ਆਖਦਾ ਸੀ ਕਿ ਮਾਸ ਨਾ

[1] ਇਹ ਆਸਾ ਦੀ ਵਾਰ, ਜਿਵੇਂ ਕਿ ਹੁਣ ਪਵਿੱਤਰ ਬੀੜ ਵਿਚ ਹੈ, ਬਾਬਤ ਹੈ।



www.sikhbookclub.com

ਖਾਣਾ ਹੀ ਮੁਕਤੀ ਪਾਣਾ ਹੈ ਤੇ ਸਤਿਗੁਰ ਆਖਦੇ ਸੀ ਕਿ ਮਾਸ ਖਾਣ ਨਾ ਖਾਣ ਦਾ ਝਗੜਾ ਇਕ ਮੂਰਖਤਾ ਹੈ, ਮੁਕਤੀ ਨਾਮ ਤੇ ਲਿਵ ਨਾਲ ਹੈ। ਮਲਾਰ ਰਾਗ ਵਿਚ ਇਹ ਗੋਸ਼ਟ ਲਿਖੀ ਹੈ, ਕਿ ਉਥੇ ਗੁਰੂ ਜੀ ਕਹਿੰਦੇ ਹਨ:- 'ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸ ਉਪੰਨਾ। 'ਸਾਫ ਹੈ ਕਿ ਆਪ ਕਿਸੇ ਪਾਂਡੇ ਨੂੰ ਸਨਮੁਖ ਸੰਬੋਧਨ ਕਰ ਰਹੇ ਹਨ। ਸਤਿਗੁਰ ਉਸ ਦੀ ਭੁੱਲ ਇਹ ਦੱਸ ਰਹੇ ਹਨ ਕਿ ਮੁਕਤੀ ਨਾਮ ਜਪਣ, ਵਾਹਿਗੁਰੂ ਪ੍ਰੇਮ ਨਾਲ ਹੈ। ਵਾਹਿਗੁਰੂ ਵਿਮੁਖ ਰਹਿਣ ਵਾਲੇ, ਚਾਹੇ ਮਾਸ ਨਹੀਂ ਖਾਂਦੇ ਤਾਂ ਬੀ ਕਲਜਾਨ ਦੇ ਅਧਿਕਾਰੀ ਨਹੀਂ, ਚਾਹੇ ਖਾਂਦੇ ਹਨ ਤਾਂ ਬੀ ਮੁਕਤ ਨਹੀਂ ਹੋ ਸਕਦੇ। ਤੁਸੀਂ ਮਨ ਦੀ ਵਾਹਿਗੁਰੂ ਨਾਲ ਲਗਾਤਾਰ ਲਗਨ ਦਾ ਖਿਆਲ ਛੱਡਕੇ ਵਿਹਤ ਅਵਿਹਤ ਕਰਮਾਂ ਦੇ ਝਗੜੇ ਵਿਚ ਪੈਕੇ ਆਸੁਰੀ ਸੰਪਦਾ ਵਿਚ ਖੇਡ ਰਹੇ ਹੋ। ਸੋ ਕਿਸੇ ਅਹਿੰਸਾ ਨੂੰ ਕੇਵਲ ਮੁਕਤ ਕਾਰੀ ਮੰਨਣ ਵਾਲੇ ਨਾਲ ਇਹ ਸਾਖੀ ਹੋਈ ਹੈ, ਇਹ ਕੇਵਲ ਇਕ ਖਿਆਲ ਦੀ ਰਚਨਾ ਮਾਤ੍ਰ ਨਹੀਂ। ਇਸ ਪਦ ਵਿਚ 'ਤੂੰ' ਪਿਆ ਹੈ, ਜੋ ਕਿ ਦੱਸਦਾ ਹੈ ਕਿ ਕਿਸੇ ਮਾਸ ਦੇ ਭਰਮੀ ਪਰ ਉਂਞ ਫੋਕਟ ਕਰਮੀ ਯਾ ਨਿਰੇ ਕਰਮ ਕਾਂਡੀ ਨੂੰ ਸੰਬੋਧਨ ਹੋ ਰਿਹਾ ਹੈ ਤੇ ਓਹ ਹੈ ਹੀ ਪਾਂਡਾ।

੧੨.(ਦਖਣੀ ਓਅੰਕਾਰ)

ਭੈਣ-ਦੱਖਣੀ ਓਅੰਕਾਰ ਤੋਂ ਕੁਛ ਪਤਾ ਲਗਦਾ ਹੈ?

ਵੀਰ-ਜੀ ਹਾਂ ! ਇਹ ਇਕ ਵਰਣ ਮਾਲਾ ਦੁਆਰਾ ਉਪਦੇਸ਼ ਹੈ, ਪਰ ਤਰਜ਼ ਦੱਸ ਰਹੀ ਹੈ ਕਿ ਇਕ ਪਾਂਡੇ ਨਾਲ ਚਰਚਾ ਹੈ। ਇਹ ਪਾਂਡਾ ਨਿਰਾ ਤੀਰਥਾਂ ਦਾ ਪ੍ਰੋਹਿਤ ਨਹੀਂ ਸਗੋਂ ਮੁੰਡੇ ਬੀ ਪੜ੍ਹਾਉਂ ਦਾ ਹੈ। ਜੈਸੇ ਕਿ ਸ਼ੁਰੂ ਵਿਚ ਉਸ ਨੂੰ 'ਸੁਣਿ ਪਾਂਡੇ' ਕਹਿੰਦੇ ਹਨ ਤੇ ਅਖੀਰ ਵਿਚ ਦੱਸਦੇ ਹਨ "ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ।" ਇਸ ਤੋਂ ਸਾਫ ਧ੍ਵਨੀ ਨਿਕਲ ਰਹੀ ਹੈ ਕਿ ਪਾਂਧਾ ਬੀ ਹੈ ਤੇ ਮੁੰਡੇ ਬੀ ਪੜ੍ਹਾਉਂਦਾ ਹੈ। ਇਸ ਪਾਂਧੇ ਨੂੰ ਫੋਕੇ ਗਿਆਨ ਤੋਂ, ਛੂਛੀ ਵਿਦਵਤਾ ਤੋਂ ਕੱਢਕੇ ਗੁਰੂ ਜੀ ਨਾਮ ਦੀਆਂ ਚੜ੍ਹਦੀਆਂ ਕਲਾਂ, ਪਰਮੇਸ਼ੁਰ ਦੇ ਪਿਆਰ ਦੇ ਸੱਚੇ ਸੰਜੋਗ ਦਾ ਉਪਦੇਸ਼ ਕਰਦੇ ਹਨ। ਤੇ ਉਪਦੇਸ਼ ਵਿਚ ਆਦਮੀ ਦੇ ਜੀਵਨ ਦੇ ਸਾਰੇ ਪਹਿਲੂ ਦਿਖਾਈ ਜਾਂਦੇ ਹਨ, ਇਸ ਦੇ ਪੜ੍ਹਦਿਆ ਪਤਾ ਲਗ ਜਾਂਦਾ ਹੈ ਕਿ ਪਾਂਡਾ (ਪਾਂਧਾ) ਸਿੱਖੀ ਵਿਚ ਆ ਗਿਆ, ਉਸ ਦੀ ਭੈਣ ਨੂੰ ਬੁਰਾ ਲੱਗਾ, ਫੇਰ ਓਸ ਨੇ ਪ੍ਰਸ਼ਨ ਉੱਤਰ ਕੀਤੇ ਹਨ ਫੇਰ ਓਸ ਦੀ ਨਿਸ਼ਾ ਹੋਈ, ਅੰਤ ਸਤਿਗੁਰ ਉਨ੍ਹਾਂ ਨੂੰ ਨਾਮ ਦਾਨ ਲਿਵ ਦਾਨ ਦੇਕੇ ਆਏ[1]।

੧੩.(ਭਰਥਰਿ ਜੋਗੀ)

ਭਰਥਰਿ ਨਾਮੇ ਜੋਗੀ ਨੂੰ ਸਤਿਗੁਰ ਨੇ ਉਪਦੇਸ਼ ਕੀਤਾ, ਜੋ ਆਸਾ ਰਾਗ ਵਿਚ ਸਾਰਾ ਸ਼ਬਦ ਹੈ, ਇਸ ਦੀ ਅਖੀਰ ਤੁਕ ਹੈ, "ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ"। ਦੋ ਸ਼ਬਦ ਹੋਰ ਭੀ ਇਸੇ ਰਾਗ ਵਿਚ ਭਰਥਰਿ ਦੇ ਨਾਮ ਸਮੇਤ ਹਨ: 'ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ। ਅੰਮ੍ਰਿਤ ਧਾਰੈ ॥" ਤਥਾ:-"ਸੁਣਿ ਭਰਥਰਿ ਨਾਨਕ ਕਹੈ ਬੀਚਾਰੁ ॥ ਨਿਰਮਲ ਨਾਮ ਮੇਰਾ ਆਧਾਰੁ ॥" ਜਿਸ ਤੋਂ ਸਪਸ਼ਟ ਹੋ ਗਿਆ ਕਿ ਇਹ ਉਪਦੇਸ਼ ਭਰਥਰਿ ਨਾਮੇ ਜੋਗੀ ਨੂੰ ਹੋ ਗਿਹਾ ਹੈ। ਛੇਕੜ ਇਹ ਪਤਾ ਲਗਦਾ ਹੈ ਕਿ ਭਰਥਰਿ ਗੁਰੂ ਜੀ ਦਾ ਗੁਣਾਨੁਵਾਦੀ ਹੋ ਗਿਆ ਤੇ ਫਿਰ ਸਦਾ ਉਨ੍ਹਾਂ ਦੇ ਨਾਲ ਰਿਹਾ, ਜੈਸਾ ਕਿ ਭਟਾਂ ਨੇ ਪਤਾ ਦਿੱਤਾ ਹੈ: ਭਰਥਰਿ ਗੁਣ ਉਚਰੈ ਸਦਾ ਗੁਰ ਸੰਗ ਰਹੰਤੌ ॥'

੧੪.(ਸਿਧ ਗੋਸ਼ਟ)

ਭੈਣ-ਸਤਿਗੁਰ ਜੀ ਪਾਤੰਜਲ ਦੇ ਜੋਗ ਦਰਸ਼ਨ ਤੇ ਸਾਂਖ ਦੀ ਸਾਧਨਾ ਅਰ ਹਠ ਜੋਗ ਦੇ ਸਾਧਨਾਂ ਦੇ ਜਾਣੂ ਸੇ ਕਿ ਨਹੀਂ?

ਵੀਰ-ਜੀ, ਨਾ ਨਿਰੇ ਜਾਣੂ ਸੇ, ਪਰ ਉਨ੍ਹਾਂ ਨੇ ਹਠ ਜੋਗ ਕਰਕੇ ਬੀ ਤੱਕੇ ਹੋਏ ਸਨ, ਏਸ ਕਰਕੇ ਸਿਧਾਂ ਨਾਲ, ਜੋਗੀਆਂ ਨਾਲ ਜਦ ਚਰਚਾ ਛਿੜਦੀ ਹੈ ਤਾਂ ਉਨ੍ਹਾਂ ਦਾ ਖੂਬ ਖੰਡਨ ਕਰਦੇ ਹਨ। ਯਥਾ-'ਪਹਿਰਾ ਅਗਨਿ ਹਿਵੈ ਘਰੁ ਬਾਧਾ'। ਇਕ ਵੇਰ ਆਖਦੇ ਹਨ ਅਚਲ ਵਟਾਲੇ ਸਿੱਧਾਂ ਨੂੰ ਪ੍ਰਾਜੈ ਕਰ ਦਿਤਾ, ਪਰ ਤੁਸਾਂ ਇਸ ਵੇਲੇ ਬਾਹਰ ਦੀ ਗੱਲ ਤਾਂ ਨਹੀਂ ਸੁਣਨੀ, ਸੋ ਅੰਦਰਲੀ ਸਾਖੀ ਸੁਣੋਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਧ ਗੋਸ਼ਟ ਗੁਰੂ ਜੀ

[1] ਇਹ ਬਾਣੀ ਟੀਕਾ ਸਮੇਤ 'ਖਾਲਸਾ ਸਮਾਚਾਰ' ਵਿਚ ਛਪ ਚੁਕੀ ਹੈ।


www.sikhbookclub.com

ਨੇ ਆਪ ਲਿਖੀ ਹੈ ਤੇ ਇਹ ਬਾਣੀ ਸੁਤੇ ਲਿਖੀ ਨਹੀਂ ਜਾਪਦੀ, ਇਹ ਹੋਈ ਹੋਈ ਕਿਸੇ ਗੋਸ਼ਟ ਦਾ ਸਾਰ ਅੰਸ਼ ਗੁਰੂ ਜੀ ਨੇ ਲਿਖਿਆ ਹੈ। ਪਹਿਲੀ ਤੁਕ ਇਉਂ ਹੈ:-

'ਸਿਧ ਸਭਾ ਕਰਿ ਆਸਣਿ ਬੈਠੇ ॥'

ਸਿਧ ਸਾਡੇ ਦੀਵਾਨ ਵਿਚ ਆਏ ਤੇ ਆਕੇ ਆਸਣ ਲਾਕੇ ਬੈਠ ਗਏ ਤੇ ਸਾਨੂੰ ਕਹਿਣ ਲਗੇ: ਹੇ ਸੰਤ ਸਭਾ ਤੁਸਾਨੂੰ ਜੈ ਕਾਰ ਹੋਵੇ, ਅਗੋਂ ਫੇਰ ਪ੍ਰਸ਼ਨ ਉਤਰ ਟੁਰਦੇ ਹਨ।

'ਕਵਨ ਤੁਮੇ ਕਿਆ ਨਾਉ ਤੁਮਾਰਾ
ਕਉਨੁ ਮਾਰਗੁ ਕਉਨੁ ਸੁਆਓ॥'

ਅਗੇ ਫੇਰ ਬਹਿਸ ਛਿੜ ਪੈਂਦੀ ਹੈ, ਜਿਸ ਵਿਚ ਸਤਿਗੁਰੂ ਜੀ ਉਨ੍ਹਾਂ ਨੂੰ ਹਠ ਜੋਗ ਦੇ ਕਸ਼ਟਵਾਲੇ ਤਪਾਂ ਦੀ ਥਾਂ ਨਾਮ ਦੇ ਅਭਿਆਸ, ਲਿਵ ਤੇ ਵਾਹਿਗੁਰੂ ਦੇ ਪ੍ਰੇਮ ਵਿਚ ਲੈ ਆਉਂਦੇ ਹਨ। ਸੋ ਇਹ ਸਪਸ਼ਟ ਹੈ ਕਿ ਇਹ ਬਾਣੀ ਇਕ ਹੋਏ ਵਾਕਿਆ ਦੀ ਤੇ ਉਸ ਦਿਤੇ ਉਪਦੇਸ਼ ਦੀ ਸਾਰ ਅੰਸ਼ ਹੈ।

ਅਸਲ ਵਿਚ ਇਸ ਸਮੇਂ ਪੰਜਾਬ ਵਿਚੋਂ; ਜੋ ਕਦੇ ਬੁੱਧ ਮਤ ਦਾ ਪੰਘੂੜਾ ਸੀ, ਜੋਗ ਮਤ ਘਟ ਰਿਹਾ ਸੀ। ਇਸ ਦੇ ਸੁੱਕੇ ਮੁੱਢ ਤੇ ਬ੍ਰਹਮਣੀ ਮਤ ਬੀ ਚਲ ਰਿਹਾ ਸੀ, ਉਸ ਵਿਚ ਬੈਰਾਗ ਮਤ ਦਾ ਰੰਗ ਚੜ੍ਹ ਗਿਆ ਸੀ ਤੇ ਹਣ ਉਹ ਗੋਰਖ ਦੇ ਜੋਗ ਮਤ ਤੇ ਮਗਰੋਂ ਦੇ ਸ਼ਰਾਬ ਆਦਿ ਵਾਲੇ ਜੋਗ ਮਤ ਵਿਚ ਡਕੋਡੋਲੇ ਖਾ ਰਿਹਾ ਸੀ। ਪੰਜਾਬ ਵਿਚ ਇਹੋ ਪ੍ਰਧਾਨ ਸੀ। ਜੋਗੀ ਪ੍ਰਚਾਰਕ ਘਰ ਘਰ ਫਿਰਦੇ ਸੇ, ਸ਼ਰਾਬ ਆਦਿ ਜੋਗੀਆਂ ਵਿਚ ਧਰਮ ਦਾ ਥਾਂ ਮੱਲ ਚੁਕੇ ਸੇ।

ਰਾਗ ਰਾਮਕਲੀ ਵਿਚ ਸਤਿਗੁਰ ਦੇ ਜੋਗੀਆਂ ਨਾਲ ਮੁਬਾਹਸੇ ਕਿੰਨੇ ਹੀ ਥਾਈਂ ਆਉਂਦੇ ਹਨ[1] ਪਰ ਸਭ ਦਾ ਨਿਚੋੜ ਸਿਧ ਗੋਸ਼ਟ ਵਿਚ ਹੈ ਜੋ ਓਹਨਾਂ ਨਾਵਾਂ[2] ਤੋਂ, ਜੋ ਸਿੱਧ ਗੋਸ਼ਟ ਵਿਚ ਆਉਂਦੇ ਹਨ, ਮਾਲੂਮ ਹੁੰਦਾ ਹੈ ਕਿ ਪਰ੍ਹੇ ਦੇ ਮੰਨੇ ਪ੍ਰਮੰਨੇ ਆਗੂ ਜੋਗੀਆਂ ਨਾਲ ਚਰਚਾ ਹੋਕੇ ਸਤਿਗੁਰ ਨੇ ਪੰਜਾਬ ਨੂੰ ਇਨ੍ਹਾਂ ਤੋਂ ਸੁਤੰਤਰ ਕੀਤਾ ਤੇ ਸੱਚੇ ਵਾਹਿਗੁਰੂ ਦਾ ਸਚਾ ਪਿਆਰ ਤੇ ਵਾਹਿਗੁਰੂ ਨਾਲ ਦਿਲੀ ਭਾਵਾਂ ਨਾਲ ਲੋਕ ਪ੍ਰਲੋਕ ਦੀਆਂ ਸਾਂਝਾਂ ਪਾਉਣ ਦੀ ਸਦਾ ਜੁਆਨ ਜ਼ੋਰਦਾਰ, ਸੱਚੀ, ਚੜ੍ਹਦੀਆਂ ਕਲਾਂ ਵਾਲੀ ਜ਼ਿੰਦਗੀ ਬਖਸ਼ੀ, ਕਿਉਂਕਿ ਸਿੱਧ ਗੋਸ਼ਟ ਦੇ ਅਖੀਰ ਵਿਚ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਲੋਕਾਂ ਨੇ ਹਠ ਛਡਕੇ ਸਤਿਗੁਰੂ ਤੋਂ ਨਾਮ ਦੀ ਯਾਚਨਾਂ ਕੀਤੀ ਹੈ। ਤੁਸਾਂ ਅਜ ਸੁਣਨਾ ਨਹੀਂ, ਭਾਈ ਗੁਰਦਾਸ ਨੇ ਲਿਖਿਆ ਹੈ:"ਬਾਬੇ ਕੀਤੀ ਸਿਧ ਗੋਸ਼ਟ 'ਸ਼ਬਦ ਸਾਂਤਿ' ਸਿਧਾਂ ਵਿਚ ਆਈ" ਅਰਥਾਤ ਹਠਜੋਗ ਤੋਂ ਹਟਕੇ ਓਹਨਾਂ ਨੇ ਸ਼ਬਦ ਸਾਂਤੀ ਦਾਤ ਤਸਲੀਮ ਕੀਤਾ ਤੇ ਇਸ ਸ਼ਾਂਤਿ ਵਿਚ ਆ ਗਏ, ਪਰ ਲਓ ਮੈਂ ਤੁਹਾਨੂੰ ਸਿਧ ਗੋਸ਼ਟ ਦੇ ਵਿਚੋਂ ਹੀ ਇਹ ਸਾਖੀ ਸੁਣਾਉਂਦਾ ਹਾਂ।

ਗੁਰ ਨਾਨਕ ਜੀ ਹਉਂ ਅਤੀਤ ਸਨ, ਓਹ ਆਪ ਦੱਸਦੇ ਹਨ ' ਹੋਂਦਾ ਫੜੀਅਗੁ ਨਾਨਕ ਜਾਣੁ ॥ ਨਾ ਹਉ ਨਾ ਮੈ ਜੂਨੀ ਪਾਣੁ ॥" ਓਹ ਆਪਣੀ ਜਿੱਤ ਨੂੰ ਆਪਣੀ ਜਿਤ ਨਹੀ ਸਨ ਖਿਆਲਦੇ, ਓਹ ਸਭ ਵਾਹਿਗੁਰੂ ਦਾ ਖੇਲ ਜਾਣਦੇ ਸਨ ਤੇ ਦੱਸਦੇ ਸਨ। ਆਪਣੀ ਇਸ ਨਿੰਮ੍ਰਤਾ ਵਾਲੀ ਬੋਲੀ ਵਿਚ ਗੁਰੂ ਜੀ ਸਿਧਾਂ ਪਰ ਪਾਈ ਜਿੱਤ ਨੂੰ ਦੱਸਦੇ ਹਨ:-

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ
ਫਿਰਹਿ ਫੁਰਮਾਣੈ ॥ ਮਾਗਹਿ ਨਾਮੁ ਪਾਇ
ਇਹ ਭਿਖਿਆ ਤੇਰੇ ਦਰਸਨ ਕਉ
ਕੁਰਬਾਣੈ ॥ ਅਬਿਨਾਸੀ ਪ੍ਰਭਿ ਖੇਲੁ
ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ
ਅਵਰੁ ਨ ਕੋਈ ॥ ੭੩ ॥ ੧ ॥

{ਸਿਧ ਗੋਸਟਿ}

ਭਾਵ ਇਹ ਹੈ ਕਿ ਸਿਧ ਲੋਕ ਜੋ (ਜੋਗ ਮਤ ਦੇ) ਗੁਰੂ ਹਨ ਤੇ ਸਾਧਿਕ ਜੋ ਸਾਧਨਾਂ ਕਰਨ ਵਾਲੇ ਸਨ ਓਹ ਸਾਰੇ (ਜੋਗੀਆਂ ਦੇ ਗੁਰੂ ਤੇ ਚੇਲੇ ਹੁਣ) ਨਾਮ (ਸਾਥੋਂ) ਮੰਗਦੇ ਹਨ, (ਕਹਿੰਦੇ ਹਨ ਸਾਨੂੰ ਕਿਵੇਂ ਇਹ) ਭਿਖਿਆ ਪਾਵੋ, (ਤੇ ਆਖਦੇ ਹਨ) ਤੇਰੇ ਦਰਸ਼ਨ ਤੋਂ ਸਦਕੇ ਹਾਂ, ਅਰਥਾਤ ਉਸ ਦਰਸ਼ਨ (ਮਤ, ਫਿਲਸਫਾ, ਧਰਮ ਦੀ ਸਿਖਿਆ) ਤੋਂ ਅਸੀਂ ਸਦਕੇ ਹਾਂ। ਯਾ ਆਪ ਦੇ ਦੀਦਾਰ ਤੋਂ ਸਦਕੇ ਹਾਂ। ਸੋ ਗੁਰੂ ਜੀ ਕਹਿੰਦੇ ਹਨ (ਜੈਸਾ ਕਿ ਗੁਰੂ ਜੀ) ਦਾ ਨਿਰ[illegible]

---

[1]ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥
ਵਸਗਤਿ ਪੰਚ ਕਰੇ ਨਹ ਡੋਲੈ ॥ {ਰਾਮ ਮ: ੧}

[2]ਚਰਪਟ, ਲੋਹਾਰੀਪਾ ਆਦਿਕ।

Page 344
www.sikhbookclub.com

ਇਹ ਵਾਹਿਗੁਰੂ ਦਾ ਖੇਲ ਹੈ ਕਿ ਇਹ ਲੋਕ ਗੁਰਮੁਖ ਹੋ ਗਏ ਹਨ, ਨਾਮ ਲੈ ਲਿਆ ਨੇ ਤੇ ਸੋਝੀ ਆ ਗਈ ਨੇ। ਕਹਿੰਦੇ ਹਨ ਗੁਰੂ ਨਾਨਕ, ਸਾਰੇ ਜੁਗਾਂ ਵਿਚ ਆਪ ਵਰਤਦਾ ਹੈ ਹੋਰ ਕੋਈ ਨਹੀਂ। ਭਾਵ ਕਲਿਜੁਗ ਵਿਚ ਜੋ ਕੁਛ ਮੈਂ ਕਰ ਰਿਹਾ ਹਾਂ, ਇਹ ਮੇਰਾ ਕੰਮ ਨਹੀਂ, ਉਸ ਦਾ ਹੈ। ਸੋ ਭੈਣ ਜੀ ! ਇਹ ਗੋਸ਼ਟ ਪੰਜਾਬ ਵਿਚੋਂ ਜੋਗ ਮਤ ਦਾ ਆਖਰੀ ਦੀਵਾ ਬੁਝਾਉਣ ਵਾਲੀ ਸੀ। ਭਾਵੇਂ ਕਿਤੇ ਕਿਤੇ ਮਠ ਤੇ ਜੋਗੀ ਰਹਿ ਗਏ ਤੇ ਅਜ ਤਕ ਹਨ ਪਰ 'ਪੰਜਾਬ ਦਾ ਮਤ ਜੋਗ ਹੈ' ਇਹ ਚਰਾਗ਼ ਗੁਲ ਹੋ ਗਿਆ, ਕਿਉਂਕਿ ਸਭ ਨਾਮੀ ਜੋਗੀ ਨਾਮ ਧਰੀਕ' ਸਿਖ ਬਾਬੇ ਨਾਨਕ ਦੇ ਹੋ ਗਏ[1]।

ਸਾਂਖ ਤੇ ਜੋਗ ਤੇ ਫਿਲਸਫੇ, ਨਾਲ ਬੀ ਗੁਰੂ ਜੀ ਆਪਣਾ ਕਈ ਗਲਾਂ ਤੇ ਅਜੋੜ ਦੱਸ ਜਾਂਦੇ ਹਨ ਜੈਸੇ ਕਿ ਸਾਂਖ ਪੁਰਖ ਨੂੰ ਕਰਤਾ ਨਹੀਂ ਮੰਨਦਾ ਤੇ ਜੋਗ ਆਪਣੇ 'ਪੁਰਖ ਵਿਸ਼ੇਸ਼' ਨੂੰ ਕਰਤਾ ਨਹੀਂ ਮੰਨਦਾ, ਪਰ ਗੁਰੂ ਜੀ ਆਪਣੇ ਰੱਬ ਨੂੰ 'ਪੁਰਖ' ਕਹਿਕੇ ਉਸਨੂੰ 'ਕਰਤਾ' ਦੱਸਦੇ ਹਨ, ਜੈਸੇ 'ਕਰਤਾ ਪੁਰਖ'। ਸਾਂਖ ਤੇ ਜੋਗ ਕੁਦਰਤ ਨੂੰ ਸੁਤੰਤਰ ਮੰਨਦੇ ਹਨ, ਪਰ ਗੁਰੂ ਜੀ ਦੱਸਦੇ ਹਨ 'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ। ਵੇਦਾਂਤ ਮਾਇਆ ਨੂੰ ਉਪਾਧੀ ਦੱਸਦਾ ਹੈ ਤੇ ਗੁਰੂ ਜੀ ਮਾਯਾ ਨੂੰ ਬੀ ਕਰਤੇ ਦੀ ਰਚੀ ਹੋਈ ਦੱਸਦੇ ਹਨ।

### ੧੫. {ਗੱਦੀ ਦੇਣੀ}

ਭੈਣ-ਗੁਰੂ ਜੀ ਨੇ ਗੱਦੀ ਕਿਸ ਨੂੰ ਦਿੱਤੀ ?

ਵੀਰ-ਗੁਰੂ ਅੰਗਦ ਦੇਵ ਜੀਨੂੰ, ਜਿਨ੍ਹਾਂ ਦਾ ਪਹਿਲਾ ਨਾਮ 'ਲਹਿਣਾ ਜੀ' ਸੀ।

ਭੈਣ-ਸਾਰਾ ਪ੍ਰਸੰਗ ਸੁਣਾਓ ਪਰ ਬਾਹਰੋਂ ਨਹੀਂ।

ਵੀਰ-ਸ੍ਰੀ ਪਾਵਨ ਲਹਿਣਾ ਜੀ ਖਡੂਰ ਵਿਚ ਰਹੇ, ਯਥਾ-ਫੇਰ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ'॥

ਗੁਰੂ ਅੰਗਦ ਦੇਵ ਜੀ ਦੇ ਪਿਤਾ ਦਾ ਨਾਮ ਫੇਰੂ ਸੀ ਜੋ ਇਸੇ ਤੁਕ ਵਿਚ 'ਫੇਰੁਆਣਿ' (ਫੇਰੂ ਦੇ ਪੁਤ) ਕਰਕੇ ਦੱਸਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਗੱਦੀ ਦੇਣ ਲਗਿਆਂ ਪੁਤ੍ਰਾਂ ਤੇ ਸਿਖਾਂ ਦੀ ਸੋਧ ਕੀਤੀ, ਸਭ ਵਿਚੋਂ ਲਹਿਣਾ ਜੀ ਪੂਰਨ ਨਿਕਲੇ, ਯਥਾ-'ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ'। ਸ੍ਰੀ ਗੁਰੂ ਜੀ ਦੇ ਪੁਤ੍ਰਾਂ ਨੇ ਸਤਿਗੁਰਾਂ ਦੇ ਕੋਲ ਪਾਲੇ ਨਹੀਂ ਸਨ; ਅਰਥਾਤ ਉਹ ਸੋਧ ਵਿਚ ਪੂਰੇ ਨਹੀਂ ਸੇ ਨਿਕਲੇ। ਓਹਨਾਂ ਬਾਰੇ ਲਿਖਿਆ ਹੈ: 'ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥ ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ ॥'

ਭੈਣ-ਭਲਾ ਵੀਰ ਜੀ ! ਤੁਸੀਂ ਜੋ ਟਿਕੇ ਦੀ ਵਾਰ ਦੀਆਂ ਤੁਕਾਂ ਵਿਚ ਇਹ ਪ੍ਰਸੰਗ ਦੱਸ ਰਹੇ ਹੋ, ਓਥੇ 'ਲਹਿਣਾ' ਨਾਮ ਲਿਖਿਆ ਹੈ : ਤੁਸੀਂ ਗੁਰੂ ਅੰਗਦ ਕਿਸ ਤਰ੍ਹਾਂ ਆਖ ਦਿਤਾ ਹੈ?

ਵੀਰ-ਨਹੀਂ ਭੈਣ ਜੀ ਓਥੇ ਹੀ ਲਿਖਿਆ ਹੈ 'ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥' ਹੋਰ ਸੁਣੋ:-

ਭੈਣ ਜੀ ! ਗੁਰੂ ਅੰਗਦ ਜੀ ਦੀ ਸੁਪਤਨੀ ਜੀ ਦਾ ਨਾਮ ਖੀਵੀ ਜੀ ਸੀ ਅਰ ਉਹ ਬੜੇ ਨੇਕ ਸਨ, ਸਾਧ ਸੰਗਤ ਨੂੰ ਪਦਾਰਥ ਦੇਂਦੇ, ਲੰਗਰ ਆਪ ਵੰਡਦੇ ਸਨ ਤੇ ਘਿਆਲੀਆਂ ਖੀਰਾਂ ਖੁਆਲਦੇ ਸਨ; ਉਹਨਾਂ ਦੀ ਛਤਰ ਛਾਵੇਂ ਸ੍ਰਿਸ਼ਟੀ ਨੇ ਬਹੁਤ ਸੁਖ ਪਾਇਆ। ਦੇਖੋ ਲਿਖਿਆ ਹੈ 'ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰ ਘਿਆਲੀ ॥ '

ਭੈਣ-ਇਹ ਕਿਸਤਰ੍ਹਾਂ ਪਤਾ ਲਗਾ ਕਿ ਖੀਵੀ ਜੀ ਗੁਰੂ ਜੀ ਦੇ ਘਰੋਂ ਸਨ ?

ਵੀਰ-ਐਸ ਤੁਕ ਤੋਂ ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ'। ਬਲਵੰਡ ਉਨ੍ਹਾਂ ਨੂੰ ਆਪਣੀ ਮਾਤਾ ਆਖਦਾ ਹੈ ਤੇ ਫੇਰ ਆਖਦਾ ਹੈ ਸ੍ਰਿਸ਼ਟੀ ਦਾ ਭਾਰ ਚੁੱਕਣ ਵਾਲੇ ਗੁਰੂ ਓਸ ਦੇ ਸ਼ਹੁ ਪਤੀ ਹਨ ਤੇ ਭਾਰ ਚੁੱਕਣ ਵਾਲੇ ਦਾ ਪ੍ਰਸੰਗ ਗੁਰੂ ਅੰਗਦ ਜੀ ਦਾ ਚਲ ਰਿਹਾ ਹੈ।

ਪਿਤਾ-ਸ਼ਾਬਾਸ਼ ਬਰਖ਼ੁਰਦਾਰ ! ਬਹੁਤ ਖੂਬ !

ਭੈਣ-ਗੁਰੂ ਅੰਗਦ ਗੁਰੂ ਨਾਨਕ ਦੇਵ ਜੀ ਵਰਗੇ ਸਨ ਯਾ ਘੱਟ ਵੱਧ ਸਨ ?

ਵੀਰ-ਉਹੋ ਜਿਹੇ। ਦੇਖੋ ਲਿਖਿਆ ਹੈ:-

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥

[1] ਭਾਈ ਗੁਰਦਾਸ ਜੀ ਨੇ ਬਾਬੇ ਜਿਤੀ ਸਿੱਧ ਮੰਡਲੀ' ਸਾਫ ਲਿਖਿਆ ਹੈ।

Page 345 www.sikhbookclub.com

ਜੋਤਿ ਓਹਾ ਜੁਗਤਿ ਸਾਇ ਸਹਿ
ਕਾਇਆ ਫੇਰਿ ਪਲਟੀਐ॥

ਭੈਣ–ਭਲਾ ਗੱਦੀ ਆਪ ਗੁਰੂ ਨਾਨਕ ਨੇ ਦਿਤੀ ਸੀ ਕਿ ਮਗਰੋਂ ਸੰਗਤਾਂ ਨੇ? ਏਸ ਸ਼ੰਕਾ ਦਾ ਸਮਾਧਾਨ ਕੀਕੂੰ ਕਰੋਗੇ?

ਵੀਰ–ਇਹ ਤਾਂ ਸਾਫ ਹੈ ਕਿ 'ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਿਤ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥' ਅਰਥਾਤ ਗੁਰ ਨਾਨਕ ਨੇ ਸਰੀਰ ਦੇ ਹੁੰਦਿਆਂ ਚੇਲੇ ਨਾਲ ਗੁਰਿਆਈ ਦੀ ਸਾਂਝ ਕੀਤੀ, ਗੁਰੂ ਅੰਗਦ ਨੂੰ ਜੀਉਂਦੇ ਜੀ ਗੁਰ ਨਾਨਕ ਨੇ ਟਿੱਕਾ ਦਿੱਤਾ।

ਭੈਣ–ਕੀ ਗੁਰੂ ਅੰਗਦ ਦੇਵ ਜੀ ਨੇ ਉਸੇ ਤਰ੍ਹਾਂ ਕੰਮ ਕੀਤਾ ਜਿਵੇਂ ਗੁਰ ਨਾਨਕ ਦੇਵ ਜੀ ਨੇ ?

ਵੀਰ–ਜੀ ਹਾਂ ! ਆਪ ਜੀ ਨੇ ਗੁਰੂ ਕੇ ਸ਼ਬਦ ਦਾ ਲੰਗਰ ਖੁਲ੍ਹੇ ਦਿਲ ਵਰਤਾਇਆ:-

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ
ਆਵੀ ਖਟੀਐ ॥ਖਰਚੇ ਦਿਤਿ ਖਸੰਮ ਦੀ
ਆਪ ਖਹਦੀ ਖੈਰਿ ਦਬਟੀਐ॥ ਹੋਵੈ
ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ
ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ
ਮਲੁ ਜਨਮ ਜਨਮ ਦੀ ਕਟੀਐ॥

੧੬. {ਪੰਜ ਗੁਰੂ}

ਭੈਣ–ਗੁਰੂ ਨਾਨਕ ਤੋਂ ਪੰਜਵੀਂ ਪਾਤਸ਼ਾਹੀ ਤਕ ਨਾਮ ਗੱਦੀ ਮਿਲਣ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੋਈ ਸਬੂਤ ਮਿਲਦੇ ਹਨ?

ਵੀਰ–ਹਾਂ ਭੈਣ ਜੀ ਸੁਣੋਂ:-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ
ਕਹਾਯਉ॥ ਤਾ ਤੇ ਅੰਗਦੁ ਭਯਉ ਤਤ
ਕਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ
ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ
ਦੀਅਉ॥ ਗੁਰ ਰਾਮਦਾਸ ਦਰਸਨੁ ਪਰਸਿ
ਕਹਿ ਮਥੁਰਾ ਅੰਮ੍ਰਿਤ ਬਯਣ॥ ਮੂਰਤਿ
ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ
ਨਯਣ ॥੧॥

ਭੈਣ–ਤੁਖਾਰੀ ਰਾਗ ਵਿਚ ਕਹੀ ਬਾਨੀ ਬਾਰਾਂ ਮਾਹ ਵਿਚੋਂ ਬੀ ਕੁਛ ਭੇਤ ਖੁੱਲ੍ਹਦਾ ਹੈ?

ਵੀਰ–ਬਾਣੀ ਤਾਂ ਉਹੋ ਵਾਹਿਗੁਰੂ ਪ੍ਰੇਮ ਦੀ ਭਰੀ ਹੋਈ ਸਾਡੇ ਪਾਰ ਉਤਾਰੇ ਤੇ ਉਪਦੇਸ਼ਾਂ ਵਾਲੀ ਹੈ, ਪਰ ਗਹਿਰੀ ਨਜ਼ਰੇ ਪਾਠ ਕੀਤਿਆਂ ਇਹ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਬੜੀ ਮਿੱਠੀ ਧੂਨੀ ਵਿਚ, ਆਪਣੇ ਸੰਸਾਰ ਤੋਂ ਟੁਰਨ ਦੀ ਤਿਆਰੀ ਕਰ ਰਹੇ ਹਨ।

-o-

ਇਸ ਸਮਾਪਤੀ ਪਰ ਪਿਤਾ ਨੇ ਪੁਤ੍ਰ ਨੂੰ ਅਸ਼ੀਰਵਾਦ ਦਿੱਤੀ ਤੇ ਪਰਿਵਾਰ ਗਦਗਦ ਹੋ ਗਿਆ।

## ਰਾਵੀ ਦੀ ਅਰਦਾਸ [1]।

ਸਤਿਗੁਰ ਨਾਨਕ ਨੇ ਸਾਰਾ ਸੰਸਾਰ ਫਿਰਕੇ ਰਾਵੀ ਦੇ ਕਿਨਾਰੇ ਆ ਡੇਰੇ ਲਾਏ, ਕਰਤਾਰਪੁਰ ਵਸਾਯਾ ਤੇ ਬਾਕੀ ਆਯੂ ਏਥੇ ਰਹੇ'। ਮਗਰਲੀਆਂ ਉਦਾਸੀਆਂ ਏਥੋਂ ਕੀਤੀਆਂ। ਏਥੇ ਧਰਮਸਾਲਾ ਰਚੀ, ਸਤਿਸੰਗ-ਮੰਡਲ ਬੱਝਾ, ਨਾਮ ਦਾ ਲੰਗਰ ਜਾਰੀ ਹੋਇਆ, ਕਿਰਤ ਕਰਕੇ ਖਾਣ ਦੀ ਜਾਚ ਦੱਸਣ ਲਈ ਏਥੇ ਖੇਤੀ ਕਰਾਈ। ਸੋ ਇਸ ਧੰਨ ਟਿਕਾਣੇ ਰਾਵੀ ਨਦੀ ਮਾਨੋਂ ਅਰਦਾਸ ਕਰ ਰਹੀ ਤੇ ਆਖਦੀ ਹੈ:

{ਰਾਗ-ਭੈਰਵੀ । ਤਾਰ-ਢਾਈ। ਅਥਵਾ, ਰਾਗ-ਜ਼ਿਲਾ। ਤਾਰ-ਤਿੰਨ।

ਦਾਸੀ ਤੇਰੀ ਨਾਨਕਾ! ਦਾਸੀ ਹਰਦਮ ਥੀਉ। } ਟੇਕ
ਬਾਂਦੀ ਤੇਰੀ ਮਾਲਕਾ! ਬਾਂਦੀ ਕਰ ਲੈ ਜੀਉ। }

[1] ਇਹ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ: ੪੪੮ {੧੯੧੭ ਈ:} ਨੂੰ ਖਾਲਸਾ ਸਮਾਚਾਰ ਵਿਚ ਛਪਿਆ ਹੋਇਆ ਸੀ।


www.sikhbookclub.com

ਮਾਣ ਨਿਮਾਣੀ ਬਖ਼ਸ਼ੀਓਂ ਧੰਨੀਂ ਕੀਤੋ ਆਪ, ਸਾਰੀ ਧਰਤੀ ਸੋਧਕੇ ਕਦਮ ਕਦਮ ਜਗ ਮਾਪ।
ਡੇਰਾ ਕੰਢੇ ਮੈਂਡੜੇ ਪਾਇਆ ਸਤਿਗੁਰ ਦੇਵ, ਵਾਸੀ ਅਰਸ਼ ਅਗੰਮੜੇ ਅਲਖ ਅਛਲ ਅਭੇਵ।
ਕਦਮ ਸੁਲੱਖੇ ਰੱਖਕੇ ਪਾਵਨ ਕੀਤਾ ਆਨ, ਆਨ ਵਿਰਾਜੇ ਏਸ ਥਾਂ ਲਾਇਆ ਸਦਾ ਸੁਹਾਨ।
ਭਈ ਸੁਹਾਵੀ ਸੋਹਿਣੀ ਨਦੀਆਂ ਦੀ ਸਰਦਾਰ, ਜਿਸ ਵਿਚ ਨ੍ਹਾਤੀ ਰੱਜਕੇ ਅਰਸ਼ਾਂ ਦੀ ਸਰਕਾਰ।
ਨਾਨਕ ਸਚੇ ਗੁਰੂ ਨੇ ਮੋਹਜਾ ਆਪਣੇ ਪ੍ਰੇਮ, ਅਪਣੀ ਕਰ ਅਪਣਾ ਲਈ ਕੁਸ਼ਲ, ਸ਼ਾਂਤਿਦੇ ਖੇਮ।
ਇਉਂ ਅਪਨਾਕੇ ਪਜਾਰੂਏ ਚਲੇ ਗਏ ਨਿਜ ਧਾਮ, ਮੈਨੂੰ ਕਰਗਏ ਆਪਣਾ ਸੁਹਣਾ ਦਾਨ ਧਿਆਨ।
ਪੁਰਿ ਕਰਤਾਰ ਆ ਦੇਖਣਾ: ਵਗਦੀ ਮੈਂ ਗੰਭੀਰ, ਮਸਤ ਸੁਹਾਵੀ, ਸੋਹਿਣੀ, ਸੁਹਣੇ ਮੇਰੇ ਤੀਰ, ।
ਹਰਦਮ ਮੇਰੀ ਅੱਖੀਆਂ ਲੱਗੀਆਂ ਵਿਚ ਅਸਮਾਨ, ਦਰਸ਼ਨ ਕਰਾਂ ਸੁਜਾਨ ਦਾ ਜ਼ਾਹਰ ਵਿਚ ਜਹਾਨ।
ਤੁਰਦੀ ਤੁਰਦੀ ਜਾਂਵਦੀ ਮੱਤੀ ਰੰਗ ਦਿਦਾਰ, ਨਜ਼ਰ ਪੁਰੋਤੀ ਅਰਸ਼ ਵਲ, ਭਰੀ ਸਰੂਰ ਪਿਆਰ!
'ਮੈਨੂੰ ਪਾਵਨ ਕਰ ਗਏ ਮੈਂ ਵਿਚ ਕਰ ਇਸ਼ਨਾਨ, ਏਸ ਯਾਦ ਦਾ ਨਸ਼ਾ ਹੀ ਮੈਨੂੰ ਰਹਿ ਹਰ ਆਨ।
'ਯਾਦ ਆਪਣੀ ਪਿਆਰੜੀ ਮੈਨੂੰ ਦੇ ਗਏ ਦਾਨ, ਧਜਾਨ ਆਪਣੇ ਵਿਚ ਓ ਲਿਵ ਲਾਗਏ ਸੁਜਾਨ'।
ਹਿੰਦੂ ਮੁਸਲਿਮ ਢੂੰਡਦੇ ਸਤਿਗੁਰ ਜੀ ਦੀ ਦੇਹ, 'ਦਾਹੀਏ, ਦਬੀਏ' ਕੂਕਦੇ ਝਗੜੇ ਕਰਦੇ ਏਹ।
ਮੈਨੂੰ ਰਮਜ਼ ਦਿਦਾਰ ਦੀ ਬਖਸ਼ੀ ਨੂਰੋ ਨੂਰ, ਹਰਦਮ ਪਜਾਰੀ ਯਾਦ ਦੀ ਪਜਾਲੀ ਪੀ ਮਖ਼ਮੂਰ।
ਮੱਤੀ, ਮਦ ਇਸ ਮੱਤੜੀ, 'ਗਜ-ਗਮਨੀ' ਮੈਂ ਚਾਲ, ਤੁਰੀ ਜਾਉਂ, ਫਿਰ ਏਸਥਾਂ ਮੁੜ ਆਵਾਂ ਹਰ ਸਾਲ।
ਪੁਰਿ ਕਰਤਾਰ ਕਿਨਾਰੜੇ ਯਾਦ ਉਛਾਲਾ ਖਾਇ, ਪਜਾਰ ਹੁਲਾਰਾ ਮਾਰਦਾ ਲਿਵਦੀ ਲਹਿਰ ਚਲਾਇ
ਪ੍ਰੇਮ ਬਿਭੂਤ ਰਮਾਇਕੇ ਭਰੀ ਖੁਸ਼ੀ ਤੇ ਚਾਇ, ਮੈਂ ਫਿਰ ਅੱਗੇ ਜਾਂਵਦੀ ਧਰਤ ਅਸਮਾਨ ਫਿਰਾਇ।
ਕਰ ਯਾਤ੍ਰਾ ਭੂਗੋਲ ਦੀ ਫਿਰ ਇਸ ਥਾਵੇਂ ਆਇ, ਯਾਤ੍ਰਾ ਕਰ ਸੁਖ ਪਾਂਵਦੀ ਏ ਅਰਦਾਸ ਕਰਾਇ:-
ਦਾਸੀ ਤੇਰੀ ਨਾਨਕਾ! ਦਾਸੀ ਹਰਦਮ ਥੀਉ, ਬਾਂਦੀ ਤੇਰੀ ਮਾਲਕਾ ਬਾਂਦੀ ਕਰ ਲੈ ਜੀਉ।
'ਵਗਦੀ, ਤੁਰਦੀ, ਜਗਤ ਦੀ ਕਰਦੀ ਕਾਰਤਮਾਮ, ਧਰਤੀਂ ਗਗਨੀਂ ਭੌਂਦੜੀ ਸਦਾ ਜਪੀ ਮੈਂ ਨਾਮ।
'ਤੇਰੀ ਖਿੱਚ ਪਿਆਰ ਦੀ ਝਰਨ ਝਰਨ ਝਰਨਾਇ, ਤੇਰੇ ਸੁਹਣੇ ਚਰਨ ਦੀ ਲਿਵ ਰਖੇ ਜੀ ਲਾਇ
'ਤੇਰੀ ਚਾ ਤੇ ਰੰਗ ਵਿਚ ਤੇਰੇ ਭਰੀ ਉਮਾਹ, ਹੰਸ ਚਾਲ ਚਲਦੀ ਰਹਾਂ, ਸਚੇ ਨਾਨਕ ਸ਼ਾਹ'!

## ੯੩. ਪਜਾਰੇ ਜੀ ਦੀਆਂ ਪ੍ਰੇਮ ਜਿੱਤਾਂ[1]।

੧. {ਜਿੱਤ}

ਸਭ ਲੋਕੀਂ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਜੰਗ ਨਹੀਂ ਕੀਤੇ; ਪਰ ਉਨ੍ਹਾਂ ਨੇ ਓਹ ਜਿੱਤਾਂ ਪਾਈਆਂ ਹਨ ਕਿ ਜਿਨ੍ਹਾਂ ਨਾਲ ਅਮਰ ਝੰਡੇ ਝੁਲ ਪਏ ਤੇ ਅਟਲ ਨੀਸਾਣ ਉਦੈ ਹੋ ਗਏ। ਉਨ੍ਹਾਂ ਦੀਆਂ ਜਿਤਾਂ ਪ੍ਰੇਮ ਦੀਆਂ ਜਿੱਤਾਂ ਹਨ ਅਤੇ ਅਕਸਰ ਜਿੱਤਾਂ ਵਿਚ ਇਕ ਅਨੋਖਾ ਰੰਗ ਹੈ ਕਿ ਅਗਲੇ ਨੂੰ ਦਿੱਸਦਾ ਤਾਂ ਹੈ ਕਿ ਆਪ ਨੇ ਹਾਰ ਮੰਨ ਲਈ ਹੈ, ਪਰ ਜਦ ਉਹ ਵੀਚਾਰਦਾ ਹੈ ਤਾਂ ਉਸ ਨੂੰ ਆਪਣੀ ਹਾਰ ਸਫੁਟ ਦੀਹਦੀ ਹੈ। ਜੀਕੂੰ ਮੱਕੇ ਦੇ ਕਿਬਲੇ ਵਲ ਪੈਰ ਕਰਕੇ ਸੁੱਤਿਆਂ ਨੂੰ ਤੱਕਕੇ ਜਿਸ ਨੇ ਰੋਹ ਨਾਲ ਝਿੜਕਿਆ ਕਿ ਰੱਬ ਦੇ ਘਰ ਵੱਲ ਪੈਰ ਕਰਕੇ ਕਿਉਂ ਸੁੱਤਾ ਹੈਂ? ਉਸ ਨੂੰ ਇਹ ਕਹਿਕੇ ਕਿ ਅਛਾ ਭਾਈ, 'ਜਿਸ ਦਿਸ਼ਾ ਵਲ ਰੱਬ ਨਹੀਂ ਹੈ। ਮੇਰੇ ਪੈਰ ਉਧਰ ਨੂੰ ਤੂੰ ਕਰ ਦੇਹ' ਜਾਪਦੀ ਹੈ ਕਿ ਆਪ ਨੇ ਹਾਰੇ ਦਾ ਨਿਆਂ ਮੰਨ ਲਿਆਂ ਹੈ, ਪਰ ਇਸ ਵਿਚ ਉਸ ਦੀ ਹਾਰ ਸੀ। ਕਿਉਂਕਿ ਕੋਈ ਪਾਸਾ ਐਸਾ ਨਹੀਂ ਜਿਧਰ ਰੱਬ ਨਹੀਂ ਹੈ।

ਸੋ ਅੱਜ ਅਸੀਂ, ਉਸ ਜੋਤਿ ਨਿਰੰਜਨੀ ਨੇ ਜੋ ਜਿੱਤਾਂ ਸੁਲਹ ਵਿਚ ਪਾਈਆਂ ਹਨ, ਉਨ੍ਹਾਂ ਦਾ ਕੁਛ ਦਰਸ਼ਨ ਕਰਨਾ ਹੈ, ਫੇਰ ਅਸੀਂ ਵੀਚਾਰਨਾ ਹੈ ਕਿ ਕੀ ਅਸੀਂ ਸਤਿਗੁਰਾਂ ਦੀਆਂ ਐਸੀਆਂ ਜਿੱਤਾਂ ਵਿਚ ਆਕੇ ਸਾਂਝੀਵਾਲ ਹੋਏ ਹਾਂ ਅਰ ਓਹਨਾਂ ਤੋਂ ਸਾਡੇ ਆਤਮਾਂ ਵਿਚ ਕੋਈ ਬਲ ਆਇਆ ਹੈ, ਅਰ

[1] ਇਹ ਲੇਖ ਸੰ: ਗੁ: ਨਾ: ਸਾ; ੪੪੮ {੧੯੧੭ ਈ:} ਦੇ ਗੁਰਪੁਰਬ ਪੂੰਨਮ ਪਰ ਪ੍ਰਕਾਸ਼ਿਆ ਸੀ।


www.sikhbookclub.com

ਅਸੀਂ 'ਗੋਸਾਈ ਦਾ ਪਹਿਲਾਨੜਾ' ਹੋਕੇ ਆਪਣੇ ਵਿਤ ਮੁਜਬ ਓਸ ਰਾਹੇ ਪੈ ਗਏ ਹਾਂ ਕਿ ਅਸੀਂ ਬੀ ਪਿੜ ਜਿੱਤਣ ਤੇ ਮਾਲੀਆਂ ਮਾਰਨ ਵਾਲੇ ਸਿਖ ਬਣ ਜਾਈਏ?

੨.{ਪਜਾਰਾ}

ਸ੍ਰੀ ਗੁਰੂ ਜੀ ਵਾਹਿਗੁਰੂ ਵਲੋਂ ਗੁਰ ਅਵਤਾਰ ਹੋਕੇ ਸ੍ਰਿਸ਼ਟੀ ਨੂੰ ਤਾਰਨ ਆਏ ਸਨ ਇਸ ਕਰਕੇ ਜਨਮ ਤੋਂ ਹੀ ਆਪ ਦੇ ਲੱਛਣ ਮਹਾਂ ਪੁਰਖਾਂ ਦੇ ਸਨ। ਸਤਿਗੁਰ ਦੇ ਜੀਵਨ ਬਾਬਤ ਪੁਰਾਣੀ ਤੋਂ ਪੁਰਾਣੀ ਸਾਖੀ ਜੋ ਹੁਣ ਤਕ ਲੱਭੀ ਹੈ-ਜੋ ਖਿਆਲ ਕੀਤਾ ਜਾਂਦਾ ਹੈ ਕਿ ਛੇਵੇਂ ਗੁਰਾਂ ਦੇ ਵੇਲੇ ਲਿਖੀ ਗਈ[੧], ਜਿਸ ਦੀ ਇਕ ਜਿਲਦ ਵਲੈਤ ਹੈ ਤੇ ਕਈ ਜਿਲਦਾਂ ਦੇਸ਼ ਵਿਚ ਬੀ ਹੈਨ, ਉਸ ਵਿਚ ਲਿਖਿਆ ਹੈ:-

'ਸ੍ਰੀ ਸਤਿਗੁਰ ਜੀ ਜਗਤੁ ਨਿਸਤਾਰਣ ਕੁ ਆਇਆ, ਕਲਿਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ, ਪਾਰਬ੍ਰਹਮ ਕਾ ਨਿਜ ਭਗਤੁ ॥'

ਫਿਰ ਲਿਖਿਆ ਹੈ:-

"ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ ਤਾਂ ਲਗਾ ਬਾਤਾਂ ਅਗਮ ਨਿਗਮ ਕੀਆ ਕਰਨ, ਜੋ ਕਿਛ ਬਾਤ ਕਰੇ ਸੋ ਸਮਝ ਕਰੇ, ਤਿਸ ਤੇ ਸਭਸੁ ਕਿਸੈ ਦੀ ਨਿਸ਼ਾ ਹੋਇ ਆਵੈ। ਹਿੰਦੂ ਕਹਨ, ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ। ਅਤੇ ਮੁਸਲਮਾਨ ਕਹਿਨ: ਜੋ ਕੋਈ ਖੁਦਾਇ ਕਾ ਸਾਦਿਕ ਪੈਦਾ ਹੋਇਆ ਹੈ। '

ਇਸ ਜਨਮ ਸਾਖੀ ਤੋਂ ਪਹਿਲੀ ਰਚਨਾਂ ਭਾਈ ਗੁਰਦਾਸ ਜੀ ਦੀ ਹੈ। ਇਸ ਵੇਲੇ ਤੋੜੀ ਭਾਈ ਗੁਰਦਾਸ ਜੀ ਦੀਆਂ ਦੋ ਪੋਥੀਆਂ ਦਾ ਸਾਨੂੰ ਪਤਾ ਹੈ, ਇਕ 'ਵਾਰਾਂ' ਤੇ ਇਕ 'ਕਬਿਤ ਸ੍ਵਯੇ'। ਵਾਰਾਂ, ਵਿਚ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਖੇਪ ਚਰਿਤ੍ਰ ਲਿਖਿਆ ਹੈ। ਭਾਈ ਸਾਹਿਬ ਆਪਣੀ ਰਚਨਾਂ ਤੋਂ

[੧] ਇਸ ਟ੍ਰੈਕਟ ਵਿਚ ਤਰਤੀਬ ਵਾਕਜਾਤ ਤੇ ਪ੍ਰਸੰਗ ਵਿਸ਼ੇਸ਼ ਕਰਕੇ ਇਸ ਜਨਮ ਸਾਖੀ ਦੇ ਆਸਰੇ ਹਨ। ਇਸ ਦੇ ਕਲਮੀ ਤੇ ਫੋਟੋ ਦੇ ਨੁਸਖੇ ਕਈ ਹਨ ਤੇ ਇਹ ਛਾਪ ਬੀ ਦਿਤੀ ਹੈ, ਜੋ ਖਾਲਸਾ ਸਮਾਚਾਰ ਦੇ ਦਫਤਰੋਂ ਮਿਲਦਾ ਹੈ।

ਉਸ ਸਮੇਂ ਦੇ ਭਾਰੇ ਵਿਦਵਾਨ ਪੰਡਤ ਪ੍ਰਤੀਤ ਦੇਂਦੇ ਹਨ ਅਤੇ ਰਚਨਾਂ ਵਿਚੋਂ ਹੀ ਉਨ੍ਹਾਂ ਦੇ ਉੱਚੇ ਆਦਰਸ਼ ਉੱਚੇ ਆਚਰਨ ਤੇ ਆਤਮ ਪ੍ਰਾਪਤੀ ਦਾ ਪਤਾ ਸਾਫ ਲਗਦਾ ਹੈ। ਜਿਸ ਤੋਂ ਉਹਨਾਂ ਦੀ ਉਗਾਹੀ ਬੜੀ ਸਤਿਕਾਰ ਯੋਗ ਹੈ ਤੇ ਇਸ ਵਕਤ ਤਕ ਲੱਭੇ ਹਾਲਾਤ ਤੋਂ ਸਨਾਤਨ ਹੈ। ਆਪ ਲਿਖਦੇ ਹਨ:-

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ। ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ। ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗਿ ਅੰਦਰ ਇਕ ਦਿਖਾਇਆ। ਚਾਰੇ ਪੈਰ ਧਰਮ ਦੇ ਚਾਰਿ ਵਰਨੁ ਇਕ ਵਰਨ ਕਰਾਇਆ। ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ। ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਯਾ। ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਯਾ। ਕਲਿ ਤਾਰਣਿ ਗੁਰੂ ਨਾਨਕ ਆਇਆ ॥੨੩॥

{ਭਾਈ ਗੁਰਦਾਸ ਵਾਰ ੧}

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਗਤਿ ਉਧਾਰ ਨਮਿਤ ਵਾਹਿਗੁਰੂ ਵਲੋਂ ਘੱਲੇ ਹੋਏ ਆਏ ਤੇ ਆਕੇ ਆਪਣੇ ਉਦੇਸ਼[੧] ਦਾ ਪ੍ਰਚਾਰ ਕੀਤਾ।

ਇਸ ਸਮੇਂ 'ਕਲ' ਨਾਮੇ ਇਕ ਕਵਿ ਹੋਏ ਹਨ ਜੋ ਪੰਜਵੀਂ ਪਾਤਸ਼ਾਹੀ ਦੇ ਵੇਲੇ ਤਾਂ ਜ਼ਰੂਰ ਜੀਉਂਦੇ ਸਨ ਤੇ ਖਿਆਲ ਹੈ ਕਿ ਏਹ ਦੂਜੇ ਸਤਿਗੁਰਾਂ ਨੂੰ ਮਿਲੇ ਹਨ, ਕਿਉਂਕਿ ਦੂਸਰੀ ਪਾਤਸ਼ਾਹੀ ਨੂੰ ਆਪਣੀ ਰਚਨਾਂ ਵਿਚ ਸਨਮੁਖ ਸੰਬੋਧਨ ਕਰਦੇ ਹਨ ਤੇ ਉਨ੍ਹਾਂ ਦੀ ਦ੍ਰਿਸ਼ਟੀ ਤੋਂ ਅੰਮ੍ਰਿਤ ਵਸਣਾ ਆਦਿ ਪ੍ਰਤੱਖ ਅਵਲੋਕਨ ਦੇ ਹਾਲ ਕਥਨ ਕਰਦੇ ਹਨ। ਅਚਰਜ ਨਹੀਂ ਕਿ ਆਪ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਬੀ ਕੀਤੇ ਹੋਣ। ਭਰਥਰਿ ਜੋਗੀ ਦੇ ਸਤਿਗੁਰ ਨਾਲ ਰਹਿਣ ਤੇ ਮਹਾਂਦੇਉ ਬੈਰਾਗੀ ਦੇ ਗੁਰੂ ਜੀ ਦੇ ਗੁਣਾਨੁਵਾਦ ਕਰਨ ਦੀ ਸਾਖ ਭਰਦੇ ਹਨ। ਹਰ ਹਾਲ ਵਿਚ ਇਹ ਸੱਜਣ ਪੰਚਮ ਗੁਰੂ ਜੀ ਦੇ ਸਮੇਂ ਤੋਂ ਮਗਰੋਂ ਨਹੀਂ ਹੋਏ

[੧] ਅਭਿਪ੍ਰਾਯ, ਮਨੋਰਥ।


www.sikhbookclub.com

ਆਪ ਸ੍ਰੀ ਗੁਰੂ ਨਾਨਕ ਦੇਵ ਜੀ ਬਾਬਤ ਐਉਂ ਸਾਖ ਭਰਦੇ ਹਨ:-

ਗਾਵਉ ਗੁਨ 'ਪਰਮ ਗੁਰੂ' ਸੁਖ ਸਾਗਰ
ਦੁਰਤ ਨਿਵਾਰਣ ਸਬਦ ਸਰੇ ॥...
ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ
ਰਿਦੰਤਰਿ ॥ ਸ੍ਰਿਸਟਿ ਸਗਲ ਉਧਰੀ
ਨਾਮਿ ਲੇ ਤਰਿਓ ਨਿਰੰਤਰਿ ॥

(ਸਵਾ:ਮ:੧ਕੇ)

'ਕਲ' ਜੀ ਨੇ ਤਾਂ ਇਥੋਂ ਤਕ ਪਤਾ ਦਿਤਾ ਹੈ ਕਿ ਆਪਣੇ ਸਮੇਂ ਹੀ ਗੁਰੂ ਨਾਨਕ ਦੇਵ ਜੀ ਅਵਤਾਰ ਮੰਨੇ ਗਏ ਸਨ। ਯਥਾ:-

ਕਲਿਜੁਗਿ ਪ੍ਰਮਾਣੁ ਨਾਨਕ ਗੁਰੂ ਅੰਗਦੁ
ਅਮਰੁ ਕਹਾਇਓ ॥ ਸ੍ਰੀ ਗੁਰੂ ਰਾਜੁ
ਅਬਿਚਲੁ ਅਟਲੁ ਆਦਿ ਪੁਰਖਿ
ਫੁਰਮਾਇਓ ॥੭॥ (ਸਵ : ਮ: ੧ ਕੇ)

ਇਹ ਉਸੇ ਸਮੇਂ ਦੇ ਉਗਾਹਾਂ ਦੀਆਂ ਸਾਖੀਆਂ ਹਨ, ਜਿਨ੍ਹਾਂ ਤੋਂ ਗੁਰੂ ਜੀ ਦਾ ਵਾਹਿਗੁਰੂ ਵਲੋਂ ਭਗਤ, ਅਵਤਾਰ, ਗੁਰ ਅਵਤਾਰ ਹੋਣਾ ਸਿਧ ਹੁੰਦਾ ਹੈ, ਜਿਸ ਤੋਂ ਉਨ੍ਹਾਂ ਦਾ ਜਨਮ ਤੋਂ ਹੀ ਗਜਾਨਵਾਨ ਤੇ ਪ੍ਰੇਮਵਾਨ ਹੋਣਾ ਮਾਨਨੀਯ ਹੈ।

ਸੋ ਸਤਿਗੁਰ ਜੀ ਨੇ, ਜੋ ਸੰਸਾਰ ਪਰ ਆਏ ਹੀ ਇਸ ਦੇ ਉਧਾਰ ਲਈ ਸਨ, ਸੰਸਾਰ ਦੇ ਅਗਜਾਨ ਪਰ ਫਤੇ ਪਾਉਣੀ ਸੀ, ਇਸ ਲਈ "ਚੜਿਆ ਸੋਧਣਿ ਧਰਤਿ ਲੁਕਾਈ[1]" ਲਿਖਿਆ ਹੈ ਅਸੀਂ ਹੁਣ ਉਹਨਾਂ ਦੇ ਵਡੇ ਵਡੇ ਲੋਕਾਂ ਦੇ ਅਗਜਾਨ ਕਟਣ ਤੇ ਗਯਾਨ ਦੀ ਫਤਹ ਪਾਉਣ ਦੇ ਸੰਖੇਪ ਹਾਲ ਕਹਾਂਗੇ।

੩.

ਸਤਿਗੁਰ ਨਾਨਕ ਦੇਵ ਜੀ ਜਨਮ ਤੋਂ ਹੀ ਪਰਮੇਸ਼ੁਰ ਦੇ ਪਿਆਰ ਵਿਚ ਪੂਰੇ ਸੇ, ਪਰ ਮਾਪੇ ਪਛਾਣਦੇ ਨਹੀਂ ਸੇ। ਉਨ੍ਹਾਂ ਨੇ ਜਗਤ ਰੀਤਿ ਮੂਜਬ ਪਾਂਧੇ ਦੇ ਪੜ੍ਹਨੇ ਪਾ ਦਿਤਾ, ਪਾਂਧੇ ਨੇ ਆਪ ਨੂੰ ਟਾਕਰਿਆਂ ਦੀ ਪੈਂਤੀ ਤੇ ਲੇਖਾ ਸਿਖਾਉਣਾ ਸ਼ੁਰੂ ਕੀਤਾ। ਇਹ ਵਿਦਜਾ ਚਮਤਕਾਰੀ ਬੁੱਧੀ ਵਾਸਤੇ ਕੋਈ ਗਲ ਨਹੀਂ ਸੀ। ਪਰ ਆਪ ਤਾਂ ਕੋਈ ਅਸਲ, ਕੋਈ ਨਿਗਰ ਵਿਦਜਾ ਸਿਖਾਉਣ ਆਏ ਸੇ ਤੇ ਆਪ ਗੁਰੂ ਸੇ; ਪੜ੍ਹਨਾ ਕੀ ਸੀ, ਉਟ ਤਾਂ ਪੜ੍ਹਾਉਣ ਆਏ ਸੇ, ਸੋ ਆਪ ਦਾ ਪ੍ਰਚਾਰ ਦਾ ਕੰਮ ਅੱਜ ਤੋਂ ਸ਼ੁਰੂ ਹੋ ਪੈਂਦਾ ਹੈ। ਪਾਂਧੇ ਤੇ ਹੀ ਸਤਿਗੁਰ ਨੇ ਜੋ ਕੌਤਕ ਕੀਤੇ ਉਸ ਤੋਂ ਪਾਂਧੇ ਨੇ ਪੁੱਛਿਆ ਕਿ ਤੂੰ ਕਿਉਂ ਨਹੀਂ ਪੜ੍ਹਦਾ? ਤਦ ਗੁਰੂ ਜੀ ਨੇ ਉਸ ਨੂੰ ਏਹ ਵਾਕ ਕਹੇ-

'ਪਾਂਧਾ ! ਤੂੰ ਕੁਛ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ?

ਪਾਂਧੇ ਨੇ ਅਸਚਰਜ ਹੋ ਕੇ ਆਪਣੇ ਵਿਦਜਾ ਦੇ ਗ੍ਰੰਥ ਦੱਸੇ, ਤਾਂ ਸਤਿਗੁਰੂ ਜੀ ਨੇ ਕਿਹਾ ਇਸ ਪੜ੍ਹਨ ਨਾਲ ਗਲੇ ਫਾਹੇ ਪੈਂਦੇ ਹਨ, ਉਹ ਵਿਦਜਾ ਤੂੰ ਨਹੀਂ ਜਾਣਦਾ ਜਿਸ ਨਾਲ ਫਾਹੇ ਟੁੱਟ ਪੈਣ ਤੇ ਹੈਰਾਨ ਹੋਏ ਪਾਂਧੇ ਨੂੰ ਸੱਤ ਬਰਸ ਦੇ ਦੈਵੀ ਬੱਚੇ ਨੇ ਇਹ ਸਤਿ ਵਿਦਜਾ ਦਾ ਉਪਦੇਸ਼ ਦਿੱਤਾ:-

"ਹੇ ਪਾਂਧੇ ! ਸਭ ਦੇ ਅੰਦਰ ਇਕ ਵਾਹਿਗੁਰੂ ਵਸ ਰਿਹਾ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਸਾਜੀ ਹੈ। ਭਰਮ ਤੇ ਮੋਹ ਵਿਚ ਪੈ ਕੇ ਤੁਸੀਂ ਫਾਹੇ ਸਹੇੜ ਰਹੇ ਹੋ। ਇਸ ਤਰ੍ਹਾਂ ਉਸ ਤੋਂ ਵਿਛੁੜ ਰਹੇ ਹੋ। ਇਹ ਹਾਲਤ 'ਸਾਕਤ' ਦਸ਼ਾ ਹੈ। ਅਰਥਾਤ ਸਾਈਂ ਤੋਂ ਟੁੱਟੀ ਹੋਈ ਤੇ ਮਾਯਾ ਵਿਚ ਫਸੀ ਹੋਈ ਅਵਸਥਾ ਹੈ। ਤੁਸੀਂ ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ'। ਵਾਹਿਗੁਰੂ ਨਾਲ ਜੁੜੇ ਬਿਨਾਂ ਜੀਵਨ ਬਿਰਥਾ ਜਾ ਰਿਹਾ ਹੈ, ਸੋ ਭਾਲ ਕਰੋ ਤੇ ਉਸਨੂੰ ਪਾਓ, ਫੇਰ ਪੜ੍ਹੋ ਤੇ ਪੜ੍ਹਾਓ ! ਉਸ ਤੋਂ ਮਨ ਨੂੰ ਅੱਡ ਰਖਕੇ ਕਰਮ ਕਰਨੇ ਸਾਰੇ ਬਿਰਥਾ ਕਰਮ ਹਨ[1]।

ਪਾਂਧੇ ਪੁਛਿਆ ਵਾਹਿਗੁਰੂ ਨਾਲ ਜੁੜਕੇ ਸੰਸਾਰ ਵਿਚ ਵਿਚਰਨ ਦਾ ਕੀ ਫਲ ਹੈ ਤੇ ਉਸ ਦੀ ਜੁਗਤ ਕੀ ਹੈ? ਤਾਂ ਗੁਰੂ ਜੀ ਨੇ ਕਿਹਾ:-

'ਮੋਹ ਨੂੰ ਸਾੜਕੇ ਸ਼ਾਹੀ ਬਣਾ, ਮੱਤ ਨੂੰ ਕਾਗਤ ਬਣਾ, ਪ੍ਰੇਮ ਨੂੰ ਲਿਖਣ ਬਣਾ ਚਿਤ ਨੂੰ ਲਿਖਾਰੀ ਬਣਾ ਤੇ ਸਤਿਗੁਰ ਨੂੰ ਪੁਛਕੇ ਲਿਖ ਕਰਤਾਰ ਦਾ

---

[1] ਭਾ: ਗੁਰਦਾਸ ਜੀ

[1] ਆਸਾ ਰਾਗ ਵਿਚ ਕਹੀ ਪਟੀ ਦਾ ਇਹ ਸਾਰ ਉਪਦੇਸ਼ ਹੈ ਜੋ ਲਿਖਜਾ ਹੈ ਕਿ ਇਸ ਵੇਲੇ ਉਚਾਰੀ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਸਿਰਲੇਖ 'ਪਟੀ' ਨਹੀਂ ਪਰ 'ਪਟੀ ਲਿਖੀ' ਹੈ। ਜਿਸ ਦਾ ਭਾਵ ਇਹ ਹੈ, ਕਿ ਇਹ ਲਿਖਤ ਪੱਟੀ ਤੇ ਲਿਖੀ ਸੀ। ਪੱਟੀ ਪਾਂਧੇ ਦੇ ਹੀ ਲਿਖੀਦੀ ਹੈ ਤੇ ਇਸ ਦਾ ਭਾਵ ਦੱਸਦਾ ਹੈ [illegible]

Page 349
www.sikhbookclub.com

ਨਾਮ, ਉਸ ਦੀ ਮਹਿਮਾਂ ਉਸ ਦੀ ਬੇਅੰਤਤਾਈ ਲਿਖ ਜੇ ਇਹ ਲੇਖਾ ਲਿਖ ਲਵੇਂ, ਅਰਥਾਤ ਵਾਹਿਗੁਰੂ ਅਨੰਤ ਲਖਕੇ ਮਹਿੰਮਾ ਵਿਚ ਲੀਨ ਹੋ ਜਾਵੇਂ ਤਾਂ ਜਿਥੇ ਲੇਖਾ ਮੰਗੀਦਾ ਹੈ, ਜਿਥੇ ਵਡਿਆਈਆਂ ਸਦਾ ਦੀਆਂ ਖੁਸ਼ੀਆਂ ਤੇ ਚਾਉ ਮਿਲਦੇ ਹਨ, ਓਥੇ ਤੈਨੂੰ ਸੱਚੀ ਵਡਿਆਈ ਮਿਲੇਗੀ, ਕਿਉਂਕਿ ਓਥੇ ਨਾਮ ਵਾਲੇ ਹੀ ਸਤਿਕਾਰੇ ਜਾਂਦੇ ਹਨ। ਹੋਰ ਦੁਨੀਆਂ ਦੇ ਵਡੇ ਲੋਕ ਏਥੇ ਖਾਕ ਹੋ ਜਾਂਦੇ ਹਨ, ਓਥੇ ਜਾਕੇ ਦੁਖੀ ਹੁੰਦੇ ਹਨ[1]। ਤਦ 'ਪਾਂਧਾ ਚਰਨ ਲਗ ਤਰਿਆ। '

੪.ਰਾਜਾ।

ਇਸ ਤੋਂ ਮਗਰੋਂ ਗੁਰੂ ਜੀ ਇਕਾਂਤ ਘਰ ਬੈਠੇ ਰਹਿਣ। ਮਾਤਾ ਪਿਤਾ ਨੇ ਸੋਚਿਆ ਤੇ ਲੋਕਾਂ ਕਿਹਾ ਕਿ ਵਿਆਹ ਨਾਲ ਉਦਾਸੀ ਛੱਡੇਗਾ, ਪਰਚ ਜਾਏਗਾ, ਸੋ ਬਾਰਾਂ ਬਰਸਾਂ ਦੀ ਉਮਰੇ ਉਦਾਸੀਆਂ ਤੇ ਲਿਵਾਂ ਵਿਚ ਜੁੜੇ ਗੁਰੂ ਬਾਬੇ ਨੂੰ ਵਿਆਹ ਦਿੱਤਾ। ਕਿਰਤੇ ਬੀ ਲਾਇਆ, ਪਰ ਓਹ ਬੇਪਰਵਾਹ ਆਪਣੇ ਰੰਗੀਂ ਵਿਚਰਦੇ ਰਹੇ। ਨਗਰ ਸਾਰੇ ਦਾ ਖਿਆਲ ਹੋਇਆ ਕਿ ਅਜਕਲ ਫਕੀਰਾਂ ਨਾਲ ਉਠ ਜਾਏਗਾ। ਪਿਤਾ ਨੇ ਖੇਤਾਂ, ਜੂਹਾਂ, ਜੰਗਲਾਂ ਦਾ ਪਿਆਰ ਦੇਖਕੇ ਕਿਹਾ ਕਿ ਮੱਝੀਆਂ ਹੀ ਚਾਰ ਲਿਆਇਆ ਕਰੇ! ਸੋ ਜਗਤ ਗੁਰੂ ਹੁਣ 'ਮਾਹੀ' ਬਣਿਆਂ, ਪਰ ਮਹੀਆਂ ਜੌਂਕੀ ਫਿਰਨ ਤੇ ਗੁਰੂ ਬਾਬਾ 'ਆਪਣੇ ਰੰਗ ਰਵੇ ਇਕੇਲਾ। ' ਇਕ ਦਿਨ ਮਹੀਆਂ ਇਕ ਭੱਟੀ ਦਾ ਖੇਤ ਖਾ ਗਈਆਂ, ਉਸ ਨੇ ਰਾਇ ਬੁਲਾਰ, ਸ਼ਹਿਰ ਦੇ ਰਾਜੇ ਪਾਸ ਸ਼ਿਕਾਇਤ ਕੀਤੀ, ਰਾਏ ਨੇ ਕਾਲੂ ਨੂੰ ਸਦਵਾਕੇ ਆਖਿਆ: ਤੇਰਾ ਪੁੱਤਰ ਦਿਵਾਨਾਂ ਹੈ ਤੇ ਇਸ ਭੱਟੀ ਦਾ ਨੁਕਸਾਨ ਹੋਇਆ ਹੈ, ਤੂੰ ਉਜਾੜਾ ਭਰ ਦੇਹ! ਇਸ ਵੇਲੇ ਰਾਇ ਨੇ ਆਦਮੀ ਪੈਲੀ ਦੇਖਣ ਲਈ ਘੱਲੇ, ਤਾਂ ਦੇਖਣ ਕਿ ਖੇਤ ਹਰਾ ਭਰਾ ਹੈ। ਅੱਜ ਪਹਿਲਾ ਦਿਨ ਸੀ ਕਿ ਰਾਇ ਬੁਲਾਰ ਦੇ ਅੰਦਰ ਨਾਨਕ ਗੁਰੂ ਦਾ ਭੈ ਤੇ ਪਿਆਰ ਪੈ ਗਿਆ। ਇਸ ਵੇਲੇ ਗੁਰੂ ਬਾਬੇ ਨੇ ਸੱਦ ਲਾਈ:-

> ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥
> ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥ ੩ ॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥ ੪ ॥ {ਸੂਹੀ ਮ:੧}

ਇਕ ਦਿਨ ਰਾਇ ਬੁਲਾਰ ਸ਼ਿਕਾਰੋਂ ਆਇਆ ਤਾਂ ਇਕ ਥਾਂ ਕੀ ਦੇਖੇ ਕਿ ਸਭ ਬ੍ਰਿਛਾਂ ਦਾ ਛਾਇਆ ਬਦਲ ਗਿਆ ਹੈ ਪਰ ਇਕ ਦੀ ਛਾਂ ਨਹੀਂ ਢਲੀ। ਥੱਲੇ ਸੁੱਤੇ ਆਦਮੀ ਨੂੰ ਜਗਾਇਆ ਤਾਂ ਓਹ ਗੁਰੂ ਬਾਬਾ ਸੀ। ਇਹ ਦੇਖਕੇ ਰਾਇ ਬੁਲਾਰ ਭੈ ਖਾ ਗਿਆ ਤੇ ਅਦਬ ਨਾਲ ਭਰਕੇ ਝੁਕਿਆ ਤੇ ਆਖਿਆ:'ਏਹ ਮਹਾਂ ਪੁਰਖ ਹੈ'। ਅਜ ਤੋਂ ਰਾਇ ਬੁਲਾਰ ਪੱਕਾ ਪ੍ਰੇਮੀ ਹੋ ਗਿਆ ਤੇ ਗੁਰੂ ਬਾਬੇ ਦੇ ਆਖੇ ਨਾਮ ਜਪਣ ਲਗਾ। ਏਹ ਗੁਰੂ ਬਾਬੇ ਜੀ ਨੇ ਆਪਣੇ ਤਪੇ ਦੇ ਰਾਜੇ ਪਰ ਫਤੇ ਪਾਈ।

ਹੋਰਨਾਂ ਸਾਖੀਆਂ ਵਿਚ ਲਿਖਤ ਹੈ ਤੇ ਖਰਾ ਸੌਦਾ ਨਾਮੇ ਗੁਰਦਵਾਰਾ, ਜੋ ਚੂਹੜਕਾਣੇ ਹੁਣ ਤਕ ਹੈ, ਸਾਖੀ ਭਰਦਾ ਹੈ ਕਿ ਇਕ ਵੇਰ ਪਿਤਾ ਨੇ ਗੁਰੂ ਨਾਨਕ ਦੇਵ ਜੀ ਨੂੰ ਕੁਛ ਰੁਪਯਾ ਦੇਕੇ ਵਪਾਰ ਲਈ ਟੋਰਿਆ ਤੇ ਕਿਹਾ: 'ਖਰਾ ਸੌਦਾ' ਕਰਨਾ। ਆਪਨੇ ਚੂਹੜਕਾਣੇ ਪਿੰਡ ਦੇ ਲਾਗੇ ਇਕ ਪਰਮੇਸ਼ੁਰ ਦਾ ਤਪ ਕਰਨ ਵਾਲੇ ਕਈ ਦਿਨਾਂ ਦੇ ਭੁੱਖੇ ਸਾਧੂਆਂ ਦੀ ਜਮਾਤ ਨੂੰ ਡਿੱਠਾ ਤੇ ਤਰਸ ਖਾਕੇ ਉਨ੍ਹਾਂ ਰੁਪਯਾਂ ਦੀ ਰਸਦ ਲੈਕੇ ਉਨ੍ਹਾਂ ਨੂੰ ਭੋਜਨ ਖੁਲਾ ਦਿੱਤਾ ਤੇ ਸੱਚ ਮੁਚ 'ਖਰਾ ਸੌਦਾ'' ਕਰ ਦਿੱਤਾ। ਪਰ ਘਰ ਆਇਆਂ ਤੇ ਪਿਤਾ ਨੇ ਬਹੁਤ ਖੇਦ ਦਿੱਤਾ। ਇਹ ਖਬਰ ਸੁਣਕੇ ਰਾਇ ਬੁਲਾਰ ਨੇ ਕਾਲੂ ਨੂੰ ਸੱਦਕੇ ਰੰਜਗੀ ਕੀਤੀ ਤੇ ਸਮਝਾਇਆ:-

> "ਇਸ ਜਹਾਨ ਦੇ ਉਪਰ, ਦੁਨੀਆਂ ਦੇ ਵਿਚ, ਸਭ ਦੌਲਤ ਇਸੇ ਦੀ ਹੈ। ਸਭ ਦੁਨੀਆਂ ਦਾ ਇਹ ਮਾਲਕ ਹੈ, ਮੈਂ ਇਸ ਦਾ ਦਿੱਤਾ ਖਾਂਦਾ ਹਾਂ। ਹੇ ਕਾਲੂ ! ਸੰਸਾਰ ਇਸ ਦਾ ਦਿੱਤਾ ਖਾਂਦਾ ਹੈ। "

ਇਸ ਤੋਂ ਸਪਸ਼ਟ ਹੈ ਕਿ ਰਾਇ ਬੁਲਾਰ ਪੂਰਨ ਸਿਖ ਹੋ ਗਿਆ ਸੀ ਤੇ ਗੁਰੂ ਨਾਨਕ ਨੇ ਪਹਿਲਾਂ ਸ਼ਹਿਰ ਦਾ ਉਸਤਾਦ, ਫੇਰ ਸ਼ਹਿਰ ਦਾ ਰਾਜਾ ਫਤਹ ਕਰਕੇ ਹਬ ਦੇ ਰਾਜ ਵਿਚ ਸ਼ਾਮਲ ਕੀਤੇ।

ਇਸ ਤਰ੍ਹਾਂ ਸਾਖੀਆਂ ਮਿਲਦੀਆਂ ਹਨ ਕਿ ਘਰ ਦੇ ਪ੍ਰੋਹਿਤ ਨੂੰ, ਸ਼ਹਿਰ ਦੇ ਮੁਲਾਂ ਆਦਿਕਾਂ ਨੂੰ

[1] ਇਹ ਸਿਰੀ ਰਾਗੁ ਦੇ ਸ਼ਬਦ' ਜਾਲਿ ਮੋਹੁ' ਦਾ ਸਾਰ ਹੈ।


www.sikhbookclub.com

ਵਾਹਿਗੁਰੂ ਜੀ ਦੇ ਪਿਆਰ ਦੇ ਸੋਹਲੇ ਸੁਣਾ ਕੇ ਕਰਤਾਰ ਦੇ ਚਰਨੀਂ ਲਾਇਆ।

੫. ਵੈਦ।

ਹੁਣ ਸਤਿਗੁਰ ਫੇਰ ਉਦਾਸੀਆਂ ਵਿਚ ਦਿੱਸਣ; ਘਰ ਦੇ ਉਦਾਸੀ ਸਮਝਦੇ ਸਨ। ਮਾਤਾ ਪਿਤਾ ਨੇ ਕਈ ਵੇਰ ਸਮਝਾਇਆ ਪਰ ਓਹ ਲਿਵਲੀਨ ਬੈਠੇ ਰਹਿੰਦੇ, ਜਾਂ ਜੰਗਲੀਂ ਉਜਾੜੀਂ ਜਾ ਕੇ ਪ੍ਰੇਮ ਦੀ ਲਿਵ ਵਿਚ ਬੈਠੇ ਰਹਿੰਦੇ। ਇਹ ਰੰਗ ਵੇਖ ਲੋਕਾਂ ਨੇ ਮਾਪਿਆਂ ਨੂੰ ਕਿਹਾ: ਇਹ ਰੋਗੀ ਹੈ, ਦਾਰੀ ਕਰੋ। ਤਦੋਂ ਵੈਦ ਆਇਆ, ਨਾੜ ਦੇਖਣ ਲੱਗਾ ਤਾਂ ਗੁਰੂ ਜੀ ਨੇ ਉਠਕੇ ਪੁਛਿਆ: 'ਕੀ ਕਰਦਾ ਹੈਂ ?' ਵੈਦ ਨੇ ਕਿਹਾ ਕਿ ਆਪ ਦਾ ਇਲਾਜ। ਤਿਸ ਪਰ ਸਤਿਗੁਰੂ ਨੇ ਬੜੇ ਰੰਗ ਵਿਚ ਆਕੇ ਇਕ ਸੱਦ ਲਾਈ:--

ਸਲੋਕ ਮਃ ੧ ॥ ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੂ ਨ ਜਾਣਈ ਕਰਕ ਕਲੇਜੇ ਮਾਹਿ ॥ ੧ ॥

ਫੇਰ ਬੋਲੇ :--

ਹੇ ਵੈਦ! ਏਥੇ ਜਗਤ ਵਿਚ ਰਾਤ ਹੈ, ਅੱਗੇ ਵਾਹਿਗੁਰੂ ਦੇ ਦੇਸ਼ ਦਿਨ ਹੈ[੧], ਤੁਸੀਂ ਰਾਤ ਦੇ ਹਨੇਰੇ ਵਿਚ ਘਬਰਾ ਰਹੇ ਹੋ, ਪਰਛਾਵਿਆਂ ਨੂੰ ਸੱਚ ਜਾਣਦੇ ਹੋ ਤੇ ਸੱਚ ਨੂੰ ਪਰਛਾਵਾਂ ਸਮਝ ਰਹੇ ਹੋ। ਰਾਜ ਮਾਲ ਜੋਬਨ ਪਰਛਾਵੇਂ ਹਨ, ਨਾਮ ਸੱਚਾ ਧਨ ਹੈ, ਜਿਨ੍ਹਾਂ ਪਾਇਆ ਹੈ ਓਹ ਧਨਵੰਤ ਹਨ। ਸੋ ਸਾਨੂੰ ਦਾਰੂ ਨਾ ਲਾ, ਆਪਣਾ ਦਾਰੂ ਕਰ, ਸੁਆਦ, ਤ੍ਰਿਸ਼ਨਾਂ, ਕਾਮ ਕ੍ਰੋਧ ਮਾਰ ਤੇ ਵਾਹਿਗੁਰੂ ਨਾਲ ਨਿਹੁੰ ਲਾ।

ਇਹ ਉਪਦੇਸ਼ ਐਸੇ ਬਲ ਤੇ ਪ੍ਰਭਾਵ ਨਾਲ ਦਿੱਤਾ ਗਿਆ ਕਿ ਵੈਦ ਪੈਰੀਂ ਢੱਠਾ ਤੇ ਸ਼ਰਨ ਹੋਕੇ ਸੁਖ ਪਾਇਆ। ਇਹ ਬਾਬੇ ਦੀ ਵੈਦ ਪਰ ਫਤੇ ਹੈ।

੬.ਦੌਲਤ ਖਾਂ।

ਗੁਰੂ ਨਾਨਕ ਦੇਵ ਜੀ ਨੇ ਸੱਚੀ ਲਿਵ ਵਿਚ ਰਹਿਣੇ ਤੇ ਏਕਾਂਤ ਰੰਗ ਜਮਾਉਣੇ ਦੀ ਬਾਣ ਨਾ ਛੱਡੀ। ਮਰਦਾਨਾ ਨਾਮੇ ਘਰ ਦਾ ਡੂੰਮ ਬੜਾ ਗਵੱਯਾ ਸੀ, ਇਸ ਨੂੰ ਜੰਗਲੀਂ ਲਿਜਾਕੇ ਆਪਣੇ ਉਚਾਰੇ ਇਲਾਹੀ ਸ਼ਬਦ ਦੇ ਕੀਰਤਨ ਸੁਣਨੇ ਤੇ ਸਦਾ ਅਨੰਦੀ ਮੌਜ ਵਿਚ ਰਹਿਣਾ।। ਦੁਨੀਆਂਦਾਰਾ ਲਈ ਇਹ ਸਭ ਰੋਗ ਹਨ, ਅਪਾਹਜਪਣੇ ਹਨ, ਕਸਰਾਂ ਹਨ! ਸੋ ਕੋਈ ਦਿਵਾਨਾ ਕਹੇ, ਕੋਈ ਭੂਤ ਜਿੰਨ ਦਾ ਸਾਯਾ ਕਹੇ। ਅਨੇਕ ਉਪਚਾਰ ਹੋਏ। ਪਰ ਸਚੇ ਅਰੋਗ ਮਹਾਂਪੁਰਖ ਉਤੇ ਰੋਗ ਰੂਪ ਉਪਚਾਰਾਂ ਦਾ ਕੀ ਅਸਰ ਪਵੇ। ਅੰਤ ਇਹ ਸਲਾਹ ਠਹਿਰੀ ਕਿ ਗੁਰ ਨਾਨਕ ਜੀ ਨੂੰ ਸੁਲਤਾਨ ਪੁਰ ਭਣਵੱਯੇ ਜੈਰਾਮ ਪਾਸ ਘੱਲ ਦਿੱਤਾ ਜਾਵੇ।

ਸਤਿਗੁਰ ਬੀ ਤਿਆਰ ਹੋ ਪਏ, ਕਿਉਂਕਿ ਇਥੇ ਘਰ ਵਾਲੇ ਦੁਖੀ ਰਹਿੰਦੇ ਸਨ, ਕੁਟੰਬ ਕਬੀਲਾ ਬੀ ਮਾਪਿਆਂ ਨੂੰ ਮਿਹਣੇ ਦੇਂਦਾ ਸੀ ਤੇ ਸੁਲਤਾਨ ਪੁਰ ਆਪ ਤੋਂ ਵੱਡੀ ਭੈਣ ਸੀ, ਜੋ ਸਤਿਸੰਗ ਦੀ ਪ੍ਰੇਮਣ ਸੀ ਤੇ ਜੈਰਾਮ ਬੀ ਰੱਬ ਦੇ ਭੈ ਵਾਲਾ ਸੀ, ਸੋ ਸੁਲਤਾਨ ਪੁਰ ਪੁੱਜੇ। ਜੈਰਾਮ ਓਥੋਂ ਦੇ ਨਵਾਬ ਦੌਲਤ ਖਾਂ ਲੋਧੀ[੧] ਪਾਸ ਲੈ ਗਿਆ। ਤਿਸ ਨੇ ਉਹਨਾਂ ਨੂੰ ਆਪਣੀ ਕਾਰਬਾਰੀ ਦਿੱਤੀ[੨]।

ਇਥੇ ਸਤਿਗੁਰ ਦਿਨ ਨੂੰ ਕੰਮ ਕਰਨ, ਪਰ ਰਾਤ ਨੂੰ ਸਤਿਸੰਗ ਹੋਵੇ। ਮਰਦਾਨਾ ਡੂੰਮ ਤਲਵੰਡੀਓਂ ਆ ਗਿਆ। ਰਾਤ ਕੀਰਤਨ ਦਾ ਰੰਗ ਜੰਮਣ ਲੱਗਾ। ਨਗਰ ਦੇ ਕਈ ਲੋਕ ਆਇਆ ਕਰਨ। ਨਵੇਂ ਬੀ, ਪੁਰਾਣੇ ਮੇਲੀ ਬੀ ਕਦੇ ਕਦੇ ਆਯਾ ਕਰਨ। ਨਵੇਂ ਬੀ ਕਈ ਤਰੇ। ਮੈਲਸੀਹੇਂ ਦਾ ਭਗੀਰਥ ਕਾਲੀ ਉਪਾਸਕ ਕਾਲੀ ਛੋੜਕੇ ਸਤਿਨਾਮ ਦਾ ਪ੍ਰੇਮੀ ਹੋ ਗਿਆ। ਦੋ ਵੇਲੇ ਜੋ ਅਲੂਫਾ (ਰਸਦ) ਸਰਕਾਰੋਂ ਮਿਲਦਾ ਸੀ ਉਸ ਦਾ ਲੰਗਰ ਚੱਲੇ। ਸਭ ਸਤਿਸੰਗੀ ਖੁੱਲੇ ਛਕਣ। ਪਹਿਰ ਰਾਤ ਰਹਿੰਦੀ ਗੁਰੂ ਜੀ ਬੇਈਂ ਵਿਚ ਇਸ਼ਨਾਨ ਕਰਨ ਤੇ ਦਿਨ ਚੜ੍ਹੇ ਤਕ ਏਕਾਂਤ ਲਿਵਲੀਨ ਬਿਰਾਜੇ ਰਹਿਣ। ਦਿਨੇ ਨਵਾਬ ਦਾ ਕੰਮ ਕਰਨ।

ਮਲੂਮ ਹੁੰਦਾ ਹੈ ਕਿ ਇਥੇ ਸਤਿਗੁਰ ਦਾ ਸਤਿਸੰਗ ਦਾ ਰੰਗ ਪੂਰਾ ਜੰਮ ਗਿਆ ਤੇ ਪੂਰੀ ਸੁਤੰਤਰਤਾ ਆਤਮ ਰਸ ਦੀ ਮਿਲ ਗਈ,

[੧] ਓਥੈ ਦਿਹੁ ਐਥੈ ਸਭ ਰਾਤਿ॥

[੧] ਇਹ ਦਿੱਲੀ ਦੇ ਪਾਤਸ਼ਾਹ ਦਾ ਭਰਾਉ ਸੀ ਤੇ ਇਸ ਦੇਸ਼ ਦਾ ਹਾਕਮ ਸੀ।

[੨] ਨਵੀਨ ਸਾਖੀਆਂ ਵਿਚ ਮੋਦੀ ਲਿਖਿਆ ਹੈ, ਪਰ ਪੁਰਾਤਨ ਜਨਮ ਸਾਖੀ ਵਿਚ ਦੌਲਤ ਖਾਂ ਦੋ ਵੇਰ ਆਖਦਾ ਹੈ, 'ਨਾਨਕ ਭਲਾ ਵਜ਼ੀਰ ਥਾ' ਤੇ ਇਕ ਥਾਂ ਲਿਖਿਆ ਹੈ ਗੁਰ ਨਾਨਕ 'ਦਰਬਾਰ ਫੁਰਮਾਣੁ ਲਿਖਣ ਬਹੈ'।


www.sikhbookclub.com

ਪਰ ਅੰਦਰ ਜੋ ਵਾਹਿਗੁਰੂ ਨੇ 'ਜਗਤ-ਉਧਾਰ' ਦੀ ਤੜਪ ਪਾਈ ਸੀ, ਉਸਨੇ ਫੇਰ ਉਦਾਸ ਕਰ ਦਿੱਤਾ। ਜਿਸ ਸੁਖ ਵਿਚ ਆਪ ਸਨ ਸੋ ਵੰਡਣਾਂ ਲੋਚਦੇ ਸਨ। ਇਨ੍ਹਾਂ ਢੰਗਾਂ ਵਿਚ ਇਕ ਦਿਨ ਇਸ਼ਨਾਨ ਕਰਨ ਗਏ ਨਹੀਂ ਮੁੜੇ। ਤੀਸਰੇ ਦਿਨ ਪਿਛੋਂ ਆਏ, ਪਰ ਰੰਗ ਫਕੀਰਾਨਾ। ਏਹ ਤ੍ਰੈਏ ਦਿਨ ਭਾਲ ਹੁੰਦੀ ਰਹੀ, ਕਈ ਜਾਲ ਪਾਏ ਤੇ ਕਈ ਸੂੰਹੀਏਂ ਟੋਰੇ। ਪਰ ਉਹ ਜਗ ਕਾਰਕ-ਲਿਖਿਆ ਹੈ[1]-ਕਿ ਵਾਹਿਗੁਰੂ ਦੇ ਦਰਬਾਰ ਰਹੇ ਤੇ ਉਥੋਂ ਜਗਤ ਤਾਰਨ ਦਾ ਫੁਰਮਾਨ ਲੈ ਕੇ ਆਏ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ:-

> 'ਨਾਨਕ ! ਜਿਸ ਉਪਰਿ ਤੇਰੀ ਨਦਰਿ ਤਿਸੁ ਉਪਰਿ ਮੇਰੀ ਨਦਰਿ, ਜਿਸੁ ਉਪਰਿ ਤੇਰਾ ਕਰਮ! ਤਿਸ ਉਪਰਿ ਮੇਰਾ ਕਰਮੁ, ਮੇਰਾ ਨਾਉਂ ਪਾਰਬ੍ਰਹਮ ਪਰਮੇਸਰੁ ਅਰ ਤੇਰਾ ਨਾਉਂ ਗੁਰੂ ਪਰਮੇਸਰੁ'।
> 'ਨਾਨਕ ! ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਂਈਂ ਨਿਹਾਲ ਕੀਆ ਹੈ।
> ਤੂ ਜਾਇ ਕਰਿ ਮੇਰਾ ਨਾਮੁ ਜਪਿ ਅਰੁ ਲੋਕਾਂ ਖੀਂ ਭੀ ਜਪਾਇ।'

ਇਸ ਦਿਨ ਤੋਂ ਸ੍ਰੀ ਗੁਰੂ ਜੀ ਕੰਮ ਕਾਜ ਛਡ ਬੈਠੇ ਤੇ ਉਦਾਸ ਬ੍ਰਿਤੀ ਧਾਰ ਲਈ। ਅਸਲ ਵਿਚ ਅੱਜ ਉਹ ਰੀਤਿ ਟੋਰੀ ਜੋ ਮਗਰੋਂ ਉਦਾਸੀ ਕਹਿਲਾਈ। ਆਪ ਉਦਰਾਨ ਹੋ ਬੈਠੇ ਤੇ ਇਹ ਆਵਾਜ਼ਾਂ ਦੇਣ: 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ।

ਗੁਰੂ ਨਾਨਕ ਦੇ ਤਿਆਗ ਦੀ ਖਬਰ ਸੁਣਕੇ ਖਾਨ ਬਹੁਤ ਦਿਲਗੀਰ ਹੋਇਆ ਤੇ ਸਤਿਗੁਰ ਨੂੰ ਸੱਦ ਘੱਲਿਆ, ਪਰ ਆਪ ਨੇ ਆਉਣੋਂ ਇਨਕਾਰ ਕੀਤਾ। ਫੇਰ ਨਵਾਬ ਨੇ ਰੱਬ ਦਾ ਵਾਸਤਾ ਪਾਕੇ ਸੱਦਿਆ ਤਾਂ ਗਏ। ਤਾਂ ਉਸ਼ ਨੇ ਆਦਰ ਨਾਲ ਬਿਠਾਇਆ ਤੇ ਕਿਹਾ:-'ਨਾਨਕ ਮੇਰੀ ਕੰਬਖਤੀ ਹੈ, ਜੋ ਤੁਹਿ ਜੇਹਾ ਵਜ਼ੀਰ ਫਕੀਰ ਹੋਵੇ।' ਫੇਰ ਕਹਿਣ ਲੱਗਾ:-; ਇਹ ਕਾਜ਼ੀ ਕੁਛ ਪੁੱਛਦਾ ਹੈ। ਗੁਰੂ ਜੀ ਨੇ ਕਿਹਾ 'ਪੁਛ'।

ਕਾਜ਼ੀ ਨੇ ਕਿਹਾ- ਹੇ ਨਾਨਕ! ਤੂੰ ਆਖਦਾ ਹੈਂ ਕੋਈ ਹਿੰਦੂ ਨਹੀਂ ਕੋਈ ਮੁਸਲਮਾਨ ਨਹੀਂ, ਇਹ ਕੀ ਗੱਲ ਹੈ?

ਤਦ ਸਤਿਗੁਰ ਨੇ ਕਿਹਾ: ਕਾਜ਼ੀ[1]! ਮੁਸਲਮਾਨ ਉਹ ਹੈ ਜੋ ਨਿਹਚੇ ਵਿਚ ਜੀਵੇ। ਮਨ ਸਾਫ ਕਰੇ, ਰੱਬ ਦੇ ਪਿਆਰਿਆਂ ਦਾ ਸੰਗ ਕਰੇ, ਮੌਤ ਤੇ ਫਤਹ ਪਾਵੇ, ਰਜ਼ਾ ਤੇ ਖੜੋਵੇ ਤੇ ਸਰਬ ਦਾ ਭਲਾ ਕਰੇ। ਸਿਫਤ ਸਲਾਹ ਵਿਚ ਵਰਤੇ, ਹੱਕ ਹਲਾਲ ਤੇ ਟੁਰੇ। ਸੋ ਦੱਸੋ ਕਿਸ ਦਾ ਜੀਵਨ ਸੱਚ ਮੁਚ ਐਸਾ ਹੈ। ਨਾਮ ਮਾਤ੍ਰ ਨਾਲ ਮੁਸਲਮਾਨ[2] ਨਹੀਂ ਹੋ ਸਕਦਾ, ਨਾ ਹਿੰਦੂ ਮੰਦੀ ਕਰਨੀ ਨਾਲ ਹਿੰਦੂ ਹੋ ਸਕਦਾ ਹੈ। '

ਇਹ ਸੁਣਕੇ ਕਾਜ਼ੀ ਸ਼ਰਮਿੰਦਾ ਤੇ ਹੈਰਾਨ ਹੋ ਗਿਆ। ਹੁਣ ਨਮਾਜ਼ ਦਾ ਵੇਲਾ ਸੀ, ਕਾਜ਼ੀ ਤੇ ਨਵਾਬ ਗਏ, ਗੁਰੂ ਜੀ ਨੂੰ ਵੀ ਨਾਲ ਲੈ ਗਏ। ਸਾਖੀਆਂ ਵਿਚ ਲਿਖਤ ਹੈ ਕਿ ਦੋਹਾਂ ਨੇ ਗੁਰੂ ਜੀ ਨੂੰ ਕਿਹਾ ਕਿ ਤੂੰ ਵੀ ਨਮਾਜ਼ ਅਸਾਂ ਦੇ ਨਾਲ ਪੜ੍ਹ। ਪਰ ਜਦ ਕਾਜ਼ੀ ਤੇ ਨਵਾਬ ਪੜ੍ਹ ਹਟੇ ਤਾਂ ਡਿੱਠਾ ਕਿ ਨਾਨਕ ਨੇ ਨਮਾਜ਼ ਨਹੀਂ ਪੜ੍ਹੀ, ਤਦ ਕਾਰਨ ਪੁੱਛਿਆ। ਪੁ: ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦ ਨਮਾਜ਼ ਪੜ੍ਹ ਹਟੇ ਤਾਂ ਕਾਜ਼ੀ ਨੇ ਕਿਹਾ, ਹੇ ਨਵਾਬ! ਤੁਸੀਂ ਕਹਿੰਦੇ ਹੋ ਨਾਨਕ ਭਲਾ ਹੈ ਪਰ ਇਹ ਸਾਨੂੰ ਨਮਾਜ਼ ਪੜ੍ਹਦਿਆਂ ਨੂੰ ਮਖੌਲ ਕਰਦਾ ਸੀ।

ਤਦ ਨਵਾਬ ਨੇ ਕਿਹਾ; _"ਹੇ ਨਾਨਕ! ਕਾਜ਼ੀ ਕੀ ਆਖਦਾ ਹੈ!" ਸਤਿਗੁਰ ਬੋਲੇ: "ਇਸ ਕਾਜ਼ੀ ਨੇ ਰਬ ਦੀ ਨਮਾਜ਼ ਨਹੀਂ ਪੜ੍ਹੀ, ਏਹ ਵਛੇਰੀ ਦੀ ਨਮਾਜ਼ ਪੜ੍ਹਦਾ ਰਿਹਾ ਹੈ, ਕਿਉਂਕਿ ਸਾਰਾ ਵਕਤ ਧਿਆਨ ਵਛੇਰੀ ਵਿਚ ਰੱਖਿਆ ਸੁ ਕਿ ਵਿਹੜੇ ਵਿਚ ਸੱਜਰ ਸੂਈ ਵਛੇਰੀ ਛੱਡ ਆਇਆ ਹਾਂ ਤੇ ਖੂਹੀ ਵੀ ਵਿਹੜੇ ਵਿਚ ਹੈ, ਮਤਾਂ ਡੁੱਬ ਨਾ ਮਰੇ। ਸੋ ਇਸ ਦੀ ਨਮਾਜ਼ ਰੱਬ ਨਹੀਂ ਕਬੂਲੀ। ਏਹ ਗ਼ੈਰ ਹਜ਼ੂਰੀ ਦੀ ਨਮਾਜ਼ ਸਾਂਈਂ ਨਾਲ ਮਖੌਲ ਕਰਨਾ ਹੈ! ' ਇਹ ਸੁਣਕੇ ਕਾਜ਼ੀ ਆਇ ਪੈਰੀਂ

---

[1] ਸਾਖੀਆਂ ਵਿਚ ਲੇਖਕਾਂ ਨੇ ਤੇ ਗੁਰਬਾਣੀ ਵਿਚ ਗੁਰੂ ਜੀ ਨੇ 'ਸੁਚੇ ਮਹਲ' ਜਾਣ ਦਾ ਤੇ ਵਰਪ੍ਰਾਪਤੀ ਦਾ ਪਤਾ ਦਿਤਾ ਹੈ।

[1] 'ਮੁਸਲਮਾਣੁ ਕਹਾਵਣੁ ਮੁਸਕਲੁ' ਵਾਲੇ ਸ਼ਬਦ ਦਾ ਸਾਰ ਅੰਸ਼ ਇਹ ਹੈ।

[2] ਮੁਸਲਮਾਨ ਪਦ ਦਾ ਕੋਸ਼ ਅਰਥ ਮੁਹੰਮਦ ਜੀ ਦਾ ਪੈਰੋ ਨਹੀਂ, ਪਰ ਈਮਾਨਦਾਰ ਹੈ।


www.sikhbookclub.com

ਪਿਆ ਅਤੇ ਆਖਿਓਸੁ: "ਵਾਹੁ ਵਾਹੁ ਇਸ ਕਉ ਖੁਦਾਇ ਕੀ ਨਿਵਾਜ਼ਸ਼ ਹੋਈ ਹੈ। " ਤਬ ਕਾਜ਼ੀ ਪਤੀਣਾ[1] ਤੇ ਸਤਿਗੁਰ ਨੇ ਇਲਾਹੀ ਨਾਦ ਕੀਤਾ-

> ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥ ਮਤੁ ਜਾਣ ਸਹਿ ਗਲੀ ਪਾਇਆ ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥ ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥ ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥ ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥ ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥ ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥ ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥ (ਸਿਰੀ ਰਾਗ ਮਹਲਾ ੧)

ਤਬ ਖਾਨ ਪੈਰੀਂ ਪਿਆ, ਲੋਕ ਹਿੰਦੂ ਮੁਸਲਮਾਨ ਖਾਨ ਨੂੰ ਲੱਗੇ ਆਖਣ ਜੋ "ਨਾਨਕ ਵਿਚ ਖੁਦਾਇ ਬੋਲਦਾ ਹੈ। " ਗਲ ਕੀ ਨਵਾਬ ਨੇ ਗੁਰ ਨਾਨਕ ਦੀ ਤਾਲੀਮ ਸ੍ਵੀਕਾਰ ਕੀਤੀ, ਅਰਥਾਤ ਫੋਕੇ ਮਜ਼ਬ ਤੋਂ ਅਮਲੀ ਜੀਵਨ ਵਿਚ ਆਇਆ; ਆਖਣ ਲਗਾ: 'ਹੇ ਨਾਨਕ ! ਮੇਰਾ ਰਾਜ ਮਾਲ ਹੁਕਮ ਹਾਸਲ ਤੇਰਾ ਹੈ" ॥ ਪਰ ਗੁਰੂ ਜੀ ਨੇ ਰਹਿਣਾ ਪਸੰਦ ਨਾ ਕੀਤਾ। ਵਾਹਿਗੁਰੂ ਦਾ ਹੁਕਮ ਦੱਸਿਆ ਤੇ ਕਿਹਾ "ਸੰਸਾਰ ਦੁਖੀ ਹੈ, ਵਾਹਿਗੁਰੂ ਦੇ ਹੁਕਮ ਵਿਚ ਵਾਹਿਗੁਰੂ ਪ੍ਰੇਮ ਨਾਲ ਠੰਢ ਵਰਤਾਉਣ ਦੀ ਕਾਰ ਸਿਰੇ ਪਾਈ ਹੈ॥" ਸੋ ਟੁਰ ਹੀ ਖੜੇ ਹੋਏ। ਜਦ ਆਪ ਸੁਲਤਾਨ ਪੁਰੋਂ ਟੁਰੇ ਤਾਂ ਪੁਰਤਾਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਫਕੀਰਾਂ ਨੇ ਆ ਕੇ ਬਾਬੇ ਜੀ ਦੇ ਪੈਰ ਚੁੰਮੇ ਹਿੰਦੂ ਮੁਸਲਮਾਨ ਸਭ ਸਲਾਮਾਂ ਕਰਨ ਆਨ ਖੜੋਤੇ, ਖਾਨ ਬੀ ਵਿਦਾ ਕਰਨ ਆਪ ਆਇਆ। ਸੋ ਕਾਜ਼ੀ ਨਵਾਬ ਤੇ ਸੁਲਤਾਨ ਪੁਰ ਦੇ ਫਕੀਰਾਂ ਨੂ ਜਿੱਤਕੇ ਵਾਹਿਗੁਰੂ ਰਾਜ ਦੀ ਅਮਲੀ ਰਯਤ ਬਣਾਕੇ ਗੁਰੂ ਬਾਬਾ ਹੁਣ-

"ਚੜ੍ਹਿਆ ਸੋਧਣ ਧਰਤ ਲੁਕਾਈ॥"

### ੭. ਪਹਿਲੀ ਧਰਮਸਾਲਾ[1]

> ਉਠ ਚੱਲੇ ਚੱਲੇ ਗੁਰ ਨਾਨਕ ਧਰਤੀ ਸੋਧਣ ਤਾਈਂ। ਸੋਧ ਸੋਧ ਇਕ ਨਗਰੀ ਆਏ, 'ਸੱਜਣ' ਵਸੇ ਜਿਥਾਈਂ। ਸਮਦਰਸੀ, ਸੇਵਾ ਦਾ ਪ੍ਰੇਮੀ, ਪਰਉਪਕਾਰੀ ਭਾਰੀ। ਠਾਕਰ ਦੁਆਰ ਮਸੀਤ ਬਨਾਈ ਸਭ ਦੀ ਕਰਦਾ ਦਾਰੀ। ਗੁਰ ਨਾਨਕ ਮਰਦਾਨਾ ਓਥੇ ਜਾਕੇ ਡੇਰੇ ਲਾਏ। ਉਸ ਬੀ ਸੇਵਾ ਪੁੱਜ ਕਮਾਈ ਆਦਰ ਦੇ ਅਧਿਕਾਏ। ਰਾਤ ਪਈ ਡੂੰਘੀ ਜਦ ਆਖੇ "ਕਰੋ ਅਰਾਮ ਗੁਸਾਈਂ!" ਗੁਰੂ ਕਹੇ: "ਪਲ ਠਹਿਰ ਪਿਆਰੇ, ਲਈਏ ਰੱਬ ਧਿਆਈਂ। ' ਮਰਦਾਨੇ ਨੂੰ ਬੋਲੇ ਸਤਿਗੁਰ: "ਛੇੜੋ ਤੁਸੀਂ ਰਬਾਬਾ। " ਨਾਦ ਇਲਾਹੀ ਕੀਤੋਨੇ ਆਪੇ, ਗਾਵਿਆਂ ਅਰਸ਼ੀ ਬਾਬਾ:-

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ[2]।

> ਨਾਦ ਨਾਲ ਪੰਘਰ ਇਕ ਆਈ ਸੱਜਣ ਬੀ ਪੰਘ੍ਰਾਇਆ। ਚਰਨੀ ਢੱਠਾ ਬਿਹਬਲ ਹੋਇਆ, ਆਖੇ: "ਬਖਸ਼ ਖੁਦਾਇਆ ! "ਮੈਂ ਨਹੀਂ ਸਾਧ ਠਗ ਮੈਂ ਭਾਰੀ, ਮਸਜਦ ਦੁਆਰਾ ਧੋਖਾ। "ਮੁਹ ਮੁਹ ਬੰਦੇ, ਘੁਟ ਘੁਟ ਮਾਰੇ, ਲੁਟ ਲੁਟ ਝੁਗਾ ਚੋਖਾ। "ਅੰਦਰ ਤਹਿ ਵਿਚ ਤਹਿਖਾਨਾ ਹੈ, ਜਿੱਥੇ ਮਾਲ ਲੁਕਾਵਾਂ। "ਧਨ ਲੁੱਟਾਂ, ਮਾਲਾ ਹਥ ਰੱਖਾਂ, ਮੈਂ ਫਕੀਰ ਦਿਸਿ ਆਵਾਂ।

---

[1] ਇਹ ਸਾਖੀ ਬੀ ਮਿਲਦੀ ਹੈ ਕਿ ਨਵਾਬ ਨਮਾਜ਼ ਵੇਲੇ ਕਾਬਲੋਂ ਘੋੜੇ ਖਰੀਦਨ ਦੀ ਸੋਚ ਵਿਚ ਸੀ, ਗੁਰੂ ਜੀ ਨੇ ਉਸ ਨੂੰ ਬੀ ਦੱਸਿਆ ਕਿ ਹੇ ਨਵਾਬ ਤੇਰੀ ਨਮਾਜ਼ ਬੀ ਗ਼ੈਰ ਹਜ਼ੂਰੀ ਦੀ ਸੀ, ਤੂੰ ਖ਼ੁਦਾ ਦੀ ਹਜ਼ੂਰੀ ਵਿਚ ਹਾਜ਼ਰ ਨਹੀਂ ਤੂੰ ਕਾਬਲ ਘੋੜੇ ਖਰੀਦ ਕਰ ਰਿਹਾ ਸੈਂ। ਨਵਾਬ ਨੇ ਬੀ ਇਕਰਾਰ ਕੀਤਾ ਕਿ ਸੱਚ ਆਖਿਆ ਨੇ।

[1] ਇਹ ਪ੍ਰਸੰਗ ਵਿਸਥਾਰ ਨਾਲ ਪਿਛੋਂ ਪੂਰਬਾਰਧ ਵਿਚ 'ਸਜਣ ਠੱਗ' ਦੇ ਨਾਮ ਹੇਠ ਆ ਚੁਕਾ ਹੈ।

[2] ਇਹ ਸਾਰਾ ਸ਼ਬਦ ਪਿਛੇ ਇਸੇ ਪ੍ਰਸੰਗ ਵਿਚ ਆ ਚੁਕਾ ਹੈ।

"ਸਚ ਕਿਹਾਂ ਹਬ ਫਜ਼ਲ ਕਰੇਂਦਾ, " ਗੁਰ ਨਾਨਕ ਜੀ ਬੋਲੇ:-"ਮਾਲ ਲਿਆ ਜੋ ਲੁੱਟ ਸਾਂਭਿਆ" ਸੱਜਣ ਬੂਹੇ ਖੋਲ੍ਹੇ। ਸਤਿਗੁਰ ਕਹਿਣ: "ਲੁਟਾ ਦੇ ਸਾਰਾ, ਰੱਬ ਰਾਹ ਤੇ ਦੇ ਦੇ। "ਦਿਲ ਦਾਮਨ ਦੋਵੇਂ ਹਥ ਧੋ ਲੈ, ਨਾਮ ਹੱਬ ਦਾ ਲੈ ਲੈ। " ਲੁੱਟੀ ਦੌਲਤ ਸੱਭ ਦਿਵਾਈ, ਥੁੜਿਆਂ ਵਿਚ ਵੰਡਵਾਈ। ਡੇਰਾ ਢਾਹ ਮਦਾਨ ਕਰਾਇਆ ਧਰਮਸਾਲ ਬਣਵਾਈ।, 'ਨਾਮ ਧਰੀਕ' ਗੁਰੂ ਤਦ ਕੀਤਾ, ਸ਼ਾਹੀ ਕਾਈ ਲਾਹੀ। ਨਾਮ ਨਿਵਾਸ ਰਿਦੇ ਵਿਚ ਕੀਤਾ, ਸੇਵਾ ਹੱਥ ਦਿਵਾਈ। ਪਹਿਲੀ ਧਰਮਸਾਲ ਗੁਰ ਬਾਬੇ, ਇਸ ਥਾਂ ਤੇ ਬਨਵਾਈ[1]। ਸੱਜਣ ਠੱਗ, ਸਾਧ ਚਾ ਕੀਤਾ, ਪ੍ਰੇਮ ਫਤਹ ਇਉਂ ਪਾਈ।

ਐਉਂ ਇਕ ਮਹਾਨ ਅਪਰਾਧੀ, ਪਾਪੀ ਤੇ ਜਗਤ ਦੇ ਦੁਖਦਾਈ ਦਾ ਕਸ਼ਟ ਦਾਤਾ ਗੜ੍ਹ ਤੋੜਕੇ ਓਥੇ ਧਰਮਸਾਲ ਰਚਾਈ ਤੇ ਉਸ ਆਦਮੀ ਨੂੰ ਪਾਪ ਰਾਜ ਤੋਂ ਫਤਹ ਕਰਕੇ ਸਾਈਂ ਦੇ ਪ੍ਰੇਮ ਰਾਜ ਦਾ ਸਿਪਾਹੀ ਬਣਾਇਆ।

੮. ਸ਼ੇਖ ਸ਼ਰਫ[2]।

ਸ਼ੇਖ ਸ਼ਰਫ ਪਾਣੀਪਤ ਵਿਚ ਚੌਧਵੀਂ ਸਦੀ ਵਿਚ ਹੋਇਆ ਹੈ। ਗਦੀ ਦੇ ਮਗਰਲੇ ਬੈਠਣ ਵਾਲੇ ਅਕਸਰ ਪਹਿਲੇ ਨਾਮ ਤੇ ਕੂਏ ਜਾਂਦੇ ਹਨ।

ਸ਼ੇਖ ਸ਼ਰਫ ਦਾ ਚੇਲਾ ਟਟੀਹਰੀ ਸ਼ੇਖ {ਸ਼ੇਖ ਤਾਹਿਰ} ਆਪਣੇ ਪੀਰ ਨੂੰ ਆਖਦਾ ਹੈ:-

ਦਾਤਾ ਜੀ ਅਜ ਮਰਦ ਦੇਖਿਆ, ਰੰਗ ਨਿਰਾਲੇ ਵਾਲਾ। ਮੈਂ 'ਸਲਾਮ ਆਲੇਕ' ਬੋਲਿਆ, ਉਹ ਬੋਲਿਆ ਖੁਸ਼ਹਾਲਾ:-"ਹੋ ਸਲਾਮ 'ਅਲੇਖ' ਤਈਂ, ਹਾਂ ਹੋ ਸਲਾਮ ਆਲੇਖਾ"। "ਹਾਂ 'ਆਲੇਖ' ਸਦਾ 'ਆਲੇਖੰ' 'ਆਲੇਖਾ' ਆਲੇਖਾ"।

ਸ਼ਾਹ ਸ਼ਰਫ-

ਉਮਰ ਗੁਜ਼ਰ ਚਲੀ ਹੈ ਸਾਡੀ, ਐਸਾ ਸਾਧ ਨ ਡਿੱਠਾ। ਲੈ ਚਲ ਉਸ ਦੇ ਦਰਸ਼ਨ ਕਰੀਏ, ਨਵਾਂ ਵਾਚੀਏ ਚਿੱਠਾ।

{ਦੋਵੇਂ ਸਤਿਗੁਰ ਕੋਲ ਆਏ}

ਸ਼ਰਫ-

ਕਿਥੋਂ ਆਏ, ਹੋ ਕਿਸ ਬਾਣੇ? ਮਜ਼੍ਹਬ ਤੁਹਾਡਾ ਕੀ ਹੈ? ਕੀ ਜਿਹਬਾ ਕੀ ਮੱਥੇ ਉੱਤੇ, ਕੀ ਅੰਦਰ ਕੀ ਜੀ ਹੈ?

ਗੁਰ ਨਾਨਕ ਬੋਲੇ-

ਜਿਥੇ ਰਾਤ ਵਤਨ ਉਹ ਸਾਡਾ, ਜਿਵ ਰਖੇ ਉਹ ਬਾਣਾ। ਜਿਹਬਾ ਨਾਮ ਰਬ ਦਾ ਵਸਦਾ, ਹਿਰਦੇ ਰਬ ਸਿਆਣਾ। ਲਿਵ ਲਗੇ ਜੇ ਨਾਲ ਓਸਦੇ ਰੰਗ ਓਸ ਦੇ ਰਹੀਏ। ਇਉਂ ਮਰਕੇ ਜੇ ਜੀਵੇ ਹੋਈਏ, ਜੀਵਨ-ਰਸ ਸਦ ਲਈਏ। ਗਗਨ ਮੰਡਲ ਵਿਚ ਨਾਦ ਇਲਾਹੀ, ਨਾਲ ਰੱਬ ਦੇ ਜੁੜੀਏ[1] ਜੁੜਕੇ ਐਉਂ ਫੇਰ ਨਹੀਂ ਵਿਛੁੜਨ, ਮਿਲਿਆਂ, ਕਦੀ ਨ ਥੁੜੀਏ।

ਕਵੀ-

ਪਾਣੀਪਤ ਦਾ ਸ਼ਾਹ ਸ਼ਰਫ ਸੁਣ; ਪਾਣੀ ਪਾਣੀ ਹੋਇਆ। ਪੈਰ ਚੁੰਮ ਗੁਰ ਦੇ ਪਤ ਲੀਤੀ, ਸੁਖ ਅੰਮ੍ਰਿਤ ਦਿਲ ਚੋਇਆ। ਸ਼ਰਨ ਪਿਆ, ਜੀਵਨ ਵਥੁ ਲੱਭੀ, ਹੋ ਸੁਭਾਗ ਘਰ ਮੁੜਿਆ। ਰਹਿਆ ਆਪ ਤਾਰਦਾ ਲੋਕਾਂ ਫੇਰ ਨ ਸੰਸੇ ਰੁੜ੍ਹਿਆ।

ਇਹ ਪਿਆਰੇ ਦੀ ਜਿੱਤ ਇਕ ਮੰਨੇ ਪ੍ਰਮੰਨੇ ਪੀਰ ਉਤੇ ਹੋਈ।

੯. ਦਖਣੀ ਓਅੰਕਾਰ।

ਏਦਾਂ ਹੀ ਇਕ ਪੰਡਤ ਨੂੰ ਜਿੱਤਿਆ। ਜੋ ਬਾਣੀ ਉਸ ਪਰਥਾਇ ਹੋਈ ਉਸ ਦਾ ਆਮ ਪ੍ਰਸਿੱਧ ਨਾਮ 'ਦਖਣੀ ਓਅੰਕਾਰ ਹੈ। ਪ੍ਰਸੰਗ ਪਿਛੇ ਇਸੇ ਪੁਸਤਕ ਦੇ ਵਿਚ 'ਬਨਾਰਸ-ਪੰਡਤ ਚਤੁਰ ਦਾਸ' ਦੇ ਸਿਰਲੇਖ ਹੇਠ ਆ ਚੁਕਾ ਹੈ; ਦੇਖੋ ਪੂਰਬਾਰਧ ਸਫਾ ੧੭੯।

੧੦. ਨੂਰ ਸ਼ਾਹ[2]।

੧੧. ਝੰਡਾ ਬਾਢੀ[3]।

ਸਫਰ ਜਾਂਦੇ ਜਾਂਦੇ ਗੁਰੂ ਬਾਬੇ ਨੇ ਇਕ ਮਹਾਂ

---

[1] ਹਾਫਜ਼ਾਬਾਦੀ ਪੁਰਾਤਨ ਜਨਮ ਸਾਖੀ:

[2] ਇਹ ਪ੍ਰਸੰਗ ਪਿਛੇ 'ਪਾਣੀ ਪਤ' ਦੇ ਸਿਰਲੇਖ ਹੇਠ ਸੰਖੇਪ ਜਿਹਾ ਪੂਰਬਾਰਧ ਵਿਚ ਆ ਚੁਕਾ ਹੈ।

[1] ਸਾਰੀ ਬਹਿਸ ਦਾ ਸਿਧਾਂਤ ਇਹਨਾਂ ਸਤਰਾਂ ਵਿਚ ਹੈ।

[2] 'ਨੂਰਸ਼ਾਹ ਨਿਸਤਾਰਾ' ਦੇ ਨਾਮ ਹੇਠ ਇਹ ਪ੍ਰਸੰਗ ਵਿਸਥਾਰ ਨਾਲ ਪਿਛੇ ਆ ਚੁਕਾ ਹੈ। ਦੇਖੋ ਪੂਰਬਾਰਧ ਸਫਾ ੨੧੩!

[3] ਵਿਸਥਾਰ ਸਹਿਤ ਪ੍ਰਸੰਗ ਪੜ੍ਹਨਾਂ ਹੋਵੇ ਤਾਂ ਦੇਖੋ ਇਸੇ ਗ੍ਰੰਥ ਦਾ ਪ੍ਰਸੰਗ ਭਾਈ ਝੰਡਾ ਜੀਉ' ਪੂਰਬਾਰਧ ਸਫਾ ੨੬੨।

ਵਿਕਾਰੀ ਤੇ ਇਕ ਧਾੜਵੀਆ ਦੇ ਟੋਲੇ ਨੂੰ ਵਾਹਿਗੁਰੂ ਦੇ ਰਸਤੇ ਪਾਇਆ। ਇਥੋਂ ਆਪ ਅਸਾਮ ਪੁਜੇ, ਉਥੇ ਇਕ ਨੂਰ ਸ਼ਾਹ ਨਾਮੇ ਜਾਦੂਗਰ ਇਸਤ੍ਰੀ ਦਾ ਵਾਸਾ ਸੀ, ਜਿਸ ਦੇ ਜਾਦੂ ਟੂਣੇ ਤੰਤ੍ਰ ਮੰਤ੍ਰ ਸਾਰੇ ਪ੍ਰਸਿੱਧ ਸਨ।

ਇਨ੍ਹਾਂ ਨੇ ਪਹਿਲਾਂ ਬੜੇ ਹੀਲਿਆਂ ਤੇ ਚਲਾਕੀਆਂ ਨਾਲ ਮਰਦਾਨੇ ਪਰ ਤ੍ਰਾਟਕ ਪਾਕੇ ਨਜ਼ਰਾਂ ਨਾਲ ਬੰਨਿਆ। ਜਿਸ ਨੂੰ ਅਜ ਕਲ ਕਹਿੰਦੇ ਹਨ ਕਿ ਮੈਸਮੇਰਿਜ਼ਮ ਯਾ ਹਿਪਨੋਟਿਜ਼ਮ। ਮਰਦਾਨੇ ਤੇ ਕਾਬੂ ਪਾ ਗੁਰੂ ਬਾਬੇ ਪਰ ਆਪਣੀ ਤੰਤ੍ਰ ਵਿਦਜਾ ਚਲਾਈ ਪਰ ਕੁਛ ਪੇਸ਼ ਨਾ ਗਈ, ਬਹੁਤੇਰੇ ਜ਼ੋਰ ਲਾਇ ਥਕੇ। ਅਖੀਰ ਗੁਰੂ ਜੀ ਨੇ ਜਦ ਆਪਣੇ ਅਮੋਘ ਬਾਣ ਛਡੇ ਤਦ ਨੂਰ ਸ਼ਾਹ ਸਮੇਤ ਸਭਨਾਂ ਸਤਿਗੁਰ ਦੀ ਸ਼ਰਨ ਲਈ, ਨਾਮ ਧ੍ਰੀਕ ਹੋਏ, ਅਰਥਾਤ ਵਾਹਿਗੁਰੂ ਨਾਮ ਜਪਣ ਲਗੇ। ਇਹ ਥਾਂ ਜੋ ਇੰਦਰ ਜਾਲ ਦਾ ਘਰ ਸੀ, ਫਿਰ ਵਾਹਿਗੁਰੂ ਦੇ ਪ੍ਰੇਮ ਦੇ ਪ੍ਰਚਾਰ ਦਾ ਉਸ ਦੇਸ਼ ਵਿਚ ਕੇਂਦਰ ਬਣਿਆਂ।

ਇਥੋਂ ਫਿਰਕੇ ਅਨੇਕ ਲੋਕਾਂ ਨੂੰ ਤਾਰਦੇ ਇਕ ਟਿਕਾਣੇ ਆਏ, ਜੋ ਜਾਪਦਾ ਹੈ ਚਿਟਾਗਾਉਂ ਸੀ, ਜਿਸ ਨੂੰ ਹੁਣ ਚਿਟਾਗਾਂਗ ਕਹਿੰਦੇ ਹਨ। ਜਿਥੇ ਇਕ ਤਰਖਾਣ ਨਾਲ ਗੋਸ਼ਟ ਹੋਈ, ਜਿਸ ਦਾ ਨਾਉਂ ਝੰਡਾ ਸੀ। ਇਹ ਪੁਰਖ ਇਤਨਾ ਉੱਚਾ ਤੇ ਸੁੱਚਾ ਨਿਕਲਿਆ ਕਿ ਸਤਿਗੁਰ ਨੇ ਇਸ ਨੂੰ ਮੰਜੀ ਬਖਸ਼ੀ। ਇਸ ਥਾਵੇਂ ਰਾਜੇ ਤੇ ਉਸ ਦੇ ਭਾਣਜੇ ਆਦਿਕਾਂ ਨੂੰ ਸਤਿਮਾਰਗ ਲਾਉਣ ਦੀ ਸਾਖੀ ਬੀ ਮਿਲਦੀ ਹੈ। ਸਾਰਿਆਂ ਨੂੰ ਰਾਮ ਰਾਜ ਵਿਚ ਸ਼ਾਮਲ ਕਰਕੇ ਝੰਡੇ ਦੀ ਅਗੁਵਾਨੀ ਵਿਚ ਛੱਡਕੇ ਗੁਰੂ ਬਾਬਾ ਜੀ ਅੱਗੇ ਵਿਦਾ ਹੋਏ।

੧੨. ਮਰਦਾਨਾ, ਭਾਈ ਮਰਦਾਨਾ ਹੋਯਾ[੧]।

ਮਰਦਾਨਾ ਬੋਲਿਆ

ਹੈ ਘੋਰ ਜੰਗਲ ਆ ਗਿਆ, ਬਾਰਾਂ ਹੀ ਕੋਹ ਉਜਾੜ ਹੈ। ਨਾ ਦਿੱਸਦੀ ਹੈ ਵੱਸਦੀ, ਇਕੱਲ ਖੜੀ ਮੂੰਹ ਪਾੜ ਹੈ। ਸਾਂ ਡੂੰਮ ਟੁੱਕਰ ਮੰਗਦਾ, ਨਿਜ ਪੇਟ ਸਾਂ ਮੈਂ ਪਾਲਦਾ। ਉਸ ਹਾਲ ਤੋਂ ਵੰਞਾਇਆ, ਦੁੱਖ ਭੁੱਖ ਮੈਂ ਹਾਂ ਜਾਲਦਾ! ਏ ਭੁੱਖ ਦਾ ਦੁਖ ਬੁਰਾ ਲੋਕੋ ਹਟੇ ਤਾਂ ਹੀ ਜੀਵੀਏ, ਬਿਨ ਦਏ ਝੁਲਕਾ ਪੇਟ ਜ਼ਾਲਮ ਕਿਵੇਂ ਨਾਹਿੰ ਮਨੀਵੀਏ। ਹੁਣ ਸ਼ੀਂਹ ਬੁਕੇ ਜੇ ਜੰਗਲੇ ਓ ਪਾੜ ਆ ਖਾ ਜਾਇਗਾ। ਤੇ ਕੌਣ ਮੇਰੀ ਵਿੱਥਿਆ ਘਰ ਮੈਂਡੜੇ ਪਹੁੰਚਾਇਗਾ।

ਗੁਰ ਨਾਨਕ ਜੀ ਫੁਰਮਾਇਆ--

ਦਿਲਗੀਰ ਹੋ ਨਾ ਸਜਣਾਂ, ਘਬਰਾ ਰਤਾ ਨਾ ਪਜਾਰਿਆ! ਨਹਿੰ ਪਾਸ ਤੇਰੇ ਆਇ ਕੋਈ, ਆਇ; ਜਾਸੀ ਮਾਰਿਆ। ਨਾ ਵਿਚ ਉਜਾੜਾਂ ਅਸੀਂ ਹਾਂ, ਮਰਦਾਨਿਆ ! ਏ ਵਸਤੀਆਂ। ਹੈ ਨਾਮ ਜਿੱਥੇ ਰੱਬ ਵਾਲਾ, ਸਚੀਆਂ ਓ ਬਸਤੀਆਂ। ਫੜ ਲੈ ਰਬਾਬਾ ਸੁਰ ਕਰੀਂ, ਸੰਭਾਲ ਕਰ ਲੈ ਨਾਦ ਦੀ। ਲਾ ਰੰਗ ਸਚੀ ਸਿਫਤ ਦਾ ਹੋ ਮੌਜ ਸਚ ਵਿਸਮਾਦ ਦੀ।

ਮਰਦਾਨਾ-

ਗਲ ਮਿਲ ਗਿਆ ਹੈ ਭੁੱਖਿਆਂ, ਤਨ ਰਗਾਂ ਸੱਭੇ ਸੁਕੀਆਂ। ਤੇ ਉਂਗਲਾਂ ਵਿਚ ਤਾਣ ਨਾਹੀਂ, ਆਦਰਾਂ ਮੈਂ ਭੁੱਖੀਆਂ।

ਗੁਰ ਨਾਨਕ-

ਚਲ ਪਰਤ ਪਿੱਛੇ ਚਲੀਏ, ਵਸਤੀ ਕੋਈ ਚਾ ਟੋਲੀਏ। ਕੁਛ ਅੰਨ ਦਾਣਾ ਲੱਭੀਏ, ਮੂੰਹ ਚੱਲ ਤੇਰਾ ਚੋਲ੍ਹੀਏ।

ਮਰਦਾਨਾ-

ਹੈ ਤਾਣ ਜੰਘਾਂ ਵਿਚ ਨਾ, ਮੈਂ ਟੁਰਨ ਜੋਗਾ ਨਾ ਰਿਹਾ। ਹੈ ਸੰਘ ਮਿਲਦਾ ਜਾਂਵਦਾ, ਮੈਂ ਮੌਤ ਦੇ ਮੂੰਹ ਜਾ ਰਿਹਾ।

ਗੁਰ ਨਾਨਕ-

ਹੇ ਭੋਲਿਆ ਮਰਦਾਨਿਆਂ ! ਮੈਂ ਮਰਨ ਤੈਨੂੰ ਦਿਆਂ ਨਾ; ਜੇ ਮੌਤ ਆਈ, ਹੋੜਸਾਂ, ਇਉਂ ਟੁਰਨ ਤੈਨੂੰ ਦਿਆਂ ਨਾਂ। ਹੁਸ਼ਜਾਰ ਹੋ ਜਾ, ਯਾਰ ਸਾਡੇ, ਵਤਨ ਦੇ ਓ ਬੇਲੀਆ! ਇਕ ਮਾਰ ਹੰਭਲਾ ਹੋਇ ਤਕੜਾ, ਚਿਰਾਂ ਦੇ ਓ ਮੇਲੀਆ!

ਮਰਦਾਨਾ-

ਹੁਣ ਹੋਰ ਆਸੰਙ ਹੈ ਨਹੀਂ, ਹੁਸ਼ਯਾਰ ਕੀ ਮੈਂ ਹੋਵਣਾ। ਹੈ ਢਿੱਡ ਡਾਬੂ ਲੈ ਰਿਹਾ: ਉਹ

[੧] ਦੇਖੋ ਇਸੇ ਗ੍ਰੰਥ ਦਾ 'ਮਰਦਾਨਾ ਨਿਹਾਲ' ਨਾਮੇ ਲੇਖ ਪੂਰਬਾਰਧ ਸਫਾ ੩੦੬।


www.sikhbookclub.com

ਰੋਂਵਦਾ ਮੈਂ ਰੋਂਵਣਾ!

ਗੁਰ ਨਾਨਕ-

ਲੈ ਦੇਹ ਝੁਲਕਾ ਫਲਾਂ ਦਾ, ਕੁਛ ਖਾਇ, ਆਸਾ ਬੰਨ੍ਹ ਲੈ। ਪਰ ਖਾਇ ਥੋੜ੍ਹੇ, ਜੋੜ ਨਾਹੀਂ, ਵਕਤ ਔਖਾ ਸੰਨ੍ਹ ਲੈ।

ਮਰਦਾਨਾ-

ਸੋਹਾਣ ਤੇਰੀ ਭਗਤ ਨੂੰ, ਕੁਦਰਤ ਤਿਰੀ ਸੋਹਾਣ ਹੈ। ਕਰ ਦੇਹ ਅਸਾਂ ਨੂੰ ਵਿਦਾ ਗੁਰ ਜੀ, ਇਹ ਅਸਾਂ ਕਲਯਾਣ ਹੈ।

ਗੁਰ ਨਾਨਕ-

ਮੈਂ ਖੁਸ਼ੀ ਤੈਂ ਪਰ ਬਹੁਤ ਹਾਂ, ਤੂੰ ਮੰਗਦਾ ਕਿਉਂ ਹੈਂ ਵਿਦਾ। ਤੂੰ ਸੁਖੀ ਹੋ ਰਹੁ ਨਾਲ ਸਾਡੇ, ਨਾਲ ਸਾਡੇ ਰਹੁ ਸਦਾ।

ਮਰਦਾਨਾ-

ਸੋਹਾਣ ਤੇਰੀ ਖੁਸ਼ੀ ਨੂੰ ਐਪਰ ਕਰੋ ਹੁਣ ਅਲਵਿਦਾ! ਮੈਂ ਜਾਵਣਾ ਹੈ ਘਰਾਂ ਨੂੰ, ਹੁਣ ਵੱਸਣਾ ਹੈ ਘਰ ਸਦਾ।

ਗੁਰ ਨਾਨਕ-

ਰਹਿ ਜਾਇੰ ਸਾਡੇ ਨਾਲ ਮਿੱਤ੍ਰਾ, ਦੱਸ ਕੋਈ ਜੁਗਤ ਹੈ? ਜਿਸ ਜੁਗਤ ਕਰਕੇ ਹੋ ਨਾ ਦੁਖੀਆ, ਦੱਸ ਕੋਈ ਉਕਤ ਹੈ?

ਮਰਦਾਨਾ-

ਹਾਂ ਜੁਗਤ ਹੈ ਇਕ 'ਜਗਤ ਗੁਰ' ਜੀ! ਕਰੋ ਜੇ ਕਰ 'ਰੱਬ ਜੀ'। ਜੀ! ਗੁਆ ਦਿਓ ਏ ਭੁੱਖ ਮੇਰੀ, ਭੁੱਖ ਜਾਵਾਂ ਚੱਬ ਜੀ। ਜੋ ਕਰੋ ਆਪ ਅਹਾਰ ਸਤਿਗੁਰ ! ਉਹ ਮੇਰਾ ਆਹਾਰ ਹੋ। ਮੈਂ ਜਾਤ ਨੀਵੀਂ ਭੁੱਖ ਵਾਲਾ ਤੁਸੀਂ ਬਖਸ਼ਣਹਾਰ ਹੋ। ਔਗੁਣ ਚਿਤਾਰੋ ਨਾ ਕਦੀ, ਭੁੱਲਾਂ ਤਕਾਵੋ ਜੇ ਨਹੀਂ, ਭੋਜਨ ਖੁਆਵੋ ਓ ਕਦੀ, ਜੋ ਆਪ ਖਾਂਦੇ ਹੋ ਸਹੀ। ਜਿਸ ਆਸਰੇ ਹੋ ਆਪ ਰਹਿੰਦੇ, ਬਿਨਾਂ ਖਾਧੇ ਰੱਜਿਆਂ, ਉਸ ਆਸਰੇ ਕਰ ਦਿਓ ਮੈਨੂੰ, ਰਹਾਂ ਮੈਂ ਭੀ ਰੱਜਿਆ। ਜਾਂ ਭੁੱਖ ਛੱਟਵੀਂ ਰਾਤ ਦੀ ਮੇਰੀ ਗੁਰੂ ਜੀ ਲੈ ਲਓ, ਦੇ ਦਿਓ ਢੱਕਣ ਢਿੱਡ ਮੇਰੇ, ਸਬਰ ਮੈਨੂੰ ਦੇ ਦਿਓ। ਜੇ ਆਪਣੇ ਆਹਾਰ ਮੈਨੂੰ, ਆਪ ਨੇ ਨਹੀਂ ਪਾਲਣਾ। ਦੇ ਦਿਓ ਛੁੱਟੀ ਡੂੰਮ ਨੂੰ, ਮੱਲੇ ਇਹ ਜਾ ਨਿਜ ਆਲ੍ਹਣਾ।

ਗੁਰ ਨਾਨਕ

ਤੂੰ ਡੂੰਮ ਨਹੀਂ ਹੈਂ ਰਿਹਾ ਪਜਾਰੇ ! 'ਰੱਬ ਪਜਾਰਾ, ਹੋ ਗਿਆ। ਤੂੰ ਗੋਤ ਅਚੁਤ ਹੋ ਗਿਆ, ਤੇ ਜਨਮ ਪਿਛਲਾ ਖੋ ਗਿਆ। ਦੁਖ ਭੁੱਖ ਤੇਰੀ ਮਿੱਟ ਗਈ, ਰਸ ਨਾਮ ਤੇਰੇ ਧਸ ਗਿਆ। ਓ ਰੱਬ ਖ਼ਾਲਕ ਖ਼ਲਕ ਦਾ ਹੈ ਰਿਦੇ ਤੇਰੇ ਵੱਸ ਗਿਆ। ਹੁਣ ਰਹੇਗਾ ਆਧਾਰ ਭਾਈ, ਨਾਮ ਦਾ ਤੈਂ ਅੰਦਰੇ! ਓ ਮਿਲੇ ਭੋਜਨ ਅਰਸ਼ ਦਾ ਜੋ ਆਂਵਦਾ ਮੈਂ ਅੰਦਰੇ।

ਕਵੀ

ਸੁਣਕੇ ਉ 'ਭਾਈ' ਹੋ ਗਿਆ, ਪੈਰਾਂ ਤੇ ਢੱਠਾ ਰੋਇਕੇ। ਉਸ ਗੁਰੂ ਦੇ ਉਹ ਕਦਮ ਪਜਾਰਾ ਚੁੰਮਦਾ ਦਿਲ ਧੋਇਕੇ। ਹੋ ਗਈ ਸੋਝੀ ਅਗਮ ਦੀ ਉਹ ਨਿਗਮ ਰੱਬੀ ਵਾਚਦਾ। ਸੁਖ ਸੁਰਤ ਉੱਚੀ ਵਾਲੜੇ ਹਿਰਦੇ ਵਿਖੇ ਸੀ ਚਾਖਦਾ। ਸੋਚਾਂ ਦਿਲੋਂ ਉਠ ਨੱਠੀਆਂ ਫਿਕਰਾਂ ਦੇ ਬੋਝੇ ਤੁਰ ਗਏ, ਦਿਲ ਨਿਖਰਿਆ ਆਕਾਸ਼ ਜਯੋਂ, ਖੇੜੇ ਸੁ ਅੰਦਰ ਭਰ ਗਏ। ਫਿਰ ਰੋਂਵਦਾ ਤੇ ਆਖਦਾ: "ਮੈਂ ਬੜਾ ਔਗੁਣਹਾਰ ਹਾਂ। " "ਹਾਂ ਢੀਠ, ਬੋਲਾਂ ਸਾਮ੍ਹਣੇ ਬੇ-ਅਦਬ ਪਰ ਵਿਚ ਪਜਾਰ ਹਾਂ। " "ਹੈਂ ਧੰਨ ਨਾਨਕ ਗੁਰੂ ਤੂੰ, ਜੋ ਮੈਂ ਜਿਹਾਂ ਨੂੰ ਬਖਸ਼ਦਾ। "ਮੈਂ ਬਾਲ ਵਾਂਗੂੰ ਜਿਦਾਂ ਕਰਦਾ, ਪੂਰਦਾ ਪਰ ਤੂੰ ਸਦਾ! "ਤੂੰ ਧੰਨ ਨਾਨਕ ਗੁਰੂ ਪੂਰਾ, ਧੰਨ ਤਾਰਨ ਹਾਰ ਹੈਂ। "ਤੂੰ ਧੰਨ ਰੱਖਣਹਾਰ ਬਾਬਾ! ਨੀਵਿਆਂ ਦਾ ਯਾਰ ਹੈਂ।

ਇਸ ਤਰ੍ਹਾਂ ਆਪਣੇ ਲੜ ਲਾਏ ਨੂੰ ਆਤਮ ਅਵਸਥਾ ਦੀ ਉਚਯਾਈ ਦੇ ਸ਼ਿਖਰ ਪੁਚਾਕੇ ਗੁਰੂ ਬਾਬਾ ਜੀ ਹੁਣ ਦੇਸ਼ ਵਲ ਨੂੰ ਟੁਰੇ।

੧੩. ਸ਼ੇਖ ਬ੍ਰਾਹਮ[੧]।

ਗੁਰੂ ਬਾਬਾ ਪਟਣ ਵਿਚ ਆਇਆ, ਜੰਗਲ ਡੇਰਾ ਕੀਤਾ, ਮਰਦਾਨੇ ਕੀਰਤਨ ਛੇੜਿਆ। ਕਮਾਲ ਨਾਮੇ ਸ਼ੇਖ ਬ੍ਰਾਹਮ ਦਾ ਮੁਰੀਦ ਜੰਗਲ

---

[੧] ਵਿਸਥਾਰ ਲਈ ਦੇਖੋ ਇਸੇਂ ਗ੍ਰੰਥ ਦੇ ਪੂਰਬਾਰਧ ਵਿਖੇ 'ਗੋਸ਼ਟ ਸ਼ੇਖ ਬ੍ਰਾਹਮ' ਪੰਨਾ ੩੯੩।

ਵਿਚੋਂ ਲੱਕੜਾਂ ਚੁਣ ਰਿਹਾ ਸੀ। ਇਹ ਸ਼ੇਖ਼ ਬ੍ਰਹਮ ਫਰੀਦ ਜੀ ਦੀ ਗੱਦੀ ਪਰ ਉਨ੍ਹਾਂ ਦੀ ਸੰਪ੍ਰਦਾ ਵਿਚੋਂ ਸੀ ਤੇ ਅੱਜ ਕਲ ਮਹੰਤੀ ਪਰ ਸੀ[1], ਮੁਰੀਦ ਨੂੰ ਕੀਰਤਨ ਦਾ ਐਸਾ ਅਸਰ ਹੋਇਆ ਕਿ ਘਰ ਆਕੇ ਮੁਰਸ਼ਿਦ ਨੂੰ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਸੁਰਤ ਤੇ ਅਰਸ਼ੀ ਕੀਰਤਨ ਦੀ ਕਥਾ ਸੁਣਾਈ ਤੇ ਇਕ ਸ਼ਲੋਕ ਸੁਣਾਇਆ ਸੁ:-

> ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥
>
> (ਮਲਾਰ ਵਾਰ ਮ: ੧)

ਇਹ ਸੁਣਕੇ ਸ਼ੇਖ ਬ੍ਰਾਹਮ ਦੇ ਮਨ ਸ਼ਰਧਾ ਉਪਜੀ, ਗੁਰੂ ਜੀ ਦੇ ਦਰਸ਼ਨ ਨੂੰ ਆਇਆ। ਆਕੇ ਅਦਬ ਸਤਿਕਾਰ ਨਾਲ ਬੈਠ ਗਿਆ ਤੇ ਗੱਲਾਂ ਛਿੜ ਪਈਆਂ। ਪਹਿਲੀ ਗੱਲ ਜੋ ਸ਼ੇਖ ਜੀ ਨੇ ਪੁੱਛੀ ਇਹ ਸੀ ਕਿ ਵਾਹਿਗੁਰੂ ਇਕ ਹੈ ਕਿ ਦੋ? ਹਿੰਦੂ ਆਪਣੇ ਰਾਮ ਨੂੰ ਤੇ ਮੁਸਲਮਾਨ ਆਪਣੇ ਮੁਹੰਮਦ ਨੂੰ ਮੰਨਦੇ ਹਨ? ਤਾਂ ਗੁਰੂ ਬਾਬੇ ਆਖਿਆ: ਇਕ ਵਾਹਿਗੁਰੂ ਨੂੰ ਸਿਮਰੋ!

ਸ਼ੇਖ ਬ੍ਰਹਮ ਨੇ ਪੁੱਛਿਆ:-ਰੱਬ ਅਕਲ ਨਾਲ ਮਿਲਦਾ ਹੈ ਕਿ ਨਹੀਂ? ਸਤਿਗੁਰ ਨੇ ਦੱਸਿਆ ਕਿ ਮਨ ਦੀਆਂ ਉਕਤਾਂ ਮਾਤ੍ਰਾਂ ਵਾਹਿਗੁਰੂ ਤੱਕ ਨਹੀਂ ਅੱਪੜਦੀਆਂ। ਰੱਬ ਆਪਣੇ ਆਪ ਨੂੰ ਲਖਾਉਂਦਾ ਹੈ। ਰੱਬੀ ਇਲਮ ਨਿਰੇ ਖੋਜ ਖੰਨ ਦਾ ਨਹੀਂ, ਪਰ ਵਾਹਿਗੁਰੂ ਬਖਸ਼ੇ ਗਿਆਨ ਦਾ ਹੈ। ਗਲ ਕੀਹ ਵਾਹਿਗੁਰੂ, ਸੱਚ, ਕਰਨੀ, ਸੰਸਾਰ ਦੀ ਰਚਨਾ, ਕਾਇਨਾਤ ਦਾ ਹਿਸਾਬ, ਹਉਂ, ਕੁਦਰਤ ਦੇ ਵੇਰਵੇ, ਕਾਦਰ ਤੇ ਕੁਦਰਤ ਦੀ ਸੰਖਯਾ, ਵਿਸਮਾਦ ਅਵਸਥਾ ਦਾ ਵੇਰਵਾ, ਅੰਤਰ ਮੁਖ, ਬਾਹਰ ਮੁਖ ਜੁੜਨ ਦੇ ਪ੍ਰਕਰਣ, ਹਿੰਦੂ ਮੁਸਲਮਾਨਾਂ ਵਿਚ ਸੱਚ ਝੂਠ ਦਾ ਛਾਣ, ਇਲਮ ਦਾ ਪਰਮਾਰਥ ਨਾਲ ਤਅੱਲਕ, ਭਗਤੀ ਦੇ ਪ੍ਰਕਾਰ, ਸਾਰੇ ਨਿਰਣੈ ਹੋਏ। ਜਿਨ੍ਹਾਂ ਦੇ ਅਖੀਰ ਪਰ ਸ਼ੇਖ ਬ੍ਰਾਹਮ ਨੇ ਸਤਿਗੁਰ ਦੇ ਹੱਥ ਚੁੰਮੇ, ਸੀਸ ਨਿਵਾਇਆ ਤੇ ਆਖਿਆ:-

> 'ਨਾਨਕ ! ਤੁਧ ਖੁਦਾਇ ਪਾਇਆ ਹੈ, ਤੁਧ ਅਰ ਖੁਦਾਇ ਵਿਚ ਭੇਦ ਨਾਹੀਂ। ਪਰ ਤੂੰ ਮਿਹਰਵਾਨ ਹੋਹੁ, ਸਾਡੀ ਖ਼ੁਦਾਇ ਨਾਲ ਰਹਿ ਆਵੈ[1]।

ਤਾਂ ਸਤਿਗੁਰ ਨਾਨਕ ਨੇ ਫਕੀਰੀ ਦੀ ਕਣੀ, ਜੀਅਦਾਨ ਦੀ ਸੁੱਚੀ ਹੀਰਾ ਕਣੀ ਦਾਨ ਕੀਤੀ; ਫਕੀਰ ਨੂੰ ਸੁਰਤ ਆਈ ਤੇ ਰੱਬੀ ਰੰਗ ਵਿਚ ਲੱਗ ਪਿਆ।

ਇਸ ਤੋਂ ਬਾਦ ਪਟਣ ਵਿਚ ਕਈ ਦਿਨ ਸੰਗ ਰਿਹਾ ਤੇ ਅਨੇਕਾਂ ਪ੍ਰਕਰਣ ਛਿੜਦੇ ਰਹੇ, ਸੰਗਤਾਂ ਨਿਹਾਲ ਹੋਈਆਂ। ਪਹਿਲੇ ਦਿਨ ਦੀ ਵਾਰਤਾ ਦੀਆਂ ੯ ਪਉੜੀਆਂ ਤੇ ਬਾਕੀ ਦਿਨਾਂ ਦੀਆਂ ਗੱਲਾਂ ਬਾਤਾਂ ਜੋ ਉਥੇ ਦੇ ਸਾਧਾਂ ਫਕੀਰਾਂ ਪੰਡਤਾਂ ਲੋਕਾਂ ਨਾਲ ਸੱਚ ਪਰਥਾਇ ਹੋਈਆਂ, ਆਸਾ ਦੀ ਵਾਰ ਵਿਚ ਲਿਖੀਆਂ ਹਨ। ਇਹ ਜਿੱਤ ਇਕ ਵੱਡੀ ਗੱਦੀ ਦੇ ਮਾਲਕ ਤੇ ਪਾਕੇ ਉਸਨੂੰ ਰਾਹੇ ਲਾਇਆ।

### ੧੪. ਕੋੜ੍ਹੀ ਦੇ ਸਰੀਰ ਤੇ ਮਨ ਦਾ ਕੋੜ੍ਹ ਪ੍ਰਾਜੈ।

ਸ੍ਰੀ ਗੁਰੂ ਨਾਨਕ ਦੇਵ ਜੀ ਸ਼ੇਖ ਬ੍ਰਾਹਮ ਨੂੰ ਤਾਰਕੇ ਇਕ ਕੋੜ੍ਹੀ ਦੇ ਦੁਆਰ ਗਏ। ਵਸਤੀਓਂ ਬਾਹਰ ਰਹੇ, ਕੋਈ ਮੂੰਹ ਨਾ ਲਾਵੇ, ਪਰ ਗੁਰੂ ਜੀ ਉਸ ਦੇ ਪ੍ਰਾਹੁਣੇ ਜਾ ਹੋਏ। ਪ੍ਰਸੰਗ ਪਿਛੇ ਇਸੇ ਪੁਸਤਕ ਦੇ ਪੂਰਬਾਰਧ ਵਿਖੇ "ਅਰਸ਼ੀ ਪਰਉਪਕਾਰੀ" ਦੇ ਨਾਮ ਹੇਠ ਸਫੇ ੪੦੨ ਤੇ ਆ ਚੁਕਾ ਹੈ, ਇਥੇ ਸਤਿਗੁਰ ਨੇ ਉਸ ਕੋੜ੍ਹੀ ਦੇ ਕੋੜ੍ਹ ਨੂੰ ਫਤਹ ਕੀਤਾ। ਪਾਪਾਂ ਦਾ ਫਲ ਦੁੱਖ ਹੁੰਦਾ ਹੈ, ਘੋਰ ਪਾਪਾਂ ਦਾ ਫਲ ਵਡਾ ਰੋਗ ਉਸ ਨੂੰ ਖਾ ਰਿਹਾ ਸੀ, ਦਾਤੇ ਨੇ ਉਸ ਦੀ ਸੁਰਤ ਨੂੰ ਜਾਗ ਦਿੱਤੀ। ਪਾਪਾਂ ਦਾ ਬੋਝ ਸੁਰਤ ਵਿਚੋਂ ਕੱਟਿਆ, ਉਸਨੂੰ ਆਪੇ ਦੀ ਹੋਸ਼ ਆਈ, ਨਾਮ ਨਾਲ ਉੱਚਾ ਹੋਇਆ, ਫੇਰ ਉਸ ਦਾ ਕੋੜ੍ਹ ਦੂਰ ਕੀਤਾ। ਅਰੋਗ ਕੀਤਾ। ਅਰੋਗ ਹੋ ਕੇ ਉਹ ਫੇਰ ਪਾਪ ਕਰਦਾ। ਕਿਉਂਕਿ ਅਰੋਗ ਤੇ ਸਰਦੇ ਪੁਜਦੇ ਵਾਲੇ ਅਕਸਰ ਐਸ਼ਾਂ ਨੂੰ ਜਾਂਦੇ ਹਨ, ਪਰ ਦਾਨੇ ਦਾਤੇ ਨੇ ਕੋੜ੍ਹ ਤਾਂ ਦੂਰ ਕੀਤਾ ਜਾਂ ਪਹਿਲਾਂ ਸੁਰਤ ਦਾ ਕੋੜ੍ਹ ਹਟਾਕੇ ਸੁਰਤ ਉਸ ਦੀ ਨਾਮ ਵਿਚ ਲਾ ਦਿੱਤੀ। ਅੰਦਰਲੇ ਦੇ ਰਸ ਦਾ ਸਿਆਣੂ ਕਰ ਦਿੱਤਾ, ਤਾਂ ਕਿ ਉੱਚੇ ਰਸਾਂ ਦਾ ਜਾਣੂ ਹੋਕੇ ਫੇਰ ਹੋਛੇ ਰਸਾਂ ਵਿਚ ਨਾ ਪਵੇ ਤੇ ਫੇਰ ਕਦੇ ਦੁੱਖ ਨਾ ਪਾਏ। ਇਹ ਜਿੱਤ ਜੋ ਪਾਈ ਕਿੱਡਾ ਕਮਾਲ ਹੈ। ਗੁਨਹਗਾਰ ਤੇ ਬੀਮਾਰ ਨੂੰ ਅਰੋਗ ਕੀਤਾ ਤੇ ਨਾਲ ਮਨ ਬੀ ਅਰੋਗ

---

[1] ਇਸਨੂੰ ਫਰੀਦਸਾਨੀ ਯਾ ਫਰੀਦ ਸਾਲਸ ਬੀ ਕਹਿੰਦੇ ਹਨ।

[1] ਪੁਰਾਤਨ ਜਨਮ ਸਾਖੀ।

ਕੀਤਾ ਤੇ ਮਨ ਨੂੰ ਸਾਂਈਂ ਦੇ ਨਾਮ ਦੇ ਆਹਰ ਸੁਆਦ ਵਿਚ ਲਾ ਦਿੱਤਾ।

੧੫. ਬਾਬਰ।

ਇਕ ਸਮੇਂ ਸਤਿਗੁਰ ਜੀ ਸੈਦ ਪੁਰ ਆਏ, ਬਾਬਰ ਫੌਜਾਂ ਲਈ ਦਬਾਦਬ ਆ ਰਿਹਾ ਸੀ, ਪ੍ਰਸੰਗ ਪਿਛੇ ਆ ਚੁਕਾ ਹੈ, ਦੇਖੋ ਇਸੇ ਪੁਸਤਕ ਦਾ ਪੰਨਾ ੨੦੫। ਇਸ ਪਾਤਸ਼ਾਹ ਨੇ ਪਠਾਣਾਂ ਦੀ ਪਾਤਸ਼ਾਹੀ ਤਬਾਹ ਕਰਕੇ ਮੁਗ਼ਲ ਰਾਜ ਸ਼ੁਰੂ ਕੀਤਾ ਸੀ। ਇਸ ਹੱਲੇ ਵਿਚ ਇਸ ਨੇ ਸੈਦਪੁਰ ਵਿਚ ਕਤਲਆਮ ਕੀਤਾ ਤੇ ਲੋਕ ਕੈਦ ਪਾਏ, ਗੁਰੂ ਬਾਬੇ ਨੇ ਕਿੰਨਾਂ ਚਿਰ ਅਗੋਂ ਬਾਬਰਵਾਣੀ ਦੇ ਖਿਆਲ ਕਹਿ ਛਡੇ ਸਨ, ਜੋ ਹੁਣ ਆ ਵਾਪਰੇ। ਬਾਬਰ ਦੇ ਦਾਸਾਂ ਨੇ ਗੁਰੂ ਬਾਬੇ ਨੂੰ ਵੀ ਵਗ਼ਾਰ ਵਿਚ ਪਾ ਲਿਆ, ਪਰ ਆਪ ਅਡੋਲ ਰਹੇ ਤੇ ਮਰਦਾਨਾ ਕੀਰਤਨ ਕਰਦਾ ਰਿਹਾ। ਇੰਞ ਬਾਬਰ ਤੱਕ ਆਪ ਦੀ ਖਬਰ ਅੱਪੜੀ, ਮੁਲਾਕਾਤ ਹੋਈ। ਫੇਰ ਚਿਰ ਵਾਰਤਾਲਾਪ ਰਹੀ, ਸਤਿਗੁਰ ਨੇ ਬਾਬਰ ਜੇਹੇ ਜ਼ਬਰਦਸਤ ਪਰ ਐਸਾ ਅਸਰ ਪਾ ਲਿਆ ਕਿ ਉਨ੍ਹਾਂ ਦੇ ਕਹਿਣ ਪਰ ਸੈਦਪੁਰ ਦਾ ਘੇਰਾ ਚੁੱਕਿਆ ਗਿਆ।

ਤਿੰਨਾਂ ਦਿਨਾਂ ਮਗਰੋਂ ਗੁਰੂ ਜੀ ਸੈਦਪੁਰ ਆਏ, ਕਤਲਆਮ ਤੇ ਤਬਾਹੀ ਦੇਖੀ ਤੇ ਪਤਾ ਲੱਗਾ ਕਿ ਅਨੇਕਾਂ ਮਰਦ ਤੇ ਤੀਵੀਆਂ ਕੈਦ ਪਏ ਹਨ, ਤਾਂ ਸਤਿਗੁਰ ਨੇ ਫੇਰ ਲਸ਼ਕਰ ਵਿਚ ਜਾ ਕੀਰਤਨ ਸ਼ੁਰੂ ਕਰਾਇਆ। ਬਾਬਰ ਪਰ ਇਲਾਹੀ ਸ਼ਬਦ ਦਾ ਅਸਰ ਪਿਆ, ਫੇਰ ਗੁਰੂ ਜੀ ਨੂੰ ਮਿਲਿਆ। ਐਤਕੀ ਸਤਿਗੁਰ ਨੇ ਸਾਰੇ ਕੈਦੀ ਬਾਬਰ ਤੋਂ ਛੁਡਾਏ। ਲਿਖਿਆ ਹੈ: "ਤਾਂ ਬਾਬਰ ਨੇ ਸਲਾਮ ਕੀਤਾ, ਸਗਲੇ ਬੰਦੀਵਾਨ ਪਹਿਰਾਇਕੇ ਛੋੜ ਦੀਏ"। ਸ੍ਰਿਸ਼ਟੀ ਨਾਲ ਪ੍ਰੇਮ ਦੀ ਇਹ ਅਵਧੀ ਹੈ। ਆਪ ਜਦ ਜਾਣਦੇ ਸੀ ਕਿ ਬਾਬਰ ਆ ਰਿਹਾ ਹੈ, ਕਿਸੇ ਪਹਾੜ ਚੜ੍ਹ ਜਾਂਦੇ, ਨਾ ਬੰਦੀ ਪੈਂਦੇ, ਨਾ ਪੰਡ ਚਾਂਦੇ, ਨਾ ਚੱਕੀ ਪੀਂਹਦੇ, ਨਾ ਖਤਰਿਆਂ ਵਿਚ ਪੈਂਦੇ ਪਰ ਆਪ ਸਗੋਂ ਸੈਦਪੁਰ ਰਹੇ, ਪਰਜਾ ਦੇ ਦੁਖ ਨਾਲ ਦੁੱਖ ਪਾਇਆ। ਆਪਣੀ ਰੂਹਾਨੀ ਸਤਜਾ ਤੇ ਇਖ਼ਲਾਕੀ ਦਲੇਰੀ ਦਿਖਾਈ, ਬਾਬਰ ਤੇ ਅਸਰ ਪੈਦਾ ਕੀਤਾ ਤੇ ਅਸਰ ਪਾਕੇ ਕੈਦੀ ਛੁਡਾਏ, ਦੁਖੀਏ ਸੁਖੀ ਕੀਤੇ। ਫੇਰ ਆਪ ਨੇ ਉਥੇ ਰਹਿਕੇ ਲੋਕਾਂ ਨੂੰ ਨਾਮ ਦਾਨ ਦੇ ਕੇ ਨਿਹਾਲ ਕੀਤਾ।

ਕੈਸੀ ਅਨੋਖੀ ਫਤਹ ਹੈ।

੧੬. ਮੀਆਂ ਮਿੱਠਾ।

ਪਸਰੂਰੋਂ ਹੋਕੇ ਕੋਟਲਾ ਮੀਆਂ ਮਿੱਠਾ[1] ਵਿਚ ਆ ਅੱਪੜੇ। ਮੀਆਂ ਮਿੱਠਾ ਫਕੀਰ ਬੜਾ ਮਾਨੀ ਸੀ, ਸਤਿਗੁਰ ਜੀ ਨਾਲ ਚਰਚਾ ਕਰਨ ਆਇਆ ਤੇ ਚੇਲਿਆਂ ਨੂੰ ਕਹਿ ਆਇਆ ਕਿ ਦੁੱਧ ਤੋਂ ਮਲਾਈ ਵਾਂਗ ਨਿਤਾਰ ਲਵਾਂਗਾ, ਪਰ ਜਦ ਆਇਆ ਤਾਂ ਆਪ ਤੇਜਹੀਨ ਪੈ ਗਿਆ ਤੇ ਸਤਿਗੁਰ ਨਾਲ ਪ੍ਰਸ਼ਨੋਤ੍ਰ ਕਰਨ ਲੱਗਾ। ਇਨ੍ਹਾਂ ਪ੍ਰਸ਼ਨੋਤ੍ਰਾਂ ਵਿਚ ਹਾਰ ਖਾ ਗਿਆ ਤੇ ਚਰਨੀ ਲਗਾ। ਜੋ ਖਯਾਲ ਇਸ ਫਕੀਰ ਨੂੰ ਅਮਲੀ ਜੀਵਨ ਤੇ ਰਸ ਦੀ ਕਣੀ ਦੇ ਸਤਿਗੁਰ ਨੇ ਦਿਤੇ ਸੋ 'ਅਛਲ ਛਲਾਈ ਨਹ ਛਲੈ' ਦੇ ਸ਼ਬਦ ਵਿਚ ਦੱਸੇ ਹਨ।

ਇਕ ਪ੍ਰਸਿੱਧ ਮੂੰਹ ਚੜ੍ਹਿਆ ਉੱਤਰ ਪ੍ਰਸ਼ਨ ਅੱਜ ਤਕ ਲੋਕਾਂ ਨੂੰ ਯਾਦ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਲਿਖਿਆ।

> ਅਵਲ ਨਾਉ ਖ਼ੁਦਾਇ ਕਾ ਦੂਜਾ ਨਬੀ ਰਸੂਲ॥ ਨਾਨਕ ! ਕਲਮਾਂ ਜੋ ਪੜਹਿ ਦਰਗਹਿ ਪਵਹਿ ਕਬੂਲ॥

ਗੁਰੂ ਨਾਨਕ ਜੀ ਨੇ ਕਿਹਾ–

> ਅਵਲ ਨਾਉ ਖ਼ੁਦਾਇ ਕਾ ਦਰਿ ਦਰਵਾਨ ਰਸੂਲ ॥ ਸੇਖਾ ਨੀਅਤ ਰਾਸ ਕਰਿ ਤਾਂ ਦਰਗਹ ਪਵਹਿ ਕਬੂਲ॥

ਅਰਥਾਤ ਪਹਿਲੀ ਗੱਲ ਪੀਰ ਕਹਿੰਦਾ ਹੈ ਤੇ ਗੁਰੂ ਨਾਨਕ ਜੀ ਨੂੰ ਸੰਬੋਧਨ ਕਰਦਾ ਹੈ। ਦੂਜਾ ਉੱਤਰ ਗੁਰੂ ਜੀ ਦਾ ਹੈ।

ਗੋਸ਼ਟ ਦੇ ਬਾਦ ਮੀਆਂ ਮਿੱਠਾ ਸ਼ਰਨ ਆਯਾ। ਲਿਖਿਆ ਹੈ, 'ਤਬ ਸ਼ੇਖ ਮਿਠੈ ਆਇ ਪੈਰ ਚੁੰਮੇ'। ਇਸ ਫਕੀਰ ਨੂੰ ਫਤਹ ਕਰਕੇ ਹਿੰਦੂਆਂ ਨੂੰ ਇਕ ਭਾਰੇ ਕਸ਼ਟ ਤੋਂ ਬਚਾਯਾ, ਕਿਉਂਕਿ ਇਹ ਕਹਿੰਦਾ ਹੁੰਦਾ ਸੀ ਕਿ ਹਿੰਦੂ ਸਭ ਸਦਾ ਅੱਗਾਂ ਵਿਚ ਸੜਨਗੇ ਤੇ ਬਹਿਸ਼ਤਾਂ ਵਿਚ ਮੁਸਲਮਾਨ ਜਾਣਗੇ।[2]

---

[1]ਇਸੇ ਇਲਾਕੇ ਵਿਚ ਹੈ।

[2] ਇਹ ਪ੍ਰਸੰਗ ਪਿਛੇ ਇਸੇ 'ਗ੍ਰੰਥ ਵਿਚ ਗੋਸ਼ਟ ਮੀਆਂ ਮਿਠਾ' ਦੇ ਨਾਮ ਹੇਠ ਆ ਚੁਕਾ ਹੈ, ਦੇਖੋ ਪੂਰਬਾਰਧ ਪੰਨਾ ੪੪੬।

### ੧੭. ਦੁਨੀ ਚੰਦ।

ਸਤਿਗੁਰ ਜੀ ਬੋਲੇ:-

ਦੁਨੀ ਚੰਦ ! ਇਹ ਸੂਈ ਸਾਡੀ, ਪਾਸ ਇਮਾਨਤ ਰਖੀਂ। ਅੱਗੇ ਚੱਲ ਲਵਾਂਗੇ ਤੈਥੋਂ, ਰਖੀਂ ਸਾਂਭ ਪਰੱਖੀਂ।

ਦੁਨੀ ਚੰਦ (ਵਹੁਟੀ ਪਾਸ ਜਾਕੇ)-

ਭਾਗਵਾਨ! ਏ ਸੂਈਂ ਸਾਂਭੀ, ਸਤਿਗੁਰ ਸਾਨੂੰ ਦਿੱਤੀ । ਹੈ ਅਮਾਨਤ ਚੱਲ ਅੱਗੇ ਦੇਣੀ, ਗੁਰ ਤੋਂ ਸੂਈ ਲਿੱਤੀ।

ਤ੍ਰੀਮਤ-

ਪਤੀ ਪਿਆਰੇ ! ਨਾਲ ਅਸਾਡੇ, ਸੂਈ ਹੈ ਨਹੀਂ ਜਾਣੀ । ਦੇਹ ਤਾਈਂ ਰਹਿ ਜਾਸੀ ਪਿੱਛੇ, ਸੂਈ ਕਿਵੇਂ ਪੁਚਾਣੀ?

ਦੁਨੀ ਚੰਦ(ਗੁਰੂ ਜੀ ਪਾਸ ਜਾ ਕੇ)-

ਸੂਈ ਨਾਲ ਨਾ ਜਾਂਦੀ ਮੇਰੇ, ਅੱਗੇ ਕੀਕੁਰ ਦੇਸਾਂ? ਲਓ ਅਮਾਨਤ ਅਪਣੀ ਗੁਰ ਜੀ ਫੇਰ ਨਹੀਂ ਮੈਂ ਲੈਸਾਂ।

ਗੁਰੂ ਜੀ-

ਸੂਈ ਨਾਲ ਨ ਜਾਂਦੀ ਦਿਸਦੀ ਸੱਤ ਧਜ ਤੈਂ ਦੁਆਰੇ। ਲਟਕ ਰਹੀਆਂ ਜੋ ਸੱਤ ਲੱਖ ਦੀਆਂ, ਓ ਕੀਕੂੰ ਲੈਜਾ ਰੇ?

ਦੁਨੀ ਚੰਦ (ਹੈਰਾਨ ਹੋਕੇ)-

ਸਚ ਕਿਹਾ ਹੈ ਗੁਰੂ ਪਿਆਰੇ! ਸੁਤਜਾਂ ਤੁਸਾਂ ਜਗਾਯਾ। ਮੈਂ ਤਾ ਨੇਹੁੰ ਮਾਲ ਸੰਗ ਲਾਯਾ, ਬਹੁਤਾ ਜਮਾਂ ਕਰਾਇਆ! ਦੱਸੋ ਕਿਵੇਂ ਨਾਲ ਲੈ ਜਾਂਵਾਂ, ਅੱਗੇ ਜਾ ਸੁਖ ਪਾਵਾਂ ? ਸੋ ਬਿਧਿ ਸ੍ਵਾਮੀ ! ਦੱਸੋ ਮੈਨੂੰ, ਫੇਰ ਨ ਦੁੱਖ ਮੈਂ ਪਾਵਾਂ?

ਗੁਰੂ ਜੀ-

ਵੰਡ ਖਾਇ ਤੂੰ ਨਾਲ ਭਗਤ ਜਨ, ਪਰਮੇਸ਼ੁਰ ਦੇ ਪਜਾਰੇ ! ਸੇਵਾ ਕਰ ਓਹਨਾਂ ਦੀ ਲਾਲਾ ! ਜੋ ਸਾਂਈਂ ਦੇ ਦੁਆਰੇ। ਦਿਲ ਦਾ ਨੇਹੁੰ ਮਾਲ ਸੰਗ ਛੱਡੀਂ, ਨੇਹੁੰ ਰੱਬ ਸੰਗ ਲਾਈਂ। ਉਸ ਮਾਲਕ ਦੀ ਯਾਦ ਦਮੋ ਦਮ ਹਿਰਦੇ ਆਪ ਵਸਾਈਂ !

ਕਵੀ-

ਢਹਿ ਚਰਨਾਂ ਤੇ ਢੱਠਾ ਬੋਲੀ, ਰੋ ਰੋ ਸਦਕੇ ਹੋਇਆ। ਸਤਿਗੁਰ ਨਾਮ ਦਾਨ ਉਸ ਦਿੱਤਾ, ਅੰਧਕਾਰ ਉਸ ਖੋਇਆ। ਨਾਓਂ ਧਰੀਕ ਦੁਨੀ ਚੰਦ ਹੋਇਆ, ਸਿੱਖੀ ਵਿਚ ਸਿਖ ਪੂਰਾ। ਰਹੇ ਲਹੌਰ ਜਪੇ ਪ੍ਰਭ ਨਾਮੂ ਕੀਰਤਨ ਵਜਦੇ ਤੂਰਾ।

ਇਕ ਮਾਯਾ ਫਾਥੀ ਸੁਹਣੀ ਜਿੰਦੜੀ ਮਾਯਾ ਦੇ ਅੰਧਕਾਰ ਨੂੰ ਕੱਟਕੇ ਫਤਹ ਕੀਤੀ ਤੇ ਰੱਬ ਦੇ ਰਾਜ ਵਿਚ ਲਿਆ ਖੜੀ ਕੀਤੀ। ਉਸਦੀ ਬੇਅਰਥ ਕੱਠੀ ਹੋਈ ਮਾਯਾ ਸ੍ਰਿਸ਼ਟੀ ਤੇ ਲੋੜਵੰਦਾਂ ਦੇ ਅਰਥ ਲਗਵਾ ਦਿਤੀ। ਧੰਨ ਸੁਹਣੀਆਂ ਜਿੱਤਾਂ ਵਾਲੇ ਗੁਰੂ ਨਾਨਕ। ਦੁਨੀ ਚੰਦ ਦਾ ਸਾਰਾ ਪ੍ਰਸੰਗ ਪਿਛੇ ਪੂਰਬਾਰਧ ਵਿਖੇ ਪੰਨਾ ੪੬੨ ਤੇ ਆ ਚੁਕਾ ਹੈ।

### ੧੮. ਕਰਤਾਰਪੁਰ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਆਯੂ ਦੇ ਅੰਤਲੇ ਦਿਨ ਰਾਵੀ ਦੇ ਕੰਢੇ ਜਿੱਥੇ ਗੁਜ਼ਾਰੇ ਓਹ ਥਾਂ ਕਰਤਾਰਪੁਰ ਪ੍ਰਸਿੱਧ ਹੈ। ਇਸ ਥਾਂ ਇਕ ਕ੍ਰੋੜੀਏ ਨਾਮੇ ਬੜੇ ਅਮੀਰ ਸਰਦੇ ਪੁਜਦੇ ਵਾਲੇ ਨੇ ਧਰਮਸਾਲ ਬਣਵਾਈ ਸੀ।

ਇਹ ਕ੍ਰੋੜੀਆ ਸਤਿਗੁਰ ਨਾਲ ਵੈਰ ਰਖਦਾ ਸੀ ਤੇ ਮਾਰਨ ਟੁਰਿਆ, ਪਰ ਜਦ ਕੁਛ ਦੂਰ ਗਿਆ ਤਾਂ ਉਸਨੂੰ ਦਿੱਸਣੋਂ ਬੰਦ ਹੋ ਗਿਆ। ਇਕ ਸਿਖ ਨੇ ਕਿਹਾ: ਵੈਰ ਭਾਵ ਦੂਰ ਕਰ, ਓਹ ਨਿਰਵੈਰ ਹਨ, ਪਿਆਰ ਨਾਲ ਟੁਰ। ਜਦੋਂ ਉਸ ਸ਼ਰਧਾ ਧਾਰੀ ਤਾਂ ਰਾਜ਼ੀ ਹੋ ਗਿਆ ਤੇ ਫੇਰ ਚਰਨੀਂ ਲੱਗਾ। ਨਾਮ ਪ੍ਰਾਪਤ ਕੀਤਾ ਤੇ ਸਤਿਗੁਰ ਲਈ ਮੰਦਰ ਬਣਵਾਕੇ ਆਪ ਸੇਵਾ ਕੀਤੀ।

ਇਹ ਐਸੀ ਫਤਹ ਸੀ ਕਿ ਜਿਸ ਨੇ ਗੁਰਸਿਖੀ ਦੀ ਟਕਸਾਲ ਬੰਨ੍ਹ ਦਿੱਤੀ। ਸਦਾ ਫਿਰ ਰਹੇ ਗੁਰੂ ਬਾਬੇ ਨੂੰ ਇਕ ਕੇਂਦ੍ਰੀ ਟਿਕਾਣੇ ਟਿਕਾਕੇ ਸਤਿਸੰਗ ਦੀਆਂ ਨਹਿਰਾਂ ਵਗਾ ਦਿੱਤੀਆਂ, ਇਸ ਜਿਤ ਨੇ ਗੁਰਸਿਖੀ ਦਾ ਮੁੱਢ ਬੰਨ੍ਹ ਦਿੱਤਾ। ਜੋ ਕ੍ਰੋੜੀਏ ਨੇ ਕੀਤਾ ਹੈ ਕੌਣ ਕਰ ਸਕਦਾ ਹੈ, ਜਿਸਨੂੰ ਗੁਰੂ ਨਾਨਕ ਨੇ ਮਾਯਾ ਦੇ ਅੰਧਕਾਰ ਤੇ ਹੰਕਾਰ ਦੇ ਗੁਬਾਰ ਤੋਂ ਛੁਡਾਇਆ। ਉਸ ਮੁਕਤ ਪੁਰਸ਼ ਨੇ ਆਪਣੇ ਪ੍ਰੇਮ ਨਾਲ ਗੁਰੂ ਬਾਬੇ ਨੂੰ ਟਿਕਾ ਲਿਆ ਸੀ ਜਿਥੇ ਗੁਰੂ ਬਾਬੇ ਨੇ ਕਰਤਾਰਪੁਰ ਬੱਧਾ। ਜਿਸ ਨੂੰ ਮਾਤਾ ਪਿਤਾ, ਰਾਇ ਬੁਲਾਰ, ਦੌਲਤ ਖਾਂ ਨਾ ਟਿਕਾ ਸਕੇ, ਉਸ ਜਗਤ ਨਿਸਤਾਰਕ ਨੂੰ ਇਹ ਸਤਿਸੰਗ ਮੰਡਲ ਦਾ ਚਾਨਣ ਮੁਨਾਰਾ ਟਿਕਾ ਗਿਆ। ਇਹ ਪ੍ਰਸੰਗ

ਪਿਛੇ ਇਸ ਪੁਸਤਕ ਦੇ ਆਰੰਭ ਵਿਚ ਆ ਚੁਕਾ ਹੈ, ਦੇਖੋ ਪੰਨਾ ੧।

੧੯. ਮਾਝ ਦੀ ਵਾਰ।

ਗੁਰੂ ਜੀ ਨੇ ਫੇਰ ਉਦਾਸੀ ਕੀਤੀ, ਦੇਸ਼ ਵਿਚ ਐਤਕੀ ਅਤਿ ਪਰਚਾ ਪੈ ਗਿਆ ਸੀ, ਹਜ਼ਾਰਾਂ ਲੋਕ ਸਿੱਖ ਹੋ ਗਏ ਸਨ, ਜਦੋਂ ਸਤਿਗੁਰ ਜੀ ਨੂੰ ਸੂਰਤ ਇਲਾਕੇ ਵਿਚ ਇਕ ਸਰੇਵੜੇ ਨੇ ਆ ਦਰਸ਼ਨ ਦਿੱਤੇ ਤੇ ਆਪਣੀ ਦਿਗੰਬਰੀ ਤੇ ਤਿਆਗ ਦਸ਼ਾ ਦੀ ਮਹਿਮਾ ਕੀਤੀ ਤਾਂ ਇਸ ਨਾਲ ਸਤਿਗੁਰ ਦੇ ਬਹੁਤ ਉੱਤਰ ਪ੍ਰਸ਼ਨ ਹੋਏ। ਫਲ ਇਹ ਹੋਇਆ, ਕਿ ਇਹ ਸਰੇਵੜਾ ਸਿੱਖ ਹੋਇਆ, ਨਾਮ ਜਪੇ ਤੇ ਸਤਿਗੁਰ ਨਾਲ ਪਿਆਰ ਕਰੇ। ਸਤਿਗੁਰ ਨੇ ਜੋ ਖੰਡਨ ਇਨ੍ਹਾਂ ਦੇ ਮਤ ਦਾ ਉਸ ਵੇਲੇ ਕੀਤਾ ਤੇ ਹੋਰ ਕਦੇ ਕਿਸੇ ਜੈਨੀ ਨਾਲ ਵਿਚਾਰ ਹੋਈ ਓਹ ਸਾਰੇ ਭਾਵ ਦੋ ਸ਼ਬਦਾਂ ਵਿਚ ਹੈਨ ਤੇ ਜਾਪਦਾ ਹੈ ਕਿ ਜੋ ਉਪਦੇਸ਼ ਵਾਹਿਗੁਰੂ ਜੀ ਦੇ ਪਿਆਰ ਦਾ ਦੇਕੇ ਇਸ ਨੂੰ ਹਰਿ ਭਗਤੀ ਵਿਚ ਲਾਇਆ ਉਹ ਸਾਰੇ ਉਪਦੇਸ਼ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਾਂਝ ਦੀ ਵਾਰ ਵਿਚ ਦਰਜ ਹਨ।

੨੦. ਰਾਕਸ਼ ਕੌਡਾ[1]।

ਦੱਖਣ ਦੇ ਜੰਗਲਾਂ ਵਿਚ ਇਕ ਆਦਮਖੋਰ ਜਰਵਾਣੇ ਦੇ ਟਿਕਾਣੇ ਸਤਿਗੁਰ ਜੀ ਪਹੁੰਚੇ, ਨਾਲ ਸੈਦੋ ਘੇਹੋ ਤੇ ਸੀਹੋਂ ਸਨ। ਪੁਰਾਣੀ ਲਿਖਤ ਵਿਚ ਲਿਖਿਆ ਹੈ ਕਿ ਰਾਕਸ਼ ਨੇ ਸਤਿਗੁਰ ਜੀ ਨੂੰ ਗਰਮ ਕੜਾਹੇ ਵਿਚ ਸੁੱਟ ਦਿੱਤਾ[2], ਤਦ ਸਤਿਗੁਰ ਵਿਸਮਾਦ ਲੀਨ ਹੋਇ ਗਏ। ਕੜਾਹਾ ਠਰ ਗਿਆ। ਤਾਂ ਇਸ ਰਾਕਸ਼ ਨੂੰ ਹੋਸ਼ ਆ ਗਈ, ਚਰਨੀ ਲਗਾ, ਸੀਹੋਂ ਨੇ ਪਾਹੁਲ ਦਿੱਤੀ, ਸਤਿਗੁਰ ਨੇ ਨਾਮ ਦਾਨ ਕੀਤਾ, ਸਿੱਖ ਹੋ ਗਿਆ। ਮਾਣਸ ਅਹਾਰੀ ਦੁਸ਼ਟਾਂ ਨੂੰ ਉਹਨਾਂ ਦੇ ਘਰੀਂ ਜਾਕੇ ਕੌਣ ਤਾਰਦਾ ਹੈ? ਧੰਨ ਗੁਰੂ ਨਾਨਕ ਤੇਰੀਆਂ ਜਿੱਤਾਂ।

੧. ਸ਼ਿਵਨਾਭ।

ਸੰਗਲਾ ਦੀਪ ਵਿਚ ਇਕ ਰਾਜਾ ਸੀ, ਇਹ ਰਾਜਾ ਸਾਰੇ ਦੇਸ਼ ਦਾ ਰਾਜਾ ਸੀ ਕਿ ਕੁਛ ਇਲਾਕੇ ਦਾ ਹੁਕਮਰਾਨ ਸੀ, ਕਿ ਜਗੀਰਦਾਰ ਸੀ? ਪਤਾ ਨਹੀਂ, ਪਰ ਇਹ ਉਤਰੀ ਸੰਗਲਾਦੀਪ ਦਾ ਰਾਜਾ ਜ਼ਰੂਰ ਸੀ। ਇਸ ਦੀ ਰਾਜਧਾਨੀ ਦਾ ਨਾਉਂ ਸੀ 'ਸਤਾਵਦ' ਜਿਸ ਵਿਚ ਇਲਾਕੇ ਦੀ ਬੰਦਰਗਾਹ 'ਜਾਫਾ ਪਟਮ' ਤਦੋਂ ਬੀ ਸੀ ਤੇ ਹੁਣ ਬੀ ਇਹ 'ਜਾਫਾ ਪਟਮ' ਹੈ। ਇਹ ਸਿੰਘਾਲੀ ਕੌਮ ਵਿਚੋਂ ਸੀ ਕਿ ਹਿੰਦੁਸਤਾਨੀ ਅਸਲੇ ਦਾ ਸੀ? ਇਹ ਗਲਾਂ ਖੋਜ ਤਲਬ ਹਨ। ਇਹ ਰਾਜਾ ਹਿੰਦੂ ਮਤ ਦਾ ਪੈਰੋਕਾਰ ਸੀ। ਇਸ ਨੇ ਮਨਸੁਖ ਨਾਮੇ ਗੁਰੂ ਜੀ ਦੇ ਸਿਖ ਪਾਸੋਂ ਮੂਰਤੀ ਪੂਜਾ ਦੇ ਵਿਸ਼ੇ ਪਰ ਹਾਰ ਖਾਧੀ ਸੀ ਤੇ ਗੁਰੂ ਨਾਨਕ ਦਾ ਪ੍ਰੇਮੀ ਹੋ ਗਿਆ ਸੀ। ਇਸ ਨੂੰ ਸਤਿਗੁਰੂ ਸੰਗਲਾਦੀਪ ਜਾਕੇ ਮਿਲੇ ਤੇ ਨਾਮ ਬਖਸ਼ਿਆ ਲਿਵ ਲਾਈ ਤੇ ਤਾਰਿਆ। ਇਸ ਨੂੰ ਮੰਜੀ ਬਖਸ਼ੀ, ਅਨੇਕਾਂ ਸਿਖ ਕੀਤੇ, ਇਥੇ ਜੋ ਵੀਚਾਰ ਹੋਈ ਸੋ ਪ੍ਰਾਣ ਸੰਗਲੀ ਵਿਚ ਲਿਖੀ ਹੈ। ਸਭ ਤੋਂ ਪੁਰਾਣੀ ਜਨਮਸਾਖੀ ਵਿਚ ਪ੍ਰਾਣ ਸੰਗਲੀ ਦਿੱਤੀ ਹੈ ਉਸ ਦੀਆਂ ੨੨ ਪਉੜੀਆਂ ਹਨ ਤੇ ਸਾਰੀ ਵਿਚ ਉਨਮਨ ਅਵਸਥਾ ਦਾ ਨਿਰੂਪਣ ਹੈ। ਉਨਮਨ ਅਵਸਥਾ ਉਹ ਦੱਸੀ ਹੈ ਜਿਸ ਨੂੰ ਤੁਰੀਯਾ ਯਾ ਸਹਿਜ ਪਦ ਕਹੋ; ਜਦੋਂ ਯਥਾਰਥ ਹੀ ਯਥਾਰਥ ਆ ਪ੍ਰਕਾਸ਼ਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤ ਆਪਣੇ ਵਖਰੇ ਸੰਗੀਤ ਮਤ ਵਿਚ ਟੁਰਦਾ ਹੈ। ਇਹ ਸਾਜਨਾ ਜਾਪਦਾ ਹੈ ਕਿ ਏਥੇ ਹੋਈ ਤੇ ਰਾਗਮਾਲਾ ਵਿਚ ਦਿੱਤਾ ਰਾਗ ਦਾ ਪ੍ਰਕਾਰ ਏਥੇ ਨਿਰੂਪਣ ਹੋਇਆ।

ਇਕ ਰਾਜੇ ਨੂੰ ਤਾਰਨਾ ਦੇਸ਼ ਤਾਰਨਾ ਹੈ। ਓਹ ਦੇਸ਼ ਯਾ ਇਲਾਕਾ ਸਾਰਾ ਸਤਿਸੰਗੀ ਹੋ ਗਿਆ ਸੀ, ਇਹ ਕਿਤਨੀਆਂ ਰੂਹਾਂ ਵਾਹਿਗੁਰੂ ਰਾਜ ਵਿਚ ਅੱਪੜੀਆਂ। ਇਹ ਪ੍ਰਸੰਗ ਪਿਛੇ ਸਫੇ ੪੩ ਤੇ ਆ ਚੁਕਾ ਹੈ।

੨੨. ਬ੍ਰਹਮ ਦਾਸ।

ਸੰਗਲਦੀਪ ਤੋਂ ਅਨੇਕਾਂ ਲੋਕ ਤਾਰਦੇ ਸਤਿਗੁਰ ਜੀ ਦੇਸ਼ ਆਏ। ਕੁਛ ਸਮਾਂ ਦੇਸ਼ ਦੀਆਂ ਸੰਗਤਾਂ ਦੀ ਸੰਭਾਲ ਕੀਤੀ,ਫੇਰ ਤੀਸਰੀ ਉਦਾਸੀ ਕੀਤੀ। ਕਸ਼ਮੀਰ ਗਏ, ਬ੍ਰਹਮ ਦਾਸ ਨਾਮੇ ਇਕ ਪੰਡਤ ਆ ਮਿਲਿਆ, ਜਿਸ ਨੇ ਬਹੁਤ ਪ੍ਰਸ਼ਨ ਕੀਤੇ, ਸਤਿਗੁਰ

---

[1] ਇਹ ਪ੍ਰਸੰਗ ਕਵਿਤਾ ਵਿਚ ਇਸੇ ਪੁਸਤਕ ਦੇ ਪੰਨਾ ੩੬ ਪਰ ਵਿਸਥਾਰ ਸਹਿਤ ਆ ਚੁਕਾ ਹੈ।

[2] ਹੋਰਨਾ ਸਾਖੀਆਂ ਤੇ ਨਾਨਕ ਪ੍ਰਕਾਸ਼ ਵਿਚ ਮਰਦਾਨੇ ਦਾ ਕੜਾਹੇ ਵਿਚ ਸੁੱਟਣਾ ਲਿਖਿਆ ਹੈ।

ਨੇ ਉੱਤਰ ਦਿਤੇ, ਨਿਰੁੱਤਰ ਹੋਕੇ ਪੈਰੀਂ ਪਿਆ, ਪਰ ਅੰਦਰ ਮਾਇਆ ਦੀ ਲਿਵ ਲਗੀ ਰਹੀ। ਜੋ ਵਾਰਤਾਲਾਪ ਇਸ ਨਾਲ ਹੋਈ ਸੋ ਮਲਾਰ ਦੀ ਵਾਰ ਵਿਚ ਆਦਿ ਪਾਤਸ਼ਾਹੀ ਦੇ ਸ਼ਲੋਕਾਂ ਪਉੜੀਆਂ ਵਿਚ ਕਥੀ ਹੈ। ਬ੍ਰਹਮ ਦਾਸ ਨੂੰ ਠੰਢ ਨਾ ਪਵੇ, ਤਾਂ ਗੁਰੂ ਜੀ ਤੋਂ ਪੁੱਛਣ ਲੱਗਾ; ਉਹਨਾਂ ਫੁਰਮਾਇਆ ਆਪਣੇ ਗੁਰੂ ਨੂੰ ਪੁੱਛ? ਤਦੋਂ ਏਹ ਓਹਨਾਂ ਸਿਖਾਂ ਨੂੰ ਮਿਲਿਆ ਜੋ ਨਾਲ ਸਨ; ਜਿਨ੍ਹਾਂ ਵਿਚੋਂ ਵਡੇ ਪ੍ਰੇਮੀ ਹੱਸੂ ਲੁਹਾਰ ਤੇ ਸੀਹਾ ਛੀਂਬਾਂ ਸਨ। ਇਨ੍ਹਾਂ ਨੇ ਇਸ ਨੂੰ ਨਿਸਚੇ ਕਰਾਇਆ ਕਿ ਤੇਰਾ ਗੁਰੂ 'ਮਾਇਆ' ਹੈ; ਜਿਸ ਨਾਲ ਅੰਦਰਲਾ ਹਿਤ ਹੈ, ਕਿਉਂਕਿ ਗੁਰੂ ਉਹੋ ਹੈ ਜਿਸ ਨਾਲ ਅੰਦਰਲਾ ਪਿਆਰ ਹੈ; ਸੋ ਜਗਤ ਵਿਚ ਕਿਸੇ ਦਾ ਗੁਰੂ ਇਸਤ੍ਰੀ ਹੈ, ਕਿਸੇ ਦਾ ਪੁੱਤ੍ਰ, ਕਿਸੇ ਦਾ ਇੱਜ਼ਤ। ਜਾਂ ਬ੍ਰਹਮ ਦਾਸ ਨੂੰ ਇਹ ਭੁੱਲ ਦਿੱਸੀ ਤਾਂ ਅੰਤਰ ਆਤਮੇ ਸਤਿਗੁਰ ਨਾਲ ਪਿਆਰ ਪੈ ਗਿਆ, ਤਦੋਂ ਤਰ ਗਿਆ। ਤਦੋਂ ਸਤਿਗੁਰ ਨੇ 'ਸਹੰਸਰ ਦਾਨ ਦੇ ਇੰਦ੍ਰ ਰੋਆਇਆ' ਸ਼ਬਦ ਆਖਿਆ ਤੇ ਹੱਸੂ ਲੁਹਾਰ ਨੇ ਟਾਕਰੇ ਅੱਖਰਾਂ ਵਿਚ ਲਿਖ ਲੀਤਾ। ਇਹ ਵਿਦਜਾ ਨਾਲ ਮੂਰਖ ਹੋ ਚੁਕੇ ਆਦਮੀ ਨੂੰ ਰਾਮ ਰਾਜ ਲਈ ਜਿੱਤ ਲੈਣਾ ਬੜਾ ਕਠਨ ਹੈ, ਪਰ ਕੀਕੂੰ ਗੁਰੂ ਬਾਬੇ ਨੇ ਇਹਨੂੰ ਸਰ ਕੀਤਾ? ਇਸੇ ਪੁਤਸਕ ਦੇ ਪੰਨਾ ੧੧੧ ਤੇ ਆਏ ਪ੍ਰਸੰਗ ਵਿਚ ਇਹ ਸਫੁਟ ਹੋ ਰਿਹਾ ਹੈ। ਇਕ ਕਮਾਲ ਨਾਮੇ ਮੁਸਲਮਾਨ ਫ਼ਕੀਰ ਤਾਰਿਆ। ਇਹ ਬੀ ਲਿਖਤ ਹੈ ਕਿ ਇਕ ਅਜਾਲੀ ਨੂੰ ਬੀ ਤਾਰਿਆ। ਉਂਵ ਤਾਂ ਕਸ਼ਮੀਰ ਵਿਚ ਹਜ਼ਾਰਾਂ ਤਾਰੇ ਜਿਨ੍ਹਾਂ ਦਾ ਪ੍ਰਸੰਗ ਨਹੀਂ ਲਿਖਿਆ ਗਿਆ।

ਮਟਨ ਦਾ ਚਸ਼ਮਾ ਗੁਰੂ ਬਾਬੇ ਦੇ ਸਤਿਸੰਗ ਦਾ ਟਿਕਾਣਾ ਹੋਣ ਕਰਕੇ ਤਦ ਤੋਂ 'ਮਟਨ ਸਾਹਿਬ' ਕਹਿਲਾਉਂਦਾ ਹੈ

ਇਥੋਂ ਅੱਗੇ ਫਿਰਦੇ ਸੁਮੇਰ ਤੇ ਜਾ ਚੜ੍ਹੇ ਇਹ ਥਾਂ ਬਹੁਤ ਉੱਚੀ ਹੈ ਇਥੇ ਸਿੱਧ ਲੋਕ ਅਰਥਾਤ ਗੋਰਖ ਮਤ ਦੇ ਜੋਗੀ ਆਪ ਨੂੰ ਮਿਲੇ। ਗੁਰੂ ਨਾਨਕ ਦਾ ਨਾਮ ਜਾਣਦੇ ਸਨ, ਅਨੇਕਾਂ ਵਾਰ ਉਹਨਾਂ ਨਾਲ ਵਿਚਾਰਾਂ ਤੇ ਚਰਚਾ ਕਰ ਚੁਕੇ ਸਨ, ਇਹ ਸਮਾਂ ਬਹੁਤ ਚੰਗਾ ਲੱਧਾ, ਸੋ ਇਥੇ ਖੂਬ ਚਰਚਾ ਹੋਈ।

ਇਥੋਂ[1] ਦੀ ਚਰਚਾ ਦੇ ਸਾਰੇ ਉਪਦੇਸ਼ ਰਾਮਕਲੀ ਰਾਗ ਦੇ ਅਨੇਕ ਸ਼ਬਦਾਂ ਤੇ ਵਾਰ ਦੇ ਕਈ ਸ਼ਲੋਕਾਂ ਵਿਚ ਦਿੱਤੇ ਹਨ। ਇਹ ਸਿਧਾਂ ਪਰ ਜਿਤ ਪਾਉਣੀ ਬੜੀ ਫਤਹ ਸੀ। ਮਹਾਂਦੇਉ ਬੈਰਾਗੀ ਸਿਧ ਸਤਿਗੁਰਾਂ ਦਾ ਜਸ ਗਾਉਣ ਵਾਲਾ ਹੋਇਆ ਤੇ ਭਰਥਰ ਜੋਗੀ[2] ਤਾਂ ਜਾਪਦਾ ਹੈ ਕਿ ਮਗਰੋਂ ਜੋਗ ਤਯਾਗ ਕੇ ਗੁਰੂ ਜੀ ਦੇ ਚਰਨਾਂ ਨਾਲ ਸਦਾ ਰਿਹਾ।

ਸਵਈਏ ਮਹਲੇ ਪਹਿਲੇ ਕੇ ਵਿਚ ਦੋਹਾਂ ਦਾ ਪਤਾ ਦਿੱਤਾ ਹੈ।

### ੨੩. ਮੱਕੇ ਦੀ ਗੋਸ਼ਟ

ਚਉਥੀ ਉਦਾਸੀ ਪੱਛਮ ਵੱਲ ਹੋਈ: ਗੁਰੂ ਜੀ ਮੱਕੇ ਨੂੰ ਗਏ। ਪੁਰਾਣੀ ਸਾਖੀ ਵਿਚ ਰਸਤੇ ਦਾ ਹਾਲ ਨਹੀਂ ਤੇ ਨਾਂ ਹੀ ਭਾਈ ਗੁਰਦਾਸ ਜੀ ਨੇ ਰਸਤੇ ਦਾ ਹਾਲ ਦਿਤਾ ਹੈ, ਪਰ ਭਾਈ ਸਾਹਿਬ ਜੀ ਨੇ ਦੱਸਿਆ ਹੈ ਕਿ ਮੱਕੇ ਤੋਂ ਆਪ ਬਗ਼ਦਾਦ ਆਏ, ਸੋ ਸਾਖੀਆਂ ਦੇ ਸੋਚਣ ਤੋਂ ਮਲੂਮ ਹੁੰਦਾ ਹੈ ਕਿ ਜਾਂਦੀ ਵੇਰ ਸਤਿਗੁਰ ਜੀ ਸਮੁੰਦਰ ਦੇ ਰਸਤੇ ਗਏ ਹਨ ਤੇ ਆਉਂਦੀ ਵੇਰ ਖੁਸ਼ਕੀ ਰਸਤੇ ਬਗ਼ਦਾਦ[3] ਪਹੁੰਚੇ ਤੇ ਉਥੋਂ ਦੇਸ਼ ਆਏ। ਪਿਛੇ ਸਫੇ ੧੬੦ ਤੇ ਦਿੱਤੀ ਸਾਖੀ ਤੇ ਗੋਸ਼ਟ ਤੋਂ ਸਪਸ਼ਟ ਹੈ ਕਿ ਤਅੱਸਬ ਨਾਲ ਭਰੀ ਕੌਮ ਦੇ ਕੇਂਦ੍ਰੀ ਥਾਂ ਤੇ ਜਾਕੇ ਨਾ ਕੇਵਲ ਨਾ-ਮੁਸਲਿਮ ਹੋਕੇ ਅਪਣੀ ਜਾਨ ਬਚਾ ਲੈਣੀ ਸਗੋਂ ਓਥੇ ਗੋਸ਼ਟ ਕਰਕੇ ਫਤਹ ਪਾਉਣੀ, ਰੂਹਾਨੀ ਤਾਕਤ ਦੱਸਕੇ ਉਨ੍ਹਾਂ ਨੂੰ ਜਿੱਤਣਾ ਤੇ ਉਹਨਾਂ ਨੂੰ ਸੁਲਹਕੁਲ ਤੇ ਪਿਆਰ ਦਾ ਉਪਦੇਸ਼ ਦੇਕੇ ਇੱਜ਼ਤ ਪਾਉਣੀ ਇਕ ਸਿਰ ਜਿੱਤਾਂ ਦੇ ਜਿੱਤ ਹੈ।

---

[1] ਕਸ਼ਮੀਰ ਤੋਂ ਕੁਛ ਦੂਰ ਬੜਾ ਉਚਾ ਤੇ ਬਰਫਾਨੀ ਇਕ ਥਾਉਂ ਹੈ ਜਿਸ ਨੂੰ ਅਮਰਨਾਥ ਕਹਿੰਦੇ ਹਨ ਤੇ ਹਰ ਸਾਲ ਮੇਲਾ ਲਗਦਾ ਹੈ ਤੇ ਹਰ ਮਤ ਦੇ ਅਨਗਿਣਤ ਸਾਧੂ ਇਥੇ ਜੁੜਦੇ ਹਨ। ਪਹਿਲੇ ਗੁਰੂ ਜੀ ਇਥੇ ਗਏ ਜਾਪਦੇ ਹਨ। ਇਥੋਂ ਹੋਕੇ, ਭਾਈ ਗੁਰਦਾਸ ਜੀ ਤੋਂ ਪਤਾ ਲਗਦਾ ਹੈ ਕਿ ਜਿਥੇ ਗੁਰੂ ਜੀ ਗਏ ਸਨ ਓਹ ਥਾਂ ਸਿੱਧਾਂ ਦੇ ਟਿਕਾਣੇ ਦੀ ਸੀ। ਮੇਲੇ ਮਾਤ੍ਰ ਦਾ ਕੱਠ ਨਹੀਂ ਸੀ, ਕਿਉਂਕਿ ਸਿੱਧ ਗੁਰੂ ਜੀ ਤੋਂ ਮੈਦਾਨੀ ਦੇਸ ਦਾ ਹਾਲ ਪੁਛਦੇ ਸਨ। ਸੋ ਇਹ ਥਾਂ, ਪਤਾ ਚਲਦਾ ਹੈ ਗੜ੍ਹਤੋਕ ਲੈ ਕੇ ਅਗੇ ਮਾਨ ਸਰੋਵਰ ਝੀਲ ਕੈਲਾਸ਼ ਦੇ ਪਰਬਤ ਤਕ ਦਾ ਟਿਕਾਣਾ ਸੀ। ਗ਼ਾਲਬਾਨ ਸਿੱਧ ਰਹਿੰਦੇ ਤਾਂ ਉਰੇ ਹੋਣਗੇ ਪਰ ਤਿਸ ਸਮੇਂ ਮਾਨਸਰੋਵਰ ਤੇ ਹੋਣਗੇ।

[2] ਇਹ ਪ੍ਰਸੰਗ ਪਿਛੇ ਪੰਨਾ ੧੨੮ ਪਰ ਆ ਚੁਕਾ ਹੈ।

[3] ਮੱਕੇ ਦਾ ਤੇ ਬਗ਼ਦਾਦ ਦਾ ਪ੍ਰਸੰਗ ਪਿਛੇ ਪੰਨਾ ੧੪੮ ਤੇ ੧੬੦ ਪਰ ਆ ਚੁਕਾ ਹੈ।


www.sikhbookclub.com

### ੨੪. ਵਲੀ ਕੰਧਾਰੀ।

ਐਸਾ ਜਾਪਦਾ ਹੈ ਕਿ ਮੱਕੇ ਮਦੀਨੇ ਤੋਂ ਫਿਰਦੇ ਰੂਮ, ਇਰਾਨ ਤੁਰਕਿਸਤਾਨ, ਅਫਗਾਨਿਸਤਾਨ ਦੇ ਅਨੇਕ ਥਾਈਂ ਠਹਿਰਦੇ, ਉਪਦੇਸ਼ ਕਰਦੇ, ਜਗਤ ਤਾਰਦੇ ਆਪ 'ਕੁਰਮ' ਆਏ[੧]। ਇਥੋਂ ਪਸ਼ੌਰ, ਨੁਸ਼ਹਿਰੇ ਹੁੰਦੇ ਹਸਨ ਅਬਦਾਲ ਆਏ, ਜਿਥੇ ਟਿੱਲੇ ਪਰ ਇਕ ਫਕੀਰ ਤਪ ਕਰਦਾ ਸੀ ਤੇ ਪਾਣੀ ਦੇ ਚਸ਼ਮੇ ਪਰ ਕਬਜ਼ਾ ਰੱਖਦਾ ਸੀ। ਗੁਰੂ ਜੀ ਨੇ ਇਕ ਪਿੱਪਲ ਹੇਠ ਡੇਰਾ ਲਾਇਆ, ਲੋਕੀਂ ਝੁਕ ਪਏ। ਮਰਦਾਨਾ ਪਾਣੀ ਲੈਣ ਗਿਆ, ਵਲੀ ਕੰਧਾਰੀ ਨੇ ਪਾਣੀ ਦੇਣੋਂ ਮਰਦਾਨੇ ਨੂੰ ਟੋੜਿਆ ਤੇ ਕਿਹਾ ਜੇ ਤੇਰਾ ਗੁਰੂ 'ਗੁਰੂ' ਹੈ ਤਾਂ ਪਾਣੀ ਰੱਬ ਤੋਂ ਮੰਗ ਲਵੇ। ਗੁਰੂ ਜੀ ਨੇ ਜਿਥੇ ਬੈਠੇ ਸੇ ਉਥੋਂ ਪੱਥਰ ਹਟਾਇਆ, ਪਾਣੀ ਨਿਕਲ ਆਇਆ ਤੇ ਵਲੀ ਦਾ ਚਸ਼ਮਾ ਸੁੱਕ ਗਿਆ, ਤਦ ਉਸ ਨੇ ਟਿੱਲੇ ਉਤੋਂ ਭਾਰੀ ਪੱਥਰ ਰੇੜ੍ਹ ਦਿਤਾ ਜੋ ਗੁਰੂ ਜੀ ਨੇ ਹੱਥ ਨਾਲ ਰੋਕ ਲਿਆ! ਇਹ ਪੱਥਰ ਹੈ ਤੇ ਇਸ ਤੇ ਪੰਜੇ ਦਾ ਨਿਸ਼ਾਨ ਹੈ। ਦੱਸੀਦਾ ਹੈ ਕਿ ਮੁਸਲਮਾਨਾਂ ਆਪਣੇ ਜ਼ੋਰ ਵੇਲੇ ਕਈ ਵੇਰ ਨਿਸ਼ਾਨ ਉੱਕਰਿਆ ਹੈ। ਨਵੇਂ ਨਵੇਂ ਪ੍ਰਬੰਧਕਾਂ ਨੇ ਇਮਾਰਤ ਦੇ ਸ਼ੌਕ ਵਿਚ ਇਸ ਚਿੱਟਾਨ ਨੂੰ ਓਤੋਂ ਕੱਟ ਦਿੱਤਾ ਹੈ ਤੇ ਪਹਾੜ ਦੀ ਲਗਾਤਾਰਤਾ ਪੰਜੇ ਤਕ ਨਹੀਂ ਰਹੀ, ਪਿੱਪਲ ਬੀ ਨਹੀਂ ਹੈ। ਹੁਣ ਹੇਠਾਂ ਇਕ ਸ਼ਿਲਾ ਮਾਤ੍ਰ ਦੇ ਦਰਸ਼ਨ ਹੁੰਦੇ ਹਨ। ਵਲੀ ਕੰਧਾਰੀ ਗੁਰੂ ਜੀ ਦੀ ਸ਼ਕਤੀ ਵੇਖਕੇ ਆਯਾ, ਆਪ ਨਾਲ ਗੋਸ਼ਟ ਕੀਤੀ, ਇਸ ਨੂੰ ਸਤਿਗੁਰ ਨੇ 'ਮਨ ਦਾ ਮਾਨ' ਫਕੀਰਾਂ ਲਈ ਪਰਦਾ ਦੱਸਕੇ ਜਿੱਤਿਆ ਤੇ ਸਿੱਖ ਕੀਤਾ। ਵਲੀ ਦਾ ਮਜ਼ਾਰ ਟਿੱਲੇ ਪਰ ਹੈ।

ਵਲੀ ਕੰਧਾਰੀ ਦੀ ਉੱਤਰੀ ਪੱਛਮੀ ਪੰਜਾਬ ਵਿਚ ਭਾਰੀ ਤਾਕਤ ਸੀ ਤੇ ਇਹ ਬੜਾ ਤਕੜਾ ਸ਼ਰਈ ਮੁਸਲਮਾਨ ਤੇ ਜ਼ੁਹਦ ਕਰਨ ਵਾਲਾ ਸੀ। ਉਸ ਦਾ ਮਾਨ ਹਰਕੇ ਤਅੱਸਬ ਹਟਾਕੇ ਇਕ ਨਜ਼ਰ ਸ੍ਰਿਸ਼ਟੀ ਨਾਲ ਵਰਤਣਾ ਸਿਖਾਇਆ। ਸਾਰਾ ਇਲਾਕਾ ਸੁਖੀ ਕਰ ਦਿੱਤਾ। ਧੰਨ ਗੁਰ ਨਾਨਕ!

ਜੋ ਸਾਖੀ ਅਸੀਂ ਸੈਦਪੁਰ ਦੀ ਪਿੱਛੇ ਦੇ ਆਏ ਹਾਂ ਓਹ ਕਈ ਇਤਿਹਾਸਕ ਇਸ ਵੇਲੇ ਹੋਈ ਦੱਸਦੇ ਹਨ, ਕਿਉਂਕਿ ਤਾਰੀਖ਼ਾਂ ਮੇਲ ਇਸ ਉਦਾਸੀ ਪਰ ਖਾਂਦੀਆਂ ਹਨ, ਸੋ ਠੀਕ ਇਹੋ ਜਾਪਦਾ ਹੈ। ਸੈਦਪੁਰ ਦੀ ਕਤਲ ਜਿਸ ਵਿਚ ਫਰਿਸ਼ਤੇ ਮੁਅੱਰਖ਼ ਦੇ ਹਿਸਾਬ ੩੦੦੦੦ ਆਦਮੀ ਕਤਲ ਹੋਏ ਦੱਸੀਦੇ ਹਨ, ਪਿਛੇ ਅਸੀਂ ਪੰਨਾ ੨੦੫ ਉਤੇ ਦੇ ਆਏ ਹਾਂ।

### ੫.ਸਿੱਧ ਮੰਡਲੀ ਪਰ ਜਿੱਤ।

ਗੁਰੂ ਜੀ ਹੁਣ ਫੇਰ ਕਰਤਾਰ ਪੁਰ ਆਏ। ਫਕੀਰੀ ਲਿਬਾਸ ਉਤਾਰ ਦਿਤਾ ਤੇ ਸ੍ਰਿਸ਼ਟੀ ਤਾਰਨ ਲੱਗੇ, ਆਪ ਦੀ ਅਵਸਥਾ ਬੀ ਹੁਣ ਚੋਖੀ ਹੋ ਗਈ ਸੀ।

ਜਿਸ ਸਮੇਂ ਸਤਿਗੁਰ ਜੀ ਹੋਏ ਹਨ, ਪੰਜਾਬ ਵਿਚ ਵਿਸ਼ੇਸ਼ ਕਰਕੇ ਤੇ ਪੂਰਬ ਵਿਚ ਵੀ ਗੋਰਖ ਦਾ ਯੋਗ ਮਤ ਬਹੁਤ ਪ੍ਰਧਾਨ ਸੀ। ਮੁਸਲਮਾਨਾਂ ਵਿਚੋਂ ਬੀ ਅਨੇਕ ਲੋਕ ਚੇਟਕਾਂ ਦੇ ਮਾਰੇ ਜੋਗੀ ਬਣ ਜਾਂਦੇ ਸੀ, ਪਰ ਇਹ ਜੋਗ ਮਾਰਗ ਪਾਤੰਜਲ ਦੀ ਰਾਜ ਯੋਗ ਸਾਧਨਾਂ ਤੇ ਨਹੀਂ ਸੀ, ਇਹ ਵਿਸ਼ੇਸ਼ ਕਰਕੇ ਹੱਠ ਜੋਗ ਦੇ ਤਾਂਤ੍ਰਿਕ ਮਤ ਦਾ ਸੀ। ਜੋਗੀ ਸਮਾਧੀ ਲਈ ਸ਼ਰਾਬਾਂ ਬੀ ਪੀਂਦੇ ਸਨ। ਇਨ੍ਹਾਂ ਲੋਕਾਂ ਨਾਲ ਸਤਿਗੁਰ ਜੀ ਦੀਆਂ ਬਹੁਤ ਵੇਰ ਗੋਸ਼ਟਾਂ ਹੋਈਆਂ, ਇਨ੍ਹਾਂ ਨੇ ਅਤਜੰਤ ਵੇਰੀ ਸਤਿਗੁਰ ਨੂੰ ਚੇਲਾ ਬਨਾਉਣ ਦਾ ਯਤਨ ਕੀਤਾ, ਪਰ ਉਹਨਾਂ ਦੇ ਰੱਬੀ ਸੱਚ ਅੱਗੇ ਝੁਕ ਜਾਂਦੇ ਰਹੇ। ਇਨ੍ਹਾਂ ਨਾਲ ਗੋਸ਼ਟਾਂ ਪਰ ਅਨੇਕਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ! ਸਭ ਤੋਂ ਵੱਡੇ ਮੁਬਾਹਿਸੇ ਨੂੰ ਸ੍ਰੀ ਸਤਿਗੁਰ ਜੀ ਨੇ ਸਿੱਧ ਗੋਸ਼ਟ ਵਿਚ ਲਿਖਿਆ ਹੈ, ਜਿਸ ਵਿਚ ਉਤਰ ਪ੍ਰਸ਼ਨ ਹਨ।

ਸਿੱਧ ਗੋਸ਼ਟ ਵਿਚ ਸਤਿਗੁਰ ਨੇ ਜੋਗੀਆਂ ਦੇ ਤਾਂਤ੍ਰਿਕ ਅਕੀਦੇ ਤੇ ਤਪ ਖੰਡਨ ਕੀਤੇ ਹਨ, ਤੇ ਉੱਚਾ ਸੁੱਚਾ ਇਖ਼ਲਾਕੀ ਜੀਵਨ ਸਿਖਾਯਾ ਹੈ ਤੇ ਗ੍ਰਿਹਸਤ ਮਾਰਗ ਵਿਚ ਰਹਿਕੇ ਨਾਮ ਦੇ ਪ੍ਰੇਮ ਨਾਲ ਮੁਕਤੀ ਦੱਸੀ ਹੈ, ਨਿਚੋੜ ਇਹ ਹੈ:-

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈਸਾਣੇ॥ ਸੁਰਤਿ ਸਬਦਿ ਭਵ

[੧] ਕਈਆਂ ਪੁਰਾਤਨਾਂ ਦਾ ਖਿਆਲ ਹੈ ਕਿ ਗੁਰੂ ਜੀ ਮੱਕੇ ਤੋਂ ਮੁੜ ਘਰ ਨੂੰ ਆਏ, ਫੇਰ ਆਪ ਲਾਹੌਰੋਂ ਹੋ ਕੇ ਪਹਿਲਾ ਦੱਖਣ ਫੇਰ ਪੱਛੋਂ ਹੋਕੇ ਕੁਰਮ ਦੇ ਰਸਤੇ ਪੱਛਮੀ ਅਫ਼ਗਾਨਿਸਤਾਨ ਨੂੰ ਗਏ, ਜਦੋਂ ਵਾਪਸ ਆਏ ਤਾਂ ਕੁਰਮ ਕੋਲ ਭਾਈ ਮਰਦਾਨਾ ਚੜ੍ਹਿਆ, ਪਰੰਤੂ ਭਾਈ ਮਨੀ ਸਿੰਘ ਜੀ ਮਰਦਾਨੇ ਦਾ ਚਲਾਣਾ ਕਰਤਾਰ ਪੁਰ ਲਿਖਦੇ ਹਨ।

ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

{ਸਿਧ ਗੋ:}

ਸਿਧਾਂ ਨਾਲ ਚਰਚਾ ਤੇ ਜਿੱਤ ਦਾ ਹਾਲ ਇਕ ਮੇਮ[1] ਨੇ ਆਪਣੀ ਕਿਤਾਬ ਵਿਚ ਦਿਤਾ ਹੈ, ਜਿਸ ਦੇ ਅਖੀਰ ਵਿਚ ਉਹ ਲਿਖਦੀ ਹੈ ਕਿ ਸਿਧ ਕਰਾਮਾਤਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਾ ਡਰਾ ਸਕੇ, ਕਿਉਂਕਿ ਗੁਰੂ ਨਾਨਕ ਸੱਚੇ ਫਿਲਾਸਫਰ ਸਨ ਜੋ ਪਵਿਤ੍ਰ ਏਕਤਾ ਤੇ ਧਰਮ ਮੰਡਲ ਵਿਚ ਦੂਏ ਦੀ ਰਾਏ ਤੇ ਨੁਕਤਾ ਖਿਆਲ ਨੂੰ ਸਹਾਰਨਾ ਤੇ ਸਹੋਦਰਤਾ ਸਿਖਾਲਦੇ ਸੇ। ਇਹ ਪ੍ਰਸੰਗ ਪਿਛੇ ਸਫੇ ੨੩੧ ਤੇ ਦੇ ਆਏ ਹਾਂ।

ਇਹ ਜਿੱਤ ਜੋਗੀਆਂ ਸਿੱਧਾਂ ਪਰ ਐਸੀ ਸੀ ਕਿ ਉਨ੍ਹਾਂ ਦੇ ਲੋਕਾਂ ਦੇ ਦਿਲਾਂ ਪਰ ਕਬਜ਼ੇ ਦਾ ਦੀਵਾ ਲਗਪਗ ਸਦਾ ਲਈ ਪੰਜਾਬ ਵਿਚੋਂ ਇੰਨਾਂ ਮੱਧਮ ਪਿਆ ਕਿ ਮਾਨੋ ਗੁਲ ਹੀ ਹੋ ਗਿਆ।

੨੫. ਹਰਦੁਆਰ

ਅਚਲ ਵਟਾਲੇ ਤੋਂ ਗੁਰੂ ਜੀ ਮੁਲਤਾਨ ਗਏ, ਪੀਰ ਸਾਰੇ ਸੜ ਉਠੇ ਤੇ ਇਕ ਨਕਾਨਕ ਕਟੋਰਾ ਦੁੱਧ ਦਾ ਘੱਲਿਆ ਕਿ ਹੇ ਗੁਰੂ ! ਮੁਲਤਾਨ ਤਾਂ ਅਗੇ ਪੀਰਾਂ ਨਾਲ ਪੁਰ ਹੈ, ਤੁਸੀਂ ਕਿਥੇ ਸਮਾਓਗੇ? ਗੁਰੂ ਜੀ ਨੇ ਇਕ ਚੰਬੇਲੀ ਦਾ ਫੁਲ ਉਤੇ ਧਰ ਦਿੱਤਾ। ਆਪ ਇਥੇ ਕੁਛ ਚਿਰ ਰਹੇ, ਸਤਿਨਾਮ ਦਾ ਛਤਰ ਝੁਲਾਇਆ, ਸੱਚ ਦਾ ਪ੍ਰਚਾਰ ਕੀਤਾ, ਖੇਚਲ ਕਿਸੇ ਨੂੰ ਨਹੀਂ ਹੋਈ। ਫੇਰ ਕਰਤਾਰਪੁਰ ਆਏ।

ਇਕੇਰਾਂ ਸਤਿਗੁਰ ਜੀ ਹਰਦੁਆਰ[2] ਮੇਲੇ ਪਰ ਪੁਜੇ, ਇਥੇ ਲੋਕ ਸੂਰਜ ਨੂੰ ਪਾਣੀ ਦੇਂਦੇ ਸਨ। ਆਪ ਆਪਣੇ ਪਿੰਡ ਵਲ ਮੂੰਹ ਕਰਕੇ ਪਾਣੀ ਦੇਣ ਲਗ ਪਏ। ਲੋਕਾਂ ਪੁੱਛਿਆ ਕੀ ਕਰਦੇ ਹੋ? ਕਹਿਣ ਲਗੇ ਆਪਣੇ ਪਿੰਡ ਖੇਤਾਂ ਨੂੰ ਪਾਣੀ ਦੇਂਦੇ ਹਾਂ। ਲੋਕੀਂ ਹੱਸ ਪਏ, ਤਦ ਗੁਰੂ ਜੀ ਬੀ ਹੱਸ ਪਏ ਕਿ ਜੇ ਮੇਰੇ ਪਿੰਡ ਪਾਣੀ ਨਹੀਂ ਅੱਪੜਦਾ ਤਾਂ ਤੁਸਾਡਾ ਸੂਰਜ ਨੂੰ ਕਿਵੇਂ ਅੱਪੜਦਾ ਹੈ? ਬਸ ਲੋਕੀਂ ਆਪ ਵਲ ਧਿਆਨ ਲਾ ਉਮਡੇ। ਗੁਰੂ ਜੀ ਨੇ ਸਤਿਨਾਮ ਦੇਕੇ ਅਨੇਕਾਂ ਤਾਰੇ।

[1] ਇਹੀ ਪੋਥੀ ਸਿਆਲਕੋਟ ਲਾਇਬਰੇਰੀ ਵਿਚ ਅਸੀਂ ਡਿੱਠੀ ਸੀ। ਇਸ ਦੀ ਲੇਖਕਾ ਦਾ ਨਾਮ 'ਕੈਥੇਰਿਨ ਕੌਰਵੇ' ਹੈ।

[2] ਇਹ ਪ੍ਰਸੰਗ ਪਹਿਲੀ ਉਦਾਸੀ ਸ਼ੁਰੂ ਹੋਣ ਤੋਂ ਪਹਿਲੋਂ ਦਾ ਕਈ ਲੇਖਕਾਂ ਨੇ ਮੰਨਿਆ ਹੈ। ਅਸੀਂ ਪਿਛੇ ਇਸੇ ਗ੍ਰੰਥ ਵਿਖੇ 'ਹਰਿਦੁਆਰ ਫੇਰੀ' ਦੇ ਨਾਮ ਹੇਠ ਪੰਨਾ ੧੪੧ ਪਰ ਪੂਰਬਾਰਧ ਵਿਚ ਦੇ ਆਏ ਹਾਂ।

੨੭. ਮਖ਼ਦੂਮ ਬਹਾਉਦੀਨ।

ਮਖ਼ਦੂਮ ਬਹਾਵਦੀਨ ਦਾ ਪ੍ਰਸੰਗ ਪਿਛੇ ਸਫੇ ੩੧੨ ਤੇ ਆ ਚੁਕਾ ਹੈ। ਮਖ਼ਦੂਮ ਦਾ ਇਹ ਦੁਖ ਕਰਨਾ ਕਿ ਮੈਂ ਗੁਰੂ ਨਾਨਕ ਦੇ ਚਾਨਣੇ ਵਿਚ ਜਾਣਾ ਸੀ ਤੇ ਉਹ ਮੈਥੋਂ ੪੦ ਦਿਨ ਪਿਛੋਂ ਜਾਣਗੇ ਤੇ ਫੇਰ ਪੁੱਛ ਘਲਣਾ ਐਸੀ ਟਕਸਾਲੀ ਫਤਹ ਹੈ ਕਿ ਜਿਸ ਦੀ ਨਜ਼ੀਰ ਨਹੀਂ। ਮੁਸਲਮਾਨ ਉੱਚੇ ਫਕੀਰ ਦਾ ਉਨ੍ਹਾਂ ਨੂੰ ਪੈਗੰਬਰ ਮੰਨ ਲੈਣਾ ਪ੍ਰੇਮ ਰਾਜ ਦੀ ਭਾਰੀ ਫਤਹ ਹੈ।

੨੮, ਗੁਰੂ ਅੰਗਦ।

ਜੋਤ ਜੋਤ ਦੀ ਸੰਧਿ ਸ਼ਮਾ ਸ਼ਮਾ ਦਾ ਮੇਲ
ਜਿਉਂ। ਮਿਲੇ ਗੰਧਿ ਨੂੰ ਗੰਧਿ ਆਤਮ ਆਤਮ
ਤਿਉਂ ਮਿਲੇ।

ਸਭ ਤੋਂ ਅਖ਼ੀਰੀਲੀ ਪਿਆਰੀ ਰੂਹ ਜੋ ਸਤਿਗੁਰ ਨੇ ਰਾਮ ਰਾਜ ਵਿਚ ਲਿਆਂਦੀ ਉਹ ਧੁਰੋਂ ਰਾਮ ਰਾਜ ਲਈ ਆਈ ਸੀ ਅਰ ਓਹ ਗੁਰੂ ਅੰਗਦ[1] ਜੀ ਦੀ ਜੋਤਿ ਸੀ।

ਸਤਿਗੁਰ ਦੀਪਕ ਸਮਾਨ ਸਮਝੋ, ਸਿਖ ਸਭ ਭਵਰੇ ਹੋਕੇ ਪ੍ਰੇਮ ਪਾਕੇ ਆ ਚਰਨੀ ਲਗੇ ਤੇ ਨਾਮ ਦੀ ਜੋਤਿ ਵਿਚ ਮਿਲਦੇ ਮਾਇਆ ਵਲੋਂ ਮਰੇ ਤੇ ਆਤਮਾ ਵਿਚ ਫੇਰ ਜੀਵੇ। ਹੁਣ ਸਤਿਗੁਰ ਜਗਤ ਤੋਂ ਟੁਰਨ ਕਰਕੇ ਇਕ ਆਪਣੇ ਜਿਹਾ ਦੀਪ ਜਗਾਉਂਦੇ ਹਨ, ਜਿਸ ਪਰ ਪਤੰਗੇ ਆ ਆ ਕੇ ਸਦਕੇ ਹੋ ਹੋ ਕੇ ਕੀਟ-ਮੌਤ ਮਰਨ ਤੇ ਆਤਮ ਜੀਵਨ ਪਾਕੇ ਜੀ ਉਠਣ। ਸੋ ਲਹਿਣਾ ਜੀ ਮਿਲੇ, ਜੋ ਨੂਰ ਵਾਂਗੂੰ ਮਿਲੇ। ਲਹਿਣਾ ਜੀ ਧੁਰੋਂ ਅਵਤਾਰ ਸੇ, ਪਹਿਲੇ ਸਿਖੀ ਦੀ ਅਵਧੀ ਦਿਖਾਈ ਫੇਰ ਗੁਰੂ ਹੋਏ।

ਆਪ ਨਾਲ ਚਰਚਾਵਾਦ, ਆਤਮ ਬਲ ਦੀ ਜ਼ੋਰ ਅਜ਼ਮਾਈ ਨਹੀਂ ਹੋਈ, ਦੇਖਦਿਆਂ ਹੀ ਇਲਾਹੀ ਸਾਂਟ ਹੋ ਗਈ।

ਲਹਿਣਾ ਜੀ ਵਿਸਮਾਦ ਦੇ ਘਰ ਆਏ, ਫੇਰ ਨਹੀਂ ਬੋਲੇ, ਦੇਵੀ ਦੇ ਨਹੀਂ ਗਏ, ਸੰਗ ਟੋਰ ਦਿਤਾ ਪੰਚਮ ਗੁਰੂ ਜੀ ਦੇ ਵਾਕ ਵਿਚ ਭੇਤ ਖੁਲ੍ਹਿਆ ਹੈ-

ਕਬਹੂ ਸਾਧ ਸੰਗਤਿ ਇਹੁ ਪਾਵੈ॥ ਉਸੁ
ਅਸਥਾਨ ਤੇ ਬਹੁਰਿ ਨ ਆਵੈ ॥ ਅੰਤਰਿ
ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ

[1] ਪਿਛੇ ੨੯੪ ਪੰਨੇ ਪਰ ਇਹ ਪ੍ਰਸੰਗ ਆ ਚੁਕਾ ਹੈ।

ਕਾ ਨਹੀ ਬਿਨਾਸੁ ॥(ਸੁਖਮਨੀ ਅਸਟਪਦੀ ੧੧)

ਇਕ ਦਿਨ ਨਦੀਣਿਆਂ ਦੇ ਗਿੱਲੇ ਚਿੱਕੜ ਭਰੇ ਘਾਹ ਦੀ ਪੰਡ ਲਹਿਣਾ ਜੀ ਚਾ ਕੇ ਘਰ ਲਿਆਏ ਚਿੱਕੜ ਚੋ ਚੋ ਕੇ ਬਹੁਮੁੱਲਾ ਜਾਮਾਂ ਭਰ ਗਿਆ। ਘਰ ਆਏ ਤਾਂ ਅੱਗੇ ਮਾਤਾ ਜੀ ਖੜੇ ਸੇ, ਗੁਰੂ ਨਾਨਕ ਜੀ ਬੀ ਆ ਗਏ, ਰੇਸ਼ਮੀ ਜਾਮਾਂ ਖ਼ਰਾਬ ਹੋਇਆ ਤੱਕ ਕੇ ਮਾਤਾ ਜੀ ਨੇ ਗੁਰੂ ਨਾਨਕ ਧਰਤ ਅਕਾਸ਼ ਗਗਨ ਪਯਾਲ ਦੇ ਮਾਲਕ ਨੂੰ ਆਖਿਆ ਕਿ ਇਹ ਕਿਹੇ ਸੁਹਣੇ ਕਪੜੇ ਚਿੱਕੜ ਛਟਿਆਂ ਨਾਲ ਗੁਵਾ ਆਇਆ ਹੈ? ਤਾਂ ਗੁਰੂ ਬਾਬੇ ਆਖਿਆ "ਇਹ ਚਿੱਕੜ ਨਹੀਂ ਚੰਦਨ[1] ਹੈ ਦੀਨ ਦੁਨੀ ਦਾ। ਅਥਵਾ ਇਹ ਕੇਸਰ ਦੇ ਤ੍ਰੌਂਕੇ ਹਨ[2]"।

ਅਜ ਬੀ ਲੋਕ ਗੁਰੂ ਨਾਨਕ ਰਾਜ ਵਿਚ ਆਯਾ ਚਾਹੁਣ ਆ ਸਕਦੇ ਹਨ। ਵਿਉਂਤ ਇਹ ਹੈ-

੧. ਵਾਹਿਗੁਰੂ ਵਲ ਮਨ ਦਾ ਰੁਖ਼, ਪਿਆਰ ਵਾਲਾ ਰੁਖ਼।
੨. ਗੁਰੂ ਨਾਨਕ ਪਿਆਰਾ ਤੇ ਮਿੱਠਾ ਲਗੇ।
੩. ਗੁਰਬਾਣੀ ਦਾ ਪਾਠ, ਵੀਚਾਰ ਤੇ ਕੀਰਤਨ।
੪. ਨਾਮ ਦਾ ਅਭਯਾਸ।
੫. 'ਦੁਖੁ ਨ ਦੇਈ ਕਿਸੈ ਜੀਅ ਪਤ ਸਿਉ ਘਰਿ ਜਾਵਹੁ॥' ਅਤੇ
੬. ਸਰਬੱਤ ਦਾ ਭਲਾ ਚਿਤਵਨ ਤੇ ਕਰਨ।
੭. ਕਿਰਤ ਵਿਰਤ ਕਰਕੇ ਧਰਮ ਦੀ ਹਥਹੁ ਵੰਡਕੇ, ਹਾਂ ਜੀ 'ਅਭੈ ਨਿਰੰਜਨੁ ਧਰਮਪਦੁ ਤਾਕਾ ਭੀਖਕ ਹੋਇ', ਐਸੇ ਭੀਖਕਾਂ ਨਾਲ ਵੰਡਕੇ ਖਾਣਾ।
੮. ਮਨ ਆਪਣੇ ਨਾਲ ਸੱਚੇ ਤੇ ਸੁੱਚੇ ਹੋਣਾ, ਮਨ ਨੂੰ ਵਾਚਣਾ, ਮਨ ਨੂੰ ਨੱਥਣਾ, ਵੱਸ ਰਖਣਾ।
੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀਚਾਰ ਤੇ ਸਮਝਕੇ, ਫਹਿਮਕੇ ਪਾਠ ਕਰਨਾ, ਮਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦ ਟਕਸਾਲ ਵਿਚ ਢਾਲਣਾ ਤੇ ਦਸਮੇ ਜਾਮੇ ਗੁਰ ਨਾਨਕ ਦੇ ਦੱਸੇ ਸਾਈਂ ਨਾਲ ਇਕ ਜੋਤਿ ਰਹਿਕੇ ਖ਼ਾਲਸਾ ਜੀਵਨ ਬਸਰ ਕਰਨ ਦਾ ਪ੍ਰਯਤਨ।

-o-

## ੯੪. ਸਰਬ ਕਾਲੀ ਸਤਿਗੁਰ ਨਾਨਕ ਦੇਵ[3]।

੧.ਫਿਲਾਸਫਰ ਤੇ ਫਕੀਰ।

ਦੁਨੀਆਂ ਦੇ ਬੜੇ ਪੁਰਾਣੇ ਸਮੇ ਤੋਂ ਕਿਸੇ ਗ਼ੈਬੀ ਤਾਕਤ, ਆਪਣੇ ਕੋਲੋਂ ਉੱਚੀ ਨਾ ਦਿੱਸਣ ਵਾਲੀ ਸ਼ਕਤੀ ਯਾ ਸ਼ਖ਼ਸੀਅਤ ਉਤੇ ਇਨਸਾਨ ਦਾ ਭਰੋਸਾ ਟੁਰਿਆ ਆਇਆ ਹੈ। ਇਸ ਭਰੋਸੇ ਨੇ ਅੱਡ ਅੱਡ ਦੇਸ਼ਾਂ ਵਿਚ, ਅੱਡ ਅੱਡ ਕੌਮਾਂ ਵਿਚ ਤੇ ਅੱਡ ਅੱਡ ਤਹਿਜ਼ੀਬ ਤੇ ਵਹਿਸ਼ੀਪੁਣੇ ਦੀਆਂ ਹਾਲਤਾਂ ਵਿਚ ਕੀ ਕੀ ਸ਼ਕਲਾਂ ਅਖ਼ਤਿਆਰ ਕੀਤੀਆਂ, ਇਹ ਇਕ ਬੜੇ ਲੰਮੇ ਵਿਸਥਾਰ ਤੇ ਪੁਸਤਕਾਂ ਦਰਕਾਰ ਰਖਣ ਵਾਲੀ ਗੱਲ ਹੈ। ਪਰੰਤੂ ਇਨਸਾਨ ਦੇ ਖਿਆਲ ਮੰਡਲ ਵਿਚ ਅੱਡ ਅੱਡ ਦੇਸ਼ਾਂ ਤੇ ਸਮਿਆਂ ਵਿਚ ਇਸ ਖਿਆਲ ਨੇ ਹੇਰ ਫੇਰ ਖਾਕੇ ਅਖੀਰ ਦੋ ਸ਼ਕਲਾਂ ਅਖ਼ਤਿਆਰ ਕੀਤੀਆਂ:-

ੳ. ਮਜ਼ਹਬ ਦਾ ਰੱਬ।
ਅ. ਫਿਲਾਸਫੀ ਦਾ ਰੱਬ।

ਮਜ਼ਹਬ ਚਾਹੇ ਕੋਈ ਸੀ, ਜਿਨ੍ਹਾਂ ਨੇ ਪਰਮੇਸ਼ੁਰ ਦੀ ਹੋਂਦ ਹਸਤੀ ਵਿਚ ਈਮਾਨ ਰਖਿਆ, ਓਹਨਾਂ ਨੇ ਉਸ ਨੂੰ ਸਿਰਜਣਹਾਰ, ਪਾਲਣਹਾਰ ਮੰਨਿਆਂ; ਉਸਦੀ ਕਿਸੇ ਨਾ ਕਿਸੇ ਸ਼ਕਲ ਵਿਚ ਚਾਹੇ ਬੁਤਪ੍ਰਸਤੀ ਦੁਆਰਾ, ਚਾਹੇ ਗੀਤ ਨਾਦ ਦੁਆਰਾ ਬੰਦਗੀ ਕੀਤੀ।

ਫਿਲਾਸਫੀ ਚਾਹੇ ਕੋਈ ਸੀ (ਜਿਸ ਨੇ ਨਾਸਤਕਤਾ ਤੋਂ ਮੂੰਹ ਮੋੜਿਆ) ਉਸ ਨੇ ਇਸ ਦਿੱਸਦੇ ਪਸਾਰੇ ਦੀ ਨੀਂਹ ਵਿਚ ਇਸ ਅਨੇਕਤਾ ਦੇ ਪਿੱਛੇ, ਇਸ ਹਰ ਛਿਨ ਬਦਲ ਰਹੇ ਨਜ਼ਾਰੇ ਦੇ ਉਹਲੇ ਇਸਦਾ ਮੂਲ ਕਾਰਨ, ਇਸਦੀ ਅਸਲੀਅਤ ਦਲੀਲਾਂ ਆਦਿਕਾਂ ਨਾਲ ਸਿੱਧ ਕੀਤੀ ਤੇ ਮੰਨੀ। ਯਾ ਇਉਂ ਕਹੋ ਕਿ ਉਨ੍ਹਾਂ ਨੇ ਪਰਮੇਸ਼ੁਰ ਨੂੰ ਨਿਰਾਕਰ, ਅਨੰਤ ਤੇ ਅਬਦਲ ਮੰਨਿਆਂ ਤੇ ਇਹ ਜਾਣ ਲੈਣਾ ਬੱਸ ਸਮਝਿਆ।

[1] ਪੁਰਾਤਨ ਜਨਮ ਸਾਖੀ। [2] ਮਹਿਮਾ ਪ੍ਰਕਾਸ਼ ਤੇ ਸ੍ਰੀ ਨਾਨਕ ਪ੍ਰਕਾਸ਼। [3] ਇਹ ਲੇਖ ਸੰ: ਗੁ: ਨਾ: ਸਾ: ੪੪੯ (੧੯੧੪ ਈ:) ਦੇ ਗੁਰਪੁਰਬ ਪੁੰਨਮ ਪਰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ।

ਸੋ ਰਬ ਬਾਬਤ ਦੋਹਾਂ ਖਿਆਲਾਂ ਦੇ ਵਰਤਾਰਿਆਂ ਵਿਚ ਵਿੱਥ ਪੈ ਗਈ। ਆਮ ਕਰਕੇ ਫਿਲਾਸਫੀ ਰਬ ਨੂੰ ਰਚਣ ਵਾਲਾ, ਪਾਲਣ ਵਾਲਾ, ਮਿਹਰਾਂ ਕਰਨ ਵਾਲਾ ਮੰਨਣ ਵਿਚ ਇਹ ਦੇਖਦੀ ਹੈ ਕਿ ਐਉਂ ਓਹ ਵਿਕਾਰੀ ਹੋ ਜਾਂਦਾ ਹੈ ਤੇ ਵਿਕਾਰੀ ਹੋਣ ਤੇ ਓਹ ਦੇਸ਼ਕਾਲ ਤੋਂ ਅਤੀਤ ਨਹੀਂ ਰਹਿ ਸਕਦਾ, ਉਹ 'ਪਾਰਬ੍ਰਹਮ[1]' ਤੇ 'ਅਨੰਤ' ਨਹੀਂ ਰਹਿ ਸਕਦਾ। ਸੋ ਜੇ ਓਹ ਅਨੰਤ ਤੇ ਪਾਰਬ੍ਰਹਮ ਨਹੀਂ ਤਦ ਰੱਬ ਹੀ ਨਹੀਂ, ਕਿਉਂਕਿ ਉਸ ਪਰ ਜੀਵਾਂ ਵਾਲੀਆਂ ਗਲਾਂ ਹਾਵੀ ਹੋ ਗਈਆਂ, ਇਸ ਨੁਕਤੇ ਤੋਂ ਫਿਲਾਸਫੀ ਮਜ਼ਹਬ ਤੋਂ ਵਿੱਥ ਪਾ ਖਲੋਤੀ।

ਮਜ਼ਹਬ ਨੇ ਆਖਿਆ ਕਿ ਜੋ ਰਬ ਇਨਸਾਨ ਤੋਂ ਦੂਰ ਖੜਾ ਹੈ, ਜਿਸ ਨੇ ਸਾਨੂੰ ਸਾਜਿਆ ਹੀ ਨਹੀਂ ਤੇ ਪਾਲਦਾ ਹੀ ਨਹੀਂ, ਜੋ ਸਾਡੇ ਸੁਖ ਦੁਖ ਵਿਚ ਰਸ ਹੀ ਕੋਈ ਨਹੀਂ ਰਖਦਾ ਉਸ ਦਾ ਇਨਸਾਨੀ ਜੀਵਨ ਵਿਚ ਇਨਸਾਨ ਨੂੰ ਕੀ ਆਧਾਰ? ਜੇ ਸਾਡੇ ਦਿਲ ਟੁੱਟਣੇ ਤੇ ਗ਼ਮਾਂ, ਚਿੰਤਾਂ, ਮੁਸੀਬਤਾਂ, ਭੈ, ਖ਼ੌਫ, ਤਬਾਹੀਆਂ ਦੇ ਤ੍ਰਾਸ ਵੇਲੇ ਓਹ ਸਾਡੀਆਂ ਪ੍ਰਾਰਥਨਾਂ ਦਾ ਸੁਣਨ ਵਾਲਾ ਨਹੀਂ, ਜੇ ਉਹ ਸਾਡੀਆਂ ਕਮਜ਼ੋਰੀਆਂ ਵੇਲੇ ਸਾਡੇ ਸਹਾਰੇ ਦਾ ਸਾਡੇ ਚਿਤਾਂ ਵਿਚ ਆਸਰਾ ਨਹੀਂ ਤਾਂ ਉਸ ਦਾ ਹੋਣਾ ਨਾ ਹੋਣਾ ਇਨਸਾਨੀ ਦੁਖ ਸੁਖ ਲਈ ਕੀਹ ਫਰਕ ਰਖਦਾ ਹੈ, ਕੇਵਲ ਏਨਾ ਜਾਣਨ ਤੋਂ ਕਿ ਕੋਈ ਅਨੰਤ ਤੇ ਪਾਰਬ੍ਰਹਮ ਹੈ, ਸਾਡੀ ਦਿਮਾਗ਼ੀ ਗੇਣਤੀ ਵਿਚ ਇਕ ਖਾਨਾਂ ਹੋਰ ਵਧ ਗਿਆ ਤਾਂ ਵਧ ਗਿਆ ਸਹੀ, ਅਸਾਂ ਪਦਾਰਥਾਂ ਦੀ ਗੇਣਤੀ (ਸਾਖ ਯਾ ਕੈਟੇਗਰੀ ) ਵਿਚ ਸਿਰੇ ਤੋਂ ਇਕ ਨਾਵਾਂ ਹੋਰ ਪਾ ਲਿਆ ਤਾਂ ਪਾ ਲਿਆ ਸਹੀ। ਸਾਨੂੰ ਜੋ ਚਾਰ ਚੁਫੇਰੇ ਮੁਸੀਬਤਾਂ ਨਾਲ ਘੇਰੇ ਪਏ ਹਾਂ ਤੇ ਅੰਦਰ ਕਮਜ਼ੋਰ ਹੋਣ ਕਰਕੇ ਹਰ ਬਲਾ ਦੇ ਮੂੰਹ ਵਿਚ ਤਿਲਕ ਪੈਣ ਨੂੰ ਹਰਦਮ ਤਿਆਰ ਰਹਿੰਦੇ ਹਾਂ; ਉਸ ਜਾਣ ਲੈਣ ਤੋਂ ਕੀ ਵਿਸ਼ੇਸ਼ ਲਾਭ ਹੈ? ਹਾਂ ਸ਼ੰਸਾਰ ਤੋਂ ਉੱਚੇ ਉੱਠ ਚੁਕੇ ਦਿਮਾਗ ਨੂੰ ਖਿਆਲ ਮੰਡਲ ਵਿਚ ਆਧਾਰ ਹੈ, ਪਰ ਸ੍ਰਿਸ਼ਟੀ ਤਾਂ ਭਰੀ ਪਈ ਹੈ ਲੋੜ ਵਾਲੇ ਇਨਸਾਨਾਂ ਨਾਲ। ਇਸ ਤਰ੍ਹਾਂ ਮਜ਼ਹਬ ਤੇ ਫਿਲਾਸਫੀ ਨੇ 'ਰਬ' ਨੂੰ ਮੰਨਦੇ ਹੋਏ ਬੀ ਦੋ ਅੱਡ ਅੱਡ ਪਰ ਪਰਸਪਰ ਨਾਪਸੰਦੀ ਵਾਲੇ ਰਸਤੇ ਅਖਤਿਆਰ ਕਰੀ ਰਖੇ। ਫਿਲਾਸਫੀ ਵਿਦਵਾਨਾਂ ਤੇ ਪੰਡਤਾਂ ਦੇ ਹਿੱਸੇ ਆਈ! ਏਹ ਲੋਕ ਮਜ਼ਹਬ ਨੂੰ ਨੀਵਾਂ ਤੇ ਕੁਝ ਮੂਰਖਾਂ ਯਾ ਛੇਤੀ ਪਤੀਜਣ ਵਾਲਿਆਂ ਦੀ ਖੁਸ਼-ਖਿਆਲੀ ਸਮਝਕੇ ਆਮ ਤੌਰ ਤੇ ਉਨ੍ਹਾਂ ਤੋਂ ਉਚੇਰੇ ਤੇ ਵਿੱਥ ਤੇ ਖੜੋਂਦੇ ਰਹੇ। ਪਰ ਮਜ਼ਹਬ ਵਾਲਿਆਂ ਵਿਚ ਓਹਨਾਂ ਦੇ ਇਬਾਦਤ ਦੇ ਨਾਨ੍ਹਾਂ ਤ੍ਰੀਕਿਆਂ ਨਾਲ ਕਈਆਂ ਨੂੰ ਚਿਤ ਦੀ ਸਫਾਈ, ਚਿੱਤ ਦੀ ਇਕਾਗ੍ਰਤਾ ਤੇ ਜਗਤ ਆਧਾਰ ਦੇ ਨਾਲ ਲਗਾਤਾਰੀ ਲਗਾਉ ਵਿਚ ਲਗਾ ਗਏ। ਜਿਥੇ ਤੇ ਜਦ ਬੀ ਕਿਸੇ ਇਨਸਾਨ ਵਿਚ ਇਹ ਪਹਿਲੂ 'ਅੰਦਰਲੇ' ਦੇ ਤ੍ਰੁਕੀ ਕਰ ਗਏ, ਉਥੇ ਹੀ ਉਸਨੇ ਹੈਰਾਨ ਕਰਨ ਵਾਲੀਆਂ ਤਾਕਤਾਂ, ਦੰਗ ਕਰ ਦੇਣ ਵਾਲੇ ਦ੍ਰਿਸ਼, ਰਹਿਮ, ਪਿਆਰ, ਅਚੰਭਾ ਕਰ ਦੇਣ ਵਾਲੇ ਦੁੱਖ, ਤਸੀਹੇ, ਮੁਕਾਬਲੇ, ਬਰਦਾਸ਼ਤਾਂ ਤੇ ਸਹਾਰਿਆਂ ਦੇ ਨਮੂਨੇ ਦਿਖਾਏ। ਉਸ ਦੇ ਲਫਜ਼ਾਂ ਤੇ ਕ੍ਰਾਂਤੀ ਨੇ ਖਿਚ ਤੇ ਖੂਬਸੂਰਤੀ ਔਸਤ ਇਨਸਾਨਾਂ ਤੋਂ ਵਧੇਰੇ ਦਿਖਾਈ ਤੇ ਉਸ ਦੇ ਅੰਦਰੋਂ ਆਮ ਦੁਖਾਂ, ਸੁਖਾਂ, ਸੋਚਾਂ, ਚਿੰਤਾ ਵਾਲਿਆਂ ਇਨਸਾਨਾਂ ਨੇ ਕਿਸੇ ਅੰਦਰ ਤੇ ਟਿਕੀ ਪੱਕੀ ਖੁਸ਼ੀ ਦੇ ਦਰਸ਼ਨ ਕੀਤੇ, ਇਨ੍ਹਾਂ ਗੱਲਾਂ ਨੇ ਆਮ ਇਨਸਾਨੀਅਤ ਨੂੰ ਇਨ੍ਹਾਂ ਨਾਲ ਜੋੜੀ ਰਖਿਆ। ਭਾਈਚਾਰੇ (ਸੁਸਾਇਟੀ) ਦੀ ਪਿੱਠ ਜ਼ਿਮੀਂਦਾਰ ਹੈ, ਮਜ਼ਦੂਰ ਹੈ, ਕਾਰੀਗਰ ਹੈ, ਵਪਾਰੀ ਹੈ, ਜਿਨ੍ਹਾਂ ਨੇ ਘਾਲਾਂ ਕਰ ਕਰਕੇ, ਚਾਹੇ ਓਹ ਘਾਲਾਂ ਸ੍ਰੀਰਕ ਹਨ ਚਾਹੇ ਮਾਨਸਿਕ, ਚਾਹੇ ਰਲਵੀਆਂ, ਜਗਤ ਦੇ ਭਾਈਚਾਰੇ ਨੂੰ ਇਹ ਭਾਈਚਾਰੇ ਦੀ ਮੂਰਤ ਦੇ ਰਖੀ ਹੈ, ਜਿਸ ਵਿਚ ਸਾਰੇ ਟੁਰ ਰਹੇ ਹਨ! ਇਹ ਕਿਰਤੀ ਲੋਕ ਸਾਰੇ ਦੇ ਸਾਰੇ ਉਸ ਰੱਬੀ ਬੰਦੇ ਅਰਥਾਤ ਬੰਦਗੀ ਕਰਨ ਵਾਲੇ ਮਜ਼ਹਬੀ ਤ੍ਰੀਕੇ ਨਾਲ ਰੱਬ ਨੂੰ ਮੰਨਣ ਵਾਲੇ ਬੰਦੇ ਦੇ ਦੁਆਲੇ ਘੁੰਮਦੇ ਰਹੇ ਤੇ ਭਾਈਚਾਰਾ ਰੂਪੀ ਕਗਰੋੜ ਸਾਰੀ ਇਸ ਦੇ ਮਗਰ ਰਹੀ, ਜਿਸ ਨੂੰ ਤੁਸੀਂ ਫਿਲਾਸਫਰ ਦੇ ਟਾਕਰੇ ਤੇ ਰੱਬ ਦਾ ਬੰਦਾ, ਯਾ ਫਕੀਰ ਯਾ ਹਰੀਜਨ ਕਹਿ ਲਵੋ! ਇਹਨਾਂ ਦੀ ਕਲਾਮ ਵਿਚ ਜਿਥੇ ਤੁਸੀਂ ਵੇਖੋਗੇ ਆਪਣੇ ਆਪ ਨੂੰ ਮੂਰਖ, ਨੀਚ ਕਹਿਣ

---

[1] ਐਬਸੋਲਯੂਟ। [2] ਇਨਫਿਨਿਟ।



www.sikhbookclub.com

ਵਿਚ ਹਸ ਲੀਤਾ ਤੱਕੋਗੇ, ਕਿਉਂਕਿ ਭਗਤੀ, ਨਿਮ੍ਰਤਾ, ਪਵਿੱਤ੍ਰਤਾ ਦੇ ਕਾਰਨ ਇਹ ਬਜਾਏ ਇਸ ਦੇ ਕੇ ਕਿਸੇ ਨੂੰ ਭੈੜਾ ਆਖੇ ਆਪ ਨੂੰ ਓਹਨਾ ਦੇ ਨੀਵਾਂ ਆਖਣ ਵਿਚ ਨਿਮ੍ਰਤਾ ਤੇ ਖੁਸ਼ੀ ਲੈਂਦਾ ਹੈ, ਚਾਹੇ ਕਈ ਵੇਰ ਰੱਬੀ ਜਲਾਲ ਵਿਚ ਆਏ ਇਨ੍ਹਾਂ ਹਰੀਜਨਾਂ ਨੇ "ਮੈਲੇ ਚਿਤ ਤੇ ਖਿੰਡੇ ਮਨ" ਵਾਲੇ ਪੰਡਤਾਂ ਦੀ ਇਸ ਕਮਜ਼ੋਰੀ ਨੂੰ ਦਰਸਾਯਾ ਹੈ, ਪਰ ਨਫਰਤ ਇਹਨਾਂ ਨੇ ਕਦੇ ਨਹੀਂ ਦਿਖਾਈ।

ਸੋ ਇਕ ਕੁਦਰਤੀ ਵਿੱਥ ਫਿਲਾਸਫਰ ਤੇ ਫਕੀਰ ਵਿਚ ਟੁਰ ਪਈ, ਇਸ ਵਿਚ ਗੋ ਪਿਛਲਾ ਜ਼ਮਾਨਾ ਘੱਟ ਨੁਕਸਾਨ ਦੇਖਦਾ ਸੀ, ਪਰ ਅਮਲੀ ਤੌਰ ਤੇ ਇਹ ਡਰ ਸਦਾ ਤੋਂ ਸੀ ਤੇ ਹੁਣ ਵਧੇਰੇ ਸਪਸ਼ਟ ਹੈ ਕਿ ਜੇ ਵਿਦਯਾ ਤ੍ਰੱਕੀ ਕਰੇ, ਆਮ ਫੈਲ ਜਾਵੇ ਤਦ ਫਿਲਾਸਫਰ ਦਾ ਨੁਕਤਾ ਵਧੇਰੇ ਮਕਬੂਲ ਹੋਵੇਗਾ ਅਰ ਫ਼ਕੀਰ ਦਾ ਨੁਕਤਾ ਗੁੰਮ ਹੋਵੇਗਾ ਤੇ ਅੰਤ 'ਅਮਲੀ ਜੀਵਨ' ਜੋ ਹਰੀ ਜਨ (ਫਕੀਰ) ਸਿੱਖਾਂਦਾ ਹੈ, ਉਹ ਗੁੰਮ ਹੋ ਜਾਵੇ ਤੇ ਫਿਲਾਸਫਰ ਦੀ ਕੇਵਲ ਗੇਣਤੀ ਮਾਤ੍ਰ (catagorical) ਰੱਬੀ ਹੋਂਦ ਰਹਿ ਜਾਵੇ। ਧਰਮ ਨੂੰ ਸੱਟ ਵੱਜਣ ਦਾ ਡਰ ਨਾਸਤਕ ਤੋਂ ਤਾਂ ਹੈ, ਪਰ ਆਸਤਕ ਫਿਲਾਸਫਰ ਤੋਂ ਬੀ ਕੁਛ ਹੈ। ਅਸਲੀ ਜੀਵਨ ਵਿਚ ਜ਼ਿਮੀਂਦਾਰ, ਮਜ਼ਦੂਰ, ਕਿਰਤੀ, ਕਾਰੀਗਰ, ਵਪਾਰੀ ਨੂੰ ਲੋੜ ਬੰਦਗੀ ਕਬੂਲਣ ਵਾਲੇ, ਅਰਦਾਸ ਸੁਣਨ ਵਾਲੇ, ਮਿਹਰਾਂ ਕਰਨ ਵਾਲੇ ਰੱਬ ਦੀ ਹੈ ਤੇ ਸਾਰੀ ਇਨਸਾਨੀਅਤ ਦੀ ਟੇਕ ਇਹੋ ਹੈ।

ਇਸ ਪਾੜ ਦੇ ਮੇਲਣੇ ਵਾਲੇ ਸਤਿਗੁਰ ਨਾਨਕ ਜਗਤ ਵਿਚ ਆਏ। ਜੋ ਸੁਮੱਤਿ ਉਹਨਾਂ ਨੇ ਦਿੱਤੀ ਉਸ ਦੀ ਤਹਿ ਇਹ ਜਾਪਦੀ ਹੈ ਕਿ ਓਹ ਦੋ ਆਸਤਕਾਂ 'ਫਿਲਾਸਫਰ ਤੇ ਫਕੀਰ' ਦੇ ਪਾਟਕ ਨੂੰ ਵੇਖਕੇ ਹੈਰਾਨ ਹਨ। ਇਸ ਵੇਲੇ ਗੁਰੂ ਬਾਣੀ ਪੜ੍ਹੋ ਤਾਂ ਦੇਖੋ ਕਿ ਓਹ ਇਕ ਪਾਸੇ ਸਿਖਾਂ ਸਾਧਾਂ ਤੇ ਫਕੀਰਾਂ ਨੂੰ ਸਮੋਧ ਕਰ ਰਹੇ ਹਨ; ਦੂਜੇ ਪਾਸੇ ਦਾਰਸ਼ਨਿਕ ਪੰਡਤਾਂ ਨੂੰ। ਫਿਰ ਇਕ ਪਾਸੇ ਗਿਆਨੀਆਂ ਨੂੰ, ਦੂਜੇ ਪਾਸੇ ਅਭ੍ਯਾਸੀਆਂ ਯੋਗੀ ਆਦਿਕਾਂ ਨੂੰ। ਇਸ ਤੋਂ ਸਾਫ ਦਿੱਸ ਪੈਂਦਾ ਹੈ ਕਿ ਓਹ ਇਸ ਮੁੱਢੋਂ ਪਏ ਪਾਟਕ ਨੂੰ ਦੂਰ ਕਰਨਾ ਲੋਚਦੇ ਹਨ, ਪਰ ਪਾਟਕ ਕੋਈ ਰੁੱਸੇ ਹੋਏ ਭਰਾਵਾਂ ਦਾ ਨਹੀਂ, ਕਿ ਆਪੋ ਵਿਚ ਖਿਮਾਉਣੀ ਕਰਾਉਣ ਨਾਲ ਮਿਟ ਜਾਵੇ; ਪਾਟਕ ਤਾਂ ਆਤਮ ਵਿਦਯਾ ਦੇ ਨੁਕਤੇ ਦਾ ਹੈ, ਓਹ ਜੋ ਦਯਾਨਤਦਾਰੀ ਨਾਲ ਦੋਵੇਂ ਧਿਰਾਂ ਆਪਣੀ ਆਪਣੀ ਦਿਮਾਗੀ ਖੋਜ ਤੇ ਅਨੁਭਵਤਾ ਵਿਚ ਪ੍ਰਤੀਤ ਕਰ ਰਹੀਆਂ ਹਨ, ਇਸ ਲਈ ਇਸ ਦਾ ਇਲਾਜ 'ਇਲਮੀ ਤੇ ਅਮਲੀ' ਦੋਹਾਂ ਤਰ੍ਹਾਂ ਹੋਵੇ ਤਾਂ ਦੋਹਾਂ ਨੂੰ ਇਕ ਕੁਠਾਲੀ ਵਿਚ ਢਾਲ ਸਕੇ ਤੇ ਜੇ ਕੋਈ ਐਸਾ ਦਾਰੂ ਹੋਵੇ ਤਾਂ ਉਹ ਐਸਾ ਹੋਵੇਗਾ ਕਿ ਜੋ ਸਰਬ ਕਾਲੀ ਹੋਵੇਗਾ, ਅਰਥਾਤ ਓਹ ਸਾਰੇ ਸਮਿਆਂ ਵਿਚ ਟੁਰੇਗਾ।

ਇਸ ਪਰ ਸਤਿਗੁਰ ਨੇ ਰਬੀ ਗਯਾਨ ਦੀ ਇਹ ਗਲ ਦੱਸੀ ਕਿ ਇਹ ਸੰਸਾਰ ਆਪੇ ਨਹੀਂ ਬਣ ਸਕਦਾ, ਰੂਹ ਆਪਣੀ ਆਜ਼ਾਦੀ ਵਿਚ ਸੁਤੰਤਰ ਹੈ, ਇਸ ਨੂੰ ਕੋਈ ਗ਼ਰਜ਼, ਲੋੜ ਨਹੀਂ ਕਿ ਇਹ ਪਕ੍ਰਿਤੀ (ਮਾਦੇ) ਦੇ ਫੇਰ ਵਿਚ ਆਵੇ ਤੇ ਪ੍ਰਕ੍ਰਿਤੀ (ਮਾਦਾ) ਜੜ੍ਹ ਹੈ, ਇਸ ਵਿਚ ਕੋਈ ਚਾਹ, ਇਛਾ, ਲੋੜ ਦਾ ਸਾਮਾਨ ਨਹੀਂ ਕਿ ਇਸ ਜੜ੍ਹਤਾ ਤੋਂ ਉਠਣਾ ਚਾਹੇ। ਸੋ ਦੋ ਅਚਾਹਾਂ ਵਿਚੋਂ ਇਕ ਚੇਤਨ ਹੈ ਪਰ ਅਲੋੜ ਹੈ, ਇਕ ਜੜ੍ਹ ਹੈ, ਉਸ ਵਿਚ ਲੋੜ ਦਾ ਗਯਾਨ ਨਹੀਂ: ਇਨ੍ਹਾਂ ਦੋਹਾਂ ਦਾ ਆਪੇ ਕਿਸੇ 'ਇਤਫਾਕ' ਨਾਲ ਮੇਲ ਹੋ ਜਾਣਾ ਅਸੰਭਵ ਹੈ, ਇਹ ਮੇਲ ਚਾਹੇ ਕਿਸੇ ਤਰ੍ਹਾਂ ਦਾ ਹੋਵੇ ਤੇ ਕਦੋਂ ਹੋਇਆ ਹੋਵੇ ਤੇ ਇਹ ਤ੍ਰੀਕਾ ਚਾਹੇ ਸਿੰਜਰਣ (ਈਵਾਲਵ) ਹੋਣ ਦਾ ਹੋਵੇ, ਚਾਹੇ ਹੋਰ ਤਰ੍ਹਾਂ ਦਾ ਹੋਵੇ, ਕੋਈ ਨਹੀਂ ਯਕੀਨੀ ਤੌਰ ਤੇ ਜਾਣਦਾ ਕਿ ਇਹ ਕਦੋਂ ਤੇ ਕੀਕੂੰ ਹੋਯਾ[੧]? ਪਰੰਤੂ ਇਹ ਪ੍ਰਤੱਖ ਹੈ ਕਿ ਇਹ ਆਪੇ ਨਹੀਂ ਹੋਇਆ: ਜੋ ਆਖਦੇ ਹਨ ਕਿ ਨਿਰਾ ਆਤਮਾ ਹੈ, ਉਹ ਨਹੀਂ ਦੱਸ ਸਕਦੇ 'ਉਸ ਨੁਕਤੇ ਨੂੰ, ਉਸ ਗਿਰਹ ਨੂੰ' ਜਿਥੋਂ ਕਿ ਉਸ ਆਤਮਾ ਵਿਚ ਇਹ ਪ੍ਰਕ੍ਰਿਤੀ ਤੇ ਇਸਦਾ ਪਸਾਰਾ ਹੋਇਆ। ਜੋ ਆਖਦੇ ਹਨ ਨਿਰੀ ਪ੍ਰਕ੍ਰਿਤੀ ਹੈ ਓਹ ਨਹੀਂ ਦੱਸ ਸਕਦੇ, ਉਸ ਨੁਕਤੇ' ਨੂੰ 'ਉਸ ਗਿਰਹ' ਨੂੰ ਕਿ ਜੜ੍ਹ ਮਾਦਾ ਕੀਕੂੰ 'ਚੇਤਨਤਾ'

---

੧ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
{ਜਪੁਜੀ}

ਸੁਰਤ ਬੁੱਧੀ ਵਿਚ ਪਲਟਾ ਖਾ ਗਿਆ? ਜੋ ਦੋਹਾਂ ਨੂੰ ਮੰਨਦੇ ਹਨ, ਨਹੀਂ ਦੱਸ ਸਕਦੇ ਕਿ ਕੀਕੂੰ ਦੋਵੇਂ ਅਲੋੜ ਤੇ ਅਚਾਹ ਇਕ ਦੂਸਰੇ ਵਿਚ ਰਲਕੇ ਸੰਸਾਰ ਵਿਚ ਪਲਟਾ ਖਾ ਗਏ।

ਸਤਿਗੁਰ ਨਾਨਕ ਦੇਵ ਜੀ ਦੱਸਦੇ ਹਨ ਕਿ ਉਹ ਨੁਕਤਾ ਹੁਕਮ ਹੈ, ਫਿਲਾਸਫਰ ਜਿਸ ਨੂੰ ਅਨੰਤ ਅਨਾਦਿ ਆਖਦੇ ਹਨ, ਉਸ ਦੀਆਂ ਅਗੰਮ ਤੇ ਅਨੰਤ ਸ਼ਕਤੀਆਂ ਵਿਚ ਇਕ ਸ਼ਕਤੀ 'ਹੁਕਮ' ਹੈ। ਇਹ ਸਾਰਾ ਕੁਛ ਹੁਕਮ ਦਾ ਪਸਾਰਾ ਹੈ। ਫਿਲਾਸਫਰ ਆਖਦਾ ਹੈ ਕਿ ਜਿਸ ਵਿਚੋਂ ਹੁਕਮ ਨਿਕਲਦਾ ਹੈ ਉਸ ਵਿਚ ਇੱਛਾ ਹੈ, ਜਿਸ ਵਿਚ ਇੱਛਾ ਹੈ ਉਹ ਵਿਕਾਰੀ ਹੈ, ਇਕ ਰਸ ਨਹੀਂ, ਜੋ ਇਕ ਰਸ ਨਹੀਂ, ਉਹ 'ਅਨਾਦ ਅਨੰਤਿ' ਨਹੀਂ। ਉਹ ਤਾਂਤੇ ਓਹ ਨਹੀਂ ਜਿਸ ਨੂੰ ਮੈਂ ਬ੍ਰਹਮ ਆਖਦਾ ਹਾਂ, ਉਹ ਤੁਹਾਡਾ ਕੋਈ ਵਧਵਾਂ ਜੀਵ ਹੋਊ।

ਸਤਿਗੁਰ ਆਖਦੇ ਹਨ: ਹੇ ਫਿਲਾਸਫਰ! ਕੀਹ ਤੂੰ ਉਸ ਅਨਾਦਿ ਤੇ ਅਨੰਤ ਦਾ ਕੁਛ ਹਾਲ ਦੱਸ ਸਕਦਾ ਹੈਂ? ਫਿਲਾਸਫਰ ਆਖਦਾ ਹੈ: ਨਹੀਂ ! ਉਹ ਅਨੰਤ ਹੈ, ਮੇਰੀ ਸਮਝ ਅੰਤ ਵਿਚ ਹੈ, ਉਹ ਅਨਾਦਿ ਹੈ ਮੈਂ ਆਦਿ ਅੰਤ ਵਿਚ ਹਾਂ, ਉਹ ਦੇਸ਼ ਕਾਲ ਨਮਿੱਤ ਤੋਂ ਪਾਰ ਹੈ, ਮੇਰੀ ਸਮਝ ਦੇਸ਼ ਕਾਲ ਨਮਿੱਤ ਦਾ ਆਪ ਸਰੂਪ ਹੈ, ਮੈ ਕਦੇ ਉਸ ਨੂੰ ਵਰਣਨ ਨਹੀਂ ਕਰ ਸਕਦਾ, ਮੈਂ ਕਦੇ ਉਸ ਦੇ ਸਰੂਪ ਨੂੰ ਸਮਝ ਅਰ ਦੱਸ ਨਹੀਂ ਸਕਦਾ। ਸਤਿਗੁਰ ਆਖਦੇ ਹਨ ਕੀਹ ਓਹ, ਜਿਸ ਨੂੰ ਤੁਸੀਂ ਅਨੰਤ ਕਹਿੰਦੇ ਹੋ 'ਹੈ'?

ਫਿਲਾਸਫਰ ਆਖਦਾ ਹੈ: ਹਾਂ ਉਹ "ਹੈ" ਇਹ ਹੈ ਉਸ ਦਾ ਸਰੂਪ। ਸਤਿਗੁਰ ਆਖਦੇ ਹਨ: ਉਹ "ਹੈ" ਜੜ੍ਹ ਹੈ ਕਿ ਚੇਤਨ? ਫਿਲਾਸਫਰ ਆਖਦਾ ਹੈ 'ਨਿਰੋਲ ਚੇਤਨਤਾ'। ਸਤਿਗੁਰ ਆਖਦੇ ਹਨ: ਉਹ: ਚੇਤਨਤਾ ਦੁਖ ਰੂਪ ਹੈ ਕਿ ਸੁੱਖ ਰੂਪ? ਫਿਲਾਸਫਰ ਆਖਦਾ ਹੈ: ਉਹ ਨਿਰੋਲ ਤੇ ਪਰਮ 'ਅਨੰਦ' ਰੂਪ ਹੈ। ਸਤਿਗੁਰ ਆਖਦੇ ਹਨ ਕਿ ਉਸ ਦੀ 'ਹੈ' 'ਚੇਤਨਤਾ ਤੇ 'ਅਨੰਦ' ਦੀ ਵਯਾਖਿਆ ਕਰ ਸਕਦੇ ਹੋ? ਦੱਸ ਸਕਦੇ ਹੋ ਕਿ ਉਸ ਵਿਚ ਇਹਨਾਂ ਦਾ ਕੀ ਵਰਤਾਰਾ ਹੈ? ਕਿਵੇਂ ਉਥੇ ਇਹਨਾਂ ਦਾ ਨਿਵਾਸ ਤੇ ਅਮਲ ਆਦਿ ਹੈ? ਅਤੇ ਕੀ ਇਹ ਅਨੰਦ ਆਦਿ ਤੇਰੇ ਅਨੰਦ ਵਰਗੇ ਪ੍ਰਣਾਮੀ ਹਨ? ਫਿਲਾਸਫਰ ਆਖਦਾ ਹੈ ਕਿ ਜੋ ਪ੍ਰਸ਼ਨ ਤੁਸੀਂ ਕਰਦੇ ਹੋ ਉਸ ਦੇ ਉੱਤਰ ਵਿਚ ਮੈ 'ਅੰਤ' ਵਾਲੀਆਂ ਚੀਜ਼ਾਂ ਦੇ ਉੱਤਰ ਦੇ ਸਕਦਾ ਹਾਂ, ਅਨੰਤ ਵਿਚ ਇਹ ਪ੍ਰਸ਼ਨ ਸੰਭਵ ਨਹੀਂ। ਤਦ ਸਤਿਗੁਰ ਆਖਦੇ ਹਨ ਕਿ ਉਪਰਲੀਆਂ ਰੱਬ ਦੀਆਂ ਤ੍ਰੈ ਸਰੂਪ ਲੱਖਣੀਆਂ ਵਿਚ ਮੈਨੂੰ ਇਹ ਦੱਸ ਕਿ ਜੇ ਉਹ ਓਥੇ ਕੁਛ ਕਰਦਾ ਹੈ ਤਾਂ ਕੀ ਉਸ ਦੀ ਉਹ ਕ੍ਰਿਯਾ ਆਪਣੇ ਵਿਚ ਦੇਸ਼, ਕਾਲ, ਨਮਿੱਤ ਤੋਂ ਰਹਿਤ ਦਾ ਕੋਈ ਸਰੂਪ ਨਹੀਂ ਰੱਖ ਸਕਦੀ? ਜਿੱਕੁਰ ਉਸ ਦਾ ਸਰੂਪ ਅਗੰਮ ਹੈ ਤਿਵੇਂ ਉਸ ਦੇ ਕਰਨੇ ਅਗੰਮ ਨਹੀਂ ਹੋ ਸਕਦੇ? ਕਰਨੇ ਤੋਂ ਮੇਰਾ ਮਤਲਬ ਉਸ ਪ੍ਰਕਾਰ ਦੇ ਕਰਨੇ ਨਹੀਂ ਜਿਸ ਪ੍ਰਕਾਰ ਦੇ ਇਨਸਾਨ ਵਿਚ ਹਨ, ਪਰੰਤੂ ਉਸ ਅਦੇਸ਼ ਅਕਾਲ ਸਰੂਪ ਦੇ 'ਅਦੇਸ਼ ਅਕਾਲੀ' ਕਰਨੇ ਜਿਨ੍ਹਾਂ ਨੂੰ ਇਨਸਾਨ ਦੀ ਦੇਸ਼ ਕਾਲ ਵਾਲੀ ਬੁੱਧੀ ਸਮਝ ਹੀ ਨਾ ਸਕੇ। ਤਦ ਫਿਲਾਸਫਰ ਆਖਦਾ ਹੈ ਕਿ ਇਹ ਤਾਂ ਠੀਕ ਹੈ, ਜਦ ਅਸੀ ਉਸ ਨੂੰ ਆਪਣੀ ਸਮਝ ਤੋਂ ਅਵਿਸ਼ੇ ਡਿੱਠਾ ਹੈ, ਅਸੀਂ ਦੇਸ਼ ਕਾਲ ਵਾਲੇ ਹਾਂ, ਉਹ ਇਨ੍ਹਾਂ ਤੋਂ ਪਰਿ ਹੈ, ਤਦ ਉਸ ਦੇ ਸਰੂਪ ਦੀ ਵਿਆਖਿਆ ਸਭ ਅਸੰਭਵ ਹੈ। ਤਦ ਸਤਿਗੁਰ ਆਖਦੇ ਹਨ ਕਿ ਜੀਕੂੰ ਰੱਬ ਨਹੀਂ ਆਖਿਆ (ਵਿਆਖਿਆ ਵਿਚ ਲਿਆਂਦਾ) ਜਾ ਸਕਦਾ, ਇਸ ਤਰ੍ਹਾਂ ਉਸ ਦਾ 'ਹੁਕਮ' ਬੀ ਨਹੀਂ ਆਖਿਆ ਜਾ ਸਕਦਾ[੧]। ਜੋ ਕੁਛ ਤੁਸੀਂ ਵੇਖਦੇ ਹੋ ਉਸੇ ਅਨੰਤ ਦੀ ਰਚਨਾਂ ਹੈ; ਪਰ ਇਸ ਤਰ੍ਹਾਂ ਦੀ ਰਚਨਾ ਨਹੀਂ, ਜਿਸ ਤਰ੍ਹਾਂ ਘੁਮਿਆਰ ਤੇ ਲੁਹਾਰ ਦੀ ਹੈ, ਪਰ ਇਸ ਤਰ੍ਹਾਂ ਦੀ ਕਿ ਜਿਸ ਨੂੰ ਦੇਸ਼ ਕਾਲ ਵਾਲੀ ਬੁੱਧੀ ਨਹੀਂ ਸਮਝ ਸਕਦੀ। ਸੋ ਦ੍ਰਿੜ ਕਰ ਸੋਚ ਲੈ, ਜਿਕੂੰ ਤੂੰ ਵਾਹਿਗੁਰੂ ਨੂੰ 'ਅਨੰਦ' ਆਖਦਾ ਹੈਂ ਪਰ ਇਹ ਅਨੰਦ ਉਹ ਅਨੰਦ ਨਹੀਂ ਜਿਸ ਤਰ੍ਹਾਂ ਦੇ ਅਨੰਦ ਦਾ ਤੈਨੂੰ ਤਜਰਬਾ ਹੈ। ਇਸੀ ਤਰ੍ਹਾਂ ਉਸ ਵਾਹਿਗੁਰੂ ਵਿਚ 'ਕਰਮ ਤੇ ਵੀਚਾਰ' 'ਹੁਕਮ' ਦਾ ਨਿਵਾਸ ਹੈ, ਜਿਨ੍ਹਾਂ ਦੀ ਸਦਰਸ਼ਤਾ ਸਾਡੇ ਕਰਮਾਂ, ਵੀਚਾਰਾਂ, ਹੁਕਮਾਂ ਨਾਲ ਨਹੀਂ ਹੈ। ਪਿਛੇ ਅਸੀਂ ਦੱਸ ਆਏ ਹਾਂ ਕਿ ਇਹ ਸਾਰਾ ਆਕਾਰ

---

[੧] ਹੁਕਮੁ ਨ ਕਹਿਆ ਜਾਈ॥ {ਜਪੁਜੀ}

ਆਪੇ ਬਣ ਨਹੀਂ ਸਕਦਾ, ਇਸਨੂੰ ਕਿਸੇ ਨੇ ਬਣਾਇਆ ਹੈ, ਜਿਸਨੇ ਬਣਾਇਆ ਹੈ ਸਾਡੇ ਤ੍ਰੀਕੇ ਨਾਲ ਨਹੀਂ ਬਣਾਇਆ, ਜਿਸ ਤਰ੍ਹਾਂ ਆਪ ਅਗੰਮ ਹੈ ਉਸ ਤਰ੍ਹਾਂ ਉਸ ਦਾ ਉਹ ਤ੍ਰੀਕਾ[1] ਬੀ ਅਗੰਮ ਹੈ, ਸਾਡੀ ਮਨ ਬੁਧਿ ਤੋਂ ਪਰੇ ਹੈ, ਅਸੀਂ ਜਿਸ ਬਨਾਉਣ ਨੂੰ ਵਿਕਾਰ ਦੀ ਇੱਛਾ ਆਖਦੇ ਹਾਂ ਉਹ ਉਥੇ ਨਹੀਂ, ਸਾਡੀ ਦੇਸ਼ ਕਾਲ ਵਾਲੀ ਇਛਾ ਦਾ ਉਥੇ ਨਿਵਾਸ ਨਹੀਂ। ਓਥੇ ਜੀਕੂੰ ਅਨੰਦ ਹੈ, ਪਰ ਉਹ ਅਨੰਦ ਨਹੀਂ ਜਿਸ ਦੇ ਅਸੀਂ ਵਾਕਫ ਹਾਂ, ਹਾਂ, ਸਾਡਾ ਅਨੰਦ ਜੋ ਅਨੰਦ ਕਿ ਅਨੰਤ ਨਹੀਂ ਇਸੇ ਤਰ੍ਹਾਂ ਉਥੇ 'ਬਨਾਉਣਾ' ਹੈ, ਪਰ ਉਹ ਬਨਾਉਣਾ ਅਨੰਤੀ ਕ੍ਰਿਸ਼ਮਾਂ ਹੈ, ਸਾਡੀ ਮਨ ਬੁਧੀ ਤੋਂ ਅਗੰਮ ਹੈ ਉਥੇ ਜੋ ਸ਼ਕਤੀ ਸਿਰਜਣਹਾਰ ਤੇ ਪਾਲਣਹਾਰ ਹੈ ਉਹ ਉਸ ਅਨੰਤ ਦਾ 'ਹੁਕਮ' ਹੈ। ਇਹ ਸਾਰਾ 'ਕ੍ਰਿਸ਼ਮਾਂ' 'ਹੁਕਮ' ਦਾ ਹੈ, ਪਰ ਹੁਕਮ ਵੀ ਅਵਰਣਨ ਹੈ, ਕਿਹਾ ਨਹੀਂ ਜਾ ਸਕਦਾ। ਜੀਕੂੰ 'ਹੁਕਮੀ ਨਹੀਂ ਕਿਹਾ ਜਾ ਸਕਦਾ, ਉੱਕਰ 'ਹੁਕਮ' ਨਹੀਂ ਕਿਹਾ ਜਾ ਸਕਦਾ[1]; ਉਸ ਹੁਕਮ ਨੇ ਇਹ ਸਾਰਾ ਆਕਾਰ ਪੈਦਾ ਕੀਤਾ ਹੈ[2]।

ਗੱਲ ਕੀ ਸਤਿਗੁਰ ਨੇ ਫਿਲਾਸਫੀ ਵਿਚ ਇਕ ਨੁਕਤਾ ਹੋਰ ਪਾਯਾ ਕਿ ਉਸ ਅਨੰਤ ਵਿਚ ਉਸ ਦੇ 'ਸਾਰੇ ਦੇ ਸਾਰੇ' ਨੂੰ ਉਸ ਦੇ 'ਸਰੂਪ' ਨੂੰ ਕਿ 'ਕ੍ਰਿਯਾ' ਨੂੰ, ਸਾਰੇ ਨੂੰ ਅਗੰਮ ਮੰਨੋ, ਆਪਣੀ ਬੁਧਿ ਦੀ ਗੰਮਤਾ ਤੋਂ ਪਰੇ। ਇਹ ਭੁੱਲ ਕਿਉਂ ਕਰਦੇ ਹੋ ਕਿ ਉਸਦੇ 'ਸਰੂਪ' ਨੂੰ ਤਾਂ ਅਗੰਮ ਆਖਦੇ ਹੋ, ਪਰ ਉਸ ਦੇ 'ਹੁਕਮ' ਨੂੰ ਆਪਣੇ ਹੁਕਮ ਦਾ ਦਰਜਾ ਦੇਕੇ ਵਿਕਾਰੀ ਬਣਾ ਦੇਂਦੇ ਹੋ। ਉਸ ਦਾ ਹੁਕਮ ਬੀ ਅਗੰਮ ਹੈ, ਅਵਿਕਾਰੀ ਹੈ, ਅਰੂਪ ਹੈ। ਉਹ ਆਪ ਸਚ ਹੈ, ਉਸ ਦਾ ਹੁਕਮ ਭੀ ਸੱਚ ਹੈ[3]; ਅਰਥਾਤ ਜਿਸ ਤਰ੍ਹਾਂ ਉਹ ਆਪ ਕੇਵਲ ਸੱਚ ਹੈ, ਇਸੀ ਤਰ੍ਹਾਂ ਉਸਦੇ 'ਹੁਕਮ', ਕਰਨੇ, ਫੁਰਨੇ, ਬੀਚਾਰ ਸੱਚ ਹਨ, ਨਿਰੋਲ ਸੱਚ ਹਨ। ਤੂੰ ਰੱਬ ਦਾ ਸਰੂਪ ਵਰਣਨ ਕਰਨ ਵੇਲੇ ਉਸ ਨੂੰ 'ਸੱਚ' ਆਖਦਾ ਹੈਂ, ਪਰ ਜਦ ਉਸ ਦੇ ਹੁਕਮ, ਫੁਰਮਾਨ ਦਾ ਜ਼ਿਕਰ ਕਰੇਂ ਤਾਂ ਉਸ ਨੂੰ ਸੱਚ ਕਿਉਂ ਨਹੀਂ ਕਹਿੰਦਾ? ਉਸਨੂੰ ਆਪਣੇ ਹੁਕਮ ਵਾਂਗੂੰ ਤ੍ਰਿਸ਼ਨਾ ਦੀ ਸ਼ੈ ਕਿਉ ਵਰਣਨ ਕਰਦਾ ਹੈਂ? 'ਹੁਕਮੀ' ਭੀ 'ਸੱਚ' ਹੈ, 'ਹੁਕਮ' ਬੀ 'ਸੱਚ' ਹੈ। 'ਹੁਕਮੀ 'ਹੁਕਮ' ਸਭ ਦਾ ਸਰੂਪ ਕੇਵਲ ਤ੍ਰੈ ਕਾਲ ਅਬਾਧ ਰੂਪ ਸੱਚ ਹੈ। ਜੋ ਸੱਚ ਹੈ ਉਹ ਵਿਕਾਰੀ ਨਹੀਂ ਕਿਹਾ ਜਾ ਸਕਦਾ।

ਫ਼ਿਲਾਸਫਰ ਦੀ ਮੁਸ਼ਕਲ ਹੱਲ ਹੋ ਗਈ। ਹੁਣ ਫਕੀਰ ਨੂੰ ਸਤਿਗੁਰ ਆਖਦਾ ਹੈ ਕਿ ਤੂੰ ਆਪਣੇ ਰੱਬ ਵਿਚ ਕਰਤਾਰਤਾ, ਪਾਲਣਤਾ ਤੇ ਮਿਹਰ ਮੁਹੱਬਤ ਨੂੰ ਆਪਣੀਆਂ ਕਰਨੀਆਂ ਨਾਲ ਕਿਉਂ ਮੁਦਰਸ਼ਤਾ ਦੇ ਰਿਹਾ ਹੈਂ? ਤੂੰ ਅੰਤ ਵਿਚ, ਓਹ ਅਨੰਤ, ਭਾਂਡਾ ਕੀ ਜਾਣੇ ਘੁਮਿਆਰ ਦੀ ਸਾਰ ਨੂੰ[1]। ਤੂੰ ਕਹੁ ਓਹ ਕਰਤਾ, ਹੈ, ਪਾਲਣਹਾਰ ਹੈ, ਮਿਹਰ ਮੁਹੱਬਤਾਂ ਦਾ ਸਾਂਈਂ ਹੈ, ਉਸ ਨੂੰ ਜੰਮਣ ਮਰਨ ਹਾਰਾਂ ਵਾਂਗੂੰ ਦਾ ਕਿਉਂ ਸਮਝਦਾ ਹੈਂ? ਕਹੁ ਉਹ ਮਿਹਰਾਂ ਵਾਲਾ ਹੈ, ਪਰ ਨਾਲ ਕਹੁ ਕਿ ਇਹ ਸਭ ਕੁਝ ਉਸ ਵਿਚ ਕਿਵੇਂ ਦਾ ਹੈ, ਮੈਂ ਨਹੀਂ ਜਾਣ ਸਕਦਾ। ਮੈਂ ਇਹ ਸਮਝਦਾ ਹਾਂ ਕਿ ਸਾਰੇ ਸ਼ੁਭ ਗੁਣਾਂ ਦਾ ਉਸ ਵਿਚ ਵਾਸ ਹੈ, ਪਰ ਮੇਰੇ ਵਾਂਗੂੰ ਉਸਦੇ ਗੁਣ ਪ੍ਰਣਾਮੀ ਨਹੀਂ, ਉਸ ਵਿਚ ਸਭ ਕੁਛ ਕਿਵੇਂ ਹੋਰਵੇਂ ਹੈ, ਜਿਥੇ ਮੇਰੀ ਅਕਲ ਦੀ ਪਹੁੰਚ ਨਹੀਂ। ਗਾਂ ਵੱਛੇ ਨੂੰ ਪਿਆਰ ਕਰਦੀ ਹੋਈ ਉਸ ਪਿਆਰ ਦੀ ਸਾਰ ਨੂੰ ਨਹੀਂ ਜਾਣਦੀ, ਜੋ ਪਿਆਰ ਕਿ ਇਕ ਸ਼ਹੀਦ ਆਪਣੇ ਦੇਸ਼ ਦੀ ਖ਼ਾਤਰ ਸੀਸ ਦੇਂਦਾ ਕਰ ਜਾਂਦਾ ਹੈ। ਗਾਂ ਵਿਚ ਪਿਆਰ ਹੈ, ਪਰ ਗਾਂ ਸੁਰਤ ਵਿਚ ਨੀਵੀਂ ਹੋਣ ਕਰਕੇ ਸ਼ਹੀਦ ਦੇ ਪਿਆਰ ਨੂੰ ਨਹੀਂ ਸਮਝ ਸਕਦੀ। ਕੀਕੂੰ ਹੋ ਸਕਦਾ ਹੈ ਕਿ ਇਕ ਟਿੰਡ ਆਪਣੇ ਕਰਤਾ ਘੁਮਿਆਰ ਦੀ 'ਚੇਤਨ ਪ੍ਰੀਤ ਸ਼ਕਤੀ' ਨੂੰ ਸਮਝ ਸਕੇ। ਇਸੀ ਤਰ੍ਹਾਂ ਤੇਰੇ ਰੱਬ ਅਗੰਮ-ਦੀਆਂ ਸ਼ਕਤੀਆਂ ਦਾ ਖੇਲਨਾ ਅਗੰਮ ਹੈ, ਤੇਰੇ ਦੇਸ਼ ਕਾਲ ਵਾਲੇ ਤਜਰਬਿਆਂ ਵਾਲੇ ਗਿਆਨ ਤੋਂ ਵਖਰਾ ਹੈ। ਤੇਰਾ ਰੱਬ ਹੈ ਗੁਣ ਸਾਗਰ, ਮਿਹਰ ਸਾਗਰ, ਪਿਆਰ ਪੁੰਜ ਦਿਆਲੂ, ਪਰ ਹੈ ਅਰੂਪ, ਅਰੇਖ, ਅਨੰਤ'।

---

[1] ਹੁਕਮੁ ਨ ਕਹਿਆ ਜਾਈ॥ {ਜਪੁਜੀ}

[2] ਹੁਕਮੀ ਹੋਵਨਿ ਆਕਾਰ॥ {ਜਪੁਜੀ}

[3] ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ {ਆਸਾ ਦੀ ਵਾਰ}
ਤਥਾ-ਸਚੇ ਤੇਰੇ ਕਰਣੇ ਸਰਬ ਬੀਚਾਰ॥ {ਆਸਾ ਦੀ ਵਾਰ}

---

[1] ਪੰਜਵੇਂ ਸਤਿਗੁਰ ਨੇ ਬੀ ਕਿਹਾ ਹੈ-
ਕਰਤੇ ਕੀ ਮਿਤਿ ਨ ਜਾਨੈ ਕੀਆ॥ {ਰਾਮ:ਮ:੧}

ਹੁਣ ਵੇਖੋ ਫਕੀਰ ਦਾ ਖਿਆਲ ਉੱਚਾ ਹੋ ਗਿਆ, ਫਿਲਾਸਫਰ (ਦਾਰਸ਼ਨਿਕ) ਦੇ ਖਿਆਲ ਵਿਚ ਗ਼ਲਤੀ ਸੀ ਸੋ ਨਿਕਲ ਗਈ, ਦੁਹਾਂ ਵਿਚ ਪੁਲ ਬੱਝ ਗਿਆ, ਫਿਲਾਸਫੀ (ਦਰਸ਼ਨ ਵਿੱਦਜਾ) ਤੇ ਧਰਮ ਰਲ ਟੁਰੇ, ਗੁਰੂ ਨਾਨਕ ਦੇਵ ਦਾ ਧਰਮ ਸਰਬਕਾਲੀ ਧਰਮ ਹੋ ਗਿਆ।

ਹੁਣ ਤੱਕੋ ਸਤਿਗੁਰ ਦਾ ਅਮਲੀ ਤਰੀਕਾ: ਫਿਲਾਸਫਰਾਂ ਨੇ ਕੇਵਲ ਇਹ ਨਿਸਚੇ ਕੀਤਾ ਕਿ ਵਾਹਿਗੁਰੂ ਦੇਸ਼ ਕਾਲ ਨਮਿਤ ਤੋਂ ਪਾਰ ਹੈ ਤੇ ਅਸੀਂ ਦੇਸ਼ ਕਾਲ ਦੇ ਵਿਚ ਹਾਂ ਤੇ ਸਾਡਾ ਉਸ ਵਿਚ ਮੇਲ ਇਸ ਵਿੱਥ ਨੇ ਰੋਕ ਰੱਖਿਆ ਹੈ; ਪਰ ਸਤਿਗੁਰ ਨਾਨਕ ਨੇ ਸਿਖਾਇਆ ਕਿ ਨਾਮ, ਲਿਵ ਤੇ ਰਜ਼ਾ ਦਾ ਅਮਲ ਧਾਰੋ; ਕਾਲ, ਦੇਸ਼, ਨਮਿੱਤ ਤ੍ਰੈਏ ਉਪਾਧੀਆਂ ਮਿਟਕੇ ਤੁਸੀਂ ਅਨੰਤ ਦੇ ਦ੍ਵਾਰੇ ਜਾ ਅੱਪੜੋਗੇ।

'ਨਾਮ' ਨਾਲ 'ਕਾਲ'[1] ਦੀ ਕੈਦ ਟੁੱਟਦੀ ਹੈ। 'ਲਿਵ' ਨਾਲ 'ਦੇਸ਼'[2] ਦੀ ਉਪਾਧੀ ਮਿਟਦੀ ਹੈ। 'ਰਜ਼ਾ' ਨਾਲ 'ਨਮਿੱਤ'[3] ਦੀ ਬੰਦ ਕਟਦੀ ਹੈ। [4]ਇਸ ਅਮਲ ਨੂੰ ਧਾਰਨ ਨਾਲ ਫਿਲਾਸਫਰ ਉਸ ਅਵਸਥਾ ਵਿਚ ਅਮਲੀ ਤੌਰ ਤੇ ਪੁੱਜ ਜਾਂਦਾ ਹੈ ਜਿਸਨੂੰ ਕਿ ਪਹਿਲਾਂ ਅਕਲ ਨਾਲ ਅਨੁਮਾਨ ਕਰਦਾ ਸੀ। ਹਾਂ, ਜਿਥੇ ਕਿ ਫਕੀਰ ਬੰਦਗੀ ਨਾਲ ਪੁਜਦਾ ਹੈ।

ਫਕੀਰ ਇਹੋ ਹੀ ਅਮਲ ਕਰੇਗਾ ਤਾਂ ਉਸ ਦੀ ਸਾਰੀ ਬੰਦਗੀ ਹੋ ਗਈ। ਭਾਵ ਧਾਰਕੇ ਨਾਮ ਜਪੇ ਤਾਂ ਉਹ ਆਪਣੇ ਅੰਦਰ ਆਪਣੇ ਪੂਜ ਦਾ ਪਿਆਰ ਪੈਦਾ ਕਰ ਰਿਹਾ ਹੈ, ਕਿਉਂਕਿ ਜਿਸ ਦਾ ਤੁਸੀਂ ਨਾਮ ਜਪੋਗੇ ਉਸ ਨੂੰ ਤੁਹਾਡਾ ਮਨ ਅਮਲੀ ਸੂਰਤ ਵਿਚ ਯਾਦ ਕਰ ਰਿਹਾ ਹੈ; ਜਿਸਨੂੰ ਤੁਸੀਂ ਸਦਾ ਯਾਦ ਰਖੋਗੇ ਉਸ ਨਾਲ ਤੁਹਾਡਾ ਪਿਆਰ ਹੋ ਜਾਵੇਗਾ, ਕਿਉਂਕਿ ਜਦ ਤੁਹਾਡਾ ਕਿਸੇ ਨਾਲ ਪਿਆਰ ਹੋਵੇ ਤੁਹਾਨੂੰ ਉਹ ਭੁੱਲਦਾ ਨਹੀਂ ਤੇ ਜੇ ਤੁਸੀਂ ਕਿਸੇ ਨੂੰ ਭੁਲਾਵੋ ਨਾ, ਸਿਫਤ ਸਲਾਹ ਨਾਲ ਯਾਦ ਹੀ ਰਖੋ ਤਾਂ ਤੁਹਾਡੇ ਅੰਦਰ ਉਸ ਲਈ ਪਿਆਰ ਬੱਝ ਜਾਇਗਾ ਸਾਰੀਆਂ ਇਬਾਦਤਾਂ ਭਗਤੀਆਂ, ਉਪਾਸਨਾਂ ਦਾ ਮੂਲ ਪ੍ਰੇਮ ਹੈ, ਪ੍ਰੇਮ ਦਾ ਇਕ ਸਰੂਪ ਨਾਮ ਹੈ, ਯਾਦ ਹੈ, ਸੋ ਸਤਿਗੁਰ ਨੇ ਫਕੀਰ ਨੂੰ ਕਿਹਾ:-

> 'ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ {ਜਪੁਜੀ}

ਫਿਰ ਸਤਿਗੁਰ ਨੇ ਸਿੱਖ ਨੂੰ ਕਿਹਾ: ਵਾਹਿਗੁਰੂ ਧਿਆਨੀ ਹੋਹੁ। ਆਪਣੇ ਅੰਦਰ ਜਗਤ ਦੇ ਨਕਸ਼ੇ ਨਾ ਵਾਹ; ਜਿੱਕੁਰ ਸ਼ੀਸ਼ੇ ਵਿਚੋਂ ਪਰਛਾਂਵਾਂ ਲੰਘਦਾ ਹੈ, ਕੋਈ ਉਥੇ ਨਕਸ਼ ਨਹੀਂ ਪਾ ਜਾਦਾ, ਇਕੁਰ ਜਗਤ ਵਿਚ ਵਿਦਰਦਿਆਂ ਤੇਰੇ ਦਿਲ ਪਰ ਕੋਈ ਸ਼ੈ ਆਪਣਾ ਅਕਸ ਉਕੇਰ ਨਾ ਜਾਵੇ। ਬਸ ਸ਼ੀਸ਼ੇ ਵਿਚੋਂ ਲੰਘਣ ਵਾਂਗ ਹਰ ਨਕਸ਼ ਲੰਘ ਜਾਵੇ ਦਿਲ ਦੇ ਸ਼ੀਸ਼ੇ ਵਿਚ ਅਕਸ ਇਕ ਵਾਹਿਗੁਰੂ ਦੀ ਹੋਂਦ ਦਾ ਨਕਸ਼ ਪਾਵੇ। ਇਸ ਤ੍ਰੀਕੇ ਨਾਲ ਪਿਆਰ ਹੋਰ ਵਧਿਆ। ਜਿਸ ਦੀ ਯਾਦ ਤੇ ਹੋਂਦ ਦਾ ਅਕਸ ਅੰਦਰ ਆ ਗਿਆ ਓਹ ਪ੍ਰੀਤਮ ਹੋ ਗਿਆ, ਇਸ ਦੇ ਅੱਗੇ ਕੀਰਤਨ ਕਰ, ਇਸੇ ਦੀ ਸਿਫਤ ਸਲਾਹ ਕਰ, ਇਸੇ ਅਗੇ ਬਿਨੈ ਕਰ।

ਪਿਆਰ ਵਿਚ ਪਿਆਰੇ ਨਾਲ ਕਦੇ ਰੁੱਸੀ ਦਾ ਨਹੀਂ ਜੋ ਦੁਖ ਸੁਖ ਤੈਨੂੰ ਵਾਪਰੇ ਉਸ ਨੂੰ ਰਜ਼ਾ ਸਮਝ। ਪ੍ਰੀਤਮ ਨਾਲ ਕਦੇ ਅਸ਼ਾਂਤ, ਗੁੱਸੇ, ਰੁੱਸੇ ਨਹੀਂ ਹੋਣਾ, ਨਹੀਂ ਤਾਂ ਪ੍ਰੀਤ ਤਾਰ ਟੁੱਟ ਜਾਂਦੀ ਹੈ। ਰਜ਼ਾ ਤੇ ਰਹੇਂਗਾ ਤਾਂ ਨਾਮ ਨਾਲ ਚਿਤ ਦੀ ਜੋ ਸ਼ੁਧੀ ਤੇ ਏਕਾਗ੍ਰਤਾ ਬਣੀ ਹੈ ਤੇ ਉਮਾਹ ਆਇਆ ਹੈ ਕਾਇਮ ਰਹੇਗਾ, ਸੋ ਜਦੋਂ 'ਨਾਮ' (ਯਾਦ) ਹੋਂਦ ਦਾ ਅਕਸ ਯਾ 'ਸਹਜ ਧਿਆਨ ਤੇ ਰਜ਼ਾ' ਤ੍ਰੈਏ ਆ ਗਏ, ਪੂਰਨ ਲਿਵ ਲੱਗ ਗਈ। ਲਿਵ ਲੱਗੀ ਤੇ ਹਉਮੈਂ ਕਟੀ ਗਈ, ਮਾਇਆ ਬਿਲਾ ਗਈ, ਫੇਰ ਵਾਹਿਗੁਰੂ ਵਿਚ ਸਮਾਈ। ਓਹੋ ਨਾਮ, ਸਹਜ ਧਜਾਨ, ਰਜ਼ਾ ਫਿਲਾਸਫਰ ਨੂੰ ਆਪਣੇ ਨੁਕਤੇ ਤੋਂ, ਉਹੋ ਫਕੀਰ ਨੂੰ ਆਪਣੇ ਨੁਕਤੇ ਤੋਂ ਅਮਲੀ ਤੌਰ ਤੇ 'ਅਨੰਤ' ਵਿਚ ਲੈ ਗਏ।

{ਸੰਨਿਆਸੀ ਤੇ ਗ੍ਰਿਹਸਤੀ}

ਉਸ ਅਗੰਮ ਸ਼ਕਤੀ ਤੋਂ ਉਤਰਕੇ (ਜਿਸ ਦੇ ਕ੍ਰਿਸ਼ਮੇ ਵਿਚ ਇਹ ਸਾਰਾ ਪਸਾਰਾ ਨਜ਼ਰ ਆ ਰਿਹਾ ਹੈ, ਜੋ ਹਰ ਸ਼ੈ ਦੀ ਤਹਿ ਵਿਚ ਹੈ, ਜੋ ਸੂਖਮ

---

[1] Time [2] Space, [3]Casuality,

[4] ਇਸ ਦੇ ਵਿਸਥਾਰ ਲਈ ਦੇਖੋ ਲੇਖ 'ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ॥" ਜੋ ਇਸ ਪ੍ਰਸੰਗ ਤੋਂ ਅਗੇ ਇਸੇ ਪੁਸਤਕ ਵਿਚ ਹੈ। {ਪੰਨਾ ੩੯੩}

ਆਧਾਰ ਹੈ ਤੇ ਜੋ ਸਭ ਦੀ ਟੋਰਨਹਾਰ ਹੈ, ਜਿਸ ਦੀ ਹੋਂਦ ਹਰ ਇਨਸਾਨ ਦੇ ਅੰਦਰ ਉਸ ਦੇ ਅੰਦਰਲੇ ਤੋਂ ਪਈ ਝਲਕਦੀ ਹੈ) ਆਦਮੀ ਨੂੰ ਆਦਮੀ ਨਾਲ ਵਾਸਤਾ ਪੈਂਦਾ ਹੈ। ਅਰਥਾਤ ਵਾਹਿਗੁਰੂ ਨਾਲ ਸੰਬੰਧ ਤੋਂ ਉਤਰਕੇ ਆਦਮੀ ਨੂੰ ਦੂਸਰਾ ਵਾਸਤਾ ਆਦਮੀ ਨਾਲ, ਅਰਥਾਤ ਸ੍ਰਿਸ਼ਟੀ ਨਾਲ ਪੈਂਦਾ ਹੈ, ਇਹ ਵਾਸਤਾ ਹੀ ਅਸਲ ਵਿਚ ਭਾਈ ਚਾਰੇ ਦੀ ਨੀਂਹ ਹੈ।

ਪੂਰਬ ਤੇ ਪੱਛਮ ਵਿਚ ਧਰਮ ਦੇ ਨੁਕਤੇ ਤੋਂ ਭਾਈ ਚਾਰੇ (ਸੁਸੈਟੀ) ਦੇ ਸੰਬੰਧ ਵਿਚ ਅੱਡ ਅੱਡ ਖਿਆਲ ਰਹੇ ਹਨ।

ਹਿੰਦੁਸਤਾਨ ਵਿਚ ਜਿਥੇ ਫਿਲਾਸਫ਼ੀ ਤੇ ਧਰਮ ਨੇ ਸਭ ਤੋਂ ਵਧੀਕ ਤ੍ਰੱਕੀ ਕੀਤੀ ਹੈ, ਉੱਚੇ ਤੋਂ ਉੱਚਾ ਖਿਆਲ 'ਸੰਨਿਆਸ' ਦਾ ਹੈ ਕਿ ਪੂਰਨ ਸੁਖ ਤੇ ਟਿਕਾਉ ਦੀ ਪ੍ਰਾਪਤੀ ਲਈ ਸਭ ਤੋਂ ਜੁਦਾ ਹੋ ਜਾਣਾ, ਸਭ ਸੰਬੰਧ ਤੋੜ ਦੇਣੇ, ਜ਼ਰੂਰੀ ਹਨ। ਚਾਹੇ ਕੋਈ ਤਰੀਕਾ ਹੋਵੇ, ਚਾਹੇ ਉਸ ਦਾ ਕੋਈ ਨਾਮ ਹੋਵੇ, ਪਰ ਸਭ ਦੀ ਸਿਧਾਂਤਵੀਂ ਗੱਲ ਇਹ ਸੰਨਿਆਸ ਹੈ ਤੇ ਇਸ ਦਾ ਫਲ ਅਮਲੀ ਤੌਰ ਤੇ ਇਹ ਹੋਇਆ ਕਿ ਉੱਚੇ ਖਿਆਲ ਵਾਲੇ, ਧਰਮ ਵਾਲੇ ਤੇ ਚੰਗੇ ਪੁਰਖ (ਸੁਸੈਟੀ) ਭਾਈਚਾਰੇ ਵਿਚੋਂ ਨਿਕਲ ਜਾਣ, ਮਲਾਈ ਮਲਾਈ ਜੰਗਲਾਂ ਵਿਚ ਟੁਰ ਜਾਵੇ ਤੇ ਫੋਕਾ ਦੁਧ ਪਿਛੇ ਰਹਿ ਜਾਵੇ, ਇਸ ਨਾਲ ਭਾਈ ਚਾਰਾ ਨੀਵੀਂ ਕਿਸਮ ਦਾ ਆਪੇ ਹੀ ਰਹਿ ਗਿਆ, ਕਿਉਂਕਿ ਭਾਈਚਾਰੇ ਦਾ ਕਮਾਲ ਇਸ ਦੇ ਕਾਮਲ ਬੰਦਿਆਂ ਦੇ ਇਸ ਦੇ ਵਿਚ ਹੋਣ ਤੇ ਨਿਰਭਰ ਰਖਦਾ ਹੈ। ਜੇ ਚੰਗੇ ਚੰਗੇਰੇ ਬਨਾਂ ਨੂੰ ਟੁਰ ਜਾਣ ਤਾਂ ਪਿਛੇ ਰਹੇ ਸਾਧਾਰਨ ਬੰਦੇ ਦੁਖਾਂ ਦਾ ਸ਼ਿਕਾਰ ਬਣਨਗੇ।

ਦੋ ਇਕ ਸਦੀਆਂ ਤੋਂ ਪੱਛਮੀ ਦੇਸ਼ਾਂ ਵਿਚ ਜੋ ਖਿਆਲ ਪਲੇ ਹਨ ਉਹਨਾਂ ਨੇ ਕਿਆ ਧਰਮ ਦੇ ਨੁਕਤੇ ਤੋਂ ਕਿਆ ਭਾਈਚਾਰਕ ਵਿਦਯਾ ਦੇ ਨੁਕਤੇ ਤੋਂ, ਇਹ ਗੱਲ ਸਿਖਾਈ ਹੈ ਕਿ ਪੁਰਖ ਦਾ 'ਮਜ਼ਹਬ' 'ਪਿਆਰ' ਤੇ 'ਫਰਜ਼' ਇਹ ਹੈ ਕਿ ਇਨਸਾਨੀਅਤ (ਹਯੂਮੈਨਿਟੀ) ਮਨੁੱਖ ਮਾਤ੍ਰ ਦੀ ਸੇਵਾ ਕਰੇ। ਭਾਈਚਾਰੇ ਦਾ ਵਧੀਕ ਤੋਂ ਵਧੀਕ ਸੁਖ ਲੋਚਨਾਂ ਇਹ ਇਖ਼ਲਾਕ ਹੈ, ਭਾਈਚਾਰੇ ਦੇ ਸੁਖ ਵਿਚ ਕੁਰਬਾਨ ਹੋਣਾ ਇਹ ਪ੍ਰੇਮ ਦੀ ਅਵਧੀ ਹੈ, ਭਾਈਚਾਰੇ ਦੇ ਸੁਖ ਵਿਚ ਯਤਨ ਕਰਨਾ ਇਹ ਪਦਾਰਥਕ ਤੇ ਪਰਸਪਰ ਸੁਖਦਾਈ ਹਾਲਤ ਪੈਦਾ ਕਰਨ ਦੀ ਵਿਦਯਾ ਤੇ ਹੁਨਰ ਹੈ ਤੇ ਇਹ ਵਾਂਛਤ ਫਲ ਮਨੁਖ ਦੇ ਜੀਵਨ ਦਾ ਹੈ। ਇਹ ਕੁਛ ਹੈ ਜੋ ਇਸ ਵੇਲੇ ਸਾਰੇ ਸੱਭਯ ਸੰਸਾਰ ਵਿਚ ਆਦਰਸ਼ ਬਣ ਰਿਹਾ ਹੈ।

ਕਿਉਂਕਿ ਇਸ ਆਦਰਸ਼ ਵਿਚ ਨੇੜੇ ਦਾ ਸੁਖ ਹੈ, ਇਸ ਲਈ ਇਹ ਦਿਲਾਂ ਨੂੰ ਭਾਉਂਦਾ ਤੇ ਪ੍ਰਿਯ ਲਗਦਾ ਹੈ। ਹਿੰਦੁਸਤਾਨ ਵਿਚ ਇਹ ਖਿਆਲ ਸੰਨਿਆਸ ਦੇ ਖਿਆਲ ਨੂੰ ਵਿਧ੍ਵੰਸ ਕਰ ਰਿਹਾ ਹੈ। ਲੋਕੀ ਸੰਨਿਆਸ ਦੇ ਖਿਆਲ ਨੂੰ ਖ਼ੁਦਕੁਸ਼ੀ ਕਹਿ ਰਹੇ ਹਨ ਅਤੇ ਦੱਸ ਰਹੇ ਹਨ ਕਿ ਹਿੰਦੁਸਤਾਨ ਦੀ ਸੁਸੈਟੀ ਨੂੰ ਸੰਨਿਆਸ ਦੇ ਖਿਆਲ ਤੋਂ ਨੁਕਸਾਨ ਪੁੱਜਾ ਹੈ। ਪਰੰਤੂ ਗੁਰੂ ਨਾਨਕ ਦੇਵ ਦੇ ਸਰਬ ਕਾਲੀ ਧਰਮ ਨੂੰ ਇਹ ਨਵਾਂ ਆਇਆ ਪ੍ਰਦੇਸੀ ਖਿਆਲ ਸੱਟ ਨਹੀਂ ਮਾਰਦਾ, ਕਿਉਂਕਿ ਉਹਨਾਂ ਨੇ ਅੱਜ ਤੋਂ ਸਾਢੇ ਚਾਰ ਸੋ ਬਰਸ[1] ਪਹਿਲਾਂ, ਜਦੋਂ ਯੂਰਪ ਭੀ ਮਸਲੇਬਾਜ਼ੀ ਦੇ ਜੰਗਾਂ ਵਿਚ ਖੂਨ ਦੀਆਂ ਨਦੀਆਂ ਵਹਾ ਰਿਹਾ ਸੀ, ਇਸ ਮਾਮਲੇ ਨੂੰ ਦਰੁਸਤ ਕਰ ਦਿੱਤਾ ਸੀ। ਦੇਖੋ ਜਦੋਂ ਆਪ ਸੁਮੇਰ ਗਏ ਤਾਂ ਸਿੱਧਾਂ ਨਾਲ ਗਲ ਬਾਤ ਹੋਈ ਤਾਂ ਆਪ ਨੇ ਉਹਨਾਂ ਦੇ ਸੰਨਿਆਸ ਨੂੰ ਭਾਈਚਾਰੇ ਲਈ ਸਖਤ ਹਾਨੀਕਾਰਕ ਦੱਸਿਆ ਤੇ ਐਉਂ ਆਖਿਆ-

ਉਸ ਵੇਲੇ ਦੀ ਸੁਸਾਇਟੀ (ਭਾਈਚਾਰੇ) ਦੀ ਦਸ਼ਾ ਦਾ ਨਕਸ਼ਾ ਹੈ

ਕਲ ਆਈ ਕੁਤੇ ਮੁਹੀ ਖਾਜੁ ਹੋਆ
ਮੁਰਦਾਰ ਗੁਸਾਈ ॥ ਰਾਜੇ ਪਾਪ ਕਮਾਵਦੇ
ਉਲਟੀ ਵਾੜ ਖੇਤ ਕਉ ਖਾਈ ॥ ਪਰਜਾ
ਅੰਧੀ ਗਯਾਨ ਬਿਨੁ ਕੂੜੁ ਕੁਸੱਤਿ ਮੁਖਹੁ
ਆਲਾਈ ॥ ਚੇਲੇ ਸਾਜ ਵਜਾਇਦੇ ਨਚਨਿ
ਗੁਰੂ ਬਹੁਤੁ ਬਿਧਿ ਭਾਈ ॥ ਸੇਵਕ ਬੈਠਨਿ
ਘਰਾਂ ਵਿਚਿ ਗੁਰ ਉਠ ਘਰੀ ਤਿਨਾੜੇ
ਜਾਈ ॥ ਕਾਜੀ ਹੋਏ ਰਿਸ਼ਵਤੀ ਵਢੀ ਲੈਕੇ
ਹਕ ਗਵਾਈ ॥ ਇਸਤ੍ਰੀ ਪੁਰਖੈ ਦਾਮ
ਹਿਤ ਭਾਵੈ ਆਇ ਕਿਥਾਊ ਜਾਈ ॥
ਵਰਤਿਆ ਪਾਪ ਸਭਸ ਜਗ ਮਾਂਹੀ ॥

{ਵਾਰਾਂ ਭਾਈ ਗੁਰਦਾਸ ਜੀ}

ਇਹ ਹਾਲਤ ਹਿੰਦੁਸਤਾਨ ਦੇ ਭਾਈਚਾਰੇ (ਸੁਸੈਟੀ) ਦੀ ਦੱਸਕੇ ਕਿ ਇਸਤ੍ਰੀ ਪੁਰਖ ਦਾ

---

[1] ਇਹ ਲੇਖ ੧੯੧੪ ਈ:-ਵਿਚ ਲਿਖਿਆ ਗਿਆ ਸੀ।

ਪਿਆਰ ਤਾਂ ਪੈਸੇ ਦਾ ਪਿਆਰ ਰਹਿ ਗਿਆ ਹੈ, ਰਾਜੇ ਪਾਪ ਕਰਦੇ ਹਨ, ਹਾਕਮ ਰਿਸ਼ਵਤੀ ਹਨ, ਭਾਈਚਾਰੇ ਵਿਚੋਂ ਇਖ਼ਲਾਕ ਗਿਰ ਗਿਆ ਹੈ ਦੱਸਕੇ ਸਤਿਗੁਰ ਨੇ ਜਿਮੇਵਾਰ ਓਨ੍ਹਾਂ ਨੂੰ ਠਹਿਰਾਇਆ ਤੇ ਆਖਿਆ:-

'ਸਿੱਧ ਛਪਿ ਬੈਠੇ ਪਰਬਤੀ ਕਉਣੁ ਜਗਤਿ
ਕਉ ਪਾਰਿ ਉਤਾਰਾ।' (ਭਾ: ਗੁ:)

ਜਿਨ੍ਹਾਂ ਵਿਚ ਸਿੱਧਤਾ ਅਰਥਾਤ ਖ਼ੂਬੀਆਂ ਦੀ ਪੂਰਨਤਾ ਸੀ ਅਰਥਾਤ ਚੰਗੇ ਆਦਮੀ ਧਰਮ ਦੇ ਮਗਰ ਲੱਗਕੇ ਤਯਾਗ ਜ਼ਰੂਰੀ ਸਮਝਕੇ ਪਰਬਤਾਂ ਤੇ ਜਾ ਬੈਠੇ ਤਾਂ ਪਿੱਛੇ ਬੁਰਾ ਹਾਲ ਹੋਣਾ ਹੀ ਸੀ। ਜਦ ਉਹ ਸੰਨਿਆਸ ਕਰ ਗਏ, ਪਿਛੇ ਜੋ ਸਾਧਾਰਣ ਲੋਕਾਂ ਦਾ ਅਰ ਗੁਣ ਹੀਨ ਲੋਕਾਂ ਦਾ ਭਾਈਚਾਰਾ ਰਹਿ ਗਿਆ ਸੋ ਗਿਰ ਗਿਆ ਹੈ।

ਸੰਨਿਆਸ ਦਾ ਇਹ ਨੁਕਸਾਨ ਸਤਿਗੁਰਾਂ ਨੇ ਤਦੋਂ ਹੀ ਦੱਸ ਦਿੱਤਾ ਸੀ, ਪਰ ਸੰਨਿਆਸ ਵਿਚ ਇਕ ਖ਼ੂਬੀ ਬੀ ਸੀ, ਉਹ ਇਹ ਕਿ ਅੰਦਰਲੇ ਦਾ ਤ੍ਰਿਸ਼ਨਾਂ ਤੋਂ ਉੱਠਕੇ ਲਿਵ ਵਿਚ ਜਾ ਵੱਸਣਾ। ਇਸ ਲਾਭ ਨੂੰ ਸਤਿਗੁਰ ਨੇ ਰੱਖ ਲਿਆ, ਹਾਨੀ ਨੂੰ ਦੂਰ ਕਰਕੇ ਉਹ ਭਾਈਚਾਰਾ ਪੈਦਾ ਕੀਤਾ ਕਿ ਜਿਸ ਵਿਚ ਹਿੰਦੁਸਤਾਨ ਦਾ ਪ੍ਰਾਪਤ ਕੀਤਾ ਔਜ 'ਧਰਮ' ਵਾਲਾ ਬੀ ਕਾਇਮ ਰਹੇ ਤੇ ਭਾਈਚਾਰਕ ਹਾਲਤ ਐਸੀ ਉੱਚੀ ਹੋ ਜਾਵੇ ਕਿ ਜਿਸ ਦਾ ਆਦਰਸ਼ ਯੂਰਪ ਵਿਚ ਹੁਣ ਆਕੇ ਪੈਦਾ ਹੋਇਆ ਹੈ। "ਨਿਰਾ ਭਾਈਚਾਰਕ ਸੁਖ" ਜੀਵਨ ਦਾ ਅੰਤ ਨਹੀਂ, ਮੁਰਾਦ ਨਹੀਂ, ਪਰ ਜੀਵਨ ਦੇ ਅਸਲੀ ਆਦਰਸ਼ ਦੀ ਪ੍ਰਾਪਤੀ ਵਿਚ ਭਾਈਚਾਰੇ ਨੂੰ ਤਬਾਹ ਹੋਣ ਦੇਣਾ ਉਸ ਆਦਰਸ਼ ਦੀ ਪੂਰਨਤਾ ਦਾ ਮੰਡਲ ਤੰਗ ਕਰੀ ਜਾਣਾ ਹੈ; ਜਿਸ ਨਾਲ ਉਸ ਆਦਰਸ਼ ਦੀ ਹੀ ਅੰਤ ਵਿਚ ਤਬਾਹੀ ਹੋ ਜਾਣੀ ਹੋਈ।

ਸਤਿਗੁਰ ਨਾਨਕ ਦੇਵ ਜੀ ਨੇ 'ਸੰਨਿਆਸ' ਦਾ ਕਾਰਨ ਪਛਾਤਾ। ਉਹ ਇਹ ਸੀ ਕਿ ਚਿਤ ਬ੍ਰਿਤੀ ਨੂੰ ਬ੍ਰਹਮਾਕਾਰ ਕਰਨ ਲਈ ਲੋਕਾਂ ਦੇ ਮੇਲ ਜੋਲ ਰੋਕਾਂ ਸਾਬਤ ਹੁੰਦੇ ਹਨ, ਅਕਸਰ ਪਾਪ ਪ੍ਰਧਾਨ ਹੈ ਤੇ ਜਗਤ ਵਿਚ ਵਸਦਿਆਂ ਪਾਪਾਂ ਦੇ ਅਕਸ ਦਿਲਾਂ ਤੇ ਪੈਂਦੇ ਹਨ ਤੇ ਉਹ ਚਿੱਤ ਟਿਕਣ ਨਹੀਂ ਦੇਂਦੇ, ਸਤਿਗੁਰ ਨੇ ਇਹ ਸਿੱਧੀ ਗੱਲ ਸਿਖਾਈ ਕਿ ਧਰਮੀ ਨੂੰ ਰੋਕ ਪਾਪੀ ਤੋਂ ਪੈਂਦੀ ਹੈ, ਨਾਂ ਕਿ ਸਾਰੇ ਭਾਈਚਾਰੇ ਤੋਂ ਸੋ ਖੋਟਿਆਂ ਦੀ ਸੰਗਤ ਨਾ ਕੀਤੀ, ਭਲਿਆਂ ਦੀ ਕੀਤੀ ਤੇ ਵਿਚ ਬੈਠੇ ਰਹੇ, ਛੱਡ ਜਾਣ ਦੀ ਲੋੜ ਕੋਈ ਨਹੀਂ। ਇਸ ਤੋਂ ਆਪ ਨੇ ਆਪਣੇ ਸਤਿਸੰਗ ਦੀ ਨੀਂਹ ਧਰੀ ਕਿ ਧਰਮ ਦੇ ਅਵਲੰਬੀ ਪੁਰਖ ਨੂੰ ਜੰਗਲੀਂ ਜਾਣ ਦੀ ਲੋੜ ਨਹੀਂ, ਇਥੇ ਹੀ ਬੁਰਿਆਂ ਤੋਂ ਬਚ ਕੇ ਭਲਿਆਂ ਦੀ ਸੰਗਤ ਕਰਨੀ ਇਹ ਕਾਫੀ ਸੰਨਯਾਸ ਹੈ। ਇਸ ਨਾਲ ਭਲੇ ਪੁਰਖ ਭਾਈਚਾਰੇ ਨੂੰ ਸੁੰਞਾਂ ਨਾ ਛੱਡ ਗਏ, ਵਿਚੇ ਰਹੇ। ਪਰ ਇਕ ਵਿੱਥ ਪੈਦਾ ਹੋ ਗਈ ਕਿ ਭਲੇ ਬੁਰਿਆਂ ਤੋਂ ਬਚਣ ਦਾ ਯਤਨ ਕਰਨਗੇ ਤੇ ਬੁਰੇ ਇਸ ਵਿਚ ਹੱਤਕ ਸਮਝਕੇ ਉਹਨਾਂ ਨਾਲ ਬੁਰਾ ਸਲੂਕ ਕਰਨਗੇ; ਨਿੰਦਾ ਬਖੀਲੀ, ਬਦ ਸਲੂਕੀਆਂ। ਇਸ ਦਾ ਦਾਰੂ ਸਤਿਗੁਰ ਨੇ ਇਹ ਦੱਸਿਆ ਕਿ ਭਲਿਆਂ ਨੂੰ ਭਲਿਆਂ ਦੀ ਸੇਵਾ ਕਰਨੀ ਚਾਹੀਏ ਅਤੇ ਬੁਰਿਆਂ ਨਾਲ ਖਿਮਾਂ, ਧੀਰਜ ਤੇ ਸਤਿ ਉਪਦੇਸ਼ ਦੇਕੇ ਭਲੇ ਪਾਸੇ ਲਾਉਣ ਦੀ ਸੇਵਾ ਕਰਨੀ ਚਾਹੀਏ। ਇਹ ਸਾਰੇ ਦਾ ਫਲ ਨਿਕਲਿਆ ਇਹ ਕਿ ਚੰਗੇ ਲੋਕ ਭਾਈਚਾਰੇ ਦੇ ਵਿਚ ਰਹੇ, ਚੰਗੇ ਆਪੋ ਵਿਚ ਮਿਲਕੇ ਸੁਖੀ ਹੋਏ ਤੇ ਚੰਗਾ ਭਾਈਚਾਰਾ ਬਣਿਆਂ ਤੇ ਮੰਦਿਆਂ ਨੂੰ ਉਹਨਾਂ ਨੇ ਉੱਚੇ ਕਰਨ ਦਾ ਯਤਨ ਕੀਤਾ ਤੇ ਨਫਰਤ ਨਾ ਵਰਤੀ, ਉਹਨਾਂ ਦੇ ਦੁਖ ਸਹਿਕੇ ਬੀ ਭਲੇ ਕੀਤੇ ਤਾਂ ਭਾਈਚਾਰੇ ਦੀ ਸੁਰ ਰਸੀਲੀ ਹੁੰਦੀ ਗਈ। ਅਰਥਾਤ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ ਪੈਦਾ ਕੀਤੇ ਜਿਨ੍ਹਾਂ ਨੇ ਵਿਚੇ ਰਹਿਕੇ ਗੁਰਸਿਖ ਤੇ ਗੁਰਮੁਖ ਪੈਦਾ ਕੀਤੇ।

ਸੰਨਿਆਸ ਦਾ ਵਿਸ਼ੇਸ਼ ਸੁਖ ਇਹ ਹੈ ਕਿ ਬੰਦੇ ਦੇ ਸਾਹਮਣੇ ਨਾ ਸੰਸਾਰਕ ਰਸਾਂ ਕਸਾਂ ਦੀ ਅਜ਼ਮਾਇਸ਼ ਆਈ, ਨਾ ਉਹ ਫਸਿਆ, ਪਰ ਸਤਿਗੁਰ ਨੇ ਜੋ ਸਤਿਸੰਗ ਰਚਿਆ ਉਸ ਵਿਚ ਇਹ ਖ਼ੂਬੀ ਖਿਆਲ ਰੱਖੀ ਕਿ ਜਦੋਂ ਸਤਿਸੰਗ ਵਿਚ 'ਨੇਕੀ ਕੀਹ ਹੈ' ਦਾ ਰੋਜ਼ ਪਤਾ ਲਗਦਾ ਰਹਿਣਾ ਹੈ ਤੇ ਅਜ਼ਮਾਇਸ਼ਾਂ ਭੀ ਰੋਜ਼ ਪੈਣੀਆਂ ਹਨ, ਤਦੋਂ ਬੰਦਾ ਓਹਨਾਂ ਅਜ਼ਮਾਇਸ਼ਾਂ ਦੇ ਸਾਹਮਣੇ ਰੋਕ ਕਰੇਗਾ। ਕਦੇ ਡਿੱਗੇਗਾ, ਕਦੇ ਜਿੱਤੇਗਾ, ਡਿੱਗੇਗਾ ਤਾਂ ਸਤਿਸੰਗ ਵਿਚੋਂ ਉਪਦੇਸ਼, ਪਿਆਰ ਦੀ ਝਿੜਕ,

ਹਮਦਰਦੀ ਦੀ ਸਹਾਇਤਾ ਮਿਲੇਗੀ ਤੇ ਉਹ ਅਜ਼ਮਾਇਸ਼ਾਂ, ਪਾਪਾਂ ਦੇ ਮੁਕਾਬਲੇ ਕਰਦਾ ਕਰਦਾ ਅੰਤ ਰੱਬ ਦਾ ਪਹਿਲਵਾਨ ਹੋ ਜਾਏਗਾ ਅਰ ਬਦੀ ਤੇ ਫਤਹ ਪਾਏਗਾ, ਉਸ ਦੀ ਇਹ ਜਿੱਤ ਉਸ ਦਾ ਸੁਭਾਵ ਬਣ ਜਾਏਗਾ, ਹੁਣ ਉਹ ਵਿਚ ਵੱਸਦਾ ਹੋਇਆ ਭੀ ਨਹੀਂ ਸੱਟ ਖਾਵੇਗਾ। ਇਹ ਲਾਭ ਪੂਰਨ ਸੰਨਿਆਸ ਵਾਲੇ ਲਾਭ ਤੋਂ ਵਡਾ ਹੋਵੇਗਾ, ਕਿਉਂਕਿ ਇਸ ਵਿਚ ਮਾਨਸਿਕ ਸ਼ਕਤੀ ਤ੍ਰੱਕੀ ਕਰ ਜਾਏਗੀ, ਕਿਸੇ ਅਜ਼ਮਾਇਸ਼ ਦੇ ਸਾਹਮਣੇ ਡਿੱਗੇਗੀ ਨਹੀ, ਗੋ ਚਿਰ ਲਗੇਗਾ, ਪਰ ਮਨ ਦੀ ਮਜ਼ਬੂਤੀ ਨਿਰੇ ਤਯਾਗ ਵਿਚ, ਵਸੋਂ ਤੋਂ ਦੂਰ ਵੱਸਕੇ ਤਯਾਗੀ ਹੋਏ ਸੰਨਯਾਸੀ ਦੇ ਮਨ ਤੋਂ ਪਕੇਰੀ ਹੋਵੇਗੀ। ਸੋ ਇਸ ਬਿਧਿ ਨਾਲ ਸੰਨਿਆਸ ਦਾ ਪੂਰਨ ਲਾਭ 'ਲਿਵ ਤੇ ਮਨ ਦੀ ਸੱਚੀ ਪਕਿਆਈ' ਸਤਿਸੰਗ ਵਿਚੋਂ ਪ੍ਰਾਪਤ ਹੋ ਜਾਏਗਾ ਤੇ ਉਹ ਗੁਰਮੁਖ ਹੋਕੇ ਭਾਈਚਾਰੇ ਵਿਚ ਵੱਸੇਗਾ ਤੇ ਉਸ ਦੀ ਸੁਗੰਧੀ ਨਾਲ ਹੋਰ ਉਸ ਵਰਗੇ ਪੈਦਾ ਹੋਕੇ ਭਾਈਚਾਰੇ ਨੂੰ ਲਾਭ ਪੁਜੇਗਾ।

ਪੱਛਮੀ ਖਿਆਲ ਕਿ ਭਾਈਚਾਰਾ ਹੀ ਸਭ ਖੂਬੀਆਂ ਦਾ ਅੰਤ ਹੈ, ਉਸ ਵਿਚ ਇਕ ਭੁੱਲ ਹੈ ਕਿ ਆਦਮੀ ਦੀ ਅੰਦਰਲੀ ਸਮਝ ਤੇ ਤਾਕਤ ਆਪਣੇ ਆਪ ਤੇ ਆਪਣੇ ਵਾਹਿਗੁਰੂ ਮਿਲਾਪ ਦੀ ਉੱਨਤੀ ਤੋਂ ਵਾਂਜੀ ਰਹਿ ਜਾਂਦੀ ਹੈ, ਅਰਥਾਤ 'ਦੇਖਣਹਾਰ' ਵਾਹਿਗੁਰੂ ਤੋਂ ਜੁਦਾ ਕੇਵਲ 'ਦੀਸਣਹਾਰ' ਵਿਚ ਹੀ ਰਹਿ ਜਾਂਦੀ ਹੈ।

ਸਤਿਗੁਰ ਨਾਨਕ ਨੇ ਇਸ ਘਾਟੇ ਦਾ ਪ੍ਰਬੰਧ ਆਪਣੇ ਧਰਮ ਵਿਚ ਪੂਰਨ ਕੀਤਾ ਹੈ, ਉਹਨਾਂ ਨੇ ਵਾਹਿਗੁਰੂ ਤੇ ਉਸ ਦੇ ਹੁਕਮ ਨੂੰ ਸਮਝਣ ਦਾ ਸਭ ਤੋਂ ਵੱਧ ਜ਼ੋਰ ਦਿੱਤਾ ਹੈ, ਅਤੇ 'ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ'[੧] ਵਾਲੀ ਗੱਲ ਨੂੰ ਉੱਚ ਜੀਵਨ ਦਾ ਜ਼ਰੂਰੀ ਹਿੱਸਾ ਰਖਿਆ ਤੇ ਇਹ ਅੰਦਰਲੇ ਦੇ ਕਮਾਲ ਦਾ ਆਦਰਸ਼ ਥਾਪਕੇ ਫੇਰ ਭਾਈਚਾਰੇ ਵਿਚ ਵੱਸਣਾ ਸਿਖਾਇਆ। ਦਿਲ ਵਿਚ ਰੱਬ ਦਾ ਪਿਆਰ ਤੇ ਹੁਕਮ ਦੀ ਟੇਕ ਹੋਵੇ, ਸਹਿਜ ਵਿਚ ਜੀਵੇ ਤੇ ਭਾਈਚਾਰੇ ਦੇ ਵਿਚ ਵਸੇ, ਭਲਿਆਂ ਦਾ ਸਤਿਸੰਗ ਕਰੇ, ਬੁਰਿਆਂ ਨੂੰ ਭਲੇ ਸਮਝਕੇ ਸਤਿਸੰਗ ਨਾ ਕਰੇ, ਪਰ ਉਹਨਾਂ ਨੂੰ ਸੁਧਾਰਨ ਤੇ ਭਲੇ ਬਨਾਉਣ ਵਿਚ ਵਿਤ ਅਨੁਸਾਰ ਕੰਮ ਕਰੇ, ਉਨ੍ਹਾਂ ਤੋਂ ਨਫਰਤ ਨਾ ਕਰੇ ਤੇ ਜਗਤ ਵਿਚ ਇਸ ਅਸੂਲ ਨੂੰ ਲੈਕੇ ਵੱਸੇ:-

ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।

ਵਰਤੋਂ ਧਰਮ ਦੀ-ਖਿਆਲ ਵਿਚ, ਬਚਨਾਂ ਵਿਚ, ਕਰਨੀ ਵਿਚ-ਰਹੇ। ਨਫਰਤ ਕਰਨੀ, ਨਿੰਦਾ ਕਰਨੀ, ਖੋਹ ਲੈਣਾ, ਦੁਖ ਦੇਣਾ ਤੇ ਬੇ-ਇਨਸਾਫੀ ਤੋਂ ਸਤਿਗੁਰ ਨੇ ਸਖ਼ਤ ਵਰਜਿਆ ਹੈ।

ਜੇ ਹਰ ਆਦਮੀ ਦੂਸਰੇ ਨਾਲ ਧਰਮ ਵਰਤੇ ਤਾਂ ਸਾਰੇ ਸੁਖੀ ਹੋ ਜਾਣ। ਇਨਸਾਨ ਨਾ ਕਿਸੇ ਦਾ 'ਹੱਕ' ਗੁਵਾਵੇ ਨਾ ਆਪਣੇ 'ਫਰਜ਼' ਤੋਂ ਭੁੱਲੇ, ਇਹ ਧਰਮ ਹੈ: ਪਰ ਇਸ ਵਿਚ ਜਦ ਆਪਣੇ ਹੱਕ ਪੂਰੇ ਲੋਕਾਂ ਵਲੋਂ ਨਾ ਹੋਣ ਤਾਂ ਦੁਖ ਹੁੰਦਾ ਹੈ ਤੇ ਫੇਰ ਬਦਲੇ ਲੈਣ ਦਾ ਮਾਦਾ ਪੈਦਾ ਹੋ ਜਾਂਦਾ ਹੈ, ਇਸ ਲਈ ਸਤਿਗੁਰ ਨੇ ਕਿਹਾ ਕਿ ਇਸ ਧਰਮ ਵਿਚ 'ਦਇਆ' ਰਲਾਓ ਤੇ 'ਸੰਤੋਖ' ਰਲਾਓ, ਫੇਰ ਸੰਸਾਰ ਪਰ 'ਸੂਤ'[1] ਕਾਇਮ ਹੋ ਜਾਏਗਾ।

ਪਰ ਜਦੋਂ ਤੁਸੀਂ ਦੂਸਰਿਆਂ ਨਾਲ ਧਰਮ ਦੀ ਵਰਤਨ ਵਰਤਦੇ ਹੋ, ਇਹ ਜ਼ਰੂਰੀ ਨਹੀਂ ਕਿ ਉਹ ਵੀ ਤੁਸਾਂ ਨਾਲ ਉਹੋ ਵਰਤੋਂ ਵਰਤਣ, ਅਕਸਰ ਅਧਰਮ ਕਰਨਗੇ, ਦੁਖ ਦੇਣਗੇ, ਤਦੋਂ ਤੁਹਾਡੇ ਅਗੇ ਦੋ ਮੁਸ਼ਕਲਾਂ ਆਉਣਗੀਆਂ, ਇਕ ਤਾਂ ਤੁਸੀਂ ਅਸੰਤੋਖ (ਬੇਚੈਨੀ) ਵਿਚ ਪਵੋਗੇ, ਅੰਦਰਲਾ ਟਿਕਾਉ ਟੁਟੇਗਾ, ਲੋੜਾਂ, ਥੁੜਾਂ, ਤੇ ਦੁਖ ਦਿਲ ਹਿਲਾ ਦੇਣਗੇ। ਦੂਜੇ ਦੁਖ ਦੇਣ ਵਾਲਿਆਂ ਨੂੰ 'ਦੁਖ ਦੇਣ ਦੀ" ਤੁਹਾਨੂੰ ਬੀ ਫੁਰੇਗੀ, ਕਿਉਂਕਿ 'ਜੇਹਾ ਕੋਈ ਕਰੇ ਕਰਾ ਲਵੇ' ਇਹ ਨਿਆਂ ਹੈ। ਸਤਿਗੁਰ ਨੇ ਦੱਸਿਆ ਕਿ ਨਹੀਂ, ਅੰਦਰ ਤਾਂ ਸੰਤੋਖ ਬਿਰਤੀ ਧਾਰੋ,ਅਰਥਾਤ ਜਿਹੀ ਹਾਲਤ ਅਵਸੋਂ ਬਣ ਗਈ ਉਸ ਵਿਚ ਅੰਦਰੋਂ ਬੇਚੈਨ ਨਹੀਂ ਹੋਣਾ, ਬੇਚੈਨੀ, ਤ੍ਰਿਸ਼ਨਾ ਘਬਰਾ ਪੈਦਾ ਨਾ ਹੋਣ ਦਿਤੇ ਇਹ ਸੰਤੋਖ ਹੈ ਤੇ ਬਾਹਰ ਜਿਨ੍ਹਾਂ ਨੇ ਦੁਖ ਦਿਤਾ ਹੈ ਉਨ੍ਹਾਂ ਨਾਲ 'ਦਇਆ' ਵਰਤੀ, ਇਹ ਧਰਮ ਨੂੰ ਦਇਆ ਤੇ ਸੰਤੋਖ ਨਾਲ ਰਲਾਕੇ ਵਰਤਿਆਂ ਭਾਈਚਾਰੇ ਵਿਚ

[੧] ਮਲਾਰ ਵਾਰ ਪਉੜੀ ੧੯।

[1] Harmony.

ਸੂਤ ਕਾਇਮ ਹੋ ਜਾਏਗਾ। ਇਹ ਭਾਈਚਾਰਕ ਆਦਰਸ਼ ਇਕ ਕਮਾਲ ਦਾ ਆਦਰਸ਼ ਹੈ। ਦੇਖੋ-

ਗੁਰਾ ਇਕ ਦੇਹਿ ਬੁਝਾਈ॥ ਸਭਨਾਂ ਜੀਆ
ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਇਸ ਤੁੱਕ ਵਿਚ ਦੋਵੇਂ ਆਦਰਸ਼ ਇਕ ਥਾਂ ਕਰਕੇ ਦੱਸ ਦਿੱਤੇ! (੧) ਇਕ ਵਾਹਿਗੁਰੂ ਦਾਤਾ ਹੈ, ਓਸ ਨੂੰ ਕਦੇ ਨਹੀਂ ਭੁੱਲਣਾਂ, ਦਮ ਬਦਮ, ਅੰਤਰ ਆਤਮੇ ਯਾਦ ਰੱਖਣਾ ਹੈ। ਅੰਦਰਲੇ ਦਾ ਲਗਾਤਾਰ ਨੇਹੁੰ ਅਰਥਾਤ ਅੰਦਰਲੇ ਦਾ ਲਗਾਤਾਰ ਰੁੱਖ ਤੇ ਲਗਾਉ ਅਨੰਤ ਨਾਲ ਰੱਖਣਾ। ਪਿਆਰ ਤੇ ਉਮਾਹ ਵਾਲੀ ਉਚੀ ਤੇ ਉਚੇ ਆਦਰਸ਼ ਵਿਚ ਮਗਨ ਲਗਨ ਵਾਲੀ ਬ੍ਰਿਤੀ ਜਦ ਹਰਦਮ ਅੰਦਰ ਵਸਦੀ ਹੈ ਤਾਂ ਓਹ ਵਾਹਿਗੁਰੂ ਪ੍ਰਿਯ ਵਸਤੂ ਹੋਕੇ ਅੰਦਰ ਵੱਸ ਰਿਹਾ ਤੇ ਉਸ ਦੇ ਪਿਆਰ ਵਿਚ ਉਸ ਦਾ ਹੁਕਮ ਵਰਤ ਰਿਹਾ ਦਿੱਸ ਪੈਂਦਾ ਹੈ। (੨) ਪਰ ਉਹ ਦਾਤਾ ਕੋਈ ਨਿਰਾ ਮੇਰਾ ਦਾਤਾ ਹੈ? ਨਹੀਂ, ਉਹ ਸਭਨਾਂ ਜੀਆਂ ਕਾ 'ਇਕੋ' ਦਾਤਾ ਹੈ ਉਹ ਦਾਤਾ ਸਾਂਝਾ ਦਾਤਾ ਹੈ ਤੇ ਜੀਵ ਸਾਰੇ ਉਸ ਦੇ ਹਨ। ਇਸ ਇਕ ਦੇ ਸਾਰੇ ਹੋਣ ਦੀ ਸਾਂਝ, ਭਾਈਚਾਰੇ ਦਾ ਦੈਵੀ ਕਾਰਨ ਸਹੀ ਹੋ ਗਿਆ। ਹੁਣ ਵਰਤੋਂ ਇਉਂ ਹੋਉ ਕਿ ਜੇ ਮੈਂ ਕਿਸੇ ਭਰਾ ਦੀ ਸਖਤੀ ਤੇ ਸੰਤੋਖ ਕਰਦਾ ਹਾਂ, ਤਾਂ ਆਪਣੇ ਅੰਦਰੋਂ ਆਪਣੇ ਪਿਆਰੇ ਨੂੰ ਕਾਇਮ ਰੱਖਣ ਲਈ, ਕਰਦਾ ਹਾਂ, ਕਿਉਂਕਿ ਜੇ ਮੈਂ ਆਪਣੀ ਬਿਰਤੀ ਘਬਰਾਈ, ਤਾਂ ਪ੍ਰੀਤਮ ਵਾਹਿਗੁਰੂ ਦਾ ਅਹਿਸਾਸ ਅੰਦਰ ਨਹੀਂ ਰਹੇਗਾ, ਉਥੇ ਤਾਂ ਆਸੁਰੀ ਸੰਪਦਾ ਘਬਰਾਂਦੀ ਆ ਜਾਏਗੀ। ਜੇ ਮੈਂ ਬਾਹਰ ਨਿਰਦੈਤਾ ਵਰਤੀ ਤਾਂ ਸਭਨਾਂ ਜੀਆਂ ਨੂੰ ਮੈਂ ਉਸ ਦਾਤੇ ਦੇ ਜੀਵ ਨਾ ਸਮਝਿਆ ਤੇ ਮੈਂ ਵਰਤੋਂ ਐਸੀ ਵਰਤੀ, ਕਿ ਜਿਸ ਨਾਲ ਦੁਖ ਉਪਜਿਆ ਤੇ ਪਹੁੰਚਾ। ਮੇਰੇ ਅੰਦਰ ਜੋ ਟਿਕਾਉ, ਸੁਖ, ਉਮਾਹ, ਰਸ ਰਹਿੰਦਾ ਹੈ ਉਹ ਟੁਰ ਜਾਏਗਾ, ਇਸ ਲਈ ਜ਼ਰੂਰੀ ਹੋਇਆ ਕਿ ਮੈਂ ਆਪਣੇ ਪਿਆਰੇ ਦਾਤਾ ਦੇ ਹੁਕਮ ਨੂੰ ਪਛਾਣਾਂ, ਉਸ ਦੀ ਲਿਵ ਵਿਚ ਵੱਸਾਂ ਤੇ ਕਿਸੇ ਪ੍ਰਕਾਰ ਦਾ ਦੂਸਰਿਆਂ ਦਾ ਮੇਰੇ ਨਾਲ ਅਨੰਜਾਯ ਤੇ ਬੇ-ਅਦਬੀ ਮੇਰੇ ਵਿਚ ਮਾੜੇ ਅਸਰ ਅਸੰਤੋਖ ਤੇ ਬੇ-ਰਹਿਮੀ ਦੇ ਪੈਦਾ ਨਾ ਕਰ ਦੇਣ।

ਮੈਂ ਅੰਤਰ ਆਤਮੇ ਵਾਹਿਗੁਰੂ ਨੂੰ ਨਾਂ ਵਿਸਾਰਾ। ਮੈਂ ਉਸ ਨੂੰ ਸਭਨਾਂ ਜੀਆਂ ਦਾ ਇਕੋ ਦਾਤਾ ਜਾਣਾ। ਤਦ ਸਭਨਾਂ ਜੀਆਂ ਵਿਚ ਮੇਰੀ ਵਰਤੋਂ ਮਿਹਰਾਮਤ ਦੀ ਹੋਵੇਗੀ. 'ਤਉ ਨਾਨਕ ਸਰਬ ਜੀਆਂ ਮਿਹਰੰਮਤਿ'

ਇਸ ਉਤਮ ਆਦਰਸ਼ ਵਿਚ ਮੇਰੇ ਅੰਦਰਲੇ ਦੀ ਦਸ਼ਾ ਉੱਜਲ, ਟਿਕੀ ਹੋਈ ਤੇ ਰਸ ਭਰੀ ਹੋ ਗਈ ਤੇ ਮੇਰੀ ਵਰਤਣ ਅਰਥਾਤ ਭਾਈਚਾਰੇ ਵਿਚ ਮੇਰੇ ਵਜੂਦ ਨੇ ਭਾਈਚਾਰੇ ਨੂੰ ਕਮਾਲ ਵਲ ਪਹੁੰਚਣ ਦੀ ਮਦਦ ਦਿੱਤੀ।

ਵਾਹਿਗੁਰੂ ਜੀ ਵਿਚ ਮੇਰਾ ਪਿਤਾ ਪੁਤ੍ਰ ਵਰਗਾ ਪਿਆਰ ਹੋ ਗਿਆ ਤੇ ਸਭਨਾਂ ਜੀਆਂ ਵਿਚ ਮੈਂ ਆਪਣੇ ਪਿਤਾ, ਦਾਤਾ ਦੀ ਦਾਤ ਤੱਕਕੇ ਭਰਾਵਾਂ ਵਾਲੀ ਖਿਮਾਂ, ਮਿਹਰ ਵਾਲੀ ਵਰਤੋਂ ਵਰਤੀ। ਸਤਿਗੁਰ ਨਾਨਕ ਦੇਵ ਜੀ ਦੇ ਇਸ ਆਦਰਸ਼ ਵਿਚ ਸੰਨਿਆਸ ਦੇ ਆਦਰਸ਼ ਦੀਆਂ ਖੂਬੀਆਂ ਤੇ 'ਭਾਈਚਾਰੇ ਦੇ ਆਦਰਸ਼' ਦੀਆਂ ਖੂਬੀਆਂ ਦਾ ਮੇਲ ਹੈ ਤੇ ਦੁਹਾਂ ਦੇ ਅਵਗੁਣਾਂ ਦਾ ਤਿਆਗ ਹੈ। ਸੋ ਪੱਛਮ ਤੋਂ ਆਇਆ ਭਾਈਚਾਰੇ ਦਾ ਖਿਆਲ ਗੁਰ ਨਾਨਕ ਦੇਵ ਸਰਬਕਾਲੀ ਦੇ ਧਰਮ ਆਦਰਸ਼ ਨੂੰ ਕਿਵੇਂ ਭੀ ਹਿਲਾਵੇਗਾ ਨਹੀਂ, ਨਾ ਹੀ ਟਕਰਾਵੇਗਾ, ਸਗੋਂ ਇਹ ਹੈਰਤ ਪੈਦਾ ਕਰੇਗਾ ਕਿ ਜਦੋਂ ਸੰਸਾਰ ਪਰ ਰਾਇ ਦੇ ਇਖ਼ਤਲਾਫ਼ ਤੇ ਖੂਨ ਦੀਆਂ ਨਦੀਆਂ ਬਹਿ ਰਹੀਆਂ ਸਨ, ਤਦੋਂ ਇਸ ਅਕਾਲੀ ਜੋਤਿ ਗੁਰੂ ਨਾਨਕ ਨੇ ਧਾਰਮਕ ਸਹਾਰਾ ਸਿਖਾਇਆ ਤੇ ਭਾਈਚਾਰੇ ਦੇ ਉੱਚੇ ਤੋਂ ਉੱਚੇ ਆਦਰਸ਼ ਨੂੰ ਕਾਇਮ ਕੀਤਾ ਤੇ ਸੰਨਿਆਸ ਦੇ ਲਾਭ ਨੂੰ ਭੀ ਜਾਣ ਨਹੀਂ ਦਿੱਤਾ। ਸਗੋਂ ਖੋਜ ਦਸਦੀ ਹੈ ਕਿ ਦੂਸਰੇ ਮਜ਼ਹਬਾਂ ਨਾਲ ਖਿਮਾ ਹਰ ਮਤ ਵਿਚੋਂ ਸਚ ਤੇ ਸੁਖ ਨੂੰ ਗ੍ਰਹਿਣ ਕਰਨ ਤੇ ਦ੍ਵੈਖ ਨਾ ਧਾਰਨ ਦੀ ਅਕਲ ਸਭ ਤੋਂ ਪਹਿਲਾਂ ਜਗਤ ਨੂੰ ਗੁਰੂ ਨਾਨਕ ਦੇਵ ਜੀ ਨੇ ਸਿਖਾਈ ਹੈ।

ਅਮਲੀ ਪਾਸੇ ਵਲ ਆਓ ਤਾਂ ਗੁਰ ਨਾਨਕ ਦੇਵ ਜੀ ਨੇ, 'ਭਾਈ' ਲਫ਼ਜ਼ ਇਸ ਭਾਈਚਾਰੇ ਦੇ ਆਦਰਸ਼ ਦਾ ਕੇਂਦਰ ਬਣਾਯਾ ਸੀ। 'ਭਾਈ' ਇਕ ਖਿਤਾਬ ਨਹੀਂ, ਉਹ ਸਚੇ ਭਾਈਚਾਰੇ ਦਾ ਕੇਂਦਰ ਹੈ। ਹਰ ਕੋਈ ਜਦ ਭਾਈ ਹੈ ਤਾਂ ਸਮਝ ਲਓ ਕਿ ਓਹ ਭਾਈਚਾਰਾ ਕਿੰਨਾ ਉੱਚਾ ਹੈ। ਇਸੀ ਤਰ੍ਹਾਂ

ਪਰਮੇਸੁਰ ਆਰਾਧਨਾਂ ਵਿਚ ਹਰ ਕੋਈ ਆਪੋ ਆਪ ਭਜਨ, ਪਾਠ, ਬੰਦਗੀ ਕਰੋ, ਜੰਮ ਜੰਮ ਕਰੋ, ਪਰ ਨਾਲ ਦੀਵਾਨ ਦਾ ਅਸੂਲ ਬੀ ਕਾਇਮ ਕੀਤਾ ਕਿ ਸਾਰੇ ਰਲਕੇ ਬੀ ਬੰਦਗੀ ਕਰਨ। ਜੈਸੇ ਕਿ ਆਸਾ ਦੀ ਵਾਰ ਦਾ ਦੀਵਾਨ, ਸੋਦਰ ਰਹਿਰਾਸ ਦਾ ਦੀਵਾਨ ਆਦਿ। ਇਹ ਦੀਵਾਨ ਲਾਕੇ ਬੰਦਗੀ ਕਰਨੀ (ਕਥਾ ਕੀਰਤਨ ਪਾਠ ਕਰਨੇ) ਭਾਈਚਾਰੇ ਤੇ ਧਰਮ ਦੀ ਅਮਲੀ ਸੂਰਤ ਹੈ, ਜਿਸ ਕਰਕੇ ਭਾਈਚਾਰਾ ਇਖ਼ਲਾਕ ਤੇ ਲਿਵ ਦੇ ਅਸੂਲਾਂ ਤੇ ਟੁਰੇ।

੩. ਸਾਇੰਸ ਵੇਤਾ ਤੇ ਬ੍ਰਹਮ ਵੇਤਾ।

ਸੰਸਾਰ ਵਿਚ ਹੁਣ ਅਕਲ ਤੇ ਸਮਝ ਤ੍ਰੱਕੀ ਪਰ ਹਨ, ਅਗੇ ਵੀ ਬੁੱਧ ਜੀ ਦੇ ਵੇਲੇ ਤੇ ਮਗਰੋਂ ਅਕਲਾਂ ਸਾਣੇ ਚੜ੍ਹੀਆਂ ਸਨ, ਕੋਮਲ ਹੁਨਰਾਂ ਤ੍ਰੱਕੀ ਕੀਤੀ ਸੀ। ਫਿਲਾਸਫੀ ਨੇ ਛਾਲਾਂ ਮਾਰੀਆਂ ਸਨ, ਕਾਨੂੰਨ ਬਣੇ ਸਨ, ਐਸ਼ ਦੇ ਸਾਮਾਨ ਤ੍ਰੱਕੀ ਤੇ ਗਏ ਸਨ, 'ਸਾਇੰਸ ਯਾ ਦਿੱਸਣ ਵਾਲੇ ਪਦਾਰਥ ਦੇ ਗਿਆਨ' ਭੀ ਆਏ ਸਨ, ਪਰ ਕਿਸੇ ਸਮੇਂ ਵਿਚ ਸਾਇੰਸ ਦੀ ਤ੍ਰੱਕੀ ਦੇ ਐਸ਼੍ਵਰਜ ਦਾ ਇਹ ਪਤਾ ਅਜੇ ਨਹੀਂ ਚਲਦਾ ਕਿ ਇਸ ਔਜ ਤੇ ਇਹ ਵਿਗਜਾਨ ਕਦੇ ਅੱਪੜਿਆ ਹੋਵੇ ਜਿਸ ਤੇ ਹੁਣ ਅੱਪੜਿਆ ਹੈ।

ਸਾਇੰਸ-ਵਿਦ੍ਯਾ ਨੂੰ ਹੀ ਕਹਿੰਦੇ ਹਨ, ਪਰ ਇਹ ਦ੍ਰਿਸ਼ਟਮਾਨ ਦੀ ਵਿਦ੍ਯਾ ਹੈ ਤੇ ਇਸ ਵਿਦ੍ਯਾ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਇਹ ਤਜਰਬੇ ਤੇ ਕਾਇਮ ਵਿਦ੍ਯਾ ਹੈ ਜੋ 'ਜਾਣੀ ਜਾਏ' ਗਲ 'ਉਹ ਸਾਬਤ ਹੋ ਜਾਏ ਤਜਰਬੇ ਨਾਲ'। ਸਾਇੰਸ ਇਸ ਵੇਲੇ ਸੰਸਾਰ ਦੀ ਸੇਵਾ ਕਰ ਰਹੀ ਹੈ, ਪਰ ਇਹ ਨਿਰੀ ਖੋਜ, ਪੜਤਾਲ, ਪ੍ਰੀਖ੍ਯਾ ਤੇ ਆਪਣੇ ਪ੍ਰਚਾਰ ਵਿਚ ਹੀ ਨਹੀਂ ਟੁਰਦੀ, ਇਹ ਟੁਰਦੀ ਜਾਂਦੀ ਹੋਰਨਾਂ ਨਾਲ ਮੋਢੇ ਬੀ ਟਕਰਾਉਂਦੀ ਜਾਂਦੀ ਹੈ। ਧਰਮ ਦੇ ਖਿਆਲਾਂ ਉਤੇ ਬੀ ਇਹ ਵਾਰ ਕਰਦੀ ਹੈ ਤੇ ਫਿਲਾਸਫੀ ਨੂੰ ਭੀ ਕਿਤੇ ਧੱਕੇ ਧੋੜੇ ਲਾਉਂਦੀ ਹੈ ਤੇ ਕਦੇ ਆਪਣੇ ਵਜੂਦ ਨੂੰ ਵੀ, ਜੋ ਸੌ ਵਰ੍ਹੇ ਹੋਏ, ਯਾ ਕਦੇ ਪਹਿਲੋਂ ਤਾਂ ਹੈਸੀ, ਉਧੇੜਦੀ ਸੀਉਂਦੀ, ਉਧੇੜਦੀ ਸੀਉਂਦੀ ਟੁਰਦੀ ਹੈ।

ਜਿਨ੍ਹਾਂ ਧਰਮਾਂ ਵਿਚ ਐਸੇ ਖਿਆਲ ਸਨ ਕਿ ਓਹ ਗ਼ਲਤ ਹਨ ਮਸਲਨ "ਜ਼ਮੀਨ ਦੇ ਹੇਠ ਮੱਛੀ ਹੈ, ਕਿ ਬਲਦ ਹੈ, ਕਿ ਸੱਪ ਹੈ" ਉਨ੍ਹਾਂ ਨੂੰ ਸਾਇੰਸ ਨੇ ਗੋਲਾ ਮਾਰਿਆ ਹੈ ਕਿ ਜ਼ਮੀਨ ਹੇਨਾਂ ਕੁਝ ਨਹੀਂ ਤੇ ਇਹ ਕਿਸੇ ਐਸੇ ਥੰਮ੍ਹੇ ਦੇ ਆਸਰੇ ਨਹੀਂ। ਇਸੀ ਤਰ੍ਹਾਂ ਜੇ ਕਿਸੇ ਫਿਲਾਸਫੀ ਵਿਚ ਭੁਕਾਨੇ ਵਿਚ ਹਵਾ ਭਰਕੇ ਤੋਲੀ ਤੇ ਤੱਕੜੀ ਕਾਫੀ ਨਾਜ਼ਕ ਨਾ ਹੋਣ ਕਰਕੇ ਤੋਲ ਦਾ ਪਤਾ ਨਾ ਲੱਗਾ ਤੇ ਹਵਾ ਨੂੰ ਬੇਤੋਲ ਕਹਿ ਦਿੱਤਾ, ਤਾਂ ਉਸ ਨੂੰ ਅੱਜ ਸਾਇੰਸ ਨੇ ਠੁੱਡਾ ਲਾਇਆ ਹੈ। ਪਰੰਤੂ ਕੀ ਸਾਇੰਸ ਇਹ ਅਠਖੇਲੀਆਂ ਗੁਰ ਨਾਨਕ ਦੇ ਖਿਆਲਾਂ ਨਾਲ ਬੀ ਕਰਦੀ ਹੈ? ਅਸੀਂ ਦੇਖ ਚੁਕੇ ਹਾਂ[੧] ਕਿ ਨਹੀਂ। ਗੁਰ ਨਾਨਕ ਦੇਵ ਜੀ ਨੇ ਸਾਇੰਸ ਆਪਣਾ ਆਦਰਸ਼ ਨਹੀਂ ਸੀ ਬਣਾਇਆ, ਅਰਥਾਤ ਦਿੱਸਣ ਵਾਲੇ ਪਦਾਰਥਾਂ ਯਾ ਨਾ ਦਿੱਸਣ ਵਾਲੇ ਪਰ ਕਿਸੇ ਨਾਂ ਕਿਸੇ ਤਰ੍ਹਾਂ ਇੰਦ੍ਰਿਆਂ ਦਵਾਰਾ ਜਾਣੇ ਜਾਣ ਵਾਲੇ ਪਦਾਰਥਾਂ ਦੀ ਖੋਜ ਪੜਤਾਲ ਤਜਰਬੇ ਦੀ ਪ੍ਰੀਖ੍ਯਾ-ਸ਼ਾਲਾ ਓਹਨਾਂ ਨਹੀਂ ਸੀ ਖੁਹਲੀ। ਉਹ ਇਹਨਾਂ ਵਿਦ੍ਯਾ ਦੇ ਖੋਜ ਲੈਣ ਵਾਲੇ, ਪਦਾਰਥਾਂ ਨੂੰ ਜਾਣਨ ਵਾਲੇ, ਸਰੀਰ ਦੇ ਅੰਦਰ ਬੈਠੇ ਦੇਖਣ ਵਾਲੇ 'ਅੰਦਰਲੇ' ਦੀ ਵਿਦ੍ਯਾ ਦੇ ਗੁਰੂ ਸਨ ਤੇ ਇਹੋ ਵਿਦ੍ਯਾ ਉਨ੍ਹਾਂ ਸਿਖਾਈ, ਪ੍ਰੰਤੂ ਇਸ ਵਿਦ੍ਯਾ ਦੀਆਂ ਗੱਲਾਂ ਕਰਦਿਆਂ ਲਗਦੇ ਹੱਥ ਕਈ ਪਦਾਰਥਾਂ ਦੇ ਜ਼ਿਕਰ ਆ ਜਾਂਦੇ ਹਨ ਤੇ ਉਨ੍ਹਾਂ ਦੇ ਗੁਣ ਸੁਭਾਵਾਂ ਤੇ ਵਿਸਥਾਰ ਬਾਬਤ ਕੁਝ ਮੂੰਹੋਂ ਨਿਕਲ ਜਾਂਦਾ ਹੈ। ਸੋ ਐਸੇ ਮੌਕਿਆਂ ਤੇ ਪਦਾਰਥਾਂ ਦੀ ਵਿਦ੍ਯਾ (ਔਬਜੈਕਟਿਵ ਸਾਇੰਸ) ਦੇ ਕਿਸੇ ਮਾਮਲੇ ਦਾ ਜਿਕਰ ਆਇਆ ਹੈ ਤਾਂ ਅਸੀਂ ਕੀਹ ਦੇਖਦੇ ਹਾਂ ਕਿ ਗੁਰ ਨਾਨਕ ਜੀ ਦੇ ਖ਼ਿਆਲਾਤ ਖਿਲਕੁਲ ਦਰੁਸਤ ਹਨ। ਜੋ ਮਾਲੂਮੀਆਂ ਸਾਇੰਸ ਨੂੰ ਇਸ ਸਦੀ ਦੇ ਲਗਪਗ ਹੋਈਆਂ ਹਨ ਉਹ ਸੁਤੇ ਸਿੱਧ ਸਤਿਗੁਰੂ ਜੀ ਨੂੰ ਉਸ ਵੇਲੇ ਮਾਲੂਮ ਸਨ, ਯਾਨੇ ਉਹ ਸਨ ਤਾਂ ਦੇਖਣ ਹਾਰ ਦੀ (ਸਬਜੈਕਟਿਵ) ਵਿਦ੍ਯਾ ਦੇ ਗੁਰੂ, ਪਰ ਜੇ ਕਦੇ ਲਗਦੇ ਹੱਥ ਉਹਨਾਂ ਦੇ ਖਿਆਲਾਤ ਯਾ ਅਨੁਭਵ ਦੀਸਣਹਾਰ (ਔਬਜੈਕਟਿਵ) ਦੀ ਵਿਦ੍ਯਾ ਦੇ ਮੁਤਅੱਲਕ ਪ੍ਰਗਟ ਹੋਏ ਤਾਂ ਓਹ ਬਿਲਕੁਲ ਸਹੀ ਅਤੇ ਦਰੁਸਤ ਸਨ। ਇਹ ਗੱਲ ਹੈਰਾਨੀ ਵਿਚ

---

[੧] ਦੇਖੋ 'ਸਭ ਤੇ ਵਡਾ ਸਤਿਗੁਰੁ ਨਾਨਕੁ' ਵਾਲਾ ਲੇਖ ਜੋ ਇਸ ਪ੍ਰਸੰਗ ਤੋਂ ਅਗੇ ਆਵੇਗਾ, ਪਰ ਜੋ ਇਸ ਲੇਖ ਤੋਂ ਲਿਖਿਆ ਪਹਿਲਾਂ ਗਿਆ ਸੀ।

ਪਾਉਂਦੀ ਹੈ ਕਿ ਸਾਇੰਸ ਦੇ ਲਗਪਗ ਹਨੇਰੇ ਸਮੇਂ ਵਿਚ ਉਸ 'ਦੇਖਣਹਾਰ ਦੀ ਵਿਦ੍ਯਾ' ਦੇ ਉਸਤਾਦ ਨੂੰ 'ਦੀਸਣਹਾਰ ਦੀ ਵਿਦ੍ਯਾ ਦੇ ਦਰੁਸਤ ਅਨੁਭਵ ਬਿਨਾ ਤਜਰਬੇ ਤੇ ਪ੍ਰੀਖਿਆ-ਸ਼ਾਲਾ ਤੇ ਕਿਤਾਬਾਂ ਤੇ ਉਸਤਾਦਾਂ ਦੇ ਕੀਕੂੰ ਠੀਕ ਠੀਕ ਮਲੂਮ ਸਨ? ਮਸਲਨ ਉਹ ਦੱਸਦੇ ਹਨ ਕਿ-

(੧) ਜ਼ਿਮੀਂ ਹੇਠਾਂ ਬਲਦ ਨਹੀਂ ਹੈ ਤੇ ਇਹ ਖਿਆਲ ਗ਼ਲਤ ਹੈ[੧]।

(੨) ਸੂਰਜ ਨੂੰ ਖੜਾ ਨਹੀਂ ਦੱਸਦੇ, ਕਹਿੰਦੇ ਹਨ ਕਿ ਇਹ ਬੀ ਟੁਰਦਾ ਹੈ[੨]। ਪਤਾਲ ਤੇ ਅਕਾਸ਼ ਸੱਤ ਦੱਸੇ ਜਾਂਦੇ ਸਨ ਪਰ ਗੁਰੂ ਜੀ ਅਨਗਿਣਤ ਦੱਸਦੇ ਹਨ[੩]।

(੩)ਸੂਰਜ ਚੰਦ ਇਕ ਹੀ ਨਹੀਂ ਦੱਸਦੇ, ਕਹਿੰਦੇ ਹਨ, 'ਕੇਤੇ ਇੰਦ ਚੰਦ ਸੂਰ ਕੇਤੇ'।

ਇਹ ਦੋ ਇਕ ਖਿਆਲ ਵੰਨਗੀ ਮਾਤ੍ਰ ਹਨ।

ਇਹਨਾਂ ਤੋਂ ਸਾਡਾ ਇਹ ਮਤਲਬ ਨਹੀਂ ਕਿ ਗੁਰੂ ਜੀ ਸਾਇੰਸ ਦੇ ਤਜਰਬੇ ਕਰਦੇ ਸਨ, ਨਹੀਂ, ਉਹ ਕਿਸੇ ਹੋਰ ਵਿਦ੍ਯਾ ਦੇ ਗੁਰੂ ਸਨ, ਉਨ੍ਹਾਂ ਦੀ ਵਿਦ੍ਯਾ ਨਾਲ ਇਨਸਾਨ 'ਕੀਕੂੰ ਜੀਵਨ ਸੁਖੀ ਲੰਘੇ ਤੇ ਆਪਣੇ ਆਸ਼ੇ ਨੂੰ ਪੂਰਾ ਕਰੇ ਤੇ ਚੋਲੇ ਛੱਡਣ ਬਾਦ ਤੁੱਕੀ ਦੇ ਮੰਡਲ ਅੱਪੜੇ' ਦੀ ਗੰਮਤਾ ਪੈਦਾ ਕਰਦਾ ਹੈ।

ਇਹ ਵਿਦ੍ਯਾ ਅਰਥਾਤ ਸਾਇੰਸ ਵਧੀ ਤੇ ਇਸ ਨੇ ਸੁਖ ਭੀ ਕਈ ਪੈਦਾ ਕੀਤੇ, ਪਰ ਇਸ ਨੇ ਅੰਦਰਲੇ ਦੇ ਸੁਭਾਵ ਨੂੰ ਨਹੀਂ ਬਦਲਿਆ। ਜੇ ਅੰਦਰਲਾ ਗ਼ਰਜ਼ੀ ਤੇ ਸ੍ਵਾਰਥੀ ਸੀ ਤਾਂ ਹੋਰ ਤ੍ਰਿੱਖਾ ਤੇ ਸ੍ਵਾਰਥੀ ਬਣ ਗਿਆ ਹੈ ਤੇ ਆਪਣੇ ਲਈ ਤੇ ਭਾਈਚਾਰੇ ਲਈ ਯਾ ਇਕ ਕੌਮ ਦੂਜੀ ਕੌਮ ਲਈ ਹਾਨੀਕਾਰਕ ਉਦਮਾਂ ਵਿਚ ਹੀ ਤਤਪਰ ਹੈ। ਭਾਵੇਂ ਉੱਚੇ ਆਦਰਸ਼ ਤਾਂ ਹਨ ਤੇ ਵਧੇ ਹਨ, ਇਨਸਾਨੀ ਸੁਖ ਤੇ ਭੋਗਾਂ ਦੇ ਸਾਮਾਨ ਬੀ ਵੱਧੇ ਹਨ ਪਰ ਵਰਤੋਂ ਵਿਚ ਇਨਸਾਨ ਬਹੁਤਾ ਪਸ਼ੂ ਬ੍ਰਿਤੀ ਦੇ ਸੁਆਦਾਂ ਤੇ ਰਸਾਂ ਵਲੋਂ ਮੁੜਿਆ ਨਹੀਂ। ਸਤਿਗੁਰ ਦਾ ਆਦਰਸ਼ ਇਹ ਸੀ ਕਿ ਇਹ ਬਾਹਰਲੀਆਂ ਵਿਦ੍ਯਾ ਬੇਸ਼ਕ ਵਧਣ, ਪਰ ਪਹਿਲਾਂ ਅੰਦਰਲਾ ਪਸ਼ੂਪੁਨੇ ਤੋਂ ਮਾਨੁੱਖ ਪੁਨੇ ਤੇ ਦੇਵਤਾ ਪੁਨੇ ਵਿਚ ਆ ਜਾਵੇ ਫੇਰ ਇਸਦੀ ਸਾਰੀ ਪਦਾਰਥ ਵਿਦ੍ਯਾ ਉਸ ਆਸ਼ੇ ਨੂੰ ਪੂਰਾ ਕਰੇਗੀ, ਜਿਸ ਲਈ ਇਹ ਜੀਵਨ ਹੈ ਤੇ ਜਿਸ ਲਈ ਇਹ ਸੰਸਾਰ ਹੈ, ਇਸ ਕਰਕੇ ਉਹ ਸਾਰੀ ਆਯੂ ਆਪਣੀ ਵਿਦ੍ਯਾ ਸਿਖਾਉਂਦੇ ਰਹੇ, ਪਰ ਉਸ ਦੇ ਸਿਖਾਉਣ ਵਿਚ ਓਹਨਾਂ ਨੇ ਇਸ ਵਿਦ੍ਯਾ (ਸਾਇੰਸ) ਦੇ ਮੁਤਅੱਲਕ ਐਸੇ ਖਿਆਲ ਨਹੀਂ ਛੱਡੇ ਕਿ ਸਾਇੰਸ ਅੱਜ ਓਹਨਾਂ ਤੇ ਹਮਲਾ ਕਰਕੇ ਕਹਿ ਸਕੇ ਕਿ ਉਨ੍ਹਾਂ ਦੇ ਖਿਆਲਾਤ ਦਿੱਸਣ ਵਾਲੇ ਪਦਾਰਥਾਂ ਬਾਬਤ ਗ਼ਲਤ ਹਨ। ਸਤਿਗੁਰ ਦੇ ਸਾਇੰਸ ਸੰਬੰਧੀ ਖ਼ਿਆਲਾਤ ਦਰੁਸਤ ਨਿਕਲੇ ਹਨ ਅਰ ਸਾਇੰਸ ਦੇ ਜਨਮ ਤੋਂ ਪਹਿਲਾਂ ਦਰੁਸਤ ਨਿਕਲੇ ਹਨ।

ਸਾਇੰਸ ਵੇਤਾ ਜਦੋਂ ਆਪਣਾ ਮੰਡਲ ਛੱਡਕੇ ਰੂਹ ਦੀ ਹਸਤੀ, ਖ਼ੁਦਾ ਦੀ ਹਸਤੀ, ਮਰਨ ਬਾਦ ਜੀਵਨ ਹੈ ਕਿ ਨਹੀਂ ਵਿਚ ਜਾਂਦੇ ਹਨ ਤਾਂ ਉਹ ਆਪਣਾ ਮੰਡਲ ਛੱਡ ਜਾਂਦੇ ਹਨ, ਉਹ ਦੀਸਣਹਾਰ ਦੀ ਵਿਦ੍ਯਾ ਵਿਚੋਂ ਨਿਕਲਕੇ 'ਦੇਖਣਹਾਰ ਦੀ ਵਿਦ੍ਯਾ' ਵਿਚ ਚਲੇ ਜਾਂਦੇ ਹਨ, ਪਰ ਆਪਣੇ ਨਾਲ ਸੰਦ ਬੰਦ ਹਥਿਆਰ ਤੇ ਔਜ਼ਾਰ ਉਹੋ 'ਦੀਸਣਹਾਰ ਦੀ ਵਿਦ੍ਯਾ' ਦੇ ਲੈ ਜਾਂਦੇ ਹਨ ਤੇ ਇਸ ਤਰ੍ਹਾਂ ਕਈ ਵਾਰ ਗ਼ਲਤ ਹੁਕਮ ਸੁਣਾ ਦੇਂਦੇ ਹਨ, ਪਰ ਇਥੇ ਭੀ ਗੁਰੂ ਨਾਨਕ ਦੇਵ ਜੀ ਦੇ ਖਿਆਲ ਅਟੱਲ ਖਲੋਂਦੇ ਹਨ।

ਮਸਲਨ ਜਗਤ ਉਤਪਤੀ ਦੀਆਂ ਮਜ਼ਹਬੀ ਥੀਉਰੀਆਂ (ਕਲਪਨਾਂ) ਨੂੰ ਸਾਇੰਸ ਉਡਾ ਦੇਂਦੀ ਹੈ, ਚਾਹੇ ਅਜੇ ਸਾਇੰਸ ਆਪ ਇਸ ਪਾਸੇ ਕਾਫ਼ੀ ਤੁੱਕੀ ਨਹੀਂ ਕਰ ਚੁਕੀ, ਤਾਂ ਭੀ ਗੁਰ ਨਾਨਕ ਦੇਵ ਜੀ ਜਗਤ ਉਤਪਤੀ ਦੇ ਕਾਰਨ ਨੂੰ ਕਿਸੇ ਪਦਾਰਥਕ ਗਿਆਨ ਵਿਚ ਨਹੀਂ ਛੱਡਦੇ ਤੇ ਨਾ ਕੋਈ ਮਸਲਾ ਘੜਦੇ ਹਨ। ਉਹ ਦੱਸਦੇ ਹਨ ਕਿ ਇਸਦਾ ਕਾਰਨ 'ਅਨੰਤ' ਵਿਚ ਹੈ, ਉਸ ਦਾ ਕੋਈ 'ਕ੍ਰਿਸ਼ਮਾਂ' ਹੈ, ਜਿਸ ਦਾ ਨਾਉਂ 'ਹੁਕਮ' ਰੱਖਦੇ ਹਨ ਤੇ ਉਸ ਨੂੰ 'ਅਗੰਮ' ਦੱਸਦੇ ਹਨ, ਸੋ ਉਹ ਸਾਇੰਸਵੇਤਾ ਨੂੰ ਦੱਸਦੇ ਹਨ ਕਿ ਜੀਕੂੰ ਤੁਸੀਂ ਅੱਗ ਨੂੰ ਜਾਣਦੇ ਹੋਏ

---

[੧] ਧਵਲੈ ਉਪਰਿ ਕੇਤਾ ਭਾਰੁ॥ [੨] ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥

[੩] 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ'।

ਪਾਤਾਲਾਂ ਅਕਾਸ਼ਾਂ ਤੋਂ ਮੁਰਾਦ ਤਾਰਿਆਂ ਦੇ ਤਬਕਾਂ ਤੋਂ ਬੀ ਹੈ ਜੋ ਉਨ੍ਹਾਂ ਦੇ ਖਗੋਲ ਵਿਦ੍ਯਾ ਵਾਲੇ ਬੰਨ੍ਹਦੇ ਹਨ।

ਨਹੀਂ ਜਾਣਦੇ ਕਿ ਇਹ ਕਿਉਂ ਬਲਦੀ ਹੈ, ਕਿਉਂ ਸੜਦੀ ਹੈ, ਇਸੇ ਤਰ੍ਹਾਂ ਪਦਾਰਥਾਂ ਦੇ ਮੇਲ ਜੋਲ, ਉੱਨਤੀ, ਸਿੰਜਰਣ, ਮੌਲਣ (ਐਵੋਲਯੂਸ਼ਨ) ਦੇ ਕਾਨੂੰਨ ਤੁਸੀਂ ਜਾਣੋਂ, ਪਰੰਤੂ ਤੁਸੀਂ ਅਨੰਤ ਦੇ 'ਹੁਕਮ' ਦੇ ਕਾਨੂੰਨ ਨੂੰ ਨਹੀਂ ਜਾਣ ਸਕਦੇ, ਉਹ ਦੂਸਰੀ ਵਿਦ੍ਯਾ ਹੈ ਅਰ ਉਥੇ ਲੈਬਾਰਟਰੀ ਦੀ ਮੇਜ਼ ਤਜਰਬੇ ਦਾ ਮੰਡਲ (ਖੇਡ) ਨਹੀਂ, ਪਰ ਮਨੁੱਖ ਦਾ ਅੰਦਰਲਾ ਆਪ ਹੀ ਤਜਰਬੇਕਾਰ ਹੈ ਤੇ ਉਸ ਦਾ ਆਪਾ ਹੀ ਤਜਰਬੇ ਦੀ ਮੇਜ਼ ਹੈ ਤੇ ਆਪੇ ਦਾ ਡਾਇਲ ਹੀ ਲਖਾਵਨਹਾਰ[੧] (ਇੰਡੀਕੇਟਰ) ਹੈ। ਅਰਥਾਤ ਉਸ ਗਿਆਨ ਤੇ ਯਾ ਉਸ ਵਿਦ੍ਯਾ ਦੇ ਖੇਤ੍ਰ[੨] ਤੇ ਖੇਤ੍ਰੱਗ[੩] ਇਕੋ ਹਨ।

ਕਈ ਵੇਰ ਸਾਇੰਸ ਆਖਦੀ ਹੈ 'ਰੱਬ ਹੈ ਨਹੀਂ' ਸਤਿਗੁਰ ਨਾਨਕ ਆਖਦਾ ਹੈ ਹੇ ਭਲੇ ਪੁਰਖ ! ਆਪਣੀ ਵਿਦ੍ਯਾ ਦੀ ਹੱਦ ਵਿਚ ਰਹੁ। ਤੂੰ 'ਕੁਦਰਤ'* ਦੀ ਖੋਜ ਵਿਚ ਹੈਂ, ਉਹ ਤੇਰੀ ਕੁਦਰਤ ਦੀ ਵਿਦ੍ਯਾ ਦੇ ਕਾਇਦਿਆਂ ਤੋਂ ਉੱਚਾ ਹੈ, ਉਹ ਕਾਦਰ ਹੈ। ਸਤਿਗੁਰ ਕੁਦਰਤ ਤੇ ਕਾਦਰ ਦਾ ਹਿਸਾਬ[੪] ਐਉਂ ਦੱਸਦੇ ਹਨ:-

> ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥
>
> {ਵਾਰ ਆਸਾ ਮ: ੧}

ਸੁਣਨ ਵਿਚ, ਦੇਖਣ ਵਿਚ, ਪ੍ਰਤੀਤੀ ਵਿਚ ਆਉਣ ਵਾਲੀ ਸਾਰੀ ਸਮੁਦਾਇ ਕੁਦਰਤਿ ਦੀ ਫ਼ਹਿਰਿਸਤ ਵਿਚ ਹੈ। ਆਕਾਰ ਸਭ ਕੁਦਰਤਿ ਹੈ। ਹੇ ਜੀਵ! ਤੇਰੀ ਸਾਰੀ ਵਿਚਾਰ (ਮਨ ਬੁਧੀ*) ਵਿਦ੍ਯਾ ਪੁਸਤਕਾਂ ਸਭ ਕੁਦਰਤ ਹਨ। ਇਹ ਸਾਰੀ ਕੁਦਰਤ ਕੀਤੀ ਹੋਈ ਹੈ, ਇਸ ਦਾ ਇਕ ਹੋਰ ਕਾਦਰ ਹੈ, ਜੋ ਇਸ ਦੇ ਕਾਨੂੰਨਾਂ ਦੇ ਹੇਠ ਨਹੀਂ, ਉਹਨਾਂ ਤੋਂ ਉੱਚਾ ਹੈ, ਇਨ੍ਹਾਂ ਤੋਂ ਪਾਕ ਹੈ, ਖਿਲਕੁਲ ਪਾਕ ਹੈ, ਓਹ ਕਾਦਰ ਆਪਣੀ ਇਕ ਤਾਕਤ 'ਹੁਕਮ' ਵਿਚ ਇਸ ਸਾਰੀ ਦਾ ਸ੍ਰਿਸ਼ਟਾ ਹੈ ਤੇ ਇਸ ਨਾਲ ਉਸੇ 'ਹੁਕਮ' ਨਾਲ ਵਰਤਦਾ ਹੈ। ਇਸ ਕੁਦਰਤ ਵਿਚ ਉਹ ਵਸਿਆ ਹੋਇਆ[੧] ਬੀ ਹੈ, ਪਰ ਉਹ ਵਰਤਦਾ ਕਾਦਿਰ ਹੋਕੇ ਹੈ ਤੇ ਉਸ ਦੀ ਵਰਤਣ ਦੀ ਤਰਕੀਬ ਦਾ ਨਾਮ 'ਹੁਕਮ' ਹੈ ਤੇ ਉਹ ਵਰਤਦਾ ਹੋਇਆ ਇਕੋ ਇਕ ਹੈ, ਕੁਦਰਤ ਦੇ ਸਭ ਕਾਨੂੰਨਾਂ (Laws)ਤੋਂ ਪਾਕ ਹੈ, ਪਰੇ ਹੈ, ਉੱਚਾ ਹੈ ਤੇ ਉਹਨਾਂ ਪਰ ਹਾਵੀ ਹੈ।

ਉਸ ਨੂੰ ਜਾਣਨੇ ਲਈ ਤੇਰੀ ਸਮਝ ਨਹੀਂ ਕੰਮ ਕਰ ਸਕਦੀ, ਇਹ ਤੇਰੀ ਸਮਝ ਕੁਦਰਤ ਦਾ ਹਿੱਸਾ ਹੈ, ਇਹ ਕਾਦਰ ਨੂੰ ਨਹੀਂ ਜਾਣ ਸਕਦੀ। ਜੇ ਤੂੰ ਜਾਣਨਾ ਹੈ ਤਾਂ ਸਾਡੀ ਵਿਦ੍ਯਾ ਵਿਚ ਆ, ਫੇਰ ਸਤਿਗੁਰ 'ਵਿਸਮਾਦ' ਦਾ ਤ੍ਰੀਕਾ ਦੱਸਦੇ ਹਨ, ਜਿਸ ਨਾਲ ਰੱਬ ਲਖੀਦਾ ਹੈ, ਜਿਸ ਨਾਲ ਕਾਦਰ ਦਾ ਅਨੁਭਵ ਸਾਖੀ ਤ੍ਰੀਕੇ (ਸਬਜੈਕਟਿਵ ਮੈਥਿਡ) ਨਾਲ ਪ੍ਰਾਪਤ ਹੁੰਦਾ ਹੈ। ਵਿਸਮਾਦ ਅਵਸਥਾ ਨੂੰ ਸਮਝਣ ਲਈ ਅਸੀਂ ਇਕ ਮਿਸਾਲ ਤੇ ਵਰਤੋਂ ਦਾ ਤਜਰਬਾ ਦੇਂਦੇ ਹਾਂ। ਜਦੋਂ ਭੀ ਸੁੰਦਰ ਪਦਾਰਥ ਅਚਾਨਕ ਦੇਖੋ ਉਸ ਵੇਲੇ ਇਕ ਪਲਕਾਰਾ ਬੇਸੁਧੀ ਜੇਹੀ ਦਾ ਲੰਘਦਾ ਹੈ, ਜੋ ਬੁਹਤ ਹੀ ਥੋੜਾ ਚਿਰ ਰਹਿੰਦਾ ਹੈ, ਮਾਨੋ ਉਸੇ ਦਮ ਮਨ ਦੀ ਸ਼ਕਤੀ-ਸੋਚਣ, ਜਾਣਨ, ਪ੍ਰਤੀਤੀ ਦੀ-ਖੜੋ ਜਾਂਦੀ ਹੈ। ਉਸ ਵੇਲੇ ਹੁੰਦਾ ਕੀਹ ਹੈ? ਅੰਦਰਲਾ ਉਸ ਵੇਲੇ ਅਨੰਤ ਨਾਲ ਠੁਹਕਰ ਖਾਂਦਾ ਹੈ। ਖਾਂਦੇ ਸਾਰ ਜਦ

---

[੧] ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

[੨] Field of knowledge.

[੩] The knower.

[੪] Catagory.

* Intellect.

[੧] ਬਲਿਹਾਰੀ ਕੁਦਰਤਿ ਵਸਿਆ॥

ਪੁਨਾ:-ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

ਆਪ ਫੇਰ ਪਿਛੇ ਮੁੜਦਾ ਹੈ ਤਾਂ ਝਟ ਪਟ ਬੁੱਧੀ ਫੇਰ ਕੰਮ ਕਰਦੀ ਹੈ ਤੇ ਆਖਦੀ ਹੈ: 'ਵਾਹ! ਵਾਹ'! ਤੇ ਵਾਹ ਵਾਹ ਕਹਿ ਕੇ ਹੋਰ ਕੁਛ ਦੱਸ ਨਹੀਂ ਸਕਦੀ। ਪਰ ਉਸ ਡੁਬਕੇ ਦਾ ਅਨੁਭਵ ਕਿਸੇ 'ਸੁਆਦ ਦੀ ਯਾਦ' ਵਿਚ ਪ੍ਰਤੀਤ ਕਰਦੀ ਹੈ, ਜੋ ਆਪੇ ਨੂੰ ਅਨੰਤ ਵਿਚ ਵੱਜਾ ਸੀ ਤੇ ਜਿਸ ਦੀ ਛੁਹ ਆਪੇ ਨੇ ਬੁੱਧੀ ਨੂੰ ਆਕੇ ਲਾਈ ਸੀ। ਗੁਰੂ ਜੀ ਦੱਸਦੇ ਹਨ ਕਿ ਅਪਣੀ ਵੀਚਾਰ ਸੋਚ ਤੋਂ, ਜੋ ਕੁਦਰਤ ਦਾ ਹਿੱਸਾ ਹੈ, ਉੱਚਾ ਉੱਠ ਤੇ ਵਿਸਮਾਦ ਵਿਚ ਆ, ਵਿਸਮਾਦ ਤੈਨੂੰ ਅੰਦਰਲੇ ਆਪੇ ਵੱਲ ਰੁੱਖ ਦੇਵੇਗਾ, ਹਾਂ ਐਉਂ ਆਪਣੇ ਅੰਦਰ ਆ, ਆਪਣੇ ਅੰਦਰਲੇ ਵਿਚ ਟਿਕ, ਅੰਦਰੋਂ ਜਦ ਵਿਸਮਾਦ ਤੋਂ ਲੀਨਤਾ ਵਿਚ ਜਾਵੇਂਗਾ, ਤਾਂ ਤੈਨੂੰ ਅਨੰਤ ਦੀ ਛੁਹ ਦਾ ਤਜਰਬਾ ਹੋ ਜਾਵੇਗਾ। ਜੇ ਤੂੰ ਇਸ ਦੀ ਜਾਚ ਸਿੱਖਣੀ ਚਾਹੇਂ ਤਾਂ ਸਿਮਰਨ ਵਿਚ ਆ; ਜਿਸ ਨਾਲ ਲਿਵ ਲਗੇਗੀ। ਇਸ ਲਿਵ ਵਿਚ 'ਅਨੰਤ' ਦੀ ਛੁਹ ਦੇ ਠਹੋਲੇ ਆਇਆ ਕਰਨਗੇ। ਤਦ ਤੈਨੂੰ ਕਾਦਰ ਦੀ ਸੋਝੀ ਹੋ ਜਾਵੇਗੀ, ਫੇਰ ਤੈਨੂੰ ਦ੍ਰਿਸ਼ਟਮਾਨ ਦੇ ਪਦਾਰਥਾਂ ਵਿਚ ਵੀ ਉਸ ਦੇ ਵਿਸਮਾਦ ਦਾ ਝਲਕਾ ਦਿੱਸੇਗਾ। ਜੀਕੂੰ ਲੋਕੀਂ ਸੰਤਰੇ ਵਿਚ ਸੰਤਰਾ ਵੇਖਦੇ ਹਨ, ਪਰ ਹੇ ਸਾਇੰਸ ਵੇਤਾ! ਤੈਨੂੰ ਇਸ ਵਿਚ ਸਾਈਟ੍ਰਿਕ ਐਸਡ (ਨਿੰਬੂ ਖਟਾਸ) ਬੈਠਾ ਹੋਇਆ ਨਜ਼ਰ ਪੈਂਦਾ ਹੈ? ਸੰਤਰੇ ਵਿਚੋਂ ਨਿੰਬੂ ਖਟਾਸ ਜੁਦਾ ਕਰਕੇ ਵੇਖਣ ਲਈ ਕੈਮਿਸਟਰੀ (ਰਸਾਇਣ) ਵਿਦਯਾ ਦੀ ਲੋੜ ਹੈ, ਵਾਹਿਗੁਰੂ ਵਿਆਪਕ ਦੇ ਝਲਕੇ ਲਈ ਪਹਿਲਾਂ ਸਿਫਤ ਸਲਾਹ ਤੇ ਨਾਮ ਦੀ ਅਨੁਭਵੀ ਵਿਦਯਾ ਦੀ ਲੋੜ ਹੈ। ਗਲ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਜੀ ਇਸ ਵਿਦਯਾ ਦੇ ਨਿਰੇ ਮਸਲੇ ਮਾਤ੍ਰ ਨਹੀਂ ਦੇਂਦੇ, ਸਗੋਂ ਅਮਲੀ ਤਜਰਬੇ ਵਿਚ ਆਉਣ ਵਾਲੇ ਅਸੂਲ ਦੱਸਦੇ ਹਨ ਜਿਨ੍ਹਾਂ ਦੇ ਵਿਸਥਾਰ ਦੀ ਇਥੇ ਲੋੜ ਨਹੀਂ। ਮਰਨ ਦੇ ਬਾਦ ਜੀਵ ਦੇ ਰਹਿਣ ਬਾਬਤ ਸਤਿਗੁਰ ਜੀ ਸਾਫ ਪਤੇ ਦੇਂਦੇ ਹਨ। ਪੱਛਮ ਵਿਚ ਬੀ ਹੁਣ ਖੋਜ ਪੜਤਾਲ ਏਸ ਪਾਸੇ ਰੁਖ਼ ਕਰ ਰਹੀ ਹੈ ਤੇ ਕਈ ਵਡੇ ਸਾਇੰਸ ਵੇਤਾ ਬੀ ਇਸ ਦੀ ਹੋਂਦ ਬਾਬਤ ਪੁਸਤਕਾਂ ਲਿਖ ਰਹੇ ਹਨ।

ਸੋ ਗੁਰੂ ਨਾਨਕ ਦੇਵ ਜੀ ਦੇ ਅਨੁਭਵ ਨੂੰ ਆਪਣੇ 'ਸੱਚ' ਦੇ ਆਧਾਰ ਤੇ ਹੋਣ ਕਰਕੇ ਜਿਉਂ ਕਾ ਤਿਉਂ ਜਗਤ ਆਧਾਰ ਹੋਣ ਦਾ ਅਹਿਲ ਪਦ ਪ੍ਰਾਪਤ ਹੈ। ਪੰਜਾਂ ਸਦੀਆਂ ਵਿਚ ਫਿਲਾਸਫੀ, ਭਾਈਚਾਰਕ ਵਿਦਯਾ ਤੇ ਸਾਇੰਸ ਵਿਚ ਬੜੀਆਂ ਤਬਦੀਲੀਆਂ ਹੋਈਆਂ ਹਨ, ਪਰੰਤੂ ਉਹਨਾਂ ਦਾ ਅਨੁਭਵ ਜਿਉਂ ਦਾ ਤਿਉਂ ਸੱਚ ਪਰ ਟਿਕਿਆ ਨਵਾਂ ਨਿਕੋਰ ਖੜਾ ਹੈ। ਸਤਿਗੁਰ ਨਾਨਕ ਦਾ ਅਨੁਭਵ ਸਰਬ ਕਾਲੀ ਹੈ ਤੇ ਗੁਰੂ ਨਾਨਕ ਸਰਬ ਕਾਲੀ ਸਤਿਗੁਰ ਹੈ।

ਸੋ ਸਤਿਗੁਰ ਜੀ ਨੇ ਪਦਾਰਥਕ ਵਿਦਯਾ ਤੇ ਆਤਮ ਵਿਦਯਾ ਦੇ ਟਿਕਾਣੇ ਸਪਸ਼ਟ ਦੱਸ ਦਿੱਤੇ, ਜੋ ਦਿੱਸਦਾ ਭਾਸਦਾ ਜਾਣੀਦਾ ਹੈ, ਵੀਚਾਰ ਸਮੇਤ ਸਭ ਕੁਦਰਤ ਹੈ, ਇਸ ਦੀ ਖੋਜ ਸਾਇੰਸ ਤੇ ਵਿਦਯਾ ਨੇ ਕਰਨੀ ਹੈ, ਇਹ ਕਰੇ। ਸਤਿਗੁਰ ਆਪ ਇਸ ਦੇ ਦਰੁਸਤ ਖਿਆਲ ਦੇ ਗਏ ਹਨ ਤੇ ਗ਼ਲਤ ਖਿਆਲਾਂ ਨੂੰ ਕੱਟਕੇ ਇਸ ਦੀ ਮਾਨੋਂ ਨੀਂਹ ਧਰ ਗਏ ਹਨ, ਪਰ ਨਾਲ ਹੀ ਆਪਣਾ ਇਹ ਭੁਲੇਖਾ ਕੱਟ ਗਏ ਹਨ ਕਿ ਇਹ ਵਿਦਯਾ ਕਾਦਰ ਦੀ ਵਿਦਯਾ ਨੂੰ ਜਾਣ ਸਕੇ। ਇਨਸਾਨ ਦੀ ਬੁੱਧੀ 'ਕੁਦਰਤ' ਦਾ ਹਿੱਸਾ ਉਹਨਾਂ ਨੇ ਦੱਸਿਆ ਇਹ ਕਾਦਰ ਨੂੰ ਜਾਣ ਨਹੀਂ ਸਕਦੀ ਜਿਵੇਂ ਕਿ ਇਹ ਦ੍ਰਿਸ਼ਟਮਾਨ ਨੂੰ ਜਾਣ ਸਕਦੀ ਹੈ। ਕਾਦਰ ਨੂੰ ਜਾਣਨਾ ਦ੍ਰਿਸ਼ਟਾ ਦਾ ਅਨੁਭਵ ਕਰਨਾ ਹੈ, ਜਿਵੇਂ ਨਜ਼ਰ ਨਾਲ ਜਗਤ ਵੇਖਦਾ ਹੈ ਪਰ ਨਜ਼ਰ ਨੂੰ ਦ੍ਰਿਸ਼ਟਮਾਨ ਕਰਕੇ ਹੋਰ ਦਿੱਸਦੇ ਪਦਾਰਥਾਂ ਵਾਂਕੂ ਨਹੀਂ ਦੇਖ ਸਕੀਦਾ। ਨਜ਼ਰ ਨੂੰ ਦ੍ਰਿਸ਼ਟਾ ਪਨੇ ਦੇ ਰੰਗ ਵਿਚ ਲਖੀਦਾ ਹੈ। ਸੋ ਸਰਬ ਦ੍ਰਿਸ਼ਟਾ ਵਾਹਿਗੁਰੂ ਨੂੰ ਜਾਣਨ ਲਈ। ਉਹਨਾਂ ਦਾ ਦੱਸਿਆ ਅਮਲੀ ਤ੍ਰੀਕਾ ਸਿਫਤ ਸਲਾਹ ਤੇ ਸਿਮਰਨ ਦਾ ਧਾਰਨ ਕਰੋ ਤੇ ਲਿਵ ਵਿਚ ਜਾਓ। ਓਥੇ 'ਸਿੱਧ ਯਾ ਸੁਧ' ਇਕ ਹੋਰ ਬੁੱਧੀ ਲਿਸ਼ਕਾਰਾ ਮਾਰੇਗੀ: ਜਿਸ ਦੁਆਰਾ ਆਪੇ ਵਿਚ ਆਪੇ ਦਾ ਦ੍ਰਿਸ਼ਟਾ ਸਰੂਪ, ਸਾਖੀ ਸਰੂਪ, ਦੇਖਣਹਾਰ, ਜਾਣਨਹਾਰ ਰੂਪ ਦਾ ਅਨਭਉ ਵਜਦਾ ਹੈ ਤੇ ਪੜ੍ਹਿਆ ਅਨਪੜ੍ਹਿਆ ਅੰਦਰਲੇ ਦੀ ਸੋਝੀ ਪਾ ਸਕਦਾ ਹੈ ਜੋ ਸੋਝੀ ਕਿ ਦ੍ਰਿਸ਼ਟਮਾਨ ਢੰਗ ਦੀ ਨਹੀਂ। ਐਉਂ ਗੁਰੂ ਨਾਨਕ ਦੇ ਦੱਸੇ ਖਿਆਲ ਮੰਡਲ ਵਿਚ ਅੰਤ੍ਰੰਗ ਤੇ ਬਹੁਰੰਗ ਵਿਦਯਾ ਹਥੋ ਹਥੀ ਟੁਰਦੀਆਂ ਹਨ ਤੇ ਟੱਕਰਦੀਆਂ ਨਹੀਂ ਹਨ।

## ਗੀਤ[1]

{ਮਾਤਾ ਤ੍ਰਿਪਤਾ ਜੀ ਦੀ ਇਕ ਗੁਆਂਢਣ ਬਾਹਰੋਂ ਕਾਹਲੀ ਕਾਹਲੀ ਆਈ ਤੇ ਬੋਲੀ}

ਰੀ ਮਾਤ ਤ੍ਰਿਪਤਾ! ਪੁੱਤ੍ਰ ਨੂੰ ਜਾਹੁ ਜਗਾਉ!
ਪਾਉਂ ਤੇ ਪਾਉਂ ਧਰ ਸੋਇ ਰਿਹਾ ਹੈ
ਵਣੇ ਦੀ ਸੰਘਣੀ ਛਾਉਂ।
ਮੱਝੀਆਂ ਜਾਇ ਪਈਆਂ ਵਿਚ ਖੇਤੇ,
ਖਾਇ ਰਹੀਆਂ ਭਰ ਚਾਉ।

ਮਾਤਾ ਤ੍ਰਿਪਤਾ (ਗੋਲੀ ਨੂੰ)-
ਜਾਹ ਨੀ ਦੌਲਤੇ! ਦੌੜਦੀ ਜਾਹ ਤੂੰ,
ਨਾਨਕ ਨੂੰ ਦੇਈਂ ਜਗਾਉ।
ਭਰਨਾ ਨ ਪੈ ਜਾਏ ਕਿਤੇ ਉਜਾੜਾ
ਛੇਤੀ ਜਾ ਦੇਹ ਸੁ ਉਠਾਉ।

ਬੀਬੀ ਨਾਨਕੀ (ਮਾਂ ਨੂੰ)
ਸਾਈਂ ਦੇ ਰੰਗ ਰੱਤਾ ਏ ਵੀਰਨ,
ਸੁੱਤਾ ਨਹੀਂ ਓ, ਬਲ ਜਾਉਂ !
ਰਾਖਾ ਏ ਰੱਬ ਉਸ ਨੂਰ ਦਾ ਅੰਮੀਏ !
ਵਿਘਨ ਦੀ ਕੋਈ ਨ ਥਾਉਂ !
{ਦੌਲਤਾਂ ਨੂੰ}-
ਤੇਖਲੇ ਵਿਚ ਨ ਭੱਜ ਨੀ ਦੌਲਤੇ!
ਨੱਸ ਨ ਖਾਈਂ ਘਬਰਾਉ।
'ਵੀਰ ਦੇ ਪਿਆਰੇ' ਤੋਂ 'ਵੀਰ' ਵਿਛੋੜ ਨਾਂ,
ਵਿੱਥ ਨਾ ਮਿਲਜਾਂ ਵਿਚ ਪਾਉ।
ਸੌਖਾ ਏ ਤੋੜਨ, ਜੋੜਨ ਉਖੇਰੜਾ,
ਮਿਲਿਆਂ ਦਾ ਮੇਲ ਮਿਲਾਉ।

ਵੀਰ ਨ ਛੇੜੀਂ, ਤੂੰ ਦੇਖਕੇ ਆਵੀਂ,
ਸੂਹ ਜਾ ਸੱਚੜੀ ਲਜਾਉ।
ਦੌਲਤਾ {ਮੁੜਕੇ ਆਕੇ}-
ਰਾਇ ਬੁਲਾਰ ਦੇ ਭੀੜ ਹੈ ਲੱਗੀ
ਵਿਚ ਕਚਹਿਰੀ ਦੇ ਥਾਉਂ
ਨਾਨਕ ਹੈ ਓਥੇ ਤੇ ਮਾਲਕ ਬੀ ਓਥੇ
ਤੇ ਰਾਹਕ ਮੰਗੇਦੜਾ ਨਿਆਉਂ।
ਰਾਇ ਦੇ ਆਦਮੀ ਦੇਖ ਕੇ ਆਏ,
ਆਖਦੇ: 'ਰਾਇ ! ਬਲ ਜਾਉਂ!
'ਖੇਤ ਹੈ ਲਹਿਰਦਾ ਹਰਿਆ ਹਰਜ਼ਾਵਲ,
ਤੀਲੇ ਦਾ ਨਾ ਉਜੜਾਉ।
ਝੂਠੀ ਹੈ ਨਾਲਸ਼ ਤੇ ਕੂੜਾ ਹੈ ਰਾਹਕ,
ਸੁਣੀਂ ਤੂੰ ਤੱਪੇ ਦੇ ਰਾਉ!'
ਰਾਹਕ ਨੇ ਆਖਿਆ: 'ਖੇਤ ਤਾਂ ਖਾਧੜਾ
ਮੱਝੀਆਂ ਨੇ ਭਰਿ ਚਾਉ।
ਐਪਰ ਏ ਮੈਨੂੰ ਹੈ ਜਾਪਦਾ ਰਾਇ ਜੀ!
ਨਾਨਕ ਹੈ ਕੁਈ ਉਲਜਾਉ।'
ਰਾਇ ਤਦ ਤੱਕਿਆ ਨਾਨਕੇ ਵੱਲ ਨੂੰ,
ਨਾਨਕ ਇਹ ਕੀਤਾ ਅਲਾਉ:-
'ਰਿਜ਼ਕ ਸੰਬਾਹਿਦਾ ਰਾਜ਼ਕ ਹੈ ਆਪੇ,
ਪੈਜ ਸੰਵਾਰੇ ਹਰਿ ਰਾਉ।
'ਓਸ ਦਾ ਜੇ ਤੂੰ ਹੋ ਰਹੇਂ ਰਾਇ ਜੀ!
ਤੇਰਾ ਬੀ ਓਹ ਹੋ ਜਾਉ।'

# ੯੫. ਸਭ ਤੇ ਵਡਾ ਸਤਿਗੁਰੁ ਨਾਨਕੁ[2]।

"ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥"

ਚਿਰਾਂ ਦੀ ਗੱਲ ਹੈ[3] ਕਿ ਇਕ ਵਿਆਹ ਦੇ ਮੌਕਿਆ ਤੇ ਸਚਖੰਡ ਵਾਸੀ ਸੰਤ ਸਵਾਯਾ ਸਿੰਘ ਜੀ ਸਾਡੇ ਘਰ ਆਏ ਸੇ, ਸਤਿਸੰਗ ਦੀਆਂ ਗੱਲਾਂ ਬਾਤਾਂ ਕਰਦੇ ਹੋਏ ਆਪ ਨੇ ਫੁਰਮਾਯਾ: ਗੁਰੂ ਨਾਨਕ ਦੇਵ ਜੀ ਤੇ ਜ਼ਰਾ ਦਇਆ ਕਰਿਆ ਕਰੋ। ਉਨ੍ਹਾਂ ਦਾ ਇਹ ਵਾਕ ਸੁਣਕੇ ਸਾਰੇ ਤ੍ਰਬ੍ਰਕ ਗਏ, ਪਰ ਉਹ ਆਪ ਹੀ ਕਿਸੇ ਦੇ ਕੁਛ ਪੁਛਣ ਤੋਂ ਪਹਿਲਾਂ ਬੋਲ ਪਏ ਤੇ ਆਖਣ ਲਗੇ: ਹੈਰਾਨ ਨਾ ਹੋਵੋ, ਮੈਂ ਬੇਅਦਬੀ ਦੇ ਵਾਕ ਨਹੀਂ ਕਹੇ, ਪਰ ਸ੍ਰਿਸ਼ਟੀ ਦੇ ਲਾਭ ਦੇ ਅਤਿ ਜ਼ਰੂਰੀ ਵਾਕ ਕਹੇ ਹਨ, ਜੋ ਸਤਿਗੁਰ

੧ ਇਹ ਗੀਤ ਗੁਰਪੁਰਬ ਪੁੰਨਮ ਸੰ: ਗੁ: ਨਾ: ਸਾ੪੭੩ {੧੯੪੧ ਈ:} ਨੂੰ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਤ ਹੋ ਗਿਆ ਸੀ। ੨ ਇਹ ਲੇਖ ਸੰ:ਗੁ:ਨਾ:ਸਾ ੪੪੭ {੧੯੧੫ ਈ:} ਦੇ ਗੁਰਪੁਰਬ ਪੁੰਨਮ ਪਰ "ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ। ੩ ਲਗ ਪਗ ੧੯੦੫ ਈ: ਦੇ।


www.sikhbookclub.com

ਜੀ ਦੇ ਅਦਬ ਵਾਲੇ ਹਨ। ਦੇਖੋ ਇਕ ਡਾਕਟਰ ਹੈ ਜੋ ਬੇਓੜਕੇ ਬੀਮਾਰਾਂ ਦਾ ਰੋਜ਼ ਦਾਰੂ ਕਰਦਾ ਹੈ, ਹੁਣ ਜੇ ਹਰ ਬੀਮਾਰ ਡਾਕਟਰ ਦੇ ਕਹੇ ਮੁਜਬ ਦਵਾ ਠੀਕ ਵੇਲੇ ਸਿਰ ਖਾਂਦਾ ਹੈ, ਗ਼ਜ਼ਾ ਉਸ ਦੀ ਦੱਸੀ ਵਰਤਦਾ ਹੈ ਤੇ ਹਰ ਤਰ੍ਹਾਂ ਨਾਲ ਪੱਥ ਪ੍ਰਹੇਜ਼ ਰੱਖਦਾ ਹੈ, ਉਹ ਛੇਤੀ ਵੱਲ ਹੁੰਦਾ ਹੈ।

ਇਸੇ ਤਰ੍ਹਾਂ ਜਿੰਨਾ ਕੋਈ ਰੋਗੀ ਡਾਕਦਾਰ ਦਾ ਥੋੜ੍ਹਾ ਵਕਤ ਲੈਂਦਾ ਹੈ, ਓਨਾਂ ਡਾਕਦਾਰ ਬਹੁਤੇ ਬੀਮਾਰਾਂ ਨੂੰ ਵਕਤ ਦੇ ਸਕਦਾ ਹੈ। ਐਉਂ ਡਾਕਦਾਰ ਆਪਣੇ ਫਰਜ਼ ਨੂੰ ਵਧੀਕ ਪੂਰਾ ਕਰਦਾ ਹੈ। ਦੂਜੇ ਪਾਸੇ ਸੋਚੋ ਕਿ ਇਕ ਉਹ ਬੀਮਾਰ ਹੈ ਜੋ ਪ੍ਰਹੇਜ਼ ਨਹੀਂ ਰੱਖਦਾ, ਦਵਾ ਠੀਕ ਤਰ੍ਹਾਂ ਨਹੀਂ ਖਾਂਦਾ, ਉਹ ਛੇਤੀ ਵੱਲ ਨਹੀਂ ਹੁੰਦਾ, ਉਸ ਪਰ ਡਾਕਦਾਰ ਨੂੰ ਵਕਤ ਵਧੇਰੇ ਖਰਚ ਕਰਨਾ ਪੈਂਦਾ ਹੈ ਤੇ ਇਸ ਤਰ੍ਹਾਂ ਉਹ ਡਾਕਦਾਰ ਦਾ ਵਕਤ ਅਜਾਂਈ ਗਵਾਉਂਦਾ ਹੈ ਤੇ ਇਸ ਵਕਤ ਦੇ ਅਜਾਂਈਂ ਜਾਣ ਕਰਕੇ ਡਾਕਦਾਰ ਥੋੜ੍ਹੇ ਬੀਮਾਰਾਂ ਨੂੰ ਦੇਖ ਸਕਦਾ ਹੈ। ਹੁਣ ਦੱਸੋ ਪ੍ਰਹੇਜ਼ ਰੱਖਣ ਵਾਲਾ ਬੀਮਾਰ ਡਾਕਦਾਰ ਪਰ ਮਿਹਰਬਾਨੀ ਕਰਦਾ ਹੈ ਕਿ ਨਹੀਂ? ਜੋ ਡਾਕਦਾਰ ਦਾ ਵਕਤ ਬਚਾਉਂਦਾ ਹੈ ਜਿਸਨੂੰ ਡਾਕਦਾਰ ਹੋਰਨਾਂ ਬੀਮਾਰਾਂ ਪਰ ਸਫਲ ਕਰਦਾ ਹੈ? ਹੁਣ ਲਓ ਇਸੇ ਦ੍ਰਿਸ਼ਟਾਂਤ ਨੂੰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਪਰ ਘਟਾਓ। ਓਹ ਸੱਚੇ ਡਾਕਦਾਰ ਹਨ ਤੇ ਉਨ੍ਹਾਂ ਦਾ ਬਿਰਦ ਇਹ ਹੈ:-

ਸਗਲ ਸਮੂਹ ਲੈ ਉਧਰੇ ਨਾਨਕ......।

ਸੋਚੋ, ਜਿਸ ਸੱਚੇ ਵੈਦ ਦਾ ਬਿਰਦ ਇਹ ਹੈ ਕਿ ਸਾਰਿਆਂ ਨੂੰ ਉਸ ਨੇ ਉਧਾਰਨਾ ਹੈ, ਉਸ ਦੇ ਅੱਗੇ ਕਿੰਨਾ ਭਾਰੀ ਕੰਮ ਪਿਆ ਹੈ। ਅਸੀਂ ਉਸ ਸਚੇ ਵੈਦ ਦੇ ਇਕ ਬੀਮਾਰ ਹਾਂ, ਸਾਨੂੰ ਉਸ ਨੇ 'ਸੰਸਾਰ ਰੋਗੀ' ਜਾਣਕੇ 'ਨਾਮ ਦਾਰੂ' ਦਿੱਤਾ ਹੈ। ਹੁਣ ਜੇ ਤਾਂ ਅਸੀ ਇਹ ਦਾਰੂ ਪੱਥ ਪ੍ਰਹੇਜ਼ ਰੱਖਕੇ ਖਾਂਦੇ ਹਾਂ ਤਾਂ ਨਿਸਚੇ ਹੈ ਕਿ ਛੇਤੀ ਰਾਜ਼ੀ ਹੋਵਾਂਗੇ। ਜੇ ਅਸੀਂ ਪੱਥ ਪ੍ਰਹੇਜ਼ ਨਹੀਂ ਰੱਖਦੇ ਤਾਂ ਰੋਗ ਚਿਰਕਾ ਹਟੇਗਾ ਤੇ ਗੁਰੂ ਨਾਨਕ ਦੇਵ ਜੀ ਨੇ, ਜੋ ਰਾਜ਼ੀ ਕਰਨ ਦਾ ਪ੍ਰਣ ਕਰ ਚੁਕੇ ਹਨ, ਸਾਨੂੰ ਆਪਣੇ ਹਸਪਤਾਲੋਂ ਕੱਢਣਾ ਤਾਂ ਹੈ ਹੀ ਨਹੀਂ, ਹੋਰ ਹੋਰ ਉਪਰਾਲੇ ਸਾਡੇ ਨਾਲ ਕਰਨਗੇ, ਐਉਂ ਸਾਡੇ ਤੇ ਵਧੀਕ ਵਕਤ ਖਰਚ ਕਰਨਗੇ, ਸੋ ਅਸੀਂ ਆਪਣੇ ਲਈ ਵਾਧੂ ਵਕਤ ਲੈਣ ਵਿਚ ਗੁਰੂ ਜੀ ਦੇ ਸ੍ਰਿਸ਼ਟੀ ਉਧਾਰ ਦੇ ਕੰਮ ਵਿਚ ਢਿੱਲ ਪਾਵਾਂਗੇ। ਓਹ ਪ੍ਰਣ ਕਰ ਚੁਕੇ ਹਨ: 'ਸਗਲ ਸਮੂਹ ਦਾ ਉਧਾਰ ਕਰਨਾ ਹੈ', ਇਸ ਲਈ ਬਹੁਤ ਚਿਰ ਤੱਕ ਇਲਾਜਾਂ ਵਿਚ ਰੁੱਝੇ ਰਹਿਣਗੇ। ਪਰ ਜੇ ਅਸੀਂ ਗੁਰੂ ਨਾਨਕ ਜੀ ਦਾ ਘੱਟ ਤੋਂ ਘੱਟ ਵਕਤ ਲਈਏ ਤਾਂ ਓਹ ਉਸ ਵਕਤ ਨੂੰ ਹੋਰਨਾਂ ਪਰ ਲਾਕੇ ਆਪਣੇ ਕੰਮਾਂ ਨੂੰ ਸਹਿਲਾ ਤੇ ਛੇਤੀ ਕਰਨਗੇ। ਹੁਣ ਦੱਸੋ ਓਹਨਾਂ ਦੇ ਵਕਤ ਬਚਾਉਣ ਵਿਚ ਅਸੀਂ ਉਹਨਾਂ ਤੇ ਕ੍ਰਿਪਾ ਨਹੀਂ ਕਰਦੇ? ਇਹ ਕਹਿਕੇ ਉਹ ਇਸ ਤਰ੍ਹਾਂ ਮੁਸਕ੍ਰਾਏ ਜਿਸ ਤਰ੍ਹਾਂ ਲਾਡਲੇ ਭਗਤ ਲਾਡਮਈ ਪਿਆਰ ਵਿਚ ਮੁਸਕ੍ਰਾਯਾ ਕਰਦੇ ਹਨ।

ਪਾਠਕਾਂ ਨੂੰ ਭੁਲੇਖਾ ਨਾ ਲੱਗੇ; ਸਿਖੀ ਸਿਦਕ ਦੇ ਪੂਰੇ ਸੰਤ ਸਵਾਯਾ ਸਿੰਘ ਜੀ ਦਾ ਭਾਵ ਇਹ ਸੀ ਕਿ ਗੁਰ ਨਾਨਕ ਸੱਚਾ ਵੈਦ ਹੈ ਅਰ ਇਤਨਾ ਵੱਡਾ ਹੈ ਕਿ ਸਾਰੇ ਜਹਾਨ ਦੀ ਮੁਕਤੀ ਉਹਨਾਂ ਨੇ ਹੀ ਕਰਨੀ ਹੈ, ਹਾਂ 'ਸਭ ਤੇ ਵਡਾ ਸਤਿਗੁਰੁ ਨਾਨਕੁ' ਹੈ, ਇਹੀ ਗੁਰਬਾਣੀ ਆਖਦੀ ਹੈ ਤੇ ਇਹੀ ਹਰ ਸਿਖ ਦਾ ਵਿਸ਼ਵਾਸ਼ ਹੈ।

ਦੁਨੀਆਂ ਵਿਚ ਅੱਡ ਅੱਡ ਸਮਿਆਂ ਤੇ ਅੱਡ ਅੱਡ ਦੇਸ਼ਾਂ ਵਿਚ ਕਈ ਮਹਾਂ ਪੁਰਖ ਆਏ ਤੇ ਆਪੋ ਆਪਣੇ ਚਾਨਣੇ ਤੇ ਲੋੜਾਂ ਅਨੁਸਾਰ ਰਸਤੇ ਦਿਖਾ ਗਏ। ਸਭ ਤੋਂ ਅਖੀਰ ਸ੍ਰੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਆਏ। ਅਕਸਰ ਪੁੱਛਿਆ ਜਾਂਦਾ ਹੈ ਕਿ ਗੁਰ ਨਾਨਕ ਪਿਛਲਿਆਂ ਤੋਂ ਵੱਡੇ ਹਨ ਕਿ ਛੋਟੇ? ਜਦ ਗੁਰਬਾਣੀ ਤੋਂ ਪੁੱਛੀਏ ਤਾਂ ਉੱਤਰ ਮਿਲਦਾ ਹੈ:-

"ਸਭ ਤੇ ਵਡਾ ਸਤਿਗੁਰੁ ਨਾਨਕੁ"।

ਅਰਸ਼ਾਂ ਵਿਚ ਤਾਂ ਵਾਹਿਗੁਰੂ ਜਯੋਤੀ ਸਰੂਪ ਦੀ ਸਿਖਯਾ ਦਾਤਾ ਜਯੋਤੀ 'ਗੁਰੂ-ਜਯੋਤੀ' ਹੈ! ਸੰਸਾਰ ਵਿਚ ਜਿਤਨੇ ਸਿੱਖਯਾ ਦਾਤੇ ਆਏ ਸਭ ਉਸ ਜਯੋਤੀ ਦੇ ਹੁਕਮ ਵਿਚ ਆਏ, ਜਿਸ ਦਾ ਨਾਮ 'ਗੁਰੂ' ਹੈ, ਜੋ ਅਰਸ਼ਾਂ ਤੋਂ ਮਹਾਂ ਪੁਰਖਾਂ ਵਿਚ 'ਤਾਰਨ' ਦੀ ਸੱਤਯਾ ਭਰਕੇ ਘੱਲਦੀ ਤੇ ਰਹਿਬਰੀ ਕਰਦੀ ਹੈ। ਓਹ 'ਗੁਰੂ ਜੋਤਿ' ਜਦੋਂ ਜਗਤ ਵਿਚ ਆਪ ਆ

ਪ੍ਰਗਟੀ ਤਾਂ 'ਗੁਰੂ' ਪਦ ਦੇ ਨਾਲ ਮਾਪਿਆਂ ਦੇ ਦਿੱਤੇ ਨਾਮ 'ਨਾਨਕ' ਨਾਲ ਸਾਡੇ ਵਿਚ ਪ੍ਰਸਿੱਧ ਹੋਈ, ਪਰੰਤੂ ਸੰਸਾਰ ਵਿਚ ਓਹਨਾਂ ਦੀਆਂ ਕਹਿਣੀਆਂ, ਕਰਤੱਬਾਂ ਤੇ ਅਸਲੀ ਦਸ਼ਾ ਤੋਂ ਓਹਨਾਂ ਦੀ ਵਡਿਆਈ ਕਿਵੇਂ ਪ੍ਰਤੀਤ ਹੁੰਦੀ ਹੈ, ਇਸ ਸਤਿਕਾਰ ਭਰੀ ਵੀਚਾਰ ਦੀ ਲੋੜ ਹੈ, ਜਿਸ ਲਈ ਅਸੀਂ ਹਰੇਕ ਮਹਾਂ ਪੁਰਖ ਦੇ ਗੁਣਾਂ ਦਾ ਵਿਚਾਰ ਕਰਦੇ ਹਾਂ:-

> 'ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥' {ਸੂਹੀ ਛੰਡ ਮ: ੧}

ਇਸ ਅਸੂਲ ਮੂਜਬ ਅਸੀਂ ਅਜ ਮਨੁੱਖੀ ਨੁਕਤੇ ਤੋਂ ਵੇਖਣਾ ਹੈ 'ਸਭ ਤੇ ਵਡਾ ਸਤਿਗੁਰੁ ਨਾਨਕ' ਕਿਕੂੰ ਸਿਧ ਹੁੰਦਾ ਹੈ[੧]:-

੧. {ਗੁਰੂ ਨਾਨਕ ਦੇਵ ਜੀ ਤੇ ਬੁਧ}

੧.ਸੰਸਾਰ ਵਿਚ ਸਭ ਤੋਂ ਵਧੀਕ ਪ੍ਰਾਣੀਆਂ ਦੇ ਸਿਰਤਾਜ ਇਸ ਵੇਲੇ ਭੀ ਬੁਧ ਜੀ ਹਨ! ਆਪ ਲਗਪਗ ਢਾਈ ਹਜ਼ਾਰ ਬਰਸ ਬੀਤੇ ਤਾਂ ਹਿੰਦੁਸਤਾਨ ਵਿਚ ਪ੍ਰਗਟੇ ਸੇ। ਇਖ਼ਲਾਕ ਅਰਥਾਤ ਸਦਾਚਾਰੀ ਜੀਵਨ ਆਪ ਦਾ ਐਨਾ ਉੱਚਾ ਹੈ ਕਿ ਦਾਨਿਆਂ ਦਾ ਖਿਆਲ ਹੈ ਕਿ ਈਸਾਈਅਤ ਅਤੇ ਹੋਰ ਵਡੇ ਵਡੇ ਧਰਮਾਂ ਨੂੰ ਬੁਧ ਜੀ ਦੇ ਧਰਮ ਤੋਂ ਰੌਸ਼ਨੀ ਮਿਲੀ ਹੈ। ਬੁਧ ਜੀ ਦੇ ਉਪਾਸਕ ਚਾਹੇ ਹਿੰਦੁਸਤਾਨ ਵਿਚ ਹੁਣ ਇਤਨੇ ਘੱਟ-ਹਨ ਕਿ ਮਾਨੋ ਨਹੀਂ ਹਨ[੨] ਪਰ ਹਿੰਦੁਸਤਾਨ ਨੂੰ ਫ਼ਖ਼ਰ ਹੈ ਕਿ ਓਹਨਾਂ ਨੇ ਐਸੇ ਉੱਚੇ ਸੁਧਾਰਕ ਨੂੰ ਜਨਮ ਦਿੱਤਾ, ਜਿਨ੍ਹਾਂ ਨੇ ਸਦਾਚਾਰ (ਇਖ਼ਲਾਕ) ਦਾ ਸਬਕ ਸਿਖਾਇਆ। ਕਰਮਾਂ ਦਾ ਮਸਲਾ ਜਿਤਨਾ ਇਨ੍ਹਾਂ ਨੇ ਸਾਫ ਦੱਸਿਆ ਹੈ ਉਹ ਬਹੁਤ ਉੱਚਾ ਹੈ, ਪਰ ਇਥੇ ਹੀ ਬੱਸ ਹੈ। ਇਨ੍ਹਾਂ ਦੇ ਮਤ ਵਿਚ ਲਿਖਿਆ ਹੈ:-

"ਜੋ ਦਰੁਸਤ ਰਸਤੇ (ਭਾਵ ਬੁਧ ਮਤ) ਤੇ ਟੁਰਦਾ ਹੈ ਉਸ ਦੇ ਲੱਛਣ ਏਹ ਹੈਨ:-

"ਦਯਾਨਤਦਾਰੀ ਵਿਚ ਉਹ ਪ੍ਰਸੰਨ ਹੈ, ਜਿਹੜੀਆਂ ਗੱਲਾਂ ਤਜਾਗਣੀਆਂ ਹਨ ਉਨ੍ਹਾਂ ਦੀ ਰਤਾਕੁ ਜਿੰਨੀ ਕਰਨੀ ਵਿਚ ਬੀ ਉਹ ਖ਼ਤਰਾ ਵੇਖਦਾ ਹੈ। ਉਹ ਇਖ਼ਲਾਕ ਦੇ ਹੁਕਮਾਂ ਵਿਚ ਅਪਣੇ ਆਪ ਨੂੰ ਸੁਸਿੱਖਜਤ ਕਰਦਾ ਹੈ। ਉਹ ਅਪਣੇ ਬਚਨਾਂ ਤੇ ਕਰਨੀ ਵਿਚ ਪਵਿਤ੍ਰਤਾ ਨਾਲ ਆਪਣੇ ਆਪ ਨੂੰ ਵੇੜ੍ਹਦਾ ਹੈ, ਓਹ ਆਪਣੀ ਉਪਜੀਵਕਾ ਮੂਲੋਂ ਪਵਿਤ੍ਰ ਤ੍ਰੀਕੇ ਨਾਲ ਟੋਰਦਾ ਹੈ, ਨੇਕੀ ਉਸ ਦਾ ਆਚਰਨ ਹੈ, ਉਸ ਦੇ ਇੰਦ੍ਰਿਆਂ ਦੇ ਬੂਹਿਆਂ ਤੇ ਪਹਿਰਾ ਰਹਿੰਦਾ ਹੈ, ਆਪਣੇ ਆਪ ਵਿਚ ਸੋਚਵਾਨ ਤੇ ਵਸੀਕਾਰ ਵਾਲਾ ਹੈ, ਉਹ ਮੂਲੋਂ ਪ੍ਰਸੰਨ ਹੈ। ' {ਗਾਸ: ਅ: ਬੁ:ਪੰ ੧੨੧-੧੨੨}

ਇਸ ਦਾ ਭਾਵ ਇਹ ਹੈ ਕਿ:-

> ਇਖ਼ਲਾਕ ਦੇ ਸਾਰੇ ਹੁਕਮ, ਬਚਨਾਂ ਤੇ ਕਰਮਾਂ ਵਿਚ ਪਵਿੱਤ੍ਰਤਾ, ਪੰਜਾਂ ਇੰਦ੍ਰਿਆਂ ਦੇ ਬੂਹੇ ਪਰ ਰਾਖੀ ਤੇ ਮਨ ਉਤੇ ਕਾਦਰ ਹੋਣਾ ਇਹੀ ਪੂਰਨ ਬੁੱਧ ਧਰਮ ਹੈ।

ਇਹ ਸੁਹਣਾ ਸਦਾਚਾਰ ਹੈ: ਇਖ਼ਲਾਕ ਹੈ, ਮਨ ਨੂੰ ਹੋੜਾਂ ਤੇ ਰੋਕਾਂ ਹਨ ਓਹਨਾਂ ਗੱਲਾਂ ਤੋਂ ਜੋ ਇਸ ਨੂੰ ਮੈਲਾ ਤੇ ਮੰਦਾ ਕਰਦੀਆਂ ਹਨ। ਇਸ ਨਾਲ ਗੁਰ ਨਾਨਕ ਦੇਵ ਜੀ ਨੂੰ ਅਜੋੜ ਨਹੀਂ ਹੈ। ਸ਼ੁਭ ਕਰਮਾਂ ਤੇ ਸਦਾਚਾਰ ਦੀ ਸਿਖਜ਼ਾ ਗੁਰ ਨਾਨਕ ਦੇਵ ਜੀ ਦੀ ਬੁਧ ਜੀ ਤੋਂ ਘਟਦੀ ਨਹੀਂ ਵਧੇਰੇ ਹੀ ਲਿਸ਼ਕਾਰੇ ਮਾਰਦੀ ਹੈ, ਸਤਿਗੁਰ ਫੁਰਮਾਉਂਦੇ ਹਨ-

> 'ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥' {ਵਾਰ ਆਸਾ ਮ: ੧}

ਆਸਾ ਦੀ ਵਾਰ, ਪਟੀ, ਦਖਣੀ ਓਅੰਕਾਰ ਗਲ ਕੀ ਸਾਰੀ ਬਾਣੀ ਵਿਚ ਇਖ਼ਲਾਕ ਦੇ ਉੱਚੇ ਤੋਂ ਉੱਚੇ ਆਦਰਸ਼ ਆਉਂਦੇ ਹਨ ਤੇ ਅੰਤ ਕਹਿ ਦਿੱਤਾ[੧] ਕਿ "ਹਉਮੈ ਕਰਤਿਆ ਨਹ ਸੁਖੁ ਹੋਇ"।

---

[੧] ਪੰਜਵੇਂ ਸਤਿਗੁਰਾਂ ਨੇ ਬਸੰਤ ਰਾਗ ਵਿਚ ਸਾਰੇ ਭਗਤਾਂ ਦੇ ਗੁਣ ਤੇ ਕਰਨੀ ਦੱਸਦੇ ਹੋਏ ਅੰਤ ਵਿਚ ਦੱਸਿਆ ਹੈ:-

'ਗੁਰ ਨਾਨਕ ਦੇਵ ਗੋਵਿੰਦ ਰੂਪ' ਜਿਥੋਂ ਸਪਸਟ ਹੋ ਜਾਂਦਾ ਹੈ ਕਿ ਸਾਰੇ ਭਗਤਾਂ ਤੋਂ ਗੁਰੂ ਜੀ ਨੂੰ ਉੱਚਾ ਤੇ ਵਿਲੱਖਣ ਕਰਕੇ ਦੱਸ ਰਹੇ ਹਨ।

[੨] ਹਿੰਦੂ ਜਾਤੀ ਨੇ ਹਿੰਦ ਵਿਚੋਂ ਬੁਧ ਧਰਮ ਨੂੰ ਖਹੁਤ ਨਿਰਦਯਤਾ ਨਾਲ ਸਮਾਪਤ ਕੀਤਾ ਸੀ, ਪਰ ਹੁਣ ਫੇਰ ਬੋਧੀ ਵਧਣੇ ਸ਼ੁਰੂ ਹੋ ਗਏ ਹਨ।

[੧] ਇਖ਼ਲਾਕ ਦੇ ਵੀਚਾਰ ਵਿਚ ਗੁਰਬਾਣੀ ਵਿਚ ਤਾਂ ਐਥੋਂ ਤਾਈਂ ਵਾਕ ਆਏ ਹਨ:-

'ਨਰ ਅਚੇਤ ਪਾਪ ਤੇ ਡਰੁ ਰੇ॥'

ਅਚੇਤ ਪਾਪਾਂ ਵਲੋਂ ਭੀ ਡਰਨਾਂ ਕਿ ਮਤਾ ਇਹੀ ਸਾਥੋਂ ਪਏ ਹੋਣ ਤੇ ਪਤਾ ਨਾ ਲਗੇ। ਮਨ ਦਾ ਕਿਤਨਾ ਵਧੀਕ ਧਿਆਨ ਕਰਮਾਂ ਦੀ ਪਵਿਤ੍ਰਤਾ ਵਲ ਦਿਖਾਇਆ ਹੈ ਕਿ ਅਚੇਤ ਪਾਪ ਭੀ ਨਾ ਕੀਤੇ ਜਾਣ। ਕਿਤਨੀ ਉੱਚੀ ਤੇ ਸੁਥਰੀ ਪਵਿਤ੍ਰਤਾ ਦਾ ਆਦਰਸ਼ ਹੈ।


www.sikhbookclub.com

ਸਾਰਾ ਇਖ਼ਲਾਕ ਸਿਖਾਕੇ ਦੱਸ ਦਿੱਤਾ ਕਿ ਜੇ ਇਸ ਵਿਚ 'ਹਉਂ' ਹੈ ਤਾਂ ਸੁਖ ਇਸ ਦਾ ਫਲ ਨਹੀਂ ਹੋਣਾ। ਹੁਣ ਸ਼ੁਭ ਕਰਮ ਸਾਰੇ ਹਉਂ ਆਸਰੇ ਹੁੰਦੇ ਹਨ; ਹਉਂ ਸੁਖਦਾਈ ਨਹੀਂ, ਤਾਂਤੇ ਨਿਰੇ ਸ਼ੁਭ ਕਰਮ ਸੁਖਦਾਈ ਨਹੀਂ, ਇਸ ਕਰਕੇ ਇਖ਼ਲਾਕ ਤੋਂ ਉਪਰ ਤੇ ਇਖ਼ਲਾਕ ਦੀ ਰੂਹ; 'ਪਰਮੇਸ਼੍ਵਰ' ਨਾਲ ਸੰਬੰਧ ਦੱਸਿਆ ਤੇ 'ਨਾਮ' ਉਸਦਾ ਸਾਧਨ ਦੱਸਿਆ ਐਉਂ ਇਖ਼ਲਾਕ ਦੀ ਚੋਟੀ ਤੋਂ ਅੱਗੇ ਰੂਹਾਨੀ ਮੰਡਲ ਵਿਚ ਪ੍ਰਵੇਸ਼ ਦਾ ਰਸਤਾ ਸਿਖਾਇਆ।

ਕਰਮ ਦੀ ਪਵਿਤ੍ਰਤਾ ਦੇ ਨਾਲ 'ਗੁਰੂ' ਦੱਸਦਾ ਹੈ ਕਿ ਨਿਰਾ ਇਹ ਕੁਛ ਕਾਫੀ ਨਹੀਂ ਹੈ, ਸਾਡੇ ਵਿਚ ਰੂਹ ਹੈ ਤੇ ਰੂਹ ਦੀ ਉੱਨਤੀ ਦੀ ਲੋੜ ਹੈ, ਸਾਡੇ ਵਿਚ ਨਿਰੀ 'ਬੁੱਧੀ' ਹੀ ਨਹੀਂ, ਪਰ ਇਸ ਤੋਂ ਅੱਗੇ ਕੁਛ ਹੋਰ ਵੀ ਹੈ, ਸਾਡੇ ਵਿਚ ਨਿਰੀ ਸੋਚ ਨਹੀਂ, ਪਰ ਉੱਚੇ ਵਲਵਲੇ ਵੀ ਹਨ। ਦਿਮਾਗ ਹੈ ਤਾਂ ਦਿਲ ਵੀ ਹੈ। ਹਾਂ ਸਾਨੂੰ 'ਵਿਸਮਾਦ' ਬੀ ਪੈਦਾ ਹੁੰਦਾ ਹੈ। ਪੰਜਾਂ ਇੰਦ੍ਰਿਆਂ ਦੇ ਰਸ ਹੀ ਸਾਡੇ ਵਿਚ ਨਹੀਂ ਹਨ, ਜਿਨ੍ਹਾਂ ਨੇ ਸਾਨੂੰ ਕੈਦ ਕਰ ਰੱਖਿਆ ਹੈ, ਇਕ ਹੋਰ ਰਸ ਬੀ ਹੈ ਜੋ ਇਨ੍ਹਾਂ ਪੰਜਾਂ ਤੋਂ ਛੁਡਾ ਲਿਜਾਂਦਾ ਹੈ। ਇਹ ਰਸ ਉਸ ਵੇਲੇ ਪੈਂਦਾ ਹੈ ਜਿਸ ਵੇਲੇ ਆਤਮਾਂ ਕਿਸੇ ਤਰ੍ਹਾਂ ਆਪੇ ਵਿਚ ਮੁੜਦਾ ਹੈ ਅਰ ਕਿਸੇ 'ਉਚੇਰੇ (ਆਪਣੇ ਪਿਛੇਰੇ ਮਹਾਨ ਰਸ ਰੂਪ) ਜੀਵਨ' ਵਿਚ ਗ਼ੋਤਾ ਮਾਰਦਾ ਹੈ। ਇਸ ਰੂਹਾਨੀ ਜੀਵਨ ਦਾ ਉੱਚੇ ਤੋਂ ਉੱਚਾ ਆਦਰਸ਼ ਤੇ ਸੌਖੇ ਤੋਂ ਸੌਖਾ ਤ੍ਰੀਕਾ ਸਤਿਗੁਰ ਨੇ ਸਿਖਾਯਾ ਕਿ ਪਵਿਤ੍ਰ ਹੁੰਦੇ ਹੋਏ ਸਰੀਰ, ਮਨ ਤੇ ਆਤਮਾਂ ਨਾਲ 'ਆਪਣੇ ਅੰਦਰਲੇ ਜੀਉਂਦੇ ਜਾਗਦੇ' ਨੂੰ 'ਬੇਅੰਤ' ਨਾਲ ਕਿਸ ਪ੍ਰਕਾਰ ਤੇ ਕਿਸ ਵਜ੍ਹਾ ਨਾਲ ਨਿਰੰਤਰ ਲਗਾਉ ਵਿਚ ਰੱਖਣਾ ਹੈ ਕਿ ਜਿਸ ਨਾਲ ਇਹ ਉਸ ਤੋਂ ਜੀਵਨ ਬਖਸ਼, ਰਸ ਦਾਤਾ, ਆਨੰਦਦਾਇਕ ਲਹਿਰਾਂ ਪਾਕੇ ਮੌਲਦਾ, ਖਿੜਦਾ ਤੇ ਖੀਵਾ ਹੁੰਦਾ ਰਹੇ।

੨.ਬੁਧ ਜੀ ਨੇ 'ਵਾਹਿਗੁਰੂ' ਜੀ ਵਲੋਂ ਚੁਪ ਧਾਰਨ ਕੀਤੀ, ਸਤਿਗੁਰ ਨਾਨਕ ਨੇ ਨਾਂ ਕੇਵਲ ਚੁੱਪ ਖੋਲ੍ਹੀ, ਪਰ ਉਸ ਪ੍ਰੀਤਮ ਦੀਆਂ ਕੋਇਲ ਵਾਂਗੂੰ ਇਲਾਹੀ ਰਾਗ ਵਿਚ ਕੂਕਾਂ ਦਿੱਤੀਆਂ। ਗਿਣਤੀ ਲਈ ਨਹੀਂ, ਲੇਖਾ ਦੱਸਣ ਲਈ ਨਹੀਂ ਨਿਰੇ ਹਿਸਾਬੀ ਦਾਰਸ਼ਨਕਾਂ ਤੇ ਨਿਰੇ ਲੇਖੇ ਕਰਨ ਵਾਲੇ ਫਿਲਾਸਫਰਾਂ ਵਾਂਗੂ ਸੰਖਯਾ ਦੱਸਣ ਲਈ ਨਹੀਂ, ਨਾ ਹੀ ਹਿਸਾਬਾਂ ਵਿਚ ਰਹਿਕੇ ਟੋਹਾਂ ਲਾਉਣ ਵਾਲੇ ਆਸਤਕ ਵਾਂਗੂੰ। ਹਾਂ ਓਹ ਬੋਲੇ, ਓਹ ਬੋਲੇ ਅਹਿੱਲ ਨਿਸਚੇ ਵਿਚ, ਪ੍ਰਤੱਖ ਦਰਸ਼ਨਾਂ ਤੋਂ ਪੈਦਾ ਹੋਏ ਸਿਦਕ ਤੇ ਯਕੀਨ ਵਿਚ ਤੇ ਨਾਲ ਹੀ ਭਰੇ ਹੋਏ ਪਿਆਰ ਤੇ ਉਮਡ ਰਹੇ ਪ੍ਰੇਮ ਵਿਚ। ਹਾਂ ਓਹ ਅਪ੍ਰਤੱਖ ਤੇ ਪ੍ਰਤੱਖ ਦਰਸ਼ਨ ਵਿਚ ਗਾਵੇਂ ਤੇ ਦੈਵੀ ਸੰਗੀਤ ਗਾਵੇਂ:-

'ਸਰਬ ਜੋਤਿ ਤੇਰੀ ਪਸਰਿ ਰਹੀ॥ ਜਹ
ਜਹ ਦੇਖਾ ਤਹ ਨਰਹਰੀ॥[੧] {ਰਾਮਕਲੀ ਮ:੧}

ਐਉਂ ਇਨਸਾਨ ਦੇ 'ਬੁਧੀ ਵਾਲੇ ਯਾ ਅਕਲੀ ਹਿੱਸੇ" ਨੂੰ ਉੱਚ ਇਖ਼ਲਾਕ ਦੇਂਦੇ ਹੋਏ "ਉੱਚੇ ਵਲਵਲਿਆਂ ਵਾਲੇ ਹਿੱਸੇ" ਨੂੰ ਆਪ ਨੇ ਮੁਕੰਮਲ ਰੂਹਾਨੀ ਗ਼ਿਜ਼ਾ ਦੇਕੇ ਮਾਨੁੱਖ ਦੀ ਪੂਰਨ ਲੋੜ ਪੂਰੀ ਕੀਤੀ। ਠੀਕ, ਆਚਰਨ ਦੀ ਪਵਤ੍ਰਿਤਾ ਦਿੱਤੀ, ਪਰ ਨਾਲ ਅੰਦਰਲੇ ਨੂੰ ਭਗਤੀ ਤੇ ਪਿਆਰ ਬੀ ਦਿੱਤਾ। ਐਉਂ ਇਨਸਾਨ ਮਾਇਆ ਤੇ ਤ੍ਰਿਸ਼ਨਾ ਦੇ ਹੱਥੋਂ ਛੁੱਟਕੇ ਅਸਲੀ ਨਿਰਬਾਣ ਵਿਚ ਪੁੱਜਾ। ਜਿਸ ਦਾ ਰੂਪ ਗੁਰੂ ਜੀ ਨੇ ਦੱਸਿਆ ਹੈ ਕਿ ਜੀਵ ਤੱਤ ਵਾਹਿਗੁਰੂ ਤੱਤ ਵਿਚ ਜਾ ਮਿਲਿਆ:-

'ਤੰਤੈ ਕਉ ਪਰਮ ਤੰਤੁ ਮਿਲਾਇਆ
ਨਾਨਕ ਸਰਣਿ ਤੁਮਾਰੀ॥' {ਸੋ: ਮ: ੧}

੩. ਪਵਿਤ੍ਰ ਮਨ ਵਾਲੇ ਬੁਧ ਜੀ ਨਿਜ ਨੂੰ 'ਤਥਗਥਾ' ਅਰਥਾਤ ਪੂਰਨ, ਮੁਕੰਮਲ ਆਖਦੇ ਸੇ; ਪਰ ਗੁਰੂ ਨਾਨਕ ਦੇਵ ਦੀ ਰੂਹਾਨੀਯਤ ਉਨ੍ਹਾਂ ਤੋਂ ਅਖਵਾਉਂਦੀ ਸੀ ਕਿ ਨਿਰੇ ਇਖ਼ਲਾਕ ਵਿਚ ਮੂਲੋਂ ਮੁਕੰਮਲ ਹੋਣਾ ਇਸ ਸਰੀਰ ਤੇ ਮਨ ਲਈ ਅਸੰਭਵ ਹੈ। ਰੂਹਾਨੀਯਤ ਦੇ ਰਸ ਬਿਨਾਂ, ਵਿਸਮਾਦ ਵਿਚ ਵਸੇ ਬਿਨਾਂ, ਲਗਾਤਾਰ ਬੇਅੰਤ ਦੇ ਅੰਗ ਲੱਗੇ ਰਹਿਣ ਬਿਨਾਂ ਪੂਰਨਤਾ ਕਿਥੇ ? ਇਖ਼ਲਾਕ ਉੱਚਾ ਕਰਕੇ, ਹਉਂ ਨੂੰ ਵਿਚੋਂ ਨਿਵਾਰੋ, ਪਰ ਪ੍ਰੇਮਾ ਭਗਤੀ

---

੧ 'ਬ੍ਰਹਮ' ਦੇ ਪ੍ਰਸ਼ਨ ਪਰ ਬੁਧ ਜੀ ਨੇ ਇਕ ਵੇਰ "ਕਿਸ ਡਿਠਾ ਹੈ?" ਕਹਿਕੇ ਜਗਜਾਸੂ ਨੂੰ ਚੁਪ ਕਰਾਈ, ਪਰ ਦੇਖੋ ਦੇਖਣ ਵਾਲੇ ਗੁਰੂ ਨਾਨਕ ਸਾਖਯਾਤ ਦਰਸ਼ਨ ਦਾ ਡੰਕਾ ਵਜਾ ਰਹੇ ਹਨ । ਪੰਜਵੇਂ ਜਾਮੇ ਫੁਰਮਾਇਆ ਹੈ: ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ {ਆਸਾ ਮ: ੫}

ਨਾਲ ਅੰਦਰੋਂ ਸਦਾ ਸਾਈਂ ਨਾਲ ਜੁੜਿਆ ਜੀਵਨ ਬਸਰ ਕਰੋ। ਗੁਰੂ ਜੀ ਨੇ ਫੁਰਮਾਇਆ, ਠੀਕ ਫੁਰਮਾਇਆ, ਵਿਣੁ ਗੁਣ ਕੀਤੇ ਭਗਤਿ ਨ ਹੋਇ। ' ਪਰ ਨਾਲ ਦੱਸਿਆ 'ਸਭ ਗੁਣ ਤੇਰੇ ਮੈ ਨਾਹੀ ਕੋਇ। ' ਹਾਂ ਸਾਈਂ ਨਾਲ ਜੁੜਿਆਂ ਹੀ ਪੂਰਨ ਹਉਮੈਂ ਨਿਵਿਰਤ ਹੁੰਦੀ ਹੈ। ਇਸ ਕਰਕੇ ਅਨੇਕਾਂ ਵਾਰ ਸਤਿਗੁਰ ਨੇ ਆਪ ਨੂੰ ਨੀਵਾਂ ਕਿਹਾ ਹੈ, ਇਹ ਨੀਵਾਂ ਕਹਿਣਾ ਆਪ ਨੂੰ ਕਿਸੇ ਹਿਸਾਬ ਵਿਚ ਨੀਵਾਂ ਕਹਿਣਾ ਨਹੀਂ, ਇਹ ਹਉਮੈਂ ਨਿਵਿਰਤੀ ਹੈ।

ਜਿਸ ਦਾ ਪਤਾ ਹੇਠ ਲਿਖੇ ਆਪ ਦੇ ਵਾਕ ਤੋਂ ਲੱਗਦਾ ਹੈ:-

"ਹੋਂਦਾ ਫੜੀਅਗੁ ਨਾਨਕ ਜਾਣੁ ॥
ਨਾ ਹਉ ਨਾ ਮੈ ਜੂਨੀ ਪਾਣੁ[੧]॥ {ਮਲਾ:ਅ ਮ: ੧}

ਹਉਂ ਤੋਂ ਨਿਕਲੇ ਹੋਏ ਆਤਮ ਰੰਗ ਵਿਚ ਚਲੂਲ ਰੰਗ ਰੰਗੀਜੇ ਤੇ ਰੰਗ ਰਹੇ ਗੁਰੂ ਨਾਨਕ ਨੇ ਆਪ ਨੂੰ ਨੀਚ, ਨੀਵਾਂ ਕਹਿਣ ਦਾ ਕਾਰਣ ਹਉਂ ਦਾ ਅਭਾਵ ਦੱਸਿਆ। ਗੁਰ ਨਾਨਕ ਵਿਚ ਲੇਸ਼ ਮਾਤ੍ਰ ਬੀ ਹਉਂ ਨਹੀਂ, ਲੇਸ਼ ਅਵਿੱਦਜਾ ਭੀ ਨਹੀਂ। ਲੇਸ਼ ਅਵਿੱਦਜਾ ਬੜੇ ਬੜੇ ਬੀਤਰਾਗਾਂ ਵਿਚ ਰਹਿੰਦੀ ਹੈ। ਇਸ ਤੋਂ ਪੂਰਨ ਨਿਕਾਸ ਮਹਾਨ ਕਠਨ ਹੈ। ਇਹੋ ਨਿਜ ਨੂੰ 'ਪੂਰਨ' ਆਦਿ ਪਦ ਕਹਿਲਵਾਉਂਦੀ ਹੈ। ਪਰ ਇਸ ਤੋਂ ਪੂਰੇ ਤੌਰ ਤੇ ਆਜ਼ਾਦ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

"ਹੋਂਦਾ ਫੜੀਅਗੁ ਨਾਨਕ ਜਾਣੁ॥ ਨਾ
ਹਉ ਨਾ ਮੈ ਜੂਨੀ ਪਾਣੁ॥" {ਮਲਾ: ਅ:ਮ:੧}

ਜੋ 'ਮੈਂ ਹਾਂ' ਦੀ ਪ੍ਰਤੀਤੀ ਮਾਤ੍ਰ ਵਿਚ ਹੈ, ਅਰਥਾਤ ਹਉਮੈਂ ਵਿਚ ਹੈ ਉਹ ਹੀ ਫੜਿਆ ਜਾ ਸਕਦਾ ਹੈ, ਮੈਂ ਇਸ ਵਿਚ ਨਹੀਂ ਹਾਂ।

(ਅੱਗੇ ਚੱਲਕੇ ਇਸ ਪਰ ਹੋਰ ਵੀਚਾਰ ਆਵੇਗਾ)

ਜੋ ਅੰਤ੍ਰੀਵ ਵੀਚਾਰ ਕਰੋ ਤਾਂ ਬੁੱਧ ਦਾ ਅਰਥ ਹੈ 'ਜਿਸ ਨੇ ਸਿੱਖਿਆ ਪਾਕੇ ਪ੍ਰਕਾਸ਼ ਪ੍ਰਾਪਤ ਕੀਤਾ ਹੈ, ਪਰ 'ਗੁਰੂ' ਦਾ ਅਰਥ ਹੈ 'ਪ੍ਰਕਾਸ਼ ਦਾ ਦਾਤਾ'। ਇਤਿਹਾਸ ਬੀ ਇਹੋ ਹੈ ਕਿ 'ਬੁੱਧ ਜੀ' ਸ਼ਾਕੀ ਮੁਨੀ ਸੇ, ਉਨ੍ਹਾਂ ਨੇ ਘਾਲਾਂ ਕਰਕੇ 'ਬੁਧਿ' ਪ੍ਰਕਾਸ਼ ਪਾਇਆ, ਪਰ ਗੁਰੂ ਨਾਨਕ ਦੇਵ ਜੀ ਜਨਮ ਤੋਂ ਹੀ ਗੁਰੂ =ਪ੍ਰਕਾਸ਼ ਦਾਤਾ ਸੇ[੧]। ਭਾਈ ਗੁਰਦਾਸ ਜੀ ਲਿਖਦੇ ਹਨ: 'ਪਹਿਲਾਂ ਬਾਬੇ ਪਾਇਆ ਬਖਸ ਦਰ ਪਿਛੋਂ ਦੇ ਫਿਰਿ ਘਾਲਿ ਕਮਾਈ ॥ ਜਪੁਜੀ ਸਾਹਿਬ ਵਿਚ ਬੁਧ ਜੀ ਦਾ ਟਿਕਾਣਾ ਗਿਆਨ ਖੰਡ ਵਿਚ ਦੱਸਿਆ ਹੈ, ਯਥਾ:-

"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ
ਵੇਸ॥" {ਜਪੁਜੀ ਸਾਹਿਬ}

{ਗੁਰੂ ਨਾਨਕ ਦੇਵ ਜੀ ਤੇ ਈਸਾ ਜੀ}

੧. ਈਸਾ ਜੀ ਬੁਧ ਜੀ ਤੋਂ ਮਗਰੋਂ ਸੰਸਾਰ ਵਿਚ ਆਏ, ਬੁਧ ਜੀ ਤੋਂ ਗਿਣਤੀ ਵਿਚ ਉਪਾਸਕ ਇਨ੍ਹਾਂ ਦੇ ਦੂਸਰੇ ਦਰਜੇ ਤੇ ਹਨ। ਆਪ ਤਿੰਨ ਵਰ੍ਹੇ ਜਗਤ ਵਿਚ ਬੋਲੇ, ਇਖ਼ਲਾਕ ਸਿਖਾਇਆ ਲਗ ਪਗ ਬੁਧ ਜੀ ਵਾਂਗੂੰ, ਕਰਮਾਂ ਦਾ ਮਸਲਾ ਬੜੇ ਅੱਛੇ ਤ੍ਰੀਕੇ ਨਾਲ 'ਹਮਸਾਏ ਨੂੰ ਆਪਣੇ ਜਿਹਾ ਪਿਆਰ ਕਰੋ' ਦੇ ਰੰਗ ਵਿਚ ਸਿਖਾਇਆ, ਬਦੀ ਦੇ ਬਦਲੇ ਨੇਕੀ ਕਰਨੀ ਦੱਸੀ, ਰੱਬ ਬੀ ਦੱਸਿਆ, ਜਿਕੂੰ ਅੱਗੇ ਸੈਮੇਟਿਕ ਪੈਗੰਬਰ ਇਬਰਾਹੀਮ ਮੂਸਾ ਆਦਿ ਸਿਖਾ ਗਏ ਸੇ। 'ਨਿਸ਼ਚੇ' (Faith) ਦਾ ਉਪਦੇਸ਼ ਭੀ ਦਿੱਤਾ, ਪਿਛਲੇ ਸੇਮੇਟਿਕ[੨] ਪੈਗੰਬਰਾਂ ਨਾਲੋਂ 'ਨਿਸ਼ਚੇ' ਦੀ ਰੌਸ਼ਨੀ ਵਿਚ ਉਚੇਰੀ ਮੱਤ ਦਿੱਤੀ।

ਗੁਰ ਨਾਨਕ ਦੇਵ ਜੀ ਲਗ ਪਗ ੧੫੦੦ ਵਰ੍ਹੇ ਮਗਰੋਂ ਆਏ। ਇਖ਼ਲਾਕੀ ਜੀਵਨ ਵਿਚ ਗੁਰ ਨਾਨਕ ਨੇ ਉੱਚੇ ਤੋਂ ਉੱਚੇ ਆਦਰਸ਼ ਵਾਲੇ ਬੁਧ ਤੋਂ ਭੀ ਤ੍ਰਿਖੇਰਾ ਚਾਨਣਾ ਪਾਇਆ ਹੈ, ਜੈਸਾ ਕਿ

---

[੧] ਇਕ ਥਾਂ ਆਪ ਨੇ ਪਤਾ ਦਿੱਤਾ ਹੈ:

"ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ" ਗੁਰ ਨਾਨਕ ਜੀ ਆਪਣੇ ਲਈ ਨਿਵਾਈ ਦਾ ਜੋ ਥਾਂ ਦੱਸਦੇ ਹਨ ਉਥੇ ਵਾਹਿਗੁਰੂ ਦੀ ਨਦਰਿ ਉਤਰਦੀ ਹੈ। ਨਦਰ ਉਤਰਦੀ ਹੈ ਪੂਰਨ ਹਉਂ ਅਭਵਤਾ ਉਤੇ।

[੧] ਡੇਹਰਾਦੂਨ ਵਾਲੇ ਡਾਕਟਰ ਖ਼ੁਦਾਦਾਦ ਜੀ ਕਿਹਾ ਕਰਦੇ ਸਨ-Budha attained Budhahood, Guru Nanak was born Budha ਅਰਥਾਤ ਬੁਧ ਜੀ ਨੇ ਬੁਧ ਪਦਵੀ ਪ੍ਰਾਪਤ ਕੀਤੀ, ਗੁਰੂ ਨਾਨਕ ਦੇਵ ਜਨਮੇ ਹੀ ਬੁਧ ਪਦਵੀ ਵਾਲੇ ਸੇ। ਜਿੰਨੇ ਭਗਤ, ਰਿਸ਼ੀ, ਮੁਨੀ, ਹਾਦੀ, ਪੈਗੰਬਰ ਤੇ ਅਵਤਾਰ ਹੋਏ, ਸਾਰਿਆਂ ਨੇ ਸੰਸਾਰ ਵਿਚ ਆਕੇ ਸਿਖਜ਼ਾ ਪਾਈ, ਉਪਦੇਸ਼ ਲਏ ਤੇ ਫਿਰ ਕਰਨੀ ਕਰਕੇ ਉੱਚ ਦਰਜੇ ਤੇ ਪੁਜੇ, ਪਰੰਤੂ ਗੁਰੂ ਨਾਨਕ ਸਾਹਿਬ ਨੇ ਬਚਪਨ ਤੋਂ ਹੀ ਉਹ ਗਿਆਨ, ਜੋ ਧੁਰੋਂ ਲਿਆਏ ਸਨ; ਪ੍ਰਕਾਸ਼ ਕਰਨਾ ਸ਼ੁਰੂ ਕਰ ਦਿੱਤਾ ਤੇ ਬਾਣੀ ਉਚਾਰਣੀ ਆਰੰਭ ਦਿੱਤੀ, ਜਿਸ ਤੋਂ ਸਪਸ਼ਟ ਹੈ ਕਿ ਗੁਰੂ ਜੀ ਅਵਤਰੇ ਹੀ 'ਬੁਧਾਂ ਨੂੰ ਪ੍ਰਕਾਸ਼ ਦੇਣ ਵਾਲੇ' ਸੇ।

[੨] ਇਬ੍ਰਾਨੀ, ਅਰਬੀ, ਅ[illegible] ਕੌਮਾਂ

Page 382 www.sikhbookclub.com

ਅਸੀਂ ਪਿੱਛੇ ਦੱਸ ਆਏ ਹਾਂ। ਈਸਾ ਜੀ ਦੇ ਮਤ ਵਿਚ ਰੱਬ ਹੈ, ਪਰ ਰੱਬ ਇਕ ਦੇ ਕੀਤੇ ਕਰਮਾਂ ਦਾ ਬਦਲਾ ਉਸ ਦੀਆਂ ਕਈ ਕੁਲਾਂ ਤਕ ਲੈਣ ਵਾਲਾ ਇਕ ਗ਼ੈਰਤੀ ਯਾ ਅਣਖੀਲਾ ਮਾਲਕ ਹੈ, ਪਰੰਤੂ ਗੁਰ ਨਾਨਕ ਦੇ ਮਤ ਵਿਚ ਉਸ ਪ੍ਰੀਤਮ ਅਨੰਤ ਤੇ ਬੇਅੰਤ ਵਾਸਤੇ ਇਸ ਦਾ ਬਦਲਾ ਲੈਣ ਵਾਲੀ ਗ਼ੈਰਤ ਦਾ ਅਭਾਵ ਹੈ:-

'ਅਹਿਕਰੁ ਕਰੇ ਸੁ ਅਹਿਕਰੁ ਪਾਏ ॥
ਕੋਈ ਨ ਪਕੜੀਐ ਕਿਸੈ ਥਾਇ॥" {ਆਸਾ ਮ:੫}

ਜਿਹੜਾ ਹੱਥ ਕਰੇ ਉਹੋ ਹੱਥ ਭਰੇ, ਇਹ ਇਖ਼ਲਾਕੀ ਆਦਰਸ਼ ਕਿਤਨਾ ਉੱਚਾ ਹੈ, ਵਡੇ ਸਤਿਗੁਰੂ ਨੇ ਸੱਚਾ ਨਿਆਉਂ ਦੱਸਿਆ ਹੈ, ਫਿਰ ਦੇਖੋ ਪਵਿੱਤ੍ਰਤਾ ਦਾ ਆਦਰਸ਼ ਅਚੇਤ ਪਾਪਾਂ ਤੋਂ ਬਚਣ ਦਾ ਕਿਤਨਾ ਉੱਚਾ ਹੈ।

੨. ਕਰਮ ਮੁਕਤੀ ਲਈ ਅਸਮਰਥ ਹਨ, ਈਸਾ ਜੀ ਨੇ ਪ੍ਰਤਿਪਾਦਨ ਕੀਤਾ ਹੈ ਤੇ ਨਿਸਚਾ ਇਸ ਗੱਲ ਪਰ ਸਿਖਾਇਆ ਕਿ ਮੈਂ ਸਾਰਿਆਂ ਦੇ ਪਾਪਾਂ ਦੇ ਬਦਲੇ ਸੂਲੀ ਚੜ੍ਹਦਾ ਹਾਂ, ਮੇਰੇ ਤੇ ਨਿਸਚਾ ਕਰੋ, ਮੈਂ ਬਚਾਵਾਂਗਾ। ਇਹ ਨਿਸਚਾ ਪੌਲੁਸ ਰਸੂਲ ਨੇ ਈਸਾਈਅਤ ਦਾ ਉੱਚਾ ਅਸੂਲ ਦੱਸਿਆ ਹੈ। ਗੁਰੂ ਨਾਨਕ ਨੇ 'ਨਿਸਚੇ' ਨੂੰ ਮੰਨਿਆ ਹੈ, ਪਰ 'ਪਰਮੇਸ਼ੁਰ ਜੀ ਦੀ ਹੋਂਦ ਤੇ ਉਸ ਦੇ ਪਿਆਰ ਵਿਚ ਨਿਸਚੇ ਨੂੰ ਨਿਸ਼ਚਾ ਮੰਨਿਆ ਹੈ। ਜਿਵੇਂ ਇਕ ਦੇ ਪਾਪ ਦਾ ਬਦਲਾ ਉਸ ਦੀ ਬੇਗੁਨਾਹ ਔਲਾਦ ਤੋਂ ਨਹੀਂ ਮੰਨਿਆ ਤਿਵੇਂ ਕਿਸੇ ਦੇ ਪਾਪਾਂ ਦੀ ਥਾਂ ਕਿਸੇ ਦੀ ਸਜ਼ਾ ਪਾਕੇ ਕਿਸੇ ਦਾ ਤਰਨਾ ਨਹੀਂ ਮੰਨਿਆ। ਹਾਂ, ਗੁਰੂ ਜੀ ਨੇ ਨਿਸਚਾ ਸਿਖਾਇਆ, ਪਰ ਨਿਸ਼ਚਾ ਉਸ ਅਨੰਤ ਵਿਚ, ਉਸਦੀ ਹੋਂਦ ਤੇ ਪਿਆਰ ਵਿਚ ਸਿਖਾਇਆ, ਇਸ ਨਿਸ਼ਚੇ ਤੋਂ ਤੱਤ ਗਿਆਨ ਪੂਰਨ ਪਦ ਵਾਲੀ ਅਗੇਰੀ ਪ੍ਰਾਪਤੀ ਦੱਸੀ। ਪੰਜਵੇਂ ਗੁਰਾਂ ਨੇ ਗੁਰ ਨਾਨਕ ਦੇਵ ਜੀ ਦੇ ਆਸ਼ੇ ਨੂੰ ਐਉਂ ਦਰਸਾਇਆ ਹੈ:-

ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
{ਸੁਖਮਨੀ ਮ:੫}

ਰੱਬ ਦਾ ਰਹਿਮ ਪੂਰਾ ਹੋ ਗਿਆ ਜਦੋਂ ਨਿਸ਼ਚਾ ਆ ਗਿਆ, ਲਗਾਤਾਰ ਸੁਰਤ ਉਸ ਦੇ ਲਗਾਉ ਵਿਚ ਲਗ ਗਈ, ਇਹ ਲਗੇ ਰਹਿਣਾ ਇਕ ਫਜ਼ਲ ਹੋ ਗਿਆ ਹੈ। ਇਹ ਪਰਤੱਖ ਫਜ਼ਲ ਹੈ, ਉਧਾਰ ਫ਼ਜ਼ਲ ਨਹੀਂ, ਆਉਣ ਵਾਲਾ ਨਹੀਂ, ਪਰਤੱਖ ਫਜ਼ਲ।

੩.ਈਸਾ ਜੀ ਨੇ ਅਰਦਾਸ ਸਿਖਾਈ, ਇਨਸਾਨ ਦੇ ਦਿਲੀ ਵਲਵਲਿਆਂ ਨੂੰ ਪ੍ਰੀਤੀ ਭੋਜਨ ਦਿਤਾ, ਪਰ ਅਰਦਾਸ ਅੱਠਵੇਂ ਦਿਨ ਐਤਵਾਰ ਨੂੰ ਆਈ। ਸਤ ਦਿਨ ਸੰਸਾਰਕ ਧੰਦੇ ਲੈ ਗਏ, ਅੱਠਵੇਂ ਦਿਨ ਅਰਦਾਸ ਦੀ ਵਾਰੀ ਆਈ। ਗੁਰ ਨਾਨਕ ਦੇਵ ਨੇ ਅੱਠਵੇਂ ਦਿਨ ਨੂੰ ਪਵਿੱਤ੍ਰ ਤੇ ਅੱਡਰਾ ਕਰਨ ਦੀ ਥਾਂ, ਅੱਠਾਂ ਪਹਿਰਾਂ ਵਿਚੋਂ ਸਵੇਰੇ ਦਾ ਪਹਿਰ ਪਵਿੱਤ੍ਰ ਦੱਸਿਆ ਤੇ ਸਾਈਂ ਨਾਲ ਜੁੜਨ ਦਾ ਵੱਲ ਸਿਖਾਇਆ ਤੇ ਆਖਿਆ:-

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ
ਵੀਚਾਰੁ॥[1] {ਜਪੁਜੀ}

ਪੁਨਾ:-ਸਬਾਹੀ ਸਾਲਾਹ ਜਿਨੀ ਧਿਆਇਆ
ਇਕ ਮਨਿ॥ {ਵਾਰ ਮਾਝ ਮ: ੧}

ਪਰ ਇਥੇ ਹੀ ਨਹੀਂ ਬੱਸ ਕੀਤੀ, ਸਗੋਂ ਫੁਰਮਾਣ ਕੀਤਾ ਕਿ ਅੰਮ੍ਰਿਤ ਵੇਲਾ ਤਾਂ ਨਾਮ ਜਪਣ ਤੇ ਸਾਂਈਂ ਦੀ ਸਿਫਤ ਸਾਲਾਹ ਦਾ ਪੱਕਾ ਕਰੋ, ਜੋ ਦਿਹਾੜੀ ਦਾ ਸ਼ੁਰੂ ਹੈ, ਪਰ ਅੱਠਵੇਂ ਪਹਿਰ ਹੀ ਨਹੀਂ ਸਗੋਂ:-

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ
ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ
ਘਟੈ ਰਾਸਿ॥ {ਮਾਝ ਦੀ ਵਾਰ ਮ: ੧}

ਫੇਰ ਗੁਰੂ ਜੀ ਨੇ ਫੁਰਮਾਇਆ:-
ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ[2]॥

ਹਾਂ ਜੀ ਕੰਮ ਕਾਜ ਕਰੋ, ਗ੍ਰਿਹਸਤੀ ਰਹਵੋ, ਪਰ ਬਈ ਅੰਦਰਲੀ ਜੀਵਨ ਕਣੀ (ਸੁਰਤ) ਦੇ ਸਿਰੇ ਨੂੰ ਲਗਾਤਾਰ ਅਰਦਾਸ ਵਿਚ ਆਪਣੇ ਸੋਮੇਂ, ਚਸ਼ਮੇਂ ਅਨੰਤ (ਵਾਹਿਗੁਰੂ) ਨਾਲ ਲਾਈ ਰਖੋ, ਅੰਨਤ ਨਾਲ ਉਹ ਮੇਲ ਕਰੋ ਜੋ ਕਿਸੇ ਕਾਲ ਨਾ ਹਟੇ। ਲਗਾਤਾਰ ਮੇਲ ਰਖੋ, ਲਗਾਤਾਰ ਅਰਦਾਸ ਕਰੋ, ਗੁਰੂ ਜੀ ਨੇ ਆਖਿਆ:-

---

[1] ਅੰਮ੍ਰਿਤ ਵੇਲੇ ਈਸ਼੍ਵਰ ਦੇ ਗੁਣ ਚਿੰਤਨ ਵਿਚ ਲਗੇ ਉਸ ਦਾ ਨਾਮ ਸਿਮਰਦੇ ਪ੍ਰੇਮ ਵਿਚ ਜੀ ਉਠੋ।

[2] ਤੀਜੇ ਸਤਿਗੁਰਾਂ ਨੇ ਸਿਰੀ ਰਾਗ ਵਿਚ ਫੁਰਮਾਇਆ ਹੈ-
'ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥'
ਅਰਥਾਤ ਅੱਠੇ ਪਹਿਰ ਅੰਦਰੋਂ ਲਗੇ ਰਹਿਕੇ ਸਫਲ ਕਰੋ।

ਅਨਦਿਨੁ ਜਪਤੁ ਰਹਉ ਤੇਰੀ ਸਰਣਾਇ॥

{ਗਉੜੀ ਮ: ੧}

ਆਖਿਆ ਹੀ ਨਹੀਂ, ਗੁਰ ਨਾਨਕ ਨੇ 'ਬਲਿਹਾਰੀ ਗੁਰੂ ਆਪਣੇ ਦਿਉਹਾੜੀ ਸਦਵਾਰ' ਹੋ ਕੇ ਦੱਸਿਆ, ਕਰ ਕਰਕੇ ਦੱਸਿਆ। ਗੁਰ ਨਾਨਕ ਦਾ ਬਹੱਤ੍ਰ ਬਰਸ ਦਾ ਜੀਵਨ ਲਗਾਤਾਰ ਅਰਦਾਸ ਦਾ ਜੀਵਨ ਹੈ। ਫਿਰ ਗੁਰ ਨਾਨਕ ਨੇ ਲਹਿਣਾ ਗੁਰੂ ਬਣਾਕੇ ਦੱਸਿਆ, ਜਿਸ ਵਿਚ ਨਿਮਖ ਨਿਮਖ ਠਾਕਰ ਦੀ ਨਮਸਕਾਰ ਵਸ ਗਈ*। ਭਾਈ ਬੁੱਢਾ, ਘੇਹੋ, ਸੈਦਾ, ਮਰਦਾਨਾ, ਰਾਇ ਬੁਲਾਰ, ਬੇਬੇ ਨਾਨਕੀ, ਮਨਸੁਖ, ਭਗੀਰਥ, ਸ਼ਿਵਨਾਭ, ਝੰਡਾ ਬਾਢੀ, ਲਾਲੋ, ਪਿਆਰੇ ਲਾਲ ਬਣਾਕੇ ਦਿਖਾਏ ਜੋ ਲਗਾਤਾਰ (ਵਾਹਿਗੁਰੂ) ਅਨੰਤ ਨਾਲ ਸੁਰ ਲਾਈ, ਲਿਵ ਲਾਈ ਰਖਦੇ, ਸੰਸਾਰ ਦੇ ਰਾਜ ਤੋਂ ਲੈਕੇ ਕਿੱਲੇ ਘੜਨ ਤੱਕ ਦੇ ਕੰਮਾਂ ਨੂੰ ਭੀ ਨਿਬਾਹੁੰਦੇ ਸਨ। ਏਹ ਜਗਤ ਦੇ ਕੰਮ ਬੀ ਕਰਦੇ ਸਨ, ਪਰ ਸਦਾ ਸਾਈਂ ਨਾਲ ਹਰ ਪਲ ਨੂੰ ਸਫਲਾ ਕਰਦੇ ਸਨ[1]।

੪. ਈਸਾ ਜੀ ਨੇ ਜਗਤ ਨੂੰ ਪਿਆਰ ਕੀਤਾ, ਜਗਤ ਨੂੰ ਬਚਾਉਣ ਲਈ ਬੋਲੇ। ਆਪ ਨੇ ਪਾਪੀਆਂ ਲਈ ਐਉਂ ਆਖਿਆ:-

'ਓਹ ਬੂਹਾ ਮੈਂ ਹਾਂ, ਮੇਰੇ ਥਾਈਂ ਜੇ ਕੋਈ ਵੜੇ
ਤਾਂ ਉਹ ਮੁਕਤਿ ਪਾਊ।' {ਯੂਹਨਾ ਬਾਬ ੧੦-੧੧}

ਇਹ 'ਮੈਂ ਤੇ ਮੇਰੇ ਉਸ ਉੱਚੇ ਸ੍ਰਿਸ਼ਟੀ ਪਿਆਰ ਵੇਲੇ ਦੋ ਪਰਛਾਵੇਂ ਨਾਲ ਨਾਲ ਟੁਰੀ ਗਏ, ਹਿੰਦ ਦੇ ਦਾਨੇ ਇਸ ਨੂੰ ਲੇਸ਼ ਅਵਿੱਦਯਾ ਕਹਿੰਦੇ ਹਨ ਜੋ ਮਹਾਂ ਪੁਰਖਾਂ ਦੇ ਭੀ ਪਰਛਾਵੇਂ ਵਾਗੂੰ ਨਾਲ ਰਹਿੰਦਾ ਹੈ, ਪਰ ਦੇਖੋ ਗੁਰ ਨਾਨਕ ਭੀ ਸ੍ਰਿਸ਼ਟੀ ਪ੍ਰੇਮ ਵਿਚ ਆਇਆ, ਉਸ ਨੇ ਭੀ ਸ੍ਰਿਸ਼ਟੀ ਦੇ ਭਲੇ ਦੀ ਸੋਚੀ, ਪਰ ਕੀ ਕੀਤਾ? ਵਾਹਿਗੁਰੂ ਮੂਹਰੇ ਅਰਦਾਸ ਕੀਤੀ, ਆਖਿਆ:-

ਜੇਤੇ ਜੀਅ ਤੇਤੇ ਸਭਿ ਤੇਰੇ
ਵਿਣੁ ਸੇਵਾ ਫਲੁ ਕਿਸੈ ਨਾਹੀ॥

ਹੇ ਵਾਹਿਗੁਰੂ ਸਾਰੇ ਜੀਵ ਤੇਰੇ ਹਨ, ਪਰ ਸੇਵਾ ਬਿਨਾ ਸਫਲ ਨਹੀਂ ਹੋ ਰਹੇ। ਇਹ ਦੇਖਕੇ ਅਰਦਾਸ ਕਰਦੇ ਹਨ:-

ਕਹੈ ਨਾਨਕੁ ਜੀਵਾਲੇ ਜੀਆ
ਜਹ ਭਾਵੈ ਤਹ ਰਾਖੁ ਤੁਹੀ। {ਆਸਾ ਮ: ੧}

ਅਰਥਾਤ-ਜੀਆਂ ਨੂੰ ਜੀਵਾਲ ਲੈ (ਹੇ ਵਾਹਿਗੁਰੂ) ਜਿਵੇਂ ਤੈਨੂੰ ਭਾਵੇ ਤਿਵੇਂ ਇਨ੍ਹਾਂ ਨੂੰ ਤੂੰ ਆਪੇ ਹੀ ਬਚਾ ਲੈ।

ਇਸ ਅਰਦਾਸ ਵਿਚ ਗੁਰੂ ਜੀ ਨੇ ਅਪੱਣਤ ਵਿਚ ਨਹੀਂ ਆਂਦੀ: ਵਾਹਿਗੁਰੂ ਤੇ ਹੀ ਛੱਡੀ ਹੈ ਕਿ ਜਿਵੇਂ ਭਾਵੇਂ ਤਿਵੇਂ ਤੂੰ ਇਨ੍ਹਾਂ ਨੂੰ ਬਚਾ ਲੈ।

ਇਸੇ ਖਿਆਲ ਨੂੰ ਫੇਰ ਤੀਜੇ ਰੂਪ ਵਿਚ ਐਉਂ ਫੁਰਮਾਇਆ:-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ
ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ
ਉਬਾਰਿ॥ {ਬਿਲਾਵਲ ਵਾਰ ਮ: ੩}

ਹੇ ਵਾਹਿਗੁਰੂ ! ਸ੍ਰਿਸ਼ਟੀ ਸੜ ਰਹੀ ਹੈ, ਮਿਹਰ ਕਰ, ਬਖ਼ਸ਼ ਲੈ, ਤਾਰ ਲੈ, ਪਰ ਮੈਂ ਨਹੀਂ ਕਹਿੰਦਾ ਮੇਰੇ ਵਸੀਲੇ ਕਿਉਂਕਿ ਮੈਂ ਤਾਂ ਹਾਂ ਨਹੀਂ, 'ਨਾ ਹਉ ਨਾ ਮੈ ਜੂਨੀ ਪਾਣੁ' ਤੂੰ ਰੱਖ ਤੇ ਜਿਸ ਵਸੀਲੇ ਤੇਰੀ ਮਰਜ਼ੀ ਹੈ ਰੱਖ, ਪਰ ਹੇ ਦਾਤਾ! ਰੱਖ ਲੈ। ਇਹ ਪੂਰਨ ਨਿਸ਼ਕਾਮ ਪ੍ਰੇਮ ਦਾ ਆਦਰਸ਼ ਹੈ; ਇਸ ਅਰਦਾਸ ਵੇਲੇ 'ਮੈਂ ਮੇਰੀ' ਦੀ ਲੇਸ਼ ਮਾਤ੍ਰ ਅਵਿੱਦਯਾ ਪਰਛਾਵਾਂ ਬਣਕੇ ਨਾਲ ਨਹੀਂ ਗਈ।

੫. ਈਸਾ ਜੀ ਨੇ, ਮੰਨਿਆ ਜਾਂਦਾ ਹੈ, ਕਿ ਸ੍ਰਿਸ਼ਟੀ ਦੇ ਭਲੇ ਲਈ ਸੂਲੀ ਤੇ ਜਾਨ ਦਿੱਤੀ। ਠੀਕ ਭੀ ਹੈ ਕਿ ਸ਼ਰ੍ਹਾ ਵਾਲਿਆਂ ਦੇ ਹਥੋਂ 'ਨਿਹਚੇ ਤੇ ਪਿਆਰ' ਦੇ ਉਪਦੇਸ਼ ਦੇਣ ਲਈ ਆਪ ਨੇ

---

*ਪਿਛੇ ਆਏ ਪ੍ਰਸੰਗਾਂ ਵਿਚ ਲਿਵ ਲਗਣ ਦੇ ਹਾਲ ਆ ਚੁਕੇ ਹਨ, ਵਿਸ਼ੇਸ਼ ਕਰਕੇ ਪੜੋ 'ਭਾਈ ਝੰਡਾ ਜੀਉ'। {ਪੁਰਬਾਰਧ-ਪੰਨਾ ੨੬੨}

[1]'ਐਮਰਸਨ' ਅਮਰੀਕਾ ਦੇ ਵਿਚ ਇਕ ਭਲੇ ਪੁਰਖ ਹੋਏ ਹਨ। ਆਪ ਨੇ ਇਸ ਅੰਦਰਲੀ (ਸੁਰਤ) ਦੇ ਬੇਅੰਤ ਨਾਲ ਲਗਾਉ ਵਾਲੇ ਰਸ ਨੂੰ ਕੁਛ ਅਨੁਭਵ ਕੀਤਾ ਪਰ ਇਸੇ ਗੱਲ ਤੇ ਦੁਹਾਈਆਂ ਦੇਂਦੇ ਹਨ 'ਦਸੋ ਇਹ ਲਗਾਉ ਕੀਕੂੰ ਲਗਾਤਾਰ ਹੋ ਜਾਵੇ'? ਗੁਰੂ ਨਾਨਕ ਨੇ ਇਹ ਲਗਾਉ ਲਗਾਤਾਰ ਕਰਕੇ ਦਿਖਾਇਆ ਹੈ। ਕਾਸ਼! ਐਮਰਸਨ ਜੀ ਨੂੰ ਗੁਰੂ ਨਾਨਕ ਦਾ ਪਤਾ ਮਿਲ ਜਾਂਦਾ। ਐਮਰਸਨ, ਕਾਰਲਾਈਨ ਤੇ ਗਟੇ ਜੀ ਦੇ ਉਪਦੇਸ਼ਾਂ ਤੋਂ ਰੋਸ਼ਨੀ ਲੈਕੇ ਯੂਰਪ, ਅਮਰੀਕਾ ਵਿਚ ਨਵੇਂ ਖਿਆਲ ਦੇ ਕਈ ਆਦਮੀ ਪੈਦਾ ਹੋਏ, ਜਿਹਾ ਕੁ ਟ੍ਰਾਈਨ, ਜੇ.ਐਲਨ ਆਦਿਕ। ਇਨ੍ਹਾਂ ਨੇ ਉਨ੍ਹਾਂ ਦੇ ਅਨੰਤ ਦੇ ਲਹਿਰੇ ਤੇ ਗਟੇ ਦੇ ਵਿਸਮਾਦੀ ਰੰਗਾਂ ਪਰ ਉਤਮ ਖਿਆਲ ਲਿਖੇ ਹਨ।

ਟ੍ਰਾਈਨ ਨੇ ਲਗਾਤਾਰਤਾ ਨੂੰ ਉੱਤਮ ਰੀਤੀ ਨਾਲ ਵਰਣਨ ਕੀਤਾ ਹੈ। ਜੇ ਕਦੇ ਇਹਨਾਂ ਲੋਕਾਂ ਨੂੰ ਗੁਰੂ ਨਾਨਕ ਦੇ ਖਿਆਲ ਦਰੁਸਤ ਤਰਜਮਾ ਹੋਕੇ ਪ੍ਰਾਪਤ ਹੁੰਦੇ ਤਾਂ ਇਹਨਾਂ ਦੇ ਅਨੇਕ ਸੰਸੇ ਨਵਿਰਤ ਹੋ ਜਾਂਦੇ।

ਸੂਲੀ ਝੱਲੀ। ਦੁਨੀਆਂ ਦੇ ਮੁਰਦਾ ਦਾਨੇ, ਸ਼ਰਹ ਦੇ ਫੋਕੇ ਪਾਂਡੀ, ਪ੍ਰੇਮ ਹੀਨ ਧਰਮੀ, ਦਿਖਾਵੇ ਦੇ ਸ਼ੁਭ ਕਰਮੀ ਸਦਾ ਪਿਆਰ ਵਾਲਿਆਂ, ਪਰਮੇਸ਼ੁਰ ਦੇ ਭਗਤਾਂ ਨੂੰ ਸਤਾਉਂਦੇ ਆਏ ਹਨ ਤਿਵੇਂ ਈਸਾ ਜੀ ਭੀ ਸੂਲੀ ਚਾੜ੍ਹੇ ਗਏ। ਸਤਿਗੁਰ ਨਾਨਕ ਨੇ ਦੁਨੀਆਂ ਵਲੋਂ ਅਨੇਕ ਸੂਲੀਆਂ ਸਹਾਰੀਆਂ। ਸੂਲੀ ਨਾਲ ਬੰਦਾ ਇਕ ਵੇਰ ਮਰ ਜਾਂਦਾ ਹੈ, ਪਰ ਪਰਮੇਸ਼ੁਰ ਦੇ ਪੁਜਾਰਿਆਂ ਭੁਖਿਆਂ ਨੂੰ ਵੀਹ ਰੁਪਏ ਖੁਆਕੇ ਪਿਉ ਦੇ ਕਹਿਰ ਹੇਠ ਆਉਣਾ, ਉਲਾਂਭੇ ਤੇ ਤ੍ਰਿੱਖੀਆਂ ਚਪੇੜਾਂ ਸਹਿਣੀਆਂ; ਫੇਰ ਲੋਕਾਂ ਤੋਂ ਕੁਰਾਹੀਆ ਕਹਾਉਣਾ, ਭੂਤਨਾ ਤੇ ਬੇਤਾਲ ਤੇ ਦਿਵਾਨੇ ਵਰਗੇ ਛੁਹੀਆਂ ਤੋਂ ਤਿਖੇ ਵਾਕ ਸੁਣਕੇ ਫੇਰ ਕਹਿਣ ਵਾਲਿਆਂ ਦਾ ਭਲਾ ਕਰਨਾ, ਰੂਹਾਨੀਅਤ ਦੇ ਪ੍ਰਚਾਰ ਬਦਲੇ ਇਬ੍ਰਾਹੀਮ ਲੋਧੀ ਦੀ ਬੰਦ ਵਿਚ ਪੈਣਾ, ਬਾਬਰ ਦੀ ਵੰਗਾਰ ਵਿਚ ਆਉਣਾ, ਕੌਡੇ ਵਰਗੇ ਦੁਰਾਚਾਰੀ ਨੂੰ ਤਾਰਨ ਜਾਣਾ ਤੇ ਉਸ ਨੇ ਤੱਤੇ ਕੜਾਹੇ ਦੀ ਖੇਚਲ ਦੇਣੀ, ਸ੍ਰਿਸ਼ਟੀ ਦੇ ਫਕੀਰਾਂ ਨੂੰ ਕੈਦੋਂ ਛੁਡਾਉਣ ਲਈ ਇਕ ਘੋੜੇ ਦੇ ਮੁੱਲ ਬਰਦੇ ਵਾਂਗੂ ਵਿਕ ਜਾਣਾ, ਓਹ ਸਰੀਰਕ ਤੇ ਮਨ ਦੇ ਖੇਦ ਸਨ ਜੋ ੭੧-੭੨ ਵਹ੍ਹੇ ਦੀ ਉਮਰਾ ਨੂੰ ਸੂਲੀ ਦਾ ਜੀਵਨ ਬਣਾ ਗਏ, ਪਰ ਓਹਨਾਂ ਦੀ ਬੇਅੰਤ ਵਾਹਿਗੁਰੂ ਨਾਲ ਲਗਨ, ਹਰ ਘੜੀ ਦੀ ਏਕਤਾ, ਉਨ੍ਹਾਂ ਨੂੰ ਇਨਾਂ ਉੱਚਾ ਰੱਖਦੀ ਸੀ ਕਿ ਕੋਈ ਵਿਪਤ ਉਨ੍ਹਾਂ ਨੂੰ ਘਬਰਾ ਤੇ ਬੇ-ਯਕੀਨੀ ਵਿਚ ਇਕ ਛਿਨ ਲਈ ਬੀ ਨਹੀਂ ਸੀ ਲਿਆਉਂਦੀ; ਓਹ ਦੁਨੀਆਂ ਦੀ ਆਤਸ਼ ਵਿਚ ਟੁਰਦੇ ਸੇ, ਪਰ 'ਖੁਨਕ ਨਾਮ ਖੁਦਾਇਆ' ਦੇ ਕਾਰਨ ਆਪ ਕਦੇ ਨਹੀਂ ਸੇ ਤਪਦੇ, ਦੁਨੀਆਂ ਨੇ ਉਹ ਸੂਲੀਆਂ ਦਿੱਤੀਆਂ ਕਿ ਓਹਨਾਂ ਨੂੰ ਇਹ ਕਹਿਣਾ ਪਿਆ:-

> ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥ ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥ (ਸਲੋਕ ਵਾ: ਤੇ ਵ: ਮ: ੧)
>
> ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥ (ਰਾ: ਆ: ਮ:੧)

ਦੇਖੋ ਸੂਲੀ ਦਾ ਜੀਵਨ ਦਮ ਬਦਮ ਬਿਤੀਤ ਕਰਦੇ[1] ਆਪ ਸਿਦਕ ਤੇ ਵਾਹਿਗੁਰੂ ਦੀ ਲਗਾਤਾਰ ਲਗਨ ਦੇ ਤਖਤ ਉਤੇ ਬਿਰਾਜੇ ਦੱਸਦੇ ਹਨ ਕਿ:-

> ਹਰਿ ਸਾ ਮੀਤੁ ਨਾਹੀ ਮੈ ਕੋਈ ॥ ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ॥ ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ ॥ ੧ ॥ ਗੁਰੁ ਸਰਵਰੁ ਹਮ ਹੰਸ ਪਿਆਰੇ ॥ ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥ ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥੨॥ (ਮਾਰੂ ਮ: ੧)

ਇਹ 'ਗੁਰ ਨਾਨਕ ਵਿਸ਼ਵਾਸ' ਤੇ 'ਗੁਰ ਨਾਨਕ ਜੀਵਨ' ਹੈ ਉਸ ਬੇਅੰਤ 'ਅਸਲੀਅਤ', ਅਕਹਿ 'ਯਥਾਰਥ' ਤੇ ਅਗੰਮ 'ਸੱਚ' ਵਿਚ ਹਰਦਮ ਦੀ 'ਟੇਕ'-ਜੀਉਂਦੀ ਰਸ ਭਰੀ ਤੇ ਪ੍ਰੇਮ ਭਰੀ 'ਟੇਕ'-ਰਹੀ ਤੇ ਗੁਰ ਨਾਨਕ ਦੇ ਇਸ ਲਗਾਤਾਰ ਪ੍ਰੇਮ ਨੇ ਇਸ ਅਰਦਾਸ ਦਾ ਵੇਲਾ ਨਾ ਆਉਣ ਦਿੱਤਾ ਕਿ ਗੁਰ ਨਾਨਕ ਘਬਰਾ ਜਾਵੇ ਤੇ ਆਖੇ ਕਿ ਮੇਰੇ ਅਗੋਂ ਜ਼ਹਿਰ ਦਾ ਪਿਆਲਾ ਟਾਲ। ਹਰ ਦੁਖ ਸੁਖ ਸਮੇਂ ਉਨ੍ਹਾਂ ਦੀ ਅਰਦਾਸ ਰਹੀ:-

> ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥ (ਸਿਰੀ ਰਾਗੁ ਮ: ੧)

ਪੁਨਾ- ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ (ਸਿਰੀ ਰਾਗੁ ਮ: ੧)

### ੩. (ਸ੍ਰੀ ਗੁਰੂ ਨਾਨਕ ਦੇਵ ਜੀ ਜੀ ਤੇ ਸ੍ਰੀ ਰਾਮ ਕ੍ਰਿਸ਼ਨ ਜੀ)

੧. ਈਸਾਈਆਂ ਤੋਂ ਘੱਟ ਗੇਣਤੀ ਵਿਚ ਬਹੁਤੇ ਹਿੰਦੂ ਹਨ। ਸਾਡੇ ਹਿੰਦੂ ਸਜਣ ਸ੍ਰੀ ਰਾਮ ਜੀ ਨੂੰ ੧੪ ਤੇ ਕ੍ਰਿਸ਼ਨ ਜੀ ਨੂੰ ੧੬ ਕਲਾ ਸੰਪੰਨ ਮੰਨਦੇ ਹਨ। ਸੋ ਕ੍ਰਿਸ਼ਨ ਜੀ ਓਹਨਾਂ ਦੇ ਖਿਆਲ ਵਿਚ ਵਧੀਕ ਆਦਰਸ਼ਕ ਹਨ। ਕਈ ਖੋਜੀ ਸ਼ੱਕ ਕਰਦੇ ਹਨ ਕਿ ਕ੍ਰਿਸ਼ਨ ਜੀ ਸ਼ਾਇਦ ਸੱਚੀ ਮੁੱਚੀ ਕਦੇ ਹੋਏ

---

[1] ਪੰਜਵੇਂ ਜਾਮੇਂ ਕੈਸੀ ਭਯਾਨਕ ਸ਼ਹਾਦਤ 'ਝੱਲੀ' ਪਰ ਦੇਖੋ 'ਭੀੜ ਪਈ ਚਿਤ ਅਵਰ ਨ ਆਣੀ' ਤੇ ਸੁਖ ਸੰਪਣ ਵਿਚ ਰੈਣ ਵਿਹਾਣੀ' ਦੀ ਉਗਾਹੀ ਭਾਈ ਗੁਰਦਾਸ ਜੀ ਦੇ ਰਹੇ ਹਨ। ਨੌਵੇਂ ਜਾਮੇ ਤੇਗ਼ ਦਾ ਵਾਰ ਝੱਲਿਆ, ਦਸਵੇਂ ਜਾਮੇ ਖੰਜਰ ਦਾ ਘਾਉ ਖਾਧਾ ਪਰ ਸਦਾ ਰਜ਼ਾ ਤੇ ਰਾਜ਼ੀ ਰਹੇ।

ਹੀ ਨਹੀਂ, ਪਰੰਤੂ ਸਾਨੂੰ ਇਥੇ ਇਸ ਬਹਿਮ ਨਾਲ ਪ੍ਰਯੋਜਨ ਨਹੀਂ। ਸਾਨੂੰ ਕ੍ਰਿਸ਼ਨ ਜੀ ਦੇ ਆਦਰਸ਼ ਨਾਲ ਪ੍ਰਯੋਜਨ ਹੈ। ਕ੍ਰਿਸ਼ਨ ਜੀ ਦੇ ਨਾਮ ਤੇ ਗੀਤਾ ਨਾਮੇਂ ਪੁਸਤਕ ਇਖ਼ਲਾਕ ਤੇ ਫਿਲਸਫੇ ਦੀ ਇਕ ਸਤਿਕਾਰ ਯੋਗ ਯਾਦਗਾਰ ਮੌਜੂਦ ਹੈ ਅਰ ਇਸ ਦਾ ਨਿਚੋੜ 'ਧਰਮ' ਹੈ। ਆਪਣੇ ਧਰਮ ਨੂੰ ਅਦਾ ਕਰ, ਚਾਹੇ ਭਰਾ, ਚਾਚੇ ਤਾਏ, ਉਸਤਾਦ ਮਾਰੇ ਜਾਣ, ਚਾਹੇ ਫਲ ਦੁਖ ਹੋਵੇ ਜਾਂ ਸੁਖ ਧਰਮ ਤੋਂ (ਜੋ ਤੇਰਾ ਹੈ) ਨਾਂ ਘੁੱਸ। ਇਹੀ ਇਨਸਾਨ ਦਾ ਆਦਰਸ਼ਕ ਜੀਵਨ ਹੈ। ਗੀਤਾ ਵਿਚ ਕ੍ਰਿਸ਼ਨ ਜੀ ਨੇ ਯੋਗ, ਭਗਤੀ, ਵੇਦਾਂਤ ਸਾਰੇ ਉਪਦੇਸ਼ ਦਿੱਤੇ ਹਨ। ਸਾਰੇ ਸਿੱਧਾਂਤ ਇਕ ਕਰਕੇ ਦਿਖਾਏ ਹਨ, ਅਣਮਿਲਦੇ ਖਿਆਲ (Reconcile) ਮਿਲਾ ਕੇ ਦਰਸਾਏ ਤੇ ਬੜੀ ਯੋਗਤਾ ਦਾ ਕੰਮ ਕੀਤਾ ਹੈ। ਪਰੰਤੂ ਮੁੱਖ ਸਿੱਧਾਂਤ ਉਸ ਵਿਚ ਇਹ ਹੈ ਕਿ 'ਧਰਮ ਮੁੱਖ' ਹੈ। ਕ੍ਰਿਸ਼ਨ ਜੀ ਵਿਚ ਰਾਜਸੀ ਗੁਣ ਵੀ ਸਨ, ਭਗਤੀ ਦੇ ਖਿਆਲ ਵੀ ਸਨ, ਛਿਆਂ ਹੀ ਸ਼ਾਸਤਰਾਂ ਦੇ ਬ੍ਰਾਹਮਣੀ ਖਿਆਲਾ ਦਾ ਨਚੋੜ ਬੀ ਉਹਨਾਂ ਪਾਸ ਸੀ, ਪਰ ਉਹਨਾਂ ਦਾ ਸਭ ਤੋਂ ਉੱਚਾ ਗੁਣ ਤੇ ਆਦਰਸ਼ 'ਧਰਮ' ਸਭ ਤੋਂ ਉਪਰ ਹੈ।

੨ ਰਾਮ ਚੰਦਰ ਜੀ ਦੀ ਸਾਡੇ ਪਾਸ ਗੀਤਾ ਵਾਂਗੂ ਕੋਈ ਰਚਨਾਂ ਨਹੀਂ ਹੈ, ਪਰ ਪਿਤਾ ਦਾ ਵਾਕ ਸੱਤ ਰਹੇ, ਚਾਹੇ ਰਾਜ ਜਾਏ। ਇਸਤ੍ਰੀ ਹਰੀ ਗਈ ਹੈ, ਚਾਹੇ ਜਾਂਗਲੀ ਰਾਜਿਆਂ ਦੀ ਸਹੈਤਾ ਲੈਣੀ ਪਵੇ, ਚਾਹੇ ਬਾਲੀ ਮਾਰਕੇ ਸੈਨਾ ਜੋੜਨੀ ਪਵੇ, ਪਰ ਇਸਤ੍ਰੀ ਛੁਡਾਉਣੀ ਹੈ ਇਹ ਪਰਮ ਧਰਮ ਹੈ ਆਦਿਕ। ਸ੍ਰੀ ਰਾਮ ਜੀ ਦੇ ਕੰਮ 'ਧਰਮ ਸਭ ਤੋਂ ਉਪਰ' ਦੇ ਹੀ ਨਮੂਨੇ ਹਨ। ਰਾਮ ਜੀ ਵਿਚ ਭਗਤੀ ਭਾਵ ਹੈ, ਲੋਕਾਂ ਨੂੰ ਖਿਚਦੇ ਤੇ ਪਿਆਰ ਭੀ ਪਾਉਂਦੇ ਹਨ, ਪਰ ਮਾਤਾ ਪਿਤਾ ਦੀ ਆਗਜਾ ਪਾਲਣ ਵਿਚ ਭਰਾਵਾਂ ਨਾਲ ਆਦਰਸ਼ਕ ਨਿਰਬਾਹ ਕਰਦੇ, ਪਰਜਾ ਨੂੰ ਠੀਕ ਪਾਲਦੇ, ਉਹ ਸਾਰੇ ਜੀਵਨ ਵਿਚ ਧਰਮ ਦਾ ਹੀ ਇਕ ਨਮੂਨਾ ਹਨ, ਪਰ ਧਰਮ ਦਾ ਕਮਾਲ ਕ੍ਰਿਸ਼ਨ ਜੀ ਵਿਚ ਹੈ, ਹਾਂ, ਮਰਿਯਾਦਾ ਪੁਰਸ਼ੋਤਮ ਹੋਣ ਵਿਚ ਸ੍ਰੀ ਰਾਮ ਜੀ ਅਗੇਰੇ ਹਨ।

ਅਸੀਂ ਇਨ੍ਹਾਂ ਦੋਹਾਂ ਮਹਾਂ ਪੁਰਖਾਂ ਦਾ ਇੱਕਠਾ ਜ਼ਿਕਰ ਕੀਤਾ ਹੈ, ਕਿਉਂਕਿ ਦੋਨੋਂ ਹਿੰਦੂ ਮੰਡਲ ਦੇ ਅਵਤਾਰ ਤੇ ਆਦਰਸ਼ ਹਨ। ਇਸ ਵੇਲੇ ਦਾ ਹਿੰਦੂ ਧਰਮ ਇਨ੍ਹਾਂ ਦੋਹਾਂ ਕੇਂਦਰਾਂ ਦੇ ਉਦਾਲੇ ਘੁੰਮ ਰਿਹਾ ਹੈ, ਦੋਹਾਂ ਦਾ ਆਦਰਸ਼ ਧਰਮ ਹੈ।

ਧਰਮ ਦਾ ਅਰਥ:-

ਧਰਮ ਪਦ ਦਾ ਧਾਤੂ ਧ੍ਰੀ ਤੋਂ ਬਣਦਾ ਹੈ, ਅਰਥ ਹੈ:-ਪਾਸ ਹੋਣਾ, ਰੱਖਣਾ, ਧਾਰਨਾ, ਮੁਕਰਰ ਆਦਿ। (ੳ) ਧਰਮ ਦਾ ਅਰਥ ਹੈ-ਕਿਸੇ ਦੀ ਉਹ ਬ੍ਰਿਤੀ ਜਿਸ ਵਿਚ ਉਹ ਸਦਾ ਰਹੇ, ਪ੍ਰਕ੍ਰਿਤੀ ਸੁਭਾਵ, ਜਿਵੇਂ ਅੱਖ ਦਾ ਧਰਮ ਹੈ: ਦੇਖਣਾ। (ਅ) ਧਰਮ-ਜੋ ਸਭ ਨੂੰ ਸਹਾਰਾ ਦੇਵੇ। (ੲ) ਸ਼ਾਸਤ੍ਰੋਕਤ ਓਹ ਕਰਮ ਜੋ ਪ੍ਰਲੋਕ ਲਈ ਕੀਤੇ ਜਾਣ ਜੈਸੇ ਯੱਗ, ਬ੍ਰਤ ਆਦਿ। (ਸ) ਕਰਮ ਕਾਂਡ ਦਾ ਵਿਧੀ ਪੂਰਬਕ ਕਰਨਾ। (ਹ) ਇਕ ਦੂਸਰੇ ਦਾ ਇਕ ਦੂਸਰੇ ਵਲ ਵਰਤਾਉ ਦਾ ਯੋਗ ਤ੍ਰੀਕਾ। (ਕ) ਵਰਣਾਸ਼੍ਰਮ ਲਈ ਕਰਨੇ ਜੋਗ ਕੰਮ। ਜੈਸੇ ਖਤ੍ਰੀ ਦਾ ਜੁੱਧ ਕਰਨਾ ਧਰਮ ਹੈ। (ਖ) ਪਰ ਬੀਬੀ ਐਨੀਬੀਸੈਂਟ ਨੇ ਗੀਤਾ ਦੇ ਅੰਗ੍ਰੇਜ਼ੀ (ਤਰਜਮਾ ਕਰਨ ਵੇਲੇ ਧਰਮ ਦਾ ਅਰਥ Duty (ਡਯੂਟੀ) ਕੀਤਾ। ਯੂਰਪੀ ਬੋਲੀਆਂ ਵਿਚ ਡਯੂਟੀ ਦਾ ਅਰਥ ਨਿਰਾ ਧਰਮ ਮਾਤ੍ਰ ਯਾ ਫਰਜ਼ ਮਾਤ੍ਰ ਨਹੀਂ ਸਗੋਂ ਉਨ੍ਹਾਂ ਵਿਚ ਇਹ ਇਕ ਉੱਚਾ ਆਦਰਸ਼ ਬਣ ਚੁੱਕਾ ਹੈ। ਡਯੂਟੀ ਹੀ ਉਹਨਾਂ ਲੋਕਾਂ ਦਾ ਮਾਨੋ ਮਜ਼ਹਬ ਬਣ ਚੁੱਕੀ ਹੈ। ਗੀਤਾ ਦੇ ਲਫਜ਼ ਧਰਮ ਨੇ ਡਯੂਟੀ ਵਿਚ ਤਰਜਮਾ ਖਾਕੇ ਪੱਛਮੀਆਂ ਪਰ ਗੀਤਾ ਦੇ ਅਰਥ ਭਾਵ ਦਾ ਐਸਾ ਅਨੁਕੂਲ ਅਸਰ ਪਾਇਆ ਹੈ ਕਿ ਜਿਸ ਨੇ ਗੀਤਾ ਦੀ ਕੀਮਤ ਬਹੁਤ ਵਧਾ ਦਿੱਤੀ: ਹੁਣ ਧਰਮ ਪਦ ਦਾ ਨਵਾਂ ਅਰਥ ਉਨ੍ਹਾਂ ਵਿਚ ਡਯੂਟੀ ਪਦ ਦੇ ਆਦਰਸ਼ ਨਾਲ ਮਿਲ ਜਾਣ ਕਰਕੇ ਗੀਤਾ ਦਾ ਆਦਰਸ਼ ਹਿੰਦੂਆਂ ਵਿਚ ਬੀ ਉਹੋ ਹੋ ਗਿਆ ਹੈ ਕਿ ਜੋ ਪੱਛੋਂ ਵਿਚ ਪਦ (Duty) ਡਯੂਟੀ ਨਾਲ ਬੱਝਾ ਪਿਆ ਹੈ। ਇਸ ਕਰਕੇ ਹੁਣ ਉਹਨਾਂ ਹੀ ਅਰਥਾਂ ਵਿਚ ਇਸ ਆਦਰਸ਼ ਨੂੰ ਲੈਕੇ ਟੁਰਦੇ ਹਾਂ। ਕ੍ਰਿਸ਼ਨ ਜੀ ਦਾ ਧਰਮ ਦਾ ਆਦਰਸ਼ ਗੁਰ ਨਾਨਕ ਵਿਚ ਆਪਣੇ ਉਸ ਕਮਾਲ ਤੇ ਹੈ, ਘੱਟ ਨਹੀਂ, ਚੁੱਖ ਕੁ ਅਗੇਰੇ ਹੈ। ਪਰੰਤੂ ਗੁਰ ਨਾਨਕ ਦੇਵ ਜੀ ਵਿਚ ਓਹ ਡਯੂਟੀ ਦੇ ਨਿਰਬਾਹ ਦਾ ਕਮਾਲ, ਨਿਰਬਾਹ ਤੋਂ ਵੱਖਰਾ ਡਯੂਟੀ ਦੀ 'ਕਿਸਮ ਦੀ ਪਛਾਣ ਕਰਨ' ਤੇ 'ਚੁਣ ਲੈਣ' ਵਿਚ ਗੀਤਾ ਤੋਂ ਉੱਚਾ ਨਿਕਲ ਗਿਆ ਹੈ। ਸ੍ਰੀ ਕ੍ਰਿਸ਼ਨ

ਜੀ ਦਾ ਡਯੂਟੀ ਉਪਦੇਸ਼ ਇਖ਼ਲਾਕੀ ਉਪਦੇਸ਼ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਡਯੂਟੀ ਦਾ ਉਪਦੇਸ਼ ਇਖ਼ਲਾਕੀ ਕਮਾਲ ਤੇ ਰੂਹਾਨੀ ਕਮਾਲ ਦੋਹਾਂ ਵਿਚ ਕਮਾਲ ਤੇ ਹੈ। ਵੀਚਾਰ ਕਰੋ:-ਸੁਹਣਾ ਸ੍ਰੀ ਗੁਰੂ ਨਾਨਕ ਪੁਤ੍ਰ ਹੈ, ਭਰਾ ਹੈ, ਪਤੀ ਹੈ, ਪਿਤਾ ਹੈ, ਅਰ ਇਨ੍ਹਾਂ ਸਭਨਾਂ ਸੰਬੰਧਾਂ ਵਿਚ ਆਪਣੇ ਇਖ਼ਲਾਕੀ ਫਰਜ਼ ਨੂੰ ਪਛਾਣਦਾ ਹੈ, ਪਰ ਜਾਪਦਾ ਐਉਂ ਹੈ ਕਿ ਇਸ ਫਰਜ਼ ਨੂੰ ਭੁਲਾਕੇ ਸਾਧ ਹੋਕੇ ਦੁਨੀਆਂ ਤੋਂ ਭੱਜ ਗਿਆ ਹੈ। ਪਰ ਉਸ ਰੂਹਾਨੀ ਤਲਵਰੀਏ ਦਾ ਕਮਾਲ ਦੇਖੋ, ਕਿ ਉਹ ਇਸ ਪੁਤਰ, ਭਰਾ, ਪਤੀ, ਪਿਤਾ ਦੇ ਆਪਣੇ ਫਰਜ਼ਾਂ ਦੇ ਘੇਰੇ ਵਿਚ, ਮੋਹ ਦੇ ਤਣੇ ਜਾਲ ਵਿਚ, ਮਾਨੁੱਖੀ ਸ਼ਰੀਰ ਵਿਚ ਵਸਦਿਆਂ ਦੇਸ਼ ਵਿਚ ਰੂਹਾਨੀ ਤੇ ਇਖ਼ਲਾਕੀ ਗਿਰਾਉ ਦੇ ਅੰਧਕਾਰ ਦੇ ਹੁੰਦਿਆਂ ਆਪਣਾ 'ਫਰਜ਼' ਪਛਾਣਦਾ ਹੈ, ਇਸ ਪਛਾਣ ਤੇ ਚੋਣ ਵਿਚ 'ਡਯੂਟੀ ਸਭ ਤੋਂ ਉਪਰ' ਨੂੰ ਰੂਹਾਨੀਅਤ ਵਿਚ ਸਿਆਣਦਾ ਤੇ ਵਰਤ ਕੇ ਦੱਸਦਾ ਹੈ, ਇਸ ਚੋਣ ਕਰਨ ਵਿਚ ਡਯੂਟੀ ਦੇ ਨੁਕਤੇ ਤੋਂ ਕਮਾਲਾਂ ਦਾ ਸਿਰ ਕਮਾਲ ਦਿਖਾਉਂਦਾ ਹੈ। ਜਿਸ ਵੇਲੇ:-

> 'ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ
> ਪ੍ਰਿਥਮੀ ਦਿਸਿ ਆਈ। '

ਤੇ ਫੌਰਨ ਫੈਸਲਾ ਕਰਦਾ ਹੈ ਕਿ ਮੇਰੀ ਡਯੂਟੀ ਇਸ ਨੂੰ ਬਚਾਉਣਾ ਹੈ ਤੇ ਫੈਸਲਾ ਕਰਦੇ ਹੀ ਕਰਕੇ ਦਿਖਾਉਂਦਾ ਹੈ ਤੇ ਅਸੀਂ ਕੀ ਦੇਖਦੇ ਹਾਂ ਕਿ ਗੁਰ ਨਾਨਕ :-

> 'ਚੜ੍ਹਿਆ ਸੋਧਣਿ ਧਰਤਿ ਲੁਕਾਈ। '

ਸ੍ਰਿਸ਼ਟੀ ਦੀ ਜਲਨ ਦੂਰ ਕਰਨ, ਸ੍ਰਿਸ਼ਟੀ ਦਾ ਅੰਧਕਾਰ ਦੂਰ ਕਰਨ, ਸ੍ਰਿਸ਼ਟੀ ਨੂੰ ਮੁਰਦਾਪਨ ਤੋਂ ਕੱਢਣ, ਸੋਚਾਂ, ਵਹਿਮਾਂ, ਭਰਮਾਂ ਤੋਂ ਬਾਹਰ ਲਿਆਉਣ, ਕਲੇਜਿਆਂ ਵਿਚ 'ਬੇਅੰਤ ਵਾਹਿਗੁਰੂ' ਨਾਲ ਜੀਉਂਦੀ ਤੜਪ ਤੇ ਤਸੱਲੀ ਵਾਲੀ ਲੱਗਨ ਦੇਣ ਲਈ ਬਾਬਾ ਆਪਣੇ ਲਈ ਸਿਰ ਫਰਜ਼ਾਂ ਦੇ ਫਰਜ਼ ਰੂਹਾਨੀ ਫਰਜ਼ ਨੂੰ ਚੁਣਦਾ ਹੈ ਤੇ ਦੱਸਦਾ ਹੈ ਕਿ ਫਰਜ਼ ਸਭ ਤੋਂ ਮੁੱਖ ਹੈ, ਪਰ ਫਰਜ਼ ਦੀ ਚੋਣ ਉਸ ਤੋਂ ਵੀ ਮੁੱਖ ਹੈ ਤੇ ਰੂਹਾਨੀ ਫਰਜ਼ ਸੰਸਾਰਕ ਤੇ ਇਖ਼ਲਾਕੀ ਫਰਜ਼ਾਂ ਤੋਂ ਉੱਚੇ ਹਨ। ਹਾਂ ਰੂਹਾਨੀਅਤ ਦੇ ਫਰਜ਼ ਇਖ਼ਲਾਕੀ ਫਰਜ਼ ਤੋਂ ਵਧੇਰੇ ਕਮਾਲ ਦੇ ਕੰਮ ਹਨ। ਸੋ ਗੁਰੂ ਜੀ ਨੇ ਫਰਜ਼ ਦੀ ਚੋਣ ਤੇ ਫਰਜ਼ ਦੇ ਨਿਰਬਾਹ ਵਿਚ ਬੜਾ ਕਮਾਲ ਕੀਤਾ। ਇਤਨੀ ਕੁਰਬਾਨੀ, ਇਤਨੇ ਸਫਰ ਤੇ ਹਾਡ ਅਤੇ ਉਹਨਾਂ ਵਿਚ ਬੇਅੰਤ' ਔਖ ਝੱਲੇ ਹਨ, ਪਰ 'ਸ੍ਰਿਸ਼ਟੀ ਤਾਰਨ' ਦਾ ਫਰਜ਼ ਨਿਬਾਹਿਆ। ਆਪ ਨੇ ਰੂਹਾਨੀਅਤ ਦਾ ਪ੍ਰਚਾਰ ਕੀਤਾ, ਮੁਰਦੇ ਦਿਲਾਂ ਨੂੰ ਜੀਉਂਦਾ ਕੀਤਾ, 'ਬੇਅੰਤ' ਨਾਲ ਜੋੜਿਆ! ਇਸ ਫਰਜ਼ ਨੂੰ ਪੂਰਾ ਕਰਨੇ ਲਈ ਗੁਰੂ ਜੀ ਉਸ ਵੇਲੇ ਦੇ ਪ੍ਰਸਿੱਧ ਜਗਤ ਵਿਚ ਲਗ ਪਗ ਸਾਰੇ ਫਿਰੇ ਹਨ[੧]।

ਰੇਲਾਂ ਨਹੀਂ, ਤਾਰਾਂ ਨਹੀਂ, ਸੜਕਾਂ ਪੱਕੀਆ ਨਹੀਂ, ਰਾਖੀ ਨਹੀਂ, ਜੰਗਲ ਚੋਰਾਂ ਭਰੇ ਹਨ, ਪੈਦਲ ਤੁਰਨਾ ਹੈ, ਪਰ ਓਹ ਡਯੂਟੀ ਦੀ ਨਾੜ ਪਛਾਣਨ ਤੇ ਸ਼ਿਖਰੇ ਲੈ ਜਾਣ ਵਾਲਾ ਪੰਜ ਵੇਰ ਆਪਣੇ ਦੈਵੀ ਫਰਜ਼ ਅਦਾ ਕਰਨ ਨਿਕਲ ਟੁਰਦਾ ਹੈ। ਕੁਰਮ, ਅਫਗਾਨਿਸਤਾਨ, ਈਰਾਨ, ਬਗ਼ਦਾਦ, ਮੱਕੇ ਮਿਸਰ ਤੇ ਪਰੇ ਤਾਈਂ, ਕਸ਼ਮੀਰ, ਤਿੱਬਤ, ਚੀਨ, ਆਸਾਮ, ਮਨੀ ਪੁਰ, ਪੂਰਬੀ ਟ੍ਰਾਪ ਤੇ ਲੰਕਾ ਤਾਈਂ; ਜਗਨ ਨਾਥ, ਬਨਾਰਸ, ਗੰਗਾ, ਰਾਮੇਸ਼ੁਰ, ਬਿੰਧਯਾਚਲ, ਸਿੰਧ, ਬਲੋਚਿਸਤਾਨ ਸਾਰਾ ਹਿੰਦ ਫਿਰਦਾ ਹੈ, ਸੰਗਲਾਦੀਪ ਜਾਂਦਾ ਹੈ ਅਰ ਆਪਣੇ ਸੱਚੇ ਪਿਤਾ ਦੇ ਦਿੱਤੇ ਫਰਜ਼ 'ਸ੍ਰਿਸ਼ਟੀ ਨੂੰ ਸ੍ਰਿਸ਼ਟੇ ਨਾਲ ਜੋੜਨ ਲਈ' ਫਿਰਦਾ ਹੈ ਤੇ ਜੋੜਦਾ ਹੈ।

੩. ਇਧਰ ਇਖ਼ਲਾਕੀ ਕਮਾਲ ਵਿਚ ਬੀ ਡਯੂਟੀ ਦੇ ਹਿੱਸੇ ਨੂੰ ਦੇਖੋ ਕੀਕੂੰ ਨਿਬਾਹੁੰਦਾ ਹੈ, ਅਰ ਵਾਪਸ ਆਕੇ ਮਾਤਾ ਪਿਤਾ ਨੂੰ, ਜੋ ਉਸ ਨੂੰ 'ਪਿਤ੍ਰ ਭਗਤੀ' ਦੇ ਫਰਜ਼ ਤੋਂ ਨਠ ਗਿਆ ਸਮਝ ਰਹੇ ਸਨ ਦੈਵੀ ਨਿਉਤਾ ਦੇਂਦਾ ਹੈ, ਉਹ ਹੁਣ ਦੇਖਦੇ ਹਨ ਕਿ ਓਹੋ ! ਇਹ 'ਸਾਡਾ ਨਾਨਕ' ਤਾਂ ਸਾਡਾ ਪੁਤ ਨਹੀਂ ਸੀ, ਇਹ ਤਾਂ ਰਬ ਦਾ ਪੁਤ ਸੀ ਤੇ ਇਸ ਨੇ ਤਾਂ ਸ੍ਰਿਸ਼ਟੀ ਤਾਰਨੀ ਸੀ, ਅਸੀਂ ਭੁੱਲੇ ਹੀ ਰਹੇ ਜੋ ਇਸ ਨੂੰ ਇਸ ਦੇ ਉੱਚੇ ਧਰਮ (ਉੱਚੀ ਡਯੂਟੀ) ਤੋਂ ਵਰਜ ਵਰਜ ਬਹਾਉਣ ਦੀ ਕਰਦੇ ਰਹੇ। ਹੁਣ ਜਦ ਇਹ ਸੋਝੀ ਮਿਲ ਗਈ ਤਾਂ ਗੁਰੂ ਉਹਨਾਂ ਦੇ ਅੰਦਰ ਵਾਹਿਗੁਰੂ ਪ੍ਰੇਮ ਦੀ ਕਣੀ ਪਾਉਂਦਾ ਹੈ, ਜੀਅਦਾਨ ਦੇਂਦਾ ਹੈ।

---

[੧] ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ {ਗਉੜੀ ਮ:੧}

ਮਾਤਾ ਪਿਤਾ ਦਾ ਹੁਕਮ ਮੰਨਣਾ ਇਕ ਡਯੂਟੀ ਸੀ। ਰਾਮ ਜੀ ਨੇ ਮੰਨਿਆਂ, ਚਾਹੇ ਉਸ ਵਿਚ ਪਿਤਾ ਵਿਯੋਗ ਖਾਕੇ ਪ੍ਰਲੋਕ ਜਾ ਬਸੇ। ਅਰਜਨ ਨੇ ਡਯੂਟੀ ਦਾ ਆਵਾਜ਼ਾ ਮੰਨਿਆਂ, ਚਾਹੇ ਉਸ ਜੁੱਧ ਵਿਚ ਨੇੜੇ ਤੋਂ ਨੇੜੇ ਦੇ ਆਪਣੇ ਤਲਵਾਰ ਦੀ ਘਾਟ ਉਤਰੇ। ਗੁਰੂ ਨਾਨਕ ਦੇਵ ਜੀ ਨੇ ਪਿਤਾ ਦਾ ਹੁਕਮ ਮੰਨਿਆ, ਕੀਕੂੰ ਰੱਬ ਰੂਪ ਹੋਕੇ ਪਿਤਾ ਅਗੇ ਸਿਰ ਨੀਵਾਂ ਪਾਕੇ ਖ਼ਰੇ ਸੌਦੇ ਵਾਲਾ ਗੁੱਸਾ ਸਹਾਰਿਆ, ਪਰ ਜਦ ਵੇਲਾ ਆਇਆ ਸਚੇ ਪਿਤਾ ਦੇ ਹੁਕਮ ਦੀ ਬਜਾਆਵਰੀ ਦਾ ਤਦ ਆਪ ਨੇ ਪਿਤਾ ਦੇ ਹੁਕਮ ਮੰਨਣ ਤੋਂ ਉਚੇਰੀ ਡਯੂਟੀ ਨੂੰ ਸਿਆਣਿਆਂ। ਵਾਹਿਗੁਰੂ ਦੀ ਸ੍ਰਿਸ਼ਟੀ ਨੂੰ ਤਾਰਨ ਦਾ ਹੁਕਮ ਜਦ ਵੇਈਂ ਵਿਚ ਆਯਾ ਤਾਂ ਧਨ, ਧਾਮ, ਇਸਤ੍ਰੀ, ਪੁਤ੍ਰ, ਮਾਤਾ, ਪਿਤਾ ਸਭ ਨੂੰ ਛੱਡਕੇ ਇਲਾਹੀ ਕੰਮ ਕਰਨ ਚਲੇ ਗਏ। ਜ਼ਾਹਰਾ ਤਾਂ ਜਾਪਦਾ ਹੈ ਕਿ ਪਿਤਾ ਵੰਨੇ ਜੋ ਡਯੂਟੀ ਸੀ ਕਾਂਪ ਖਾ ਗਈ ਹੈ, ਹੁਣ ਸਾਧੂ ਹੋਕੇ ਨਿਕਲ ਗਏ ਹਨ, ਮਾਂ ਬਾਪ ਤੋਂ ਤ੍ਰੁੱਟ ਗਏ ਹਨ, ਪਰ ਦੇਖੋ ਜਦ ਪਹਿਲਾ ਦੌਰਾ ਆਪਣੇ ਅਰਸ਼ੀ ਫਰਜ਼ ਦਾ ਕਰਕੇ ਆਉਂਦੇ ਹਨ ਤਾਂ ਮਾਤਾ ਪਿਤਾ ਨੂੰ ਮਿਲਦੇ ਹਨ। ਭਗਵੇ ਪਹਿਨਣ ਦੀ ਲਾਜ ਪਰਦਾ ਕੋਈ ਨਹੀਂ ਬਣਦੀ। ਓਹ ਆਪਣੇ ਪਿਤ੍ਰੀ ਫਰਜ਼ ਨੂੰ ਜਾਣਦੇ ਹਨ ਤੇ ਪਛਾਣਦੇ ਹਨ। ਉਨ੍ਹਾਂ ਦੀ ਸੱਚੀ ਸੇਵਾ ਕਰਦੇ ਹਨ। ਹਾਂ, ਓਹਨਾਂ ਨੂੰ ਜੀਅਦਾਨ ਦੇਂਦੇ ਹਨ, ਵਾਹਿਗੁਰੂ ਦੇ ਪ੍ਰੇਮ ਵਿਚ ਲਿਆਉਂਦੇ ਹਨ। ਓਹ ਦੋਵੇਂ ਹੁਣ ਆਤਮ ਜਾਗ੍ਰਤ ਵਿਚ ਆਕੇ ਪੁਤ੍ਰ ਨੂੰ ਦੇਵ ਗੁਰੂ ਵੇਖਦੇ ਹਨ ਤੇ ਪੁਤ੍ਰ ਜਾਣਕੇ ਸੇਵਾ ਕਰਾਉਣੋ ਸ਼ਰਮਦੇ ਹਨ। ਵਾਹਿਗੁਰੂ ਦੀ ਜਜੋਤਿ ਨੂੰ ਉਸ ਵਿਚ ਤੱਕਦੇ ਹਨ ਤੇ ਪਰਮ ਸੁਖੀ ਹੋ ਜਾਂਦੇ ਹਨ। ਭੈਣ ਨੂੰ ਤਾਂ ਰੱਬ ਵਲੋਂ ਪਹਿਲਾਂ ਹੀ ਸੋਝੀ ਹੋ ਗਈ ਸੀ ਕਿ ਵੀਰ ਤਾਂ ਅਰਸ਼ੀ ਨੂਰ ਹੈ। ਭੈਣ ਜਦ ਯਾਦ ਕਰੇ, ਕੋਮਲ ਤੇ ਅਰਸ਼ੀ ਭਾਵਾਂ ਤੇ ਰੂਹਾਨੀ ਵਲਵਲਿਆਂ ਦਾ ਸਤਿਕਾਰੀ ਗੁਰੂ ਨਾਨਕ, ਝਟ ਦਰਸ਼ਨ ਦੇਂਦਾ ਸੀ। ਕੈਸਾ ਇਖ਼ਲਾਕੀ ਤੇ ਰੂਹਾਨੀ ਡਯੂਟੀ ਦਾ ਕਮਾਲ ਹੈ। ਹਾਂ ਜੀ ਜਦੋਂ ਪਰਦੇਸੀਂ ਟੁਰਨ ਲਗੇ ਮਨ ਤਾਂ ਕੀਹ ਨਕਸ਼ਾ ਸੀ ? ਇਸਤ੍ਰੀ ਰੋਂਦੀ ਹੈ, ਆਖਦੀ ਹੈ ਬੱਚੇ ਨਿਆਣੇ ਹਨ, ਤੁਸੀਂ ਟੁਰ ਚਲੇ ਹੋ, ਮੈਂ ਕਿਸ ਆਸਰੇ ਜੀਵਾਂ, ਤਾਂ ਆਖਦੇ ਹਨ: ਮੈਂ ਮਾਲਕ ਦੀ ਨੌਕਰੀ ਕਰਨੀ ਹੈ, ਤੇਰਾ ਓਹ ਰਾਖਾ ਹੈ। ਇਸਤ੍ਰੀ ਤੇ ਨਿਆਣੇ ਬੱਚੇ ਛੱਡਕੇ ਡਯੂਟੀਆਂ ਸਿਰ ਡਯੂਟੀ ਲਈ ਉਠ ਟੁਰੇ। ਪਰ ਜਦ ਅੰਤ ਕਰਤਾਰ ਪੁਰ ਆ ਬਿਰਾਜੇ, ਇਸਤ੍ਰੀ ਨੂੰ ਭੀ ਰੱਬੀ ਨੂਰ ਦਾ ਹਿੱਸਾ ਦਿੱਤਾ, ਪੁਤ੍ਰਾਂ ਨੂੰ ਵੀ ਵਾਹਿਗੁਰੂ ਵਿਚ ਲਾਇਆ, ਜਿਨ੍ਹਾਂ ਦੀ ਉਦਾਸੀ ਸੰਪ੍ਰਦਾ ਅੱਜ ਤਕ ਚਲਦੀ ਹੈ। ਇਸ ਗਲੋਂ ਨਹੀਂ ਸੰਕੋਚ ਕਿ ਹੁਣ ਇਸਤ੍ਰੀ ਨੂੰ, ਜੋ ਪੇਕੇ ਘਰ ਅਤਿ ਦੁਖੀ ਹੈ, ਸ਼ਰਨ ਦਿੱਤਿਆਂ ਭੇਖੀਆਂ ਵਲੋਂ ਹਾਸੋ ਹੀਣੀ ਹੋਵੇਗੀ। ਉਸ ਨਿਰਭੈ, ਸੱਚ ਦੇ ਉਪਾਸਕ ਨੇ ਇਸਤ੍ਰੀ ਤੇ ਬੱਚਿਆਂ ਨੂੰ ਸ਼ਰਨ ਦਿੱਤੀ। ਕੋਈ ਸਾਧੂ ਭਗਵੇ ਪਹਿਨਕੇ ਇਸਤ੍ਰੀ ਪੁੱਤ੍ਰ ਨੂੰ ਪਨਾਹ ਦੇਣ ਦੀ ਖੁੱਲ੍ਹ ਨਹੀਂ ਲਏਗਾ, ਲੋਕ ਲਾਜ ਰੋਕਦੀ ਹੈ, ਪਰ ਸੱਚ ਤੇ ਨਿਧੜਕ ਟੁਰੇ ਰਹਿਣ ਵਾਲੇ ਗੁਰੂ ਬਾਬਾ ਜੀ ਨੇ ਆਪਣੇ ਫਰਜ਼ ਨੂੰ ਪੂਰਾ ਕਰਨ ਵੇਲੇ ਕੋਈ ਭੈ ਨਹੀਂ ਮੰਨਿਆਂ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਜੋਗੀਆਂ ਨੇ ਉਲਾਂਭਾ ਬੀ ਦਿੱਤਾ ਕਿ ਜਗਤ ਤਿਆਗ ਕੇ ਸਾਧੂ ਹੋਕੇ ਫਿਰ ਕਿਉਂ ਸੰਸਾਰੀ ਰੀਤਿ ਚਲਾਈ, ਪਰ ਉਸ ਨਿਰੋਲ ਸੱਚ ਦੇ ਮਾਲਕ ਨੇ ਪ੍ਰਵਾਹ ਨਹੀਂ ਕੀਤੀ। ਆਪ ਦਾ ਹਰ ਇਕ ਨਾਲ ਵਰਤੋਂ ਵਿਚ ਡਯੂਟੀ ਦਾ ਇਖ਼ਲਾਕੀ ਕਮਾਲ ਭੀ ਕੈਸਾ ਅਨੋਖਾ ਹੈ।

੪. ਕ੍ਰਿਸ਼ਨ ਜੀ ਗੀਤਾ ਵਿਚ 'ਮੈਂ' ਕਰਕੇ ਬੋਲਦੇ ਹਨ, 'ਮੇਰੀ ਇਕ ਸ਼ਰਨ ਲੈ ਤੇ ਸਾਰੇ ਧਰਮਾਂ ਦਾ ਤਿਆਗ ਕਰ', ਸ੍ਰਿਸ਼ਟੀ ਨੂੰ ਉਬਾਰਨ ਲਈ ਕ੍ਰਿਸ਼ਨ ਜੀ ਅਰਦਾਸ ਨਹੀਂ ਕਰਦੇ, ਆਪਣੀ ਸ਼ਰਨ ਹੀ ਦਾਰੂ ਦੱਸਦੇ ਹਨ। ਬ੍ਰਹਮ ਨੂੰ ਮੰਨਦੇ ਹਨ, ਭਗਤੀ ਬੀ ਦ੍ਰਿੜਾਉਂਦੇ ਹਨ, ਪਰ ਸ੍ਰਿਸ਼ਟੀ ਪ੍ਰੇਮ ਵਿਚ 'ਮੈਂ ਦਾ ਭਾਵ ਨਾਲ ਨਾਲ ਚਲਦਾ ਹੈ, ਇਹ ਮੈਂ ਤੇ ਇਸ ਦਾ ਹੁੰਗਾਰਾ' ਇਸ ਟਿਕਾਣੇ ਨਿੰਦਣ ਯੋਗ ਨਹੀਂ, ਪਰ ਕੇਵਲ ਵੀਚਾਰ ਮਾਤ੍ਰ ਲਈ ਇਹ ਗੱਲ ਖਿਆਲ ਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਇਸ ਪਰਤਾਵੇ ਤੋਂ ਬੀ ਅਤੀਤ ਉੱਚੇ ਆਕਾਸ਼ਾਂ ਵਿਚ ਗਤੀ ਰੱਖਦੇ ਹਨ, ਵਾਹਿਗੁਰੂ ਨਾਲ ਅੱਠੇ ਪਹਿਰ ਅਭੇਦ ਹਨ, ਵਿਚ ਅੰਤਰਾ ਕੋਈ ਨਹੀਂ, ਤਦਰੂਪ ਹੈਨ। ਹਾਂ ਵਾਹਿਗੁਰੂ ਦੀ ਮੈਂ ਤੇ ਓਹਨਾਂ ਦੀ ਮੈਂ ਇਕ ਸੁਰ ਹਨ, ਜੇ ਓਹਨਾਂ ਦੀ ਮੈਂ ਬੋਲੇ ਤਾਂ ਅਨੰਤ ਦੀ ਤਾਰ ਬੋਲੇਗੀ ਮੈਂ ਤੇ

ਜੇ ਅਨੰਤ ਦੀ ਤਾਰ ਮੈਂ ਗੂੰਜੇਗੀ ਤਾਂ ਗੁਰ ਨਾਨਕ ਦੀ ਮੈਂ ਬੋਲੇਗੀ ਪਰ ਦੇਖੋ ਹਉਂ ਅਤੀਤਤਾ ਦਾ ਕਮਾਲ, ਮਰਿਯਾਦਾ ਪੁਰਸ਼ੋਤਮਤਾ, ਭਗਤੀ ਦਾ ਸ਼ਿਖਰ ਪ੍ਰੇਮ ਦਾ ਅਦਬ ਕਿ ਓਹਨਾਂ ਦੀ ਤਾਰ "ਤੂੰ" ਹੀ ਬੋਲਦੀ ਹੈ। ਅਰਥਾਤ:-

> ਨ ਰਿਜਕੁ ਦਸਤ ਆ ਕਸੇ ॥ ਹਮਾਰਾ ਏਕੁ ਆਸ ਵਸੇ ॥ ਅਸਤਿ ਏਕੁ ਦਿਗਰ ਕੁਈ॥ ਏਕ ਤੁਈ ਏਕੁ ਤੁਈ ॥੫॥ਮঃ੧॥ ਪਰੰਦਏ ਨ ਗਿਰਾਹ ਜਰ ॥ ਦਰਖਤ ਆਬ ਆਸ ਕਰ ॥ ਦਿਹੰਦ ਸੁਈ ॥ ਏਕ ਤੁਈ ਏਕ ਤੁਈ ॥ ੬ ॥ ਮঃ ੧ ॥ ਨਾਨਕ ਲਿਲਾਰਿ ਲਿਖਿਆ ਸੋਇ ॥ ਮੇਟਿ ਨ ਸਾਕੈ ਕੋਇ॥ਕਲਾ ਧਰੈ ਹਿਰੈ ਸੁਈ ॥ ਏਕੁ ਤੁਈ ਏਕੁ ਤੁਈ ॥੭॥ {ਮਾਝ ਵਾਰ ਮ: ੧}

ਹਾਂ, ਉਨ੍ਹਾਂ ਦੀ ਤਾਰ 'ਤੁਈ ਤੁਈ' ਪਈ ਬੋਲਦੀ ਹੈ। ਸ੍ਰਿਸ਼ਟੀ ਨੂੰ ਆਪਣੀ ਮੈਂ ਦੀ ਗੋਦੀ ਨਹੀਂ ਪਾਉਂਦੇ, ਮੈਂ ਭੁਲੇਵਾ ਦੇ ਜਾ ਸਕਦੀ ਹੈ, ਸ੍ਰਿਸ਼ਟੀ ਨੂੰ "ਤੂੰਈ" "ਤੂੰਈਂ" ਦੀ ਗੋਦ ਪਾਉਂਦੇ ਹਨ, ਇਸ ਵਿਚ ਹਉਂ ਨਿਰਮੂਲ ਰਹਿੰਦੀ ਹੈ। ਵੇਖੋ ਜਦੋਂ ਜਗਤ ਦਾ ਦੁਖ ਦੇਖਦੇ ਹਨ ਤਾਂ ਨਹੀਂ ਆਖਦੇ ਕਿ 'ਦਰਵਾਜ਼ਾ ਮੈਂ ਹੂੰ 'ਇਕ ਮੇਰੀ ਸ਼ਰਨ ਪਕੜੋ' ਸਗੋਂ ਉਸ ਵਾਹਿਗੁਰੂ ਜੀ ਅਗੇ ਅਰਦਾਸ ਕਰਦੇ ਹਨ: "ਕਹੈ ਨਾਨਕੁ ਜੀਵਾਲੈ ਜੀਆ ਜਹ ਭਾਵੈ ਤਹ ਰਾਖੁ ਤੁਹੀ॥" ਜਗਤ ਦੀ ਪੀੜਾ ਨੂੰ ਹਰਨਾ ਚਾਹੁੰਦੇ ਹਨ, ਪੀੜਾ ਹਰਨ ਲਈ ਸਾਰੀ ਉਮਰ ਜਗਤ ਵਿਚ ਫਿਰੇ ਹਨ, ਜੇ ਕਰਤਾਰ ਪੁਰ ਆ ਟਿਕੇ ਹਨ ਤਾਂ ਪੀੜਾ ਹਰਨ ਦੀ ਹੀ ਚਕਿਤਸਾ ਸ਼ਾਲਾ ਟੋਰੀ ਹੈ, ਪਰ ਸਦਾ ਵਾਹਿਗੁਰੂ ਵਿਚ ਅਭੇਦ ਰਹਿਣ ਵਾਲੇ ਦਾਤਾ ਜੀ ਉਸੇ ਅਗੇ ਅਰਦਾਸ ਕਰਦੇ ਹਨ ਤੇ ਕਿਸ ਹਉਂ ਅਤੀਤਤਾ ਨਾਲ ਅਰਦਾਸ ਕਰਦੇ ਹਨ।

'...ਜਹ ਭਾਵੇ ਤਹ ਰਾਖੁ ਤੁਹੀ'॥

ਲਿਖਿਆ ਹੈ ' ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ' ਤੇ ਗੁਰ ਨਾਨਕ ਦੇਵ ਗੋਵਿੰਦ ਰੂਪ'। ਗੁਰੂ ਜੀ ਉਸ ਜਜੋਟਤੀ ਸਰੂਪ ਦੀ ਜਜੋਤੀ ਤੇ ਉਸ ਵਿਚ ਅਭੇਦ ਨਾਲ ਮਿਲੇ ਹੋਏ ਸੇ। ਉਨ੍ਹਾਂ ਦੀ ਅਰਦਾਸ ਕਰਨੀ ਤੇ 'ਮੈਂ' ਦਾ ਅਵਾਜ਼ਾ ਨਾ ਦੇਣਾ ਇਹ ਨਹੀਂ ਦੱਸਦਾ ਕਿ ਉਹ ਨੀਵੇਂ ਸੇ ਤੇ ਜਾਤ ਇਲਾਹੀ ਵਿਚ ਅਭੇਦ ਨਹੀਂ ਸੇ ਤੇ ਓਹ ਇਸ ਤਰ੍ਹਾਂ ਦਾ ਰੂਹਾਨੀ ਦਮ ਮਾਰ ਨਹੀਂ ਸਕਦੇ ਸੇ। ਨਹੀਂ, ਉਨ੍ਹਾਂ ਦਾ ਜੀਵਨ ਪੂਰਨ ਹਉਂ ਅਤੀਤ ਸੀ ਤੇ ਜਦ ਮਨ ਤੇ ਇੰਦ੍ਰਿਆਂ ਦੁਆਰਾ 'ਮੈਂ' ਦਾ ਹੁੰਕਾਰਾ ਭਰਿਆ ਜਾਵੇ ਤਾਂ 'ਹਉਂ' ਮਲਕੜੇ ਹੀ ਨਾਲ ਰਲ ਜਾਂਦੀ ਹੈ, ਇਸ ਕਰਕੇ ਸਤਿਗੁਰ ਨੇ ਸਦਾ ਹਉਂ ਅਤੀਤ ਅਵਾਜ਼ਾ ਦਿੱਤਾ ਹੈ ਤੇ ਇਹੋ ਅਸੂਲ ਵਰਤਿਆ ਹੈ:-

> ਤੁਝ ਤੇ ਬਾਹਰਿ ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥ ਕਿਆ ਕਹੀਐ ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ ਰਹਾਉ ॥ ਜੋ ਕਿਛੁ ਕਰਣਾ ਸੁ ਤੇਰੈ ਪਾਸਿ॥ ਕਿਸੁ ਆਗੈ ਕੀਚੈ ਅਰਦਾਸਿ ॥੨॥ ਆਖਣੁ ਸੁਨਣਾ ਤੇਰੀ ਬਾਣੀ॥ਤੂ ਆਪੇ ਜਾਣਹਿ ਸਰਬ ਵਿਡਾਣੀ ॥੩॥ ਕਰੇ ਕਰਾਏ ਜਾਣੈ ਆਪਿ ॥ ਨਾਨਕ ਦੇਖੈ ਥਾਪਿ ਉਥਾਪਿ॥੪॥੧॥ {ਭੈਰਉ ਮ: ੧}

{ਗੁਰੂ ਨਾਨਕ ਦੇਵ ਜੀ, ਗੌਰੰਗ, ਰਾਮਾਨੁਜ ਵੱਲਭ ਆਦਿ}

੧. ਗੁਰ ਨਾਨਕ ਦੇਵ ਜੀ ਦਾ ਤੇ ਇਨ੍ਹਾਂ ਮਹਾਂ ਪੁਰਖਾਂ ਦਾ[1] ਕੱਠਾ ਵੀਚਾਰ ਕਰਨ ਦੀ ਲੋੜ ਨਹੀਂ, ਕਿਉਂਕਿ ਇਹ ਸੱਜਣ ਆਪ ਤੇ ਇਨ੍ਹਾਂ ਦੇ ਉਪਾਸਕ ਇਨ੍ਹਾਂ ਨੂੰ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਭਗਤ ਮੰਨਦੇ ਹਨ, ਪਰ ਅਵਤਾਰ ਨਹੀਂ ਮੰਨਦੇ। ਅਸੀਂ ਇਨ੍ਹਾਂ ਦਾ ਜ਼ਿਕਰ ਇਥੇ ਇਸ ਵਾਸਤੇ ਕਰਦੇ ਹਾਂ ਇਕ ਉਪਨਿਸ਼ਦਾਂ ਦੇ ਸਮੇਂ ਤੋਂ ਬਾਦ ਤੇ ਬੁਧ ਧਰਮ ਦੇ ਗਿਰਾਉ ਤੱਕ ਹਿੰਦ ਦਾ ਧਰਮ ਸੱਚ ਪੁਛੋ ਤਾਂ ਇਕ ਨਿਰਾ ਸਦਾਚਾਰੀ ਧਰਮ ਸੀ ਤੇ ਜਿਸ ਦਾ ਕਮਾਲ ਬੁਧ ਜੀ ਕਰ ਚੁਕੇ ਸੇ। ਮਗਰੋਂ ਹਿੰਦੂ ਧਰਮ ਵਿਸ਼ੇਸ਼ ਕਰਕੇ ਤਾਂਤ੍ਰਿਕ ਰੰਗਾਂ ਵਿਚ ਖੇਲਦਾ ਰਿਹਾ:-ਕਿਤੇ ਸ਼ਾਕਤਕ ਤੇ ਕਿਤੇ ਸ਼ੈਵੀ ਮਤ ਦੇ ਨਾਮ ਹੇਠ, ਕਿਤੇ ਜੋਗੀਆਂ ਦੇ ਪ੍ਰਚਾਰ ਵਿਚ ਤੇ ਕਿਤੇ ਹੋਰਵੇਂ। ਮਗਰੋਂ ਫੇਰ ਭਗਤ ਆਏ। ਇਨ੍ਹਾਂ ਭਗਤ ਮਹਾਂ ਪੁਰਖਾਂ ਨੇ

---

[1] ਤੀਸਰੇ ਜਾਮੇ ਆਖਿਆ-ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ {ਬਿਲਾਵਲ ਵਾਰ ਮ: ੩}

ਭਗਤੀ ਦੀ ਰੰਗਣ ਦੇਕੇ ਮੌਜੂਦਾ ਹਿੰਦੂ ਧਰਮ ਬਣਾਇਆ ਹੈ। ਇਨ੍ਹਾਂ ਭਗਤਾਂ ਨੇ ਤਾਂਤ੍ਰਿਕ ਪਾਸਿਓਂ ਹੋੜਿਆ, ਹਠ ਜੋਗ ਵਲੋਂ ਬੀ ਰੁਖ਼ ਪਲਟਾਇਆ; ਨਿਰੀ ਬੁੱਧੀ ਦੇ ਆਧਾਰ ਤੇ ਟੁਰਨ ਵਾਲੇ ਇਕ ਪੱਖੀ ਫਿਲਸਫੇ ਦੇ ਰੁਖ਼ ਨੂੰ ਵਲਵਲੇ ਦੇ ਦੇਸ਼ ਵਲ ਝੁਕਾਇਆ, ਪ੍ਰੇਮ ਨੂੰ ਮੈਦਾਨ ਵਿਚ ਆਂਦਾ। ਪਰੰਤੂ ਇਨ੍ਹਾਂ ਦਾ (ਅਤੇ ਇਨ੍ਹਾਂ ਦੇ ਵਧੀਕ ਸੁਤੰਤ੍ਰਤਾ ਵਲ ਗਏ ਮਗਰੋਂ ਆਏ, ਕਬੀਰ, ਨਾਮਦੇਵ, ਰਵਿਦਾਸ, ਪੀਪਾ, ਸੈਣ, ਸਧਨਾ, ਬੇਣੀ[1] ਆਦਿ ਭਗਤਾਂ ਦਾ) ਕੰਮ ਇਸ ਤਰ੍ਹਾਂ ਦਾ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਗੁਰੂ ਨਾਨਕ ਆਗਮ ਲਈ ਰਸਤਾ ਤਿਆਰ ਕੀਤਾ ਹੈ[2]। ਊਚ ਨੀਚਤਾ ਦਾ ਖਿਆਲ ਇਨ੍ਹਾਂ ਭਗਤਾਂ ਨੇ ਘਟਾਇਆ, ਜੋ ਵਰਣਾਸ਼੍ਰਮ ਕਿ ਹਿੰਦੂ ਮਤ ਦੀ ਰੀੜ੍ਹ ਦੀ ਹੱਡੀ ਹੈ ਇਨ੍ਹਾਂ ਨੇ ਕਮਜ਼ੋਰ ਕੀਤਾ, ਪਿਆਰ ਫੈਲਾਇਆ, ਭਗਤਾਂ ਨੇ ਹੀ ਦ੍ਵੈਤ ਅਤੇ ਫੇਰ ਦ੍ਵੈਤ ਅਦ੍ਵੈਤ ਦੀ ਫਿਲਾਸਫੀ ਟੋਰੀ। ਸੰਖੇਪ ਮਾਤ੍ਰ ਇਹ ਕਹਿ ਦੇਣਾ ਕਾਫੀ ਹੈ ਕਿ ਇਹਨਾਂ ਸਜਣਾਂ ਨੇ ਇਖ਼ਲਾਕੀ ਦੁਨੀਆਂ ਵਿਚ ਰੂਹਾਨੀਅਤ ਦਾ ਬੀਜ ਪਾਇਆ, ਅਰ ਬੁੱਧੀ ਨਾਲ ਵਲਵਲੇ ਨੂੰ ਰਲਾਕੇ ਉਚੇਰਾ ਰਾਹ ਖੋਹਲਿਆ ਪਰ ਕਮਾਲ ਆਕੇ ਗੁਰ ਜਯੋਤੀ ਨੇ ਗੁਰ ਨਾਨਕ ਰੂਪ ਵਿਚ ਕੀਤਾ, ਇਸ ਪਹਿਲੂ ਵਿਚ ਗੁਰੂ ਨਾਨਕ ਦੇਵ ਜੀ ਦੀ ਰੂਹਾਨੀਅਤ ਦਾ ਕਮਾਲ ਅਸੀਂ ਕੁਛ ਦੱਸ ਆਏ ਹਾਂ ਅਰ ਕੁਛ 'ਮੁਹੰਮਦ ਜੀ' ਵਿਚ ਦਰਸਾਵਾਂਗੇ।

੨. ਭਗਤਾਂ ਦੀ ਭਗਤੀ ਦੇ ਵਿਚ ਆਦਰਸ਼ ਸ੍ਰੀ ਕ੍ਰਿਸ਼ਨ ਜੀ, ਸ੍ਰੀ ਰਾਮ ਜੀ ਦੀ ਸਗੁਣ ਮੂਰਤੀ ਸੀ ਅਰ ਉਪਾਸਨਾ ਬੁਤਪ੍ਰਸਤੀ ਤੋਂ ਸ਼ੁਰੂ ਹੁੰਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਇਕ ਅਕਾਲ ਪੁਰਖ ਦੀ ਉਪਾਸਨਾਂ ਦ੍ਰਿੜਾਈ ਅਰ ਮਹਾਂ ਪੁਰਖਾਂ ਦਾ ਦਰਜਾ ਵੱਖਰਾ ਦੱਸਿਆ ਜੋ ਵਾਹਿਗੁਰੂ ਨਾਲ ਰੌਲਾ ਪਾਉਣ ਵਾਲਾ ਨਾ ਹੋਵੇ। ਹਾਂ ਜੀ, ਗੁਰ ਨਾਨਕ ਨੇ ਸੁੱਚੀ ਤੇ ਉੱਚੀ ਵਾਹਦਾਨੀਅਤ ਦਾ ਝੰਡਾ ਖੜਾ ਕੀਤਾ। ਬੁਤਪ੍ਰਸਤੀ ਨੂੰ ਗਿਰਾਉਣ ਵਾਲੀ ਤੇ ਆਮ ਵਰਤੋਂ ਵਿਚ ਨੀਵਾਂ ਅਸਰ ਪੈਦਾ ਕਰਨਹਾਰੀ ਦੇਖਕੇ ਉਸ ਤੋਂ ਹੋੜ ਦਿੱਤਾ, ਉਸਦੀ ਜਗ੍ਹਾ ਸਤਿਸੰਗ ਜੀਉਂਦਾ ਜਾਗਦਾ, ਰੱਬੀ ਲਗਨ ਵਾਲਾ, ਕੀਰਤਨ ਦੇ ਹੁਲਾਰੇ ਵਾਲਾ, ਪ੍ਰੇਮ ਦੇ ਜੋਬਨਾਂ ਵਾਲਾ ਸਤਿਸੰਗ ਪੈਦਾ ਕਰ ਦਿੱਤਾ। ਕਰੜੇ ਤਪਾਂ ਤੇ ਤਮੋਗੁਣੀ ਹਠਾਂ ਦੀ ਥਾਂ ਵਾਹਿਗੁਰੂ ਦਾ ਕੀਰਤਨ ਬਖਸ਼ਿਆ। ਵਾਹਿਗੁਰੂ ਨਾਮ ਦੀ ਸਾਧਨਾ ਨਾਲ ਸਹਿਜ ਸਮਾਧਿ ਤੇ ਲਿਵ ਦਾ ਆਦਰਸ਼ ਕਾਇਮ ਕੀਤਾ।

੩. ਭਗਤ ਕੀਰਤਨ ਕਰਦੇ ਸਨ, ਪਰ ਉਹਨਾਂ ਦਾ ਕੀਰਤਨ ਸਾਈਂ ਅੱਗੇ ਨਾਚਾਂ ਸੰਯੁਕਤ ਸੀ, ਪਰ ਇਹ 'ਨਾਚ ਸੰਕੀਰਤਨ' ਲੋਕਾਂ ਨੂੰ ਸੰਸਾਰੀ ਨਾਚਾਂ ਵਿਚ ਲੈ ਗਿਆ। ਗੁਰ ਨਾਨਕ ਦੇਵ ਜੀ ਨੇ ਉਂਗਲ ਖੜੀ ਕਰਕੇ ਮਨੇ ਕਰ ਦਿੱਤਾ[1]। ਉਹਨਾਂ ਨੇ ਸਰੀਰ ਦਾ ਨਾਚ 'ਨਚਣੁ ਕੁਦਣੁ ਮਨ ਕਾ ਚਾਉ' ਦੱਸ ਕੇ ਮਨ੍ਹੇ ਕੀਤਾ "ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ॥" ਵਾਲੇ ਗਿਰਾਉ ਵਲ ਲੈ ਗਏ ਕੀਰਤਨ ਨੂੰ "ਉਡਿ ਉਡਿ ਰਾਵਾ ਝਾਟੈ ਪਾਇ" ਕਹਿਕੇ ਮਨ੍ਹੇ ਕਰਕੇ ਫੁਰਮਾਇਆ:-

> "ਨਾਨਕ ਜਿਨ੍ ਮਨ ਭਉ ਤਿਨ੍ਹਾ ਮਨਿ ਭਾਉ[2]॥" {ਆਸਾ ਦੀ ਵਾਰ ਮ: ੧}

੪. ਇਸੀ ਤਰ੍ਹਾਂ ਸਭ ਤੋਂ ਵੱਡੀ ਗੱਲ ਜੋ ਸ੍ਰੀ ਗੌਰੰਗ, ਵੱਲਭ, ਰਾਮਾਨੁਜ, ਰਾਮਾਨੰਦ ਤੇ ਹੋਰ ਭਗਤਾਂ ਦੀ ਦੂਰ ਕੀਤੀ, ਸਰੀਰਕ ਸੰਨਯਾਸ ਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤੀ ਰਹਿਣਾ, ਗ੍ਰਿਹਸਤ ਵਿਚ ਫ਼ਰਜ਼ ਅਦਾ ਕਰਨੇ, ਖੱਟਣਾ, ਘਾਲਣਾ, ਫੇਰ ਦੇਣਾ, ਦੇਕੇ ਭਲਾ ਮਨਾਉਣਾ, ਗ੍ਰਿਹਸਤ ਵਿਚ ਰਹਿਣਾ ਪਰ ਲੰਪਟ ਨਾ ਹੋਣਾ, ਮਨ ਦੀ ਲਗਨ ਹਰ ਘੜੀ 'ਬੇਅੰਤ' ਵਲ ਰੱਖਣੀ; ਇਹ ਮੱਤ ਦਿੱਤੀ। ਇਸੇ ਕਰਕੇ ਗੁਰ ਨਾਨਕ ਦੇਵ ਜੀ ਦੇ ਪੈਦਾ ਕੀਤੇ ਰੱਬੀ ਬੰਦਿਆਂ ਦੀ ਇਕ ਜੀਉਂਦੀ ਕੌਮ ਬਣ ਗਈ, ਜਿਨ੍ਹਾਂ

---

[1] ਕੋਈ ਖੋਜੀਆਂ ਦਾ ਖਿਆਲ ਹੈ ਕਿ ਇਹ ਸਾਰੇ ਯਾ ਇਨ੍ਹਾਂ ਵਿਚੋਂ ਕਈ ਭਗਤ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ ਗਏ ਹਨ।

[2] ਇਸ ਨੂੰ ਵਿਸਥਾਰ ਨਾਲ ਸਮਝਣੇ ਲਈ ਦੇਖੋ ਦੀਬਾਚਾ ਜਪੁਜੀ ਸਾਹਿਬ ਦੀ ਟੀਕਾ ਦਾ, ਜੋ ਸ੍ਰੀ ਸ਼ੰਕਰ ਦਯਾਲ ਫੈਜ਼ਾਬਾਦੀ ਉਦਾਸੀਨ ਮਤ ਵਾਲੇ ਨੇ ਕੀਤਾ ਹੈ।

[1] ਤੀਜੇ ਸਾਹਿਬਾਂ ਫੁਰਮਾਇਆ ਸਰੀਰ ਨਾਲ ਨਾ ਨਚੋ, ਪਰ 'ਨਾਚੁ ਰੇ ਮਨ ਗੁਰ ਕੈ ਆਗੈ॥ {ਗੂਜਰੀ ਮ:੩}

[2] ਪੰਜਵੇਂ ਸਤਿਗੁਰਾਂ ਨੇ ਫੁਰਮਾਇਆ:-

"ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੇ ॥ {ਸੂਹੀ ਮ:੫ }

ਪੁਨਾ-"ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥" {ਕਾਨੜਾ ਮ:੫}

ਦੇ ਗ੍ਰਿਹਸਤ, ਇਖ਼ਲਾਕ, ਰੂਹਾਨੀਅਤ, ਬੀਰਤਾ ਤੇ ਸਾਰੇ ਫਰਜਾਂ ਦੀ ਕੀਰਤੀ ਜਗਤ ਵਿਚ ਫੈਲ ਗਈ। ਗੁਰੂ ਨਾਨਕ ਨੇ 'ਗ੍ਰਿਹਸਤ ਸੰਨਿਆਸ' ਦਾ ਅਮਲੀ ਤ੍ਰੀਕਾ ਇਹ ਦੱਸਿਆ ਕਿ ਪਦਾਰਥ ਛੱਡਕੇ ਜੰਗਲ ਨਾ ਜਾਓ, ਵਿੱਚੇ ਰਹੋ, ਪਦਾਰਥਾਂ ਦੇ ਦਾਤੇ ਨਾਲ ਜੁੜੇ ਰਹੋ ਤੇ ਉਸਦਾ ਸਦਾ ਸ਼ੁਕਰ ਕਰੋ। ਇਸ ਸ਼ੁਕਰ ਦੀ ਬਿਰਤੀ ਵਿਚ ਅਮਲੀ ਸੰਨਿਆਸ ਹੈ: ਤਜਾਗ ਸੁਰਤ ਦਾ ਹੋਵੇ, ਸੁਰਤ ਦੀਆਂ ਪਕੜਾਂ ਛੁਟ ਜਾਣ ਤਾਂ ਸੰਨਜਾਸ ਅੰਦਰ ਆ ਵਸਿਆ। ਜੇ ਸਰੀਰਕ ਤਜਾਗ ਕਰਨਾ ਚਾਹੋ ਤਾਂ ਸ਼ਰੀਰ ਦਾ ਤਜਾਗ ਦਾਨ ਵਿਚ ਸਮਝੋ। ਅਰਥਾਤ ਜੋ ਕੁਛ ਤੁਸੀਂ ਕਿਰਤ ਨਾਲ ਕਮਾਉਂਦੇ ਹੋ ਵੰਡ ਛਕੋ। ਧਨ ਛੱਡਣਾਂ ਚਾਹੋ ਤਾਂ ਛੱਡੋ, ਪਰ ਜਗਤ ਪੀੜਾ ਹਰਨ ਵਿਚ ਉਸ ਨੂੰ ਸਫਲਾ ਕਰੋ।

ਏਥੇ ਬੀ ਕਮਾਲ ਹੈ ਦਾਤਾ ਜੀ ਦਾ ! ਦਾਨ ਦੇਣਾ ਤਾਂ ਸਭ ਨੇ 'ਸ਼ੁਭ ਕਰਮ' ਦੱਸਿਆ ਹੈ, ਪਰ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਕੇ ਕਮਾਉਣਾ ਤੇ ਫੇਰ ਦੇਣਾ ਇਸਨੂੰ ਸਾਈਂ ਪਛਾਣਨ ਦੇ ਸਾਧਨਾਂ ਵਿਚੋਂ ਇਕ ਸਾਧਨ ਦੱਸਿਆ ਹੈ:-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ {ਸਾਰ:ਵਾ:ਮ:੧}

ਗੁਰੂ ਨਾਨਕ ਨੇ ਗ੍ਰਿਹਸਤ ਵਿਚ ਰੂਹਾਨੀ ਕਮਾਲ 'ਅਨੰਤ ਵਿਚ ਲਗਾਤਾਰ ਮਨ ਦੇ ਲਗਾਉ' ਨੂੰ ਆਪ ਕਰਕੇ ਦਿਖਾਇਆ, ਸ੍ਰੀ ਪਾਵਨ ਲਹਿਣਾ ਜੀ ਵਿਚ ਪਾਕੇ ਉਹਨਾਂ ਵਿਚ ਕਮਾਲ ਕਰਕੇ ਦਿਖਾਇਆ, ਪਿਛੇ ਰਹੇ ਭਾਈ ਬੁੱਢਾ ਜੀ, ਭਾਈ ਲਾਲੋ ਜੀ ਆਦਿ ਸਿਖਾਂ ਵਿਚ ਰੌ ਜਾਰੀ ਕਰਕੇ ਤੇ ਸਦੀਵੀ ਰੌ ਜਾਰੀ ਕਰਕੇ ਦਿਖਾ ਦਿੱਤੀ।

ਇਧਰ ਇਹ ਕਲਜਾਨ ਮਾਰਗ ਟੁਰਿਆ, ਉਧਰ ਇਨ੍ਹਾਂ ਹੀ ਬੰਦਿਆਂ ਦੀ ਇਕ ਜੀਉਂਦੀ ਜਾਗਦੀ ਸਬਲ ਕੌਮ ਬਣ ਗਈ। ਭਗਤਾਂ ਦੇ ਨਾਮ ਲੇਵਾ ਤੇ ਸੰਪਰਦਾਵਾਂ ਤਾਂ ਹਨ, ਪਰ ਉਹ ਕੌਮਾਂ ਨਹੀਂ ਬਣੀਆਂ, ਪਰ ਗੁਰੂ ਸਾਹਿਬ ਦੇ ਮੁਕੰਮਲ ਪ੍ਰਚਾਰ ਦਾ ਫਲ ਇਕ ਨਿਹਾਇਤ ਬਜ਼ੁਰਗ ਕੌਮ ਨੂੰ ਬਣਾ ਦੇਣ ਵਿਚ ਸਫਲ ਹੋਇਆ। ਇਹ ਗੱਲ ਪੱਛਮੀ ਲੇਖਕਾਂ ਬੀ ਮੰਨੀ ਹੈ ਤੇ ਦਰਸਾਈ ਹੈ।

ਯਥਾ ਕਨਿੰਘਮ ਲਿਖਦਾ ਹੈ:-

"ਰਾਮਾਨੰਦ ਤੇ ਗੋਰਖ ਨੇ ਮਜ਼ਹਬਾਂ ਦੀ ਸਮਾਨਤਾ ਦਾ ਪ੍ਰਚਾਰ ਕੀਤਾ। ਚੈਤਨਜ ਨੇ ਇਹੋ ਜ਼ਾਤ ਪਾਤ ਮਿਟਾਉਣ ਵਾਲਾ ਨਿਸ਼ਚਾ ਦੁਹਰਾਇਆ। ਕਬੀਰ ਨੇ ਆਮ ਜਨਤਾ ਨੂੰ ਉਸ ਦੀ ਆਪਣੀ ਬੋਲੀ ਵਿਚ ਸਬੂਤ ਦੇ ਦੇਕੇ ਮੂਰਤੀ ਪੂਜਾ ਹਟਾਈ, ਵੱਲਭ ਜੀ ਨੇ ਸਿਖਾਯਾ ਕਿ ਸਾਧਾਰਣ ਸੰਸਾਰਕ ਡਿਊਟੀਆਂ ਦੇ ਨਾਲ ਹੀ ਸੰਪੂਰਣ ਭਗਤੀ ਪ੍ਰਾਪਤ ਹੋ ਸਕਦੀ ਹੈ। ਪਰ ਇਹ ਭਲੇ ਤੇ ਦਾਨੇ ਪੁਰਖ, ਪ੍ਰਤੀਤ ਦਿੰਦਾ ਹੈ ਕਿ ਜ਼ਿੰਦਗੀ ਦੀ ਅਸਾਰਤਾ ਤੇ ਇੰਨੇ ਮੁਤਾਸਰ ਹੋਏ ਹੋਏ ਸਨ ਕਿ ਉਹਨਾਂ ਨੇ ਇਹ ਨਿਸ਼ਚੇ ਕਰ ਲਿਆ ਸੀ ਕਿ ਮਨੁੱਖ ਦੀ ਭਾਈਚਾਰਕ ਹਾਲਤ ਦਾ ਸੁਧਾਰ ਇਕ ਨੀਵਾਂ ਖਿਆਲ ਹੈ। ਇਨ੍ਹਾਂ ਦੀ ਵੱਡੀ ਸੇਧ ਪੁਜਾਰੀਆ ਤੋਂ ਯਾ ਬੁਤਪ੍ਰਸਤੀ ਦੀ ਸਥੂਲਤਾ ਤੇ ਸ਼ਿਰਕ ਕੋਲੋਂ ਛੁਟਕਾਰਾ ਦਿਵਾਉਣਾ ਸੀ। ਇਨ੍ਹਾਂ ਨੇ ਸੰਤੋਖੀ ਤੇ ਤਜਾਗੀਆਂ ਦੀਆਂ ਨੇਕ ਮੰਡਲੀਆਂ ਬਣਾਈਆਂ ਅਤੇ ਪ੍ਰਲੋਕ ਦੇ ਸੁਖਾਂ ਦੇ ਖਿਆਲਾਂ ਵਿਚ ਆਪਣਾ ਆਪ ਸਾਰਾ ਲਗਾ ਦਿੱਤਾ। ਪਰ ਏਹ ਐਉਂ ਨਹੀਂ ਕਰ ਸਕੇ ਕਿ ਆਪਣੇ ਮਗਰ ਲਗਣ ਵਾਲਿਆਂ ਨੂੰ ਭਾਈਚਾਰਕ ਤੇ ਮਜ਼ਹਬੀ ਗੱਲਾਂ ਤੋਂ, ਜੋ ਗਿਰਾਵਟ ਵਾਲੀਆਂ ਸਨ, ਛੁਟਕਾਰਾ ਦਿਵਾ ਦੇਣ, ਤਾਕਿ ਸਦੀਆਂ ਦੀ ਸੜਾਂਦ ਤੋਂ ਛੁਟਕਾਰਾ ਪਾਕੇ ਇਕ ਨਵੀਂ ਕੌਮ ਉਠ ਖੜੀ ਹੋਵੇ। ਸਗੋਂ ਉਨ੍ਹਾਂ ਨੇ ਫਿਰਕੇ-ਬੰਦੀਆਂ ਮੁਕੰਮਲ ਕੀਤੀਆਂ, ਬਜਾਏ ਇਸਦੇ ਕਿ ਕੌਮੀਅਤ ਦੇ ਉਹ ਬੀਜ ਬੀਜਦੇ, ਉਹਨਾਂ ਦੇ ਫਿਰਕੇ ਹੁਣ ਤਕ ਉਸੇ ਹਾਲਤ ਵਿਚ ਹਨ, ਜਿਵੇਂ ਕਿ ਉਹ ਛੋੜ ਗਏ ਸਨ, ਪਰ ਇਹ ਗਲ ਗੁਰੂ ਨਾਨਕ ਲਈ ਹੀ ਮਖਸੂਸ ਰੱਖੀ ਰਹੀ ਕਿ ਸੁਧਾਰ ਦੇ ਸੱਚੇ ਅਸੂਲਾਂ ਨੂੰ ਠੀਕ ਤਰ੍ਹਾਂ ਪਛਾਣਨ ਤੇ ਆਪ ਨੇ ਉਹ ਵਿਸ਼ਾਲ ਨੀਹਾਂ ਰੱਖੀਆਂ ਜਿਨ੍ਹਾਂ ਕਰਕੇ ਉਨ੍ਹਾਂ ਦੇ ਜਾਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦੇਸ਼ ਵਾਸੀਆਂ ਦੇ ਮਨ ਇਕ 'ਨਵੀਨ ਕੌਮੀਅਤ' ਨਾਲ ਪ੍ਰਜ੍ਵਲਤ ਕਰ ਦਿੱਤੇ ਅਤੇ ਇਸ ਮਮਲੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਕਿ ਛੋਟੇ ਤੋਂ ਛੋਟਾ ਵਡੇ ਤੋਂ ਵਡੇ ਦੇ ਬਰਾਬਰ ਹੈ, ਅਤੇ ਇਹ ਬਰੱਬਰੀ ਜਿਵੇਂ ਨਸਲ ਵਿਚ ਤਿਵੇਂ ਈਮਾਨ ਵਿਚ ਹੈ, ਜਿਵੇਂ ਮਜ਼ਹਬੀ ਉਮੈਦਾਂ ਵਿਚ ਤਿਵੇਂ ਰਾਜਨੈਤਕ ਹੱਕਾਂ ਵਿਚ ਇਕੋ ਜੇਹੀ ਹੈ"। ਭਾਵੇਂਹ ਕਿ ਇਕ ਜੀਉਂਦੀ ਜਾਗਦੀ ਸਬਲ ਕੌਮ ਬਣਾ ਦਿੱਤੀ। " {ਪੰਨਾ ੪੦}

੫. {ਗੁਰੂ ਨਾਨਕ ਦੇਵ ਤੇ ਵੇਦਕ ਰਿਸ਼ੀ}

ਜੈਦੇਵ ਤੋਂ ਪਹਿਲੇ ਜਾਂ ਇਉਂ ਕਹੋ ਕਿ ਪੰਜਵੀਂ ਸਦੀ ਤੋਂ ਪਹਿਲੇ ਪਹਿਲੇ ਹਿੰਦੁਸਤਾਨ ਦੇ ਯਾਗਵਲਕ ਵਰਗੇ ਮਹਾਂ ਪੁਰਖਾਂ ਦਾ ਕਮਾਲ ਅਤੇ ਛਿਆਂ ਸ਼ਾਸਤਰਾਂ, ਗੀਤਾਂ ਦਾ ਕਮਾਲ ਇਕ ਬੁਧੀ ਮੰਡਲ ਦਾ ਕਮਾਲ ਹੈ। ਇਨ੍ਹਾਂ ਤੋਂ ਉਪਜੇ ਇਖ਼ਲਾਕੀ ਫਿਲਸ਼ਫੇ ਦਾ ਕਮਾਲ ਬੁਧ ਜੀ ਦੇ ਜੀਵਨ ਵਿਚ ਹੋ ਗਿਆ। ਯੋਗ ਵਿਚ ਅਸੀਂ ਸ਼ਰੀਰਕ ਅੰਗਾਂ ਦੀਆਂ ਕ੍ਰਿਯਾਵਾਂ ਪਰ ਵਸੀਕਾਰ ਦੇ ਨਾਲ ਰੂਹਾਨੀ ਰੰਗ ਵੇਖਦੇ ਹਾਂ, ਪਰ ਭਗਤੀ ਨੂੰ ਸਰਸਰੀ ਤੌਰ ਤੇ ਲਗਦੇ ਹੱਥ ਵਰਣਨ ਕੀਤਾ ਵੇਖਦੇ ਹਾਂ, ਕਮਾਲ ਨਹੀਂ ਵੇਖਦੇ।

ਪਰੰਤੂ ਵੇਦਕ ਰਿਸ਼ੀਆਂ ਵਿਚ ਜੋ ਇਨ੍ਹਾਂ ਤੋਂ ਕਈ ਹਜ਼ਾਰ ਬਰਸ ਪਹਿਲੇ ਹੋਏ, ਅਸੀਂ ਇਕ ਹੋਰ ਸੁੰਦਰਤਾ ਵੇਖਦੇ ਹਾਂ। ਜਦੋਂ ਅਜੇ ਫਿਲਸਫੇ ਵਾਲੀ ਛਾਣ ਬੀਣ ਵਾਲੇ ਤ੍ਰਿਖੇ ਮਗਜ਼ ਨਹੀਂ ਸਨ ਆਏ ਜਦੋਂ ਅਜੇ ਮਗਜ਼ ਇਖ਼ਲਾਕੀ ਤੇ ਦਾਰਸ਼ਨਕ ਬਾਰੀਕੀਆਂ ਇਚ ਨਹੀਂ ਸਨ ਗਏ, ਜਦੋਂ ਅੰਤਰ ਬ੍ਰਿਤਿ ਯੋਗ ਦੇ ਕ੍ਰਿਸ਼ਮੇ ਮਲੂਮ ਨਹੀਂ ਸੇ ਹੋਏ ਤੇ ਜਦੋਂ ਲਗਪਗ ਸਾਰਾ ਸੰਸਾਰ ਬੁਤਪ੍ਰਸਤੀ, ਦਰਖਤ ਪ੍ਰਸਤੀ, ਰੂਹਾਂ ਦੀ ਪ੍ਰਸਤਸ਼ ਵਿਚ, ਭੈ ਤੇ ਭਰਮ ਹੇਠ ਗ੍ਰਸਿਆ ਪਿਆ ਸੀ: ਓਦੋਂ ਸਿੱਧਾ ਸਾਦਾ ਗ੍ਰਿਹਸਤੀ ਬੇ-ਛਲ, ਬਹਾਦਰ ਆਰਜ ਆਦਮੀ ਪੰਜਾਬ ਦੇ ਦਰਯਾਵਾਂ ਦੇ ਕੰਢੇ ਦੁਧ ਪੀਕੇ ਖੀਵਾ ਹੋ ਰਿਹਾ ਹੈ, ਉਸ ਵੇਲੇ ਉਸ ਦਾ ਮਜ਼ਬੂਤ ਸਰੀਰ ਤੇ ਨਵਾਂ ਨਰੋਆ ਦਿਲ ਸੂਰ ਦੇ ਪ੍ਰਕਾਸ਼ ਨੂੰ ਵੇਖਕੇ ਸਿਫਤ ਸਲਾਹ ਵਿਚ ਆਉਂਦਾ ਹੈ, ਚੰਦ ਨੂੰ ਦੇਖਕੇ ਗੀਤ ਗਾਉਂ ਉਠਦਾ ਹੈ। ਵਾਯੂ ਤੇ ਅਗਨੀ ਦੇ ਕ੍ਰਿਸ਼ਮੇ ਤਕ ਸਾਮਨ (ਗੀਤ) ਰਚਦਾ ਹੈ। ਗੱਲ ਕੀ ਕੁਦਰਤ ਦੇ ਚਮਤਕਾਰ ਉਸ ਵਿਚ ਅਸਚਰਜ ਪੈਦਾ ਕਰਦੇ ਹਨ ਅਰ ਓਹ ਇਨ੍ਹਾਂ ਦੀ ਸਿਫਤ ਸਲਾਹ ਕਰਦਾ ਤੇ ਕਿਸੇ ਸੁਆਦ ਵਿਚ ਜਾਂਦਾ ਹੈ। ਇਸ ਨੂੰ ਅਜੇ ਸ਼ੰਕਰ ਦੇ ਆਤਮਾਂ ਦਾ ਅਰ ਉਪਨਿਖਦਾਂ ਦੇ ਬ੍ਰਹਮ ਦਾ ਪਤਾ ਨਹੀਂ, ਪਰ ਦ੍ਰਿਸ਼ਟਮਾਨ ਦੇ ਲਿਸ਼ਕਾਰ ਤੋਂ ਅਤੇ ਕੁਦਰਤੀ ਸੁੰਦਰਤਾ ਦੇ ਚਮਤਕਾਰੇ ਤੋਂ ਇਹ ਕਿਸੇ ਵਿਸਮਾਦੀ ਕਿਸਮ ਦੇ ਰਸ ਵਿਚ ਆਕੇ ਝੂਮਦਾ ਤੇ ਵੇਦਕ ਗੀਤ ਬਣਾਉਂਦਾ ਹੈ, ਇਸ ਨੂੰ (Objective yog.) ਦ੍ਰਿਸ਼ਟਮਾਨ ਤੋਂ ਯੋਗ ਮਿਲਦਾ ਹੈ। ਆਪਣੀ ਲੋੜ ਵੇਲੇ ਇਹ ਚਮਤਕਾਰ ਦੇ ਪਿਛੇ ਝਾਤ ਮਾਰਨ ਲੱਗ ਪੈਂਦਾ ਹੈ, ਅੱਗ ਦੇ ਮਗਰ ਅਗਨੀ ਦੇਵਤਾ, ਬੱਦਲਾਂ ਮੀਂਹਾਂ ਦੇ ਮਗਰ ਇੰਦ੍ਰ ਦੇਵਤਾ ਤੇ ਸੁਰੱਸ੍ਰਤੀ ਨਦੀ ਦੇ ਮਗਰ 'ਵਾਚ' ਦੇਵੀ ਦੇ ਸੁਪਨੇ ਲੈਣ ਲੱਗ ਪੈਂਦਾ ਹੈ ਤੇ ਫੇਰ ਓਹਨਾਂ ਅਗੇ ਅਰਦਾਸਾਂ ਕਰਦਾ ਹੈ। ਮਾਨੋ ਕੁਦਰਤੀ ਜਲਵਿਆਂ ਦੇ ਮਗਰ ਇਸ ਨੂੰ ਕੁਛ ਭਰਮ ਪੈਂਦਾ ਹੈ ਕਿ ਕੋਈ ਹੋਰ ਲੁਕੀ ਤਾਕਤ ਹੈ, ਭਾਵੇਂ ਉਸ ਤਾਕਤ ਨੂੰ 'ਇਕ (ਵਾਹਦ) ਨਹੀਂ ਸਮਝਦਾ ਤੇ ਹਰੇਕ ਦੇ ਮਗਰ ਵੱਖਰੀ ਤਾਕਤ ਆਪਣੇ ਤੋਂ ਬਲਵਾਨ ਪਰ ਆਪਣੇ ਵਰਗੀ ਸਰੀਰਕ ਭਾਵਾਂ (Passions) ਵਾਲੀ ਸ਼ਕਤੀ ਅਨੁਮਾਨਦਾ ਹੈ, ਪਰ ਇਉਂ ਇਸ ਦੀ ਸਨੇ ਸਨੇ ਅਨੰਤ ਵਲ ਭੋਲੀ ਭੋਲੀ ਝਾਕੀ ਪੈ ਰਹੀ ਹੈ ਅਰ ਫਿਰ ਦੇਖੋ ਇਹ ਇਥੋਂ ਤਕ ਚਲੀ ਗਈ ਹੈ ਕਿ 'ਇਕ' ਦੇ ਖਿਆਲ ਭੀ ਆਉਣ ਲਗ ਪਏ ਹਨ ਤੇ ਵਜਾਪਕਤਾ ਦੇ ਸੁਪਨੇ ਭੀ ਆ ਗਏ ਹਨ। ਐਥੋਂ ਤਾਈਂ ਕਿ ਵੇਦਾਂ ਦੇ ਸਮੇਂ ਦੀਆਂ ਨਿਰਛਲ ਭੋਲੀਆਂ ਸੱਚੀਆਂ ਤੇ ਬਨਾਵਟੀ ਧਰਮਾਂ ਅਤੇ ਝੂਠੀਆਂ ਲਾਜਾਂ ਤੋਂ ਉੱਚੀਆਂ ਕੁੜੀਆਂ ਭੀ ਪੰਜਾਬ ਦੇ ਬ੍ਰਿਛਾਂ ਹੇਠ ਗਿੱਧੇ ਪਾਉਂਦੀਆਂ ਤੇ ਉਸ ਅਨੰਤ ਨੂੰ 'ਸੁਗੰਧੀ ਰੂਪ' ਕਹਿਣ ਲੱਗ ਪਈਆਂ ਹਨ:-

ਹੇ ਸੁਗੰਧੀ ਰੂਪ ਤ੍ਰੈ ਕਾਲ ਦਰਸ਼ੀ !  
ਸਾਡੇ ਪਤੀਆਂ ਨੂੰ ਜਾਣਨ ਵਾਲੇ !  
ਸਾਡੇ ਯੋਗ ਵਰ ਨੂੰ ਮਿਲਾ ਦੇਹ[੧] !

ਪੰਜਾਬ ਦੇ ਪੁਰਾਣੇ ਪੰਜਾਬੀ, ਸਾਡੇ ਵੱਡੇ, ਜਿਨ੍ਹਾਂ ਨੇ ਇਸੇ ਪਿਆਰੀ ਧਰਤੀ ਵਿਚ ਕੁਦਰਤ ਦੇ ਚਮਤਕਾਰਾਂ ਤੋਂ ਹਸ ਜਾਂ ਸਤਿਕਾਰ ਵਾਲੇ ਭੈ ਵਿਚ ਆਕੇ ਓਹਨਾਂ ਚਮਤਕਾਰਾਂ ਦੇ ਹੀ ਗੀਤ ਗਾਵੇਂ ਨਿੰਦਣ ਯੋਗ ਨਹੀਂ ਹਨ, ਸਗੋਂ ਇਸ ਕਰਕੇ ਸਤਿਕਾਰ ਯੋਗ ਹਨ ਕਿ ਓਹਨਾਂ ਪਰ ਕੁਦਰਤ ਦਾ ਚਮਤਕਾਰ ਅਚਰਜਤਾ ਤੇ ਸਲਾਹੁਤ (Admiration) ਦਾ ਅਸਰ ਪੈਦਾ ਕਰਦਾ ਸੀ ਤੇ ਓਹ ਕਿਸੇ ਅਸਚਰਜ ਵਿਚ ਤੇ ਵਿਸਮਾਦ ਦੀ ਕਿਸਮ ਦੇ ਕਿਸੇ ਰਸ ਵਿਚ ਜਾਂਦੇ ਸਨ। ਇਹ ਇਕ ਮੁਤਾਲਯਾ ਦਾ ਕੰਮ ਹੈ ਕਿ ਉਹ ਦ੍ਰਿਸ਼ਟਮਾਨੀ ਚਮਤਕਾਰ ਤੋਂ ਉਪਨਿਖਦਾਂ ਦੇ ਬ੍ਰਹਮ ਅਤੇ ਧਾਰਨਾਂ ਧਯਾਨ ਸਮਾਧੀ ਦੇ

[੧] ਤ੍ਰਯੰਬਕੰ ਯਜਾਮਹੇ ਸੁਗੰਧਿ ਪਤਿ ਵੇਦਨੰ। (ਯਜੁ: ਅ:੩ ਮੰ:੨)


www.sikhbookclub.com

'ਦ੍ਰਿਸ਼ਟਾ' ਦੇ ਯੋਗ ਤੱਕ ਅੱਪੜੇ। ਚੂੰਕਿ ਇਨ੍ਹਾਂ ਮਹਾਂ ਪੁਰਖਾਂ ਪਰ, ਜੋ ਇਸ ਸਮੇਂ ਹੋਏ, ਬਹੁਤ ਮਾਨ ਕੀਤਾ ਜਾਂਦਾ ਹੈ ਤੇ ਸਾਡੇ ਉਪਰ ਕਹੇ ਗੁਣਾਂ ਕਰਕੇ ਤੇ ਸਾਡੇ ਵਡੇ ਹੋਣ ਕਰਕੇ ਉਹ ਹੈਨ ਭੀ ਇਸ ਰੌਸ਼ਨੀ ਵਿਚ ਸਨਮਾਨ ਯੋਗ, ਪਰ ਅਸੀਂ ਆਪ ਨੂੰ ਦੱਸਦੇ ਹਾਂ ਕਿ ਇਸ ਪਾਸੇ ਭੀ ਗੁਰ ਨਾਨਕ ਦੇਵ ਜੀ ਕਮਾਲ ਤੇ ਖੜੇ ਹੈਨ। ਦ੍ਰਿਸ਼ਟਮਾਨ ਕੁਦਰਤੀ ਚਮਤਕਾਰਾਂ ਤੇ ਸੁੰਦਰਤਾਈਆਂ ਤੋਂ ਜੋ ਰਸ ਪੈਦਾ ਹੁੰਦਾ ਹੈ ਉਸ ਦਾ ਭੀ ਗੁਰ ਨਾਨਕ ਦੇਵ ਵਿਚ ਕਮਾਲ ਹੈ। ਗੁਰ ਨਾਨਕ ਦੇਵ ਜੀ ਕੁਦਰਤ ਨੂੰ ਵੇਖਦੇ ਹੀ ਨਹੀਂ, ਕੁਦਰਤ ਦੇ ਪੂਰੇ ਸਾਖੀ ਹਨ ਅਤੇ ਹਿੰਦ ਵਿਚ 'ਕੁਦਰਤ' ਦੀ ਦੁਹਾਈ ਸਭ ਤੋਂ ਪਹਿਲੇ ਇਸੇ ਦਾਤਾ ਜੀ ਨੇ ਦਿੱਤੀ ਹੈ।

> ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ[੧] ॥੨॥ {ਵਾਰ ਆਸਾ ਮ:੧}

ਕੁਦਰਤ ਦੇ ਸਾਮਾਨਾਂ ਤੋਂ ਸੁੰਦਰਤਾ ਦਾ ਝਲਕਾ ਵਜਦਾ ਹੈ ਜਿਸ ਤੋਂ (Admiration ਤੇ Adoration) ਅਚਰਜ ਤੇ ਸਲਾਹੁਣ ਦਾ ਭਾਵ ਪੈਦਾ ਹੁੰਦਾ ਹੈ ਤੇ ਜੇ ਸੁਭਾਗ ਹੋਣ ਤਾਂ ਵਿਸਮਾਦ ਵਿਚ ਲੈ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਉਸ ਦਾ ਐਉਂ ਜ਼ਿਕਰ ਕਰਦੇ ਹਨ :-

> ਵਿਸਮਾਦੁ ਨਾਦ ਵਿਸਮਾਦੁ ਵੇਦ ॥
> ਵਿਸਮਾਦੁ ਜੀਅ ਵਿਸਮਾਦੁ ਭੇਦ ॥
> ਵਿਸਮਾਦੁ ਰੂਪ ਵਿਸਮਾਦੁ ਰੰਗ ॥
> ਵਿਸਮਾਦੁ ਨਾਗੇ ਫਿਰਹਿ ਜੰਤ ॥
> ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
> ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
> ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
> ਵਿਸਮਾਦੁ ਸਾਦਿ ਲਗਹਿ ਪਰਾਣੀ ॥
> ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
> ਵਿਸਮਾਦੁ ਭੁਖ ਵਿਸਮਾਦੁ ਭੋਗੁ ॥
> ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
> ਵਿਸਮਾਦੁ ਉਝੜ ਵਿਸਮਾਦੁ ਰਾਹ ॥
> ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
> ਵਿਸਮਾਦੁ ਦੇਖੈ ਹਾਜਰਾ ਹਜੂਰਿ ॥
> ਵੇਖਿ ਵਿਡਾਣੁ ਰਹਿਆ ਵਿਸਮਾਦੁ ॥
> ਨਾਨਕ ਬੁਝਣੁ ਪੂਰੈ ਭਾਗਿ ॥ ੧ ॥
>
> {ਵਾਰ ਆਸਾ ਮ: ੧}

ਹਾਂ ਜੀ ਗੁਰ ਨਾਨਕ ਦੇਵ ਜੀ ਨੂੰ ਕੁਦਰਤ ਦੇ ਪ੍ਰਕਾਸ਼ ਤੇ ਇਸ ਦੇ ਅਚਰਜ ਰੰਗ ਅਚਰਜ ਵਿਚ ਲੈ ਜਾਂਦੇ ਹਨ, ਇਨ੍ਹਾਂ ਨੂੰ ਵੇਖਕੇ ਆਪ ਵਿਡਾਣ (ਅਸਚਰਜ) ਹੋਕੇ ਵਿਸਮਾਦ ਮਗਨ ਹੋ ਜਾਂਦੇ ਹਨ। ਹੈਨ ਨਾ ਸ੍ਰੀ ਗੁਰੂ ਨਾਨਕ ਪੁਰਾਣੇ ਪੰਜਾਬੀ ਨਿਰਛਲ ਕੁਦਰਤ ਦਰਸ਼ਨਾਂ ਵਿਚ ਉੱਚੇ ਖੜੇ ਅਰ ਕੈਸੇ ਅਭੁੱਲ ! ਓਹ ਪੁਰਾਣੇ ਸਤਿਕਾਰ ਜੋਗ ਪੰਜਾਬੀ ਤਾਂ ਚਮਤਕਾਰਾਂ ਤੋਂ ਅਚਰਜ ਹੋਕੇ ਉਹਨਾਂ ਦੀ ਪੂਜਾ ਵਿਚ ਪੈ ਜਾਂਦੇ ਸਨ, ਪਰ ਗੁਰੂ ਜੀ ਉਸ ਪੈਂਦੇ ਹੋਏ ਅਚਰਜ ਤੋਂ ਆਪਣੇ ਅੰਦਰ ਵਿਸਮਾਦ ਵਿਚ ਲੀਨ ਹੋਕੇ ਦ੍ਰਿਸ਼ਟਾ ਪਦ ਵਿਚ ਵੇਈਂ ਦਾ ਗੋਤਾ ਮਾਰ ਜਾਂਦੇ ਹਨ। ਦ੍ਰਿਸ਼ਟਮਾਨ ਸੁੰਦਰਤਾ ਦੇ ਝਲਕੇ ਤੋਂ ਭੀ ਦ੍ਰਿਸ਼ਟਾ ਵਿਚ-ਉਸ ਬੇਅੰਤ ਵਿਚ-ਜਾ ਗੁੰਮ ਹੁੰਦੇ ਹਨ, ਜਿਸ ਦੇ ਨਾਲ ਅੱਠ ਪਹਿਰ ਜੁੜੇ ਰਹਿਣਾ, ਗੁਰੂ ਨਾਨਕ ਨੇ ਕਮਾਲ, ਕਮਾਲਾਂ ਦਾ ਕਮਾਲ ਕਰਕੇ ਦੱਸਿਆ ਹੈ। ਪੁਰਾਤਨ ਪੰਜਾਬੀ ਜੁਆਨ ਕੁਲ ਦਾ ਵੱਡਾ, ਆਪ ਪ੍ਰੋਹਤ ਆਪੇ ਸਰਦਾਰ ਕੁਦਰਤ ਦੇ ਪਦਾਰਥਾਂ (ਸੂਰਜ, ਚੰਦ, ਧਰਤੀ, ਵਾਯੂ, ਅਗਨੀ, ਜਲ) ਅੱਗੇ ਝੁਕ ਰਿਹਾ ਹੈ, ਇਨ੍ਹਾਂ ਦੇ ਪਿਛੇ ਕੋਈ ਕੋਈ ਤਾਕਤ ਖਿਆਲਦਾ ਹੈ, ਪਰ ਕਾਦਰ ਨੂੰ ਕੁਦਰਤ ਦੇ ਵਿਚ, ਕੁਦਰਤ ਦੇ ਬਾਹਰ, ਕੁਦਰਤ ਦੇ ਆਲੇ ਦੁਆਲੇ ਨਹੀਂ ਲੱਭ ਸਕਦਾ, ਪਰ ਗੁਰੂ ਨਾਨਕ ਸੱਚਾ ਪੰਜਾਬੀ ਪੰਜਾਬ ਦੀ ਧਰਤੀ ਦਾ ਭੀ ਸਭ ਤੋਂ ਵੱਡਾ ਫ਼ਖ਼ਰ ਇਸੇ ਸੁੰਦਰਤਾ

[੧] ਇਹ ਕੁਦਰਤ ਦਾ ਵੇਰਵਾ ਦੱਸਿਆ ਹੈ।

ਦੇ ਝਲਕੇ ਤੋਂ ਰੰਗ ਵਿਚ ਆਇਆ ਕੁਦਰਤ ਦੇ ਪਰਦੇ ਪਾਸ ਕਾਦਰ ਨੂੰ ਵੇਖਦਾ ਹੈ:-

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ ॥ {ਵਾਰ ਆਸਾ ਮ:੧}

ਹਾਂ ਜੀ, ਗੁਰ ਨਾਨਕ ਜੀ ਕਾਦਰ ਨੂੰ ਕੁਦਰਤ ਦੇ ਸਿਰ ਉਤੇ ਕੁਦਰਤ ਤੋਂ ਵੱਖਰਾ ਹੀ ਨਹੀਂ ਵੇਖਦੇ, ਪਰ ਕੁਦਰਤ ਦੇ ਵਿਚ ਭੀ ਦੇਖਦੇ ਤੇ ਕੁਦਰਤ ਵਿਚ ਕੁਦਰਤ ਦੀ ਵਜਾਪਕਤਾ ਵਾਂਗੂ ਹਰ ਰਗ ਰੇਸ਼ੇ ਵਿਚ ਵਸਦਾ ਵੇਖਕਦੇ ਤੇ ਆਖਦੇ ਹਨ:-

'ਬਲਿਹਾਰੀ ਕੁਦਰਤਿ ਵਸਿਆ॥[1]

'ਹੇ ਕੁਦਰਤ ਵਿਚ ਵਸੇ' ਬੇਅੰਤ ! ਮੈਂ ਤੈਥੋਂ ਸਦਕੇ !

ਹਾਂ ਜੀ, ਕੁਦਰਤ ਉਤੇ ਕਾਦਰ, ਕੁਦਰਤ ਦੇ ਵਿਚ ਕਾਦਰ ਤੇ ਸਾਰੀ ਕੁਦਰਤ ਹੁਕਮ ਵਿਚ ਬੱਧੀ, ਤ੍ਰੈਏ ਰੰਗ ਤੱਕਦਿਆਂ ਗੁਰ ਨਾਨਕ ਨੂੰ ਤਿੰਨ ਨਹੀਂ ਦੀਹਦੇ, ਇਕੋ ਇਕ ਦੀਹਦਾ ਹੈ:-

"ਨਾਨਕ ਹੁਕਮੈ ਅੰਦਰਿ ਵੇਖੈ ਵਰਤੈ
ਤਾਕੋ ਤਾਕੁ ॥' {ਵਾਰ ਆ:ਮ:੧}

ਤਾਂਕ ਹੀ ਤਾਂਕ-ਇਕੋ ਇੱਕ-ਦੀਹਦਾ ਹੈ। ਕੈਸੀ ਪਵਿੱਤ੍ਰ ਵਾਹਦਾਨੀਅਤ ਹੈ, ਕੈਸੀ ਆਦਰਸ਼ਕ ਸ਼ਿਖਰੇ ਚੜ੍ਹੀ ਏਕਤਾ ਦੀ ਦ੍ਰਿਸ਼ਟੀ, ਕਰਨੀ ਤੇ ਤਾਲੀਮ ਹੈ, "ਦ੍ਰਿਸ਼ਟਮਾਨ ਤੋਂ ਯੋਗ"[2] ਤੇ 'ਦ੍ਰਿਸ਼ਟਾ ਵਿਚ ਯੋਗ"[3] ਦੋਏ ਇਕ ਥਾਂ ਗੁਰ ਨਾਨਕ ਵਿਚ ਕਮਾਲ ਤੇ ਹਨ।

ਰਚਨਾਂ ਦਾ ਉਮਾਹ-ਇਥੇ ਅਸਾਂ ਸ੍ਰੀ ਗੁਰੂ ਜੀ ਦੀ ਇਕ ਹੋਰ ਕਮਾਲ ਦੀ ਗੱਲ ਦੱਸਣੀ ਹੈ ਕਿ ਕੁਦਰਤ ਦੇ ਪ੍ਰਕਾਸ਼ ਵਿਚ ਆਪ ਨੇ ਇਕ ਹੋਰ ਸ਼ੈ ਦੇਖੀ ਤੇ ਇਨਸਾਨ ਦੀ ਤਵੱਜੋ ਉਧਰ ਕਰਵਾਈ ਹੈ। ਉਹ ਹੈ 'ਰਚਨਾ ਦਾ ਉਮਾਹ'।

ਜਗਤ ਨੂੰ ਦੁਖ ਰੂਪ ਸਭ ਨੇ ਕਿਹਾ। ਪਰ ਇਸ ਵਿਚ ਇਕ ਉਮਾਹ ਵੀ ਵੱਸ ਰਿਹਾ ਹੈ, ਉਧਰ ਧਿਆਨ ਗੁਰੂ ਨਾਨਕ ਦੇਵ ਜੀ ਨੇ ਦੁਆਇਆ। ਜਦੋਂ ਸਾਂਖ ਵਰਗੇ ਸ਼ਾਸਤ੍ਰਾਂ ਵਿਚ ਜਗਤ ਨੂੰ 'ਦੁਖ ਰੂਪ' ਕਿ ਅਰਬੀ ਫ਼ਾਰਸੀ ਦੇ ਸਾਹਿਤ ਵਿਚ ਜਗਤ ਨੂੰ 'ਦਾਰੁਲ ਮਿਹਨ' ਪੜ੍ਹੀਦਾ ਹੈ ਯਾ ਚੁਫੇਰੇ ਦੁਖ ਦੇਖੀਦਾ ਹੈ ਕਿ ਸਾਰਾ ਸੰਸਾਰ ਦੁਖੀ ਹੈ ਤਾਂ ਚਿੱਤ ਨਿਰਾਸਤਾ ਵਿਚ ਜਾਂਦਾ ਹੈ ਤੇ ਇਨਸਾਨ ਦੀ ਨਜ਼ਰ 'ਰਚਨਾ ਵਿਚ ਉਮਾਹ' ਵਲੋਂ ਬੰਦ ਹੋ ਜਾਂਦੀ ਹੈ ਇਸ ਤੋਂ ਬੁੱਧ ਜੀ ਵਰਗੇ ਮਹਾਨ ਪੁਰਖਾਂ ਦਾ ਖਯਾਲ ਬੀ ਰੁਕਿਆ ਰਿਹਾ: ਪਰ ਸਤਿਗੁਰੂ ਜੀ ਨੇ ਜਦ ਕਿਹਾ ਕਿ 'ਨਾਨਕ ਦੁਖੀਆ ਸਭੁ ਸੰਸਾਰ'। ਓਥੇ ਨਾਲ ਹੀ ਉਪਰਾਲਾ ਦੱਸਿਆ: 'ਮੰਨੈ ਨਾਉ ਸੋਈ ਜਿਣਿ ਜਾਇ॥' ਫਿਰ ਇਸ ਤੋਂ ਵੱਖਰੇ ਆਪਣੀ ਬਾਣੀ ਵਿਚ ਇਸ 'ਰਚਨਾਂ ਦੇ ਉਮਾਹ' ਵੱਲ ਨਜ਼ਰ ਦਿਵਾਈ ਹੈ[1]। ਜਿਸ ਤੋਂ ਦਿਲ ਉਸ ਨਿਰਾਸਤਾ ਤੇ ਢਹਿੰਦੀਆਂ ਕਲਾਂ ਵੱਲ ਜਾਣੋਂ ਬਚਕੇ ਕੁਦਰਤ ਦੇ ਵਿਗਾਸ ਵਿਚ ਆਕੇ ਖਿੜਦਾ ਹੈ ਤੇ ਅੰਦਰ ਚੜ੍ਹਦੀਆਂ ਕਲਾਂ ਦੀ ਨੀਂਹ ਬੱਝਦੀ ਹੈ। ਸਤਿਗੁਰ ਜੀ ਨੇ ਆਪਣੇ ਨਿਰਵਾਨ ਸਾਧੂ ਨੂੰ ਪਰਮੇਸ਼ੁਰ ਦਾ ਭਗਤ ਕਿਹਾ ਹੈ ਤੇ ਉਸ ਵਿਚ 'ਵਿਗਾਸ' ਖੇੜੇ ਦਾ ਨਿਵਾਸ ਦੱਸਿਆ ਹੈ: 'ਨਾਨਕ ਭਗਤਾ ਸਦਾ ਵਿਗਾਸੁ'।

'ਰਚਨਾ ਵਿਚ ਉਮਾਹ' ਕੁਦਰਤ ਵਿਚ ਚਾਉ'; ਦੀ ਛੁਹ ਲਾਉਣ ਦਾ ਰੰਗ ਗੁਰੂ ਜੀ ਨੇ ਡਿੱਠਾ ਤੇ ਆਪਣੀ ਬਾਣੀ ਵਿਚ ਗਾਵਿਆਂ; ਜਿਸ ਦੇ ਵੰਨਕੀ ਮਾਤ੍ਰ ਥਹੁ ਇਉਂ ਲਗਦੇ ਹਨ:-

"ਸਭ ਦੁਨੀਆ ਸੁਬਹਾਨੁ ਸਚਿ ਸਮਾਈਐ॥"
{ਮਾਝ ਵਾਰ ਮ:੧}

ਪੁਨਾ-'ਦਹ ਦਿਸਿ ਸਾਖ ਹਰੀ ਹਰੀਆਵਲ...॥'[2]
{ਤੁਖਾਰੀ ਛੰਤ ਮ: ੧}

ਸ਼ਾਮਾਂ ਪਈਆਂ ਤਾਂ ਆਪ ਤਾਰਿਆਂ ਨਾਲ ਭਰਪੂਰ ਗਗਨ ਨੂੰ ਦੇਖਕੇ ਉਸ ਨਜ਼ਾਰੇ ਵਿਚ ਕਰਤਾਰ ਦੀ ਆਰਤੀ ਦਾ ਉਤਸਾਹ ਤੱਕਦੇ ਹਨ ਤੇ ਇਸ ਸੋਹਣੀ ਬੋਲੀ ਵਿਚ 'ਗਗਨ ਮੈ ਥਾਲੁ'

---

[1] ਇਸੇ ਤਰ੍ਹਾਂ ਦੂਸਰੇ ਜਾਮੇ ਫੁਰਮਾਇਆ: ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ {ਵਾ:ਆ ਮ:੨}

[2] Objective yog. [3] Subjective yog.

[1] ਸਭੁ ਦੁਨੀਆਂ ਸਬਹਾਨੁ' ਇਹ ਵਾਕ ਬੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ।

[2] ਦੂਸਰੇ ਜਾਮੇ ਵਿਚ ਫੁਰਮਾਉਂਦੇ ਹਨ:-
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
{ਮਾਝ ਵਾਰ ਮ:੨}

ਪੰਜਵੇਂ ਜਾਮੇ ਫੁਰਮਾਉਂਦੇ ਹਨ:-
ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥
{ਗਉੜੀ ਕੀ ਵਾਰ ਮ:੫}

ਦੀ ਆਰਤੀ ਉਚਾਰਦੇ ਹਨ।

ਬਰਸਾਤ ਲਗੀ ਤੱਕਕੇ ਆਪ ਫੁਰਮਾਉਂਦੇ ਹਨ:-

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ।[੧]

ਬਸੰਤ ਆਈ ਦੇਖਕੇ ਉਚਾਰਦੇ ਹਨ:-

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥

ਪੁਨਾ-ਰੁਤਿ ਆਈਲੇ ਸਰਸ ਬਸੰਤੁ ਮਾਹਿ॥

{ਬਸੰਤ ਮ: ੧}

ਪੁਨਾ-ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥੧॥ ਐਸੀ ਭਵਰਾ ਬਾਸੁ ਲੇ॥ ਤਰਵਰ ਫੂਲੇ ਬਨ ਹਰੇ॥ {ਬਸੰਤ ਮ:੧}

ਇਸ ਤਰ੍ਹਾਂ ਕੁਦਰਤੀ ਵਿਗਾਸ ਤੋਂ ਵਿਗਾਸ ਦੀ ਛੁਹ ਲੈਕੇ ਉਮਾਹ ਵਿਚ ਰਹਿਣ ਦੇ ਇਸ਼ਾਰੇ ਜਗਾ ਜਗ਼ਾ ਗੁਰਬਾਣੀ ਵਿਚ ਆਏ ਹਨ।

ਪਰੰਤੂ ਇਸਦੇ ਨਾਲ ਭੇਤ ਇਹ ਸਿਖਾਇਆ ਹੈ ਕਿ ਕਾਦਰ ਨਾਲ ਅੰਤ੍ਰਾਤਮੇ ਮਿਲੇ ਰਹੁ ਤਾਂ ਬਾਹਰ ਕੁਦਰਤ ਵਿਚ ਬੀ ਉਮਾਹ ਤੇ ਉਮਾਹ ਦਾ ਦਾਤਾ ਪ੍ਰਦੀਪਤਿ ਦਿੱਸੇਗਾ। ਅੰਦਰ ਟਿਕਾਉ ਵਾਲੇ ਨੂੰ ਕੁਦਰਤ ਉਮਾਹ ਦਾ ਮੀਂਹ ਵਰਸਾ ਰਹੀ ਹੈ।

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥ ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥

{ਤੁਖਾਰੀ ਛੰਤ ਮ:੧}

੬. {ਗੁਰ ਨਾਨਕ ਤੇ ਜ਼ੋਰਾਸਟਰ}

ਈਰਾਨ ਵਿਚ ਜ਼ੋਰਾਸਟਰ ਤੇ ਚੀਨ ਵਿਚ ਤਾਊ ਤੇ ਕਨਫਯੂਕਸ ਆਦਿ ਬਜ਼ੁਰਗ ਹੋਏ ਹਨ। ਜ਼ੋਰਾਸਟਰ ਬਾਬਤ ਖਿਆਲ ਹੈ ਕਿ ਓਹ ਕਈ ਹੋਏ ਹਨ। ਕਈ ਸਮਝਦੇ ਹਨ ਕਿ ਮੂਸਾ ਦੇ ਵਕਤ[੨] ਪਹਿਲਾ ਸ੍ਰੀ ਜ਼ੋਰਾਸਟਰ ਹੋਇਆ ਤੇ ਕਈ ਅਜ ਤੋਂ ਤਿੰਨ ਹਜ਼ਾਰ ਬਰਸ ਪਹਿਲੇ ਹੋ ਬੀਤਿਆ ਖਿਆਲ ਕਰਦੇ ਹਨ। ਕਈ ਉਸਨੂੰ ਟ੍ਰਾਜਨ ਜੰਗ ਤੋਂ ਪੰਜ ਛੇ ਹਜ਼ਾਰ ਬਰਸ ਪਹਿਲੋਂ ਦਾ ਦੱਸਦੇ ਹਨ, ਹਰ ਹਾਲ ਪਲਾਤੂਸ ਤੇ ਅਰਸਤੂ ਨੇ ਜੋ ਉਸਦਾ ਜ਼ਿਕਰ ਕੀਤਾ ਹੈ, ਇਸ ਲਈ ਜ਼ੋਰਾਸਟਰ ਉਨ੍ਹਾਂ ਤੋਂ ਪਹਿਲੋਂ ਦਾ ਤਾਂ ਸਹੀ ਹੋ ਗਿਆ। ਜ਼ੋਰਾਸਟਰ ਜੀ ਨੂੰ ਅੱਜ ਤੱਕ ਪਾਰਸੀ ਲੋਕ ਆਪਣਾ ਆਦਰਸ਼ਕ ਮਹਾਂ ਪੁਰਖ ਮੰਨਦੇ ਹਨ। ਇਨ੍ਹਾਂ ਦੀ ਲਿਖੀ ਯਾ ਸੰਕਲਤ ਕੀਤੀ ਧਰਮ ਪੁਸਤਕ ' ਜ਼ੈਂਦ ਅਵਸਥਾ'[੧] ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਜ਼ੋਰਾਸਟਰ ਜੀ ਇਕ ਐਸੀ 'ਤਾਕਤ' ਨੂੰ ਸਦਾ ਤੋਂ ਕਾਇਮ ਮੰਨਦੇ ਹਨ, ਜਿਸਨੂੰ ਓਹ "ਜਰੂਆਨਾ ਅਕਾਰਨਾ" ਆਖਦੇ ਹਨ। ਜਿਸ ਦਾ ਅਰਥ ਹੈ' ਬੇਹੱਦ ਕਾਲ'। ਇਸ "ਜਰੂਆਨਾ ਅਕਾਰਨਾ" ਨੇ ਜੋ ਮਹਾਂ ਬਲੀ ਰਚੇ, ਇਕ ਆਹਰਮਜ਼ਦ (ਨੇਕੀ ਦਾ ਪੈਦਾ ਕਰਨ ਵਾਲਾ ਤੇ ਰਖਯਾ ਕਰਨ ਵਾਲਾ) ਚਾਨਣ ਇਸ ਨੇ ਪੈਦਾ ਕੀਤਾ। 'ਦੂਸਰਾ ਆਹਰਮਨ' (ਬਦੀ ਦਾ ਪੈਦਾ ਕਰਨ ਵਾਲਾ) ਇਸ ਨੇ ਹਨੇਰਾ ਪੈਦਾ ਕੀਤਾ।" ਜ਼ੋਰਾਸਟਰ ਦੇ ਮਤ ਵਿਚ ਅੱਗ ਦੀ ਪੂਜਾ ਸ਼ਾਮਲ ਹੈ, ਸ਼ਾਇਦ ਆਹਰ ਮਜ਼ਦ ਦੇ ਪ੍ਰਕਾਸ਼ ਕਰਤਾ ਹੋਣ ਕਰਕੇ ਇਹ ਪ੍ਰਕਾਸ਼ ਦਾ ਦੇਵਤਾ ਪੂਜਿਆ ਜਾਂਦਾ ਹੈ, ਪਰੰਤੂ ਖੋਜ ਇਹ ਦੱਸਦੀ ਹੈ ਕਿ "ਜ਼ੋਰਾਸਟਰ" ਦਾ ਅਗਨੀ ਪੂਜਾ ਮਤ ਨਹੀਂ, ਤੂਰਾਨੀਆਂ ਵਿਚੋਂ ਮਾਗੀ ਦੇ ਜ਼ਰੀਏ ਅਗਨੀ ਪੂਜਾ ਇਨ੍ਹਾਂ ਵਿਚ ਆਈ ਤੇ ਇਨ੍ਹਾਂ ਦੇ ਮਤ ਦਾ ਹਿੱਸਾ ਬਣ ਗਈ।

ਇਹ ਭੀ ਅਜ ਕਲ ਹਿੰਦ ਵਿਚ ਕਦੇ ਕਦੇ ਕਿਹਾ ਜਾਂਦਾ ਹੈ ਕਿ ਬਿਆਸ ਜੀ ਜ਼ੋਰਾਸਟਰ ਨੂੰ ਮਿਲੇ ਸੇ ਤੇ ਸਮਝਾਇਆ ਸੀ ਕਿ ਆਪ "ਜਰੂਆਨਾ ਅਕਾਰਨਾ" ਦੀ ਉਪਾਸਨਾ ਫੈਲਾਓ ਤੇ ਆਹਰਮਨ ਦਾ ਮਸਲਾ-ਕਿ ਉਹ ਬੀ ਇਕ ਵਜੂਦ ਹੈ-ਨਾਂ ਫੈਲਾਓ, ਪਰ ਓਹਨਾਂ ਨਹੀਂ ਸੀ ਮੰਨਿਆ, ਪਰ ਇਹ ਦਾਅਵਾ ਅਜੇ ਸਬੂਤ ਤਲਬ ਹੈ। ਇਸ ਮਤ ਦਾ ਅਸਲੀ ਫਰਕ ਵਾਲਾ ਖਿਆਲ ਇਹ 'ਆਹਰਮਨ' ਦਾ ਖਿਆਲ ਹੈ ਜੋ ਮਗਰੋਂ ਯਹੂਦੀਆਂ ਵਿਚ ਗਿਆ ਤੇ ਓਹਨਾਂ ਤੋਂ ਈਸਾਈਆਂ ਤੇ ਮੁਸਲਮਾਨਾਂ ਨੇ ਲਿਆ; ਜਿਨ੍ਹਾਂ ਨੇ ਆਹਰਮਨ ਦਾ ਨਾਮ ਅਜ਼ਾਜ਼ੀਲ ਤੇ ਸ਼ੈਤਾਨ ਭੀ ਧਰਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਦੀ ਇਕ ਪ੍ਰੇਰਕ, ਲੁਭਾਉਣ ਵਾਲੀ ਅਜ਼ਮਾਇਸ਼ ਤਾਂ ਮੰਨੀ ਹੈ, ਪਰ ਖ਼ੁਦਾ ਦਾ ਸ਼ਰੀਕ ਸ਼ੈਤਾਨ ਬਦੀ ਦਾ ਮਾਲਕ ਨਹੀਂ ਮੰਨਿਆ ਅਰ ਆਪਣੇ ਨਫਸ ਨੂੰ ਯਾ ਆਪਣੀ ਭੁੱਲ ਨੂੰ

[੧] ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ:-

ਨਾਨਕ ਬਿਜੁਲੀਆ ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ ॥ ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ ॥ {ਮਾਰੂ ਵਾਰ ਮ:੫}

[੨] ਇਸ ਹਿਸਾਬ ਆਪ ਈਸਾ ਜੀ ਤੋਂ ਚੌਦਾਂ ਕੁ ਸਦੀਆਂ ਪਹਿਲੋਂ ਹੋਏ।

[੧] ਏਹ ੨੧ ਸਨ ਪਰ ਤ੍ਰੈ ਹੁਣ ਲਭਦੀਆਂ ਹਨ।

ਬਦੀ ਦਾ ਕਾਰਣ ਦੱਸਿਆ ਹੈ। ਸ਼ੈਤਾਨ ਦੇ ਖਿਆਲ ਵਾਂਗੂ ਹਿੰਦੀਆਂ ਨੇ ਕਲਿਜੁਗ ਨੂੰ ਵਜੂਦ ਵਾਲਾ ਮੰਨਿਆ ਹੈ। ਇਸ ਬਦੀ ਦੇ ਵਜੂਦ ਨੂੰ ਗੁਰੂ ਜੀ ਵਜੂਦ ਵਾਲਾ ਨਹੀਂ ਮੰਨਦੇ ਤੇ ਕਹਿੰਦੇ ਹਨ ਕਿ ਓਹੋ ਧਰਤੀ ਹੈ, ਓਹੋ ਚੰਦ ਤੇ ਤਾਰੇ ਹਨ, ਕਲਜੁਗ ਕਿਸੇ ਦੇਸ਼, ਤੀਰਥ, ਟਿਕਾਣੇ ਆਇਆ ਨਹੀਂ ਡਿੱਠਾ ਗਿਆ, ਕਿਤੇ ਕੋਠਾ ਪਾਕੇ ਨਹੀਂ ਬੈਠਾ ਹੋਇਆ। ਫਿਰ ਕਹਿੰਦੇ ਹਨ ' ਆਖ ਗੁਣਾਂ ਕਲਿ ਆਈਐ ' ਮਨੁਖਾਂ ਦੇ ਗੁਣਾਂ ਰੂਪੀ ਕਲਿਜੁਗ ਆਇਆ ਹੈ। ਲੋਕਾਂ ਦੇ ਆਚਰਨ ਬੁਰੇ ਹੋ ਗਏ ਹਨ, ਇਹ ਅਵਗੁਣ ਰੂਪ ਕਲਜੁਗ ਹੈ,[੧] ਇਹ ਸ਼ੈਤਾਨ ਹੈ। ਐਸਾ ਕਰਨ ਵਿਚ ਓਹਨਾਂ ਨੇ ਫਿਲਾਸਫੀ ਦੇ ਉੱਚੇ ਤੋਂ ਉੱਚੇ ਆਦਰਸ਼ ਨੂੰ ਦਿਖਾਇਆ ਹੈ ਅਰ ਰੂਹਾਨੀ ਸਚਾਈ ਪ੍ਰਗਟਾਈ ਹੈ। ਇਕ ਫਰਜ਼ੀ ਸ਼ੈਤਾਨ ਭੈ ਤੇ ਖ਼ੁਦਾ ਦਾ ਸ਼ਰੀਕ ਅਰ ਸਾਡੇ ਲਈ ਉਜ਼ਰ ਦਾ ਟਿਕਾਣਾ ਕਿ ਪਾਪ ਆਪ ਕਰੀਏ ਤੇ ਜ਼ਿੰਮੇ ਉਸਦੇ ਮੜ੍ਹੀਏ, ਇਸ ਭੁੱਲ ਤੋਂ ਬਚਾਇਆ ਹੈ ਕਿ ਆਪਣੀ ਅੰਦਰਲੀ ਜਿੰਦ-ਕਣੀ ਇਕ ਰਸ ਬੇਅੰਤ ਵਾਹਿਗੁਰੂ ਨਾਲ ਲਗਾਉ ਵਿਚ ਰਹੇ, ਉਸ ਤੋਂ ਸਾਕਤ[੨] ਕਦੀ ਨਾ ਹੋਵੇ, ਇਉਂ ਇਸ ਵਿਚ ਬਲ ਪ੍ਰਾਕ੍ਰਮ, ਅਨੰਦ ਰਸ, ਸੁਖ ਵਧਦੇ ਹਨ ਤੇ ਇਸ ਆਪਣੀ ਕਣੀ ਨੂੰ ਬਲਵਾਨ ਕਰਨ ਲਈ ਓਹਨਾਂ ਸਮਾਨਾਂ ਦੀ ਲੋੜ ਨਹੀਂ ਕਿ ਜੋ ਭੈ ਅਰ ਭਰਮ ਪੈਦਾ ਕਰਨ ਸਗੋਂ ਇਸ ਸੁਤੰਤ੍ਰਤਾ, ਸਫਲਤਾ ਤੇ ਤ੍ਰਕੀ ਕਰਨ ਵਿਚ ਹਾਰਿਜ ਹੋਣ।

ਇਸ ਖਿਆਲ ਵਿਚ ਤਾਂ ਜ਼ੋਰਾਸ਼ਟਰ ਮੁਸਲਮਾਨ ਈਸਾਈਆਂ ਨਾਲ ਮਿਲਦਾ ਹੈ, ਸਗੋਂ ਇਹ ਖਿਆਲ ਲਿਆ ਹੀ ਸਭ ਨੇ ਜ਼ੋਰਾਸਟਰ ਜੀ ਦੇ ਮਤ ਤੋਂ ਹੈ ਪਰ ਅਗਨੀ ਪੂਜਾ ਵਿਚ ਇਹ ਮਤ ਵੇਦਕ ਮਤ ਦੇ ਅਗਨਿ ਹੋਤ੍ਰ ਨਾਲ ਮਿਲਦਾ ਹੈ। ਗੁਰੂ ਨਾਨਕ ਜੀ ਨੇ ਅੱਗ ਦੀ ਥਾਂ ਅੱਗ ਦੇ ਕਰਤਾ ਦੀ ਪੂਜਾ ਤੇ ਸ਼ੈਤਾਨ ਦੀ ਥਾਂ ਨਫਸ ਨੂੰ ਮਾਰਨ ਦੀ ਮੱਤ ਦਿੱਤੀ ਹੈ। ਬਾਕੀ ਇਖ਼ਲਾਕ ਤੇ ਪਰਮੇਸ਼ੁਰ ਆਰਾਧਨਾ ਵਿਚ ਗੁਰੂ ਨਾਨਕ ਜੀ ਦਾ ਕਮਾਲ ਦਰਸਾ ਹੀ ਆਏ ਹਾਂ।

੨. {ਗੁਰਨਾਨਕ ਜੀ ਤੇ ਤਾਊ ਲਾਊਟਸ ਕਨਫਿਊਕਸ}

ਤਾਊ ਆਦਮੀ ਦਾ ਨਾਮ ਨਹੀਂ ਇਹ ਇਕ ਮਤ ਹੈ ਜੋ ਢੇਰ ਚਿਰ ਈਸਾ ਤੋਂ ਪਹਿਲੇ ਚੀਨ ਜੈਸੇ ਮਨੁਖਾਂ ਨਾਲ ਭਰੇ ਦੇਸ਼ ਵਿਚ ਤੁਰਿਆ। ਇਸ ਦੇ ਪ੍ਰਚਾਰਕ ਸ੍ਰੀ 'ਲਾਊਟਸ ' ਹੋਏ ਹਨ। ਤਾਊ ਦਾ ਅਰਥ ਹੈ ਪੰਥ, ਪਰ ਮਗਰੋਂ ਤਾਊ ਦੇ ਅਰਥ ਹੋ ਗਏ 'ਕਰਤਾ, ਅਦ੍ਰਿਸ਼ਜ ਤੇ ਅਮਰ"। ਲਾਊਟਸ ਦੀ ਸਿਖਯਾ ਦਾ ਨਿਚੋੜ ਇਹ ਹੈ ਕਿ ਨੇਕੀ ਬਦੀ ਨੂੰ ਅਖੀਰ ਜਿੱਤੇਗੀ। ਇਸ ਪਰਕਾਰ ਦੇ ਮਤਾਂ ਨੂੰ ਤੇ ਆਦਿ ਹਿੰਦ ਦੀ ਤਪੱਸਯਾ ਨੂੰ ਤੱਕੀਏ ਤਾਂ ਸਰੀਰ ਸਫਾਈ, ਕਾਇਆ ਦਾ ਮਾਂਜਣਾ ਹੀ ਧਰਮ ਸਮਝਿਆ ਗਿਆ ਸੀ। ਨ੍ਹਾਉਣਾ, ਸੇਵਾ, ਬ੍ਰਤ ਆਦਿ ਤੇ ਆਸਨਾਂ ਦੀਆਂ ਵਰਜਸ਼ਾਂ ਸਰੀਰਕ ਅਰੋਗਤਾ ਦੇ ਸਾਧਨ ਧਰਮ ਹੀ ਸਮਝੇ ਜਾਂਦੇ ਹਨ। ਕੁਛ ਇਹੋ ਜਿਹਾ ਹਾਲ ਇਨ੍ਹਾਂ ਚੀਨੀ ਮਤਾਂ ਦਾ ਸੀ। ਜੇ ਕੁਛ ਆਚਰਣਕ ਰੁਖ ਸੀ ਤਾਂ ਇਹ ਕਿ ਬਦੀ ਅਖੀਰ ਨੂੰ ਹਾਰੇਗੀ। ਗੁਰੂ ਨਾਨਕ ਦੇਵ ਜੀ ਨੇ ਸਰੀਰਕ ਸਫਾਈ ਦੱਸੀ, ਇਸ਼ਨਾਨ ਅੰਮ੍ਰਿਤ ਵੇਲੇ ਦਾ ਠਹਿਰਾਇਆ। ਪਰ ਸਰੀਰਕ ਸਫਾਈ ਲਈ ਉੱਚੇ ਇਖ਼ਲਾਕ ਤੇ ਇਖ਼ਲਾਕੀ ਬਿਨਾ ਤੇ ਵਿਸਮਾਦੀ ਰੰਗਾਂ ਤੇ ਪਰੇਮਾ ਭਗਤੀ ਦੁਆਰਾ ਵਾਹਿਗੁਰੂ ਵਿਚ ਮੇਲ ਦੇ ਆਦਰਸ਼ ਨੂੰ ਸਰੀਰਕ ਕ੍ਰਿਯਾਵਾਂ ਤੋਂ ਨਿਖੇੜ ਕੇ ਉੱਚਾ ਲੈ ਗਏ ਤੇ ਕੂਕ ਕੇ ਆਖਿਆ:-

"ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ"।

ਕਨਫਿਊਕਸ ਜੀ ਭੀ ਈਸਾ ਤੋਂ ਪਪ੧ ਵਰੇ ਪਹਿਲਾਂ ਚੀਨ ਵਿਚ ਹੋਏ ਹਨ। ਆਪ ਨੇ ਦੇਸ਼ ਦੀ ਸੇਵਾ ਭੀ ਕੀਤੀ ਤੇ ਧਰਮ ਭੀ ਸਿਖਾਇਆ, ਆਪ ਦੇ ਮਤ ਦਾ ਨਿਚੋੜ ਤੇ ਉੱਚੇ ਤੋਂ ਉੱਚਾ ਖਿਆਲ ਬਹੁਤ ਅੱਗੇ ਨਹੀਂ ਜਾਂਦਾ। ਕਿਸੇ ਨੇ ਕਨਫਿਊਕਸ ਨੂੰ ਕਿਹਾ ਸੀ ਆਪਣੀ ਸਾਰੀ ਸਿਖਯਾ ਇਕ ਲਫਜ਼ ਵਿਚ ਬਿਆਨ ਕਰ, ਤਾਂ ਓਹਨਾਂ ਨੇ ਆਖਿਆ ਸੀ 'ਅਦਲਾ ਬਦਲਾ' ਅਰਥਾਤ ਜੋ ਸਲੂਕ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਨਾਲ ਨਾਂ ਹੋਵੇ ਉਹ ਦੂਸਰਿਆਂ ਨਾਲ ਨਾਂ ਕਰੋ, ਪਰੰਤੂ ਇਨ੍ਹਾਂ ਦੇ ਜ਼ਮਾਨੇ ਹੀ ਚੀਨ ਵਿਚ 'ਲਾਟਜ਼ੂ' ਨਾਮੇ ਇਕ ਹੋਰ

[੧] ਦੇਖੋ ਰਾਮ: ਮ:੧ 'ਸੋਈ ਚੰਦੁ ਚੜਹਿ ਸੇ ਤਾਰੇ'। [੨] ਖ਼ੁਦਾ

ਮਹਾਂ ਪੁਰਖ ਹੋਏ ਹਨ, ਉਨ੍ਹਾਂ ਦਾ ਮਤ ਇਸੇ ਤਰ੍ਹਾਂ ਦੀ ਹਦ ਅੰਦਰ ਰਿਹਾ, ਪਰ ਉਨ੍ਹਾਂ ਦਾ ਇਖ਼ਲਾਕ ਕਨਫਿਊਕਸ ਨਾਲੋਂ ਅਗੇਰੇ ਲੰਘ ਗਿਆ ਸੀ, ਕਿਉਂਕਿ ਉਨ੍ਹਾਂ ਨੇ 'ਅਦਲੇ ਬਦਲੇ' ਦੀ ਥਾਂ, ਇਹ ਸ਼ੁਭ ਮਤ ਸਿਖਾਈ ਸੀ ਕਿ 'ਬਦੀ ਦੇ ਬਦਲੇ ਨੇਕੀ ਕਰੋ'।

ਇਹ ਸਾਰੇ ਮਹਾਂ ਪੁਰਖ ਉਸ ਪ੍ਰਕਾਰ ਦੇ ਇਖ਼ਲਾਕੀ ਸਿੱਖਯਕ ਸੇ, ਜਿਸ ਦਾ ਕਮਾਲ ਬੁੱਧ ਜੀ ਵਿਚ ਹੋਇਆ, ਜੋ ਅਸੀਂ ਪਿਛੇ ਜ਼ਿਕਰ ਕਰ ਆਏ ਹਾਂ ਤੇ ਦੱਸ ਆਏ ਹਾਂ ਕਿ 'ਗੁਰੂ ਜੀ' ਉਸ ਦੇ ਕਮਾਲ ਨੂੰ ਭੀ ਸ਼ਿਖਰ ਤਕ ਕੀਕੂੰ ਲੈ ਗਏ ਤੇ ਰੂਹਾਨੀ ਕਮਾਲ ਨੂੰ ਨਾਲ ਮਿਲਾਕੇ ਕੀਕੂੰ ਭਗਤਾਂ ਦੇ ਸਭ ਤੋਂ ਵਡੇ 'ਮੁਕੰਮਲ ਸਿਖਜਕ' ਅਰਥਾਤ ਗੁਰੂ ਹੋਏ ਹਨ, ਜਿਨ੍ਹਾਂ ਵਿਚ 'ਅਸਲੀ ਇਖ਼ਲਾਕ' ਤੇ 'ਰੂਹਾਨੀਅਤ' ਸ਼ਿਖਰ ਤੇ ਪੁਜ ਗਈ ਸੀ।

੮. {ਦਇਆ ਨੰਦ ਜੀ}

ਇਨ੍ਹਾਂ ਨਾਲ ਜ਼ਿਕਰ ਕਰਦਿਆਂ ਸਾਡੇ ਹੱਥ ਸੰਕੁਚਦੇ ਹਨ, ਕਿਉਂਕਿ ਇਨ੍ਹਾਂ ਨੇ ਸੰਸਾਰ ਦੇ ਮਹਾਂ ਪੁਰਖਾਂ ਦੇ ਸਤਿਕਾਰ ਦੇ ਉਲਟ ਹਵਾ ਚਲਾਈ ਹੈ ਤੇ ਸਤਿਕਾਰ ਯੋਗ ਵਜਕਤਿਆਂ ਨੂੰ ਮਾੜਾ ਆਖਣੋਂ ਕਿਤੇ ਨਹੀਂ ਰੁਕੇ। ਯੂਰਪ ਵਿਚ ਜਦ ਬੇ-ਸਤਿਕਾਰੀ ਹੱਦ ਨੂੰ ਅੱਪੜ ਗਈ ਸੀ ਅਰ ਸਾਇੰਸ ਤੇ ਫਿਲਾਸਫੀ ਦੇ ਨਾਮ ਹੇਠਾਂ ਮਹਾਂ ਪੁਰਖਾਂ ਦੇ ਗੁਣ ਨਿੰਦੇ ਜਾਂਦੇ ਸੇ, ਤਦੋਂ ਕੁਦਰਤ ਨੇ ਡਿੱਠਾ ਕਿ ਤਬਾਹੀ ਆ ਗਈ ਹੈ। ਉਸ ਸਮੇਂ ਇੰਗਲਸਤਾਨ ਵਿਚ ਇਕ ਬਜ਼ੁਰਗ 'ਕਾਰਲਾਈਲ' ਤੇ ਜਰਮਨੀ ਵਿਚ ਮਹਾਂ ਕਵੀ 'ਗਿਟੇ' ਜੀ ਪੈਦਾ ਹੋਏ, ਜਿਨ੍ਹਾਂ ਨੇ ਇਸ ਬੇਸਤਿਕਾਰੀ ਦਾ ਜ਼ਹਿਰ ਦੂਰ ਕਰਨ ਵਿਚ ਬੜਾ ਉਪਕਾਰ ਕੀਤਾ। ਕਾਰਲਾਈਲ ਜੀ ਦੇ ਖਿਆਲ "ਹੀਰੋ ਵਰਸ਼ਿਪ" (ਮਹਾਂ ਪੁਰਖਾਂ ਦੀ ਪੂਜਾ) ਨਾਮੇ ਪੁਸਤਕ ਵਿਚ ਮੌਜੂਦ ਹਨ, ਜਿਸ ਨੇ ਇਕ ਨਵੀਂ ਰੌ ਪੈਦਾ ਕੀਤੀ ਸੀ, ਇਨ੍ਹਾਂ ਦੇ ਸੱਚ ਤੇ ਸੱਚ ਪ੍ਰਕਾਸ਼ ਦੇ ਅੱਗੇ ਡਾਰਵਿਨ ਤੇ ਹਕਸਲੇ ਵਰਗੇ ਐਗਨਾਸਟਕ (ਰੱਬ ਵਲੋਂ ਚੁੱਪ) ਲੋਕ ਸਤਿਕਾਰ ਨਾਲ ਝੁਕਦੇ ਹਨ। ਕਾਸ਼! ਕੋਈ ਪੰਜਾਬ ਵਿਚ ਕਾਰਲਾਈਲ ਫੇਰਾ ਪਾਵੇ ਜੋ ਸਾਰੇ ਦੇਸ਼ਾਂ ਵਿਚ ਅੱਜ ਤਕ ਹੋਏ ਮਹਾਂ ਪੁਰਖਾਂ ਦੇ ਸਤਿਕਾਰ ਨੂੰ ਮੋੜ ਲਿਆਵੇ ਤੇ ਦੇਸ਼ ਉਸ ਤਬਾਹੀ ਤੋਂ ਬੱਚ ਜਾਵੇ ਜੋ ਮਹਾਂ ਪੁਰਖਾਂ ਦੀ ਬੇਸਤਿਕਾਰੀ ਦੇ ਸਿੱਟੇ ਵਿਚ ਕੌਮਾਂ ਤੇ ਦੇਸ਼ਾਂ ਪਰ ਆਇਆ ਕਰਦੀ ਹੈ।

ਅਸੀਂ ਦਇਆ ਨੰਦ ਜੀ ਦਾ ਜ਼ਿਕਰ ਇਸ ਵਾਸਤੇ ਕੀਤਾ ਹੈ ਕਿ ਇਹ ਪੰਜਾਬ ਵਿਚ ਆਏ ਸੇ ਤੇ ਥੋੜਾ ਹੀ ਚਿਰ ਹੋਇਆ ਕਿ ਹੋਏ ਸੇ ਤੇ ਸਾਡੇ ਬਹੁਤੇ ਪੰਜਾਬੀ ਸੱਜਣ ਇਨ੍ਹਾਂ ਦਾ ਸਤਿਕਾਰ ਕਰਦੇ ਹਨ। ਪਰੰਤੂ ਅਜੇ ਦਿਨ ਥੋੜੇ ਹੋਏ ਹਨ, ਲੋਕੀਂ ਦਰਸ਼ਨ ਕਰਨ ਵਾਲੇ ਜੀਉਂਦੇ ਹਨ, ਜਿਨ੍ਹਾਂ ਨੇ ਆਪ ਨੂੰ ਡਿੱਠਾ ਸੀ। ਇਨ੍ਹਾਂ ਦਾ ਆਪਣਾ ਦਾਵਾ ਪੰਡਤਾਈ ਦਾ ਜਾਂ ਸੁਧਾਰਕ ਪੰਡਤ ਦਾ ਸੀ! ਜਿਸ ਸ਼ਰੇਣੀ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਸ ਸ਼ਰੇਣੀ ਵਿਚ ਇਹ ਨਿਜ ਨੂੰ ਨਹੀਂ ਸਮਝਦੇ ਸਨ ਤੇ ਨਾਂ ਹੀ ਇਨ੍ਹਾਂ ਦੇ ਸਤਿਕਾਰੀ ਲੋਕ ਇਨ੍ਹਾਂ ਨੂੰ ਉਸ ਵਿਚ ਮੰਨਦੇ ਸਨ।

ਇਨ੍ਹਾਂ ਦੇ ਸਮੇਂ ਤਾਂ ਲੋਕੀਂ ਇਨ੍ਹਾਂ ਨੂੰ ਕੇਵਲ ਵਿਦਵਾਨ ਦਾ ਦਰਜਾ ਦੇਂਦੇ ਸਨ, ਫੇਰ ਰੀਫਾਰਮਰ ਆਖਣ ਲਗੇ, ਫੇਰ ਰਿਸ਼ੀ, ਫੇਰ ਮਹਾਂ ਰਿਸ਼ੀ ਤੇ ਹੁਣ ਭਗਵਾਨ ਅਰ ਹੋਰ ਰੂਹਾਨੀ ਐਸ਼੍ਵਰਜ ਵਾਲੇ ਲਕਬ ਦੇਂਦੇ ਹਨ। ਪਰੰਤੂ ਅਸਲ ਗੱਲ ਇਹ ਹੈ ਕਿ ਇਨ੍ਹਾਂ ਦੇ ਸਤਿਕਾਰ ਦਾ ਅਧਿਕਾਰ ਵਿਦਜਾ ਦੇ ਮੰਡਲ ਤੋਂ ਬਾਹਰ ਨਹੀਂ ਜਾਂਦਾ ਅਰ ਅਜੇ ਤਕ ਇਨ੍ਹਾਂ ਦੇ ਆਪਣੇ ਲਗਪਗ ਸਾਰੇ ਉਪਾਸ਼ਕ ਇਹਨਾਂ ਨੂੰ ਆਪ ਅਵਤਾਰ, ਪੈਗੰਬਰ, ਰੂਹਾਨੀ ਰਸੂਲ ਦਾ ਦਰਜਾ ਨਹੀਂ ਦੇਂਦੇ, ਬਲਕਿ ਭਗਵਾਨ ਆਦਿ ਲਫਜ਼ ਦੇਣ ਪਰ ਆਪੋ ਵਿਚ ਜੁੜਦੇ ਹਨ। ਇਸ ਕਰਕੇ ਹੋਰ ਕਿਸੇ ਵੀਚਾਰ ਦੀ ਲੋੜ ਨਹੀਂ ਰਹਿੰਦੀ। ਇਨ੍ਹਾਂ ਦੀ ਰਚੀ ਪੁਸਤਕ ਵਿਚ, ਇਹਨਾਂ ਦੇ ਪੰਜਾਬ ਵਿਚ ਦਿੱਤੇ ਲੈਕਚਰਾਂ ਵਿਚ, ਇਨ੍ਹਾਂ ਦੀ ਚਲਾਈ ਸੰਪ੍ਰਦਾ ਵਿਚ ਜੋ ਸੰਸਾਰ ਭਰ ਦੇ ਮਹਾਂ ਪੁਰਖਾਂ ਲਈ ਸਤਿਕਾਰ ਦੀ ਬੇ-ਸਤਿਕਾਰੀ ਕੀਤੀ ਗਈ ਹੈ ਕਿ ਉਸ ਪਰ ਸਾਨੂੰ ਤੇ ਹਰ (ਮਹਾਂ ਪੁਰਖਾਂ ਨੂੰ ਅਦਬ ਨਾਲ ਦੇਖਣ ਵਾਲੇ) ਸੱਜਣ ਨੂੰ ਮੁਨਾਸਬ ਸ਼ੋਕ ਹੈ, ਅਰ ਸੱਚੇ ਪਿਆਰ ਨਾਲ ਅਰਦਾਸ ਹੈ ਕਿ ਪੰਜਾਬ ਵਿਚੋਂ ਇਹ ਸਪਿਰਟ ਇਹਨਾਂ ਦੀ ਸੰਪ੍ਰਦਾ ਵਿਚੋਂ ਤੇ ਇਹਨਾਂ ਦੀ ਰੀਸੇ ਇਹ ਅਵਗੁਣ

ਸਿਖ ਗਈਆਂ ਦੂਸਰੀਆਂ ਸੰਪਰਦਾਵਾਂ ਵਿਚੋਂ ਪਰਮੇਸ਼ੁਰ ਦੂਰ ਕਰੇ ਜੋ ਗੁਰ ਨਾਨਕ ਦੇਵ ਜੀ ਦਾ ਇਹ ਸੋਨੇ ਅੱਖਰੀ ਜੜਿਆ ਵਾਕ ਪ੍ਰਚਾਰ ਪਾਵੇ:-

> ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ {ਸੂਹੀ ਮ:੧}

ਗੁਰ ਨਾਨਕ ਦੇਵ ਜੀ ਨੇ ਵਿਬੇਕ ਬੁੱਧੀ ਤਾਂ ਸਿਖਾਈ ਹੈ ਪਰ ਨਿੰਦਾ ਤੋਂ ਬੜਾ ਹੋੜਿਆ ਹੈ। ਗੁਰੂ ਜੀ ਨੇ ਸਾਂਈ ਨਾਲ ਪ੍ਰੇਮਾ ਭਗਤੀ ਤੇ ਇਨਸਾਨ ਨਾਲ ਸਰਬੱਤ ਦਾ ਭਲਾ ਸਿਖਾਇਆ ਹੈ। ਜਿਥੋਂ ਤੱਕ ਵੀਚਾਰ ਕੀਤੀ ਹੈ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲੇ ਮਹਾਂ ਪੁਰਖ ਹੋਏ ਹਨ, ਜਿਨ੍ਹਾਂ ਨੇ ਜਗਤ ਨੂੰ ਸਿਖਾਇਆ ਕਿ ਮਜ਼ਹਬ ਤੋਂ ਮਜ਼ਹਬੀ ਤਅੱਸਬ ਦੂਰ ਕਰਕੇ ਮਜ਼ਹਬਾਂ ਦੀ ਵੀਚਾਰ ਕਰੋ ਤੇ ਮੱਤ ਦਿੱਤੀ ਕਿ ਹਰ ਮਜ਼ਹਬ ਨੂੰ ਉਸ ਦੇ ਨੁਕਤਾ-ਨਿਗਾਹ ਤੋਂ ਦੇਖੋ ਤੇ ਉਸ ਦੀਆਂ ਖੂਬੀਆਂ ਤੱਕੋ ਤੇ ਉਸ ਦੇ ਪੈਰੋਕਾਰਾਂ ਨੂੰ ਉਸ ਦੇ ਆਦਰਸ਼ ਪਰ ਅਮਲ ਕਰਨ ਦੀ ਤੱਕੜੀ ਨਾਲ ਤੋਲੋ। ਆਪ ਨੇ ਨਹੀਂ ਕਿਹਾ ਕਿ ਮੁਸਲਮਾਨ ਕਾਫਰ ਹਨ, ਪਰ ਕਿਹਾ ਕਿ 'ਮੁਸਲਮਾਣ ਕਹਾਵਣੁ ਮੁਸਕਲੁ'। ਫੇਰ ਮੁਸਲਮਾਨ ਦਾ ਆਦਰਸ਼ ਦੱਸਿਆ ਤੇ ਮੱਤ ਇਹ ਦਿੱਤੀ ਕਿ ਦੇਖੋ ਤੁਸੀਂ ਇਸ ਤੋਂ ਕਿੰਨੀ ਦੂਰ ਹੋ। ਨਿਮਾਜ਼ ਨੂੰ ਗਾਲ੍ਹ ਨਹੀਂ ਦਿੱਤੀ ਪਰ ਬੇਹਜ਼ੂਰੀ ਦੀ ਨਿਮਾਜ਼ ਪੜ੍ਹਨ ਵਾਲੇ ਨੂੰ ਕਿਹਾ ਤੂੰ ਮੁਸਲਮਾਨ ਨਹੀਂ, ਇਸੀਂ ਤਰ੍ਹਾਂ ਹਰੇਕ ਨਾਲ। ਉਹਨਾਂ ਦੇ ਇਸ ਨਵੇਂ ਵਤੀਰੇ ਤੋਂ 'ਧਾਰਮਕ ਸਹਾਰਾ' ਤੇ ਮਜ਼ਹਬਾਂ ਦੀ ਕੂਤ ਨੂੰ ਮੁਕਾਬਲੇ ਨਾਲ ਜਾਚਣ ਦੀ ਰਵਸ਼ ਟੁਰੀ। ਡਾਕਟਰ ਖ਼ੁਦਾਦਾਦ ਜੀ ਡਿਹਰਾਦੂਨ ਵਾਲੇ ਕਿਹਾ ਕਰਦੇ ਸਨ ਕਿ ਗੁਰੂ ਨਾਨਕ ਦੇਵ ਜੀ ਦੇ ਇਸ ਅਸੂਲ ਨੂੰ ਕਾਇਮ ਕਰਨ ਬਾਦ ਇਸ ਤੇ ਟੁਰਨ ਵਾਲੇ ਦੂਸਰੇ ਸ਼ਖਸ ਅੱਬੁਲਫਜ਼ਲ ਜੀ ਹੋਏ। ਸ਼ਾਇਦ ਇਸੇ ਕਰਕੇ ਅਸੀਂ ਅਕਬਰ ਵਿਚ 'ਦੀਨੀ ਬਰਦਾਸ਼ਤ' ਯਾ 'ਧਾਰਮਕ ਸਹਾਰਾ' ਵੇਖਦੇ ਹਾਂ। ਇਸ ਧਾਰਮਕ ਸਹਾਰੇ ਨਾਲ ਜਗਤ ਵਿਚ ਦੀਨ ਦੇ ਨਾਮ ਹੇਠ ਨਫਰਤ, ਵੈਰ ਤੇ ਕਤਲਾਂ ਦੀ ਮੰਦੀ ਰਵਸ਼ ਦੂਰ ਹੁੰਦੀ ਹੈ। ਇਸੇ ਕਰਕੇ ਇਤਿਹਾਸ ਖੋਜੀ ਤੇ ਇਤਰ ਮਤਾਂ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਸੁਲਹ ਦਾ ਪੈਗੰਬਰ (Prophet of Peace) ਕਿਹਾ ਕਰਦੇ ਹਨ।

੯. {ਗੁਰੂ ਨਾਨਕ ਦੇਵ ਜੀ ਤੇ ਮੁਹੰਮਦ ਜੀ}

ਹੁਣ ਅਸੀਂ ਬੰਦਿਆਂ ਦੇ ਉਸ ਆਗੂ ਵੱਲ ਆਏ ਹਾਂ ਜਿਨ੍ਹਾਂ ਦੇ ਮਗਰ ਟੁਰਨ ਵਾਲੇ ਹਿੰਦੂਆਂ ਤੋਂ ਗਿਣਤੀ ਵਿਚ ਅਗਲੇ ਦਰਜੇ ਵਿਚ ਹਨ। ਮੁਹੰਮਦ ਜੀ ਦੀ ਬਾਬਤ ਯੂਰਪ ਵਿਚ ਤੇ ਹਿੰਦੁਸਤਾਨ ਵਿਚ ਆਮ ਕਰਕੇ ਬੇ-ਸਤਿਕਾਰੀ ਫੈਲੀ ਰਹੀ ਹੈ। ਇਨ੍ਹਾਂ ਦੇ ਨਾਮ ਤੇ ਏਹਨਾਂ ਤੋਂ ਮਗਰੋਂ ਆਏ ਪਾਤਸ਼ਾਹਾਂ ਨੇ ਹਿੰਦ ਵਿਚ ਬੜੇ ਅਤਯਾਚਾਰ ਕਮਾਏ ਹਨ, ਅਰ ਉਹਨਾਂ ਅਤਯਾਚਾਰਾਂ ਕਰਕੇ ਏਹਨਾਂ ਦਾ ਨਾਮ ਸਤਿਕਾਰ ਤੋਂ ਪਰੇ ਹੁੰਦਾ ਗਿਆ ਹੈ, ਪਰੰਤੂ ਜਦ ਇਨ੍ਹਾਂ ਦਾ ਜੀਵਨ ਤੇ ਇਨ੍ਹਾਂ ਦਾ ਕੁਰਾਨ ਪੜ੍ਹਿਆ ਜਾਵੇ ਤਾਂ ਜਾਪਦਾ ਹੈ ਕਿ ਅਰਬ ਦੇ ਜੰਗਲੀ ਹੋ ਗਏ ਲੋਕਾਂ ਦੇ ਇਖ਼ਲਾਕ ਦੇ ਸੁਧਾਰ ਤੇ ਰੂਹਾਨੀ ਰੂਹ ਫੂਕਣ ਵਿਚ ਆਪ ਨੇ ਚੰਗੀ ਸੇਵਾ ਕੀਤੀ ਹੈ। ਈਸਾਈ ਲੋਕ ਤਾਂ ਏਹਨਾਂ ਦੇ ਮਤ ਨੂੰ ਆਪਣੇ ਮਤ ਦੀ ਅਪਿਭ੍ਰੰਸ਼ ਦਸ਼ਾ ਦਾ ਦੀਨ ਦੱਸਦੇ ਹਨ। ਪਰੰਤੂ ਇਹ ਸੱਚ ਹੈ ਕਿ ਮਿਲਵੇਂ ਮਾਮਲੇ ਬਹੁਤੇਰੇ ਹਨ। ਇਬਰਾਨੀ ਪੈਗੰਬਰ ਦੋਹਾਂ ਵਿਚ ਸਾਂਝੇ ਹਨ, ਇਥੋਂ ਤਾਂਈ ਕਿ ਮੁਸਲਮਾਨ ਈਸਾ ਜੀ ਨੂੰ ਬੀ ਪੈਗੰਬਰ ਮੰਨਦੇ ਹਨ। ਖ਼ੁਦਾ ਤੇ ਸ਼ੈਤਾਨ ਦੇ ਮਸਲੇ ਬੀ ਦੋਹਾਂ ਦੇ ਮਿਲਦੇ ਹਨ, ਕਰਮਾਂ ਦੀ ਗੋਂਦ ਬੀ ਮਿਲਦੀ ਹੈ, ਪਰੰਤੂ ਆਪਸ ਵਿਚ ਬੇ-ਇਤਫਾਕੀ ਤੇ ਨਾਰਾਜ਼ਗੀ ਚੋਖੀ ਹੈ ਅਰ ਸ਼ੁਰੂ ਤੋਂ ਹੈ।

ਖ਼ੈਰ! ਸ਼ਾਨੂੰ ਏਹਨਾਂ ਗੱਲਾਂ ਦੇ ਵੇਰਵੇ ਦੀ ਇਥੇ ਲੋੜ ਨਹੀਂ ਹੈ, ਕਾਫੀ ਹੈ ਇਹ ਜਾਣਨਾ ਕਿ ੧੩ ਕ੍ਰੋੜ ਵਧੀਕ ਬੰਦੇ 'ਮੁਹੰਮਦ' ਇਸ ਲਫਜ਼ ਦਾ ਸਤਿਕਾਰ ਕਰਦੇ ਹਨ। ਤੇਰਾਂ ਚੌਦਾਂ ਸਦੀਆਂ ਦੇ ਗੁਜ਼ਰ ਜਾਣੇ ਪਰ ਬੀ ਉਸ ਦਾ ਕਬਜ਼ਾ ਲੋਕਾਂ ਦੇ ਦਿਲਾਂ ਤੇ ਹੈ। ਜਦੋਂ ਅਸੀਂ ਮੁਹਮੰਦ ਸਾਹਿਬ ਦੇ ਜੀਵਨ ਨੂੰ ਖੋਜਦੇ ਹਾਂ ਤਾਂ ਅਸੀਂ ਓਹਨਾਂ ਦੇ ਸਾਰੇ ਗੁਣਾਂ ਅਵਗੁਣਾਂ ਨੂੰ ਛੱਡਕੇ ਉਹਨਾਂ ਨੂੰ ਵਿਲੱਖਣ ਕਰਕੇ ਦੱਸਣ ਵਾਲਾ ਜੇ ਕੋਈ ਵਿਸ਼ੇਸ਼ ਗੁਣ ਧਾਰਮਕ ਪਾਸੇ ਦਾ ਭਾਲਦੇ ਹਾਂ ਤਾਂ ਉਹ ਸਾਨੂੰ ਲੱਭਦਾ ਹੈ :-

"ਅੱਲਾ ਤੇ ਯਕੀਨ"।

ਇਹ ਗੁਣ ਹੈ, ਜਿਸ ਦਾ ਇਕ ਕਮਾਲ ਅਸੀਂ ਓਹਨਾਂ ਵਿਚ ਦੇਖਦੇ ਹਾਂ। ਓਹਨਾਂ ਦਾ ਰੱਬ ਤੇ ਯਕੀਨ ਹੈ, ਨਿਰੀ ਦਿਮਾਗ਼ੀ ਛਾਣ ਬੀਣ ਤੋਂ ਪੈਦਾ ਹੋਈ ਇਕ ਅੱਕ੍ਰੋ ਹੋਂਦ ਦਾ ਖਯਾਲ ਮਾਤ੍ਰ ਨਹੀਂ ਪਰ ਯਕੀਨੀ ਯਕੀਨ।

ਏਹਨਾਂ ਦੇ ਯਕੀਨ ਦਾ ਪਾਰਾ ਉੱਚਾ ਸੀ, ਇਨ੍ਹਾਂ ਨੂੰ ਰੱਬ ਦੇ ਹੋਣ ਵਿਚ ਸ਼ੱਕ ਸ਼ੁਬ੍ਹੇ ਤੋਂ ਬਿਨਾਂ ਅਸਲੀਅਤ ਦਾ ਯਕੀਨ ਸੀ। ਉਹ ਓਹਨਾਂ ਦਾ ਅੱਲਾ ਉਨ੍ਹਾਂ ਨੂੰ ਸੁਨੇਹੇ ਘਲਦਾ ਹੈ, ਜਿਕੂੰ ਮਨੁੱਖ ਦਾ ਸੁਨੇਹਾ ਮਨੁੱਖ ਨੂੰ ਆਉਂਦਾ ਹੈ। ਓਹ ਉਸੇ ਯਕੀਨ ਨਾਲ ਉਸ ਸੁਨੇਹੇ ਨੂੰ ਲੈਂਦੇ ਹਨ। ਪਹਾੜ ਤੇ ਇਕੱਲੇ ਬੈਠੇ ਓਹਨਾਂ ਨੂੰ ਫਰਿਸ਼ਤੇ ਦੀ ਰਾਹੀਂ ਯਕੀਨਨ ਅੱਲਾ ਬੋਲਦਾ ਤੇ ਹੁਕਮ ਸੁਣਾਈ ਦੇਂਦਾ ਹੈ। ਕੇਸ਼ਬ ਚੰਦਰ ਸੈਨ ਜੀ ਵੀ ਆਖਿਆ ਕਰਦੇ ਸਨ ਕਿ ਸਾਨੂੰ ਪਰਮੇਸ਼ੁਰ ਜੀ ਦਾ ਸ਼ਬਦ ਸੁਣਾਈ ਦੇਂਦਾ ਰਹਿੰਦਾ ਹੈ[੧], ਪਰ ਮੁਹੰਮਦ ਜੀ ਨੂੰ ਅੱਲਾ ਦਾ ਬੋਲਣਾ ਐਉਂ ਸੀ ਜਿਸ ਤਰ੍ਹਾਂ ਮਨੁੱਖ ਨਾਲ ਮਨੁੱਖ ਮਨੁੱਖ ਦੀ ਰਾਹੀਂ ਬੋਲਦਾ ਹੈ। ਫੇਰ ਇਹ ਹੈ ਕਿ ਅੱਲਾ ਨੂੰ ਓਹ ਜ਼ਨਮ ਤੋਂ ਰਹਿਤ ਮੰਨਦੇ ਹਨ, ਉਸ ਵਜੂਦ ਨੂੰ ਆਪਣੇ ਸਰੀਰ ਧਾਰੀ ਵਜੂਦ ਵਾਂਗੂੰ ਯਕੀਨੀ ਸਮਝਦੇ ਹਨ।

ਹੁਣ ਜਦ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਆਓ, ਤਦ ਤੁਹਾਨੂੰ ਸਾਫ ਦਿੱਸੇਗਾ ਕਿ ਗੁਰ ਨਾਨਕ ਦੇਵ ਜੀ ਰੱਬ ਦੇ ਮੁਤਲਾਸ਼ੀ ਜਾਂ ਜਗਯਾਸੂ ਮਾਤ੍ਰ ਨਹੀਂ ਹਨ, ਗੁਰ ਨਾਨਕ ਦੇਵ ਜੀ ਨੂੰ ਰੱਬ ਇਕ ਜੀਉਂਦੀ ਜਾਗਦੀ 'ਅਸਲੀਅਤ' ਹੈ, ਇਕ ਰੂਹਾਨੀ ਲਹਿਰੇ ਦੇਣ ਵਾਲਾ 'ਯਥਾਰਥ' ਹੈ, ਅਰ ਇਸਨੂੰ ਓਹ ਮਾਡੀ ਬੋਲੀ ਵਿਚ ਪ੍ਰਗਟ ਨਹੀਂ ਕਰ ਸਕਦੇ, ਕਿਉਂਕਿ ਉਹ ਬੋਲੀ ਦਾ ਵਿਸ਼ਾ ਨਹੀਂ ਹੈ। 'ਸੱਤ' ਤੇ ਕਦੇ 'ਸੱਚ' ਕਹਿ ਕਹਿਕੇ ਦੱਸਦੇ ਹਨ, ਇਸ 'ਸੱਚ' ਪਰ ਓਹਨਾਂ ਨੂੰ ਭਰੋਸਾ ਹੈ ਤਿ ਜੋ ਦੁਹਾਈਆਂ ਦੇ ਦੇ ਕੇ ਨਿਕਲਦਾ ਹੈ:-

"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ {ਜਪੁਜੀ}

ਇਸ ਸੱਚ ਨੂੰ ਫੇਰ ' ਕਰਤਾਰ ' ਆਖਦੇ ਹਨ। ਕਈ ਫਿਲਾਸਫਰ ਉਸ ਦੀ ਕਰਤਾਰਤਾ ਤੋਂ ਸਿਰ ਫੇਰਦੇ ਹਨ, ਪਰ ਗੁਰੂ ਜੀ ਉਸਨੂੰ ਸੱਤਾ ਮਾਤ੍ਰ ਨਹੀਂ ਦੱਸਦੇ ਸਗੋਂ ਵਜੂਦ ਵਾਲਾ ਤੇ ਪੁਰਖੱਤ੍ਵ ਵਾਲਾ ਪੁਰਖ ਕਹਿੰਦੇ ਹਨ ਤੇ ਸਨਮੁਖ ਖੜੋਕੇ ਆਖਦੇ ਹਨ-ਤੂੰ ਸੱਚ ' ਹੈਂ ਤੇ ਤੂੰ ਜੋ ਕੀਤਾ ਸਭ ਸੱਚ ਹੈ।

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ਸਚਾ ਤੇਰਾ ਕਰਮੁ ਸਚਾ ਨੀਸਾਣੁ॥ ਸਚੇ ਤੁਧੁ ਆਖਹਿ ਲਖ ਕਰੋੜਿ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ॥ ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥ ਨਾਨਕ ਸਚੁ ਧਿਆਇਨਿ ਸਚੁ॥ ਜੋ ਮਰਿ ਜੰਮੇ ਸੁ ਕਚੁ ਨਿਕਚੁ॥੧॥

{ਵਾਰ ਆਸਾ ਮ:੧}

ਦੇਖੋ ਕੈਸਾ ਅਹਿੱਲ ਯਕੀਨ ਹੈ। ਤੂੰ ਸੱਚ, ਤੇਰਾ ਕੀਤਾ ਸੱਚ, ਪਰ ਤੂੰ ਅਵਤਾਰ ਦੇਹ-ਧਾਰੀ ਨਹੀਂ, ਤੂੰ ਮਰਨ ਜੰਮਣ ਤੋਂ ਰਹਿਤ, ਕੱਚ ਤੋਂ ਪਰੇ ਹੈਂ। ਗੁਰੂ ਨਾਨਕ ਦਾ ਇਹ ਰੱਬ ਭੈ ਤੋਂ ਪਰੇ ਹੈ-

'ਨਾਨਕ ਨਿਰਭਉ ਨਿਰੰਕਾਰੁ 'ਸਚੁ' ਏਕੁ'॥'

ਇਹ ਸੱਚ ਅਕ੍ਰੋ ਸ਼ਕਤੀ ਹੀ ਨਹੀਂ ਇਹ ਜੀਉਂਦੀ ਸੱਤਯਾ, ਜੀਉਂਦਾ ਵਜੂਦ, ਪਰ ਅਕਾਲ (ਕਾਲ ਰਹਿਤ) ਮੂਰਤਿ ਹੈ, ਮੂਰਤਿ। ਹਾਂ ਜੀ 'ਅਣਹੋਂਦ' ਨਹੀਂ, ਵਹਿਮ ਤੇ ਖਿਆਲ ਨਹੀਂ, ਗ਼ੈਰ ਵਜੂਦ ਨਹੀਂ, ਮੂਰਤਿ ਹੈ, ਅਰਥਾਤ ਇਕ ਵਜੂਦ ਹੈ, ਦੇਸ਼ ਰਹਿਤ, ਕਾਲ ਰਹਿਤ, ਕਾਰਣ ਰਹਿਤ ਪਰ ਫੇਰ 'ਹੈ' ਤੇ 'ਹੈ' ਕਰਕੇ ਗੁਰੂ ਜੀ ਉਸ ਦਾ ਜਸ ਕਰਦੇ ਉਸ ਨੂੰ ਸਾਡੇ ਪਰ ਵਾਜ਼ਆ ਕਰਦੇ ਹਨ। ਦੌਲਤ ਖਾਂ ਲੋਧੀ ਤੇ ਕਾਜ਼ੀ ਨਿਮਾਜ਼ਾਂ ਪੜ੍ਹਦੇ ਹਨ, ਗੁਰ ਨਾਨਕ ਜੀ ਆਖਦੇ ਹਨ ਕਿ ਮੇਰੇ ਅੱਲਾ ਨੂੰ ਇਹ

੧ ਕੇਸ਼ਵ ਚੰਦਰ ਸੈਨ, ਰਾਜਾ ਰਾਮ ਮੋਹਨ ਰਾਇ, ਪ੍ਰਤਾਪ ਚੰਦਰ ਆਦਿ ਵਡੇ ਈਸਾ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਖਿਆਲਾਂ ਤੋਂ ਇਕ ਖੁਲ੍ਹਾ ਖਿਆਲ ਭਗਤੀ ਤੇ ਉਪਾਸਨਾਂ ਲੈਕੇ ਬ੍ਰਹਮੋ ਨਾਮ ਹੇਠ ਇਕ ਸਮਾਜ ਦੇ ਪ੍ਰਚਾਰਕ ਹੋਏ ਹਨ, ਅਵਤਾਰ ਯਾ ਪੈਗੰਬਰ ਨਹੀਂ। ਕੈਸ਼ਬ ਜੀ ਨੇ ਤਾਂ ਆਪ ਗੁਰੂ ਨਾਨਕ ਦੇਵ ਜੀ ਨੂੰ ਬੜਾ ਉੱਚਾ ਡਿੱਠਾ ਹੈ ਤੇ ਕਿਹਾ ਹੈ ਕਿ ਮੈਂ ਗੁਰੂ ਨਾਨਕ ਦੇਵ ਜੀ ਦਾ ਜੁਤੀ ਦਾ ਤਸਮਾਂ ਖੋਲ੍ਹਣ ਦੇ ਲਾਇਕ ਨਹੀਂ ਹਾਂ।

ਨਿਮਾਜ਼ਾਂ ਮਨਜ਼ੂਰ ਨਹੀਂ, ਤੁਸਾਂ ਦਿਲ ਘੋੜਿਆਂ ਤੇ ਵਛੇਰਿਆਂ ਨੂੰ ਦਿੱਤੇ, ਮੇਰੇ ਰੱਬ ਨੂੰ ਨਹੀਂ ਦਿੱਤੇ। ਜਿਸ ਨੂੰ ਗੁਰ ਨਾਨਕ 'ਮੇਰਾ ਰੱਬ' ਕਹਿੰਦਾ ਹੈ, ਕੈਸਾ ਪ੍ਰਤੱਖ ਸਿਦਕ ਹੈ, ਉਸ ਪਰ ਤੇ ਕੈਸਾ ਯਕੀਨੀ ਯਕੀਨ ਹੈ ਉਸ ਪਰ।

ਇਸ ਹੱਬ ਵਿਚ ਗੁਰ ਨਾਨਕ ਦੇਵ ਜੀ ਦਾ ਯਕੀਨ ਬਾਣੀ ਤੋਂ ਮਲੂਮ ਹੁੰਦਾ ਹੈ। ਗੁਰ ਨਾਨਕ ਦੇਵ ਜੀ ਦਾ ਯਕੀਨ ਐਸਾ ਹੈ ਕਿ ਉਸ ਨੂੰ ਆਪਣਾ ਪਤੀ ਜਾਣਕੇ ਬਿਰਹ ਕਰਦੇ ਹਨ ਅਰ ਅਰਦਾਸਾਂ ਕਰਦੇ ਹਨ, ਦੁਖ ਸੁਖ ਸੁਣਾਉਂਦੇ ਹਨ ਅਰ ਯਕੀਨੀ ਤਰੀਕੇ ਨਾਲ ਉੱਸ ਦਾ ਹੋਣਾ ਵਰਣਨ ਕਰਦੇ ਹਨ। ਮੰਤਕੀਆਂ ਵਾਂਗੂ ਉੱਸ ਦੇ ਸਾਬਤ ਕਰਨ ਦੀਆਂ ਨਿਰੀਆਂ ਦਲੀਲਾਂ ਮਾਤ੍ਰ ਨਹੀਂ ਕਰਦੇ। ਦਾਰਸ਼ਨਕਾਂ ਵਾਂਗੂ ਨਿਰੀ ਖਿਆਲ ਵਿਤ੍ਰੇਕ ਦੀ ਸ਼ਰਨ ਲੈਕੇ ਉਸ ਦੀ ਹਸਤੀ ਸਾਬਤ ਕਰਦੇ ਕਰਦੇ ਖਿਆਲੀ ਮੰਡਲ ਵਿਚ 'ਐਉਂ ਸਿੱਧ ਹੋਇਆ' ਦੇ ਪਰਵਾਜ਼ ਤਕ ਹੀ ਨਹੀਂ ਰਹਿ ਜਾਂਦੇ ਸਗੋਂ ਕਹਿੰਦੇ ਹਨ 'ਰੱਬ ਹੈ'। ਆਪ ਸ਼ੁਰੂ ਹੀ 'ਰੱਬ ਹੈ' ਤੋਂ ਤੋਂ ਹੁੰਦੇ ਹਨ ਤੇ ਮੱਧ ਤੇ ਅੰਤ ਵਿਚ ਬੀ ਰੱਬ ਹੈ ਹੀ ਵੇਖਦੇ ਹਨ। ਓਹ ਰੱਬ ਨੂੰ ਪਰਤੱਖ ਵੇਖਦੇ ਹਨ ਤੇ ਅਹਿੱਲ ਨਿਸਚੇ ਵਿਚ ਫੁਰਮਾਉਂਦੇ ਹਨ:-

ਸਰਬ ਜੋਤਿ ਤੇਰੀ ਪਸਰਿ ਰਹੀ॥
ਜਹ ਜਹ ਦੇਖਾ ਤਹ ਨਰਹਰੀ[੧]॥੧॥
{ਰਾਮਕਲੀ ਮ:੧}

ਗੁਰੂ ਜੀ ਕਿਸੇ ਦੀ ਰਾਹੀਂ ਸੁਨੇਹੇ ਨਹੀਂ ਸੁਣਦੇ। ਪਰਦੇ ਦੇ ਉਹਲਿਓਂ ਆਵਾਜ਼ ਨਹੀਂ ਸੁਣਦੇ, ਓਹ ਦੇਖ ਰਹੇ ਹਨ। ਸ੍ਵਯੰ ਆਪਣੇ ਤਜਰਬੇ ਵਿਚ ਬਿਲਾ ਵਸਾਤਤੇ ਗ਼ੈਰੀ ਸਿੱਧਾ ਆਪਣੇ ਅਕਾਲ ਪੁਰਖ ਨੂੰ ਦੇਖ ਰਹੇ ਹਨ:-

ਜਹ ਜਹ ਦੇਖਉ ਤਹ ਤਹ ਸਾਚਾ॥ {ਗਉ:ਮ:੧}

ਜੋ ਰੱਬ ਪੁਸਤਕਾਂ ਤੋਂ ਸਾਬਤ ਹੋ ਸਕਦਾ ਹੈ, ਕੁਦਰਤ ਜਿਸ ਨੂੰ ਲਖਣਾ ਹੋ ਕੇ ਲਖੋਂਦੀ ਹੈ, ਉਸ ਰੱਬ ਤੋਂ ਵੱਖਰਾ ਗੁਰ ਨਾਨਕ ਨੂੰ ਆਪਣਾ ਰੱਬ ਜ਼ਾਹਰਾ ਦਿੱਸਦਾ ਹੈ, ਪ੍ਰਤੱਖ ਦੀਹਦਾ ਹੈ। ਓਹ ਨਹੀਂ ਕਹਿੰਦੇ ਰੱਬ ਹੋਊ, ਆਓ ਤੱਕੀਏ: ਹੈ ਕਿ ਨਹੀਂ, ਰੱਬ ਹੋ ਸਕਦਾ 'ਹੈ'। ਓਹ ਕਹਿੰਦੇ ਹਨ, ਰੱਬ ਹੈ, ਅਰ ਸਾਡੀ ਨਜ਼ਰ ਜਿੱਧਰ ਜਾਂਦੀ ਹੈ ਉਸਨੂੰ ਵੇਖਦੀ ਹੈ।

ਓਹ ਰੱਬ ਵਿਚ ਆਪਣਾ ਗੁਰੂ ਦੇਖਦੇ ਹਨ। ਰੱਬ ਵਿਚ ਪਿਤਾ ਦੇਖਦੇ ਹਨ, ਰੱਖ ਵਿਚ ਮਾਤਾ ਦੇਖਦੇ ਹਨ ਤੇ ਅੰਤ ਬਾਣੀ ਵਿਚ ਪਿਆਰਾ ਪ੍ਰੀਤਮ ਤੇ ਪਤੀ ਦੇਖਦੇ ਤੇ ਸਦਕੇ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਰੱਬ ਸੱਚੀਂ ਮੁਚੀਂ ਦੀ ਅਸਲੀਅਤ ਹੈ। ਇਹ ਕਹਿਣਾ ਕਿ ਗੁਰ ਨਾਨਕ ਸੱਚਾ ਮੁਤਲਾਸ਼ੀ (Seeker after God) ਸੀ, ਗ਼ਲਤ ਹੈ। ਗੁਰ ਨਾਨਕ ਦੇਵ ਜੀ ਨੂੰ ਉਸ ਦਾ ਰੱਬ ਪ੍ਰਾਪਤ ਸੀ, ਸਾਮਰਤੱਖ ਸੀ, ਜ਼ਾਹਿਰਾ ਜ਼ਹੂਰ ਤੇ ਹਾਜ਼ਰਾ ਹਜ਼ੂਰ ਸੀ। ਉਹ ਉਸਨੂੰ ਜਾਣਦੇ ਤੇ ਸਿਆਣਦੇ ਤੇ ਦੇਖਦੇ ਸੇ, ਇਸ ਨੀਂਹ ਪਰ ਓਹ ਉਸ ਦੇ ਯਕੀਨ ਵਿਚ ਅਹਿੱਲ ਤੇ ਅਚੱਲ ਸੇ।

ਮਾਂ, ਪਿਉ, ਭੈਣ, ਇਸਤ੍ਰੀ, ਦੇਸ਼ ਦਾ ਰਾਜਾ ਗੁਰ ਨਾਨਕ ਨੂੰ ਉਸਦੇ ਰੱਬ ਦੇ ਹੁਕਮ ਵਲੋਂ ਹੋੜਦੇ ਹਨ। ਪਰ ਉਨ੍ਹਾਂ ਉਤੇ ਮੋਹ, ਭੈ ਕੋਈ ਸ਼ੈ ਅਸਰ ਨਹੀਂ ਕਰਦੀ। ਗੁਰ ਨਾਨਕ ਦਾ ਯਕੀਨੀ ਰੱਬ ਉਸਨੂੰ ਵੇਈਂ ਵਿਚੋਂ ਦਰਗਾਹੇ ਬੁਲਾ ਲੈਂਦਾ ਹੈ ਤੇ ਆਖਦਾ ਹੈ ਕਿ ' ਨਾਨਕ! ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਓ। .... ਤੂੰ ਜਾਇ ਕਰਿ ਮੇਰਾ ਨਾਮੁ ਜਪਿ, ਅਰੁ ਲੋਕਾਂ ਥੀਂ ਭੀ ਜਪਾਇ'[੧]। ਯਕੀਨੀ ਰੱਬ ਨੇ ਇਹ ਹੁਕਮ ਦਿੱਤਾ ਹੈ। ਹੁਣ ਗੁਰੂ ਨਾਨਕ ਨੂੰ ਪਰਿਵਾਰ ਯਾ ਕੋਈ ਹੋਰ ਸੰਸਾਰ ਦਾ ਸੁਖ ਕਦ ਰੋਕ ਸਕਦਾ ਹੈ ਜ਼ਾਹਰਾ ਰੱਬ ਨੇ, ਪਰਤੱਖ ਰੱਬ ਨੇ ਹੁਕਮ ਦਿੱਤਾ[੨] ਗੁਰ ਨਾਨਕ ਜੀ ਪੁੱਤ੍ਰ ਤੇ ਇਸਤ੍ਰੀ ਵਿਲਪਦੇ ਛੱਡਕੇ ਆਪਣੇ

---

[੧] ਇਸੇ ਅਹਿੱਲ ਨਿਸਚੇ ਦੇ ਪਰਤੱਖ ਦਰਸ਼ਨਾਂ ਵਿਚ ਪੰਜਵੇ ਪਾਤਸ਼ਾਹ ਗੱਜਕੇ ਬੋਲੇ-"ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ" ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ {ਆਸਾ ਮ:੫}

[੧] ਪੁਰਾਤਨ ਜਨਮ ਸਾਖੀ।

[੨] ਵਾਹਿਗੁਰੂ ਵਲੋਂ ਸੱਦਾ ਆਉਣ ਤੇ ਪ੍ਰਤੱਖ ਦਰਗਾਹੇ ਜਾਣਾ ਤੇ ਹਜ਼ੂਰੀ ਵਿਚੋਂ ਸਰਫ਼ਰਾਜ਼ੀ ਤੇ ਸ਼ਬਦ ਸੋਹਿਲੇ ਦਾ ਹੁਕਮ ਲੈਕੇ ਆਉਣਾ ਆਪ ਗੁਰੂ ਜੀ ਨੇ ਗੁਰਬਾਣੀ ਵਿਚ ਸਾਡੀ ਸਮਝੇ ਆ ਜਾਣ ਵਾਲੀ ਬੋਲੀ ਤੇ ਢੰਗ ਵਿਚ ਐਉਂ ਦੱਸਿਆ ਹੈ:

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥ {ਵਾਰ ਮਾਝ ਮ:੧}

ਪਰਤੱਖ ਰੱਬ ਦੀ ਆਗਯਾ ਪਾਲਣ ਪੰਜ ਵੇਰ ਸਾਰੇ ਸੰਸਾਰ ਵਿਚ ਫੇਰੇ ਮਾਰਦੇ ਹਨ, ਦੂਰ ਤੋਂ ਦੂਰ ਜਾਂਦੇ ਹਨ, ਖੇਦ ਸਹਿੰਦੇ ਹਨ, ਪਰਤਖ ਮਾਲਕ ਦਾ ਪ੍ਰੇਮ ਸੋਹਿਲਾ ਸੁਣਾਉਂਦੇ ਹਨ। ਕੈਸਾ ਉੱਚਾ ਤੇ ਕੈਸਾ ਸੱਚੇ ਤੋਂ ਸੱਚਾ ਯਕੀਨ ਹੈ।

ਹੁਣ ਆਓ ਓਹਨਾਂ ਦੇ ਕਮਾਲ ਵੱਲ "ਰੱਬ ਹੈ" ਮੁਹਮੰਦ ਵਿਚ ਵੀ ਇਸ ਦਾ ਪਤਾ ਮਿਲਦਾ ਹੈ, ਪਰ ਗੁਰ ਨਾਨਕ ਲਈ "ਰੱਬ ਹੈ" ਲਗਾਤਾਰੀ ਲਗਾਉ ਸੀ ਤੇ ਇਕ ਰਸੀ ਯਕੀਨ ਸੀ। ਇਹ ਯਕੀਨ ਕੋਈ ਰੁਝੇਵਾਂ, ਕੋਈ ਨੀਂਦ, ਕੋਈ ਕੰਮ, ਕੋਈ ਦੁਖ ਨਹੀਂ ਸੀ ਜੋ ਭੁਲਾਵੇ ਜਾਂ ਕਿਸੇ ਵੇਲੇ ਭੁਲਾਵੇ। ਊਠਤ, ਬੈਠਤ, ਸੋਵਤ, ਮਾਰਗ ਚਲਤ, ਦਮਬਦਮ ਲਗਾਤਾਰ ਇਕ ਰਸੀ ਯਕੀਨ ਸੀ, ਅਹਿੱਲ ਅਟੁੱਟ, ਕਾਲ ਰਹਿਤ, ਸਦਾ ਜਾਗਦੀ ਰੂਹ ਵਿਚ ਟਿਕਿਆ ਸਿਦਕ ਸੀ। ਸਭਨਾਂ ਅਵਤਾਰਾਂ ਪੈਗ਼ੰਬਰਾਂ ਵਿਚ ਸ਼ੁਭ ਗੁਣ ਸੇ ਪਰ ਪਰਮੇਸ਼ੁਰ ਨਾਲ ਦਿਲ ਨੂੰ, ਸੁਰਤ ਨੂੰ ਲਗਾਤਾਰ ਲਗਾਈ ਰੱਖਣਾ, ਉਸ ਨਾਲੋਂ ਸਾਡੇ ਮਨ ਦਾ ਵਿੱਥ ਨਾ ਪਾ ਜਾਣਾ, ਫੇਰ ਗ੍ਰਿਹਸਤ ਵਿਚ ਰਹਿਣਾ, ਫ਼ਰਜ ਪਾਲਣੇ ਇਹ ਵਿਸ਼ੇਸ਼ਤਾ ਗੁਰ ਨਾਨਕ ਵਿਚ ਸੀ। ਕਾਲ (Time) ਤੇ ਜੋ ਫਤਹ ਪਾਈ, ਤਾਂ ਇਸ ਲਗਾਤਾਰਤਾ ਨਾਲ ਗੁਰ ਨਾਨਕ ਨੇ ਪਾਈ, ਦੇਸ਼ (Space) ਤੇ ਜੋ ਫਤਹ ਪਾਈ ਤਾਂ ਗੁਰ ਨਾਨਕ ਨੇ ਲਗਾਤਾਰ ਆਪਣੇ ਧਿਆਨ ਨੂੰ 'ਸਾਈਂ ਹੈ' ਦੇ ਇਕ ਏਸ ਨੁਕਤੇ ਤੇ ਲਾਈ ਰੱਖਕੇ ਤੇ ਇਥੋਂ ਧਿਆਨ ਨੂੰ ਹੋਰਥੇ ਜਾਣ ਦੇਣ ਦੀ ਆਗਿਆ ਨਾ ਦੇਕੇ ਕਾਰਨ ਤੇ ਕਾਰਜ ਦੇ ਸਿਲਸਿਲੇ, ਨਮਿੱਤ (Cause) ਦੇ ਝਗੜੇ ਨੂੰ ਗੁਰ ਨਾਨਕ ਨੇ ਜਿੱਤਿਆ ਲਗਾਤਾਰ 'ਰਜ਼ਾ' ਵਿਚ ਰਹਿਕੇ ਤੇ ਆਪਣੇ ਧਿਆਨ ਨੂੰ ਨਿਰੇ ਰੱਬ ਤੇ ਕਾਇਮ ਰੱਖਕੇ, ਹਰ ਭਾਣੇ, ਹਰ ਹੋਣੀ, ਹਰ ਵਾਕਿਆ ਨੂੰ ਸਾਈਂ ਵਲੋਂ ਸਮਝਕੇ। ਗੁਰ ਨਾਨਕ ਦੇਵ ਜੀ ਦਾ ਯਕੀਨ ਲਗਾਤਾਰੀ ਯਕੀਨ ਸੀ, ਕਾਲ ਰਹਿਤ ਯਕੀਨ ਸੀ, ਇਸ ਕਰਕੇ ਅਮਰ (ਅ+ਮਰ) ਯਕੀਨ ਸੀ, ਕਾਲ ਰਹਿਤ ਯਕੀਨ ਸੀ। ਇਸ ਗੁਰ ਨਾਨਕ ਦੇਵ ਜੀ ਦੇ ਯਕੀਨ ਸਿਦਕ ਭਰੋਸੇ ਦਾ ਕਮਾਲਾਂ ਦਾ ਕਮਾਲ ਧੁਰ ਉੱਚੀ ਚੋਟੀ ਦਾ ਕਮਾਲ ਸੀ।

ਇਸ ਤੋਂ ਛੁੱਟ ਗੁਰ ਨਾਨਕ ਜੀ ਨੇ ਬਦੀ ਦਾ ਰੱਬ ਸ਼ੈਤਾਨ ਨੂੰ ਨਹੀਂ ਮੰਨਿਆ। ਪਰਮੇਸ਼ੁਰ ਨੂੰ-ਜੈਸਾ ਕਿ ਅਸੀਂ ਦੱਸ ਆਏ ਹਾਂ-ਪੀਹੜੀਆਂ ਤੱਕ ਗ਼ੈਰਤ ਰੱਖਣ ਵਾਲਾ ਨਹੀਂ ਕਿਹਾ। ਇਸ ਦੇ ਨਾਲ ਹੀ ਸਾਈਂ ਨੂੰ ਜੱਬਾਰ ਤੇ ਕਹਾਰ ਨਹੀਂ ਆਖਿਆ। ਹੋਰ ਤਮਾਸ਼ਾ ਹੈ ਕਿ ਆਪਣੇ ਰੱਬ ਨੂੰ ਤੇਜ ਪ੍ਰਤਾਪ ਵਾਲਾ, ਜਲਾਲ ਤੇ ਜਮਾਲ ਦੋਹਾਂ ਖ਼ੂਬਸੂਰਤੀਆਂ ਵਾਲਾ ਵੇਖਿਆ ਹੈ। ਪਰ ਉਸ ਦੇ ਜਲਾਲ ਦੇ ਹੇਠ ਸੱਚ ਤੇ ਨਿਆਉਂ ਡਿੱਠਾ ਹੈ ਅਰ ਪਿਆਰ ਦੇ ਪੁੰਜ ਹੋਣ ਕਰਕੇ ਰਹਿਮ ਵਾਲਾ, ਮਿਹਰਾਂ ਵਾਲਾ, ਨਹੀਂ ਨਹੀਂ ਸਦਾ ਨਦਰੀ ਤੇ ਨਦਰਿ ਨਾਲ ਨਿਹਾਲ ਕਰਨ ਵਾਲਾ ਕਹਿਕੇ ਆਖਿਆ ਤੇ ਦੁਹਾਈ ਦਿੱਤੀ:-

> ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ
> ਕਰਿ ਏਕਠੇ ਏਕ ਰਤੀ ਲੇ ਭਾਹਿ॥ (ਆਸਾ ਮ:੧)

ਰੱਬ ਪਾਪ ਬਖਸ਼ਦਾ ਹੈ, ਮਾਤਾ ਪਿਤਾ ਜੋ ਹੋਇਆ। ਜਿਵੇਂ ਲੱਖਾਂ ਮਣ ਲੱਕੜੀ ਇਕ ਰਤੀ ਅੱਗ ਨਾਲ ਸੜ ਜਾਂਦੀ ਹੈ ਤਿਵੇਂ ਉਸ ਦੀ ਹਜ਼ੂਰੀ ਲੱਖਾਂ ਪਾਪਾਂ ਨੂੰ ਸਾੜਦੀ ਹੈ।

ਗੁਰ ਨਾਨਕ ਨੇ ਹਉਂ ਰਹਿਤ ਹੋਣ ਕਰਕੇ ਨਿਜ ਨੂੰ ਸ੍ਰਿਸ਼ਟੀ ਦਾ ਸਫਾਰਸ਼ੀ ਬੀ ਨਹੀਂ ਕਿਹਾ। ਮਹਾਂ ਪੁਰਖਾਂ ਦਾ ਪੈਗ਼ੰਬਰ ਤੇ ਅਵਤਾਰਾਂ ਦਾ ਇਹ ਬੀ ਇਕ ਪ੍ਰੇਮ ਹੈ ਕਿ ਅਸੀਂ ਵਾਹਿਗੁਰੂ ਪਾਸ ਸਿਫਾਰਿਸ਼ ਕਰਾਂਗੇ, ਪਰ ਇਸ ਵਿਚ ਕਦੇ ਲੇਸ਼ ਮਾਤ੍ਰ ਹਉਂ ਰਹਿ ਜਾਂਦੀ ਹੈ। ਉੱਚੀਆਂ ਅਟਾਰੀਆਂ ਦੇ ਰਹਿਣ ਵਾਲੇ ਗੁਰ ਨਾਨਕ ਦੇਵ ਜੀ ਨੇ ਸਾਡੇ ਲਈ ਇਕਹੱਤਰ ਬਹਤਰ ਬਰਸ ਸੂਲੀ ਤੇ ਜੀਵਨ ਬਿਤਾਇਆ, ਸਾਡੇ ਪਰ ਸਭ ਕੁਛ ਵਾਰਿਆ, ਰੱਬ ਦੇ ਪਿਆਰ ਭਰੋਸੇ, ਸਿਦਕ ਵਿਚ ਪੁੱਤ੍ਰਾਂ ਦੇ ਲਾਭ ਵਾਰ ਘੱਤੇ ਤੇ ਰੱਬੀ ਯਕੀਨ ਵਾਲੇ ਸਿੱਖ ਨੂੰ ਸਭ ਕੁਛ ਦਿੱਤਾ, ਉੱਚੀ ਤੋਂ ਉੱਚੀ ਸਿਫਾਰਸ਼ ਇਹ ਹੈ, ਇਸ ਕਮਾਲਾਂ ਦੇ ਕਮਾਲ-ਹਉਂ ਦੇ ਅਭਾਵ-ਵਿਚ ਰਹਿਕੇ ਸਾਡੇ ਲਈ ਅਰਦਾਸ ਕੀਤੀ:-

> 'ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ

ਤਹ ਰਾਖੁ ਤੁਹੀ[1]' {ਆਸਾ ਮ:੧}

ਫੇਰ ਆਪ ਕਿਸ ਅਵਸਥਾ ਵਿਚ ਰਹੇ?

'ਹੋਦਾ ਫੜੀਅਗੁ ਨਾਨਕ ਜਾਣੁ॥ ਨਾ ਹਉ ਨਾ ਮੈ ਜੂਨੀ ਪਾਣੁ'[2]॥ {ਵਾਰ ਮਲਾ: ਮ:੧}

ਫਿਰ ਕਿਆ ਗੁਰੂ ਜੀ ਨੇ ਸਿਖਾਂ ਨੂੰ ਆਪਣੀ ਮਦਦ ਦੇਣੋਂ ਸਿਰ ਫੇਰਕੇ ਜਗਤਾਸੂ ਮਨ ਨੂੰ ਨਿਰਾਸਤਾ ਵਿਚ ਸਿੱਟ ਦਿਤਾ? ਨਹੀਂ, ਆਪ ਨੇ ਫੁਰਮਾਇਆ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ {ਵਾਰ ਮਾਝ ਮ:੧}

ਗੁਰੂ ਹਾਮੀ ਭਰੇਗਾ, ਤੁਹਾਡਾ ਸਹਾਈ ਹੋਵੇਗਾ। ਪਰ ਤਾਂ ਜੇ ਮੁਰਦਾਰ ਨਾ ਖਾਓਗੇ। ਗੁਰੂ ਜੀ ਉੱਚੀ ਤੋਂ ਉੱਚੀ ਇਖ਼ਲਾਕੀ ਪਵਿਤ੍ਰਤਾ ਤੇ ਧਰਮ ਦੀ ਨੀਂਹ ਰੱਖਕੇ ਉਸ ਨੂੰ ਰੂਹਾਨੀਅਤ ਦੀ ਊਰਧ ਗੰਮਤਾ ਵਿਚ ਲੈ ਜਾਂਦੇ ਹਨ, ਭਾਵ ਉੱਚਾ ਲੈ ਜਾਂਦੇ ਹਨ। ਮਨ ਨੂੰ ਪਵਿੱਤ੍ਰ ਕਰਕੇ ਰੂਹਾਨੀ ਮੰਡਲਾਂ ਵਿਚ ਜਾ ਜੋੜਦੇ ਹਨ।

ਸੋ ਜਿਵੇਂ ਸ਼ੇਖ ਬ੍ਰਹਮ (ਫਰੀਦ) ਨੂੰ ਸਤਿਗੁਰਾਂ ਨੇ ਅਣਹੋਂਦਾ ਆਪ ਵੰਡਾਕੇ ਨਿਹਾਲ ਕੀਤਾ ਉਸੇ 'ਤਰ੍ਹਾਂ ਸਾਨੂੰ ਮਾਰੇ ਜਗਤ ਨੂੰ 'ਆਪੇ ਨੂੰ ਆਪੇ ਤੋਂ ਅਣਹੋਂਦ ਕੀਤਾ ਹੋਇਆ' ਆਪਾ ਗੁਰੂ ਜੀ ਨੇ ਦੇ ਦਿੱਤਾ, 'ਰੱਬ' ਦੇ ਦਿੱਤਾ, ਆਪਣਾ-ਸੱਚਾ ਸਿਖ' ਦੇ ਦਿੱਤਾ, ਅਤੇ 'ਸਿੱਖੀ' ਦੇ ਦਿੱਤੀ।

ਹਾਂ ਜੀ, ਗੁਰੂ ਜੀ ਨੇ ਜੀਵਨ ਦਾ ਖਾਸ ਕਮਾਲ ਵਿਸ਼ੇਸ਼ ਲੱਖਣ, ਅੱਲਾ ਦੇ ਯਕੀਨ ਵਿਚ ਇਸ ਕਮਾਲ ਦਾ ਹੈ ਕਿ ਓਹਨਾਂ ਦਾ ਯਕੀਨ ਲਗਾਤਾਰ ਭਗਤੀ, ਲਗਾਤਾਰ ਯਾਦ, ਹਜ਼ੂਰੀ ਵਾਸ ਹੈ ਤੇ ਸਾਨੂੰ ਆਖਿਆ:-

[1] ਤੀਜੇ ਜਾਮੇ ਫੁਰਮਾਇਆ:-ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ {ਵਾਰ ਬਿਲਾਵਲ ਮ:੩}

[2] ਸ਼ੇਖ ਬ੍ਰਹਮ (ਫਰੀਦ ਸਾਨੀ) ਨੂੰ ਐਸੇ ਭਗਤ ਦੀ ਤਲਾਸ਼ ਸੀ ਕਿ ਜੋ ਆਪ ਹਉ ਤੋਂ ਅਣਹੋਂਦ ਹੋ ਗਿਆ ਹੋਵੇ, ਓਹ ਆਪ ਵੰਡਕੇ ਮੈਨੂੰ ਦੇਵੇ:' ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥ ਅਣਹੋਦੇ ਆਪੁ ਵੰਡਾਏ॥ ਕੋਈ ਐਸਾ ਭਗਤੁ ਸਦਾਏ॥'ਇਸ ਆਦਰਸ਼ਕ ਮਹਾਂਪੁਰਖ ਦੀ ਤਲਾਸ਼ ਸੀ ਫਰੀਦ ਸਾਨੀ ਸ਼ੇਖ ਇਬ੍ਰਾਹੀਮ ਨੂੰ-ਜਦੋਂ ਗੁਰ ਨਾਨਕ ਜੀ ਉਸਨੂੰ ਮਿਲੇ ਤੇ ਠੰਡ ਪਾਈ।

ਸਿੱਖੋ ! ਰੱਬ ਨਾਲ ਲਗੇ ਹਟੋ; ਅੱਠੀ ਦਿਨੀਂ ਇਕ ਵਾਰ ਨਹੀਂ, ਹਰ ਦਿਨ; ਸਵੇਰੇ ਸੰਧਿਆ ਨੂੰ ਨਹੀਂ, ਹਰ ਦਿਨ ਪੰਜ ਵਾਰ ਨਹੀਂ, ਪਰ ਲਗਾਤਾਰ-

ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ॥ {ਸੂਹੀ ਮ:੧}

ਹਰਦਮ ਅਰਦਾਸ ਕਰੋ, (ਦਿਲੀ ਲਗਾਉ ਅਨੰਤ ਨਾਲ ਲਗਾਤਾਰ ਰੱਖਕੇ) ਹਰਦਮ ਹਵਨ ਕਰੋ (ਯਾਦ ਦੀਆਂ ਆਹੂਤੀਆਂ ਨਾਲ) ਹਰਦਮ ਸਿਜਦਾ ਕਰੋ (ਲਗਾਤਾਰ ਹਜ਼ੂਰੀ ਵਿਚ ਵੱਸਕੇ)।

### ੧੦. {ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ਼ੰਕਰਾਚਾਰਜ ਪਲਾਤੂਸ, ਸੁਕ੍ਰਾਤ ਅਰਸਤੂ, ਕਾਂਟ, ਸ਼ਾਪਨਹਯੂਰ ਆਦਿ}

੧. ਸ਼ੰਕ੍ਰਾਚਾਰਜ, ਪਲਾਤੂਸ, ਕਾਂਟ ਆਦਿ ਏਹ ਸਾਰੇ ਅਵਤਾਰ ਯਾ ਪੈਗੰਬਰ ਨਹੀਂ, ਪਰ ਫਿਲਾਸਫਰ ਹੋਏ ਹਨ। ਇਹ ਸਾਰੇ ਖਿਆਲ (Idealism) ਦੀ ਪੜਤਾਲ ਵਾਲੇ ਦਾਨੇ ਸਨ। ਸੁਕ੍ਰਾਤ ਜੀ ਦਾਨਾਈ ਤੇ ਜੀਵਨ ਦੀ ਵਰਤੋਂ ਦੇ ਦਰੁਸਤ ਕਰਨ ਦਾ ਆਦਰਸ਼ ਰਖਣ ਕਰਕੇ ਸੁਖੀ ਜੀਵਨ ਨੂੰ ਅਮਲੀ ਤੌਰ ਤੇ ਬਨਾਉਣ ਵਲ ਵਧੇਰੇ ਝੁਕੇ ਹੋਏ ਦਾਨੇ ਸਨ[1]। ਇਨ੍ਹਾਂ ਨੇ ਯੂਨਾਨ ਵਿਚ 'ਇਕ ਵਾਹਿਗੁਰੂ ਹੈ' ਦਾ ਖਿਆਲ ਫੈਲਾਇਆ ਤੇ ਇਸ ਬਦਲੇ ਜ਼ਹਿਰ ਦੇਕੇ ਮਾਰੇ ਗਏ। ਪਲਾਤੂਸ ਇਨ੍ਹਾਂ ਦੇ ਚੇਲੇ ਸਨ; ਪਰ ਉਨ੍ਹਾਂ ਦੀ ਫਿਲਾਸਫੀ ਸ਼ੰਕਰਾਚਾਰਜ ਨਾਲ ਬਹੁਤ ਮਿਲਦੀ ਹੈ, ਅਰਥਾਤ ਓਹ ਖ਼ਿਆਲ ਦੀ ਪੜਤਾਲ ਦੇ ਦਾਨੇ (Idealistic) ਸੇ। ਇਸੇ ਤਰਾਂ ਅਰਸਤੂ ਦੇ ਖਿਆਲ ਇਸੇ ਰੁਖ ਦੇ ਹਨ। ਇਨ੍ਹਾਂ ਦਾ ਮੰਤਕ ਸਾਡੇ ਗੌਤਮ ਦੇ ਨਯਾਯ ਦਰਸ਼ਨ ਨਾਲ ਕੁਛ ਕੁਛ ਮਿਲਦਾ ਹੈ। ਦੋ ਹਜ਼ਾਰ ਬਰਸ ਲਗ ਪਗ ਇਨ੍ਹਾਂ ਮਹਾਨ ਫਿਲਾਸਫਰਾਂ ਨੂੰ ਬੀਤ ਗਿਆ ਹੈ। ਇਸ ਅਰਸੇ ਵਿਚ ਸ਼ੰਕਰਾਚਾਰਜ ਜੀ ਹਿੰਦ ਵਿਚ ਹੋਏ ਜੋ ਫਿਲਾਸਫੀ ਦੇ ਖਿਆਲ ਵਿਚ ਇਨ੍ਹਾਂ ਤੋਂ ਬਹੁਤ ਉੱਚੇ ਉੱਠੇ, ਅਤੇ ਉਧਰ ਜਰਮਨੀ ਵਿਚ ਹੁਣ ਕੈਂਟ ਸ਼ਾਪਨਹਯੂਰ ਹੋ ਚੁਕੇ ਹਨ, ਜਿਨ੍ਹਾਂ ਨੇ ਫਿਲਾਸਫੀ

[1] ਪਲਾਤੂਸ ਜੀ Idealistic ਫਿਲਸਫੇ ਦੇ ਆਚਾਰਯ ਹੋਏ ਹਨ। ਸੁਕ੍ਰਾਤ ਨੂੰ Realastic (ਦ੍ਰਿਸ਼ਟਮਾਨ ਸੱਤਿ ਹੈ ਮੰਨਣ ਵਾਲੇ) ਦਾਨੇ ਕਹਿਣਾ ਬੰਣਦਾ ਹੈ। ਉਹ ਅਮਲੀ ਜੀਵਨ ਤੇ ਕਰਮਾਂ ਵਲ ਰੁਖ ਰੱਖਦੇ ਸਨ। ਓਹ ਮੁਫ਼ੀਦ ਨੂੰ ਖੂਬਸੂਰਤ ਕਹਿੰਦੇ ਹੁੰਦੇ ਸਨ।

ਦੀਆਂ ਕਈ ਮੁਸ਼ਕਲਾਂ ਪੱਛੋਂ ਦੇ ਫਿਲਸਫੇ ਵਿਚ ਹੱਲ ਕੀਤੀਆਂ ਹਨ। ਏਹ ਦੋਏ ਹਿੰਦੀ ਫਿਲਸਫੇ ਦੇ ਜਾਨਣ ਵਾਲੇ ਬੀ ਸੇ। ਸਭ ਤੋਂ ਪਹਿਲੇ ਉਪਨਿਖਦਾਂ ਦੇ ਖਯਾਲ ਫਿਲਸਫੇ ਦਾ ਆਰੰਭ ਹਨ। ਤਦ ਤੋਂ ਹੁਣ ਤਕ ਇਹ ਇਕ ਸੁਆਦਲੀ ਮੁਤਾਲਿਆ ਹੈ ਕਿ ਇਨਸਾਨ ਦਾ ਖਿਆਲ ਫਿਲਸਫੇ ਵਿਚ ਕੀਕੂੰ ਵਧਿਆ ਤੇ ਤ੍ਰੱਕੀ ਕਰਦਾ ਗਿਆ ਹੈ? ਪਰ ਇਹ ਵਿਚਾਰ ਐਨਾ ਲੰਬਾ ਹੈ ਕਿ ਇਕ ਭਾਰੀ ਗ੍ਰੰਥ ਵਰਣਨ ਹੋ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਸਲੇਬਾਜ਼ੀ ਤੇ ਨਿਰੀ ਦਲੀਲੀ ਲਾਲਟੈਣਾਂ ਲੈਕੇ ਜਗਤ ਦੀਆਂ ਅਖੁੱਲ੍ਹ ਗੰਢਾਂ ਤੇ ਕਦੇ ਨਾ ਸੁਲਝੀਆਂ ਅੜਚਨਾਂ ਖੋਹਲਣ ਵਿਚ ਤੇ ਫੇਰ ਬਹਿਸਾਂ ਵਿਚ ਹੀ ਰੁੱਝੇ ਰਹਿਣ ਦੀ ਪਰਪਾਟੀ ਨਹੀਂ ਤੋਰੀ। ਗੁਰੂ ਨਾਨਕ ਦੇਵ ਜੀ ਮਨੁਖ ਆਚਰਨ ਨੂੰ ਉੱਚਾ ਕਰਦੇ ਤੇ ਅੰਦਰਲੇ ਨੂੰ ਅਨੁਭਵ ਵਿਚ ਲੈ ਜਾਂਦੇ ਸਨ। ਸਚ ਤਾਂ ਸਾਰਾ ਸਿਖਾਇਆ ਹੈ, ਰੂਹਾਨੀਅਤ ਸਿਖਾਈ ਹੈ, ਉਹਨਾਂ ਦੀ ਸਿੱਖਿਆ ਵਾਹਿਗੁਰੂ ਦੇ ਗਿਆਨ ਦਾ ਅਨੁਭਵ ਹੈ, ਉਸੇ ਵਿਚ ਫਿਲਸਫਾ ਬੀ ਹੈ, ਦਲੀਲ ਬੀ ਹੈ, ਪਰ ਨਾਮ, ਪ੍ਰੇਮ ਤੇ ਭਗਤੀ ਦੇ ਅਮਲੀ ਉਚੇ ਵਲਵਲੇ ਹਨ। ਫਿਰ ਉਨ੍ਹਾਂ ਨੇ ਬੁੱਧੀ ਤੋਂ ਅੱਗੇ 'ਸੁਧਿ' ਯਾ 'ਸਿਧੀ' ਤੇ 'ਵਿਸਮਾਦ' ਦਾ ਪਤਾ ਦਿੱਤਾ ਹੈ। ਪਰ ਵਹਿਮੀ ਪੈਣਾਂ ਯਾ ਸੋਚੀਂ ਪੈਕੇ ਸੁਰਤ ਨੂੰ ਨਿਰਬਲ ਕਰਨਾ ਨਹੀਂ ਸਿਖਾਇਆ। ਫਿਰ ਆਪ ਆਖਸੋ ਅਸਾਂ ਕਿਉਂ ਫਿਲਾਸਫਰਾਂ ਵਿਚ ਗੁਰ ਨਾਨਕ ਦੇਵ ਜੀ ਦਾ ਜ਼ਿਕਰ ਚਲਾਇਆ ਹੈ? ਕੇਵਲ ਇਸ ਲਈ ਕਿ ਕਿਸੇ ਮਜ਼ਹਬ ਤੋਂ ਤੁਸੀਂ ਫਿਲਾਸਫੀ ਯਾ ਇਸ ਵਰਗੇ ਖਿਆਲਾਂ ਨੂੰ ਦੂਰ ਨਹੀਂ ਕਰ ਸਕਦੇ। ਯਾ ਤਾਂ ਮਜ਼ਹਬ ਕਿਸੇ ਇਕ ਫਿਲਾਸਫੀ ਤੇ ਚਲਦਾ ਹੈ, ਯਾ ਮਜ਼ਹਬ ਤੋਂ ਫਿਲਸਫਾ ਮੌਲ ਪੈਂਦਾ ਹੈ। ਕਿਸੇ ਨਾ ਕਿਸੇ ਤਰ੍ਹਾਂ ਦੁਹਾਂ ਦਾ ਕੁਛ ਨਾ ਕੁਛ ਤਅੱਲਕ ਜੁਦਾ ਨਹੀਂ ਹੋ ਸਕਦਾ। ਅਸਲ ਵਿਚ ਦਰੁਸਤ ਅਰਥਾਂ ਵਿਚ ਫਿਲਾਸਫੀ ਹੈ ਹੀ ਧਾਰਮਕ ਅਵਸਥਾ ਦੀ ਯਥਾਰਥ ਸਮਝ ਦਾ ਨਾਉਂ। ਧਰਮ ਯਾ ਮਜ਼ਹਬ 'ਅਮਲੀ ਜੀਵਨ' ਤੇ ਧਰਮ ਦਾ ਦਾਰਸ਼ਨਿਕ ਪਹਿਲੂ ਹੈ ਫਿਲਸਫਾ ਅਰਥਾਤ ਉਸ ਧਰਮ ਦੀ ਸੋਝੀ। ਬੁੱਧ ਜੀ ਨੇ ਪਵਿੱਤ੍ਰਤਾ ਸਿਖਾਈ ਪਰ ਵਿਚੋਂ ਉਹਨਾਂ ਦੀ ਵੱਖਰੀ ਫਿਲਾਸਫੀ ਬਣ ਗਈ। ਜੈ ਦੇਵ ਤੇ ਗੌਰੰਗ ਨੇ ਕ੍ਰਿਸ਼ਨ ਦੀ ਪ੍ਰੀਤ ਵਿਚ ਸੰਗੀਤਕ ਲਹਿਰਾਉ ਖਾ ਕੇ ਪ੍ਰੇਮ ਜੀਵਨ ਪੈਦਾ ਕੀਤਾ, ਪਰੰਤੂ ਰਾਮਾਨੁਜ ਤੇ ਹੋਰ ਆਚਾਰਜ਼ਾਂ ਨੇ ਦ੍ਵੈਤ ਅਦ੍ਵੈਤ ਦੀ ਫਿਲਾਸਫੀ ਦਾ ਮੰਦਰ ਰਚਿਆ। ਇਸ ਕਰਕੇ ਅਸੀਂ ਅੱਜ ਦੇਖਣਾ ਹੈ ਕਿ ਸਮੁਚੇ ਤੌਰ ਤੇ ਪੰਜ ਛੇ ਹਜ਼ਾਰ ਬਰਸ ਵਿਚ ਜੋ ਕੁਛ ਫਿਲਾਸਫੀ ਦੇ ਨਾਮ ਹੇਠ ਬਣਿਆ ਹੈ, 'ਕਾਂਟ' ਨਾਮੇ ਫਿਲਾਸਫਰ ਨੇ ਇਸ ਦੀ ਇਕ ਅਨੋਖੇ ਤਰਜ਼ ਦੀ ਵਿਆਖਿਆ ਕੀਤੀ ਹੈ, ਗੁਰੂ ਨਾਨਕ ਦੀ ਮੱਤ ਸੁਮੱਤ ਸਾਨੂੰ ਉਸ ਦੇ ਸੰਬੰਧ ਵਿਚ ਕਿਥੇ ਕੁ ਲੈ ਜਾਂਦੀ ਹੈ?

ਕਾਂਟ ਦੀ ਸਮਝ ਏਥੇ ਆਈ ਹੈ ਕਿ ਸਾਡੇ ਮਨ ਦੀ ਅਸਲੀ ਬਨਾਵਟੀ ਦਸ਼ਾ 'ਦੇਸ਼ ਕਾਲ ਨਮਿੱਤ' ਨਾਲ ਬਣੀ ਹੈ। ਅਰਥਾਤ ਅਸੀਂ ਕਿਸੇ ਐਸੇ ਖਿਆਲ ਨੂੰ ਖਿਆਲ ਹੀ ਨਹੀਂ ਕਰ ਸਕਦੇ ਜਿਸ ਵਿਚ ਸਮੇਂ (Time) ਦਾ ਖਿਆਲ ਦੇਸ਼ (Space) ਅਰਥਾਤ ਵਿੱਥ ਦਾ ਖਯਾਲ ਨਾ ਹੋਵੇ ਜਿਸ ਵਿਚ ਕਾਰਨ ਦਾ ਪ੍ਰਭਾਉ ਮੌਜੂਦ ਨਾ ਹੋਵੇ। ਪਹਿਲੇ ਫਿਲਾਸਫਰਾਂ ਦਾ ਖਿਆਲ ਸੀ ਕਿ ਇਹ ਦਿੱਸਣ ਵਾਲਾ ਸੰਸਾਰ 'ਦੇਸ਼ ਕਾਲ ਨਮਿੱਤ' ਵਿਚ ਹੈ, ਪਰ ਹੁਣ 'ਕਾਂਟ' ਆਦਿ ਸਿਆਣਿਆਂ ਨੇ ਮੰਨਿਆਂ ਹੈ ਕਿ ਦੇਸ਼ ਕਾਲ ਨਮਿੱਤ ਸਾਡੇ ਮਨ ਦੀ ਸਰਿਸ਼ਤ ਵਿਚ ਹੈ। ਸਾਡਾ ਮਨ ਇਨ੍ਹਾਂ ਨਾਲ ਉਪਾਧਿਤ ਹੈ। ਇਸ ਦੀ ਪਹਿਲੀ ਦਸ਼ਾ[1] ਇਹੋ ਹੈ।

੨. ਦੂਜਾ ਖਿਆਲ ਇਹੋ ਹੈ ਕਿ ਜਦ ਸਾਨੂੰ ਸੁੰਦਰਤਾ ਦਾ ਝਲਕਾ ਵੱਜੇ ਤਦੋਂ ਸਾਡਾ ਮਨ ਥੋੜੇ ਕਾਲ ਲਈ ਅਡੋਲ ਯਾ ਗੁੰਮ ਹੋ ਜਾਂਦਾ ਹੈ, ਅਰਥਾਤ ਆਪਣੇ 'ਸੋਚਣ, ਜਾਣਨ, ਪ੍ਰਤੀਤ ਕਰਨ' ਦੇ ਤ੍ਰੈਏ ਕੰਮ ਛੱਡ ਦੇਂਦਾ ਹੈ, ਉਸ ਵੇਲੇ ਸਾਡੀ ਜੋ ਦਸ਼ਾ ਹੁੰਦੀ ਹੈ ਇਕ ਤਰ੍ਹਾਂ ਦੇ ਰਸ ਦਾ ਸੁਆਦ ਹੁੰਦਾ ਹੈ। ਇਸ ਵੇਲੇ ਅਗੰਮ, ਅਕਹਿ, ਅਥਾਹ ਪਾਰਬ੍ਰਹਮ ਅਵਸਥਾ ਵਿਚ ਸਾਡੀ ਝਾਤ ਪੈਂਦੀ ਹੈ। ਪਰ ਇਹ ਦਸ਼ਾ ਖਿਨ ਭੰਗਰ ਹੁੰਦੀ ਹੈ, ਲਗਾਤਾਰ ਨਹੀਂ ਹੁੰਦੀ।

੩. ਜਦ ਤਕ ਸਾਡਾ ਮਨ ਦੇਸ਼ ਕਾਲ

[1] A Priori

ਨਮਿੱਤ ਵਿਚ ਹੈ ਰੱਬ ਨੂੰ ਨਹੀਂ ਜਾਣ ਸਕਦਾ। ਕਿਉਂਕਿ ਉਹ ਦੇਸ਼ ਕਾਲ ਵਿਚ ਆ[੧] ਨਹੀਂ ਸਕਦਾ ਉਸਦਾ ਖਿਆਲ ਉਹ ਮਨ ਨਹੀਂ ਕਰ ਸਕਦਾ ਜੋ ਦੇਸ਼ ਕਾਲ ਬਿਨਾ ਕੋਈ ਖਿਆਲ ਹੀ ਨਹੀਂ ਕਰ ਸਕਦਾ।

ਹੁਣ ਆਓ ਗੁਰੂ ਨਾਨਕ ਦੇਵ ਜੀ ਦੇ ਪਰਤੱਖ ਵਰਤੋਂ ਤੇ ਕਰਕੇ ਦੱਸ ਦੇਣ ਤੇ ਪੁਚਾ ਦੇਣ ਵਾਲੇ ਅਮਲੀ ਜੀਵਨ ਵਲ। ਜਾਪਦਾ ਹੈ ਕਿ ਉਹਨਾਂ ਨੂੰ ਇਹ ਸਾਰੀ ਸੋਝੀ ਸੀ। ਪਰ ਅਮਲੀ ਆਤਮਕ ਤ੍ਰੀਕੇ ਨਾਲ ਸੀ ਤੇ ਪਰਤੱਖ ਸੀ। ਚੁਨਾਂਚਿ ਉਨ੍ਹਾਂ ਨੇ ਉਸ ਰੱਬ ਨੂੰ, ਜੋ ਸੁੰਦਰਤਾ ਦੇ ਝਲਕਾਰੇ ਤੋਂ ਸਾਡੇ ਵਿਚ ਸਮਾਧੀ ਅਵਸਥਾ ਯਾ ਦੇਸ਼ ਕਾਲ ਨਮਿੱਤ ਤੋਂ ਉਚੇਰੀ ਅਵਸਥਾ ਪੈਦਾ ਕਰਦਾ ਹੈ 'ਵਿਸਮਾਦ' ਹੇਠ ਵਰਣਨ ਕੀਤਾ ਹੈ। ਇਥੇ ਵਿਸਥਾਰ ਦਾ ਸਮਾਂ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਇਸ ਦਸ਼ਾ ਦੇ ਦਰਜਿਆਂ ਦਾ ਬੀ ਵਰਣਨ ਹੈ। ਵਿਸਮਾਦ ਇਕ ਉੱਚੀ ਅਵਸਥਾ ਹੈ, ਜਿਸ ਤੋਂ ਸਾਨੂੰ ਪਾਰਲਾ ਅਨੁਭਵ ਛੁਹ ਯਾ ਗੋਤਾ ਮਿਲਦਾ ਹੈ। ਸਾਡੀ ਜਾਚੇ ਜਗਤ ਵਿਚ ਪਹਿਲੇ ਦਾਨੇ ਗੁਰ ਨਾਨਕ ਦੇਵ ਜੀ ਹੋਏ ਹਨ, ਜਿਨ੍ਹਾਂ ਨੇ ਅਜ[੨] ਤੋਂ ਸਾਢੇ ਚਾਰ ਸੌ ਬਰਸ ਪਹਿਲਾਂ 'ਵਿਸਮਾਦ' ਦਾ ਅਨੁਭਵ ਕਰਕੇ ਇਸਦਾ ਹਾਲ ਵਰਣਨ ਕੀਤਾ ਹੈ।

ਫਿਰ ਮਸਲੇ ਬਾਜ਼ੀ ਯਾ ਦੇਸ਼ ਕਾਲ ਨਮਿੱਤ ਦੀ ਵਿਚਾਰ ਦਾ ਵਿਸਥਾਰ ਤਾਂ ਬਿਆਨ ਨਹੀਂ ਕੀਤਾ। ਪਰੰਤੂ ਅਮਲੀ ਤ੍ਰੀਕਾ ਜੋ ਸਾਂਈ ਪ੍ਰਾਪਤੀ ਦਾ ਗੁਰੂ ਜੀ ਨੇ ਦੱਸਿਆ ਹੈ ਉਹ ਫ਼ਿਲਾਸਫ਼ੀ ਦੇ ਇਸ ਨੁਕਤਾ ਖਿਆਲ ਤੋਂ 'ਦੇਸ਼ ਕਾਲ ਨਮਿੱਤ' ਤੋਂ ਆਜ਼ਾਦ ਕਰਕੇ ਆਤਮਾ ਨੂੰ ਨਿਜ ਘਰ ਨੂੰ ਲੈ ਜਾਣ ਵਾਲਾ ਹੈ। ਫ਼ਿਲਾਸਫ਼ੀ ਆਖਦੀ ਹੈ ਕਿ ਜੇ ਵਿਸਮਾਦ ਦੀ ਦਸ਼ਾ ਲਗਾਤਾਰ ਹੋ ਜਾਏ 'ਦੇਸ਼ ਕਾਲ ਨਮਿੱਤ' ਸਾਡੇ ਮਨ ਤੋਂ ਦੂਰ ਹੋ ਜਾਏ ਯਾ ਇਹ ਮਨ ਅ+ਮਨ ਹੋ ਜਾਏ ਤਾਂ ਸਾਡੀ ਅੰਦਰਲੀ ਜੀਵਨ ਕਣੀ 'ਅਨੰਤ' ਵਿਚ ਅੱਪੜ ਜਾਏਗੀ। ਹੁਣ ਲਓ ਤ੍ਰੈਏ ਗਲਾਂ ਤੇ ਗੁਰ ਨਾਨਕ ਦੇਵ ਦੇ ਤ੍ਰੈਏ ਕਮਾਲ।

ਕਾਲ–ਇਕ ਗਲ ਦੇ ਬਾਦ ਦੂਸਰੀ ਹੁੰਦੀ ਜਾਣੀ ਸਾਨੂੰ ~~ਕਾਲ ਦਾ~~ ਪਤਾ ਦੇਂਦੀ ਹੈ। (ਹੋਣੀਆਂ ਦੀ ਤਰਤੀਬ ਇਕ ਦੂਸਰੇ ਦੇ ਬਾਦ ਹੋਣ ਦੀ, ਦਾ ਨਾਮ ਕਾਲ ਹੈ) ਹੁਣ ਜੇ ਇਕ ਗਲ ਲਗਾਤਾਰ ਸ਼ੁਰੂ ਹੋ ਜਾਵੇ ਅਰ ਮਨ ਹੋਰਨਾਂ ਗਲਾਂ ਦੇ ਹੋਣ ਤੋਂ ਮੁੜਦਾ ਮੁੜਦਾ ਇਕੋ ਲਗਨ ਵਿਚ ਹਰ ਵੇਲੇ ਪੈ ਜਾਵੇ ਤਾਂ ਕਾਲ ਦਾ ਗਿਆਨ 'ਭੂਤ ਭਵਿੱਖ' ਤੋਂ ਨਿਕਲ ਕੇ ਇਕੋ 'ਹੁਣ' ਵਿਚ ਰੌ ਪਾ ਜਾਏਗਾ[੧]। ਹਰ ਛਿਨ ਵਿਚ ਵਾਹਿਗੁਰੂ ਵਿਚ ਖਿਆਲ ਦਾ ਰਹਿਣਾ, ਉਸ ਛਿਨ ਨੂੰ, ਜੋ ਇਕ 'ਨੁਕਤਾ', ਹੈ ਲਗਾਤਾਰਤਾ ਨਾਲ ਦ੍ਰਿੜ੍ਹ ਕਰਦਾ ਹੈ। ਜਦ ਖਿਆਲ ਇਕ 'ਨਾਮ' ਵਿਚ ਹੈ ਤਦ ਜੋ ਛਿਨ ਲੰਘ ਗਈ ਹੈ ਉਸ ਵਿਚ ਜਾਵੇਗਾ ਹੀ ਨਹੀਂ ਤੇ ਹਰ ਛਿਨ ਜੋ 'ਹੁਣ' ਬਣ ਗਈ ਹੈ ਉਸ ਵਿਚ ਵਾਹਿਗੁਰੂ ਤੋਂ ਖਿਆਲ ਉਖੜਨ ਨਹੀ ਦੇਣਾ ਤਦ ਭਵਿੱਖਤ ਵਿਚ ਜਾਣੋਂ ਰੁਕੇਗਾ, ਤੇ ਹਰ ਭਵਿੱਖਤ ਦੀ ਛਿਨ ਨੇ 'ਹੁਣ' ਬਣਦੇ ਜਾਣਾ ਹੈ, ਇਸ ਤਰ੍ਹਾਂ 'ਹੁਣ' ਵਿਚ ਨਾਮ ਟਿਕਾ ਦੇਵੇਗਾ। ਸਾਡੀ ਹੁਣ 'ਸਦੈਵੀ ਹੁਣ' ਬਣ ਜਾਏਗੀ। ਨਾਮ ਵਿਚ ਇਸਥਿਤ ਅਭਿਜਾਸੀ ਦਾ ਕਾਲ ਦਾ ਫੈਲਾਉ ਇਸ ਸਦੈਵੀ ਹੁਣ, ਇਸ (Eternal Now) ਵਿਚ ਆ ਟਿਕੇਗਾ। ਇਹ ਟਿਕਾਉ ਇਕ ਨੁਕਤੇ ਤੇ ਹੋ ਜਾਵੇਗਾ; ਅਰਥਾਤ ਕਾਲ ਇਕ ਨੁਕਤੇ ਪਰ ਰਹਿ ਜਾਏਗਾ। ਇਹ ਨੁਕਤਾ ਹੋਏਗਾ ਤਾਂ ਇਕ ਕਾਲ, ਪਰ ਅਕਾਲ ਵਰਗਾ।

ਨੁਕਤਾ ਉਹ ਸ਼ੈ ਹੈ ਜੋ ਹੈ ਸਹੀ; ਪਰ ਉਸ ਦੀ ਲੰਮਾਈ ਚੌੜਾਈ ਉਚਾਈ (Magnitude) ਕੋਈ ਨਹੀਂ ਹੈ। ਸਿੱਧ ਹੋਇਆ ਕਿ ਨਾਮ ਨਾਲ ਕਾਲ ਦਾ ਖਯਾਲ, ਇਕ ਐਸੇ ਨੁਕਤੇ ਤੇ ਆ ਟਿਕੇਗਾ

---

੧ 'ਦੇਸ਼ ਕਾਲ ਅਨ ਅਵਛਿੰਨਾ'(ਸ਼ੰਕਰਾਚਾਰਜ) ਤੇ 'ਸਰਬ ਵਿਕ੍ਰਿਆ ਰਹਿਤ {ਬ੍ਰਿਹ ਉਪਨਿਖਦ}

੨ ਇਹ ਲੇਖ ੧੯੧੫ ਈ: ਵਿਚ ਲਿਖਿਆ ਗਿਆ ਸੀ।

੧ ਹੁਣ ਦੇ ਸਮੇਂ ਵਿਚ ਆਇਨਸਟੈਨ ਇਕ ਮੈਥੇਮੇਟਿਕਸ ਦੀ ਵਿਦਯਾ ਦੇ ਕਮਾਲ ਦੇ ਦਾਨੇ ਨੇ ਕਾਲ ਨੂੰ ਦੇਸ਼ ਦੀ ਚੌਥੀ ਲਾਂਭ ਵਰਣਨ ਕੀਤਾ ਹੈ। ਪ੍ਰਕ੍ਰਿਤੀ ਨੂੰ ਉਸ ਵਰਗੇ ਦਾਨਿਆਂ ਨੇ ਦੇਸ਼{ਸਪੇਸ} ਦੀ ਵਿੰਗ (Curvature) ਦੱਸਿਆ ਹੈ। ਅਚਰਜ ਨਹੀਂ ਕਿ ਚੌਥੀ ਲਾਂਭ ਤੇ ਇਸ ਤੋਂ ਅਗਲੀਆਂ ਲਾਂਭਾਂ ਦੇ ਜਗਤ ਨੂੰ ਅਨੁਬਵ ਕਰਨ ਦਾ ਕੋਈ ਅੰਦਰਲਾ ਸੰਦ ਇਨਸਾਨ ਵਿਚ ਤਰੱਕੀ ਕਰਕੇ ਇਉਂ ਜਾਗ ਪਵੇ, ਜਿਵੇਂ ਪਸ਼ੂ ਮਤ ਤੋਂ ਉਚੇਰੀ ਬੁੱਧੀ ਦਾ ਸੰਦ ਇਨਸਾਨ [illegible]

Page 404 www.sikhbookclub.com

ਕਿ ਜੋ ਹੋਵੇਗਾ ਬੀ ਪਰ ਅਨਹੋਏ[1] ਵਰਗਾ।

ਦੇਸ਼- ਇਸੇ ਤਰ੍ਹਾਂ 'ਦੇਸ਼' (Space) ਉਹ ਹੈ ਜਿਸ ਵਿਚ ਦ੍ਰਿਸ਼ਟਮਾਨ ਪਦਾਰਥ ਇਕ ਦੂਸਰੇ ਦੇ ਵਲ ਜੋ ਪਰਮਪਰ ਵਿੱਥਾਂ ਰੱਖਦੇ ਹਨ, ਜਾਣਿਆਂ ਜਾਏ। ਇਹ ਦਿੱਸਦਾ ਪੁਲਾੜ ਯਾ ਵਿੱਥ, ਇਕ ਪਦਾਰਥ ਤੋਂ ਦੂਸਰੇ ਦੇ ਵਿਚ ਜੋ ਅੰਤਰਾ ਹੈ ਸੋ ਦੇਸ਼ ਹੈ। (ਚੀਜ਼ਾਂ ਦੀ ਤਰਤੀਬ, ਉਹਨਾਂ ਦੇ ਆਪੋ ਵਿਚ ਜਗ੍ਹਾ ਦੇ ਮੁਤਾਬਕ ਦਾ ਨਾਮ ਦੇਸ਼ ਹੈ)।

ਗੁਰੂ ਜੀ ਨੇ ਦੂਸਰਾ ਸਾਧਨ ਧਯਾਨ ਦੱਸਿਆ ਹੈ, ਧਯਾਨ ਅਭਿਆਸੀ ਨੂੰ ਇਕ ਨੁਕਤੇ ਉਤੇ ਟਿਕਾਉਂਦਾ ਹੈ। ਜਦ ਮਨ ਹਰ ਛਿਨ ਇਕ ਨਾਮ ਜਪਦਾ ਹੈ ਅਤੇ ' ਵਾਹਿਗੁਰੂ ਹੈ ' ਇਕ ਇਸ ਨੁਕਤੇ ਉਤੇ ਧਯਾਨ ਜਮਾਉਂਦਾ ਹੈ, ਤਦ ਖਿਆਲ ਦੇਸ਼ (Space) ਦੇ ਸਾਰੇ ਫੈਲਾਉ ਤੋਂ ਇਕ ਨੁਕਤੇ ਤੇ ਜੰਮਦਾ ਜਾਂਦਾ ਹੈ। ਜਦੋਂ ਸੰਪੂਰਨ ਤੌਰ ਤੇ ਇਕ ਨੁਕਤੇ ਤੇ ਜੰਮ ਜਾਂਦਾ ਹੈ ਤਦ ਦੇਸ਼ (Space) ਦਾ ਖਿਆਲ ਸਾਡੇ ਖਿਆਲ ਵਿਚੋਂ ਮਾਨੋ ਦੇਸ਼ ਰਹਿਤ ਹੋ ਜਾਂਦਾ ਹੈ! ਹੈ ਤਾਂ ਉਹ ਨੁਕਤਾ ਦੇਸ਼ ਦਾ ਪਰ ਨਾ ਹੋਏ ਵਰਗਾ ਹੈ। ਸਿੱਧ ਹੋਇਆ ਕਿ ਧਿਆਨ ਨਾਲ ਖਿਆਲ ਦੇਸ਼ (ਸਪੇਸ) ਦੇ ਇਕ ਐਸੇ ਨੁਕਤੇ ਤੇ ਆ ਟਿਕੇਗਾ ਜੋ ਹੋਵੇਗਾ ਬੀ ਤੇ ਨਹੀਂ ਬੀ ਹੋਵੇਗਾ।

ਇਸੇ ਤਰ੍ਹਾਂ ਅਸੀਂ ਹਰ ਸ਼ੈ ਵਿਚ ਕਾਰਣ ਤੇ ਕਾਰਜ ਦਾ ਸਿਲਸਲਾ ਜਾਣਦੇ ਹਾਂ, ਇਕ ਕਾਰਨ ਦਾ ਖਿਆਲ ਸਾਡੇ ਮਨ ਦੀ ਸਰਿਸ਼ਤ ਵਿਚ ਹੈ (ਚੀਜ਼ਾਂ ਦੀ ਤਰਤੀਬ ਆਪਣੇ ਕਾਰਣ ਕਾਰਜ ਦੇ ਮੁਤਾਬਕ ਨਮਿਤ ਹੈ)।

ਗੁਰੂ ਜੀ ਨੇ ਤੀਸਰਾ ਸਾਧਨ ਰਜ਼ਾ ਦੱਸਿਆ ਹੈ। ਜੋ ਅਭਯਾਸੀ ਹਰ ਕਾਰਜ ਤੇ ਹਰ ਹੋਣੀ ਦੇ ਕਾਰਣ ਦੇ ਅਖੀਰ ਪਰ ਜਾਂਦਾ ਹੈ ਤੇ ਉਸਨੂੰ ਅਨੰਤ ਦੀ ਲੀਲ੍ਹਾ ਸਮਝਦਾ ਹੈ, ਐਉਂ ਅਨੰਤ ਦੀ ਰਜਾ ਦੇ ਇਕ ਨੁਕਤੇ ਤੇ ਟਿਕਾਉ ਪਕੜਦਾ ਹੈ। ਨਾਲ ਜਿਹੜਾ ਨਾਮ ਤੇ ਧਿਆਨ ਦਾ ਅਭਿਆਸ ਕਰ ਰਿਹਾ ਹੈ ਉਸਨੂੰ ਜੋ ਕੁਛ ਵਰਤੇ ਧੁਰੋਂ ਦਿੱਸਦਾ ਹੈ, ਇਉਂ ਉਹ ਟਿਕਦਾ ਟਿਕਦਾ ਹਰ ਗੱਲ ਦੇ ਵਾਕਿਆ ਹੋਣ ਤੇ ਰਜ਼ਾ ਦੇ ਇਕ ਨੁਕਤੇ ਤੇ ਟਿਕ ਜਾਏਗਾ। ਇਹ ਰਜ਼ਾ ਦਾ ਇਕ ਨੁਕਤਾ ਹੋਵੇਗਾ ਆਪਣੇ ਆਪ ਵਿਚ ਨਮਿੱਤ, ਪਰ ਨਾਂ ਵਰਗਾ!

ਹੁਣ ਜੋ ਅਭਯਾਸੀ ਸੁਤੇ ਸਿੱਧ ਨਾਮ ਧਿਆਨ ਤੇ ਰਜ਼ਾ ਨਾਲ 'ਦੇਸ਼ ਕਾਲ ਨਮਿੱਤ' ਵਲੋਂ ਇਕ ਨੁਕਤੇ ਤੇ ਟਿਕਿਆ ਹੈ, ਉਹ 'ਦੇਸ਼ ਕਾਲ ਨਮਿੱਤ' ਦੇ ਮਾਨੋ ਮੰਡਲ ਦੇ ਹੱਦ ਬੰਨੇ ਤੇ ਅੱਪੜ ਗਿਆ ਹੈ, ਜਿਸ ਤੋਂ ਅੱਗੇ ਉਹ ਹੈ ਜੋ 'ਦ੍ਵੰਦ ਅਤੀਤ' ਹੈ ਯਾ ਜਿਸ ਨੂੰ 'ਪਰਮ ਪਰੇ ਦੀ ਦਸ਼ਾ' ਆਖੋ ਯਾ ਪਾਰਬ੍ਰਹਮ (Absolute) ਆਖੋ। ਇਥੋਂ ਅੱਗੇ ਹੁਣ ਸਾਨੂੰ ਪਾਰਬ੍ਰਹਮ ਦੇ ਕਿਸੇ ਕ੍ਰਿਸ਼ਮੇ ਨੇ ਲਿਜਾਣਾ ਹੈ। ਅਸੀਂ ਐਸੇ ਟਿਕਾਣੇ ਅੱਪੜੇ ਹਾਂ ਜੋ ਸਾਡੇ ਮੰਡਲ ਦੀ ਸਰਹੱਦ ਹੈ, ਹੁਣ ਇਕ ਕਦਮ ਤੇ ਅਸੀਂ ਅਨੰਤ ( ਵਾਹਿਗੁਰੂ) ਵਿਚ ਅੱਪੜਨਾ ਹੈ, ਪਰ ਹੁਣ ਬੇਅੰਤ ਵਿਚੋਂ ਕੁਛ ਅਕਹਿ ਮਾਜਰਾ ਵਰਤਣਾ ਹੈ, ਇਸ ਅਕਹਿ ਮਾਜਰੇ ਨੂੰ ਗੁਰ ਨਾਨਕ ਨੇ 'ਨਦਰ' ਆਖਿਆ ਹੈ।

ਦ੍ਰਿਸ਼ਟਾਂਤ ਲਈ ਜਦੋਂ ਪਾਣੀ ਉਬਾਲੋ ਤਾਂ ਇਹ ੨੧੨ ਦਰਜੇ ਹੁੰਦਾ ਹੈ, ਪਰ ਅਜੇ ਇਹ ਪਾਣੀ ਦ੍ਰਵ (Fluid) ਹੀ ਹੈ। ਅਰੂਪ ਵਾਯੂ ਵਰਗੇ ਰੂਪ 'ਭਾਫ' ਵਿਚ ਪਲਟਾ ਨਹੀਂ ਖਾ ਗਿਆ। ਅਰਥਾਤ ਗੈਸ ਵਾਂਗੂ ਨਹੀਂ ਬਣਿਆ। ਉਹ ਕੌਣ ਤਾਕਤ ਆਵੇ ਕਿ ਇਸਨੂੰ ਭਾਫ ਬਣਾਵੇ। ਉਸ ਦਾ ਨਾ ਸਿਆਣਿਆਂ ਗੁਪਤ ਗਰਮੀ (Latent Heat) ਰਖਿਆ ਹੈ, ਕਿਉਂਕਿ ਜਦ ਭਾਫ ਦਾ ਪਾਰਾ ਲੀਤਾ ਜਾਵੇ ਤਾਂ ੨੧੨ ਹੀ ਹੁੰਦਾ ਹੈ। ਕੋਈ ਵਧੀਕ ਗਰਮੀ ਨਹੀਂ ਹੁੰਦੀ, ਪਰ ਕੋਈ ਕਾਰਣ ਹੈ ਜੋ ਦ੍ਰਵ ਪਾਣੀ ਨੂੰ ਵਾਯੂ ਰੂਪ ਭਾਫ ਵਿਚ ਪਲਟ ਦੇਂਦਾ ਹੈ[1], ਇਹ ਦਲੀਲ ਨਹੀਂ ਹੈ ਇਕ ਦ੍ਰਿਸ਼ਟਾਂਤ

---

[1] ਜੇਕਰ ਇਕ ਫੁਟ ਲੰਮੀ ਚੀਜ਼ ਨੂੰ ਅੱਧ ਕਰੋ, ਇਸ ਦਾ ਅੱਧ ਲੈਕੇ ਉਸਦਾ ਫਿਰ ਅੱਧ ਕਰੋ, ਹੁਣ ਜੋ ਅਗਲੇ ਤੋਂ ਅਗਲੇ ਦਾ ਅੱਧ ਲੈਕੇ ਉਸਦਾ ਅੱਧ ਕਰੀ ਚਲੋ ਤਾਂ ਇਉਂ ਕਰਦੇ ਕਰਦੇ ਕਿਤੇ ਜਾਕੇ ਦੇਖੋਗੇ ਕਿ ਬਾਕੀ ਅੱਧ ਕੀ ਰਹਿ ਗਿਆ ਹੈ? ਉਹ ਹੋਵੇਗਾ ਤਾਂ ਸਹੀ ਕੁਛ ਪਰ ਅਣਹੋਏ ਵਰਗਾ। ਹੱਥ ਨਾਲ ਤੁਸੀਂ ਉਸ ਦਾ ਅੱਧ ਕਰਨ ਨੂੰ ਸਮਰਥ ਨਹੀਂ ਹੋਵੋਗੇ, ਪਰ ਕਾਗਜ਼ ਉਤੇ ਹਿਸਾਬ ਨਾਲ ਉਸ ਅੱਧ ਦਾ ਅੱਧ ਬੇਸ਼ਕ ਕਰੀ ਚੱਲੋਗੇ, ਸੋ ਉਹ ਹੋਊ ਬੀ ਤੇ ਨਹੀਂ ਬੀ।

[1] ਇਸੀ ਤਰ੍ਹਾਂ ਅਤਿ ਠੰਢਾ ਪਾਣੀ ੩੨ ਦਰਜੇ ਹੁੰਦਾ ਹੈ, ਪਰ ਇਸੇ ਦਰਜੇ ਤੇ ਉਹ ਬਰਫ ਬਣ ਜਾਂਦਾ ਹੈ। ਪਾਣੀ 'ਦ੍ਰਵ' ਹੈ, ਬਰਫ 'ਨਿੱਗਰ' ਹੈ, ਨਿੱਘ ਦਾ ਦਰਜਾ ਇਕੋ ਹੈ। ਜਿਸ ਕੌਤਕ ਨੇ ੩੨ ਦਰਜੇ ਪਾਣੀ ਨੂੰ ਨਿੱਗਰ ਬਰਫ ਬਣਾਇਆ ਹੈ, ਉਸ ਨੂੰ ਬੀ ਲੇਟੈਂਟ ਹੀਟ ਹੀ ਆਖਦੇ ਹਨ।

ਹੈ। ਕੁਛ ਇਸੇ ਤਰ੍ਹਾਂ " ਦੇਸ਼ ਕਾਲ ਨਮਿੱਤ " ਦੇ ਮੰਡਲ ਦੀ ਸਰਹੱਦ ਤੋਂ ਅਨੰਤ ਵਿਚ ਜੋ ਪਲਟਾ ਮਿਲਦਾ ਹੈ ਉਹ ਕਿਸੇ ਅਨੰਤ ਦੇ ਕ੍ਰਿਸ਼ਮੇ ਉਤੇ ਨਿਰਭਰ ਰੱਖਦਾ ਹੈ ਅਰ ਉਸ ਦਾ ਨਾਮ 'ਅਨੰਤ ਦੀ ਨਦਰ' ਹੈ। ਗੋਯਾ 'ਦੇਸ਼ ਕਾਲ ਨਮਿੱਤ' ਤੇ 'ਨਾਮ, ਧਯਾਨ, ਰਜ਼ਾ' ਨਾਲ ਇਸ 'ਅੰਤ ਤੇ ਹੱਦ ਵਾਲੀ ਸ੍ਰਿਸ਼ਟੀ ਦੀ ਅਸੀਂ ਸਰਹੱਦ ਉਤੇ ਅੱਪੜਦੇ ਹਾਂ ਤੇ ਅਗੋਂ ਅਨੰਤ ਦੀ ਅਕਹਿ 'ਨਦਰਿ' ਸਾਨੂੰ ਅਨੰਤ ਵਿਚ ਲੈਜਾਕੇ ਅਕਾਲ ਜੀਵਨ, ਅਦੇਸ਼ ਜੀਵਨ ਅਬਚਲੀ ਜੀਵਨ ਵਿਚ ਪਹੁੰਚਾਕੇ ਪੰਚਮ ਪਾਤਸ਼ਾਹ ਦੇ ਵਾਕ ਮੁਜਬ:-

" ਥਿਤਿ ਪਾਈ ਚੂਕੇ ਭ੍ਰਮ ਗਵਨ[1]"

ਵਿਚ ਵਾਸਾ ਦੇਂਦੀ ਹੈ।

ਫਿਲਾਸਫੀ ਦੇ ਨੁਕਤਾ ਖਿਆਲ ਤੋਂ ਸਭ ਤੋਂ ਉੱਚੇ ਗੁਰ ਨਾਨਕ ਦੇਵ ਜੀ ਨੇ ਆਪਣੇ ਅਮਲੀ ਦੀਨ ਵਿਚ ਸਾਨੂੰ ਓਹ ਸਾਧਨ ਸਿਖਾਏ ਹਨ, ਜਿਨ੍ਹਾਂ ਨਾਲ ਅੱਜਕਲ ਦੀ ਫਿਲਾਸਫੀ ਦੀ ਖੋਜ ਤੋਂ ਲੱਭੇ ਟਿਕਾਣੇ[2] ਤੇ ਪਹੁੰਚ ਹੋ ਜਾਂਦੀ ਹੈ। ਫਿਲਾਸਫਰਾਂ 'ਜਾਣਿਆ' ਕਿ ਐਉਂ ਹੈ:-ਗੁਰ ਨਾਨਕ ਬਾਂਹ ਫੜੀ, ਰਹਿਨੁਮਾਈ ਕੀਤੀ ਤੇ ਉਥੇ ਪਹੁੰਚਾ ਹੀ ਦਿੱਤਾ ਤੇ ਆਖਿਆ:"ਬੱਚਿਓ! ਆਹ ਹੈ" ਤੇ "ਏਥੇ ਹੈ" ਤੇ "ਹੁਣ ਹੈ"।

੧੧. {ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਰਗਸਨ}

ਪੱਛਮ ਦੇ ਫਿਲਾਸਫਰਾਂ ਵਿਚੋਂ ਅੱਜ ਕਲ ਬਰਗਸਨ ਨਾਮ ਦਾ ਫਿਲਾਸਫਰ ਫ੍ਰਾਂਸ ਵਿਚ ਹੈ ਜਿਸ ਦੇ ਖਿਆਲ ਦਾ ਪਰਵਾਜ਼ ਬਹੁਤ ਉੱਪਰ ਵੱਲ ਉਡਿਆ ਹੈ। ਜਿਨ੍ਹਾਂ ਦੀਆਂ ਅੱਖਾਂ ਨਯਾਯਕ ਜ਼ੰਜੀਰ ਦੀ ਜਕੜ ਦੇ ਹੁੰਦਿਆਂ ਵੀ ਯੋਗ ਨਿਦ੍ਰਾ ਵਲ ਪਲਕਾ ਗਈਆਂ ਹਨ। ਹਾਂ ਜੀ ਫਿਲਸਫੇ ਦੀ ਤਵਾਰੀਖ ਵਿਚ ਇਹ ਪਹਿਲੀ ਵੇਰ ਹੈ ਕਿ ਇਕ ਵੀਚਾਰਵਾਨ ਪੁਰਸ਼ ਨੇ ਮੰਤਕ ਤੇ ਵੀਚਾਰ ਦੀ ਓਟ ਨੂੰ ਕਮਜ਼ੋਰ ਸਮਝਿਆ ਹੈ। ਬਰਗਸਨ ਦਾ ਖਿਆਲ ਕਾਂਟ ਦੇ ਇਸ ਸਿੱਧਾਂਤ ਨਾਲ ਮਿਲਦਾ ਹੈ ਕਿ ਆਪਣੀ ਬੁੱਧੀ ਦਵਾਰਾ ਪੁਰਸ਼ ਅਸਲੀਅਤ ਨੂੰ (ਰੱਬ ਨੂੰ) ਨਹੀਂ ਦੇਖ ਸਕਦਾ। ਕਾਂਟ ਨੇ ਏਸ ਕਰਕੇ ਰੱਬ ਨੂੰ ਬੁਧਿ ਦਾ ਵਿਸ਼ਾ ਨਹੀਂ ਮੰਨਿਆਂ, ਓਹ ਆਪਣੇ ਏਸ ਮੰਤਕ ਦੀ ਸਰਿਸ਼ਤ ਵਿਚ ਤਕਰੀਬਨ ਏਸ ਟਿਕਾਣੇ ਤੇ ਪਹੁੰਚ ਗਏ ਸਨ ਕਿ ਰੱਬ ਫਿਲਸਫੇ ਦੀ ਖੋਜ ਤੋਂ ਉਪਰ ਹੈ।

ਬਰਗਸਨ ਦਾ ਖਿਆਲ ਹੈ ਕਿ ਸਾਡੇ ਅੰਦਰ ਖੋਜ ਦਾ ਦੂਹਰਾ ਸਾਮਾਨ ਹੈ, ਇਕ ਬੁਧਿ (Intellect) ਦਵਾਰਾ, ਦੂਜੇ (Intuition) ਦੁਆਰਾ। ਇਨ੍ਹਾਂ ਦੁਹਾਂ ਦੀ ਮਿਲਵਰਤਨ ਬਗ਼ੈਰ ਅਸਲੀਅਤ ਪੱਲੇ ਪੈ ਨਹੀਂ ਸਕਦੀ, ਕਿਉਂਕਿ ਅਸਲੀਅਤ ਦੇ ਵੀ ਦੋ ਪਹਿਲੂ ਹਨ ਇਕ ਪਦਾਰਥ (Matter, ਮਾਦਾ) ਦੂਸਰਾ ਜ਼ਿੰਦਗੀ (Life)।

ਸਾਇੰਸ ਦੇ ਸਾਰੇ ਸਿੱਧਾਂਤ ਬੁੱਧੀ ਦੀ ਖੋਜ ਦਾ ਨਤੀਜਾ ਹਨ, ਬੁਧਿ ਜੋ ਹਰ ਇਕ ਪਦਾਰਥ ਤੇ ਮੰਤਕ ਦੀ ਰੌਸ਼ਨੀ ਪਾ ਪਾ ਕੇ ਤੇ ਵਿਚਾਰ (Reason) ਦੀ ਕਸਵੱਟੀ ਤੇ ਰਗੜ ਰਗੜ ਕੇ ਸਿੱਧਾਂਤ ਕਢਦੀ ਹੈ, ਉਸ ਦੇ ਸਿੱਧਾਂਤ ਕੇਵਲ 'ਪਦਾਰਥੀ ਸਿੱਧਾਂਤ' ਹਨ। ਬੁਧਿ ਦੇ ਨਸ਼ਤਰ ਹੇਠ ਕੇਵਲ ਮਾਸ ਤੇ ਹੱਡੀਆਂ ਦੀ ਵਿਦਯਾ ਉਪਜਦੀ ਹੈ, ਜ਼ਿੰਦਗੀ ਦੀ ਨਹੀਂ। ਜ਼ਿੰਦਗੀ ਦੀ ਚਾਲ ਦੀ ਰਮਜ਼ ਏਸ ਦੀ ਸਮਝ ਤੋਂ ਉਚੇਰੀ ਹੈ। ਬੁਧਿ ਅਨਾੜੀ ਹੈ ਤੇ ਜ਼ਿੰਦਗੀ ਦੀ ਨਾੜ ਉਪਰ ਏਸ ਦੀ ਉਂਗਲ ਆ ਨਹੀਂ ਸਕਦੀ। ਜ਼ਿੰਦਗੀ ਦਾ ਪਰਵਾਜ਼ ਇਕ ਸ਼ੈ ਹੀ ਦੂਜੀ ਹੈ। ਬੁੱਧੀ ਲਈ ਇਹ ਗ਼ੈਰ ਚੀਜ਼ ਹੈ, ਕਿਉਂਕਿ ਬੁੱਧੀ ਬਣੀ ਪਦਾਰਥ (Matter) ਦੀ ਹੈ ਤੇ ਇਸ ਦਾ ਵਿਸ਼ਾ ਮੈਟਰ (ਪ੍ਰਕ੍ਰਿਤੀ) ਹੈ, ਜੋ ਚੀਜ਼ ਏਸ ਦੀ ਗ੍ਰਿਫਤ (ਪਕੜ) ਵਿਚ ਆ ਜਾਏ ਉਹ ਮੈਟਰ (ਪ੍ਰਕ੍ਰਿਤੀ) ਹੈ। ਕਿਉਂਕਿ ਉਸ ਨੂੰ ਸਾਬਤ ਚੀਜ਼ ਦਾ ਗਿਆਨ ਨਹੀਂ ਹੋ ਸਕਦਾ, ਸੋ ਏਸ ਨੇ ਵੱਢ ਵੱਢਕੇ, ਕੱਟ ਕੱਟਕੇ ਇਕ ਇਕ ਕਾਟ ਦੀ ਮੁਤਾਲਿਆ ਕਰਨੀ ਹੈ। ਏਸ ਦੀ ਕਾਟਵੀਂ ਛੁਰੀ ਹੇਠ ਜ਼ਿੰਦਗੀ ਦੀ ਰੌ ਰੁਕ ਜਾਂਦੀ ਹੈ; ਜ਼ਿੰਦਗੀ ਹੈ ਹੀ ਰੌ ਰੂਪ, ਇਸ ਦਾ ਰੁਕਣਾ ਹੀ ਏਸ ਦਾ ਖ਼ਾਤਮਾ ਹੈ, ਪਰ ਅਸਲ ਵਿਚ ਇਹ ਅਮੁੱਕ ਹੈ, ਇਹ ਰੁਕਦੀ ਨਹੀਂ। ਅਕਲ ਦੇ ਭਾਣੇ ਰੁਕਦੀ ਹੈ ਪਰ ਇਹ ਜਾ ਛੁਪਦੀ ਹੈ ਉਸ ਹਨੇਰੇ ਵਿਚ ਜੋ ਅਕਲ ਦੇ ਚਰਾਗ਼ ਦੇ ਐਨ ਹੇਠ ਹੈ; ਜ਼ਿੰਦਗੀ ਦਾ ਰੌ ਇਕ ਤਬਦੀਲੀ ਦਾ ਪਰਵਾਜ਼ ਹੈ, ਇਕ ਹੜ੍ਹ

[1] ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:-
'ਆਵਣ ਜਾਣ ਰਹੇ ਚੂਕਾ ਭੋਲਾ ਰਾਮ॥' {ਤੁਖਾ:ਮ:੧}

[2] ਇਹ ਟਿਕਾਣਾ ਵਾਹਿਗੁਰੂ ਹੈ ।


www.sikhbookclub.com

ਦਾ ਵਧਾ ਹੈ, ਇਕ ਚਾਲ ਅਗੰਮੀ ਹੈ ਜੋ ਠੱਲ੍ਹੀ ਨਹੀਂ ਜਾ ਸਕਦੀ, ਜੋ ਚਲ ਰਹੀ ਹੈ ਕਿਸੇ ਅਪੂਰਣਤਾ ਤੋਂ ਕਿਸੇ ਪੂਰਣਤਾ ਵਲ, ਕਿਸੇ ਅਬਣਤ ਤੋਂ ਕਿਸੇ ਬਣਤ ਵਲ, ਕਿਸੇ ਕੇਂਦ੍ਰ ਤੋਂ ਰਚਨਹਾਰੀ ਫੈਲਾਉ ਵਲ ਏਸ ਦੀ ਸਮਝ ਬੁਧਿ ਨੂੰ ਨਹੀਂ ਪੈ ਸਕਦੀ। ਏਸ ਦੀ ਬੂਝ ਕਿਸੇ ਰਮਜ਼ਾਂ ਸਮਝਣ ਵਲ ਬੇਹੋਸ਼ ਹੋਸ਼ ਨੂੰ ਇਸ਼ਾਰੇ ਮਾਤ੍ਰ ਹਾਸਲ ਹੋ ਸਕਦੀ ਹੈ। ਏਸ ਹੋਸ਼ ਦਾ ਨਾਮ ਬਰਗਸਨ ਨੇ (Intution) ਦਿੱਤਾ ਹੈ। ਪਰ ਇਹ ਕੁਛ ਕੁਛ ਓਹੋ ਹੋਸ਼ ਹੈ ਜਿਸ ਨੂੰ ਸਾਡੀ ਧਾਰਮਕ ਸਿਖ ਲਿਟ੍ਰੇਚਰ ਵਿਚ 'ਸੁਧਿ' ਕਰਕੇ ਕਿਹਾ ਹੈ। ਬਰਗਸਨ ਦਾ ਸਾਰਾ ਜ਼ੋਰ ਇਸ ਗੱਲ ਤੇ ਲੱਗਾ ਹੈ ਕਿ ਜੇ ਇਸ ਦਿੱਸਦੇ ਦੀ ਅਸਲੀਅਤ ਦੇ ਦਰਸ਼ਨ ਕਰਨੇ ਹਨ ਤਾਂ 'ਸੁਧਿ' ਦੀ ਬੇਹੋਸ਼ ਹੋਸ਼ ਆਪਣੇ ਵਿਚ ਪੈਦਾ ਕਰਨੀ ਚਾਹੀਦੀ ਹੈ, ਉਸ ਦਾ ਖਿਆਲ ਹੈ ਕਿ ਫਿਲਸਫੇ ਦੀ ਸਾਰੀ ਖੋਜ ਬੁਧਿ ਨਾਲ ਨਹੀਂ, ਬਲਕਿ 'ਸੁਧ' ਨਾਲ ਹੋਣੀ ਚਾਹੀਦੀ ਹੈ।

ਇਹ 'ਸੁਧਿ' ਕਿਸ ਤਰ੍ਹਾਂ ਅੰਦਰ ਪੈਦਾ ਹੋਵੇ, ਇਸ ਗਲ ਦਾ ਬਰਗਸਨ ਨੂੰ ਪਤਾ ਨਹੀਂ ਲੱਗਾ। ਉਸ ਨੇ ਇਸ਼ਾਰੇ ਮਾਤ੍ਰ ਕਿਹਾ ਹੈ ਕਿ 'ਸੁਧਿ' (Intution) ਦਾ ਗਜ਼ਾਨ' ਦੀਸਣਹਾਰ' ਦੀ ਵਿਦਜਾ' ਦੇ ਸਾਧਨ ਤੋਂ ਪ੍ਰਾਪਤ ਹੋ ਸਕਦਾ ਹੈ[1]। ਏਥੋਂ ਸਾਫ ਜ਼ਾਹਰ ਹੈ ਕਿ ਬਰਗਸਨ ਦੀ 'ਸੁਧਿ' ਬੁਧਿ ਦੀ ਹੀ ਇਕ ਸਾਖਣ ਚੀਜ਼ ਹੈ, ਪਰ ਜ਼ਰਾ ਉਚੇਰੀ। ਬਰਗਸਨ ਨੂੰ ਆਤਮ-ਵਿਸ਼ੈਣੀ ਬੁਧਿ ਦਾ ਇਕ ਝਲਕਾ ਮਾਤ੍ਰ ਪਿਆ ਹੈ, ਪਰ ਉਹ ਉਸ ਨੂੰ ਵਿਸਥਾਰ ਨਾਲ ਬਿਆਨ ਨਹੀਂ ਕਰ ਸਕਿਆ। ਏਸ ਗੱਲ ਵਿਚ ਬੀ ਕਮਾਲ ਗੁਰੂ ਨਾਨਕ ਦੇਵ ਜੀ ਦਾ ਹੈ, ਜਿਨ੍ਹਾਂ ਨੇ ਬਰਗਸਨ ਤੋਂ ਚਾਰ ਪੰਜ ਸਦੀਆਂ ਪਹਿਲੇ ਏਸ ਗੱਲ ਦਾ ਪਤਾ ਦਿੱਤਾ ਹੈ, ਯਥਾ-' ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ॥' {ਵਾਰ ਸਾਰੰਗ ਮ:੧}

ਸਿਰਫ਼ ਪਤਾ ਹੀ ਨਹੀਂ, ਏਸ ਦੀ ਜੁਗਤ ਬੀ ਆਪ ਨੇ ਦੱਸੀ ਹੈ:-

ਮੰਨੈ ਸੁਰਤਿ ਹੋਵੈ ਮਨਿ ਬੁਧਿ॥ਮੰਨੈ ਸਗਲ
ਭਵਣ ਕੀ ਸੁਧਿ॥ {ਜਪੁਜੀ ਸਾਹਿਬ}

ਏਸ ਸੁਧਿ ਲਈ ਰਸਤਾ ਮੰਨਣ ਦਾ, ਈਮਾਨ ਦਾ, ਸਿਦਕ ਦਾ ਹੈ। ਕਾਹਦੇ ਮੰਨਣ ਦਾ? 'ਨਾਮ' ਸਿਮਰਨ ਦਾ; 'ਐਸਾ ਨਾਮੁ ਨਿਰੰਜਨੁ ਹੋਇ॥ ਜੇਕੋ ਮੰਨਿ ਜਾਣੈ ਮਨਿ ਕੋਇ।' ਫੇਰ ਆਪ ਨੇ ਏਸ ਦਾ ਟਿਕਾਣਾ ਦੱਸਿਆ ਹੈ ਕਿ ਇਹ ਕਿਥੋਂ ਦੀ ਚੀਜ਼ ਹੈ; ਯਥਾ:-

'ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ'[1]।

ਅਗਰ ਅਸਲੀਅਤ ਨੂੰ ਦੇਖਣ ਲਈ ਇਹ ਗਲ ਜ਼ਰੂਰੀ ਹੈ

(If then anywhere there is possible for us a view of reality in its purity it will be in the inward view that we may obtain of this privileged object[2]) ਗੁਰੂ ਸਾਹਿਬ ਇਸ ਗੱਲ ਦਾ ਫੈਸਲਾ ਬਗੈਰ ਕਿਸੇ ਫਿਲਾਸਫੀ ਦੀ ਮਸਲੇਬਾਜ਼ੀ ਦੇ ਪਹਿਲਾਂ ਕਰ ਗਏ ਹਨ, ਉਨ੍ਹਾਂ ਆਖਿਆ ਹੈ :-

'ਅੰਤਰਿ ਕੀ ਗਤਿ ਜਾਣੀਐ ਗੁਰ ਮਿਲੀਐ
ਸੰਕ ਉਤਾਰਿ॥ {ਸਿਰੀ: ਮ:੧}

ਤੇ ਅੰਤਰ ਦਰਸ਼ੀ ਹੋਣ ਲਈ ਗੁਰੂ ਨੇ ਅਰਥਾਤ ਗੁਰੂ ਨਾਨਕ ਨੇ ਸੌਖਾ ਰਸਤਾ ਇਉਂ ਦੱਸਿਆ ਹੈ:-

'ਅਹਿਨਿਸਿ ਅੰਤਰਿ ਰਹੈ ਲਿਵਲਾਇ॥
{ਮਲਾਰ ਮ:੧}

---

[1] The intution may be gained after a long companionship with the external manifestations of reality as these are systematized in the physical sciences, and again, that many different images borrowed from very different orders of things may, by the convergence of their action, direct consciousness to the precise point at which by certain intuition is to be had, ["Critical Exposition of Bergson's philosophy" by Stewart Page 284]

[1] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪਦ 'ਸੁਧ'ਨੂੰ 'ਸਿਧਿ' ਕਰਕੇ ਬੀ ਲਿਖਿਆ ਹੈ। ਯਥਾ-

'ਕਹਿ ਕਬੀਰ ਬੁਧਿ ਹਰਿ ਲਈ ਮੇਰੀ
ਬੁਧਿ ਬਦਲੀ ਸਿਧਿ ਪਾਈ॥' {ਗਉੜੀ ਕਬੀਰ}

ਜਨਮ ਸਾਖੀ ਵਿਚ ਬੀ ਇਸ਼ਾਰਾ ਹੈ, ਮਰਦਾਨੇ ਪੁਛਿਆ ਹੈ ਕਿ ਕੀ ਵਾਹਿਗੁਰੂ ਅਕਲ ਨਾਲ ਮਿਲਦਾ ਹੈ ਤਾਂ ਗੁਰੂ ਜੀ ਨੇ ਫੁਰਮਾਇਆ: ਮਰਦਾਨਿਆਂ ਇਹ ਬੁਧਿ ਪਰਦਾ ਹੈ ਤੇ ਇਸ ਬੁਧ ਤੋਂ ਅਗੇ ਇਕ ਹੋਰ ਉਪਜਦੀ ਹੈ ਉਹ ਮਿਲਾਉਂਦੀ ਹੈ

[2] ਅਰਥਾਤ ਅੰਤਰ ਮੁਖ ਝਾਤੀ ਪਾਇਆਂ ਇਸਦਾ ਮਿਲਣਾ ਮੁਮਕਿਨ ਹੈ, "The philosphy of change" by Carr. Page 26,

ਜਿਸ ਵੇਲੇ ਵਾਹਿਗੁਰੂ ਜੀ ਦਾ ਧਿਆਨ ਤੇ ਉਨ੍ਹਾਂ ਦਾ ਨਾਮ ਸਿਮਰਨ ਮਨ ਨੂੰ ਦੇਸ਼ ਦੀ ਕੈਦ ਤੋਂ ਉਪਰ ਚੁਕਦਾ ਹੈ ਤਾਂ ਇਹ ਲਿਵ ਵਿਚ ਪਲਟਣ ਲਗਦਾ ਹੈ, ਲਿਵ ਇਕ ਸੰਗਮ ਹੈ, ਜਿਸ ਵਿਚ ਨਾਮ ਤੇ ਨਾਮੀ ਮਿਲ ਜਾਂਦੇ ਹਨ। ਇਸ ਤ੍ਰਿਬੇਣੀ ਦਾ ਇਸ਼ਨਾਨ ਅੱਠ ਪਹਿਰ ਦੀ 'ਸੁਧ' (Intuition) ਦੀ ਪ੍ਰਾਪਤੀ ਹੈ, ਜਿਸ ਦੇ ਕਿਸੇ ਕਿਸੇ ਫਿਲਾਸਫਰ ਨੂੰ ਝਾਕੇ ਤਾਂ ਪਏ, ਪਰ ਪੂਰੀ ਤਰ੍ਹਾਂ ਨਸੀਬ ਨਹੀਂ ਹੋਈ ਤੇ ਇਸ ਦੇ ਮਿਲਦਿਆਂ ਕੀ ਹੁੰਦਾ ਹੈ:-

ਆਪੁ ਪਛਾਣਿ ਰਹੈ ਲਿਵ ਲਾਗਾ॥ ਜਨਮੁ
ਜੀਤਿ ਗੁਰਮਤਿ ਦੁਖੁ ਭਾਗਾ॥ {ਬਸੰਤ ਮ:੧}

ਅਰਥਾਤ ਵਾਹਿਗੁਰੂ ਵਿਚ ਲਿਵ ਲਗਦਿਆਂ ਆਪਾ ਪਛਾਣ ਹੋ ਜਾਂਦਾ ਹੈ, ਜਨਮ ਜਿੱਤਿਆ ਜਾਂਦਾ ਹੈ ਤੇ ਦੁਖ ਦੂਰ ਹੋ ਜਾਂਦੇ ਹਨ। ਭਾਵ ਪਰਮਪਦ ਪਾ ਲਈਦਾ ਹੈ।

੧੨. {ਗੁਰੂ ਨਾਨਕ ਜੀ ਤੇ ਸਾਇੰਸ}

ਦੁਨੀਆਂ ਵਿਚ ਇਸ ਨਾਮ ਹੇਠ ਇਨਸਾਨ ਦੇ ਦ੍ਰਿਸ਼ਟਮਾਨ ਦੇ ਗਿਆਨ ਨੇ ਬੜੀ ਤ੍ਰੱਕੀ ਕੀਤੀ ਹੈ। ਇਹ ਸਾਰੀ ਤ੍ਰੱਕੀ ਦ੍ਰਿਸ਼ਟਮਾਨ ਅਰਥਾਤ 'ਦੀਸਣਹਾਰ ਪਦਾਰਥਾਂ' ਦੇ ਸੰਬੰਧ ਵਿਚ ਹੈ। ਵੀਚਾਰੋ, ਏਹ ਪਦਾਰਖ ਜੋ ਦਿੱਸਦੇ ਹਨ, ਇਨ੍ਹਾਂ ਦਾ ਦੇਖਣ ਵਾਲਾ ਬੀ ਕੋਈ ਇਨਸਾਨ ਦੇ ਅੰਦਰ ਹੈ ਨਾਂ। ਜਿਸ ਦੀ ਦੂਰਬੀਨ ਦ੍ਰਿਸ਼ਟੀ ਨੇ ਹਰ ਪਦਾਰਥ ਦੀ ਸਾਂਇੰਸ ਖੋਜਕੇ ਕੱਢੀ ਹੈ। ਜੇ ਦੀਸਣਹਾਰ ਪਦਾਰਥਾਂ ਵਿਚੋਂ ਹਰ ਇਕ ਦੀ ਸਾਇੰਸ (ਵਿਗਯਾਨ) ਹੈ, ਤਾਂ 'ਦੇਖਣਹਾਰ' ਯਾ 'ਦ੍ਰਿਸ਼ਟਾ' ਦੀ ਆਪਣੀ ਸਾਇੰਸ ਬੀ ਲੋੜੀਏ। ਹੁਣ ਇਸ ਪਾਸੇ ਗੁਰੂ ਨਾਨਕ ਦੇਵ ਜੀ ਦਾ ਕਮਾਲ ਇਹ ਨਹੀਂ ਕਿ ਅਸੀਂ ਬੀ ਕਿਸੇ ਦੀ ਰੀਸ ਕਰਕੇ ਕਹੀਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਰੇਲ ਤਾਰ ਮਿਕਨਾਤੀਸ ਸਿਖਾ ਗਏ ਹਨ। ਐਸਾ ਕਹੀਏ ਤਾਂ ਅਸੀਂ ਉਨ੍ਹਾਂ ਦੀ ਬਜ਼ੁਰਗੀ ਨੂੰ ਦੂਸਰੇ ਦਰਜੇ ਤੇ ਲੈ ਜਾਂਦੇ ਹਾਂ। ਉਨ੍ਹਾਂ ਦਾ ਕਮਾਲ ਇਹ ਹੈ ਕਿ ਸਾਇੰਸ ਦੇ ਉਸ ਵੇਲੇ ਯਾ ਮਗਰੋਂ ਮਲੂਮ ਹੋਏ ਸਿੱਧਾਂਤਾਂ ਨਾਲ ਉਨ੍ਹਾਂ ਦੇ ਖਿਆਲਾਂ ਦਾ ਜਿੱਥੇ ਕਿਧਰੇ ਸਾਂਗੇ ਸਿਰ ਜ਼ਿਕਰ ਆ ਗਿਆ ਹੈ ਵਿਰੋਧ ਨਹੀਂ ਹੈ। ਉਨ੍ਹਾਂ ਨੂੰ ਦਰੁਸਤ ਖਿਆਲ ਹਰ ਸ਼ੈ ਦੇ ਪ੍ਰਾਪਤ ਸਨ।

ਮਸਲਨ : ਉਸ ਵੇਲੇ ਸਾਰਾ ਹਿੰਦੁਸਤਾਨ ਜ਼ਮੀਨ ਦੇ ਹੇਠ'ਬਲਦ ' ਤੇ ਕਛੂ ਤੇ ਕੀ ਕੀ ਮਨੰਦਾ ਸੀ, ਪਰ ਗੁਰੂ ਨਾਨਕ ਦੇਵ ਜੀ ਨੂੰ ਦਰੁਸਤ ਖਿਆਲ ਪ੍ਰਾਪਤ ਹੈਸੀ ਕਿ ਜ਼ਮੀਨ ਦੇ ਹੇਠਾਂ ਬਲਦ ਉਲਦ ਕੁਛ ਨਹੀਂ[1]। ਉਸ ਵੇਲੇ ਸੱਤ ਅਕਾਸ਼ ਤੇ ਸੱਤ ਪਤਾਲ ਦੀ ਗੇਣਤੀ ਮਲੂਮ ਸੀ, ਪਰ ਗੁਰ ਨਾਨਕ ਨੂੰ ਲੱਖਾਂ ਪਤਾਲਾਂ ਦਾ ਦਰੁਸਤ ਖਿਆਲ ਮਲੂਮ ਸੀ[2]। ਓਦੋਂ ਸੂਰਜ ਚੰਦ ਇਕ ਇਕ ਮਲੂਮ ਸੀ, ਗੁਰੂ ਨਾਨਕ ਦੇਵ ਜੀ ਨੂੰ 'ਕੇਤੇ ਇੰਦ ਚੰਦ ਸੂਰ ਕੇਤੇ' ਦਾ ਗਿਆਨ ਸੀ, ਨਾਲੇ ਜਾਣਦੇ ਸਨ ਕਿ ਸੂਰਜ ਚੰਦਾ ਦੀਆਂ ਚਾਲਾਂ ਕ੍ਰੋੜਾਂ ਮੀਲ ਚੱਲਦੀਆਂ ਹਨ ਤੇ ਬੇਅੰਤ ਹਨ[3]। ਗੱਲ ਕੀ (Objective Science) 'ਦੀਸਣਹਾਰ ਪਦਾਰਥਾਂ ਦੇ ਵਿਗਜਾਨ' ਦੇ ਸੰਬੰਧ ਵਿਚ ਸਹਿ ਸੁਭਾ ਜਿਸ ਗੱਲ ਦਾ ਜ਼ਿਕਰ ਆ ਗਿਆ ਗੁਰ ਨਾਨਕ ਦੇ ਖਿਆਲ ਗ਼ਲਤ ਖਿਆਲ (Wrong conception) ਪ੍ਰਗਟ ਨਹੀਂ ਕਰਦੇ ਰਹੇ। ਪਰ ਕਮਾਲ ਉਨ੍ਹਾਂ ਦੀ ਇਸ ਦਰੁਸਤ ਖਿਆਲੀ ਦੇ ਨਾਲ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ (Subjective Science) (ਦ੍ਰਿਸ਼ਟਾ ਦਾ ਵਿਗਜਾਨ) ਸਿਖਲਾਇਆ ਹੈ। ਉਹ ਜੋ ਸਾਡੇ ਅੰਦਰ ਜੀਉਂਦੀ ਬੋਲਦੀ ਕੁਛ ਤਾਕਤ ਹੈ-ਜਿਸ ਨੇ ਸਾਰੀਆਂ ਸਾਇੰਸਾਂ ਖੋਜੀਆਂ, ਉਸ ਦੀ ਅਪਣੀ ਸਾਇੰਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਸਿਖਾਈ ਹੈ। ਤਾਂਕਿ ਸਾਇੰਸਾਂ ਦਾ ਲੱਭਣ ਵਾਲਾ ਇਨਸਾਨ ਅਪਣੀ ਬਾਬਤ, ਅਪਣੇ 'ਆਪੇ' ਦੀ ਬਾਬਤ ਬੀ ਦਰੁਸਤ ਖਿਆਲ (Right Conceptions) ਦਾ ਮਾਲਕ ਬਣ ਸਕੇ ਤੇ ਇਸ ਤਰ੍ਹਾਂ ਜੀਵਨ ਸੁਖੀ ਬਸਰ ਕਰੇ ਤੇ ਇਸ ਦੀ ਜਾਚ ਬੀ ਸਿਖ ਜਾਏ। ਦ੍ਰਿਸ਼ਟਮਾਨ ਦੇ ਪਦਾਰਥਾਂ ਦੀ ਖੋਜ ਵਿਚ ਹੈਰਾਨ ਹੋ ਹੋ ਕੇ ਹੀ ਨਿਰਾ ਨਾ ਬਲ ਹਾਰ ਜਾਏ, ਪਰ 'ਦੇਖਣਹਾਰ' ਦੀ ਦਰੁਸਤ ਸਾਇੰਸ

---

[1] ਧਰਤੀ ਹੋਰ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ {ਜਪੁਜੀ ਸਾਹਿਬ}

[2] ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

ਸਤਾਰਿਆਂ ਦੇ ਤਬਕਾਂ ਦੇ ਧ੍ਰਵੇ ਜੋ ਦੂਰੀ ਦੇ ਹਿਸਾਬ ਨਾਲ ਬੰਨ੍ਹੇ ਹਨ ਅਕਾਸ਼ ਪਤਾਲ ਹਨ ।

[3] ਕੋਹ ਕਰੋੜੀ ਚਲਤ ਨ ਅੰਤੁ ॥{ਵਾਰ ਆਸਾ ਮ:੧}

ਜਾਣਕੇ ਆਪ ਉੱਚਾ ਹੋਵੇ, ਮਜ਼ਬੂਤ ਹੋਵੇ, ਅਰੋਗ ਹੋਵੇ ਤੇ ਅਗੰਮ ਵਿਚ 'ਸਹਲ ਗੰਮਤਾ' ਪ੍ਰਾਪਤ ਕਰੇ। ਸੋ ਸਾਇੰਸਾਂ ਦੀ ਮਾਂ ਸਾਇੰਸ ਵਿਚ ਕਮਾਲ ਵਿਖਾਕੇ ਗੁਰ ਨਾਨਕ ਦੇਵ ਜੀ ਨੇ ਇਸ ਮੰਡਲ ਦੇ ਸਾਰਿਆਂ ਵਡਿਆਂ ਵਿਚ ਆਪਣੀ ਵਡਿਆਈ ਦਿਖਾਈ ਹੈ। ਈਸਾ ਜੀ ਨੇ ਕਿਹਾ ਸੀ 'ਉਸ ਇਨਸਾਨ ਨੂੰ ਕੀ ਲਾਭ ਹੈ ਕਿ ਸਾਰਾ ਜਹਾਨ ਪ੍ਰਾਪਤ ਕਰ ਲਵੇ, ਪਰ ਆਪਣੀ ਰੂਹ ਤਬਾਹ ਕਰ ਸੁਟੇ?' ਗੁਰੂ ਨਾਨਕ ਦੇਵ ਜੀ ਨੇ ਇਸ ਭੁੱਲ ਤੋਂ ਬਚਾ ਦਿੱਤਾ। ਕਰਤਾ, ਅਰਥਾਤ ਜਾਨਣਹਾਰ ਅੰਦਰਲੇ ਦੀ ਸਾਇੰਸ ਸਿਖਾਈ ਤੇ ਉਹ ਅਸੂਲ ਦੱਸੇ ਕਿ ਕੀਕੂੰ ਅੰਦਰਲੀ ਤਾਕਤ ਤਬਾਹ ਹੋਣੋਂ ਬਚਕੇ ਉੱਨਤੀ ਕਰੇ? ਇਹ ਸਾਰੀ ਸਾਇੰਸ ਗੁਰੂ ਗ੍ਰੰਥ ਸਾਹਿਬ ਵਿਚ ਹੈ, ਇਥੇ ਵਿਸਥਾਰ ਦਾ ਸਮਾਂ ਨਹੀਂ, ਪਰ ਪੜਤਾਲ ਦੱਸਦੀ ਹੈ ਕਿ ਅੰਦਰਲੇ ਜੀਉਂਦੇ ਕਿਣਕੇ ਬਾਬਤ ਕਮਾਲ ਦੇ ਮਾਮਲੇ ਗੁਰ ਨਾਨਕ ਨੇ ਦੱਸੇ ਤੇ ਸਾਨੂੰ ਸੁਖੀ ਜੀਵਨ ਦੇ ਅਮਲੀ ਰਸਤੇ ਪਾਇਆ ਹੈ। ਸੋ ਸਤਿਗੁਰ ਸਾਇੰਸ ਦੀ 'ਮਾਂ' ਸਾਇੰਸ ਦੇ ਯਕਤਾ ਪ੍ਰਬੀਨ[1] ਹੋਏ ਹਨ, ਪਰ ਦ੍ਰਿਸ਼ਟਮਾਨੀ ਵਿਗਜਾਨ[2] ਦੇ ਲਗਦੇ ਹੱਥ ਜ਼ਿਕਰ ਕਰਦਿਆਂ ਕਦੇ ਗ਼ਲਤ ਖ਼ਿਆਲ ਪ੍ਰਗਟ ਨਹੀਂ ਕਰ ਗਏ, ਹਾਲਾਂਕਿ ਤਦੋਂ ਦੇ ਆਮ ਫੈਲੇ ਖਿਆਲ ਗ਼ਲਤ ਸਨ ਤੇ ਮਗਰਲੇ ਦਾਨੇ ਅਜੇ ਜੰਮੇ ਨਹੀਂ ਸਨ।

੧੩. {ਗੁਰੂ ਨਾਨਕ ਦੇਵ ਜੀ, ਕਾਲੀ ਦਾਸ, ਹਾਫਜ਼ ਸ਼ੈਕਸਪੀਅਰ, ਗਿਟੇ, ਉਮਰ ਖਯਾਮ ਆਦਿ}

ਪਾਠਕ ਹੈਰਾਨ ਹੋਣਗੇ ਕਿ ਗੁਰ ਨਾਨਕ ਦੇਵ ਜੀ ਦਾ ਜ਼ਿਕਰ ਸ਼ਾਇਰਾਂ ਵਿਚ ! ਪਰ ਸ੍ਰੀ ਗੁਰ ਗ੍ਰੰਥ ਸਾਹਿਬ ਵਿਚ 'ਗੁਰੂ' ਨਾਨਕ ਦੇਵ ਜੀ ਨਾਲ 'ਸ਼ਾਇਰ' ਪਦ ਬੀ ਲਿਖਿਆ ਹੈ। ਯਥਾ 'ਨਾਨਕ ਸਾਇਰ ਏਵ ਕਹਤ ਹੈ।' ਫਕੀਰ ਸੁਰਤ ਤੇ ਕਵੀ ਦੀ ਸੁਰਤ ਬਾਜ਼ੇ ਵੇਲੇ ਇਕ ਦਰਵਾਜ਼ੇ ਤੇ ਜਾ ਦਸਤਕ (ਠੁਹਕਰ) ਦੇਂਦੀਆਂ ਹਨ। ਕਵੀ ਦੀ ਉਡਾਰੀ ਕਦੇ ਕਦਾਈਂ ਤੇ ਬੇਵਸੀ ਹੁੰਦੀ ਹੈ, ਫਕੀਰ ਦੀ ਉਡਾਰੀ ਗਿੱਝੀ ਹੋਈ ਤੇ ਅਕਸਰ ਲਗਾਤਾਰੀ ਦੇ ਕ੍ਰਿਸ਼ਮਿਆਂ ਵਾਲੀ ਹੁੰਦੀ ਹੈ,

[1] Expert. [2] Objective Science.

ਪਰ 'ਅਰਸ਼ੀ ਗੁਰੂ' ਦੀ ਉਡਾਰੀ ਲਗਾਤਾਰ ਹੈ। ਗੁਰ ਨਾਨਕ ਨੇ ਨਿਜ ਨੂੰ 'ਸਾਇਰ' ਇਸੇ ਤਰ੍ਹਾਂ ਕਿਹਾ ਹੈ ਜਿਕੂੰ 'ਢਾਢੀ' ਕਿਹਾ ਹੈ; ਕਵਿਤਾ ਅਰ ਸੰਗੀਤ ਦੁਹਾਂ ਸੂਖਮ ਰਸਾਂ ਵਿਚ ਗੁਰ ਨਾਨਕ ਦੀ ਗੰਮਤਾ ਇਨਸਾਨੀ ਨੁਕਤੇ ਤੋਂ ਕਮਾਲ ਰੱਖਦੀ ਸੀ। ਉਨ੍ਹਾਂ ਦੀ ਸਾਰੀ ਬਾਣੀ ਰਾਗ ਵਿਚ ਹੈ, ਮਰਦਾਨੇ ਦਾ ਨਾਲ ਰਹਿਣਾ, ਛੇ ਤਾਰਾ ਰਬਾਬ ਆਪਣੀ ਮਨ-ਮੰਨੀ ਕਾਢ ਦਾ ਇਕ ਨਵੀਂ ਤਰਜ਼ ਦਾ ਬਨਾਉਣਾ, ਉਨ੍ਹਾਂ ਦੇ ਇਸ ਕਮਾਲ ਦੀ ਸਾਖ ਹੈ। ਉਨ੍ਹਾਂ ਨੂੰ ਖਾਸ ਪਿਆਰ ਆਸਾ ਰਾਗਣੀ ਨਾਲ ਸੀ, ਜਿਸ ਵਿਚ ਓਹਨਾਂ ਦੀ ਬਾਣੀ ਸਭ ਤੋਂ ਵਧੀਕ ਹੈ ਤੇ ਕਾਰਣ ਇਹ ਹੈ ਕਿ ਉਹ ਅੰਮ੍ਰਿਤ ਵੇਲੇ ਦੇ ਰਸੀਏ ਸੇ ਤੇ ਆਸਾ ਅੰਮ੍ਰਿਤ ਵੇਲੇ ਦਾ ਰਾਗ ਰਚਿਆ[1]। ਸੋ ਆਪਣੀ ਸੁਰਤ ਨੂੰ ਹਰ ਵੇਲੇ ਅਨੰਤ ਵਿਚ ਰੱਖਣ ਵਿਚ ਜਦੋਂ ਓਹਨਾਂ ਦੇ ਅੰਦਰ ਸੰਗੀਤਕ ਲਹਿਰਾਉ ਪੈਦਾ ਹੁੰਦੇ ਸਨ ਤੇ ਓਹ ਉਸ ਰਸ ਵਿਚ ਕੀਰਤਨ ਕਰਦੇ ਸਨ ਤਦੋਂ ਉਸ ਬੇਅੰਤ ਦੇ ਦਰਵਾਜ਼ੇ ਨਿਜ ਨੂੰ 'ਢਾਢੀ' ਪ੍ਰਤੀਤ ਕਰਕੇ ਭਗਤੀ ਦੇ ਰਸ ਵਿਚ ਬਹੁਤੇ ਝੂੰਮਦੇ ਸਨ। ਇਸੀ ਤਰ੍ਹਾਂ ਜਦੋਂ ਓਹਨਾਂ ਦੇ ਅੰਦਰ ਉਸ ਬੇਅੰਤ ਲਈ 'ਅਕਹਿ' ਪਰ 'ਕਹਿਣ ਤੋਂ ਨਾ ਰੁਕਣ ਵਾਲੇ' ਵਲਵਲੇ ਪੈਦਾ ਹੁੰਦੇ ਸਨ, ਤਦੋਂ ਓਹ ਰਚਨਾ ਰਚਿਆ ਕਰਦੇ ਸਨ, ਅਰ ਉਸ ਰਸ ਵੇਲੇ ਨਿਜ ਨੂੰ ਗ਼ਰੀਬ, ਸਾਇਰ, ਬੇਅੰਤ ਦੀ ਸਿਫਤ ਸਲਾਹ ਰਚਨ ਵਾਲਾ ਪ੍ਰਤੀਤ ਕਰਕੇ ਭਗਤੀ ਨਿੰਮ੍ਰਤਾ ਤੇ ਉੱਚੇ ਵਲਵਲੇ ਵਾਲੇ ਰੰਗ ਦਾ ਸੁਖ ਮਾਣਦੇ ਸਨ[2]।

ਕਵਿਤਾ ਉਹ ਸ਼ੈ ਹੈ ਜਿਸ ਵਿਚ ਇਨਸਾਨ ਅਪਣੇ ਅਕਹਿ ਵਲਵਲੇ ਇਸ ਤਰ੍ਹਾਂ ਕਹਿੰਦਾ ਹੈ ਕਿ ਉਨ੍ਹਾਂ ਦਾ ਟੀਕਾ ਨਹੀਂ, ਪਰ ਉਹਨਾਂ ਦੀ ਅਨੁਭਵਤਾ ਪੜ੍ਹਨ ਸੁਣਨ ਵਾਲੇ ਦੇ ਅੰਦਰ ਉਸੇ

[1] ਖੋਜ ਦੱਸਦੀ ਹੈ ਕਿ ਆਸਾ ਰਾਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਬਣਾਇਆ ਹੈ, ਉਹਨਾਂ ਦੇ ਸਮੇਂ ਤੋਂ ਪਹਿਲਾਂ ਦਾ ਇਸ ਨਾਮ ਦੇ ਰਾਗ ਦਾ ਪਤਾ ਪੁਸਤਕਾਂ ਰਵਾਯਤਾਂ ਵਿਚ ਸਾਨੂੰ ਹੁਣ ਤਕ ਨਹੀਂ ਮਿਲਿਆ।

[2] ਐਸੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਰਚਿਆ ਕਰਦੇ ਸਨ ਤੇ ਬੇਵਸੇ ਕਿਹਾ ਕਰਦੇ ਸਨ ਕਿ 'ਮਰਦਾਨਿਆ, ਰਬਾਬ ਵਜਾ ਕਿ ਬਾਣੀ ਆਈ ਹੈ।'


www.sikhbookclub.com

ਤਰ੍ਹਾਂ ਅਕਹਿ ਰਸਦਾਰ ਵਲਵਲੇ ਪੈਦਾ ਕਰ ਦਿੰਦੀ ਹੈ, ਜਿਸ ਤਰ੍ਹਾਂ ਕਿ ਕਵੀ ਦੇ ਅੰਦਰ ਕਵਿਤਾ ਵੇਲੇ ਪੈਦਾ ਹੋਏ ਸਨ। ਕਵਿਤਾ ਅਨੰਤ ਦੇ ਦਰਵਾਜ਼ੇ ਸੁਰਤ ਦਾ ਸਿਜਦਾ ਕਰਨ ਵੇਲੇ ਜੋ ਦਿਮਾਗ਼ ਵਿਚ ਥਰਾਟ ਪੈਦਾ ਹੁੰਦੀ ਹੈ ਉਸ ਦਾ ਨਾਮ ਹੈ। ਸੋ ਕਵੀ ਫਕੀਰ ਹੈ, ਕਵੀ ਪੈਗ਼ੰਬਰ ਹੈ, ਅਰ ਪੈਗ਼ੰਬਰ ਕਵੀ ਹੈ।

ਸੰਸਾਰ ਦੇ ਕਵੀਆਂ ਨੇ ਕਦੇ ਸੁੰਦਰੀ ਦੇ ਵਿਯੋਗ ਵਿਚ, ਕਦੇ ਪ੍ਰੀਤਮ ਦੇ ਬਿਰਹ ਵਿਚ, ਕਦੇ ਸੁੰਦਰਤਾ ਦੇ ਝਲਕੇ ਵਿਚ, ਕਦੇ ਕੁਦਰਤ ਤੋਂ ਉਦੀਪਨ ਹੋਏ ਵਲਵਲੇ ਵਿਚ, ਕਦੇ ਅਪੂਰਣ ਹਸਰਤਾਂ ਵਿਚ ਕਦੇ ਭਗਤੀ ਦੇ ਤਰੰਗ ਵਿਚ, ਕਦੇ ਅਨਿਸਥਿਰਤਾ ਦੇ ਵੈਰਾਗ ਵਿਚ, ਕਦੇ ਅਮਰ ਜੀਵਨ ਦੀ ਅਭਿਲਾਖਾ ਵਿਚ, ਕਦੇ ਵਿਸਮਾਦ ਵਿਚ, ਸੂਖਮ ਤੋਂ ਸੂਖਮ ਦਿਲੀ ਭਾਵਾਂ ਨੂੰ ਗੁੰਦਿਆ ਹੈ। ਪਰ ਸਾਰੇ ਸੰਸਾਰ ਦੀ ਕਵਿਤਾ ਵਿਚ, ਕਾਲੀ ਦਾਸ ਦੀ ਸ਼ਕੁੰਤਲਾ ਦੇ ਬੇਨਜ਼ੀਰ ਭਾਵਾਂ ਵਿਚ ਸ਼ੈਕਸ਼ਪੀਅਰ ਦੇ ਇਨਸਾਨੀ ਦਿਲ ਦੀਆਂ ਤਸਵੀਰਾਂ ਵਿਚ, ਗੱਟੇ ਦੀਆਂ ਡੂੰਘਾਈਆਂ ਵਿਚ, ਹਾਫਜ਼ ਦਿਆਂ ਸਰੂਰਾਂ ਵਿਚ, ਖਿਆਮ ਦੀਆਂ ਨਿਰਾਸਤਾਈਆਂ ਵਿਚ, ਮਿਲਟਨ ਦੇ ਸੁਰਗ ਤੇ ਡਾਂਟੇ ਦੇ ਨਰਕ ਵਿਚ, ਜ਼ੇਬੁੱਨਿਸਾਂ ਦੀਆਂ ਕੋਇਲ-ਕੂਕਾਂ ਵਿਚ ਜਿਥੇ ਜਾਓ ਕਵਿਤਾ ਦੇ ਹੇਠਾਂ ਇਕ "ਝੀਣੀ ਬਾਣ" ਦੀ ਲਗਾਤਾਰ ਜਾਰੀ ਰਹਿਣ ਵਾਲੀ ਸੁਰ, ਕਿਸੇ ਅਪੂਰਣਤਾ, ਕਿਸੇ ਨਾ ਭਰੇ ਜਾਣ ਵਾਲੇ ਸੱਖਣਾਪਣ', ਕਿਸੇ 'ਨਿਰਾਸਤਾ ਦੀ ਝੁਨਕਾਰ' ਨੂੰ ਅਲਾਪੀ ਜਾਂਦੀ ਹੈ। ਬਲਕੇ ਇਹੋ ਵਲਵਲਿਆਂ ਵਿਚ ਇਕ ਅਪੂਰਣਤਾ ਦੀ ਚਾਸ਼ਨੀ ਇਕ ਖੁਸ਼ਰੰਗੀ ਹਸਰਤ ਦੀ ਰੰਗਤ, ਕਵਿਤਾ ਦੀ ਸੁੰਦਰਤਾ ਦਾ ਇਕ ਹਿੱਸਾ ਬਣ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਸ਼ਾਇਰ ਨੇ ਆਪਣੀ ਕਵਿਤਾ ਵਿਚ ਇਸ ਝੀਣੀ ਬਾਣ ਦੇ ਰੰਗ ਹੋਰ ਉੱਚੇ ਕਵੀਆਂ ਵਾਂਙ ਦਰਸਾਏ ਹਨ। ਓਹਨਾਂ ਨੇ ਬਿਰਹ ਵਿਯੋਗ, ਵੈਰਾਗ, ਨਿਰਾਸਤਾ, ਆਸਾ, ਅਰਸ਼ੀ ਸੁੰਦਰਤਾ ਦੇ ਮਗਰ ਹਸਰਤ ਭਰੀ ਅਕਾਂਖਯਾ, ਅਮਰਤਾ ਤੇ ਸਦੈਵੀ ਜੀਵਨ ਮਗਰ ਆਸ਼ਾ ਦੇ ਬਾਰੀਕ ਤੋਂ ਬਾਰੀਕ ਵਲਵਲਿਆਂ ਵਾਲੀਆਂ ਕਵਿਤਾਵਾਂ ਰਚੀਆਂ ਹਨ। ਹਾਂ ਜੀ, ਸਯਾਲ ਬੀਤੇ ਹੁਨਾਲ ਚੜ੍ਹਦੇ ਕੇਵਲ ਮੌਸਮ ਤਬਦੀਲੀ ਤੋਂ ਦਿਲ ਡੁਲ ਜਾਣ ਵਾਲੇ ਬ੍ਰੀਕ ਵਲਵਲੇ ਤੱਕ ਨੂੰ ਬੀ ਅੰਦਰੋਂ ਦੇਖ ਲਿਆ ਤੇ ਵਰਨਣ ਕਰ ਦਿੱਤਾ ਹੈ।

> 'ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ
> ਚਲਤ ਮਨੁ ਡੋਲੈ॥' (ਤੁਖਾ: ਛੰਤ ਮ:੧)

ਆਪ ਨੇ ਭੈ ਤੇ ਭਾਵ ਦੇ ਨਕਸ਼ੇ ਖਿੱਚੇ ਹਨ, ਨਿਰਮਲ ਭੈ ਦੇ ਹਾਲ ਦੱਸੇ ਹਨ, ਪਰ ਓਹਨਾਂ ਦੀ ਕਵਿਤਾ ਦੇ ਹੇਠ ਲਗਾਤਾਰ ਨਿੱਕੀ ਨਿੱਕੀ ਮਿੱਠੀ ਮਿੱਠੀ ਜਾਰੀ ਸੁਰ 'ਯਕੀਨੀ' ਆਸ ਦੀ ਹੈ। ਸੁੰਦਰਤਾ ਦੇ ਗੀਤ ਜੋ ਅਪੂਰਣਤਾ ਦੀ ਝਰਨਾਟ ਛੇੜਕੇ ਕਲੇਜੇ ਵਿਚ ਇਕ ਸੱਖਣਾਪਨ ਛੱਡ ਜਾਂਦੇ ਹਨ, ਗੁਰੂ ਨਾਨਕ ਦੇਵ ਦੀ ਦੈਵੀ ਕਵਿਤਾ ਇਕ ਸਖਣਾਪਨ ਨਹੀਂ ਛੱਡ ਜਾਂਦੀ। ਕਵਿਤਾ ਦਾ ਇਹ ਕਮਾਲ ਸਾਨੂੰ ਸਾਰੇ ਸੰਸਾਰ ਦੇ ਕਵੀਆਂ ਵਿਚੋਂ ਇਕ ਗੁਰ ਨਾਨਕ ਦੇਵ ਜੀ ਦੀ ਰਚਨਾ ਵਿਚ ਹੀ ਨਜ਼ਰ ਆਇਆ ਹੈ। ਕਵਿਤਾ ਦੀ ਇਹ ਛਟੀ ਰਾਤ ਦੀ ਭੁੱਖ ਇਸ ਕਾਮਲ; ਕਵੀਆਂ ਦੇ ਸਿਰਤਾਜ ਨੇ ਪੂਰੀ ਕੀਤੀ ਹੈ। ਇਥੇ ਹੁਣ ਵਿਸਥਾਰ ਦਾ ਸਮਾਂ ਨਹੀਂ, ਪਰ ਸਾਨੂੰ ਦਿੱਸਦਾ ਹੈ ਕਿ ਗੁਰੂ ਨਾਨਕ ਦੇ ਦਿਲ ਦਾ ਲਗਾਤਾਰ ਲਗਾਉ, ਜੋ ਅਨੰਤ ਵਿਚ ਯਕੀਨੀ ਦਰਜੇ ਦਾ ਹਰ ਪਲ ਰਹਿੰਦਾ ਸੀ, ਜਿਸ ਲਗਾਉ ਨੇ ਬੇਅੰਤ ਸੁੰਦਰਤਾ ਦੇ ਉਸ ਚਸ਼ਮੇ ਨਾਲ ਲਗਾਤਾਰ ਖੁਲ੍ਹ ਲਗਾ ਛਡੇ ਸਨ, ਉਸ ਲਗਾਉ ਨੇ-ਹਾਂ ਅਨੰਤ ਦੇ ਅਟੁੱਟ ਲਗਾਉ ਨੇ-ਉਹਨਾਂ ਦੀ ਕਵਿਤਾ ਵਿਚ ਉਸ ਅਨੰਤ ਵਿਚੋਂ ਸੁਰਤ ਵਿਚ ਹਰ ਛਿਨ ਪੀਤੇ ਜਾ ਰਹੇ ਅੰਮ੍ਰਿਤ ਦੀਆਂ ਬੂੰਦਾ ਪਾ ਦਿੱਤੀਆਂ, ਜਿਸ ਨਾਲ ਕਵਿਤਾ ਦੀ ਅਤ੍ਰਿਪਤ ਅਕਾਂਖਯਾ ਤ੍ਰਿਪਤੀ ਦੀ ਝਲਕ ਮਾਰ ਉਠੀ: ਹਰੇਕ ਕਵੀ ਦੇ ਅੰਦਰਲੇ ਵਲਵਲੇ ਉਸ ਅਨੰਤ ਨਾਲ ਜਾਂ ਅਨੰਤ ਤੋਂ ਬਣੇ ਸੁੰਦਰਤਾ ਦਰਸਾਉਣ ਵਾਲੇ ਕੁਦਰਤ ਦੇ ਰੰਗਾਂ ਨਾਲ ਠੁਹਕਰ ਖਾਕੇ ਸਦੈਵੀ ਬੁੱਲ੍ਹ ਲਾਕੇ ਉਸ ਸੂਖਮ ਰਸ ਨੂੰ ਨਹੀਂ ਪੀ ਸਕਦੇ। ਕਵੀ ਬੁੱਲ੍ਹ ਨੇੜੇ ਲੈ ਜਾਂਦੇ ਹਨ, ਰਸ ਚੱਖਦੇ ਹਨ, ਪਰ ਚੰਚਲ ਭੰਬੀਰੀ ਵਾਂਗੂ, ਜੋ ਫੁਲਾਂ ਦੇ ਉਦਾਲੇ ਘੁੰਮਦੀ ਹੈ ਤੇ ਬੈਠ ਨਹੀਂ ਸਕਦੀ, ਵਿੱਥ ਤੇ ਰਹਿੰਦੇ ਹਨ। ਇਹ ਵਿੱਥ ਉਨ੍ਹਾਂ ਦੀ ਰਚਨਾਂ ਵਿਚ ਹਸਰਤ ਦੀ, ਅਕਾਂਖਯਾ ਦੀ ਕਿਸੇ ਅਪੂਰਣਤਾ ਦੀ, ਕਿਸੇ ਸੱਖਣੇ ਪਨ ਦੀ

ਚਾਸ਼ਨੀ ਦੇ ਦਿੰਦੀ ਹੈ। ਗੁਰ ਨਾਨਕ ਦੇ ਵਲਵਲੇ ਬੀ ਉਠਦੇ ਹਨ, ਵਿੱਥ ਵਿੱਚ ਰਹਿਕੇ ਲਗਨ ਤੇ ਮੇਲ ਤੜਫਨੀ ਦੇ ਸੁਆਦ ਚਖਦੇ ਹਨ, ਪਰ ਸਦਾ ਹਸਰਤ ਭਰੀ ਵਿੱਥ ਤੇ ਨਹੀਂ ਰਹਿ ਜਾਂਦੇ, ਸਦੈਵੀ ਲਗਨ ਨਾਲ ਆਪਣੇ ਅੰਮ੍ਰਿਤ ਚਸ਼ਮੇ ਨਾਲ ਲਗੇ ਰਹਿੰਦੇ ਹਨ। ਜੇ ਵਿਛੁੜਦੇ ਹਨ ਤਾਂ ਐਤਨਾਂ ਜਿਤਨਾਂ ਮਾਂ ਦੀ ਗੋਦ ਵਿਚ ਪਿਆ ਬਾਲ ਦੁੱਧ ਚੁੰਘਣਾ ਛੱਡੇ ਤਾਂ ਮਾਂ ਦੇ ਮੂੰਹ ਵਲ ਤਕਦਾ ਤੇ ਮੁਸਕ੍ਰਾਂਦਾ ਹੈ, ਪਰ ਦੁੱਧ ਪੀਂਦਾ ਯਾ ਨਾ ਪੀਂਦਾ ਗੋਦੀਓਂ ਬਾਹਰ ਨਹੀਂ ਹੁੰਦਾ। ਇੰਨਾ ਵਿਯੋਗ ਹੀ ਉਹਨਾਂ ਲਈ ਭਾਰੀ ਵਿਯੋਗ ਹੈ, ਉਸ ਅਨੰਤ ਦੀ ਗੋਦ ਦੇ ਮੰਡਲ ਦੇ ਅੰਦਰ ਅੰਦਰ ਰਹਿਕੇ ਗੁਰ ਨਾਨਕ ਦੇ ਸਾਰੇ ਬਿਰਹ ਵਿਯੋਗ, ਭੈ, ਨਿਰਾਸਾ, ਆਸਾ, ਅਕਾਂਖ੍ਯਾ, ਹਸਰਤੀ ਵਲਵਲੇ ਪੈਦਾ ਹੁੰਦੇ ਹਨ, ਉਹਨਾਂ ਵਿਚ ਕਵਿਤਾ ਦੇ ਸੂਖਮ ਤੋਂ ਸੂਖਮ ਹਾਵ ਭਾਵ, ਰੰਗ, ਸਾਏ ਤੇ ਚਾਸ਼ਨੀਆਂ ਹਨ, ਉਹ ਸਦਾ 'ਅਨੰਤ' ਦੀ ਗੋਦ ਵਿਚ ਵਸਦੇ ਹਨ, ਉਹਨਾਂ ਵਿਚ ਨਿਰੰਤਰ ਆਸ, ਇਕ ਲਗਾਤਾਰ ਪੂਰਣਤਾ; ਇਕ ਸੁਆਦਲੀ ਮਿੱਠੀ ਪੱਕੀ ਆਸ ਦੀ ਝਰਨਾਟ, ਇਕ ਪਿਆਰੀ ਸੁਰ, ਇਕ ਪਿਆਰ ਭਰੀ ਗੂੰਜ ਹੈ, ਜੋ ਕਿਸੇ ਸੰਸਾਰ ਦੇ ਕਵੀ ਦੀ ਕਵਿਤਾ ਵਿਚ ਨਹੀਂ ਹੈ। ਇਸ ਕਰਕੇ ਅਸੀਂ ਗੁਰ ਨਾਨਕ ਵਿਚ ਸ਼ਾਇਰੀ, ਹਾਂ ਜੀ, ਉੱਚੀ ਸੁੱਚੀ ਅਸਲੀ ਰੱਬੀ ਸਾਇਰੀ ਦਾ ਇਕ ਨਵਾਂ ਕਮਾਲ ਦੇਖਦੇ ਹਾਂ, ਏਸੇ ਕਰਕੇ ਗੁਰ ਨਾਨਕ ਦੀ ਸ਼ਾਇਰੀ ਨੂੰ ਲੋਕ ਕਵਿਤਾ ਨਹੀਂ ਕਹਿੰਦੇ 'ਧੁਰ ਕੀ ਬਾਣੀ' ਕਹਿੰਦੇ ਹਨ, ਅਰ "ਨਾਨਕ ਸ਼ਾਇਰ" ਨੂੰ ਗੁਰ ਨਾਨਕ ਦੇਵ, ਸਭ ਤੋਂ ਵੱਡਾ ਪੈਗੰਬਰ, ਹਾਂ ਜੀ ਸਭ ਤੋਂ ਵੱਡਾ ਗੁਰੂ ਅਵਤਾਰ, ਜਾਨਣਹਾਰ ਤੇ ਸੁਤੇ ਗਿਆਨੀ[1] ਆਖਦੇ ਹਨ ਤੇ ਧੁਰ ਕੀ ਬਾਣੀ ਸਾਖੀ ਭਰਦੀ ਹੈ:-

"ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ॥"

ਪੁਨਾ:-ਗੁਰ ਨਾਨਕ ਦੇਵ ਗੋਵਿੰਦ ਰੂਪ॥

--ਇਤਿ--

## ਗੀਤ [2]

ਜਯ ਗੁਰ ਨਾਨਕ, ਜਯ ਗੁਰ ਨਾਨਕ ਜਯ ਤੈਨੂੰ! ਜਯ ਹੋ ਜਯ ਹੋ ਜਯ ਤੈਨੂੰ! ਟੇਕ।

ਜਯ ਦੁਖ ਹਰਨੈਂ, ਜਯ ਸੁਖ ਕਰਨੈਂ
ਬੰਧਨ ਹਰਨੈਂ, ਜਯ ਤੈਨੂੰ !
ਹਰੇ ਕਰੇਨੈਂ, ਸੁੱਕੇ ਕਾਠਾਂ,
ਸਖਣੇ ਭਰਨੈਂ, ਜਯ ਤੈਨੂੰ ! ਜਯ ਗੁਰ....।
ਜਗਤ ਜਲੰਦੇ ਨੂੰ ਤੂੰ ਰਖਿਆ,
ਰੱਖੀ ਰੁੜਦੀ ਜਾਂਦੀ ਤੂੰ,
ਘਰ ਘਰ ਦਰ ਦਰ ਫਿਰ ਫਿਰ ਰਖਿਆ,
ਅਪਣੇ ਕੀਤੇ ਪਾਂਦੀ ਨੂੰ। ਜਯ ਗੁਰ....।
ਦੁਸ਼ਟ ਉਬਾਰੇ, ਕੁਸ਼ਟੀ ਤਾਰੇ,
ਰਾਖਸ਼ ਬੀ ਨਿਸਤਾਰੇ ਤੂੰ,
ਗਰਤ ਘੋਰ ਅੰਧ ਤੋਂ ਕੱਢੇ
ਪਾਪੀ ਭਾਰੇ ਭਾਰੇ ਤੂੰ ! ਜਯ ਗੁਰ...।
ਜਯਤਿ ਜਯਤਿ ਗੁਰ ਨਾਨਕ ਤੈਨੂੰ,
ਸੰਤ ਫਕੀਰ ਉਧਾਰੇ ਤੂੰ,
ਅਟਕੇ ਖਲੇ ਰਸਤਿਆਂ ਉੱਤੇ,
ਮਜ਼ਲ ਪੁਚਾਏ ਮਾਰੇ ਤੂੰ! ਜਯ ਗੁਰ.....।
ਨਦੀ ਚੜ੍ਹੀ, ਚੜ੍ਹ ਤਾਰੂ ਹੋਈ,
ਤੱਕਾਂ, ਕੂਕ ਪੁਕਾਰਾਂ-'ਤੂੰ'
ਸ਼ੂਕੇ ਨਦੀ, ਕੂਕ ਨੂੰ ਡੋਬੇ,
ਤਾਂ ਬੀ ਵਾਜਾਂ ਮਾਰਾਂ-ਤੂੰ। ਜਯ ਗੁਰ....।
ਮੇਰੀ ਕੂਕ ਸੁਣੀਂ ਗੁਰ ਨਾਨਕ!
ਸਹਸ ਸ੍ਰਵਣ ਦਾ ਧਾਰੀ ਤੂੰ,
'ਨਾਥ ਅਨਾਥਾਂ ਬਾਣ ਧੁਰਾਂ ਦੀ'
ਇਹ ਅਨਾਥ ਬੀ ਤਾਰੀਂ ਤੂੰ! ਜਯ ਗੁਰ....।
ਆਪੇ ਤ੍ਰੁਠਣ ਵਾਲਿਆ ਆਕੇ ਸਾਂਈਆਂ!
ਆਕੇ ਅੱਜ ਅਚਾਨਕ ਤੂੰ,
ਚਰਨ ਸ਼ਰਨ ਵਿਚ ਲੈ ਲੈ ਮੈਨੂੰ
ਸ਼ਰਨ ਪਾਲ ਗੁਰ ਨਾਨਕ ਤੂੰ! ਜਯ ਗੁਰ ....।

[1] ਸ਼ਾਇਰ ਦੇ ਪਹਿਲੇ ਅਰਥ 'ਗਿਆਨਵਾਨ' ਹਨ। ਧਾਤੂ: ਸ਼ਅ਼ਰ-ਸ਼ੇਅ਼ਰ=ਜਾਨਣਾ।

[2] ਇਹ ਗੀਤ ਸੰ: ਗੁ: ਨਾ: ਸਾ: ੪੭੩ (੧੯੪੧ ਈ:) ਨੂੰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।


www.sikhbookclub.com